ੴ ਸਤਿਗੁਰ ਪ੍ਰਸਾਦਿ ॥

ਸ੍ਰੀ ਗੁਰੁ ਪੰਥ ਪ੍ਰਕਾਸ਼

ਉੱਤਰਾਰਧ

ਕ੍ਰਿਤ: ਗਿਆਨੀ ਗਿਆਨ ਸਿੰਘ ਜੀ

Sri Guru Panth Parkash

Purbaradh (Part I)

by: Giani Gian Singh ji

(ਗੁਰੂ ਸਾਹਿਬਾਨ ਦਾ ਇਤਿਹਾਸ)

ਖਾਲਸਾ ਪੰਥ ਦੀ ਮਾਤਾ ਸਾਹਿਬ ਦੇਵਾਂ ਜੀ ਨੂੰ ਸਮਰਪਿਤ

ਤਤਕਰਾ

ੴ ਸਤਿਗੁਰ ਪ੍ਰਸਾਦਿ ॥

ਅਥ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥ ਉੱਤ੍ਰਾਰਧ ਲਿਖਯਤੇ

੧. {ਪਹਿਲਾ ਬਿਸ੍ਰਾਮ}

ਪਦਅਰਥ

ਅਥ=ਹੁਣ, ਇਸਤੋਂ ਮਗਰੋਂ। ਉੱਤ੍ਰਾਰਧ=ਗ੍ਰੰਥ ਦਾ ਪਿਛਲਾ ਅੱਧਾ ਭਾਗ।

ਅਰਥ- ਹੁਣ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥ ਦਾ ਪਿਛਲਾ ਅੱਧਾ ਭਾਗ ਲਿਖਦੇ ਹਾਂ।

੧. ਕਵਿ-ਸੰਕੇਤ-ਮਰਯਾਦਾ ਦਾ ਪਹਿਲਾ ਮੰਗਲ

ਸ੍ਵੈਯਾ:

ਤੂੰ ਅੰਨ ਦਾ ਧਨ ਦਾ ਤਨ ਦਾ, ਜਨ ਦਾ ਪਨ ਦਾ ਮਨ ਦਾ ਸੁੱਧ ਬਾਨੀ।
ਤੂੰ ਜਤ ਦਾ ਸਤ ਦਾ ਮਤਿ ਦਾ, ਗਤਿ ਦਾ ਸੁਤ ਦਾ ਪਤਿ ਦਾ ਸੁਖ ਖਾਨੀ।
ਤੂੰ ਰਿੱਧਿ ਦਾ ਸਿੱਧਿ ਦਾ ਨਿੱਧਿ ਦਾ, ਬਰ ਦਾ ਪਰਮਾਰਥ ਸ੍ਵਾਰਥ ਦਾਨੀ।
ਗਯਾਨ ਹਰੀ ਗੁਨ ਗਾਨ ਚਹੈ, ਗੁਰ ਪੰਥਹਿ ਕੇ, ਦਿਹੁ ਮਾਤ ਭਵਾਨੀ ॥੧॥

ਪਦਅਰਥ:

ਦਾ=ਦੇਣ ਵਾਲੀ। ਜਨ ਦਾ=ਸੇਵਕ ਦੇਣ ਵਾਲੀ। ਪਨ ਦਾ=ਅਨੰਦ ਦੇਣ ਵਾਲੀ। ਮਨ ਦਾ=ਮਾਣ ਦੇਣ ਵਾਲੀ। ਸੁੱਧ-ਬਾਨੀ=ਚੰਗੀ ਕਵਿਤਾ ਦੇਣ ਵਾਲੀ। ਜਤ ਦਾ=ਬ੍ਰਹਮਚਰਜ ਦੇਣ ਵਾਲੀ। ਸਤ ਦਾ=ਸਤੋ ਗੁਣ ਦੇਣ ਵਾਲੀ। ਗਤਿ ਦਾ=ਮੁਕਤੀ ਦੇਣ ਵਾਲੀ। ਸੁਤ ਦਾ=ਪੁੱਤਰ ਦੇਣ ਵਾਲੀ। ਸੁਖ ਖਾਨੀ=(ਤੂੰ) ਸੁਖਾਂ ਦੀ ਖਾਣ ਹੈਂ। ਬਰ ਦਾ=ਵਰ ਦੇਣ ਵਾਲੀ। ਪਰਮਾਰਥ=ਬ੍ਰਹਮ ਗਿਆਨ। ਸ੍ਵਾਰਥ=ਦੁਨਿਆਵੀ ਪਦਾਰਥ। ਦਾਨੀ=ਦੇਣ ਵਾਲੀ। ਭਵਾਨੀ=ਸੰਸਾਰ ਨੂੰ (ਵਜੂਦ 'ਚ) ਲਿਆਉਣ ਵਾਲੀ, ਆਦਿ ਸ਼ਕਤੀ।

ਅਰਥ

੧. ਹੇ ਆਦਿ ਸ਼ਕਤੀ ! ਤੂੰ ਅੰਨ, ਧਨ, ਸਰੀਰ, ਸੇਵਕ, ਅਨੰਦ, ਮਾਣ ਤੇ ਚੰਗੀ ਕਵਿਤਾ ਦੇਣ ਵਾਲੀ ਹੈਂ।
੨ ਹੇ ਸੁਖਾਂ ਦੀ ਖਾਣ ! ਤੂੰ ਬ੍ਰਹਮਚਰਜ, ਸਤੋਗੁਣ, ਬੁੱਧੀ, ਮੁਕਤੀ, ਪੁੱਤਰ ਤੇ ਇੱਜ਼ਤ ਦੀ ਦਾਤੀ ਹੈਂ।
੩ ਤੂੰ ਰਿੱਧੀਆਂ, ਸਿੱਧੀਆਂ, ਨਿੱਧੀਆਂ, ਵਰ, ਬ੍ਰਹਮ ਗਿਆਨ ਤੇ ਦੁਨਿਆਵੀ ਪਦਾਰਥਾਂ ਦੀ ਦਾਤੀ ਹੈਂ।
੪ ਗਿਆਨ ਸਿੰਘ (ਕਹਿੰਦਾ ਹੈ ਕਿ) ਆਦਿ ਸ਼ਕਤੀ ਮਾਤਾ ! ਮੈਂ ਗੁਰੁ ਪੰਥ ਦੇ ਗੁਣ ਗਾਉਣਾ ਚਾਹੁੰਦਾ ਹਾਂ, ਮੈਨੂੰ (ਸਮਰੱਥਾ) ਦੇਹੁ।

ਭਾਵ ਦੇਖੋ ਇਸੇ ਗ੍ਰੰਥ ਦੇ ਪਹਿਲੇ ਬਿਸ੍ਰਾਮ ਦੇ ਅੰਕ ਨੰ. ੪ ਦਾ ਭਾਵ।

ਕਵਿ ਸੰਕੇਤ-ਮਰਯਾਦਾ ਦਾ ਦੂਜਾ ਮੰਗਲ

ਕਬਿੱਤ:

ਪਾਲਕ ਦਿਗੀਸਨ ਕੇ ਮਾਲਕ ਖਵੀਸਨ ਕੇ, ਤਾਲਕ ਕਵੀਸਨ ਕੇ ਬਖਸੀਸ ਦਾਇਕੈ।
ਧਯਾਇ ਚਤੁਰਾਨਨ ਪੰਚਾਨਨ ਖੜਾਨਨ, ਗੁਮਾਨ ਨਰ ਖਾਇ ਕੋ ਗਜਾਨਨ ਪੈ ਆਇ ਕੈ।
ਸੁਰਾਸੁਰ ਚਰਾਚਰ ਬਿੱਸ੍ਵ ਜੋ ਗਯਾਨ ਹਰਿ, ਸੁਕ੍ਰਿਤ ਕਰਤ ਪਾਛੇ ਪਹਿਲੇ ਧਿਆਇ ਕੈ।
ਐਸੇ ਬਡ ਲਾਯਕੈ ਪ੍ਰਦਾਯ ਕੈ ਪ੍ਰਮੋਦ ਬੰਦੋਂ, ਬਿਘਨ ਬਿਘਾਯਕੈ ਲਖਾਯਕੈ ਬਿਨਾਯਕੈ ॥੨॥

ਪਦਅਰਥ:

ਪਾਲਕ=ਪਾਲਣਾ ਕਰਨ ਵਾਲੇ। ਦਿਗੀਸਨ=ਦਿਸ਼ਾਂ ਦੇ ਮਾਲਕ। (ਜੋਤਸ਼ ਅਨੁਸਾਰ ਅੱਠ ਦਿਸ਼ਾਂ ਦੇ ਮਾਲਕ ਅਠ ਦੇਵਤਾ ਮੰਨੇ ਹਨ। ਦੱਖਣ ਦਾ ਮੰਗਲ, ਪੱਛਮ ਦਾ ਸ਼ਨੀ, ਉੱਤਰ ਦਾ ਬੁੱਧ, ਪੂਰਬ ਦਾ ਸੂਰਜ, ਅਗਨਿ ਕੋਣ ਦਾ ਸ਼ੁੱਕਰ, ਨੈਰਤਿ ਕੋਣ ਦਾਰਾਹੂ, ਵਾਯਵੀ ਕੋਣ ਦਾ ਚੰਦ੍ਰਮਾ, ਈਸ਼ਾਣ ਕੋਣ ਦਾ ਬ੍ਰਹਸਪਤਿ।) ਖਵੀਸਨ=ਜਿੰਨ, ਦੇਉ। ਤਾਲਕ=ਸੰਬੰਧਰੱਖਣ ਵਾਲੇ। ਕਵੀਸਨ=ਮਹਾਂ ਕਵੀਆਂ ਦੇ। ਚਤੁਰਾਨਨ=ਚੌਂਹ ਮੁੱਖਾਂ ਵਾਲਾ, ਬ੍ਰਹਮਾ। ਪੰਚਾਨਨ=ਪੰਜਾਂ ਮੁੱਖਾਂ ਵਾਲਾ, ਸ਼ਿਵ। ਖੜਾਨਨ=ਛੇਆਂ ਮੁੱਖਾਂ ਵਾਲਾ, ਸ਼ਿਵ ਦਾ ਪੁੱਤਰ, ਸਜਾਮ-ਕਾਰਤਿਕ। ਗਜਾਨਨ=ਹਾਥੀ ਦੇ ਮੁੱਖ ਵਾਲਾ, ਗਣੇਸ਼। ਸੁਰਾਸੁਰ=ਦੇਵਤੇ ਤੇ ਦੈਂਤ। ਚਰਾਚਰ=ਚੇਤਨ ਤੇ ਜੜ੍ਹ। ਬਿਸ੍ਵ=ਸੰਸਾਰ। ਸੁਕ੍ਰਿਤ=ਪੁੰਨ ਕਰਮ। ਪ੍ਰਦਾਯਕੈ=ਦੇਣ ਵਾਲੇ। ਪ੍ਰਮੋਦ=ਅਨੰਦ। ਬੰਦੌਂ=ਨਮਸ਼ਕਾਰ ਕਰਦਾ ਹਾਂ। ਬਿਘਾਯਕੈ=ਨਾਸ ਕਰਨ ਵਾਲੇ। ਲਖਾਯਕੈ=ਜਾਣਕੇ। ਬਿਨਾਯਕੈ=ਗਣੇਸ਼ ਨੂੰ।

ਅਰਥ

੧ (ਸ਼੍ਰੀ ਗਣੇਸ਼ ਜੀ ਜੋ) ਅੱਠਾਂ ਦਿਸ਼ਾਂ ਦੇ ਮਾਲਕ, ਦੇਵਤਿਆਂ ਦੀ ਪਾਲਣਾ ਕਰਨ ਵਾਲੇ, ਜਿੰਨਾਂ ਦੇ ਮਾਲਕ, ਮਹਾਂ-ਕਵੀਆਂ ਨਾਲ ਸੰਬੰਧਰੱਖਣ ਵਾਲੇ ਅਤੇ ਬਖ਼ਸ਼ਸ਼ਾਂ ਦੇਣ ਵਾਲੇ ਹਨ।

੨ ਜਿਨ੍ਹਾਂ ਨੂੰ ਬ੍ਰਹਮਾ, ਸ਼ਿਵ, ਸ਼ਜਾਮ-ਕਾਰਤਿਕ ਆਦਿ ਧਿਆਉਂਦੇ ਹਨ, ਗਣੇਸ਼ ਦੇ ਪਾਸ ਆ ਕੇ ਕੋਈ ਹੰਕਾਰ ਨਹੀਂ ਕਰਦਾ।

੩ ਗਿਆਨ ਸਿੰਘ (ਕਹਿੰਦਾ ਹੈ) ਦੇਵਤੇ ਅਤੇ ਦੈਂਤ, ਚੇਤਨ ਅਤੇ ਜੜ੍ਹ, ਜਿਤਨਾ ਸੰਸਾਰ ਹੈ, ਪਹਿਲਾਂ ਗਣੇਸ਼ ਨੂੰ ਧਿਆ ਕੇ ਫੇਰ ਪੁੰਨ ਕਰਮ ਕਰਦਾ ਹੈ।

੪ ਇਸ ਤਰ੍ਹਾਂ ਦੇ ਵੱਡੇ ਲਾਇਕ, ਬਹੁਤ ਆਨੰਦ ਦੇਣ ਵਾਲੇ ਅਤੇ ਬਿਘਨਾਂ ਦੇ ਨਾਸ ਕਰਤਾ ਜਾਣ ਕੇ ਸ਼੍ਰੀ ਗਣੇਸ਼ ਜੀ ਨੂੰ (ਮੈਂ) ਨਮਸ਼ਕਾਰ ਕਰਦਾ ਹਾਂ। (ਭਾਵ:- ਸ੍ਰੀ ਗੁਰੂ ਪੰਥ ਪ੍ਰਕਾਸ਼ ਗ੍ਰੰਥ ਦੇ ਪੂਰਬਾਰਧ ਨੂੰ ਅਰੰਭ ਕਰਨ ਲਗਿਆਂ ਕਵੀ ਜੀ ਨੇ ਗਣੇਸ਼ ਦੇ ਮੰਗਲ ਨੂੰ ਨੰਬਰ ੩ ਉਪਰ ਅਤੇ ਸਰਸੁਤੀ ਦੇ ਮੰਗਲ ਨੂੰ ਨੰਬਰ ੪ 'ਤੇਰਖਿਆ ਹੈ। ਪਹਿਲੇ ਨੰਬਰ 'ਤੇ ਅਕਾਲ ਪੁਰਖ, ਦਸ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖਾਲਸਾ ਪੰਥ ਦਾ ਸਾਂਝਾ ਮੰਗਲ ਤੇ ਦੂਜੇ ਨੰਬਰ 'ਤੇ ਵਾਹਿਗੁਰੂ ਨਾਮ ਦਾ ਮੰਗਲ ਕੀਤਾ ਹੈ। ਇਥੇ ਪਤਾ ਨਹੀਂ ਕਿ ਐਸਾ ਕਿਉਂ ਕੀਤਾ ਗਿਆ ਹੈ। ਜਾਪਦਾ ਹੈ ਕਿ ਗਿਆਨੀ ਜੀ ਵਲੋਂ ਲਿਖੇ ਨੁਸਖੇ 'ਚ ਘਸੀਟਾ ਸਿੰਘ ਕਵੀਸ਼ਰ ਲਾਹੌਰ ਨੇ ਕੋਈ ਅੱਗਾ ਪਿੱਛਾ ਕਰ ਦਿੱਤਾ ਹੈ। ਵਿਸਥਾਰ ਲਈ ਦੇਖੋ ਇਸੇ ਗ੍ਰੰਥ ਦੇ ਪੂਰਬਾਰਧ ਦੇ ਪਹਿਲੇ ਬਿਸ੍ਰਾਮ ਦੇ ਅੰਕ ਨੰ. ੩ ਦਾ ਭਾਵ।

੨. ਸ੍ਰੀ ਅਕਾਲ ਪੁਰਖ ਜੀ ਦਾ ਮੰਗਲ

ਕਬਿੱਤ:

ਏਕ ਓਅੰਕਾਰ ਸਤਿਨਾਮੁ ਕਰਤਾ ਪੁਰਖੁ, ਨਿਰਭਉ ਨਿਰਵੈਰੁ ਜੋ ਅਕਾਲ ਸਦ ਮੂਰਤੀ।
ਜਾਨੀਏ ਅਜੂਨੀ ਸੈਭੰ ਗੁਰ ਪ੍ਰਸਾਦਿ ਹੂੰ ਤੈ, ਸਤਿ ਚਿਤ ਆਨੰਦ ਬਖਾਨਦ ਅਮੂਰਤੀ।
ਸੋਊ ਕਰਤਾਰ ਅਵਤਾਰ ਧਾਰ ਦਸ ਗੁਰ, ਸੰਤ ਹੈਂ ਉਬਾਰੇ ਸਿੱਖ ਪਾਰੇ ਗਾਰੇ ਧੂਰਤੀ।
ਬਾਰ ਬਾਰ ਗਜਾਨ ਹਰਿ ਯਾਹੀ ਤੇ ਜੁਹਾਰਤ ਹੈ, ਕੀਜੀਏ ਗ੍ਰੰਥ ਪੰਥ ਪਰਕਾਸ਼ ਪੂਰਤੀ ॥੨॥

ਪਦਅਰਥ:

ਏਕ=ਇਕ, ਅਦ੍ਵੈਤਰੂਪ, ਲਾਸਾਨੀ, ਲਾ-ਸ਼ਰੀਕ। ਓਅੰਕਾਰ=ਸਾਰਿਆਂ ਦਾ ਪ੍ਰਕਾਸ਼ਕ। ਸਤਿਨਾਮੁ=ਜਿਸਦਾ ਨਾਮ ਸੱਚਾ ਹੈ। ਕਰਤਾ=ਜਗਤ ਦੀ ਰਚਨਾ ਕਰਨ ਵਾਲਾ। ਪੁਰਖ=ਪੂਰਨਰੂਪ, ਸਰਬ ਵਆਪਕ। ਨਿਰਭਉ=ਨਿਡਰ, ਬੇ ਖ਼ੌਫ। ਨਿਰਵੈਰ=ਵੈਰ ਤੋਂ ਬਿਨਾਂ। ਅਕਾਲ-ਸਦ-ਮੂਰਤੀ=ਸਦਾ ਕਾਲ ਤੋਂਰਹਿਤ ਸਰੂਪ। ਅਜੂਨੀ=ਕਾਰਨਰਹਿਤ। (ਅ) ਜੋ ਪੈਦਾ ਨਹੀਂ ਹੋਇਆ। ਸੈਭੰ=ਆਪਣੇ ਆਪ ਹੋਣ ਵਾਲਾ, ਜੋ ਕਿਸੇ ਤੋਂ ਨਹੀਂ ਬਣਿਆ। ਗੁਰ ਪ੍ਰਸਾਦਿ=ਸਤਿਗੁਰਾਂ ਦੀ ਕਿਰਪਾ ਦੁਆਰਾ (ਜਾਣਿਆ ਜਾਂਦਾ ਹੈ)। ਸਤਿ=ਤਿੰਨਾਂ ਸਮਿਆਂ ਵਿੱਚ ਨਾਸ ਤੋਂਰਹਿਤ। ਚਿਤ=ਚੇਤਨ ਸਰੂਪ। ਆਨੰਦ=ਜਿਸ ਵਿੱਚ ਦੁੱਖ ਨਹੀਂ ਹੈ, ਸਦਾ ਸੁਖ ਸਰੂਪ। ਬਖਾਨਦ=ਕਹੀਦਾ ਹੈ। ਅਮੂਰਤੀ=ਜਿਸ ਦੀ ਕੋਈ ਮੂਰਤੀ ਨਹੀਂ, ਅਕਾਰਰਹਿਤ, ਨਿਰਾਕਾਰ। ਉਬਾਰੇ=ਬਚਾਏ। ਪਾਰੇ=ਪਾਲਣਾ ਕੀਤੀ। ਧੂਰਤੀ=ਠੱਗ, ਛਲੀਏ, ਕਪਟੀ ਭਾਵ ਦੁਸ਼ਟ। ਜੁਹਾਰਤ ਹੈ=ਨਮਸ਼ਕਾਰ ਕਰਦਾ ਹੈ। ਪੂਰਤੀ=ਸੰਪੂਰਨ।

ਅਰਥ

੧ (ਸ੍ਰੀ ਅਕਾਲ ਪੁਰਖ) ਇੱਕ ਅਦੁੱਤੀ, ਸਾਰਿਆਂ ਦਾ ਪ੍ਰਕਾਸ਼ਕ, ਜਿਸ ਦਾ ਨਾਮ ਸੱਚਾ ਹੈ, ਜਗਤ ਦਾਰਚਨਹਾਰ, ਸਰਬ ਵਿਆਪਕ, ਨਿਡਰ, ਵੈਰ ਤੋਂ ਬਿਨਾਂ ਅਤੇ ਜੋ ਹਮੇਸ਼ਾਂ ਕਾਲ ਤੋਂਰਹਿਤ ਸਰੂਪ ਵਾਲਾ ਹੈ।

੨ (ਉਹ) ਕਾਰਨ ਤੋਂਰਹਿਤ, ਆਪਣੇ ਆਪ ਪ੍ਰਕਾਸ਼ ਸਰੂਪ ਹੈ (ਉਸਨੂੰ) ਗੁਰਾਂ ਦੀ ਕਿਰਪਾ ਨਾਲ ਹੀ ਜਾਣਿਆ ਜਾਂਦਾ ਹੈ (ਸਾਰੇ ਵੇਦ ਸ਼ਾਸਤ੍ਰ ਤੇ ਸੰਤ ਭਗਤ ਉਸਨੂੰ) ਤਿੰਨਾਂ ਸਮਿਆਂ 'ਚ ਨਾਸ ਨਾ ਹੋਣ ਵਾਲਾ, ਚੇਤਨ ਸਰੂਪ, ਸੁਖ ਸਰੂਪ ਤੇ ਮੂਰਤਿ ਤੋਂ ਬਿਨਾਂ ਕਥਨ ਕਰਦੇ ਹਨ।

੩ ਉਸੇ ਕਰਤਾਰ ਨੇ ਦਸਾਂ ਗੁਰਾਂ ਦਾ ਅਵਤਾਰ ਧਾਰ ਕੇ ਸੰਤਾਂ ਨੂੰ ਬਚਾਇਆ, ਸਿੱਖਾਂ ਨੂੰ ਪਾਲਿਆ ਤੇ ਦੁਸ਼ਟਾਂ ਨੂੰ ਗਾਲਿਆ ਹੈ।

੪ (ਏਸੇ ਲਈ) ਗਿਆਨ ਸਿੰਘ ਬਾਰ ਬਾਰ ਨਮਸ਼ਕਾਰ ਕਰਦਾ ਹੈ (ਕਿ ਹੇ ਅਕਾਲ ਪੁਰਖ! ਮੇਰੀਰਚਨਾ) ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥ (ਨਿਰਵਿਘਨ) ਸੰਪੂਰਨ ਕਰੋ।

ਅਨੰਗ ਸੇਖਰ ਛੰਦ:

ਲਹੈਂ ਨ ਜਾਹਿ ਬੇਦ ਭੇਦ ਨੇਤਿ ਨੇਤਿ ਗਾਵਤੋ, ਬਤਾਵਤੋ ਬਿਅੰਤ ਅੰਤ ਵੰਤ ਨਾਦ ਦਾਦ ਹੈਂ।
ਨ ਸਾਰ ਚਾਰ ਆਨਨੰ ਪੰਚਾਨਨੰ ਖੜਾਨਨੰ, ਗਜਾਨਨੰ ਨ ਪਾਇਂ ਸੱਹਿਸਾਨਨੰ ਮ੍ਰਯਾਦ ਹੈਂ।
ਨ ਜਾਤ ਜੋਨਿ ਆਮ ਸੋ ਲਹਾਤ ਸੁਖ ਧਾਮ ਸੋ, ਜਪਾਤ ਤਾਂਹਿ ਨਾਮ ਜੋ ਧਿਆਤ ਚਿੱਤ ਪਾਦ ਹੈਂ।
ਸਿਰੀ ਅਕਾਲ ਦੇਵ ਜੂ ਅਛੇਵ ਸੁਖ ਦਾਇਕੈ, ਅਭੇਵ ਬੰਦਨੀਯ ਸੋ ਅਵੱਸਮੇਵ ਆਦਿ ਹੈਂ ॥੪॥

ਪਦਅਰਥ:

ਲਹੈਂ ਨ=ਨਹੀਂ ਜਾਣਦੇ। ਨੇਤਿ ਨੇਤਿ=ਨ ਇਤਿ ਨ ਇਤਿ ਅਰਥਾਤ ਵਾਹਿਗੁਰੂ ਸਰੀਰ ਨਹੀਂ, ਪ੍ਰਾਣ ਨਹੀਂ, ਮਨ ਨਹੀਂ ਭਾਵ ਇਨ੍ਹਾਂ ਸਾਰਿਆਂ ਤੋਂ ਪਰੇ ਹੈ। ਅੰਤ ਵੰਤ=ਅੰਤ ਵਾਲੇ। ਨਾਦ=ਸ਼ਬਦ ਭਾਵ ਅਕਾਸ਼ ਆਦਿ ਤੱਤ। ਦਾਦ=ਦਾਨ, ਦਿਤੇ ਹੋਏ ਪਦਾਰਥ। ਸਾਰ=ਖ਼ਬਰ। ਚਾਰ ਆਨਨੰ=ਚਾਰ ਮੁੱਖਾਂ ਵਾਲਾ ਬ੍ਰਹਮਾ। ਪੰਚਾਨਨੰ=ਪੰਜ ਮੁੱਖਾਂ ਵਾਲਾ, ਸ਼ਿਵ। ਖੜਾਨਨੰ=ਛੇ ਮੁੱਖਾਂ ਵਾਲਾ, ਸ਼ਿਵ ਦਾ ਪੁੱਤਰ, ਸ਼ਯਾਮ ਕਾਰਤਿਕ। ਗਜਾਨਨੰ=ਹਾਥੀ ਦੇ ਮੁੱਖ ਵਾਲਾ, ਗਣੇਸ਼। ਸੱਹਿਸਾਨਨੰ=ਹਜ਼ਾਰ ਮੁੱਖਾਂ ਵਾਲਾ, ਸ਼ੇਸ਼ ਨਾਗ। ਨ ਜਾਤ=ਜਨਮ ਨਹੀਂ ਧਾਰਦਾ। ਜੋਨਿ ਆਮ=ਬਹੁਤੀਆਂ ਜੂਨਾਂ। ਲਹਾਤ=ਪ੍ਰਾਪਤ ਕਰ ਲੈਂਦਾ ਹੈ। ਪਾਦ=ਚਰਨਾਂ ਦਾ। ਅਛੇਵ=ਅੱਛੇ, ਚੰਗੇ, ਲਗਾਤਾਰ। ਅਭੇਵ=ਭੇਦ ਤੋਂਰਹਿਤ। ਬੰਦਨੀਯ=ਬੰਦਨਾ ਕਰਨ ਯੋਗ। ਅਵੱਸਮੇਵ=ਜ਼ਰੂਰ ਹੀ। ਆਦਿ=ਮੁੱਢ ਤੋਂ ਹੀ।

ਅਰਥ

੧ ਜਿਸ (ਵਾਹਿਗੁਰੂ) ਦੇ ਭੇਦ ਨੂੰ ਵੇਦ ਵੀ ਨਹੀਂ ਜਾਣਦੇ (ਉਹ ਵੇਦ ਉਸਨੂੰ) ਸਰੀਰ, ਪ੍ਰਾਣ ਤੇ ਮਨ ਤੋਂ ਪਰੇ ਬੇਅੰਤ ਗਾਉਂਦੇ ਹਨ ਅਤੇ ਅਕਾਸ਼ (ਆਦਿ ਤੱਤਾਂ) ਤੇ ਉਸ ਦੇ ਦਿੱਤੇ ਹੋਏ ਪਦਾਰਥਾਂ ਨੂੰ ਅੰਤ ਵਾਲੇ ਦੱਸਦੇ ਹਨ।

੨ ਜਿਸ ਦੀ ਮਰਯਾਦਾ ਦੀ ਖ਼ਬਰ ਬ੍ਰਹਮਾ, ਸ਼ਿਵ, ਸ਼ਯਾਮ ਕਾਰਤਿਕ ਤੇ ਗਣੇਸ਼ ਆਦਿ ਵੀ ਨਹੀਂ ਪਾ ਸਕਦੇ।

੩ ਜਿਹੜੇ ਉਸਦੇ ਚਰਨਾਂ ਦਾ ਚਿੱਤ ਵਿੱਚ ਧਿਆਨ ਧਾਰਕੇ ਉਸ ਦਾ ਨਾਮ ਜਪਦੇ ਹਨ, ਉਹ ਸੁਖਾਂ ਦੇ ਘਰ (ਵਾਹਿਗੁਰੂ) ਨੂੰ ਪ੍ਰਾਪਤ ਕਰ ਲੈਂਦੇ ਹਨ ਤੇ ਬਹੁਤੀਆਂ ਜੂਨਾਂ ਵਿੱਚ ਨਹੀਂ ਜਾਂਦੇ।

੪ ਪ੍ਰਕਾਸ਼ਰੂਪ ਸ੍ਰੀ ਅਕਾਲ ਪੁਰਖ ਜੀ ਲਗਾਤਾਰ ਸੁਖਾਂ ਦੇ ਦਾਤੇ ਹਨ, ਉਹ ਭੇਦ ਤੋਂਰਹਿਤ ਤੇ ਮੁੱਢ ਤੋਂ ਜ਼ਰੂਰ ਹੀ ਬੰਦਨਾ ਕਰਨ ਯੋਗ ਹਨ।

ਰਿਖੀ ਮੁਨੀਸ ਦੇਵਤਾ ਅਦੇਵ ਸੇਵ ਹੈਂ ਜਿਸੈ, ਉਤਾਰ ਔ ਪਿਗੰਮਰੈਂ ਬਤਾਇਓ ਅਪਾਰ ਹੈ।
ਰਚੱਤ ਜੋ ਜਗੱਤ ਪਾਂਚ ਤੱਤ ਤੈ ਮਹੱਤ ਅੱਤਿ, ਪਾਲ ਕੈ ਰਹੱਤ ਸ੍ਵੈ ਰਹੱਤ ਏਕ ਸਾਰ ਹੈ।
ਜਬੈ ਗਿਲਾਨਿ ਹੋਤ ਹੈ ਜਹਾਨ ਪੈ ਧਰੰਮ ਕੇਰ, ਆਇ ਤੋ ਸਰੂਪ ਜੈਸ ਚਾਹਿ ਤੈਸ ਧਾਰ ਹੈ।
ਅਧ੍ਰੱਮ ਕੋ ਪ੍ਰਹਾਰ ਹੈ ਸੁਧ੍ਰੱਮ ਕੋ ਪ੍ਰਚਾਰ ਹੈ, ਬਿਦਾਰ ਹੈ ਅਸੰਤ ਪੁੰਜ ਸੰਤ ਕੋ ਉਬਾਰ ਹੈ ॥੫॥

ਪਦਅਰਥ:

ਦੇਵਤਾ=ਦੇਵਤੇ। ਅਦੈਵ=ਦੈਂਤ। ਸੇਵ ਹੈਂ=ਉਪਾਸ਼ਨਾ ਕਰਦੇ ਹਨ। ਅਪਾਰ=ਬੇਅੰਤ। ਮਹੱਤ=ਵੱਡਾ। ਅੱਤਿ=ਬਹੁਤਾ। ਪਾਲਕੈ=ਪਾਲਣਾ ਕਰਕੇ। ਹਰੱਤ=ਨਾਸ਼ ਕਰਦਾ ਹੈ। ਸ੍ਵੈ=ਆਪ। ਰਹੱਤ=ਰਹਿੰਦਾ ਹੈ। ਏਕ ਸਾਰ=ਇਕੋ ਜਿਹਾ। ਗਿਲਾਨਿ=(ਧਰਮ ਵਲੋਂ) ਨਫ਼ਰਤ। ਅਧ੍ਰੱਮ=ਪਾਪ। ਪ੍ਰਹਾਰ ਹੈ=ਨਾਸ ਕਰਦਾ ਹੈ। ਪ੍ਰਚਾਰ ਹੈ=ਫੈਲਾਉਂਦਾ ਹੈ। ਬਿਦਾਰ ਹੈ=ਮਾਰਦਾ ਹੈ। ਅਸੰਤ=ਦੁਸ਼ਟ। ਪੁੰਜ=ਬਹੁਤੇ। ਉਬਾਰ ਹੈ=ਬਚਾਉਂਦਾ ਹੈ।

ਅਰਥ

੧ ਜਿਸ (ਅਕਾਲ ਪੁਰਖ) ਦੀ ਰਿਖੀ, ਮੁਨੀ ਦੇਵਤੇ ਤੇ ਦੈਂਤ ਉਪਾਸ਼ਨਾ ਕਰਦੇ ਹਨ, ਅਵਤਾਰਾਂ ਤੇ ਪੈਗੰਬਰਾਂ ਨੇ ਉਸ ਨੂੰ ਬੇਅੰਤ ਦੱਸਿਆ ਹੈ।

੨ ਜੋ ਪੰਜਾਂ ਤੱਤਾਂ ਤੋਂ ਬਹੁਤ ਵੱਡਾ ਸੰਸਾਰਰਚਦਾ ਹੈ, ਪਾਲਣਾ ਕਰ ਕੇ (ਮਗਰੋਂ) ਨਾਸ ਕਰ ਦੇਂਦਾ ਹੈ (ਪਰ) ਆਪ (ਹਮੇਸ਼ਾਂ) ਇੱਕੋ ਜਿਹਾ ਰਹਿੰਦਾ ਹੈ।

੩ ਜਦੋਂ ਸੰਸਾਰ ਉੱਪਰ (ਧਰਮ ਵਲੋਂ) ਨਫ਼ਰਤ ਫੈਲ ਜਾਂਦੀ ਹੈ ਤਾਂ ਜੇਹੋ ਜਿਹਾ ਸਰੂਪ ਉਹ ਚਾਹੁੰਦਾ ਹੈ ਉਹੋ ਜਿਹਾ ਧਾਰ ਕੇ ਆ ਜਾਂਦਾ ਹੈ।

੪ (ਸੰਸਾਰ ਵਿੱਚ ਆਕੇ ਉਹ) ਪਾਪਾਂ ਦਾ ਨਾਸ ਕਰਦਾ ਹੈ ਤੇ ਚੰਗੇ ਧਰਮ ਨੂੰ ਫੈਲਾਉਂਦਾ ਹੈ। ਬਹੁਤੇ ਦੁਸ਼ਟਾਂ ਨੂੰ ਮਾਰਦਾ ਹੈ ਤੇ ਸੰਤਾਂ ਨੂੰ ਬਚਾਉਂਦਾ ਹੈ।

ਧਰਾ ਉਬਾਰ ਬੇਦ ਹੇਤ ਮੱਛ ਕੱਛ, ਨਾਰਸਿੰਘ ਰੂਪ ਹ੍ਵੈ ਭਗੱਤ ਹਿੱਤ, ਰਾਛਸੈਂ ਖਪਾਇਓ।
ਬਲੀ ਸਹੰਸ੍ਰਬਾਹੁ ਲੰਕਈਸ ਪੀਸਬੇ ਹਿਤੈ, ਸੁ ਬਾਵਨੰ ਪਰੱਸ ਰਾਮ ਰਾਮ ਜੀ ਕਹਾਇਓ।
ਹਰਜੋ ਮਲੇਛ ਕੌਮ ਕੋ ਸੁਭੇਛ ਬੁੱਧ ਮੋਹਨੀ, ਸੁ ਜਾਦਵੇਸ ਕੰਸ ਸੇ ਸਬੰਸ ਹੀ ਮੁਕਾਇਓ।
ਅਬੈ ਸੁ ਹਿੰਦ ਪਾਰਬੇ ਬਿਦਾਰਬੇ ਤੁਕਿੰਦ ਤੇਜ, ਨਾਨਕੰ ਗੁਰੂ ਗੁਬਿੰਦ ਸਿੰਘ ਹੈ ਕਹਾਇਓ ॥੬॥

ਪਦਅਰਥ:

ਧਰਾ=ਧਰਤੀ। ਉਬਾਰ=ਬਚਾਉਣ। ਹਿੱਤ=ਵਾਸਤੇ। ਮੱਛ=ਮੱਛ ਅਵਤਾਰ। ਕੱਛ=ਕੱਛ ਅਵਤਾਰ। ਨਾਰ ਸਿੰਘ=ਨਰ ਸਿੰਘ ਅਵਤਾਰ। ਸਹੰਸ੍ਰ ਬਾਹੁ=ਹਜ਼ਾਰ ਬਾਹਾਂ ਵਾਲਾ, ਹੈਹਯ ਵੰਸ਼ ਦਾ ਪ੍ਰਤਾਪੀਰਾਜਾ। ਲੰਕ ਈਸ=ਲੰਕਾ ਦਾਰਾਜਾ, ਰਾਵਣ। ਪੀਸਬੇ ਹਿਤੈ=ਨਾਸ ਕਰਨ ਲਈ। ਹਰਜੋ=ਮਾਰਿਆ। ਸੁਭੇਛ=ਸੁੰਦਰ ਸਰੂਪ ਧਾਰਕੇ। ਬੁਧਿ=ਬੁੱਧ ਅਵਤਾਰ। ਮੋਹਨੀ=ਮੋਹਣੀ ਅਵਤਾਰ ਨੇ। ਜਾਦਵੇਸ=ਜਾਦਵਾਂ ਦੀ ਕੁਲ ਦੇ ਈਸ਼ਰ, ਕ੍ਰਿਸ਼ਨ। ਸਬੰਸ=ਸਣੇ ਕੁਲ ਦੇ। ਪਾਰਬੇ=ਪਾਲਣ ਵਾਸਤੇ। ਬਿਦਾਰਬੇ=ਨਾਸ ਕਰਣ ਲਈ। ਤੁਕਿੰਦ=ਤੁਰਕਾਂ ਦੇਰਾਜਿਆਂ ਦੇ।

ਅਰਥ

੧ (ਜਿਵੇਂ ਵਿਸ਼ਨੂੰ ਜੀ ਨੇ) ਧਰਤੀ ਨੂੰ ਬਚਾਉਣ ਵਾਸਤੇ (ਬਰਾਹ ਅਵਤਾਰ) ਵੇਦਾਂ ਦੀਰੱਖਿਆ ਵਾਸਤੇ ਮੱਛ ਅਵਤਾਰ ਅਤੇ (ਖੀਰ ਸਮੁੰਦਰ ਰਿੜਕਣ ਸਮੇਂ) ਕੱਛ ਅਵਤਾਰ ਧਾਰਿਆ। ਪ੍ਰਹਿਲਾਦ ਭਗਤ (ਦੀਰੱਖਿਆ) ਲਈ ਨਰ ਸਿੰਘਰੂਪ ਹੋ ਕੇ (ਹਰਨਾਖਸ਼ ਆਦਿ)ਰਾਖਸ਼ਾਂ ਦਾ ਨਾਸ ਕੀਤਾ।

੨ ਬਲੀ ਸਹੰਸ੍ਰ ਬਾਹੂ ਨੂੰ ਨਾਸ ਕਰਨ ਲਈ ਪਰਸਰਾਮ, ਰਾਵਣ ਨੂੰ ਮਾਰਨ ਲਈਰਾਮ ਚੰਦਰ (ਅਤੇ ਬਲਿਰਾਜੇ ਨੂੰ ਛਲਣ ਲਈ) ਬਾਵਨ ਅਵਤਾਰ ਕਹਾਇਆ।

੩ ਬੁੱਧ ਨੇ ਤੇ ਮੋਹਣੀ ਅਵਤਾਰ ਨੇ ਸੁੰਦਰ ਸਰੂਪ ਧਾਰ ਕੇਰਾਖਸ਼ਾਂ ਦੀ ਕੌਮ ਦਾ ਨਸ਼ਟ ਕੀਤਾ ਅਤੇ ਕ੍ਰਿਸ਼ਨਰੂਪ ਧਾਰ ਕੇ ਕੰਸ ਜਿਹਾਂ ਦਾ ਸਾਰਾ ਬੰਸ ਹੀ ਮੁਕਾ ਦਿੱਤਾ।

੪ ਤਿਵੇਂ ਹੀ ਹੁਣ (ਅਕਾਲ ਪੁਰਖ ਨੇ) ਹਿੰਦ ਦੀ ਪਾਲਣਾ ਕਰਨ ਲਈ ਅਤੇ ਤੁਰਕ (ਮੁਗਲ ਬਾਦਸ਼ਾਹਾਂ ਦੇ ਜ਼ੁਲਮ ਦੇ) ਤੇਜ ਨੂੰ ਨਾਸ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਨਾਮ ਅਖਵਾਇਆ।

ਭਾਵ

ਉਪਰ ੩, ੪, ੫ ਤੇ ੬ ਨੰਬਰ ਅੰਕਾਂ ਵਿੱਚ ਕਵੀ ਜੀ ਸ੍ਰੀ ਅਕਾਲ ਪੁਰਖ ਜੀ ਦਾ ਮੰਗਲ ਕਰਦੇ ਹਨ। ੩ ਨੰਬਰ ਅੰਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਦਰਜ ਮੂਲ-ਮੰਤ੍ਰ ਵਿੱਚ ਆਏ "ੴ ਤੋਂ ਗੁਰ ਪ੍ਰਸਾਦਿ" ਤੱਕ ਦੇ ਸਾਰੇ ਵਿਸ਼ੇਸ਼ਣਾਂ ਵਾਲਾ ਉਸ ਦਾ ਸਰੂਪ ਵਰਣਨ ਕਰਦੇ ਹਨ। ਉਸ ਨੂੰ ਸਤਿ ਚਿੱਤ ਤੇ ਅਨੰਦ ਵੀ ਆਖਦੇ ਹਨ। ਉਸੇ ਨੇ ਹੀ 'ਧਰਮ ਚਲਾਵਨ' ਤੇ 'ਸੰਤ ਉਬਾਰਨ' ਅਤੇ 'ਦੁਸ਼ਟ ਸਭਨ ਕੋ ਮੂਲ ਉਪਾਰਨ' ਲਈ ਕਲਜੁਗ ਦੇ ਇਸ ਭਿਆਨਕ ਸਮੇਂ ਵਿੱਚ ਦਸ ਗੁਰੂ ਸਰੂਪ ਧਾਰੇ ਹਨ। ਉਸ ਸਰਬ ਵਿਆਪਕ ਤੇ ਸਰਬ ਸ਼ਕਤੀਵਾਨ ਅਕਾਲ ਪੁਰਖ ਜੀ ਅੱਗੇ ਕਵੀ ਜੀ ਬੜੀ ਸ਼ਰਧਾ ਤੇ ਨਿੰਮ੍ਰਤਾ ਸਹਿਤ ਨਮਸ਼ਕਾਰ ਕਰ ਕੇ ਆਪਣੇ ਇਸ ਮਹਾਨ ਗ੍ਰੰਥ 'ਸ੍ਰੀ ਗੁਰੁ ਪੰਥ ਪ੍ਰਕਾਸ਼' ਦੀ ਨਿਰਵਿਘਨ ਸੰਪੂਰਣਤਾ ਲਈ ਬੇਨਤੀ ਕਰਦੇ ਹਨ। ਅੰਕ ਨੰ. ੪ ਵਿੱਚ ਉਸ ਵਾਹਿਗੁਰੂ ਜੀ ਦੀ ਬੇਅੰਤਤਾ ਦਾ ਵਰਣਨ ਕਰਦੇ ਹਨ। ਉਸ ਦੀ ਰਚਨਾ ਤੱਤ ਦੇ ਪਦਾਰਥ ਅੰਤ ਵਾਲੇ ਹਨ। ਵੱਡੇ ਤੋਂ ਵੱਡੇ ਦੇਵਤੇ ਵੀ ਉਸ ਦਾ ਅੰਤ ਨਹੀਂ ਪਾ ਸਕਦੇ। ਬੇਦ ਵੀ ਉਸ ਦਾ ਭੇਦ ਪਾਉਣ ਤੋਂ ਅਸਮੱਰਥ ਹਨ ਤੇ ਉਸਨੂੰ ਪ੍ਰਾਣ, ਮਨ ਤੇ ਬੁੱਧੀ ਤੋਂ ਪਰੇ 'ਨੇਤਿ ਨੇਤਿ ਕਥੰਤ ਬੇਦਾ' ਦੇ ਮਹਾਂ-ਵਾਕ ਅਨੁਸਾਰ ਬੇਅੰਤ ਬੇਅੰਤ ਹੀ ਕਥਨ ਕਰਦੇ ਹਨ। ਉਸ ਦੀ ਪ੍ਰਾਪਤੀ ਦਾ ਮੂਲ ਸਾਧਨ ਨਾਮ ਜਪਣਾ ਤੇ ਉਸ ਦੇ ਚਰਨਾਂ ਦੇ ਧਿਆਨ ਨੂੰ ਹੀ ਸਮਝਦੇ ਹਨ। ਉਹ ਪ੍ਰਕਾਸ਼ ਸਰੂਪ ਕਰਤਾ ਪੁਰਖ ਭੇਦਰਹਿਤ, ਸਦੀਵੀ ਸੁਖਾਂ ਦੇ ਦਾਤੇ, ਹਰ ਇਕ ਲਈ ਲਾਜ਼ਮੀ ਬੰਦਨਾ ਕਰਨ ਯੋਗ ਹਨ। ਅੰਕ ਨੰ. ੫ ਵਿੱਚ ਆਖਦੇ ਹਨ ਕਿ ਉਹ ਅਵਤਾਰਾਂ ਤੇ ਪੈਗ਼ੰਬਰਾਂ ਦੀ ਦ੍ਰਿਸ਼ਟੀ ਵਿੱਚ ਵੀ ਬੇਅੰਤ ਹੈ। ਉਹ ਜਗਤ ਦਾ ਕਾਰਕ, ਪਾਲਕ ਤੇ ਸੰਘਾਰਕ ਵੀ ਹੈ, ਪਰ ਆਪ ਇਕਰਸਰਹਿੰਦਾ ਹੈ। ਰਿਖੀਆਂ, ਮੁਨੀਆਂ, ਦੇਵਤਿਆਂ ਤੇ ਦੈਂਤਾਂ ਦੇ ਉਪਾਸ਼ਨਾ ਕਰਨ ਯੋਗ ਹੈ। ਜਦੋਂ ਜਦੋਂ ਵੀ ਸੰਸਾਰ ਵਿੱਚ ਧਰਮ ਵਲੋਂ ਨਫ਼ਰਤ ਫੈਲਦੀ ਹੈ, ਤਦੋਂ ਤਦੋਂ ਹੀ ਉਹ ਆਪਣੀ ਮਰਜ਼ੀ ਦਾ ਸਰੂਪ ਧਾਰ ਕੇ ਆਉਂਦਾ ਹੈ। ਅਧਰਮ ਦਾ ਨਾਸ ਤੇ ਧਰਮ ਦਾ ਪ੍ਰਕਾਸ਼ ਕਰਦਾ ਹੈ। ਸੰਤਾਂ ਦੀਰੱਖਿਆ ਕਰਦਾ ਤੇ ਦੁਸ਼ਟਾਂ ਨੂੰ ਦੰਡ ਦੇਂਦਾ ਹੈ। ਅੰਕ ਨੰ. ੬ ਵਿੱਚ ਲਿਖਦੇ ਹਨ ਕਿ ਜਿਵੇਂ ਵਾਹਿਗੁਰੂ ਜੀ ਨੇ ਪਿਛਲੇ ਜੁਗਾਂ ਵਿੱਚ ਵਿਸ਼ਨੂੰ ਜੀ ਦੇ ੨੪ ਅਵਤਾਰ ਜਗਤਰੱਖਿਆ ਲਈ ਭੇਜੇ ਤੇ ਉਨ੍ਹਾਂ ਨੇ ਆਪੋ ਆਪਣੇ ਸਮੇਂ ਮੁਤਾਬਕ ਕੰਮ ਕੀਤਾ, ਤਿਵੇਂ ਹੀ ਹੁਣ ਕਲਜੁਗ ਦੇ ਸਮੇਂ ਵਿੱਚ ਵਾਹਿਗੁਰੂ ਜੀ ਨੇ ਹਿੰਦੂ ਧਰਮ ਦੀਰੱਖਿਆ ਲਈ ਅਤੇ ਜ਼ਾਲਮ ਮੁਗ਼ਲਾਂ ਦੇ ਜ਼ੁਲਮ ਨੂੰ ਮੇਟਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਜਾਮੇ ਧਾਰ ਕੇ ਜਗਤ ਦੀ ਕਲਿਆਣ ਕੀਤੀ ਹੈ।

੩. ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮੰਗਲ

ਗੁਰੂ ਜੁ ਆਦਿ ਦੇਸ ਦੇਸ ਮੈਂ ਬਿਸੇਸ ਜਾਇ ਕੈ, ਅਸੇਸ ਸੁਖਦਾਇਕੈ ਸੁਨਾਇ ਓਪਦੇਸ ਹੈ।
ਕੁਮੱਤਿ ਮੱਤ ਹੱਤ ਕੈ ਸਭੈ ਪਖੰਡ ਖੰਡ ਕੈ, ਮੜ੍ਹੀ ਮਸਾਣ ਪਾਹਨੈਂ ਹਟਾਇ ਪੂਜਨੇਸ ਹੈ।
ਸੁਮੱਤਿ ਗੱਤਿ ਦਾਇਕੈ ਭਗੱਤਿ ਏਕ ਈਸ ਕੀ, ਜਗੱਤ ਤੈ ਤਰਾਇ ਜੋ ਦਿਢਾਇ ਸੋ ਵਿਸੇਸ ਹੈ।
ਜਪਾਇ ਸਤਿਨਾਮੁ ਜੈਂ ਕ੍ਰਿਤਾਂਤ ਸੈਂ ਬਚਾਇ ਲੀਨ, ਤਾਂਹਿ ਰੂਪਦੈਸਕੈ ਹਮੇਸ਼ ਮੈਂ ਅਦੇਸ ਹੈ ॥੭॥

ਪਦਅਰਥ:

ਗੁਰੂ ਜੁ ਆਦਿ=ਜੋ ਆਦਿ ਗੁਰੂ ਭਾਵ ਸ੍ਰੀ ਗੁਰੂ ਨਾਨਕ ਦੇਵ ਜੀ। ਬਿਸੇਸ=ਬਹੁਤਾ। ਅਸੇਸ=ਸਾਰੇ। ਕੁਮੱਤਿ-ਖੋਟੀ ਮਤਿ ਵਾਲੇ। ਮੱਤ=ਧਰਮ, ਮਜ਼ਹਬ। ਹੱਤ ਕੈ=ਨਾਸ ਕਰਕੇ। ਖੰਡ ਕੈ=ਖੰਡਨ ਕਰਕੇ। ਪਾਹਨੈਂ=ਪੱਥਰਾਂ ਨੂੰ। ਪੂਜਨੇਸ=ਪੂਜਣ ਤੋਂ। ਸੁਮੱਤਿ=ਚੰਗੀ ਬੁੱਧੀ। ਗੱਤਿ=ਮੁਕਤੀ। ਦਿਢਾਇ=ਪੱਕੀ ਕਰਵਾਈ। ਵਿਸੇਸ=ਬਹੁਤੀ। ਕ੍ਰਿਤਾਂਤ=ਕੀਤਾ ਹੈ ਅੰਤ ਜਿਸਨੇ, ਕਾਲ, ਯਮ। ਰੂਪ ਦੈਸਕੈ=ਉਪਦੇਸ਼ ਦਾਤਾ ਸਰੂਪ ਨੂੰ। ਅਦੇਸ=ਨਮਸ਼ਕਾਰ।

ਅਰਥ

੧ ਜਿਸ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸਾਂ ਪਰਦੇਸਾਂ ਵਿੱਚ ਬਹੁਤਾ ਜਾ ਕੇ, ਸਾਰੇ ਸੁਖਾਂ ਦਾ ਦਾਤਾ ਉਪਦੇਸ਼ ਸੁਣਾਇਆ ਹੈ।

੨ (ਉਸ ਉਪਦੇਸ਼ ਨਾਲ) ਖੋਟੀ ਮਤਿ ਵਾਲੇ ਮੱਤਾਂ ਨੂੰ ਨਾਸ ਕੀਤਾ ਤੇ ਸਾਰੇ ਪਖੰਡਾਂ ਦਾ ਖੰਡਨ ਕੀਤਾ, ਮੜ੍ਹੀਆਂ, ਮਸਾਣਾਂ ਤੇ ਪੱਥਰ ਪੂਜਾ ਤੋਂ (ਲੋਕਾਂ ਨੂੰ) ਹਟਾਇਆ।

੩ ਚੰਗੀ ਮਤਿ ਤੇ ਮੁਕਤੀ ਦੇਣ ਵਾਲੀ ਇਕ ਵਾਹਿਗੁਰੂ-ਭਗਤੀ ਬਹੁਤੀ ਪੱਕੀ ਕਰਵਾਈ ਜੋ (ਜੀਵਾਂ ਨੂੰ) ਜਗਤ ਤੋਂ ਤਾਰਨ ਵਾਲੀ ਹੈ।

੪ ਜਿਨ੍ਹਾਂ ਨੇ ਸਤਿਨਾਮੁ (ਵਾਹਿਗੁਰੂ ਨਾਮ) ਜਪਾ ਕੇ (ਦਾਸਾਂ ਨੂੰ) ਜਮਾਂ ਤੋਂ ਬਚਾ ਲਿਆ ਹੈ, ਤਿਸ ਉਪਦੇਸ਼ ਦਾਤਾ ਸਰੂਪ (ਸਤਿਗੁਰੂ ਜੀ) ਨੂੰ ਮੇਰੀ ਹਮੇਸ਼ਾਂ ਨਮਸ਼ਕਾਰ ਹੈ।

ਭਾਵ

ਅੰਕ ਨੰ. ੭ ਵਿੱਚ ਪਹਿਲੇ ਸਤਿਗੁਰਾਂ ਦਾ ਮੰਗਲ ਕੀਤਾ ਹੈ। 'ਕਲਜੁਗ ਉਧਾਰਿਆ ਗੁਰਦੇਵ' ਦੇ ਮਹਾਂ-ਵਾਕ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਗਤ ਨਿਸਤਾਰੇ ਲਈ ਆਪਣੇ ਤੋਂ ਪਹਿਲਾਂ ਆ ਚੁੱਕੇ ਸਾਰੇ ਅਵਤਾਰਾਂ ਤੇ ਪੈਗ਼ੰਬਰਾਂ ਤੋਂ ਕਿਤੇ ਵੱਧ ਪੈਦਲ ਸਫ਼ਰ ਕੀਤਾ। ਮੁਸੀਬਤਾਂ ਝੱਲੀਆਂ, ਕੁਰਾਹੀਏ ਅਖਵਾਇਆ ਪਰ ਆਪ ਘਬਰਾਏ ਨਹੀਂ, ਸਗੋਂ ਧੀਰਜ ਨਾਲ ਵਿਰੋਧੀਆਂ ਨੂੰ ਅਜਿਹਾ ਸੁਖਦਾਈ ਉਪਦੇਸ਼ ਦਿੱਤਾ ਕਿ ਖੋਟੀ ਮਤਿ ਵਾਲੇ ਲੋਕ ਸ੍ਰੇਸ਼ਟ ਮਤਿ ਵਾਲੇ ਬਣ ਗਏ। ਪਖੰਡੀਆਂ ਪਖੰਡ ਛੱਡ ਦਿੱਤੇ। ਮਸਾਣਾਂ ਤੇ ਪੱਥਰਾਂ ਦੀ ਪੂਜਾ ਬੰਦ ਹੋ ਗਈ। ਵਾਹਿਗੁਰੂ ਭਗਤੀ ਨੂੰ ਹੀ ਚੰਗੇ ਗੁਣਾਂ ਤੇ ਮੁਕਤੀ ਦੀ ਦਾਤੀ ਦੱਸ ਕੇ ਦ੍ਰਿੜ੍ਹ ਕਰਵਾਇਆ, ਜਿਸ ਨਾਲ ਅਨੇਕਾਂ ਪਾਪੀ ਜਗਤ ਤੋਂ ਤਰ ਗਏ। ਗੁਰੂ ਮੰਤ੍ਰ-ਵਾਹਿਗੁਰੂ ਨਾਮ ਦਾ ਜਾਪ ਜਪਾ ਕੇ ਸੇਵਕਾਂ ਨੂੰ ਪਾਪਾਂ ਤੋਂ ਛੁਡਾਇਆ।

੪. ਦੂਜੇ, ਤੀਜੇ, ਚੌਥੇ ਤੇ ਪੰਜਵੇਂ ਸਤਿਗੁਰਾਂ ਦਾ ਮੰਗਲ

ਜਿਨੈਂ ਰਚਾਇ ਅੱਛਰੰ ਕੁ ਅੱਛਰੰ ਮਿਟਾਇਓ, ਨਿਰੱਛਰੰ ਦਿਖਾਇਓ ਸੁ ਅੱਛਰੰ ਹਦੂਰ ਹੀਂ।
ਗੁਰੀਸਰੈਂ ਜੁਗੀਸਰੈਂ ਜੁ ਤੀਸਰੈਂ ਦੁਬੀਸ ਠੌਰ, ਦਾਇਕੈ ਸਕੱਤਿ ਪੰਥ ਸੰਥ ਦੀਨ ਭੂਰ ਹੀਂ।
ਸੁ ਰਾਮਦਾਸ ਖਾਸ ਦਾਸ ਆਸ ਪੋਖਬੇ ਹਿਤੈਂ, ਸੁਧਾ ਤਲਾਵ ਥਾਪ ਪਾਪ ਤਾਪ ਕੀਨ ਚੂਰ ਹੀਂ।
ਬਿਲੋਇ ਬੇਦ ਬਜਾਸ ਜਜੋਂ, ਨਿਕਾਸ ਸਾਰ ਪੰਚਮੇਂ ਗੁਰੂ, ਗਰੰਥ ਪੋਤ ਕੀਨ ਪਾਵਨੰ ਜਰੂਰ ਹੀਂ ॥੯॥

ਪਦਅਰਥ:

ਰਚਾਇ ਅੱਛਰੰ=(ਗੁਰਮੁਖੀ) ਅੱਖਰ ਬਣਾ ਕੇ। ਕੁਅੱਛਰੰ=(ਮੱਥੇ ਦੇ) ਖੋਟੇ ਅੱਖਰ ਭਾਵ ਖੋਟੇ ਲੇਖ। ਨਿਰੱਛਰੰ=ਅੱਖਰਾਂ ਤੋਂ ਰਹਿਤ ਭਾਵ ਨਿਰਾਕਾਰ ਸਰੂਪ, ਵਾਹਿਗੁਰੂ। ਅੱਛਰੰ=ਅੱਖਾਂ ਦੇ। ਹਦੂਰ ਹੀਂ=ਸਾਹਮਣੇ। ਗੁਰੀਸਰੈਂ=ਈਸ਼ਰ (ਕਰਤਾਰ)ਰੂਪ ਸਤਿਗੁਰੂ। ਜੁਗੀਸਰੈਂ=ਜੋਗੀਆਂ ਦੇ ਈਸ਼ਰ। ਤੀਸਰੈਂ=ਤੀਜੇ ਸਤਿਗੁਰੂ (ਸ੍ਰੀ ਗੁਰੂ ਅਮਰਦਾਸ ਜੀ)। ਦੁਬੀਸ ਠੌਰ=ਬਾਈ (੨੨) ਜਗ੍ਹਾ। ਪੰਥ=(ਗਿਆਨ ਦਾ)ਰਸਤਾ। ਸੰਥ=ਸੰਥਾ, ਸਿੱਖਿਆ। ਭੂਰ ਹੀਂ=ਬਹੁਤੀ। ਖਾਸ=ਆਪਣੇ। ਆਸ ਪੋਖਬੇ ਹਿਤੈਂ=ਆਸਾਂ ਪੂਰੀਆਂ ਕਰਨ ਵਾਸਤੇ। ਸੁਧਾ ਤਲਾਵ=ਅੰਮ੍ਰਿਤ ਦਾ ਸਰੋਵਰ। ਥਾਪ=ਬਣਾ ਕੇ। ਤਾਪ=ਤਿੰਨ ਤਾਪ (ਅਧਿਆਤਮ, ਅਧੀਭੂਤ, ਅਧੀਦੈਵ)। ਚੂਰ ਹੀਂ=ਨਾਸ। ਬਿਲੋਇ=ਰਿੜਕ ਕੇ, ਵਿਚਾਰ ਕੇ। ਨਿਕਾਸ ਸਾਰ=ਤੱਤ ਕੱਢਿਆ ਸੀ। ਪੋਤ=ਜਹਾਜ਼ਰੂਪ। ਪਾਵਨੰ=ਪਵਿੱਤ੍ਰ।

ਅਰਥ

੧ ਜਿਨ੍ਹਾਂ (ਭਾਵ ਸ੍ਰੀ ਗੁਰੂ ਅੰਗਦ ਦੇਵ ਜੀ) ਨੇ ਗੁਰਮੁਖੀ ਅੱਖਰ ਬਣਾ ਕੇ (ਜੀਵਾਂ ਦੇ ਮੱਥੇ ਦੇ) ਖੋਟੇ ਲੇਖ ਮਿਟਾ ਦਿੱਤੇ ਅਤੇ ਅੱਖਾਂ ਦੇ ਸਾਹਮਣੇ (ਭਾਵ ਪ੍ਰਤੱਖ) ਹੀ ਕਰਤਾਰ ਦੇ ਦਰਸ਼ਨ ਕਰਵਾ ਦਿੱਤੇ।

੨ ਕਰਤਾਰਰੂਪ ਤੀਜੇ ਸਤਿਗੁਰੂ (ਸ੍ਰੀ ਗੁਰੂ ਅਮਰਦਾਸ ਜੀ) ਜੋ ਜੋਗੀਆਂ ਦੇ ਵੀ ਈਸ਼ਰ ਹਨ, ਬਾਈ ਜਗ੍ਹਾ (ਭਾਵ ਬਾਈ ਮੰਜੀਆਂ ਦੇ ਮੁਖੀਆਂ ਨੂੰ) ਸ਼ਕਤੀ ਦੇ ਕੇ ਸਿੱਖੀ ਦੇ ਸ਼ੁਭ ਮਾਰਗ ਦੀ ਬਹੁਤੀ ਸਿੱਖਿਆ ਦਿੱਤੀ।

੩ (ਚੌਥੇ ਸਤਿਗੁਰੂ) ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਦਾਸਾਂ ਦੀਆਂ ਆਸਾਂ ਪੂਰਨ ਕਰਨ ਲਈ ਅੰਮ੍ਰਿਤ ਸਰੋਵਰਰਚ ਕੇ (ਜੀਵਾਂ ਦੇ) ਪਾਪਾਂ ਤੇ ਤਿੰਨਾਂ ਤਾਪਾਂ ਨੂੰ ਨਾਸ ਕੀਤਾ।

੪ ਜਿਵੇਂ ਬਿਆਸ ਨੇ ਵਿਚਾਰ ਕੇ ਵੇਦਾਂ ਦਾ ਤੱਤ ਕੱਢਿਆ ਸੀ ਤਿਵੇਂ ਹੀ (ਸਾਰੇ ਜਗਤ ਦੇ ਧਰਮ ਗ੍ਰੰਥਾਂ ਦਾ ਤੱਤ ਕੱਢ ਕੇ) ਪੰਜਵੇਂ ਗੁਰਾਂ (ਭਾਵ ਸ੍ਰੀ ਗੁਰੂ ਅਰਜਨ ਦੇਵ ਜੀ) ਨੇ (ਸ੍ਰੀ ਗੁਰੂ) ਗ੍ਰੰਥ ਸਾਹਿਬਰੂਪ ਠੀਕ ਹੀ (ਜੀਵਾਂ ਨੂੰ ਸੰਸਾਰ ਸਮੁੰਦਰ ਤੋਂ ਤਾਰਨ ਲਈ) ਪਵਿੱਤ੍ਰ ਜਹਾਜ਼ ਤਿਆਰ ਕੀਤਾ।

ਭਾਵ

ਅੰਕ ਨੰ. ੮ ਵਿੱਚ ਦੂਜੇ, ਤੀਜੇ, ਚੌਥੇ ਤੇ 'ਪੰਜਵੇਂ ਸਤਿਗੁਰਾਂ' ਦਾ ਸਾਂਝਾ ਮੰਗਲ ਹੈ। ਇੱਕ ਇੱਕ ਤੁਕ ਵਿੱਚ ਇੱਕ ਇੱਕ ਗੁਰੂ ਸਾਹਿਬ ਜੀ ਦੀ ਇੱਕ ਇੱਕ ਬਖ਼ਸ਼ਿਸ਼ ਦਾ ਜ਼ਿਕਰ ਕੀਤਾ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਣਾਏ ਗੁਰਮੁਖੀ ਲਿੱਪੀ ਦੇ ਅੱਖਰਾਂ ਨੂੰ ਅੱਗੋਂ ਪ੍ਰਚਲਤ ਕੀਤਾ। ਉਨ੍ਹਾਂ ਅੱਖਰਾਂ ਵਿੱਚ ਗੁਰਬਾਣੀ ਤੇ ਸਿੱਖ ਇਤਿਹਾਸ ਲਿਖਵਾਇਆ। ਇਉਂ ਸਿੱਖ ਸਾਹਿਤ ਦੇ ਲਿਖਣ ਪੜ੍ਹਨ ਤੇ ਵਿਚਾਰਨ ਦੀ ਪ੍ਰਪਾਟੀ ਪਾਈ। ਇਨ੍ਹਾਂ ਹੀ ਅੱਖਰਾਂ ਨੂੰ ਘਰੋਗੀ ਤੇ

ਦੁਨਿਆਵੀ ਕਾਰੋਬਾਰ ਲਈ ਵਰਤਣ ਦੀ ਪ੍ਰੇਰਨਾ ਕੀਤੀ, ਜਿਸ ਕਰ ਕੇ ਪੰਜਾਬੀ ਕਲਚਰ ਵਧਿਆ ਫੁੱਲਿਆ ਤੇ ਸਿੱਖ ਧਰਮ ਦੇ ਪ੍ਰਚਾਰ ਵਿੱਚ ਹੱਦੋਂ ਵੱਧ ਵਾਧਾ ਹੋਇਆ। ਅੱਗੋਂ ਸਿੱਖੀ ਪ੍ਰਚਾਰ ਦੇ ਪ੍ਰਸਾਰ ਲਈ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਬਾਈ (੨੨) ਮੁਖੀ ਸਿੱਖਾਂ ਨੂੰ ਬਖ਼ਸ਼ਸ਼ਾਂ ਦੇ ਕੇ ਸਾਰੇ ਭਾਰਤ ਵਿੱਚ ਬਾਈ ਮੰਜੀਆਂ ਥਾਪੀਆਂ ਭਾਵ ਸਿੱਖੀ ਪ੍ਰਚਾਰ ਦੇ ਬਾਈ ਕੇਂਦਰ ਕਾਇਮ ਕੀਤੇ। ਐਉਂ ਗੁਰੂ ਕੀ ਸਿੱਖੀ ਭਾਰਤ ਦੇ ਕੋਨੇ ਕੋਨੇ ਤੱਕ ਪਹੁੰਚ ਗਈ। ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਨੇ ਸਿੱਖ ਧਰਮ ਦਾ ਇਕ ਮੁਖ ਕੇਂਦਰ ਸਥਾਪਿਤ ਕਰਨ ਲਈ ਪੁਰਾਣੇ ਪੰਜਾਬ ਦੀ ਸੁੰਦਰ ਧਰਤੀ ਦੇ ਐਨ ਵਿਚਕਾਰ ਸ੍ਰੀ ਅੰਮ੍ਰਿਤਸਰ ਸਰੋਵਰਰਚਿਆ ਤੇ ਇਸ ਦੇ ਕਿਨਾਰੇ 'ਤੇ ਅੰਮ੍ਰਿਤਸਰ ਨਾਮ ਦਾ 'ਅੰਮ੍ਰਿਤਸਰ ਸਿਫਤੀ ਦਾ ਘਰ' ਸ਼ਹਿਰ ਵਸਾਇਆ। ਇਹ ਜਗਤ ਵਿੱਚ ਆਪਣੀ ਹੀ ਕਿਸਮ ਦਾ ਸਰੋਵਰ ਤੇ ਸ਼ਹਿਰ ਹੈ। ਇਸੇ ਬਾਰੇ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਮਹਾਂ-ਵਾਕ ਹੈ ਕਿ-

"ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੇ ਤਾਂ ਤੂ ਸੋਹਿਆ ॥
ਵਸਦੀ ਸਘਨ ਅਪਾਰ ਅਨੂਪਰਾਮਦਾਸ ਪੁਰ ॥
ਹਰਿਹਾਂ ਨਾਨਕ ਕਸਮਲ ਜਾਹਿ ਨਾਇਐਰਾਮਦਾਸ ਸਰ ॥ "

ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਆਪਣੇ ਤੋਂ ਪਹਿਲੇ ਚੌਹਾਂ ਸਤਿਗੁਰਾਂ ਦੀ ਪਵਿੱਤ੍ਰ ਬਾਣੀ ਆਪਣੀ ਅਨੁਭਵੀ ਬਾਣੀ (ਜਿਸ ਵਿੱਚ ਜਗਤ ਦੇ ਸਾਰੇ ਧਰਮ ਗ੍ਰੰਥਾਂ ਦਾ ਤੱਤ ਆਪ ਹੀ ਆ ਗਿਆ ਹੈ) ਅਤੇ ਭਗਤਾਂ ਤੇ ਭੱਟਾਂ ਦੀ ਬਾਣੀ ਨੂੰ ਸੰਕਲਤ ਤੇ ਸੰਪਾਦਿਤ ਕਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਰਮ ਪਾਵਨ ਬੀੜ ਤਿਆਰ ਕੀਤੀ। ਐਉਂ ਸਿੱਖੀ ਦਾ ਧ੍ਰੁਵਾ ਕਾਇਮ ਕਰ ਦਿੱਤਾ। ਇਸ ਪਵਿੱਤ੍ਰ ਬਾਣੀ ਦੇ ਉਪਦੇਸ਼ਰੂਪ ਜਹਾਜ਼ 'ਤੇ ਚੜ੍ਹ ਕੇ ਜਗਤ ਦੇ ਅਨਗਿਣਤ ਜੀਵ ਸੰਸਾਰ ਸਮੁੰਦਰ ਤੋਂ ਪਾਰ ਹੋਣ ਲੱਗੇ। ਸਿੱਖੀ ਇਕ ਕੇਂਦਰ ਉਦਾਲੇ ਇਕੱਠੀ ਹੋਣ ਲਗੀ।

੫. ਛੇਵੇਂ, ਸੱਤਵੇਂ ਤੇ ਅੱਠਵੇਂ ਸਤਿਗੁਰਾਂ ਦਾ ਮੰਗਲ

ਗਹਜੋ ਖੜੱਗ ਹਾਥ ਨਾਥ ਪਾਥ ਹੀ ਅਲੱਗ ਲੀਨ, ਸਾਜ ਜੰਗ ਖਸ੍ਰਮੇਂ ਸਪੱਸ਼੍ਰ ਹੈ ਸੰਭਾਲਿਓ।
ਸਰੂਪ ਭੂਪ ਸੱਜ ਕੈ ਬਿਦੇਹਿ ਜਜੋਂ ਗਰੱਜ ਕੈ, ਨਰਾਂਚ ਸਾਚ ਤੱਜ ਕੈ ਮਲੇਛ ਭੇਛ ਗਾਲਿਓ।
ਗੁਰੂ ਉਦਾਰ ਆਤਮੈਂ ਸੁ ਸਾਤਮੈਂ, ਨਰਿੰਦ ਬ੍ਰਿੰਦ ਕੀਨ, ਜੀਵ ਪਾਰ ਹੈਂ ਭਵਾਂਬੁਧੈਂ ਦੁਖਾਲਿਓ।
ਅਨੂਪ ਰੂਪ ਆਠਮੇਂ ਮਨਿੰਦ ਇੰਦ ਬਾਲ ਬੰਦਨੀਯ ਬਿਸ੍ਰ, ਬੋਲ ਨਿਜ ਪਾਲ ਹੈ ਦਿਖਾਲਿਓ ॥ ੯ ॥

ਪਦਅਰਥ:

ਖੜੱਗ=ਤਲਵਾਰ। ਪਾਥ=ਰਸਤਾ। ਅਲੱਗ=ਵੱਖਰਾ। ਖਸ੍ਰਮੇਂ=ਛੇਵੇਂ ਸਤਿਗੁਰੂ (ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ।) ਸਪੱਸ਼੍ਰ=ਪ੍ਰਤੱਖ। ਸੰਭਾਲਿਓ=ਸੰਭਾਲਿਆ ਭਾਵ ਡਟਕੇ ਮੁਕਾਬਲਾ ਕੀਤਾ। ਸਰੂਪ ਭੂਪ=ਰਾਜਿਆਂ ਵਰਗਾ ਸਰੂਪ। ਸੱਜ ਕੈ=ਬਣਾਕੇ। ਬਿਦੇਹ=ਜਨਕ। ਜਜੋਂ=ਵਾਂਗ। ਗਰੱਜ ਕੈ=ਗੱਜਕੇ। ਨਰਾਂਚ=ਤੀਰ। ਸਾਚ=ਠੀਕ (ਨਿਸ਼ਾਨੇ ਉੱਪਰ)। ਤੱਜ ਕੈ=ਛੱਡ ਕੇ। ਭੇਛ=ਭੇਸ, ਮਜ਼ਹਬ, ਕੌਮ। ਉਦਾਰ ਆਤਮੈਂ=ਸ੍ਰੇਸ਼ਟ ਆਤਮਾ ਵਾਲੇ। ਸਾਤਮੈਂ=ਸੱਤਵੇਂ ਸਤਿਗੁਰੂ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ)। ਨਰਿੰਦ=ਰਾਜੇ। ਬ੍ਰਿੰਦ=ਬਹੁਤੇ। ਭਵਾਂਬੁਧੈਂ=ਸੰਸਾਰ ਸਮੁੰਦਰ ਤੋਂ। ਦੁਖਾਲਿਓ=ਦੁੱਖਰੂਪ। ਅਨੂਪਰੂਪ=ਉਪਮਾ ਤੋਂਰਹਿਤ ਸਰੂਪ। ਆਠਮੇਂ=ਅਠਵੇਂ ਸਤਿਗੁਰੂ (ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ)। ਮਨਿੰਦ=ਵਾਂਗ। ਇੰਦ=ਚੰਦ੍ਰਮਾ। ਬਾਲ=ਭਾਵ ਦੂਜ ਦੇ। ਬੰਦਨੀਯ=ਬੰਦਨਾ ਕਰਨ ਯੋਗ। ਬਿਸ੍ਰ=ਸੰਸਾਰ ਦੇ। ਬੋਲ ਨਿਜ=ਆਪਣੇ ਬਚਨ ਨੂੰ। ਪਾਲ=ਪਾਲ ਕੇ ਭਾਵ ਪੂਰਾ ਕਰਕੇ।

ਅਰਥ

੧ ਛੇਵੇਂ ਪਾਤਿਸ਼ਾਹ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਮਾਲਕ ਨੇ ਹਥ 'ਚ ਤਲਵਾਰ ਪਕੜ ਕੇ (ਮੀਰੀ ਪੀਰੀ ਦਾ) ਵੱਖਰਾ ਹੀਰਸਤਾ (ਧਾਰਨ ਕਰ) ਲਿਆ, ਜੰਗਰਚ ਕੇ ਚੰਗੀ ਤਰ੍ਹਾਂ ਡਟ ਕੇ (ਜ਼ਾਲਮਾਂ ਦਾ) ਮੁਕਾਬਲਾ ਕੀਤਾ।

੨ ਜਨਕ ਵਾਂਗ ਰਾਜਿਆਂ ਵਰਗਾ ਸਰੂਪ ਬਣਾ ਕੇ ਗੱਜ ਕੇ ਠੀਕ (ਨਿਸ਼ਾਨੇ 'ਤੇ) ਤੀਰ ਛੱਡ ਕੇ (ਜ਼ਾਲਮ) ਤੁਰਕਾਂ ਦੀ ਕੌਮ ਦਾ ਨਾਸ ਕੀਤਾ।

੩ ਸ੍ਰੇਸ਼ਟ ਆਤਮਾ ਵਾਲੇ ਸੱਤਵੇਂ ਪਾਤਿਸ਼ਾਹ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ) ਨੇ ਬਹੁਤੇ (ਕੰਗਾਲਾਂ ਨੂੰ)ਰਾਜੇ ਕੀਤਾ ਅਤੇ ਦੁਖਰੂਪ ਸੰਸਾਰ ਸਮੁੰਦਰ ਤੋਂ ਜੀਵਾਂ ਨੂੰ ਪਾਰ ਕੀਤਾ।

੪ ਉਪਮਾ ਤੋਂਰਹਿਤ ਸਰੂਪ ਵਾਲੇ ਜਗਤ ਦੇ ਬੰਦਨਾ ਕਰਨ ਯੋਗ ਅੱਠਵੇਂ ਪਾਤਸ਼ਾਹ (ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ) ਨੇ (ਔਰੰਗਜ਼ੇਬ ਨੂੰ ਦਰਸ਼ਨ ਨਾ ਦੇਣ ਦਾ) ਆਪਣਾ ਬਚਨ ਪੂਰਾ ਕਰ ਕੇ ਵਿਖਾਇਆ ਹੈ।

ਭਾਵ

ਅੰਕ ਨੰ. ੯ ਵਿੱਚ ਛੇਵੇਂ, ਸੱਤਵੇਂ ਤੇ ਅੱਠਵੇਂ ਸਤਿਗੁਰਾਂ ਦਾ ਸਾਂਝਾ ਮੰਗਲ ਕੀਤਾ ਹੈ। ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸ਼ਕਤੀ ਤੇ ਭਗਤੀ ਦਾ ਸੁਮੇਲ ਕਰ ਦਿੱਤਾ। ਸ਼ਹਿਨਸ਼ਾਹੀ ਲਿਬਾਸ ਪਹਿਨ ਕੇ ਸਿੱਖਾਂ ਨੂੰ ਸੰਤ ਸਿਪਾਹੀ ਬਣਾ ਦਿੱਤਾ। ਜ਼ਾਲਮ ਅਤੇ ਅਨਜਾਈ ਹਾਕਮਾਂ ਵਲੋਂ ਕੀਤੇ ਗਏ ਹਮਲਿਆਂ ਦਾ ਬੜੀ ਜੁਰਅਤ ਨਾਲ ਟਾਕਰਾ ਕੀਤਾ। ਬਹੁਤ ਵੱਡੇ ਜੰਗਾਂ ਵਿੱਚ ਉਨ੍ਹਾਂ ਨੂੰ ਬਹੁਤ ਵੱਡੀ ਹਾਰ ਦਿੱਤੀ। ਐਉਂ ਜ਼ਾਲਮ ਤੁਰਕਾਂ ਦਾ ਖ਼ਾਤਮਾ ਕਰ ਦਿੱਤਾ। ਸੱਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਨਾਭੇ ਤੇ ਪਟਿਆਲੇ ਦੇ ਵਡਕਿਆਂ ਨੂੰ ਵਰ ਦੇ ਕੇ ਕੰਗਾਲਾਂ ਤੋਂਰਾਜੇ ਬਣਾ ਦਿੱਤਾ। ਦੁਖਰੂਪ ਸੰਸਾਰ ਵਿੱਚ ਜੀਵਾਂ ਨੂੰ ਆਪਣੀ ਬਖ਼ਸ਼ਸ਼ਰਾਹੀਂ ਸਦੀਵੀ ਸੁਖ ਬਖ਼ਸ਼ਿਆ। ਅਠਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ਪੰਜ ਸਾਲ ਤੋਂ ਅੱਠ ਸਾਲ ਦੀ ਦਰਮਿਆਨੀ ਬਾਲ ਉਮਰ ਵਿੱਚ ਗੁਰਿਆਈ ਗੱਦੀ ਦੇ ਫ਼ਰਜ਼ਾਂ ਨੂੰ ਜਿਸ ਯੋਗਤਾ ਨਾਲ ਨਿਭਾਇਆ, ਉਸ ਦੀ ਮਿਸਾਲ ਸਾਰੇ ਜਗਤ ਦੇ ਇਤਿਹਾਸ ਵਿੱਚ ਦੀਵਾ ਲੈ ਕੇ ਢੂੰਡਿਆਂ ਵੀ ਕਿਧਰੇ ਨਹੀਂ ਮਿਲਦੀ। ਅੰਤ ਸਮੇਂ ਤੱਕ ਜ਼ਾਲਮ ਤੁਰਕ ਔਰੰਗਜ਼ੇਬ ਨੂੰ ਦਰਸ਼ਨ ਨਾ ਦੇਣ ਦਾ ਜੋ ਉਨ੍ਹਾਂ ਪ੍ਰਣ ਕੀਤਾ ਸੀ ਉਹ ਪੂਰਾ ਕਰ ਦਿਖਾਇਆ।

੬. ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਮੰਗਲ

ਤਿਲੱਕ ਤੱਗ ਜੱਗ ਹੋਮ ਜੱਗ ਤੇ ਅਲੱਗ ਹੋਤ, ਭੂਤ ਅੱਗ ਜਯੋਂ ਨ ਮੱਗ ਨੇਕ ਕੋਰਹਾਵਤੋ।
ਦਿਜੇਸ ਬੈਸ ਖੱਤਰੀ ਬਰੰਨ ਚਾਰ ਦੇਵ ਥਾਨ, ਬੇਦ ਹਿੰਦੁਵਾਨ ਕੋ ਨਿਸ਼ਾਨ ਹੂੰ ਨ ਪਾਵਤੋ।
ਕੁਰਾਨ ਤੈ ਨਿਵਾਜ ਬਾਂਗ ਸੁੰਨਤੈਂ ਮਸੀਤ, ਦੀਨ ਪੀਨ ਯੇ ਮੁਹੰਮਦੀ ਜ਼ਮੀਨ ਕੁੱਲ ਛਾਵਤੋ।
ਗੁਰੂ ਜਿ ਨੌਮ ਈਸ, ਸੀਸ ਆਪਨੋ ਨ ਦੇਤ ਹੇਤ ਹਿੰਦ, ਵੀਸ ਵਿੱਸਵੇ ਨ ਹਿੰਦੁ ਦੀਸ ਆਵਤੋ ॥੧੦॥

ਪਦਅਰਥ:

ਤੱਗ=ਜਨੇਊ। ਜੱਗ=ਯਗਯ। ਹੋਮ=ਹਵਨ। ਅਲੱਗ ਹੋਤ=ਖ਼ਤਮ ਹੋ ਜਾਂਦੇ। ਮੱਗ ਨੇਕ=ਚੰਗਾਰਸਤਾ। ਦਿਜੇਸ=ਬ੍ਰਹਮਣ। ਬੈਸ=ਵੈਸ਼। ਦੇਵ ਥਾਨ=ਦੇਵ ਮੰਦਰ। ਹਿੰਦੁਵਾਨ=ਹਿੰਦੂਆਂ ਦਾ। ਦੀਨ=ਮਜ਼ਹਬ। ਪੀਨ=ਤਕੜਾ, ਬਹੁਤਾ। ਮੁਹੰਮਦੀ=ਮੁਹੰਮਦ ਦਾ ਚਲਾਇਆ ਹੋਇਆ। ਛਾਵਤੋ=ਫੈਲ ਜਾਂਦਾ। ਗੁਰੂ ਨੌਮ=ਨੌਵੇਂ ਗੁਰੂ (ਸ੍ਰੀ ਗੁਰੂ ਤੇਗ਼ ਬਹਾਦਰ ਜੀ)। ਈਸ=ਈਸ਼ਰ ਸਰੂਪ। ਵਸਿ ਵਿੱਸਵੇ=ਨਿਸਚੇ ਨਾਲ ਜਾਣੋ। ਹਿੰਦੁ=ਹਿੰਦੂ।

ਅਰਥ

੧ ਤਿਲਕ, ਜਨੇਊ, ਯਗਯ ਤੇ ਹਵਨ ਸੰਸਾਰ ਤੋਂ (ਸਦਾ ਲਈ) ਖ਼ਤਮ ਹੋ ਜਾਂਦੇ, ਚੰਗਾਰਸਤਾ ਭੂਤਾਂ ਦੀ ਅੱਗ ਵਾਂਗ ਕੋਈ ਨਾਰਹਿੰਦਾ।

੨ ਬ੍ਰਹਮਣ, ਵੈਸ਼, ਛੱਤ੍ਰੀ (ਸ਼ੂਦਰ), ਚਾਰੇ ਵਰਨ, ਦੇਵ ਮੰਦਰ, ਵੇਦਾਂ ਤੇ ਹਿੰਦੂਆਂ ਦਾ ਨਿਸ਼ਾਨ ਭੀ ਨਾ (ਰਹਿਣਾ) ਪਾਉਂਦਾ।

੩ ਕੁਰਾਨ, ਨਿਮਾਜ਼ਾਂ, ਬਾਂਗਾਂ, ਸੁੰਨਤਾਂ, ਮਸੀਤਾਂ (ਆਦਿ) ਇਹ ਮੁਹੰਮਦ ਦਾ ਚਲਾਇਆ ਹੋਇਆ ਮਜ਼ਹਬ ਸਾਰੀ ਧਰਤੀ 'ਤੇ ਬਹੁਤਾ ਫੈਲ ਜਾਂਦਾ।

੪ ਜੇਕਰ ਈਸ਼ਰ ਸਰੂਪ ਨੌਵੇਂ ਗੁਰੂ (ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ) ਹਿੰਦੂ ਧਰਮ ਦੀਰੱਖਿਆ ਵਾਸਤੇ ਆਪਣਾ ਸੀਸ (ਬਲੀਦਾਨ) ਨਾ ਦੇਂਦੇ ਤਾਂ ਨਿਸਚੇ ਨਾਲ ਜਾਣੋ ਕਿ ਹਿੰਦੂ ਕਿਧਰੇ ਵੀ ਦਿੱਸਣ ਵਿੱਚ ਨਾ ਆਉਂਦਾ।

ਭਾਵ

ਅੰਕ ਨੰ. ੧੦ ਵਿੱਚ ਨੌਵੇਂ ਪਾਤਿਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦਾ ਮੰਗਲ ਕਰਦਿਆਂ ਕਵੀ ਜੀ ਨੇ ਦੋ ਮੁਖ ਨੁਕਤਿਆਂ ਵਲ ਸਾਡਾ ਧਿਆਨ ਦੁਆਇਆ ਹੈ। ਪਹਿਲਾ ਨੁਕਤਾ ਇਹ ਕਿ ਜੇ ਨੌਵੇਂ ਸਤਿਗੁਰੂ ਦਿੱਲੀ ਵਿੱਚ ਜਾ ਕੇ ਆਪਣੇ

ਪਵਿੱਤ੍ਰ ਸੀਸ ਦਾ ਬਲੀਦਾਨ ਨਾ ਦੇਂਦੇ ਤਾਂ ਹਿੰਦੂ ਧਰਮ ਦੇ ਚਿੰਨ੍ਹ ਜਗਤ ਤੋਂ ਸਦਾ ਲਈ ਅਲੋਪ ਹੋ ਜਾਂਦੇ, ਵਰਨਾਂ ਤੇ ਆਸ਼੍ਰਮਾਂ ਦੀ ਤਮੀਜ਼ ਮੁੱਕ ਜਾਂਦੀ। ਦੇਵ ਮੰਦਰਾਂ, ਵੇਦਾਂ ਤੇ ਹਿੰਦੂ ਧਰਮ ਦਾ ਸਦਾ ਲਈ ਭਾਰਤ ਵਿੱਚੋਂ ਨਾਮੋ ਨਿਸ਼ਾਨ ਮਿਟ ਜਾਂਦਾ। ਨੇਕੀ ਦੀ ਜਗਤ ਚੋਂ ਮੌਤ ਹੋ ਜਾਂਦੀ। ਦੂਜਾ ਨੁਕਤਾ ਇਹ ਕਿ ਭਾਰਤ ਦੇ ਹਰ ਕੋਨੇ ਵਿੱਚ ਇਸਲਾਮ ਧਰਮ ਦਾ ਬੋਲ ਬਾਲਾ ਹੋ ਜਾਂਦਾ। ਉਸੇ ਧਰਮ ਦੇ ਚਿੰਨ੍ਹ ਲੋਕ ਧਾਰਨ ਕਰਨ ਲੱਗ ਪੈਂਦੇ। ਗੁਰੂ ਜੀ ਦੀ ਸ਼ਹੀਦੀ ਸਿੱਖ ਧਰਮ ਦੀਰੱਖਿਆ ਲਈ ਨਹੀਂ ਸੀ, ਸਗੋਂ ਹਿੰਦੂ ਧਰਮ ਤੇ ਉਸ ਦੇ ਚਿੰਨ੍ਹਾਂ ਦੀਰਾਖੀ ਲਈ ਸੀ, ਜਿਵੇਂ ਕਿ ਦਸਮ ਗੁਰੂ ਜੀ ਨੇ ਫੁਰਮਾਇਆ ਹੈ ਕਿ-"ਤਿਲਕ ਜੰਞੂਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ ॥" ਇਸ ਲਈ ਚਾਹੀਦਾ ਤਾਂ ਇਹ ਸੀ ਕਿ ਹਿੰਦੂ ਕੌਮ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਕ੍ਰਿਤਗਜ ਹੁੰਦੀ, ਗੁਰੂ ਕੀ ਸਿੱਖੀ ਧਾਰਦੀ ਤੇ ਗੁਰੂ ਜੀ ਦੇ ਉਪਕਾਰ ਦਾ ਸਦਾ ਸਿਮਰਨ ਕਰਦੀ, ਪਰ ਅਫਸੋਸ ਕਿ ਉਸ ਹਿੰਦੂ ਬਹੁ-ਗਿਣਤੀ ਦੀ ਸਰਕਾਰ ਗੁਰੂ ਜੀ ਦੇ ਸ਼ਹੀਦੀ ਗੁਰਪੁਰਬ ਦੀ ਸਾਰੇ ਭਾਰਤ ਵਿੱਚ ਛੁੱਟੀ ਕਰਨ ਦੇ ਵਿਰੁੱਧ ਅੜੀ ਹੋਈ ਹੈ।

੭. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ

ਨਿਹਾਰ ਕੈ ਕਲੀ ਸੁ ਕਾਲ ਕੀ ਕਰਾਲ ਚਾਲ, ਬੋਲ ਆਪਨੋ ਸੰਭਾਲ ਈਸ ਬੇਦ ਮੈਂ ਜੁ ਲੇਖ ਹੈ।
ਜਦਾ ਜਦਾਹਿਂ ਹੋਤ ਹੈ, ਗਿਲਾਨਿ ਹਾਨਿ ਬੈਦਕੈ ਧਰੰਮ ਕੀ, ਤਦਾਹਿਂ ਮੈਂ ਧਰੋਂ ਸਰੂਪ ਪੇਖ ਹੈ।
ਨਹੀਂ ਤੁ ਕਾਂਹਿ ਖਾਸ ਕੋ ਪਠਾਇ ਹੌਂ ਸ਼ਕੱਤ ਦੈ, ਧਰੰਮ ਬੀਜ ਬੋਇ ਹੌਂ ਅਧ੍ਰੰਮ ਖੋਇ ਸੇਖ ਹੈ।
ਇਹੀ ਵਿਚਾਰ ਕੈ, ਪਠਜੋ ਗੁਰੂ ਗੁਬਿੰਦ ਸਿੰਘ ਕੋ, ਖਿਤਾਬ ਦੈ ਸਪੂਤ, ਪ੍ਰੱਭ ਆਪਨੋ ਸੁ ਭੇਖ ਹੈ ॥੧੧॥

ਪਦਅਰਥ:

ਕਲੀ=ਕਲਜੁਗ ਦੇ। ਕਾਲ=ਸਮੇਂ ਦੀ। ਕਰਾਲ=ਭਿਆਨਕ। ਸੰਭਾਲ=ਯਾਦ ਕਰਕੇ। ਲੇਖ ਹੈ=ਲਿਖਿਆ ਹੋਇਆ ਹੈ। ਜਦਾ ਜਦਾਹਿਂ=ਜਦੋਂ ਜਦੋਂ ਵੀ। ਗਿਲਾਨਿ=ਨਫ਼ਰਤ। ਹਾਨਿ=ਨਿਰਾਦਰੀ। ਬੈਦਕੈ ਧਰੰਮ ਕੀ=ਵੇਦਕ (ਆਸਤਕ) ਧਰਮ ਦੀ। ਤਦਾਹਿਂ=ਤਦੋਂ (ਤਦੋਂ)। ਕਾਂਹਿ=ਕਿਸੇ। ਖਾਸ ਕੋ=ਆਪਣੇ ਖਾਸ ਨਿਕਟਵਰਤੀ ਨੂੰ। ਪਠਾਇ ਹੌਂ=ਭੇਜਦਾ ਹਾਂ। ਅਧ੍ਰੰਮ=ਪਾਪਾਂ ਨੂੰ। ਖੋਇ=ਨਾਸ ਕਰਦਾ ਹਾਂ। ਸੇਖ=ਬਾਕੀ। ਖਿਤਾਬ=ਪਦਵੀ। ਭੇਖ ਹੈ=ਸਰੂਪ ਬਣਾ ਕੇ।

ਅਰਥ

੧ ਅਕਾਲ ਪੁਰਖ ਨੇ ਕਲਜੁਗ ਦੇ ਸਮੇਂ ਦੀ ਭਿਆਨਕ ਚਾਲ ਦੇਖ ਕੇ ਆਪਣਾ ਵੇਦਾਂ ਵਿੱਚ ਜੋ ਲਿਖਿਆ ਹੋਇਆ ਬਚਨ ਹੈ (ਉਸ ਨੂੰ) ਯਾਦ ਕਰਕੇ।

੨ ਕਿ ਜਦੋਂ ਜਦੋਂ ਵੀ (ਜਗਤ ਵਿਚ) ਵੇਦਕ (ਆਸਤਕ) ਧਰਮ ਵਲੋਂ ਨਫ਼ਰਤ ਤੇ ਉਸਦੀ ਨਿਰਾਦਰੀ ਹੁੰਦੀ ਹੈ, ਤਦੋਂ ਤਦੋਂ ਮੈਂ (ਸਮੇਂ ਦੀ ਹਾਲਤ) ਦੇਖ ਕੇ ਆਪਣਾ ਸਰੂਪ ਧਾਰਦਾ ਹਾਂ।

੩ ਨਹੀਂ ਤਾਂ ਕਿਸੇ ਖਾਸ (ਨਿਕਟਵਰਤੀ) ਨੂੰ ਸ਼ਕਤੀ ਦੇ ਕੇ ਭੇਜਦਾ ਹਾਂ, (ਉਸਰਾਹੀਂ) ਧਰਮ ਦਾ ਬੀਜ ਬੀਜਦਾ ਹਾਂ ਤੇ ਬਾਕੀ ਪਾਪਾਂ ਨੂੰ ਨਾਸ ਕਰਦਾ ਹਾਂ।

੪ ਇਹੋ ਹੀ ਵਿਚਾਰ ਕੇ ਦਸਵੇਂ ਗੁਰੂ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੂੰ ਸੁਪੁੱਤਰ ਦੀ ਪਦਵੀ ਦੇ ਕੇ ਆਪਣਾ ਹੀ ਸਰੂਪ (ਬਣਾ ਕੇ) ਪ੍ਰਭੂ ਨੇ ਭੇਜਿਆ ਹੈ।

ਅਕਾਲ ਦੀਨ ਦਜਾਲ ਤੇਜ ਓਜ ਦੈ ਬਿਸਾਲ ਗੁਰੈਂ,
ਭੇਜਿਓ ਜਗੱਤ ਮੈਂ ਭਗੱਤਿ ਸ੍ਵੈ ਦਿਢਾਵਨੋ।
ਉਦੈ ਦਿਨਿੰਦ ਜਯੋਂ ਭਏ ਗੁਰੂ ਗੁਬਿੰਦ ਸਿੰਘ ਜੂ,
ਨਿਸਾ ਅਵਿੱਦਿਆ ਨਸੀ ਪ੍ਰਕਾਸ਼ ਗਯਾਨ ਛਾਵਨੋ।
ਨਿਸਾਚਰੀ ਸਮੋਹ ਸੈਨ ਐਨ ਆਸੁਰੀ ਖਿਸੀ,
ਲਟੇ ਨਖੱਤ ਮੱਤ ਜੇ ਅਵੈਦਕੈ ਅਪਾਵਨੋ।
ਤ੍ਰੁਕਿੰਦ ਤੇਜ ਇੰਦੁ ਕੇ ਮਨਿੰਦ ਮੰਦ ਥਾ ਭਯੋ,

ਬੁਲਿੰਦ ਬੇਦ ਹਿੰਦੁ ਧ੍ਰੰਮ ਭਾ ਅਨਿੰਦ ਪਾਵਨੋ ॥੧੨॥

ਪਦਅਰਥ:

ਓਜ=ਬਲ। ਬਿਸਾਲ=ਬਹੁਤਾ। ਸ੍ਵੈ=ਆਪਣੀ। ਉਦੈ=ਪ੍ਰਗਟ ਹੋਏ। ਦਿਨਿੰਦ=ਸੂਰਜ। ਜਯੋਂ=ਵਾਂਗ। ਨਿਸਾ=ਰਾਤ। ਛਾਵਨੋ=ਫੈਲ ਗਿਆ। ਨਿਸਾਚਰੀ=ਰਾਤ ਨੂੰ ਫਿਰਨ ਵਾਲੀ। ਸਮੋਹ=ਮੋਹ ਸਣੇ। ਸੈਨ=ਫ਼ੌਜ। ਐਨ=ਚੰਗੀ ਤਰ੍ਹਾਂ। ਆਸੁਰੀ=ਰਾਖਸ਼ੀ, ਕਾਮ ਆਦਿ ਵਿਕਾਰਾਂ ਦਾ ਇਕੱਠ। ਖਿਸੀ=ਖਿਸਕ ਗਈ ਭਾਵ ਦੂਰ ਹੋ ਗਈ। ਲਟੇ=ਛਪ ਗਏ। ਨਖੱਤ=ਤਾਰੇ। ਮੱਤ ਜੇ ਅਵੈਦਕੈ=ਜਿਹੜੇ ਵੇਦ ਵਿਰੁਧ ਮੱਤ ਸਨ। ਅਪਾਵਨੋ=ਅਪਵਿੱਤ੍ਰ। ਤੁਰਿੰਦ=ਤੁਰਕਾਂ ਦਾ ਬਾਦਸ਼ਾਹ, ਔਰੰਗਜ਼ੇਬ। ਇੰਦੁ=ਚੰਦ੍ਰਮਾ। ਮਨਿੰਦ=ਵਾਂਗ। ਮੰਦ=ਫਿੱਕਾ। ਬੁਲਿੰਦ=ਉੱਚਾ। ਅਨਿੰਦ=ਉਸਤਤਿ ਯੋਗ। ਪਾਵਨੋ=ਪਵਿੱਤ੍ਰ।

ਅਰਥ

੧ ਦੀਨ ਦਇਆਲ ਅਕਾਲ ਪੁਰਖ ਨੇ ਆਪਣੀ ਭਗਤੀ ਦ੍ਰਿੜ੍ਹ ਕਰਾਉਣ ਲਈ (ਦਸਵੇਂ) ਗੁਰਾਂ ਨੂੰ ਤੇਜ ਤੇ ਬਹੁਤਾ ਬਲ ਦੇ ਕੇ ਜਗਤ ਵਿੱਚ ਭੇਜਿਆ।

੨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸੂਰਜ ਵਾਂਗ ਪ੍ਰਗਟ ਹੋਏ, ਜਿਨ੍ਹਾਂ ਦੇ ਗਿਆਨਰੂਪ ਪ੍ਰਕਾਸ਼ ਦੇ ਫੈਲਣ ਨਾਲ ਅਵਿੱਦਿਆ ਦੀਰਾਤ ਨਾਸ ਹੋ ਗਈ।

੩ ਮੋਹ ਦੇ ਸਣੇਰਾਤ ਨੂੰ ਫਿਰਨ ਵਾਲੀ ਵਿਕਾਰਾਂ ਦੀਰਾਖਸ਼ੀ ਫ਼ੌਜ ਚੰਗੀ ਤਰ੍ਹਾਂ ਦੂਰ ਹੋ ਗਈ ਅਤੇ ਵੇਦ (ਆਸਤਕਤਾ) ਵਿਰੋਧੀ ਜੋ ਅਪਵਿੱਤ੍ਰ ਮੱਤਾਂਰੂਪ ਤਾਰੇ (ਸਨ ਉਹ ਸਾਰੇ) ਛਪ ਗਏ।

੪ ਔਰੰਗਜ਼ੇਬ ਦਾ ਤੇਜ ਚੰਦ ਵਾਂਗ ਫਿੱਕਾ ਪੈ ਗਿਆ। ਵੇਦਕ (ਆਸਤਕ) ਹਿੰਦੂ ਧਰਮ ਉਸਤਤ ਯੋਗ, ਪਵਿੱਤ੍ਰ ਤੇ ਉੱਚਾ ਹੋ ਗਿਆ।

ਦੁਖੀ ਬਿਲੋਕ ਲੋਕ ਤ੍ਰੈ ਬਿਸੋਕ ਕਾਰਨੈ ਹਿਤੈ, ਉਧਾਰਨੈ ਭਵਾਂਬੁਧੈ ਅਨੰਤ ਜੀਵ ਜਾਲਸਾ।
ਜਗੱਤ ਮਾਤ ਈਸ਼੍ਵਰੀ ਸ਼ਕੱਤ ਆਦਿ ਕੇ ਤਈਂ, ਭਗੱਤਿ ਭਾਵ ਅੱਤਿ ਕੈ ਬਿਦੱਤ ਕੀਨ ਖਜਾਲਸਾ।
ਕ੍ਰਿਪਾਨ ਬਾਨ ਪਾਨ ਲੈ ਪ੍ਰਹਾਨ ਕੈ ਕੁਸੱਤਰੈਂ, ਬਖ਼ਜਾਨ ਬ੍ਰੱਹਮ ਗਜਾਨ ਦੈ ਮਹਾਨ ਕੈ ਉਜਾਲਸਾ।
ਗੁਰੂ ਗੁਬਿੰਦ ਸਿੰਘ ਕੇ ਪਦਾਰਬਿੰਦ ਪੈ ਨਮੋ, ਬਰੰਨ ਚਾਰ ਮੇਲਿ ਪੰਥ ਸਾਰ ਕੀਨ ਖਾਲਸਾ ॥੧॥

ਪਦਅਰਥ:

ਬਿਲੋਕ=ਦੇਖ ਕੇ। ਲੋਕ ਤ੍ਰੈ=ਤਿੰਨਾਂ ਲੋਕਾਂ ਨੂੰ। ਬਿਸੋਕ=ਅਨੰਦਤ। ਕਾਰਨੈ ਹਿਤੈ=ਕਾਰਨ ਵਾਸਤੇ। ਭਵਾਂਬੁਧੈ=ਸੰਸਾਰ ਸਮੁੰਦਰ ਤੋਂ। ਅਨੰਤ=ਅਣਗਿਣਤ। ਜਾਲਸਾ=ਮੋਹ ਦੇ ਜਾਲ 'ਚ ਫਸੇ ਹੋਏ। ਈਸ਼੍ਵਰੀ ਸ਼ਕੱਤ ਆਦਿ=ਅਕਾਲ ਪੁਰਖ ਦੀ ਆਦਿ ਸ਼ਕਤੀ। ਅੱਤਿ ਕੈ=ਬਹੁਤਾ ਕਰਕੇ। ਬਿਦੱਤ=ਪ੍ਰਗਟ। ਖਜਾਲਸਾ=ਧਿਆਨ ਜੋੜ ਕੇ। ਬਾਨ=ਤੀਰ। ਪਾਨ=ਹੱਥ। ਪ੍ਰਹਰਨ ਕੈ=ਨਾਸ ਕਰਕੇ। ਕੁੱਸਤਰੈਂ=ਖੋਟੇ ਵੈਰੀਆਂ ਨੂੰ। ਉਜਾਲਸਾ=ਚਾਨਣ ਕੀਤਾ। ਪਦਾਰਬਿੰਦ=ਚਰਨ ਕੰਵਲ। ਸਾਰ=ਸ੍ਰੇਸ਼ਟ।

ਅਰਥ

੧ (ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ) ਤਿੰਨਾਂ ਲੋਕਾਂ ਨੂੰ ਦੁਖੀ ਦੇਖ ਕੇ (ਉਨ੍ਹਾਂ ਨੂੰ) ਅਨੰਦਤ ਕਰਨ ਵਾਸਤੇ ਤੇ ਮੋਹ 'ਚ ਫਸੇ ਹੋਏ ਅਣਗਿਣਤ ਜੀਵਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰਨ ਲਈ।

੨ ਜਗਤ ਦੀ ਮਾਤਾ ਅਕਾਲ ਪੁਰਖ ਦੀ ਆਦਿ ਸ਼ਕਤੀ ਨੂੰ ਬਹੁਤੀ ਪ੍ਰੇਮਾ ਭਗਤੀ ਕਰ ਕੇ ਧਿਆਨ ਦੁਆਰਾ ਪ੍ਰਗਟ ਕੀਤਾ।

੩ ਅਤੇ ਹੱਥ ਵਿੱਚ ਤਲਵਾਰ ਤੇ ਤੀਰ ਲੈ ਕੇ ਖੋਟੇ ਵੈਰੀਆਂ ਦਾ ਨਾਸ ਕੀਤਾ, ਬ੍ਰਹਮ ਗਿਆਨ ਦਾ ਉਪਦੇਸ਼ ਦੇ ਕੇ ਗਿਆਨ ਦਾ ਵੱਡਾ ਚਾਨਣ ਕੀਤਾ।

੪ ਐਸੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਕੰਵਲਾਂ ਉੱਤੇ ਨਮਸ਼ਕਾਰ ਕਰਦਾ ਹਾਂ, ਜਿਨ੍ਹਾਂ ਨੇ ਚਹੁੰ ਵਰਨਾਂ ਨੂੰ ਇਕੱਠਿਆਂ ਕਰ ਕੇ ਸ੍ਰੇਸ਼ਟ ਖਾਲਸਾ ਪੰਥ ਸਾਜਿਆ।

ਮੜ੍ਹੀ ਮਸਾਨ ਗੋਰ ਦੇਵ ਥਾਨ ਮੂਰਤੀ ਪਖਾਨ, ਪੂਜਯੋ ਜੜ੍ਹਾਨ ਕੋ ਛੁਡਾਨ ਜਾਨ ਜਾਲਸਾ।
ਕੁਮੰਤ੍ਰ ਤੰਤ੍ਰ ਜੰਤ੍ਰ ਜੋ ਬਿਰੁੱਧ ਬੇਦ ਭੇਦ ਭ੍ਰੱਮ, ਖੇਦ ਦਾਇ ਛੇਦ ਕੈ ਅਭੇਦ ਗਜਾਨ ਪਾਲਸਾ।

ਪਖੰਡ ਭੇਖ ਖੰਡ ਕੈ ਅਦੰਡ ਚੰਡ ਦੰਡ ਕੈ, ਪ੍ਰਚੰਡ ਪੰਥ ਮੰਡ ਕੈ ਬ੍ਰਹਮੰਡ ਕੈ ਉਜਾਲਸਾ।
ਗੁਰੂ ਗੁਬਿੰਦ ਸਿੰਘ ਕੇ ਪਦਾਰਬਿੰਦ ਪੈ ਨਮੋ, ਬਰੰਨ ਚਾਰ ਮੇਲਿ ਜਾਂਹਿ ਕੀਨ ਪੰਥ ਖਾਲਸਾ ॥੨॥

ਪਦਅਰਥ:

ਮੜ੍ਹੀ=ਮੁਰਦੇ ਦੇ ਸਸਕਾਰ ਦੀ ਥਾਂ ਤੇ ਬਣਾਈ ਹੋਈ ਇਮਾਰਤ। ਮਸਾਨ=ਮੁਰਦੇ ਦੇ ਸਸਕਾਰ ਦੀ ਥਾਂ। ਗੋਰ=ਕਬਰ। ਦੇਵ ਥਾਨ=ਦੇਵ ਮੰਦਰ। ਮੂਰਤੀ ਪਖਾਨ=ਪੱਥਰ ਦੀਆਂ ਮੂਰਤਾਂ। ਜੜ੍ਹਾਨ=(ਦਰੱਖ਼ਤ, ਪੱਥਰ ਆਦਿ) ਜੜ੍ਹ ਪਦਾਰਥਾਂ ਨੂੰ। ਛੁਡਾਨ=ਛੁਡਾਇਆ। ਜਾਲਸਾ=ਫਾਹੀ। ਕੁ=ਖੋਟੇ (ਮੰਤ੍ਰ ਜੰਤ੍ਰ ਤੇ ਤੰਤ੍ਰ ਨਾਲ ਖੋਟੇ ਸ਼ਬਦ ਜੋੜ ਲਉ।) ਖੇਦ ਦਾਇ=ਦੁੱਖ ਦੇਣ ਵਾਲੇ। ਅਭੇਦ=ਏਕਤਾ ਦਾ। ਪਾਲਸਾ=ਪਾਲਣਾ ਕੀਤੀ। ਪਖੰਡਿ ਭੇਖ=ਪਖੰਡੀ ਭੇਖਾਂ ਦਾ। ਖੰਡ ਕੈ=ਖੰਡਨ ਕਰਕੇ। ਅਦੰਡ=ਜਿਸ ਨੂੰ ਦੰਡ ਨਾ ਦਿੱਤਾ ਜਾ ਸਕੇ। ਚੰਡ=ਤਿੱਖਾ। ਦੰਡ ਕੈ=ਸਜ਼ਾ ਦਿੱਤੀ। ਪ੍ਰਚੰਡ=ਬਹੁਤ ਤਿੱਖਾ। ਮੰਡ ਕੈ=ਰਚ ਕੇ, ਸਾਜ ਕੇ। ਉਜਾਲਸਾ=ਪ੍ਰਕਾਸ਼ ਕੀਤਾ।

ਅਰਥ

੧ (ਜਿਸ ਕਲਗੀਧਰ ਜੀ ਨੇ) ਮੜ੍ਹੀਆਂ, ਮਸਾਣਾਂ, ਕਬਰਾਂ, ਦੇਵ ਮੰਦਰਾਂ, ਪੱਥਰ ਦੀਆਂ ਮੂਰਤਾਂ ਤੇ ਜੜ੍ਹ ਪਦਾਰਥਾਂ (ਦੀ ਪੂਜਾ) ਨੂੰ ਫਾਹੀ ਜਾਣਕੇ (ਉਨ੍ਹਾਂ ਦਾ) ਪੂਜਨ ਛੁਡਾਇਆ।

੨ ਖੋਟੇ ਮੰਤ੍ਰ ਖੋਟੇ ਤੰਤ੍ਰ ਤੇ ਖੋਟੇ ਜੰਤ੍ਰ ਜੋ ਵੇਦ ਦੇ ਵਿਰੁੱਧ ਤੇ ਦੁੱਖ ਦੇਣ ਵਾਲੇ ਸਨ, ਨੂੰ ਅਤੇ ਭੇਦ ਤੇ ਭ੍ਰਮ ਨੂੰ ਕੱਟ ਕੇ ਏਕਤਾ ਦੇ ਗਿਆਨ ਨੂੰ ਪਾਲਿਆ।

੩ ਪਖੰਡੀ ਭੇਖਾਂ ਦਾ ਖੰਡਨ ਕੀਤਾ। ਜਿਨ੍ਹਾਂ ਨੂੰ ਕੋਈ ਦੰਡ ਨਹੀਂ ਸੀ ਦੇ ਸਕਦਾ (ਉਨ੍ਹਾਂ ਨੂੰ) ਤਿੱਖਾ ਦੰਡ ਦੇ ਕੇ, ਬਹੁਤ ਤਿੱਖਾ ਖਾਲਸਾ ਪੰਥਰਚ ਕੇ ਬ੍ਰਹਮੰਡ ਵਿੱਚ (ਧਰਮ ਦਾ) ਚਾਨਣ ਕੀਤਾ।

੪ ਦੇਖੋ ਅੰਕ ਨੰ. ੧੩ ਦੀ ਚੌਥੀ ਤੁਕ ਦਾ ਅਰਥ।

ਅਤੀਵ ਧੀਰ ਬੀਰ ਤੇਜਵਾਨ ਜ੍ਵਾਨਰੂਪਰਾਸਿ, ਖਾਨਿ ਰਾਜਨੀਤਿ ਜੋ ਪ੍ਰਤੀਤ ਪ੍ਰੀਤ ਪਾਲਸਾ।
ਅਨੂਪ ਰੂਪ ਆਰਯੰ ਕਮਾਨ ਬਾਨ ਧਾਰਯੰ, ਅਪਾਰ ਸੱਤ੍ਰ ਟਾਰਯੰ ਉਦਾਰਯੰ ਕਮਾਲਸਾ।
ਪ੍ਰਕਾਸ਼ ਪੁੰਜ ਭ੍ਰਾਜ ਹੈਂ ਸਭਾ ਸੁਰਿੰਦ ਲਾਜ ਹੈ, ਨਰਿੰਦ ਸੇ ਬਿਰਾਜ ਹੈਂ ਤੁਰਿੰਦ ਤੇਜ ਗਾਲਸਾ।
ਗੁਰੂ ਗੁਬਿੰਦ ਸਿੰਘ ਕੇ ਪਦਾਰਬਿੰਦ ਪੈ ਨਮੋ, ਬਰੰਨ ਚਾਰ ਮੇਲ ਜਾਂਹਿ ਕੀਨ ਪੰਥ ਖਾਲਸਾ ॥੩॥

ਪਦਅਰਥ:

ਅਤੀਵ=ਬਹੁਤੇ। ਰੂਪਰਾਸਿ=ਰੂਪ ਦੀ ਹੱਦ ਭਾਵ ਬਹੁਤ ਸੁੰਦਰ। ਖਾਨਿ=ਖਾਣੀ। ਪ੍ਰਤੀਤ=ਭਰੋਸੇ। ਪਾਲਸਾ=ਪਾਲਣਾ ਕਰਨ ਵਾਲੇ। ਆਰਯੰ=ਸ੍ਰੇਸ਼ਟ। ਅਪਾਰ ਸੱਤ੍ਰ=ਬਹੁਤੇ ਵੈਰੀਆਂ ਨੂੰ। ਉਦਾਰਯੰ=ਦਾਤੇ। ਕਮਾਲਸਾ=ਬਹੁਤੇ ਵੱਡੇ। ਪ੍ਰਕਾਸ਼ ਪੁੰਜ=ਬਹੁਤੇ ਪ੍ਰਕਾਸ਼ ਸਹਿਤ। ਭ੍ਰਾਜ ਹੈਂ=ਸਜਰਹੇ ਹਨ। ਸੁਰਿੰਦ=ਇੰਦ੍ਰ ਦੀ। ਲਾਜ ਹੈ=ਸ਼ਰਮਿੰਦਾ ਹੋਰਹੀ ਹੈ। ਨਰਿੰਦ ਸੇ=ਰਾਜਿਆਂ ਵਾਂਗ। ਤੁਰਿੰਦ=ਤੁਰਕਾਂ ਦਾ ਬਾਦਸ਼ਾਹ, ਔਰੰਗਜ਼ੇਬ। ਗਾਲਸਾ=ਗਾਲਣ ਵਾਲੇ, ਨਸ਼ਟ ਕਰਨ ਵਾਲੇ।

ਅਰਥ

੧ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਬਹੁਤੇ ਧੀਰਜ ਤੇ ਤੇਜ ਵਾਲੇ ਸੂਰਮੇਂ, ਬਹੁਤ ਸੁੰਦਰ ਜਵਾਨ, ਜੋਰਾਜਨੀਤੀ ਦੀ ਖਾਣਿ, ਭਰੋਸੇ ਤੇ ਪ੍ਰੀਤੀ ਦੀ ਪਾਲਣਾ ਕਰਨ ਵਾਲੇ ਹਨ।

੨ ਜਿਨ੍ਹਾਂ ਦਾ ਉਪਮਾ ਤੋਂਰਹਿਤ ਸੁੰਦਰ ਸਰੂਪ ਹੈ (ਅਤੇ ਜਿਨ੍ਹਾਂ ਨੇ) ਕਮਾਨ ਤੇ ਤੀਰ ਪਕੜ ਕੇ ਬਹੁਤੇ (ਜ਼ਾਲਮ) ਵੈਰੀ ਨਾਸ ਕੀਤੇ, (ਉਹ ਸਤਿਗੁਰੂ) ਬਹੁਤ ਵੱਡੇ ਦਾਤੇ ਹਨ।

੩ (ਉਹ) ਬਹੁਤੇ ਪ੍ਰਕਾਸ਼ ਸਹਿਤ ਸਜਰਹੇ ਹਨ (ਜਿਨ੍ਹਾਂ ਦੀ ਸਭਾ ਨੂੰ ਦੇਖ ਕੇ) ਇੰਦ੍ਰ ਦੀ ਸਭਾ ਵੀ ਸ਼ਰਮਿੰਦਾ ਹੋਰਹੀ ਹੈ, ਰਾਜਿਆਂ ਵਾਂਗ ਬਿਰਾਜਰਹੇ ਹਨ, ਔਰੰਗਜ਼ੇਬ ਦੇ ਤੇਜ ਨੂੰ ਨਸ਼ਟ ਕਰਨ ਵਾਲੇ ਹਨ।

੪ ਦੇਖੋ ਅੰਕ ਨੰ. ੧੩ ਦੀ ਚੌਥੀ ਤੁਕ ਦਾ ਅਰਥ।

ਪ੍ਰਭਾ ਪ੍ਰਤਾਪ ਉੱਜਲੰ ਦਿਪੰਤ ਤੇਜ ਬਿੱਜਲੰ, ਘਟਾ ਘੁਮੰਡ ਸੱਜਲੰ ਚਮੂੰ ਬਿਸਾਲ ਚਾਲਸਾ।
ਕ੍ਰਿਪਾਣ ਹੀ ਪਸਿੰਦ ਕੀ ਨਰਿੰਦ ਕੀ ਮ੍ਰਯਾਦ ਯਾਦ, ਜੰਗ ਤੈ ਗੁਬਿੰਦ ਦੋਇ ਰਾਖ ਹੈਂ ਸੰਭਾਲਸਾ।

ਹਠੀ ਸਤੀ ਤਪੀ ਜਪੀ ਜਤੀ ਮਤੀ ਉਚ ਸੁਚ, ਰਤੀ ਪਤੀ ਕੋ ਬ੍ਰਿਤੀ ਅਤੀ ਮਾਨ ਮਾਲਸਾ।
ਗੁਰੂ ਗੁਬਿੰਦ ਸਿੰਘ ਕੇ ਪਦਾਰਬਿੰਦ ਪੈ ਨਮੋ, ਬਰੰਨ ਚਾਰ ਮੇਲਿ ਜਾਂਹਿ ਕੀਨ ਪੰਥ ਖਾਲਸਾ ॥੪॥

ਪਦਅਰਥ:

ਪ੍ਰਭਾ=ਸੋਭਾ। ਦਿਪੰਤ=ਚਮਕ ਰਿਹਾ ਹੈ। ਬਿੱਜਲੰ=ਬਿਜਲੀ ਵਾਂਗ। ਘਟਾ ਘੁਮੰਡ=ਉਛਲ ਕੇ ਆਈ ਘਟਾ ਵਾਂਗ। ਸੱਜਲੰ=ਜਲ ਸਮੇਤ। ਚਮੂੰ=ਫ਼ੌਜ। ਬਿਸਾਲ=ਬਹੁਤੀ। ਚਾਲਸਾ=ਚਲਦੀ ਹੈ। ਨਰਿੰਦ ਕੀ ਮ੍ਰਯਾਦ=ਰਾਜਿਆਂ ਦੀਰੀਤੀ। ਤੈ=ਅਤੇ। ਗੁਬਿੰਦ=ਅਕਾਲ ਪੁਰਖ। ਸੰਭਾਲਸਾ=ਯਾਦ। ਮਤੀ ਉਚ=ਉੱਚੀ ਮੱਤ ਵਾਲੇ। ਸੁਚ=ਪਵਿੱਤ੍ਰ। ਰਤੀ ਪਤੀ=ਕਾਮ ਦੇਵ। ਬ੍ਰਿਤੀ=ਉਪ੍ਰਾਮ। ਅਤੀ=ਬਹੁਤੇ। ਮਾਨ ਮਾਲਸਾ=ਹੰਕਾਰ ਨੂੰ ਮਲ ਦੇਣ ਵਾਲੇ।

ਅਰਥ

੧ ਜਿਨ੍ਹਾਂ ਦੀ ਸੋਭਾ, ਪ੍ਰਤਾਪ ਤੇ ਤੇਜ ਬਿਜਲੀ ਵਾਂਗ ਉੱਜਲਾ ਚਮਕ ਰਿਹਾ ਹੈ ਅਤੇ ਜਲ ਸਹਿਤ ਉਛਲ ਕੇ ਆਈ ਬੱਦਲ ਦੀ ਘਟਾ ਵਾਂਗ (ਜਿਨ੍ਹਾਂ ਦੀ) ਸਾਰੀ ਫ਼ੌਜ ਚਲਦੀ ਹੈ।

੨ ਰਾਜਿਆਂ ਦੀਰੀਤੀ ਨੂੰ ਯਾਦਰੱਖ ਕੇ ਗੁਰਾਂ ਨੇ ਤਲਵਾਰ ਨੂੰ ਹੀ ਪਸੰਦ ਕੀਤਾ ਹੈ, ਜੰਗ ਤੇ ਅਕਾਲ ਪੁਰਖ ਦੋਹਾਂ ਨੂੰ ਸਦਾ ਯਾਦਰੱਖਦੇ ਹਨ।

੩ (ਆਪ) ਹਠੀ, ਸਤੀ, ਤਪੀ, ਜਤੀ, ਉੱਚੀ ਮੱਤ ਵਾਲੇ ਤੇ ਪਵਿੱਤ੍ਰ ਹਨ, ਕਾਮ ਤੋਂ ਬਹੁਤ ਉਪ੍ਰਾਮਰਹਿੰਦੇ ਹਨ ਤੇ ਹੰਕਾਰ ਨੂੰ ਮਲ ਦੇਣ ਵਾਲੇ ਹਨ।

੪ ਦੇਖੋ ਅੰਕ ਨੰ. ੧੩ ਦੀ ਚੌਥੀ ਤੁਕ ਦਾ ਅਰਥ।

ਸਰੂਪ ਦੇਵਤਾਨ ਸੇ ਸੁਹਾਹਿਂ ਚੰਦ੍ਰ ਭਾਨ ਸੇ, ਸਪੂਤ ਜਯੋਂ ਨ੍ਰਿਪਾਨ ਕੇ ਗੁਮਾਨ ਕੇ ਬਿਡਾਲਸਾ।
ਨਿਹਾਰ ਨਾਰਿ ਲੋਭ ਹੈਂ ਪਰੀਨ ਚਿੱਤ ਛੋਭ ਹੈਂ, ਮਨੋ ਆਨੰਦ ਗੋਭ ਹੈਂ ਅਲੋਭ ਹੈਂ ਬਿਸਾਲਸਾ।
ਗੁਨੱਗ, ਤੱਗ, ਆਗਰੰ ਕ੍ਰਿਪਾਰ ਸਾਲ ਸਾਗਰੰ, ਤ੍ਰਿਲੋਕ ਮੈਂ ਉਜਾਗਰੰ ਸੁ ਨਾਗਰੰ ਕਮਾਲਸਾ।
ਗੁਰੂ ਗੁਬਿੰਦ ਸਿੰਘ ਕੇ ਪਦਾਰਬਿੰਦ ਪੈ ਨਮੋ, ਬਰੰਨ ਚਾਰ ਮੇਲਿ ਜਾਂਹਿ ਕੀਨ ਪੰਥ ਖਾਲਸਾ ॥੫॥

ਪਦਅਰਥ:

ਭਾਨ=ਸੂਰਜ। ਸੇ=ਵਰਗੇ। ਨ੍ਰਿਪਾਨ ਕੇ=ਰਾਜਿਆਂ ਦੇ। ਗੁਮਾਨ=ਹੰਕਾਰ। ਬਿਡਾਲਸਾ=ਦੂਰ ਕਰਨ ਵਾਲੇ। ਪਰੀਨ=ਪਰੀਆਂ ਦੇ। ਛੋਭ ਹੈਂ=ਘਬਰਾਹਟ ਹੋਰਹੀ ਹੈ। ਗੋਭ=ਅੰਕੁਰ, ਨਵੀਂ ਨਿਕਲੀ ਲਗਰ। (ਗੋ) ਪ੍ਰਿਥਵੀ ਨੂੰ (ਭ) ਭੇਦਨ ਕਰ ਕੇ ਜੋ ਨਿਕਲੇ ਸੋ ਗੋਭ। ਅਲੋਭ ਹੈਂ ਬਿਸਾਲਸਾ=ਬਹੁਤੇ ਸੰਤੋਖੀ ਹਨ। ਗੁਣੱਗ=ਗੁਣਾਂ ਦੇ ਗਿਆਤੇ। ਤੱਗ=ਤੱਤ ਦੇ ਜਾਣੂ। ਆਗਰੰ=ਮੁਖੀ, ਪ੍ਰਧਾਨ, ਆਗੂ। ਕ੍ਰਿਪਾਰਸਾਲ ਸਾਗਰੰ=ਸੁੰਦਰ ਕਿਰਪਾ ਦੇ ਸਮੁੰਦਰ। ਉਜਾਗਰੰ=ਪ੍ਰਗਟ, ਮਸ਼ਹੂਰ। ਨਾਗਰੰ ਕਮਾਲਸਾ=ਬਹੁਤੇ ਚਤੁਰ ਹਨ।

ਅਰਥ

੧ ਜਿਨ੍ਹਾਂ ਦਾ ਸਰੂਪ ਦੇਵਤਿਆਂ ਵਰਗਾ ਹੈ, ਚੰਦ ਤੇ ਸੂਰਜ ਵਾਂਗ ਸੋਭਦੇ ਹਨ, ਜਿਵੇਂਰਾਜਿਆਂ ਦੇ ਪੁੱਤਰ ਹੁੰਦੇ ਹਨ, ਹੰਕਾਰ ਨੂੰ ਦੂਰ ਕਰਨ ਵਾਲੇ ਹਨ।

੨ ਇਸਤ੍ਰੀਆਂ ਵੇਖ ਕੇ ਮੋਹਿਤ ਹੋਰਹੀਆਂ ਹਨ, ਪਰੀਆਂ ਦੇ ਚਿੱਤ ਵਿੱਚ ਘਬਰਾਹਟ ਹੋਰਹੀ ਹੈ, ਜਾਣੋ ਅਨੰਦ ਦੀ ਨਵੀਂ ਨਿਕਲੀ ਲਗਰ ਹਨ, ਬਹੁਤੇ ਸੰਤੋਖੀ ਹਨ।

੩ ਗੁਣਾਂ ਦੇ ਗਿਆਤੇ ਤੇ ਤੱਤ ਦੇ ਜਾਣੂ ਹਨ। (ਕੌਮ ਦੇ ਮਹਾਨ) ਆਗੂ, ਸੁੰਦਰ, ਕਿਰਪਾ ਦੇ ਸਮੁੰਦਰ, ਤਿੰਨਾਂ ਲੋਕਾਂ ਵਿੱਚ ਮਸ਼ਹੂਰ ਤੇ ਬਹੁਤ ਚਤੁਰ ਹਨ।

੪ ਦੇਖੋ ਅੰਕ ਨੰ. ੧੩ ਦੀ ਚੌਥੀ ਤੁਕ ਦਾ ਅਰਥ।

ਬਜੈਂ ਜੁਝਾਉ ਬਾਜ ਜੌ ਸਜੈਂਹ ਜੰਗ ਸਾਜ ਤੌਂ, ਲਰੈਂਹ ਅੱਗ੍ਰ ਭਾਜ ਤੌਂ ਲਜੈਂਹ ਨਾ ਅਨਾਲਸਾ।
ਹਿਤੈ ਸੁ ਜੰਗ ਭੀਮ ਸੇ ਚਿਤੈਂ ਗਨੀਮ ਨੀਮ ਸੇ, ਮਿਤੈਂ ਹਕੀਮ ਕੀਮ ਸੇ ਰਹੀਮ ਸੇ ਦਯਾਲਸਾ।

ਤ੍ਰੁਕਿੰਦ ਕੋ ਰਮਿੰਦ ਸੇ ਗਰਿੰਦ ਕੋ ਸੁਰਿੰਦ ਸੇ, ਤਮਿੰਦ ਕੋ ਦਿਨਿੰਦ ਸੇ ਨਿਸਿੰਦ ਸੇ ਜਮਾਲਸਾ।
ਗੁਰੂ ਗੁਬਿੰਦ ਸਿੰਘ ਕੇ ਪਦਾਰਬਿੰਦ ਪੈ ਨਮੋ, ਬਰੰਨ ਚਾਰ ਮੇਲਿ ਜਾਂਹਿ ਕੀਨ ਪੰਥ ਖਾਲਸਾ ॥੬॥

ਪਦਅਰਥ:

ਜੁਝਾਉ ਬਾਜ=ਜੰਗੀ ਵਾਜੇ। ਸਾਜ=ਸਾਮਾਨ। ਅੱਗ੍ਰ ਭਾਜ=ਅੱਗੇ ਭੱਜ ਕੇ। ਲਜੈਂਹ ਨਾ=ਸ਼ਰਮ ਨਹੀਂ ਕਰਦੇ। ਅਨਾਲਸਾ=ਆਲਸ ਤੋਂਰਹਿਤ ਹਨ। ਹਿਤੈ=ਵਾਸਤੇ। ਭੀਮ ਸੇ=ਭੀਮ ਸੈਨ ਵਰਗੇ। ਚਿਤੈਂ=ਦੇਖਦੇ ਹਨ। ਗਨੀਮ=ਦੁਸ਼ਮਣ ਨੂੰ। ਨੀਮ ਸੇ=ਕਮਜ਼ੋਰ ਜੇਹੇ। ਮਿਤੈਂ=ਮਿੱਤ੍ਰਾਂ ਲਈ। ਹਕੀਮ ਕੀਮ=ਕੀਮੀਆਗਰ (ਰਸਾਇਣੀ) ਹਕੀਮ ਵਰਗੇ। ਰਹੀਮ ਸੇ=ਬਖ਼ਸ਼ਿੰਦ ਵਾਹਿਗੁਰੂ ਵਰਗੇ। ਦਯਾਲਸਾ=ਕਿਰਪਾਲੂ। ਤ੍ਰੁਕਿੰਦ ਕੋ=ਤੁਰਕਾਂ ਦੇ ਸੂਬਿਆਂ ਨੂੰ। ਰਮਿੰਦ ਸੇ=ਵਿਸ਼ਨੂੰ ਵਰਗੇ। (ਰਮਾ=ਲਛਮੀ ਦੇ, ਇੰਦ=ਪਤੀ, ਵਿਸ਼ਨੂੰ)। ਗਰਿੰਦ=ਪਹਾੜੀਰਾਜਿਆਂ ਨੂੰ। ਸੁਰਿੰਦ ਸੇ=ਇੰਦ੍ਰ ਵਰਗੇ। ਤਮਿੰਦ ਕੋ=(ਪਾਪਾਂ ਦੇ) ਘੁੱਪ ਅਨ੍ਹੇਰੇ ਨੂੰ। ਦਿਨਿੰਦ ਸੇ=ਸੂਰਜ ਵਰਗੇ। ਨਿਸਿੰਦ=ਚੰਦ੍ਰਮਾਂ। (ਨਿਸ=ਰਾਤ ਦਾ। ਇੰਦ=ਰਾਜਾ, ਚੰਦ੍ਰਮਾਂ)। ਜਮਾਲਸਾ=ਸੁੰਦਰਤਾ ਵਿਚ।

ਅਰਥ

੧ ਜਦੋਂ ਜੰਗੀ ਵਾਜੇ ਵਜਦੇ ਹਨ ਤਦੋਂ ਜੰਗ ਦਾ ਸਾਮਾਨ ਸਜਾਉਂਦੇ ਹਨ ਅਤੇ ਭੱਜ ਕੇ ਅੱਗੇ ਹੋ ਕੇ ਲੜਦੇ ਹਨ, (ਅਜਿਹਾ ਕਰਨ ਸਮੇਂ) ਸ਼ਰਮ ਨਹੀਂ ਕਰਦੇ ਅਤੇ ਨਾ ਹੀ ਆਲਸ ਕਰਦੇ ਹਨ।

੨ ਜੰਗ ਕਰਨ ਵਾਸਤੇ ਭੀਮ ਸੈਨ ਵਰਗੇ (ਬਲੀ) ਹਨ, ਦੁਸ਼ਮਣਾਂ ਨੂੰ ਕਮਜ਼ੋਰ ਜੇਹੇ ਵੇਖਦੇ ਹਨ, ਮਿੱਤ੍ਰਾਂ ਲਈਰਸਾਇਣੀ ਹਕੀਮਾਂ ਵਾਂਗ (ਰੋਗ-ਨਾਸ਼ਕ) ਹਨ। ਪ੍ਰਮੇਸ਼੍ਵਰ ਵਾਂਗ ਕਿਰਪਾਲੂ ਹਨ।

੩ ਤੁਰਕਾਂ ਦੇ ਸੂਬਿਆਂ ਨੂੰ (ਫਤਹ ਕਰਨ ਲਈ) ਵਿਸ਼ਨੂੰ ਵਰਗੇ (ਬਲੀ) ਹਨ, ਪਹਾੜੀਰਾਜਿਆਂ ਨੂੰ ਇੰਦ੍ਰ ਵਾਂਗ (ਦਬਾਉਣ ਵਾਲੇ) ਹਨ, ਪਾਪਾਂ ਦੇ ਘੁੱਪ ਅਨ੍ਹੇਰੇ ਨੂੰ ਦੂਰ ਕਰਨ ਲਈ ਸੂਰਜ ਵਰਗੇ ਹਨ, ਸੁੰਦਰਤਾ ਵਿੱਚ ਚੰਦ੍ਰਮਾਂ ਵਰਗੇ ਹਨ।

੪ ਦੇਖੋ ਅੰਕ ਨੰ. ੧੩ ਦੀ ਚੌਥੀ ਤੁਕ ਦਾ ਅਰਥ।

ਅਛੋਹ ਕਾਮ ਕੋਹ ਮੋਹ ਧੋਹ ਦੋਹ ਨ ਧਰੈਂ, ਅਲੋਹ ਮੋਹ ਤੈ ਸਦਾ ਸਰੋਹ ਲੋਹ ਕਾਲਸਾ।
ਦਜਾਲ ਪ੍ਰੰਣ ਸ੍ਰੰਣ ਚ੍ਰੰਣ ਪਾਲਸਾ ਰਸਾਲਸਾ, ਕਮਾਲ ਸੱਤ੍ਰ ਸਾਲਸਾ ਕਰਾਲ ਅੱਤ੍ਰ ਚਾਲਸਾ।
ਭਜੰਤ ਏਕ ਈਸ ਹੈਂ ਮਲੇਛ ਬੰਸ ਪੀਸ ਹੈਂ, ਸੁਭੰਤ ਕੇਸ ਸੀਸ ਹੈਂ ਦਿਪੰਤ ਤੇਜ ਜ੍ਵਾਲਸਾ।
ਗੁਰੂ ਗੁਬਿੰਦ ਸਿੰਘ ਕੇ ਪਦਾਰਬਿੰਦ ਪੈ ਨਮੋ, ਬਰੰਨ ਚਾਰ ਮੇਲਿ ਜਾਂਹਿ ਕੀਨ ਪੰਥ ਖਾਲਸਾ ॥੭॥

ਪਦਅਰਥ:

ਅਛੋਹ=ਛੂਹ ਤੋਂਰਹਿਤ। ਕੋਹ=ਕ੍ਰੋਧ, ਗ਼ੁੱਸਾ। ਧੋਹ=ਧੋਖਾ, ਛਲ। ਦੋਹ=ਦ੍ਰੋਹ, ਵੈਰ। ਅਲੋਹ=ਲੋਹ (ਮੱਛੀ ਫਸਾਣ ਵਾਲੀ ਕੁੰਡੀ) ਤੋਂਰਹਿਤ। ਸਰੋਹ=ਗ਼ੁੱਸੇ ਸਹਿਤ। ਲੋਹ=ਸ਼ਸਤ੍ਰਾਂ ਸਮੇਤ। ਕਾਲਸਾ=ਕਾਲ ਵਰਗੇ। ਪਾਲਸਾ=ਪਾਲਣ ਵਾਲੇ। ਰਸਾਲਸਾ=ਰਸ ਬਖ਼ਸ਼ਣ ਵਾਲੇ ਹਨ। ਕਮਾਲ=ਬਹੁਤ। ਸੱਤ੍ਰ=ਵੈਰੀਆਂ ਨੂੰ। ਸਾਲਸਾ=ਵਿੰਨ੍ਹਣ ਵਾਲੇ। ਕਰਾਲ=ਭਿਆਨਕ। ਅੱਤ੍ਰ=ਅਸਤ੍ਰ, ਉਹ ਸ਼ਸਤ੍ਰ ਜੋ ਸੁੱਟਿਆ ਜਾਵੇ- ਤੀਰ, ਗੋਲੀ, ਚੱਕ੍ਰ ਆਦਿ। ਚਾਲਸਾ=ਚਲਾਉਣ ਵਾਲੇ। ਭਜੰਤ=ਭਜਨ ਕਰਦੇ ਹਨ। ਈਸ=ਅਕਾਲ ਪੁਰਖ। ਮਲੇਛ=ਤੁਰਕਾਂ ਦੀ। ਬੰਸ=ਕੌਮ। ਪੀਸ=ਪੀਹਣ ਵਾਲੇ ਹਨ। ਸੁਭੰਤ=ਸੋਭਦੇ ਹਨ। ਦਿਪਤ=ਚਮਕਦਾ ਹੈ। ਜ੍ਵਾਲਸਾ=ਅੱਗ ਵਾਂਗ।

ਅਰਥ

੧ ਕਾਮ ਕ੍ਰੋਧ ਅਤੇ ਮੋਹ ਦੀ ਛੂਹ ਤੋਂਰਹਿਤ ਹਨ, (ਕਿਸੇ ਨਾਲ) ਧੋਖਾ ਤੇ ਵੈਰ ਨਹੀਂ ਕਰਦੇ, ਹਮੇਸ਼ਾਂ ਮੋਹ ਦੀ ਕੁੰਡੀ ਤੋਂਰਹਿਤ ਹਨ, ਸ਼ਸਤ੍ਰ ਪਹਿਨ ਕੇ ਗ਼ੁੱਸੇ ਸਹਿਤ ਹੋਏ ਕਾਲ ਵਰਗੇ ਹਨ।

੨ ਚਰਨਾਂ ਦੀ ਸ਼ਰਨ 'ਚ ਪੈਣ ਵਾਲਿਆਂ 'ਤੇ ਦਇਆਲੂ ਹੋ ਕੇ (ਉਨ੍ਹਾਂ ਨੂੰ) ਪਾਲਣ ਵਾਲੇ (ਤੇ ਨਾਮ ਦਾ)ਰਸ ਬਖ਼ਸ਼ਣ ਵਾਲੇ ਹਨ, ਬਹੁਤੇ ਵੈਰੀਆਂ ਨੂੰ ਵਿੰਨ੍ਹਣ ਵਾਲੇ ਤੇ ਭਿਆਨਕ ਅਸਤ੍ਰਾਂ ਨੂੰ ਚਲਾਉਣ ਵਾਲੇ ਹਨ।

੩ ਇਕ ਅਕਾਲ ਪੁਰਖ ਦਾ ਭਜਨ ਕਰਦੇ ਹਨ, (ਜ਼ਾਲਮ) ਤੁਰਕਾਂ ਦੀ ਕੌਮ ਨੂੰ ਪੀਹਣ ਵਾਲੇ ਹਨ, ਜਿਨ੍ਹਾਂ ਦੇ ਸੀਸ 'ਤੇ ਕੇਸ ਸੋਭਦੇ ਹਨ ਤੇ ਤੇਜ ਅੱਗ ਵਾਂਗ ਚਮਕਦਾ ਹੈ।

੪ ਦੇਖੋ ਅੰਕ ਨੰ. ੧੩ ਦੀ ਚੌਥੀ ਤੁਕ ਦਾ ਅਰਥ।

ਬਜੈਂ ਮ੍ਰਿਦੰਗ ਕਿੰਗੁਰੀ ਸੁਰੰਗ ਚੰਗ ਦੁੰਦਭੀ, ਸਨਾਇ ਢੋਲ ਡੱਫ ਝਾਂਜ ਘੰਟ ਕੈਂਸ ਤਾਲਸਾ।
ਗੁਨੀ ਅਨੇਕ ਗਾਵਤੇ ਸੁਨਾਵਤੇ ਧੁਨੀਂ ਸੁਰਾਗ, ਧਜਾਵਤੇ ਮੁਨੀ ਜੁਗੀਸ ਪਾਵਤੇ ਉਤਾਲਸਾ।
ਸਭਾ ਸੁਰਿੰਦ ਇੰਦ ਸੀ ਦਿਨਿੰਦ ਸੀ ਪ੍ਰਭਾ ਅਨਿੰਦ, ਚਿੰਦ ਦਾ ਤਰੂ ਗੁਬਿੰਦ ਸੇ ਨਰਿੰਦ ਮਾਲਸਾ।
ਗੁਰੂ ਗੁਬਿੰਦ ਸਿੰਘ ਕੇ ਪਦਾਰਬਿੰਦ ਪੈ ਨਮੋ, ਬਰੰਨ ਚਾਰ ਮੇਲਿ ਜਾਂਹਿ ਕੀਨ ਪੰਥ ਖਾਲਸਾ ॥੮॥

ਪਦਅਰਥ:

ਬਜੈਂ=ਵੱਜਰਹੇ ਹਨ। ਕਿੰਗੁਰੀ=ਵੀਣਾ, ਦੋ ਤੂੰਬਿਆਂ ਵਾਲੀ ਤੰਤੀ। ਸੁਰੰਗ=ਇਕ ਪ੍ਰਕਾਰ ਦਾ ਪੁਰਾਣਾ ਵਾਜਾ ਸ੍ਰਰਾਂਗ, ਇਹ ਗਜ਼ ਨਾਲ ਵਜਾਈਦਾ ਸੀ। ਚੰਗ=ਸਾਰੰਗੀ। ਦੁੰਦਭੀ=ਛੋਟਾ ਨਗਾਰਾ। ਸਨਾਇ=ਸ਼ਹਨਾਈ, ਨਫੀਰੀ। ਝਾਂਜ=ਵੱਡੇ ਛੈਣੇ, ਕਾਂਸੀ ਦੇ ਤਾਲ। ਘੰਟ=ਘੜਿਆਲ। ਕੈਂਸ=ਕੈਂਸੀਆਂ। ਤਾਲਸਾ=ਛੋਟੇ ਛੈਣੇ। ਉਤਾਲਸਾ=ਛੇਤੀ ਨਾਲ। ਸੁਰਿੰਦ=ਦੇਵਤਿਆਂ ਦਾਰਾਜਾ, ਇੰਦ੍ਰ। ਇੰਦ=ਚੰਦ੍ਰਮਾ। ਦਿਨਿੰਦ=ਸੂਰਜ। ਪ੍ਰਭਾ=ਸੋਭਾ। ਅਨਿੰਦ=ਉਸਤਤਿ ਯੋਗ। ਚਿੰਦ ਦਾ ਤਰੂ=ਚਿਤਵਣੀਆਂ ਦੇਣ ਵਾਲਾ, (ਕਾਮਨਾ ਪੂਰੀਆਂ ਕਰਨ ਵਾਲਾ) ਬ੍ਰਿੱਛ, ਕਲਪ ਬ੍ਰਿੱਛ। ਗੁਬਿੰਦ ਸੇ=ਕ੍ਰਿਸ਼ਨ ਵਾਂਗ। ਨਰਿੰਦ ਮਾਲਸਾ=ਰਾਜਿਆਂ ਨੂੰ ਮਲ ਦੇਣ ਵਾਲੇ।

ਅਰਥ

੧ (ਜਿਨ੍ਹਾਂ ਦੀ ਸਭਾ ਵਿੱਚ) ਮ੍ਰਿਦੰਗ, ਵੀਣਾ, ਸ੍ਰਰਾਂਗ, ਸਾਰੰਗੀ, ਛੋਟੇ ਨਗਾਰੇ, ਨਫੀਰੀਆਂ, ਢੋਲ, ਡੱਫ, ਵੱਡੇ ਛੈਣੇ, ਘੜਿਆਲ, ਕੈਂਸੀਆਂ ਤੇ ਛੋਟੇ ਛੈਣੇ ਵੱਜ ਰਹੇ ਹਨ।

੨ (ਰਾਗਾਂ ਦੇ) ਗੁਣੀ ਅਨੇਕਾਂ ਹੀ ਗਾਰਹੇ ਹਨ ਤੇ ਚੰਗੇਰਾਗਾਂ ਦੀਆਂ ਧੁਨੀਆਂ ਸੁਣਾਉਂਦੇ ਹਨ, ਮੁਨੀ ਤੇ ਵੱਡੇ ਜੋਗੀ ਧਿਆਉਂਦੇ ਹਨ ਜੋ ਛੇਤੀ ਹੀ (ਪ੍ਰਮੇਸ਼ਰ ਨੂੰ) ਪਾ ਲੈਂਦੇ ਹਨ।

੩ (ਗੁਰਾਂ ਦੀ) ਸਭਾ ਇੰਦ੍ਰ ਦੀ ਸਭਾ ਵਰਗੀ ਹੈ। (ਗੁਰਾਂ ਦੀ) ਸੋਭਾ ਚੰਦ੍ਰਮਾ ਤੇ ਸੂਰਜ ਵਰਗੀ ਉਸਤਤਿ ਯੋਗ ਹੈ। (ਗੁਰੂ ਜੀ ਆਪ) ਕਲਪ-ਬ੍ਰਿਛ ਵਾਂਗ ਮਨ-ਇੱਛਤ ਫਲ ਦੇਣ ਵਾਲੇ ਤੇ ਕ੍ਰਿਸ਼ਨ ਵਾਂਗਰਾਜਿਆਂ ਨੂੰ ਮਲ ਦੇਣ ਵਾਲੇ ਹਨ।

੪ ਦੇਖੋ ਅੰਕ ਨੰ. ੧੩ ਦੀ ਚੌਥੀ ਤੁਕ ਦਾ ਅਰਥ।

ਅਨੂਪ ਰੂਪ ਸੋਹਿ ਹੈਂ ਮਨੋਜ ਮਾਨ ਖੋਹਿ ਹੈਂ, ਜੁ ਜੋਹਿ ਹੈਂ ਸੁ ਮੋਹਿ ਹੈਂ ਅਛੋਹਿ ਚੰਦ੍ਰ ਭਾਲਸਾ।
ਨਰੀ ਨਿਹਾਰ ਕਿੰਨਰੀ ਅਪੱਛਰੀ ਸੁ ਅੱਛਰੀ ਸੁਰੀ ਅਸੁਰੀ ਪੱਨਗੀ ਬਿਮੋਹਿ ਹ੍ਵੈ ਬਿਹਾਲਸਾ।
ਚਰਿੱਤ੍ਰ ਚਿੱਤ੍ਰ ਚਾਵਨੋ ਪਵਿੱਤ੍ਰ ਇੱਤ੍ਰ ਪਾਵਨੋ, ਬਚਿੱਤ੍ਰ ਮਿੱਤ੍ਰ ਭਾਵਨੋ ਲਖਾਵਨੋ ਉਜਾਲਸਾ।
ਗੁਰੂ ਗੁਬਿੰਦ ਸਿੰਘ ਕੇ ਪਦਾਰਬਿੰਦ ਪੈ ਨਮੋ, ਬਰੰਨ ਚਾਰ ਮੇਲ ਜਾਂਹਿ ਕੀਨ ਪੰਥ ਖਾਲਸਾ ॥੯॥

ਪਦਅਰਥ:

ਅਨੂਪ=ਬਹੁਤ ਸੁੰਦਰ। ਮਨੋਜ=ਕਾਮਦੇਵ। ਜੋਹਿ ਹੈਂ=ਦੇਖਦੇ ਹਨ। ਅਛੋਹਿ=ਗ਼ੁਸੇ ਤੋਂਰਹਿਤ। ਭਾਲਸਾ=ਮੱਥਾ। ਨਰੀ=ਮਨੁੱਖਾਂ ਦੀਆਂ ਇਸਤ੍ਰੀਆਂ। ਕਿੰਨਰੀ=ਕਿੰਨਰਾਂ ਦੀਆਂ ਇਸਤ੍ਰੀਆਂ। ਅਪੱਛਰੀ=ਅਪੱਛਰਾਂ, ਪਰੀਆਂ। ਅੱਛਰੀ=ਸੁੰਦਰ ਅੱਖਾਂ ਵਾਲੀਆਂ। ਸੁਰੀ=ਦੇਵਤਿਆਂ ਦੀਆਂ ਇਸਤ੍ਰੀਆਂ। ਅਸੁਰੀ=ਦੈਂਤਾਂ ਦੀਆਂ ਇਸਤ੍ਰੀਆਂ। ਪੰਨਗੀ=ਸੱਪਾਂ ਦੀਆਂ ਇਸਤ੍ਰੀਆਂ। ਬਿਮੋਹਿ=ਬਹੁਤੀਆਂ ਮੋਹਤ ਹੋ ਕੇ। ਹ੍ਵੈ ਬਿਹਾਲਸਾ=ਬੇਹੋਸ਼ ਹੋ ਜਾਂਦੀਆਂ ਹਨ। ਚਰਿੱਤ੍ਰ=ਕੌਤਕ। ਚਿੱਤ੍ਰ=ਅਸਚਰਜ। ਚਾਵਨੋ=ਉਤਸ਼ਾਹ ਨਾਲ। ਇੱਤ੍ਰ=ਨੀਚ, ਪਾਮਰ। ਪਾਵਨੋ=ਪਵਿੱਤ੍ਰ। ਬਚਿੱਤ੍ਰ=ਅਨੋਖਾ। ਭਾਵਨੋ=ਪਿਆਰ ਕਰਦੇ ਹਨ। ਲਖਾਵਨੋ=ਜਣਾਉਂਦੇ ਹਨ, ਦਿਖਾਉਂਦੇ ਹਨ, ਧਿਆਨ ਕਰਾਉਂਦੇ ਹਨ। ਉਜਾਲਸਾ=ਪ੍ਰਕਾਸ਼ਰੂਪ (ਅਕਾਲ ਪੁਰਖ)।

ਅਰਥ

੧ (ਕਲਗੀਧਰ ਜੀ) ਬਹੁਤ ਸੁੰਦਰ ਸੋਭਰਹੇ ਹਨ, ਕਾਮਦੇਵ ਦੇ ਹੰਕਾਰ ਨੂੰ ਦੂਰ ਕਰ ਰਹੇ ਹਨ। ਜੋ (ਆਪ ਵਲ) ਤੱਕਦੇ ਹਨ ਉਹ ਮੋਹਤ ਹੋ ਜਾਂਦੇ ਹਨ, (ਜਿਨ੍ਹਾਂ ਦਾ) ਗ਼ੁੱਸੇ ਤੋਂਰਹਿਤ ਮੱਥਾ ਚੰਦ੍ਰਮਾ ਵਰਗਾ (ਸ਼ਾਂਤ) ਹੈ।

੨ (ਉਨ੍ਹਾਂ ਨੂੰ) ਦੇਖ ਕੇ ਮਨੁੱਖਾਂ ਤੇ ਕਿੰਨਰਾਂ ਦੀਆਂ ਇਸਤ੍ਰੀਆਂ, ਚੰਗੀਆਂ ਅੱਖਾਂ ਵਾਲੀਆਂ ਅਪੱਛਰਾਂ, ਦੇਵਤਿਆਂ, ਦੈਂਤਾਂ ਤੇ ਸੱਪਾਂ ਦੀਆਂ ਇਸਤ੍ਰੀਆਂ ਬਹੁਤੀਆਂ ਮੋਹਤ ਹੋ ਕੇ ਬੇਹੋਸ਼ ਹੋ ਜਾਂਦੀਆਂ ਹਨ।

੩ ਉਤਸ਼ਾਹ ਨਾਲ ਅਸਚਰਜ ਕੌਤਕ ਕਰਦੇ ਹਨ, ਪਾਮਰ ਪੁਰਸ਼ਾਂ ਨੂੰ ਪਵਿੱਤ੍ਰ ਤੋਂ ਪਵਿੱਤ੍ਰ ਕਰ ਦੇਂਦੇ ਹਨ, ਮਿੱਤ੍ਰਾਂ ਨਾਲ ਅਨੋਖਾ ਪਿਆਰ ਕਰ ਕੇ ਪ੍ਰਕਾਸ਼ ਸਰੂਪ ਅਕਾਲ ਪੁਰਖ ਦਾ ਧਿਆਨ ਕਰਵਾ ਦੇਂਦੇ ਹਨ।

੪ ਦੇਖੋ ਅੰਕ ਨੰ. ੧੩ ਦੀ ਚੌਥੀ ਤੁਕ ਦਾ ਅਰਥ।

ਭਵਿੱਖ ਭੂਤ ਪਿੱਖ ਹੈਂ ਪ੍ਰਤੱਖ ਅੱਖ ਲੱਖ ਹੈਂ, ਅਲੱਖ ਲੱਖ ਦੱਖ ਹੈਂ ਸਮੱਖ ਹੈਂ ਅਕਾਲਸਾ।
ਸਕੱਛ ਕੱਛ ਕੈ ਧਰੈਂ ਸਮੱਛ ਅੱਛ ਹ੍ਵੈ ਲਰੈਂ, ਬਿਲੱਛ ਲੱਛ ਕੈ ਹਰੈਂ ਅਰੈਂ ਪ੍ਰਤੱਛ ਕਾਲਸਾ।
ਜਗੱਤਿ ਜੋਤਿ ਧਾਰ ਕੈ ਕਲੀ ਕਲੂਖ ਟਾਰ ਕੈ, ਭਗੱਤਿ ਦੈ ਉਬਾਰ ਕੈ ਉਚਾਰ ਕੈ ਅਕਾਲਸਾ।
ਗੁਰੂ ਗੁਬਿੰਦ ਸਿੰਘ ਕੇ ਪਦਾਰਬਿੰਦ ਪੈ ਨਮੋ, ਬਰੰਨ ਚਾਰ ਮੇਲਿ ਜਾਂਹਿ ਕੀਨ ਪੰਥ ਖਾਲਸਾ ॥ ੧੦ ॥

ਪਦਅਰਥ:

ਭਵਿੱਖ=ਭਵਿੱਖਤ, ਆਉਣ ਵਾਲਾ ਸਮਾਂ। ਭੂਤ=ਗੁਜ਼ਰ ਚੁੱਕਾ ਸਮਾਂ। ਪ੍ਰਤੱਖ=ਸਾਹਮਣੇ। ਅੱਖ=ਅੱਖਾਂ ਦੇ। ਲੱਖ ਹੈਂ=ਜਾਣਦੇ ਹਨ। ਅਲੱਖ=ਜਾਣਨ ਤੋਂਰਹਿਤ, ਪ੍ਰਮੇਸ਼ਰ ਦੇ। ਲੱਖ=ਜਾਨਣ ਨੂੰ। ਦੱਖ ਹੈਂ=ਚਤੁਰ ਹਨ। ਸਮੱਖ=ਪ੍ਰਤੱਖ। ਅਕਾਲਸਾ=ਅਕਾਲ ਸਰੂਪ। ਸਕੱਛ=ਕਛਹਿਰੇ ਸਹਿਤ। ਕੱਛ ਕੈ=ਮਿਣ ਕੇ। ਧਰੈਂ=ਧਰਤੀ ਨੂੰ। ਸਮੱਛ=ਸਾਹਮਣੇ। ਅੱਛ=ਚੰਗੀ ਤਰ੍ਹਾਂ। ਬਿਲੱਛ=ਵਿਲੱਖਣ, ਅਨੋਖੇ। ਲੱਛ=ਨਿਸ਼ਾਨਾ। ਹਰੈਂ=ਮਾਰਦੇ ਹਨ। ਅਰੈਂ-ਵੈਰੀਆਂ ਨੂੰ। ਕਾਲਸਾ=ਕਾਲ ਵਾਂਗ ਹਨ। ਜੋਤਿ ਧਾਰ ਕੈ=ਆਪਣੀ ਜੋਤਿ ਪ੍ਰਗਟ ਕਰਕੇ। ਕਲੀ=ਕਲਜੁਗ ਦੇ। ਕਲੂਖ=ਪਾਪ। ਟਾਰ ਕੈ=ਦੂਰ ਕਰਕੇ। ਉਬਾਰ ਕੈ=ਬਚਾਉਂਦੇ ਹਨ। ਅਕਾਲਸਾ=ਅਕਾਲ ਪੁਰਖ ਦਾ ਨਾਮ।

ਅਰਥ

੧ ਆਉਣ ਵਾਲੇ ਤੇ ਗੁਜ਼ਰ ਚੁੱਕੇ ਸਮੇਂ ਨੂੰ ਅੱਖਾਂ ਦੇ ਸਾਹਮਣੇ ਜਾਣਦੇ ਤੇ ਦੇਖਦੇ ਹਨ, ਪ੍ਰਮੇਸ਼ਰ ਦੇ ਜਾਨਣ ਨੂੰ ਚਤੁਰ ਹਨ, ਪ੍ਰਤੱਖ ਅਕਾਲ ਪੁਰਖ ਦਾ ਸਰੂਪ ਹਨ।

੨ ਕਛਹਿਰੇ ਦੇ ਸਹਿਤ ਹਨ, (ਪੈਂਤੜਾ ਕੱਢਣ ਸਮੇਂ) ਧਰਤੀ ਨੂੰ ਮਿਣ ਕੇ ਚੰਗੀ ਤਰ੍ਹਾਂ ਸਾਹਮਣੇ ਹੋ ਕੇ ਲੜਦੇ ਹਨ। ਅਨੋਖੇ ਢੰਗ ਨਾਲ ਨਿਸ਼ਾਨਾ ਮਾਰਦੇ ਹਨ, ਵੈਰੀਆਂ ਨੂੰ ਪ੍ਰਤੱਖ ਕਾਲ ਵਾਂਗ (ਦਿੱਸਦੇ ਹਨ)।

੩ ਜਗਤ ਵਿੱਚ ਆਪਣੀ ਜੋਤਿ ਪ੍ਰਗਟ ਕਰ ਕੇ, ਕਲਜੁਗ ਦੇ ਪਾਪਾਂ ਨੂੰ ਦੂਰ ਕਰਕੇ, ਅਕਾਲ ਪੁਰਖ ਦਾ ਨਾਮ ਉਚਾਰ ਕੇ ਤੇ ਭਗਤੀ (ਦਾ ਦਾਨ) ਦੇ ਕੇ (ਸੇਵਕਾਂ ਨੂੰ) ਬਚਾ ਲੈਂਦੇ ਹਨ।

੪ ਦੇਖੋ ਅੰਕ ਨੰ. ੧੩ ਦੀ ਚੌਥੀ ਤੁਕ ਦਾ ਅਰਥ।

ਕਵੀ ਗਰੰਥ ਕਾਰਕੈਂ ਅਤਜੰਤ ਹੀ ਉਚਾਰ ਕੈ, ਬਿਅੰਤ ਗਾਇ ਹਾਰ ਕੈ ਬਿਹੰਗ ਬੇਹ ਛਾਲਸਾ।
ਗਿਰਾ ਫਨੇਸ ਪੰਕਜੇਸ ਬੇਦ ਭੇਦ ਨਾ ਲਹੈਂ, ਗਨੇਸ ਔ ਮਹੇਸ ਸੇ ਥਕੈਂਹ ਕੈਹ ਹਾਲਸਾ।
ਕਹਾਂ ਅਗਾਧ ਰਾਵਰੋ ਅਬਾਧਿ ਜੱਸ ਗਾ ਸਕੈ, ਗਿਆਨ ਸਿੰਘ ਸਾਧਿ ਯੇ ਸਮਾਧਿ ਬੁਧਿ ਬਾਲਸਾ।
ਗੁਰੂ ਗੁਬਿੰਦ ਸਿੰਘ ਕੇ ਪਦਾਰਬਿੰਦ ਪੈ ਨਮੋ, ਬਰੰਨ ਚਾਰ ਮੇਲਿ ਜਾਂਹਿ ਕੀਨ ਪੰਥ ਖਾਲਸਾ ॥ ੧੧ ॥

ਪਦਅਰਥ:

ਗਰੰਥ ਕਾਰਕੈਂ=ਗ੍ਰੰਥਰਚਨ ਵਾਲਿਆਂ ਨੇ। ਅਤਜੰਤ=ਬਹੁਤ ਹੀ। ਬਿਹੰਗ=ਪੰਛੀ। ਬੇਹ=ਛੇਕ। ਛਾਲਸਾ=(ਦਰੱਖ਼ਤਾਂ ਦੀ) ਛਿੱਲ। ਗਿਰਾ=ਸਰਸੁਤੀ। ਫਨੇਸ=ਸ਼ੇਸ਼ ਨਾਗ। ਪੰਕਜੇਸ=ਬ੍ਰਹਮਾ। ਨਾ ਲਹੈਂ=ਨਹੀਂ ਜਾਣ ਸਕੇ। ਮਹੇਸ=ਸ਼ਿਵ। ਥਕੈਂਹ=ਥੱਕ ਗਏ ਹਨ। ਕੈਹ=ਆਖ ਆਖ ਕੇ। ਹਾਲਸਾ=ਹਾਲ। ਅਗਾਧ=ਅਥਾਹ, ਡੂੰਘਾ। ਰਾਵਰੋ=ਆਪ ਦਾ। ਅਬਾਧਿ=ਨਾਸ ਤੋਂਰਹਿਤ। ਸਾਧਿ=ਲਾ ਕੇ।। ਸਮਾਧਿ=ਸਮਾਧੀ। ਬੁਧਿ ਬਾਲਸਾ=ਬਾਲਕਾਂ ਵਰਗੀ (ਤੁੱਛ) ਬੁੱਧੀ ਵਾਲਾ।

ਅਰਥ

੧ ਗ੍ਰੰਥਰਚਨ ਵਾਲੇ ਕਵੀਆਂ ਨੇ (ਆਪਦਾ) ਬਹੁਤ ਹੀ (ਜਸ) ਕਥਨ ਕੀਤਾ ਹੈ, ਪਰ ਉਹ ਬੇਅੰਤ ਕਵੀ (ਜਸ) ਕਹਿ ਕਹਿ ਕੇ ਹਾਰ ਗਏ, ਜਿਵੇਂ ਪੰਛੀ (ਦਰਖ਼ਤਾਂ ਦੀਆਂ) ਛਿੱਲਾਂ ਵਿੱਚ ਛੇਕ (ਕਰ ਕਰ ਕੇ ਹਾਰ ਜਾਂਦੇ ਹਨ)।

੨ ਸਰਸੁਤੀ, ਸ਼ੇਸ਼ਨਾਗ, ਬ੍ਰਹਮਾ, ਬੇਦ (ਆਪ ਦਾ) ਭੇਦ ਨਹੀਂ ਜਾਣ ਸਕੇ, ਗਣੇਸ਼ ਤੇ ਸ਼ਿਵ ਵਰਗੇ ਤੁਹਾਡਾ ਹਾਲ ਆਖ ਆਖ ਕੇ ਥੱਕ ਗਏ।

੩ ਇਹ ਬਾਲਕਾਂ ਵਰਗੀ ਤੁੱਛ ਬੁੱਧੀ ਵਾਲਾ ਗਿਆਨ ਸਿੰਘ ਸਮਾਧੀ ਲਾ ਕੇ ਆਪ ਦਾ ਡੂੰਘਾ ਤੇ ਨਾਸ ਤੋਂਰਹਿਤ ਜਸ ਕਿਵੇਂ ਗਾ ਸਕਦਾ ਹੈ।

੪ ਹੇ ਗੁਰੂ ਗੋਬਿੰਦ ਸਿੰਘ (ਜੀ ! ਮੈਂ) ਆਪ ਦੇ ਚਰਨ-ਕੰਵਲਾਂ ਉੱਤੇ (ਸਨਿੰਮ੍ਰ) ਨਮਸ਼ਕਾਰ ਕਰਦਾ ਹਾਂ, ਜਿਸ ਆਪ ਨੇ ਚਾਰੇ ਵਰਨਾਂ ਨੂੰ ਇਕੱਠਿਆਂ ਕਰ ਕੇ ਖਾਲਸਾ ਪੰਥਰਚਿਆ ਹੈ।

ਅਬੈ ਕ੍ਰਿਪਾਲ ਹੂਜੀਏ ਦਿਆਲ ਦਾਸ ਖਾਸ ਪੈ, ਨਿਰਾਸ ਔਰ ਠੌਰ ਤੈ ਭਯੋ ਹੁਲਾਸ ਹੀਨ ਮੈਂ।
ਗਹੀ ਸਰੱਨ ਰਾਵਰੇ ਚਰੱਨ ਕੀ ਅਨੰਨ ਹ੍ਵੈ, ਜਰੱਨ ਔ ਮਰੱਨ ਦੂਖ ਕਾਟੀਏ ਕਠੀਨ ਮੈਂ।
ਕੁਕ੍ਰਿੱਤ ਬ੍ਰਿੱਤਿ ਮੈਂ ਫਸ੍ਯੋ ਅਨ੍ਰਿੱਤ ਨ੍ਰਿੱਤ ਨੈ ਕਸ੍ਯੋ, ਅਧ੍ਰਿੱਤ ਫ੍ਰਿੱਤ ਹੌਂ ਫਸ੍ਯੋ ਅਗ੍ਯਾਨ ਕੇ ਅਧੀਨ ਮੈਂ।
ਨ ਔਰ ਆਸ ਕੋਇ ਦਾਸ ਰਾਵਰੋ ਸਦੈਂਹੁ ਏਕ, ਹੈ ਭਰੋਸ ਲਾਜ ਨਾਮ ਕੀ ਰਖੈਹੁ ਪੀਨ ਮੈਂ ॥੨੪॥

ਪਦਅਰਥ:

ਦਾਸ ਖਾਸ ਪੈ=ਆਪਣੇ ਦਾਸ ਉਪਰ। ਹੁਲਾਸ ਹੀਨ ਮੈਂ=ਮੈਂ ਉਤਸ਼ਾਹ ਤੋਂ ਖ਼ਾਲੀ ਹੋ ਗਿਆ ਹਾਂ। ਗਹੀ=ਪਕੜੀ। ਰਾਵਰੇ=ਆਪ ਦੀ। ਅਨੰਨ ਹ੍ਵੈ=ਕੇਵਲ ਇਕ ਆਪ ਦਾ ਹੀ ਉਪਾਸ਼ਕ ਹੋ ਕੇ। ਜਰੱਨ=ਜੰਮਣ। ਕਠੀਨ=ਕਠਨ, ਔਖੇ। ਕੁਕ੍ਰਿੱਤ=ਪਾਪਾਂ ਦੇ। ਬ੍ਰਿੱਤਿ=ਧਿਆਨ ਵਿੱਚ। ਅਨ੍ਰਿੱਤ=ਰਿਤ (ਸੱਚ) ਤੋਂ ਭਿੰਨ, ਝੂਠੇ। ਨ੍ਰਿੱਤ=ਨਾਚ। ਕਸ੍ਯੋ=ਖਿੱਚਿਆ, ਦੁਖੀ ਕੀਤਾ। ਅਧ੍ਰਿੱਤ=ਧੀਰਜ ਤੋਂ ਬਿਨਾਂ ਹੋ ਕੇ। ਪੀਨ=ਤਕੜਾ।

ਅਰਥ

੧ (ਹੇ ਕ੍ਰਿਪਾਲੂ ਸਤਿਗੁਰੂ !) ਹੁਣ ਆਪਣੇ ਦਾਸ ਉਪਰ ਦਇਆਲੂ ਹੋਵੋ, ਮੈਂ ਹੋਰ ਥਾਵਾਂ ਤੋਂ ਨਿਰਾਸ ਹੋ ਕੇ ਉਤਸ਼ਾਹ ਤੋਂ ਖ਼ਾਲੀ ਹੋ ਗਿਆ ਹਾਂ।

੨ ਮੈਂ ਇਕ ਆਪ ਦਾ ਹੀ ਉਪਾਸ਼ਕ ਹੋ ਕੇ ਆਪ ਦੇ ਚਰਨਾਂ ਦੀ ਸ਼ਰਨ ਪਕੜੀ ਹੈ, ਮੇਰੇ ਜੰਮਣ ਮਰਨ ਦੇ ਕਠਨ ਦੁੱਖਾਂ ਨੂੰ ਕੱਟ ਦਿਓ।

੩ ਮੈਂ ਪਾਪਾਂ ਦੇ ਧਿਆਨ ਵਿੱਚ ਫਸਿਆ ਹੋਇਆ ਹਾਂ, ਮੈਨੂੰ ਝੂਠੇ ਪਦਾਰਥਾਂ ਦੇ ਨਾਚ ਨੇ ਦੁਖੀ ਕੀਤਾ ਹੈ, ਮੈਂ ਧੀਰਜ ਤੋਂ ਬਿਨਾਂ ਹੋ ਕੇ ਫਸਿਆ ਫਿਰਦਾ ਹਾਂ ਤੇ ਅਗਿਆਨ ਦੇ ਅਧੀਨਰਹਿੰਦਾ ਹਾਂ।

੪ ਮੈਂ ਇਕ ਆਪ ਦਾ ਹੀ ਦਾਸ ਅਖਵਾਉਂਦਾ ਹਾਂ, ਮੈਨੂੰ (ਤੁਹਾਡੇ ਬਿਨਾਂ) ਹੋਰ ਕੋਈ ਆਸ ਨਹੀਂ, (ਕੇਵਲ ਮਨ ਵਿੱਚ ਇਹ) ਤਕੜਾ ਭਰੋਸਾ ਹੈ ਕਿ ਤੁਸੀਂ ਆਪਣੇ ਨਾਮ ਦੀ ਲੱਜਾਰੱਖੋਗੇ।

ਕਹੂੰ ਜੁ ਪ੍ਰਾਕ ਪੁੰਨ ਤੈ ਲਹੀ ਮਨੁੱਖ ਦੇਹ, ਬਾਸਨਾ ਬਿਸ੍ਯਾਨ ਮੈਂ ਸੁ ਕੀਨ ਹੈ ਖੁਵਾਰਿਯੈ।
ਕਰੋਧ ਕਾਮ ਧੋਹ ਨਿੰਦ ਦ੍ਰੋਹ ਛੋਹ ਮੋਹ ਮੈਂ, ਰਹ੍ਯੋ ਗਰੂਰ ਧਾਰਿ ਭੂਰ ਲੋਭ ਕੀ ਖੁਮਾਰਿਯੈ।
ਸੁਨ੍ਯੋ ਅਨੰਤ ਸੰਤ ਤੈਂ ਗੁਰੂ ਗਰੰਥ ਭੀ ਕਹੈਂ, ਤਰਾਇ ਹੈਂ ਗੁਰੂ ਗੁਬਿੰਦ ਸਿੰਘ ਜੁ ਉਦਾਰਿਯੈ।
ਇਸੀ ਭਰੋਸ ਮੈਂ ਚੜ੍ਯੋ ਜਹਾਜ ਆਜ ਰਾਵਰੇ, ਰਖੈਹੁ ਲਾਜ ਨਾਮ ਕੀ ਭਵਾਂਬੁਧੈ ਉਬਾਰਿਯੈ ॥੨੫॥

ਪਦਅਰਥ:

ਪ੍ਰਾਕ=ਪੂਰਬਲੇ। ਲਹੀ=ਪ੍ਰਾਪਤ ਕੀਤੀ ਹੈ। ਬਿਸ੍ਯਾਨ=ਵਿਸ਼ਿਆਂ ਦੀ। ਧੋਹ=ਧੋਖਾ, ਛਲ। ਦ੍ਰੋਹ=ਵੈਰ। ਛੋਹ=ਗ਼ੁੱਸਾ। ਗਰੂਰ=ਹੰਕਾਰ। ਭੂਰ=ਬਹੁਤਾ। ਖੁਮਾਰਿਯੈ=ਮਸਤੀ। ਅਨੰਤ=ਬਹੁਤੇ। ਉਦਾਰਿਯੈ=ਸ੍ਰੇਸ਼ਟ। ਜਹਾਜ=(ਸਿੱਖੀ ਦੇ) ਜਹਾਜ਼ 'ਤੇ। ਰਾਵਰੇ=ਆਪ ਦੇ। ਭਵਾਂਬੁਧੈ=ਸੰਸਾਰ ਸਮੁੰਦਰ ਤੋਂ। ਉਬਾਰਿਯੈ=ਪਾਰ ਕਰੋ।

ਅਰਥ

੧ ਕੀਤੇ ਹੋਏ ਪੂਰਬਲੇ ਪੁੰਨਾਂ ਕਰ ਕੇ ਇਹ ਜੋ ਮਨੁੱਖਾ ਦੇਹ ਪ੍ਰਾਪਤ ਕੀਤੀ ਸੀ, ਮੈਂ ਇਸ ਨੂੰ ਵਿਸ਼ਿਆਂ ਦੀ ਵਾਸ਼ਨਾ ਵਿੱਚ ਖ਼ਰਾਬ ਕਰ ਲਿਆ ਹੈ।

੨ ਮੈਂ ਕਾਮ, ਕ੍ਰੋਧ, ਧੋਖਾ, ਨਿੰਦਾ, ਵੈਰ, ਗ਼ੁੱਸਾ, ਮੋਹ, ਹੰਕਾਰ ਤੇ ਬਹੁਤੇ ਲੋਭ ਦੀ ਮਸਤੀ ਧਾਰਨ ਕਰ ਰਿਹਾ ਹਾਂ।

੩ ਬਹੁਤੇ ਸੰਤਾਂ ਪਾਸੋਂ ਸੁਣਿਆ ਹੈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭੀ ਕਹਿੰਦੇ ਹਨ ਕਿ ਸ੍ਰੇਸ਼ਟ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਸੰਸਾਰ (ਸਮੁੰਦਰ) ਤੋਂ ਤਾਰਨਗੇ।

੪ (ਹੇ ਸਤਿਗੁਰੂ !) ਇਸੇ ਹੀ ਭਰੋਸੇ ਨਾਲ ਮੈਂ ਅੱਜ ਆਪ ਦੇ (ਸਿੱਖੀ ਦੇ) ਜਹਾਜ਼ 'ਤੇ ਚੜ੍ਹਿਆ ਹਾਂ, ਤੁਸੀਂ ਆਪਣੇ ਨਾਮ ਦੀ ਲੱਜਾਰਖੋ ਤੇ ਮੈਨੂੰ ਸੰਸਾਰ ਸਮੁੰਦਰ ਤੋਂ ਪਾਰ ਕਰੋ।

ਇਹੈ ਸੁ ਬਾਰ ਅੰਤ ਕੀ ਦੁਲੱਭ ਦੇਹ ਹੈ ਲਹੀ, ਕਰੋ ਕ੍ਰਿਪਾ ਕ੍ਰਿਪਾਲ ਜੀ ਨਿਹਾਲ ਦਾਸ ਕੋ ਕਰੋ।
ਸਿੱਖੀ ਸਿਖਾਇ ਆਪਨੀ ਤਿਖੀ ਤ੍ਰਿਤਾਪ ਕਾਪਨੀ, ਸਿਖੀ ਸਮਾਨ ਖਾਪਨੀ ਬਿਆਲ ਕਾਲ ਕੋ ਦਰੋ।
ਪ੍ਰਪੰਚ ਨਾਦ ਲਾਖਹੋ ਪ੍ਰਪੰਚ ਯਾਦ ਨਾਖਹੋ, ਪ੍ਰਪੰਚ ਸ੍ਵਾਦ ਰਾਖਹੋ ਪ੍ਰਪੰਚ ਬਾਦ ਕੋ ਹਰੋ।
ਸਖਜਾਤ ਗਜਾਨ ਆਤਮਾ ਪ੍ਰਮਾਤਮਾ ਇਕੱਤ੍ਰ ਹ੍ਵੈ, ਅਨਾਤਮਾ ਸੰਘਾਤਮਾ ਅਜਾਤ ਬਾਦ ਕੋ ਧਰੋਂ ॥੨੬॥

ਪਦਅਰਥ:

ਬਾਰ ਅੰਤ ਕੀ=ਅਖ਼ੀਰਲੀ ਵਾਰੀ। ਦੁਲੱਭ=ਔਖੀ ਲੱਭਣ ਵਾਲੀ। ਲਹੀ=ਪ੍ਰਾਪਤ ਹੋਈ ਹੈ। ਤ੍ਰਿਤਾਪ ਕਾਪਨੀ=ਤਿੰਨਾਂ ਤਾਪਾਂ (ਅਧਿਆਤਮ, ਅਧੀਭੂਤ ਤੇ ਅਧਿਦੈਵ) ਨੂੰ ਕੱਟਣ ਵਾਲੀ। ਸਿਖੀ=ਮੋਰ। ਸਮਾਨ=ਵਾਂਗ। ਖਾਪਨੀ=ਨਾਸ ਕਰਨ ਵਾਲੀ। ਬਿਆਲ=ਸੱਪ। ਦਰੋ=ਦਲੋ, ਨਾਸ ਕਰੋ। ਪ੍ਰਪੰਚ ਨਾਦ=ਭਲੀ ਤਰ੍ਹਾਂ ਪੰਜਾਂ ਸ਼ਬਦਾਂ ਨੂੰ। {ਪੰਜ ਸ਼ਬਦ-ਯੋਗੀਆਂ ਦੇ ਕਲਪੇ ਹੋਏ ਦਸਮ ਦੁਆਰ ਦੇ ਪੰਜ ਸ਼ਬਦ-ਸੰਖ, ਮ੍ਰਿਦੰਗ, ਕਿੰਗਰੀ, ਮੁਰਲੀ ਤੇ ਵੀਣਾ ਦੀ ਧੁਨਿ}। ਲਾਖਹੋ=ਜਣਾ ਦਿਓ। ਪ੍ਰਪੰਚ ਯਾਦ=ਛਲਰੂਪ ਮਾਇਆ ਦੀ ਯਾਦ ਤੋਂ। (ਅ) ਭਲੀ ਤਰ੍ਹਾਂ ਪੰਜਾਂ ਕਾਮ ਆਦਿਕਾਂ ਦੀ ਯਾਦ ਤੋਂ। ਨਾਖਹੋ=ਲੰਘਾ ਦਿਓ। ਪ੍ਰਪੰਚ ਸ੍ਵਾਦ=ਭਲੀ ਤਰ੍ਹਾਂ ਪੰਜਾਂ (ਸਤ, ਸੰਤੋਖ, ਦਇਆ, ਧਰਮ ਤੇ ਧੀਰਜ) ਦਾ ਅਨੰਦ। ਪ੍ਰਪੰਚ=ਪੰਜਾਂ ਤੱਤਾਂ ਦੇ ਬਿਸਥਾਰ (ਸੰਸਾਰ) ਦੇ। ਬਾਦ=(ਜੰਮਣ ਮਰਨਰੂਪ) ਝਗੜੇ ਨੂੰ। ਹਰੋ=ਦੂਰ ਕਰੋ। ਸਖਜਾਤ=ਪ੍ਰਤੱਖ। ਇਕੱਤ੍ਰ ਹ੍ਵੈ=ਇਕਰੂਪ ਹੋ ਜਾਣ। ਅਨਾਤਮਾ=ਆਤਮਾ ਤੋਂ ਭਿੰਨ, ਜੜ੍ਹ। ਸੰਘਾਤਮਾ=ਸਮਦਾਯ, ਗਰੋਹ, ਇਕੱਠ। ਅਜਾਤ ਬਾਦ=ਅਣਹੋਏ ਦਾ ਕਥਨ। ਧਰੋਂ=ਧਾਰਨ ਕਰਾਂ ਭਾਵ ਸਮਝਾਂ।

ਅਰਥ

੧ ਇਹ ਔਖੀ ਲੱਭਣ ਵਾਲੀ ਮਨੁੱਖਾ ਦੇਹ ਅਖ਼ੀਰਲੀ ਵਾਰੀ ਪ੍ਰਾਪਤ ਹੋਈ ਹੈ। ਹੇ ਕ੍ਰਿਪਾਲੂ (ਸਤਿਗੁਰੂ ਜੀ !) ਕਿਰਪਾ ਕਰੋ ਤੇ ਦਾਸ ਨੂੰ ਨਿਹਾਲ ਕਰੋ।

੨ ਤਿੰਨਾਂ ਤਾਪਾਂ ਨੂੰ ਕੱਟਣ ਵਾਲੀ, ਕਾਲਰੂਪ ਸੱਪ ਨੂੰ ਮੋਰ ਵਾਂਗ ਖਾ ਜਾਣ ਵਾਲੀ, ਆਪਣੀ ਤਿੱਖੀ ਸਿੱਖੀ ਸਿਖਾ ਕੇ (ਮੇਰੇ ਜੰਮਣ ਮਰਨ ਨੂੰ) ਨਾਸ ਕਰੋ।

੩ ਪੰਜਾਂ ਸ਼ਬਦਾਂ ਨੂੰ ਭਲੀ ਤਰ੍ਹਾਂ ਜਣਾ ਦਿਓ, ਛਲਰੂਪ ਮਾਇਆ ਦੀ ਯਾਦ ਤੋਂ ਭਲੀ ਤਰ੍ਹਾਂ ਪਾਰ ਲੰਘਾ ਦਿਓ, ਪੰਜਾਂ (ਸਤ ਸੰਤੋਖ ਆਦਿਕਾਂ) ਦਾ ਅਨੰਦ ਭਲੀ ਤਰ੍ਹਾਂ (ਮੇਰੇ) ਹਿਰਦੇ 'ਚਰੱਖੋ ਅਤੇ ਸੰਸਾਰ ਦੇ (ਜੰਮਣ ਮਰਨਰੂਪ) ਝਗੜੇ ਨੂੰ ਦੂਰ ਕਰੋ।

੪ (ਇਸ ਤਰ੍ਹਾਂ ਆਪ ਦੇ ਬਖ਼ਸ਼ੇ ਹੋਏ) ਪ੍ਰਤੱਖ ਗਿਆਨ ਦੁਆਰਾ (ਮੇਰੀ) ਆਤਮਾ ਤੇ ਪ੍ਰਮਾਤਮਾ ਇਕਰੂਪ ਹੋ ਜਾਣ, (ਮੈਂ) ਆਤਮਾ ਤੋਂ ਭਿੰਨ ਅਤੇ ਸੰਸਾਰ ਦੇ ਸਮਦਾਯ ਦੇ ਕਥਨ ਨੂੰ ਅਣਹੋਇਆ ਸਮਝਾਂ।

ਸੁ ਦੇਹੁ ਸੁੱਧਿ ਬੁੱਧਿ ਮੈਂ ਨਿਰੁੱਧ ਜੌਂ ਨ ਹ੍ਵੈ ਕਬੀ, ਕੁਬੁੱਧਿ ਦੂਰ ਕੀਜਿਯੇ ਬਿਰੁੱਧ ਬੇਦ ਭਾਵ ਕੋ।
ਦਿਜੈ ਅਰੋਗ ਦੇਹ ਨਾਮ ਖਾਨ ਪਾਨ ਲੌਂ ਅਰਾਮ, ਆਪ ਕੋ ਪਛਾਨ ਦਾਸ ਖਾਸ ਜਯੋਂ ਬਿਕਾਵ ਕੋ।
ਹਟਾਇ ਜਯੋਂ ਕੁਪੰਥ ਤੈ ਸੁਪੰਥ ਨਿਰਮਲੇ ਵਿਖੇ, ਦਯੋ ਨਿਵਾਸ ਰਾਜ ਜੋਗ ਆਨਦੈਂ ਭੁਗਾਵ ਕੋ।
ਤਿਵੈਂ ਨਮਾਮਿ ਭੇਟਿ ਗਜਾਨ ਸਿੰਘ ਕੀ ਕਬੂਲ ਕੈ, ਗੁਰੂ ਗੁਬਿੰਦ ਸਿੰਘ ਜੀ ਦਿਜੈ ਭਗੱਤਿ ਭਾਵ ਕੋ ॥੨੭॥

ਪਦਅਰਥ:

ਸੁੱਧਿ=ਸ਼ੁੱਧੀ, ਪਵਿੱਤ੍ਰਤਾ, ਸਫ਼ਾਈ ਭਾਵ ਵਿਵੇਕ ਸ਼ਕਤੀ। ਨਿਰੁੱਧ=ਰੁਕਾਵਟ। ਬਿਰੁੱਧ=ਉਲਟ। ਭਾਵ=ਸਿਧਾਂਤ। ਲੌਂ=ਤੱਕ। ਬਿਕਾਵਕੋ=ਵਿਕੇ ਹੋਏ (ਗ਼ੁਲਾਮ) ਵਾਂਗ। ਕੁਪੰਥ=ਖੋਟੇ ਭੇਖਾਂ ਤੋਂ। ਨਮਾਮਿ=ਨਮਸ਼ਕਾਰਰੂਪ। ਭਗੱਤਿ ਭਾਵ=ਪ੍ਰੇਮਾ ਭਗਤੀ।

ਅਰਥ

੧ (ਹੇ ਸਤਿਗੁਰੂ ਜੀ!) ਮੈਨੂੰ ਬੁੱਧੀ ਵਿੱਚ ਵਿਵੇਕ ਸ਼ਕਤੀ ਦਿਓ ਜਿਸ ਕਰ ਕੇ (ਕਾਵਿ ਰਚਨਾ ਵਿੱਚ)ਰੁਕਾਵਟ ਨਾ ਪਵੇ, ਵੇਦ (ਗਿਆਨ) ਦੇ ਸਿਧਾਂਤਾਂ ਦੇ ਉਲਟ ਚਲਣ ਵਾਲੀ ਖੋਟੀ ਬੁੱਧੀ ਦੂਰ ਕਰੋ।

੨ ਮੈਨੂੰ ਦੇਹ ਅਰੋਗਤਾ, ਨਾਮ ਸਿਮਰਣ, ਖਾਣ ਪੀਣ ਦੇ ਪਦਾਰਥਾਂ ਤੱਕ (ਹਰ ਤਰ੍ਹਾਂ ਦਾ) ਆਰਾਮ (ਸੁਖ) ਦਿਓ। ਮੈਂ ਆਪਣੇ ਆਪ ਨੂੰ ਆਪ ਦਾ ਖ਼ਾਸ ਦਾਸ ਸਮਝਾਂ, ਜਿਵੇਂ ਕੋਈ (ਮੁੱਲ) ਵਿਕਿਆ (ਗ਼ੁਲਾਮ) ਹੁੰਦਾ ਹੈ।

੩ ਜਿਵੇਂ (ਤੁਸਾਂ) ਮੈਨੂੰ ਖੋਟੇ ਭੇਖਾਂ ਤੋਂ ਹਟਾ ਕੇਰਾਜ ਜੋਗ ਦਾ ਅਨੰਦ ਭੁਗਾਉਣ ਨੂੰ ਚੰਗੇ ਨਿਰਮਲ (ਖਾਲਸਾ) ਪੰਥ ਵਿੱਚ ਨਿਵਾਸ ਦਿੱਤਾ ਹੈ।

੪ ਤਿਵੇਂ ਹੀ ਗਿਆਨ ਸਿੰਘ ਦੀ ਨਮਸ਼ਕਾਰਰੂਪ ਭੇਟਾ ਪਰਵਾਣ ਕਰ ਕੇ ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ! ਮੈਨੂੰ (ਆਪ ਦੀ) ਪ੍ਰੇਮਾ ਭਗਤੀ ਬਖ਼ਸ਼ੋ।

ਗੁਰੈਂ ਦਸਾਂਹਿ ਕੀ ਕਥਾ ਪੁਰੈਂ ਸੁ ਪੂਰਬਾਰਧੈ ਵਿਖੈ, ਕਥੰਨ ਕੀਨ ਮੈਂ ਮਥੰਨ ਗ੍ਰੰਥ ਆਨਕੈ।
ਅਬੈ ਸੁ ਉੱਤ੍ਰਾਰਧੈ ਵਿਖੈ ਚਰਿੱਤ੍ਰ ਪੰਥ ਕੇ, ਬਚਿੱਤ੍ਰ ਜੇ ਪਵਿੱਤ੍ਰ ਅੱਤ੍ਰ ਚਾਹਿ ਹੌਂ ਬਖਾਨ ਕੈ।
ਸੁਨੈਹੁ ਪੰਥ ਖਾਲਸਾ ਨਿਰਾਲਸਾ ਕਮਾਲਸਾ, ਦਯਾਲਸਾ ਬਿਸਾਲਸਾ ਥਵੈਹੁ ਦਾਸ ਜਾਨ ਕੈ।
ਲਖੈਹੁ ਦਾਸ ਬਾਲਸਾ ਤੁਮੈ ਸਦੈਹੁਂ ਪਾਲਸਾ, ਯੁਤੈਹੁਂ ਦੋਸ਼ ਮਾਲਸਾ ਨ ਖਯਾਲਸਾ ਕਿਛਾਨ ਕੈ ॥੨੮॥

ਪਦਅਰਥ

ਗੁਰੈਂ ਦਸਾਂਹਿ ਕੀ=ਦਸਾਂ ਸਤਿਗੁਰਾਂ ਦੀ। ਪੁਰੈਂ=ਪਹਿਲਾਂ। ਪੂਰਬਾਰਧੈ ਵਿਖੈ=ਗ੍ਰੰਥ ਦੇ ਪਹਿਲੇ ਅੱਧੇ ਭਾਗ ਵਿੱਚ। ਮਥੰਨ=ਵਿਚਾਰ ਕੇ। ਆਨਕੈ=ਅਨੇਕਾਂ। ਉੱਤ੍ਰਾਰਧੈ ਵਿਖੈ=ਗ੍ਰੰਥ ਦੇ ਪਿਛਲੇ ਅੱਧੇ ਭਾਗ ਵਿੱਚ। ਚਰਿੱਤ੍ਰ=ਕੌਤਕ। ਬਚਿੱਤ੍ਰ=ਅਨੋਖੇ। ਅੱਤ੍ਰ=ਏਥੇ, ਇਸ ਥਾਂ। ਚਾਹਿ ਹੌਂ ਬਖਾਨ ਕੈ=ਕਥਨ ਕਰਨਾ ਚਾਹੁੰਦਾ ਹਾਂ। ਸੁਨੈਹੁ=ਸੁਣਹੁ। ਨਿਰਾਲਸਾ=ਆਲਸ ਤੋਂ ਬਿਨਾਂ ਭਾਵ ਸਾਵਧਾਨ ਹੋ ਕੇ। ਕਮਾਲਸਾ=ਬਹੁਤ। ਦਯਾਲਸਾ=ਦਇਆਲੂ। ਬਿਸਾਲਸਾ=ਬਹੁਤੇ। ਥਵੈਹੁ=ਹੋਵੋ। ਲਖੈਹੋ=ਜਾਣੋ। ਬਾਲਸਾ=ਬਾਲਕਾਂ ਵਾਂਗ। ਪਾਲਸਾ=ਪਾਲ ਕੇ। ਯੁਤੈਹੁਂ ਦੋਸ਼ ਮਾਲਸਾ=ਦੋਸ਼ਾਂ ਦੀ ਮਾਲਾ ਭਾਵ ਬਹੁਤੇ ਦੋਸ਼ਾਂ ਸਹਿਤ ਹਾਂ। ਨ ਖਯਾਲਸਾ ਕਿਛਾਨ ਕੈ=(ਮਨ ਵਿੱਚ) ਹੋਰ ਕੋਈ ਖਿਆਲ ਨਾ ਕਰਦੇ ਹੋਏ।

ਅਰਥ

੧ ਮੈਂ ਅਨੇਕਾਂ ਗ੍ਰੰਥਾਂ ਨੂੰ ਵਿਚਾਰ ਕੇ ਦਸਾਂ ਸਤਿਗੁਰਾਂ ਦੀ ਕਥਾ ਪਹਿਲਾਂ ਪੂਰਬਾਰਧ ਵਿੱਚ ਕਥਨ ਕੀਤੀ ਹੈ।

੨ ਹੁਣ ਉੱਤ੍ਰਾਰਧ ਵਿੱਚ ਪੰਥ ਦੇ ਅਨੋਖੇ ਤੇ ਪਵਿੱਤ੍ਰ ਕੌਤਕ ਏਥੇ ਕਥਨ ਕਰਨੇ ਚਾਹੁੰਦਾ ਹਾਂ।

੩ ਹੇ ਖਾਲਸਾ ਪੰਥ ! ਬਹੁਤ ਸਾਵਧਾਨ ਹੋ ਕੇ ਸੁਣੋ ਤੇ ਮੈਨੂੰ ਆਪਣਾ ਦਾਸ ਜਾਣਕੇ ਮੇਰੇ 'ਤੇ ਬਹੁਤ ਦਇਆਲੂ ਹੋਵੋ।

੪ ਮੈਂ ਤੁਹਾਡਾ ਪਾਲਕ ਅਖਵਾਉਂਦਾ ਹਾਂ ਤੇ ਬਹੁਤ ਦੋਸ਼ਾਂ ਸਹਿਤ ਹਾਂ, ਕੁਝ ਹੋਰ ਖ਼ਿਆਲ ਨਾ ਕਰਦੇ ਹੋਏ ਮੈਨੂੰ ਆਪਣੇ ਬਾਲਕਾਂ ਵਰਗਾ ਦਾਸ ਜਾਣੋ।

ਭਾਵ ਅੰਕ ਨੰ. ੧੧ ਤੋਂ ੨੨ ਤੱਕ ਦੇ ੧੨ ਅੰਕਾਂ ਵਿੱਚ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮੰਗਲ ਕੀਤਾ ਹੈ ਤੇ ੨੩ ਤੋਂ ੨੮ ਅੰਕ ਤੱਕ ੬ ਅੰਕਾਂ ਵਿੱਚ ਆਪਣੀ ਨਿੰਮ੍ਰਤਾ ਦਾ ਵਰਣਨ ਹੈ ਤੇ ਆਪਣੇ ਵਲੋਂ ਗੁਰੂ ਜੀ ਅਤੇ ਗੁਰੂ ਪੰਥ ਪਾਸੋਂ ਕੁਝ ਵਰ ਦਾਨ ਮੰਗੇ ਹਨ। ਗੁਰੂ ਜੀ ਬਾਰੇ ਕਵੀ ਜੀ ਲਿਖਦੇ ਹਨ ਕਿ ਅਕਾਲ ਪੁਰਖ ਜੀ ਨੇ ਆਪਣਾ ਹੀ ਦੂਜਾ ਸਰੂਪ ਸਪੁੱਤਰ ਦੀ ਪਦਵੀ ਦੇ ਕੇ "ਧਰਮ ਚਲਾਵਨ ਸੰਤ ਉਬਾਰਨ" ਅਤੇ "ਦੁਸ਼ਟ ਸਭਨ ਕੋ ਮੂਲ ਉਪਾਰਨ" ਲਈ ਜਗਤ ਵਿੱਚ ਭੇਜਿਆ ਹੈ। ਆਪ ਸੂਰਜ ਵਾਂਗ ਜਗਤ ਵਿੱਚ ਪ੍ਰਗਟ ਹੋਏ ਜਿਨ੍ਹਾਂ ਦੇ ਤੇਜ ਤੇ ਬਲ ਦੇ ਅੱਗੇ ਅਵਿੱਦਿਆ ਦੀਰਾਤ, ਮੋਹ ਆਦਿ ਵਿਕਾਰਾਂ ਦੀ ਆਸੁਰੀ ਸੈਨਾ, ਨਾਸਤਕ ਮਤਾਂਰੂਪ ਤਾਰੇ ਅਲੋਪ ਹੋ ਗਏ ਤੇ ਔਰੰਗਜ਼ੇਬ ਦਾ ਤੇਜ ਚੰਦ ਵਾਂਗ ਫਿੱਕਾ ਪੈ ਗਿਆ, ਜਿਸ ਕਰ ਕੇ ਹਿੰਦੂ ਧਰਮ ਦੇ ਬਚਾਅ ਦੇ ਆਸਾਰ ਪੈਦਾ ਹੋ ਗਏ। ਆਪ ਨੇ ਸਭ ਤੋਂ ਮਹਾਨ

ਕਾਰਨਾਮਾ ਇਹ ਕੀਤਾ ਕਿ ਚਹੁੰਆਂ ਵਰਨਾਂ ਨੂੰ ਇਕੱਠੇ ਕਰ ਕੇ ਖ਼ਾਲਸਾ ਪੰਥ ਸਾਜ ਦਿੱਤਾ। ਜਿੱਥੇ ਆਪ ਨੇ ਆਪਣੇ ਹੱਥ ਵਿੱਚ ਤਲਵਾਰ ਤੇ ਤੀਰ ਫੜ ਕੇ ਦੁਸ਼ਟ ਜ਼ਾਲਮਾਂ ਦਾ ਨਾਸ ਕੀਤਾ ਉਥੇ ਮੋਹ ਵਿੱਚ ਫਸੇ ਹੋਏ ਜੀਵਾਂ ਨੂੰ ਬ੍ਰਹਮ ਗਿਆਨ ਦੀ ਦਾਤ ਬਖ਼ਸ਼ ਕੇ ਮੁਕਤ ਕਰ ਦਿੱਤਾ। ਵਾਹਿਗੁਰੂ ਜੀ ਤੋਂ ਭੁੱਲੇ ਲੋਕਾਂ ਨੂੰ ਮੜ੍ਹੀਆਂ, ਮਸਾਣਾਂ, ਕਬਰਾਂ, ਦੇਵ ਮੰਦਰਾਂ, ਪੱਥਰ ਦੀਆਂ ਮੂਰਤਾਂ ਤੇ ਜੜ੍ਹ ਪਦਾਰਥਾਂ ਦੀ ਪੂਜਾ ਤੋਂ ਛੁਡਵਾਇਆ। ਜੰਤ੍ਰਾਂ, ਮੰਤ੍ਰਾਂ, ਤੰਤ੍ਰਾਂ ਤੇ ਪਖੰਡੀ ਭੇਖਾਂ ਦਾ ਖੰਡਨ ਕੀਤਾ। ਭੇਦ ਤੇ ਭ੍ਰਮ ਨੂੰ ਮੇਟ ਕੇ ਏਕਤਾ ਦਾ ਗਿਆਨ ਬਖ਼ਸ਼ਿਆ। ਤਿੱਖਾ ਖਾਲਸਾ ਪੰਥਰਚ ਕੇ ਬ੍ਰਹਿਮੰਡ ਵਿੱਚ ਧਰਮ ਦਾ ਚਾਨਣ ਕੀਤਾ। ਗੁਰੂ ਜੀ ਦੇ ਸੁੰਦਰ ਸਰੂਪ ਤੇ ਗੁਣਾਂ ਬਾਰੇ ਵਰਣਨ ਕਰਦਿਆਂ ਕਵੀ ਜੀ ਲਿਖਦੇ ਹਨ ਕਿ ਗੁਰੂ ਜੀ ਬਹੁਤ ਹੀ ਸੁੰਦਰ ਜਵਾਨ ਹਨ। ਆਪ ਜੀ ਦੀ ਸੁੰਦਰਤਾ ਤੱਕ ਕੇ ਤਿੰਨਾਂ ਹੀ ਲੋਕਾਂ ਦੇ ਇਸਤ੍ਰੀ ਪੁਰਸ਼ ਮੋਹਿਤ ਹੋ ਕੇ ਬੇਹੋਸ਼ ਹੋ ਜਾਂਦੇ ਹਨ। ਗੁਣਾਂ ਕਰ ਕੇ ਧੀਰਜੀ, ਤੇਜਵਾਨ ਸੂਰਮੇਂ, ਰਾਜਨੀਤੀ ਦੇ ਗਿਆਤਾ, ਭਰੋਸੇ ਤੇ ਪ੍ਰੀਤੀ ਦੇ ਮਾਲਕ ਹਨ। ਆਪ ਜੀ ਦੀ ਸ਼ਹਿਨਸ਼ਾਹਾਂ ਵਰਗੀ ਸੋਭਾ ਹੈ। ਆਪ ਦੀ ਸਭਾ ਨੂੰ ਦੇਖ ਕੇ ਦੇਵਤਿਆਂ ਦਾ ਸ਼ਹਿਨਸ਼ਾਹ ਇੰਦ ਤੇ ਉਸ ਦੀ ਸਭਾ ਵੀ ਸ਼ਰਮਿੰਦਾ ਹੋ ਜਾਂਦੀ ਹੈ। ਆਪ ਦਾ ਤੇਜ ਪ੍ਰਤਾਪ ਬਿਜਲੀ ਵਾਂਗ ਚਮਕ ਰਿਹਾ ਹੈ। ਫ਼ੌਜ ਬੱਦਲ ਦੀ ਉਛਲਦੀ ਘਟਾ ਵਾਂਗ ਚਲਰਹੀ ਹੈ। ਤਲਵਾਰ ਨਾਲ ਆਪ ਸਭ ਤੋਂ ਵੱਧ ਪਿਆਰ ਕਰਦੇ ਹਨ। ਜੰਗ ਅਤੇ ਅਕਾਲ ਪੁਰਖ ਨੂੰ ਸਦਾ ਯਾਦਰਖਦੇ ਹਨ। ਆਪ ਜਤੀ, ਸਤੀ, ਸੰਤੋਖੀ, ਜਪੀ, ਤਪੀ, ਹਠੀ, ਉੱਤਮ ਮਤੀ ਅਤੇ ਪਵਿੱਤ੍ਰ ਆਤਮਾ ਹਨ। ਕਾਮ ਆਦਿਕ ਪੰਜਾਂ ਵਿਕਾਰਾਂ ਨੂੰ ਗਾਲਣ ਵਾਲੇ ਹਨ। ਗੁਣਾਂ ਦੇ ਗਿਆਤੇ, ਤੱਤ ਸਰੂਪ ਦੇ ਜਾਣੂ, ਕੌਮ ਦੇ ਮਹਾਨ ਨੇਤਾ, ਕਿਰਪਾ ਦੇ ਸਮੁੰਦਰ, ਤਿੰਨਾਂ ਲੋਕਾਂ ਵਿੱਚ ਮਸ਼ਹੂਰ ਤੇ ਬਹੁਤ ਚਤੁਰ ਹਨ। ਵਿਕਾਰਾਂ ਦੀ ਛੋਹ ਤੋਂਰਹਿਤ, ਕਿਸੇ ਨਾਲ ਵੀ ਧੋਖਾ ਤੇ ਵੈਰ ਨਹੀਂ ਕਰਦੇ। ਸ਼ਸਤ੍ਰ ਪਹਿਨ ਕੇ ਬੀਰਰਸ ਵਿੱਚ ਮਸਤਰਹਿੰਦੇ ਹਨ, ਪਰ ਦੁਸ਼ਟ ਪੁਰਸ਼ਾਂ ਨੂੰ ਕਾਲ ਵਾਂਗ ਜਾਪਦੇ ਹਨ। ਜਿੱਥੇ ਆਪ ਭਿਆਨਕ ਸ਼ਸਤ੍ਰਾਂ ਨੂੰ ਚਲਾ ਕੇ ਦੁਸ਼ਟਾਂ ਨੂੰ ਵਿੰਨ੍ਹਣ ਵਾਲੇ ਹਨ, ਉਥੇ ਸ਼ਰਨ ਆਇਆਂ ਦੀ ਹਰ ਤਰ੍ਹਾਂਰੱਖਿਆ ਕਰਨ ਨੂੰ ਪੂਰਨ ਸਮਰੱਥ ਹਨ। ਆਪ ਦੇ ਕੇਸਾਂ ਤੇ ਦਾਹੜੇ ਦੀ ਸੋਭਾ ਅਨੂਪਮ ਹੈ। ਅਕਾਲ ਪੁਰਖ ਦਾ ਭਜਨ ਕਰਦਿਆਂ ਤੇਜ ਅੱਗ ਵਾਂਗ ਚਮਕਦਾ ਹੈ। ਸੰਗੀਤ ਦੇ ਅਨੇਕਾਂ ਸਾਜ਼ ਆਪ ਦੀ ਸਭਾ ਦੇ ਸ਼ਿੰਗਾਰ ਹਨ। ਸੰਗੀਤ ਦੇ ਮਹਾਨ ਗੁਣੀ ਆਪ ਦੀ ਸਭਾ ਵਿੱਚ ਬੈਠ ਕੇ ਅਨਗਿਣਤਰਾਗਾਂ ਦੀਆਂ ਸੁੰਦਰ ਧੁਨੀਆਂ ਸੁਣਾ ਕੇ ਰਿਸ਼ੀਆਂ ਮੁਨੀਆਂ ਨੂੰ ਵੀ ਮੋਹਿਤ ਕਰ ਰਹੇ ਹਨ। ਆਪ ਦੀ ਸਭਾ ਦੀ ਚਮਕ ਦਮਕ ਚੰਦ ਤੇ ਸੂਰਜ ਨੂੰ ਵੀ ਮਾਤ ਪਾਉਂਦੀ ਹੈ। ਕਲਪ ਬ੍ਰਿੱਛ ਵਾਂਗ ਸੇਵਕਾਂ ਨੂੰ ਮਨ-ਇੱਛਤ ਫਲਾਂ ਦੇ ਦਾਤੇ ਹਨ। ਪਾਮਰ ਪੁਰਸ਼ਾਂ ਨੂੰ ਵੀ ਬਦੀ ਤੋਂ ਹਟਾ ਕੇ ਪਵਿੱਤ੍ਰ ਤੋਂ ਪਵਿੱਤ੍ਰ ਕਰ ਦੇਂਦੇ ਹਨ। ਮਿੱਤ੍ਰਾਂ ਤੇ ਸੇਵਕਾਂ ਨਾਲ ਅਨੋਖਾ ਪਿਆਰ ਕਰਦੇ ਹਨ। ਅੰਕ ਨੰ. ੧੩ ਤੋਂ ੨੩ ਤੱਕ ਦੇ ੧੧ ਛੰਦਾਂ ਵਿੱਚ ਗੁਰੂ ਜੀ ਦੇ ਮੰਗਲ ਕਰਦਿਆਂ "ਗੁਰੂ ਗੁਬਿੰਦ ਸਿੰਘ ਕੇ ਪਦਾਰਬਿੰਦ ਪੈ ਨਮੋ, ਬਰੰਨ ਚਾਰ ਮੇਲਿ ਜਾਂਹਿ ਕੀਨ ਪੰਥ ਖਾਲਸਾ। " ਦੀ ਸਮੱਸਿਆ ਪੂਰਤੀ ਬੜੇ ਹੀ ਸੁਚੱਜੇ ਢੰਗ ਨਾਲ ਕੀਤੀ ਹੈ। ਚੂੰਕਿ ਅਗਲੇ ਹਿੱਸੇ ਭਾਵ ਉੱਤ੍ਰਾਰਧ ਵਿੱਚ ਖਾਲਸਾ ਪੰਥ ਦੇ ਸੁੰਦਰ ਇਤਿਹਾਸ ਦਾ ਵਰਣਨ ਹੈ, ਇਸੇ ਲਈ ਖਾਲਸਾ ਸਾਜਨਹਾਰ ਸਤਿਗੁਰਾਂ ਦਾ ਮੰਗਲ ਵਧੇਰੇ ਛੰਦਾਂ ਵਿੱਚ ਕੀਤਾ ਹੈ। ਅੰਕ ਨੰ. ੨੩ ਤੋਂ ੨੭ ਤੱਕ ਪੰਜ ਅੰਕਾਂ ਵਿੱਚ ਆਪ ਨੇ ਮਹਾਨ ਕਵੀ ਹੋਣ ਦੇ ਬਾਵਜੂਦ ਆਪਣੀ ਅਤਿ ਨਿੰਮ੍ਰਤਾ ਦਾ ਪ੍ਰਗਟਾਵਾ ਕੀਤਾ ਹੈ, ਜੋ ਆਪ ਦੀ ਮਹਾਨ ਸ਼ਖ਼ਸੀਅਤ ਦਾ ਸੂਚਕ ਹੈ। ਆਪਣੇ ਆਪ ਨੂੰ ਸਾਰੇ ਅਉਗਣ ਕਰਨ ਵਾਲਾ ਤੇ ਸਤਿਗੁਰੂ ਜੀ ਨੂੰ ਸਾਰੇ ਅਉਗਣ ਬਖ਼ਸ਼ਣ ਵਾਲਾ ਵਰਣਨ ਕੀਤਾ ਹੈ। ਸਿੱਖੀ, ਭਗਤੀ ਭਾਵ, ਪ੍ਰੇਮ, ਨਾਮ ਦਾਨ ਅਤੇ ਗ੍ਰੰਥ ਦੀ ਨਿਰਵਿਘਨ ਸੰਪੂਰਨਤਾ ਦੀਆਂ ਬਖ਼ਸ਼ਸ਼ਾਂ ਲੈਣ ਲਈ ਬੜੇ ਹੀ ਸੁੰਦਰ ਸ਼ਬਦਾਂ ਵਿੱਚ ਤਰਲੇ, ਜੋਦੜੀਆਂ ਤੇ ਬੇਨਤੀਆਂ ਕੀਤੀਆਂ ਹਨ। ਅੰਕ ਨੰ. ੨੮ ਵਿੱਚ ਖ਼ਾਲਸਾ ਪੰਥ ਨੂੰ ਸੰਬੋਧਨ ਕਰਦਿਆਂ ਆਖਦੇ ਹਨ ਕਿ ਮੈਂ ਤੁਹਾਡਾ ਪਾਲਕ ਅਖਵਾਉਂਦਾ ਹਾਂ, ਇਸ ਲਈ ਮੇਰੇ ਅਉਗਣਾਂ ਵਲ ਖ਼ਿਆਲ ਨਾ ਕਰਦੇ ਹੋਏ ਮੇਰੇ 'ਤੇ ਦਇਆਲੂ ਹੋ ਕੇ ਆਪਣੇ ਬਾਲਕਾਂ ਵਾਂਗ ਨਿਵਾਜੋ। ਉਪ੍ਰੋਕਤ ਸਾਰੇ ਮੰਗਲਾਂ ਵਿਚੋਂ ਕਵੀ ਜੀ ਦੀ ਗੁਰੂ ਜੀ ਪ੍ਰਤਿ ਸ਼ਰਧਾ, ਵਿਸ਼ਵਾਸ, ਪਿਆਰ, ਭਗਤੀ, ਸੇਵਾ ਤੇ ਨਿੰਮ੍ਰਤਾ ਆਦਿ ਦੈਵੀ ਗੁਣਾਂ ਦਾ ਠਾਠਾਂ ਮਾਰਦਾ ਸਮੁੰਦਰ ਨਜ਼ਰ ਆਉਂਦਾ ਹੈ। ਕਾਵਿ ਕਲਾ, ਸੁੰਦਰ ਤੇ ਢੁਕਵੇਂ ਅਲੰਕਾਰ, ਤਸ਼ਬੀਹਾਂ, ਮਿਲਵੇਂ ਤੇ ਇੱਕੋ ਵਜ਼ਨ ਦੇ ਸ਼ਬਦਾਂ ਦੀ ਸੁੰਦਰ ਜੜਤ, ਸੁਨਹਿਰੀ ਗਹਿਣਿਆਂ 'ਤੇ ਕੀਤੀ ਮੀਨਾਕਾਰੀ ਦੀ ਜੜਤ ਨੂੰ ਵੀ ਮਾਤ ਪਾਉਂਦੀ ਹੈ।

ਚੌਪਈ:

ਸ੍ਰੀ ਗੁਰੁ ਦਸ ਕੀ ਗਾਥ ਮਹਾਂਈ[1]।
[1]ਵੱਡੀ, ਬਹੁਤੀ।
ਪੂਰਬਾਰਧ ਮੈਂ[1] ਪੂਰਬ ਗਾਈ[2]।
[1]ਪਹਿਲੇ ਅੱਧੇ ਭਾਗ ਵਿੱਚ। [2]ਪਹਿਲੇ ਕਹਿ ਆਏ ਹਾਂ।
ਗੁਰੂ ਪ੍ਰਤਾਪ ਸੂਰਜੈ ਕੇਰੋ[1]।
[1]ਦਾ।
ਕੀਨ ਸੰਛੇਪ ਕਥਾ ਭਲ ਹੇਰੋ ॥੨੯॥
ਬਹੁ ਦਿਨ ਤੇ ਗੁਰੁ ਸਿੱਖ ਬਧੇਰੇ।
ਕਹਿਤੇ ਰਹਿਤੇ ਥੇ ਇਮ ਟੇਰੇ[1]।
[1]ਬੋਲ ਕੇ।
ਗੁਰ ਪ੍ਰਤਾਪ ਸੂਰਜ ਹੈ ਜੋਈ।
ਅਤਿ ਬਿਸਤਾਰ ਕਥਾ ਬਹੁ ਸੋਈ ॥੩੦॥
ਚਾਰ ਗ੍ਰੰਥ ਸਾਹਿਬੋਂ ਜੇਤਾ।
ਹੈ ਨਾਨਕ ਪ੍ਰਕਾਸ਼ ਸਮੇਤਾ।
ਕਾਰ ਬਾਰ ਦੁਨੀਆਂ ਕੇ ਮਾਹੀਂ।
ਏਤਿਕ ਪਢਨੋ ਮੁਸ਼ਕਲ ਆਹੀ ॥੩੧॥
ਗਾਥ ਗੁਰਾਂ ਕੀ ਸਭਿ ਚਹਿਂ ਦੇਖਯੋ।
ਮਨ ਮੇਂ ਰਹਿਤ ਪਰੇਮ ਬਿਸੇਖਯੋ[1]।
[1]ਬਹੁਤਾ।
ਪਰ ਕੰਮਨ ਤੈਂ ਫੁਰਸਤ[1] ਥੋਰੀ।
[1]ਵਿਹਲ।
ਮਿਲ ਹੈ, ਪਢਯੋ ਨ ਜਾਤ ਬਹੋਰੀ ॥੩੨॥
ਬਿਨਾਂ ਸਮੱਗ੍ਰ[1] ਪਢੇ ਗੁਰ ਗਾਥਾ।
[1]ਸਾਰੀ।
ਕਰ ਕੰਕਨ ਜਯੋਂ[1] ਆਇ ਨ ਹਾਥਾ।
[1]ਹੱਥ ਦੇ ਕੜੇ ਵਾਂਗ।
ਤਾਂ ਤੇ ਜੇ ਸੰਛੇਪ ਹ੍ਵੈ ਜੈਹੈ।
ਕਾਰ-ਬਾਰ ਮੈਂ ਭੀ ਪਢ ਲੈਹੈਂ ॥੩੩॥
ਤੁਮ ਉਪਕਾਰੀ ਸੰਤ ਦਿਆਲੂ।
ਕੀਜੈ ਇਹੁ ਉਪਕਾਰ ਬਿਸਾਲੂ।
ਸੰਤ ਅਚਾਰਯ[1] ਹਰਿ ਅਵਤਾਰੈਂ।
[1]ਗੁਰੂ
ਕੇ ਤਨ, ਹੋਵਤ ਹਿਤ ਉਪਾਕਾਰੈਂ ॥੩੪॥
ਕੂਪ[1] ਬਾਵਲੀ ਤਾਲ ਸਰਾਏਂ।
[1]ਖੂਹ।
ਪੁਲ ਰਸਤੇ ਮੰਦਰ ਬਨਵਾਏਂ।
ਪਰਉਪਕਾਰ ਹੇਤ ਇਹੁ ਸੋਹੀਂ[1]।
[1]ਸੋਭਦੇ ਹਨ।
ਪਰ ਨਹਿਂ ਗ੍ਰੰਥ ਰਚਨ ਸਮ ਹੋਹੀਂ ॥੩੫॥
ਸੋ ਤੋ ਏਕ ਠੌਰ ਹੀ ਰੈਹੈਂ।
ਪੋਥੀ ਦੇਸ ਬਿਦੇਸੈਂ ਜੈਹੈਂ।

ਪਢਿ ਸੁਨਿ ਲੋਗ ਹਜਾਰੋਂ ਸੁਧਰੈਂ।	
ਗੁਰ ਗਾਥਾ ਉਰਿ ਧਰਿ[1] ਜਗਿ ਉਧਰੈਂ ॥੩੬॥	[1]ਹਿਰਦੇ 'ਚ ਧਾਰ ਕੇ।
ਅਮਰ ਨਾਮ ਕਵਿ ਕਾ ਭੀ ਰੈਹੈ।	
ਜਹਿਂ ਪਢ ਹੈਂ ਤਹਿਂ ਸੁਜਸ ਕਰੈ ਹੈਂ।	
ਯੌਂ ਜਬਿ ਉਰ ਤੇ ਬਹੁ ਗੁਰਸਿੱਖੈਂ।	
ਕਹਯੋ ਬਾਰ ਬਹੁ ਕਵਿ ਕੋ ਤਿੱਖੈਂ[1] ॥੩੭॥	[1]ਜ਼ੋਰ ਨਾਲ।
ਬਾਤ ਸੁਹਾਤ ਲਖਾਤ ਖਰੀ ਹੈ[1]।	[1]ਜਾਣ ਲਿਆ ਕਿ ਇਹ ਗੱਲ ਸੋਹਣੀ ਤੇ ਚੰਗੀ ਹੈ।
ਮਾਨੀ ਗਯਾਨੀ ਗਯਾਨ ਹਰੀ ਹੈ।	
ਮਨ ਮੈਂ ਯਹਿ ਵਿਚਾਰ ਦਿਢ ਕੀਤਾ।	
ਹਮ ਨੈਂ ਕਰਨੋ ਕਾਲ ਬਿਤੀਤਾ ॥੩੮॥	
ਕਾਮ ਨਹੀਂ ਜਗ ਕਾ ਮੁਹਿ ਕੋਊ।	
ਜੋ ਪ੍ਰਤਿਬੰਧੀ[1] ਯਾ ਮੈਂ ਹੋਊ।	[1]ਰੁਕਾਵਟ ਪਾਉਣ ਵਾਲਾ।
ਜਰ[1] ਜੋਰੂ[2] ਜਾਮੀਨ ਨਹੀਂ ਹੈਂ।	[1]ਸੋਨਾ, ਧਨ। [2]ਇਸਤ੍ਰੀ।
ਜੋਊ ਉਪੱਦ੍ਰਨ ਮੂਲ[1] ਕਹੀ ਹੈਂ ॥੩੯॥	[1]ਪੁਆੜਿਆਂ ਦਾ ਮੁੱਢ।
ਅਰ ਨਹਿਂ ਮਨ ਮਹਿਂ ਕਿੰਚਤ ਇੱਛਾ।	
ਤਾਂ ਤੇ ਮਾਨੋਂ ਸਿੱਖਨਿ ਦਿੱਛਾ[1]।	[1]ਦੀਖਿਆ, ਉਪਦੇਸ਼, ਸਿੱਖਿਆ।
ਅਰ ਕੋਵਿਦ[1] ਗੁਰ ਇਹੀ ਬਤਾਵੈਂ।	[1]ਵਿਦਵਾਨ।
ਮਨ ਕੋ ਕੈ ਸਰੂਪ ਮੈਂ ਲਾਵੈ[1] ॥੪੦॥	[1]ਜਾਂ ਆਪਣੇ ਸਰੂਪ ਦੇ ਧਿਆਨ 'ਚ ਜੋੜੋ।
ਕੈ ਸਰੂਪ ਨਿਜ ਕੇ ਗੁਨ ਗਾਵੈ।	
ਗੁਰੁ ਉਪਦੇਸ਼ ਸਪ੍ਰੇਮ ਕਮਾਵੈ।	
ਯੌਂ ਮਨ ਬਨਕ ਭੂਤ ਜਯੋਂ[1] ਬਸ ਹ੍ਵੈ।	[1]ਬਾਣੀਏ ਦੇ (ਮੁਲ ਖ਼ਰੀਦੇ) ਭੂਤ ਵਾਂਗ।
ਤਬੈ ਗਯਾਨ ਕਾ ਪ੍ਰਾਪਤ ਰਸ ਹ੍ਵੈ ॥੪੧॥	
ਤਾਂ ਤੇ ਗੁਨ ਗੁਰ ਸਿੱਖਨਿ ਜੇ ਹੈਂ।	
ਦਾਯਕ ਮੋਦ ਪ੍ਰਮੋਦ ਅਤੇ ਹੈਂ[1]।	[1]ਬਹੁਤ ਤੋਂ ਬਹੁਤ ਅਨੰਦ ਦੇਣ ਵਾਲੇ ਹਨ।
ਅਰ ਕਵਿਤਾ ਕ੍ਰਿਤ ਸਮ ਨ ਸਮਾਧੀ[1]।	[1]ਕਵਿਤਾਰਚਨ ਦੇ ਬਰਾਬਰ ਸਮਾਧੀ ਨਹੀਂ ਹੈ।
ਚਿਤਿ ਬ੍ਰਿਤਿ ਰਹਤ ਯਾਹਿ ਮੈਂ ਬਾਂਧੀ ॥੪੨॥	
ਇਕ ਅਸਮੰਜਸ[1] ਹੈ ਇਸ ਮਾਹੀਂ।	[1]ਅਣਬਣ।
ਕਵਿਤਾ ਜੋਗ ਬੁੱਧਿ ਮਮ ਨਾਂਹੀਂ।	
ਪੈ ਭਰੋਸ ਉਰਿ ਦਿਢ ਯਹਿ ਐਹੈ।	
ਜਯੋਂ ਬਾਰਕ ਤੋਤਲ ਬਚੁ[1] ਕੈਹੈ ॥੪੩॥	[1]ਤੋਤਲੇ ਬਚਨ।

ਤੌ ਭੀ ਮਾਤ ਪਿਤਾ ਸੁਨਿ ਖੁਸ਼ ਹ੍ਵੈਂ।
ਤਜੋਂ ਮਮ ਬਚ ਸੁਨਿ ਗੁਰਸਿੱਖ ਤੁਸ[1] ਹ੍ਵੈਂ। — [1]ਪ੍ਰਸੰਨ।
ਮਨੀ ਅਮੋਲਕ ਯੁਤ ਜੋ ਮੁੰਦ੍ਰੀ।
ਲਗਤ ਕੁਢੰਗ ਘਰੀ ਭੀ ਸੁੰਦ੍ਰੀ[1] ॥ ੪੪ ॥ — [1]ਖੋਟੇ ਢੰਗ ਨਾਲ ਘੜੀ ਹੋਈ ਵੀ ਸੁੰਦਰ ਲਗਦੀ ਹੈ।
ਤਜੋਂ ਮਮ ਕਵਿਤਾ ਗੁਰ ਸਿੱਖ ਆਦ੍ਰੈਂ[1]। — [1]ਆਦਰ ਕਰਦੇ ਹਨ।
ਗੁੰਥਤ ਪੰਥ ਸੁਜਸ ਯੁਤ ਸਾਦ੍ਰੈਂ[1]। — [1]ਕਿਉਂਕਿ ਇਹ ਆਦਰ ਨਾਲ ਪੰਥ ਦੇ ਚੰਗੇ ਜਸ ਸਹਿਤ ਗੁੰਦੀ ਹੋਈ ਹੈ।

ਯਹਿ ਵਿਚਾਰ ਗੁਰੂਓਂ ਕੀ ਗਾਥਾ।
ਰਚੀ ਜਥਾ ਮਤਿ[1] ਅਤਿ ਹਿਤ ਸਾਥਾ ॥ ੪੫ ॥ — [1]ਆਪਣੀ ਮਤ ਅਨੁਸਾਰ।
ਜੱਦਜਪਿ ਕਵਿਤਾ ਹਸਬੇ ਜੋਗੂ।
ਪੈ ਨ ਹਸਤ ਤਰਕਤ[1] ਗੁਰ ਲੋਗੂ[2]। — [1]ਸ਼ੰਕਾ ਨਹੀਂ ਕਰਦੇ। [2]ਗੁਰ ਸਿੱਖ।
ਪੰਥ ਕਬੂਲ ਕਰੀ ਕਰਿ ਦਾਯਾ।
ਯਾ ਤੈਂ ਰਚਨੁੱਤ੍ਰਾਰਧ ਭਾਯਾ[1] ॥ ੪੬ ॥ — [1]ਇਸ ਕਰ ਕੇ ਉਤ੍ਰਾਰਧ ਨੂੰ ਰਚਨਾ ਚੰਗਾ ਲੱਗਾ ਹੈ।
ਗੁਰੂਅਨ ਅਰ ਸਿੱਖਨ ਕੀ ਗਾਥਾ।
ਕਾ, ਇਹੁ ਗ੍ਰੰਥ ਰਚਜੋ ਹਿਤ ਸਾਥਾ।
ਨਾਮ ਪੰਥ ਪਰਕਾਸ਼ ਰਹਾਯੋ।
ਪੂਰਬ ਥਾ ਜੋ ਬਨਜੋ ਸੁਹਾਯੋ ॥ ੪੭ ॥
ਉਸ ਹੀ ਮੈਂ ਦ੍ਵੈ ਭਾਗ ਬਨਾਏ।
ਪੂਰਬਾਰਧ ਉੱਤਰਾਰਧ ਗਾਏ।
ਪੂਰਬਾਰਧ ਪਾਛੇ ਕਿਯ ਪੂਰਾ।
ਅਬਿ ਉੱਤਰਾਰਧ ਲਿਖਹੋਂ ਰੂਰਾ[1] ॥ ੪੮ ॥ — [1]ਸੁੰਦਰ।
ਪ੍ਰਿਥਮੈਂ ਬੰਦੇ ਕੀ ਸਭਿ ਗਾਥਾ।
ਕਹਿਹੋਂ ਇਸ ਮੈਂ ਅਬਿ ਹਿਤ ਸਾਥਾ।
ਪਾਛੈ ਪੰਥ ਖਾਲਸੇ ਕੇਰੀ।
ਕਥਹੋਂ ਗਾਥਾ ਅਧਿਕ ਉਜੇਰੀ[1] ॥ ੪੯ ॥ — [1]ਉੱਜਲ, ਪ੍ਰਕਾਸ਼ਮਾਨ।
ਗੁਰ ਕੇ ਪੰਥ ਭੇਖ ਹੈਂ ਜੇਤੇ।
ਪਾਛੈ ਬਰਨਨ ਕਰਿਹੋਂ ਤੇਤੇ।
ਗੁਰਦ੍ਵਾਰੇ ਜੇ ਮੁੱਖਜ ਕਹਾਵੈਂ।
ਤਿਨ ਕੀ ਭੀ ਗਾਥਾ ਸੁਨ ਗਾਵੈਂ ॥ ੫੦ ॥
ਅਬੈ ਪ੍ਰਸੰਗ ਸੁਨੋਂ ਗੁਰ ਪਜਾਰੇ।

ਕਹਿਹੋਂ ਕਲਗੀਧਰਹਿਂ ਜੁਹਾਰੇ[1] ॥੫੧॥ — [1]ਨਮਸ਼ਕਾਰ ਕਰਕੇ।

ਦੋਹਰਾ:

ਜਬਿ ਸ੍ਰੀ ਸਤਿਗੁਰੁ ਦਸਮ ਜੂ,
ਜੀਵਨ ਕਰਤ ਕਲਿਆਨ।
ਦੱਖਨ ਦਿਸ ਬਹੁ ਬਿਚਰ ਕੇ,
ਪਹੁੰਚੇ ਪੁਰਿ ਬੁਰਹਾਨ ॥੫੨॥

ਚੌਪਈ:

ਸ਼ਾਹਿ ਬਹਾਦਰ ਕੋ ਜਿਮ ਸ਼ਾਹੀ[1]। — [1]ਪਾਤਸ਼ਾਹੀ।
ਦਿਲਵਾਈ, ਪੁਨ ਬਨੀ ਨ ਤਾਂਹੀ[1]। — [1]ਉਸ ਤੋਂ (ਸੂਬਾ ਸਰਹੰਦ ਤੇ ਹੋਰ ਜ਼ਾਲਮਾਂ ਨੂੰ ਪਕੜਾ ਦੇਣ ਦੀ ਚੰਗੀ ਗੱਲ) ਨਾ ਬਣੀ।
ਸ਼ਾਹਿ ਸੰਗ ਦੱਖਨ ਦਿਸ ਆਏ।
ਜੁਦੇ ਭਏ ਤਿਸ ਤੈ ਜਿਸ ਠਾਂਏ ॥੫੩॥
ਸੋ ਗਾਥਾ ਗੁਰ ਗਾਥ ਮਝਾਰੀ।
ਭਲੀ ਭਾਂਤਿ ਹਮ ਸਭੈ ਉਚਾਰੀ।
ਅਬਿ ਈਹਾਂ ਸੋਈ ਦਿਖਰਾਂਵੈਂ।
ਬੰਦੇ ਕਾ ਪ੍ਰਸੰਗ ਜਹਿਂ ਆਵੈ ॥੫੪॥
ਤਾਂ ਤੇ ਅਬਿ ਗੁਰ ਕੋ ਕਰਿ ਬੰਦਨ।
ਕਥੈਂ ਪ੍ਰਸੰਗ ਸੁਨੋਂ ਗੁਰ ਨੰਦਨ[1]। — [1]ਗੁਰਾਂ ਦੇ ਪੁੱਤਰੋ, ਭਾਵ ਗੁਰਸਿੱਖੋ।
ਦੇਸ ਵੇਸ ਜੋ ਗੌਂਡ ਉਦਾਰੇ[1]। — [1]ਚੰਗਾ ਸ੍ਰੇਸ਼ਟ ਗੌਂਡ ਦੇਸ।
ਮਹਾਂਰਾਸ਼੍ਰ ਤਿਲੰਗ ਮਝਾਰੇ ॥੫੫॥
ਤਹਿਂ ਬੁਰ੍ਹਾਨ ਪੁਰਿ ਸ਼ਹਿਰ ਸੁਹਾਵਾ।
ਬਿਸਕਰਮਾ[1] ਜਨੁ ਆਪ ਬਨਾਵਾ। — [1]ਦੇਵਤਿਆਂ ਦਾ ਇੰਜੀਨੀਅਰ।
ਜਿਹ ਪਿਖਿ ਅਲਕਾ[1] ਲੰਕ[2] ਲਜਾਵੈਂ। — [1]ਕੁਬੇਰ ਦੀ ਪੁਰੀ। [2]ਲੰਕਾ।
ਬਸਬੇ ਹੇਤ ਦੇਵ ਲਲਚਾਵੈਂ ॥੫੬॥
ਪੁਰੀ ਅਜੁੱਧਯਾ ਮਥਰਾ ਕਾਂਸੀ।
ਪੇਖੀ ਜਾਤ ਮਨੋ ਤਿਹ ਦਾਸੀ।
ਜਹਿਂ ਬਹਿ[1] ਕ੍ਰਿਸ਼ਨਾ ਨਦੀ ਮਹਾਨੀ। — [1]ਵਗਦੀ ਹੈ।
ਜਮਨਾ ਸਰਜੂ ਗੰਗ ਸਮਾਨੀ ॥੫੭॥
ਰੁਚਿਰ ਘਾਟ ਸੋਹਿਤ ਤਟ[1] ਤਾਂ ਕੇ। — [1]ਕਿਨਾਰੇ।
ਮੰਦਰ ਦੇਵਨ ਕੇ ਬਹੁ ਬਾਂਕੇ।

ਸੰਤ ਮੰਡਲੀ ਅਨਿਕ ਤਹਾਂਏ।
ਕਰਿ ਹੈਂ ਭਜਨ ਜਜਨ ਥਿਰਿ ਆਏ[1] ॥੫੮॥ — [1]ਆ ਕੇ ਬੈਠ ਕੇ ਭਜਨ ਤੇ ਪੂਜਨ ਕਰਦੇ ਹਨ।
ਬਨ ਉਪਬਨ ਫੁਲਵਾਰੀ ਫੂਲੀ[1]। — [1]ਬਾਗ਼ ਬਗ਼ੀਚੀਆਂ ਵਿੱਚ ਫੁਲਵਾੜੀ ਫੁੱਲੀ ਹੋਈ ਹੈ।
ਮਨੋ ਪੌਧ[1] ਆਨੰਦ ਕੀ ਝੂਲੀ। — [1]ਪਨੀਰੀ।
ਕਲਗੀਧਰ ਸਾਚੀ ਸਰਕਾਰਾ।
ਤਹਾਂ ਜਾਇ ਜਬਿ ਡੇਰਾ ਡਾਰਾ ॥੫੯॥
ਅਧਿਭੁਤ ਰੂਪ ਸਿੰਘਨ ਸਮ ਦੇਵੈਂ[1]। — [1]ਦੇਵਤਿਆਂ ਵਾਂਗ।
ਲੋਗ ਭਏ ਪਿਖਿ ਅਚਰਜ ਏਵੈਂ।
ਕੋਊ ਸੁਰਿੰਦ੍ਰ[1] ਗੁਰੈਂ ਪ੍ਰਮਾਨੈਂ[2]। — [1]ਇੰਦ੍ਰ। [2]ਮੰਨਦਾ ਹੈ।
ਬਿਸ਼ਨ ਦੇਵ ਕੋਊ ਅਨੁਮਾਨੈਂ ॥੬੦॥
ਕਹੈਂ ਸੈਰ ਧਰ ਕਰਨੇ ਆਏ।
ਸੰਗ ਦੇਵਤਾ ਬ੍ਰਿੰਦ ਸੁਹਾਏ।
ਸਜਾਨੇ ਲੋਗ ਐਸ ਅਨੁਮਾਨੈਂ।
ਹੈ ਕੋਊ ਨ੍ਰਿਪ ਏਹੁ ਮਹਾਨੈਂ ॥੬੧॥
ਤੇਜਵੰਤ ਪ੍ਰਤਾਪੀ ਭ੍ਰਾਜੈਂ[1]। — [1]ਸਜ ਰਹੇ ਹਨ।
ਸੰਗ ਸਮਾਜ ਦਰਾਜ[1] ਬਿਰਾਜੈ। — [1]ਬਹੁਤਾ।
ਭਾਂਤਿ ਅਨੇਕੈ ਬਾਤ ਬਖਜਾਤੈਂ।
ਕਰੈਂ ਪਰਸਪਰ ਬਹੁਧਾ ਜਾਤੈਂ[1] ॥੬੨॥ — [1]ਅਨੇਕਾਂ ਤਰ੍ਹਾਂ (ਦੇ ਰੂਪ) ਜਾਣ ਕੇ।
ਗੁਰੁ ਕਨਾਤ ਖੇਮੇ[1] ਲਗਵਾਏ। — [1]ਤੰਬੂ।
ਸਾਏਮਾਨ[1] ਫਰਸ਼ ਸਜਵਾਏ। — [1]ਛਾਇਆਵਾਨ।
ਥਿਰੇ ਪਲੰਘ ਪਰ ਆਪ ਗੁਸਾਂਈ।
ਚਵਰ ਢੁਰਾਵਤ ਦਾਸ ਥਿਰਾਈ[1] ॥੬੩॥ — [1]ਖੜਾ ਹੋ ਕੇ।
ਸਿੰਘਨ ਅੱਸ੍ਰ ਦਰੇਸ ਲਗਾਏ[1]। — [1]ਘੋੜੇ ਕਤਾਰ 'ਚ ਬੰਨ੍ਹ ਦਿੱਤੇ।
ਤਾੜ ਸੁਚੇਤੇ[1] ਬਸਤ੍ਰ ਸਜਾਏ। — [1]ਜੰਗਲ ਪਾਣੀ ਜਾ ਕੇ।
ਬੈਠੇ ਸਭਾ ਵੀਚ ਪੁਨ ਆਏ।
ਰਾਗੀ ਕੀਰਤਨ ਕਰਨ ਲਗਾਏ ॥੬੪॥
ਸਜੀ ਸਭਾ ਮਹਿਰਾਜਨ[1] ਜੈਸੀ। — [1]ਮਹਾਰਾਜਿਆਂ ਵਰਗੀ।
ਖਬਰ ਸ਼ਹਿਰ ਮਧ ਹੁਈ ਵੈਸੀ।
ਮੰਤ੍ਰੀ[1] ਸ਼ਾਹਿ ਬਹਾਦਰ ਕੇਰੋ। — [1]ਵਜ਼ੀਰ।
ਹੁਤੋ ਟਹਿਲ ਹਿਤ ਜੋ ਸੰਗੇਰੋ[1] ॥੬੫॥ — [1]ਨਾਲ।

ਸ਼ਹਿਰੋਂ ਹਾਕਮ ਤਾਂਹਿ ਬੁਲਾਯੋ।
ਜੋ ਚਹੀਏ ਥਾ ਸਭਿ ਮੰਗਵਾਯੋ।
ਅਰ ਰਈਸ[1] ਸ਼ਹਿਰੀ ਸੁਨਿ ਆਏ। — [1]ਰਿਆਸਤਾਂ ਦੇ ਮਾਲਕ।
ਹਾਕਮ ਸਭਿ ਤੇ ਨਜ਼ਰ[1] ਦਿਲਾਏ ॥੬੬॥ — [1]ਭੇਟਾ।
ਸ਼ਾਹੀ ਸੱਚਵ ਤਬਿ ਸਭਿ ਗਾਥਾ।
ਗੁਰ ਕੀ ਕਹੀ ਜਬੈ ਉਨ ਸਾਥਾ।
ਸੁਨਿ ਸ਼ਰਧਾ ਉਨ ਕੇ ਉਰਿ ਜਾਗੀ।
ਮਾਨਨ ਲਗੇ ਨਿਜੈਂ ਬਡ ਭਾਗੀ ॥੬੭॥
ਤੀਨ ਦਿਵਸ ਗੁਜਰੇ ਜਬਿ ਐਸੇ।
ਆਵਹਿਂ ਜਾਹਿਂ ਏਕ ਰਹਿਂ ਬੈਸੇ।
ਪਿਖਿ ਪ੍ਰਤਾਪ ਗੁਰ ਸ਼ਕਤੀ ਕੇਰੈਂ।
ਸੇਵਨ ਲਾਗੇ ਲੋਕ ਬਧੇਰੈਂ ॥੬੮॥
ਕੀਰਤਿ ਗੁਰ ਕੀ ਘਰ ਘਰ ਚਾਲੀ।
ਮਨੋ ਮਾਲਤੀ[1] ਫੂਲੀ ਬਿਸਾਲੀ। — [1]ਚੰਬੇਲੀ ਦੀ ਇਕ ਜਾਤੀ।
ਜੀਵਨ ਦਾਸ ਮਹੰਤ ਬਿਰਾਗੀ।
ਸੰਤ ਭਗਤ ਥਾ ਹਰਿ ਅਨੁਰਾਗੀ[1] ॥੬੯॥ — [1]ਪ੍ਰੇਮੀ।
ਗ੍ਰਾਮ ਜਗੀਰ ਕਈ ਤਿਸ ਕੇਰੇ।
ਥੇ, ਵਹੁ ਲੰਗਰ ਦੇਤ ਬਧੇਰੇ।
ਸੋ ਭੀ ਮਿਲਜੋ ਗੁਰੂ ਸੋਂ ਆਈ।
ਮੂਰਤਿ ਰਾਮ ਤਾਂਹਿ ਦਰਸਾਈ[1] ॥੭੦॥ — [1]ਨਜ਼ਰ ਆਈ।
ਗੁਰ ਕੋ ਤਿਹ ਅਵਤਾਰ ਪਛਾਨਾ।
ਗੁਰ ਪਗ ਪਰ ਮਨ ਤਨੋਂ ਬਿਕਾਨਾ।
ਸੋ ਸਭਿ ਗੁਰ ਕੀ ਸੇਵ ਕਮਾਵੈ।
ਔਰਨ ਤੈ ਭੀ ਪ੍ਰੇਰ ਕਰਾਵੈ ॥੭੧॥
ਬਿਪੁਲ[1] ਬਿਸਦ[2] ਇਕ ਹੁਤੀ ਹਵੇਲੀ। — [1]ਵਿਸਥਾਰ ਵਾਲੀ ਬਹੁਤ ਖੁੱਲ੍ਹੀ। [2]ਚਿੱਟੀ।
ਸ਼ਹਿਰ ਬੀਚ ਤਿਸ ਕੇਰ ਨਵੇਲੀ[1]। — [1]ਨਵੀਂ।
ਤਿਸ ਮੈਂ ਗੁਰਹਿਂ ਲਿਜਾਇ ਉਤਾਰਾ।
ਰਖੇ ਟਿਕਾਇ ਪ੍ਰੇਮ ਕਰਿ ਭਾਰਾ ॥੭੨॥
ਵੱਸ ਪ੍ਰੇਮ ਕੇ ਪ੍ਰਭੁ ਗੁਰੁ ਸੰਤਾ।
ਗਾਵਤ ਬੇਦ ਪੁਰਾਨ ਅਨੰਤਾ।

ਮੇਲਾ ਲਗਜੋ ਗੁਰੂ ਦਰਰੈਹੈ।
ਨਰ ਨਾਰੀ ਮਨ ਬਾਂਛਤ ਪੈਹੈਂ ॥੨੩॥

ਦੋਹਰਾ:
ਥਿਰੇ ਸ਼ਹਿਰ ਬੁਰਹਾਨ ਪੁਰਿ,
ਕਲਗੀਧਰੈਂ ਨਿਹਾਰ।
ਬਿਸ੍ਰਾਮ ਕਰਜੋ ਬਿਸ੍ਰਾਮ ਨੈ[1],
ਗੁਰੁ ਪਦ ਪਦਮ ਜੁਹਾਰ[1] ॥੨੪॥

[1]ਅਧਿਆਇ ਨੇ ਟਿਕਾਅ ਕੀਤਾ ਭਾਵ ਅਧਿਆਇ ਪੂਰਾ ਹੋ ਗਿਆ।

[1]ਚਰਨ ਕਵਲਾਂ 'ਤੇ ਨਮਸ਼ਕਾਰ ਕਰਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ ਮੰਗਲਾਚਾਰ, ਕਥਾ ਕਾਰਨ ਪ੍ਰਸੰਗ, ਬਰਨਨੰ ਨਾਮ ਪ੍ਰਿਥਮੋਂ ਬਿਸ੍ਰਾਮ ॥੧॥

੨. {ਦੂਜਾ ਬਿਸ੍ਰਾਮ}

(ਬੰਦੇ ਦੀ ਤਾਰੀਫ਼ ਸੁਣ ਕੇ ਗੁਰਾਂ ਦਾ ਨਦੇੜ ਪਹੁੰਚਣਾ, ਬੰਦੇ ਨਾਲ ਮਿਲਾਪ, ਬੰਦੇ ਨੂੰ ਪੰਜਾਬ ਵਲ ਤੋਰਨਾ)

ਸ੍ਵੈਯਾ:

ਜਨਨੀ ਜਗ ਕੀ ਮਨਨੀ ਪੁਰ ਤ੍ਰੈ,
ਭਨਨੀ ਨਿਗਮਾਗਮ ਸੰਤ ਕਦੰਬੇ[1]।

[1]ਹੇ ਜਗਤ ਦੀ ਮਾਤਾ! ਤਿੰਨਾਂ ਲੋਕਾਂ ਦੇ ਮੰਨਣ ਯੋਗ, ਵੇਦਾਂ ਸ਼ਾਸਤ੍ਰਾਂ ਤੇ (ਕਦੰਬੇ) ਸਾਰੇ ਸੰਤਾਂ ਦੇ (ਭਨਨੀਯ) ਕਥਨ ਕਰਨ ਯੋਗ।

ਸੁਰ ਸਿੱਧ ਰਿਖੀਸ ਮੁਨੀ ਜਨ ਸੇਵਤ,
ਤੂੰਹਿ ਚਰਾਚਰ[1] ਕੀ ਅਵਿਲੰਬੇ[2]।

[1]ਚੇਤਨ ਤੇ ਜੜ੍ਹ ਦੀ। [2]ਆਸਰਾ ਰੂਪ।

ਨਿਜ ਦਾਸਨ ਰੱਖਕ ਭੱਖਕ[1] ਰਾਕਸ਼,

[1]ਨਾਸ ਕਰਨ ਵਾਲੀ।

ਆਖ ਸਕੈ ਗੁਨ ਕੋ ਕਵਿ[1] ਤੰਬੇ[2]।

[1]ਕੌਣ ਕਵੀ। [2]ਤੇਰੇ।

ਹਰਿ ਗਜਾਨ ਧਿਆਨ ਧਰੈ ਤੁਮਰੋ,
ਦਿਹੁ ਬੁੱਧਿ ਗਿਰਾ ਸੁਧਰੇ ਜਗਦੰਬੇ[1] ॥੧॥

[1]ਹੇ (ਜਗਦੰਬੇ) ਜਗਤ ਮਾਤਾ ! ਬੁੱਧੀ ਦਿਓ, ਜਿਸ ਕਰ ਕੇ ਬਾਣੀ ਭਾਵ ਕਵਿਤਾ ਸੁਧਰ ਜਾਵੇ। (ਇਹ ਕਵਿ ਸੰਕੇਤ ਮਰਯਾਦਾ ਦਾ ਮੰਗਲ ਹੈ। ਇਸ਼ਟ ਮੰਗਲ ਨਹੀਂ ਹੈ। ਦੇਖੋ ਪੂਰਬਾਰਧ ਬਿਸ੍ਰਾਮ ਪਹਿਲੇ ਦੇ ਅੰਕ ਨੰ. ੪ ਦਾ ਭਾਵ)।

ਦੋਹਰਾ:

ਬੰਦੇ ਕੀ ਤਾਰੀਫ ਸੁਨਿ, ਗੁਰ ਨਦੇੜ ਜਿਮ ਜਾਹਿਂ।
ਬੰਦੇ ਕੋ ਮੇਲਾਪ ਹ੍ਵੈ, ਸੁਨੋ ਗਾਤ ਅਬਿ ਯਾਂਹਿ ॥੨॥

ਪਾਧੜੀ ਛੰਦ ਜਬਿ ਬੀਸਕ ਦਿਨ ਤਹਿਂ ਗਏ ਬੀਤ।
ਇਕ ਆਯੋ ਔਰੈਂ ਤਬਿ ਅਤੀਤ[1]।

[1]ਤਿਆਗੀ, ਵਿਰੱਕਤ।

ਥਾ ਦਾਦੂ ਦ੍ਵਾਰੇ ਕੋ ਮਹੰਤ।
ਬਡ ਜੈਤਰਾਮ ਅਤਿ ਨੇਕ ਸੰਤ ॥੩॥
ਗੁਰੁ ਉਤਰੁ ਗਏ ਥੇ ਗਾਮ[1] ਤਾਂਹਿਂ।

[1]ਪਿੰਡ।

ਉਨ ਕੀਨੀ ਥੀ ਬਹੁ ਸੇਵ ਚਾਹਿ।
ਸੋ ਸਭਿ ਪ੍ਰਸੰਗ ਗੁਰ ਗਾਥ ਮਾਂਹਿ।
ਹਮ ਗਾਇ ਚੁਕੇ ਹੈਂ ਪਿਖੋ ਤਾਹਿਂ ॥੪॥
ਬੇ ਸੇਵਕ ਤਿਸ ਕੇ ਤਹਾਂ ਭੂਰ[1]।

[1]ਬਹੁਤੇ।

ਇਸ ਹੇਤ ਗਯੋ ਵਹਿ ਤਹਿਂ ਜਰੂਰ।

ਜਬਿ ਪਹੁੰਚਯੋ ਪੁਰਿ ਬੁਰਹਾਨ ਵਾਹਿ।	
ਉਨ ਸੁਨੇ ਗੁਰੂ ਉਤਰੇ ਸੁ ਤਾਹਿ ॥੫॥	
ਨਿਜ ਚੇਲਯੋਂ ਢਿਗ ਉਨ ਗੁਰੂ ਕੇਰ।	
ਯੁਤ ਮਹਿਮਾ ਕਹਯੋ ਪ੍ਰਸੰਗ ਟੇਰਿ[1]।	[1]ਬੋਲਕੇ।
ਲੈ ਸਭਿ ਕੋ ਸੰਗ ਪ੍ਰਸਾਦ ਸਾਰ[1]।	[1]ਚੰਗਾ ਪ੍ਰਸ਼ਾਦ।
ਗੁਰੁ ਪਾਸ ਅਯੋ ਅਹਿਲਾਦ[1] ਧਾਰ ॥੬॥	[1]ਅਨੰਦ।
ਕਹਿ ਸੱਤਰਾਮ ਉਨ ਨਮੋ ਕੀਨ।	
ਭੁਜ ਤੇ ਗਹਿ ਗੁਰੈਂ[1] ਬਿਠਾਇ ਲੀਨ।	[1]ਗੁਰਾਂ ਬਾਹੋਂ ਫੜ ਕੇ।
ਕੁਸਲਾਨੰਦ[1] ਦੁਹਿ ਦਿਸ ਬੂਝ ਨੀਕ।	[1]ਸੁਖ ਸਾਂਦ।
ਮਿਲ ਭਏ ਪਰਸਪਰ[1] ਮੋਦ ਠੀਕ ॥੭॥	[1]ਆਪਸ ਵਿੱਚ।
ਤਬਿ ਜਯੋਣ ਦਾਸ ਢਿਗ ਜੈਤਰਾਮ।	
ਨਿਜ ਗਾਥ ਸੁਨਾਈ ਹੈ ਤਮਾਮ।	
ਜਯੋਂ ਗੁਰ ਕੇ ਬਾਜੋਂ ਨੇ ਜਮਾਰ[1]।	[1]ਜੁਆਰ, ਚਰੀ।
ਥੀ ਖਾਈ ਗਾਈ[1] ਸੁਜਸ ਨਾਰ[2] ॥੮॥	[1]ਕਹੀ। [2]ਨਾਲ।
ਸੁਨ ਹੱਕੇ ਬੱਕੇ[1] ਰਹੇ ਲੋਗ।	[1]ਬਹੁਤ ਹੈਰਾਨ।
ਜਾਨਯੋ ਗੁਰੁ ਵਾਲੀ[1] ਰਾਜ ਜੋਗ।	[1]ਮਾਲਕ।
ਬਹੁ ਦਿਵਸ ਰਹੇ ਇਕਠੇ ਤਹਾਂਹਿਂ।	
ਨਿਸ ਦਿਨ ਹਰਿ ਚਰਚਾ ਮੈਂ ਬਿਤਾਂਹਿਂ ॥੯॥	
ਗੁਰ ਤੈ ਵਰਸਾਏ[1] ਉਭੈ[2] ਸੰਤ।	[1]ਵਰ ਪ੍ਰਾਪਤ ਕੀਤੇ। [2]ਦੋਵੇਂ।
ਕਰਿ ਸੇਵਾ ਲਏ ਰਿਝਾਇ ਕੰਤ।	
ਜਬਿ ਗੁਰੂ ਤਯਾਰ ਹ੍ਵੈ ਚਲਨ ਹੇਤ।	
ਵਹ ਰਖਹਿਂ ਟਿਕਾਇ ਨ ਚਲਨ ਦੇਤ ॥੧੦॥	
ਇਕ ਦਿਨ ਉਨ ਬੂਝਯੋ ਹਾਥ ਜੋਰਿ।	
ਅਬਿ ਜਾਵਹੁੰਗੇ ਗੁਰੁ ਕੌਨ ਓਰ[1]।	[1]ਕਿਸ ਤਰਫ਼।
ਕਰਹੋ ਪਾਵਨ ਸੋ ਨਗਰ ਦੇਸ।	
ਜਗ ਹੈਂ[1] ਜਹਿਂ ਜੀਵਨਿ ਪੁੰਨ ਵੇਸ[2] ॥੧੧॥	[1]ਜਾਗਣਗੇ। [2]ਚੰਗੇ ਪੁੰਨ।
ਸੁਨਿ ਬੋਲੇ ਸਤਿਗੁਰੁ ਏਹ ਹਰਫ[1]।	[1]ਅੱਖਰ।
ਹਮ ਜਾਵਹਿੰਗੇ ਨਾਦੇੜ ਤਰਫ।	
ਨਿਜ ਮਾਤ ਪਿਤਾ ਕੇ ਪਿੰਡ ਦਾਨ*।	*ਦੇਖੋ ਪੂਰਬਾਰਧ ਬਿਸ੍ਰਾਮ ੬੯ ਦੇ ਅੰਕ ਨੰ. ੪੪ ਤੇ ਨਿਸ਼ਾਨ * ਦੀ ਪੈਰ ਟੂਕ।

ਕਰ ਹੈਂ ਬਿਵਹਾਰਕਰੀਤਿ ਜਾਨ ॥੧੨॥
ਤਹਿਂ ਹੈ ਗੁਦਾਵਰੀ ਗੰਗ ਨੀਕ।
ਠਹਿਰੈਂ ਤਿਸ ਤੀਰੈਂ ਜਾਇ ਠੀਕ।
ਸੁਣ ਕੇ ਤਬਿ ਬੋਲਯੋ ਜਯੋਣ ਦਾਸ।
ਤੁਮ ਸਮ੍ਰੱਥ ਪੂਰਨ ਬ੍ਰਹਮ ਖਾਸ[1] ॥੧੩॥ — [1]ਆਪ ਸਮਰੱਥ ਬ੍ਰਹਮ ਸਰੂਪ ਹੋ।
ਪਰ ਨਰ ਤਨ ਧਰਬੇ ਕੇਰ ਸ੍ਵਾਂਗ[1]। — [1]ਮਨੁੱਖਾ ਸਰੀਰ ਧਾਰਨ ਦੇ ਸਾਂਗ ਦਾ।
ਨਾਟਕ ਨੇਬਾਹਤ ਹੋ ਸੂਬਾਂਗ[1]। — [1]ਸਾਰੇ ਪੱਖਾਂ ਤੋਂ ਨਾਟਕ ਨਿਭਾ ਰਹੇ ਹੋ।
ਜਿਮ ਰਾਮ ਕ੍ਰਿਸ਼ਨ ਭੀ ਕਰਮ ਕੀਨ।
ਹਿਤ ਲੋਗਨ ਕੇ ਕਲਯਾਣ ਚੀਨ ॥੧੪॥
ਜੋ ਜੋ ਜਨ ਸ੍ਰੇਸ਼ਟ[1] ਕਰਤ ਕਾਮ। — [1]ਉੱਤਮ ਪੁਰਖ।
ਪਿਖਿ ਕਰਿ ਹੈਂ ਮੱਧਮ ਜਨ ਤਮਾਮ[1]। — [1]ਦਰਮਿਆਨੇ ਦਰਜੇ ਦੇ ਸਾਰੇ ਲੋਕ।
ਤਬਿ ਜੈਤਰਾਮ ਨੈ ਹਾਥ ਜੋਰਿ।
ਇਮ ਲਰਜ਼[1] ਅਰਜ਼ ਕੀਨੀ ਬਹੋਰ ॥੧੫॥ — [1]ਕੰਬ ਕੇ।
ਤੁਮ ਕਹਯੋ ਜੁ ਤਰਫ ਨਦੇੜ ਜਾਨ।
ਤਹਿਂ ਬਲ ਸੰਭਾਲ ਜੱਈਓ ਮਹਾਨ।
ਅਰ ਰਹੀਓ ਅਧਿਕ ਹੁਸ਼ਯਾਰ ਹੋਇ।
ਮਤ ਤਹਾਂ ਸ਼ਰਮ ਕਿਛ ਹਾਰ ਹੋਇ ॥੧੬॥
ਹੈ ਸਾਧੁ ਅਜ਼ਮਤੀ[1] ਤਹਾਂ ਏਕ। — [1]ਕਰਾਮਾਤੀ।
ਜਿਹ ਭੂਤ ਪ੍ਰੇਤ ਤਾਬੈ[1] ਅਨੇਕ। — [1]ਅਧੀਨ।
ਤਿਸ ਕਾ ਹੈ ਮਾਧੋ ਦਾਸ ਨਾਮ।
ਵਹਿ ਭੇਖ ਬੈਸਨੋਂ ਬਿਦਿਤ ਆਮ[1] ॥੧੭॥ — [1]ਬਹੁਤ ਮਸ਼ਹੂਰ ਹੈ।
ਤਿਹ ਦੂਤੀ ਨਾਮ ਨਾਰੈਣ ਦਾਸ।
ਲਛਮਨ ਬਾਲਾ ਭੀ ਬਿਦਿਤ ਖਾਸ।
ਤਾਬੇ ਹੈਂ ਤਿਸ ਕੇ ਪਾਂਚ ਬੀਰ।
ਜੋ ਕਹਤ ਕਰਤ ਸੋ ਵਹੀ ਧੀਰ ॥੧੮॥
ਜੋ ਸਾਧੁ ਤਾਹਿਂ ਕੇ ਧਾਮ ਜਾਤ।
ਵਹਿ ਪ੍ਰਿਥਮ ਸੇਵ ਤਿਸ ਕੀ ਕਮਾਤ।
ਪੁਨ ਨਿਜ ਪ੍ਰਯੰਕ[1] ਬੈਠਾਇ ਤਾਂਹਿ। — [1]ਪਲੰਘ।
ਫਿਰ ਦੇਤ ਭੂਮਿ ਗਿਰਵਾਇ ਵਾਂਹਿ ॥੧੯॥
ਦੈ ਤਾੜੀ ਕਰ ਹੈ ਅੱਟਹਾਸ[1]। — [1]ਖਿੜ ਖਿੜਾ ਕੇ ਹੱਸਦਾ ਹੈ।

ਵਹਿ ਸਾਧੁ ਦੁਸ਼ਟ ਮਾਧੋ ਜੁ ਦਾਸ।
ਹੈ ਵਡੋ ਮਸ਼ਕਰਾ[1] ਮਹਾਂ ਮੂਢ। [1]ਮਖ਼ੌਲੀਆ।
ਯੌਂ ਪਰਖਤ ਸਾਧਨ ਕੋ ਅਗੂਢ[1] ॥੨੦॥ [1]ਪ੍ਰਗਟ।
ਇਕ ਸਮੇਂ ਸੁਨੋ ਮੈਂ ਗਯੋ ਆਪ।
ਸੁਨਿ ਮਹਿਮਾ ਤਾਂ ਕੋ ਬਡ ਪ੍ਰਤਾਪ।
ਪਿਖਿ ਮੁਝ ਕੌ ਮਾਧੋ ਦਾਸ ਖਾਸ[1]। [1]ਆਪ।
ਕਰਿ ਪ੍ਰੇਮ ਬਿਠਾਯੋ ਪਲੰਘ ਤਾਸ[1] ॥੨੧॥ [1]ਉਸ ਪਲੰਘ 'ਤੇ।
ਫਿਰ ਉਠਯੋ ਧਰਾ ਤੈ ਪਲੰਘ ਸੋਇ।
ਨਹਿਂ ਮੁਝ ਕੋ ਮਾਲਮ ਭਯੋ ਕੋਇ।
ਕਰਿ ਉਲਟਾ ਮੁਝ ਕੋ ਦਯੋ ਗੇਰ।
ਮੈਂ ਹੁਇ ਸ਼ਰਮਿੰਦਾ ਉਠਯੋ ਫੇਰ ॥੨੨॥
ਤਬਿ ਠਾਢੋ ਹ੍ਵੈ ਤਿਨ ਮੋਹਿ ਪਾਸ।
ਦੈ ਤਾੜੀ ਕੀਨੋ ਅੱਟਹਾਸ।
ਇਮ ਸਭਿ ਸੋਂ ਖਿੱਲੀ[1] ਸੋ ਕਰੱਤ। [1]ਹਾਸੀ।
ਨਹਿਂ ਪੀਰ ਫਕੀਰਨ ਤੈ ਡਰੱਤ ॥੨੩॥
ਯਾ ਤੈ ਤੁਮ ਜੱਈਓ ਤਹਾਂ ਨਾਹਿਂ।
ਮੈਂ ਕਹਯੋ ਆਪ ਢਿਗ ਸਾਚੁ ਯਾਹਿ।
ਯਹਿ ਸੁਨ ਕਰਿ ਫਿਰ ਗੁਰੁ ਕਹਯੋ ਐਸ।
ਹ੍ਵੈਹੈ ਗੁਰੁ ਨਾਨਕ ਕਰੈ ਜੈਸ ॥੨੪॥
ਜੇ ਨਹਿਂ ਜਾਨਾ ਥਾ ਤੌ ਭੀ ਜਾਹਿਂ।
ਹਮ ਪੇਖਤ ਐਸਜੋਂ ਕੋ ਫਿਰਾਹਿਂ[1]। [1]ਅਸੀਂ ਏਹੋ ਜੇਹਿਆਂ ਨੂੰ ਵੇਖਦੇ ਫਿਰਦੇ ਹਾਂ।
ਅਬਿ ਜਾਇ ਪਿਖੋਂ ਮੈਂ ਠੀਕ ਤਾਂਹਿ।
ਤਿਸ ਤੇ ਭੈ ਕਰਨਾ ਨੀਕ ਨਾਂਹਿ ॥੨੫॥
ਤੁਮ ਸਤੋ ਗੁਨੀ ਗਾਰੀਬ ਸਾਧੁ।
ਬਿਨ ਸ਼ਸਤ੍ਰੀ ਭੀਰੂ[1] ਨਿਰਉਪਾਧ[2]। [1]ਡਰਾਕੁਲ। [2]ਨਿਰਛਲ।
ਅਰ ਮੋਠ ਬਾਜਰੀ ਖਾਨ ਵਾਰ।
ਤੁਮ ਕਜੋਂ ਨਹਿਂ ਤਿਸ ਤੈ ਡਰੋ ਯਾਰ ॥੨੬॥
ਹਮ ਰਜੋ ਗੁਨੀ ਛੱਤ੍ਰੀ ਸੁ ਬੀਰ।
ਜਗ ਮੈ ਕਹਿਲਾਵਤ ਮੀਰ ਪੀਰ।
ਪੁਨ ਸਿੰਘ ਸ਼ਸਤ੍ਰੀ ਅਧਿਕ ਸੰਗ।

ਜੀਤੇ ਹੈਂ ਜਿਨਹੂੰ ਬਡੇ ਜੰਗ ॥੨੭॥
ਸਭਿ ਮਾਸ ਅਹਾਰੀ ਬਲੀ ਬੀਰ।
ਬਾਂਕੇ ਸੁਠ[1] ਨਿੱਡਰ ਅਧਿਕ ਧੀਰ।
ਹਮ ਸਿੰਘ ਨਾਮ ਹੈਂ ਸਮ ਮ੍ਰਿਗਿੰਦ[1]।
ਵਹਿ ਕਹਾਂ ਬੈਸ਼ਨੋ ਮਤ ਗਜਿੰਦ[1] ॥੨੮॥
ਹਮ ਜਾਇ ਪਿਖੈਂ ਤਿਹਂ ਕਰਾਮਾਤ।
ਕਿਸ ਤੈ ਉਨ ਪਾਈ ਕੌਨ ਭਾਂਤਿ।
ਜੇ ਅੜ ਹੈ ਮੁਝ ਸੋਂ ਕਿਸੀ ਤੌਰ।
ਸਭਿ ਖੋਸਹੁਂ ਤਿਸ ਕਾ ਜੋਰ ਠੌਰ[1] ॥੨੯॥
ਹਮ ਗੁਰੁ ਘਰ ਕਾ ਤਿਹਂ ਕਰੈਂ ਸਿੱਖ।
ਸਭਿ ਕਹਜੋ ਸਾਚ ਤੁਮ ਲਹਜੋ ਪਿੱਖ।
ਹੈ ਕੌਨ ਵਸਤੁ ਉਸ ਢਿਗ ਬਿਸਾਲ।
ਅਬਿ ਕਹੋ ਆਪ ਤਿਹਂ ਸਭਿ ਹਵਾਲ ॥੩੦॥

[1](ਸੁਠ) ਸੁੰਦਰ (ਬਾਂਕੇ) ਸਜਾਵਟ ਵਾਲੇ।
[1]ਸ਼ੇਰ ਵਾਂਗ।
[1]ਮਸਤ ਹਾਥੀ।
[1](ਉਸੇ) (ਠੌਰ) ਥਾਂ, ਕਰਾਮਾਤ ਦਾ ਜ਼ੋਰ ਖੋਹ ਲਵਾਂਗਾ।

ਦੋਹਰਾ:
ਸੁਨ ਕਰਿ ਗੁਰੁ ਕੇ ਬਚਨ ਫਿਰ,
ਬੋਲਜੋ ਸਾਧੁ ਮਹੰਤ।
ਲਗਜੋ ਸੁਨਾਵਨ ਗੁਰੂ ਕੋ,
ਤਿਸ ਕਾ ਸਭਿ ਬਿਰਤੰਤ ॥੩੧॥
ਗੰਗਾ ਬਡੀ ਗੁਦਾਵਰੀ,
ਤੀਰਥ ਬਡੋ ਪਰਾਗ[1]।

[1]ਸਾਰੀਆਂ ਨਦੀਆਂ ਨਾਲੋਂ ਗੰਗਾ ਗੋਦਾਵਰੀ ਵੱਡੀ ਹੈ ਤੇ ਸਾਰੇ ਤੀਰਥਾਂ ਨਾਲੋਂ ਪ੍ਰਾਗ ਵੱਡਾ ਤੀਰਥ ਹੈ।

ਪਾਪ ਕਟੇ ਹਰਿਦ੍ਵਾਰ ਮੈਂ,
ਛੱਲ ਸਿੰਧੁ ਭਲ ਲਾਗ[1] ॥੩੨॥

[1]ਪਾਪ ਹਰਿਦੁਆਰ ਵਿੱਚ ਕੱਟੇ ਜਾਂਦੇ ਹਨ ਭਾਵ ਪਾਪ ਕੱਟਣ ਨੂੰ ਹਰਿਦੁਆਰ ਵੱਡਾ ਹੈ ਤੇ ਛੱਲ ਸਮੁੰਦਰ ਦੀ ਚੰਗੀ ਲਗਦੀ ਹੈ ਭਾਵ ਸਾਰੀਆਂ ਛੱਲਾਂ ਚੋਂ ਸਮੁੰਦਰ ਦੀ ਛੱਲ ਵੱਡੀ ਹੈ।

ਸੋ ਗੰਗਾ ਗੋਦਾਵਰੀ, ਸਭਿ ਜਗ ਮੈਂ ਪ੍ਰਸਿੱਧ।
ਸ਼ਹਿਰ ਨਦੇੜ ਸੁ ਤਾਂਹਿ ਤਟ[1],
ਰਹਿਤ ਸਾਧੁ ਸੋ ਸਿੱਧ[1] ॥੩੩॥

[1]ਕਿਨਾਰੇ।
[1]ਕਰਾਮਾਤੀ।

ਛਪੈ ਛੰਦ:
ਪ੍ਰਿਥਮ ਹੁਤੋ ਵਹਿ ਕੀਰ[1],
ਮਿਲਜੋ ਪੁਨ ਸੰਤਨ ਸੰਗੈਂ।

[1]ਕੰਗਾਲ।

ਬਹੁਤ ਸੈਲ ਉਨ ਕਰਜੋ ਧਰਾ
ਕਾ, ਸਹਿਤ ਉਮੰਗੈਂ।
ਮਿਲਜੋ ਲੋਣੀਆਂ ਸਿੱਧ ਏਕ, ਤਿਹ ਸੇਵ ਕਮਾਈ।
ਨਿਜ ਬਿੱਦਜਾ ਉਨ ਸਭੀ, ਏਸ ਕੋ ਤਬੀ ਬਤਾਈ।
ਪੁਨ ਨਿਜ ਪੋਥੀ ਤਿਹਂ ਦੈ ਕਹਜੋ,
ਤੁਮ ਇਸੇ ਰਾਖੀਓ ਗੁਪਤ ਭਲ[1]।

[1]ਚੰਗੀ ਤਰ੍ਹਾਂ ਗੁਪਤਰੱਖੀਂ।

ਪ੍ਰਗਟ ਕਰੇ ਤੋ ਜਗਤ ਮੈਂ,
ਫਿਰ ਨ ਰਹੈਗੋ ਤੋਰ ਬਲ ॥੩੪॥
ਸ਼ਸਤ੍ਰ, ਨਾਰੀ, ਦੁਰਗ[1] ਬਿੱਤ[2],

[1]ਕਿਲ੍ਹਾ। [2]ਧੰਨ।

ਹਯ[1], ਪਾਰਸ, ਜੰਤ੍ਰ।

[1]ਘੋੜਾ।

ਸਿੱਧਿ ਔਖਧੀ[1], ਮਣੀ, ਕੀਮੀਆਂ[2],

[1]ਪਰਖੀ ਹੋਈ ਦਵਾਈ। [2]ਰਸਾਇਣ।

ਬੀਰ[1] ਸੁ ਮੰਤ੍ਰ।

[1]ਬੀਰ (ਵਸ ਕੀਤੇ ਹੋਏ)।

ਇਨ ਕੇ ਪ੍ਰਗਟ ਕਰੇ,
ਜਗਤ ਮੈਂ ਬਢੈ ਉਪਾਧੀ।
ਸੁਨ ਕਰਿ ਲੈਹੈਂ ਛੀਨ[1],

[1]ਖੋਹ ਲੈਣਗੇ।

ਭੂਪ ਜੇ ਜਗ ਮੈਂ ਬਾਦੀ[1]।

[1]ਝਗੜਾਲੂਰਾਜੇ।

ਇਮ ਕਰਿ ਵਿਚਾਰ ਇਨ ਕਾ ਧਨੀ,
ਰਾਖੈ ਗੋਪ ਸੰਭਾਰ ਭਰ[1]।

[1]ਇਨ੍ਹਾਂ (ਗੁਣਾਂ) ਦਾ ਮਾਲਕ ਚੰਗੀ ਤਰ੍ਹਾਂ ਸੰਭਾਲ ਕੇ ਗੁਪਤਰੱਖਦਾ ਹੈ।

ਪੁਨ ਪਿਖਿ ਅਧਿਕਾਰੀ[1] ਦੇਯ ਵਥ[2],

[1]ਯੋਗ (ਪੁਰਖ)। [2]ਵਸਤੂ (ਜਾਂ ਗੁਣ)।

ਵਰਤੈ ਆਪ ਵਿਚਾਰ ਕਰਿ ॥੩੫॥
ਤਿਸ ਪੋਥੀ ਕੇ ਸੁਨੋ ਕਿਛੁਕ
ਗੁਨ, ਕਥੋਂ ਮਹਾਨੇ।
ਨਿਜ ਵਡਜਨ ਤੈ ਸੁਨੇ ਜੈਸ,
ਮੈਂ ਪਿਖੇ ਨਿਸ਼ਾਨੇ[1]।

[1]ਨਿਸ਼ਾਨੀਆਂ।

ਨਾਮ ਸ਼ਾਵਰੀ ਸਿੱਧ
ਲੂਣੀਆਂ, ਗੋਰਖ ਚੇਲਾ[1]।

[1](ਸ਼ਾਵਰੀ) ਸ਼ਿਵ ਦੇ ਤੰਤ੍ਰ ਸ਼ਾਸਤ੍ਰ ਦਾ ਜਾਣੂ ਲੂਣੀਆਂ ਨਾਮ ਦਾ ਸਿੱਧ ਜੋ ਗੋਰਖ ਦਾ ਚੇਲਾ ਸੀ।

ਤਾਂ ਮੰਤ੍ਰ ਤਿਸ ਮਾਂਹਿਂ,
ਔਰ ਸ਼ਾਵਰ ਸ਼ਿਵ ਮੇਲਾ[1]।

[1]ਤਿਸ ਪੋਥੀ ਵਿੱਚ ਤਿਸ ਲੂਣੀਏ ਸਿੱਧ ਦੇ ਮੰਤ੍ਰ ਸਨ ਅਤੇ (ਸ਼ਾਵਰ) ਸ਼ਿਵ ਦਾ ਤੰਤ੍ਰ ਸ਼ਾਸਤ੍ਰ ਵੀ (ਮੇਲਾ) ਮੇਲਿਆ

ਹੋਇਆ ਭਾਵ ਲਿਖਿਆ ਹੋਇਆ ਸੀ।

ਬਡ ਇੰਦ੍ਰਜਾਲ[1] ਦਤ[2] ਪਟਲ ਲੌ[3],

[1]ਜਾਦੂਗਰੀ। [2]ਦਾਨ ਦੇਣ ਦਾ ਮੰਤ੍ਰ। [3]ਤੰਤ੍ਰ ਸ਼ਾਸਤ੍ਰ ਦੇ ਮਤ ਅਨੁਸਾਰ ਮੰਤ੍ਰ ਦਾ ਆਵਰਨ ਰੂਪ ਭਾਵ ਮੰਤ੍ਰ ਦਾ ਸੰਪਟ, ਜਿਵੇਂ ਓਅੰ ਨਮਹ ਨੂੰ ਕਿਸੇ ਮੰਤ੍ਰ ਦੇ ਆਦਿ ਅਤੇ ਅੰਤ ਦੇਈਏ, ਮੁੱਢ 'ਚ ਓਅੰ ਤੇ ਅੰਤ 'ਚ ਨਮਹ।

ਅਤਿ ਅਧਭੁਤ ਖਯਾਲ ਬੰਗਾਲ ਕਾ[1]।

[1]ਬਹੁਤ ਅਸਚਰਜ ਖਿਆਲਾਂ ਦੇ ਬੰਗਾਲ ਦੇਸ਼ ਦੇ ਮੰਤ੍ਰ।

ਸਭਿ ਜੰਤ੍ਰ[1] ਮੰਤ੍ਰ[2] ਤੰਤ੍ਰੀਨ[3] ਕੀ,

[1]ਕਾਗਜ਼ ਤੇ ਲਿਖੇ ਹੋਏ ਅੱਖਰ ਜਾਂ ਹਿੰਦਸੇ ਜੋ ਕਿਸੇ ਸ਼ੈ 'ਚ ਮੜ੍ਹਾ ਕੇਰੱਖੇ ਜਾਣ, ਦੱਬੇ ਜਾਣ ਜਾਂ ਅੰਗ ਨਾਲ ਬੰਨ੍ਹੇ ਜਾਣ। [2]ਕਾਰਜ ਸਿੱਧੀ ਲਈ ਜਪਣ ਯੋਗ ਸ਼ਬਦ। [3]ਤੰਤ੍ਰਾਂ, ਜਾਦੂਆਂ, ਟੂਣਿਆਂ ਦੀਆਂ।

ਹੈ ਤਾਂ ਮੈਂ ਬਹੁ ਮਾਲਿਕਾ[1] ॥੩੬॥

[1]ਬਹੁਤ ਪੰਕਤੀਆਂ ਹਨ।

ਕਬਿੱਤੁ:

ਪਾਰਸ ਕੀ ਭਾਲ[1], ਨਾਗ ਅਰਜਨ ਕੀ ਮਾਲ[2],

[1]ਪਾਰਸ ਭਾਲਣ (ਦੀ ਵਿੱਦਿਆ)। [2]ਨਾਗ ਅਰਜਨੀ ਬੂਟੀ ਦੇ ਮੰਗਾਉਣ (ਦੀ ਵਿੱਦਿਆ) ਦੀਆਂ ਪੰਕਤੀਆਂ।

ਦ੍ਰਿਸ਼ਟਿ ਬੰਧੇ[1] ਜਲ ਖਯਾਲ[2] ਔ ਰਸਾਇਨ ਬਨਾਨ ਕੀ।

[1]ਨਿਗਾਹ ਬੰਨ੍ਹਣ (ਦੀ ਵਿੱਦਿਆ)। [2]ਪਾਣੀ 'ਚ ਤਰਨ ਦੀ (ਖਿਆਲ) ਰੀਤੀ।

ਗੋਪ ਬਿੱਤ ਕਾਢਨ ਕੀ[1], ਕਾਹੂ ਪੌਨ ਚਾਢਨ ਕੀ[2],

[1]ਗੁਪਤ ਧਨ ਦੇ ਕੱਢਣ ਦੀ। [2]ਕਿਤੇ ਪ੍ਰਾਣਾਂ ਦੇ ਦਸਮ ਦੁਆਰ ਚੜ੍ਹਾਉਣ ਦੀ ਵਿੱਦਿਆ।

ਅੰਨ ਧਨ ਬਾਢਨ ਕੀ[1], ਆਪ ਛਪ ਜਾਨ ਕੀ।

[1]ਅੰਨ ਤੇ ਧਨ ਦੇ ਵਧਾਉਣ ਦੀ।

ਬੂਟੀਆਂ ਬੁਲਾਵਨ, ਮਸਾਣ ਕੇ ਜਗਾਵਨ ਕੀ[1],

[1]ਮਸਾਣ ਜਗਾਉਣ ਦੀ। (ਮੰਤ੍ਰ ਸ਼ਕਤੀ ਨਾਲ ਮਸਾਣਾਂ ਚੋਂ ਮੁਰਦੇ ਨੂੰ ਚਿਖਾ ਚੋਂ ਉਠਾ ਕੇ ਕਾਬੂ ਕਰ ਲੈਣ ਦੀ ਵਿੱਦਿਆ)।

ਪੌਰਸ ਬਨਾਵਨ ਕੀ[1], ਜ਼ਹਰ ਕੇ ਪਛਾਨ ਕੀ[2]।

[1]ਬਲ ਨੂੰ ਬਨਾਉਣ ਦੀ। [2]ਜ਼ਹਿਰ ਦੇ ਪਛਾਨਣ ਦੀ।

ਸੱਤ੍ਰੂੰ ਕੇ[1] ਮਾਰਨ ਕੀ, ਮਿੱਤ੍ਰੂੰ ਕੇ ਪਾਰਨ ਕੀ,

[1]ਵੈਰੀਆਂ ਦੇ।

ਪਿੱਤ੍ਰੂੰ[1] ਕੇ ਤਾਰਨ ਕੀ, ਪੁੱਤ੍ਰੂੰ ਕੇ ਦਾਨ ਕੀ[2] ॥੩੭॥

[1](ਪਿੱਤਰਾਂ) ਮਰੇ ਹੋਏ ਬਾਪ ਦਾਦਾ ਆਦਿ ਦੇ ਪਾਲਣ ਦੀ ਭਾਵ ਪਿਤਰਾਂ ਨਮਿਤ ਦਾਨ ਦੇਣ ਦੀ। [2]ਪੁੱਤਰਾਂ ਦੇ ਦੇਣ ਦੀ।

ਮੋਹਨ[1] ਉਚਾਟਨ ਕੀ[2], ਅਰਿ ਦਲ ਡਾਟਨ ਕੀ[3],

[1]ਮੋਹਤ ਕਰ ਲੈਣ ਦੀ। [2]ਉਦਾਸ ਕਰ ਦੇਣ ਦੀ। [3]ਵੈਰੀ ਦੀ ਫੌਜ ਨੂੰ ਤਾੜਨ ਦੀ।

ਸਿੰਧੁ ਸੇਤੁ ਠਾਟਨ ਕੀ[1] ਪਾਟਨ ਮਿਲਾਨ ਕੀ।

[1]ਸਮੁੰਦਰ ਉੱਤੇ ਪੁਲ ਬੰਨ੍ਹਣ ਦੀ।

ਤਿਨ ਬਦਲਾਵਨ ਕੀ, ਧਨ ਹਰ ਲਯਾਵਨ ਕੀ[1],

[1]ਧਨ ਚੁਰਾ ਲਿਆਉਣ ਦੀ।

ਨਾਟਕ ਦਿਖਾਵਨ ਕੀ[1] ਨਭ[2] ਉਡ ਜਾਨ ਕੀ।

[1]ਕੋਈ ਚਮਤਕਾਰ ਵਿਖਾਉਣ ਦੀ। [2]ਅਕਾਸ਼ 'ਤੇ।

ਜੂਪ[1] ਜੀਤ ਪਾਵਨ ਕੀ, ਕੂਪ ਪੈ ਥਿਰਾਵਨ ਕੀ[2],

[1]ਜੂਏ 'ਚ। [2]ਖੂਹ 'ਤੇ ਬੈਠਣ ਦੀ।

ਭੂਤ ਬਸ ਲਯਾਵਨ ਕੀ, ਪੌਨ ਕੇ ਚਲਾਨ ਕੀ।

ਮੇਂਹ ਬਰਸਾਵਨ ਕੀ[1], ਬੀਜਰੀ ਗਹਾਵਨ ਕੀ[2],

[1]ਮੀਂਹ ਵਰ੍ਹਾਉਣ ਦੀ। [2]ਬਿਜਲੀ ਦੇ ਫੜਨ ਦੀ।

ਗੁਲਕਾ ਗਿਰਾਵਨ ਕੀ[1], ਮਕੜੀ[2] ਹਟਾਨ ਕੀ ॥ ੩੮ ॥	[1]ਗੜਿਆਂ ਦੇ ਸੁੱਟਣ ਦੀ। [2]ਆਹਣ (ਟਿੱਡੀ ਦਲ)।
ਬਖਤ੍ਰ[1] ਸਜਾਵਨ ਕੀ ਸ਼ਸਤ੍ਰ ਚਲਾਵਨ ਕੀ,	[1]ਸੰਜੋਆਂ।
ਅਸਤ੍ਰ ਤਜਾਵਨ ਕੀ[1] ਤੀਨ ਕਾਲ ਗਜਾਨ ਕੀ[2]।	[1]ਤੀਰ ਚੱਕ੍ਰ ਆਦਿ ਦੇ ਛੱਡਣ ਦੀ। [2]ਤਿੰਨਾਂ ਸਮਿਆਂ ਦੇ ਗਿਆਨ ਦੀ।
ਏਕਹੂੰ ਬਿਸੱਖ ਤੇ ਸੁ ਲੱਖ ਹ੍ਵੈ ਪ੍ਰਤੱਖ ਲਾਗੈਂ[1],	[1]ਇਕ ਤੀਰ ਤੋਂ ਲੱਖਾਂ ਤੀਰ ਹੋ ਕੇ ਪ੍ਰਤੱਖ ਹੀ ਜਾ ਲੱਗਣ।
ਏਕ ਤਨ ਬੇਧੇ ਕੁਲ ਜਨ ਬੇਧੇ ਜਾਨ ਕੀ[1]।	[1]ਇਕ ਬੰਦੇ ਦੇ ਵਿੰਨ੍ਹੇ ਜਾਣ ਨਾਲ ਸਾਰੀ ਕੁਲ ਦੇ ਬੰਦੇ ਵਿੰਨ੍ਹੇ ਜਾਣ ਦੀ।
ਨਾਗ ਪਾਂਸਿ ਪਾਵਨ ਕੀ[1] ਸਿਲਾ ਬਰਸਾਵਨ ਕੀ[2],	[1]ਨਾਗ ਫਾਸ ਪਾਉਣ ਦੀ (ਨਾਗ-ਪਾਂਸਿ ਪੁਰਾਣਾ ਅਨੁਸਾਰ ਇਕ ਮੰਤ੍ਰ ਕ੍ਰਿਆ ਜਿਸ ਨਾਲ ਵੈਰੀਆਂ ਨੂੰ ਸੱਪਾਂ ਦੀ ਫਾਹੀ ਨਾਲ ਬੰਨ੍ਹਿਆਂ ਜਾਂਦਾ ਸੀ)। [2]ਪੱਥਰ ਵਰ੍ਹਾਉਣ ਦੀ।
ਮੁਰਦੇ ਜਜਾਵਨ ਕੀ ਦੇਵ ਬਸ ਲਜਾਨ ਕੀ[1]।	[1]ਦੇਵਤੇ ਨੂੰ ਵਸ ਕਰ ਲਿਆਉਣ ਦੀ।
ਚੰਦ ਸੂਰ ਹੋਰਨ ਕੀ[1], ਤਾਰਾਗਨ ਤੋਰਨ ਕੀ[2],	[1]ਚੰਦ ਤੇ ਸੂਰਜ ਨੂੰ ਰੋਕਣ ਦੀ। [2]ਸਾਰੇ ਤਾਰੇ ਤੋੜਨ ਦੀ।
ਆਕੀ ਗਢ ਫੋਰਨ ਕੀ[1] ਤੱਤਨ ਮਿਲਾਨ ਕੀ[2] ॥ ੩੯ ॥	[1]ਆਕੀ ਕਿਲ੍ਹਿਆਂ ਨੂੰ ਤੋੜਨ ਦੀ। [2](ਵਿਰੋਧੀ) ਤੱਤਾਂ ਨੂੰ ਮਿਲਾਉਣ ਦੀ।
ਸਿੰਧੁ ਪੈ ਦਰਜਾਵਨ ਪਾਯਾਵਨ ਚਲਾਵਨ ਕੀ[1],	[1]ਸਮੁੰਦਰਾਂ ਅਤੇ ਦਰਿਆਵਾਂ (ਦੇ ਪਾਣੀਆਂ ਉੱਤੇ) ਪੈਦਲ ਚਲਣ ਦੀ।
ਪੌਨ ਠਹਿਰਾਵਨ ਬਗਾਵਨ ਜਹਾਨ ਕੀ[1]।	[1]ਸੰਸਾਰ ਭਰ ਦੀ ਹਵਾ ਨੂੰ ਖੜ੍ਹਾ ਕਰਨ ਤੇ ਚਲਾਉਣ ਦੀ।
ਮਹਿਮਾਂ ਕਰਾਵਨ ਕੀ ਸਹਿਮਾਂ ਦਿਖਾਵਨ ਕੀ[1],	[1]ਡਰ ਦਿਖਾਉਣ ਦੀ।
ਲਹਿਮਾਂ ਲੁਕਾਵਨ ਕੀ[1] ਬਹਿਮਾਂ ਮਿਟਾਨ ਕੀ[2]।	[1]ਇਕ ਖਿਨ ਵਿੱਚ ਲੁਕ ਜਾਣ ਦੀ। [2]ਵਹਿਮ ਮਿਟਾਉਣ ਦੀ।
ਰਿੱਧਿ ਸਿੱਧਿ ਨਿੱਧਿ ਬਹੁ ਬਿੱਧਿ ਪ੍ਰਗਟਾਵਨ ਕੀ,	
ਹੋਇ ਸਮਰਿੱਧ[1] ਬਾਲ ਬ੍ਰਿੱਧ ਤਨ ਜ੍ਵਾਨ ਕੀ[2]।	[1]ਵੱਡੀ ਬਿਭੂਤੀ ਵਾਲਾ ਹੋਣ ਦੀ। [2]ਸ਼ਰੀਰ ਦੇ ਬਾਲਕ, ਜਵਾਨ ਤੇ ਬੁੱਢਾ ਹੋ ਜਾਣ ਦੀ।
ਖਾਨਿਨ ਪਛਾਣਨ ਕੀ[1], ਜਾਣਨ ਅਜਾਣਨ ਕੀ[2],	[1]ਖਾਣਾਂ ਦੇ ਪਛਾਨਣ ਦੀ। [2]ਨਾ ਜਾਨਣ ਵਾਲੀਆਂ ਗੱਲਾਂ ਦੇ ਜਾਨਣ ਦੀ।
ਅਗਨੀ ਲਗਾਵਨ ਬੁਝਾਵਨ ਦਿਖਾਨ ਕੀ ॥ ੪੦ ॥	
ਦੋਹਰਾ:	
ਚੌਸਠ ਬਿਦਜਾ[1] ਔਰ ਸਭਿ,	[1]ਚੌਹਟ (੬੪) ਵਿੱਦਿਆ।
ਜੇਤਿਕ ਹੈਂ ਕਹਿ ਬੇਦ।	
ਤਿਸ ਪੋਥੀ ਮੈਂ ਸਭਿ ਲਿਖੀ,	
ਤਾ ਕੋ ਆਵਤ ਭੇਦ[1] ॥ ੪੧ ॥	[1]ਤਿਸ (ਮਾਧੋ ਦਾਸ) ਨੂੰ ਸਾਰੀਆਂ ਵਿੱਦਿਆ ਦਾ ਭੇਦ ਆਉਂਦਾ

ਹੈ।

ਯਾਹੀ ਤੈ ਨਹਿਂ ਜਾਈਓ,
ਆਪ ਤਾਂਹਿ ਕੇ ਧਾਮ।
ਅਤਿ ਕਪਟੀ ਵਹੁ ਮਸ਼ਕਰਾ,
ਤੁਮ ਸੋਂ ਕਰੈ ਕੁਕਾਮ[1] ॥੪੨॥ — [1]ਖੋਟਾ ਕੰਮ।

ਚੌਪਈ:

ਇਤਜਾਦਿਕ ਬਹੁ ਸ਼ਕਤੀ ਤਾਂ ਕੀ।
ਜੈਤਰਾਮ ਜਬਿ ਭਾਖੀ[1] ਬਾਂਕੀ[2]। — [1]ਕਹੀ। [2]ਸੁੰਦਰ।
ਜੀਵਣ ਦਾਸ ਗਵਾਹੀ ਟੇਰੀ।
ਜੋ ਮਹੰਤ ਕਹਿ ਮੈਂ ਭੀ ਹੇਰੀ ॥੪੩॥
ਹੈ ਬਖਜਾਤ ਸੋ ਸਿੱਧ[1] ਉਦਾਰੀ। — [1]ਮਸ਼ਹੂਰ ਕਰਾਮਾਤੀ ਹੈ।
ਮਾਨਤ ਤਿਸ ਕੋ ਸਭਿ ਸੰਸਾਰੀ।
ਥੇ ਤਹਿਂ ਔਰ ਸਯਾਨੇ ਜੇਤੇ।
ਇਸੀ ਭਾਂਤਿ ਬੋਲੇ ਮਿਲ ਤੇਤੇ ॥੪੪॥
ਸੁਨਿ ਮੁਸਕਾਇ ਗੁਰੂ ਪੁਨ ਗੋਈ।
ਇਸ ਤੇ ਸੌ ਗੁਨ ਕਜੋਂ ਨਹਿਂ ਹੋਈ।
ਐਸੀ ਹੈ ਹਮ ਢਿਗ ਇੱਕ ਬਿੱਦਜਾ।
ਜਿਸ ਆਗੈ ਸਭਿ ਔਰ ਅਬਿੱਦਜਾ[1] ॥੪੫॥ — [1]ਅਣਜਾਣਪੁਣਾ ਹੈ।
ਗੁਰੁ ਨਾਨਕ ਉਚਰਜੋ ਜੋ ਮੰਤ੍ਰ।
ਵਾਹਿਗੁਰੂ ਸਭਿ ਬੇਦਨਿ ਤੰਤ੍ਰ[1]। — [1]ਵੇਦਾਂ ਦਾ ਤੱਤ ਹੈ।
ਜਿਤਿਕ ਸ਼ਕਤਿ ਤੁਮ ਤਾਂ ਕੀ ਗਾਈ[1]। — [1]ਆਖੀ ਹੈ।
ਇਸ ਆਗੈ ਵਹਿ ਚਲੈ ਨ ਕਾਈ ॥੪੬॥
ਤਾਰਾ ਗਨ ਜਿਮ ਦਿਨਕਰ ਆਗੈ[1]। — [1]ਜਿਵੇਂ ਸਾਰੇ ਤਾਰੇ ਸੂਰਜ ਅੱਗੇ।
ਸਿੰਘ ਪੇਖਿ ਜਿਮ ਗਜ ਗਨ ਭਾਗੈਂ[1]। — [1]ਸ਼ੇਰ ਨੂੰ ਦੇਖਕੇ ਜਿਵੇਂ ਸਾਰੇ ਹਾਥੀ ਭੱਜ ਜਾਂਦੇ ਹਨ।
ਬਿਖਧਰ ਬ੍ਰਿੰਦ[1] ਗਰੜ ਤੈ ਜੈਸੇ। — [1]ਸਾਰੇ ਸੱਪ।
ਬਾਜ ਸਮੁਖ ਜਜੋਂ ਬਿਹੰਗ[1] ਨ ਬੈਸੇ ॥੪੭॥ — [1]ਪੰਛੀ।
ਮਾਯਕ ਬਿੱਦਜਾ ਜਗ ਮੈਂ ਜੇਤੀ।
ਵਾਹਿਗੁਰੂ ਆਗੈ ਤਜੋਂ ਤੇਤੀ।
ਫਿਰ ਜੋ ਤੁਮ ਮੁਹਿ ਅਧਿਕ ਡਰਾਯੋ।
ਤਾਂ ਕਾ ਵਡ ਪਰਤਾਪ ਜਨਾਯੋ ॥੪੮॥

ਸੋ ਤੁਮ ਹਮਰਾ ਮਰਮੁ[1] ਨ ਜਾਨਾ। [1]ਭੇਦ।
ਆਪ ਸਮਾਨ ਮੁਝੈ ਅਨੁਮਾਨਾ[1]। [1]ਸਮਿਝਿਆ ਹੈ।
ਪੀਓ ਤੁਮ ਨੈਂ ਪਾਦ ਪਖਾਰੈਂ[1]। [1]ਪੈਰ ਧੋ ਕੇ।
ਭਿੱਖਯਾ ਮਾਂਗਿ ਅਚੀ[1] ਪੁਨ ਜੂਾਰੈਂ ॥੪੯॥ [1]ਖਾਧੀ।
ਹਮ ਖੰਡੇ ਕਾ ਅੰਮ੍ਰਿਤ ਛਕਯੋ।
ਕਰਿ ਅਖੇਰ[1] ਬਹੁ ਆਮਿਖ ਅਚਯੋ[2]। [1]ਸ਼ਿਕਾਰ। [2]ਮਾਸ ਖਾਧਾ ਹੈ।
ਤੁਮਰੇ ਨਾਮ ਦਾਸ, ਸਿਲ[1] ਪੂਜੋ। [1]ਪੱਥਰ।
ਹਮ ਅਕਾਲ ਬਿਨ ਲਖੈਂ ਨ ਦੂਜੋ ॥੫੦॥
ਹਮ ਮ੍ਰਿਗਿੰਦ[1] ਸ਼ਸਤ੍ਰ ਅਨੁਰਾਗੀ[2]। [1]ਸ਼ੇਰ। [2]ਪ੍ਰੀਤਵਾਨ।
ਮਤ ਗਜਿੰਦ[1] ਸੋ ਕਯਾ ਬੈਰਾਗੀ। [1]ਮਸਤ ਹਾਥੀ ਵਾਂਗ।
ਅਬਿ ਹਮ ਜੈਹੈਂ ਤਹਾਂ ਨਿਸੰਗੈਂ।
ਤੁਮ ਨਿਜ ਚੇਲੇ ਦਿਹੁ ਦੁਇ ਸਗੈਂ ॥੫੧॥
ਹਮਰੀ ਉਸ ਕੀ ਹ੍ਵੈ ਜਿਮ ਬਾਤੈਂ।
ਤੁਮ ਢਿਗ ਆਇ ਕਹੈਂ ਬਖਯਾਤੈਂ।
ਯੌਂ ਸੁਨਿ ਸੰਗ ਦਏ ਉਨ ਸਾਧੂ।
ਚਲੇ ਤਹਾਂ ਤੈ ਗੁਰੂ ਅਗਾਧੂ ॥੫੨॥
ਬਾਘ ਮਿਰਗ ਸੂਕਰ[1] ਸਸਿ[2] ਗੈਂਡੇ। [1]ਸੂਰ। [2]ਸਹੇ।
ਇਨ ਕੋ ਹਰਤ[1] ਚਲੇ ਮਧ ਪੈਂਡੇ। [1]ਮਾਰਦੇ।
ਤਟ ਗੁਦਾਵਰੀ ਉਤਰੇ ਜਾਈ।
ਸ਼ਹਿਰ ਨਦੇੜ ਨਿਕਟ ਮੁਦ ਪਾਈ ॥੫੩॥
ਜਿਸ ਜਿਸ ਠੌਰ ਉਤਰਤੇ ਗਏ।
ਅਰ ਜੋ ਮਗ ਮੈਂ ਕਾਮ ਕਰਏ।
ਜੋ ਰਚਨਾ ਤਹਿਂ ਜਾਇ ਬਨਾਈ।
ਗੁਰ ਗਾਥਾ ਮਧ ਸੋ ਸਭਿ ਗਾਈ ॥੫੪॥
ਬੰਦੇ ਕੇ ਸਬੰਧ ਕੀ ਬਾਤੈਂ।
ਕਹਿਹੋਂ ਇਹਾਂ ਸੁਨੋਂ ਬਖਯਾਤੈਂ।
ਅਬਿਚਲ ਨਗਰ ਥਿਰੇ ਗੁਰੁ ਜਬੈ।
ਸੁਨਿ ਸੁਨਿ ਸਿੰਘ ਅਏ ਤਹਿਂ ਤਬੈ ॥੫੫॥
ਲੰਗਰ ਚਲੈ ਦੁਵਕਤ ਅਪਾਰੈਂ।
ਕਬੀ ਕਬੀ ਗੁਰੁ ਚਢੈਂ ਸ਼ਿਕਾਰੈਂ।

ਇਕ ਦਿਨ ਬਾਤ ਯਾਦ ਸੋ ਆਈ।
ਜੈਤਰਾਮ ਥੀ ਜੋਊ ਸੁਨਾਈ ॥੫੬॥
ਜੇਤਿਕ ਲੋਗ ਦੇਸ ਤਿਸ ਕੇਰੇ।
ਮਿਲੇ ਗੁਰੂ ਕੋ ਤਹਾਂ ਬਧੇਰੇ।
ਤਿਨ ਭੀ ਮਹਿਮਾਂ ਬੰਦੇ ਕੇਰੀ।
ਭਾਂਤਿ ਅਨੇਕ ਬਖਜਾਤ ਸੁ ਟੇਰੀ[1] ॥੫੭॥ — [1]ਕਹੀ।

ਸ੍ਵੈਯਾ:
ਏਕ ਦਿਨੈਂ ਗੁਰੁ ਤਾਂਹਿਂ ਸੁ ਦੇਖਨ ਹੇਤ,
ਭਲੇ ਮਨ ਮੈਂ ਠਹਿਰਾਈ।
ਚੰਚਲ ਚਾਰੁ ਤੁਰੰਗ ਚਢੇ,
ਨਿਜ ਸੰਗਹਿ ਸਿੰਘ ਲਏ ਸਮੁਦਾਈ।
ਜਾਂਹਿ ਦਿਸਾ ਰਹਿਤੋ ਵਹਿ ਸਾਧੁ,
ਗੁਦਾਵਰਿ ਤੀਰ[1] ਗਏ ਤਹਿਂ ਧਾਈ। — [1]ਕਿਨਾਰੇ।
ਹੇਰਿ ਅਖੇਰ ਕਰਯੋ ਮਗ ਮੈਂ ਬਹੁ,
ਫੇਰ ਪਿਖਯੋ ਤਿਸ ਕੋ ਬਨ ਜਾਈ ॥੫੮॥
ਸੁੰਦਰ ਸੋ ਬਨ ਨੰਦਨ ਕੇ ਸਮ[1], — [1]ਇੰਦ੍ਰ ਦੇ ਬਾਗ ਵਾਂਗ।
ਸੋਹਿਤ ਸੌਰਭ ਸੋਂ[1] ਲਪਟਾਨਾ। — [1]ਸੁਗੰਧੀ ਨਾਲ।
ਫੂਲੇ ਫਲੇ ਤਰੁ[1] ਝੂਮੇ ਝੁਕੇ ਬਹੁ, — [1]ਬ੍ਰਿੱਛ।
ਫੈਲੇ ਫਬੈ ਤਟ ਗੰਗ[1] ਮਹਾਨਾ। — [1]ਗੋਦਾਵਰੀ ਦੇ ਕੰਢੇ।
ਜਾਤਿ ਅਨੇਕਨ ਕੇਰ ਬਿਹੰਗਮ[1], — [1]ਪੰਛੀ।
ਭਾਂਤਿਨਿ ਭਾਂਤਿ ਰਟੈਂ ਮੁਦ ਦਾਨਾ[1]। — [1]ਤਰ੍ਹਾਂ ਤਰ੍ਹਾਂ ਦੇ ਅਨੰਦ-ਦਾਇਕ ਬੋਲ ਬੋਲਦੇ ਹਨ।
ਮਾਨਹੁ ਸੰਤ ਪ੍ਰਤਾਪ, ਪਢੈਂ
ਅਸਤੋਤਰ, ਸੋ ਪ੍ਰਭੁ ਕੇਰ ਕਿਤਾਨਾ[1] ॥੫੯॥ — [1]ਜਾਣੋਂ (ਸੰਤਾਂ ਦੇ ਪ੍ਰਤਾਪ ਨਾਲ) ਉਸ ਪ੍ਰਭੂ ਦੀ ਉਸਤਤ ਦੇ ਗੀਤ (ਕਿਤਾਨਾ) ਕਿਤਨੇ ਭਾਵ ਬਹੁਤੇ ਪੜ੍ਹਦੇ ਹਨ।

ਅੰਬ, ਅਨਾਰ, ਫਲੇ ਅਮਰੂਦ,
ਬਦਾਮ, ਅੰਗੂਰ, ਲੁਕਾਠ ਅਲੂਚੇ।
ਸੇਉ, ਨਰੰਗੀ, ਖਰੋਟ ਚਕੋਦਰ,
ਭਿੰਦਕ ਬੇਰ[1] ਸ਼ਤੂਤ ਸਮੂਚੇ[2]। — [1]ਪੇਂਦੂ, ਬੇਰ। [2]ਬਹੁਤੇ।
ਨਾਖ, ਸਪਾਰੀ, ਸਿਰੀਫਲ[1], ਲਾਇਚੀ, — [1]ਨਲੇਰ।
ਜਾਮਣ, ਧਾਮਣ[1], ਪੀਪਰ[2] ਊਚੇ। — [1]ਇਕ ਬ੍ਰਿੱਛ ਜਿਸਦੀ ਲੱਕੜ ਬਹੁਤ ਲਚਕਦਾਰ ਹੁੰਦੀ ਹੈ।

	[2]ਪਿੱਪਲ।
ਸੰਗਤਰੇ, ਬੀਹ[1], ਆੜੂ, ਮਿੱਠੇ, ਖਿਰਨੀ,	[1]ਬੀਹ ਦਾਣਾ।
ਪਿਸਤਾ, ਬਿਲ[1], ਆਮਲ[2] ਸੂਚੇ[3] ॥੬੦॥	[1]ਇਕ ਪ੍ਰਕਾਰ ਦਾ ਬ੍ਰਿਛ ਤੇ ਫਲ। [2]ਔਲਾ। [3]ਚੰਗੇ।
ਤਾਲ ਤਮਾਲ[1] ਰਸਾਲ[2] ਬਿਸਾਲ	[1]ਵੀਹ ਪੰਝੀ ਫੁਟ ਉੱਚਾ ਸਦਾ ਬਹਾਰ ਇਕ ਬ੍ਰਿੱਛ। [2]ਅੰਬ।
ਸਮੀ[1] ਕਚਨਾਲ[2] ਸੁ ਸਾਲ[3] ਅਪਾਰੈਂ।	[1]ਜੰਡ ਦਾ ਬ੍ਰਿੱਛ। [2]ਇਕ ਬ੍ਰਿੱਛ ਜਿਸ ਦੀਆਂ ਕਲੀਆਂ ਦੀ ਭਾਜੀ ਬਣਦੀ ਹੈ। [3]ਇਕ ਦਰੱਖ਼ਤ ਜਿਸ ਦੀ ਲੱਕੜ ਪੱਕੀ ਤੇ ਸਿੱਧੀ ਹੁੰਦੀ ਹੈ।
ਸੇਂਬਲ ਨੀਮ[1], ਲਸੂੜੇ, ਰਹੂੜੇ[2],	[1]ਨਿੰਮ। [2]ਪਲਾਹ ਦੀ ਕਿਸਮ ਚੋਂ ਇਕ ਦਰੱਖ਼ਤ।
ਜਮੋਏ[1] ਅਸ਼ੋਕ[2] ਚੋਰੰਜੀ[3] ਦਿਆਰੈਂ[11]।	[1]ਜਾਮਨ ਦੀ ਕਿਸਮ ਦਾ ਇਕ ਬ੍ਰਿੱਛ ਜਿਸ ਦੇ ਪੱਤੇ ਮੌਲਸਰੀ ਵਰਗੇ ਹੁੰਦੇ ਹਨ। [2]ਇਕ ਬ੍ਰਿੱਛ ਜਿਸ ਦੇ ਬਾਰਾਂ ਮਹੀਨੇ ਪੱਤੇ ਹਰੇ ਰਹਿੰਦੇ ਹਨ ਤੇ ਜਿਸ ਨੂੰ ਸੁਗੰਧੀ ਵਾਲੇ ਫੁੱਲ ਲਗਦੇ ਹਨ। [3]ਇਕ ਮੇਵਾ, ਜਿਸ ਦੇ ਫਲ ਵਿੱਚ ਚਾਰ ਬੀਜ ਹੁੰਦੇ ਹਨ, ਜਿਸ ਦੀ ਗਿਰੀ ਦਾ ਸੁਆਦ ਬਾਦਾਮ ਵਰਗਾ ਹੁੰਦਾ ਹੈ। [11]ਦੇਵਦਾਰ ਬ੍ਰਿੱਛ ਜਿਸ ਦੀ ਲੱਕੜ ਚਿਕਨੀ ਤੇ ਖ਼ੁਸ਼ਬੂਦਾਰ ਹੁੰਦੀ ਹੈ।
ਚੰਦਨ ਜੈਂਤ[1] ਕਰੋਂਦ[2] ਹਰੀੜ[3],	[1]ਜੰਤੂ ਫਲ, ਕ੍ਰਿਮ ਫਲ, ਉਦੁੰਬਰ, ਜਿਸ ਦੇ ਫਲ 'ਚ ਅਨੇਕਾਂ ਜੀਵ ਹੁੰਦੇ ਹਨ। [2]ਨਿੰਬੂ ਜੇਹੇ ਪੱਤਿਆਂ ਦਾ ਕੰਡੇਦਾਰ ਬੂਟਾ ਜਿਸ ਦੇ ਫਲਾਂ ਦਾ ਅਚਾਰ ਪੈਂਦਾ ਹੈ। [3]ਹਰੜ।
ਬਹੇੜ[1] ਸੁ ਮੌਲਸਿਰੀ[2] ਪਿਲਕੀ[3] ਦੇਵਦਾਰੈਂ[11]।	[1]ਬਹੇੜਾ। [2]ਜਮੋਏ ਦੇ ਪੱਤਿਆਂ ਵਰਗੇ ਪੱਤਿਆਂ ਵਾਲਾ ਇਕ ਬ੍ਰਿੱਛ ਜਿਸ ਨੂੰ ਵਰਖਾਰੁੱਤ 'ਚ ਸੁਗੰਧੀ ਵਾਲੇ ਫੁੱਲ ਲਗਦੇ ਹਨ। [3]ਪਿਲਕਣ, ਬੋਹੜ ਦੀ ਕਿਸਮ ਦਾ ਇਕ ਬ੍ਰਿੱਛ। [11]ਇਕ ਬ੍ਰਿੱਛ।
ਕੀਕਰ ਖੈਰ ਕਉ ਖਦਰੇਂ	
ਅਬਲੀ[1] ਬਟ[2] ਸਾਗ[3] ਪਿਪੀਹਾ[11] ਛੁਹਾਰੈਂ ॥੬੧॥	[1]ਆਮਲਕਾ, ਇਮਲੀ, ਬ੍ਰਿੱਛ ਜਿਸ ਨੂੰ ਖੱਟੇ ਫਲ ਲਗਦੇ ਹਨ। [2]ਬੋਹੜ। [3]ਸਾਗਵਾਨ ਦਰੱਖ਼ਤ। [11]ਪਪੀਤਾ, ਏਰੰਡ ਖ਼ਰਬੂਜ਼ਾ।
ਕੇਲ[1] ਰਵੇਲ[2] ਜੁਹੀ[3] ਮੁੰਗਰਾ[11]	[1]ਕੇਲਾ। [2]ਇਕ ਸੁਗੰਧੀਦਾਰ ਫੁੱਲਾਂ ਵਾਲਾ ਬੂਟਾ। [3]ਮੋਤੀਏ ਦੀ ਜਾਤੀ ਦੀ ਇਕ ਵੇਲ। [11]ਇਕ ਪ੍ਰਕਾਰ ਦੀ ਚੰਬੇਲੀ।
ਮਲਕਾ[1] ਗੁਲ ਸੱਬਹੁ ਚੰਪਕ ਚਾਰੈਂ[2]।	[1]ਮੱਲੀ, ਚਮੇਲੀ ਦੀ ਕਿਸਮ ਦਾ ਇਕ ਸੁਗੰਧੀ ਵਾਲੇ ਫੁੱਲਾਂ ਦਾ ਬੂਟਾ। [2]ਚੰਬਾ ਆਦਿ ਸਾਰੇ ਫੁੱਲ ਸੁੰਦਰ ਹਨ।
ਹਾਰ ਸ਼ਿੰਗਾਰ[1] ਗੁਲਾਬ ਨਰੱਗਸ[2]	[1]ਸੁਨਹਿਰੀ ਡੰਡੀ ਤੇ ਚਿੱਟੇਰੰਗ ਦੇ ਖੁਸ਼ਬੂਦਾਰ ਫੁੱਲਾਂ ਵਾਲਾ ਬ੍ਰਿੱਛ। [2]ਇਕ ਸੁਗੰਧੀ ਵਾਲਾ ਚਿੱਟਾ ਫੁੱਲ ਜਿਸ ਦੇ ਵਿਚਕਾਰ ਬਸੰਤੀਰੰਗ, ਅੱਖ ਦੀ ਪੁਤਲੀ ਦੇ ਅਕਾਰ ਦਾ ਹੁੰਦਾ ਹੈ ਜਿਸ ਦੀ ਉਪਮਾ ਕਵੀ ਅੱਖ ਨੂੰ ਦੇਂਦੇ ਹਨ।
ਭਾਨਮੁਖੀ[1] ਕਲਗਾ[2] ਸੁ ਬਹਾਰੈਂ[3]।	[1]ਸੂਰਜ ਮੁਖੀ। [2]ਕਲਗੀ ਦੀ ਸ਼ਕਲ ਦੇ ਲਾਲਰੰਗ ਦੇ ਫੁੱਲਾਂ ਵਾਲਾ ਬੂਟਾ। [3]ਚੰਗੀ ਤਰ੍ਹਾਂ ਖਿੜੇ ਹੋਏ ਹਨ।

ਮੋਤੀਆ ਮਾਲਤੀ[1] ਸੇਵਤੀ[2] ਕੇਵਰਾ[3],	[1]ਚਮੇਲੀ ਦੀ ਇਕ ਜਾਤੀ। [2]ਚਿੱਟਾ ਗੁਲਾਬ। [3]ਕਿਉੜਾ।
ਗੇਂਦ[1] ਗੁਲਾਬ ਮਹਿੱਕ ਉਦਾਰੈਂ[2]।	[1]ਗੇਂਦਾ। [2]ਬਹੁਤੇ ਮਹਿਕ ਰਹੇ ਹਨ।
ਖੂਪ ਖਿਲੀ ਬਿਬਿਹਾ ਫੁਲਵਾਈ[1]	[1]ਅਨੇਕ ਤਰ੍ਹਾਂ ਦੀ ਫੁਲਵਾੜੀ।
ਸੁਹਾਵਤ ਭਾਵਤ ਦੇਤ ਨਜ਼ਾਰੈਂ[1] ॥੬੨॥	[1]ਸੋਭਦੀ ਹੈ, ਮਨ ਨੂੰ ਚੰਗੀ ਲਗਦੀ ਹੈ, ਨਜ਼ਾਰਾ ਦੇਂਦੀ ਹੈ।
ਤਾਲ ਕਿਲਾਲ ਭਰੇ ਲਘੁ ਦੀਰਘ[1],	[1]ਛੋਟੇ ਵੱਡੇ ਸਰੋਵਰ (ਕਿਲਾਲ) ਪਾਣੀ ਨਾਲ ਭਰੇ ਹੋਏ ਹਨ।
ਕੌਲ ਖਿਰੇ ਮੱਧ ਭੌਰ ਗੁੰਜਾਰੈਂ।	
ਸਾਰਸ[1] ਹੰਸ ਚਕੋਰ ਚਿਰੀ[2]	[1]ਕੂੰਜ ਜੇਹੇ ਪੰਛੀ ਜੋ ਪਾਣੀ ਦੇ ਕਿਨਾਰੇ ਰਹਿੰਦੇ ਹਨ। [2]ਚਿੜੀਆਂ।
ਚਕਵਾ; ਸੁਕ[1] ਕੋਕਿਲ[2] ਸਾਰਕ[3] ਲਾਰੈਂ[11]।	[1]ਤੋਤੇ। [2]ਹਰੀਅਲ ਪੰਛੀ। (ਅ) ਪਹਾੜੀ ਕਾਂ। [3]ਮੈਨਾ ਆਦਿ ਦੀਆਂ। [11]ਡਾਰਾਂ।
ਕੋਇਲ ਲਾਟ[1] ਲਵੇ[2] ਕਲ[3] ਤੀਤਰ,	[1]ਬੋਲਦੇ ਹਨ। [2]ਬਟੇਰੇ। [3]ਸੁੰਦਰ। (ਅ) ਮਿੱਠੀ ਧੁਨਿ ਨਾਲ।
ਮੋਰ ਕਬੂਤਰ ਚਾਕ ਚਿਕਾਰੈਂ[1]।	[1]ਚੀਕ ਚਿਹਾੜਾ ਪਾ ਰਹੇ ਹਨ ਭਾਵ ਬਹੁਤ ਉੱਚੀ ਬੋਲ ਰਹੇ ਹਨ।
ਕੁੰਜਤ ਕੁੰਜਨ ਪੁੰਜ ਸਮੰਜ,	
ਮਨੋਹਰ ਬੈਨ ਬਿਹੰਗ ਉਚਾਰੈਂ[1] ॥੬੩॥	[1](ਕੁੰਜਨ) ਕੂੰਜਾਂ ਦੀਆਂ (ਕੁੰਜਤ) ਗੁੱਠਾਂ ਵਿੱਚ (ਸਮੰਜ) ਮੁਨਾਸਬ ਢੰਗ ਨਾਲ (ਪੁੰਜ) ਸਾਰੇ ਪੰਛੀ ਸੁੰਦਰ ਬੋਲ ਬੋਲ ਰਹੇ ਹਨ।
ਰੋਝ[1] ਸਸੇ[2] ਮ੍ਰਿਗ ਕੱਕੜ[3] ਪਾਢੇ[11],	[1]ਨੀਲ ਗਾਂ। [2]ਸਹੇ। [3]ਇਕ ਪਹਾੜੀ ਹਰਨ ਜੋ ਕੁੱਤੇ ਵਾਂਗ ਭੌਂਕਦਾ ਹੈ। [11]ਭੂਰੇਰੰਗ ਦਾ ਦੋ ਫੁੱਟ ਉੱਚਾ ਹਰਨ।
ਕਪੀ[1] ਰਿਛ ਭੂਰ[2] ਲੰਗੂਰ ਫਿਰੈਹੈਂ।	[1]ਬਾਂਦਰ। [2]ਬਹੁਤੇ।
ਲੂੰਬਰ[1] ਸੇਹ[2] ਝਿਖਾਰ[3] ਬਘਜਾਰ,	[1]ਲੂੰਬੜ। [2]ਤੱਕਲਿਆਂ ਵਾਲਾ ਇਕ ਜਾਨਵਰ। [3]ਬਾਰਾਂ ਸਿੰਗਾ।
ਸਿਆਰ[1] ਸੁੰਡਾਲ[2] ਸੁਨੀਲਨ ਲੈਹੈਂ[3]।	[1]ਗਿੱਦੜ। [2]ਸੁੰਡ ਵਾਲੇ ਹਾਥੀ। [3]ਚੰਗੇਰੰਗਾਂ ਦੇ (ਲੈਹੈਂ) ਦੇਖੀਦੇ ਹਨ।
ਗਾਇ ਸੁਰਾ[1] ਮਹਿਖੀ[2] ਅੱਸ੍ਵ[3] ਉੂੰਟ	[1]ਸੁਰ੍ਹਾਂ ਗਾਂ ਜਿਸ ਦੀ ਪੂਛ ਦੇ ਚਉਰ ਬਣਦੇ ਹਨ। ਇਹ ਤਿੱਬਤ ਵਿੱਚ ਬਹੁਤ ਹੁੰਦੀ ਹੈ। [2]ਮੱਝਾਂ। [3]ਘੋੜੇ।
ਬੁਜੋ[1] ਬਿਲੀਆਂ ਸਿੰਘ[2] ਬਾਘ[3] ਫਿਰੇ ਹੈਂ।	[1]ਬੱਕਰੀਆਂ। [2]ਸ਼ੇਰ। [3]ਸ਼ੇਰ ਦੀ ਇਕ ਜਾਤੀ।
ਗੈਂਡੇ ਤਰੱਕ[1] ਬਿੱਜੂ ਅਰਨੇ[2]	[1]ਇਕ ਪ੍ਰਕਾਰ ਦਾ ਬਘਿਆੜ। [2]ਲਾਲਰੰਗ ਦੇ।
ਬਰਨੇ ਕਵਿ ਕੌਨ ਜੁ ਤੌਨ ਜਗੈ ਹੈਂ[1] ॥੬੪॥	[1]ਜਗਤ ਵਿੱਚ (ਉਹ) ਕਿਹੜਾ ਕਵੀ ਹੈ ਜਿਹੜਾ ਤਿਨ੍ਹਾਂ ਦਾ ਵਰਣਨ ਕਰ ਸਕੇ।
ਬਾਜ ਕਪੋਤ[1], ਭੁਜੰਗ[2] ਸਿਖੀ[3] ਬ੍ਰਿਕ[11]	[1]ਕਬੂਤਰ। [2]ਸੱਪ। [3]ਮੋਰ। [11]ਬਘਿਆੜ ਦੀ ਇਕ ਕਿਸਮ।
ਬੱਕਰੀ, ਕੇਹਰ ਗਾਇ ਮਿਲੈ ਕੈ[1]।	[1]ਬੱਬਰ ਸ਼ੇਰ ਤੇ ਗਾਂ ਇਕੱਠੇ ਹੋ ਕੇ।
ਸ੍ਵਾਨ ਸਸੇ[1], ਚਿਤ੍ਰੇ ਮ੍ਰਿਗ, ਮੂਸ[2]	[1]ਕੁੱਤੇ ਤੇ ਸਹੇ। [2]ਚੂਹੇ।

ਬਿਲੇ, ਬਿਚਰੈ ਇਕਠੇ ਹਿਤ ਕੈ ਕੈ[1]।
[1]ਪ੍ਰੇਮ ਕਰਕੇ।
ਸੀਮ[1] ਹੁਤੀ ਜਹਿਂ ਲੌਂ ਬਨ ਸੰਨਤ[2],
[1]ਹੱਦ। [2]ਸੰਤਾਂ ਦੇ ਬਾਗ ਦੀ।
ਬੈਰ ਤਜੈਂ ਸਭਹੀ ਤਹਿਂ ਐ ਕੈ।
ਸੰਤ ਪ੍ਰਤਾਪ ਅਮਾਪ[1] ਗੁਰੂ ਪਿਖਿ,
[1]ਅਣਗਿਣਤ।
ਮੋਦ[1] ਭਏ ਅਤਿਸੈਂ ਤਹਿਂ ਜੈ ਕੈ ॥੬੫॥
[1]ਅਨੰਦ।
ਕੂਪ[1] ਪਿਖ੍ਯੋ ਗੁਰੁ, ਬਾਗ ਵਿਖੈ
[1]ਖੂਹ।
ਬਿਨ ਬੈਲ ਮਨੁੱਖਨ ਕੇ ਸੁ ਚਲੈ ਹੈ।
ਫੇਰ ਖਵੀਸ ਰਹੇ ਹਰਟੈਂ[1],
[1]ਹਲਟ ਨੂੰ ਬੀਰ ਚਲਾ ਰਹੇ ਹਨ।
ਗੁਰ ਤੈ ਬਿਨ ਔਰ ਨ ਕਾਂਹਿ ਦਿਸੈ ਹੈ।
ਸਿੱਖ ਹਿਰਾਨ ਮਹਾਨ ਭਏ ਪਿਖਿ,
ਸੰਤ ਪ੍ਰਤਾਪ ਲਖ੍ਯੋ ਅਤਿਸੈ[1] ਹੈ।
[1]ਬਹੁਤਾ।
ਨਾਹਿਂ ਹੁਤੋ ਤਿਸ ਠੌਰ ਤਬੈ ਵਹਿ,
ਸੰਤ ਗਯੋ ਹਿਤ ਸੈਲ ਕਿਤੈ ਹੈ ॥੬੬॥
ਧਾਮ ਵਿਖੇ ਤਿਸ ਕੇ ਗੁਰੁ ਜਾਇ,
ਅਰਾਮ ਪ੍ਰਦਾਇ[1] ਪਲੰਘ ਨਿਹਾਰਾ।
[1]ਸੁਖ ਦੇਣ ਵਾਲਾ।
ਕੋਮਲ ਸੇਜ ਕਸੀ ਸੁਠ[1] ਤਾਂ ਪਰ,
[1]ਸੁੰਦਰ।
ਛੋਟ ਬਡੇ ਉਪਧਾਨ[1] ਸ਼ਿੰਗਾਰਾ।
[1]ਸਰਹਾਣਿਆਂ ਨਾਲ।
ਤਾਂ ਪਰ ਆਪ ਬਿਰਾਜ ਗਏ ਗੁਰ,
ਸਿੰਘਨ ਕਿੰਚਤ[1] ਪਾਇ ਅਸ਼ਾਰਾ[2]।
[1]ਥੋੜਾ ਜਿਹਾ। [2]ਇਸ਼ਾਰਾ।
ਘਾਸ ਅਨਾਜ ਉਠਾਯ ਸੁ ਸਾਧ ਕੋ,
ਬਾਂਧਿ ਤੁਰੰਗਨ[1] ਅੱਗਰ ਡਾਰਾ ॥੬੭॥
[1]ਘੋੜਿਆਂ ਦੇ।
ਫਲ ਫੂਲ ਸੁ ਮੂਲ ਉਪਾੜ[1] ਛਕੇ,
[1]ਗਾਜਰ ਮੂਲੀ ਆਦਿ ਪੁੱਟ ਕੇ।
ਬੱਕਰੇ ਪੁਨ ਸਾਧਹਿਂ ਕੇ ਝਟਕਾਏ।
ਬਾਲ ਅੰਗੀਠੇ ਕਬਾਬ[1] ਬਨਾਇ,
[1]ਮਾਸ।
ਸੁ ਖਾਣ ਲਗੇ ਭੁੰਨ ਭੁੰਨ ਤਹਾਂਏ।
ਸੇਵਕ ਸਾਧ ਕੇ ਰੋਕ ਰਹੇ,
ਨ ਰੁਕੇ ਸਿੰਘ ਜੌਂ, ਡਰ ਕੇ ਸਮੁਦਾਏ।
ਦੌਰ ਗਏ ਬਨ ਮੈਂ ਤਬਿ, ਸੰਤਹਿ[1]
[1]ਸੰਤ ਮਾਧੋ ਦਾਸ ਨੂੰ।
ਬਾਤ ਕਹੀ ਸਭਿ ਭਾਂਤਿ ਸੁਨਾਏ ॥੬੮॥
ਹਾਲ ਅਨੀਤ ਬਿਸਾਲ ਪਗ੍ਯੋ ਸੁਨਿ[1],
[1]ਬਹੁਤੀ (ਅਨੀਤਿ) ਬੇਇਨਸਾਫ਼ੀ ਨਾਲ (ਪਗ੍ਯੋ) ਰੰਗਿਆ

ਕੋਪ ਜਗਯੋ ਤਿਸ ਸੰਤ ਕਮਾਲੈ[1]।
ਬੀਰ ਪਠੇ ਹਿਤ ਮੰਚ[1] ਗਿਰਾਵਨ,
ਆਇ ਤਿਨੈਂ ਬਲ ਲਾਇ ਬਿਸਾਲੈ।
ਮੰਚ ਉਠਾਯੋ ਜਬੈ ਉਨਹੂੰ,
ਗੁਰ ਦੈ ਕਰ ਜੋਰ ਦਬਾਇ ਉਤਾਲੈ[1]।
ਵਾਹਿਗੁਰੂ ਬਲ ਤੇ ਦੜਿਓ[1] ਰਹੁ,
ਯੋਂ ਕਹਿ ਕੈ ਗੁਰੁ ਤੀਰ ਨਿਕਾਲੇ ॥੬੯॥
ਚਾਰ ਰਖੇ ਚਹੁੰ ਪਾਯਨ[1] ਪੈ,
ਕਰ ਮੈਂ ਇਕ ਲੈ ਕਰ ਸ਼ੀਘਰਤਾਈ[1]।
ਜਪੁ ਜੀ ਜਪਿ[1] ਮੰਚ ਦਬਾਯ ਰਖਯੋ,
ਵਹਿ ਹਾਰ ਹਟੇ ਬਲ ਲਾਇ ਮਹਾਂਈ।
ਤੀਰ ਮੁਖੀ ਸੰਗ ਬੀਰਨ ਕੋ,
ਫਿਰ ਦੂਰ ਕਰਯੋ ਗੁਰ ਚੋਕ[1] ਲਗਾਈ।
ਹਾਰ ਮੁਵੱਕਲ ਚਾਰ[1] ਗਏ
ਉਲਟੇ[1], ਫਿਰ ਹੋਇ ਲਚਾਰ ਤਹਾਂਈ ॥੭੦॥
ਸਾਧੁ ਨਰਾਯਨ ਦਾਸ ਢਿਗੈਂ,
ਉਨ ਜਾਯ ਹਵਾਲ ਨਿਜੈਂ ਸਭਿ ਟੇਰੋ।
ਹੈ ਵਹਿ ਬੀਰ ਬਲੀ ਅਵਤਾਰ,
ਕਿ ਪੀਰ ਪੈਗੰਬਰ ਕੋਇ ਬਡੇਰੋ।
ਮੰਚ ਹਲਯੋ ਨ ਚਲਯੋ ਹਮ ਤੈ,
ਹਮ ਜੋਰ ਲਗਾਇ ਰਹੇ ਬਹੁਤੇਰੋ।
ਯੌਂ ਸੁਨਿ ਸਾਧੁ ਭਯੋ ਬਿਸਮੈਂ ਅਤਿ,
ਮੰਤ੍ਰ ਜਪਯੋ ਮਹਾਂ ਬੀਰਨ ਕੇਰੋ[1] ॥੭੧॥
ਹਾਜਰ ਆਇ ਭਏ ਸੁ ਮੁਵੱਕਲ,
ਜੋ ਮਹਾਂ ਬੀਰ ਕਹਾਵਤ ਭਾਰੇ।
ਦੈ ਕਰਿ ਭੇਟ ਨਲੇਰ ਤਿਨੈਂ,
ਗੁਰ ਓਰ ਪਠੇ ਇਸ ਭਾਂਤਿ ਸਿਖਾਰੇ।
ਜਾਇ ਪਿਖਹੁ ਮਮ ਮੰਚਹਿ ਪੈ,
ਨਰ ਕੌਨ ਥਿਰਯੋ ਅਜ ਆਇ ਸਕਾਰੇ[1]।

ਹੋਇਆ ਹਾਲ ਸੁਣ ਕੇ।
[1]ਬਹੁਤਾ।
[1]ਪਲੰਘ।
[1]ਛੇਤੀ।
[1]ਟਿਕਿਆਰਹੁ।
[1]ਪਾਵਿਆਂ ਉੱਤੇ।
[1]ਕਾਹਲੀ ਨਾਲ।
[1]ਜਪੁਜੀ ਸਾਹਿਬ ਦਾ ਪਾਠ ਕਰਕੇ।
[1]ਚੋਭ।
[1]ਚਾਰੇ ਬੀਰ।
[1]ਮੁੜ ਗਏ।
[1]ਵੱਡੇ ਬੀਰਾਂ ਦਾ।
[1]ਸਵੇਰੇ।

ਮੰਚ ਉਠਾਇ ਦਿਵੋਂ ਉਲਟਾਇ,
ਗਿਰਾਇ ਧਰਾ ਪਰ ਤਾਂਹਿ ਦਜੋ ਮਾਰੇ ॥੭੨॥
ਯੌਂ ਸੁਨਿ ਬੀਰ ਮਹਾਂ ਬਲਵਾਨ,
ਘਨੀ ਰਿਸ ਠਾਨ ਅਏ ਤਹਿਂ ਫੇਰੈ।
ਆਇ ਹਲਾਇ ਪਲੰਘ ਰਹੇ,
ਨ ਉਠਜੋ ਤਿਨ ਤੇ ਬਲ ਕੀਨ ਬਧੇਰੈ।
ਹਾਰ ਲਚਾਰ ਗਏ ਫਿਰ ਸੋ,
ਅਰ ਮੰਚ ਭਯੋ ਗੁਰ ਕਾ ਸਮ ਮੇਰੈਂ[1]। — [1]ਸੁਮੇਰ ਪਰਬਤ ਵਾਂਗ।
ਪਾਸ ਨਰਾਯਣ ਦਾਸ ਕਹਜੋ ਉਨ,
ਮੰਚ ਉਠੇ ਅਬ ਨਾ ਤਿਸ ਕੇਰੈਂ ॥੭੩॥
ਯੌਂ ਸੁਨਿ ਕੋਪ ਬਿਸਾਲ ਭਯੋ,
ਵਹਿ ਸਾਧੁ ਕਰੇ ਚਖੁ[1] ਲਾਲ ਸੁ ਗੇਰੂ। — [1]ਨੇਤ੍ਰ।
ਫੇਰ ਸਭੈ ਇਕਠੇ ਕਰਿ ਬੀਰ,
ਪਠੇ ਗੁਰੁ ਪੈ ਤਿਨ ਤੀਸਰ ਬੇਰੂ।
ਆਂਚ[1] ਲਗੈ ਗੁਰ ਕੇ ਪ੍ਰਤਾਪ ਕੀ, — [1]ਅੱਗ।
ਆਇ ਸਕੈਂ ਨਹਿਂ ਮੰਚਹਿ ਨੇਰੂ[1]। — [1]ਨੇੜੇ।
ਜਯੋਂ ਰਵਿ[1] ਕੇ ਢਿਗ ਜਾਇ ਨ ਸੱਕਤ, — [1]ਸੂਰਜ।
ਜੱਦਪਿ ਹ੍ਵੈ ਬਲਵਾਨ ਪੰਖੇਰੂ[1] ॥੭੪॥ — [1]ਪੰਛੀ।
ਬੀਰ ਖਿਸਾਇ[1] ਗਏ ਫਿਰ ਸਾਧੁ ਪੈ, — [1]ਸ਼ਰਮਿੰਦੇ ਹੋ ਕੇ।
ਬੀਤਜੋ ਹਾਲ ਨਿਜੈਂ ਸਭਿ ਗਾਯੋ।
ਹੈ ਬਲਵਾਨ ਮਹਾਨ ਮਹਾਂ ਨਰ,
ਸੋ ਹਮ ਤੈ ਨਹਿਂ ਜਾਤਿ ਗਿਰਾਯੋ।
ਮੰਚ ਉਠਾਵਨ ਦੂਰ ਰਹਜੋ,
ਅਬਿ ਤਾਂਹਿ ਨਜ਼ੀਕ ਨ ਜਾਵਨ ਪਾਯੋ।
ਅੰਗ ਲਗੇ ਜਰਨੇ ਹਮਰੇ, ਸਭਿ,
ਤਾਂਹਿ ਕਾ ਤੇਜ ਸਹਾ ਨਹਿਂ ਜਾਯੋ[1] ॥੭੫॥ — [1]ਸਹਾਰਿਆ ਨਹੀਂ ਜਾਂਦਾ।
ਯੌਂ ਸੁਨਿ ਕੋਪ ਸਤ੍ਰਾਸ ਬਢਜੋ,
ਰਸ ਤਾਂਹਿ ਬਿਭੀਤਸਰੌਦ੍ਰ ਹੋਏ[1]। — [1]ਇਉਂ ਸੁਣਕੇ ਡਰ ਸਹਿਤ ਕ੍ਰੋਧ ਵਧਿਆ (ਜਿਸ ਕਰਕੇ) ਤਿਸ ਦੇ ਅੰਦਰ ਬੀਭੱਤਸ ਤੇਰੌਦ੍ਰ ਦੋਵੇਂਰਸ ਇਕੱਠੇ ਹੋ ਗਏ।
ਲੋਚਨ ਲਾਲ ਕਰਾਲ[1] ਮਹਾਂ ਕਰਿ, — [1]ਭਿਆਨਕ।

ਬੀਰਨ ਕੌ ਕਟੁ ਬੈਨ ਬੁਗੋਏ[1]। — [1]ਕੌੜੇ ਬਚਨ ਕਹੇ।
ਭੂਤ ਪਰੇਤ ਬਿਤਾਲ[1] ਬਟੋਰ ਘਨੇਂ[2], — [1]ਭੂਤਾਂ ਦੀ ਇਕ ਜਾਤੀ। [2]ਬਹੁਤੇ ਇਕੱਠੇ ਕਰਕੇ।
ਗੁਰ ਸਿੱਖਨ ਪੈ ਫਿਰ ਢੋਏ।
ਰੂਪ ਭਯੰਕਰ ਧਾਰਿ ਮਹਾਂ ਸਭਿ
ਆਏ, ਤਬੈ ਗੁਰ ਸਿੱਖਹਿਂ ਜੋਏ[1] ॥੨੬॥ — [1]ਸਿੱਖਾਂ ਨੇ ਦੇਖਿਆ।
ਦੌਰਿ ਪੁਕਾਰ ਕਰੀ ਗੁਰੁ ਪੈ
ਸਭ ਸਿੱਖਨਿ, ਹ੍ਵੈ ਭਯ ਭੀਤ ਮਹਾਂਏ[1]। — [1]ਭੈ ਨਾਲ ਬਹੁਤਾ ਡਰ ਕੇ।
ਨਾਥ ਬਚਾਵ ਕਰੋ ਹਮਰਾ ਅਬਿ,
ਨਾਹਿਂ ਤੁ ਯਾਂਹਿ ਤੁ ਜਾਹਿਂ ਚਬਾਏ[1]। — [1]ਨਹੀਂ ਤਾਂ ਇਹ ਤਾਂ ਸਾਨੂੰ ਖਾ ਜਾਣਗੇ।
ਆਵਤ ਹੈਂ ਪਰਲੈ ਘਨ ਜਯੋਂ
ਉਮਡੇ[1], ਮੁਖ ਦਾਢ[2] ਕਢੇ ਦੁਖਦਾਏ। — [1]ਉਛਲ ਕੇ। [2]ਜਾੜ੍ਹਾਂ।
ਯੌਂ ਜਬਿ ਆਤੁਰ[1] ਸਿੰਘ ਪਿਖੇ ਗੁਰੁ, — [1]ਦੁਖੀ।
ਧੀਰਜ ਦੈ ਇਮ ਬੈਨ ਅਲਾਏ ॥੨੭॥
ਨਾਹਿਂ ਡਰੋ ਇਨ ਤੇ ਤੁਮ ਕਿੰਚਤ,
ਵਾਹਿਗੁਰੂ ਮੁਖ ਜਾਹੁ ਉਚਾਰੇ।
ਔ ਮਿਲ ਕੈ ਇਕ ਠੌਰ ਪੁਨਾ,
ਧੁਨਿ ਊਚ ਅਕਾਲ ਗਜਾਉ ਜਕਾਰੇ।
ਯੌਂ ਕਹਿ ਕੈ ਗੁਰੁ ਤੀਰ ਤਜੇ ਨਿਜ,
ਹੋਇ ਸਪੱਛ ਵਹੀ ਅਹਿ ਕਾਰੇ[1]। — [1]ਉਹੋ ਹੀ ਖੰਭਾਂ ਵਾਲੇ ਕਾਲੇ ਸੱਪ ਬਣ ਗਏ।
ਬੀਰਨ ਕੇ ਗਿਰਦੈ ਵਹਿ ਤੀਰ
ਭਏ, ਤਬਿ ਜਾਇ ਭਯੰਕਰ ਭਾਰੇ ॥੨੮॥
ਬੀਰਨ ਕੋ, ਗੁਰ ਤੀਰਨ ਮਾਰ
ਭਗਾਇ ਦਯੋ, ਨਿਜ ਸਿੰਘ ਬਚਾਏ।
ਚੱਕ੍ਰ ਸੁਦਰਸ਼ਨ ਜਯੋਂ ਹਰਿ ਕੇ[1], — [1]ਜਿਵੇਂ ਵਿਸ਼ਨੂੰ ਦੇ ਸੁਦਰਸ਼ਨ ਚੱਕ੍ਰ ਨੇ।
ਅਮਰੀਕ ਸੁ ਭੂਪਹਿ ਕੀਨ ਸਹਾਏ।
ਫੇਰ ਪੁਨਾ ਮਿਲ ਕੈ ਗੁਰ ਸਿੰਘਨਿ,
ਦੀਨ ਅਕਾਲ ਅਕਾਲ ਗਜਾਏ।
ਸੋ ਧੁਨ ਕੌ ਸੁਨ ਕੈ ਛਿਨ ਮੈਂ,
ਵਹਿ ਭੂਤ ਪ੍ਰੇਤ ਬਿਤਾਲ ਬਿਲਾਏ[1] ॥੨੯॥ — [1]ਛਪ ਗਏ।
ਜੋਗਨਿ ਬੀਰ ਬਿਤਾਲ ਉਡੇ ਇਮ,

ਆਗ ਪਰੇ ਜਿਮ ਆਤਸ਼ ਬਾਜੀ।	
ਸੂਰ ਉਦੇ ਜਿਮ ਕੋਟ ਕੁਹੀਰ[1],	[1]ਧੁੰਦ ਦਾ ਕੋਟ।
ਮ੍ਰਿਗਿੰਦ ਗਜੇ ਮਿਰਗਾਵਲਿ ਭਾਜੀ[1]।	[1]ਸ਼ੇਰ ਦੇ ਗੱਜਣ ਨਾਲ ਹਰਨਾਂ ਦੀ ਡਾਰ ਭੱਜ ਜਾਂਦੀ ਹੈ।
ਮਾਧੋ ਸੁ ਦਾਸ ਭਯੋ ਬਿਸਮੈਂ ਪਿਖਿ,	
ਕੌਤਿਕ ਜੋ ਗੁਰੁ ਕੀਨ ਦਰਾਜੀ[1]।	[1]ਵੱਡਾ।
ਹਾਰ ਪਰਯੋ ਬਲ ਲਾਇ ਸਭੈ ਜਬਿ,	
ਤੌ ਮਿਲਨੇ ਕੀ ਗਟੀ ਮਨਿ ਸਾਜੀ[1] ॥੮੦॥	[1]ਮਨ ਵਿੱਚ ਗਿਣਤੀ ਕੀਤੀ।
ਦੋ ਕਰ ਜੋਰਿ ਗਰੇ ਧਰਿ ਅੰਚਰ[1],	[1]ਗਲ 'ਚ ਪੱਲਾ ਪਾ ਕੇ।
ਬੰਦਨ ਆਇ ਕਰੀ ਗੁਰੁ ਆਗੈਂ।	
ਤਾਂਹਿ ਦਿਸੈਂ ਰਘੁਨਾਥ ਸਰੂਪ[1],	[1]ਰਾਮ ਚੰਦਰ ਸਰੂਪ।
ਗੁਰੂ ਸਭਿ ਭਾਂਤਿ ਪ੍ਰਤੱਖ ਬਿਲਾਗੈਂ[1]।	[1]ਫ਼ਰਕ ਤੋਂ ਬਿਨਾਂ, ਹੂਬਹੂ।
ਸਿੰਘ ਸਭੈ ਹਨੁਮੰਤ ਸੁਗ੍ਰੀਵਹਿ,	
ਅੰਗਦ ਸੱਤ੍ਰੁ ਘਨਾਦਿਕ ਲਾਗੈਂ।	
ਹੇਤ ਉਧਾਰ ਕਲੀ ਅਵਤਾਰ,	
ਲਖੇ[1] ਗੁਰੁ ਤਾਂਹਿ ਤਬੈ ਮੁਦ ਪਾਗੈਂ[2] ॥੮੧॥	[1]ਜਾਣੇ। [2]ਅਨੰਦ 'ਚ ਲੀਨ ਹੋ ਕੇ।
ਤ੍ਰਾਹਿ ਸੁ ਤ੍ਰਾਹਿ[1] ਉਚਾਰਨ ਕੈ,	[1]ਰੱਖਿਆ ਕਰੋ, ਰੱਖਿਆ ਕਰੋ।
ਪਰਿਓ ਸਮ ਦੰਡ ਗੁਰੈਂ ਪਗ ਆਗੇ।	
ਦੀਨ ਅਧੀਨ[1] ਭਯੋ ਪਿਖ ਕੈ,	[1]ਦੁਖੀ ਤੇ ਨਿੰਮ੍ਰਤਾ।
ਗੁਰ ਸਿੰਧੁ ਬਿਵੇਕ ਕ੍ਰਿਪਾ ਅਨੁਰਾਗੇ[1]।	[1]ਗਿਆਨ ਦੇ ਸਮੁੰਦਰ ਸਤਿਗੁਰੂ ਕ੍ਰਿਪਾਲੂ ਹੋ ਗਏ।
ਲੀਨ ਉਠਾਇ ਖਿਰਾਇ ਸੁ ਅੱਗਰ[1],	[1]ਅੱਗੇ ਖੜਾ ਕਰਕੇ।
ਤਾਂਹਿ ਗੁਰੂ ਇਮ ਬੂਝਨ ਲਾਗੇ।	
ਕਯਾ ਤੁਵ ਨਾਮ ਸੁ ਕੌਨਹਿ ਤੂੰ,	
ਕਿਸ ਕੋ ਸਿਸੁ[1] ਕੌਨਹਿ ਭੇਖ ਸਭਾਗੇ[2] ॥੮੨॥	[1]ਚੇਲਾ ਹੈਂ। [2]ਹੇ ਚੰਗੇ ਭਾਗਾਂ ਵਾਲੇ।
ਸੰਤਨ ਕਾ ਅਪਮਾਨ[1] ਰਹਯੋ	[1]ਨਿਰਾਦਰ।
ਕਰਤੋ, ਤੁਮ ਕੋ ਸੁਨਯੋ ਹਮ ਕਾਨੈਂ।	
ਖੇਲਨ ਜੂਪ ਫਲੰਗਨ ਕੂਪ,	
ਸੁ ਦੌਰਨ ਭੀਤਿ ਅਨੀਤਿ ਕਿਤਾਨੈਂ[1]।	[1]ਜੂਆ ਖੇਡਣਾ, ਖੂਹ ਟੱਪਣਾ, ਕੰਧ ਤੇ ਦੌੜਨਾ ਕਿਤਨੀ ਭਾਵ ਬਹੁਤੀ ਖੋਟੀ ਨੀਤੀ ਹੈ।
ਸੰਤਨ ਸੋਂ ਕਰਨੋ ਤਿਮ ਹਾਸਿ,	
ਅਹੇ ਇਹੁ ਡੂਬਨ ਰੀਤਿ ਮਹਾਨੈਂ।	

ਕਜਾ ਤੁਮਰੇ ਸਮ ਕੋਇ ਨਹੀਂ,	
ਜਗ ਮਾਂਹਿ ਬਲੀ ਨਰ ਔਰ ਠਿਕਾਨੈਂ[1] ॥੯੩॥	[1]ਹੋਰ ਜਗ੍ਹਾ।
*ਰਾਮ ਅਵਤਾਰ ਭਏ ਜਬ ਰਾਵਰ,	*ਇਥੋਂ ਮਾਧੋ ਦਾਸ ਬੋਲਣ ਲਗਾ ਹੈ।
ਰਾਵਨ ਘਾਵਨ ਹੇਤ[1] ਪਧਾਰੇ।	[1]ਮਾਰਨ ਵਾਸਤੇ।
ਭੂਪ ਦੁਵਿੰਦ ਮਲੈ ਗਿਰ ਕੋ[1],	[1](ਦੱਖਣ ਦੇ ਇਲਾਕੇ ਦੇ ਇਕ ਦੇਸ਼) ਮਲਯਾਗਿਰ ਦਾ ਰਾਜਾ ਦੁਵਿੰਦ ਨਾਮ ਦਾ।
ਨਿਜ ਲੈ ਦਲ ਥਾ ਗਯੋ ਆਪ ਸੰਗਾਰੇ।	
ਨਾਮ ਗੁਬਿੰਦ ਹੁਤੋ ਹਮਰੋ ਤਬਿ,	
ਭ੍ਰਾਤਰਿ ਭੂਪਤਿ ਕੋ ਬਲਿਕਾਰੇ[1]।	[1]ਰਾਜੇ ਦਾ ਬਲਵਾਨ ਭਰਾ ਸਾਂ।
ਸੰਗ ਉਮੰਗ ਗਯੋ ਤਬਿ ਮੈਂ,	
ਮਧ ਜੰਗ ਤਹਾਂ ਦਿਢ ਲੇਹੁ ਨਿਹਾਰੇ ॥੯੪॥	
ਇੰਦਰ ਨੇ ਰਥ ਥਾ ਪਠਜੋ ਤਬਿ,	
ਰਾਵਰ ਕੇ ਹਿਤ ਜੋ ਤਿਸ ਠਾਏਂ।	
ਘੋਰਨ ਕਾ ਰਖਵਾਰ ਕਰਜੋ ਮੁਹਿ,	
ਜੰਗ ਜੁਰਜੋ ਅਤਿਸੈਂ ਜਬਿ ਆਏ।	
ਰਾਵਰ ਕੇ ਰਥ ਸੰਮੁਖ ਜੌਂ,	
ਅਤਿਕਾਯ[1] ਮਲੇਛ ਅਯੋ ਰਿਸ ਖਾਏ।	[1]ਰਾਵਣ ਦਾ ਇਕ ਪੁੱਤਰ।
ਤਾਂਹਿ ਪਹਾਰ ਸਮਾਨ[1] ਗਦਾ ਪਰਿਹਾਰਿ[2],	[1]ਪਹਾੜ ਵਾਂਗ। [2]ਮਾਰ ਕੇ।
ਦਯੋ ਇਕ ਅੱਸ੍ਰ[1] ਗਿਰਾਏ ॥੯੫॥	[1]ਘੋੜਾ।
ਅੰਗਦ ਆਇ ਪੁਗਜੋ[1] ਤਬਿ ਲੌਂ,	[1]ਪੁੱਜ ਗਿਆ।
ਅਤਿਕਾਯ ਗਯੋ ਤਿਹ ਦੇਖ ਪਲਾਈ[1]।	[1]ਦੌੜ ਗਿਆ।
ਮੈਂ ਝਟ ਔਰਹਿ ਅੱਸ੍ਰ ਲਿਆਇ ਕੇ,	
ਜੋਤ ਦਯੋ[1] ਰਥ ਫੇਰ ਚਲਾਈ।	[1]ਜੋੜ ਦਿੱਤਾ।
ਅੰਗਦ ਕੋ ਨ ਮਲੇਛ ਸਕਜੋ ਹਤ[1],	[1]ਮਾਰ।
ਮੋ ਪਰ ਕੋਪ ਅਯੋ ਗਰਜਾਈ।	
ਮਾਰਿ ਗਦਾ ਅਤਿਕਾਯ ਤਬੈ,	
ਮਮ ਖੋਪਰਿ ਫੋਰਿ ਫਿਰਜੋ ਪਿਛਵਾਈ ॥੯੬॥	
ਰਾਵਰ ਕੇ ਸਰ[1] ਮਾਰ ਤਿਸੈ,	[1]ਤੀਰ।
ਮੁਰਛਾ ਜੁ ਦਈ ਪਿਖਿ ਮੈਂ ਮੁਦ ਪਾਈ।	
ਧਾਇ ਪਰਜੋ ਕਿਚਕਾਇ[1] ਤਿਸੈ ਪਰ,	[1]ਕਚੀਚੀ ਲੈ ਕੇ।

ਰਾਵਰ ਹ੍ਵੈ ਖੁਸ਼ਿ ਬਾਨਿ ਅਲਾਈ।
ਆਉ ਗੁਬਿੰਦ ਦੁਵਿੰਦ ਭਰਾਤਰ,
ਤਾਰਕ ਮੰਤਰ[1] ਤੋਹਿ ਸੁਨਾਈ। — [1]ਸੰਸਾਰ ਤੋਂ ਤਾਰਨ ਵਾਲਾ ਮੰਤ੍ਰ।
ਮੋਖ ਸਲੋਕ[1] ਦਿਵੋਂ ਤੁਮ ਕੋ, — [1]ਸਾਲੋਕ ਮੁਕਤੀ।
ਤਬਿ ਲੌ ਮਮ ਪ੍ਰਾਨ ਗਏ ਨਿਕਸਾਈ ॥੮੭॥
ਇੱਛ ਰਹੀ ਮਨ ਮਾਹਿਂ ਅਤੀ,
ਪ੍ਰਭੁ ਤੈ ਉਪਦੇਸ਼ ਕਲਜਾਨਦ[1] ਪਾਵੈਂ। — [1]ਮੁਕਤੀ ਦੇਣ ਵਾਲਾ।
ਔਰ ਕਰੌਂ ਬਹੁ ਸੇਵ ਤੁਮਾਰਿ,
ਸੁ ਜਯੋਂ ਭਵ ਸਾਗਰ ਪਾਰ ਪਰਾਵੈਂ[1]। — [1]ਪਾਰ ਲੰਘ ਜਾਵਾਂ।
ਯਾ ਹਿਤ ਮੈਂ ਨਹਿਂ ਮੋਖ ਭਯੋ,
ਅਰ ਰਾਵਰ ਕੇ ਦਰਸੇ ਪਰਭਾਵੈਂ[1]। — [1]ਆਪ ਦੇ ਦਰਸ਼ਨਾਂ ਦੇ ਪ੍ਰਭਾਵ (ਅਸਰ) ਕਰਕੇ।
ਗਯਾਨ ਰਹਯੋ ਮੁਝ ਕੋ ਜਨਮਾਂਤਰ
ਕੋ[1], ਤੁਮਰੋ ਮਨਿ ਧਯਾਨ ਸੁਹਾਵੈਂ ॥੮੮॥ — [1]ਹੋਰ ਭਾਵ ਪਿਛਲੇ ਜਨਮਾਂ ਦਾ।
ਭੂਰ ਕਰਯੋ ਤਪ ਬੈਠ ਇਹਾਂ,
ਤਟ ਗੰਗ ਉਡੀਕਤ ਆਵਨ ਥਾਰਾ[1]। — [1]ਤੁਹਾਡਾ ਆਉਣਾ।
ਰਾਮ ਹਿਤੈ ਜਾਮਵਾਨ ਜਟਾਊ,
ਮਤੰਗ ਹਨੂੰ ਸੁਗਰੀਵ ਉਦਾਰਾ[1]। — [1]ਜਿਵੇਂਰਾਮ ਚੰਦਰ ਜੀ ਦੇ (ਦਰਸ਼ਨਾਂ) ਵਾਸਤੇ ਜਾਮਾਵੰਤ, ਜਟਾਯੂ, ਮਤੰਗ, ਹਨੂਮਾਨ ਤੇ ਸੁਗ੍ਰੀਵ ਨੇ ਸ੍ਰੇਸ਼ਟ (ਤਪ ਕੀਤਾ ਸੀ)।

ਜਯੋਂ ਜਦਵੇਸ ਹਿਤੈ ਮੁਚਕੰਦ,
ਮੁਨੇਸ ਰਹਯੋ ਦੁਰਵਾਸਾ ਵਿਚਾਰਾ[1]। — [1]ਜਿਵੇਂ ਕ੍ਰਿਸ਼ਨ ਜੀ ਦੇ (ਦਰਸ਼ਨਾਂ) ਵਾਸਤੇ ਮੁਚਕੰਦਰਾਜਾ ਤੇ ਦੁਰਬਾਸ਼ਾ ਮੁਨੀ ਵਿਚਾਰਾ (ਤਪ ਕਰਦਾ ਰਿਹਾ।)

ਤਯੋਂ ਤੁਮਰੇ ਦਰਸਾਵਨ ਪਾਵਨ
ਹੇਤ, ਉਪਦੇਸ ਮਮੰ ਮਨਿ ਧਾਰਾ[1] ॥੮੯॥ — [1]ਤਿਵੇਂ ਤੁਹਾਡੇ ਪਵਿੱਤ੍ਰ ਦਰਸ਼ਨਾਂ ਵਾਸਤੇ ਮੈਂ ਮਨ ਵਿੱਚ ਤੁਹਾਡਾ ਉਪਦੇਸ਼ ਧਾਰ ਕੇ (ਤਪ ਕਰਦਾ ਰਿਹਾ)।

ਜਯੋਂ ਅਫਲਾਤੂ ਸਿਕੰਦਰ ਕੇ ਹਿਤ,
ਅੱਗਰ ਏਕ ਸੌ ਸਾਲ ਥਿਰਾਯੋ[1]। — [1]ਇਕ ਸੌ ਸਾਲ ਪਹਿਲਾਂ ਤੋਂ ਬੈਠ ਕੇ (ਤਪ ਕਰਦਾ ਰਿਹਾ)।
ਆਇ ਸਿਕੰਦਰ ਕੰਦਰ ਅੰਦਰ
ਤੇ, ਗੁਨਿ-ਮੰਦਰ ਸੋਊ ਲਹਾਯੋ[1]। — [1]ਉਹ ਗੁਣਾਂ ਦਾ ਮੰਦਰ ਅਫਲਾਤੂ ਲੱਭ ਲਿਆ।
ਸੰਗ ਲਿਜਾਇ ਵਜੀਰ ਬਨਾਇ,
ਸੁ ਕਾਮ ਕਰਾਇ ਲਏ ਮਨ ਭਾਯੋ।

ਗਾਥ ਸਿਕੰਦਰ ਨਾਮੇਂ ਵਿਖੇ,
ਇਹੁ ਹੈ ਲੁਕਮਾਨ ਤਿਵੈਂ ਲਖ ਲਾਯੋ[1] ॥੯੦॥ — [1]ਲੁਕਮਾਨ (ਨੇ ਲਿਖੀ ਹੈ) ਤਿਵੇਂ (ਮੈਨੂੰ) ਜਾਣ ਲਉ।
ਯੌਂ ਸੁਨ ਕੈ ਮੁਸਕਾਇ ਗੁਰੂ,
ਕਹਯੋ ਮੁੰਡ ਉਘਾਰਿ[1] ਦਿਖਾਰ ਨਿਸ਼ਾਨੀ। — [1]ਸਿਰ ਖੋਹਲ ਕੇ।
ਖੋਲਿ ਜਟਾਂ ਸਿਰ ਕੀ ਤਿਹ, ਖੋਪਰੀ
ਦੀਨ ਦਿਖਾਇ ਫੁਟੀ ਅਧਿਕਾਨੀ।
ਜੋ ਅਤਿਕਾਯ ਟਿਕਾਯ ਗਦਾ ਹਤੀ,
ਸਿੱਖ ਰਹੇ ਪਿਖਿ ਭੂਰ ਹਿਰਾਨੀ।
ਸਾਚ ਅਵਤਾਰ ਲਖਯੋ ਗੁਰੁ ਕੋ,
ਬਿਸ਼ਨੁ ਰਘਬੀਰ ਸਰੂਪ ਮਹਾਨੀ ॥੯੧॥
ਸਿੱਧ ਲਖਯੋ ਪਰਸਿੱਧ ਸਹੀ,
ਸ਼ਕਤੀ ਸਮਰਿੱਧ ਸੁ ਬ੍ਰਿੱਧ ਮਹਾਂਹੈਂ[1]। — [1]ਬਹੁਤ ਵੱਡੀ (ਸਮਰਿੱਧ) ਸਮੱਗ੍ਰੀ ਤੇ ਸ਼ਕਤੀ ਵਾਲਾ ਮਸ਼ਹੂਰ ਸਿੱਧ (ਕਰਾਮਾਤੀ) ਸਹੀ ਜਾਣਿਆਂ।
ਪੀਰ ਫਕੀਰ ਸਧੀਰ ਬਡੋ ਇਹੁ,
ਬੀਰ ਜਿਸੇ ਰਹਿੰ ਆਗਿਆ ਮਾਹੈਂ।
ਦਾਸ ਨਰਾਯਣ ਕੋ ਸਭਿ ਸਿੰਘਨਿ,
ਜਾਨ ਲਯੋ ਸਿੱਖ ਯੇ ਗੁਰ ਕਾ ਹੈ।
ਦਾਸ ਨਰਾਯਣ ਕੋ ਗੁਰੁ ਫੇਰ
ਕਹਯੋ, ਅਬਿ ਤੂੰ ਕਹੁ ਚਾਹਿਤ ਕਾ ਹੈ? ॥੯੨॥

ਕਬਿੱਤੁ:

ਹਾਥ ਜੋਰਿ ਬਿਨੈਂ ਸਾਥ ਮਾਧੋ ਦਾਸ ਨਾਇ ਮਾਥ[1], — [1]ਸਿਰ ਨਿਵਾ ਕੇ।
ਕਹਯੋ ਮੈਂ ਤੋ ਆਪ ਕਾ ਹੂੰ ਬੰਦਾ[1] ਸੁਨ ਲੀਜੀਏ। — [1]ਦਾਸ।
ਕਰੇ ਅਪਰਾਧ ਜੋਊ ਪੂਰਬ ਅਗਾਧ[1] ਮੈਂ ਨੇ, — [1]ਬਹੁਤੇ।
ਸਾਧੁ ਹੈਂ ਦੁਖਾਏ ਛਮੋਂ ਆਪ ਸੋਊ ਕੀਜੀਏ।
ਮਿਲੇ ਆਪ ਰਘੁਨਾਥ[1] ਆਇ ਆਜ ਮੁਝੈ ਨਾਥ, — [1]ਰਾਮ ਚੰਦਰ ਰੂਪ।
ਕੀਜੀਐ ਸਨਾਥ[1] ਹਾਥੁ ਮਾਥ ਪੈ ਧਰੀਜੀਏ। — [1]ਸਫਲਾ।
ਦੇਹੁ ਉਪਦੇਸ਼ ਵੇਸ਼[1] ਹਾਰਕ ਕਲੇਸ਼ ਸ਼ੇਸ਼[2], — [1]ਚੰਗਾ। [2]ਸਾਰੇ ਕਲੇਸ਼ਾਂ ਨੂੰ ਨਾਸ ਕਰਨ ਵਾਲਾ।
ਕੀਜੈ ਨਿਜ ਸਿੱਖ ਮੋਹਿ ਸਿੱਖਿਆ ਸੁ ਦੀਜੀਏ ॥੯੩॥
ਹੋਇ ਕ੍ਰਿਪਾਲ ਗੁਰੁ ਕਹੇ ਯੌਂ ਰਸਾਲ ਬੈਨ[1], — [1]ਸੁੰਦਰ ਬਚਨ।

ਸਿੱਖ ਹੋਨਿ ਕਠਿਨ ਮਹਾਨ ਪਹਿਚਾਨੀਏ।
ਧਾਰ ਤਰਵਾਰ ਪਰ ਚਲਨ ਵਿਚਾਰ ਵਰ[1], [1]ਚਲਣਾ ਚੰਗੀ ਤਰ੍ਹਾਂ ਵਿਚਾਰ।
ਵਾਰ ਤੈ[1] ਵਰੀਕ ਬਨਿ ਰਹਿਨੋ ਮਹਾਨੀਏ। [1]ਵਾਲ ਤੋਂ।
ਮੁਰਦਾ ਮੁਰੀਦ ਥਾਇ[1] ਤਨ ਮਨ ਧਨ ਦਾਇ, [1]ਮੁਰੀਦ ਮੁਰਦੇ ਵਾਂਗ ਹੋ ਰਹੇ।
ਤਬਿ ਗੁਰੁ ਗੋਰ ਮੈਂ[1] ਸਮਾਇ ਦਿਢ ਜਾਨੀਏਂ। [1]ਗੁਰਾਂ ਦੀ ਆਗਿਆ ਰੂਪ ਕਬਰ ਵਿਚ।
ਆਗਜਾ ਕਮਾਵੈ ਗੁਰੈਂ ਬੰਦਗੀ ਬਜਾਇ ਲਜਾਵੈ[1], [1]ਚੰਗੀ ਤਰ੍ਹਾਂ ਬੰਦਗੀ ਕਰੇ।
ਹੰਗਤਾ ਗਵਾਵੈ ਭਾਵੈ[1] ਸਿੱਖ ਸੋ ਬਖਾਨੀਏਂ ॥੯੪॥ [1]ਪ੍ਰੇਮੀ।

ਦੋਹਰਾ:
ਯਹਿ ਸੁਨਿ ਮਾਧੋ ਦਾਸ ਪੁਨ,
ਗੁਨਿ[1] ਕਰਿ ਮਨਿ ਮੁਦ ਠਾਨਿ[2]। [1]ਵਿਚਾਰ ਕੇ। [2]ਅਨੰਦ ਹੋ ਕੇ।
ਕਹਜੋ ਬੰਦਗੀ[1] ਬਖਸ਼ੀਏ, [1]ਭਗਤੀ।
ਮੁਹਿ ਨਿਜ ਬੰਦਾ ਜਾਨਿ ॥੯੫॥
ਤਬਿ ਗੁਰੁ ਨਿਜ ਕਰ[1] ਤਾਂਹਿ [1]ਹੱਥ।
ਸਿਰਿ, ਧਰ ਕਰਿ ਕਰਜੋ ਨਿਹਾਲ।
ਸਤਿਨਾਮੁ ਉਪਦੇਸ਼ ਦੈ,
ਕੀਨੋ ਸਿੱਖ ਬਿਸਾਲ[1] ॥੯੬॥ [1]ਵੱਡਾ।
ਪੁਨ ਬੰਦੇ ਕਰ ਜੋਰਿ ਕਰਿ,
ਗੁਰੁ ਢਿਗ ਉਚਰਜੋ ਐਸ।
ਆਗਜਾ ਮੁਝ ਕੋ ਕੀਜੀਏ,
ਹ੍ਵੈ ਰਾਵਰ ਰੁਚਿ ਜੈਸ[1] ॥੯੭॥ [1]ਜਿਵੇਂ ਆਪਦੀ ਇੱਛਾ ਹੈ।
ਪੇਖਿ ਸਿਦਕ ਸਮਰੱਥਤਾ,
ਤਾਂ ਕੋ ਗੁਰੁ ਸਭਿ ਭਾਂਤਿ।
ਕਹਜੋ ਜਾਹੁ ਪੰਜਾਬ ਦਿਸ,
ਕਰੋ ਮਮ ਕਾਜ ਬਖਜਾਤ[1] ॥੯੮॥ [1]ਪ੍ਰਗਟ ਹੀ ਸਾਡਾ ਕੰਮ ਕਰੋ।
ਪੂਰਬਲੀ ਸਭਿ ਗਾਥ ਤਬਿ,
ਤਿਸੈ ਸੁਨਾਈ ਸਾਰ[1]। [1]ਸਾਰੀ।
ਤੁਰਕਨ ਕੀਨੇ ਜੁਲਮ ਜਜੋਂ,
ਗੁਰੁ ਘਰ ਸੰਗ ਅਪਾਰ ॥੯੯॥
ਸਾਹਿਬਜ਼ਾਦੇ ਜਿਨ ਹਨੇ,

ਤਿਨ ਸਭਿਹਨਿ ਕੋ ਮਾਰ।
ਲੈਹੁ ਬੈਰ ਤੁਰਕਾਨ ਤੈ,
ਤੁਝੈ ਜੋਗ ਯਹਿ ਕਾਰ ॥੧੦੦॥
ਬੰਦਾ[1] ਜਿਸ ਤਰੁ ਕੋ[2] ਲਗੈ,
ਤਾਂ ਕੋ ਦੇਤ ਸੁਕਾਇ।
ਤੂੰ ਹਮਰਾ ਬੰਦਾ ਭਯੋ,
ਲਗ ਤੁਰਕਨ ਕੋ ਜਾਇ ॥੧੦੧॥
ਤਾਂ ਕਾ ਬੰਦਾ ਨਾਮ ਜਬਿ,
ਕਹਯੋ ਗੁਰੂ ਯੌਂ ਆਪ।
ਤਬਿ ਤੇ ਬੰਦਾ ਨਾਮ ਤਿਹ,
ਪ੍ਰਗਟਯੋ ਜਗਤ ਅਮਾਪ[1] ॥੧੦੨॥

[1]ਅਕਾਸ਼ ਬੇਲ। [2]ਦਰੱਖ਼ਤ ਨੂੰ।
[1]ਬਹੁਤਾ।

ਚੌਪਈ:

ਯਾ ਬਿਧਿ ਬੰਦੇ ਕੋ ਅਪਨੈ ਕੈ[1]।
ਦਿਲ ਤਿਸ ਕਾ ਨਿਜ ਕਬਜ਼ੇ ਕੈ ਕੈ।
ਸਤਿਗੁਰੁ ਨਿਜ ਡੇਰੇ ਚਲਿ ਆਏ।
ਛਕਿ ਪ੍ਰਸ਼ਾਦ ਪਰ ਪਲੰਘ ਥਿਰਾਏ ॥੧੦੩॥
ਪੁਨ ਉਠਿ ਸੌਚ ਇਸ਼ਨਾਨ ਕਰੈ ਕੈ।
ਥਿਰੇ ਸਿੰਘਾਸਨ ਪਰ ਪੁਨ ਐ ਕੈ।
ਇਤਨੇ ਮਹਿਂ ਬੰਦਾ ਤਹਿਂ ਆਯੋ।
ਸਾਦਰ ਗੁਰੁ ਤਿਹ ਪਾਸ ਬਿਠਾਯੋ ॥੧੦੪॥
ਪੁਨਾ ਤਾਂਹਿ ਕੇ ਪਰਖਨ ਹੇਤੈਂ।
ਭਲੀ ਭਾਂਤਿ ਗੁਰੁ ਸ਼ਕਤਿ ਨਿਕੇਤੈਂ[1]।
ਲੈ ਬੰਦੇ ਕੋ ਨਿਜ ਸੰਗਾਤੀ।
ਗਏ ਇਕੰਤ ਕੰਤ ਜਗਿ[1] ਖ਼ਯਾਤੀ[2] ॥੧੦੫॥
ਔਰ ਸਿੱਖ ਸਭ ਦੂਰ ਹਟਾਏ।
ਮੰਗਲਮੈ[1] ਜੰਗਲ ਮੈਂ ਜਾਏ।
ਬੂਝਯੋ ਬੰਦੇ ਕੋ ਗੁਰੁ ਐਸੇ।
ਜੀਤਹਿੰਗੋ ਸੱਤ੍ਰੂੰ ਤੂੰ ਕੈਸੇ ॥੧੦੬॥
ਹਮ ਕੋ ਨਿਜ ਸੋ ਸ਼ਕਤਿ ਦਿਖਾਹੋ।
ਆਹਿ ਅਲੌਕਕ[1] ਜੋ ਤੁਹਿ ਪਾਹੋ[2]।

[1]ਆਪਣਾ ਬਣਾ ਕੇ।
[1]ਸ਼ਕਤੀ ਦੇ ਘਰ।
[1]ਜਗਤ ਦੇ ਮਾਲਕ। [2]ਪ੍ਰਗਟ।
[1]ਅਨੰਦ ਰੂਪ।
[1]ਅਸਚਰਜ ਰੂਪ। [2]ਤੇਰੇ ਪਾਸ।

ਸੁਨਿ ਬੰਦੇ ਕਰ ਜੋਰਿ ਬਖਾਨਾ।
ਮੁਝ ਕੋ ਸ਼ਸਤਰ ਲਗੈਂ ਨ ਆਨਾ[1] ॥੧੦੭॥ — [1]ਆ ਕੇ।
ਅਰ ਨਿਜ ਤਨ ਬੱਜਰ[1] ਕਾ ਕਰਹੋਂ। — [1]ਫੌਲਾਦ (ਅ) ਪੱਥਰ।
ਰੂਪ ਅਨੇਕ ਬਨਾਇ ਦਿਖਰਹੋਂ।
ਭਾਜੜ ਅਰਿ ਦਲ ਮੈਂ ਬਹੁ ਪਾਵੋਂ।
ਬੀਰਨ ਤੈ ਇਹੁ ਕਾਮ ਕਰਾਵੋਂ ॥੧੦੮॥
ਸੁਨਿ ਗੁਰੁ ਕਹਜੋ ਥਿਰੋ ਮਮ ਆਗੇ।
ਦੇਖਹਿਂ ਸ਼ਸਤ੍ਰ ਨ ਜਜੋਂ ਤੁਹਿ ਲਾਗੇ।
ਬੰਦਾ ਗੁਰੁ ਕਾ ਭਯੋ ਨਿਸ਼ਾਨਾ।
ਤੀਰ ਚਲਾਏ ਗੁਰੂ ਮਹਾਨਾ ॥੧੦੯॥
ਜਿਤ ਦਿਸ ਬੰਦਾ ਅੰਗੁਰੀ ਕਰੈ।
ਤੀਰ ਤਿਤੈ ਦਿਸ ਹੀ ਜਾ ਪਰੈ।
ਬਾਂਏਂ ਦਾਂਏਂ[1] ਊਪਰਿ ਜਾਂਹੀਂ। — [1]ਖੱਬੇ ਸੱਜੇ।
ਪੇਖਿ ਗੁਰੂ ਮੁਦ ਭਏ ਮਹਾਂਹੀਂ ॥੧੧੦॥
ਪੁਨ ਉਨ ਤਨ ਬੱਜਰ ਨਿਜ ਕੀਨਾ।
ਗੁਰ ਸੰਮੁਖ ਤਬਿ ਭਯੋ ਅਸੀਨਾ[1]। — [1]ਬੈਠ ਗਿਆ।
ਸਰ ਖਰ[1] ਖੈਂਚਿ ਗੁਰੂ ਜੋ ਮਾਰੈਂ। — [1]ਤਿੱਖੇ ਤੀਰ।
ਚੁਭੈਂ ਨ ਤਿਸ ਕੋ ਗਿਰੈਂ ਪਿਛਾਰੈਂ ॥੧੧੧॥
ਜਜੋਂ ਧਾਤੂ ਪਰ ਲਗ ਕੈ ਮੁਰ ਹੈਂ।
ਤਜੋਂ ਬੰਦੇ ਕੋ ਪੇਖਜੋ ਗੁਰ ਹੈ।
ਅਨਿਕ ਰੂਪ ਪੁਨ ਬਨਿ ਦਿਖਰਾਏ।
ਲੋਪ ਭਯੋ[1] ਪੁਨ ਸਮੁਖ ਤਦਾਏ[2] ॥੧੧੨॥ — [1]ਅਲੋਪ ਹੋ ਗਿਆ। [2]ਤਦੋਂ ਹੀ ਸਾਹਮਣੇ ਆ ਗਿਆ।
ਇਤਜਾਦਿਕ ਬਹੁ ਸ਼ਕਤੀ ਤਾਂ ਕੀ।
ਗੁਰੁ ਅਜ਼ਮਾਇ ਲਈ ਸਭਿ ਬਾਂਕੀ[1]। — [1]ਚੰਗੀ।
ਭਏ ਮੋਦ ਪਰਮੋਦ[1] ਮਹਾਨੇ। — [1]ਬਹੁਤ ਤੋਂ ਬਹੁਤ ਅਨੰਦ।
ਲਜਾਏ ਸਾਦਰ ਪੁਨ ਸੰਗਾਨੇ ॥੧੧੩॥
ਆਇ ਬਿਰਾਜੇ ਸਭਾ ਮਝਾਰੀ।
ਸਭਿ ਕੇ ਸੰਮੁਖ ਪੁਨਾ ਉਚਾਰੀ।
ਜਾਹੁ ਅਬੇ ਤੁਮ ਦਿਸ ਪੰਜਾਬੈਂ।
ਹਤੁ ਸੱਤ੍ਰਨ ਕੋ ਦੈਹੁ ਅਜਾਬੈਂ[1] ॥੧੧੪॥ — [1]ਕਸ਼ਟ।

ਨਰ ਨਾਟਕ[1] ਇਵ ਹੇਤ ਦਿਖਾਵਨ।
ਬਾਤੈਂ ਕਰੀ ਅਨੇਕ ਸੁਨਾਵਨ।
ਰਾਜਨੀਤ ਕੀ ਰੀਤਿ ਸਮਾਨੈ।
ਸੀਖਜਾ ਦੀਨੀ ਤਾਂਹਿ ਮਹਾਨੈ ॥੧੧੫॥
ਸੋ ਸਭਿ ਬੰਦੇ ਸਿਰ ਧਰਿ ਮਾਨੀ।
ਹਾਥ ਜੋਰਿ ਪੁਨ ਅਰਜ਼ ਬਖਾਨੀ।
ਭਾਜੜ ਮੈਂ ਅਰਿ ਦਲੈ ਪਵੈਹੋਂ।
ਸਿੰਘਨ ਦਿਸ ਨਹਿਂ ਆਵਨ ਦੈਹੋਂ ॥੧੧੬॥
ਪਰ ਮਾਰਨ ਤਾਰਨ[1] ਜੋ ਹੋਈ।
ਕਰਹੈਂ ਸਿੰਘ ਇਹੈ ਸਭਿ ਸੋਈ।
ਤਾਂ ਤੇ ਮੁਝ ਕੋ ਇਨ ਕੇ ਸੰਗੈ।
ਪਠੋ ਪੰਜਾਬੈਂ ਓਰਿ ਨਿਸੰਗੈ ॥੧੧੭॥
ਅਰ ਕੁਛ ਆਯੁਧ ਨਿਜ ਬਖਸ਼ਾਵੋ।
ਜਿਹ ਬਲ ਮੈਂ ਅਰਿਗਨ ਕੋ ਘਾਵੋਂ।
ਤਬਿ ਸਤਿਗੁਰੁ ਹ੍ਵੈ ਖੁਸ਼ੀ ਅਪਾਰਾ।
ਨਿਜ ਗਰ ਤੈ ਨਿਜ ਖੜਗ ਉਤਾਰਾ ॥੧੧੮॥
ਬੰਦੇ ਕੇ ਗਰ ਮੈਂ ਖੁਦ ਪਾਯੋ।
ਪਿਖਿ ਤਬਿ ਸਿੰਘਨ ਰੋਸ ਉਪਾਯੋ।
ਹੈ ਇਹੁ ਖੰਡਾ ਹਮ ਅਧਿਕਾਰੈਂ[1]।
ਯੌਂ ਕਹਿ ਜਰਾ ਨ ਕੀਨੀਂ ਬਾਰੈਂ[1] ॥੧੧੯॥
ਬੰਦੇ ਕੇ ਗਰ ਤੇ ਉਤਰਾਯੋ।
ਹਾਥ ਜੋਰਿ ਗੁਰ ਅੱਗ੍ਰ ਅਲਾਯੋ[1]।
ਇਸ ਖੰਡੇ ਹਿਤ ਹਮ ਘਰ ਛੋਰੇ।
ਮਾਰੇ ਮਰੇ ਜੰਗ ਕਰਿ ਘੋਰੇ[1] ॥੧੨੦॥
ਤਜਿ ਧਨ* ਧਾਮ ਦੇਸੁ ਸੁਤ ਧੀਆ।
ਪੀਛਾ ਰਾਵਰ ਕਾ ਹਮ ਲੀਆ।
ਆਏ ਚਲਿ ਪਰਦੇਸਨ ਮੈਂਹੈਂ।
ਅਨਿਕ ਕਲੇਸ਼ ਬਿਸ਼ੇਸ਼ ਸਹੈ ਹੈਂ ॥੧੨੧॥
ਇਸ ਹੀ ਖੰਡੇ ਹੇਤ ਲਖੀਜੈ।

[1]ਮਨੁੱਖੀ ਨਾਟਕ।
[1]ਤਾੜਨਾ ਭਾਵ ਜ਼ਾਲਮਾਂ ਨੂੰ ਦੰਡ ਦੇਣਾ।
[1]ਸਾਡਾ ਹੱਕ।
[1]ਦੇਰ।
[1]ਕਿਹਾ।
[1]ਭਿਆਨਕ।
*ਮੂਲ 'ਚ ਪਾਠ ਤਨ ਹੈ, ਪਰ ਤਨ ਤਜ ਕੇ ਨਹੀਂ ਆਏ, ਇਸ ਲਈ ਸ਼ੁਧ ਪਾਠ 'ਧਨ' ਬਣਾ ਦਿੱਤਾ ਹੈ।

ਇਹੁ ਲੈ ਜਾਇ ਤੁ ਹਮ ਕਿਮ ਜੀਜੈਂ।
ਫਤੇ ਹੋਤ ਹੈ ਦੇਗ[1] ਤੇਗ ਤੈ।
ਦਈ ਆਪ ਸੋ ਇਸੈ ਬੇਗ ਤੈ[1] ॥੧੨੨॥
ਸਿੰਘ ਸਜਾਇ ਬੇਸ਼ੱਕ ਦਿਹੁ ਏਸੈਂ।
ਪੰਥ ਹਮਾਰੇ ਮਾਹਿ ਰਹੇਸੈ[1]।
ਮੋਨੇ* ਪੈ ਹਮ ਜਾਨ ਨ ਦੇਹੈਂ।
ਲੈਹੈਂ ਇਸੇ ਕਿ ਆਪ ਮਰੈ ਹੈਂ ॥੧੨੩॥
ਇਮ ਸੁਨਿ ਪਿਖਿ ਗੁਰ ਖੁਸ਼ ਹ੍ਵੈ ਕਹਾ।
ਅਬਿ ਸਮ੍ਰੱਥ ਭਏ ਤੁਮ ਮਹਾਂ।
ਅਪਨੀ ਵਸਤੂ ਆਪ ਸੰਭਾਰੀ।
ਲੈਹੋ ਰਾਜ ਦੁਸ਼ਟ ਗਨ ਮਾਰੀ ॥੧੨੪॥
ਹਮ ਭੀ ਕਰਨ ਲਗੇ ਥੇ ਪ੍ਰੀਖਜਾ।
ਉਤਰਜੋ ਪੰਥ ਸੰਪੂਰਨ ਦੀਖਜਾ[1]।
ਇਮ ਕਹਿ ਪਾਂਚ ਤੀਰ ਗੁਰ ਫੇਰੀ।
ਬਖਸ਼ੇ ਬੰਦੇ ਕੋ ਯੌਂ ਟੇਰੀ ॥੧੨੫॥
ਤੀਰ ਪਾਂਚ ਇਹੁ ਬੀਰ ਹਮਾਰੇ।
ਅਤੀ ਸ਼ਕਤਿ ਯੁਤ ਲਖ ਦਿਢ ਪਜਾਰੇ।
ਅਤੀ ਲੋੜ ਜਬਿ ਤੁਮ ਕੋ ਪੈਸੇ।
ਫਤੇ ਬੁਲਾਇ ਏਕ ਇਨ ਮੈਂ ਸੇ ॥੧੨੬॥
ਤਜੀਓ ਫਿਰ ਤੁਮ ਹੀ ਢਿਗ ਐਹੈ।

[1]ਲੰਗਰ।
[1]ਛੇਤੀ ਨਾਲ।
[1]ਰਹੇਗੀ।
*ਮਾਧੋ ਦਾਸ ਮੋਨਾ ਨਹੀਂ ਸੀ, ਸਗੋਂ ਜਟਾਧਾਰੀ ਸਾਧੂ ਸੀ। ਦੇਖੋ ਇਸੇ ਬਿਸਰਾਮ ਦੇ ਅੰਕ ਨੰ. ੯੧ ਵਿਚ ਕਵੀ ਜੀ ਖੁਦ ਐਉਂ ਲਿਖਦੇ ਹਨ-"ਖੋਲ ਜਟਾਂ ਸਿਰ ਕੀ ਤਹ ਖੋਪਰੀ, ਦੀਨ ਦਿਖਾਇ ਫਟੀ ਅਧਿਕਾਨੇ।" ਫਿਰ ਗੁਰੂ ਜੀ ਨੇ ਆਪਣੇ ਹੱਥੀਂ ਅੰਮ੍ਰਿਤ ਛਕਾ ਕੇ 'ਬੰਦੇ' ਤੋਂ 'ਬੰਦਾ ਸਿੰਘ' ਬਣਾ ਕੇ ਹੀ ਪੰਜਾਬ ਵੱਲ ਤੋਰਿਆ ਸੀ। ਇਸ ਗੱਲ ਦੀ ਪੁਸ਼ਟੀ ਲਈ ਦੇਖੋ ਸ. ਗੰਡਾ ਸਿੰਘ ਰਚਿਤ ਬੰਦਾ ਸਿੰਘ ਬਹਾਦਰ ਪੰਨਾ ੧੯ ਤੋਂ ੨੧, ਜਿਸ ਵਿੱਚ ਪੁਰਾਣੇ ਤਾਰੀਖ਼ਦਾਨਾਂ ਦੀਆਂ ਕਿਤਾਬਾਂ ਚੋਂ ਹਵਾਲੇ ਦੇ ਕੇ ਸਿੱਧ ਕੀਤਾ ਗਿਆ ਹੈ ਕਿ ਮਾਧੋ ਦਾਸ ਅੰਮ੍ਰਿਤ ਛਕ ਕੇ ਬੰਦਾ ਸਿੰਘ ਬਣ ਗਿਆ ਸੀ। ਇਹ ਲੇਖਕ ਹਨ-ਅਹਿਮਦ ਸ਼ਾਹ ਬਟਾਲੀਆ, ਅਲੀ-ਉ-ਦੀਨ ਮੁਫਤੀ, ਮੁਹੰਮਦ ਅਲੀ ਖ਼ਾਨ ਅਨਸਾਰੀ, ਗਣੇਸ਼ ਦਾਸ ਬਡਹੇਰਾ ਤੇ ਕਨ੍ਹਈਆ ਲਾਲ ਅਤੇ ਹੋਰ ਅਠਾਰ੍ਹਵੀਂ ਤੇ ਉਨ੍ਹੀਵੀਂ ਸਦੀ ਦੇ ਲਿਖਾਰੀ।
[1]ਸਿੱਖਿਆ ਵਿੱਚ।

ਤੁਮ ਕੋ ਅਚਰਜ ਸ਼ਕਤ ਦਿਖੈਹੈ।
ਚਲੈ ਪੌਨ ਅਤਿ ਧੂਰ ਉਡੈ ਹੈ।
ਦੁਸ਼ਮਨ ਦ੍ਰਿਸ਼ਟ ਮੰਦ ਹ੍ਵੈ ਜੈ ਹੈ[1] ॥੧੨੭॥ [1]ਨਿਗਾਹ ਕਮਜ਼ੋਰ ਹੋ ਜਾਵੇਗੀ।
ਇਨ ਕੇ ਤਾਬੇ ਸੈਨ ਸ਼ਹੀਦੀ।
ਕਰਿ ਦੀਨੀ ਮੈਂ ਕਰਿ ਤਾਕੀਦੀ।
ਦਲ ਦੁਸ਼ਮਨ ਕਾ ਸਭੀ ਪਲੈ ਹੈ।
ਫਤੇ ਜੰਗ ਕੀ ਤੁਮ ਕੋ ਐਹੈ ॥੧੨੮॥
ਜੇ ਚਹਿਂ ਕਾਜ ਕਰਜੋ ਕਿਛੁ ਔਰੈਂ।
ਪਾਂਚ ਸਿੰਘ ਕਰੀਓ ਇਕ ਠੌਰੈਂ।
ਤਿਨ ਤੈਂ ਕਰਵਈਓ ਅਰਦਾਸੈਂ।
ਸਰਬ ਕਾਜ ਆਵੈਂ ਤਬਿਰਾਸੈਂ[1] ॥੧੨੯॥ [1]ਠੀਕ ਹੋ ਜਾਣਗੇ।
ਦੇਸ ਮਾਲਵੇ ਮਾਝੇ ਔਰੈਂ।
ਪਠਜੋ ਚਿੱਠੀਆਂ ਲਿਖਿ ਸਭਿ ਠੌਰੈਂ।
ਸਭਿ ਸਿੰਘਨ ਕੋ ਨਿਕਟ ਬੁਲੱਈਓ।
ਮੇਲ ਭਲੇ ਸਭਿ ਸੰਗਰਖੱਈਓ ॥੧੩੦॥
ਬੀਰ ਹਠੀ ਵਹਿ ਹੈਂ ਅਤਿ ਗੌਰੈਂ[1]। [1]ਬਹੁਤ ਭਾਰੇ।
ਮੱਦਦ ਕਰੈਂ ਤੋਹਿ ਸਭਿ ਤੌਰੈਂ[1]। [1]ਸਭ ਤਰ੍ਹਾਂ।
ਤੁਮ ਸਿੰਘਨ ਸੋਂ ਰਖੀਓ ਮੇਲਾ।
ਇਨ ਬਿਗਰੇ ਤੂੰ ਬਨੈ ਦੁਹੇਲਾ[1] ॥੧੩੧॥ [1]ਦੁਖੀ।
ਮਿਲੈ ਜੁ ਧਨ ਸਭਿ ਬਾਂਟ ਛਕੱਈਓ।
ਇਕ ਤੁਮ ਗੁਰੂ ਨ ਆਪ ਸਦੱਈਓ।
ਜਤੀ ਲੰਗੋਟੇ ਕੇ ਦਿਢਰੱਹੀਓ।
ਨਾਹਿਂ ਆਪਨੋ ਪੰਥ ਚਲੱਈਓ ॥੧੩੨॥
ਗੁਰਦ੍ਵਾਰਨ ਕੋ ਬੰਦਨ ਕੱਈਓ*। *ਅੰਕ ਨੰ. ੧੩੩ ਦੀ ਪਹਿਲੀ ਤੁਕ ਅੰਮ੍ਰਿਤਸਰ ਐਡੀਸ਼ਨ ਚੋਂ ਲਈ ਹੈ।
ਗੁਰ ਗਾਦੀ ਪਰ ਪਾਉਂ ਨ ਦੱਈਓ।
ਮਨਿ ਅਹੰਕਾਰ ਨ ਅਧਿਕ ਕਰੱਈਓ।
ਤੁਰਕਨ ਕਾ ਬਿਸਾਹੁ ਨਾ ਕੱਈਓ ॥੧੩੩॥
ਸਤਿਨਾਮੁ ਸਦ ਜਪਤੇ ਰੱਹੀਓ।
ਸਿੰਘਨ ਸੋਂ ਨ ਕਬੀ ਬਿਗਰੱਈਓ।

ਇਨ ਕੋ ਮੇਰਾ ਰੂਪ ਲਖੱਈਓ।
ਜ਼ਿੱਦ ਹਸਦ[1] ਇਨ ਸੰਗ ਨ ਕੱਈਓ ॥੧੩੪॥
ਇਨ ਕਾ ਕਹਜਾ ਮਾਨਤੇ ਰੱਹੀਓ।
ਏਕ ਵਕਤ ਇਨ ਕੀ ਮੰਨ ਲੱਈਓ।
ਫਿਰ ਇਨ ਤੈ ਦਸ ਬਿਰ ਮਨਵੱਈਓ।
ਕਰਿ ਉਸਤਤਿ ਇਨ ਤੇ ਕੰਮ ਲੱਈਓ ॥੧੩੫॥
ਲੂਟਨ ਤੈ ਇਨ ਕੋ ਨ ਹਟੱਈਓ।
ਆਪ ਤਿਆਗੀ ਬਨੇ ਰਹੱਈਓ।
ਰਾਜ ਸਭੀ ਸਿੰਘਹਿਂ ਭੁਗਵੱਈਓ।
ਮੁਝ ਕੋ ਸਦ ਹੀ ਸੰਗ ਲਖੱਈਓ* ॥੧੩੬॥

ਭਲੀ ਭਾਂਤਿ ਦੁਸ਼ਟਹਿਂ ਦੁਖ ਦੱਈਓ।
ਭੈ ਨਹਿਂ ਜਰਾ ਕਿਸੀ ਕਾ ਕੱਈਓ।
ਪੰਥ ਅਕਾਲ ਸਹਾਇ ਲਖੱਈਓ[1]।
ਬਚਨ ਹਮਾਰੇ ਸਭੈ ਕਮੱਈਓ ॥੧੩੭॥
ਇਤਜਾਦਿਕ ਸਭਿ ਕਾਜ ਕਰੱਈਓ।
ਯੌਂ ਕਰਿ ਸਭਿ ਜਗ ਮੈਂ ਜਸ ਪੱਈਓ।
ਤਨ ਤਜਿ ਫਿਰ ਮਮ ਰੂਪ ਸਮੱਈਓ।
ਤੌਂ ਤੁਮ ਸਦਾ ਸੁਖ ਜਸ ਪੱਈਓ ॥੧੩੮॥
ਜੇ ਤੂੰ ਹਮਰੇ ਬਚਨ ਤਜੈ ਹੈਂ।
ਤੌਂ ਸਿੰਘ ਸੰਗ ਨ ਤੁਮਰੇ ਰੈਹੈਂ।
ਪਕਰਿ ਤੁਰਕ ਤੁਹਿ ਕਰਿ ਹੈਂ ਦੀਨੈਂ[1]।
ਮਾਰਹਿਂ ਤੋਹਿ ਧਰਮ ਕਰਿ ਛੀਨੈਂ[1] ॥੧੩੯॥
ਇੱਤਜਾਦਕ ਉਪਦੇਸ਼ ਦਿਵੈ ਕੈ।
ਕ੍ਰਿਪਾ ਦ੍ਰਿਸ਼ਟਿ ਕੀ ਬ੍ਰਿਸ਼ਟਿ[1] ਕਰੈ ਕੈ।
ਗੁਰ ਮੰਤ੍ਰ ਨਿਜ ਦਿਢ ਦਿਢਵੈ ਕੈ[1]।
ਹਾਥ ਅਪਨ ਤਿਸ ਮਾਥ ਧਰੈ ਕੈ।
ਨਿਜ ਸ਼ਕਤੀ ਭਗਤੀ ਬਖਸ਼ੈ ਕੈ ॥੧੪੦॥
ਪੁਨ ਪੁਸ਼ਾਕ ਨਿਜ ਗੁਰੁ ਬਖਸ਼ਾਈ।

[1]ਈਰਖਾ।

*ਅੰਕ ਨੰ. ੧੩੬ ਦੀ ਚੌਥੀ ਤੁਕ, ੧੩੭ ਦੀ ਪਹਿਲੀ ਤੁਕ, ੧੩੮ ਦੀ ਪਹਿਲੀ ਤੇ ਚੌਥੀ ਤੁਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਚੋਂ ਲਿਆ ਹੈ।

[1]ਜਾਣਿਆਂ ਜੇ।

[1]ਦੁਖੀ।

[1]ਧਰਮ ਤੋਂ ਖ਼ਾਲੀ ਕਰਕੇ।

[1]ਬਰਖਾ।

[1]ਆਪਣਾ ਗੁਰ-ਮੰਤ੍ਰ ਚੰਗੀ ਤਰ੍ਹਾਂ ਪੱਕਾ ਕਰਵਾ ਕਰਕੇ।

ਕਮਰ-ਕਸੇ ਯੁਤ ਸਭਿ ਸਜਵਾਈ।
ਕਲਗੀ ਜਿਗਾ ਧਰਾਈ ਮਾਥੇ।
ਕੀਨ ਸਨਾਥ ਅਨਾਥਨ ਨਾਥੇ[1] ॥੧੪੧॥
[1]ਅਨਾਥਾਂ ਦੇ ਨਾਥ ਸਤਿਗੁਰਾਂ ਨੇ ਸਫਲਾ ਕਰ ਦਿੱਤਾ।
ਪੁਨ ਬੰਦੇ ਕਰ ਜੋਰਿ ਬਖਾਨਾ।
ਕਿਛੁਕ ਸਿੰਘ ਮੁਹਿ ਦੇਹੁ ਸੰਗਾਨਾ।
ਸੁਨਿ ਸਤਿਗੁਰ ਯਹਿ ਭਲ ਮਨ ਮਾਨੀ।
ਪਾਂਚ ਸਿੰਘ ਵਡ ਦਏ ਮਹਾਨੀ[1] ॥੧੪੨॥
[1]ਵੱਡੇ ਮੁਖੀ।
ਬਿਨੋਦ ਸਿੰਘ ਤੇਹਣ ਇਕ ਦੀਨੋ।
ਕਾਨ੍ਹ ਸਿੰਘ ਭੱਲਾ ਭਲ ਚੀਨੋ।
ਬਾਜ ਸਿੰਘ ਇਕ ਬੀਰ ਬਡੇਰੋ।
ਜਾਟ ਮੀਰ ਪੁਰ ਪੱਟੀ ਕੇਰੋ[1] ॥੧੪੩॥
[1]ਪੱਟੀ ਦੇ ਇਲਾਕੇ ਦੇ ਮੀਰਪੁਰ ਪਿੰਡ ਦਾ ਜੱਟ।
ਬਿਜੈ ਸਿੰਘ ਅਰਰਾਮ ਸਿੰਘ ਵਰ।
ਦੀਨੇ ਇਹ ਭੀ ਸੰਗ ਤਾਂਹਿ ਕਰਿ।
ਨਿਜ ਨਿਸ਼ਾਨ[1] ਇਕ ਦਯੋ ਨਗਾਰਾ।
[1]ਆਪਣਾ ਝੰਡਾ।
ਔਰ ਬੀਸ ਅਸਵਾਰ ਉਦਾਰਾ ॥੧੪੪॥
ਦੈ ਕਰਿ ਤਾਂਹਿ ਐਸ ਪੁਨ ਗਾਯੋ[1]।
[1]ਕਿਹਾ।
ਮੈਂ ਨਿਜ ਪੰਥ ਮਗਰ ਤੁਹਿ ਲਾਯੋ।
ਪੰਥ ਖਾਲਸੇ ਕਾ ਤੂੰ ਬਖਸ਼ੀ[1]।
[1]ਸੈਨਾਪਤੀ।
ਭਯੋ ਆਜ, ਲੈ ਲੱਜਾ ਰਖਸ਼ੀਂ[1] ॥੧੪੫॥
[1](ਇਸ ਅਹੁਦੇ ਨੂੰ) ਲੈ ਕੇ ਇਸ ਪੰਥ ਦੀ ਲੱਜਾ ਰਖੀਂ।
ਪ੍ਰਿਥਮ ਸਮਾਣਾ ਫੇਰ ਦਾਮਲਾ।
ਫਿਰ ਸਰ੍ਹੰਦ ਪਰ ਕਰਜੋ ਹਾਮਲਾ[1]।
[1]ਹਮਲਾ, ਧਾਵਾ।
ਜਿਨ ਜਿਨ ਸਾਹਿਬਜ਼ਾਦਜੋਂ ਤਾਈਂ।
ਕੋਸ਼ਸ਼ ਮਾਰਨ ਮਾਹਿਂ ਕਰਾਈ ॥੧੪੬॥
ਦੈ ਕੈ ਸਜ਼ਾ ਤਿਨੈ ਅਧਿਕਾਈ।
ਸੋਧਜੋ ਫੇਰ ਗਿਰੇਸੈਂ[1] ਜਾਈ।
[1]ਪਹਾੜੀ ਰਾਜਿਆਂ ਨੂੰ।
ਔਰ ਅਨੇਕ ਸਿੰਘ ਮਮ ਸਜਾਨੇ।
ਮਿਲ ਹੈਂ ਤੁਮ ਕੋ ਕਰੈਂ ਬਤਾਨੇ[1] ॥੧੪੭॥
[1]ਦੱਸਣਗੇ।
ਸੋ ਸੋ ਮਾਨਿ ਕਾਮ ਤੁਮ ਕਰੀਓ।
ਗਰਬ[1] ਸਰਬ ਉਰ ਤੈ ਪਰਹਰੀਓ[2]।
[1]ਹੰਕਾਰ। [2]ਤਿਆਗ ਦੇਈਂ।
ਪਤੇ ਜਿਤਿਕ ਸਤਿਗੁਰ ਥੇ ਦੀਏ।

ਸੋ ਸਭਿ ਲਿਖ ਬੰਦੇ ਨੈਂ ਲੀਏ ॥ ੧੪੮ ॥
ਪੁਨਾ ਪੰਜਾਬ ਮਾਲਵੇ ਕੇਰੇ।
ਸਿੱਖਨ ਪ੍ਰਤਿ ਗੁਰੁ ਲਿਖਜੋ ਬਧੇਰੇ।
ਬੰਦੇ ਕੋ ਮਮ ਰੂਪ ਪਛਾਨਜੋ।
ਇਸ ਪਾਛੈ ਲਗਿ ਤੁਰਕੈਂ ਹਾਨਜੋ ॥ ੧੪੯ ॥
ਗੁਰੁ ਕਾ ਬੰਦਾ[1] ਇਹੁ ਗੁਰੁ ਬੰਦਾ[2]। — [1]ਦਾਸ। [2]ਇਹ ਵੱਡਾ ਬੰਦਾ ਹੈ।
ਮੇਲੈ ਤੁਰਕਨ ਪੈ ਦਿਨ ਮੰਦਾ[1]। — [1]ਮਾੜੇ ਦਿਨ।
ਬੰਦੇ ਕੋ ਮਮ ਰੂਪ ਲਖੱਈਓ।
ਇਸ ਕੀ ਆਗਿਆ ਮੈ ਸਭਿ ਰੱਹੀਓ ॥ ੧੫੦ ॥
ਬੈਰ ਸਜ਼ਾਦਨ ਕਾ[1] ਮਿਲ ਲੱਈਓ। — [1]ਸਾਹਿਬਜ਼ਾਦਿਆਂ ਦਾ।
ਹਤ ਤੁਰਕਹਿਂ ਫਿਰਰਾਜ ਕਮੱਈਓ।
ਇਤਯਾਦਿਕ ਗੁਰੁ ਬਚਨ ਲਿਖੈ ਹੈਂ[1]। — [1]ਲਿਖਾਕੇ।
ਬੰਦੇ ਕੇ ਕਰ ਦਏ ਫਰੈ ਹੈਂ[1] ॥ ੧੫੧ ॥ — [1]ਹੱਥ ਫੜਾ ਦਿੱਤੇ।
ਦੈ ਕਰਿ ਖੁਸ਼ੀ ਥਾਪਨਾ[1] ਲਾਈ। — [1](ਪਿੱਠ 'ਤੇ) ਥਾਪੜਾ ਦਿੱਤਾ।
ਰਿੱਧਿ ਸਿੱਧਿ ਨਿਧਿ ਸਭਿ ਸੌਂਪਾਈ[1]। — [1]ਸੌਂਪ ਦਿਤੀ।
ਦਿਸ ਪੰਜਾਬ ਕੋ ਪਠਜੋ ਚੜ੍ਹਾਈ।
ਧਜਾਇ ਭਯੋ ਇਤਿ ਗੁਰੂ ਧਿਯਾਈ ॥ ੧੫੨ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਯਾਨ ਸਿੰਘ ਵਿਰਚਿਤੇ 'ਬੰਦੇ ਕੋ ਪੰਜਾਬ ਦਿਸ ਚਢਾਵਨ, ਬਰਨਨੰ ਨਾਮ ਦੁਤੀਯੋ ਬਿਸ੍ਰਾਮ ॥ ੨ ॥

੩. {ਬੰਦੇ ਦਾ ਪੰਜਾਬ ਪਹੁੰਚਣਾ ਤੇ ਪੰਜਾਬ ਦੇ ਸਿੰਘਾਂ ਦਾ ਬੰਦੇ ਪਾਸ ਅੱਪੜਨਾ}

ਦੋਹਰਾ:

ਖਲ ਖੰਡਨ ਬਲਵੰਡ ਅਤਿ,
ਮੰਡਨ ਧਰਮ ਪ੍ਰਚੰਡ[1]।

[1]ਦੁਸ਼ਟਾਂ ਦਾ ਨਾਸ ਕਰਨ ਵਾਲੀ, ਬਹੁਤੇ ਬਲ ਵਾਲੀ, ਤਿੱਖੇ ਧਰਮ ਨੂੰ ਕਾਇਮ ਕਰਨ ਵਾਲੀ।

ਬਿਘਨ ਬ੍ਰਿੰਦ ਮਮ ਦੁੰਦ ਸਭਿ,
ਹਰੋ ਮਾਤ ਵਰ ਚੰਡਿ[1] ॥੧॥

[1]ਹੇ ਸ੍ਰੇਸ਼ਟ ਚੰਡੀ ਮਾਤਾ ! ਮੇਰੇ ਸਾਰੇ ਬਿਘਨ ਤੇ ਸਾਰੇ ਦੁੱਖ ਦੂਰ ਕਰੋ। (ਚੰਡੀ ਦੇ ਮੰਗਲ ਬਾਰੇ ਵਿਸਥਾਰ ਸਹਿਤ ਦੇਖੋ ਇਸੇ ਗ੍ਰੰਥ ਦੇ ਪੂਰਬਾਰਧ ਦੇ ਪਹਿਲੇ ਬਿਸ੍ਰਾਮ ਦੇ ਅੰਕ ਨੰ. ੩ ਦਾ ਭਾਵ)

ਸੱਤ੍ਰਾਂ ਸੈ ਚੌਸਠ* ਵਿਖੈ[1]

[1]ਸੰਮਤ ੧੭੬੪ ਬਿ. ਵਿੱਚ। *ਬੰਦਾ ਸਿੰਘ ਦੇ ਨਦੇੜ ਤੋਂ ਚੱਲਣ ਦਾ ਸੰਮਤ ਗਿਆਨੀ ਗਿਆਨ ਸਿੰਘ ਜੀ ਆਪਣੀ ਲਿਖਤ ਤਵਾਰੀਖ਼ ਗੁਰੂ ਖ਼ਾਲਸਾ ਛਾਪਾ ਪੱਥਰ, ਭਾਗ ਪਹਿਲਾ ਦੇ ਪੰਨਾ ੩੫੨ ਅਤੇ ਭਾਗ ਦੂਜਾ ਸ਼ਮਸ਼ੇਰ ਖ਼ਾਲਸਾ ਦੇ ਪੰਨਾ ੩ ਤੇ ਅਤੇ ਸ੍ਰੀ ਗੁਰੁ ਪੰਥ ਪ੍ਰਕਾਸ਼ ਉੱਤ੍ਰਾਰਧ ਦੇ ਬਿਸ੍ਰਾਮ ਨੰ. ੨ ਦੇ ਅੰਕ ਨੰ. ੩੧ ਵਿੱਚ ਮਹੀਨਾ ਸਾਉਣ ਸੰਮਤ ੧੭੩੪ ਬਿ. ਹੀ ਲਿਖਿਆ ਹੈ। ਇੱਥੇ ਛਾਪਾ ਪੱਥਰ ਮੂਲ ਵਿੱਚ ਸੰਮਤ ੧੭੬੩ ਬਿ. ਛਪਿਆ ਹੋਇਆ ਸੀ, ਜੋ ਅਸਾਂ ਉਕਤ ਥਾਵਾਂ ਤੋਂ ਨਿਸਚਾ ਕਰਕੇ ਇਸ 'ਤ੍ਰੈਸਠ' ਦੀ ਥਾਂ ਪਾਠ ਚੌਸਠ ਕਰ ਦਿੱਤਾ ਹੈ। ਇਕ ਹੋਰ ਸਬੂਤ ਇਹ ਵੀ ਹੈ ਕਿ ਤਵਾਰੀਖ਼ ਗੁਰੂ ਖ਼ਾਲਸਾ ਭਾਗ ਪਹਿਲਾ ਦੇ ਪੰਨਾ ੩੫੦ 'ਤੇ ਸਤਿਗੁਰਾਂ ਦੇ ਨਦੇੜ ਪਹੁੰਚਣ ਦਾ ਸਮਾਂ ਹਾੜ ਸੰਮਤ ੧੭੬੪ ਵੀ ਗਿਆਨੀ ਜੀ ਦਾ ਆਪਣਾ ਲਿਖਿਆ ਹੋਇਆ ਹੈ। ਪਰ ਸ. ਗੰਡਾ ਸਿੰਘ ਹਿਸਟੋਰੀਅਨ ਸਤਿਗੁਰਾਂ ਦਾ ਮਾਧੋ ਦਾਸ ਨੂੰ ਮਿਲਣਾ ੩ ਸਤੰਬਰ ੧੭੦੮ ਈ. ਦਾ ਲਿਖਦਾ ਹੈ, ਜੋ ੧੭੬੫ ਬਿ. ਦੀ ਭਾਦ੍ਰੋਂ ਬਣਦਾ ਹੈ।

ਗੁਰੁ ਕੀ ਆਗਜਾ ਪਾਇ।
ਬੰਦਾ ਚੜ੍ਹਜੋ ਸਰ੍ਹੰਦ ਪਰ,
ਦੁੰਦਭਿ ਦੀਹ[1] ਬਜਾਇ ॥੨॥

[1]ਵੱਡੇ ਧੌਂਸੇ।

ਦ੍ਵੈਯਾ ਛੰਦ:

ਬੰਦਾ ਸ਼ਹਿਰ ਨਦੇੜੋਂ ਜਬ ਹੀ,
ਲੈ ਗੁਰ ਆਗਜਾ ਚੜ੍ਹਯੋ।
ਪਰੀ ਧਾਂਕ[1] ਸਭਿ ਦੇਸ ਮਾਂਹਿ ਸੁਨਿ,
ਤੁਰਕਨ ਕਾ ਦਿਲ ਫੜਯੋ।

[1]ਦਬਦਬਾ।

ਹੁਤੋ ਸਰਪ ਵਹਿ ਪਹਿਲੇ ਕਾਰਾ,
ਗੁਰ ਬਰ ਪੰਖ ਲਗਾਨੇਂ[1]। — [1]ਗੁਰਾਂ ਦੇ ਵਰ ਰੂਪ ਖੰਭ ਲਗ ਗਏ।
ਸੀਖ੍ਯਾ ਜ਼ਹਿਰ ਕਹਿਰ[1] ਉਰਿ ਭਰ੍ਯੋ, — [1]ਸਿੱਖਿਆ ਦੀ ਬਹੁਤੀ ਜ਼ਹਿਰ।
ਸਿੱਖੀ ਮਣੀਂ ਮਹਾਨੇਂ[1] ॥ ੩ ॥ — [1]ਸਿੱਖੀ ਰੂਪ ਵੱਡੀ ਮਣੀ।
ਨਾਗਰਾਟ ਗੁਰੁ ਸਾਇਕ ਲਾਇਕ,
ਮਿਲੇ ਸਹਾਇਕ ਭਾਰੇ[1]। — [1]ਗੁਰਾਂ ਦੇ ਤੀਰਾਂ ਰੂਪ ਨਾਗਾਂ ਦੇ ਲਾਇਕਰਾਜੇ ਭਾਰੀ ਸਹਾਇਕ ਮਿਲ ਗਏ।

ਸਿੰਘ ਸੰਗ ਗੁਰੁ ਦਏ ਬੀਰ ਬਰ[1], — [1]ਸ੍ਰੇਸ਼ਟ ਬੀਰ।
ਮੱਦਦ ਔਰ ਅਪਾਰੇ।
ਦੇਸ ਤਿਲੰਗ ਮਰ੍ਹਾਸ਼ਟਰ ਲਖ ਕਰਿ[1], — [1]ਲੰਘ ਕੇ।
ਗੌਂਡ ਉਜੈਨ ਪਹੂਚੇ[1]। — [1]ਗੌਂਡ ਦੇਸ ਦੇ ਉਜੈਨ ਸ਼ਹਿਰ ਵਿੱਚ ਪਹੁੰਚੇ।
ਪੁਨ ਅਜਮੇਰ ਰਾਜਪੂਤਾਨਾ,
ਪੇਖ੍ਯੋ ਆਇ ਸਮੂਚੇ[1] ॥ ੪ ॥ — [1]ਸਾਰਾ।
ਉਤਰੈ ਜਹਾਂ ਆਇ ਕਰਿ ਬੰਦਾ,
ਰਸਦ ਮੋਲ ਮੰਗਵਾਵੈ।
ਜਬਰੀ[1] ਕਿਸੀ ਸੰਗ ਨਹਿਂ ਕਰਿ ਹੈ, — [1]ਧੱਕਾ।
ਚਲਿ ਇਕ ਪਹਿਰ ਉਤਰਾਵੈ।
ਸਨੇ ਸਨੇ ਮਗ ਨਾਖਤ ਜਾਵੈ[1], — [1]ਲੰਘਦਾ ਜਾਂਦਾ ਹੈ।
ਸਿੰਘਹਿਂ ਖੁਸ਼ੀ ਰਖਾਵੈ।
ਜੇਤਿਕ ਖਰਚ ਮੰਗੈਂ ਸਿੱਖ ਤਿਸ ਤੇ,
ਕਢਿ ਜੇਬੋਂ ਬਰਤਾਵੈ ॥ ੫ ॥
ਨਿਜ ਰੋਟੀ ਨਜਾਰੀ ਕਰਵਾਵੈ,
ਔਰ ਸਭਿਨਿ ਇਕ ਠੌਰੈਂ।
ਸਿੰਘ ਸ਼ਿਕਾਰ ਮਾਰਿ ਨਿਤ ਛਕ ਹੈਂ,
ਸੋਉ ਬੈਸ਼ਨੋ ਤੌਰੈਂ[1]। — [1]ਢੰਗ ਨਾਲ।
ਗੁਰ ਢਿਗ ਤੈ ਜਬਿ ਤੁਰਨ ਲਗ੍ਯੋ ਥਾ,
ਬੰਦਾ ਮਾਥ ਟਿਕੈ ਕੈ।
ਖੁਸ਼ੀ ਹੋਇ ਗੁਰੁ ਇੱਕ ਮੁੱਠੀ ਭਰਿ,
ਨਿਜ ਖੀਸੇ ਸੈਂ ਲੈ ਕੈ ॥ ੬ ॥
ਮੁਹਿਰਾਂ ਪੈਸੇ ਮਿਲੇ ਰੁਪੱਯੇ,

ਜੇਬ ਬੰਦੇ ਕੀ ਪਾਏ।
ਥਾਪੀ ਦੈ ਭਾਖਜੋ, ਆਮਾਪੀ
ਖਰਚਜੋ ਨੀਤਿ ਸਫਾਏ[1]। — [1]ਬਿਨਾਂ ਮਿਣਨ ਤੋਂ ਸਾਫ਼ ਨੀਯਤ ਨਾਲ ਖ਼ਰਚ ਕਰੀਂ।
ਉਸੀ ਜੇਬ ਨਿਜ ਮੈਂ ਸੇ ਬੰਦਾ,
ਖਰਚਤ ਗੌਰੈਂ[1] ਆਯੋ। — [1]ਬਹੁਤਾ।
ਥੇ ਅਸਵਾਰ ਪਚੀਸਕ ਸੰਗੈਂ,
ਬਾਂਛਿਤ ਦੇਤ ਰਹਾਯੋ ॥੭॥
ਉਤਰਜੋ ਇਕ ਦਿਨ ਬੀਚ ਉਜਾੜੈਂ,
ਮਨ ਮੈਂ ਇਹੁ ਠਹਿਰਾਈ।
ਸਾਚੇ ਸਤਿਗੁਰ ਬਚਨ ਜੁ ਕੀਨਾ,
ਸੋ ਲਈਏ ਅਜ਼ਮਾਈ।
ਕਹਜੋ ਸਿੰਘਨ ਕੋ ਖਰਚ ਨਹੀਂ ਅਬਿ,
ਰਹਜੋ ਹਮਾਰੇ ਪਾਸੈਂ।
ਪਾਂਚ ਭੁਜੰਗੀ[1] ਮਿਲਿ ਅਬਿ ਧਨ ਹਿਤ, — [1]ਸਿੰਘ।
ਸੋਧਹੁ ਤੁਮ ਅਰਦਾਸੈਂ ॥੮॥
ਸਿੰਘਨ ਤੇ ਅਰਦਾਸ ਸੁਧਾਈ,
ਦੂਸਰ ਦਿਵਸ ਬਿਹਾਣੇ[1]। — [1]ਬਤੀਤ ਹੋਇਆ।
ਆਇ ਰੁਪਯਾ ਪਾਂਚ ਸੈ ਦੀਨੋ,
ਗੁਰੁ ਸਿੱਖਨਿ ਲੋਬਾਣੇ।
ਥਾ ਦਸਵੰਧ ਕੇਰ ਤਿਨ ਰਾਖਜੋ,
ਗੁਰੁ ਮੰਨਤ ਕੋ ਆਨੇ[1]। — [1]ਲਿਆਂਦਾ।
ਟਾਂਡਾ[1] ਅਯੋ ਤਹਾਂ ਹੀ ਉਨ ਕਾ, — [1]ਡੇਰਾ।
ਸਿੱਖ ਉਤਰੇ ਜਿਸ ਥਾਨੇ ॥੯॥
ਪੇਖਿ ਸਰੂਪ ਸਿੰਘਨ ਕਾ ਜਾਨਜੋ
ਉਨ, ਇਹ ਗੁਰੂ ਥਿਰਾਯੋ।
ਯਾਂ ਤੈ ਉਨ ਥੀ ਭੇਟ ਚਢਾਈ,
ਸਿਦਕ ਬੰਦੇ ਕੋ ਆਯੋ।
ਸਿੰਘਨ ਸੋਂ ਅਤਿ ਨੇਹੁ ਬਢਾਯੋ,
ਵਰਤਾਯੋ ਧਨ ਸਭਿ ਹੀ।
ਬੰਦਾ ਜਹਿਂ ਜਹਿਂ ਡੇਰਾ ਲਾਵੈ,

ਆਵੈ ਧਨ ਤਿਹ ਤਬਿ ਹੀ ॥੧੦॥
ਬੰਦਾ ਨਿੱਤ ਦਿਵਾਨ ਲਗਾਵੈ,
ਉਚਰਾਵੈ ਗੁਰੁਬਾਨੀ।
ਸੁਨ ਕਰਿ ਲੋਗ ਪੇਖਿ ਬਹੁ ਆਵਹਿਂ,
ਦੇਵਹਿਂ ਭੇਟ ਮਹਾਨੀ।
ਅੰਨ ਧਨ ਘ੍ਰਿਤ ਦੂਧ ਦਹੀਂ ਬਹੁ,
ਅਰਪੈਂ ਜਨ ਤਬਿ ਲਜਾਏ।
ਬੰਦਾ ਸਭਿ ਕੀ ਮਨੋ ਕਾਮਨਾ,
ਪੂਰਨ ਕਰੈ ਮਹਾਂਏ ॥੧੧॥
ਤਿਹੂੰ ਕਾਲ ਕੀ ਬਾਤ ਬਤਾਵੈ,
ਕਰਾਮਾਤ ਦਿਖਰਾਵੈ।
ਸੁਨਿ ਪਿਖਿ ਨਰ ਨਾਰੀ ਬਹੁ ਆਵੈਂ,
ਮਨ ਬਾਂਛਤ ਫਲ ਪਾਵੈਂ।
ਇਕ ਦਿਨ ਏਕ ਗਾਮ ਜਬਿ ਉਤਰੇ,
ਦੁਤੀ ਗਾਮ ਚਢਿ ਆਯੋ।
ਢੋਲ* ਬਜਾਇ ਲੂਟਬੇ ਹੇਤੈਂ,
ਤਿਨ ਬਹੁ ਤ੍ਰਾਸ ਉਪਾਯੋ ॥੧੨॥
ਭਾਗ ਚਲੇ ਨਰ ਨਾਰਿ ਛੋਰਿ ਘਰ,
ਹਾਇ ਹਾਇ ਕਰਿ ਪੀਨੀ[1]।
ਤਰਸ ਅਯੋ ਬੰਦੇ ਕੇ ਮਨ ਮੈਂ,
ਮੱਦਦ ਤਿਨ ਕੀ ਕੀਨੀ।
ਮਾਰਿ ਭਗਾਏ ਲੋਗ ਲੁਟੇਰੇ,
ਲੂਟੇ ਘਰ ਤਿਨ ਕੇਰੇ।
ਹਯ ਹਥਜਾਰ ਲੁਟੇ ਸਿੰਘਨ ਭੀ,
ਬਾਂਛਿਤ ਵਸਤੁ ਬਧੇਰੇ ॥੧੩॥
ਹੁਤੋ ਲੁਹਾਰੂ ਕੇ ਨਵਾਬ ਕਾ,
ਸੋਊ ਪਿੰਡ ਇਲਾਕਾ।
ਜਾਇ ਫਰਜਾਦ ਪਿੰਡ ਨੈ ਕੀਨੀ,
ਆਯੋ ਹਾਕਮ ਬਾਂਕਾ।

*ਇਥੇ ਮੂਲ 'ਚ ਪਾਠ ਢੋਲ ਦੀ ਥਾਂ ਲੋਢ ਛਪਿਆ ਹੋਇਆ ਹੈ, ਜੋ ਅਸ਼ੁੱਧ ਹੈ।

[1]ਬਹੁਤੀ।

ਇਤ ਬੰਦੇ ਨੈ ਸਿੱਖਨ ਤਾਂਈਂ,
ਕਹਜੋ ਰਹਜੋ ਹੁਸ਼ਜਾਰੇ।
ਆਵਤ ਘੋੜੇ ਔਰ ਤੁਮੈਂ ਹਿਤ,
ਰੱਸੇ ਰਖੋ ਤਿਆਰੇ ॥ ੧੪ ॥
ਨਿਜ ਡੇਰੇ ਕੇ ਗਿਰਦੇ ਖੰਧਕ
ਲਘੁ[1], ਕਰਾਇ ਇਮ ਭਾਖਜੋ।
[1]ਛੋਟੀ ਜਿਹੀ ਖਾਈ।
ਅੰਦਰ ਆਇ ਕਾਰ[1] ਤੈ ਜੋਊ,
[1]ਲਕੀਰ ਭਾਵ ਹੱਦ ਤੋਂ।
ਅੰਧਾ ਹ੍ਵੈ ਹੈ ਲਾਖਜੋ[1]।
[1]ਜਾਣੋ।
ਤਿਨ ਕੇ ਅੱਸ੍ਵ ਨੀਕ ਤੁਮ ਛੀਨਜੋਂ,
ਇਕ ਇਕ ਪੰਜ ਪੰਜ ਲਈਓ।
ਮਿਲ ਹੈਂ ਔਰ ਸਿੰਘ ਜਬਿ ਆਈ,
ਤਿਨ ਕੋ ਤੁਮ ਵਹਿ ਦਈਓ ॥ ੧੫ ॥
ਬੰਦਾ ਪੜ੍ਹਨ ਲਗਜੋ ਮੰਤ੍ਰ ਥਿਰਿ,
ਤਬਿ ਲੌਂ ਹਾਕਮ ਆਯੋ।
ਅੰਦਰ ਬੜੈ ਕਾਰ ਤੈ ਜੋਈ,
ਅੰਧਾ ਹੋਇ ਤਦਾਯੋ।
ਸਿੰਘ ਮਾਰ ਤਿਹ ਬਾਹਰ ਕੱਢੈਂ,
ਅੱਸ੍ਵ ਛੀਨ ਤਿਹ ਲੈਹੈਂ।
ਅੰਦਰ ਆਇ ਨ ਡਰਦਾ ਹਾਕਮ,
ਅਚਰਜ ਪਿਖਿ ਬਿਸਮੈ ਹੈ ॥ ੧੬ ॥
ਬਾਹਰ ਖਰਾ[1] ਗਾਰੀਆਂ ਦੇਵੈ,
[1]ਖੜ੍ਹਾ ਹੋ ਕੇ।
ਜਾਤਿ ਖੱਤ੍ਰੀ ਥਾ ਸੋ।
ਵਹਿ ਭੀ ਫਿਰ ਜਬਿ ਅੰਦਰ ਆਯੋ,
ਪਕਰਿ ਪੀਟਯੋ ਖਾਸੋ[1]।
[1]ਚੰਗਾ ਕੁੱਟਿਆ।
ਜਿਤਿਨੀ ਗਾਰਿ[1] ਦਈ ਥੀਂ ਤਿਸ ਨੇ,
[1]ਗਾਲ੍ਹੀਆਂ।
ਤਿਤਿਨੀ ਜੁਤੀ ਲਾਈ।
ਮਾਰਿ ਕੂਟ ਬੰਦੇ ਛੁਡਵਾਯੋ,
ਪੀਛੇ ਗਯੋ ਸਿਧਾਈ[1] ॥ ੧੭ ॥
[1]ਪਿੱਛੇ ਨੂੰ ਚਲਾ ਗਿਆ।
ਬੰਦਾ ਕਰਿ ਕੈ ਕੂਚ ਤਹਾਂ ਤੈ,
ਲੈ ਬਹੁ ਅੱਸ੍ਵ ਸੰਗਾਏ।

ਝੱਜਰ ਬੇਰੀ ਕੇ ਨੁਵਾਬ ਕੇ,
ਖਿਰਜੋ ਇਲਾਕੇ ਆਏ।
ਤੀਸ ਕੋਸ ਦਿੱਲੀ ਤੈ ਦੱਖਨ,
'ਸੇਹਰ ਖੰਡਾ' ਗਾਮੂੰ।
ਹੈ, ਤਹਿਂ ਥਿਰਿ ਡੇਰਾ ਕਰਿ ਬੰਦੇ,
ਸੱਦੇ ਸਿੰਘ ਤਮਾਮੂੰ ॥ ੧੮ ॥
ਨੌਰੰਗੇ ਕੇ ਮਰਨੇ ਕਰਿ ਥਾ,
ਤਬਿ ਪਰ ਰਹਜੋ ਬਡ ਰੌਰੈਂ।
ਇਨਤਜ਼ਾਮ ਮੁਲਕੀ ਥਾ ਬਿਗਰਜੋ,
ਹਾਕਮ ਨਿਜ ਨਿਜ ਠੌਰੈਂ।
ਖੁਦ ਹੀ ਬਨ ਬੈਠੇ ਤੇ ਮਾਲਕ',
ਸ਼ਾਹਿ ਦੱਖਨ ਦਿਸ ਫਿਰ ਹੈ।
ਥੀ ਬਨ ਰਹੀ ਸਭੀ ਕੋ ਔਖੀ,
ਇਨਤਜ਼ਾਮ ਕੋ ਕਰਿ ਹੈ ॥ ੧੯ ॥
ਲਾਇ ਦਿਵਾਨ ਏਕ ਦਿਨ ਬੰਦੇ,
ਸਿੰਘਨ ਸੋਂ ਕਰਿ ਮਸਲਤ[1]। [1]ਸਲਾਹ।
ਪਿਖਿ ਭਲ ਸਮਾ ਲੈਨ ਕਾ ਬਦਲੇ,
ਅਸਲ ਸੰਭਾਰੀ ਖਸਲਤ[1]। [1]ਅਸਲ ਸੁਭਾਉ ਯਾਦ ਕੀਤਾ।
ਸਿੰਘ ਪੰਜਾਬ ਮਾਲਵੇ ਥੇ ਜੇ,
ਤਿਨ ਕੇ ਨਾਮ ਲਿਖਾਏ।
ਪਠੇ ਹੁਕਮਨਾਮੇ ਸਭ ਠੌਰੈਂ,
ਯੌਂ ਕਹਿ ਸਭਿ ਬੁਲਵਾਏ ॥ ੨੦ ॥
ਸ੍ਵੈਯਾ:
ਲੇਵਨ ਕੋ ਬਦਲੇ ਤੁਰਕਾਨ ਤੈ,
ਮੋਹਿ ਪਠਜੋ ਗੁਰੁ ਸ੍ਵੈ ਕਰਿ ਬੰਦਾ[1]। [1]ਆਪਣਾ ਦਾਸ ਬਣਾ ਕੇ।
ਮਾਰਿ ਤੁਰੁਕੈਂ ਕਰਿ ਖ੍ਵਾਰ ਬਜੀਦਹਿ,
ਦੈਹੁਂ ਉਜਾਰ ਲੁਟੈਹੁਂ ਸਰ੍ਹੰਦਾ[1]। [1]ਸਰਹੰਦ ਨੂੰ ਲੁਟਾ ਕੇ ਉਜਾੜ ਦਿਆਂਗਾ।
ਲੈ ਕਰਿ ਬੈਰ ਗੁਰੈਂ ਪੁੱਤਰੈਂ, ਫਿਰ
ਮਾਰਿ ਗਿਰੀਸੈਂ ਕਰੋ ਪਰਗੰਦਾ[1]। [1]ਪਹਾੜੀ ਰਾਜਿਆਂ ਨੂੰ (ਪਰਗੰਦਾ) ਖੇਰੂੰ ਖੇਰੂੰ ਕਰ ਦਿਆਂਗਾ।
ਏਤਿਕ ਕਾਮ ਕਰੋਂ ਜਬਿ ਮੈਂ, ਤੁਮ

ਜਾਨਜੋ ਮੁਝੇ ਤਬਿ ਹੀ ਗੁਰਿ-ਬੰਦਾ ॥੨੧॥
ਮੋਹਿ ਨਿਵਾਜਜੋ ਤਿਸੀ ਗੁਰ ਹੈ, ਜਿਨ
ਪੰਥ ਰਚਜੋ ਤੁਵ ਸਿੰਘਨਿ ਭਾਈ।
ਆਇ ਸਹਾਇ ਕਰੋ ਹਮਰੀ,
ਸਭਿ ਹੀ ਤੁਮਹੂੰ ਮਿਲ ਕੈ ਗੁਰ-ਭਾਈ।
ਜੋ ਜਗਿ ਜੀਵਗੁ[1] ਰਾਜ ਕਰੈ,

[1]ਜੀਵੇਗਾ।

ਮਰ ਹੈ ਗੁਰ ਕੇ ਪੁਰਿ ਸੋਇ ਸਿਧਾਈ।
ਮੋਦਕ ਹੈ ਤੁਮਰੇ ਜੁਗ ਹਾਥ[1],

[1]ਤੁਹਾਡੇ ਦੋਹਾਂ ਹੱਥਾਂ 'ਚ ਲੱਡੂ ਹੈ।

ਛਕੋ ਅਬਿ ਯੇ ਮਨਿ ਮੋਦ ਬਢਾਈ ॥੨੨॥
ਜੋ ਗੁਰੁ ਸਿੱਖ ਕਹਾਵਤ ਹੈ ਜਗਿ,
ਮਾਨਿ ਲਹੋ ਗੁਰੁ ਕੇ ਬਚ ਸੋਊ।
ਜੋ ਗੁਰੁ ਸਿੱਖ ਨ ਮਾਨਹਿੰਗੋ ਗੁਰੁ
ਬੈਨ, ਨ ਚੈਨ ਲਹੈ ਜੁਗ ਲੋਊ[1]।

[1]ਦੋਹਾਂ ਲੋਕਾਂ ਵਿੱਚ।

ਤਾਂ ਸਿੱਖ ਕੀ ਜਨਨੀ ਧਿਕ ਹੈ,
ਗੁਰੁ ਕੇ ਕੰਮ ਨਾਹਿੰ ਸੁ ਆਵਗ ਜੋਊ।
ਤੌਂ ਗੁਰੁ-ਬੰਦਾ ਸਹੀ ਮੁਹਿ ਜਾਨਹੁ,
ਹਾਨਹੁੰ ਜੌਂ ਤੁਰਕੈਂ ਮੱਧ ਲੋਊ[1] ॥੨੩॥

[1]ਜੇ ਇਸ ਲੋਕ ਵਿੱਚ ਤੁਰਕਾਂ ਨੂੰ ਮਾਰਾਂਗਾ।

ਦੋਹਰਾ:
ਯਾ ਬਿਧਿ ਬਿਬਿਧਾ ਬਾਤ ਬਰ[1],

[1]ਅਨੇਕ ਤਰ੍ਹਾਂ ਦੀਆਂ ਚੰਗੀਆਂ ਗੱਲਾਂ।

ਬਹੁ ਬੰਦੇ ਲਿਖਵਾਇ।
ਚਿੱਠੀ ਜਮਨਾ ਅਟਕ ਕੇ,
ਅੰਦਰ ਦਈ ਫਿਰਾਇ ॥੨੪॥
ਕਬਿੱਤ:
ਮਾਝੇ ਦੂਾਬੇ ਪੋਠੋਵਾਰ[1] ਧੰਨੀ[2] ਘੇਬੀ[3] ਲੰਮੇ[11] ਸਾਰ[22],

[1]ਦਰਿਆ ਜਿਹਲਮ ਅਤੇ ਸਿੰਧ ਦੇ ਮੱਧ ਦਾ ਇਲਾਕਾ, ਜਿਸ ਦਾ ਬਹੁਤਾ ਭਾਗ ਜ਼ਿਲ੍ਹਾਰਾਵਲਪਿੰਡੀ ਵਿੱਚ ਹੈ। [2]ਜ਼ਿਲ੍ਹਾ ਜਿਹਲਮ ਦੀ ਤਹਿਸੀਲ ਚਕਵਾਲ ਦਾ ਇਲਾਕਾ। [3]ਫਤਹ ਜੰਗ ਤੇ ਪਿੰਡੀ ਘੇਪ ਦਾ ਇਲਾਕਾ ਜੋ ਜ਼ਿਲ੍ਹਾ ਕੈਂਮਲਪੁਰ ਵਿੱਚ ਹੈ। ਪਹਿਲਾਂ ਇਹਰਾਵਲਪਿੰਡੀ ਜ਼ਿਲ੍ਹੇ ਵਿੱਚ ਸੀ। [11]ਪਿਸ਼ਾਵਰ ਅਟਕ ਆਦਿ ਦੇ ਇਲਾਕੇ ਦਾ ਉੱਤ੍ਰ ਪੱਛਮੀ ਦੇਸ਼। [22]ਸਾਰੇ।

ਕਾਬਲ ਕੰਧਾਰ ਕਾਸ਼ਮੀਰ ਔ ਪਿਸ਼ੌਰ ਤੇ।
ਜਿਲੇ ਪਟਿਯਾਲੇ ਮੈਣਦਾਬ[1] ਔ ਅੰਬਾਲੇ, ਦੇਸ

[1]ਘੱਘਰ ਤੇ ਜਮਨਾ ਦੇ ਵਿਚਕਾਰ ਦਾ ਇਲਾਕਾ।

ਮਾਲਵੇ ਬਿਸਾਲੇ[1] ਸਿੰਘ ਚਾਲੇ ਠੌਰ ਠੌਰ ਤੇ। — [1]ਬਹੁਤੇ।
ਸੁਨਿ ਸੁਨਿ ਚਿੱਠੀ ਕਿਨਿ ਡਿੱਠੀ ਨਾਹਿਂ ਡਿੱਠੀ ਮਿੱਠੀ,
ਮਾਨਿ ਗੁਰੁ ਆਗਜਾ ਇੱਠੀ ਨੀਠਿ ਉਰ ਗੌਰ ਤੇ[1]। — [1]ਹਿਰਦੇ ਦੇ ਖ਼ਿਆਲ ਨਾਲ (ਨੀਠਿ) ਪ੍ਰਗਟ ਹੀ ਗੁਰਾਂ ਦੀ ਮਿੱਠੀ ਤੇ (ਇੱਠੀ) ਪਿਆਰੀ ਆਗਿਆ ਮੰਨ ਕੇ।
ਘਰ ਤੇ ਨਿਕਾਰਾ[1] ਕਿਨੈ ਖਰਚ ਹੁਧਾਰਾ ਲੀਓ, — [1]ਘਰ ਚੋਂ (ਖ਼ਰਚ ਲਈਰੁਪਇਆ) ਕੱਢ ਲਿਆ।
ਕੋਊ ਬੇਚ ਬੈਲ ਭੈਂਸ ਗਾਇਂ ਗਏ ਦੌਰਤੇ ॥੨੫॥

ਕਬਿੱਤ:

ਕਾਹੂੰ ਘਰ ਔ ਜ਼ਮੀਨ ਗਿਰੌ ਧਰਿ ਬੇਚ ਦੀਨ[1], — [1]ਗਹਿਣੇਰੱਖ ਦਿੱਤੀ ਜਾਂ ਵੇਚ ਦਿੱਤੀ।
ਜ਼ੇਵਰ ਤੇਵਰ ਛੀਨ ਲੀਨ ਤਿਯ ਕੋ ਕਿਨੈ[1]। — [1]ਕਿਸੇ ਨੇ ਇਸਤ੍ਰੀ ਦੇ ਗਹਿਣੇ ਤੇ ਕਪੜੇ (ਵੇਚਣ ਲਈ) ਖੋਹ ਲਏ।
ਸਿੱਖ ਜੇ ਧਨੀ ਥੇ ਭਾਰੇ ਸਿਦਕ ਉਦਾਰੇ ਧਰਿ,
ਜਿਨ ਪੈ ਨ ਕੁਛ ਹੁਤੋ ਦੀਓ ਤਿਨ ਕੋ ਤਿਨੈਂ।
ਤਨ ਮਨ ਧਨ ਥੇ ਅਰਪ ਰਾਖੇ ਗੁਰ ਹਿਤ,
ਉੱਦਮ ਸਿਦਕ ਅਤਿ ਉਨਹੂੰ ਕੇ ਕੋ ਗਿਨੈਂ[1]। — [1]ਕੌਣ ਗਿਣ ਸਕਦਾ ਹੈ।
ਇਤ ਉਤ ਤੈ ਹਥਜਾਰ ਲੈ ਸੰਭਾਰਿ ਮੋਦ ਧਾਰਿ,
ਦੋਇ ਦੋਇ ਚਾਰ ਚਾਰ ਚਾਲੇ ਮਿਲ ਕੈ ਦਿਨੈਂ[1] ॥੨੬॥ — [1]ਦਿਨ ਨੂੰ।

ਦੋਹਰਾ:

ਸਾਰ[1] ਪਾਇ ਤੁਰਕਾਨਿ ਇਹੁ, — [1]ਖ਼ਬਰ।
ਪੱਤਣ ਲਏ ਰੁਕਾਇ।
ਸਤਲੁਜ ਬਜਾਸਾ ਪੈ ਰੁਕੇ,
ਸਿੰਘ ਪੰਜਾਬੀ ਜਾਇ ॥੨੭॥

ਚੌਪਈ:

ਮਨਿ ਵਿਚਾਰਿ ਅਰੁ ਸਿਦਕ ਉਦਾਰੈਂ।
ਭੇਸ ਬਦਲ ਸਿੰਘ ਲਖੇ[1] ਅਪਾਰੈਂ। — [1]ਲੰਘ ਗਏ।
ਜੋ ਬਿਲਕੁਲ ਹੀ ਰੋਕੇ ਗਏ।
ਸੋਊ ਪਹਾੜੋਂ ਮਾਹਿਂ ਧਸਏ ॥੨੮॥
ਕੋ ਮੰਡੀ ਕੋ ਲਖੈ ਨਦੌਨੈਂ[1]। — [1]ਕੋਈ ਸੁਕੇਤ ਮੰਡੀ ਰਾਹੀਂ ਤੇ ਕੋਈ ਨਦੌਣ ਰਾਹੀਂ ਲੰਘ ਗਏ।
ਊਪਰ ਊਪਰ ਗਏ ਜੁ, ਤੌਨੈਂ[1]। — [1]ਤਿਨ੍ਹਾਂ ਨੂੰ।

ਨ੍ਰਿਪ ਅਜਮੇਰ ਚੰਦ ਕਹਿਲੂਰੀ।
ਨਾਲਾ-ਗੜੀਏ ਆਦਿਕ ਭੂਰੀ[1] ॥੨੯॥ — [1]ਬਹੁਤਿਆਂ (ਰਾਜਿਆਂ) ਨੇ।
ਭੂਪਨਿ ਕਰਿ ਤਲਾਸ਼[1] ਸਿੰਘ ਰੋਕੇ। — [1]ਲੱਭ ਲੱਭ ਕੇ।
ਖਰਚ ਹਥਜਾਰ ਛੀਨਿ ਕਿਯ ਫੋਕੇ[1]। — [1]ਖੋਹ ਕੇ ਖ਼ਾਲੀ ਕਰ ਦਿੱਤੇ।
ਥੇ ਦਰਬਾਰਾ ਸਿੰਘ ਗੁਲਜ਼ਾਰਾ[1]। — [1](ਸਿੰਘ)।
ਔਰ ਪਿਸ਼ੌਰਾ ਸਿੰਘ ਬਨਜਾਰਾ ॥੩੦॥
ਜਾਤਿ ਲੁਬਾਣੇ ਧਨੀ ਉਦਾਰੇ।
ਬੈਲ ਚਲਤਿ ਜਿਨ ਕੇਰ ਅਪਾਰੇ।
ਹੁਤੇ ਗਿਰੇਸਨ ਮੈਂ ਬਿਦਤਾਏ[1]। — [1]ਪਹਾੜੀ ਰਾਜਿਆਂ ਵਿੱਚ ਮਸ਼ਹੂਰ ਸਨ।
ਜ਼ਾਮਨ ਹ੍ਵੈ ਤਿਨਿ ਸਿੰਘ ਛੁਡਾਏ ॥੩੧॥
ਉਨੈ ਅਨੰਦਪੁਰਿ ਰਖੇ ਟਿਕਾਏ।
ਖਰਚ ਸਭੀ ਕੋ ਦੇਤ ਰਹਾਏ।
ਸਿੰਘ ਮਝੈਲ ਇਮ ਰਹੇ ਰੁਕਾਏ।
ਬੰਦੇ ਢਿਗ ਨ ਪਹੁੰਚਨੇ ਪਾਏ ॥੩੨॥
ਪੈ ਬੰਦੇ ਢਿਗ ਖਬਰ ਪੁਚਾਈ।
ਬੰਦੇ ਕਹਜੋ ਰਹੋ ਤਿਸ ਠਾਂਈ।
ਜਬਿ ਹਮ ਨਿਕਟ ਤੁਮਾਰੇ ਐਹੈਂ।
ਤਬੈ ਮਿਲਾਇ ਤੁਮੈਂ ਸੰਗ ਲੈਹੈਂ ॥੩੩॥
ਸੁਨੋਂ ਅਬੈ ਮਲਵੱਈਅਨ ਬਾਤੈਂ।
ਜੇ ਬੰਦੇ ਢਿਗ ਗਏ ਬਖਜਾਤੈਂ।
ਫਤੇ ਸਿੰਘ ਭਾਈ ਕਾ ਹੇਰੋ[1]। — [1]ਦੇਖੋ।
ਨਾਤੀ[1] ਭਾਈ ਭਗਤੂ ਕੇਰੋ ॥੩੪॥ — [1]ਪੋਤ੍ਰਾ।
ਸੋ ਨਿਜ ਸੰਗ ਅਧਿਕ ਜਨ ਲੈ ਕੈ।
ਮਿਲਜੋ ਜਾਇ ਬੰਦੇ ਕੋ ਧੈ ਕੈ।
ਭਾਈ ਰੂਪੇ ਕੇ ਜੁਗ ਨਾਤੀ।
ਪਰਮ ਧਰਮ ਸਿੰਘ ਗਏ ਬਖਜਾਤੀ ॥੩੫॥
ਰਾਮਾ ਔਰ ਤਿਲੋਕਾ ਜੋਈ।
ਆਪ ਨਹੀਂ ਪਹੁਚੇ ਤਬਿ ਸੋਈ।
ਕਿਛ ਨੌਕਰ ਕਿਛ ਭਾਈ ਪਠੇ।
ਔਰ ਘਨੇ ਪਹੁੰਚੇ ਝਟ-ਪਟੇ ॥੩੬॥

ਖਾਨੇ ਕੇ[1] ਬੰਗੇਰੀਏ[2] ਔਰੈਂ।
ਮਾਨ-ਸ਼ਾਹੀਏ[1] ਭੁੱਲਰ ਗੌਰੈਂ।
ਧਨ ਲੂਟਨ ਕੀ ਮਨਸਾ ਧਰ ਕੈ।
ਗਏ ਮਰਾਝੀ[1] ਬਰਛੇ ਫਰ ਕੈ ॥੩੭॥
ਕਾਲੇ ਕੇ[1] ਸੇਮੇਂ ਕੇ[2] ਔਰੈਂ।
ਗਰੇਵਾਲ ਬੈਰਾੜ ਸੁ ਦੌਰੈਂ[1]।
ਦੁਲੱਟ ਔਰ ਰੰਧਾਵੇ ਚਾਹਿਲ।
ਸਾਬੋ ਕੇ[1] ਚਾਓ ਕੇ ਮਾਹਿਲ[2] ॥੩੮॥
ਦੇਸ ਮਾਲਵੇ ਕੇ ਯੌਂ ਸਿੰਘ।
ਬੰਦੇ ਕੇ ਢਿਗ ਪਹੁੰਚੇ ਧਿੰਗ[1]।
ਥਾ ਨਜ਼ੀਕ ਬੰਦਾ ਤਿਨ ਤਾਂਈਂ।
ਨਾਹਿੰ ਨਦੀ ਥੀ ਮਗ ਮੈਂ ਕਾਈ ॥੩੯॥

ਦੋਹਰਾ:
ਮਾਨ-ਸ਼ਾਹੀਏ ਸਿੰਘ ਥੇ,
ਆਲੀ ਮਾਲੀ ਆਦਿ।
ਨੌਕਰ ਪਾਸ ਬਜੀਦ ਖਾਂ,
ਪੰਚਾਸਕ ਤਾਦਾਦ[1] ॥੪੦॥

ਚੌਪਈ:
ਸਿੰਘ ਬੁਲਾਕਾ ਬਖਤਾ ਸਿੰਘ ਸੇ।
ਨਾਜ਼ਮ[1] ਸਰਹੰਦੀ ਢਿਗ ਧਿੰਗ ਸੇ।
ਜੱਥੇਦਾਰ ਸਿੰਘ ਆਲੀ ਮਾਲੀ।
ਤਈਂ, ਬਜੀਦੇ ਕਹਜੋ ਉਤਾਲੀ[1] ॥੪੧॥
ਸੁਨਜੋ ਗੁਰੂ ਤੁਮਰਾ ਇਕ ਔਰੈਂ।
ਆਯੋ ਗੁਰੁ-ਬੰਦਾ ਬਡ ਤੋਰੈਂ[1]।
ਤਿਨ ਸਭਿ ਸਿੰਘ ਨਿਜ ਪਾਸ ਬੁਲਾਏ।
ਚਾਹਿਤ ਡੰਕਾ ਦੀਨ ਬਜਾਏ[1] ॥੪੨॥
ਤੁਮ ਭੀ ਜਾਵਨ ਚੈਹੁ ਤ ਜਾਵੋ।
ਹਮਰੀ ਦਿਸ ਚਢਾਇ ਕਰਿ ਲਜਾਵੋ।
ਬਾਜ ਬਟੇਰਨ ਕੋ ਜਜੋਂ ਖੈ ਹੈਂ।

[1]ਖਾਨੇ ਬੈਰਾੜ ਦੀ ਉਲਾਦ ਦੇ। [2]ਬੰਗੇਹਰ ਪਿੰਡ ਦੇ।
[1]ਗੋਤ।
[1]ਮਰਾਝ ਪਿੰਡ ਦੇ ਤੇ ਇਲਾਕੇ ਦੇ ਬਰਾੜ।
[1]ਬੈਰਾੜ ਬੰਸ ਦੇ ਮਰਾਝਕਿਆਂ ਵਿਚੋਂ ਮੋਹਨ ਦੇ ਪੁੱਤਰ ਕਾਲੇ ਦੀ ਉਲਾਦ ਦੇ। [2]ਸੇਮੇ ਦੀ ਉਲਾਦ ਦੇ।
[1]ਦੌੜ ਕੇ।
[1]ਸਾਬੋ ਕੇ ਬਰਾੜ। [2]ਚਾਉ ਕੇ ਤੇ ਮਾਹਲ ਪਿੰਡ ਦੇ।
[1]ਜ਼ੋਰਾਵਰ, ਬਲੀ।
[1]ਗਿਣਤੀ ਦੇ ਪੰਜਾਹ ਕੁ ਸਨ।
[1]ਸੂਬਾ।
[1]ਛੇਤੀ।
[1]ਗੁਰਾਂ ਦਾ ਦਾਸ ਵੱਡੇ ਢੰਗ ਨਾਲ।
[1]ਆਪਣੇ ਮਜ਼ਹਬ ਦਾ।

ਤਜੋਂ ਮਮ ਸੁਭਟ ਸਿੱਖਨ ਕੋ ਲੈ ਹੈਂ ॥੪੩॥	
ਜਜੋਂ ਗੁਬਿੰਦ ਸਿੰਘ ਬਨ ਗਜੋ ਰਾਜਾ।	
ਹਮ ਸੋਂ ਲਰਿ ਨਿਜ ਕੀਨ ਕੁਕਾਜਾ।	
ਸੁਤ[1] ਮਰਵਾਇ ਬਿੱਤ[2] ਲੁਟਵੈ ਕੈ।	[1]ਪੁੱਤਰ। [2]ਧਨ।
ਦੌਰਿ ਬਿਦੇਸ਼ ਛਪਜੋ ਕਿਤ ਜੈ ਕੈ ॥੪੪॥	
ਤਜੋਂ ਇਹ ਭੀ ਬੰਦਾ ਪਰਗੰਦਾ[1]।	[1]ਖੇਰੂੰ ਖੇਰੂੰ ਹੋ ਜਾਵੇਗਾ।
ਹੋਇ ਭਗੈ ਕੈ, ਹ੍ਵੈ ਮਮ ਬੰਦਾ[1]।	[1]ਮੇਰਾ ਦਾਸ ਹੋ ਜਾਵੇਗਾ।
ਮੌਤ ਬੁਲਾਇ ਤਿਸੈ ਲੈ ਆਈ।	
ਸੁੱਤੀ ਕਲ ਚਹਿ ਫੇਰ ਜਗਾਈ ॥੪੫॥	
ਮੂਛ ਪੂਛ ਕੇਹਰ ਕੀ ਜੈਸੇ।	
ਖੈਂਚਨ ਵਾਰ[1] ਬਚੈਗੋ ਕੈਸੇ।	[1]ਖਿੱਚਣ ਵਾਲਾ ਭਾਵ ਚੂਹਾ।
ਮੁਗਲ ਪਠਾਨ ਸੱਯਦ ਸਾਪਾਹੀ।	
ਸਿੱਖ ਬਿਚਾਰੇ ਕਾਰਕ ਬਾਹੀ[1] ॥੪੬॥	[1]ਵਾਹੀ (ਖੇਤੀ) ਕਰਨ ਵਾਲੇ ਭਾਵ ਜੱਟ ਜ਼ਿਮੀਂਦਾਰ।
ਬ੍ਰਿਕ[1] ਆਗੈ ਬੱਕਰੀ ਗਨ ਜਜੋਂ ਹੀ।	[1]ਬਘਿਆੜ।
ਹਮਰੇ ਸਨਮੁਖ ਸਿੱਖ ਸਭਿ ਤਜੋਂ ਹੀ।	
ਨਾਹਿਂ ਕੋਪ ਆਯੋ ਮੁਹਿ ਪਹਿਲੈਂ।	
ਜਿਸ ਤੈ ਰਹਜੋ ਕੌਮ ਸਿੱਖ ਸਹਿਲੈਂ[1] ॥੪੭॥	[1]ਸੁਖੀ।
ਜਾਨ ਲਯੋ ਹਮ ਨੈ ਦਿਢ ਜ਼ਜਾਦੈਂ[1]।	[1]ਬਹੁਤ ਪੱਕੀ ਤਰ੍ਹਾਂ।
ਇਹੈ ਕੌਮ ਬੁਨਜਾਦ ਫਸਾਦੈਂ[1]।	[1]ਫ਼ਸਾਦਾਂ ਦੀ ਜੜ੍ਹ।
ਅਬਿ ਜੇ ਛੇੜ ਛਾੜ ਇਹੁ ਕਰਿ ਹੈਂ।	
ਫੇਰ ਉਖੇਰੋਂ ਮੈਂ ਇਨ ਜਰ[1] ਹੈ ॥੪੮॥	[1]ਜੜ੍ਹ।
ਲੁਕਨੇ ਕਿਤੈ ਨ ਇਨ ਕੋ ਦੈਹੋਂ।	
ਬੇਗਹਿ ਤੇਗਹਿਂ ਲੁਕਮੇ ਕੈਹੋਂ[1]।	[1]ਛੇਤੀ ਤਲਵਾਰ ਦੀਆਂ ਬੁਰਕੀਆਂ ਕਰ ਦਿਆਂਗਾ।
ਹਸਦ[1] ਹੰਕਾਰ ਭਰੇ ਇਮ ਬੈਨਾ।	[1]ਈਰਖਾ, ਸਾੜਾ।
ਨਾਜ਼ਮ ਤੈ ਸੁਨਿ ਹ੍ਵੈ ਬੇਚੈਨਾ ॥੪੯॥	
ਨਾਜ਼ਮ ਪ੍ਰਤਿ ਆਲੀ ਸਿੰਘ ਭਾਖਜੋ।	
ਜੋ ਰੱਬ ਕਰੈ ਸੁ ਜੈ ਹੈ ਲਾਖਜੋ[1]।	[1]ਜਾਣਿਆਂ ਜਾਵੇਗਾ।
ਜੋ ਤੁਮ ਪਹਿਲੇ ਸੁਖਨ[1] ਸੁਨਾਯੋ।	[1]ਬਚਨ।
ਤੁਮ ਭੀ ਜਾਹੁ ਗੁਰੂ ਤੁਵ ਆਯੋ ॥੫੦॥	
ਜੇ ਸੋ ਸੁਖਨ ਅਪਨ ਤੂੰ ਪਾਰੈਂ[1]।	[1]ਪਾਲਣਾ ਚਾਹੁੰਦਾ ਹੈਂ।

ਤੌ ਹਿਸਾਬ ਕਰਿ ਦੇਹੁ ਹਮਾਰੈਂ।
ਇਹੁ ਸੁਨਿ ਨਾਜ਼ਮ ਕੋਪ ਤਬੈ ਹੈਂ[1]। [1]ਤਦੋਂ ਸੂਬੇ ਨੇ ਕ੍ਰੋਧਵਾਨ ਹੋ ਕੇ।
ਕੈਦ ਕਰੇ ਵਹਿ ਸਿੰਘ ਸਬੈ ਹੈਂ ॥੫੧॥
ਉਨ ਨਿਸ ਮੈਂ ਬੰਦੇ ਕੋ ਧਜਾਯੋ।
ਜੇ ਗੁਰੁ ਦੈ ਤੁਹਿ ਸ਼ਕਤਿ ਪਠਾਯੋ।
ਅਰੁ ਜੇ ਗੁਰੁ-ਬੰਦਾ[1] ਤੂੰ ਪੂਰੋ। [1]ਗੁਰਾਂ ਦਾ ਦਾਸ।
ਕਰੈਂ ਸਹਾਇ ਪੰਥ ਕੀ ਭੂਰੋ ॥੫੨॥
ਤੌ ਬੇੜੀ ਅਰ ਸੰਗਲ ਹਮਾਰੇ।
ਝੜ ਜਾਵੈਂ ਖੁਲ੍ਹ ਜਾਹਿਂ ਕਿਵਾਰੇ[1]। [1]ਤਖ਼ਤੇ, ਬੂਹੇ।
ਯੌਂ ਅਰਦਾਸ ਸਿੱਖਨ ਜਬਿ ਕੀਨੀ।
ਉਤ ਦਿਸ ਬੰਦੇ ਨੈ ਲਖ ਲੀਨੀ ॥੫੩॥
ਪਰੀ ਭੀਰ ਸਿੰਘਨ ਪਰ ਆਈ।
ਜੇ ਨਹਿਂ ਅਜ਼ਮਤ ਉਨੈਂ ਦਿਖਾਈ।
ਤੌ ਸਿੱਖ ਮੁਝ ਪਰ ਸਿਦਕ ਨ ਲਜਾਵੈਂ।
ਜਿਸ ਹਿਤ ਆਯੋ, ਕਾਜ ਨ ਥਾਵੈਂ[1] ॥੫੪॥ [1]ਕੰਮ ਨਹੀਂ ਹੋ ਸਕਣਗੇ।
ਇਹੁ ਵਿਚਾਰ ਇਕ ਬੀਰ ਪਠਾਯੋ।
ਉਨ ਸਿੰਘਨ ਕੋ ਆਇ ਸੁਨਾਯੋ।
ਤਮ ਕੋ ਯਾਦ ਕਰਯੋ ਗੁਰੁ-ਬੰਦੇ[1]। [1]ਗੁਰਾਂ ਦੇ ਦਾਸ ਨੇ।
ਸ਼ੀਘਰ ਚਾਲੋ ਉਠਿ ਸਾਨੰਦੇ ॥੫੫॥
ਸੁਨਿ ਸਿੰਘਨਿ ਹ੍ਵੈ ਤੱਜਬ ਨਿਹਾਰਾ[1]। [1]ਹੈਰਾਨ ਹੋ ਕੇ ਦੇਖਿਆ।
ਝੜੀ ਬੇੜੀਆਂ ਖੁਲੇ ਕਿਵਾਰਾ।
ਗੁਰਹਿਂ ਧਜਾਇ ਸਭਿ ਨੈ ਮਗ ਲੀਓ।
ਬੰਦੇ ਕੋ, ਗੁਰੁ ਸਹੀ ਲਖੀਓ[1] ॥੫੬॥ [1]ਬੰਦੇ ਨੂੰ ਗੁਰਾਂ ਦਾ (ਭੇਜਿਆ ਹੋਇਆ) ਠੀਕ ਜਾਣਿਆਂ।
ਰਾਤ ਰਾਤ ਲਖਿ[1] ਦੂਰਹਿ ਗਏ। [1]ਲੰਘ ਕੇ।
ਸਨੇ ਸਨੇ ਜਬਿ ਤਹਿਂ ਪਹੁੰਚਏ।
ਚਾਰ ਕੋਸ ਜਬਿ 'ਸੇਹਰ ਖੰਡਾ'।
ਰਹਯੋ, ਤਬੈ ਉਨ ਮਨਿ ਇਮ ਮੰਡਾ[1] ॥੫੭॥ [1]ਠਹਿਰਾਇਆ।
ਤੌ ਹਮ ਗੁਰੁ-ਬੰਦੇ ਕੋ[1] ਮਾਨੈਂ। [1]ਗੁਰਾਂ ਦੇ ਦਾਸ ਨੂੰ।
ਨਾਮ ਠਾਮ[1] ਜੋ ਹਮੈਂ ਬਖਾਨੈਂ। [1]ਥਾਂ ਟਿਕਾਣੇ।
ਯੌਂ ਮਥ[1] ਜਬਿ ਬੰਦੇ ਢਿਗ ਗਏ। [1]ਵਿਚਾਰ ਕੇ।

ਫਤੇ ਬੁਲਾਇ ਬੈਠਤੇ ਭਏ ॥੫੮॥
ਬੋਲਜੋ ਬੰਦਾ ਤਿਨੈ ਸੁਨਾਏ।
ਇਹੁ ਆਲੀ ਮਾਲੀ ਸਿੰਘ ਆਏ।
ਬਡੇ ਬਿਸਿਦਕੀ ਸਬਰ ਨ ਕਰਤੇ।
ਮਾਂਗਤ ਅਜ਼ਮਤ ਆਏ ਘਰ ਤੇ ॥੫੯॥

ਦੋਹਰਾ:

ਸਚ ਕਹਿਨਾਵਤ[1] ਇਨ ਕਰੀ,
ਸੁਨੀਅਤ ਜੋ ਜਗ ਮਾਹਿਂ।
ਜੱਟ ਕਿ ਜਾਣੈ ਗੁਣ ਕਰਜੋ,
ਚਣਾ ਕਿ ਜਾਣੈਂ ਬਾਹਿ[1] ॥੬੦॥

[1]ਅਖਾਣ।

[1]ਜੱਟ ਉਪਕਾਰ ਕੀਤੇ ਨੂੰ ਨਹੀਂ ਜਾਣਦਾ ਤੇ ਛੋਲੇ ਜ਼ਮੀਨ ਵਾਹੁਣ ਨੂੰ ਨਹੀਂ ਜਾਣਦੇ।

ਨਾਮ ਠਾਮ ਪੁਨ ਸਭਿਨਿ ਕੇ,
ਬੰਦੇ ਦਏ ਸੁਣਾਇ।
ਮਨ ਤਨ ਤੈ ਉਨ ਸਿਦਕ ਧਰਿ,
ਗਹੇ ਤਾਂਹਿ ਤੇ ਪਾਇਂ ॥੬੧॥
ਔਰ ਸਿੰਘ ਇਸ ਤੌਰ ਬਹੁ,
ਆਏ ਬੰਦੇ ਪਾਸ।
ਪਾਂਚਕ ਸੌ ਇਕਠਾ ਭਯੋ,
ਤਾਂ ਕਾ ਬਢਜੋ ਹੁਲਾਸ[1] ॥੬੨॥
ਇਕ ਇਕ ਸ਼ਰਫੀ[1] ਸਭੀ ਕੋ,
ਜੇਬ ਬੀਚ ਤੈ ਦੀਨ।
ਸ਼ਕਤਿ ਤੇਜ ਪ੍ਰਤਾਪ ਪਿਖਿ,
ਸਭਿ ਕੋ ਅਯੋ ਯਕੀਨ ॥੬੩॥
ਸਭਿ ਸਿੰਘ ਆਪਸ ਮੈਂ ਕਹੈਂ,
ਹੈ ਬੰਦਾ ਬਲਵਾਨ।
ਇਹੁ ਤੁਰਕਨ ਕੋ ਮਾਰ ਹੈ,
ਪਾਰੈ ਧੂਮ ਹਿੰਦੁਵਾਨ ॥੬੪॥
ਬਦਲਜੋ ਤਨ ਕਿਤ ਦਸਮ ਗੁਰੁ,
ਕੈ ਕਲਕੀ ਅਵਤਾਰ।
ਕਢ ਦੀਨੀ ਨਿਜ ਜੇਬ ਮੈਂ,

[1]ਉਤਸ਼ਾਹ।

[1]ਮੁਹਰ।

ਸ਼ਰਫੀ ਜਾਂਹਿ ਅਪਾਰ ॥੬੫॥
ਨਾਮ ਠਾਮ ਇਨ ਸਿੰਘਨ ਕੇ,
ਆਵਤ ਦਏ ਉਚਾਰ।
ਯੌਂ ਬਾਤੈਂ ਕਰਿ ਸਿੰਘ ਸਭਿ,
ਲਜਾਏ ਸਿਦਕ ਉਦਾਰ ॥੬੬॥
ਪੈ ਆਲੀ ਮਾਲੀ ਹਰੀ[1],
ਬਿਕੇ ਤਾਂਹਿ ਪਰ ਭਾਰ* ॥੬੭॥

[1]ਸਿੰਘ।

*ਅੰਕ ਨੰ. ੬੭ ਦੀ ਇਕ ਤੁਕ ਕਿਤੇ ਮੂਲ ਚੋਂ ਛਪਣ ਸਮੇਂ ਹੀ ਰਹਿ ਗਈ ਜਾਪਦੀ ਹੈ।

ਤਿਨ ਕੀ ਸੰਤਤਿ ਅਧਿਕ ਅਬਿ
ਬਸਤ ਸਲੌਂਦੀ ਗ੍ਰਾਮ।
ਮਾਨਤ ਬੰਦੇ ਕੇ ਤਈਂ,
ਸੋ ਭੀ ਸਿੰਘ ਲਲਾਮ[1] ॥੬੮॥

[1]ਚੰਗੀ ਤਰ੍ਹਾਂ।

ਬਹੁਤ ਤਿਹਾਵਲ ਤਾਂਹਿ ਦਿਨ,
ਬੰਦੇ ਨੇ ਕਰਵਾਇ।
ਸਭਿ ਸਿੰਘਨ ਅਰ ਗ੍ਰਾਮ ਕੋ,
ਦੀਨੋਂ ਬਾਂਟ ਛਕਾਇ ॥੬੯॥
ਬੰਦੇ ਗੁਰੁ ਦਸ਼ਮੇਸ਼ ਕੇ,
ਗਾਵਤ ਗੁਨ ਸਭਿ ਗ੍ਰਾਮ।
ਨਿਸਾ ਪਰੀ ਸੁਖ ਸੋਂ ਸੁਤੇ,
ਬਿਸ੍ਰਾਮ ਕੀਨ ਬਿਸ੍ਰਾਮ[1] ॥੭੦॥

[1]ਬਿਸ੍ਰਾਮ ਨੇ ਟਿਕਾ ਕਰ ਲਿਆ ਭਾਵ ਪੂਰਾ ਹੋ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ ਬੰਦੇ ਢਿਗ ਪੰਥ ਕਾ ਪਹੁੰਚਨ, ਬਰਨਨੰ ਨਾਮ ਤ੍ਰਿਤੀਯੋ ਬ੍ਰਿਸਾਮ ॥੩॥

੪. {ਕੁਰਮਾਨਾ ਤੇ ਟੁਹਾਣਾ ਮਾਰਨਾ, ਸ਼ਾਹੀ ਖ਼ਜ਼ਾਨਾ ਲੁੱਟਣਾ, ਕੈਂਥਲ ਤੇ ਸਮਾਣਾ ਫ਼ਤਹ ਕਰਨਾ}

ਦੋਹਰਾ:

ਕਰਿ ਕੁਚਾਲ ਨਿਸ ਕੋ ਹਰਜੋ,
ਕਰਜੋ ਜਗਤ ਪਰਕਾਸ਼[1]।

[1]ਕਲਜੁਗ ਦੀ ਖੋਟੀ ਰੀਤੀ ਰੂਪ ਰਾਤ ਨੂੰ ਨਾਸ ਕਰ ਕੇ ਜਗਤ ਵਿੱਚ ਗਿਆਨ ਦਾ ਪ੍ਰਕਾਸ਼ ਕੀਤਾ।

ਸ੍ਰੀ ਨਾਨਕ ਰਵਿ ਰੂਪ ਕੋ,
ਧਰਿ ਉਰਿ ਕਰਿ ਤਮ ਨਾਸ[1] ॥੧॥

[1](ਹੇ ਮਨ ਉਸ) ਸ੍ਰੀ ਗੁਰੂ ਨਾਨਕ ਦੇਵ ਸੂਰਜ ਨੂੰ ਹਿਰਦੇ 'ਚ ਵਸਾ ਕੇ ਅਗਿਆਨ ਦੇ ਅਨ੍ਹੇਰੇ ਦਾ ਨਾਸ ਕਰ।

ਹਮ ਸੇ ਅਧਮ ਕ੍ਰਿਤਘਨ ਜਨ,
ਪਰੇ ਜਾਰ ਜਿੰਹ ਧਜਾਇ[1]।

[1]ਸਾਡੇ ਵਰਗੇ ਨੀਚ ਤੇ ਅਕ੍ਰਿਤਘਣ ਲੋਕ ਜਿਸ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੂੰ ਧਿਆ ਕੇ ਸੰਸਾਰ ਸਮੁੰਦਰ ਤੋਂ ਪਾਰ ਹੋ ਗਏ ਹਨ।

ਤਾਂ ਗੁਰਿ ਬੰਦੇ ਕੀ ਕਥਾ,
ਕਥੋਂ ਸੁਨੋ ਸੁਖਦਾਇ[1] ॥੨॥

[1]ਤਿਨ੍ਹਾਂ ਗੁਰਾਂ ਦੇ ਬੰਦੇ (ਦਾਸ) ਦੀ ਸੁਖਦਾਇਕ ਕਥਾ ਉਚਾਰਨ ਕਰਦੇ ਹਾਂ ਸੁਣੋ।

ਹਾਕਲਾ ਛੰਦ:

ਜਿਮ ਲੁਟ ਹੈਂ ਗਾਮ ਟੁਹਾਨਾ।
ਅਰ ਸ਼ਾਹੀ ਲੁਟੈਂ ਖਜਾਨਾ।
ਫਿਰ ਕਤਲ ਲੁਟ ਸਾਮਾਣੇ।
ਥੈਹੈ[1], ਤਜੋਂ ਅਬੈ ਬਖਾਣੋ ॥੩॥

[1]ਫੇਰ (ਜਿਵੇਂ) ਸਮਾਣੇ ਸ਼ਹਿਰ 'ਚ ਕਤਲ ਤੇ ਲੁੱਟ ਮਾਰ ਹੋਵੇਗੀ।

ਜਬਿ ਸੇਹਰ ਖੰਡੇ ਬੰਦਾ।
ਇਕ ਮਾਸਕ[1] ਰਹਜੋ ਸੁਛੰਦਾ[2]।
ਪਿਖਿ ਅਜ਼ਮਤ ਤਿਸ ਪਰਤਾਪੈਂ।
ਜਨ ਭਏ ਮੁਰੀਦ ਅਮਾਪੈਂ[1] ॥੪॥
ਜਨ ਚੋਰ ਧਾੜਵੀ ਭਾਰੇ।
ਬਹੁ ਗੁਰੁ-ਬੰਦੇ ਹੱਕਾਰੇ[1]।
ਵਹਿ ਚੋਰਨ ਕਾ ਘਰ ਦੇਸੂ[1]।
ਹੈ, ਯਾਂ ਤੈ ਮਿਲੇ ਬਿਸੇਸੂ[1] ॥੫॥
ਮਿਲਿ ਸਿੰਘ ਬਾਂਗਰੂ ਬੀਰੈਂ[1]।
ਭੀ ਸਾਤ ਕੁ ਸੌ ਕੀ ਭੀਰੈਂ।

[1]ਇਕ ਮਹੀਨਾ। [2]ਸੁਤੰਤਰਤਾ ਨਾਲ।

[1]ਅਣਗਿਣਤ।

[1]ਬੁਲਾ ਲਏ।

[1]ਉਹ ਦੇਸ ਚੋਰਾਂ ਦਾ ਘਰ ਹੈ।

[1]ਬਹੁਤੇ।

[1]ਬਾਂਗਰ ਦੇਸ ਦੇ ਸੂਰਮੇ ਸਿੰਘਾਂ ਨੇ (ਬਾਂਗਰ=ਕੈਂਥਲ ਤੇ ਕਰਨਾਲ ਦੇ ਆਸ ਪਾਸ ਦਾ ਇਲਾਕਾ।)

ਜੋ ਅੱਸ੍ਰ ਸਿੰਘ ਲੁੱਟਿ ਲਜਾਏ।
ਥੇ, ਸੋ ਬਹੁ ਸਿੰਘਨਿ ਦਿਵਾਏ ॥੬॥
ਕਿਛੁ ਮੋਲ ਬੰਦੇ ਲੈ ਦੀਨੇ।
ਬਹੁ ਘਰ ਕੇ ਲਜਾਏ ਪੀਨੇ[1]। — [1]ਤਕੜੇ, ਮਜ਼ਬੂਤ।
ਇਮ ਭਈ ਸਵਾਰੀ ਸੈਨਾ[1]। — [1]ਘੋੜ ਸਵਾਰ ਫੌਜ।
ਪਿਖਿ ਬੰਦਾ ਖੁਸ਼ ਭਾ ਐਨਾ[1] ॥੭॥ — [1]ਬਹੁਤਾ।
ਦੈ ਦੁੰਦਭਿ[1] ਚਢਯੋ ਬੰਦਾ। — [1]ਧੌਂਸਾ ਵਜਾ ਕੇ।
ਤੁਰਕਨ ਪੈ ਕੋਪ ਬੁਲੰਦਾ।
ਮਗ ਚਲੇ ਸ਼ਿਕਾਰ ਖਿਲੰਤੇ।
ਜਨ ਲਖੈਂ ਫੌਜ ਬਲਵੰਤੇ[1] ॥੮॥ — [1]ਲੋਕ ਜਾਣਦੇ ਹਨ ਕਿ ਬਲਵਾਨ ਫੌਜ ਜਾ ਰਹੀ ਹੈ।
ਜੋ ਧਨੀ ਤੁਰਕ ਮੱਧ ਗ੍ਰਾਮੈ।
ਲੂਟੈਂ ਝਟ ਤਿਨ ਕੇ ਧਾਮੈ।
ਇਕ ਨਾਮ ਕੁਰਮਾਨਾ ਗ੍ਰਾਮੁ।
ਲੁਟਜੋ ਤਬਿ ਸਿੰਘਨਿ ਤਮਾਮੁ ॥੯॥
ਤਹਿਂ ਤੈ ਚਲਿ ਧਸੇ ਟੁਹਾਨੇ।
ਜਹਿਂ ਥੇ ਤਬਿ ਤੁਰਕ ਮਹਾਨੇ।
ਨਾਜ਼ਮ ਸਰਹੰਦੀ ਕੇਰੇ।
ਨਿਕਟੀ ਸਰਦਾਰ ਬਧੇਰੇ ॥੧੦॥
ਵਹਿ ਇਸੀ ਹੇਤ ਤੈ ਲੂਟੇ।
ਜੋ ਅੜੇ ਸੁ ਝੜੇ ਨ ਛੂਟੇ।
ਝਟ ਮਾਰ ਲੂਟ ਕਰਿ ਨਿਕਸੇ।
ਜਨ ਧਨ ਲੈ ਲੈ ਮਨਿ ਬਿਕਸੇ[1] ॥੧੧॥ — [1]ਖੁਸ਼ ਹੋਏ।
ਨਿਸ ਪਰੀ ਨਿਕਟਿ ਇਕ ਗ੍ਰਾਮੈ।
ਲਿਯ ਦਾਣਾ ਘਾਸ ਤਮਾਮੈ।
ਨਹਿਂ ਲੰਗਰ ਬਨਜੋ ਤਹਾਂਏ।
ਸਿੰਘਨਿ ਬਹੁ ਦੂਧ ਉਠਾਏ ॥੧੨॥
ਉਸ ਬਾਂਗਰ ਦੇਸ ਮਝਾਰੇ।
ਹੈ ਅਬਿ ਲੌ ਦੂਧ ਅਪਾਰੇ।
ਤਹਿਂ ਆਇ ਖਬਰ ਕਿਨ ਦੀਨੀ।
ਦੌਲਤ ਇਕ ਠਾਂ ਹੈ ਪੀਨੀ[1] ॥੧੩॥ — [1]ਬਹੁਤੀ।

ਪਤਿਸ਼ਾਹੀ ਜਾਤ ਖਜ਼ਾਨਾ।
ਉਗਰਾਹੀ ਹੋਇ ਮਹਾਨਾ।
ਢਿਗ ਕੈਂਥਲ ਹੈ ਉਤਰਾਨਾ।
ਸੁਨਿ ਬੰਦੇ ਹੁਕਮ ਬਖਾਨਾ ॥ ੧੪ ॥
ਲੁਟ ਲੇਹੁ ਖ਼ਾਲਸਾ ਜੀ ਸੋ।
ਨਹਿਂ ਜਾਵਨ ਦਿਹੁ ਬੰਡ ਲੀਸੋ[1]।

[1]ਆਪਸ ਵਿੱਚ ਵੰਡ ਲਿਆ ਜੇ।

ਸੁਨਿ ਸਿੰਘਨਿ ਬਾਗਾਂ ਫੜੀਆਂ।
ਨਹਿਂ ਬਾੜੈਂ ਝਾੜੈਂ ਅੜੀਆ[1] ॥ ੧੫ ॥

[1](ਉਹ ਘੋੜਿਆਂ ਦੀਆਂ ਵਾਗਾਂ) ਵਾੜਾਂ ਤੇ ਝਾੜਾਂ ਵਿੱਚ ਨਹੀਂ ਅੜੀਆਂ ਭਾਵ ਵਾੜਾਂ ਤੇ ਝਾੜਾਂ ਵਿੱਚ ਦੀ ਘੋੜਿਆਂ ਨੂੰ ਦੌੜਾਈ ਗਏ।

ਜਹਿਂ ਰੋਟੀ ਵੇਲਾ ਹੋਯੋ।
ਭੁਖ ਲਾਗੀ ਨੱਗਰ ਜੋਯੋ[1]।

[1]ਦੇਖਿਆ।

ਸਿੰਘ ਧਸੇ ਪਿੰਡ ਮੈਂ ਜਾਏ।
ਜੋ ਛਾਛ[1] ਦਹੀਂ ਦੁਧੁ ਪਾਏ ॥ ੧੬ ॥

[1]ਲੱਸੀ।

ਪਰਸ਼ਾਦੇ ਮੱਖਣ ਲੂਟੇ।
ਗੁੜ ਸ਼ੱਕਰ ਖੰਡ ਨ ਛੂਟੇ।
ਛਕਿ ਆਪ ਤੁਰੰਗ ਰਜਾਏ।
ਫਿਰ ਤਹਿਂ ਤੇ ਅੱਗ੍ਰ ਸਿਧਾਏ ॥ ੧੭ ॥
ਇਕ ਗ੍ਰਾਮ ਪਾਸ ਦੋ-ਪਹਿਰੇ।
ਤਟ ਤਾਲ[1] ਸਿੰਘ ਬਹੁ ਠਹਿਰੇ।

[1]ਤਲਾਅ ਦੇ ਕਿਨਾਰੇ।

ਜੱਟਨ ਕੇ ਭੱਤੇ[1] ਖੋਸੇ[2]।

[1]ਹਾਲੀ ਜੱਟਾਂ ਦੀਆਂ ਰੋਟੀਆਂ। [2]ਖੋਂਹਦੇ ਹਨ।

ਨਹਿਂ ਪੇਖਹਿਂ ਦੋਸ਼ ਅਦੋਸ਼ੇ ॥ ੧੮ ॥
ਕਹਿਂ ਤਵ ਪ੍ਰਸਾਦਿ ਭ੍ਰਮ ਨਾਸੈਂ।
ਸਭਿ ਛਕਿ ਹੈਂ ਸਾਥ ਹੁਲਾਸੈਂ।
ਬਾਹਰ ਤੈਂ ਖੇਤ ਖਸੋਟੈਂ*।

*ਰੋਟੀ ਵੇਲੇ ਪਿੰਡ 'ਚ ਵੜ ਕੇ ਆਮ ਲੋਕਾਂ ਪਾਸੋਂ ਲੱਸੀ, ਦੁੱਧ, ਦਹੀਂ, ਪਰਸ਼ਾਦੇ ਮੱਖਣ, ਗੁੜ, ਸ਼ੱਕਰ ਤੇ ਖੰਡ ਆਦਿ ਲੁੱਟਣੇ ਫਿਰ ਦੁਪਹਿਰ ਨੂੰ ਜੱਟਾਂ ਦੇ ਭੱਤੇ ਖੋਹਣੇ ਤੇ ਬਾਹਰ ਖੇਤਾਂ ਚੋਂ ਖੋਹ ਕਰਨੀ ਸਿੰਘਾਂ ਦੇ ਸੁਭਾਵ ਤੇ ਗੁਰੂ ਕੇ ਹੁਕਮਾਂ ਦੇ ਵਿਰੁੱਧ ਹੋਣ ਕਰਕੇ ਮੰਨਣ ਯੋਗ ਨਹੀਂ। ਹਾਂ ਜ਼ਾਲਮਾਂ ਦੇ ਘਰਾਂ ਨੂੰ ਜਾਂ ਸਰਕਾਰੀ ਸਾਮਾਨ ਨੂੰ ਲੁੱਟਣ ਦੀ ਗੱਲ ਤਾਂ ਮੰਨੀ ਜਾ ਸਕਦੀ ਹੈ।

ਨਹਿਂ ਜਾਨੈ ਲਾਹੈ ਟੋਟੈਂ[1] ॥ ੧੯ ॥

[1]ਨੱਫਾ ਨੁਕਸਾਨ।

ਪਿਖਿ ਬੰਦਾ ਅਤਿ ਖੁਸ਼ ਹੋਯੋ।
ਇਹੁ ਨਿਸ-ਕਲੰਕ ਪੰਥ ਜੋਯੋ[1]। [1]ਇਹ ਪੰਥ ਨਿਹ ਕਲੰਕ ਦੇਖਿਆ ਹੈ।
ਵਹਿ ਪਿੰਡ ਹੁਤੋ ਬਡ ਭਾਰੀ।
ਜੁਰਿ ਆਏ ਲੋਕ ਅਪਾਰੀ ॥੨੦॥
ਦੈ ਗਾਰਿ ਬੰਦੂਕੈਂ ਛੋਰੀ।
ਤਬਿ ਸਿੰਘਨਿ ਮਾਰਿ ਬਹੋਰੀ।
ਤਜਿ ਤੁਪਕੈਂ ਮਾਰਿ ਭਜਾਏ।
ਫਿਰ ਲੂਟਜੋ ਗਾਮ ਬਨਾਏ ॥੨੧॥
ਜੋ ਹੇਤ ਖਬਰ ਥਾ ਪਠਜੋ।
ਤੌ ਲੌ ਵਹਿ ਆਯੋ ਨਠਜੋ।
ਉਨ ਭਾਖਜੋ ਘਨੋ ਖਜਾਨਾ।
ਮਧ ਆਇ ਮੁਹਾਲ[1] ਥਿਰਾਨਾ ॥੨੨॥ [1]ਤਸੀਲ।
ਤਬਿ ਕਹਿਤ ਮੁਹਾਲ ਤਸੀਲੈਂ।
ਸੁਨਿ ਚਢਜੋ ਪੰਥ ਬਿਨ ਢੀਲੈਂ।
ਜਾ ਪਰੇ ਬੀਜੁਰੀ ਨਜਾਈਂ।
ਕਿਛੁ ਮਾਰੇ ਦਏ ਭਜਾਈ ॥੨੩॥
ਤਬਿ ਤੋੜਿ ਪੇਟੀਆਂ ਜੰਦੇ।
ਦੌਲਤ ਉਠਵਾਈ ਬੰਦੇ।
ਲੈ ਤਹਿਂ ਤੈ ਝਟ ਪਟ ਧਾਈ।
ਉਤਰੇ ਤ੍ਰੈ ਕੋਸਕ ਜਾਈ ॥੨੪॥
ਸਭਿ ਦੌਲਤ ਬੰਦੇ ਨੈਹੈਂ[1]। [1]ਬੰਦੇ ਨੇ।
ਦੀਨੀ ਬਰਤਾਇ ਸਭੈਹੈਂ।
ਇਹੁ ਖਬਰ ਜਬਰ[1] ਸੁਨਿ ਐਨਾ[2]। [1]ਜ਼ਬਰਦਸਤ, ਤਕੜੀ। [2]ਚੰਗੀ ਤਰ੍ਹਾਂ।
ਚਢਿ ਫੌਜਦਾਰ ਲੈ ਸੈਨਾ ॥੨੫॥
ਕੈਂਥਲ ਤੇ ਨਿਕਸਜੋ ਬਾਹਰ।
ਜਬਿ ਗਜੋ ਬੰਦੇ ਢਿਗ ਜਾਹਰ।
ਉਤ ਬੰਦੇ ਕਾਰ[1] ਕਢਾਈ। [1]ਲਕੀਰ।
ਪਢਿ ਮੰਤਰ ਜਲ ਛਿਰਕਾਈ ॥੨੬॥
ਨਿਜ ਡੇਰੇ ਕੇ ਚੌਫੇਰੇ।
ਇਮ ਸਭਿ ਕੋ ਭਾਖਜੋ ਟੇਰੇ।

ਤੁਮ ਜਰਾ ਨ ਡਰ ਮਨਿ ਧਾਰੋ।
ਜੋ ਐਹੈ ਅੰਦਰ ਕਾਰੋਂ ॥੨੭॥
ਤੁਮ ਦੇਖੋ ਮੇਰਾ ਫਨ ਹੈ[1]। [1]ਹੁਨਰ।
ਵਹਿ ਅੰਧਾ ਉੱਲੂ ਬਨ ਹੈ।
ਫੜਿ ਮਾਰੋ ਗਿਨਿ ਦਸ ਜੂਤੈਂ।
ਘੋੜੇ ਲਿਹੁ ਛੀਨ[1] ਸੁ ਊਤੈਂ[2] ॥੨੮॥ [1]ਖੋਹ ਲਵੋ। [2]ਮੂਰਖਾਂ ਤੋਂ।
ਜਿਮ ਭਾਖੀ ਤੈਸੇ ਹੋਈ।
ਪਿਖਿ ਅਚਰਜ ਹੋਏ ਸੋਈ।
ਡਰ ਧਰਿ ਕਿਛ ਇਤ ਉਤ ਭਾਗੈਂ।
ਬਾਕੀ ਨਹਿਂ ਆਵੈਂ ਆਗੈਂ ॥੨੯॥
ਫਿਰ ਹੇਲਾ[1] ਸਿੰਘਨਿ ਕਰਾਯਾ। [1]ਹੱਲਾ, ਧਾਵਾ।
ਉਨ ਭਗਿ ਭਗਿ ਪਗ ਮਗ ਪਾਯਾ।
ਤਬਿ ਥਾ ਸ਼ਾਹੀ ਮੈਂ ਰੌਰੈਂ।
ਨਹਿਂ ਕੋਊ ਕਰਿ ਹੈ ਗੌਰੈਂ[1] ॥੩੦॥ [1]ਖ਼ਿਆਲ।
ਇਹੁ ਤਿਲਸਮਾਤ[1] ਪਿਖਿ ਭਾਰਾ। [1]ਜਾਦੂ।
ਬੰਦੇ ਕੀ ਸ਼ਕਤਿ ਅਪਾਰਾ।
ਮਨ ਤਨ ਤੈ ਸਿੰਘ ਬਿਕਾਨੇ।
ਜੋ ਬੰਦਾ ਕਹੇ ਸੁ ਮਾਨੇਂ ॥੩੧॥
ਦੋਹਰਾ:
ਤਹਿਂ ਤੈ ਚਲਿ ਬੰਦਾ ਥਿਰਜੋ,
ਘੱਗਰ ਨਦੀ ਲਖਾਇ[1]। [1]ਲੰਘ ਕੇ।
ਸਰਬ ਸੰਗੀਅਨ ਕੋ ਕਹਜੋ,
ਦੌਲਤ ਦੇਹੁ ਪੁਚਾਇ ॥੩੨॥
ਜਹਿਂ ਜਹਿਂ ਜਿਸ ਕਾ ਦਿਲ ਚਹੇ,
ਸਾਤ ਦਿਵਸ ਕੇ ਮਾਂਹਿ।
ਫਿਰ ਹਟ ਆਵੋ ਇਹਾਂ ਸਭਿ,
ਲਜਾਵੋ ਔਰੈਂ ਚਾਹਿ ॥੩੩॥
ਸ਼ਹਿਰ ਸਮਾਣਾ ਲੂਟ ਹੈਂ,
ਹਮ ਦਸਵੈਂ ਦਿਨ ਠੀਕ।
ਜਿਨ ਧਨ ਬਹੁ ਲੈਣੋ ਹੁਵੈ,

ਆਵੈ ਸੋ ਤਹਿਂ ਨੀਕ ॥੩੪॥
ਖੁਫੀਆ ਖਬਰੈਂ ਫੇਰ ਦਿਹੁ,
ਠੌਰ ਠੌਰ ਸਭਿ ਦੇਸ।
ਇਹੀ ਮਾਨ ਕਰਿ ਸੰਗੀਅਨ,
ਕੀਨੀ ਤੁਰਤ ਬਿਸੇਸ[1] ॥੩੫॥
ਦਿਵਸ ਆਠਮੈਂ ਸਭਿ ਭਏ,
ਇਕਠੇ ਬੰਦੇ ਪਾਸ।
ਲੋਗ ਲੁਟੇਰੇ ਧਾੜਵੀ,
ਢੁਕੇ ਢਿਗ ਧਰਿ ਆਸ ॥੩੬॥
ਹਾਕਲਾ ਛੰਦ:
ਦਿਨ ਨੌਮੇਂ ਤਹਿਂ ਤੇ ਚੜ੍ਹ ਕੈ।
ਨਿਸ ਹੀ ਨਿਸ ਰਸਤੇ ਪੜ ਕੈ[1]।
ਢੁਕ ਨੇੜੇ ਬਾਗਾਂ ਫੜ ਕੈ।
ਧਸ ਗਏ ਪਹਿਰ ਦੇ ਤੜਕੈ ॥੩੭॥
ਬਿਜਰੀ ਜਯੋਂ ਪਏ ਅਸਾਰੈਂ[1]।
ਨਹਿਂ ਲੈਣੀ ਮਿਲੀ ਸੰਭਾਰੈਂ।
ਚੌਫੇਰਯੋਂ ਲੋਗ ਲੁਟੇਰੇ।
ਕਰਿ ਹੱਲੇ ਧਸੇ ਬਧੇਰੇ ॥੩੮॥
ਸਭਿ ਲੂਟਯੋ ਸ਼ਹਿਰ ਸਮਾਣਾ।
ਸਿਰ ਤੁਰਕਨ ਕਹਿਰ ਬਿਹਾਣਾ।
ਜਿਨ ਅੱਗਯੋਂ ਹੱਥ ਉਠਾਯੋ।
ਸੋ ਜਾਨੋਂ ਮਾਰਿ ਗਵਾਯੋ ॥੩੯॥
ਪਿਖਿ ਬੋਦੀ ਵਾਲਾ ਤਜਾਗੈਂ।
ਔਰਨ ਕੋ ਜਮ ਹ੍ਵੈ ਲਾਗੈਂ।
ਬਹੁ ਤੁਰਕ ਕਤਲ ਤਹਿਂ ਕੀਨੇ।
ਬੈਰਿਨ ਤੇ ਬਦਲੇ ਲੀਨੇ ॥੪੦॥
ਧਨ ਮਨ ਭਾਵਤ ਸਭਿ ਲੂਟਯੋ।
ਨਹਿਂ ਜ਼ੇਵਰ ਨਾਰਿਨ[1] ਛੂਟਯੋ।
ਜੋ ਤਹਾਂ ਪਾਲਕੀ ਬਾਈ।
ਨਿਕਸਤ ਥੀ ਤਬਿ ਅਧਿਕਾਈ ॥੪੧॥

[1]ਬਹੁਤ ਛੇਤੀ ਕੀਤੀ।

[1]ਰਾਤੋਰਾਤਰਾਹ ਪੈ ਕੇ।

[1]ਅਚਣਚੇਤ।

[1]ਇਸਤ੍ਰੀਆਂ ਦਾ ਗਹਿਣਾ।

ਸੋ ਭੀ ਅੰਮੀਰਨ ਕੇਰੀ।
ਸਭਿ ਲੂਟ ਖਾਕ ਮੈਂ ਮੇਰੀ[1]। — [1]ਮੇਲ ਦਿੱਤੀਆਂ।
ਤਬਿ ਤੈ ਫਿਰ ਸ਼ਹਿਰ ਸਮਾਨਾ।
ਵਹਿ ਭਯੋ ਉਜਾਰ ਮਹਾਨਾ ॥੪੨॥
ਨਹਿਂ ਤਾਬ[1] ਫੇਰ ਯਹਿ ਆਯੋ। — [1]ਚਮਕ ਭਾਵਰੌਣਕ ਵਿੱਚ।
ਐਸੋ ਹਥ ਬੰਦੇ ਲਾਯੋ।
ਏਤਿਕ ਧਨ ਸਿੰਘਨ ਲੂਟਜੋ।
ਸਭਿ ਕਾ ਦਾਲਿੱਦਰ[1] ਟੂਟਜੋ ॥੪੩॥ — [1]ਗ਼ਰੀਬੀ।
ਦਿਨ ਤੀਨ ਲੂਟ ਤਹਿਂ ਮਾਚੀ।
ਨਹਿਂ ਦੌਲਤ ਕਿਸ ਢਿਗ ਬਾਚੀ।
ਲੁੱਥਨ ਪਰ ਲੁੱਥ ਚਢਾਈ।
ਬੀਥਨ ਮੈਂ[1] ਮਾਰ ਮਚਾਈ ॥੪੪॥ — [1]ਗਲੀਆਂ ਵਿੱਚ।
ਸਭਿ ਭਾਗ ਗਈ ਤੁਰਕਾਨੀਂ।
ਤਜਿ ਸ਼ਹਿਰ ਕਹਿਰ[1] ਡਰ ਮਾਨੀਂ। — [1]ਬਹੁਤਾ।
ਸੈਦਾਨੀਂ[1] ਤਿਯ ਮੁਗਲਾਨੀਂ। — [1]ਸੱਯਦਾਂ ਦੀਆਂ ਇਸਤ੍ਰੀਆਂ।
ਸੇਖਾਨੀਂ ਔਰ ਪਠਾਨੀਂ ॥੪੫॥
ਜਿਨ ਦੁਤੀ ਪੁਰਖ ਨਹਿਂ ਦੇਖਾ।
ਪੜਦੇ ਮੈਂ ਪਲੀਂ ਵਿਸੇਖਾ।
ਪਗ ਧਰ ਪਰ[1] ਕਬੀ ਨ ਲਾਯੋ। — [1]ਧਰਤੀ ਉਪਰ ਪੈਰ।
ਗਾਦੈਲਾ ਪਲੰਘ ਹੰਢਾਯੋ ॥੪੬॥
ਤਨ ਫੁੱਲ ਗੁਲਾਬ ਸਮਾਨੈਂ।
ਅਤਿ ਕੋਮਲ ਕੰਜ ਮਹਾਨੈਂ[1]। — [1]ਕਮਲ ਵਰਗੀਆਂ ਬਹੁਤੀਆਂ ਕੋਮਲ।
ਨਿਜ ਘਰ ਦਰ[1] ਲੌ ਨਹਿਂ ਚਾਲੀ। — [1]ਘਰ ਦੇ ਬੂਹੇ ਤੱਕ।
ਵਹਿ ਭਾਗੀ ਜਾਤ ਨਿਰਾਲੀ[1] ॥੪੭॥ — [1]ਵੱਖਰੀ ਭਾਵ ਇਕੱਲੀ।
ਪਗ ਸਿਰ ਤੈ ਨੰਗੀ ਜੈਹੈਂ।
ਨਿਜ ਜਾਨ ਬਚਾਨ ਹਿਤੈ ਹੈਂ।
ਇਕਲੀ ਬਨ ਮੈਂ ਬਿਲਲਾਤੀ।
ਨਹਿਂ ਥੋਰੀ ਦੌਰੀ ਜਾਤੀ ॥੪੮॥
ਜੌ ਹਲ ਹਲ ਡੋਰੀ ਲਾਗੈ।
ਤਜੋਂ ਚੌਕ ਚੌਕ[1] ਸੋ ਭਾਗੈ। — [1]ਤ੍ਰੱਬਕ ਤ੍ਰੱਬਕ ਕੇ।

ਕਹਿ ਨਹਿਂ ਮਾਰੋ ਵੇ ਭਾਈ।
ਜੁ ਚੈਹੁ ਸੁ ਲੈਹੁ ਮਨਾਈ ॥੪੯॥
ਵਹਿ ਜਾਨਤ ਸਿੰਘ ਹੀ ਮਾਰੈਂ।
ਧਰ ਗਿਰ ਹੈਂ ਖਾਇ ਤਵਾਰੈਂ[1]।
[1]ਭੁਆਟਣੀਆਂ ਖਾ ਕੇ।
ਸਸ ਬਦਨੀ ਰਤਿ ਮਦ ਕਦਨੀ[1]।
[1]ਚੰਦ੍ਰਮਾ ਵਰਗੇ ਮੁਖ ਵਾਲੀਆਂ (ਕਾਮ ਦੀ ਇਸਤ੍ਰੀ) ਰਤੀ ਦਾ ਹੰਕਾਰ ਦੂਰ ਕਰਨ ਵਾਲੀਆਂ।
ਸੋ ਅਦਨੀਂ ਭਈ ਬਿਹਦਨੀਂ[1] ॥੫੦॥
[1]ਉਹ ਬਹੁਤੀਆਂ ਘਟੀਆ ਹੋ ਗਈਆਂ।
ਮ੍ਰਿਗ ਨੈਨੀ ਸੁਠ ਪਿਕ ਬੈਨੀ[1]।
[1]ਹਰਨਾਂ ਵਰਗੇ ਨੇਤ੍ਰਾਂ ਵਾਲੀਆਂ ਸੁੰਦਰ ਤੇ ਕੋਇਲ ਵਰਗੇ ਬੋਲਾਂ ਵਾਲੀਆਂ।
ਗਜ ਗਾਮਨਿ ਭਾਮਨਿ ਐਨੀ[1]।
[1]ਹਾਥੀ ਦੀ ਚਾਲ ਚਲਣ ਵਾਲੀਆਂ ਚੰਗੀਆਂ ਇਸਤ੍ਰੀਆਂ।
ਬਾਰਨ ਕੇ ਭਾਰਨ ਤੈਹੈਂ[1]।
[1]ਵਾਲਾਂ ਦੇ ਭਾਰਾਂ ਨਾਲ।
ਲਕ ਲਚਕ ਲਚਕ ਬਲ ਖੈਹੈਂ[1] ॥੫੧॥
[1]ਵਲ ਖਾਂਦੇ ਹਨ।
ਜੋ ਮਿਹਰੀ ਦਿਹਰੀ ਚਢਤੀ[1]।
[1]ਜੋ ਇਸਤ੍ਰੀ ਸਰਦਲ 'ਤੇ ਚੜ੍ਹਦੀ ਹੈ।
ਤਿਹਰੀ ਹ੍ਵੈ ਚਿਹਰੀ ਘਢਤੀ[1]।
[1]ਉਸ ਦੇ ਸਰੀਰ 'ਚ ਤਿੰਨ ਵਲ ਪੈ ਜਾਂਦੇ ਹਨ ਤੇ ਚਿਹਰੇ ਦੀਰੌਣਕ ਘਟ ਜਾਂਦੀ ਹੈ।
ਨਵ ਜੋਬਨਿ ਸੋ ਬਨ ਜੋਵਨ[1]।
[1]ਨਵੀਂ ਜੁਆਨੀ ਵਾਲੀਆਂ ਉਹ ਜੰਗਲ ਦੇਖਦੀਆਂ ਹਨ।
ਰੋਵਨ ਸੰਗ ਹੋਵਨ ਕੋਵਨ[1] ॥੫੨॥
[1]ਰੋਣ ਸਮੇਂ ਨਾਲ ਕੌਣ ਹੋਵੇ ਭਾਵ ਕੋਈ ਨਹੀਂ।
ਰੰਭਾ[1] ਸੀ ਤੀਯ ਹਜ਼ਾਰੈਂ।
[1]ਸੁਰਗ ਦੀ ਅਪੱਛਰਾਂ।
ਏਕਲ ਯੌਂ ਫਿਰਤ ਉਜਾਰੈਂ।
ਜੋ ਬਾਸਮਤੀ[1] ਨਿਤ ਖਾਤੀ।
[1]ਵਧੀਆ ਕਿਸਮ ਦੇ ਚੌਲ।
ਵਹਿ ਬੇਰੀ ਬੇਰ ਨ ਪਾਤੀ ॥੫੩॥
ਇਹੁ ਹਾਲ ਸਭਿਨਿ ਸਿਰ ਬੀਤਾ।
ਨਹਿਂ ਸੰਗ ਕੋਊ ਕਿਨ ਲੀਤਾ।
ਨਹਿਂ ਮਾਤਹਿਂ ਪੂਤ ਗਹਾਯੋ[1]।
[1]ਮਾਤਾ ਨੇ ਪੁੱਤ੍ਰ ਨੂੰ ਨਹੀਂ ਪਕੜਿਆ।
ਤੀਆ[1] ਨਹਿਂ ਪੀਆ[2] ਜਗਾਯੋ ॥੫੪॥
[1]ਪਤਨੀ ਨੇ। [2]ਪਤੀ ਨੂੰ।
ਐਸਾ ਗੁਰੁ ਭਾਣਾ ਬਰਤਾ।
ਤੁਰਕਨ ਕੀ ਨਿਕਲੀ ਕਰਤਾ[1]।
[1]ਕੁਝ ਕਰਨ ਦੀ ਸ਼ਕਤੀ।
ਸਭਿ ਡਰਿ ਡਰਿ ਉਠਿ ਉਠਿ ਭਾਗੈਂ।
ਕੋਊ ਨਹਿਂ ਅਰਿਓ ਆਗੈਂ ॥੫੫॥
ਜੋ ਹੁਤੇ ਅਮੀਰ ਵਧੇਰੇ।
ਵਹਿ ਸਭਿ ਤੇ ਭਗੇ ਅਗੇਰੇ।

ਜੋ ਅਰਜੋ ਹਰਜੋ[1] ਬਿਨ ਦੇਰੇ।
ਬਹੁ ਕਰੇ ਤੀਆ ਨਰ ਜ਼ੇਰੇ[1] ॥੫੬॥
ਦੈ ਦੈ ਹਥਜਾਰਨ ਚੋਕੈਂ[1]।
ਧਨ ਨਿਕਲਾਯੋ ਸਭਿ ਰੋਕੈਂ[1]।
ਜੋ ਕਬੀ ਨ ਕਿਨੈ ਨਿਹਾਰੀ।
ਤੁਰਕਨ ਕੀ ਸੁੰਦਰ ਨਾਰੀ ॥੫੭॥
ਸੋ ਫੜਿ ਫੜਿ ਦੇਸੀ ਲੋਗਨ[1]।
ਕੀਨੀ ਮਨ ਭਾਵਤ ਭੋਗਨ*।
ਕਰਿ ਖ੍ਵਾਰ ਮਾਰ ਪੁਨ ਪਾਵੈਂ[1]।
ਧਨ ਦੱਬਜੋ ਸਭਿ ਨਿਕਰਾਵੈਂ ॥੫੮॥
ਬੰਦੇ ਨੇ ਸੱਤ੍ਰੁਨ ਕੇਰੇ।
ਬੱਚੇ ਭੀ ਮਾਰਿ ਨਿਬੇਰੇ*।
ਜਬਿ ਤੀਨ ਦਿਵਸ ਯੌਂ ਬੀਤੇ।
ਧਨ ਮਨ ਭਾਵਤ ਲੁਟ ਲੀਤੇ ॥੫੯॥
ਫਿਰ ਬੰਦੇ ਨੇ ਸਭਿ ਹਟਕੇ[1]।
ਸਿੰਘ ਉਤਰੇ ਡੇਰੇ ਠਟ ਕੇ[1]।
ਬਹੁ ਬੱਕਰੇ ਸਿੰਘਨਿ ਝਟਕੇ।
ਮਦਰਾ ਕੇ ਆਏ ਮਟਕੇ ॥੬੦॥
ਭਰਿ ਪਜਾਲੇ ਸਿੰਘਨਿ ਗਟਕੇ[1]।
ਲੰਗਰ ਤਬਿ ਛਕਯੋ ਡਟ ਕੇ*।

[1]ਮਾਰ ਦਿੱਤਾ।

[1]ਇਸਤ੍ਰੀ ਪੁਰਸ਼ ਅਧੀਨ ਕਰ ਲਏ।

[1]ਚੋਭਾਂ।

[1]ਨਕਦੀ।

[1]ਲੁਟੇਰਿਆਂ ਨੇ।

*ਦੇਸੀ ਲੋਗਨ' ਤੋਂ ਭਾਵ ਆਮ ਲੁਟੇਰੇ ਹੈ, ਜਿਨ੍ਹਾਂ ਦਾ ਕੋਈ ਧਰਮ ਈਮਾਨ ਨਹੀਂ ਹੁੰਦਾ। ਉਨ੍ਹਾਂ ਵਲੋਂ ਇਹੋ ਜੇਹੀਆਂ ਇਖ਼ਲਾਕ-ਹੀਨ ਗੱਲਾਂ ਹੋ ਸਕਦੀਆਂ ਹਨ, ਪਰ ਕਲਗੀਧਰ ਦੇ ਸਿੰਘਾਂ ਅੰਦਰ ਅਜਿਹੀ ਗਿਰਾਵਟ ਨਹੀਂ ਆ ਸਕਦੀ। ਉਹ 'ਵੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ' ਦੇ ਆਦਰਸ਼ 'ਤੇ ਕਾਇਮ ਹਨ।

[1]ਭਾਵ ਫੇਰ ਮਾਰਦੇ ਹਨ।

*ਦੇਖੋ ਅੱਗੇ ਬਿਸ੍ਰਾਮ ਨੰ. ੬ ਦੇ ਅੰਕ ਨੰ. ੧੫੮ ਤੇ * ਨਿਸ਼ਾਨ ਹੇਠਲੀ ਪੈਰ ਟੂਕ।

[1]ਰੋਕੇ।

[1]ਬਣਾ ਕੇ।

[1]ਪੀਤੇ।

*ਕਵੀ ਜੀ ਨੇ ਏਥੇ ਤੇ ਅੱਗੇ ਹੋਰ ਕਈ ਥਾਈਂ ਸਿੰਘਾਂ ਦੇ ਸ਼ਰਾਬ ਪੀਣ ਬਾਰੇ ਲਿਖਿਆ ਹੈ, ਪਰ ਗੁਰਬਾਣੀ ਵਿੱਚ ਫੁਰਮਾਣ ਹੈ "ਐਸਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥" ਰਹਿਤਨਾਮਾ ਭਾਈ ਦੇਸਾ ਸਿੰਘ ਵਿੱਚ ਲਿਖਿਆ ਹੈ ਕਿ :-"ਪਰ ਨਾਰੀ ਜੂਆ ਅਸਤ, ਚੋਰੀ ਮਦਰਾ ਪਾਨ। ਪਾਂਚ ਐਬ ਇਹ ਜਗਤ ਮੈਂ ਤਜੈ ਸੁ ਸਿੰਘ ਸੁਜਾਨ।" ਉਪ੍ਰੋਕਤ ਉਦਾਹਰਣਾਂ ਤੋਂ ਸਿੱਧ ਹੈ ਕਿ ਸਿੱਖ ਨੂੰ ਕਿਸੇ ਵੀ ਸਮੇਂ ਸ਼ਰਾਬ ਪੀਣ ਦੀ ਆਗਿਆ ਨਹੀਂ। ਹੋ ਸਕਦਾ ਹੈ ਕਿ ਕਵੀ ਜੀ ਨੇ

ਅੰਗ੍ਰੇਜ਼ੀ ਰਾਜ ਸਮੇਂ ਫ਼ੌਜਾਂ ਵਿੱਚ ਸ਼ਰਾਬ ਪੀਣ ਦੀ ਚਲਾਈ ਗਈ ਪ੍ਰਪਾਟੀ ਦੇ ਅਸਰ ਹੇਠ ਹੀ ਪੁਰਾਣੇ ਸਿੰਘਾਂ ਬਾਰੇ ਸ਼ਰਾਬ ਪੀਣ ਦਾ ਗ਼ਲਤ ਅੰਦਾਜ਼ਾ ਲਗਾ ਲਿਆ ਹੋਵੇ। ਦੂਜਾ ਕਾਰਨ ਇਹ ਹੈ ਕਿ ਕਵੀ ਜੀ ਭਾਈ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ ਨੂੰ ਅਧਾਰ ਬਣਾ ਕੇ ਹੀ ਆਪਣਾ ਸ੍ਰੀ ਗੁਰੁ ਪੰਥ ਪ੍ਰਕਾਸ਼ ਲਿਖ ਰਹੇ ਹਨ। ਭੰਗੂ ਜੀ ਨੇ ਆਪਣੇ ਪੰਥ ਪ੍ਰਕਾਸ਼ ਵਿੱਚ ਬਹੁਤ ਜਗ੍ਹਾ ਸਿੰਘਾਂ ਦੇ ਸ਼ਰਾਬ ਪੀਣ ਬਾਰੇ ਲਿਖਿਆ ਹੈ :-(ਦੇਖੋ ਹੱਥ ਲਿਖਤ ਨੁਸਖਾ, ਜੋ ਇਸ ਸਮੇਂ ਗੁਰੁ ਨਾਨਕ ਯੂਨੀਵਰਸਟੀ ਦੀ ਲਾਇਬਰੇਰੀ ਵਿੱਚ ਪਿਆ ਹੈ। ਟਾਈਪ 'ਚ ਛਾਪਣ ਵਾਲਿਆਂ ਨੇ ਉਨੀਂ ਥਾਈਂ ਪਾਠ ਬਦਲ ਦਿੱਤੇ ਹਨ।) ਜਿਸ ਕਰਕੇ ਕਵੀ ਜੀ ਵੀ ਉਸੇ ਨੂੰ ਸੱਚ ਮੰਨ ਕੇ ਉਸ ਦਾ ਉਲਥਾ ਕਰੀ ਜਾ ਰਹੇ ਹਨ। ਭੰਗੂ ਜੀ ਵੀ ਅੰਗ੍ਰੇਜ਼ੀ ਫ਼ੌਜ ਵਿੱਚ ਭਰਤੀ ਸਨ। ਉਥੇ ਫ਼ੌਜੀ ਸਿੰਘਾਂ ਨੂੰ ਸ਼ਰਾਬ ਪੀਂਦੇ ਵੇਖ ਕੇ ਪੁਰਾਣੇ ਸਿੰਘਾਂ ਬਾਰੇ ਵੀ ਉਨ੍ਹਾਂ ਨੇ ਸ਼ਰਾਬ ਪੀਣ ਦੀ ਗੱਲ ਕਲਪ ਲਈ ਜਾਪਦੀ ਹੈ।

ਗੁਰ ਨੌਮੇਂ ਕੇ ਅਸਥਾਨੈਂ।
ਦਿਨ ਦੁਤੀ ਜਾਇ ਸਿੰਘਾਨੈਂ ॥੬੧॥
ਤੇਹਾਵਲ ਕਰਿ ਬਰਤਾਏ।
ਧਨ ਅਨਗਨ ਭੇਟ ਚਢਾਏ।
ਸੱਯਦ ਸਾਮਾਣੇਂ ਕੇਰੇ।
ਥੇ ਸੂਬੇ ਪਾਸ ਬਧੇਰੇ ॥੬੨॥
ਬਡ ਬਡ ਸਰਦਾਰ ਮੁਸਾਹਿਬ[1]।
ਹੁਸੈਨ ਅਲੀ ਖਾਂ ਨਾਯਬ[1]।
ਥਾ, ਤਿਸ ਹੀ ਕਸਮਾਂ ਖਾ ਕੇ।
ਬਹੁ ਭਾਂਤੈਂ ਬਾਤੈਂ ਲਾ ਕੇ ॥੬੩॥
ਗੁਰ ਤੈ ਪੁਰਿ ਅਨੰਦ ਛੁਡਾਯੋ।
ਫਿਰ ਉਸ ਹੀ ਦਗਾ ਕਮਾਯੋ।
ਸ਼ਾਹਜ਼ਾਦੋਂ ਕੋ[1] ਭੀ ਸੂਬਾ।
ਛੋਰਨ ਥਾ ਲਾਗਜੋ ਖੂਬਾ[1] ॥੬੪॥
ਤਬਿ ਉਸ ਹੀ ਨੇ ਹਟਕੈ ਕੈ[1]।
ਤਰਗੀਬੈਂ ਬਹੁਧਾ ਦੈ ਕੈ[1]।
ਮਿਲਿ ਖਾਨ ਹੁਸੈਨ ਵਗੇਰੈਂ[1]।
ਨੇ, ਕਤਲ ਕਰੇ ਬਿਨ ਦੇਰੈਂ ॥੬੫॥

[1]ਅਹਿਲਕਾਰ।
[1]ਛੋਟਾ ਸੂਬਾ।
[1]ਸਾਹਿਬਜ਼ਾਦਿਆਂ ਨੂੰ।
[1]ਚੰਗੀ ਤਰ੍ਹਾਂ।
[1]ਰੋਕ ਕੇ।
[1]ਬਹੁਤ ਤਰ੍ਹਾਂ ਦੀਆਂ (ਤਰਗੀਬਾਂ) ਯੁਕਤੀਆਂ ਦੇ ਕੇ।
[1]ਆਦਿਕਾਂ ਨੇ।

ਇਹੁ ਸੁਨਿ ਸਭਿ ਬੰਦੇ ਝੇੜਾ[1]। — [1]ਝਗੜਾ।
ਕਿਯ ਹੱਥੋ ਹੱਥ ਨਿਬੇੜਾ।
ਸਭਿ ਲਏ ਦੁਸ਼ਮਨੋ ਤੈ ਹੈਂ।
ਬਦਲੇ ਭਲ ਠੋਕ ਬਜੈ ਹੈਂ ॥੬੬॥
ਸੱਯਦ ਸਾਮਾਣੇ ਕੇਰੇ।
ਥੇ ਕਾਤਲ* ਗੁਰੁ- ਸੁਤੁ ਜੇਰੇ[1]। — [1]ਸਾਹਿਬਜ਼ਾਦਿਆਂ ਦੇ ਜਿਹੜੇ ਕਾਤਲ ਸਨ। *ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸ਼ਹੀਦ ਕਰਨ ਵਾਲਾ ਸੱਯਦ ਜਲਾਲ ਦੀਨ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿਬਹ ਕਰਨ ਵਾਲੇ ਅਰਥਾਤ ਕੋਹ ਕੋਹ ਕੇ ਮਾਰਨ ਵਾਲੇ ਜੱਲਾਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਸਮਾਣੇ ਦੇ ਹੀ ਸੱਯਦ ਸਨ।
ਸੋ ਸਭਿ ਹੀ ਯੁਤ ਪਰਵਾਰੈਂ।
ਕਰਿ ਬੁਰੀ ਦਸ਼ਾ ਸੋ ਮਾਰੈਂ[1] ॥੬੭॥ — [1]ਮਾਰ ਦਿੱਤੇ।
ਸੱਯਦੋਂ ਕਾ ਕੂਚਾ[1] ਸਾਰਾ। — [1]ਗਲੀ।
ਕਰਿ ਆਮ ਕਤਲਿ ਓਜਾਰਾ[1]। — [1]ਸਾਰਾ ਕਤਲ ਕਰ ਕੇ ਉਜਾੜ ਦਿੱਤਾ।
ਇਹੁ ਕਲਿਜੁਗ ਨਾ, ਕਰਿ ਜੁਗ ਹੈ[1]। — [1]ਕਰਨ ਦਾ ਸਮਾਂ ਹੈ।
ਜੋ ਕਰਿ ਹੈ ਸੋਈ ਭੁਗ ਹੈ[1] ॥੬੮॥ — [1]ਭੋਗਦਾ ਹੈ।
ਪਰ ਏਕ ਬਾਂਸ ਕੀ ਆਗੀ[1]। — [1]ਅੱਗ।
ਬਹੁ ਬਨ ਕੋ ਜਾਰਤ ਲਾਗੀ[1]। — [1]ਲੱਗੀ ਹੋਈ ਸਾਰੇ ਜੰਗਲ ਨੂੰ ਸਾੜ ਦੇਂਦੀ ਹੈ।
ਡੋਬਤ ਇਕ ਪਾਪੀ ਬੇੜੈਂ।
ਲਿਬੜੀ ਇਕ ਭੈਂਸ ਲਿਬੇੜੈਂ ॥੬੯॥
ਤਹਿਂ ਠਾਂ ਥੇ ਬੀਸਕ ਪਾਪੀ।
ਜਿਨ ਬਦਲੇ ਬਸਤੀ ਖਾਪੀ[1]। — [1]ਨਾਸ ਕੀਤੀ।
ਤੁਰਕਨਿ ਥਾ ਜੈਸਾ ਕੀਆ।
ਤੈਸਾ ਫਲ ਬੰਦੇ ਦੀਆ ॥੭੦॥

ਦੋਹਰਾ:

ਮੜਲ[1] ਕੌਮ ਤੁਰਕਾਨ ਕੋ, — [1]ਗੋਤ।
ਹੁਤੋ ਤਹਾਂ ਬਡ ਜੋਰ।
ਸੱਯਦ ਮੁਗਲ ਪਠਾਨ ਭੀ,
ਸ਼ੇਖ ਦਏ ਸਭਿ ਤੋਰ[1] ॥੭੧॥ — [1]ਭਾਵ ਖ਼ਤਮ ਕਰ ਦਿੱਤੇ।
ਐਸਾ ਗਾਰਤ[1] ਅਤਿ ਕਰਜੋ, — [1]ਬਰਬਾਦ, ਤਬਾਹ।
ਤਾਬ[1] ਨ ਆਯੋ ਫੇਰ। — [1]ਰੌਣਕ (ਚਮਕ ਦਮਕ) ਵਿੱਚ।

ਅਬ ਲੌ ਖੋਲੇ[1] ਪਰੇ ਹੈਂ,
ਤਾਂ ਕੇ ਅਧਿਕ ਚੁਫੇਰ ॥੭੨॥
ਗਾਥ ਟੁਹਾਣੇ ਕੈਂਥਲੈ,
ਸਾਮਾਣੇ ਕੀ ਗਾਇ।
ਉਤਰਜੋ ਪਿਖ ਕੈ ਪੰਥ ਕੋ,
ਇਸਥਤਿ ਭਯੋ ਅਧਜਾਇ ॥੭੩॥

[1]ਢੱਠੇ ਮਕਾਨ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਸਮਾਣੇ ਕੋ ਮਾਰਨ' ਪ੍ਰਸੰਗ ਬਰਨਨੰ ਨਾਮ ਚਤੁਰਥੋ ਬਿਸ੍ਰਾਮ ॥੪॥

੫. {ਕੁੰਜ ਪੁਰਾ, ਦਾਮਲਾ, ਟੇਹਾ, ਧੀਣ ਮੁਲਾਣਾ ਅਤੇ ਸਢੌਰਾ ਫ਼ਤਹ ਕਰਨਾ}

ਦੋਹਰਾ:

ਰਚੇ ਅਖਰ ਜਿਨ ਅਖਰ ਪਦ
ਦਾਇ, ਅਖਰ ਤਿਹ ਹਾਨ[1]।

[1]ਜਿਸ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਜੀਵਾਂ ਨੂੰ (ਅਖਰ) ਅਬਿਨਾਸੀ ਪਦਵੀ ਦੇਣ ਲਈ ਅਤੇ ਉਨ੍ਹਾਂ ਦੇ ਮੱਥੇ ਦੇ ਮਾੜੇ (ਅਖਰ) ਲੇਖਾਂ ਨੂੰ ਮੇਟਣ ਵਾਸਤੇ (ਅਖਰ) ਗੁਰਮੁਖੀ ਅੱਖਰ ਬਣਾਏ ਹਨ।

ਅਖਰ ਗਜਾਨ ਲਹਿ ਅਖਰ ਤੂੰ,
ਭਵੈਂ ਅਖਰ ਹਰਿ ਗਜਾਨ[1] ॥੧॥

[1]ਗਿਆਨ ਸਿੰਘ ਕਹਿੰਦਾ ਹੈ (ਕਿ ਹੇ ਮਨ!) ਉਨ੍ਹਾਂ ਸਤਿਗੁਰਾਂ ਦੇ (ਅਖਰ) ਉਪਦੇਸ਼ ਦੁਆਰਾ ਜੇ ਤੂੰ ਗਿਆਨ ਪ੍ਰਾਪਤ ਕਰ ਲਵੇਂ ਤਾਂ (ਅਖਰ) ਅਖੀਰ ਨੂੰ ਤੂੰ ਵੀ (ਅਖਰ) ਪਾਰਬ੍ਰਹਮ ਸਰੂਪ ਹੀ ਹੋ ਜਾਵੇਂਗਾ।

ਦੁਤੀ ਗੁਰੂ ਆਦੁਤੀ ਕੋ,
ਭਾਵੈਂ ਦੁਤੀ ਬਿਦਾਰਿ[1]।

[1]ਅਦੁੱਤੀ ਸਰੂਪ (ਜਿਸ ਵਰਗਾ ਹੋਰ ਕੋਈ ਨਹੀਂ) ਦੂਜੇ ਸਤਿਗੁਰਾਂ ਨੂੰ ਤਾਂ ਚੰਗਾ ਲਗੇਂਗਾ (ਜੇ ਤੂੰ) ਦ੍ਵੈਤ ਨੂੰ (ਆਪਣੇ ਵਿੱਚੋਂ) ਨਾਸ ਕਰ ਦੇਵੇਂਗਾ।

ਦੁਤੀ ਬੰਦਿ ਕਰ ਬੰਦਿ ਕੈ,
ਬਰਨੌਂ ਗਾਥ ਉਦਾਰ[1] ॥੨॥

[1]ਏਸੇ ਲਈ ਮੈਂ ਦੋਨੋਂ ਹੱਥ ਬੰਨ੍ਹ ਕੇ ਨਮਸ਼ਕਾਰ ਕਰ ਕੇ ਪੰਥ ਦੀ ਸ੍ਰੇਸ਼ਟ ਕਥਾ ਦਾ ਵਰਣਨ ਕਰਦਾ ਹਾਂ।

ਕੁੰਜ ਪੁਰਾ ਅਰ ਦਾਮਲਾ,
ਟੇਹਾ[1] ਫੌਜ ਤੁਰਕਾਨਿ[2]।

[1]ਪਿੰਡ। [2]ਤੁਰਕਾਂ ਦੀ ਫੌਜ ਉੱਤੇ।

ਸਾਢੋਰੇ ਲੌ ਜੀਤ ਜਜੋਂ,
ਭਵੈ[1] ਸੁ ਕਰੋਂ ਬਖਾਨ ॥੩॥

[1]ਜਿਵੇਂ ਜਿੱਤ ਹੋਵੇਗੀ।

ਸੋਰਠਾ:

ਸਾਮਾਣੇ ਕਾ ਹਾਲ,
ਨਾਜ਼ਮ[1] ਸੁਨਿ ਸਾਰੂੰਦ ਕੋ।

[1]ਸੂਬਾ (ਵਜੀਦ ਖਾਂ)।

ਮਨ ਅਤਿ ਭਯੋ ਬਿਹਾਲ[1],

[1]ਦੁਖੀ।

ਕਾਂਪਜੋ ਕਦਲੀ ਪੌਨ ਜਿਮ[1] ॥੪॥

[1]ਜਿਵੇਂ ਹਵਾ ਨਾਲ ਕੇਲਾ ਕੰਬਦਾ ਹੈ।

ਦੋਹਰਾ:

ਹੇਤ ਭੇਤ ਲੈਬੇ ਪਠੇ,
ਫਿਰ ਖੁਫੀਆ ਨਿਜ ਦੂਤ[1]।

[1]ਗੁਪਤ ਸਿਪਾਹੀ।

ਬੰਦੋਬਸਤ ਨਹਿ ਹੋਤ ਪਿਖਿ,

ਭਾਖਤ ਭਯੋ ਕਸੂਤ[1] ॥ ੫ ॥
ਬਿਗਰ ਰਹਯੋ ਥਾ ਸਿਲਸਿਲਾ,
ਪਤਿਸ਼ਾਹੀ ਤਬਿ ਸਾਰ[1]।
ਨਹਿਂ ਮੱਦਦਿ ਕਿਸ ਦਿਸਾ ਤੈ,
ਮਿਲਤੀ ਦੇਖ ਵਿਚਾਰਿ ॥ ੬ ॥
ਬਿਗਰ ਮੁਲਕ ਭੀ ਥਾ ਮਿਲਿਓ,
ਬਹੁਤਾ ਬੰਦੇ ਸੰਗ।
ਜੁਲਮਨ ਤੇ ਨੌਰੰਗ ਕੇ,
ਹਿੰਦੁ ਅਤੀ ਥੀ ਤੰਗ ॥ ੭ ॥
ਦੂਤੋਂ ਨੈ ਭੀ ਆਇ ਜਬਿ,
ਪੇਖਯੋ ਜ਼ੋਰ ਪ੍ਰਤਾਪ।
ਬੰਦੇ ਕਾ[1], ਸਭਿ ਲਿਖ ਪਠਯੋ,
ਸੂਬੇ ਪਾਸ ਅਮਾਪ[1] ॥ ੮ ॥
ਚੋਰ ਰਾਠ[1] ਜਨ ਧਾੜਵੀ,
ਥੇ ਬਹੁ ਬੰਦੇ ਸਾਥ।
ਸੋਚ ਏਹੁ ਸੂਬੇ ਤਬੈ,
ਚੁਕਯੋ ਨ ਇਨ ਸੋਂ ਹਾਥ ॥ ੯ ॥
ਫਿਰ ਪ੍ਰਭੁ ਜੈਸੇ ਕਰਯੋ ਚਹਿ,
ਫੇਰਤ ਤੈਸੀ ਬੁੱਧਿ।
ਕੰਸ, ਜਰਾ-ਸਿੰਧੁ ਪੇਖ ਭੀ,
ਗਾਫਲ ਰਹੇ ਅਬੁੱਧਿ[1] ॥ ੧੦ ॥

ਰਸਾਵਲ ਛੰਦ:

ਇਤ ਬੰਦੇ ਜਬਿ ਕਪਟ ਭੇਸਿ[1]
ਜਾਸੂਸ[1] ਪਛਾਨੇ।
ਸਿੱਖਨ ਤੈਂ ਪਕਰਾਇ ਮੰਗਾਇ,
ਕੁਟਾਇ ਮਹਾਨੇ।
ਤਜ ਕਰਿ ਫਿਰ ਯੌਂ ਕਹਯੋ,
ਜਾਹੁ ਤੁਮ ਨਿਕਟ ਬਜੀਦੇ।
ਹਮਰੀ ਤਰਫੋਂ ਕਹਯੋ ਤਾਂਹਿ,
ਯੌਂ ਕਰਿ ਤਾਗੀਦੇ[1] ॥ ੧੧ ॥

[1]ਕਹਿੰਦਾ ਹੈ ਕਿ ਬੜੀ ਕਸੂਤੀ ਗੱਲ ਹੋਈ।
[1]ਸਾਰਾ।
[1]ਬੰਦੇ ਦਾ ਜ਼ੋਰ ਤੇ ਪ੍ਰਤਾਪ।
[1]ਬਹੁਤਾ।
[1]ਲੜਾਕੇ।
[1]ਬੁਧੀ ਤੋਂ ਬਿਨਾਂ ਹੋ ਕੇ ਲਾ-ਪ੍ਰਵਾਹ ਰਹੇ।
[1]ਛਲ ਦੇ ਲਿਬਾਸ ਵਿੱਚ।
[1]ਭੇਤ ਲੈਣ ਵਾਲਿਆਂ ਨੂੰ।
[1]ਪਕਿਆਈ ਕਰਕੇ।

ਆਯੋ ਬੰਦਾ ਗੁਰੂ-ਸਿੱਖ,
ਤੁਮ ਹੋ ਹੁਸ਼ਜਾਰੇ।
ਦੁਖ ਦੈ ਤੁਮ ਕੋ ਮਾਰਿ,
ਫੇਰ ਸਰਹੰਦ ਉਜਾਰੇ।
ਯੌਂ ਸੁਨਿ ਦੂਤਨਿ ਜਾਇ,
ਕਹਯੋ ਸਭਿ ਸੂਬੈ ਪਾਸੈਂ।
ਸੁਨ ਕਰਿ ਉਡੇ ਹਵਾਸ[1],
ਤ੍ਰਾਸ ਅਤਿ ਭਯੋ ਹਿਰਾਸੈਂ[1] ॥੧੨॥

[1]ਸਮਝਾਂ, ਗਿਆਨ ਸ਼ਕਤੀਆਂ।
[1]ਬਹੁਤੇ ਭੈ ਨਾਲ ਡਰ ਗਿਆ।

ਕਹੇ ਭਾਗ ਕਿਤ ਜਾਉਂ,
ਨਹੀਂ ਅਬਿ ਕੋਊ ਠਿਕਾਨਾ।
ਮਰਨਾ ਆਯੋ ਮੋਹਿ ਅਬੈ,
ਦੁਖ ਪਾਯ ਮਹਾਨਾ।
ਭਯੋ ਅਧਿਕ ਭੈ-ਮਾਨ,
ਬਜੀਦਾ ਥਰ ਥਰ ਕਾਂਪੈ।
ਜਯੋਂ ਕਰਿ ਤੀਛਨ ਬਹੈ ਬਜਾਰ,
ਕਦਲੀ ਬਨ ਜਾਪੈ[1] ॥੧੩॥

[1]ਜਿਵੇਂ ਤਿੱਖੀ ਹਵਾ ਦੇ ਵਗਣ ਨਾਲ ਕੇਲਿਆਂ ਦਾ ਬਾਗ਼ ਕੰਬਦਾ ਜਾਣੀਦਾ ਹੈ।

ਸੁਨੀ ਬਾਤ ਯਹਿ ਸ਼ਹਿਰ,
ਕਹਿਰ ਕੀ[1] ਜਬਿ ਹੀ ਸਾਰੇ।
ਸਿਰ ਧੁਨ[1] ਹਾਥ ਮਰੋਰਿ,
ਲੋਗ ਪਛੁਤਾਹਿਂ ਅਪਾਰੇ।

[1]ਦੁੱਖ ਦੀ।
[1]ਸਿਰ ਹਿਲਾ ਕੇ।

ਆਪਸ ਮੈਂ ਮਿਲਿ ਕਹੈਂ,
ਐਸ ਬਿਧਿ ਸਭਿ ਨਰ ਨਾਰੀ।
ਖਾਨ ਬਜੀਦੇ ਦੁਸ਼ਟ,
ਪਾਪ ਜੋ ਕੀਨੋ ਭਾਰੀ ॥੧੪॥
ਨਾਹਕ ਗੁਰਿ ਸੁਤ ਸ਼ੀਰ-ਖੋਰ[1],
ਇਨ ਕਤਲ ਕਰਾਏ।

[1]ਦੁੱਧ ਪੀਂਦੇ ਭਾਵ ਮਾਸੂਮ।

ਦਸਮ ਗੁਰੂ ਸੁਨਿ ਕੋਪ
ਹੋਇ, ਦਿਯ ਸਾਪ ਮਹਾਂਏਂ।
ਜੜ ਸਰੁੰਦ ਕੀ ਜਾਇ,

ਮਰੈ ਨਾਜ਼ਮ ਦੁਖ ਪਾਈ।
ਪਤਿਸ਼ਾਹੀ ਚੋਗਤਨ ਕੇਰ,
ਸਰਪਰ[1] ਉਠ ਜਾਈ ॥ ੧੫ ॥ — [1]ਜ਼ਰੂਰ ਬਰ ਜ਼ਰੂਰ।
ਰਾਜ ਖਾਲਸਾ ਕਰੈ, ਫੇਰ
ਪਰਜਾ ਸੁਖਦਾਈ।
ਵਹੀ ਬਾਤ ਅਬਿ ਠੀਕ ਸਾਚ,
ਹੋਨੇ ਪਰ ਆਈ।
ਕਹਤ ਸਿਆਣੇ ਲੋਗ, ਠੀਕ
ਮਸਲਾ[1] ਯਹਿ ਭਾਈ। — [1]ਕਹਾਵਤ, ਅਖਾਣ।
ਗਾਮ ਉਜਾਰਤ ਦੁਸ਼ਟ ਪੈਂਚ,
ਨ੍ਰਿਪ ਦੇਸਹਿਂ ਤਾਂਈਂ[1] ॥ ੧੬ ॥ — [1]ਦੁਸ਼ਟਰਾਜਾ ਦੇਸ਼ ਨੂੰ ਉਜਾੜ ਦੇਂਦਾ ਹੈ।
ਕਰਿ ਕੁਸੰਗੀਅਨ ਸੰਗ,
ਦੂਖ ਕਿਸ ਨੈ ਨਹਿਂ ਪਾਯੋ।
ਰਾਵਨ ਬਸਯੋ ਪੜੋਸ[1], — [1]ਗੁਆਂਢ।
ਸਿੰਧੁ ਸਿਰਿ ਪਾਜ ਬੰਧਾਯੋ[1]। — [1]ਸਮੁੰਦਰ ਨੇ ਸਿਰ 'ਤੇ ਪੁਲ ਬੰਨ੍ਹਵਾਇਆ।
ਸਾਂਬੇ[1] ਠੱਠਾ ਕੀਨ, — [1]ਜਾਮਵਤੀ ਦੇ ਪੇਟੋਂ ਕ੍ਰਿਸ਼ਨ ਦਾ ਪੁੱਤਰ, ਸਾਂਬ।
ਬੰਸ ਜਾਦਵ ਸਭਿ ਘਾਯੋ।
ਸਿੰਧ ਅਵਗਜਾ ਕਰੀ,
ਸਰਬ ਜੀਵਨ ਦੁਖ ਪਾਯੋ* ॥ ੧੭ ॥ — *ਅੰਕ ਨੰ. ੧੭ ਦੀ ਚੌਥੀ ਤੁਕ ਅੰਮ੍ਰਿਤਸਰ ਐਡੀਸ਼ਨ ਚੋਂ ਲਈ ਹੈ।

ਦੁਰਜੋਧਨਿ ਆਨੀਤ[1] ਕਟਕ[2] — [1]ਖੋਟੀ ਨੀਤੀ। [2]ਦਲ, ਫ਼ੌਜ।
ਕੌਰਵ ਸਿਰ ਆਈ।
ਰਾਵਨ ਕੀਨ ਕੁਕਰਮ,
ਸੈਂਨ ਅਸੁਰਨ[1] ਕੀ ਘਾਈ। — [1]ਦੈਂਤਾਂ ਦੀ।
ਤਯੋਂ ਅਬਿ ਹਮ ਸੋਂ ਹੋਇ,
ਐਸ ਸਰਹੰਦੀ ਕੈਹੈਂ।
ਸੰਗਤ ਗੁਰ ਕੀ ਤਹਾਂ ਜੁ ਥੀ,
ਸੋ ਅਤਿ ਪਛੁਤੈਹੈਂ ॥ ੧੮ ॥
ਮਰੈ ਮਸੰਦ ਸੁਲੱਖਣਾ[1], — [1]ਮਸੰਦ ਦਾ ਨਾਮ।
ਜੜ ਤਿਹ ਜਾਵੈ ਮਾਰੀ।

ਸਾਹਬਜ਼ਾਦਜੋਂ ਹੇਤ
ਨ ਦੌਲਤ ਦਈ ਹਮਾਰੀ।
ਮੋਤੀ ਹੀਰਾ ਕਨਕ[1],
ਤਿਨੋਂ ਕੇ ਸਮ ਹਮ ਦੇਤੇ।
ਤੁਰਕਨ ਤੈ ਗੁਰੁ ਸੁਤ ਛੁਡਾਇ,
ਜਗ ਮੈਂ ਜਸ ਲੇਤੇ ॥੧੯॥
ਸੋ ਧਨ ਹਮਰਾ ਸਭੀ ਬਜਰਥ,
ਅਬਿ ਲੁਟਜੋ ਜੈਹੈ।
ਯਾ ਬਿਧਿ ਬੀਚ ਸਰ੍ਹੰਦ,
ਬਾਤ ਤਬਿ ਘਰ ਘਰ ਹ੍ਵੈ ਹੈ ॥੨੦॥

ਦੋਹਰਾ:
ਸ਼ਹਿਰ ਸਮਾਣਾ ਲੁਟਜੋ ਜਬਿ,
ਇਤ ਬੰਦੇ ਕਰਿ ਗੌਰ।
ਲੋਗ ਲੁਟੇਰੇ ਧਾਰਵੀ,
ਆਇ ਮਿਲੇ ਬਹੁ ਔਰ ॥੨੧॥

ਚੌਪਈ:
ਜਬਿ ਬੰਦੇ ਨੇ ਹਤਜੋ ਸਮਾਨਾ।
ਪਰੀ ਦੇਸ ਮੈਂ ਧਾਂਕ[1] ਮਹਾਨਾ।
ਦੇਸ ਮਾਲਵੇ ਕੇਰ ਅਪਾਰੈਂ।
ਅਏ ਧਾੜਵੀ ਲੋਗ ਹਜ਼ਾਰੈਂ ॥੨੨॥
ਲਾਲਚ ਲੂਟ ਸਭਿਨਿ ਕੋ ਹੋਵਾ।
ਬੰਦੇ ਕੋ ਗੁਰੁ ਪ੍ਰਭੁ ਨਿਜ ਜੋਵਾ।
ਅੱਸ੍ਰ ਨਗਾਰੇ ਸ਼ਸਤਰ ਚੰਗੇ।
ਲਏ ਸਮਾਣਜੋਂ ਪੰਥ ਨਿਸੰਗੇ ॥੨੩॥
ਲਸ਼ਕਰ ਬਨਿਯੋ ਬੰਦੇ ਕੇਰਾ।
ਬਡ ਭਾਰੀ ਅਤਿ ਬਲੀ ਲੁਟੇਰਾ।
ਗਾਰਤ[1] ਕੂਟ ਸਮਾਣੇਂ ਤਾਈਂ।
ਚਢੇ ਜਬੈ ਪੁਨ ਧੌਂਸ ਬਜਾਈ ॥੨੪॥
ਸੈਫ ਅਲੀ ਖਾਂ ਕਾ ਸੁਤ ਤਬੈ।
ਅਕਬਰ ਅਲੀ ਖਾਨ ਡਰਿ ਦਬੈ[1]।

[1]ਸੋਨਾ।
[1]ਦਬਦਬਾ।
[1]ਤਬਾਹ ਕਰਕੇ।
[1]ਦਬ ਗਿਆ।

ਮਿਲਜੋ ਨਜ਼ਰ ਘੋੜਾ ਲੈ ਆਏ।
ਸੋ ਬੰਦੇ ਲਿਯ ਸੰਗ ਮਿਲਾਏ ॥੨੫॥
ਤਿਸ ਕੇ ਬਾਪ ਸੈਫ ਖਾਂ ਪੀਨੀ[1]। — [1]ਬਹੁਤੀ।
ਨੌਮ ਗੁਰੂ ਕੀ ਸੇਵਾ ਕੀਨੀ।
ਸੈਫਾਵਾਦ ਗਾਮ ਤਿਸ ਕੇਰੋ।
ਯਾਂ ਤੇ ਲੁਟਜੋ ਨ ਬੰਦੇ ਹੇਰੋ ॥੨੬॥
ਹਾਕਮ ਥਾ ਜੁ ਸਨੌਰਹਿਂ ਕੇਰੋ।
ਮਿਲਜੋ ਆਨਿ ਡਰਿ ਮਾਨਿ ਬਧੇਰੋ।
ਅਕਬਰ ਅਲੀ ਖਾਨ ਕੇ ਕਹੇ।
ਛੋਡਜੋ ਸੋ ਪੰਜ ਘੋੜੇ ਲਹੇ ॥੨੭॥
ਡੇਰਾ ਕਰਿ ਸਨੌਰ ਢਿਗ ਦੀਨਾ।
ਖਰਚ ਸਮਾਨ ਤਿਸੀ ਤੇ ਲੀਨਾ।
ਸੈਨ ਲੁਟੇਰੀ ਹੜ੍ਹ ਜਲ ਨਜਾਈਂ।
ਦੇਸ਼ ਉਜਾਰ ਕਰਤ ਬਹੁ ਜਾਈ ॥੨੮॥
ਆਗੇ ਗ੍ਰਾਮ ਜੁ ਤੁਰਕਨ ਆਵੈਂ।
ਉਨ ਕੇ ਹਿੰਦੂ ਜ਼ੁਲਮ ਸੁਨਾਵੈਂ।
ਜਿਸ ਪਰ ਬੰਦਾ ਆਗਜਾ ਦੈਹੀ।
ਲੂਟ ਕੂਟ ਸਿੰਘ ਤਿਸ ਕੋ ਲੈਹੀਂ ॥੨੯॥
ਤਟ ਜਮਨਾ ਲੌਂ ਪਹੁੰਚੇ ਜਾਈ।
ਕਜਾਮਤ ਤੁਰਕਨ ਕੋ ਦਿਖਰਾਈ।
ਕੁੰਜਪੁਰਾ ਥਾ ਗਾਮ ਤੁਕਾਨੀ।
ਸੋ ਬੰਦੇ ਚਲਿ ਕੀਨੋ ਫਾਨੀ[1] ॥੩੦॥ — [1]ਤਬਾਹ, ਨਾਸ।
ਹਸਮਤ ਖਾਨ ਨਵਾਬ ਪਠਾਨੋ।
ਥਾ ਜੁ ਤਹਾਂ ਕਾ ਹਾਕਮ ਜਾਨੋ।
ਸਾਰ[1] ਪਾਇ ਸੋ ਗਯੋ ਪਲਾਹੀ[2]। — [1]ਖ਼ਬਰ। [2]ਨੱਸ ਗਿਆ।
ਲਰੇ ਤਾਂਹਿ ਕੇ ਕਿਛੁਕ ਸਿਪਾਹੀ ॥੩੧॥
ਮਾਰ ਕੂਟ ਸਿੰਘਨ ਸੋ ਲੀਏ।
ਕਾਜੀ ਕਤਲ ਤਹਾਂ ਕੇ ਕੀਏ।
ਸਾਹਬਜ਼ਾਦਜੋਂ ਪੈ ਉਨ ਫਤਵਾ[1]। — [1]ਸ਼ਰ੍ਹਾ ਦਾ ਹੁਕਮ (ਅ) ਧਾਰਮਕ ਫ਼ੈਸਲਾ।
ਦੀਓ ਥਾ ਮਾਰੇ ਯੌਂ ਅਤੁਵਾ[1] ॥੩੨॥ — [1]ਬਹੁਤ ਬੁਰੀ ਤਰ੍ਹਾਂ।

ਤਹਿਂ ਤੇ ਜਾਇ ਦਾਮਲਾ ਮਾਰਯੋ।
ਲੂਟ ਕਤਲ ਕਰਿ ਭਲੇ ਉਜਾਰਯੋ।
ਸਜ਼ਾ ਪਠਾਨੋ ਕੋ ਸੋ ਦੀਨੀ।
ਨਿਮਕ ਹਰਾਮੀ ਥੀ ਜੋ ਕੀਨੀ ॥੩੩॥
ਸੋ ਸਭ ਹਾਲ ਗਾਥ ਗੁਰੁ ਮੈਂ ਹੈ।
ਲਿਖ੍ਯੋ ਹਮੈਂ ਪਿਖ੍ਯੋ ਜੋ ਚੈਹੈ[1]।
ਸੋ ਗੁੱਸਾ ਸਿੰਘੋਂ ਨੇ ਕਾਢਾ।
ਲੂਟ੍ਯੋ ਕੂਟ੍ਯੋ ਤਿਨ ਕੋ ਗਾਢਾ[1] ॥੩੪॥
ਅਬ ਥੀ ਸੋ ਬੰਦੇ ਕੇ ਆਗੇ।
ਲਰੇ ਨ ਮਰੇ ਕੂਰ ਹ੍ਵੈ ਭਾਗੇ।
ਤਹਿਂ ਤੇ ਹਟ ਪਾਛੇ ਫਿਰ ਬੰਦਾ।
ਕਰਤ ਹਾਲ ਤੁਰਕਨ ਕਾ ਮੰਦਾ ॥੩੫॥
ਟੇਹੇ ਗਾਮ ਨਿਕਟ ਕਰਿ ਡੇਰਾ।
ਧੀਂਣ ਮੁਲਾਣਾ[1] ਲੁਟ੍ਯੋ ਬਧੇਰਾ।
ਰੰਘੜ ਟੇਹੇ ਕੇ ਨਜ਼ਰਾਨਾ।
ਲੈ ਕਰਿ ਮਿਲੇ ਜਾਇ ਅਗਵਾਨਾ ॥੩੬॥
ਇਸ ਤੇ ਸੋ ਨਹਿਂ ਲੂਟੇ ਮਾਰੇ।
ਲੰਗਰ ਕੀਨੇ ਸਿੰਘਨ ਤ੍ਯਾਰੇ ॥੩੭॥
ਦੋਹਰਾ:
ਕਿਸੀ ਕਾਮ ਹਿਤ ਗਾਮ ਮੈਂ,
ਗਏ ਸਿੰਘ ਜਬਿ ਚਾਰ।
ਗਊ ਘਾਤ ਹੋਤਾ ਪਿਖ੍ਯੋ,
ਉਨ ਤਿਸ ਗਾਮ ਮਝਾਰ ॥੩੮॥
ਚੌਪਈ:
ਪੇਖਿ ਸਿੰਘ ਸੋ ਰਹਿ ਨ ਸਕਾਏ।
ਜਾਗ੍ਯੋ ਅਤੀ ਬੀਰ ਰਸ ਆਏ।
ਥੀਂ ਸ਼ਮਸ਼ੇਰੈਂ[1] ਤਿਨੈਂ ਗਰੇ ਹੈਂ।
ਸਮ ਸ਼ੇਰੈਂ[1] ਸੋ ਧਾਇ ਪਰੇ ਹੈਂ ॥੩੯॥
ਦੋਇ ਗਾਇਂ ਉਨ ਜਾਇ ਛੁਡਾਈਂ।
ਤੁਰਕ ਪਾਂਚ ਸਤ ਰਾਖੇ ਥਾਂਈਂ[1]।

[1]ਜੋ ਵੇਖਣਾ ਚਾਹੁੰਦਾ ਹੈ (ਉਥੋਂ ਵੇਖ ਲਵੇ)।
[1]ਤਕੜਾ।
[1](ਪਿੰਡ)।
[1]ਤਲਵਾਰਾਂ।
[1]ਸ਼ੇਰਾਂ ਵਾਂਗ।
[1]ਥਾਂਏਂ, ਭਾਵ ਮਾਰ ਦਿੱਤੇ।

ਔਰ ਪਰੇ ਤਿਨ ਪਰ ਬਹੁ ਆਈ।
ਚਾਰੋਂ ਸਿੰਘਨਿ ਸ਼ਹੀਦੀ ਪਾਈ ॥੪੦॥
ਬੰਦੇ ਹਾਲ ਏਹ ਜਬਿ ਪਾਯੋ।
ਕਤਲ ਲੂਟ ਸੋ ਗਾਮ ਕਰਾਯੋ।
ਤੁਰਕ ਤਹਾਂ ਕੇ ਗਏ ਪਲਾਈ।
ਸਜ਼ਾ ਕਰਮ ਖੋਟੇ ਕੀ ਪਾਈ ॥੪੧॥
ਤੀਨ ਹਜ਼ਾਰ ਜਰਾਰ ਸਵਾਰਾ[1]। — [1]ਲੜਾਕੇ ਅਸਵਾਰ।
ਉਤਰਜੋ ਮੁਸਤਾਵਾਦ ਮਝਾਰਾ।
ਆਏ ਸੋ ਪਸ਼ੌਰ ਕੀ ਓਰੋਂ।
ਚਾਲੇ ਦੱਖਨ ਦਿਸ਼ਾ ਬਹੋਰੋ ॥੪੨॥
ਜਾਇ ਤੁਰਕ ਤਿਨ ਪਾਸ ਪੁਕਾਰੇ।
ਬਹੁ ਗ੍ਰਾਮਨ ਕੇ ਹੋਇ ਦੁਖਾਰੇ।
ਹੁਤੋ ਤੋਪਖਾਨਾ ਤਿਨ ਸੰਗੈਂ।
ਤਿਨ ਚਢਿ ਆਨਿ ਮਚਾਯੋ ਜੰਗੈਂ ॥੪੩॥
ਇਤ ਤੈ ਲੈ ਸਿੰਘਨ ਕੋ ਬੰਦੇ।
ਕੀਨੋ ਤਿਨ ਸੋਂ ਜੰਗ ਅਮੰਦੇ[1]। — [1]ਤੇਜ਼ੀ ਨਾਲ।
ਲੋਗ ਲੁਟੇਰੇ ਹੁਤੇ ਅਪਾਰੈਂ।
ਜੋ ਥੇ ਬੰਦੇ ਸੰਗ ਹਜ਼ਾਰੈਂ ॥੪੪॥
ਤਿਨੋਂ ਨ ਝਾਲ ਤੋਪ ਕੀ ਝਾਲੀ।
ਭਾਗ ਗਏ ਇਤ ਉਤ ਦਰਹਾਲੀ[1]। — [1]ਛੇਤੀ।
ਹੁਤੇ ਪਠਾਨ ਸਿਪਾਹੀ ਬਾਂਕੇ।
ਦਾਨ ਕੁਵਾਯਦ[1] ਅਤੀ ਲੜਾਕੇ ॥੪੫॥ — [1]ਪ੍ਰੇਡ (ਫ਼ੌਜੀ ਨੇਮਾਂ ਅਨੁਸਾਰ ਕਸਰਤ) ਦੇ ਜਾਨਣ ਵਾਲੇ।
ਉਨ ਬੰਦੇ ਕਾ ਦਲ ਬਿਚਲਾਯੋ[1]। — [1]ਖਿੰਡਾ ਦਿੱਤਾ।
ਮਾਰਿ ਪਿਛਾਹਾਂ ਦੂਰ ਹਟਾਯੋ।
ਤੱਤ੍ਰ ਖਾਲਸਾ ਹੀ ਥਿਰਰਹਾ।
ਬੰਦੇ ਪਿਖਾ ਕੰਮ ਤੋ ਬਹਾ[1] ॥੪੬॥ — [1]ਕੰਮ ਤਾਂਰੁੜ੍ਹ ਚਲਿਆ ਜੇ।
ਉਚੀ ਠੌਰ ਖਰੇ ਹ੍ਵੈ ਤੀਰੂ।
ਛੋਡੇ ਸਾੜ ਸਾੜ ਅਤਿ ਧੀਰੂ।
ਦੋ ਸੂਦਾਰ ਅਫਗਾਨੀ ਮਾਰੇ।
ਔਰ ਸੱਤ੍ਰ ਭੀ ਬਹੁਤ ਬਿਡਾਰੇ[1] ॥੪੭॥ — [1]ਮਾਰੇ।

ਤੌ ਭੀ ਜੋਰ ਪੇਖਿ ਉਨ ਭਾਰਾ।
ਪਢਿ ਮੰਤ੍ਰ ਇਕ ਕੰਕਰ[1] ਮਾਰਾ।
ਤੋਪ ਬੰਦ ਤਿਨ ਕੀ ਕਰ ਦੀਨੀ।
ਅਪਨੀ ਸ਼ਕਤਿ ਦਿਖਾਈ ਪੀਨੀ[1] ॥੪੮॥
ਤੁਰਕ ਅਨੇਕ ਜਤਨ ਪੁਨ ਕਰਹੀਂ।
ਤੋਪ ਨ ਚਲੈ ਪਲੀਤੇ ਜਰਹੀਂ[1]*।
ਮਨ ਮੈਂ ਹੋਏ ਪੇਖਿ ਹਿਰਾਨਾ।
ਬੰਦੇ ਕੋ ਵਡ ਬਲੀ ਪਛਾਨਾ ॥੪੯॥
ਇਤ ਦਿਸ ਭਏ ਸਿੰਘ ਮੁਦ ਭਾਰੇ।
ਪਿਖਿ ਬੰਦੇ ਕੀ ਸ਼ਕਤਿ ਅਪਾਰੇ।
ਫਿਰ ਬੰਦੇ ਇਕ ਤੀਰ ਚਲਾਯੋ।
ਜੋ ਥਾ ਦਸਮ ਗੁਰੂ ਤੈ ਪਾਯੋ ॥੫੦॥
ਚਲੀ ਪੌਨ ਤਬਿ ਧੂਰ ਉਡਾਨੀ।
ਸੈਨਾ ਤੁਰਕਨ ਸਭਿ ਬਿਚਲਾਨੀ।
ਪੁਨ ਸਿੰਘਨ ਹੱਲਾ ਕਰਵਾਯੋ।
ਨਿਜ ਦਲ ਲੈ ਤੁਰਕਨ ਪਰ ਧਾਯੋ ॥੫੧॥
ਤੋਮਰ[1] ਬਰਛੀ ਤੀਰ ਤੁ੍ਵਾਰੂ।
ਛੋਹੀ[1] ਪਰਸੇ[2] ਚੱਕ੍ਰ ਚਾਰੂ।
ਲੋਹ ਕੜੇ ਲਾਗੇ ਜਿਨ ਡੰਡਨ।
ਛੁਟੇ ਅਧਿਕ ਵਹਿ ਨਰੈਂ ਬਿਹੰਡਨ[1] ॥੫੨॥
ਪਰਜੋ ਤਹਾਂ ਅਤਿ ਹੀ ਘਮਸਾਨਾ।
ਮਰੇ ਤਹਾਂ ਬਹੁ ਜੁ੍ਵਾਨ ਕਿਕਾਨਾ[1]।
ਭਾਗ ਸੈਨ ਤੁਰਕਨ ਕੀ ਗਈ।
ਫਤੇ ਜੰਗ ਕੀ ਬੰਦੇ ਲਈ ॥੫੩॥
ਤੋਪੈਂ ਦੋਇ ਤਹਾਂ ਤਿਨ ਰਹੀਂ।
ਬਹੁ ਸਮਾਨ ਯੁਤ ਬੰਦੇ ਲਹੀਂ।
ਤੁਰਕਨ ਕੇ ਤਹਿਂ ਅੱਸ੍ਰ ਅਪਾਰੇ।
ਲਏ ਖੋਸ[1] ਸਿੰਘਨ ਬਲ ਧਾਰੇ ॥੫੪॥
ਸੋ ਤੋ ਕੂਚ ਦੁਤੀ ਦਿਨ ਕੈ ਕੈ।

[1]ਰੋੜ, ਪੱਥਰ ਦਾ ਛੋਟਾ ਟੁਕੜਾ।
[1]ਤਕੜੀ, ਭਾਰੀ।
[1]ਜਲਦੇ ਭਾਵ ਜਗਦੇ ਹਨ। *ਮੂਲ ਵਿੱਚ ਏਥੇ ਪਾਠ ਚਰਹੀਂ ਸੀ। ਅਸਾਂ ਜਰਹੀਂ ਸ਼ੁੱਧ ਕਰ ਦਿੱਤਾ ਹੈ।
[1]ਬਰਛੇ।
[1]ਛਵ੍ਹੀਆਂ। [2]ਕੁਹਾੜੇ।
[1]ਚੰਗੀ ਤਰ੍ਹਾਂ ਮਾਰਨ ਵਾਸਤੇ।
[1]ਘੋੜੇ।
[1]ਖੋਹ ਲਏ।

ਗਏ ਦਿਸਾ ਦੱਖਨ ਕੋ ਧੈ ਕੈ।
ਯਹਿ ਜਬਿ ਖਬਰ ਦੇਸ ਮੈਂ ਭਈ।
ਤੁਰਕਨ ਕੀ ਸੁਧਿ ਬੁਧਿ ਸਭਿ ਗਈ ॥੫੫॥
ਸੁਨ ਕਰਿ ਭਯੋ ਹਿਰਾਨ ਬਜੀਦਾ।
ਝੁਰੇ ਅਧਿਕ ਮਨ ਭਯੋ ਰੰਜੀਦਾ[1]।
[1]ਦੁਖੀ ਹੋਇਆ।
ਬੰਦੋਬਦਤ ਕਿਛੁ ਬਨੈ ਨ ਤਾਂ ਤੈ।
ਰਹਜੋ ਸੋਚ ਮਨ ਮਾਹਿੰ ਮਹਾਂਤੈ[1] ॥੫੬॥
[1]ਬਹੁਤਾ।
ਪਰਜੋ ਗਦਲ[1] ਸਭਿ ਦੇਸ ਮਝਾਰੈਂ।
[1]ਗ਼ਦਰ, ਹਲਚਲੀ।
ਬੰਦੇ ਸੰਗ ਮਿਲੇ ਜਨ ਭਾਰੈਂ[1]।
[1]ਬਹੁਤੇ ਲੋਕ।
ਸੈਨਾ ਥੀ ਪਤਿਸ਼ਾਹੀ ਜੇਤੀ।
ਗਈ ਹੁਤੀ ਦੱਖਨ ਦਿਸ ਤੇਤੀ ॥੫੭॥
ਬਾਦਸ਼ਾਹਿ ਭੀ ਗਯੋ ਤਹਾਂਈਂ।
ਸੈਨਾ ਸਭਿ ਤਿਸ ਸੰਗ ਸਿਧਾਈ।
ਦੱਖਨ ਦਿਸ ਤਬਿ ਮਰ੍ਹਟਜੋ ਕੇਰਾ।
ਹੁਤੋ ਗਦਲ ਮਚ ਰਹਜੋ ਬਧੇਰਾ ॥੫੮॥
ਅਰ ਸ਼ਿਵਰਾਜ ਸਿੰਘ ਨ੍ਰਿਪ ਭਾਰੀ।
ਛੱਤ੍ਰ ਸਾਲ[1] ਕਰਿ ਰਹਜੋ ਖਵਾਰੀ।
[1]ਬੁੰਦੇਲਾ ਵੰਸ਼ੀ ਚੰਪਤਰਾਇ ਦੇ ਪੁੱਤਰ ਪੰਨੇ ਦੇ ਇਕ ਪ੍ਰਤਾਪੀਰਾਜੇ (ਨਾਲ ਮਿਲ ਕੇ)।
ਇਸ ਕਾਰਣ ਤੈ ਸਭਿ ਪਤਿਸ਼ਾਹੀ।
ਸੈਨ ਗਈ ਥੀ ਤਿਸ ਦਿਸ ਚਾਹੀ ॥੫੯॥
ਸੂਬੇ ਥੇ ਤਬਿ ਜੇਤਿਕ ਔਰੈਂ।
ਬਿਗਰ ਬਹੇ ਥੇ ਨਿਜ ਨਿਜ ਠੌਰੈਂ।
ਕੋਊ ਕਿਸੀ ਕੋ ਦੇਇ ਨ ਮੱਦਤ।
ਆਪਸ ਮਾਂਹਿੰ ਰਖੈਂ ਸਭਿ ਸ਼ਿੱਦਤ[1] ॥੬੦॥
[1]ਵੈਰ।
ਤਿਸੀ ਸਮੇਂ ਬੰਦੇ ਕਾ ਦਾਵੈਂ।
ਲਗਜੋ[1] ਆਨਿ ਭਲ ਬਨਜੋ ਬਨਾਵੈਂ[2]।
[1]ਦਾਅ ਲੱਗ ਗਿਆ। [2]ਆ ਕੇ ਚੰਗੀ ਬਨਾਵਟ ਬਣ ਗਈ।
ਕਈ ਹਜ਼ਾਰ ਸੈਨ ਢਿਗ ਹੋਈ।
ਤੋਪ ਮਿਲੀ ਜੁਗ ਤਹਾਂ ਬਡੋਈ[1] ॥੬੧॥
[1]ਵੱਡੀਆਂ।
ਦੋਹਰਾ:
ਬੰਦੇ ਕੀ ਤਬਿ ਧਾਂਕ[1] ਬਡ,
[1]ਦਬਦਬਾ, ਮਸ਼ਹੂਰੀ।

ਪਰ ਗਈ ਮੁਲਕ ਮਝਾਰ।
ਹਿੰਦੁ ਅਹਿੰਦੁ[1] ਪੁਕਾਰਹੀਂ, [1]ਤੁਰਕ।
ਇਹੁ ਕਲਕੀ ਅਵਤਾਰ ॥ ੬੨ ॥
ਚੌਪਈ:
ਤੁਰਕ ਸਦਾ ਜੋ ਜੁਲਮ ਕਮਾਤੇ।
ਰਹੇ ਹਿੰਦੁਨ ਕੋ ਅਤਿ ਦੁਖ ਦਾਤੇ।
ਭਾਂਤਿ ਅਨੇਕੈਂ ਕਹਿ ਕੋ ਸਾਕੈਂ।
ਸਾਰਦ[1] ਸੇਸ[2] ਗਾਇ[3] ਭੀ ਥਾਕੈਂ ॥ ੬੩ ॥ [1]ਸਰਸੁਤੀ। [2]ਸ਼ੇਸ਼ਨਾਗ। [3]ਕਹਿ ਕੇ।
ਇਸ ਤੇ ਹਿੰਦੂ ਅਤਿ ਖੁਸ਼ ਹੂਏ।
ਸਭਿ ਤੁਰਕਨ ਕੇ ਮਾਪੇ ਮੂਏ।
ਜਹਾਂ ਜਹਾਂ ਕੇ ਤੁਰਕ ਲੁਚੇਰੇ[1]। [1]ਲੁੱਚੇ।
ਦੇਤ ਹਿੰਦੁ ਕੋ ਦੂਖ ਘਨੇਰੇ ॥ ੬੪ ॥
ਬੰਦੇ ਪੈ ਹਿੰਦੂ ਆ ਕੈਹੈਂ।
ਬੰਦਾ ਜੈ ਕੈ ਤਹਾਂ ਦਬੈਹੈ।
ਇਕ ਦਿਨ ਅਏ ਸਢੌਰੇ ਕੇਰੇ।
ਹਿੰਦੂ ਹ੍ਵੈ ਕਰਿ ਦੁਖੀ ਬਧੇਰੇ ॥ ੬੫ ॥
ਰੋਇ ਦੀਨ ਹ੍ਵੈ ਉਨੈਂ ਮਹਾਂਏ।
ਯਾ ਬਿਧਿ ਅਪਨੇ ਦੂਖ ਸੁਨਾਏ।
ਨਗਰ ਸਢੌਰੇ ਮਾਂਹਿਂ ਅਪਾਰੇ।
ਹੋਵਤ ਗਊਅਨ ਕੇ ਬਧ ਭਾਰੈ[1] ॥ ੬੬ ॥ [1]ਬਹੁਤੇ ਕਤਲ।
ਹਿੰਦੂ ਲੋਗ ਜਿਤਿਕ ਹੈਂ ਤਹਾਂ।
ਕਰਿ ਰਾਖੇ ਉਨ ਦੁਖੀਏ ਮਹਾਂ।
ਪੀਰ ਤਹਾਂ ਬਹੀਆਸੁਰ[1] ਐਹੈ[2]। [1]ਨਾਮ। [2]ਹੋਇਆ ਹੈ।
ਕੁਤਬ ਦੀਨ ਭੀ ਤਾਂ ਕੋ ਕੈਹੈਂ ॥ ੬੭ ॥
ਤੁਰਕੈਂ ਤਾਂ ਕੀ ਕਬਰ ਬਨਾਏ।
ਰਾਖੀ ਨਗਰ ਪੌਰ ਪਰ ਛਾਏ[1]। [1]ਨਗਰ ਦੇ ਦਰਵਾਜ਼ੇ ਦੇ ਉੱਤੇ ਬਣਾਰੱਖੀ ਹੈ।
ਹਿੰਦੂ ਤਹਾਂ ਜੋਊ ਮਰ ਜੈ ਹੈ।
ਤੁਰਕ ਤਾਂਹਿਂ ਨੀਚੈ ਲਖਵੈ ਹੈਂ[1] ॥ ੬੮ ॥ [1]ਲੰਘਾਉਂਦੇ ਹਨ।
ਹਿੰਦੂ ਕਾ ਮੁਰਦਾ ਹ੍ਵੈ ਜੋਈ।
ਜਰਤ ਨ ਆਗ ਵੀਚ ਪੁਨ ਸੋਈ।

ਸ਼ਕਤਿ ਪੀਰ ਤਿਸ ਮੈਂ ਇਹੁ ਭਾਰੀ।
ਹੈ ਜਾਹਰ ਹਮ ਭਲੇ ਨਿਹਾਰੀ ॥੬੯॥
ਇਹ ਦੁਖ ਅਤਿ ਹੈ ਹਿੰਦਹਿਂ, ਨਿਵਾਰੋ[1]।
ਭਯੋ ਇਸੀ ਹਿਤ ਤੁਵ ਅਵਤਾਰੋ।
ਬੇਟੀ ਬਹੁ ਹਿੰਦੁਨ ਕੀ ਜੋ ਹੈਂ।
ਜਬਰਨ ਗਹਿ ਲੈਹੈਂ ਤੁਕ ਸੋ ਹੈਂ ॥੭੦॥
ਅਰ ਹਮਰੇ ਦ੍ਵਾਰਨ ਕੇ ਆਗੇ।
ਮਾਰਤ ਸੁਰਭੀ[1] ਲਜਾਇ ਅਭਾਗੇ।
ਯਹਿ ਸੁਨਿ ਬੰਦਾ ਕੋਪਯੋ ਭਾਰਾ।
ਜਨੁ ਬਰੂਦ ਪਰ ਪਰਯੋ ਚਿੰਗਾਰਾ ॥੭੧॥
ਬਾਤ ਯਾਦ ਸੋ ਤੁਰਤੈਂ ਆਈ।
ਜੋ ਤਿਸ ਕੋ ਯੌਂ ਗੁਰੂ ਸਿਖਾਈ।
ਜੰਗ ਭੰਗਾਣੀ ਥਾ ਜਬਿ ਭਯੋ।
ਬੁੱਧੂ ਸ਼ਾਹ ਮੱਦਦ ਹਮ ਅਯੋ ॥੭੨॥
ਪੀਰ ਫਕੀਰ ਸੱਯਦ ਸੋ ਪੂਰਾ।
ਥਾ ਜਾਨਤ ਪੱਖ ਮਜ਼ਬੈਂ ਕੂਰਾ[1]।
ਸੋ ਜਬਿ ਫੇਰ ਸਢੌਰੇ ਗਯੋ।
ਤੁਰਕੈਂ ਏਹੁ ਅਲਜ਼ਾਮ ਲਗਯੋ ॥੭੩॥
ਤੈਂ ਹਿੰਦੂ ਕੀ ਮੱਦਦ ਕੀਨੀ।
ਭਯੋ ਗੁਨਾਹੀਂ ਸ਼ਰ੍ਹਾ ਅਧੀਨੀ।
ਫਤਵਾ ਮੌਲਵੀਆਂ ਤੈ ਲੈ ਕੈ।
ਮਰਵਾਯੋ ਸੋ ਜ਼ਿੱਦਤ ਕੈ ਕੈ[1] ॥੭੪॥
ਪਾਛੇ ਬੈਰ ਸਜਾਦਨ ਲੱਈਓ।
ਪਹਿਲੇ ਕਤਲ ਸਢੌਰਾ ਕੱਈਓ।
ਸੋ ਹਮਰਾ ਥਾ ਦੋਸਤ ਭਾਰੀ।
ਪਲਟਾ ਲਯੋ ਤਾਂਹਿ ਤੁਮ ਕਾਰੀ[1] ॥੭੫॥
ਇਹੁ ਜੋ ਬਾਤ ਤਾਂਹਿ ਕੋ ਫੁਰੀ।
ਗਯੋ ਸਢੌਰੇ ਪੁਰ ਕਰਿ ਖੁਰੀ[1]।
ਆਗੇ ਖਬਰ ਤਿਨੋ ਨੇ ਪਾਈ।
ਸੰਗੀ ਔਰੈ ਲਏ ਬੁਲਾਈ ॥੭੬॥

[1]ਇਹ ਹਿੰਦੂਆਂ ਨੂੰ ਬਹੁਤਾ ਵੱਡਾ ਦੁੱਖ ਹੈ, ਆਪ ਦੂਰ ਕਰੋ।

[1]ਗਊਆਂ।

[1]ਮਜ਼ਹਬੀ ਪੱਖ-ਪਾਤ ਨੂੰ ਝੂਠਾ ਜਾਣਦਾ ਸੀ।

[1]ਵੈਰ ਕਰਕੇ।

[1]ਤਿਸ ਬੁੱਧੂ ਸ਼ਾਹ ਦਾ ਤੁਸੀਂ ਚੰਗਾ ਬਦਲਾ ਲਿਆ ਜੇ।

[1]ਤੇਜ਼ ਚਾਲ ਨਾਲ।

ਹ੍ਵੈ ਮਵਾਸ[1] ਲਰਨੇ ਵਹਿ ਲਾਗੇ। — [1]ਆਕੀ ਹੋ ਕੇ।
ਲਰੇ ਬਹਿਰ ਤੈ ਸਿੰਘ ਸਭਾਗੇ।
ਤੋਪਨ ਕੇ ਗੋਲੇ ਭੀ ਦਾਗੇ[1]। — [1]ਚਲਾਏ।
ਸੋ ਭੀ ਛੋਰਤਿ ਤੋਪੈਂ ਆਗੇ ॥੭੭॥
ਸੌ ਕੁ ਗਾਮ ਕੇ ਥੇ ਸੋ ਵਾਲੀ[1]। — [1]ਮਾਲਕ।
ਸੱਯਦ ਪੀਰ ਕਹਾਹਿਂ ਬਿਸਾਲੀ।
ਹੁਤੋ ਮੀਰ ਕਾਜਮ ਗੱਦੀ ਪੈ।
ਤਿਨ ਭੀ ਜ਼ਿੱਦ ਏਹੁ ਬੱਧੀ ਪੈ ॥੭੮॥
ਮੈਂ ਖੁਦ ਗੁਰੁ-ਬੰਦੇ ਕੋ[1] ਮਾਰੋਂ। — [1]ਗੁਰਾਂ ਦੇ ਬੰਦੇ ਨੂੰ।
ਕਾਯਮ ਕਿਲਾ ਕੋਟ[1] ਕਿਯ ਭਾਰੋ। — [1]ਫ਼ਸੀਲ।
ਦੋਇ ਪਹਿਰ ਬਡ ਭਈ ਲੜਾਈ।
ਨਹਿਂ ਜਬਿ ਹੋਤੀ ਫਤੇ ਦਿਸਾਈ[1] ॥੭੯॥ — [1]ਨਜ਼ਰ ਨ ਆਈ।
ਤਬਿ ਬਿਨੋਦ ਸਿੰਘ ਬਾਬੇ ਜਾਈ।
ਬੰਦੇ ਪੈ ਇਹੁ ਬਾਤ ਸੁਨਾਈ।
ਤੂੰ ਈਹਾਂ ਬੈਠੋ ਜਪ ਕਰਿ ਹੈਂ।
ਲਰਿ ਲਰਿ ਪੰਥ ਅਗਾਰੀ ਮਰ ਹੈ ॥੮੦॥
ਬਿਨ ਅਬ ਕੋਈ ਸ਼ਕਤਿ ਦਿਖਾਏ।
ਫਤੇ ਸਢੌਰਾ ਕਭੀ ਨ ਥਾਏ[1]। — [1]ਨਹੀਂ ਹੋਵੇਗਾ।
ਸੁਨਿ ਬੰਦੇ ਝਟ ਹ੍ਵੈ ਅਸਵਾਰੈਂ।
ਖੈਂਚਯੋ ਕਠਿਨ ਕੁਵੰਡ[1] ਸੰਭਾਰੈਂ ॥੮੧॥ — [1]ਧਨੁੱਖ।
ਭਯੋ ਸ਼ਬਦ ਅਤਿ ਘੋਰ[1] ਮਹਾਨੋਂ। — [1]ਭਿਆਨਕ।
ਡਰੇ ਤੁਰਕ ਬਧਰੇ[1] ਭਏ ਕਾਨੋਂ। — [1]ਬੋਲੇ।
ਚਢਯੋ ਉਚ ਆਵੇ ਪਰ ਧਾਏ।
ਪੇਖਿ ਜੁੱਧਿ ਅਤਿ ਕ੍ਰੁੱਧ ਉਪਾਏ ॥੮੨॥
ਤਕ ਤਕ ਤੀਰ ਤਜਨ ਬਹੁ ਲਾਗਾ।
ਹਤੇ ਸੱਤ੍ਰੁ ਗਨ ਖੋਲਯੋ ਆਗਾ।
ਗਯੋ ਨ ਸਰ ਤਿਹਂ ਬਿਰਥਾ ਕਾਏ।
ਦੁਸ਼ਮਨ ਦੋਇਕੁ ਸੌ ਇਮ ਘਾਏ[1] ॥੮੩॥ — [1]ਮਾਰੇ।
ਆਖਰ ਸਰ ਗੁਰ ਕਾ ਲੈ ਕਰ[1] ਹੈ। — [1]ਹੱਥ 'ਚ।
ਧਾਰਿ[1] ਧਨੁਖ ਮੁਖ ਮੰਤ੍ਰ ਪਰ ਹੈ[2]। — [1]ਰੱਖ ਕੇ। [2]ਪੜ੍ਹਦਾ ਹੈ।

ਐਂਚ[1] ਕਾਨ ਲੌ ਬਾਨ ਜੁ ਛੋਰਾ।	[1]ਖਿੱਚ ਕੇ।
ਭਯੋ ਸ਼ਬਦ ਜਨੁ ਘਨ ਬਡ ਘੋਰਾ[1] ॥ ੮੪ ॥	[1]ਜਾਣੋ ਵੱਡਾ ਬੱਦਲ ਗੱਜਿਆ ਹੈ।
ਉਡੀ ਧੂਰ ਕੰਕਰ ਬਰਸਾਏ।	
ਚਲੀ ਪਵਨ ਅਤਿ ਘੋਰ ਮਹਾਂਏ।	
ਹੁਤੇ ਸ਼ਹੀਦ ਤੀਰ ਕੇ ਤਾਬੇ[1]।	[1]ਅਧੀਨ।
ਤੁਰਕਨ ਹਿਤ ਉਨ ਕਰੇ ਖਰਾਬੇ[1] ॥ ੮੫ ॥	[1]ਉਨ੍ਹਾਂ ਸ਼ਹੀਦਾਂ ਨੇ ਤੁਰਕਾਂ ਦੇ ਲਾਭ ਖ਼ਰਾਬ ਕਰ ਦਿੱਤੇ ਭਾਵ ਤੁਰਕਾਂ ਦਾ ਨੁਕਸਾਨ ਕੀਤਾ।
ਬੰਦੇ ਹੱਲਾ ਸਿੰਘਨ ਕਰਾਯੋ।	
ਝੁਕਜੋ ਕੋਟ ਕਾਗਜ ਜਨੁ ਥਾਯੋ[1]।	[1]ਫ਼ਸੀਲ ਝੁਕ ਕੇ ਜਾਣੋ ਕਾਗ਼ਜ਼ ਹੋ ਗਈ।
ਧਸੇ ਸ਼ਹਿਰ ਮੈਂ ਸਿੰਘ ਬਹਾਦਰ।	
ਕਤਲ ਆਮ ਕੀਨੀ ਸਮ ਨਾਦਰ[1] ॥ ੮੬ ॥	[1]ਨਾਦਰ ਸ਼ਾਹ ਵਾਂਗ।
ਲੋਗ ਲੁਟੇਰੇ ਅਏ ਹਜ਼ਾਰੈਂ।	
ਲੂਟ ਕੂਟ ਉਨ ਕਰੀ ਅਪਾਰੈਂ।	
ਕਜਾਮਤ[1] ਦਿਨ ਤੁਰਕਨ ਪਰ ਮੇਲੇ।	[1]ਪਰਲੋ ਦੇ।
ਭਗੇ ਛੋਰਿ ਘਰ ਦਰ ਦਿਸ ਬੇਲੇ[1] ॥ ੮੭ ॥	[1]ਜੰਗਲ ਦੀ ਤਰਫ਼।
ਪੂਤ ਮਾਤ ਤਿਯ ਪਤਿ ਨ ਸੰਭਾਰੈਂ।	
ਪਰਜੋ ਠੌਰ ਅਤਿ ਹਾਹਾਕਾਰੈਂ।	
ਜਿਨ ਘਰ ਦਰ[1] ਨਹਿੰ ਭਾਨ[2] ਨਿਹਾਰਾ।	[1]ਵਿੱਚ। [2]ਸੂਰਜ।
ਬੀਆਬਾਨ[1] ਤਿਨ ਤੀਆ ਨਿਹਾਰਾ ॥ ੮੮ ॥	[1]ਸੁੰਨਾ ਜੰਗਲ।
ਜਿਨ ਨਾਰੈਂ ਪਰ ਪੁਰਖ ਨ ਹੇਰਾ।	
ਤਿਨ ਕੋ ਦਸ ਦਸ ਭੁਗੈਂ ਲੁਟੇਰਾ।	
ਜਰ ਜੋਬਨ[1] ਬੈਰੀ ਬਡ ਹੋਏ।	[1]ਧਨ ਤੇ ਜੁਆਨੀ।
ਜਿਨ ਮਦ ਮਦੇ ਰਹਿਤ ਦ੍ਰਿਗ ਕੋਏ[1] ॥ ੮੯ ॥	[1]ਜਿਨ੍ਹਾਂ ਦੀ ਮਸਤੀ ਨਾਲ ਅੱਖਾਂ ਦੇ ਕੋਏ ਮਸਤ ਰਹਿੰਦੇ ਸਨ।
ਜੇਤਿਕ ਸੁਖ ਥਾ ਦੁਹਿਨ[1] ਦਿਖਾਯੋ।	[1]ਦੋਹਾਂ (ਧਨ ਤੇ ਜੋਬਨ) ਨੇ।
ਉਸ ਤੇ ਦਸ ਗੁਨ ਦੂਖ ਭੁਗਾਯੋ।	
ਕਤਲ ਲੂਟ ਅਠ ਪਹਿਰ ਜੁਰਹੀ।	
ਗਾਰਤ[1] ਭਯੋ ਸਢੌਰਾ ਸਹੀ ॥ ੯੦ ॥	[1]ਤਬਾਹ, ਬਰਬਾਦ।

ਦੋਹਰਾ:

ਅਯੋ ਮੀਰ ਕਾਜਮ ਤਬੈ,
ਖੁਦ ਮੁਖ ਮੈਂ ਲੈ ਘਾਸ।

ਬ੍ਰਿੱਧ ਬ੍ਰਿੱਧ ਬਡ ਲੋਗ ਬਹੁ,
ਸੰਗ ਪਚਾਸਕ ਖਾਸ ॥ ੯੧ ॥
ਚੌਪਈ:
ਮੁਖ ਮੈਂ ਤ੍ਰਿਣ[1] ਗਰ ਅੰਚਰ ਡਾਰੇ[2]। — [1]ਕੱਖ, ਘਾਹ। [2]ਗਲ 'ਚ ਪੱਲਾ ਪਾਕੇ।
ਤ੍ਰਾਹਿ ਤ੍ਰਾਹਿ[1] ਅਤਿ ਦੀਨ ਉਚਾਰੇ। — [1]ਰੱਖਿਆ ਕਰੋ, ਰੱਖਿਆ ਕਰੋ।
ਗਿਰੇ ਆਇ ਬੰਦੇ ਕੇ ਆਗੇ।
ਬਨਿ ਬੰਦੇ ਸਭ, ਅਤਿ ਦੁਖ ਪਾਗੇ[1] ॥ ੯੨ ॥ — [1]ਬਹੁਤੇ ਦੁਖੀ ਹੋ ਕੇ ਸਾਰੇ ਦਾਸ ਬਣ ਗਏ।
ਗੁਰ-ਬੰਦੇ ਤਬਿ ਅਮਨ ਕਰਾਯੋ।
ਅਰ ਕਾਜਮ ਪਰਤੀ ਇਮ ਗਾਯੋ।
ਹੋਡ[1] ਜੁ ਬੰਧੀ ਥੀ ਤੁਮ ਭਾਰੀ। — [1]ਜ਼ਿੱਦ।
ਸੋ ਅਬਿ ਕਾਹੇ ਛੋਡੀ ਸਾਰੀ ॥ ੯੩ ॥
ਅਰ ਬੁੱਧੂ ਸ਼ਾਹ ਜੋ ਮਰਵਾਯੋ।
ਤਿਸ ਕਾ ਇਵਜ਼[1] ਏਹੁ ਤੁਮ ਪਾਯੋ। — [1]ਬਦਲਾ।
ਉਨ ਭਾਖਯੋ ਮੈਂ ਭੂਲਯੋ ਭਾਰੀ।
ਤੁਮ ਬਖਸ਼ਿੰਦ ਫਕੀਰ ਉਦਾਰੀ ॥ ੯੪ ॥
ਮੁਰਸ਼ਦ[1] ਪੂਰੇ ਮਿਲੇ ਤੁਮੈਂ ਹੀ। — [1]ਗੁਰੂ।
ਅਬਿ ਜੋ ਕੈਹੁ ਕਮੈਹੁਂ ਸੁ ਮੈਂ ਹੀ।
ਤਬਿ ਬੰਦੇ ਇਮ ਆਗਯਾ ਕਰੀ।
ਹਿੰਦੈਂ ਕਿਸੈਂ ਦੁਖੈਹੁ ਨ ਜਰੀ[1] ॥ ੯੫ ॥ — [1]ਥੋੜਾ ਜਿਹਾ ਵੀ।
ਖਲਕ[1] ਖੁਦਾ ਕੀ ਸਭਿ ਸਮ ਜਾਨੋ। — [1]ਪਰਜਾ।
ਅਪਨੇ ਨੇਤ੍ਰ ਦੁਹਿ ਕੋ ਮਾਨੋ।
ਮਜ਼ਬ ਸ਼ਰ੍ਹਾ ਸਭਿ ਹੈਂ ਇਹੁ ਝੂਠੇ।
ਪੈ ਸੰਸਾਰੀ ਤੇ ਨਹਿਂ ਛੂਟੈਂ ॥ ੯੬ ॥
ਅਪਨੋ ਅਪਨਾ ਸਭਿ ਕੋ ਪਯਾਰਾ।
ਹੈ ਸਾਚਾ ਮੰਨ ਕੈ ਦਿਢ ਧਾਰਾ।
ਬੁਰਾ ਭਲਾ ਨਹਿਂ ਕਿਸੈ ਉਚਾਰੋ।
ਤੁਮ ਸਭ ਹੀ ਕੋ ਸਮ ਦਿਢ ਧਾਰੋ ॥ ੯੭ ॥
ਕਰੋ ਬੰਦਗੀ ਸਾਹਿਬ ਕੇਰੀ।
ਜਾਤੇ ਬੁਧਿ ਸੁਧਿ ਹੋਤ ਬਧੇਰੀ।
ਸੁੱਧ ਬੁੱਧਿ ਤੈ ਸ਼ਕਤੀ ਸਾਰੀ।

ਹੋਤ ਪਰਾਪਤ ਗਜਾਨ ਉਦਾਰੀ ॥੯੮॥	
ਜਾਂ ਤੇ ਮੋਖ ਭੋਗ ਜਨ ਪੈ ਹੈਂ।	
ਰਸਤਾ ਇਹੁ ਸੁਖੈਨ ਗੁਰੁ ਕੈਹੈਂ।	
ਸੁਨਿ ਬੰਦੇ ਕੇ ਬਚਨ ਜੋਗ ਦਾ[1]।	[1]ਜੋਗ (ਚਿੱਤ ਦੀ ਇਕਾਗ੍ਰਤਾ) ਦੇ ਦੇਣ ਵਾਲੇ।
ਗਜਾਨ ਬਿਗਿਜਾਨ[1] ਸੁ ਮੋਖ ਭੋਗ ਦਾ ॥੯੯॥	[1]ਪ੍ਰਤੱਖ ਗਿਆਨ।
ਉਭੈ ਲੋਕ ਮੈਂ[1] ਅਤਿ ਸੁਖਦਾਈ।	[1]ਦੋਹਾਂ ਲੋਕਾਂ ਵਿੱਚ।
ਜੋ ਧਰਿ ਹੈ ਤਰ ਹੈ ਸੋ ਭਾਈ।	
ਪੁਨ ਸਭਿ ਨਿਜ ਨਿਜ ਡੇਰਨ ਗਏ।	
ਸਿੰਘਹਿ ਲੰਗਰ ਨੀਕ ਸਜਏ ॥੧੦੦॥	
ਤੁਰਕਨ ਕੇ ਘਰ ਘਰ ਮੈਂ ਸਜਾਪੇ।	
ਚੀਕ ਚਿਕਾਰਾ ਪਰਜੋ ਅਮਾਪੈਂ।	
ਬੰਦੇ ਨੇ ਬਰਜੇ[1] ਸਭਿ ਤਰਜੇ[2]।	[1]ਰੋਕੇ। [2]ਤਾੜ ਕੇ।
ਮੋਨ ਕਰਾਏ ਲਖ ਦਾ ਹਰਜੇ[1] ॥੧੦੧॥	[1]ਉਨ੍ਹਾਂ ਦਾ ਰੋਣਾ ਨੁਕਸਾਨ ਦੇਣ ਵਾਲਾ ਜਾਣ ਕੇ।
ਨਿਸਾ ਪਰੀ ਸਭਿ ਹੀ ਸੁਪਤਾਏ।	
ਪਹਿਰੇ ਗਹਿਰੇ[1] ਸਿੰਘਨ ਥਿਰਾਏ[2]।	[1]ਤਕੜੇ। [2]ਖੜੇ ਕਰ ਦਿੱਤੇ।
ਤੁਰਕ ਰਹੀਸ[1] ਦੁਤੀ ਦਿਨ ਸਾਰੇ।	[1]ਅਮੀਰ।
ਬੰਦੇ ਢਿਗ ਆਏ ਮਿਲਿ ਭਾਰੇ ॥੧੦੨॥	
ਮੇਲ ਰਖਨ ਕੀ ਕਰਿ ਬਹੁ ਬਾਤੈਂ।	
ਕਹਜੋ ਰਹੋ ਤੁਮ ਇਹਾਂ ਬਖਜਾਤੈਂ।	
ਆਪ ਪ੍ਰਤਾਪੀ ਸਤਿਗੁਰੁ ਸਾਚੇ।	
ਹਮ ਰਹਿਂ ਆਗਜਾ ਮੈਂ ਸਦਰਾਚੇ ॥੧੦੩॥	
ਹਮ ਮੁਰੀਦ ਤੁਮ ਮੁਰਸ਼ਦ ਪੂਰੇ।	
ਰਖ ਹੈਂ ਮੇਲ ਤੁ ਬਢਹਿਂ ਜ਼ਹੂਰੇ[1]।	[1]ਪ੍ਰਤਾਪ।
ਅਨਿਕ ਭਾਂਤਿ ਕੀ ਮੀਠੀ ਬਾਤੇਂ।	
ਕਰਿ, ਬੰਦੇ ਕੋ ਭਏ ਭ੍ਰਮਾਤੇ ॥੧੦੪॥	
ਕਿਲਾ ਏਕ ਮੁਫਲਸ ਗੜ੍ਹ ਤਹਾਂ।	
ਦਸਕ ਕੋਸ ਤਹਿਂ ਤੈ ਦਿਢ ਮਹਾਂ।	
ਸੋ ਬੰਦੇ ਕੋ ਦੈਨਾ ਕੀਆ।	
ਸੰਗ ਲਿਜਾਇ ਦਿਖਾਇ ਭਿ ਦੀਆ ॥੧੦੫॥	
ਕਰੀ ਦੋਸਤੀ ਕਸਮ ਨੇਮ ਕਰਿ।	

ਦਿਲ ਮੈਂ ਰਾਖਜੋ ਕਪਟ ਅਧਿਕ ਤਰ।
ਸਰਹੰਦ ਨਾਜ਼ਮ ਕੋ ਲਿਖਿ ਪਠਾ।
ਮੇਲ ਹਮੈਂ ਕਾਫਰ ਸੋਂ ਠਟਾ[1] ॥੧੦੬॥ [1]ਕਰ ਲਿਆ ਹੈ।
ਹਮ ਇਸ ਕੋ ਪਰਚਾਇ ਰਖੈ ਹੈਂ।
ਸਿੱਖ ਤਬੈ ਇਤ ਉਤ ਕਿਤ ਜੈਹੈਂ।
ਤੁਮ ਕੋ ਖਬਰ ਤੁਰਤ ਹਮ ਦੈਹੈਂ।
ਘਾਤ[1] ਲਗਾਇ ਪਾਤ[2] ਇਸ ਕੈਹੈਂ ॥੧੦੭॥ [1]ਦਾਅ। [2]ਨਾਸ।
ਚੁਨਮੇਂ ਚੁਨਮੇਂ ਜੋਧੇ ਭਾਰੇ।
ਦਿਲ ਕੇ ਭੇਤੀ ਰਖੀਓ ਤਜਾਰੇ।
ਖੁਫੀਆ ਭੇਸ ਸਿੰਘਨ ਕੇ ਕਰਿ ਕੈ।
ਹਮ ਬੁਲਵੈਂਹ ਤੁ ਅਈਓ ਚਰ੍ਹ ਕੈ[1] ॥੧੦੮॥ [1]ਚੜ੍ਹ ਕੇ।
ਬੰਦੇ ਕਾਫਰ ਕੋ ਫੜ ਲਈਓ।
ਭਾਵਤ ਸਜ਼ਾ ਦੇਇ ਮਰਵੱਈਓ।
ਇਮ ਲਿਖਿ ਬਾਂਸ ਦੰਡ ਮੈ ਸੋਰਜੋ[1]। [1]ਪਾ ਕੇ ਬੰਦ ਕਰ ਦਿੱਤਾ।
ਜਿਗਰੀ ਕਾਸਦ ਕੋ[1] ਦੈ ਤੋਰਜੋ ॥੧੦੯॥ [1]ਦਿਲ ਦੇ ਭੇਤੀ ਹਲਕਾਰੇ ਨੂੰ।
ਭਾਣਾ ਗੁਰ ਕਾ ਐਸਾ ਭਯੋ।
ਜਿਸ ਰਸਤੇ ਕਾਸਦ ਸੋ ਪਯੋ।
ਸ਼ੁਤਰਵਾਨ[1] ਬੰਦੇ ਕਾ ਕਹੀਂ। [1]ਊਠਰੱਖਣ ਵਾਲਾ।
ਊਠ ਚਰਾਇ ਰਹਜੋ ਥਾ ਵਹੀਂ ॥੧੧੦॥
ਊਠ ਖੇਤ ਮੈਂ ਧਸਿਯੋ ਤਾਂ ਕਾ।
ਇਤ ਤੈ ਕਾਸਦ ਪਹੁੰਚਜੋ ਬਾਂਕਾ।
ਛੀਨ ਤਾਂਹਿ ਕੇ ਕਰ ਤੇ ਲਾਠੀ।
ਦੌਰਿ ਊਠ ਕੇ ਹਤੀ ਤੁ ਫਾਟੀ[1] ॥੧੧੧॥ [1]ਮਾਰੀ ਤਾਂ ਸੋਟੀ ਫਟ ਗਈ।
ਕਾਗਜ਼ ਨਿਕਸ ਬੀਚ ਤੈ ਗਿਰਜੋ।
ਪਿਖਿ ਸਰਵਾਨ ਤਈਂ[1] ਸ਼ੱਕ ਪਰਜੋ। [1](ਕਾਗਜ਼) ਵੇਖਕੇ ਊਠਾਂ ਵਾਲੇ ਨੂੰ।
ਸੋ ਬੰਦੇ ਢਿਗ ਫੜਿ ਤਿਹ ਲਜਾਯੋ।
ਦੇਖੋ ਕਜਾ ਸਬੱਬ ਰਬ ਲਾਯੋ ॥੧੧੨॥
ਜਿਸ ਕਾ ਪਾਪ ਉਸੀ ਕਾ ਬਾਪੈਂ[1]। [1]ਪਿਉ ਬਣ ਕੇ।
ਦਗੇਦਾਰ ਕੋ ਦਗਾ ਮਿਲਾਪੈਂ[1]। [1]ਮਿਲ ਪਿਆ।
ਬੰਦੇ ਨੇ ਕਾਸਦ ਬੰਦ ਕੀਆ।

ਕਾਗਜ਼ ਸੋ ਪਢਾਇ ਕਰ ਲੀਆ ॥ ੧੧੩ ॥
ਨਿਜ ਸਭਿ ਦਲ ਕੋ ਤਜਾਰ ਕਰਾਯੋ।
ਮਾਤਬਰੋਂ[1] ਪੈ ਹਾਲ ਸੁਨਾਯੋ।
[1]ਆਪਣੇ ਇਤਬਾਰ ਵਾਲਿਆਂ ਨੂੰ।
ਗੋਪ[1] ਰਾਖਿ ਫਿਰ ਤੁਰਕ ਬੁਲਾਏ।
[1]ਗੁਪਤ।
ਦੈ ਆਦਰ ਸਭਿ ਨਿਕਟ ਬਿਠਾਏ ॥ ੧੧੪ ॥
ਬਾਤ ਮੁਹੱਬਤ ਕੀ ਬਹੁ ਕਰਿ ਕੈ।
ਬੂਝੀ ਬਾਤ ਸ਼ਰ੍ਹਾ, ਮੁਦ ਭਰਿ ਕੈ।
ਕਰਿ ਮਿਤਰਾਈ ਦਗਾ ਜੁ ਕਰਿ ਹੈ।
ਤਾਂ ਕੋ ਦੰਡ ਸ਼ਰ੍ਹਾ ਕਿਆ ਰਰ ਹੈ[1] ॥ ੧੧੫ ॥
[1]ਕਹਿੰਦੀ ਹੈ।
ਬਿਨਾ ਖਬਰ ਉਨ ਸਾਚ ਬੁਗੋਈ[1]।
[1]ਕਹਿ ਦਿੱਤੀ।
ਵਾਜਬ ਕਤਲ ਅਹੇ[1] ਨਰ ਸੋਈ।
[1]ਕਤਲ ਕਰਨ ਦੇ ਲਾਇਕ ਹੈ।
ਇਸ ਪਰ ਉਨ ਕੀ ਸਹੀ ਪਵੈ ਕੈ।
ਫਿਰ ਕਾਗਜ਼ ਸੋ ਉਨੈਂ ਦਿਖੈ ਕੈ ॥ ੧੧੬ ॥
ਅੰਧਕਾਰ ਕੋ[1] ਸੂਰਜ ਜੈਸੇ।
[1]ਅਨ੍ਹੇਰੇ ਨੂੰ।
ਕਾਲ ਦਿਸਯੋ ਕਾਗਜ਼ ਤਿਨ ਤੈਸੇ।
ਉਡੇ ਹਵਾਸ ਤ੍ਰਾਸ ਅਤਿ ਬਾਢਾ।
ਬੰਦਾ ਭਯੋ ਤਬੈ ਉਠਿ ਠਾਢਾ ॥ ੧੧੭ ॥
ਕਤਲਿ-ਆਮ ਕਾ ਹੁਕਮ ਜੁ ਦੀਓ।
ਸਿੰਘਨਿ ਬੰਦੋਬਸਤ ਝੱਟ ਕੀਓ।
ਤਬਿ ਘਿਘਜਾਇ[1] ਤੁਰਕਨ ਯੌਂ ਕਹਾ।
[1]ਲੇਲ੍ਹੜੀਆਂ ਕੱਢ ਕੇ।
ਥੋਰ ਬਹੁਤ ਬਖਸ਼ਨ ਭੀ ਚਹਾ ॥ ੧੧੮ ॥
ਬੰਦੇ ਕਹਯੋ ਹਵੇਲੀ ਇਕ ਮੈਂ।
ਜਿਤਿਕ ਧਸੈਹੁ ਬਚੈਹੁਂ ਤਿਤਿਕ ਮੈਂ।
ਸੁਨਿ ਉਨ ਚਾਰ ਘਰੀ ਪੁਨ ਚਾਹੀ[1]।
[1]ਚਾਰ ਘੜੀਆਂ ਮੰਗੀਆਂ।
ਧਸਨੇ ਹੇਤ ਹਵੇਲੀ ਮਾਹੀਂ ॥ ੧੧੯ ॥
ਬਡੇ ਬਡੇ ਨਾਮੀ[1] ਥੇ ਜੇਈ।
[1]ਮਸ਼ਹੂਰ।
ਲੈ ਕੁਟੰਬ ਨਿਜ ਨਿਜ ਕੋ ਤੇਈ।
ਬਡੀ ਹਵੇਲੀ ਏਕ ਤਕੈ ਕੈ।
ਧਸੇ ਧਾਇ ਤਿਸ ਮੈਂ ਸਭਿ ਜੈ ਕੈ ॥ ੧੨੦ ॥
ਏਹੁ ਵਾਯਦਾ ਸੁਨਿ ਸੁਨਿ ਤਬਿ ਹੀ।

ਧਸਤ ਹਵੇਲੀ ਜਾਵਤ ਸਭਿ ਹੀ।
ਇਕ ਕੇ ਊਪਰ ਚਢ੍ਯੋ ਏਕੈ।
ਦਲੇ ਮਲੇ ਮਰ ਗਏ ਅਨੇਕੈ ॥੧੨੧॥
ਹੇਠ ਊਪਰ ਸੇ ਐਸੇ ਭਰੀ।
ਮਛਰੀ ਜੈਸ ਜਾਰ ਮੈਂ[1] ਪਰੀ। — [1]ਜਾਲ ਵਿੱਚ।
ਬੱਧਕ[1] ਕਾ ਥੈਲਾ ਜਨੁ ਹੋਈ। — [1]ਸ਼ਿਕਾਰੀ।
ਕਿਧੋ ਮ੍ਰਿਤੁ ਕਾ ਮੁਖ ਹੀ ਸੋਈ[1] ॥੧੨੨॥ — [1]ਜਾਂ ਉਹ ਹਵੇਲੀ ਮੌਤ ਦਾ ਹੀ ਮੂੰਹ ਹੈ।
ਲੋਗੈਂ ਮਾਨ੍ਯੋ ਥਾ ਇਮ ਸੱਚ ਹੈ।
ਇਹਾਂ ਧਸੈ ਜੋ ਸੋਊ ਬਚ ਹੈ।
ਯਾਂ ਤੇ ਚਾਰ ਤਰਫ ਤੇ ਚਢਿ ਚਢਿ।
ਗਿਰੈਂ ਹਵੇਲੀ ਮੈਂ ਹੀ ਬਢਿ ਬਢਿ[1] ॥੧੨੩॥ — [1]ਵਧ ਵਧ ਕੇ।
ਬੰਦੇ ਦਗਾ ਦਗੇ ਸੋ ਕੀਨਾ।
ਜੈਸੇ ਸੋ ਤੈਸਾ ਬਰਤੀਨਾ।
ਠਟ੍ਯੋ ਇਕ ਤੈ ਭਗਨੋਂ ਰੁਕ ਜੈਹੈਂ[1]। — [1](ਮਨ 'ਚ ਇਹ) (ਠਟ੍ਯੋ) ਸੋਚਿਆ ਕਿ ਇਕ ਤਾਂ (ਤੁਰਕ) ਭੱਜਣੋਂਰੁਕ ਜਾਣਗੇ।
ਦੂਜੇ ਬਡੇ ਬਡੇ ਸੋ ਐਹੈਂ ॥੧੨੪॥
ਸੋਈ ਭਈ ਬਾਤ ਮਨ ਭਾਈ।
ਨਿਕਲ ਜਾਨ ਤੈ ਕਰਿ ਤਕਰਾਈ।
ਤੁਰਕ ਪਚਾਸਕ ਜ੍ਵਾਨ ਗਹਾਏ[1]। — [1]ਪਕੜ ਲਏ।
ਕਹ੍ਯੋ ਕਰੋ ਤੁਮ ਕਤਲ ਇਨਾਏ[1] ॥੧੨੫॥ — [1]ਇਨ੍ਹਾਂ ਨੂੰ।
ਤੁਮਰੀ ਜਾਨੈਂ ਤੋ ਬਖਸ਼ੈ ਹੈਂ।
ਆਇ ਉਨੈਂ ਇਸ ਲਾਲਚ ਮੈਂ ਹੈ।
ਕਤਲ ਕਰੇ ਸਭਿ ਫਰਿ ਤਰਵਾਰੈਂ।
ਜਿਮੀਂਦਾਰ ਜਨੋਂ ਕਟਤ ਜਮਾਰੈਂ[1] ॥੧੨੬॥ — [1]ਜ੍ਵਾਰ (ਚਰੀ) ਨੂੰ।
ਕੁਤਰਾ ਕਰਿ ਉਨ ਕਾ ਸਭ ਡਾਰਾ।
ਧਾਮ ਕਪੋਤਨ ਜੈਸ ਮਝਾਰਾ[1]। — [1]ਜਿਵੇਂ ਕਬੂਤਰਾਂ ਦੇ ਘਰਾਂ ਵਿੱਚ (ਕੁਤਰਾ) ਪਿਆ ਹੁੰਦਾ ਹੈ। (ਅ) ਜਿਵੇਂ ਕਬੂਤਰਾਂ ਦੇ ਘਰ ਵਿੱਚ (ਮਝਾਰਾ) ਬਿੱਲਾ ਵੜ ਕੇ ਉਨ੍ਹਾਂ ਦਾ ਕੁਤਰਾ ਕਰ ਦੇਂਦਾ ਹੈ।
ਭੰਗੀ ਚੁਕਨੇ ਬਹੁਤੇ ਲਾਏ।
ਚਾਰ ਕੂਪ[1] ਤਿਨ ਸੋਂ ਭਰਵਾਏ ॥੧੨੭॥ — [1]ਖੂਹ।
ਮਿੱਟੀ ਸੈਂ ਦਬਵਾਇ ਸੁ ਦੀਨੇ।

ਯੌਂ ਬੰਦੇ ਨੇ ਬਦਲੇ ਲੀਨੇ।
ਬਡੋ ਸ਼ਹਰ ਥਾ ਤਬੈ ਸਢੌਰਾ।
ਤਬਿ ਤੈ ਉਜਰਯੋ ਬਸਯੋ ਨ, ਠੌਰਾ[1] ॥੧੨੮॥ — [1](ਉਸ) ਜਗ੍ਹਾ (ਉਸੇ ਤਰ੍ਹਾਂ)।
ਕਤਲ ਹਵੇਲੀ ਸੋ ਮਸ਼ਹੂਰੈਂ।
ਹੈ ਅਬਿ ਲੌ ਜਨ ਕਹਤ ਜਰੂਰੈਂ।
ਯਾ ਬਿਧਿ ਕਤਲ ਲੂਟ ਕਰਵੈ ਕੈ।
ਪਾਛੇ ਅਮਨ ਸਭਿਨਿ ਕੋ ਦੈ ਕੈ ॥੧੨੯॥
ਦੋਹਰਾ:
ਥੀ ਦਰਵਾਜੇ ਊਪਰੈਂ,
ਜਗ੍ਹਾ ਪੀਰ ਕੀ ਜੋਇ।
ਸੋ ਢਹਾਇ ਪੁਨ ਕਬਰ ਤਿਹ,
ਪੁਟਵਾਈ ਥਿਰ ਹੋਇ[1] ॥੧੩੦॥ — [1](ਕੋਲ) ਖੜੇ ਹੋ ਕੇ।
ਅਸਤੀ[1] ਤਾਂਹਿ ਨਿਕਾਰ ਕੈ, — [1]ਹੱਡੀਆਂ।
ਦਈ ਆਗ ਮੈ ਜਾਰ।
ਗਧਾ ਏਕ ਮਰਵਾਇ ਕੈ,
ਦਾਬਯੋ ਤਾਂਹਿ ਮਝਾਰ ॥੧੩੧॥
ਔਰ ਮਕਬਰੇ[1] ਭੀ ਕਈ, — [1]ਕਬਰ ਵਾਲੀ ਥਾਂ 'ਤੇ ਬਣਿਆ ਮਕਾਨ।
ਇਸੀ ਤੌਰ ਪੁਟਵਾਇ।
ਜਾਰ ਹੱਡੀਆਂ ਤਿਨੋਂ ਕੀ,
ਦਏ ਸ੍ਵਾਨ[1] ਦਬਵਾਇ ॥੧੩੨॥ — [1]ਕੁੱਤੇ।
ਮਾਰਿ ਨਗਾਰਾ ਤਹਾਂ ਤੈ,
ਲੈ ਲਸ਼ਕਰ ਨਿਜ ਸੰਗ।
ਤਰਫ ਸਹਾਰਨਪੁਰ ਚਢਯੋ,
ਬੰਦਾ ਪੁਨਾ ਨਿਸੰਗ ॥੧੩੩॥
ਭਗੈਂ ਤੁਰਕ ਸੁਨਿ ਅੱਗ੍ਰ ਹੀ,
ਜਿਤ ਜਿਤ ਬੰਦਾ ਜਾਇ।
ਸਾਹਾਰਨ ਪੁਰ ਆਦਿਕੈਂ,
ਬਸਤੀ ਬਹੁ ਲੁਟਵਾਇ ॥੧੩੪॥
ਫਿਰਯੋ[1] ਤਰਫ ਸਰਹੰਦ ਪੁਨ, — [1]ਮੁੜਿਆ।
ਆਯੋ ਮੁਚਨ ਕਪਾਲ[1]। — [1]ਕਪਾਲ ਮੋਚਨ।

ਕਰਿ ਇਸ਼ਨਾਨ ਸੁ ਦਾਨ ਬਹੁ,
ਡੇਰਾ ਦੀਓ ਡਾਲ ॥ ੧੩੫ ॥
ਗਿਰਦ ਨਵਾਈ[1] ਪਿੰਡਨ ਕੇ,
ਮਿਲੇ ਲੋਗ ਬਹੁ ਆਇ।
ਨਜਰੈਂ ਗੁਰੂਅਨ ਨ੍ਰਿਪਨ ਸਮ,
ਦੇਤ ਤਾਂਹਿ ਅਧਿਕਾਇ ॥ ੧੩੬ ॥
ਬੰਦੇ ਕੋ ਤਹਿਂ ਪੰਥ ਯੁਤ,
ਟਿਕਯੋ ਪੇਖਿ ਇਹੁ ਧਜਾਇ।
ਥਿਰਯੋ ਆਪ ਪਰਤਾਪ ਕਹਿ,
ਗੁਰੁ ਪਦ ਪਦਮ[1] ਮਨਾਇ ॥ ੧੩੭ ॥

[1]ਆਲੇ ਦੁਆਲੇ ਦੇ।

[1]ਚਰਨ ਕੰਵਲ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਯਾਨ ਸਿੰਘ ਵਿਰਚਿਤੇ 'ਬੰਦੇ ਕੋ ਪ੍ਰਸੰਗ ਸਢੌਰਾ ਮਾਰਨ, ਬਰਨਨੰ ਨਾਮ ਪੰਚਮੋਂ ਬਿਸ੍ਰਾਮ ॥ ੫ ॥

੬. {ਛੱਤ ਤੇ ਬਨੂੜ ਪਿੰਡਾਂ ਨੂੰ ਮਾਰਨਾ, ਰੋਪੜ ਦਾ ਜੰਗ ਜਿੱਤ ਕੇ ਮਝੈਲ ਸਿੰਘਾਂ ਦਾ ਬੰਦੇ ਨਾਲ ਮਿਲਣਾ, ਸਰਹੰਦ ਮਾਰਨੀ, ਵਜੀਦੇ ਨੂੰ ਅੱਗ 'ਚ ਸਾੜਨਾ}

ਦੋਹਰਾ:

ਅਮਰ ਅਮਰ ਗੁਰੁ ਅਮਰ ਕੋ,
ਅਮਰ ਕਮਾਵਤ ਜਾਨੁ[1]।

[1](ਅਮਰ) ਪ੍ਰਮੇਸ਼ਰ ਸਰੂਪ (ਅਮਰ) ਸ੍ਰੀ ਗੁਰੂ ਅਮਰਦਾਸ ਜੀ ਦੇ (ਅਮਰ) ਹੁਕਮ ਨੂੰ ਜਾਣੋ (ਅਮਰ) ਦੇਵਤੇ ਵੀ ਕਮਾਉਂਦੇ ਹਨ।

ਭਵੈਂ ਅਮਰ ਪਦ ਅਮਰ ਲਹਿ,
ਅਮਰ ਅਮਰ ਕਰਿ ਪਾਨ[1] ॥੧॥

[1]ਜੇ ਤੂੰ ਆਪਣੇ (ਅਮਰ) ਮਨ ਵਿੱਚ (ਅਮਰ) ਨਾਮ ਅੰਮ੍ਰਿਤ ਪੀਣਾ ਕਰੇਂ ਤਾਂ (ਅਮਰ) ਮੁਕਤ ਹੋ ਕੇ (ਅਮਰ) ਅਟੱਲ ਪਦਵੀ ਪਾ ਲਵੇਂਗਾ।

ਕਰਿ ਬੰਦਨ[1] ਅਬਿ ਬਰਨ ਹੋਂ,
ਚਰਿਤ[1] ਬੰਦੇ ਕੇ ਔਰ।
ਮਾਰਯੋ ਛੱਤ ਬਨੂੜ ਜਯੋਂ,
ਪਾਰਯੋ ਹਿੰਦੈਂ ਗੌਰ[1] ॥੨॥

[1](ਸ੍ਰੀ ਗੁਰੂ ਅਮਰ ਦਾਸ ਜੀ ਨੂੰ) ਨਮਸ਼ਕਾਰ ਕਰਕੇ।

[1]ਕੌਤਕ।

[1]ਹਿੰਦੂਆਂ ਨੂੰ ਬਹੁਤਾ ਪਾਲਿਆ ਭਾਵਰੱਖਿਆ ਕੀਤੀ।

ਲਰਿ ਰੋਪਰ ਢਿਗ ਫਤੇ ਪਾ,
ਮਿਲੈਂ ਮਝੈਲ ਸੁ ਆਇ।
ਸਰਹੰਦ ਕੋ ਬੰਦਾ ਹਤੈ,
ਗਾਥਾ ਅਬਿ ਯਹਿ ਥਾਇ[1] ॥੩॥

[1]ਹੋਵੇਗੀ।

ਭੁਜੰਗ ਪ੍ਰਯਾਤ ਛੰਦ:

ਜਬੈ ਸਾਰ[1] ਹੋਈ, ਇਹੀ ਦੇਸ ਮਾਹੀਂ।
ਪਰੀ ਧੂੰਮ ਭਾਰੀ, ਸਭੀ ਯੌਂ ਸੁਨਾਹੀਂ।
ਬਡਾ ਪੀਰ ਥੀ, ਜੋ ਕਰਾਮਾਤ ਵਾਰੋ।
ਦਯੋ ਜਾਰ[1] ਬੰਦੇ, ਸਢੌਰੇ ਸੁ ਵਾਰੋ ॥੪॥

[1]ਖ਼ਬਰ।

[1]ਸਾੜ ਦਿੱਤਾ।

ਘਨੇ ਔਰ ਪੀਰਾਨ ਕੀ ਕੱਢਿ ਹੱਡੀ।
ਦਈ ਫੂਕ ਸੋ ਭੀ ਨਹੀਂ ਏਕ ਛੱਡੀ।
ਘਨੈਂ ਗਾਮ ਔਰੈਂ ਸਢੌਰੈ ਜਿਵੇਹੈਂ[1]।
ਮਹਾਂ ਮਾਰ ਕੈ ਲੂਟ ਕੈ ਕੀਨ ਥੇਹੈਂ ॥੫॥

[1]ਸਢੌਰੇ ਵਰਗੇ।

ਕਿਧੋ ਹੈ ਕਲੰਕੀ ਅਵੰਤਾਰ ਏਹੈ।
ਕਰੈਗੋ ਸਹੀ ਮਾਰਿ ਤੂੱਕਾਨ ਛੈਹੈ[1]।
ਅਬੈ ਨਾਸ ਚੌਗੱਤਿਓ ਕੋ ਕਰੈ ਹੈ।

[1]ਨਾਸ।

ਗੁਰੂ ਕੇ ਸਿਖੈਂ ਰਾਜ ਯੇਹੀ ਦਿਲੈ ਹੈ ॥੬॥
ਅਹੇ ਹੈ ਵਲੀ[1] ਕੈ ਬਡੋ ਹੀ ਰਸੈਣੀ। — [1]ਕਰਾਮਾਤੀ।
ਕਿਧੋ ਸਿੱਧ ਕੋਊ ਤੁਕੈਂ ਹੇਤ ਛੈਣੀ[1]। — [1]ਛੈਣੀ ਵਾਂਗ ਕੱਟਣ ਵਾਲਾ।
ਕਿਧੋ ਏਹੁ ਮੈਂਧੀ[1] ਨਿਜੰ ਦੀਨ ਕੈਹੈ[2]। — [1]ਇਸਲਾਮ ਮੱਤ ਅਨੁਸਾਰ ਭਵਿੱਖਤ ਵਿੱਚ ਆਉਣ ਵਾਲਾ ਇਮਾਮ ਮਹਦੀ। [2]ਆਪਣਾ ਮਜ਼ਹਬ ਫੈਲਾਏਗਾ।
ਸਫਾ[1] ਯੇ ਉਠੈ ਕੈ ਨਈ ਹੀ ਬਿਛੈ ਹੈ ॥੭॥ — [1]ਮਜ਼ਹਬ ਰੂਪ ਸਫਾ।
ਸੁਨਯੋ ਬਿੱਕ੍ਰਮਾਜੀਤ ਪੈ ਬੀਰ ਜੇਈ।
ਹੁਤੇ, ਹੈਂ ਅਬੈ ਯਾਹਿ ਕੇ ਬੱਸ ਤੇਈ।
ਕਰੈਂ ਐਸ ਬਾਤੈਂ ਬਖਯਾਤੈਂ ਅਭਾਂਤੈਂ[1]। — [1](ਅਭਾਂਤੈ) ਅਦੁਤੀ ਅਸਚਰਜ, ਬੇਨਜ਼ੀਰ (ਅਭਾਂਤੈ- ਜਿਸ ਵਰਗੀ ਹੋਰ ਕੋਈ (ਬਾਤ) ਨਾ ਹੋਵੇ।)
ਜਿਤੀ ਹਿੰਦੁ ਆਹਿੰਦੁ ਲੌਂ[1] ਆਹਿ ਜਾਤੈਂ ॥੮॥ — [1]ਤੁਰਕਾਂ ਤੱਕ ਦੀਆਂ।
ਪਰਯੋ ਸੋਗ ਭਾਰੀ ਤੁਕੈਂ ਕੋ ਅਮਾਪੈ[1]। — [1]ਬਹੁਤਾ।
ਥਵੈਂ ਠੌਰ ਠੌਰੈਂ, ਤਬੈ ਗੌਰ[1] ਸਜਾਪੈ। — [1]ਬਹੁਤੇ।
ਸੁਨਯੋ ਖਾਂ ਬਜੀਦੇ ਜਬੈ ਹਾਲ ਸਾਰੈਂ।
ਭਰਯੋ ਸ੍ਵਾਸ ਲੰਬਾ ਗਿਰਯੋ ਖਾ ਤਵਾਰੈਂ[1] ॥੯॥ — [1]ਭੁਆਟਣੀਆਂ।
ਕਹੇ ਹਾਇ ਹ੍ਵੈ ਹੈ ਅਬੈ ਹਾਲ ਮੰਦਾ।
ਹੁਤੋ ਨਾਗਰਾਟੈਂ ਪੁਰਾ ਏਹੁ ਬੰਦਾ[1]। — [1]ਇਹ ਬੰਦਾ ਪਹਿਲਾਂ ਹੀ ਸੱਪਾਂ ਦਾ ਰਾਜਾ ਸੀ।
ਗੁਰੂ ਤੀਰ ਦੈ ਥਾਪਨਾ ਪੰਖ ਲਾਏ।
ਸਿਖ੍ਯਾ ਜ਼ਹਿਰ ਕਹਿਰੈਂ ਦਈ ਹੈ ਚਢਾਏ[1] ॥੧੦॥ — [1]ਸਿੱਖਿਆ ਰੂਪ ਕਹਿਰ ਦੀ ਜ਼ਹਿਰ ਚੜ੍ਹਾ ਦਿੱਤੀ ਹੈ।
ਕਰਯੋ ਖਾਲਸੇ ਪੰਥ ਕਾ ਸੋ ਅਗਾਊ[1]। — [1]ਆਗੂ।
ਮਣੀਂ ਤੱਗ ਬੋਦੀ ਇਹੈ ਹੈ ਬਢਾਊ[1]। — [1]ਜੰਞੂ ਤੇ ਬੋਦੀ ਰੂਪ ਮਣੀ ਇਹ ਵਧਾਏਗਾ।
ਨਹੀਂ ਪ੍ਰਾਣ ਛੋਡੈ ਅਬੈ ਏਹੁ ਮੋਰੈਂ।
ਲਹੈ ਬੈਰ ਯੇ ਦੂਖ ਦੈ ਘੋਰ ਜੋਰੈਂ[1] ॥੧੧॥ — [1]ਜ਼ੋਰ ਨਾਲ ਭਿਆਨਕ ਦੁਖ ਦੇ ਕੇ।
ਚਲੈ ਪੇਸ਼ ਮੇਰੀ ਅਬੈ ਕੋਊ ਨਾਹੀਂ।
ਨਹੀਂ ਕੋ ਸਹਾਈ ਭਵੈ ਐਸ ਠਾਂਈਂ।
ਉਤੈ ਯੌਂ ਝੁਰੈਂ ਹੈਂ ਸਭੈ ਸੱਤ੍ਰ ਭਾਰੀ।
ਇਤੈ ਪਾਸ ਬੰਦੇ ਸਿੰਘੈਂ ਯੌਂ ਉਚਾਰੀ ॥੧੨॥
ਕਹੋ ਕੌਨ ਪੀਰੀ[1] ਹੁਤੀ ਪੀਰ ਮਾਂਹੀਂ। — [1]ਸ਼ਕਤੀ।
ਨਹੀਂ ਆਗ ਥੀ ਲਾਗਤੀ ਜਾਂਹਿ ਛਾਹੀਂ[1]। — [1]ਜਿਸ ਦੀ (ਛਾਹੀਂ) ਛਾਇਆ (ਦੇ ਹੇਠੋਂ ਲੰਘਣ) ਕਰਕੇ।

ਪੁਨਾ ਆਪ ਨੈ ਕੌਨ ਸੇ ਮੰਤ੍ਰ ਜੋਰੈਂ।
ਕਰਜੋ ਜਾਰ ਛਾਰੈਂ[1] ਵਲੀ ਕੋ ਸਢੌਰੈਂ[2] ॥੧੩॥ — [1]ਸਾੜ ਕੇ ਸੁਆਹ ਕਰ ਦਿੱਤਾ। [2]ਸਢੌਰੇ ਦੇ ਕਰਾਮਾਤੀ ਪੀਰ ਨੂੰ।

ਕਹਜੋ ਫੇਰ ਬੰਦੇ ਸਧਜੋ ਮੰਤ੍ਰ ਤਾਂ ਪੈ।
ਹੁਤੋ ਆਗ ਕੇ ਬਾਂਧਨੇ ਕੋ ਮਹਾਂਪੈ[1]। — [1]ਤਿਸ ਪਾਸ ਅੱਗ ਨੂੰ ਬੰਨ੍ਹਣ ਦਾ ਭਾਰੀ ਮੰਤ੍ਰ ਸਿੱਧ ਕੀਤਾ ਹੋਇਆ ਸੀ।
ਮੁਝੈ ਬਾਂਧਨੇ ਛੋਡਨੇ ਕੇਰ ਐਹੈ[1]। — [1]ਮੈਨੂੰ ਅੱਗ ਬੰਨ੍ਹਣ ਤੇ ਛੁਡਾਉਣ (ਜਗਾਉਣ) ਦਾ ਮੰਤ੍ਰ ਆਉਂਦਾ ਹੈ।
ਜਹਾਂ ਚੈਹੁਂ ਲਾਊਂ ਬੁਝਾਊਂ ਭਿ ਤੈਹੈ[1] ॥੧੪॥ — [1]ਤਿਸ (ਲੱਗੀ ਹੋਈ ਅੱਗ ਨੂੰ)।
ਭਏ ਤੱਜਬੈ ਸਿੱਖ ਸੇਦੱਕ[1] ਲਜਾਏ। — [1]ਸਿਦਕ, ਭਰੋਸਾ।
ਤਬੈ ਪਾਸ ਬੰਦੇ ਘਨੇ ਬਿੱਪ੍ਰ[1] ਆਏ। — [1]ਬ੍ਰਾਹਮਣ।
ਉਨੈ ਬੰਦਨਾਂ ਕੈ ਨਿਜੰ ਹਾਲ ਭਾਖਜੋ।
ਅਹੇ ਛੱਤ ਬਾਨੂੜ ਜੋ ਗ੍ਰਾਮ ਲਾਖਜੋ[1] ॥੧੫॥ — [1]ਜਾਣੀਦਾ ਹੈ।
ਤਹਾਂ ਹ੍ਵੈ ਬੁਰਾ ਭੂਰ ਹੀ ਗਾਇਂ ਕੇਰੋ।
ਕਟੈਂ ਹੈਂ ਕਸਾਈ ਮਧੈ ਚੌਕ ਹੇਰੋ[1]। — [1]ਚੌਕ ਵਿੱਚ (ਜਾਕੇ) ਦੇਖ ਲਓ।
ਬਜਾਰੈਂ ਮਝਾਰੈਂ ਦਿਖਾਰੈਂ ਸੁ ਹਿੰਦੈਂ।
ਸੁਟੈਂ ਠੌਰ ਠੌਰੈਂ ਲਹੂ ਕੀ ਸੁ ਬਿੰਦੈਂ[1] ॥੧੬॥ — [1]ਛਿੱਟਾਂ।
ਘਰੈਂ ਹਿੰਦੁ ਕੈ ਜੋ ਗਊ ਹ੍ਵੈ ਬਿਮਾਰੈਂ।
ਤਿਸੈ ਜਾਇ ਕਾਜੀ ਤਹਾਂ ਹੀ ਸੰਘਾਰੈਂ[1]। — [1]ਮਾਰ ਦੇਂਦੇ ਹਨ।
ਨਹੀਂ ਜੋ ਬਤੈ ਹੈ ਤਿਸੈ ਲੂਟ ਲੈ ਹੈਂ।
ਬਹੁ ਬੇਟੀਆਂ ਕੋ ਨਹੀਂ ਸੋ ਛਡੈ ਹੈਂ ॥੧੭॥
ਹਮੈਂ ਹੇਤ ਪੈਦਾ ਤੁਮੈਂ ਕੀਨ ਰਾਮੰ।
ਰਖੋ ਧਰਮ ਹਿੰਦੈਂ ਕਰੋ ਏਹੁ ਕਾਮੰ।
ਤਹਾਂ ਖਾਨਜਾਦੇ ਕਈ ਜੋ ਬਸੈ ਹੈਂ।
ਬਨੇ ਸੋ ਹੰਕਾਰੀ ਘਨੇਂ ਗਾਮ ਖੈ ਹੈਂ[1] ॥੧੮॥ — [1]ਬਹੁਤੇ ਪਿੰਡਾਂ (ਦੀ ਆਮਦਨ) ਖਾਂਦੇ ਹਨ।
ਸੁਨੀ ਬਾਤ ਬੰਦੇ ਲਗੀ ਚਟਪਟੀ ਹੈ।
ਚਢਜੋ ਮਾਰ ਧੌਂਸਾ ਤਿਸੀ ਸੋ ਘਟੀ[1] ਹੈ। — [1]ਉਸੇ ਘੜੀ।
ਦਯੋ ਬੋਲ ਹੱਲਾ ਲੁਟੈ ਮਾਰ ਕੇਰੋ।
ਮਿਲੇ ਹੈਂ ਸੁਨੈ ਕੈ ਲੁਟੇਰੇ ਬਧੇਰੋ ॥੧੯॥

ਦੋਹਰਾ:

ਜਲ ਚੜ੍ਹ ਹੜ੍ਹ ਦਰਿਯਾਵ ਕਾ,

ਅਗਨਿ ਜ੍ਵਲਤ ਬਨ ਜੈਸ[1]।

[1]ਜਿਵੇਂ ਦਰਿਆ ਦੇ ਹੜ੍ਹ ਦਾ ਜਲ ਚੜ੍ਹਦਾ ਹੈ ਅਤੇ ਜਿਵੇਂ ਜੰਗਲ ਨੂੰ ਲੱਗੀ ਅੱਗ ਮੱਚਦੀ ਹੈ।

ਬ੍ਰਿੰਦ ਬਿਰਕ ਬਾੜੇ ਬੁਜੋ,
ਛੁਧਤ ਧਸੇ ਸਿੰਘ ਤੈਸ[1] ॥੨੦॥

[1](ਜਾਂ ਜਿਵੇਂ) ਬਕਰੀਆਂ ਦੇ ਵਾੜੇ ਵਿੱਚ ਬਹੁਤੇ ਭੁੱਖੇ ਬਘਿਆੜ ਜਾ (ਗੱਜਦੇ ਹਨ) ਤਿਵੇਂ ਸਿੰਘ (ਛੱਤ ਤੇ ਬਨੂੜ ਪਿੰਡਾਂ ਵਿੱਚ) ਜਾ ਵੜੇ।

ਭਈ ਨ ਸਾਰ[1] ਤ੍ਰੁਕਾਨ ਕੋ,
ਆਨਿ ਧਸੇ ਦੁਖ ਦਾਨ।
ਬਨੀਅਨ ਬਿੱਪਨ ਹਿੰਦੁਨ ਜੋ,
ਬਤਲਾਏ ਬਡਿ ਖਾਨ[1] ॥੨੧॥

[1]ਖ਼ਬਰ।

[1]ਵੱਡੇ ਵੱਡੇ ਪਠਾਣ।

ਚੌਪਈ:
ਕਤਲ ਲੂਟ ਤਿਨ ਕੇ ਘਰ ਕੇਰੀ।
ਕੀਨੀ ਸਿੰਘਨ ਤਬਿ ਬਿਨ ਦੇਰੀ।
ਬੁੱਚੜ ਕਾਜੀ ਏਕ ਨ ਛੋਰਾ।
ਪਠੋ ਜਹੰਨਮ[1] ਲਗਜੋ ਨ ਫੋਰਾ[2] ॥੨੨॥

[1]ਨਰਕਾਂ ਨੂੰ ਭੇਜ ਦਿੱਤੇ। [2]ਥੋੜੀ ਦੇਰ ਵੀ।

ਜਿਨ ਜਿਨ ਮੁਖ ਮੈਂ ਘਾਸ ਗਹਾਯੋ।
ਕੈ ਜੰਞੂ ਬੋਦੀ ਦਿਖਰਾਯੋ।
ਕੈ ਜੋ ਦੌਰਿ ਦੁਰੇ ਬਨ ਜਾਏ[1]।
ਸੇ ਛੂਟੇ ਬਾਕੀ ਕਤਲਾਏ ॥੨੩॥

[1]ਜੰਗਲ ਵਿੱਚ ਜਾਕੇ ਲੁਕ ਗਏ।

ਲੂਟਜੋ ਧਨ ਮਨ ਭਾਵਤ ਲੋਗੈਂ।
ਰੋਵੈਂ ਤੁਰਕ ਜੁਲਮ ਫਲ ਭੋਗੈਂ।
ਛੱਤ ਬਨੂੜ ਬਸਤੀਆਂ ਦੋਈ[1]।
ਗਾਰਤ[1] ਕਰੀ ਦੋਇ ਦਿਨ ਸੋਈ ॥੨੪॥

[1]ਦੋਵੇਂ ਆਬਾਦੀਆਂ ਭਾਵ ਦੋਵੇਂ ਪਿੰਡ ਛੱਤ ਤੇ ਬਨੂੜ।

[1]ਤਬਾਹ, ਬਰਬਾਦ।

ਤੁਰਕ ਹਿੰਦੁਨ ਕੋ ਆਗੈ ਲੈ ਕੈ।
ਪਰੇ ਸ਼ਰਨ ਬੰਦੇ ਕੀ ਐ ਕੈ।
ਹਿੰਦੁਨ ਪਰ ਨਹਿਂ ਜੁਲਮ ਕਰੈ ਹੈਂ।
ਕਹਜੋ ਦੀਨ ਹ੍ਵੈ ਜਬਿ ਤੁਰਕੈ ਹੈਂ ॥੨੫॥
ਬੰਦੇ ਤਿਨ ਤੇ ਕਸਮ ਕਰਾਈ।
ਨਾਕਨ ਸੋਂ ਲੀਕੈਂ ਖਿਚਵਾਈ।
ਦਯੋ ਅਮਨ ਨਿਜ ਡੇਰਾ ਲਾਯੋ।
ਪੰਚਾਂਮ੍ਰਿਤ[1] ਬਹੁਤੈਂ ਕਰਵਾਯੋ ॥੨੬॥

[1]ਕੜਾਹ ਪ੍ਰਸ਼ਾਦ।

ਅੰਮ੍ਰਿਤ ਛਕੈਂ ਲੋਕ ਸਿੰਘ ਬਨ ਹੈਂ।
ਮਿਲੈ ਕੜਾਹ, ਲੂਟ ਕਾ ਧਨ ਹੈ।
ਬਾਜ ਸਿੰਘ ਲੌ ਸਿੰਘ ਹਜੂਰੀ[1]।
[1]ਹਜੂਰਾ ਸਿੰਘ।
ਪਾਹੁਲ ਖੰਡੇ ਦੇਵਹਿਂ ਪੂਰੀ ॥੨੭॥
ਨਿਤ ਪ੍ਰਤਿ ਸਿੰਘ ਸੈਂਕਰੇ ਸਜ ਹੈਂ।
ਜਾਤਿ ਅਨੇਕਨਿ ਜੋਧੇ ਗਜ ਹੈਂ।
ਪੈ ਵਹਿ ਬੰਦੇ ਹੀ ਕੋ ਗੁਰੂ।
ਮਾਨਤ ਅਪਨਾ ਨਿਸਚੇ ਸ਼ੁਰੂ ॥੨੮॥
ਸਿੰਘ ਬੰਦਈ* ਆਪ ਕੋ ਕੈਹੈਂ।
*ਇਸ ਥਾਂ ਤੋਂ ਬੰਦਈ ਖਾਲਸਾ ਦਾ ਅਰੰਭ ਸਮਝਣਾ ਚਾਹੀਦਾ ਹੈ।
ਗੁਰੂ ਗਜਾਰਮਾਂ ਤਾਂਹਿ ਲਖੈ ਹੈਂ[1]।
[1]ਜਾਣਦੇ ਹਨ।
ਤੌ ਭੀ ਭੇਦ ਨ ਕੋਊ ਮਾਨੈਂ।
ਏਕ ਰੂਪ ਸਭਿ ਹੀ ਕੋ ਜਾਨੈਂ ॥੨੯॥
ਸਕਟੇ[1] ਸ਼ੁਤਰ[2] ਭਾਰ-ਬਰਦਾਰੀ[3]।
[1]ਗੱਡੇ। [2]ਊਠ। [3]ਭਾਰ ਚੁੱਕਣ ਵਾਲੇ।
ਬੰਦੇ ਕੇ ਸੰਗ ਚਲੈਂ ਅਪਾਰੀ।
ਮਹਾਰਾਜਜੋਂ ਜੈਸ ਸਮਾਜੈਂ[1]।
[1]ਸਾਮਾਨ। (ਅ) ਇਕੱਠ।
ਬੰਦੇ ਕੇ ਢਿਗ ਭਯੋ ਦਰਾਜੈਂ[1] ॥੩੦॥
[1]ਬਹੁਤਾ।
ਤੰਬੂ ਸਾਏਮਾਨ[1] ਕਨਾਤੈਂ।
[1]ਛਾਇਆਵਾਨ।
ਦਰੀਆਂ ਫਰਸ਼[1] ਕਲੀਚੈ[2] ਭਾਂਤੈਂ[3]।
[1]ਦਰੀਆਂ। [2]ਗ਼ਲੀਚੇ। [3]ਤਰ੍ਹਾਂ ਤਰ੍ਹਾਂ ਦੇ।
ਜੋ ਦੌਲਤ ਹਥ ਆਵਤ ਸਿੰਘੈਂ।
ਜਮ੍ਹਾਂ ਏਕ ਠਾਂ ਕਰੈਂ ਨਿਸੰਗੈਂ ॥੩੧॥
ਲੋਗ ਲੁਟੇਰੇ ਭੀ ਜੋ ਲਜਾਏਂ।
ਬੰਦੇ ਆਗੈ ਧਰੈਂ ਸੁ ਆਏ।
ਬੰਦਾ ਕਿਛੁ ਥੋਰਾ ਹੀ ਲੇਵੈ।
ਜੋ ਲਜਾਵੈਂ ਉਨ ਹੀ ਕੋ ਦੇਵੈ ॥੩੨॥
ਗੋਲਕ ਖਾਜ਼ਾਨਾ ਗੁਰੁ ਕੇਰੈਂ[1]।
[1]ਗੋਲਕ ਨੂੰ ਗੁਰੂ ਦਾ ਖ਼ਜ਼ਾਨਾ ਕਹਿੰਦੇ ਹਨ।
ਲਸ਼ਕਰ ਪੰਥ ਖਾਲਸੇ ਟੇਰੈਂ[1]।
[1]ਤੇ ਲਸ਼ਕਰ ਖ਼ਾਲਸੇ ਪੰਥ ਦਾ ਕਹਿੰਦੇ ਹਨ।
ਅਪਨਾ ਨਾਮ ਨਾ ਜਰਾ ਜਨੈ ਹੈ।
ਨਹਿਂ ਕੋਊ ਵੱਥ ਜੁਦੀ ਰਖੈ ਹੈ ॥੩੩॥
ਬਾਜ ਸਿੰਘ ਪੈ ਰਹੇ ਖਜ਼ਾਨਾ।

ਰਾਮ ਸਿੰਘ ਪੈ ਔਰ ਸਮਾਨਾ।
ਫਤੇ ਸਿੰਘ ਭਾਈ ਕੇ ਪਾਛੇ।
ਫੌਜ ਲਗਾਈ ਸਭਿ ਹੀ ਆਛੇ ॥੩੪॥
ਦਯੋ ਖਤਾਬ ਨਵਾਬੀ ਤਾਂ ਕੋ।
ਕੀਨ ਫੂਲਕਜਾਂ ਕੋ ਨ੍ਰਿਪ ਬਾਂਕੋ[1]।
ਬਿਨੋਦ ਸਿੰਘ ਤੇਹਣ ਜੋ ਬਾਵਾ।
ਕਾਨ੍ਹ ਸਿੰਘ ਭੱਲਾ ਭਲ ਭਾਵਾ[1] ॥੩੫॥
ਸਭਿ ਪਰ ਹੁਕਮ ਇਨੋਂ ਕਾ ਚਾਲੈ।
ਜੋ ਕਿਛੁ ਕਹਿਂ ਸੋ ਹ੍ਵੈ ਤਤਕਾਲੈ।
ਅੰਮ੍ਰਿਤ ਸਭਿ ਕੋ ਇਹੀ ਛਕਾਵੈਂ।
ਰੋਜ ਸੈਂਕੜੇ ਸਿੰਘ ਸਜਾਵੈਂ ॥੩੬॥
ਬਿਜੈ ਸਿੰਘ ਗਰਜਾ ਸਿੰਘ ਸੂਰਾ।
ਆਲੀ ਮਾਲੀ ਸਿੰਘ ਹਜ਼ੂਰਾ[1]।
ਇਤਜਾਦਿਕ ਸਰਦਾਰ ਉਦਾਰੇ।
ਰਾਖਤ ਬੰਦੋਬਸਤ ਮਿਲਿ ਸਾਰੇ ॥੩੭॥
ਪਰ ਸਭਿ ਬੰਦੇ ਤੈ ਬਹੁ ਡਰ ਕੈ।
ਹਰਦਮ ਹਾਜ਼ਰ ਬਲੀ ਨਿਹਰ ਕੈ।
ਸਭਿ ਕੇ ਮਨ ਮੈਂ ਥੀ ਦਿਢ ਏਹੈ।
ਜੋ ਚਹਿ ਬੰਦਾ ਸੋ ਕਰਿ ਦੇਹੈ ॥੩੮॥
ਈਸ਼੍ਵਰ ਕੀ ਮੂਰਤਿ ਪਹਿਚਾਨੈਂ।
ਅਦਬ ਅਦਾਬ ਅਧਿਕ ਤਿਹ ਮਾਨੈਂ।
ਕਰੈਂ ਨ ਪਿਸ਼ੈ-ਮਾਨਗੀ[1] ਕੋਈ।
ਜਾਨੈਂ, ਰਹੈ ਨ ਤਿਸ ਤੈ ਗੋਈ[1] ॥੩੯॥
ਮਤਸਰ[1] ਕੋਇ ਨ ਕਾ ਸੋਂ ਕਰੈ।
ਇਕ ਕੇ ਰਹੈ ਦੁਤੀ ਅਨੁਸਰੈ।
ਏਕੋ ਜਾਨ ਵਜੂਦ[1] ਏਕ ਸਭਿ।
ਜਾਤਿ ਪਾਤ ਇਕ ਖਾਨ ਪਾਨ ਢਬ[1] ॥੪੦॥
ਏਕ ਉਪਾਸ਼ਨ ਇਸ਼ਟ ਰਖੈ ਹੈਂ।
ਵਾਹਿਗੁਰੂ ਕੀ ਫਤੇ ਗਜੈ ਹੈਂ।
ਦ੍ਵੈਤ ਭਾਵ ਨਹਿਂ ਜਰਾ ਜਨਾਵੈਂ।

[1]ਫੂਲਕਿਆਂ ਨੂੰ ਸੁੰਦਰਰਾਜੇ ਬਣਾ ਦਿੱਤਾ।
[1]ਚੰਗਾ ਲੱਗਦਾ ਹੈ।
[1](ਸਿੰਘ)।
[1]ਬੇਈਮਾਨੀ।
[1]ਛੁਪੀ।
[1]ਈਰਖਾ।
[1]ਜਾਨ ਤੇ ਸ਼ਰੀਰ (ਦੇਹ)।
[1]ਢੰਗ।

ਜੋ ਆਵੈ ਤਿਹ ਸੰਗ ਮਿਲਾਵੈਂ ॥੪੧॥
ਨੀਲ[1] ਪੀਤ[2] ਸਸਿ ਬਸਨ[3] ਲਲੋਹੈਂ[11]।
ਬਾਗੇ[1] ਸਜੇ ਸਜੀਲੇ[2] ਸੋਹੈਂ।
ਸੁਧ ਸਮੱਸ੍ਰੂ[1] ਚਢੇ ਮੁਛਹਿਰੇ।
ਪਹਿਰੇ ਸ਼ਸਤ੍ਰ ਸਭਿਨਿ ਕਛਹਿਰੇ ॥੪੨॥
ਦੇਗ[1] ਵਕਤ ਇਕ, ਸਭਿ ਹਿਤ ਹ੍ਵੈ ਹੈ।
ਏਕ ਸਮਾਨ ਸਭਿਨਿ ਵਰਤੈ ਹੈ।
ਬਾਵਾ ਕਾਨ੍ਹ ਸਿੰਘ ਮੁਖਤਾਰੀ[1]।
ਰਾਖੈਂ[1] ਦੇਗ ਕੇਰ ਭਲ ਭਾਰੀ ॥੪੩॥
ਬੰਦੇ ਕੋ ਸਭਿ ਨਿਜ ਪ੍ਰਭੁ[1] ਜਾਨੈਂ।
ਹੁਕਮ ਨਾਦਰੀ[1] ਤਾਂ ਕਾ ਮਾਨੈਂ।
ਹੁਕਮ ਵੀਚ ਆਲਸ ਜੋ ਕਰੈ।
ਮਾਰ ਚਾਬਕਨਿ ਤਾਂ ਪਰ ਪਰੈ ॥੪੪॥
ਇੰਨਤਜ਼ਾਮ ਬੰਦੇ ਕਾ ਐਸਾ।
ਨਹਿਂ ਸਿਕੰਦਰੀ[1] ਹੋਵਗ ਤੈਸਾ।
ਸ਼ਸਤ੍ਰ ਅਨਿਕ ਪ੍ਰਕਾਰਨ ਕੇਰੇ।
ਅਏ ਪੰਥ ਕੇ ਪਾਸ ਬਧੇਰੇ ॥੪੫॥
ਸ਼ਸਤਰ ਘੋੜਾ ਦਾਰੂ ਸਿੱਕਾ[1]।
ਔਰ ਸਮਾਨ ਜੰਗ ਬਡ ਨਿੱਕਾ[1]।
ਜੋ ਲਜਾਵੈਂ ਮੁੱਲ ਦੁਗਨਾ ਲੇਵੈਂ।
ਇਸ ਹਿਤ ਲਜਾਇ ਲੋਗ ਬਹੁ ਦੇਵੈਂ ॥੪੬॥
ਤੁਪਕ[1] ਤੋਪ ਜੰਜੈਲ[2] ਜੰਬੂਰੇ[3]।
ਅਏ ਲੂਟ ਕੇ ਦਲ ਮੈਂ ਭੂਰੇ[1]।
ਲਸ਼ਕਰ ਬੰਦੇ ਕੇਰ ਅਪਾਰਾ।
ਭਯੋ ਲੁਟੇਰਾ ਜੰਗੀ ਭਾਰਾ ॥੪੭॥
ਦੋਹਰਾ:
ਯਾ ਬਿਧਿ ਲਸ਼ਕਰ ਖਾਲਸਾ,
ਬੰਦੇ ਕਾ ਭਜੋ ਤਜਾਰ।
ਸੁਨਿ ਵਜੀਦ ਖਾਂ ਹ੍ਵੈ ਦੁਖੀ,
ਰਹਯੋ ਉਪਾਇ ਵਿਚਾਰ ॥੪੮॥

[1]ਨੀਲੇ। [2]ਪੀਲੇ। [3]ਚਿੱਟੇ ਬਸਤ੍ਰ। [11]ਸੁੰਦਰ।
[1]ਪੁਸ਼ਾਕੇ। [2]ਸਜਾਵਟ ਵਾਲੇ।
[1]ਸਿੱਧੇ ਦਾੜ੍ਹੇ।
[1]ਲੰਗਰ।
[1]ਮੁਖ਼ਤਿਆਰੀ, ਇਖ਼ਤਿਆਰੀ।
[1](ਬੰਦੋਬਸਤ) ਰੱਖਦੇ ਹਨ।
[1]ਮਾਲਕ, ਸੁਆਮੀ।
[1]ਸਖ਼ਤ ਹੁਕਮ।
[1]ਸਕੰਦਰ ਬਾਦਸ਼ਾਹ ਦਾ।
[1]ਗੋਲੀ ਬਰੂਦ।
[1]ਵੱਡਾ ਛੋਟਾ।
[1]ਬੰਦੂਕਾਂ। [2]ਲੰਬੀਆਂ ਤੇ ਭਾਰੀ ਬੰਦੂਕਾਂ। [3]ਛੋਟੀਆਂ ਤੋਪਾਂ।
[1]ਬਹੁਤੇ।

ਚੌਪਈ:
ਤਬਿ ਬੰਦੇ ਨੇ ਹੁਕਮ ਸੁਨਾਯੋ।
ਦੇਸ ਦੇਸ ਮੈਂ ਬਿਦਿਤ[1] ਕਰਾਯੋ। [1]ਪ੍ਰਗਟ।
ਆਠ ਦਿਵਸ ਲੌ ਸਰਹੰਦ ਮਾਰੈਂ।
ਜਿਹ ਲੁਟਨੀ ਹੈ ਮਿਲੈ ਸੰਗਾਰੈਂ ॥੪੯॥
ਇਮ ਕਹਿ ਉਤ ਦਿਸ ਕੂਚ ਕਰਾਯੋ।
ਸੁਨਿ ਵਜੀਦ ਖਾਂ ਮਨਿ ਘਬਰਾਯੋ।
ਪੁਨ ਉਨ ਛਲੀਆ ਲਯੋ ਬੁਲਾਈ।
ਕਹ੍ਯੋ ਕਰੋ ਤੁਮ ਛਲ ਚਲਿ ਭਾਈ ॥੫੦॥
ਜੇ ਬੰਦੇ ਕੋ ਕੇਹੂੰ[1] ਮਾਰੈਂ। [1]ਕਿਸੇ ਢੰਗ ਨਾਲ।
ਮੈਂ ਜਗੀਰ ਤੁਹਿ ਦੈਹੁਂ ਅਪਾਰੈਂ।
ਕਰੀ ਲਿਖਤ ਮਾਨੀ ਉਨ ਸੋਈ।
ਤਬਿ ਛਲੀਏ ਯੌਂ ਬਜੋਂਤ ਬਨੋਈ ॥੫੧॥
ਲੈ ਨਿਜ ਸੰਗ ਸਿਪਾਹੀ ਕੇਤੈਂ।
ਆਯੋ ਬੰਦੇ ਢਿਗ ਹਿਤ ਭੇਤੈਂ।
ਕਰੀ ਸਲਾਮ ਦੀਨ ਹ੍ਵੈ ਭਾਰੀ।
ਹਾਥ ਜੋਰਿ ਪੁਨ ਅਰਜ਼ ਗੁਜ਼ਾਰੀ ॥੫੨॥
ਮੈਂ ਤੁਵ ਸਰਨ ਅਯੋ ਗੁਰੁ ਜਾਨੈਂ।
ਕਰਨ ਨੌਕਰੀ ਹਿਤ ਗੁਜ਼ਰਾਨੈਂ।
ਆਹਿ ਬਜੀਦੇ ਸੋਂ ਮਮ ਬੈਰੈਂ।
ਤਿਸ ਮਾਰੇ ਬਿਨ ਕਰੋਂ ਨ ਖੈਰੈਂ[1] ॥੫੩॥ [1]ਆਰਾਮ ਨਹੀਂ ਕਰਾਂਗਾ।
ਹੁਕਮ ਆਪ ਕੇ ਬੀਚ ਰਹਾਵੋਂ।
ਤੁਰਕਨ ਕੋ ਆਗੈ ਹ੍ਵੈ ਘਾਵੋਂ[1]। [1]ਮਾਰਾਂਗਾ।
ਤਬਿ ਬੰਦੇ ਤਿਹ ਕਹ੍ਯੋ ਸੁਨਾਈ।
ਤੁਮਰੋ ਦਿਲ ਸਾਬਤ ਨਹਿਂ ਭਾਈ ॥੫੪॥
ਫਿਰ ਜੋ ਤੂੰ ਕਰਿ ਹੈਂ ਸੋ ਭਰ ਹੈਂ।
ਅਬ ਹਮ ਤੁਝੈ ਨ ਫੇਰਨ ਕਰਿ ਹੈਂ[1]। [1]ਮੋੜਦੇ ਨਹੀਂ।
ਤਬਿ ਬੰਦੇ ਨੈ ਖਰਚਨ ਹੇਤੈਂ।
ਦਈਂ ਅਸ਼ਰਫੀ[1] ਤਿਨ ਕੋ ਕੇਤੈਂ[2] ॥੫੫॥ [1]ਮੁਹਰਾਂ। [2]ਕਿਤਨੀਆਂ।
ਕਹ੍ਯੋ ਬਾਂਟ ਲਿਹੁ ਆਪਸ ਮਾਂਹੀਂ।

ਲੂਣ ਖਾਹੁ ਗੁਰੁ ਘਰ ਕਾ ਚਾਹੀਂ[1]। [1]ਸ਼ੌਕ ਨਾਲ।
ਲੂਣ ਖਾਇ ਜੇ ਕਰੈਂ ਬੁਰਜਾਈ।
ਸੱਤਜਨਾਸ ਤੁਮਾਰਾ ਜਾਈ[1] ॥੫੬॥ [1]ਹੋ ਜਾਵੇਗਾ।

ਦੋਹਰਾ:
ਪੁਨ ਬੰਦੇ ਚਿੱਠੀ ਪਠੀ,
ਸਿੰਘ ਮਝੈਲਨ ਪਾਸ।
ਕਹਜੋ ਆਇ ਅਬਿ ਤੁਮ ਮਿਲੋ,
ਹਤੈਂ ਸਰ੍ਹੰਦੈਂ ਖਾਸ ॥੫੭॥

ਨਿਸ਼ਾਨੀ ਛੰਦ:
ਪੜ੍ਹਿ ਚਿੱਠੀ ਚੜ੍ਹਿ ਸਿੰਘ ਸੋ,
ਦਿਸ ਰੋਪੜ ਆਏ।
ਸੁਨਜੋ ਬਜੀਦੇ ਨੈਂ, ਪਠੀ
ਨਿਜ ਸੈਨ ਅਗਾਏ।
ਦਯੋ ਹੁਕਮ ਸੋ ਨਾ ਮਿਲੈਂ, ਬੰਦੇ ਸੋਂ ਆਏ।
ਲੋਗ ਮਝੈਲ ਗੁਸੈਲ ਹੈਂ, ਲਾੜਾਕ ਮਹਾਂਏ[1] ॥੫੮॥ [1]ਬਹੁਤੇ ਲੜਾਕੇ।
ਖਿਦਰਾਣੇ[1] ਹਮ ਨੈਂ ਪਿਖੇ, ਥੇ ਯੇ ਸਿੰਘ ਚਾਲੀ। [1]ਮੁਕਤਸਰ।
ਭਏ ਸ਼ਹੀਦ ਸੋ ਮਾਰ ਕੈ, ਹਮਰੇ ਬੇਸਾਲੀ[1]। [1]ਬਹੁਤੇ।
ਬੰਦੇ ਸੰਗ ਮਝੈਲ ਜੇ, ਮਿਲ ਹੈਂ ਜੋ ਆਈ।
ਫਿਰ ਜ਼ਰੂਰ ਸਰਹੰਦ ਕੋ, ਸੋ ਲੈਹਂ ਛੁਡਾਈ ॥੫੯॥
ਇਮ ਕਹਿ ਖਾਨ ਮਲੇਰੀਏ, ਦੈ ਫੌਜ ਪਠਾਏ।
ਰੋਪੜ ਢਿਗ ਇਨ ਪਹੁੰਚ ਕੇ, ਸੋ ਰੋਕੇ ਜਾਏ।
ਖ੍ਵਾਜਾ ਖਿਜ਼ਰ ਮਲੇਰੀਏ, ਬਡ ਜੰਗ ਮਚਾਯੋ।
ਤੋਪ ਜੰਬੂਰੇ ਤੁੱਪਕੈਂ, ਝਰਿ ਬਾਨਨਿ[1] ਲਾਯੋ ॥੬੦॥ [1]ਤੀਰਾਂ ਦੀ ਝੜੀ।
ਦੀਨ ਮਜਬ ਕਾ ਜੁੱਧ ਲਖਿ[1], ਦੂਜੇ ਬਡ ਬੈਰੈਂ[2]। [1]ਜਾਣਕੇ। [2]ਦੂਜਾ, ਵੱਡਾ ਵੈਰ ਜਾਣ ਕੇ।
ਦੁਹੂੰ ਓਰ ਤੈ ਨਹਿਂ ਧਰੈਂ, ਪੀਛੇ ਕੋਊ ਪੈਰੈਂ।
ਸਿੰਘ ਧਾਇ ਸਮ ਸਿੰਘਨ ਕੇ[1], ਹੱਲੇ ਕਰਿ ਪਰਹੀਂ। [1]ਸ਼ੇਰਾਂ ਦੇ।

ਤੁਰਕ ਅੱਗਜੋਂ ਤੋਪ ਸੈਂ, ਹਤ[1] ਪੀਛੇ ਕਰਿਹੀਂ ॥੬੧॥ — [1]ਮਾਰ ਕੇ।
ਤਬਿ ਸਿੰਘੋਂ ਨੈਂ ਕੱਠ ਕਰਿ, ਹੱਲਾ ਕਰਿ ਦੀਨਾ।
ਧਾਇ ਧਸੇ ਅਰਿ ਸੈਨ ਮੈਂ, ਗਹਿ ਖੱਗ ਪ੍ਰਬੀਨਾ[1] ॥੬੨॥ — [1]ਤਲਵਾਰ ਪਕੜ ਕੇ ਚਤੁਰ ਸੂਰਮੇਂ।

ਰਸਾਵਲ ਛੰਦ:

ਛੁਟੀ ਤੇਗ ਫੇਰੀ।
ਤਹਾਂ ਸਿੰਘਨ ਕੇਰੀ।
ਜਿਸੈ ਏਕ ਬਾਂਹੈਂ।
ਕਰੈਂ ਦੋ ਧਰਾਹੈਂ[1] ॥੬੩॥ — [1]ਦੋ ਧੜ।
ਸਿਟੈਂ ਭੂਮਿ ਮਾਂਹੀਂ।
ਜਲੰ ਨਾਹਿੰ ਚਾਹੀਂ[1]। — [1]ਮੰਗਦੇ।
ਕਹੂੰ ਹੱਥ ਮੱਥੇ।
ਕਟੇ ਬਾਹੁ ਸੱਥੇ[1] ॥੬੪॥ — [1]ਬਾਹਾਂ ਵੀ ਨਾਲ ਹੀ।
ਕਹੂੰ ਮੁੰਡ[1] ਕਾਟੇ। — [1]ਸਿਰ।
ਕਹੂੰ ਪੇਟ ਫਾਟੇ।
ਜਿਸੈ ਸੇਲ[1] ਮਾਰੈਂ। — [1]ਬਰਛਾ।
ਕਢੈ ਹੈਂ ਦੁਸਾਰੈਂ[1] ॥੬੫॥ — [1]ਦੂਜੇ ਪਾਸੇ।
ਲਹੂ ਧਾਰ ਛੂਟੈਂ।
ਮਨੋ ਮਸ਼ਕ ਫੂਟੈਂ।
ਛਰੈਂ[1] ਚੱਕ੍ਰ ਬੱਕ੍ਰੈਂ[2]। — [1]ਛੱਡਦੇ ਹਨ। [2]ਟੇਢੇ।
ਕਰੈਂ ਹਾਨ ਠੱਕ੍ਰੈਂ[1] ॥੬੬॥ — [1]ਮਾਰ ਕੇ ਠਿੱਕਰੇ (ਟੋਟੇ) ਕਰ ਦੇਂਦੇ ਹਨ।
ਛੁਟੈਂ ਲੋਹ ਦੰਡੇ।
ਸੁਟੈਂ ਸੋ ਬਿਹੰਡੇ[1]। — [1]ਮਾਰ ਕੇ।
ਕੜਾ ਕਾੜ ਗੋਲੀ।
ਲਗੈਂ ਜਾ ਅਤੋਲੀ[1] ॥੬੭॥ — [1]ਬਹੁਤੀਆਂ।
ਭਿਦੈਂ ਸੋ ਸਨਾਹੈਂ[1]। — [1]ਉਹ ਸੰਜੋਆਂ ਨੂੰ ਵਿੰਨ੍ਹਦੀਆਂ ਹਨ।
ਕਢੈਂ ਪਾਰ ਤਾਹੈਂ।
ਕਹੂੰ ਢਾਲ ਫੂਟੈਂ।
ਕਹੂੰ ਸੇਲ ਤੂਟੈਂ ॥੬੮॥

ਮਹਾਂ ਮਾਰ ਮੱਚੀ।
ਸਭੈਂ ਦੇਰ ਤੱਚੀ[1]। — [1]ਸਾਰਿਆਂ ਨੇ ਦੇਰੀ ਛੱਡ ਦਿੱਤੀ।
ਲਹੁ ਮਿੰਜ ਕੇਰੋ।
ਪਰਜੋ ਘਾਣ ਹੇਰੋ[1] ॥ ੬੯ ॥ — [1]ਚਿੱਕੜ ਹੋਇਆ ਦੇਖੋ।
ਮਚਜੋ ਜੰਗ ਗਾਢਾ।
ਰਸੰਰੁੱਦ੍ਰ ਬਾਢਾ।
ਫਿਰੈਂ ਰੋਹ ਮੱਤੇ[1]। — [1]ਗ਼ੁੱਸੇ 'ਚ ਮਸਤ।
ਕਰੇ ਨੈਨ ਤੱਤੇ ॥ ੭੦ ॥
ਬਕੈਂ ਮਾਰ ਮਾਰੈਂ।
ਥਕੈਂ ਨਾ ਪ੍ਰਹਾਰੈਂ[1]। — [1]ਮਾਰਨ ਲੱਗੇ।
ਫਿਰੈਂ ਛੂਛ[1] ਘੋਰੇ। — [1]ਖ਼ਾਲੀ।
ਗਿਰੈਂ ਨਾਹਿਂ ਥੋਰੇ ॥ ੭੧ ॥
ਮਰੇ ਜ੍ਵਾਨ ਜੇਤੇ।
ਗਨੈ ਕੌਨ ਤੇਤੇ।
ਘਨੇ ਘਾਉ[1] ਖੋਲ੍ਹੇ। — [1]ਜ਼ਖ਼ਮ।
ਭਕਾ-ਭੱਕ ਬੋਲੇ ॥ ੭੨ ॥
ਪਰੇ ਅੱਧ ਮਾਰੇ।
ਤਰੱਫੈਂ ਅਪਾਰੇ।
ਕਰੈਂ ਨੈਨ ਸੈਨੈਂ[1]। — [1]ਇਸ਼ਾਰੇ।
ਜਲੰ ਹੇਤ ਐਨੈਂ[1] ॥ ੭੩ ॥ — [1]ਲਿਆਉਣ ਵਾਸਤੇ।
ਨਚੈਂ ਭੂਤ ਨਾਰੀ।
ਤਚੈਂ ਕਿੱਲਕਾਰੀ[1]। — [1]ਚੀਕਾਂ ਛੱਡਦੀਆਂ ਹਨ।
ਛਕੈਂ ਮਾਸ ਵੈਸੋ।
ਰਖੈਂ ਖਾਸ[1] ਜੈਸੋ ॥ ੭੪ ॥ — [1]ਖ਼ਾਹਿਸ਼, ਇੱਛਾ।
ਕਰੈਂ ਸ੍ਰੋਨ ਪਾਨੈਂ[1]। — [1]ਲਹੂ ਪੀਣਾ।
ਮਹਾਂ ਮੋਦ ਠਾਨੈਂ।
ਕੁੱਤੇ ਕਾਕ[1] ਸਜਾਲੈਂ[2]। — [1]ਕਾਂ। [2]ਗਿੱਦੜ।
ਗਿਧੈਂ ਚੀਲ ਮਾਲੈਂ[1] ॥ ੭੫ ॥ — [1]ਗਿਰਝਾਂ ਤੇ ਇੱਲਾਂ ਦੀਆਂ ਡਾਰਾਂ।
ਪਰੀ ਹੂਰ ਆਈ।
ਬਰੀ ਸੂਰ ਸਾਈ[1] ॥ ੭੬ ॥ — [1]ਉਹ ਸੂਰਮਿਆਂ ਨੇ ਵਰ ਲਈਆਂ।

ਦੋਹਰਾ:
ਮਚਯੋ ਜੰਗ ਗਾਢਾ ਤਬੈ,
ਬਜਯੋ ਸਾਰ ਸੋਂ ਸਾਰ[1]। — [1]ਲੋਹੇ ਨਾਲ ਲੋਹਾ, ਭਾਵ ਸ਼ਸਤ੍ਰ ਨਾਲ ਸ਼ਸਤ੍ਰ।
ਮਰੇ ਕਿਕਾਨ[1] ਜਵਾਨ ਬਹੁ, — [1]ਘੋੜੇ।
ਘਾਇਲ[1] ਪਰੇ ਅਪਾਰ ॥੨੭॥ — [1]ਜ਼ਖ਼ਮੀਂ।
ਛਪੈ:
ਤਬਿ ਹੀ ਖ੍ਵਾਜਾ ਖਿਜਰ,
ਜੰਗ ਮੈਂ ਆਗੇ ਬਢਯੋ।
ਛੋਡਤ ਭਯੋ ਤੁਫੰਗ,
ਸੰਗ ਲੋਹੇ ਕੇ ਮਢਯੋ।
ਕੋਪ ਹੋਇ ਬਹੁ ਗਰਜ,
ਤਰਜ[1] ਯੌਂ ਕਹਯੋ ਸੁਨਾਈ। — [1]ਤਾੜ ਕੇ।
ਕਹਾਂ ਸਿੰਘ ਤੁਮ ਸਕੋ ਮੰਡ[1], — [1]ਕਰ ਸਕਦੇ ਹੋ।
ਹਮ ਸੰਗ ਲਰਾਈ।
ਮੈਂ ਲਰਯੋ ਤੁਮਾਰੇ ਗੁਰੂ ਸੋਂ,
ਭਲ ਤੌਰ[1] ਵੀਚ ਚਮਕੌਰ ਕੇ। — [1]ਚੰਗੀ ਤਰ੍ਹਾਂ।
ਇਕ ਨਾਹਰ ਖਾਂ ਮਮ ਭ੍ਰਾਤ ਵਡ,
ਤਹਿਂ ਸੁਟਯੋ ਗੁਰੂ ਨੈਂ ਫੌਰ ਕੇ[1] ॥੨੮॥ — [1]ਮਾਰ ਕੇ।
ਅਬਿ ਮੈਂ ਸੋਊ ਬੈਰ ਬੀਰ ਕਾ,
ਤੁਮ ਤੇ ਲੈਹੋਂ।
ਏਕ ਏਕ ਕੋ ਛੇਕਿ ਛੇਕਿ[1], — [1]ਵਿੰਨ੍ਹ ਵਿੰਨ੍ਹ ਕੇ।
ਧਰ ਪਰ ਲੁਠਵੈਹੋਂ[1]। — [1]ਧਰਤੀ 'ਤੇ ਲਿਟਾ ਦਿਆਂਗਾ।
ਯੌਂ ਕਹਿ ਕਰਿ ਤਿਨ ਸਾਰ[1], ਸਾਰ[2] — [1]ਸਾਵਧਾਨ ਹੋ ਕੇ। [2]ਚੰਗੇ।
ਬਹੁ ਬਾਨ ਚਲਾਏ।
ਕਰਿ ਜ਼ਖਮੀ ਤਿਨ ਕਿਤਿਕ ਸਿੰਘ,
ਬਿਹਬਲ[1] ਕਰਿ ਦਾਏ। — [1]ਵਿਆਕੁਲ।
ਤਬਿ ਠੋਕਿ ਦੁਗਾੜਾ[1] ਬੀਰ ਸਿੰਘ, — [1]ਦੋ ਗੋਲੀਆਂ ਪਾ ਕੇ।
ਜੋੜਿ ਤੁਪਕ ਨਿਜ ਸਰ ਕਰੀ[1]। — [1]ਚਲਾ ਦਿੱਤੀ।
ਵਹਿ ਟੋਪ ਕਪਾਰੈਂ[1] ਫਾਰ ਕੈ, — [1]ਖੋਪਰੀ।
ਮਾਰਿ ਖਾਨ ਪਾਰੈਂ ਪਰੀ ॥੨੯॥

ਗਿਰਜੋ ਭੂਮ ਪਰ ਝੁਮਿ[1], [1]ਗੇੜਾ ਖਾ ਕੇ।
ਖਾਨ ਕੇ ਪ੍ਰਾਨ ਉਡਾਏ।
ਹੁਤੇ ਮਤੇਰ ਭਰਾਤ,
ਔਰ ਜੁਗ ਤਾਂਹਿ ਤਹਾਂਏ।
ਲੋਥ ਚੁੱਕਨੇ ਹੇਤ ਗਏ ਵਹਿ,
ਤਬਿ ਹੀ ਧਾਏ।
ਸੋ ਭੀ ਸਿੰਘਨ ਮਾਰਿ,
ਬੰਦੂਖਨ ਸੰਗ ਗਿਰਾਏ।
ਪੁਨ ਸ਼ੇਰ ਮੁਹੰਮਦ ਕੌ ਲਗਜੋ,
ਜ਼ਖ਼ਮ ਏਕ ਤਿਸ ਹੀ ਸਮੇਂ।
ਜਬਿ ਮਰੇ ਤੀਨ ਸਰਦਾਰ ਯੌਂ,
ਤੁਰਕ ਸਭੈ ਪੀਛੇ ਗਮੇਂ[1] ॥ ੮੦ ॥ [1]ਚਲੇ ਗਏ।

ਤੋਟਕ ਛੰਦ:

ਵਹਿ ਸਿੰਘ ਜੀਤ ਕੋ ਪਾਇ ਤਬੈ।
ਦਿਸ ਬੰਦੇ ਆਏ ਮੋਦ ਫਬੈ।
ਇਤ ਤੇ ਚੜ੍ਹਿ ਬੰਦਾ ਸਹਿਤ ਦਲੈਂ।
ਢਿਗ ਢੁਕਜੋ ਸਰਹੰਦ ਜਾਇ ਭਲੈਂ ॥ ੮੧ ॥
ਮਗ ਮਾਂਹਿ ਵਾਹਿ ਮੁਦ ਮਾਨਿ ਮਿਲੇ।
ਨਦ ਆਨੰਦ ਕੇ ਜਨੁ ਦੋਇ ਭਿਲੇ[1]। [1]ਜਾਣੋ ਅਨੰਦ ਦੇ ਦੋ ਦਰਿਆ ਮਿਲ ਗਏ।
ਕਰ ਜੋਰਿ ਸਿੰਘਨ ਜੁਗ ਓਰਨ ਤੈਂ।
ਗੁਰੁ ਫਤੇ ਬੁਲਾਈ ਜੋਰਨ ਤੈਂ ॥ ੮੨ ॥
ਜਿਮ ਭੱਯਨ ਕੋ[1] ਮਿਲ ਹੈਂ ਭਾਈ। [1]ਭਰਾਵਾਂ ਨੂੰ।
ਤਿਮ ਸਿੰਘ ਮਿਲੇ ਮਨ ਮੁਦ ਪਾਈ।
ਪਿਖਿ ਬੰਦੇ ਕੋ ਗੁਰੁ ਰੂਪ ਭਰੈਂ[1]। [1]ਭਲੀ ਤਰ੍ਹਾਂ।
ਝੁਕਿ ਫਤੇ ਬੁਲਾਈ ਜੋਰਿ ਕਰੈਂ[1] ॥ ੮੩ ॥ [1]ਹੱਥ ਜੋੜ ਕੇ।
ਤਬਿ ਬੰਦੇ ਅਤਿ ਸਤਿਕਾਰ ਕਯੋ।
ਸਭਿ ਕੋ ਖਰਚਾ ਯਥ ਯੋਗ ਦਯੋ।
ਪੁਨ ਡੇਰਾ ਤਹਾਂ ਲਗਾਇ ਤਬੈਂ।
ਕੁਣਕਾ ਕਰਿ ਠੀਕ ਛਕਾਇ ਸਬੈ ॥ ੮੪ ॥
ਫਿਰ ਬੰਦਾ ਬੋਲਜੋ ਯੌਂ ਤਬਿ ਹੀ।

ਅਬਿ ਸੁਨੌਂ ਖਾਲਸਾ ਜੀ ਸਭਿ ਹੀ।
ਗੁਰੁ ਭਾਖਯੋ ਜੋ ਹਮ ਤੁਮ ਪਰਤੀ।
ਵਹਿ ਚਹੀਯਤ ਕੀਨੋ ਅਬਿ ਜਰਤੀ[1] ॥੮੫॥ — [1]ਜਲਦੀ, ਛੇਤੀ।
ਚਲ ਕੈ ਭਲਕੈ ਬਲ ਕੈ[1] ਚੜ੍ਹ ਕੈ। — [1]ਜ਼ੋਰ ਨਾਲ।
ਲਿਹੁ ਮਾਰ ਬਜੀਦੇ ਕੋ ਫੜ ਕੈ।
ਪੁਨ ਲੂਟ ਸਰ੍ਹੰਦਹਿਂ ਭਾਂਤਿ ਭਲੈ।
ਧਨ ਲਿਹੁ ਮਨ ਬਾਂਛਤ ਧਾਰਿ ਬਲੈਂ ॥੮੬॥
ਪੁਨ ਚੱਲਿ ਗਿਰੀਸਨ ਕੋ ਹਰੀਏ।
ਗੁਰੁ ਬੈਨ ਸੁ ਐਨ ਕਮਾ ਤਰੀਏ।
ਸੁਨ ਕੈ ਸਭਿ ਸਿੰਘ ਖੁਸ਼ਾਲ ਭਏ।
ਬਚ ਬੰਦੇ ਕੇ ਮਨਿ ਮਾਨ ਲਏ ॥੮੭॥
ਤਬਿ ਹੀ ਜੁਗ ਜਥੇ ਬਨਾਇ ਚੜ੍ਹੇ।
ਇਕ ਓਰ ਮਝੈਲ ਸੁ ਭਏ ਖੜ੍ਹੇ।
ਮਿਲਿ ਦੂਸਰਿ ਦਿਸ ਮਲਵਈ ਭਲੇ।
ਇਮ ਬੰਦੇ ਕੇ ਸਭਿ ਸੰਗ ਚਲੇ ॥੮੮॥
ਢਿਗ ਗਾਮ ਬਡਾਲੀ ਜਾਇ ਥਿਰੇ।
ਕਰਿ ਲੰਗਰ ਖਾਇ ਸੁ ਸੈਣ ਕਰੇ[1]। — [1]ਸੌਂ ਗਏ।
ਜਬਿ ਸਾਰ[1] ਬਜੀਦਹਿ ਖਾਨ ਸੁਨੀਂ। — [1]ਖ਼ਬਰ।
ਧਰਕੀ ਛਤੀਆ ਬਤੀਆਂ ਸੁ ਗੁਨੀਂ[1] ॥੮੯॥ — [1]ਛਾਤੀ ਧੜਕੀ ਤੇ ਗੱਲਾਂ ਵਿਚਾਰਨ ਲੱਗਾ।
ਉਡ ਗਏ ਹਵਾਸ[1] ਉਦਾਸ ਭਯੋ। — [1]ਗਿਆਨ ਸ਼ਕਤੀ। ਉਹ ਸ਼ਕਤੀ. ਜਿਸ ਨਾਲ ਸ਼ਬਦ, ਸਪਰਸ਼, ਰੂਪ, ਰਸ, ਗੰਧ ਦਾ ਗ੍ਰਹਿਣ ਕਰੀਦਾ ਹੈ।
ਨਿਜ ਜੀਵਨ ਆਸ ਬਿਸ੍ਵਾਸ ਗਯੋ।
ਸਭਿ ਔਰਹਿਂ ਕਾਂਪਤ ਐਸ ਭਏ।
ਕਦਲੀ ਥਰਥੱਲਤ ਪੌਨ ਅਏ[1] ॥੯੦॥ — [1]ਜਿਵੇਂ ਹਵਾ ਦੇ ਆਉਣ ਨਾਲ ਕੇਲਾ ਕੰਬਦਾ ਹੈ।

ਦੋਹਰਾ:

ਫਿਰ ਨਾਜ਼ਮ ਧਰਿ ਧੀਰ ਅਬਿ,
ਨਿਜ ਸਭਿ ਸੈਨ ਬਟੋਰਿ[1]। — [1]ਇਕੱਠੀ ਕਰਕੇ।
ਦੁੰਦਭਿ ਦੀਹ[1] ਬਜਾਇ ਕਰਿ, — [1]ਵੱਡੇ ਧੌਂਸੇ।
ਚਢ੍ਯੋ ਲਾਇ ਸਭਿ ਜ਼ੋਰ ॥੯੧॥

ਭੁਜੰਗ ਪ੍ਰਯਾਤ ਛੰਦ:

ਚਢਜੋ ਖਾਂ ਬਜੀਦਾ ਸਰ੍ਹੰਦੀ ਜੁ ਸੂਬਾ।
ਮਹਾਂ ਕੋਪ ਕੈ ਕੈ ਲਏ ਸੈਨ ਖੂਬਾ[1]। — [1]ਚੰਗੀ।
ਜੰਜੈਲਾਂ[1] ਜਮੂਰੇ[2] ਘਨੋ ਤੋਪ ਖਾਨੋਂ। — [1]ਭਾਰੀ ਤੇ ਲੰਬੀਆਂ ਬੰਦੂਕਾਂ। [2]ਛੋਟੀਆਂ ਤੋਪਾਂ।
ਬਜੇ ਬਾਜ ਮਾਰੂ[1] ਗਜੇ ਮੇਘ ਮਾਨੋ ॥ ੯੨ ॥ — [1]ਜੰਗੀ ਵਾਜੇ।
ਘਟਾ ਘੋਰ ਆਈ ਅਨੀ ਜੋਰਿ ਕਾਰੀ[1]। — [1]ਫੌਜ ਜ਼ੋਰ ਨਾਲ ਕਾਲੀ ਘਟਾ ਵਾਂਗ (ਘੋਰ) ਗੱਜ ਕੇ ਆਈ।
ਛਯੋ[1] ਆਸਮਾਨੰ ਉਡੀ ਧੂਰ ਭਾਰੀ। — [1]ਢਕਿਆ ਗਿਆ।
ਉਤੈ ਤੇ ਚਢੈ ਕੈ[1], ਇਤੈ ਸਿੰਘ ਆਏ। — [1]ਓਧਰੋਂ ਚੜ੍ਹ ਕੇ।
ਦਲੈਂ ਦੋਇ ਕੀ ਧੂਰ ਨੈਂ ਸੂਰ ਛਾਏ[1] ॥ ੯੩ ॥ — [1]ਸੂਰਜ ਨੂੰ ਢੱਕ ਦਿੱਤਾ।
ਤਬੈ ਕੋਸ ਦੋ ਤੀਨ ਸਾਰ੍ਹੰਦ ਤੇਈ[1]। — [1]ਤਦੋਂ ਸਰ੍ਹੰਦ ਤੋਂ ਦੋ ਤਿੰਨ ਕੋਹ (ਬਾਹਰ ਆ ਕੇ)।
ਢੁਕੇ ਆਨ ਸਿੰਘਾਨ ਕੇ ਪਾਸ ਵੇਈ[1]। — [1]ਉਹ (ਵਜੀਦੇ ਦੇ ਸੂਰਮੇਂ)।
ਇਤੈ ਸੈਨ ਸਿੰਘਾਨ ਕੀ ਲੈ ਬਟੋਰੀ।
ਹੁਤੇ ਜੋ ਲੁਟੇਰੇ ਅਏ ਲੋਗ ਹੋਰੀ ॥ ੯੪ ॥
ਫਤੇ ਸਿੰਘ ਬਾਜੰ[1] ਬਿਜੈ ਸਿੰਘ ਰਾਮੰ[2]। — [1]ਬਾਜ ਸਿੰਘ। [2]ਰਾਮ ਸਿੰਘ।
ਕਰੇ ਮੋਰਚੇ ਕਾਯਮੈ ਅੱਗ੍ਰ ਠਾਮੰ[1]। — [1]ਅਗਲੀ ਥਾਂ ਵਿੱਚ।
ਸਿੰਘ ਕਾਨ੍ਹ ਬਿਨੋਦ ਮ੍ਰਿਗਿੰਦ ਸਜਾਮੰ।
ਬਲੀ ਸਿੰਘ ਆਲੀ ਮਾਲੀ ਲੌ ਤਮਾਮੰ ॥ ੯੫ ॥
ਤਬੈ ਰਾਮ ਸਿੰਘੰ ਤਲੋਕਾ ਭੀ ਆਏ।
ਲਏ ਸਿੰਘ ਮਰਾਝੀਓ ਕੋ ਮੁਹਾਏ[1]। — [1]ਅੱਗੇ।
ਅਏ ਪੋਤਰੈ ਰੂਪ ਚੰਦੈਂ ਸੁ ਗੌਰੈਂ।
ਧਰਮ ਪਰਮ ਸਿੰਘੰ ਲਏ ਸੰਗ ਔਰੈਂ ॥ ੯੬ ॥
ਪੁਨਾ ਸਿੰਘ ਨਾਗਾਹੀਆ ਚੂਹੜ ਸਿੰਘੰ।
ਮਿਲੇ ਦੁੱਲਟੰ ਜੱਟ ਯੇ ਬੀਰ ਧਿੰਗੰ[1]। — [1]ਬਲੀ ਸੂਰਮੇਂ।
ਗਰੇਵਾਲ ਮਾਨੰ ਮਿਲੇ ਆ ਬੰਗੇਰੀ[1]। — [1]ਗੋਤ।
ਧਾਲੀਵਾਲ ਸੇਮੇਂ ਕਾਲੇ ਕੇ ਬਧੇਰੀ ॥ ੯੭ ॥
ਘਨੇ ਬੀਰ ਬੈਰਾੜ ਤੈ ਔਰ ਸੇਖੋਂ।
ਮਿਲੇ ਸੰਗ ਬੰਦੇ ਕਿਤੈ ਔਰ ਲੇਖੋਂ।
ਭਈ ਸੈਨ ਭਾਰੀ ਤਬੈ ਮਾਲਵੇ ਕੀ।
ਠਈ ਆਸ ਖਾਸੈਂ ਅਰੈਂ ਗਾਲਵੇ ਕੀ[1] ॥ ੯੮ ॥ — [1]ਵੈਰੀਆਂ ਦੇ ਗਾਲਣ ਦੀ ਖ਼ਾਸ ਆਸ ਕੀਤੀ।
ਪੁਨਾ ਜੇ ਮਝੈਲੰ ਗੁਸੈਲੰ[1] ਸੁ ਛੈਲੰ[2]। — [1]ਗ਼ੁੱਸੇ ਵਾਲੇ। [2]ਚੰਗੇ ਜਵਾਨ।

ਵਡੇ ਬੀਰ ਬਾਂਕੇ ਤਨੰ ਸਾਮ ਸੈਲੰ[1]।	[1]ਜਿਨ੍ਹਾਂ ਦੇ ਸ਼ਰੀਰ ਪਹਾੜਾਂ ਵਰਗੇ ਹਨ।
ਘਨੀ ਸੈਨ ਸਿੰਘਾਨ ਕੀ ਇੱਤਿਯਾਦੀ।	
ਮਿਲੀ ਸੰਗ ਬੰਦੇ ਹਿਤੈਂ ਜੰਗ ਤਾਦੀ[1] ॥੯੯॥	[1]ਤਦੋਂ।
ਦੁਹੂੰ ਓਰ ਤੇ ਮੋਰਚੇ ਬੰਧ ਠਾਢੇ।	
ਲਗੇ ਰਾਮਜੰਗੇ[1] ਚਲਾਨੇ ਸੁ ਗਾਢੇ।	[1]ਬੰਦੂਕਾਂ।
ਚਲੈ ਤੋਪ ਜੰਜੈਲ ਜੰਬੂਰ ਭਾਰੇ।	
ਲਗੈਂ ਜ੍ਵਾਨ ਕੇਕਾਨ ਕੇ[1] ਪ੍ਰਾਨ ਹਾਰੇ[2] ॥੧੦੦॥	[1]ਘੋੜਿਆਂ ਦੇ। [2]ਨਾਸ਼ ਕਰ ਦਿੱਤੇ।
ਛੁਟੈਂ ਤੋਪ ਗੋਲੇ ਅਤੋਲੇ ਜੰਜੀਰੀ[1]।	[1]ਸੰਗਲੀਆਂ ਵਾਲੇ ਭਾਰੇ ਗੋਲੇ।
ਕਰੈਂ ਹਾਨ ਬ੍ਰਿੱਛਾਨ ਕੋ ਛਾਨ ਚੀਰੀ[1]।	[1]ਦਰੱਖ਼ਤਾਂ ਨੂੰ (ਚੀਰੀ) ਚੀਰ ਕੇ (ਛਾਨ) ਛਾਨਣੀ ਕਰ ਕੇ (ਹਾਨ) ਨਾਸ ਕਰ ਦੇਂਦੇ ਹਨ।
ਧੜਾ ਧਾੜ[1] ਤੋਪਾਂ ਚਲੈਂ ਭੂਮ ਹਾਲੈ।	[1]ਤੋਪਾਂ ਦੇ ਲਗਾਤਾਰ ਚਲਣ ਤੋਂ ਪੈਦਾ ਹੋਈ ਆਵਾਜ਼।
ਢੜਾ ਢਾੜ[1] ਜੰਜੈਲ ਜੰਬੂਰ ਚਾਲੈਂ ॥੧੦੧॥	[1]ਲਗਾਤਾਰ।
ਤੜਾ ਤਾੜ ਬੰਦੂਖ ਕੀ ਬਾੜ ਝਾੜੈਂ[1]।	[1]ਬੰਦੂਕਾਂ ਦਾ ਜਦ (ਬਾੜ) ਇਕੱਠਾ ਵਾਰ ਝਾੜਦੇ ਭਾਵ ਕਰਦੇ ਹਨ ਤਾਂ ਤੜ ਤੜ ਸ਼ਬਦ ਹੁੰਦਾ ਹੈ।
ਕੜਾ ਕਾੜ[1] ਗੋਲੀ ਲਗੈਂ ਧਾੜ ਧਾੜੈਂ[2]।	[1]ਗੋਲੀਆਂ ਦੇ ਚਲਣ ਨਾਲ ਕੜ ਕੜ ਦੀ ਅਵਾਜ਼। [2]ਗੋਲੀਆਂ ਦੇ ਵੱਜਣ ਨਾਲ ਧੜ ਧੜ ਦੀ ਅਵਾਜ਼।
ਦੜਾ ਦਾੜ ਡਿੱਗੈਂ, ਧਰਾ ਅੱਸ੍ਰ ਜ੍ਵਾਨੰ[1]।	[1]ਘੋੜੇ ਤੇ ਜਵਾਨ ਜਦ ਧਰਤੀ 'ਤੇ ਡਿੱਗਦੇ ਹਨ ਤਾਂ ਦੜ ਦੜ ਦੀ ਅਵਾਜ਼ ਹੁੰਦੀ ਹੈ।
ਸੜਾ ਸਾੜ ਛੁੱਟੈਂ ਖਰੈਂ ਬ੍ਰਿੰਦ ਬਾਨੰ[1] ॥੧੦੨॥	[1]ਜਦੋਂ ਬਹੁਤੇ ਤਿੱਖੇ ਤੀਰ ਛੁੱਟਦੇ ਹਨ ਤਾਂ ਸਰੜ ਸਰੜ ਦੀ ਅਵਾਜ਼ ਹੁੰਦੀ ਹੈ।
ਫੜਾ ਫਾੜ ਫੁਟੈਂ ਸੁ ਢਾਲੈਂ ਮਹਾਨੈਂ[1]।	[1]ਜਦੋਂ ਬਹੁਤੀਆਂ ਢਾਲਾਂ ਛੁੱਟਦੀਆਂ ਹਨ ਤਾਂ ਫੜ ਫੜ ਦੀ ਅਵਾਜ਼ ਹੁੰਦੀ ਹੈ।
ਤੜਾ ਤਾੜ ਤੁਟੈਂ ਕਮੰਠੈਂ ਕਿਤਾਨੈਂ[1]।	[1]ਜਦੋਂ ਕਿਤਨੇ ਹੀ ਧਨੁਸ਼ ਟੁੱਟਦੇ ਹਨ ਤਾਂ ਤੜ ਤੜ ਦੀ ਅਵਾਜ਼ ਉਠਦੀ ਹੈ।
ਕਿਤੈ ਮੁੰਡ ਤੁੱਟੈਂ ਭੁਜਾ ਜੰਘ ਜਾਨੂੰ[1]।	[1]ਕਿਤੇ ਸਿਰ, ਬਾਹਾਂ, ਲੱਤਾਂ ਤੇ ਗੋਡੇ ਟੁੱਟੇ ਪਏ ਹਨ।
ਕਿਤੈ ਪੇਟ ਛਾਤੀ ਕਟੈਂ ਪੈਰ ਪਾਨੂੰ[1] ॥੧੦੩॥	[1]ਹੱਥ।
ਮਚਯੋ ਜੰਗ ਗਾੜ੍ਹਾ ਮਹਾਂ ਘੋਰ ਜੋਰੰ[1]।	[1]ਬਹੁਤੇ ਭਿਆਨਕ ਜ਼ੋਰ ਦਾ।
ਕਰੀ ਜੀਤ ਕੀ ਨੀਤ ਹੀ ਦੋਨ ਓਰੰ[1]।	[1]ਦੋਹਾਂ ਤਰਫਾਂ ਤੋਂ ਹੀ ਜਿੱਤਣ ਦੀ ਨੀਅਤ ਕੀਤੀ।
ਪਰਯੋ ਜੋਰ ਤੁੱਕਾਨ ਕੋ ਆਨਿ ਭਾਰੀ।	
ਚਲਯੋ ਪੈਰ ਸਿੰਘਾਨ ਕੋ, ਹ੍ਵੈ ਪਿਛਾਰੀ ॥੧੦੪॥	
ਜੰਜੈਲਾਂ ਜਮੂਰੇ, ਸੁ ਤੋਪਾਂ ਪਛਾਰੈਂ[1]।	[1]ਤੋਪਾਂ ਨੇ ਪਛਾੜ ਦਿੱਤਾ, (ਪਿੱਛੇ ਹਟਾ ਦਿੱਤਾ)।
ਨਹੀਂ ਲੈਨ ਸਿੰਘਾਨ ਕੋ ਦੈਨ ਸਾਰੈਂ[1]।	[1]ਸੰਭਾਲ ਨਹੀਂ ਲੈਣ ਦਿੰਦੇ।

ਲਗੈਂ ਜਾਂਹਿ ਕੇ ਅੰਗ, ਕੈ ਭੰਗ ਸੁੱਟੈਂ[1]। — [1]ਭੰਨ ਕੇ ਸੁੱਟ ਦੇਂਦੇ ਹਨ।
ਘਨੇ ਘੋਰ ਮਾਨੋ, ਮਹਾਂ ਮੇਘ ਵੁੱਠੈਂ ॥੧੦੫॥
ਹੁਤੇ ਜੋ ਲੁਟੇਰੇ, ਘਨੇ ਲੋਗ ਆਏ।
ਗਏ ਦੌਰ ਸੋਈ, ਨਹੀਂ ਸੋ ਮੁਹਾਂਏ[1]। — [1]ਸਾਹਮਣੇ ਨਹੀਂ ਠਹਿਰੇ।
ਉਚੀ ਠੌਰ ਬੈਠਾ, ਪਿਖੈ ਜੰਗ ਬੰਦਾ।
ਕਰੈ ਮੰਤ੍ਰ ਜਾਪੰ, ਅਰੈਂ ਜੀਤ ਸੰਦਾ ॥੧੦੬॥
ਤਬੈ ਸਿੰਘ ਬਾਜੰ, ਆਲੀ ਸਿੰਘ ਦੋਊ।
ਗਏ ਛੋੜਿ ਘੋੜੇ, ਬੰਦੇ ਪਾਸ ਸੋਊ ॥੧੦੭॥

ਦੋਹਰਾ:

ਹਾਥ ਜੋਰਿ ਤਿਨ ਅਰਜ ਯੌਂ,
ਕੀਨੀ ਬੰਦੇ ਪਾਸ।
ਤੁਮ ਬੈਠੇ ਅਬਿ ਮੋਨ ਠਟ[1], — [1]ਚੁਪ ਧਾਰ ਕੇ।
ਹਮ ਕੋ ਬਢਜੋ ਤ੍ਰਾਸ[1] ॥੧੦੮॥ — [1]ਡਰ।

ਤੋਟਕ ਛੰਦ:

ਸੁਨ ਕੈ ਤਬਿ ਬੰਦੇ ਐਸਰਰੋ[1]। — [1]ਕਿਹਾ।
ਤੁਮ ਜਾਹੁ ਅਬੀ ਇਕ ਜਾਮ[1] ਲਰੋ। — [1]ਪਹਿਰ।
ਫਿਰ ਸਾਹਿਬ ਹਮ ਕੋ ਦੇਯ ਵਫਾ[1]। — [1]ਸਾਨੂੰ ਮਦਦ ਦੇਵੇਗਾ।
ਤੁਰਕਨ ਕੋ ਕਰਿ ਹੈਂ ਠੀਕ ਦਫਾ[1] ॥੧੦੯॥ — [1]ਖ਼ਤਮ ਕਰ ਦਿਆਂਗੇ।
ਤਬਿ ਬਾਜ ਸਿੰਘ ਕਰ ਜੋਰਿ ਕਹਾ।
ਗੁਰ ਤੈ ਹਮ ਕੋ, ਤੁਮ ਸੰਗ ਲਹਾ।
ਤੁਮ ਜੁੱਧ ਵਿਖੇ ਚਲਿ ਖੜੋ ਅਬੈ।
ਹਮ ਸੱਤ੍ਰੁਨ ਕੋ ਦਲ ਮਲੈਂ ਤਬੈ[1] ॥੧੧੦॥ — [1]ਤਦੋਂ ਵੈਰੀਆਂ ਦੇ ਦਲ ਨੂੰ ਮਲ ਦਿਆਂਗੇ।
ਬਿਨ ਸੈਨ-ਪਤੀ ਸਭਿ ਸੈਨ ਇਮੈਂ।
ਬਿਨ ਦੂਲਹੁ[1] ਆਹਿ ਬਰਾਤ ਜਿਮੈਂ। — [1]ਲਾੜੇ ਤੋਂ ਬਿਨਾਂ।
ਹਮ ਤੈ ਨਹਿੰ ਤੁਮ ਬਿਨ ਜਾਇ ਲਰਜੋ।
ਇਕ ਘੜੀ ਤੁਮੈਂ ਤੋ ਪਹਿਰ ਰਰਜੋ ॥੧੧੧॥
ਪੁਨ ਲੋਗ ਲੁਟੇਰੇ ਜਿਤਿਕ ਅਏ।
ਵਹਿ ਤੋ ਸਭਿ ਫਸਲ ਬਟੇਰ[1] ਭਏ। — [1]ਫ਼ਸਲੀ ਬਟੇਰੇ ਭਾਵ ਸੁਆਰਥੀ, ਖ਼ੁਦਗ਼ਰਜ਼।
ਨਹਿੰ ਏਕ ਰਹਜੋ ਅਬਿ ਜੰਗ ਵਿਖੈ।
ਸਭਿ ਭਾਗ ਗਏ ਇਤ ਉਤੈ ਪਿਖੈ ॥੧੧੨॥

ਤੁਮ ਸੇਵਕ ਜੇਤਿਕ ਕਰੇ ਭਰੇ[1]।
[1]ਚੰਗੇ।
ਅਬਿ ਰਹਜੋ ਨ ਏਕੈ ਕਾਮ ਪਰੇ।
ਵਹਿ ਹੁਤੇ ਖਵੱਈਏ ਕੁਣਕੇ ਕੇ।
ਤਜ ਗਏ ਵੀਚ ਇਕ ਠੁਣਕੇ ਕੇ[1] ॥ ੧੧੩ ॥
[1]ਇਕ ਠੋਲੇ ਵੱਜਣ ਦੇ ਸਮੇਂ ਵਿੱਚ ਭਾਵ ਬਹੁਤ ਛੇਤੀ।
ਅਬਿ ਤੁੰਦ ਖਾਲਸਾ[1] ਠੀਕ ਰਹਜੋ।
[1]ਤੱਤ ਖ਼ਾਲਸਾ।
ਜਿਨ ਧਰਮ ਹੇਤ ਸਿਰ ਦੈਨ ਚਹਜੋ।
ਪੁਨ ਆਪ ਕਹਜੋ ਥਾ ਪ੍ਰਿਥਮ ਇਵੈਂ।
ਹਮ ਘਾਉ[1] ਨ ਸਿੰਘਹਿਂ ਹੋਨ ਦਿਵੈਂ ॥ ੧੧੪ ॥
[1]ਜ਼ਖ਼ਮ।
ਸ਼ਸਤ੍ਰ ਸਭਿ ਬਾਂਧਹਿਂ ਅਰਿ ਦਲ ਕੇ।
ਅਬਿ ਸ਼ੀਘਰ ਸੋਉ ਕਰਿ ਚਲ ਕੇ।
ਯਹਿ ਸੁਨਿ ਬੰਦੇ ਫਿਰ ਐਸ ਕਹਾ।
ਤੁਮ ਜਾਹੁ ਘਰੀ ਇਕ ਲਰੋ ਤਹਾਂ ॥ ੧੧੫ ॥

ਦੋਹਰਾ:

ਯਹਿ ਸੁਨਿ ਸਿੰਘਨ ਫਿਰ ਕਹਜੋ,
ਹਮ ਤੈ ਘਰੀ ਨ ਏਕ।
ਲਰਜੋ ਜਾਤ ਅਬਿ ਤੁਮ ਬਿਨਾਂ,
ਚਲ ਕਰਿ ਰਾਖਹੁ ਟੇਕ[1] ॥ ੧੧੬ ॥
[1]ਲਾਜ।
ਸਮਰ ਸਿੰਧੁ ਮੈਂ[1] ਅਬਿ ਪਰਜੋ,
[1]ਜੰਗ ਰੂਪ ਸਮੁੰਦਰ ਵਿੱਚ।
ਬੇੜਾ ਹਮਰਾ ਆਇ।
ਤੁਮ ਚਹੁ ਪਾਰ ਲਗਾਇ ਦਿਹੁ,
ਚਾਹੋ ਦੇਹੁ ਡੁਬਾਇ ॥ ੧੧੭ ॥
ਫਿਰ ਇਤਨੇ ਹੀ ਮੈਂ ਤਬੈ,
ਕੋਪ ਬਜੀਰੈ[1] ਧਾਰਿ।
[1]ਵਜ਼ੀਰ ਖ਼ਾਂ (ਸੂਬਾ ਸਰਹੰਦ ਨੇ)।
ਬੈਠਾ ਉੱਚੀ ਠੌਰ ਪੈ,
ਬੰਦਾ ਲਯੋ ਨਿਹਾਰ ॥ ੧੧੮ ॥

ਚੌਪਈ:

ਤਾਂ ਪਰ ਗੋਲੇ ਬਹੁ ਚਲਵਾਏ।
ਜਿਹ ਪਿਖਿ ਸਾਵਨ ਮੇਂਹ ਲਜਾਏ।
ਭੂਤ ਸਿਖੀ ਸਮ ਚਲੈਂ ਨ ਲਾਗੈਂ[1]।
[1]ਭੂਤਾਂ ਦੀ ਅੱਗ ਵਾਂਗ ਚਲਦੇ (ਨਜ਼ਰ ਆਉਂਦੇ) ਹਨ (ਪਰ ਕਿਸੇ ਨੂੰ) ਲੱਗਦੇ ਨਹੀਂ।

ਬੰਦਾ ਨਾਹਿਂ ਉਠਯੋ ਤਿਨ ਆਗੈਂ[1] ॥੧੧੯॥
ਫਿਰ ਸਿੰਘਨ ਕੀ ਤਰਫ ਬਜੀਦੇ*।

[1]ਉਨ੍ਹਾਂ ਗੋਲਿਆਂ ਦੇ ਅੱਗਿਓਂ।

*ਕਈ ਲੇਖਕਾਂ ਨੇ ਇਸ ਦਾ ਨਾਮ ਵਜੀਦ ਖ਼ਾਂ ਲਿਖਿਆ ਹੈ ਪਰ ਨਵੀਨ ਖੋਜ ਅਨੁਸਾਰ ਅਸਲ ਨਾਮ ਵਜ਼ੀਰ ਖ਼ਾਂ ਹੀ ਸਹੀ ਹੈ। ਉਂਵ ਕਈ ਥਾਂ ਗਿ: ਗਿਆਨ ਸਿੰਘ ਜੀ ਨੇ ਵੀ ਵਜੀਦ ਖ਼ਾਂ ਲਿਖ ਦਿੱਤਾ ਹੈ। ਹੋ ਸਕਦਾ ਹੈ ਕਿ ਇਹ ਉਸਦਾ ਪ੍ਰਚੱਲਤ ਨਾਮ ਹੋਵੇ।

ਦਯੋ ਜੋਰ ਬਹੁ ਪਾਇ ਤਗੀਦੇ[1]।
ਤਬਿ ਹੀ ਛਲੀਏ ਨੈ ਛਲ ਕਰਯੋ।
ਜਿਹ ਪ੍ਰਸੰਗ ਮੈਂ ਪੂਰਬ ਰਰਯੋ ॥੧੨੦॥

[1]ਪੱਕੀ ਕਰਕੇ।

ਪਾਇ ਭਾਗ[1] ਸਿੰਘਨ ਕੇ ਦਲ ਮੈਂ।
ਭਾਗ ਚਲ੍ਯੋ ਛਲੀਆ ਤਿਸ ਥਲ ਮੈਂ।
ਸੋ ਤੁਰੰਗ ਪਰ ਤੇ ਗਿਰ ਪਰਯੋ।

[1]ਭਾਜ।

ਮਰਯੋ ਭਰਯੋ ਕਿਯ[1], ਦੋਜ਼ਖ ਪਰਯੋ ॥੧੨੧॥

[1]ਕੀਤੇ ਦਾ ਫਲ ਪਾਇਆ।

ਜੋ ਜਾਂ ਸੋਂ ਮਿਲਿ ਦਗਾ ਕਮੈ ਹੈ।
ਤਾਂ ਕੋ ਦੁਖ ਫਲ ਸਾਹਿਬ ਦੈ ਹੈ।
ਨਹਿਂ ਕਲਯੁਗ ਕਰ ਜੁਗ[1] ਯਹਿ ਆਹੀ।
ਕਰਿ ਦੇਖੋ ਜਿਨ ਕੀਆ ਨਾਹੀਂ ॥੧੨੨॥

[1]ਕੀਤੇ ਅਨੁਸਾਰ ਫਲ ਪਾਉਣ ਦਾ ਯੁੱਗ।

*ਜਯੋਂ ਨ੍ਰਿਪ ਕੰਨਜਾ ਨ੍ਰਿਪ ਸੁਤ ਬਜਾਹੀ।

*ਇਕ ਰਾਜੇ ਦੀ ਬਹੁਤ ਖ਼ੂਬਸੂਰਤ ਲੜਕੀ ਦੇ ਰੂਪ 'ਤੇ ਬੇਈਮਾਨ ਹੋ ਕੇ ਰਾਜੇ ਦੇ ਜੋਤਸ਼ੀ ਬ੍ਰਾਹਮਣ ਨੇ ਰਾਜੇ ਨੂੰ ਕਿਹਾ ਕਿ ਇਹ ਲੜਕੀ ਤੇਰੇ ਤੇ ਤੇਰੇ ਰਾਜ ਲਈ ਨਸ਼ਟ ਕਰਨ ਵਾਲੀ ਸਿੱਧ ਹੋਵੇਗੀ। ਇਸ ਨੂੰ ਸਣੇ ਗਹਿਣਿਆਂ, ਕਪੜਿਆਂ ਆਦਿ ਦਾਜ ਦਾ ਸਾਮਾਨ ਦੇ ਕੇ ਇਕ ਸੰਦੂਕ 'ਚ ਬੰਦ ਕਰਕੇ ਦਰਿਆ 'ਚ ਰੋੜ੍ਹ ਦਿਓ। ਰਾਜੇ ਨੇ ਉਵੇਂ ਹੀ ਕੀਤਾ। ਬ੍ਰਾਹਮਣ ਦੇ ਮਨ 'ਚ ਚੋਰ ਸੀ। ਉਸ ਨੇ ਉਸ ਸੰਦੂਕ ਨੂੰ ਕੱਢਣ ਲਈ ਦਰਿਆ ਦੇ ਕੰਢੇ 'ਤੇ ਆਪਣੇ ਬੰਦੇ ਬਿਠਾਏ ਹੋਏ ਸਨ ਪਰ ਰਸਤੇ ਵਿਚੋਂ ਹੀ ਕਿਸੇ ਹੋਰ ਰਾਜੇ ਦੇ ਲੜਕੇ ਨੇ, ਜੋ ਸ਼ਿਕਾਰ ਖੇਲਣ ਆਇਆ ਹੋਇਆ ਸੀ, ਉਹ ਸੰਦੂਕ ਕਢਵਾਕੇ ਖੋਲ੍ਹਿਆ ਤਾਂ ਰਾਜੇ ਦੀ ਬਹੁਤ ਸੁੰਦਰ ਲੜਕੀ ਸਣੇ ਕੀਮਤੀ ਸਾਮਾਨ ਦੇ ਨਿਕਲੀ। ਸ਼ਹਿਜ਼ਾਦੇ ਨੇ ਉਸ ਨਾਲ ਸ਼ਾਦੀ ਕਰ ਲਈ ਤੇ ਸੰਦੂਕ 'ਚ ਜੰਗਲੀ ਬਾਂਦਰ ਬੰਦ ਕਰਕੇ ਦਰਿਆ 'ਚ ਰੋੜ੍ਹ ਦਿੱਤਾ। ਬ੍ਰਾਹਮਣ ਦੇ ਬੰਦਿਆਂ ਸੰਦੂਕ ਕੱਢ ਲਿਆ। ਬ੍ਰਾਹਮਣ ਨੇ ਆਪਣੇ ਮਕਾਨ ਦੇ ਅੰਦਰ ਬੂਹੇ ਕੁੰਡੇ ਬੰਦ ਕਰਕੇ ਮੰਦ-ਵਾਸ਼ਨਾਂ ਦੀ ਪੂਰਤੀ ਲਈ ਜਦ ਸੰਦੂਕ ਖੋਲ੍ਹਿਆ ਤਾਂ ਉਸ ਜੰਗਲੀ ਬਾਂਦਰ ਨੇ ਬ੍ਰਾਹਮਣ ਨੂੰ ਖਾ ਲਿਆ। ਇਨ੍ਹਾਂ ਤੁਕਾਂ ਵਿੱਚ

ਉਪ੍ਰਕੋਤ ਕਥਾ ਵਲ ਇਸ਼ਾਰਾ ਹੈ।

ਬਿੱਪਰ ਖਾਯੋ ਬੰਦਰ ਤਾਂਹੀ[1]।

[1]ਰਾਜੇ ਦੀ ਲੜਕੀ ਤਾਂ ਰਾਜੇ ਦੇ ਪੁੱਤਰ ਨੇ ਵਿਆਹ ਲਈ (ਅਤੇ ਛਲ ਕਰਨ ਵਾਲੇ) ਤਿਸ ਬ੍ਰਾਹਮਣ ਨੂੰ (ਜੰਗਲੀ) ਬਾਂਦਰ ਨੇ ਖਾ ਲਿਆ।

ਤਜੋਂ ਛਲ ਦਗਾ ਕਰੈਂ ਦੁਖ ਪੈਹੈਂ।
ਕਥਾ ਜੰਗ ਕੀ ਸੁਨੋ ਅਬੈ ਹੈਂ ॥੧੨੩॥
ਸੈਨ ਸਿੰਘਨ ਕੀ ਬਿਹਬਲ ਭਾਰੀ।
ਜਬਿ ਬੰਦੇ ਨੈ ਭਲੈ ਨਿਹਾਰੀ।
ਚਢਿ ਤੁਰੰਗ ਪਰ ਅਯੋ ਮਝਾਰੀ।
ਊਚ ਠੌਰ ਹ੍ਵੈ ਖਰੇ ਉਦਾਰੀ[1] ॥੧੨੪॥

[1]ਚੰਗੀ ਤਰ੍ਹਾਂ।

ਤਾਨਿ ਕਮਾਨ ਕਾਨ ਲੌ ਭਾਰੀ।
ਬਾਨ ਪਾਨ ਤੈ[1] ਤਜੇ ਅਪਾਰੀ।

[1]ਹੱਥਾਂ ਤੋਂ।

ਤਕਿ ਤਕਿ ਕੈ ਤੁਰਕੀ ਸਰਦਾਰੇ।
ਮਾਰ ਦੁਇਕ ਸੈ ਧਰ ਪਰ ਡਾਰੇ ॥੧੨੫॥
ਛੂਛੇ ਫਿਰੈਂ ਇਤੈ ਉਤ ਤਾਜੀ[1]।

[1]ਘੋੜੇ।

ਪੇਖਿ ਸਿੰਘ ਸਭਿ ਹੋਏ ਰਾਜੀ।
ਬਢਜੋ ਹੌਸਲਾ ਦਿਢ ਮਨਿ ਮਾਨਾ।
ਅਬਿ ਹਮਰੀ ਹ੍ਵੈ ਜੀਤ ਮਹਾਨਾ ॥੧੨੬॥
ਜੱਦਜਪਿ ਬੰਦੇ ਅਰਿ ਬਹੁ ਮਾਰੇ।
ਤੌ ਭੀ ਦੇਖਿ ਅਧਿਕ ਰਿਸ ਧਾਰੇ।
ਖੜ੍ਹੇ ਹੋਇ ਇਕ ਤੀਰ ਚਲਾਯੋ।
ਪੜ੍ਹ ਮੰਤਰ, ਸਤਿਗੁਰੁ ਜੋ ਦਾਯੋ ॥੧੨੭॥
ਚਲਜੋ ਤੀਰ ਤਬਿ ਉਠਜੋ ਤੁਫਾਨੈਂ।
ਮਿੱਟੀ ਕੰਕਰ ਉਡੇ ਮਹਾਨੈਂ।
ਸੋ ਤੁਰਕੋਂ ਕੇ ਨੈਨੋਂ ਪਰੈਂ।
ਬਜਾਕੁਲ ਭਏ ਨ ਦੀਸੈ ਜਰੈਂ ॥੧੨੮॥
ਗਈ ਮੱਤਿ ਤੁਰਕਨ ਕੀ ਮਾਰੀ।
ਲਗੇ ਲਰਨ ਆਪਸ ਮੈਂ ਭਾਰੀ।
ਫਿਰ ਬੰਦੇ ਮਨ ਮੈਂ ਰਿਸ ਕੈ ਕੈ।
ਹੋਇ ਅੱਗ੍ਰ ਹੱਲਾ ਕਰਵੈ ਕੈ ॥੧੨੯॥
ਮਾਰਿ ਭਗਾਯੋ ਸੱਤ੍ਰਨ ਤਾਂਈਂ।

ਪਾਛੇ ਲਗਜੋ ਆਪ ਪੁਨ ਧਾਈ[1]।
[1]ਦੌੜ ਕੇ।

ਸਿੰਘ ਪਰੇ ਤੁਰਕਨ ਪਰ ਐਸੇ।
ਅਜਾ ਬ੍ਰਿੰਦ ਪਰ ਕੇਹਰ ਜੈਸੇ[1] ॥੧੩੦॥
[1]ਜਿਵੇਂ ਬਹੁਤੀਆਂ ਬੱਕਰੀਆਂ ਉੱਪਰ ਸ਼ੇਰ (ਪੈਂਦਾ ਹੈ)।

ਛੁਟੀ ਤੇਗ ਸਿੰਘਨ ਕੀ ਕਾਰੀ[1]।
[1]ਚੰਗੀ।

ਜਾਟ ਬਢਤ ਜਜੋਂ ਠਾਟ ਜਮਾਰੀ[1]।
[1](ਠਾਟ) ਬਣਾ ਕੇ (ਸਵਾਰ ਕੇ) ਜੁਆਰ ਵੱਢਦਾ ਹੈ।

ਖਪਾ ਖੱਪ[1] ਸ਼ਸਤ੍ਰ ਤਨ ਲਾਹੈਂ।
[1](ਅਵਾਜ਼ ਨਾਲ)।

ਜਰਾ ਨ ਕਰਕ ਕਰੈਂ ਮਨ ਮਾਹੈਂ[1] ॥੧੩੧॥
[1]ਮਨ ਵਿੱਚ ਥੋੜਾ ਵੀ ਕਚਿਆਉਂਦੇ ਨਹੀਂ, ਭਾਵ ਤਰਸ ਨਹੀਂ ਕਰਦੇ।

ਨਰਾਜ ਛੰਦ:

ਛੁਟੈਂ ਕਰਾਲ ਸੈਹਬੀ,
ਲਸੰਤ ਕਾਲ ਜੀਹ ਸੀ[1]।
[1]ਕਾਲ ਦੀ ਜੀਭ ਵਰਗੀਆਂ ਭਿਆਨਕ ਬਰਛੀਆਂ ਚਲਦੀਆਂ ਹਨ।

ਬਿਸਾਲ ਸੱਤ੍ਰ ਘਾਤਨੀਂ,
ਕਰਾਲ ਸਾਂਪਨੀਹਂ ਸੀ[1]।
[1]ਬਹੁਤੇ ਵੈਰੀਆਂ ਨੂੰ ਮਾਰਨ ਵਾਲੀਆਂ ਭਿਆਨਕ ਸਪਣੀਆਂ ਵਰਗੀਆਂ।

ਛਿਦੈਂ ਸੰਜੋਇ ਢਾਲ ਕੋ,
ਭਿਦੈਂ ਸੁ ਅੰਗ ਦੇਹ ਕੇ[1]।
[1]ਸੰਜੋਆਂ ਤੇ ਢਾਲਾਂ ਨੂੰ ਕੱਟ ਕੇ ਸਰੀਰ ਦੇ ਅੰਗਾਂ ਨੂੰ ਵਿੰਨ੍ਹ ਦੇਂਦੀਆਂ ਹਨ।

ਬਰ੍ਰੰਤ ਪੁੰਜ ਸਾਇਕਾ,
ਸਮਾਨ ਜਾਨੁ ਮੇਂਹ ਕੇ[1] ॥੧੩੨॥
[1]ਜਾਣੋ ਬਹੁਤੇ ਤੀਰ ਮੀਂਹ ਵਾਂਗ ਵਰ੍ਹਦੇ ਹਨ।

ਕਹੂੰ ਛੁਟੰਤ ਤੋਮਰੈ,
ਅਪਾਰ ਦੰਡ ਲੋਹ ਕੇ[1]।
[1]ਕਿਤੇ ਲੋਹੇ ਦੇ ਡੰਡਿਆਂ ਵਾਲੇ ਬਹੁਤੇ ਬਰਛੇ ਚਲ ਰਹੇ ਹਨ।

ਕਰੈਂ ਗਰੱਦ ਮਾਰ ਕੈ,
ਮਰੱਦ ਸੰਗ ਛੋਹ ਕੇ[1]।
[1](ਛੋਹ) ਗ਼ੁੱਸੇ ਨਾਲ ਆਦਮੀ ਨੂੰ ਮਾਰ ਕੇ ਮਿੱਟੀ ਕਰ ਦੇਂਦੇ ਹਨ।

ਚਲੰਤ ਚੱਕ੍ਰ ਬੱਕਰੈਂ,
ਬਿਸਾਲ ਗੀਧ ਮਾਲ ਜਜੋਂ[1]।
[1]ਗਿਰਝਾਂ ਦੀ ਡਾਰ ਵਾਂਗ ਬਹੁਤ ਟੇਢੇ ਚੱਕ੍ਰ ਚਲਦੇ ਹਨ।

ਕਰੰਤ ਤੁੱਛ ਮੁੱਛ ਸੋ,
ਬਰਿੱਛ ਅੰਗ ਡਾਲ ਜਜੋਂ[1] ॥੧੩੩॥
[1]ਅੰਗਾਂ ਨੂੰ ਬ੍ਰਿੱਛਾਂ ਦੀਆਂ ਡਾਲੀਆਂ ਵਾਂਗ (ਤੱਛ) ਛਾਂਗ ਕੇ (ਮੁੱਛ) ਟੋਟੇ ਕਰ ਦੇਂਦੇ ਹਨ।

ਕਢੈਂ ਕ੍ਰਿਪਾਨ ਮਜਾਨ ਤੈ,
ਲਸੰਤ ਸਾਮ ਦਾਮਨੀ[1]।
[1]ਬਿਜਲੀਆਂ ਵਾਂਗ ਚਮਕਦੀਆਂ ਹਨ।

ਨਿਸੰਕ ਅੰਕ ਬਾਹਿ ਬਾਹਿ,
ਭੂਮਿ ਮੈਂ ਮਿਲਾਵਨੀ[1]।

[1]ਨਿਸ਼ੰਗ ਹੋ ਕੇ ਅੰਗਾਂ 'ਤੇ ਵਾਹ ਵਾਹ ਕੇ ਭਾਵ ਮਾਰ ਮਾਰ ਕੇ ਧਰਤੀ 'ਚ ਮਿਲਾ ਦੇਂਦੇ ਹਨ।

ਕਰੈਂ ਦੁਫਾਰ ਕੱਟ ਚੱਟ
ਪੱਟ, ਮੂੰਡ ਕੁੱਟਹੀਂ[1]।

[1]ਕੱਟ ਕੇ ਦੋ ਫਾੜ ਕਰ ਦੇਂਦੇ ਹਨ ਤੇ ਛੇਤੀ ਨਾਲ ਸਿਰ ਨੂੰ ਕੁੱਟਦੇ ਹਨ।

ਨ ਦੇਰ ਫੇਰ ਧਾਰ ਹੈਂ[1],
ਨਿਬੇਰ ਝੱਟ ਸੁੱਟਹੀਂ ॥ ੧੩੪ ॥

[1]ਫੇਰ ਦੇਰ ਨਹੀਂ ਕਰਦੇ।

ਕਹੂੰ ਕਮਾਨ ਤਾਨ ਕੈ,
ਚਲਾਇ ਤੀਰ ਤੀਛਨਾ[1]।
ਲਗੰਤ ਬੇਧ ਜਾਤ ਹੈ[1],
ਸਰੀਰ ਕੋ ਨਿਰੀਛਨਾ[1]।

[1]ਤਿੱਖੇ।

[1]ਵਿੰਨ੍ਹਦਾ ਜਾਂਦਾ ਹੈ।

[1]ਦੇਖਦਿਆਂ ਹੀ।

ਚਢੀ ਅਪਾਰ ਲੁੱਥ ਲੁੱਥ
ਪੈ, ਮਝਾਰਿ ਭੂਮਿ ਕੈ।
ਗਿਰੰਤ ਜੁਝਿ ਜੁਝ ਜ੍ਵਾਨ,
ਘੁਮਿ ਘੁਮਿ ਝੂਮ ਕੈ[1] ॥ ੧੩੫ ॥

[1]ਜਵਾਨ ਲੜ ਲੜ ਕੇ ਚੱਕ੍ਰ ਲਾ ਲਾ ਕੇ (ਝੂਮ) ਹੁਲਾਰੇ ਖਾ ਕੇ ਡਿੱਗਦੇ ਹਨ।

ਮਰੈਂ ਜੁ ਜੁਝਿ ਸੰਮੁਖੈਂ[1],
ਨ ਦੇਰ ਤਾਂਹਿ ਲਾਵਹੀਂ।
ਬਰੰਤ ਦੇਵ ਅੰਗਨਾਂ[1],
ਬਿਵਾਨ ਪੈ ਚਢਾਵਹੀਂ।

[1]ਸਾਹਮਣੇ ਲੜ ਕੇ।

[1]ਉਨ੍ਹਾਂ ਨੂੰ ਵਰਦੀਆਂ ਅਪੱਛਰਾਂ ਦੇਰ ਨਹੀਂ ਲਾਉਂਦੀਆਂ।

ਲਿਜਾਇ ਦੇਵ ਲੋਕ ਮੈਂ,
ਮਹਾਨ ਮੋਦ[1] ਪਾਇ ਹੈਂ।
ਸੁਭੋਗ ਭਾਂਤਿ ਭਾਂਤਿ ਕੇ,
ਮਨਿੱਛਤੈ[1] ਭੁਗਾਇ ਹੈਂ ॥ ੧੩੬ ॥

[1]ਅਨੰਦ।

[1]ਮਨ ਭਾਉਂਦੇ।

ਕਹੂੰ ਜਮਾਤ ਜੋਗਨੀ,
ਸ੍ਰੋਨ ਪਾਨ ਕੌ ਕਰੈਂ[1]।
ਸ੍ਰਿੰਗਾਲ ਸ੍ਵਾਨ ਕਾਕ ਗੀਧ,
ਬੀਧ ਮਾਸ ਕੋ ਚਰੈਂ[1]।

[1]ਲਹੂ ਪੀਂਦੀਆਂ ਹਨ।

[1]ਗਿੱਦੜ, ਕੁੱਤੇ, ਕਾਂ, ਗਿਰਝਾਂ (ਬੀਧ) ਵਿੰਨ੍ਹ ਕੇ ਭਾਵ ਕੱਟ ਕੱਟ ਕੇ ਮਾਸ ਨੂੰ ਖਾਂਦੇ ਹਨ।

ਸੁ ਭੂਤ ਪ੍ਰੇਤ ਭੈਰਵੀ,

ਮਹਾਨ ਮੋਦ ਧਾਰਹੀਂ।
ਨਹਾਇ ਸ੍ਰੋਨ, ਆਮਖੈਂ
ਅਘਾਇ, ਕਿੱਲਕਾਰਹੀਂ[1] ॥੧੩੭॥

[1]ਲਹੂ 'ਚ ਨਹਾ ਕੇ ਮਾਸ ਨਾਲਰੱਜ ਕੇ ਖ਼ੁਸ਼ੀ ਨਾਲ ਚੀਕਾਂ ਮਾਰਦੀਆਂ ਹਨ।

ਕਪਾਲ ਲੈ ਬਿਸਾਲ, ਤਾਲ
ਕਾਲਕਾ ਬਜਾਵਤੀ[1]।

[1]ਕਾਲੀ ਬਹੁਤੀਆਂ ਖੋਪਰੀਆਂ ਲੈ ਕੇ (ਤਾਲ) ਛੈਣੇ ਵਜਾਉਂਦੀ ਹੈ।

ਸੁ ਗਾਇ ਗੀਤ ਮੋਦ ਪਾਇ,
ਨਾਰਦੈਂ[1] ਨਚਾਵਤੀ।

[1]ਨਾਰਦ ਨੂੰ।

ਬਕੰਤ[1] ਮਾਰ ਮਾਰ ਬੀਰ[2],

[1]ਬੋਲਦੇ ਹਨ। [2]ਸੂਰਮੇਂ।

ਝਾਰਹੀਂ[1] ਕ੍ਰਿਪਾਨ ਕੋ।

[1]ਮਾਰਦੇ ਹਨ।

ਸੁਟੰਤ ਖੰਡ ਖੰਡ ਕੈ,
ਬਿਹੰਡ ਅੱਸ੍ਰ ਜ੍ਵਾਨ ਕੋ[1] ॥੧੩੮॥

[1]ਘੋੜਿਆਂ ਤੇ ਜਵਾਨਾਂ ਨੂੰ (ਬਿਹੰਡ) ਮਾਰ ਕੇ ਤੇ ਟੁਕੜੇ ਟੁਕੜੇ ਕਰ ਕੇ ਸੁੱਟ ਦੇਂਦੇ ਹਨ।

ਮਚਯੋ ਮਹਾਨ ਕੀਚ,
ਔਨ ਵੀਚ ਖੂਨ ਮੇਦ ਕੋ[1]।

[1](ਔਨ) ਧਰਤੀ ਵਿੱਚ ਲਹੂ ਤੇ ਮਿੱਝ ਦਾ ਚਿੱਕੜ ਬਣ ਗਿਆ।

ਕਟੰਤ ਅੱਧ ਅੱਧ ਜੋ,
ਮਰੰਤ ਪਾਇ ਖੇਦ[1] ਕੋ।

[1]ਦੁੱਖ।

ਕਬੰਧ ਬ੍ਰਿੰਦ ਡੋਲਹੀਂ
ਕਰਾਲ, ਬੋਲ ਪਾਰ ਕੈ[1]।

[1]ਬਹੁਤੇ ਭਿਆਨਕ ਧੜ ਫਿਰਦੇ ਹਨ ਆਪਣੇ ਬਚਨਾਂ ਨੂੰ ਪਾਲ ਕੇ।

ਲਰੰਤ ਸਿੰਘ ਸੂਰਮੇਂ,
ਅਨੰਤ ਰੋਸ ਧਾਰ ਕੈ[1] ॥੧੩੯॥

[1]ਬਹੁਤਾ ਗ਼ੁੱਸਾ ਕਰਕੇ।

ਦੋਹਰਾ:
ਪਰਯੋ ਜੰਗ ਗਾਢਾ ਮਹਾਂ,
ਬਜਯੋ ਸਾਰ ਸੋਂ ਸਾਰ[1]।

[1]ਲੋਹੇ ਨਾਲ ਲੋਹਾ ਭਾਵ ਸ਼ਸਤ੍ਰ ਨਾਲ ਸ਼ਸਤ੍ਰ।

ਅੱਸ੍ਰ ਜ੍ਵਾਨ ਜੁਗ ਓਰ ਤੈ,
ਜੂਝੇ ਤਹਾਂ ਅਪਾਰ ॥੧੪੦॥

ਚੌਪਈ:
ਚਢਯੋ ਫੀਲ ਪਰ[1] ਖਾਨ ਬਜੀਰਾ।

[1]ਹਾਥੀ ਉੱਤੇ।

ਜੰਗ ਕਰਾਵਤ ਯੁਤ ਤਤਬੀਰਾ[1]।

[1]ਜੁਗਤੀ ਨਾਲ।

ਇਤ ਦਿਸ ਤੇ ਬੰਦਾ ਦਲ ਮੈਂ ਹੈ[1]। — [1]ਵਿੱਚ।
ਚਢ੍ਯੋ ਅੱਸ੍ਵ ਇਤ ਉਤੈ ਫਿਰੈ ਹੈ ॥੧੪੧॥
ਅਲੀ ਅਲੀ ਸਭਿ ਤੁਰਕ ਪੁਕਾਰੈਂ।
ਸਿੰਘ ਅਕਾਲ ਅਕਾਲ ਉਚਾਰੈਂ।
ਦੀਨ ਮਜ਼ਬ ਕਾ ਜੁੱਧ ਨਿਹਰ ਕੈ[1]। — [1]ਦੇਖ ਕੇ।
ਲਰੈਂ ਦੁਹੂੰ ਦਿਸ ਤੈਂ ਬਲ ਧਰ ਕੈ ॥੧੪੨॥
ਫਿਰ ਬੰਦੇ ਹੱਲਾ ਕਰਵਾਯੋ।
ਦਲ ਤੁਰਕਨ ਕਾ ਮਾਰ ਦਬਾਯੋ।
ਪਿਖਿ ਸਿੰਘਨ ਕਾ ਜੰਗ ਮਹਾਨੈ।
ਭਯੋ ਬਜੀਦਾ ਖਾਨ ਹਿਰਾਨੈ ॥੧੪੩॥
ਸਿੰਘ ਪਰੇ ਤਿਨ ਪਰ ਸਭਿ ਧਾਈ।
ਮਾਰ ਲਏ ਮੁਸਲੇ ਬਿਚਲਾਈ[1]। — [1]ਖਿੰਡਾ ਕੇ।
ਭਾਗੇ ਕਿਤਿਕ ਜਾਨ ਕਰਿ ਪਜਾਰੀ।
ਮਰੇ ਤਹਾਂ ਸਰਦਾਰ ਅਪਾਰੀ ॥੧੪੪॥
ਨਾਜ਼ਮ[1] ਫੀਲ ਪਿਛਾਹਿੰ ਭਗਾਯੋ। — [1]ਸੂਬੇ ਨੇ।
ਗਜ ਕਾ ਪਗ[1] ਮੱਧ ਕਬਰ ਧਸਾਯੋ। — [1]ਹਾਥੀ ਦਾ ਪੈਰ।
ਗਿਰ੍ਯੋ ਬਜੀਦ ਖਾਨ ਤਿਸ ਠੌਰੈਂ।
ਥੀ ਅਸਵਾਰੀ ਨਹਿੰ ਢਿਗ ਔਰੈਂ ॥੧੪੫॥
ਗਹ੍ਯੋ ਜਾਇ ਸਿੰਘਨ ਵਹਿ ਧਾਈ।
ਫਤੇ ਜੰਗ ਕੀ ਬੰਦੇ ਪਾਈ।
ਭਾਗ ਗਈ ਸਭਿ ਹੀ ਤੁਰਕਾਨੀ।
ਨਾਹਿੰ ਸਰੁੰਦ ਧਸੇ ਡਰ ਮਾਨੀ ॥੧੪੬॥
ਤੁਰਕ ਡਰੈਂ ਬੰਦੇ ਤੋਂ ਐਸੇ।
ਮਿਰਗ ਡਰਤ ਕੇਹਰ ਤੇ ਜੈਸੇ।
ਸਿੰਘ ਧਸੇ ਸਰਹੰਦੈਂ ਜਾਏ।
ਲੂਟ ਕੂਟ ਕੀਨੀ ਮਨ ਭਾਏ ॥੧੪੭॥
ਬੋਦੀ ਜੰਞੂ ਪੇਖਿ ਤਜੈ ਹੈਂ।
ਬਾਕੀ ਲੂਟ ਸਭੀ ਕੋ ਲੈਹੈਂ।
ਗੁਰੁ ਕੇ ਸਿੱਖ ਕਾ ਜਿਹਿੰ ਘਰ ਹੋਈ।
ਕੂਚਾ[1] ਗਰੀ[2] ਬਚੈ ਹੈ ਸੋਈ ॥੧੪੮॥ — [1]ਗਲੀ ਦਾ ਇਕ ਭਾਗ। [2]ਗਲੀ।

ਬਡੇ ਬਡੇ ਜੇਤਿਕ ਥੇ ਮੁਸਲੇ।
ਤਿਨ ਕੇ ਪਟੇ[1] ਪਕਰਿ ਭਲ ਖੁਸਲੇ[2]। — [1]ਸਿਰਾਂ ਦੇ ਵਾਲ। [2]ਖੋਹੇ, ਪੁੱਟੇ।
ਜ਼ੇਵਰ ਦੌਲਤ ਮਾਰ ਕਢੈ ਹੈਂ।
ਲਰੈਂ ਜੁ ਅੱਗਜੋ ਤਾਹਿਂ ਹਤੈ ਹੈਂ[1] ॥੧੪੯॥ — [1]ਮਾਰ ਦੇਂਦੇ ਹਨ।
ਹਯ[1] ਹਥਜਾਰ ਦੌਲਤੈ ਪੀਨੀ[2]। — [1]ਘੋੜੇ। [2]ਬਹੁਤੀ ਮਾਇਆ।
ਮਲਵੱਈਅਨ ਮਾਝੈਲੈਂ ਲੀਨੀ[1]। — [1]ਲੈ ਲਈ।
ਅਹੁਦੇਦਾਰ ਅਮੀਰ ਹਜ਼ਾਰੈਂ।
ਪਕਰਿ ਜਕਰਿ ਕੋਠਜੋਂ ਮੈਂ ਡਾਰੈਂ ॥੧੫੦॥
ਤਾਲੇ ਦੈ[1] ਪਹਿਰੇ ਬੈਠਾਰੇ। — [1]ਜਿੰਦੇ ਮਾਰ ਕੇ।
ਬੰਦਾ ਉਤਰਜੋ ਕਿਲੇ ਮਝਾਰੇ।
ਕਬਜ਼ਾ ਅਪਨਾ ਕੀਨ ਉਦਾਰੇ[1]। — [1]ਚੰਗੀ ਤਰ੍ਹਾਂ।
ਸ਼ਾਹੀ ਸਭੈ ਮਕਾਨ ਸੰਭਾਰੇ।
ਤੋਸ਼ੇਖਾਨੇ[1] ਆਦਿ ਅਪਾਰੇ ॥੧੫੧॥ — [1]ਤੋਸ਼ੇਖਾਨਾ- ਗਹਿਣੇ, ਬਸਤ੍ਰ ਤੇ ਜਲੌ ਦੇ ਸਾਮਾਨਰੱਖਣ ਦਾ ਕਮਰਾ।

ਸਭੀ ਕੁਟੰਬ ਬਜੀਦੇ ਕੇਰਾ।
ਪਕਰਿ ਏਕ ਕੋਠੇ ਮੈਂ ਗੇਰਾ।
ਆਠ ਪਹਰ ਯੌਂ ਲੁਟੀ ਸਰ੍ਹੰਦੈਂ।
ਫੇਰ ਕਰੀ ਬੰਦੇ ਨੈ ਬੰਦੈਂ[1] ॥੧੫੨॥ — [1](ਲੁੱਟ) ਬੰਦ ਕਰ ਦਿੱਤੀ।
ਦੌਲਤ ਜੇਤਿਕ ਜਿਸ ਕਰ[1] ਆਈ। — [1]ਹੱਥ।
ਬੰਦੇ ਕਹਜੋ ਸੋਇ ਲੈ ਜਾਈ।
ਬੰਦੋਬਸਤ ਬੰਦੇ ਸਭਿ ਕਰਿ ਕੈ।
ਪੁਨ ਸਭਿ ਸਿੰਘਨ ਸੰਗ ਵਿਚਰ ਕੈ ॥੧੫੩॥
ਮੰਗਵਾਯੋ ਬਾਜੀਦੇ ਤਾਂਈਂ।
ਮੂਲ ਦ੍ਵਾਰ ਮੈਂ[1] ਮੇਖ ਧਸਾਈ। — [1]ਗੁਦਾ ਵਿੱਚ।
ਬਾਂਧਿ ਬੈੜਕਨਿ[1] ਮਗਰ ਘਸੀਟਾ। — [1]ਵਹਿੜਕਿਆਂ, ਨੌਜਵਾਨਾਂ ਬੈਲਾਂ।
ਨਗਰ ਚੁਫੇਰੇ ਫੇਰਜੋ ਨੀਠਾ[1] ॥੧੫੪॥ — [1]ਚੰਗੀ ਤਰ੍ਹਾਂ।
ਫਿਰ ਜੀਵਤ ਹੀ ਅਗਨੀ ਬੀਚੁ।
ਸਾੜਜੋ ਪਾਇ ਬਜੀਦਾ ਨੀਚੁ।
ਕਰਿ ਕਾਫਰ ਮਾਰਜੋ ਦੁਖ ਦੈ ਕੈ।
ਸਿੰਘਨਿ ਜੈਜੈਕਾਰ ਗਜੈ ਕੈ ॥੧੫੫॥

ਪੁਨਾ ਸਬੰਧੀ ਥੇ ਤਿਹ ਜੇਤੇ।
ਪਕਰਿ ਜਕਰਿ ਲਜਾਏ ਸਿੰਘ ਤੇਤੇ।
ਉਲਟੇ ਕਰਿ ਬਿਰਛਨ ਕੇ ਸੰਗੈਂ।
ਬਾਂਧਿ ਬਾਂਧਿ ਮਾਰੇ ਦੁਰ ਢੰਗੈਂ[1] ॥੧੫੬॥
ਸਿੰਘ ਔਰ ਤੁਰਕਹਿਂ ਗਹਿਂ ਲਜਾਵੈਂ।
ਕੁਛ ਛੋਡੈਂ ਬਹੁਤੇ ਕਤਲਾਵੈਂ।
ਕੋਠਜੋਂ ਮੈਂ ਹੀਂ ਬਹੁ ਮਰ ਗਏ।
ਅਰਧ ਮਰੇ[1] ਸੇ ਬਾਕੀ ਭਏ ॥੧੫੭॥
ਜੈਸੇ ਕਾਮ ਉਨੋ ਥੇ ਕੀਨੇ।
ਤੈਸੇ ਬਦਲੇ ਬੰਦੇ ਲੀਨੇ।
ਬਾਲ ਬ੍ਰਿੱਧ ਨਹਿਂ ਤਰੁਣ ਤਜਾਏ[1]।
ਫੜਿ ਫੜਿ ਬੰਦੇ ਕਤਲ ਕਰਾਏ ॥੧੫੮॥
ਤੁਰਕਣੀਆਂ ਕੇ ਪੇਟੋਂ ਬੱਚੇ।
ਬਹੁ ਕਢਵਾਇ ਹਤੇ ਤਬਿ ਕੱਚੇ*।

[1]ਖੋਟੇ ਢੰਗ ਨਾਲ।

[1]ਅਧ-ਮੋਇਆਂ ਵਰਗੇ।

[1]ਜਵਾਨ ਵੀ ਨਹੀਂ ਛੱਡੇ।

*ਦਸਮ ਸਤਿਗੁਰਾਂ ਦੇ ੭ ਤੇ ੯ ਸਾਲ ਦੇ ਸ਼ੀਰ ਖੋਰ ਮਾਸੂਮ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਹ ਸਿੰਘ ਜੀ ਨੂੰ ਤਸੀਹੇ ਦੇ ਕੇ ਨੀਂਹਾਂ ਵਿੱਚ ਚਿਣ ਕੇ ਕਤਲ ਕੀਤੇ ਜਾਣ ਦਾ ਸੱਲ ਸਿੰਘਾਂ ਦੇ ਮਨ ਵਿੱਚ ਅਜੇ ਸੱਜਰਾ ਸੀ, ਇਸ ਲਈ ਸਿੰਘਾਂ ਨੇ ਉਨ੍ਹਾਂ ਜ਼ਾਲਮਾਂ ਨੂੰ ਉਨ੍ਹਾਂ ਦੀ ਕੀਤੀ ਦਾ ਫਲ ਤਾਂ ਜ਼ਰੂਰ ਭੁਗਤਾਇਆ ਹੋਵੇਗਾ, ਪਰ ਗਰਭਵਤੀ ਇਸਤ੍ਰੀਆਂ ਦੇ ਪੇਟ ਚੋਂ ਕੱਚੇ ਬੱਚੇ ਕੱਢਕੇ ਮਾਰਨ ਵਾਲੀ ਗੱਲ ਕਿਸੇ ਤਰ੍ਹਾਂ ਵੀ ਮੰਨਣ ਯੋਗ ਨਹੀਂ। ਕਿਉਂਕਿ ਇਹ ਗੱਲ ਸਿੰਘਾਂ ਦੇ ਆਪਣੇ ਇਖ਼ਲਾਕ ਤੇ ਗੁਰੂ ਕੇ ਹੁਕਮਾਂ ਦੇ ਵਿਰੁੱਧ ਹੈ। ਸਿੰਘਾਂ ਦਾ ਇਹ ਕਰਮ ਸੀ ਕਿ ਉਹ ਬੁੱਢੇ, ਬੀਮਾਰ, ਇਸਤ੍ਰੀ ਤੇ ਬੱਚੇ 'ਤੇ ਕਦੇ ਵੀ ਵਾਰ ਨਹੀਂ ਕਰਦੇ ਸਨ। ਮੇਰਾ ਅਨੁਮਾਨ ਹੈ ਕਿ ਮੁਤੱਸਬੀ ਮੁਸਲਮਾਨ ਤਾਰੀਖ਼ਦਾਨਾਂ ਵਲੋਂ ਜਾਣ ਬੁੱਝ ਕੇ ਇਕ ਸੋਚੀ ਸਮਝੀ ਸਾਜ਼ਸ਼ ਅਨੁਸਾਰ ਬੰਦੇ ਤੇ ਸਿੰਘਾਂ ਨੂੰ ਜ਼ਾਲਮ ਸਿੱਧ ਕਰਨ ਲਈ ਹੀ ਅਜਿਹੀਆਂ ਗੱਲਾਂ ਆਪਣੀਆਂ ਪੁਸਤਕਾਂ ਵਿੱਚ ਲਿਖ ਦਿੱਤੀਆਂ ਹਨ। ਚੂੰਕਿ ਗਿਆਨੀ ਜੀ ਪਹਿਲੇ ਸਿੱਖ ਇਤਿਹਾਸਕਾਰ ਹਨ ਜਿਨ੍ਹਾਂ ਨੇ ਮੁਸਲਮਾਨ ਲੇਖਕਾਂ ਦੀਆਂ ਪੁਰਾਣੀਆਂ ਹੱਥ ਲਿਖਤ ਪੁਸਤਕਾਂ ਨੂੰ ਵਧੇਰੇ ਮਾਤ੍ਰਾ ਵਿਚ ਫਰੋਲਿਆ ਤੇ ਉਨ੍ਹਾਂ ਵਿੱਚੋਂ ਸਿੱਖ ਇਤਿਹਾਸ ਨੂੰ ਚੁਣਿਆ ਹੈ। ਇਹੋ ਜੇਹੀਆਂ ਤੁਕਾਂ ਉਨ੍ਹਾਂ ਮੁਸਲਮਾਨ ਲੇਖਕਾਂ ਦੀਆਂ ਲਿਖਤਾਂ ਦਾ ਅਣਜਾਣੇ ਹੀ ਉਲਥਾ ਹੋ ਗਿਆ ਸਮਝਣਾ ਚਾਹੀਦਾ ਹੈ। ਇਸ ਵਿੱਚ ਗਿਆਨੀ ਜੀ

ਦੀ ਆਪਣੀ ਆਤਮਾ ਦੀ ਆਵਾਜ਼ ਨਹੀਂ ਹੈ।

ਪੁਨਾ ਸਜਾਦਾ ਨੰਦ ਦਿਵਾਨੂੰ[1]।
ਹੁਤੋ ਬਜੀਦੇ ਕਾ ਅਗਵਾਨੂ[1] ॥੧੫੯॥
ਕਹਤ ਜਾਂਹਿ ਸਿਖ ਝੂਠਾ ਨੰਦੂ।
ਹੁਤੋ ਮਹਾਂ ਪਾਪੀ ਮਤਿ ਮੰਦੂ।
ਗੁਰੁ ਸੁਤ ਥੇ ਉਸ ਨੇ ਮਰਵਾਏ।
ਖਾਨ ਬਜੀਦੇ ਕੋ ਸਿਖਰਾਏ ॥੧੬੦॥
ਤਾਂ ਕੋ ਪਕਰਜੋ ਘਰ ਤੈ ਜਾਏ।
ਦੈ ਮੁਸ਼ਕਾਂ ਬੰਦੇ ਢਿਗ ਲਜਾਏ ॥੧੬੧॥

[1]ਦੀਵਾਨ ਸੁੱਚਾ ਨੰਦ।
[1]ਆਗੂ, ਪੇਸ਼ਕਾਰ।

ਦੋਹਰਾ:
ਬੰਦੇ ਨੈ ਤਬਿ ਨੰਦ ਕੋ,
ਕਰਵਾਈ ਬਹੁ ਮਾਰ।
ਪਾਈ ਨਾਕ ਨਕੇਲ ਪੁਨ,
ਤਾਂਹਿ ਨਾਕ ਕੋ ਫਾਰਿ[1] ॥੧੬੨॥

[1]ਪਾੜ ਕੇ।

ਚੌਪਈ:
ਹਾਥ ਜਲਾਦਨ ਕੇ ਪਕਰਾਯੋ।
ਘਰ ਘਰ ਵੀਚ ਸਰੁੰਦ ਫਿਰਾਯੋ।
ਚਣੇਂ ਛਟਾਂਕ ਲੂਣ ਸਮ ਭਿਲ ਹੀ[1]।
ਖਾਣਾ ਏਹੁ ਤਾਂਹਿ ਨਿਤ ਮਿਲ ਹੀ ॥੧੬੩॥

[1]ਇਕ ਛਟਾਂਕ ਛੋਲੇ ਤੇ ਇਕ ਛਟਾਂਕ ਲੂਣ ਇੱਕੋ ਜੇਹੇ ਮਿਲਾ ਕੇ।

ਮਰਜੋ ਦੁਸ਼ਟ ਦੁਖ ਪਾਇ ਅਪਾਰੀ।
ਜਾਇਦਾਦ ਜਪਤੀ[1] ਤਿਹ ਸਾਰੀ।
ਪੁੱਤ੍ਰ ਪੋਤ੍ਰੇ ਥੇ ਤਿਹਿ ਜੇਤੇ।
ਬੰਦੇ ਕਤਲ ਕਰਾਏ ਤੇਤੇ ॥੧੬੪॥

[1]ਜ਼ਬਤ ਕਰ ਲਈ, ਆਪਣੇ ਕਬਜ਼ੇ 'ਚ ਕਰ ਲਈ।

ਤਿਸ ਕੀ ਅੰਸ[1] ਰਹਿਨ ਨਹਿਂ ਦੀਨੀ।
ਪਾਈ ਸਜਾ ਜੈਸ ਤਿਹ ਕੀਨੀ।
ਗਾਰਤ[1] ਲੂਟ ਕਰਾਇ ਸਰੁੰਦੈਂ।
ਦੀਨੋ ਅਮਨ ਚੈਨ ਫਿਰ ਬੰਦੈ ॥੧੬੫॥
ਸ਼ਹਿਰ ਸਰੁੰਦ ਨ ਤਾਂਹਿ ਉਜਾਰਾ।
ਬੰਦੇ ਗੁਰੁ ਕਾ ਬਚਨ ਬਿਸਾਰਾ।

[1]ਉਲਾਦ।
[1]ਤਬਾਹ, ਬਰਬਾਦ।

ਯਾਹੀ ਤੈ ਬੰਦੇ ਕੋ ਮਾਰੈਂ।
ਤੁਰਕ ਕਰੈਂਗੇ ਫੜ ਕਰਿ ਖ੍ਵਾਰੈਂ ॥੧੬੬॥
ਪੰਥ ਖਾਲਸਾ ਜਬੈ ਬਢੈ ਹੈ[1]। — [1]ਵਧੇਗਾ।
ਫੇਰ ਉਜਾਰ ਸਰੰਦਹਿੰ ਕੈਹੈ[1]। — [1]ਕਰੇਗਾ।
ਮੁਲਖ ਬਾਵਨੀ[1] ਕਾ ਥਾ ਜੇਤਾ। — [1]ਸਰਹੰਦ ਦਾ ਪਰਗਣਾ ਜੋ ਕਿਸੇ ਸਮੇਂ ਬਵੰਜਾ (੫੨) ਪਿੰਡਾਂ ਦਾ ਸੀ।
ਨਿਜ ਕਬਜੇ ਬੰਦੇ ਕਿਯ ਤੇਤਾ ॥੧੬੭॥
ਬਾਜ ਸਿੰਘ ਨਾਜ਼ਮ[1] ਕਰਿ ਦੀਨੋ। — [1]ਸੂਬਾ।
ਜੋ ਸਭ ਬਿਧਿ ਥਾ ਲਾਇਕ ਚੀਨੋ।
ਆਲੀ ਮਾਲੀ ਸਿੰਘ ਮੁਸਾਹਿਬ[1]। — [1]ਅਹਿਲਕਾਰ।
ਕੀਨੇ ਤਾਂ ਕੇ ਸੰਗੈ ਨਾਇਬ[1] ॥੧੬੮॥ — [1]ਛੋਟੇ ਸੂਬੇ।
ਕਾਰ-ਦਾਰ[1] ਹਿੰਦੂ ਸਭਿ ਕੀਨੇ। — [1]ਕੰਮ ਕਰਨ ਵਾਲੇ, ਕਰਮਚਾਰੀ।
ਤੁਰਕਨ ਤੇ ਕਿੱਤੇ[1] ਸਭਿ ਛੀਨੇ[2]। — [1]ਕੰਮ। [2]ਖੋਹ ਲਏ।
ਅਚਰਜ ਪ੍ਰਭੁ ਕੀ ਪਿਖੋ ਭਾਵਨੀ[1]। — [1]ਮਨ-ਭਾਉਣੀ, ਹੋਣੀ, ਭਾਵਰਜ਼ਾ।
ਬਾਵਨ ਲੱਖ ਕੀ ਹੁਤੀ ਬਾਵਨੀ[1] ॥੧੬੯॥ — [1]੫੨ ਲੱਖ ਰੁਪਏ ਦੀ ਸਾਲਾਨਾ ਆਮਦਨ ਹੋਣ ਕਰ ਕੇ ਇਸਨੂੰ ਬਾਵਨੀ ਸਰਹੰਦ ਕਹਿੰਦੇ ਸਨ।
ਸੋ ਬੰਦੇ ਕੇ ਕਰ ਮੈਂ ਆਈ।
ਹਾਕੂਮਤ ਤੁਰਕਨਿ ਉਠਵਾਈ।
ਜੋ ਪ੍ਰਮੇਸ਼੍ਵਰ ਚਹੈ ਕਰਾਵੈ।
ਚੀਟੀ ਤੇ[1] ਹਾਥੀ ਤੁਰਵਾਵੈ[2] ॥੧੭੦॥ — [1]ਕੀੜੀ ਤੋਂ। [2]ਤੁੜਵਾ ਦੇਵੇ।
ਤੁਰਕ ਜੁ ਕਰਤੇ ਥੇ ਪਤਿਸ਼ਾਹੀ।
ਛਿਨ ਮੈਂ ਕਰੇ ਭਿਖਾਰੀ ਵਾਹੀ[1]। — [1]ਉਹ (ਤੁਰਕ)।
ਹੁਤੋ ਗਰੀਬ ਫਕੀਰ ਜੁ ਬੰਦਾ।
ਸੋ ਹਾਕਮ ਕਰਿ ਦੀਨ ਬੁਲੰਦਾ[1] ॥੧੭੧॥ — [1]ਵੱਡਾ।
ਤੁਰਕਨ ਕੈ ਸਿਲਸਿਲੇ[1] ਉਠਾਰੇ। — [1]ਪ੍ਰਬੰਧ।
ਗੁਰੁ ਬੰਦੇ ਨੇ[1] ਅਪਨ ਬਿਠਾਰੇ। — [1]ਗੁਰਾਂ ਦੇ ਬੰਦੇ ਨੇ।
ਗੋ[1] ਗਰੀਬ ਦ੍ਵਜ[2] ਸੰਤਨ ਕੇਰੀ। — [1]ਗਊ। [2]ਬ੍ਰਾਹਮਣ।
ਕੀਨੀ ਰੱਖਯਾ ਪੰਥ ਬਧੇਰੀ ॥੧੭੨॥
ਸਾਹਜ਼ਾਦੇ ਗੁਰੁ ਕੇ ਜਿਸ ਠੌਰੈਂ[1]। — [1]ਜਿਸ ਜਗ੍ਹਾ ਕਤਲ ਕੀਤੇ ਸਨ ਅਤੇ ਜਿੱਥੇ ਸਸਕਾਰ ਕੀਤਾ ਸੀ।
ਕਤਲ ਭਏ ਸਿਸਕਾਰੇ ਗੌਰੈਂ[1]। — [1]ਖ਼ਿਆਲ ਨਾਲ।

ਸੇ ਜਾਗਾ ਬੰਦੇ ਬਨਵਾਈ।
ਪੰਚਾਮ੍ਰਿਤ[1] ਬ੍ਰਤਵਏ ਮਹਾਂਈ ॥੧੭੩॥

[1]ਕੜਾਹ ਪ੍ਰਸ਼ਾਦ।

ਥੇ ਸਰ੍ਹੰਦ ਮੈਂ ਗੁਰੁ ਸਿਖ ਜੇਈ।
ਅਏ ਇਕੱਠੇ ਹ੍ਵੈ ਕਰਿ ਤੇਈ।
ਸੰਗ ਮਸੰਦ ਸੁਲੱਖਣਾ ਲਜਾਯੋ।
ਬੰਦੇ ਅੱਗ੍ਰ ਮਾਥ ਝੁਕਵਾਯੋ ॥੧੭੪॥
ਜਥਾ ਜੋਗ ਭੇਟਾ ਹੈ ਦੀਨੀ।
ਖੁਸ਼ੀ ਲਈ ਬੰਦੇ ਤੈ ਪੀਨੀ[1] ॥੧੭੫॥

[1]ਬਹੁਤੀ।

ਦੋਹਰਾ:
ਸੱਤ੍ਰਾ ਸੈਂ ਚੌਹਟ ਹੁਤੋ,
ਜੇਠ ਮਾਸ ਪਖ ਚੰਦ[1]।

[1]ਸੰਮਤ ੧੭੬੪ ਬਿ. ਜੇਠ ਦੇ ਮਹੀਨੇ ਦਾ ਚਾਨਣਾ ਪੱਖ ਸੀ।

ਨਰ ਸਿੰਘ ਚੌਦਸ ਤਿਥੀ ਕੋ*,

*ਮਹਾਨ ਕੋਸ਼ ਦੇ ਕਰਤਾ ਨੇ ਸਰਹੰਦ ਮਾਰਨ ਦਾ ਸਮਾਂ ੧ ਜੇਠ ਸੰਮਤ ੧੭੩੭ ਬਿ. ਤੇ ਗੰਡਾ ਸਿੰਘ ਨੇ ੧੨ ਮਈ ੧੭੧੦ ਈ. (੨੨ ਰਬੀ-ਉਲ-ਅੱਵਲ, ੧੧੨੨ ਹਿਜਰੀ ਲਿਖਿਆ ਹੈ) ਜੋ ਜੇਠ ੧੭੬੭ ਬਿ. ਬਣਦਾ ਹੈ।

ਬੰਦੇ ਹਤੀ ਸਰ੍ਹੰਦ[1] ॥੧੭੬॥

[1]ਨਰ ਸਿੰਘ ਚੌਦਸ (੧੪ਵੀਂ) ਥਿੱਤ ਨੂੰ ਬੰਦੇ ਨੇ ਸਰਹੰਦ ਮਾਰੀ।

ਜਗ੍ਹਾ ਪੀਰ ਜੈਨੇ ਜਹਾਂ,
ਤਿਸ ਢਿਗ ਹੋਯੋ ਜੰਗ।
ਗਾਇ ਗਾਥ ਇਹੁ ਧਜਾਇ ਅਬਿ,
ਭਯੋ ਇਤੀ ਸਾਰੰਗ[1] ॥੧੭੭॥

[1]ਅਨੰਦ ਸਹਿਤ ਸਮਾਪਤ ਹੋਇਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਸਰ੍ਹੰਦ ਮਾਰਨ, ਬਰਨਨੰ ਨਾਮ ਖਸ਼ਟਮੋਂ ਬਿਸ੍ਰਾਮ ॥੬॥

੭. {ਰਹਾਉਣ, ਪਾਇਲ, ਘੁੜਾਣੀ, ਮਲੇਰ ਕੋਟਲਾ ਮਾਰਨਾ, ਰਾਇ ਕੱਲੇ ਤੇ ਰੋਪੜ ਦੇ ਇਰਦ ਗਿਰਦ ਦੇ ਹਾਕਮਾਂ ਤੋਂ ਨਜ਼ਰਾਨੇ ਲੈਣੇ}

ਦੋਹਰਾ:

ਰਾਮ ਨਾਮ ਅੰਮ੍ਰਿਤ ਮਹਾਂ,
ਰਾਮਦਾਸ ਗੁਰੁ ਪਾਇ[1]। — [1]ਸ੍ਰੀ ਗੁਰੂ ਰਾਮਦਾਸ ਜੀ ਨੇ ਪ੍ਰਮੇਸ਼ਰ ਦੇ ਨਾਮ ਦਾ ਮਹਾਨ ਅੰਮ੍ਰਿਤ ਪਾ ਕੇ।

ਮਾਨਹੁ ਤਿਸ ਹੀ ਅਮੀ ਕਾ,
ਤਾਲ ਦੀਨ ਬਿਦਤਾਇ[1] ॥ ੧ ॥ — [1]ਜਾਣੋ ਉਸੇ ਨਾਮ ਅੰਮ੍ਰਿਤ ਦਾ ਸਰੋਵਰ ਪ੍ਰਗਟ ਕਰ ਦਿੱਤਾ ਹੈ।
ਜਾਂ ਕੇ ਪਾਨ[1] ਇਸ਼ਨਾਨ ਤੇ, — [1]ਪੀਣ ਨਾਲ।
ਮਿਲਤ ਚਾਰ ਫਲ ਐਨ[1]। — [1]ਠੀਕ ਚਾਰ ਫਲ (ਧਰਮ, ਅਰਥ, ਕਾਮ, ਮੋਖ) ਮਿਲਦੇ ਹਨ।

ਪਸੁ ਜਨ ਨਰ ਹ੍ਵੈ, ਨਰਨ ਤੇ
ਪਿਖੇ ਹੋਤ ਸੁਰ ਨੈਨ[1] ॥ ੨ ॥ — [1]ਜਾਣੋ ਪਸ਼ੂਆਂ ਤੋਂ ਮਨੁੱਖ ਅਤੇ ਮਨੁੱਖਾਂ ਤੋਂ ਦੇਵਤੇ ਹੁੰਦੇ (ਅਸਾਂ) ਅੱਖਾਂ ਨਾਲ ਦੇਖੇ ਹਨ।

ਕਬਿੱਤ:

ਪੇਖੀਏ ਪ੍ਰਤੱਖ ਪੱਖ ਛੋਰ ਕੈ ਬਿਲੱਖ ਜਨ[1], — [1]ਲੱਖਾਂ ਹੀ ਲੋਕ।
ਆਇ ਨ੍ਹਾਇ[1] ਅਦਬ ਕਰਤ ਸੋ ਅਪਾਰ ਹੈਂ। — [1]ਇਸ਼ਨਾਨ ਕਰਦੇ ਹਨ।
ਔਰ ਤੀਰਥਾਨ ਕੇ ਬਸ਼ਿੰਦੇ[1] ਨਾ ਅਦਬ ਕੈਹੈਂ, — [1]ਵਸਨੀਕ।
ਈਹਾਂ ਕੇ ਬਸਨ ਵਾਰ ਬਿਕੇ ਰੈਹੈਂ ਸਾਰ[1] ਹੈਂ। — [1]ਸਾਰੇ।
ਸੈਰ ਔ ਥਿਰਾਨ ਕੋ[1] ਜਹਾਨ ਮੈਂ ਨ ਥਾਨ ਐਸੋ, — [1]ਠਹਿਰਨ ਨੂੰ।
ਖਾਨ ਕੋ ਤਿਹਾਵਲ[1] ਪਿਖਾਨ ਕੋ[2] ਦ੍ਵਾਰ ਹੈ। — [1]ਕੜਾਹ ਪ੍ਰਸ਼ਾਦ। [2]ਦਰਸ਼ਨ ਕਰਨ ਨੂੰ।
ਤੀਰਥਾਨ ਸਾਰ ਹੈ ਕਿ ਧਾਮਨ ਨਿਤਾਰ ਹੈ,
ਕਿ ਪੁਰਿਨਿ ਅਧਾਰ ਹੈ ਕਿ ਬ੍ਰਹਮ ਕੋ ਅਗਾਰ ਹੈ[1] ॥ ੩ ॥ — [1](ਇਹ ਅਸਥਾਨ) ਤੀਰਥਾਂ ਦਾ ਤੱਤ ਹੈ ਜਾਂ ਹਿੰਦੂਆਂ ਦੇ ਚਹੁੰ ਧਾਮਾਂ ਦਾ ਨਿਚੋੜ ਹੈ ਜਾਂ ਸੱਤਾਂ ਪੁਰੀਆਂ ਦਾ ਆਸਰਾ ਹੈ ਜਾਂ ਬ੍ਰਹਮ ਦਾ ਹੀ ਘਰ ਹੈ।

ਦੋਹਰਾ:

ਬੰਦਾ ਬੰਦਾ ਅਤਿ ਲਗੈ,
ਜਯੋਂ ਅਬਿ ਤੁੱਕਨ ਤਾਂਇ[1]। — [1]ਜਿਵੇਂ ਬੰਦਾ ਬਹਾਦਰ (ਬੰਦਾ) ਅਮਰ ਵੇਲ ਵਾਂਗ ਤੁਰਕਾਂ ਨੂੰ ਬਹੁਤਾ ਜਾ ਕੇ ਲਗੇਗਾ।

ਦਸਮ ਗੁਰੂ ਸੁਨਿ ਮੁਦ ਭਵੈਂ[1], — [1]ਅਨੰਦ ਹੋਣਗੇ।
ਸ਼ਾਹਿ ਬਹਾਦਰ ਆਇ ॥ ੪ ॥
ਬੰਦਾ ਚਢੈ ਸਰ੍ਹੰਦ ਤੇ,

ਗਾਮ ਰਹਾਉਣ ਮਾਰਿ।
ਪਾਯਲ ਘੋੜਾਣੀ ਲੁਟੈ,
ਪੀਰ ਮਲੇਰੀ ਜਾਰਿ[1] ॥੫॥
ਰਾਇ ਕੋਟ ਤੇ ਨਜ਼ਰ ਲੈ,
ਜੀਤੈ ਦੂਾਬਾ ਦੇਸ*।

[1]ਸਾੜੇਗਾ।

*ਦੁਆਬੇ ਦੇਸ ਨੂੰ ਜਿੱਤਣ ਦਾ ਪ੍ਰਸੰਗ ਇਸ ਬਿਸ੍ਰਾਮ ਵਿੱਚ ਨਹੀਂ, ਸਗੋਂ ਅਗਲੇ ਭਾਵ ੮ਵੇਂ ਬਿਸ੍ਰਾਮ ਵਿੱਚ ਆਵੇਗਾ।

ਏਤਿਕ ਗਾਥਾ ਹੋਇਗੀ,
ਸੁਨੋਂ ਧਜਾਇ ਮਧ ਏਸ ॥੬॥
ਜਬਿ ਬੰਦੇ ਨੈਂ ਆਇ ਕੈ,
ਦੇਸ ਪੰਜਾਬ ਮਝਾਰ।
ਗਦਲ[1] ਮਚਾਯੋ ਅਧਿਕ ਹੀ,
ਦਏ ਤੁਰਕ ਬਹੁ ਮਾਰ ॥੭॥

[1]ਗਦਰ, ਹਲਚਲੀ।

ਹੁਤੋ ਮੁਸੱਲਮ ਖਾਨ ਇਕ,
ਸੂਬਾ ਵੀਚ ਲਹੌਰ।
ਭਏ ਇਕੱਠੇ ਆਨ ਬਹੁ,
ਤੁਰਕ ਤਾਂਹਿ ਢਿਗ ਔਰ ॥੮॥
ਸਭਿ ਨੈ ਮਿਲਿ ਅਰਜ਼ੀ ਲਿਖੀ,
ਪਾਤਿਸ਼ਾਹਿ ਕੀ ਓਰ।
ਗੁਰੁ ਬੰਦੇ ਨੇ ਮੁਲਕ ਮੈਂ,
ਅਧਿਕ ਮਚਾਯੋ ਸ਼ੋਰ ॥੯॥
ਜੇਤਿਕ ਗਾਥਾ ਹਮ ਲਿਖੀ
ਪਿਛਲੇ ਧਜਾਇ ਮਝਾਰ।
ਤਿਸ ਤੇ ਦੁਗਨਿ ਬਨਾਇ ਕੈ,
ਲਿਖੀ ਤਿਨੋ ਨੇ ਸਾਰ[1] ॥੧੦॥

[1]ਸਾਰੀ।

ਔਰ ਬਹੁਤ ਬਾਤੇਂ ਲਿਖੀ,
ਤਿਨ ਹੂੰ ਇਸ ਪਰਕਾਰ।
ਜੋ ਸੁਨ ਕਰਿ ਪਤਿਸ਼ਾਹ ਕੋ,
ਹੋਵੈ ਰੋਸ ਅਪਾਰ ॥੧੧॥
ਸ਼ਾਹਿ ਬਹਾਦੁਰ ਹੁਤੋ ਤਬਿ,
ਦੱਖਨ ਦਿਸ ਕੇ ਮਾਂਹਿ।

ਬੰਦੋਬਸਤ ਨਿਜ ਮੁਲਖ ਕਾ,
ਕਰਤ ਫਿਰਤ ਥੋ ਚਾਹਿ[1] ॥ ੧੨ ॥ — [1]ਉਤਸ਼ਾਹ ਨਾਲ।
ਸ਼ੰਕਰ ਛੰਦ:
ਜਬਿ ਸੁਨਜੋ ਦੇਸ ਪੰਜਾਬ ਕਾ,
ਪਤਿਸ਼ਾਹ ਨੇ ਸਭਿ ਹਾਲ।
ਤਬਿ ਭਯੋ ਬਿਸਮੈਂ[1] ਸੀਸ ਧੁਨ ਕੈ[2], — [1]ਹੈਰਾਨ। [2]ਸਿਰ ਫੇਰ ਕੇ।
ਸ਼ੋਕ ਕੀਨ ਬਿਸਾਲ।
ਪੁਨ ਬੋਲ ਸਰਬ ਅੰਮੀਰ ਲੀਨੇ,
ਨਿਜ ਕਚਹਿਰੀ ਮਾਂਹਿਂ।
ਜੋ ਲਿਖਯੋ ਆਯੋ ਥਾ ਪੰਜਾਬੋਂ,
ਸੋ ਸੁਨਾਯੋ ਚਾਹਿ[1] ॥ ੧੩ ॥ — [1]ਲੋੜ ਸਮਝ ਕੇ।
ਸੁਨਿ ਬਾਤ ਬੰਦੇ ਕੀ ਡਰੇ,
ਮਨ ਮਾਂਹਿ ਸਗਲ ਅੰਮੀਰ।
ਮਤੁ ਸ਼ਾਹਿ ਹਮ ਕੋ ਪਠੈ ਕਿਤ,
ਤਿਸ ਦਿਸਾ ਕੋ ਦੈ ਧੀਰ।
ਜਿਨ ਦਯੋ ਖਾਨ ਬਜੀਦ ਨਾਜ਼ਮ,
ਕਾਫਰੈਂ ਕਰਿ ਜਾਰ।
ਬਡ ਪੀਰ ਜਾਰਜੋ ਕਬਰ ਤੈਂ ਕਢਿ,
ਜਿਨ ਸਢੌਰੇ ਵਾਰ ॥ ੧੪ ॥
ਹੈ ਕਰਾਮਾਤੀ ਅਧਿਕ ਬੰਦਾ,
ਰਖਤ ਕਾਬੂ ਬੀਰ।
ਮਤੁ ਮਾਰ ਹੈ ਕਰਿ ਕਾਫਰੈਂ,
ਹਮ ਤਈਂ ਬੰਦਾ ਪੀਰ।
ਜਜੋਂ ਸ਼ਾਹਿ ਨਾਂਹਿਂ ਪਠਾਹਿ ਹਮ ਕੋ,
ਕਰੈਂ ਸੋ ਤਤਬੀਰ[1]। — [1]ਢੰਗ।
ਯਹਿ ਚਿੱਤ ਮੈਂ ਤਬਿ ਧਾਰ ਬੋਲੇ,
ਸ਼ਾਹਿ ਢਿਗ ਅੰਮੀਰ ॥ ੧੫ ॥
ਹਮ ਅਰਜ਼ ਲਰਜ਼[1] ਸੁਨਾਹਿਂ ਸਾਚੀ, — [1]ਕੰਬ ਕੇ।
ਸੁਨੋ ਜਹਾਂ ਪਨਾਹਿ[1]। — [1]ਸੰਸਾਰ ਦਾ ਆਸਰਾ।
ਹਮ ਆਪ ਕੇ ਅਨੁਸਾਰ ਸਦ ਹੀ,

ਆਪ ਕਾ ਸੁਖ ਚਾਹਿਂ।
ਅਬਿ ਸੁਨੋਂ ਬੰਦੇ ਕੀ ਕਥਾ,
ਹਮ ਕਹੈਂ ਸਾਚ ਸੁਨਾਇ।
ਵਹਿ ਅਜ਼ਮਤੀ ਹੈ ਪੀਰ ਭਾਰੀ,
ਸੁਨਯੋ ਬੁਰੀ ਬਲਾਇ ॥੧੬॥
ਬਸ ਹੁਤੇ ਤਾਂ ਕੇ ਬੀਰ ਆਗੇ,
ਦਏ ਪੁਨ ਗੁਰੁ ਤੀਰ।
ਵਡ ਥਾਪਨਾ ਦੈ ਪਠਯੋ ਗੁਰੁ ਨੈ,
ਸੰਗ ਦੈ ਸਿੰਘ ਬੀਰ[1]।   [1]ਸੂਰਮੇਂ।
ਜਿਨ ਕਰੇ ਲਾਖਨ ਸੰਗ ਜੰਗ,
ਆਨੰਦਪੁਰ ਕੇ ਮਾਂਹਿਂ।
ਅਬਿ ਭਯੋ ਤਿਨ ਕਾ ਦੇਸ ਸਭ ਹੀ,
ਸੰਗ ਬੰਦੈ ਚਾਹਿ ॥੧੭॥
ਬਡ ਧਨੀ[1] ਅਜ਼ਮਤ[2] ਤੇਜ ਕਾ   [1]ਮਾਲਕ। [2]ਕਰਾਮਾਤ।
ਲਖ ਲੇਹੁ[1] ਬੰਦਾ ਭਾਰ[2]।   [1]ਜਾਣ ਲਉ। [2]ਬਹੁਤਾ।
ਤਿਸ ਸੰਗ ਕਰਨੋ ਮੇਲ ਹੈ ਭਲ,
ਨਾਹਿਂ ਨੀਕੀ ਰਾਰ[1]।   [1]ਲੜਾਈ ਚੰਗੀ ਨਹੀਂ।
ਹੈ ਸਿੱਖ ਸੋਊ ਦਸਮ ਗੁਰੁ ਕਾ,
ਬਖਸ਼ ਇਨਹੂੰ ਕੀਨ।
ਨਿਜ ਸੁਤਨ ਕਾ ਇਨ ਬੈਰ ਲੇਵਨ,
ਹੇਤ ਪਠਯੋ ਚੀਨ[1] ॥੧੮॥   [1]ਜਾਣੋ।
ਤਬਿ ਜਿਨੋ ਨੇ ਗੁਰੁ ਸੰਗ ਨਾਹਕ[1],   [1]ਬਿਨਾਂ ਕਾਰਨ।
ਕਰੇ ਜੁਲਮ ਅਪਾਰ।
ਅਬਿ ਜਾਇ ਬੰਦੇ ਹਨਯੋ[1] ਤਿਨ ਕੋ,   [1]ਮਾਰਿਆ।
ਲਏ ਬਦਲੇ ਭਾਰ।
ਗੁਰੁ ਹਤਯੋ ਤਾਰਾ ਆਜ਼ਮੰ,
ਤੁਵ ਸ਼ੱਤਰੂ ਜਬਿ ਭਾਰ[1]।   [1]ਵੱਡਾ ਦੁਸ਼ਮਣ।
ਕਿਛੁ ਗੁਰੂ ਨੈ ਕਰਿ ਲੀਨ ਥਾ,
ਤਬਿ ਆਪ ਸੈਂ ਇਕਰਾਰ ॥੧੯॥
ਤਿਸ ਇਵਜ਼ ਮੈਂ[1] ਤੁਮ ਦੇ ਰਹੇ ਥੇ   [1]ਬਦਲੇ ਵਿੱਚ।

ਬਾਵਨੀ[1] ਸਰਹੰਦ।
ਗੁਰੁ ਕਹਯੋ ਥਾ ਨਰ ਵਰ ਸਤਾਰਾਂ*,
ਦੇਹੁ ਮੋਹਿ ਬੁਲੰਦ[1]।
ਇਕ ਖਾਂ ਹੁਸੈਨ ਸਮਾਣੀਆਂ,
ਯੁਤ ਚਾਰ ਸੱਯਦ ਔਰ।
ਬਾਜੀਦ ਖਾਨ, ਦੀਵਾਨ ਸੁੱਚਾ
ਨੰਦ, ਸਰਹੰਦ ਠੌਰ ॥੨੦॥
ਤ੍ਰੈ ਨ੍ਰਿਪ ਕੋਹੀ[1], ਖਾਨ ਰੁਸਤਮ
ਨਾਜ਼ਮੰ ਲਾਹੌਰ।
ਮੋਰੰਡੇ ਕੇ ਖਾਨ ਜਾਨੀ
ਖਾਨ ਮਾਨੀ ਗੌਰ[1]।
ਸੱਯਦ ਸਢੌਰੇ ਵਾਰ, ਪੀਰ
ਜਾਲੰਧਰੀ, ਦ੍ਵੈ ਖਾਨ।
ਇਤਜਾਦਿ ਚਾਹੇ[1] ਗੁਰੂ ਨੈ ਥੇ,
ਮਾਰਨੇ ਹਿਤ ਜਾਨੁ ॥੨੧॥
ਫਿਰ ਆਪ ਸਾਥ ਸਲਾਹ ਵਜੀਰਨ,
ਦਯੋ ਐਸ ਜਬਾਬ।
ਹਮ ਅਬੀ ਜੇ ਪਕਰਾਇ ਹੈਂ,
ਹ੍ਵੈ ਜਾਇ ਕਾਮ ਖਰਾਬ।
ਤਬਿ ਗੁਰੂ ਨੈ ਯੌਂ ਕਹਯੋ ਥਾ,
ਤੂੰ ਭਯੋ ਝੂਠਾ ਆਜ।
ਮਰਵਾਇਹੋਂ ਮੈਂ ਅਬੀ ਉਨ ਕੋ,
ਏਕ ਬੰਦਾ ਸਾਜ[1] ॥੨੨॥
ਅਬਿ ਜਾਇ ਬੰਦੇ ਗੁਰੂ ਕੇ ਨੈ,
ਕਾਮ ਸੋ ਸਭਿ ਕੀਨ।

[1]੫੨ ਲੱਖ ਦੀ ਆਮਦਨ ਜਾਂ ੫੨ ਪਿੰਡਾਂ ਦਾ ਇਲਾਕਾ।

*ਸਮਾਣੇ ਦਾ ਹੁਸੈਨ ਖਾਂ ੧, ਸਮਾਣੇ ਦੇ ਸੱਯਦ (ਜਿਨ੍ਹਾਂ ਛੋਟੇ ਸਾਹਿਬਜ਼ਾਦੇ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਸੀ) ੪, ਵਜ਼ੀਰ ਖਾਂ ਸੂਬਾ ਸਰਹੰਦ ੧, ਦੀਵਾਨ ਸੁੱਚਾ ਨੰਦ ੧, ਪਹਾੜੀ ਰਾਜੇ (ਭੀਮ ਚੰਦ ਆਦਿ) ੩, ਰੁਸਤਮ ਖਾਂ ਸੂਬਾ ਲਾਹੌਰ ੧, ਮੋਰੰਡੇ ਦੇ ਜਾਨੀ ਖਾਂ ਤੇ ਮਾਨੀ ਖਾਂ ੨, ਸਢੌਰੇ ਦਾ ਸੱਯਦ ੧, ਜਲੰਧਰ ਦਾ ਪੀਰ ੧, ਜਲੰਧਰ ਦੇ ਪਠਾਣ ੨, ਇਹ ਸਾਰੇ ੧੭ ਬੰਦੇ ਸਨ।

[1]ਵੱਡੇ ਤੇ ਚੰਗੇ ਸਤਾਰਾਂ (੧੭) ਬੰਦੇ ਮੈਨੂੰ ਦੇ ਦਿਉ।

[1]ਤਿੰਨ ਪਹਾੜੀ ਰਾਜੇ।

[1]ਤਕੜੇ (ਪਠਾਣ)।

[1]ਮੰਗੇ ਸਨ।

[1]ਦਾਸ ਬਣਾ ਕੇ।

ਜਿਨ ਜਿਨਹਿਂ ਕੋ ਗੁਰੁ ਚਹਯੋ ਥਾ,
ਵਹਿ ਦੁਖੀ ਕੀਨੇ ਖੀਨ[1]। — [1]ਨਾਸ਼।
ਅਬਿ ਆਪ ਮੇਟਯੋ ਚਹਿਤ ਜੇ,
ਵਹਿ ਗਦਲ[1] ਕੋ ਭਲ ਭਾਇ। — [1]ਗ਼ਦਰ, ਬਗ਼ਾਵਤ।
ਤੌਂ ਦਸਮ ਗੁਰੁ ਤੈ ਹੁਕਮ,
ਬੰਦੇ ਤਈਂ ਦੈਹੁ ਦਿਵਾਇ ॥੨੩॥
ਵਹਿ ਨਹਿਂ ਮਚਾਵਹਿ ਗਦਲ ਜਦਲ[1], — [1]ਜੰਗ।
ਸੁ ਲੂਟ ਮਾਰ ਤਜਾਹਿ।
ਨਿਜ ਤਰਫ ਤੈ ਭੀ ਦਿਹੁ ਜਗੀਰੈਂ,
ਜੋਇ ਸੋ ਥਿਰਿ ਖਾਹਿ।
ਇਮ ਮਿਟੈ ਰੌਲਾ ਸਹਿਜ ਹੀ,
ਪਤਸ਼ਾਹਿ ਮਾਨੀ ਠੀਕ।
ਗੁਰੁ ਪਾਸ ਆਵਨ ਕੀ ਤਬੈ,
ਦਿਲ ਮਾਂਹਿਂ ਧਾਰੀ ਨੀਕ ॥੨੪॥
ਇਤ ਦਸਮ ਗੁਰੁ ਨਾਦੇੜ ਢਿਗ,
ਤਟ ਗੰਗ ਠਟ ਮੋਕਾਨ[1]। — [1]ਗੋਦਾਵਰੀ ਦੇ ਕਿਨਾਰੇ 'ਤੇ ਅਸਥਾਨ ਬਣਾ ਕੇ।
ਤਹਿਂ ਥਿਰੇ ਧਰਿ ਮਨਿ ਮੋਦ,
ਖੇਲਹਿਂ ਨਿਤ ਸ਼ਿਕਾਰ ਮਹਾਨ।
ਨਿਜ ਸਿੱਖਨ ਕੋ ਨਿਜ ਰੂਪ ਕਾ,
ਉਪਦੇਸ਼ ਵੇਸ[1] ਦਿਢਾਹਿਂ। — [1]ਸ੍ਰੇਸ਼ਟ।
ਨਿਤ ਆਦਿ ਗੁਰੁ ਗ੍ਰੰਥ ਕੀ,
ਭਲ ਕਥਾ ਬਿਬਿਧਿ ਸੁਨਾਹਿਂ ॥੨੫॥
ਫਿਰ ਜਾਗ ਕੈ ਨਿਸ ਅਰਧ ਤੈ,
ਕਰਿ ਸੌਚ ਗੰਗ ਸ਼ਨਾਨ।
ਥਿਰਿ ਗੰਗ ਤਟ ਨਿਤ ਲਾ ਸਮਾਧੀ,
ਧਰੈਂ ਆਤਮ ਧਯਾਨ।
ਦਿਨ ਚਢੇ ਬੈਠ ਦਿਵਾਨ ਮੈਂ,
ਉਪਦੇਸ਼ ਵੇਸ ਦਿਢਾਹਿਂ।
ਪਰਸ਼ਾਦ ਛਕਿ ਪਰਯੰਕ ਪੌਢੈਂ[1], — [1]ਪਲੰਘ 'ਤੇ ਬਿਰਾਜਦੇ ਹਨ।
ਮਹਲ[1] ਸੇਵ ਕਮਾਹਿਂ ॥੨੬॥ — [1]ਗੁਰਾਂ ਦੀ ਸੁਪੱਤਨੀ, ਮਾਤਾ ਸਾਹਿਬ ਕੌਰ ਜੀ।

ਕਰਿ ਸੌਚ ਸਜਿ ਦਸਤਾਰ ਆਯੁਧ,
ਹੋਇ ਅੱਸ੍ਵ ਅਸਵਾਰ।
ਨਿਜ ਸੰਗ ਲੈ ਕਰਿ ਸਿੰਘਨ ਕੋ,
ਬਨ ਕਰੈਂ ਜਾਇ ਸ਼ਿਕਾਰ।
ਜਿਸ ਘਾਟ ਲਖ ਕਰਿ[1] ਜਾਵਹੀਂ, — [1]ਲੰਘ ਕੇ।
ਵਹਿ ਆਹਿ ਘਾਟ ਸ਼ਿਕਾਰ।
ਪੁਨ ਔਰ ਨਾਨ੍ਹਾ ਭਾਂਤਿ ਕੇ,
ਪ੍ਰਸੰਗ ਕਹਿ ਕਰਿ ਚਾਰੁ[1] ॥੨੭॥ — [1]ਸੁੰਦਰ।
ਜਿਸ ਦਿਵਸ ਨਾਹਿਂ ਸ਼ਿਕਾਰ ਜਾਵੈਂ,
ਸਭਾ ਤਿਸ ਦਿਨ ਲਾਇ।
ਗੁਰੁ ਗ੍ਰੰਥ ਕੀ ਇਹੁ ਗਾਥ ਨੀਕੇ,
ਗਜਾਨ ਦੈਹਂ ਦਿੜਾਇ।
ਜੋ ਸ੍ਰਵਣ ਮਨਨ ਨਿਧਜਾਸਨੰ ਕਰਿ[1], — [1]ਪ੍ਰਪੱਕ ਕਰਕੇ।
ਬ੍ਰਹਮ ਆਤਮ ਪਾਇ।
ਬਹੁ ਬ੍ਰਹਮ ਗਜਾਨੀ ਸਿਖ ਭਏ,
ਬੇਰਕਤ[1] ਜਗਤ ਤਜਾਇ ॥੨੮॥ — [1]ਤਿਆਗੀ।
ਭਵ ਬੰਧ ਸਰਬ ਨਿਕੰਦ ਕੈ[1], — [1]ਸੰਸਾਰ ਦੇ ਸਾਰੇ ਬੰਧਨ ਕੱਟ ਕੇ।
ਬੋਲੰਦ ਪਦ ਅਤਿ[1] ਪਾਇ। — [1]ਬਹੁਤ ਉੱਚੀ ਪਦਵੀ।
ਕੈਵੱਲਜ ਮੁਕਤੀ ਕੇ ਭਏ,
ਅਧਕਾਰ ਵਾਰੇ ਸਾਇ[1]। — [1]ਉਹ ਸਾਰੇ ਬ੍ਰਹਮ ਨਾਲ ਅਭੇਦਤਾ ਦੇ ਹੱਕਦਾਰ ਬਣ ਗਏ।
ਕਿਛ ਗੁਰੂ ਤੈ ਲੈ ਆਗਿਆ,
ਕਾਖਾਇ ਬਸਨ[1] ਸਜਾਇ। — [1]ਭਗਵੇਂ ਕਪੜੇ।
ਗਹਿ ਦੰਡ ਕਰ ਕਾਮੰਡਲੈ,
ਬਨਿ ਸੰਤ ਨਿਰਮਲ ਭਾਇ[1] ॥੨੯॥ — [1]ਹੱਥ ਵਿੱਚ ਸੋਟਾ ਤੇ ਕਰਮੰਡਲ ਪਕੜ ਕੇ ਨਿਰਮਲੇ ਸੰਤਾਂ ਦੀ ਤਰ੍ਹਾਂ ਬਣ ਗਏ।

ਚਲਿ ਤੀਰਥੋਂ ਦੇਸਾਂਤਰੋ ਮੈਂ,
ਭਏ ਬਿਚਰਤ ਸਾਰ[1]। — [1]ਸਾਰੇ।
ਕਿਛ ਭਏ ਮਸਤ ਅਵਧੂਤ[1] ਗਜਾਨੀ, — [1]ਤਿਆਗੀ।
ਚਢੀ ਬ੍ਰਿੱਤਿ ਉਦਾਰ।
ਕਿਛ ਰਹੇ ਸੇਵਤ ਗੁਰੂ ਕੋ,

ਕਿਛ ਥਿਰੈਂ ਰੋਜ ਇਕੰਤ।
ਕਿਛ ਅਏ ਦੇਸ ਪੰਜਾਬ ਮੈਂ,
ਬਹੁ ਭਏ ਨਿਰਮਲ ਸੰਤ ॥ ੩੦ ॥
ਇਤ ਦਿਸਾ ਜਬਿ ਸਰਹੰਦ ਮਾਰੀ,
ਗੁਰੂ ਬੰਦੇ ਠੀਕ।
ਭਲ ਬੈਰ ਸਾਹਿਬਜ਼ਾਦਿਓਂ ਕੇ,
ਲਏ ਤਾਂਹਿ ਅਲੀਕ[1]।
ਸੰਨ ਸੱਤ੍ਰਾਂ ਸੈ ਚੌਹਟੇ* ਕੀ,
ਬਿਜੈ ਦਸਮੀ ਪੂਜ[1]।
ਥਾ ਗੁਰੂ ਢਿਗ ਤੈ ਚਢਜੋ ਬੰਦਾ,
ਬਢਜੋ ਸਮ ਸਸਿ ਦੂਜ[1] ॥ ੩੧ ॥
ਫਿਰ ਪੈਂਹਟੇ* ਕੇ ਜੇਠ ਮੈਂ,
ਤਿਨ ਹਤੀ ਸਰਹੰਦ ਆਇ।
ਨੌ ਮਾਸ ਮੈਂ ਜੋ ਕਾਮ ਕੀਨੇ,
ਸੋਇ ਸਭਿ ਲੇਖਾਇ।
ਪ੍ਰਤਾਪ ਸਤਿਗੁਰੁ ਪੰਥ ਕਾ,
ਨਿਜ ਬੰਦਨਾ ਜਾਨਾਇ।
ਸਿਖ ਪਠਜੋ ਬੰਦੇ ਨੈ ਤਬੈ,
ਗੁਰੁ ਓਰ ਖਰਚਾ ਦਾਇ ॥ ੩੨ ॥
ਵਹਿ ਸਿੱਖ ਪ੍ਰੇਮੀ ਪ੍ਰੇਮ ਸਿੰਘ,
ਨਿਸ ਦਿਵਸ ਪਹੁੰਚਜੋ ਧਾਇ।
ਗੁਰੁ ਅੱਗ੍ਰ ਪੱਤਰ ਜਾਇ ਰਾਖਜੋ,
ਸੀਸ ਪਗ ਲੋਠਾਇ[1]।
ਦਿਨ ਥਾ ਨੁਰਾਤਾ ਤੀਸਰਾ[1],

[1]ਚੰਗੀ ਤਰ੍ਹਾਂ।

*ਦੇਖੋ ਬਿਸਰਾਮ ਨੰ. ੩ ਦੇ ਅੰਕ ਨੰ. ੨ ਤੇ *ਨਿਸ਼ਾਨ ਦੀ ਹੇਠਲੀ ਟੂਕ।

[1]ਸੰਮਤ ੧੭੬੪ ਬਿ. ਦੀ ਜਿੱਤ-ਦਸਮੀ (ਅਸੂ ਸੁਦੀ ੧੦ਵੀਂ) ਨੂੰ।

[1]ਦੂਜ ਦੇ ਚੰਦ ਵਾਂਗ।

*ਇਥੇ ਮੂਲ ਵਿੱਚ ਪਾਠ ਚੌਹਟੇ ਸੀ ਪਰ ਅਸਾਂ ਪੈਂਹਟੇ ਸ਼ੁੱਧ ਕਰ ਦਿੱਤਾ ਹੈ ਕਿਉਂਕਿ ਸੰਮਤ ੧੭੬੪ ਬਿ. ਅਸੂ ਸੁਦੀ ੧੦ਵੀਂ ਤੋਂ ਜੇਠ ੧੭੬੫ ਬਿ. ਤੱਕ ਹੀ ਨੌਂ ਮਹੀਨੇ ਬਣਦੇ ਹਨ। ਉਂਵ ਨਵੀਂ ਖੋਜ ਅਨੁਸਾਰ ੧੪ ਮਈ ੧੭੧੦ ਈ. (੨੯ ਰਬੀ-ਉਲ-ਅਵਲ ੧੧੨੨ ਹਿਜਰੀ) ਮੁਤਾਬਕ ਜੇਠ ੧੭੬੭ ਬਿ. ਨੂੰ ਸਿੰਘਾਂ ਦਾ ਸਰਹੰਦ 'ਤੇ ਕਬਜ਼ਾ ਹੋਇਆ। ਦੇਖੋ ਗੰਡਾ ਸਿੰਘ ਲਿਖਤ ਬੰਦਾ ਸਿੰਘ ਬਹਾਦਰ ਪੰਨਾ ੫੧।

[1]ਸਿਰ ਗੁਰਾਂ ਦੇ ਚਰਨਾਂ 'ਤੇ ਲਿਟਾ ਕੇ।

[1]ਤੀਜਾ ਨੁਰਾਤਾ ਭਾਵ ਅਸੂ ਸੁਦੀ ੩।

ਸੋ ਪੈਂਹਟੇ ਕਾ ਜਾਨ।
ਗੁਰੁ ਪੱਤ੍ਰ ਪਢ ਕੈ ਹਾਲ ਸੁਨਿ ਤਬਿ,
ਭਏ ਮੋਦ ਮਹਾਨ ॥ ੩੩ ॥
ਗੁਰੁ ਹੁਕਮੁ ਦੈ ਕੈ, ਖੁਸ਼ੀ ਕਾ,
ਦੀਵਾਨ ਬਡ ਲਗਵਾਇ।
ਪਰਸ਼ਾਦ ਏਕ ਹਜ਼ਾਰ ਕਾ,
ਤੇਹਾਵਲੈਂ ਬਨਵਾਇ।
ਕਰਵਾਇ ਕੈ ਬਡ ਸ਼ਲਕ[1], ਸਭਿ ਕੋ
ਦਯੋ ਸੋ ਬਰਤਾਇ ॥ ੩੪ ॥
ਜਿਮ ਜਾਇ ਬੰਦੇ ਨੈ ਸਮਾਣਾ
ਔ ਸਢੌਰ ਸਰ੍ਹੰਦ।
ਹਤ ਲਏ ਬਦਲੇ ਸੱਤ੍ਰੋਂ ਤੈ,
ਮਿਲਜੋ ਪੰਥ ਬੁਲੰਦ।
ਸਭਿ ਸਿੰਘਨ ਕੋ ਗੁਰੁ ਸਭਾ ਮੈਂ,
ਬਿਸਤਾਰ ਸੋਂ ਇਹੁ ਗਾਥ।
ਪਢਿ ਪੱਤ੍ਰ ਬੰਦੇ ਕਾ ਸੁਨਾਯੋ,
ਹੋਯ ਮੁਦ ਗੁਰੁ ਨਾਥ ॥ ੩੫ ॥
ਸੁਣ ਅਤੀ ਆਨੰਦ ਬਢਜੋ ਸਭਿ ਕੋ,
ਗਈ ਤਨੀਆਂ ਤੂਟ[1]।

ਅਤਿ ਚਢੀ ਲਾਲੀ ਤੈ ਖੁਸ਼ਾਲੀ[1],
ਲਈ ਨਿਧਿ[1] ਜਨ ਲੂਟ।
ਸਭਿ ਨੈਂ ਜਿਕਾਰੇ ਹੈਂ ਗਜਾਏ,
ਉਚ ਧੁਨਿ ਸੁਰ ਪੂਰ।
ਸ੍ਰੀ ਮਾਤ ਸਾਹਿਬ ਦੇਵੀ ਖੁਸ਼ ਹ੍ਵੈ,
ਬਾਂਟਿਯੋ ਧਨ ਭੂਰ ॥ ੩੬ ॥
ਜਿਮ ਸਿੱਖ ਨੈਂ ਥੀ ਖਬਰ ਦੀਨੀ,
ਜਾਇ ਗੁਰੁ ਕੇ ਪਾਸ।
ਗੁਰੁ ਖੁਸ਼ੀ ਹ੍ਵੈ ਤਿਹ ਭੁਗਤਿ ਮੁਕਤੀ,
ਬਖਸ਼ ਦੀਨੀ ਖਾਸ।

[1]ਬੰਦੂਕਾਂ ਦਾ ਇਕੱਠਾ ਵਾਰ।

[1]ਜਾਮਿਆਂ ਦੀਆਂ ਤਣੀਆਂ ਟੁੱਟ ਗਈਆਂ ਭਾਵ ਬਹੁਤ ਖੁਸ਼ੀ ਹੋਈ।

[1]ਬਹੁਤ ਖ਼ੁਸ਼ੀ।

[1]ਖ਼ਜ਼ਾਨਾ।

ਦਿਨ ਦੂਸਰੇ ਗੁਰੁ ਮਨੀ ਸਿੰਘ ਕੋ,
ਸਿੰਘ ਦੈ ਪੰਜ ਸਾਥ।
ਸੰਗ ਤੋਰਯੋ ਸ੍ਰੀ ਸਾਹਿਬ ਦੇਵੀ,
ਓਰ ਦਿੱਲੀ ਨਾਥ ॥੩੭॥
ਸੋ ਸ੍ਰੀ ਸੁੰਦ੍ਰੀ ਮਾਤ ਕੇ ਢਿਗ,
ਥਿਰੇ ਦਿੱਲੀ ਆਇ।
ਤਹਿਂ ਮਾਤ ਦੋਈ ਰਹਿ ਸਮਾਈ,
ਗੁਰੂ ਉਤ ਮੁਦ ਪਾਇ।
ਤਬਿ ਭਾਖ੍ਯੋ ਸਭਿ ਸਿੰਘਨ ਪੈ,
ਅਬਿ ਕਾਮ ਹਮ ਸਭਿ ਕੀਨ।
ਅਬਿ ਪੰਥ ਰਾਜ ਸੰਭਾਰ ਹੈ,
ਹੁਸ਼ਯਾਰ ਹੋਯੋ ਪੀਨ[1] ॥੩੮॥ — [1]ਬਹੁਤਾ।

ਦੋਹਰਾ:

ਉਸੀ ਦਿਵਸ ਗੁਰੁ ਢਿਗ ਅਯੋ,
ਸ਼ਹਿ ਦਿਸ ਤੈ[1] ਨੰਦ ਲਾਲ। — [1]ਬਾਦਸ਼ਾਹ ਬਹਾਦਰ ਸ਼ਾਹ ਵਲੋਂ।
ਕਰਿ ਬੰਦਨ ਧਰਿ ਭੇਟ ਉਨ,
ਕੀਨੀ ਅਰਜ਼ ਬਿਸਾਲ ॥੩੯॥
ਸ਼ਹਿਰ ਹੈਦਰਾਵਾਦ ਤੈ,
ਆਵਤ ਹੈ ਪਤਿਸ਼ਾਹਿ।
ਦਿੱਲੀ ਕੀ ਦਿਸ ਜਾਨ ਕੋ,
ਰਾਖਤ ਮਨ ਮੈਂ ਚਾਹਿ ॥੪੦॥
ਦਰਸ਼ਨ ਹਿਤ ਅਬਿ ਆਪ ਕੇ,
ਆਵਹਿਗੋ ਤੁਮ ਪਾਸ।
ਕਿਛੁਕ ਗੁਫਤਗੂ[1] ਕਰਨ ਕੀ, — [1]ਗੱਲ ਬਾਤ।
ਰਾਖਤ ਮਨ ਮੈਂ ਆਸ ॥੪੧॥

ਹਾਕਲ ਛੰਦ:

ਪੁਨ ਚੰਦਰੋਜ ਕੇ ਮਾਂਹੀ[1]। — [1]ਥੋੜੇ ਦਿਨਾਂ ਵਿਚ।
ਤਬਿ ਸ਼ਾਹਿ ਬਹਾਦਰ ਚਾਹੀ[1]। — [1]ਉਤਸ਼ਾਹ ਨਾਲ।
ਆਯੋ ਚਲਿ ਗੁਰੁ ਕੇ ਪਾਸੈਂ।
ਦੈ ਭੇਟਾ ਮਿਲ੍ਯੋ ਖਾਸੈਂ[1] ॥੪੨॥ — [1]ਆਪ।

ਇਕ ਵਡੋ ਅਮੋਲਕ ਹੀਰਾ।
ਤਿਨ ਧਰਯੋ ਗੁਰੂ ਕੇ ਤੀਰਾ[1]। [1]ਪਾਸ, ਕੋਲ।
ਗੁਰੁ ਲੈ ਕਰਿ ਗੰਗਾ ਮਾਂਹੀਂ[1]। [1]ਗੋਦਾਵਰੀ ਵਿਚ।
ਵਹਿ ਗੇਰ ਦਯੋ ਛਿਨ ਤਾਂਹੀਂ ॥ ੪੩ ॥
ਪਿਖਯੋ ਪੁਨ ਸ਼ਾਹਿ ਬਹਾਦਰ।
ਕਰ ਜੋਰਿ ਬੋਲਯੋ ਸਾਦਰ।
ਹੇ ਗੁਰੂ ਯਹਿ ਨੀਕੋ ਹੀਰਾ।
ਕਿਸ ਕਾਰਣ ਗੇਰਯੋ ਨੀਰਾ[1] ॥ ੪੪ ॥ [1]ਪਾਣੀ ਵਿਚ।
ਤਬਿ ਸਤਿਗੁਰੂ ਐਸ ਵਖਾਨਾ।
ਹੈ ਹਮਰਾ ਤੋਸ਼ੇ ਖਾਨਾ[1]। [1]ਕੀਮਤੀ ਚੀਜ਼ਾਂਰੱਖਣ ਦਾ ਕਮਰਾ।
ਇਹੁ ਗੁਰਿ ਦਰਯਾਉ ਵਿਚਾਰੋ[1]। [1]ਵਿਚਾਰ ਲਵੋ ਇਹ ਗੁਰਾਂ ਦਾ ਦਰਿਆ ਹੈ।
ਚਹੀਏ ਤੋ ਲੇਹੁ ਨਿਹਾਰੋ ॥ ੪੫ ॥
ਧਸ ਕਰਿ ਇਸ ਜਲ ਕੇ ਮਾਂਹੀਂ।
ਪਿਰਥੀ ਤਲ ਨਿਰਖੋ ਚਾਹੀ[1]। [1]ਉਤਸ਼ਾਹ ਨਾਲ ਧਰਤੀ ਦੇ ਤਲੇ 'ਤੇ ਦੇਖ ਲਉ।
ਇਮ ਸ਼ਾਹਿ ਬਹਾਦਰ ਸੁਨ ਕੈ।
ਧਸਿ ਜਲ ਮੈਂ ਨਿਰਖਯੋ ਗੁਨ ਕੈ[1] ॥ ੪੬ ॥ [1]ਵਿਚਾਰ ਕੇ ਦੇਖਿਆ।
ਬਹੁ ਮਣੀਆਂ ਮਾਣਕ ਪੇਖੇ।
ਮਨਿ ਤੱਜਬ ਰਹਯੋ ਬਿਸੇਖੇ।
ਗੁਰੁ ਕੋ ਪ੍ਰਮੇਸ਼੍ਵਰ ਜਾਨਾ।
ਕਰਿ ਬੰਦਨ ਐਸ ਬਖਾਨਾ ॥ ੪੭ ॥
ਹੇ ਸਤਿਗੁਰੁ ਦੀਨ ਦਯਾਲੈਂ।
ਇਕ ਕਿਰਪਾ ਕਰੋ ਬਿਸਾਲੈਂ।
ਜੋ ਬੰਦਾ ਸਿੱਖ ਤੁਮਾਰਾ।
ਹੈ ਗਯੋ ਪੰਜਾਬ ਮਝਾਰਾ ॥ ੪੮ ॥
ਜਿਸ ਹਿਤ ਤੁਮ ਵਹਿ ਪਠ ਦੀਨਾ।
ਸੋ ਕਾਰਜ ਸਭਿ ਉਨ ਕੀਨਾ।
ਤਿਨ ਬੈਰ ਸਜਾਦਯੋਂ ਕੇਰੋ।
ਲੀਨੋ ਸਭਿ ਭਲਿ ਬਿਧਿ ਹੇਰੋ ॥ ੪੯ ॥
ਅਬਿ ਮਿਹਰ ਆਪ ਦਿਲ ਧਰਿਯੋ।
ਮੁਝ ਪੈ ਇਹੁ ਕਿਰਪਾ ਕਰਿਯੋ।

ਲਿਖਿ ਪਠੀਏ ਯੌਂ ਤਿਸ ਤਾਂਈਂ।
ਨਹਿਂ ਜੁਲਮੀ ਕਰੈ ਮਹਾਂਈਂ ॥ ੫੦ ॥
ਯਹਿ ਖਲਕ ਖੁਦਾ ਕੀ ਹੱਈਏ।
ਨਹਿ ਅਤੀ ਦੁਖਾਵਨ ਚੱਹੀਏ।
ਨਹਿਂ ਗਦਲ[1] ਮੁਲਖ ਮੈਂ ਪਾਵੈ। [1]ਗ਼ਦਰ, ਹਲਚਲ।
ਹਮ ਤੈ ਚਹਿ ਜੋ ਮਨਵਾਵੈ ॥ ੫੧ ॥
ਸਭਿ ਸਿੰਘਨ ਕੋ ਦਿਲਵਾਵੈ।
ਮਨਿ ਜੇਤਿਕ ਤਿਸ ਕੇ ਭਾਵੈ।
ਪੁਨ ਮੈਂ ਹੋਂ ਦਾਸ ਤੁਮਾਰਾ।
ਜਿਮ ਔਰ ਖਾਲਸਾ ਸਾਰਾ ॥ ੫੨ ॥
ਜਬਿ ਯਾ ਬਿਧਿ ਸ਼ਾਹਿ ਬਹਾਦਰ।
ਸਤਿਗੁਰੁ ਢਿਗ ਭਾਖਜੋ ਸਾਦਰ।
ਤਬਿ ਗੁਰੁ ਯੌਂ ਬਚਨ ਉਚਾਰੇ।
ਸੁਨਿ ਸ਼ਾਹਿ ਬਹਾਦਰ ਪਜਾਰੇ ॥ ੫੩ ॥
ਤੁਮ ਨੈ ਹੀ ਸੰਗ ਹਮਾਰੇ।
ਕੀਨੇ ਥੇ ਜੋ ਅਕਰਾਰੇ।
ਨਹਿਂ ਪੂਰਨ ਸੋ ਤੁਮ ਕੀਨੋ।
ਹਮ ਤਿਸੀ ਕਾਜ ਹਿਤ ਚੀਨੋ ॥ ੫੪ ॥
ਇਕ ਬੰਦਾ ਪੁਰਖ ਨਿਵਾਜਾ[1]। [1]ਇਕ ਪੁਰਸ਼ ਨੂੰ ਦਾਸ ਬਣਾ ਕੇ ਵਡਿਆਇਆ।
ਤਿਸ ਤੇ ਕਰਵਾਯੋ ਕਾਜਾ।
ਜੋ ਅਪਨਾ ਬੋਲ ਨਿਭੈ ਹੈ[1]। [1]ਜੋ ਆਪਣਾ ਬਚਨ ਪੂਰਾ ਕਰਦਾ ਹੈ।
ਸਾਹਿਬ ਕੋ ਆਪ ਲਖੈ ਹੈ[1] ॥ ੫੫ ॥ [1]ਜਾਣ ਲੈਂਦਾ ਹੈ।
ਸੋਈ ਇਨਸਾਨ ਮਹਾਨੇ।
ਬਾਕੀ ਹੈਵਾਨ[1] ਗੈਬਾਨੇ[2]। [1]ਪਸ਼ੂ। [2]ਭੂਤਨੇ।
ਜੋ ਬੋਲ ਭਲੇ ਜਨਰਰ ਹੈਂ[1]। [1]ਕਹਿੰਦੇ ਹਨ।
ਫਿਰ ਪਾਲਨ ਤਿਸ ਕੋ ਕਰਿ ਹੈਂ ॥ ੫੬ ॥
ਜੋ ਪ੍ਰਣ ਨ ਆਪਨੋ ਪਾਲੈ।
ਤਿਨ ਕੋ ਜਮ ਦੋਜ਼ਕ ਡਾਲੈ।
ਜੋ ਬਚਨ ਸੁਪੁਰਸ਼ਨ ਕੇਰਾ[1]। [1]ਸ੍ਰੇਸ਼ਟ ਪੁਰਸ਼ਾਂ ਦਾ।
ਮੁਖ ਤੈ ਨਿਕਸਜੋ ਇਕ ਬੇਰਾ ॥ ੫੭ ॥

ਵਹਿ ਫਿਰਤ ਨਾਹਿ[1] ਫਿਰ ਐਸੇ।
ਪਿਖ ਦੰਤ ਦੁਰਦ ਕੇ[1] ਜੈਸੇ।
ਜਯੋਂ ਛੁਟਯੋ ਤੀਰ ਕਮਾਣੋ।
ਫਿਰ ਫਿਰਤ ਨ ਪੀਛੇ ਜਾਣੋ ॥੫੮॥

ਦੋਹਰਾ:
ਸ਼ਾਹਿ ਬਹਾਦਰ ਫਿਰ ਕਹੀ,
ਹਾਥ ਜੋਰਿ ਯਹਿ ਬਾਤ।
ਜੇ ਨਹਿਂ ਬਰਜਤ ਆਪ ਤਿਸ,
ਗਦਲ ਮਿਟੈ ਕਿਸ ਭਾਂਤਿ ॥੫੯॥
ਮੈਂ ਅਪਨੇ ਮਨਿ ਦਿਢ ਰਖਯੋ,
ਪ੍ਰਣ ਯੇਹੀ ਕਰਿ ਸਾਰ[1]।
ਗੁਰੁ ਕੇ ਘਰ ਸੋਂ ਕਬੀ ਮੈਂ,
ਕਰਿ ਹੋਂ ਨਾਹਿਂ ਬਿਗਾਰ ॥੬੦॥
ਯੌਂ ਸੁਨ ਕਰਿ ਫਿਰ ਗੁਰੁ ਕਹਯੋ,
ਸੁਨੋ ਬਹਾਦਰ ਸ਼ਾਹਿ।
ਕਰਯੋ ਪ੍ਰਣ ਜੇ ਆਪ ਯਹਿ,
ਅਰ ਕਿਯ ਚਹਿਤ ਨਿਬਾਹਿ ॥੬੧॥
ਤੋ ਧੀਰਜ ਕਿਛੁ ਉਰ ਧਰੋ,
ਸਹੋ ਜੁ ਕਰਿ ਹੈ ਸੋਇ।
ਆਇਸ ਜਬ ਮਮ ਮੇਟ ਹੈ,
ਸੋ ਹੰਕਾਰੀ ਹੋਇ ॥੬੨॥
ਤੀਰ ਬੇਗ ਦੈ[1] ਗਿਰਤ ਜਯੋਂ,
ਪਤਿਤ ਭਵੈ[1] ਵਹਿ ਤੈਸਾ*।
ਮਨ ਭਾਵਤ ਫਿਰ ਤੁਮ ਕਰਯੋ,
ਭਯੋ ਮੋਦ ਸੁਨਿ ਐਸਾ ॥੬੩॥
ਕਰਿ ਬੰਦਨ ਸਤਿਗੁਰੁ ਕੋ,

[1]ਮੁੜਦਾ ਨਹੀਂ ਭਾਵ ਬਦਲਦਾ ਨਹੀਂ।

[1]ਹਾਥੀ ਦੇ ਦੰਦ।

[1]ਸ੍ਰੇਸ਼ਟ।

[1]ਜ਼ੋਰ ਦੇ ਕੇ, ਬਲ ਦਿਖਾਕੇ।

[1]ਤਿਵੇਂ ਹੀ ਡਿੱਗ ਪਵੇਗਾ। *ਬੰਦਾ ਸਿੰਘ ਬਹਾਦਰ ਨੂੰ ਸਿੰਘ ਸਜਾ ਕੇ ਤੇ ਬਖ਼ਸ਼ਸ਼ਾਂ ਦੇ ਕੇ ਭੇਜਣ ਵਾਲੇ ਸਤਿਗੁਰਾਂ ਦਾ ਉਸੇ ਬੰਦਾ ਸਿੰਘ ਬਾਰੇ ਪਹਿਲੋਂ ਹੀ ਇਹ ਕਹਿਣਾ ਕਿ ਉਹ ਸਾਡੀ ਆਗਿਆ ਨਹੀਂ ਮੰਨੇਗਾ ਤੇ ਹੰਕਾਰੀ ਹੋ ਜਾਵੇਗਾ, ਇਉਂ ਉਹ ਪਤਿਤ ਹੋ ਜਾਵੇਗਾ। ਇਹ ਉਪ੍ਰੋਕਤ ਗੱਲਾਂ ਕਿਸੇ ਤਰ੍ਹਾਂ ਵੀ ਮੰਨਣ ਯੋਗ ਨਹੀਂ।

ਸ਼ਾਹਿ ਬਹਾਦਰ ਫੇਰ।
ਦਿੱਲੀ ਦਿਸ ਆਵਤ ਭਯੋ,
ਕਰਿ ਦੌਰਾ ਇਮ ਢੇਰ[1] ॥ ੬੪ ॥
ਮਨਿ ਧਰਿ ਗੁਰ ਕਾ ਬਚਨ ਦ੍ਰਿੜ,
ਬੰਦਾ ਦਯੋ ਭੁਲਾਇ।
ਤੁਰਕ ਅਰਜ਼ੀਆਂ ਬਹੁ ਪਠੈਂ,
ਨਾਂਹਿ ਵਜੀਰ ਸੁਨਾਇਂ ॥ ੬੫ ॥
ਮਨ ਮੈਂ ਸਭਿ ਅਮਲਾ[1] ਡਰੈ,
ਮਤ ਕਿਤ ਹਮ ਕੋ ਸ਼ਾਹਿ।
ਬੰਦੇ ਓਰ ਪਠਾਇ ਦੈ,
ਕਰਿ ਕਾਫਰ ਸੋ ਘਾਹਿ[1] ॥ ੬੬ ॥
ਯੌਂ ਹੀ ਬੀਤੇ ਮਾਸ ਛੈ,
ਇਤ ਬੰਦੇ ਬਲ ਧਾਰਿ।
ਬਦਲੇ ਸਤ੍ਰੁਨ ਤੈ ਲਏ,
ਸੁਨੋ ਕਥਾ ਸੋ ਸਾਰ[1] ॥ ੬੭ ॥
ਬੰਦੇ ਯੁਤ ਸੁਨਿ ਪੰਥ ਕੀ,
ਫਤੇ ਗੁਰੁ ਦਸਮੇਸ਼।
ਸਾਨੰਦ ਪਾਛੇ ਮਾਸ ਇਕ,
ਰਾਖਯੋ ਤਨ ਜਗਤੇਸ ॥ ੬੮ ॥
ਸੰਮਤ ਪੈਂਹਟ ਕਾਤਕੀ
ਥਿੱਤ ਪੰਚਮੀ ਹੇਰਿ[1]।
ਜੋਤੀ ਜੋਤਿ ਸਮਾ ਗਏ,
ਗੁਰੁ-ਪੁਰਿ ਕੀਨ ਬਸੇਰ[1] ॥ ੬੯ ॥
ਪੂਰਬਾਰਧ ਇਸ ਗ੍ਰੰਥ ਮੈਂ,
ਗਾਥ ਕਹੀ ਬਿਸਤਾਰ।
ਇਸੀ ਹੇਤ ਸੰਛੇਪ ਤੈ,
ਈਹਾਂ ਲਿਖੀ ਵਿਚਾਰ ॥ ੭੦ ॥
ਪੀਛੇ ਗੁਰੁ ਤਨ ਤਜਨ ਤੈ,
ਰਹੇ ਜੁ ਸਿੰਘ ਤਹਾਂਇਂ।
ਹ੍ਵੈ ਉਦਾਸ ਸਭਿ ਖਿੰਡ ਗਏ,

[1]ਵੱਡਾ।
[1]ਕੰਮ ਕਰਨ ਵਾਲਿਆਂ ਦਾ ਟੋਲਾ, ਸਟਾਫ਼।
[1]ਮਾਰ ਦੇਵੇ।
[1]ਸ੍ਰੇਸ਼ਟ।
[1]ਸੰਮਤ ੧੭੬੫ ਬਿ. ਕੱਤਕ ਸੁਦੀ ੫ ਦੇਖਕੇ।
[1]ਵਾਸਾ।

ਦੁਇਕ ਰਹੇ ਤਿਸ ਠਾਂਇੰ ॥੭੧॥
ਕੇਚਿਤ[1] ਤਯਾਗ ਵਿਰਾਗ ਧਰਿ,
ਭਏ ਨਿਰਮਲੇ ਸੰਤ।
ਅਧਿਕ ਆਇ ਪੰਜਾਬ ਮੈਂ,
ਮਿਲੇ ਪੰਥ ਸੋਂ ਤੰਤ[1] ॥੭੨॥

[1]ਕਿਤਨੇ ਕੁ।

[1]ਤਤਕਾਲ, ਛੇਤੀ। ਹੋ ਸਕਦੀਆਂ। ਬਹਾਦਰ ਸ਼ਾਹ ਦਾ ਇਹ ਕਹਿਣਾ ਕਿ 'ਮੈਂ ਉਸੇ ਤਰ੍ਹਾਂ ਦਾ ਤੁਹਾਡਾ ਸਿੱਖ ਹਾਂ ਜਿਵੇਂ ਹੋਰ ਸਾਰਾ ਖਾਲਸਾ ਤੇ ਮੈਂ ਪ੍ਰਣ ਕੀਤਾ ਹੈ ਕਿ ਗੁਰੂ ਘਰ ਨਾਲ ਨਾ ਵਿਗਾੜਾਂ' ਇਹ ਗੱਲਾਂ ਵੀ ਮਨ-ਉਕਤ ਹੀ ਸਮਝਣੀਆਂ ਚਾਹੀਦੀਆਂ ਹਨ। ਨਾ ਬਹਾਦਰ ਸ਼ਾਹ ਕਦੀ ਸਿਖ ਬਣਿਆ ਹੈ ਤੇ ਨਾ ਹੀ ਗੁਰੂ ਘਰ ਨਾਲ ਨਾ ਵਿਗਾੜਨ ਦਾ ਉਸ ਪ੍ਰਣ ਪੂਰਾ ਕੀਤਾ ਹੈ, ਸਗੋਂ ਨਵੀਨ ਖੋਜ ਅਨੁਸਾਰ ਸਤਿਗੁਰਾਂ 'ਤੇ ਹਮਲਾ ਕਰਨ ਵਾਲੇ ਦੋਨੋਂ ਪਠਾਣ ਬਹਾਦਰ ਸ਼ਾਹ ਦੀ ਫ਼ੌਜ ਦੇ ਸਿਪਾਹੀ ਸਨ ਤੇ ਸਤਿਗੁਰਾਂ ਨੂੰ ਸ਼ਹੀਦ ਕਰਵਾਣ ਲਈ ਬਹਾਦਰ ਸ਼ਾਹ ਨੇ ਹੀ ਭੇਜੇ ਸਨ। ਨਵੀਨ ਖੋਜ ਅਨੁਸਾਰ ਸਤਿਗੁਰਾਂ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ ਸਰਹੰਦ ਦੇ ਮਾਰਨ ਦਾ ਸੰਮਤ ਜੇਠ ੧੭੩੭ ਬਿ. ਹੈ। (ਦੇਖੋ ਗੰਡਾ ਸਿੰਘ ਲਿਖਤ ਬੰਦਾ ਸਿੰਘ ਬਹਾਦਰ ਪੰਨਾ ੫੧।) ਫਿਰ ਸਰਹੰਦ ਮਾਰਨ ਤੋਂ ਬਾਦ ਬਹਾਦਰ ਸ਼ਾਹ ਦੀ ਸਤਿਗੁਰਾਂ ਨਾਲ ਵਾਰਤਾਲਾਪ ਆਪਣੇ ਆਪ ਹੀ ਮਨੋ-ਕਲਪਤ ਸਿੱਧ ਹੋ ਜਾਂਦੀ ਹੈ।

ਨਿਸ਼ਾਨੀ ਛੰਦ:

ਬੰਦੇ ਮਾਰਿ ਸਰ੍ਹੰਦ ਕੋ,
ਗੁਰੁ ਬਚਨ ਕਮਾਏ।
ਸਾਹਬਜ਼ਾਦਜੋਂ ਕਾ ਲਯੋ,
ਉਨ ਬੈਰ ਮਹਾਂਏ।
ਬਿਦਿਤ ਭਯੋ ਸਭਿ ਦੇਸ ਮੈਂ,
ਬੰਦਾ ਬਲਕਾਰੀ[1]।
ਮਿਲੇ ਲੋਗ ਬਹੁ ਆਇ ਕੈ,
ਲੈ ਭੇਟ ਅਪਾਰੀ ॥੭੩॥

[1]ਬਲਵਾਨ।

ਪੁਨਾ ਦਿਵਾਨ ਲਗਾਇ ਕੈ,
ਬੰਦਾ ਨਿਤ ਬੈਠੈ।
ਸਿੱਖਨ ਸੋਂ ਅਤਿ ਹਿਤ ਕਰੈ,
ਆਸਿੱਖਨ ਐਂਠੈ[1]।
ਹੁਤੋ ਬੁਲਾਕਾ ਸਿੰਘ ਇੱਕ,

[1]ਤੁਰਕਾਂ ਨੂੰ ਖਿਚਦਾ ਹੈ ਭਾਵ ਤਾੜਦਾ ਹੈ।

ਪ੍ਰੇਮੀ ਗੁਰੁ ਭਾਰਾ।
ਸ਼ਬਦ ਗੁਰੂ ਕਾ ਨਿਤ ਪੜ੍ਹੈ,
ਲੈ ਹਾਥਿ ਦੁਤਾਰਾ ॥੭੪॥
ਇਕ ਦਿਨ ਬੀਚ ਦਿਵਾਨ ਕੇ,
ਤਿਨ ਅਰਜ਼ ਗੁਜਾਰੀ।
ਸੁਨੋਂ ਖਾਲਸਾ ਜੀ ਸਭੈ,
ਮੈਂ ਸਰਣ ਤੁਮਾਰੀ।
ਬੈਰ ਸਜਾਦਨ ਕਾ ਲਯੋ,
ਜਿਸ ਭਾਂਤਿ ਤੁਸਾਂ ਨੈਂ।
ਤਯੋਂ ਹਮਰੋ ਲੈ ਦੀਜੀਏ,
ਹਤ ਕੈ ਦੁਸ਼ਟਾਨੈਂ ॥੭੫॥
ਗਾਮ ਘੁੜਾਣੀ ਮੈਂ ਗਯੋ,
ਇਕ ਦਿਵਸ ਅਚਾਨਕ।
ਰਮਰੱਈਏ ਮਾਸੰਦ ਬਹੁ,
ਤਹਿਂ ਬਸਤ ਕਿਤਾਨਕ[1]।
ਸੰਝ ਸਮੇਂ ਰਹਿਰਾਸ ਪੜ੍ਹ,
ਅਰਦਾਸ ਉਚਾਰੀ।
ਬੋਲੋ ਵਾਹਿਗੁਰੂ ਕਹਯੋ,
ਜਬਿ ਮੈਂ ਬਹੁ ਵਾਰੀ ॥੭੬॥
ਲਗੀ ਆਗ ਸੁਨਿ ਯਹਿ ਤਿਨੈਂ,
ਮੁਹਿ ਦੀਨੀਂ ਗਾਰੈਂ।
ਭੰਨ ਦੁਤਾਰਾ ਮਾਰਯੋ,
ਮੁਝ ਕੋ ਉਨ ਭਾਰੈਂ।
ਦਸਮ ਗੁਰੂ ਕੀ ਨਿੰਦਯਾ,
ਉਨ ਬਹੁਤ ਅਲਾਈ।
ਗਾਰੀ ਦੈ ਦੈ ਗੁਰੂ ਕੋ,
ਮੁਹਿ ਕਹਯੋ ਸੁਨਾਈ ॥੭੭॥
ਚੌਪਈ:
ਪੁੱਤ੍ਰ ਮਰੇ ਆਪ ਮਰ ਗਯੋ।
ਬੋਲੋ ਵਾਹਿਗੁਰੂ ਨਹਿਂ ਮੁਯੋ।

[1]ਕਿਤਨੇ ਕੁ।

ਤੁਮ ਸੇ ਸਿਖੜਜੋਂ ਨੈ ਹ੍ਵੈ ਕੱਠੇ।
ਲਯੋ ਗੁਬਿੰਦੈ ਕੋ ਗੁਰੁ ਠੱਟੇ[1] ॥੭੮॥ — [1]ਗੁਰੂ ਬਣਾ ਲਿਆ।
ਚੋਰ ਧਾਰਵੀ ਜਿਤਿਕ ਲੁਟੇਰੇ।
ਸਿੱਖ ਬਣੇ ਸਭਿ ਹੀ ਤਿਸ ਕੇਰੇ।
ਖੰਡੇ ਪਾਹੁਲ ਚੁੱਕ ਚਲਾਈ।
ਬੋਲੋ ਫਤੇ ਅਕਾਲ ਗਜਾਈ ॥੭੯॥
ਨਿਜ ਵਡਜਨ ਕੀ ਤਜਿ ਕੁਲ ਰੀਤੀ।
ਔਰ ਚਲਾਈ ਨਿਜ ਬਿਪ੍ਰੀਤੀ[1]। — [1]ਉਲਟੀ (ਰੀਤੀ)।
ਲੂਟ ਮਾਰ ਕਰਿ ਚੋਰੀ ਧਾੜਾ।
ਰਹਜੋ ਕਰਾਵਤ ਕਰਮ ਸੁ ਮਾੜਾ ॥੮੦॥
ਜਿਸ ਬਦਲੇ ਸਰਬੰਸ[1] ਨਿਜੰਸੈ[2]। — [1]ਸਾਰੀ ਬਿਭੂਤੀ। [2]ਆਪਣੀ ਕੁਲ।
ਖੋਇ[1] ਹੋਇ ਬਦਨਾਮ ਨਿਸੰਸੈ[2]। — [1]ਗਵਾ ਕੇ। [2]ਬਿਨਾਂ ਸੰਸੇ ਤੋਂ।
ਤਜ ਕੈ ਦੇਸ ਗਯੋ ਪਰਦੇਸੈਂ।
ਅਬ ਭੀ ਸਿਖੜੇ ਤਾਂਹਿ ਬਿਸੇਸੈਂ ॥੮੧॥
ਚੋਰੀ ਧਾੜਾ ਕਰਤ ਬਿਸਾਲੈਂ।
ਫਿਰਤੇ ਹੋਤ ਖਰਾਬ ਕਮਾਲੈਂ[1]। — [1]ਬਹੁਤੇ।
ਇਤਜਾਦਿਕ ਬਹੁ ਖੋਟੀ ਬਾਨੀ।
ਰਮਰੱਈਅਨ ਮੁਹਿ ਸਮੁਖ ਬਖਾਨੀ ॥੮੨॥
ਮੁਝ ਕੋ ਮਾਰਨ ਕਾ ਦੁਖ ਨਾਹੀਂ।
ਗੁਰੁ ਨਿੰਦਾ ਨੇ ਛਾਤੀ ਦਾਹੀ[1]। — [1]ਸਾੜੀ।
ਸੋ ਮਮ ਦਾਹ ਮਿਟਾਵਹੁ ਭਾਈ।
ਪਰਜੋ ਪੰਥ ਕੀ ਮੈਂ ਸ਼ਰਨਾਈ ॥੮੩॥
ਤਬਿ ਲੌ ਹਿੰਦੂ ਆਏ ਔਰੈਂ।
ਗਿਰਦ ਰੁਹਾਉਣ ਗ੍ਰਾਮਨ ਗੌਰੈਂ[1]। — [1]ਰੁਹਾਉਣ ਦੇ ਇਰਦ ਗਿਰਦ ਦੇ ਬਹੁਤੇ ਪਿੰਡਾਂ ਦੇ।
ਮੁਖ ਲੈ ਤ੍ਰਿਣ ਗਰ ਅੰਚਰ[1] ਪਾਏ। — [1]ਪੱਲੇ।
ਕਰਿ ਬੰਦਨ ਹ੍ਵੈ ਦੀਨ ਅਲਾਏ ॥੮੪॥
ਰੰਘੜ ਗਾਮ ਰੁਹਾਉਣ ਕੇਰੇ।
ਹਮ ਪਰ ਕਰਿ ਹੈਂ ਜ਼ੁਲਮ ਬਧੇਰੇ।
ਬੇਟੀ ਬਹੁ ਹਿੰਦੂਅਨ ਕੇਰੀ।
ਜਬਰਨ ਪਕਰਿ ਲਿਜਾਤ ਬਧੇਰੀ ॥੮੫॥

ਦਿਨ ਦੁਇ ਚਾਰ ਰਾਖ ਘਰ ਮੈਂ ਹੈਂ।
ਫਿਰ ਮਾਲਕ ਕੇ ਧਾਮ ਪਠੈ ਹੈਂ।
ਹੋਮ ਸਰਾਧ ਨ ਕਰਨੇ ਦੈਹੈਂ।
ਸੰਖ ਬਜਾਵਨ ਨਾਹਿਂ ਮਿਲੈ ਹੈਂ ॥੮੬॥
ਗਊ ਬਿਮਾਰ ਜੁ ਹੋਇ ਹਿੰਦੁ ਕੈ।
ਕਾਜੀ ਪਾਜੀ[1] ਤਾਂਹਿ ਬਿੰਦੁ ਕੈ[2]।
[1]ਝੂਠੇ। [2]ਜਾਣ ਕੇ।
ਜ਼ਿਬੈ[1] ਕਰਤ ਹੈਂ ਘਰ ਮੈਂ ਆਏ।
[1]ਹਲਾਲ।
ਲੂਟ ਲੇਤ ਜੋ ਨਾਹਿਂ ਕਰਾਏ ॥੮੭॥
ਬਲਿਕੈ[1] ਪਸੂ ਜੁ ਪੀਨ ਨਿਹਰ ਹੈਂ[2]।
[1]ਸਗੋਂ। [2]ਤਕੜਾ (ਜ਼ੋਰਾਵਰ) ਦੇਖਦੇ ਹਨ।
ਤਾਂਹਿ ਦਿਖਾਰ ਹਿੰਦੂਅਨ ਹਰ ਹੈਂ[1]।
[1]ਹਿੰਦੂਆਂ ਦੇ ਵੇਖਦਿਆਂ ਹੀ ਉਸ (ਪਸੂ) ਨੂੰ ਖੋਹ ਲੈਂਦੇ ਹਨ।
ਮੋਲ ਪੁਵਾ ਕਾਜੀ ਤੈ ਦੈ ਹੈਂ।
ਐਸੇ ਜ਼ੁਲਮ ਅਤੁਲਮ[1] ਕਰੈ ਹੈਂ ॥੮੮॥
[1]ਬਹੁਤੇ।
ਗੁਰੁ ਨਿੰਦੈਂ ਹਿੰਦੈਂ ਦੁਖ ਸੁਨ ਕੈ।
ਬੰਦਾ ਸ਼ੀਘਰ ਚਢਯੋ ਗੁਨ ਕੈ।
ਗਾਮ ਰੁਹਾਉਣ ਜਾਇ ਉਜਾਰਾ।
ਲੂਟ ਮਾਰਿ ਕਿਯ ਖ੍ਵਾਰ ਅਪਾਰਾ ॥੮੯॥
ਰੰਘੜ ਪਕਰਿ ਕੈਦ ਬਹੁ ਕੀਨੇ।
ਲਏ ਦੰਡ ਮਨ ਭਾਵਤ ਪੀਨੇ।
ਆਗੇ ਜ਼ੁਲਮ ਨ ਕਰੈਂ ਕਦਾਈਂ।
ਇਮ ਕਹਾਇ ਕਸਮੈਂ ਕਰਵਾਈਂ ॥੯੦॥
ਨਾਕ ਸਾਥ ਲੀਕੈਂ ਖਿਚਵੈ ਕੈ।
ਛੋਡੇ ਅਪਨੋ ਹੁਕਮ ਮਨੈ ਕੈ।
ਇਸੀ ਤੌਰ ਔਰੈਂ ਬਹੁ ਤੁਰਕੂ।
ਸੋਧੇ ਜਹਿਂ ਜਹਿਂ ਪਾਏ ਝੁਰਕੂ[1] ॥੯੧॥
[1]ਈਰਖਾਲੂ।
ਪਿਖਿ ਪ੍ਰਤਾਪ ਬੰਦੇ ਕਾ ਭਾਰੀ।
ਮਿਲਤ ਲੋਗ ਦੈ ਨਜ਼ਰ ਅਗਾਰੀ*[1]।
[1]ਅਗੋਂ ਭੇਟਾ ਦੇ ਕੇ। *ਪਾਠਾਂਤ੍ਰ-ਗੁਜ਼ਾਰੀ।
ਤਬੈ ਖੱਤ੍ਰੀ ਪਾਇਲ ਕੇਰੇ।
ਆਏ ਬੰਦੇ ਪਾਸ ਬਧੇਰੇ ॥੯੨॥
ਹਾਕਮ ਥਾ ਪਾਇਲ ਕਾ ਜੋ ਹੈ।
ਤਿਸ ਕੇ ਜ਼ੁਲਮ ਸੁਨਾਏ ਗੋਹੈ[1]।
[1]ਕਹਿ ਕੇ।

ਰਾਹਾਉਣ ਵਾਰਨ ਤੈ ਜ਼ਜਾਦੇ।
ਦੂਖ ਸੁਨਾਏ ਤਿਨੈ ਅਗਾਧੇ[1] ॥ ੯੩ ॥ — [1]ਬਹੁਤੇ।
ਹਾਥ ਜੋਰਿ ਹ੍ਵੈ ਦੀਨ ਮਹਾਨੀ।
ਕਹ੍ਯੋ ਰਖੋ ਹਮਰੀ ਹਿੰਦੁਵਾਨੀ ॥ ੯੪ ॥

ਦੋਹਰਾ:
ਤਬਿ ਬੰਦੇ ਨੈ ਹੁਕਮ ਇਹੁ,
ਦੀਨੋ ਨਿਜ ਦਲ ਮਾਹਿਂ।
ਪਾਇਲ ਪਹਿਲੇ ਹੀ ਹਤੋ,
ਫੇਰ ਘੁੜਾਣੀਂ ਜਾਹਿਂ ॥ ੯੫ ॥

ਭੁਜੰਗ ਪ੍ਰਯਾਤ ਛੰਦ:
ਇਮੈਂ ਗਾਇ[1] ਬੰਦਾ, ਝੁਕ੍ਯੋ ਪਾਇਲੈ ਕੋ[2]। — [1]ਕਹਿ ਕੇ। [2]ਪਾਇਲ ਪਿੰਡ ਵਲ ਨੂੰ।
ਧਏ ਹੈਂ ਲੁਟੇਰੇ, ਉਤੈ ਗਾਇਲੈ ਕੋ[1]। — [1]ਉਸੇਰਸਤੇ ਨੂੰ।
ਸੁਨੀ ਖਾਨ ਮਾਹੰਮਦੈ, ਆਦਿ ਏਹੈਂ।
ਧਨੀ ਤੂੰਕ ਥੇ ਜੋ ਤਹਾਂ, ਕਾਂਪ ਵੇਹੈਂ[1] ॥ ੯੬ ॥ — [1]ਉਹ ਕੰਬ ਉੱਠੇ।
ਸਬੈ ਹੋਇ ਕੱਠੇ, ਨਿਜੰ ਸੈਨ ਲੈ ਕੈ।
ਲੜੇ ਏਕ ਕੋਸੰ ਤਬੈ ਬਹਿਰ[1] ਐ ਕੈ। — [1]ਬਾਹਰ।
ਇਤੈ ਕੋਪ ਕੈ ਕੈ, ਲੜੇ ਸਿੰਘ ਸੂਰੇ।
ਤਜੀ ਤੁੱਪਕੈਂ ਧੀਰ ਕੈ ਤੀਰ ਭੂਰੇ[1] ॥ ੯੭ ॥ — [1]ਧੀਰਜ ਨਾਲ ਬਹੁਤੇ ਤੀਰ।
ਬਜੈਂ ਬਾਦ ਮਾਰੂ[1], ਮਨੋ ਮੇਘ ਗਾਜੈਂ। — [1]ਜੰਗੀ ਵਾਜੇ।
ਸੁਨੈ ਕੈ ਜਿਨੈ, ਕੂਰ[1] ਭੀ ਨਾਹਿਂ ਭਾਜੈਂ। — [1]ਕਾਇਰ।
ਦੁਹੂੰ ਓਰ ਜੁੱਟੇ ਰਸੰ ਬੀਰ ਮੱਤੇ।
ਭਏ ਸੂਰ ਮੱਧਜਾਨ ਜਯੋਂ ਸੂਰ ਤੱਤੇ[1] ॥ ੯੮ ॥ — [1]ਦੋਪਹਿਰ ਦੇ ਸੂਰਜ ਵਾਂਗ ਸੂਰਮੇਂ ਤੱਤੇ ਹੋ ਗਏ।
ਛਏ ਨੂਰ ਮੱਥੈਂ ਭਏ ਹੱਥ ਵੱਥੈਂ[1]। — [1]ਚਿਹਰਿਆਂ 'ਤੇ ਲਾਲੀ ਚੜ੍ਹ ਗਈ ਤੇ ਹੱਥੋ ਹੱਥੀਂ ਹੋ ਪਏ।
ਫਿਰੈਂ ਭੂਰ ਬਾਂਕੇ, ਹਿਰੈਂ ਹੂਰ ਤੱਥੈਂ[1]। — [1]ਬਹੁਤੇ ਸੁੰਦਰ (ਸੂਰਮੇਂ) ਫਿਰਦੇ ਹਨ ਤਿਨ੍ਹਾਂ ਨੂੰ ਹੂਰਾਂ ਦੇਖਦੀਆਂ ਹਨ।
ਮਰੈਂ ਸੰਮੁਖੈ ਜੋ, ਬਰੈਂ ਤਾਂਹਿ ਸੋਊ।
ਦੁਹੂੰ ਓਰ ਤੈ ਨਾ ਟਰ੍ਯੋ ਚਾਹਿ ਕੋਊ ॥ ੯੯ ॥
ਬਹੀ ਖੂਨ ਧਾਰੈਂ, ਭਿਗੇ ਬੀਰ ਬਾਗੈਂ[1]। — [1]ਪੁਸ਼ਾਕੇ।
ਧਰਾ ਲਾਲ ਕੀਨੀ, ਮਨੋ ਖੇਲ ਫਾਗੈਂ[1]। — [1]ਹੋਲੀ।
ਤਬੈ ਠੌਰ ਊਚੈਂ, ਖਰੇ ਹੋਇ ਬੰਦੇ।

ਤੇਜ ਤੀਰ ਤੀਖੇ, ਘਨੈ ਸੱਤ੍ਰ ਕੰਦੇ[1] ॥੧੦੦॥	[1]ਕੱਟੇ।
ਹਤਜੋ ਖਾਨ ਮਾਹੰਮਦੰ, ਖਾਂ ਸਵਾਜੰ[1]।	[1]ਸ਼ਾਹਬਾਜ਼ ਖ਼ਾਂ।
ਤਬੈ ਔਰ ਬਾਕੀ, ਚਲੇ ਹੈਂ ਸੁ ਭਾਜੰ।	
ਭਏ ਜੋ ਸ਼ਹੀਦੰ, ਤਬੈ ਬੀਰ ਖਾਸੈਂ[1]।	[1]ਬਹੁਤੇ।
ਜਗਾਂ ਹੈ ਤਿਨੋ ਕੀ ਜਲੈ ਗਾਮ ਪਾਸੈਂ[1] ॥੧੦੧॥	[1]ਜੱਲੇ ਪਿੰਡ ਕੋਲ।
ਫਤੇ ਪਾਇ ਕੇਤੇ, ਧਸੇ ਸਿੰਘ ਸ਼ਹਿਰੈਂ।	
ਬਿਤਜੋ ਆਨ ਤੁਕਾਨ ਪੈ, ਕਾਲ ਕਹਿਰੈਂ[1]।	[1]ਬਹੁਤੇ ਕਸ਼ਟ ਦਾ ਸਮਾਂ।
ਸਭੈ ਲੂਟ ਔ ਕੂਟ ਕੈ, ਦੀਨ[1] ਕੀਨੇ।	[1]ਅਧੀਨ।
ਰਖਜੋ ਲਾਇ ਡੇਰਾ, ਤਹਾਂ ਦਜੋਸ ਤੀਨੇ ॥੧੦੨॥	
ਕਰਜੋ ਇੰਤਜ਼ਾਮੰ, ਨਿਜੰ ਤੌਰ[1] ਸਾਰਾ।	[1]ਆਪਣੇ ਢੰਗ ਨਾਲ।
ਭਯੋ ਤੇਜ ਤੋ ਹਿੰਦੁ ਕਾ ਹੈ ਸਿਤਾਰਾ[1]।	[1]ਹਿੰਦ ਵਾਸੀਆਂ ਦਾ ਸਿਤਾਰਾ (ਭਾਗ) ਤੇਜ਼ ਹੋ ਗਿਆ।
ਸਫਾ ਤੁੱਕ ਓਠਾਇ, ਹਿੰਦੈਂ ਬਿਛਾਈ।	
ਕਰੇ ਹਾਕਮੰ[1] ਸਿੰਘ ਹੈਂ, ਤਿੱਸ ਠਾਂਈਂ ॥੧੦੩॥	[1]ਹਾਕਮ।
ਦਏ ਲੈ ਪਲੱਟੇ[1] ਤੁਕੈਂ ਤੈ ਹਿੰਦਾਨੈਂ।	[1]ਬਦਲੇ।
ਕਰਜੋ ਬੈਦਕੰ ਧਰਮ ਕੋ ਝੱਲਕਾਨੈਂ[1] ॥੧੦੪॥	[1]ਵੈਦਕ ਧਰਮ ਨੂੰ ਚਮਕਾਇਆ।
ਚੌਪਈ:	
ਚਢਿ ਪਾਇਲ ਤੈ ਫਿਰ ਅਗਵਾਈ।	
ਲੂਟਜੋ ਗਾਮ ਘੁੜਾਣੀ ਜਾਈ।	
ਰਮਰੱਈਏ ਮਾਸੰਦਨ ਕੇਰੇ।	
ਲੂਟੇ ਧਾਮ ਬਨਾਇ ਬਧੇਰੇ ॥੧੦੫॥	
ਪਾਇਲ ਕਾ ਪੁਨ ਠਾਣੇਦਾਰੈਂ।	
ਕਰਜੋ ਬੁਲਾਕਾ ਸਿੰਘ ਨਿਰਧਾਰੈਂ[1]।	[1]ਨਿਰਣਯ ਕਰਕੇ।
ਫੇਰ ਬੁਲਾਕਾ ਸਿੰਘ ਨੈ ਤਬਹੀ।	
ਬੈਰ ਲਯੋ ਨਿੰਦਜਾ ਕਾ ਸਭਿਹੀ ॥੧੦੬॥	
ਗੁਰੁ ਕੀ ਨਿੰਦ ਕਰੀ ਥੀ ਜਿਨ ਜਿਨ।	
ਪਾਈ ਅਧਿਕ ਸਜ਼ਾ ਤਬਿ ਤਿਨ ਤਿਨ।	
ਨਾਹੱਕ[1] ਜਾਂ ਕੋ ਜੋਊ ਦੁਖਾਵੈ।	[1]ਬਿਨਾਂ ਕਾਰਨ ਤੋਂ।
ਸੋ ਜਨ ਜਦ ਕਦ ਦੁਖ ਫਲ ਪਾਵੈ ॥੧੦੭॥	
ਯਾਹੀਂ ਤੈ ਜੇ ਪੁਰਖ ਉਦਾਰੈਂ।	

ਕਾਹੂੰ ਸੋ ਨਹਿੰ ਕਰਤ ਬਿਗਾਰੈਂ ॥੧੦੮॥

ਦੋਹਰਾ:

ਬੰਦਾ ਚਢਯੋ ਮਲੇਰ ਪਰ,
ਲੂਟਨ ਹੁਕਮ ਸੁਨਾਇ।
ਲੋਗ ਲੁਟੇਰੇ ਸੁਨ ਘਨੇ,
ਮਿਲੇ ਆਇ ਤਬਿ ਧਾਇ ॥੧੦੯॥

ਸਿਰਖੰਡੀ ਛੰਦ:

ਬੰਦਾ ਪਹੁੰਚਯੋ ਜਬਿ, ਮਲੇਰ ਢਿਗ ਜਾਇ ਕੈ।
ਸੁਣਿ ਪਠਾਣ ਡਰ ਮਾਨਿ, ਭਗੇ ਦਹਿਲਾਇ ਕੈ[1]। [1]ਡਰ ਕੇ।
ਤੇਜ ਤਹਿਦ[1] ਨਹਿੰ ਬੰਦੇ ਕਾ ਸਹਿ ਸਕੇ ਕੋ। [1]ਦਬਦਬਾ।
ਧਾਂਕ ਪਰ ਰਹੀ ਦੁੱਖ ਦਾਨ, ਤੁਰਕਾਨ ਕੋ[1] ॥੧੧੦॥ [1]ਬੰਦੇ ਦੀ ਧਾਂਕ (ਮਸ਼ਹੂਰੀ) ਹੋ ਰਹੀ ਹੈ ਜੋ ਤੁਰਕਾਂ ਲਈ ਦੁਖਦਾਈ ਹੈ।
ਕਿਸ਼ਨ ਦਾਸ ਇਕ ਬਣੀਆਂ, ਹੁਤੋ ਮਲੇਰ ਮੈਂ।
ਤਿਸ ਕੇ ਘਰ ਇਕ ਸਮੇਂ, ਬ੍ਰਿੱਕਤੀ ਤੌਰ ਸੈਂ[1]। [1]ਸਾਧੂ ਭੇਸ ਵਿਚ।
ਬੰਦਾ ਥਾ ਰਹਿ ਗਯੋ, ਸੇਵ ਉਨ ਬਹੁ ਕਰੀ।
ਸੋ ਸਰ੍ਹੰਦ ਮੈਂ ਗਯੋ ਹੁਤੋ ਪਿਖ ਆਪ ਥਾ[1] ॥੧੧੧॥ [1]ਸਰਹੰਦ ਵਿੱਚ ਉਹ ਬੰਦੇ ਨੂੰ ਆਪ ਵੇਖ ਗਿਆ ਸੀ।
ਪੰਚਾਇਤ ਨਿਜ ਸ਼ਹਿਰ ਕੇਰ, ਸੋ ਸੰਗ ਲੈ।
ਥਾਲ ਮਿਠਾਈ ਕੇਰ, ਨਜ਼ਰ ਲੈ ਜਾ ਮਿਲੇ।
ਬਣੀਏ ਕੋ ਪਹਚਾਣ, ਬੰਦੇ ਤਬਿ ਯੌਂ ਕਹਯੋ।
ਕਿਸ਼ਨ ਦਾਸ, ਤੂੰ ਮਾਂਗ ਲੇਹ ਜੋ ਚਾਹੀਏ ॥੧੧੨॥
ਹਾਥ ਜੋਰਿ ਉਠ ਭਾਖਯੋ, ਆਪ ਦਯਾਲੁ ਜੇ।
ਦਾਸ ਜਾਨ ਨਿਜ ਕਿਰਪਾ, ਅਤਿਸੈ ਕਰਤ ਹੋ।
ਲੂਟ ਕਤਲ ਤੋ ਮਾਫ ਕਰੋ, ਇਸ ਨਗਰ ਕੀ।
ਧਨ ਜਪਤੀ[1] ਕਰਿ ਲੇਹੁ, ਜਿਤਿਕ ਮਨ ਭਾਵਤੋ ॥੧੧੩॥ [1]ਜ਼ਬਤ, ਕਬਜ਼ੇ ਵਿਚ।
ਯਹਿ ਸੁਨਿ ਬੰਦੇ ਬਚਨ, ਤਾਹਿ ਕਾ ਮਾਨਯੋ।
ਡੇਰਾ ਦੀਨੋ ਲਾਇ, ਰਸਦ ਸਭਿ ਹੀ ਲਈ।
ਬਚਨ ਗੁਰੂ ਕੇ ਦੇਖਹੁ, ਅਬਿ ਕਿਸ ਤੌਰ ਸੈਂ[1]। [1]ਕਿਸ ਢੰਗ ਨਾਲ।

ਬਣੀਏ ਦ੍ਵਾਰਾ ਹੋਇ, ਮੇਲ ਰਹਿਂ[1] ਰਾਖ੍ਯੋ ॥ ੧੧੪ ॥
ਮਥੀ ਔਰ ਥੀ ਬੰਦੇ, ਔਰੈਂ ਹੀ ਭਈ।
ਆਵਤ ਜਮ ਦਲ ਰੋਕ੍ਯੋ, ਗੁਰੁ ਬਰ ਬਨਕ ਹ੍ਵੈ[1]।
ਸੇਵਾ ਕੀ ਵਡਜਾਈ, ਕਾ ਫਲ ਪੇਖੀਏ।
ਯਾਹੀਂ ਤੈ ਜਨ ਭਲੇ, ਭਲਜਾਈ ਰਖਤ ਹੈਂ ॥ ੧੧੫ ॥
ਫਿਰ ਬੰਦੇ ਨੈ ਮਾਲ, ਪਠਾਨਨ ਕਾ ਸਭੀ।
ਜਪਤ ਲਯੋ ਬਲ ਧਾਰਿ, ਜਿਤਿਕ ਧਨ ਪਾਇਯੋ।
ਪੁਨ ਉਗਰਾਹ੍ਯੋ ਸ਼ਹਿਰ, ਸਰਬ ਤੈ ਬਿੱਤ[1] ਬਹੁ।
ਦੈਨ ਜੋਗ ਥਾ ਜੇਤਿਕ, ਜੋਊ ਜਨ ਤਹਾਂ ॥ ੧੧੬ ॥
ਤੇਤਿਕ ਤਾਂ ਤੈ ਲਯੋ, ਜੁਲਮ ਨਹਿਂ ਬਹੁ ਕਰ੍ਯੋ।
ਔਰ ਪਠਾਨਨ ਕੇਰ, ਮੁਲਕ ਉਗਰਾਹਿਓ।
ਦੋਇ ਲੱਖ ਤਬਿ ਟਕਾ[1], ਇਕੱਠਾ ਸਭਿ ਭਯੋ।
ਤਲਬ[1] ਦਈ ਬਰਤਾਇ, ਛਿਮਾਹੀਂ[2] ਫੌਜ ਕੋ ॥ ੧੧੭ ॥
ਸਿੰਘ ਭਏ ਸਭਿ ਖੁਸ਼ੀ, ਛਿਮਾਹੀਂ ਪਾਇ ਕੈ।
ਸ਼ਸਤਰ ਬਸਤਰ ਸਭਿ ਨੈਂ, ਨੀਕ ਬਨਾ ਲਏ।
ਹੁਤੇ ਪੀਰ ਜੇ ਭਾਰੀ, ਨਗਰ ਮਲੇਰ* ਮੈਂ।
ਕਬਰੈਂ ਪੁਟ ਕਢਵਾਏ, ਬੰਦੇ ਫਿਰ ਸਭੈ ॥ ੧੧੮ ॥
ਸ਼ੇਖ ਸੱਦੋ ਤੇ ਆਦਿ ਪੀਰ ਬਡ ਬਲੀ ਜੇ।
ਥੇ, ਤਿਨ ਕੀ ਫੁਕਵਾਈ ਕਢਿ ਕਢਿ ਹੱਡੀਆਂ।
ਬੰਦੇ ਅੱਗੇ ਪੇਸ਼[1], ਕਿਸੀ ਕੀ ਨਾ ਚਲੀ।
ਛੋਡਿ ਕੋਟਲਾ ਅਰ ਮਲੇਰ, ਸਭਿ ਖਾਨ ਜੋ ॥ ੧੧੯ ॥

[1]ਮਲੇਰ ਕੋਟਲੇ ਨੂੰ।

[1]ਗੁਰਾਂ ਦੇ ਵਰ ਨੇ ਬਾਣੀਆਂ ਹੋ ਕੇ।

[1]ਧਨ।

[1]ਰੁਪਇਆ।

[1]ਤਨਖ਼ਾਹ। [2]ਛੇ ਮਹੀਨਿਆਂ ਦੀ।

*ਮਲੇਰ ਕੋਟਲੇ 'ਚ ਕਿਸੇ ਪੀਰ ਦੀ ਵੀ ਕਬਰ ਚੋਂ ਕੱਢਕੇ ਉਸਦੀਆਂ ਹੱਡੀਆਂ ਨਹੀਂ ਸਾੜੀਆਂ, ਸਿਰਫ ਬੀਬੀ ਅਨੂਪ ਕੌਰ ਦੀ ਲਾਸ਼ ਦਾ (ਜੋ ਉਸ ਨੇ ਸ਼ੇਰ ਮੁਹੰਮਦ ਮਲੇਰ ਕੋਟਲੇ ਦੀ ਕੈਦ 'ਚ ਆਪਣੇ ਸਤ ਨੂੰ ਬਚਾਣ ਲਈ ਆਤਮਘਾਤ ਕਰ ਲਿਆ ਸੀ) ਕਬਰ ਪੁੱਟਕੇ ਸਿੱਖੀ ਰਵਾਇਤਾਂ ਅਨੁਸਾਰ ਦਾਹ ਸੰਸਕਾਰ ਕੀਤਾ ਸੀ।

[1]ਵਾਹ, ਜ਼ੋਰ।

ਭਾਗ ਗਏ ਥੇ ਗਾਮ, ਕਾਕੜੇ ਲੌ ਕਹੀਂ।
ਆਇ ਤਿਨੈ ਤਬਿ ਬਣੀਏਂ, ਦ੍ਵਾਰਾ ਨਜ਼ਰ ਦੈ।
ਗੁਰੂ ਦਸਮ ਕੀ ਬਖਸ਼ਸ਼ ਕਾ, ਸਭਿ ਹਾਲ ਕਹਿ।
ਹੁੱਕਮਨਾਮਾ ਤੇਗ ਦਿਖਾਏ ਗੁਰੂ ਕੇ ॥੧੨੦॥
ਪਿਖ ਬੰਦੇ ਪੁਨ ਸਿੱਖਨ ਤੈਂ ਭੀ ਸੁਨ ਇਹੈ।
ਡੇਰਾ ਕੀਨੋਂ ਕੂਚ ਤਿਨੋ ਕੋ ਅਮਨ ਦੈ।
ਰਾਇਕੋਟ ਜਗਰਾਵਾਂ ਕੀ ਦਿਸ ਜਾ ਝੁਕਜੋ।
ਸੁਨ ਕੈ ਕੱਲ੍ਹਾਰਾਇ ਨ੍ਰਿਪ ਤਬਿ ਤਹਾਂ ਕਾ ॥੧੨੧॥
ਘੋੜੇ ਨਕਦੀ ਰਸਦ, ਨਜ਼ਰ ਲੈ ਆ ਮਿਲਜੋ।
ਦਸਮ ਗੁਰੂ ਕੀ ਬਖਸ਼ਸ਼, ਢਾਲ ਤਰਵਾਰ ਜੋ।
ਦਿਖਰਾਈ ਅਰ ਕਥਾ ਕਹੀ, ਜਜੋਂ ਬਰ ਦਏ।
ਸੋ ਬੰਦੇ ਤਸਦੀਕ[1] ਕਰਾ ਕੈ ਸਿਖਨ ਤੈ ॥੧੨੨॥ [1]ਪਕਿਆਈ, ਪ੍ਰੋੜ੍ਹਤਾ।
ਦਯੋ ਰਾਇ ਕੋ ਛੋਰਿ, ਦੇਸ ਲੁਟਿ ਛਕਜੋ ਤਿਹ।
ਯੌਂ ਬੰਦੇ ਕੀ ਧਾਂਕ ਪਰੀ, ਸਭਿ ਦੇਸ ਮੈਂ।
ਥਰ ਥਰ ਕਾਂਪਤ ਭੂਪ ਸਭੀ, ਡਰ ਮਾਨ ਕੈ।
ਪੁਨ ਬੰਦੇ ਨੇ ਲੋਗ, ਮਾਲਵੇ ਦੇਸ ਕੇ ॥੧੨੩॥
ਨੌਕਰ ਲੀਨੇ ਰਾਖ, ਬਹੁਤ ਮੁਦ ਮਾਨ ਕੈ।
ਫਤੇ ਸਿੰਘ, ਜੋ ਭਾਈ ਭਗਤੂ ਕਾ ਹੁਤੋ।
ਤਿਸ ਕੋ ਬੰਦੇ ਦਯੋ, ਨਿਵਾਬ ਖਤਾਬ[1] ਥਾ। [1]ਪਦਵੀ, ਉਪਾਧੀ।
ਜਥੇਦਾਰ ਤਬਿ ਸਭਿ ਮਲਵੱਈਅਨ ਕਾ ਕਰਜੋ ॥੧੨੪॥
ਪਰਮ ਧਰਮ ਸਿੰਘ, ਭਾਈ ਰੂਪੇ ਕੇ ਹੁਤੇ।
ਤਿਨ ਕੇ ਤਾਬੇ ਘੋੜਾ, ਸੌ ਸੌ ਕਰਿ ਦਯੋ।
ਪੁਨਾ ਫੂਲ ਕੇ ਲੋਗ, ਕਰੇ ਸਰਦਾਰ ਬਹੁ।
ਕਾਲੇ ਕੇ[1] ਅਰ ਗਰੇਵਾਲ ਮਨ ਸ਼ਾਹੀਏ ॥੧੨੬॥ [1]ਗੋਤ।
ਸੇਮੇਂ ਕੇ, ਬੈਰਾੜ, ਰੰਧਾਵਾ ਜਿਉਣ ਸਿੰਘ।
ਦੁਲਟ ਨਗਾਹੀਆ ਸਿੰਘ ਆਦਿ ਜੇ ਧਾੜਵੀ।
ਜਥਾ ਜੋਗ ਵਡਿਆਏ, ਬੰਦੇ ਨੈ ਸਭੈ।
ਜਥੇਦਾਰ ਫਿਰ ਕਰੇ, ਮਝੈਲ ਅਪਾਰ ਹੀ

॥੧੨੬॥
ਚਾਰ ਹਜਾਰਕ ਸਿੰਘ, ਬਹਾਦਰ ਥੇ ਜੁਰੇ।
ਬਾਕੀ ਲੋਗ ਲੁਟੇਰੇ, ਸੰਗ ਬਿਅੰਤ ਭੇ।
ਮੁਲਕ ਬਾਵਨੀ[1] ਜੇਤਿਕ, ਥਾ ਸਰਹੰਦ ਕਾ*।
ਸਭਿ ਸਿੰਘਨ ਉਗਰਾਹਿ, ਟਕਾ ਲੈ ਛਕਯੋ ਭਲ

[1]ਬਵੰਜਾ ਲੱਖ ਸਾਲਾਨਾ ਆਮਦਨੀ ਦਾ ਮੁਲਕ ਜਾਂ ੫੨ ਪਿੰਡਾਂ ਦਾ (ਮੁਲਕ) ਦੇਸ। *'ਕਾ' ਪਾਠ ਮੂਲ 'ਚ ਨਹੀਂ ਹੈ।

॥੧੨੭॥
ਠੌਰ ਠੌਰ ਤਬਿ ਹਾਕਮ, ਕਰਿ ਕੈ ਸਿੰਘਨ ਕੋ।
ਸਾਨ੍ਹੇਵਾਲ ਗਰਾਮ, ਸਿਵਰ[1] ਬਹੁ ਦਿਨ ਰਖਯੋ।
ਰੋਪੜ, ਮਾਛੀਵਾੜੇ, ਪੁਰਿ ਬਹਿਲੋਲ ਕੇ।
ਬਸੀ, ਕਿੜੀ, ਸੰਘੋਲ ਆਦਿਕਨ ਵਾਰ[1] ਜੋ

[1]ਡੇਰਾ।

[1](ਉਪ੍ਰੋਕਤ ਇਲਾਕਿਆਂ) ਵਾਲੇ (ਤੁਰਕ)।

॥੧੨੮॥
ਤੁਰਕ ਜਗੀਰਾਂਵਾਰੇ, ਭਾਰੇ ਅਕੜ ਖਾਂ।
ਲੈ ਲੈ ਨਜ਼ਰਾਂ ਮਿਲੇ, ਬੰਦੇ ਕੋ ਆਇ ਕੈ।
ਬੰਦੇ ਤੁਰਕ ਨਿਵਾਏ, ਗਰਦਨ ਭੰਨ ਕੈ।
ਪਾਣੀਪਤ ਕਰਨਾਲ ਲਗੈਂ[1] ਸਭਿ ਮੁਲਕ ਮੈਂ

[1]ਤੱਕ।

॥੧੨੯॥
ਫੌਜੈਂ ਸਿੰਘਨਿ ਉਤਾਰੀ ਠੌਰ ਅਨੇਕ ਮੈਂ।
ਬੰਦੀਖਾਨੇ[1] ਤੁਰਕੋਂ ਕੇ ਸਭਿ ਤੋੜ ਕੈ।
ਦੁਸ਼ਮਨ ਉਨ ਕੇ, ਸਿੰਘ ਸਜਾਇ ਮਿਲਾ ਲਏ।
ਯਾ ਬਿਧਿ, ਬੰਦੇ ਅਪਨਾ ਤਹਿਦ[1] ਬਿਠਾਇਯੋ

[1]ਜਿਹਲਖ਼ਾਨੇ।

[1]ਦਬਦਬਾ।

॥੧੩੦॥
ਗਾਥਾ ਪੰਥਹਿ ਕੇਰ, ਸੁਖਦ ਬਹੁ ਗਾਇ ਕੈ।
ਪਿਖਿ ਅਵਕਾਸ਼[1] ਅਧਜਾਇ ਭਯੋ ਅਬਿ ਥਿਰ ਯਹਾਂ ॥੧੩੧॥

[1]ਵਿਹਲ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਪਾਇਲ, ਘੁੜਾਣੀ, ਮਲੇਰ ਮਾਰਣ' ਪ੍ਰਸੰਗ ਬਰਨਨੰ ਨਾਮ ਸਪਤਮੋਂ ਬਿਸ੍ਰਾਮ ॥੭॥

੮. {ਦੁਆਬਾ ਫ਼ਤਹ ਕਰਨਾ, ਬਿਜਵਾੜੇ ਦਾ ਜੰਗ}

ਛਪਯ:

ਕਨਕ ਬਰਨ ਤਨ ਬਰਨ,
ਬਸਨ ਆਭਰਨ ਭੂਰ ਦੁਤਿ[1]।

[1](ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ) ਦੇ ਸ਼ਰੀਰ ਦਾ ਰੰਗ ਸੋਨੇਰੰਗਾ ਹੈ, ਬਸਤਰ ਤੇ ਗਹਿਣਿਆਂ ਦੀ ਬਹੁਤੀ ਸੋਭਾ ਹੈ।

ਜਿਗਾ ਜ੍ਵਲਤ ਜਗਮਗਤ,
ਜਟਤ ਜ੍ਵਾਹਰ ਕਲਗੀ ਯੁਤਿ[1]।

[1]ਜਵਾਹਰਾਤਾਂ ਨਾਲ ਜੜਤ ਹੋਈ ਕਲਗੀ ਦੇ ਸਣੇ ਜਿਗ੍ਹਾ ਪ੍ਰਕਾਸ਼ ਦੇ ਸਹਿਤ ਜਗਮਗ ਜਗਮਗ ਕਰ ਰਹੀ ਹੈ।

ਕੁੰਡਲ ਲੋਲ ਕਪੋਲ,
ਝਲਕ ਲਖਿ ਖਲਕ ਲਜਾਵੈ[1]।

[1]ਗੱਲ੍ਹਾਂ ਉਤੇ ਚੰਚਲ ਕੁੰਡਲਾਂ ਦੀ ਚਮਕ ਦੇਖਕੇ ਸ੍ਰਿਸ਼ਟੀ ਲੱਜਾਵਾਨ ਹੋ ਰਹੀ ਹੈ।

ਗਜ ਮੁਕਤਾਦਿਕ ਮਨੀ ਜਾਲ,
ਗਰ ਮਾਲ ਸੁਹਾਵੈ[1]।

[1]ਹਾਥੀ ਦੇ ਮੋਤੀਆਂ ਆਦਿਕ ਸਮੂੰਹ ਮਣੀਆਂ ਦੀ ਮਾਲਾ ਗਲ ਵਿੱਚ ਸੋਭਦੀ ਹੈ।

ਗੁਰੁ ਅੰਗ ਸੰਗ ਹਮਰੰਗ, ਬਹੁ
ਸਿੰਘ ਸੁਰੰਗ ਉਮੰਗ ਠਟ[1]।

[1]ਸਤਿਗੁਰਾਂ ਵਰਗੇਰੰਗ ਵਾਲੇ ਬਹੁਤੇ ਸਿੰਘ ਚੰਗੇ ਪ੍ਰੇਮ ਤੇ ਉਤਸ਼ਾਹ ਨੂੰ ਧਾਰਕੇ ਗੁਰਾਂ ਦੇ ਅੰਗ ਸੰਗ ਰਹਿੰਦੇ ਹਨ।

ਹਰਿ ਗਜਾਨ ਦਸਮ ਗੁਰੁ ਧਜਾਨ ਅਸ,
ਧਰੈਂ ਤੁ ਜਾਇ ਅਗਜਾਨ ਕਟਿ[1] ॥੧॥

[1]ਗਿਆਨ ਸਿੰਘ (ਕਹਿੰਦਾ ਹੈ ਕਿ ਹੇ ਮਨ!) ਦਸਮ ਗੁਰਾਂ ਦੇ ਐਸੇ ਸਰੂਪ ਦਾ ਜੇ ਧਿਆਨ ਧਾਰਨ ਕਰੇਂ ਤਾਂ ਤੇਰਾ ਅਗਿਆਨ ਕੱਟਿਆ ਜਾਵੇਗਾ।

ਦੋਹਰਾ:

ਫਗਵਾੜਾ ਜਾਲੰਧ੍ਰ ਲੌਂ,
ਦੇਸ ਦੁਆਬਾ ਜੈਸ।
ਫਤੇ ਕਰੈ ਬੰਦਾ ਜਿਵੈਂ,
ਕਥਾ ਕਥੈਂ ਅਬਿ ਤੈਸ ॥੨॥

ਸਿਰਖੰਡੀ ਛੰਦ:

ਜਮਨਾ ਸਤਲੁਜ ਮੱਧ ਦੇਸ ਬੇਹੱਦ ਯੋਂ।
ਬੰਦੇ ਨੈ ਕਰਿ ਫਤੇ ਸਿੰਘਨ ਕੋ ਸਭਿ ਦਯੋ।
ਹਿੰਦੁ ਧਰਮ ਪ੍ਰਹਲਾਦ, ਰਖਜੋ ਮਾਲੇਛ ਹਤ।
ਬੰਦਾ ਨਰਸਿੰਘਰੂਪ ਸਹੀ ਬਿਦਤਾਇਯੋ ॥੩॥
ਰਾਮ ਕ੍ਰਿਸ਼ਨ ਜਜੋਂ ਹਤੇ ਮਲੇਛ ਅਪਾਰ ਹੀ।

ਤੈਸ ਦਲਮਲੇ ਯਵਨ[1], ਸੁ ਬੰਦੇ ਗੁਰੂ ਕੇ।
ਮੁਹੀਤਾਜ਼ਮ ਤਾਰੀਖ[1] ਵਿਖੇ, ਤੁਰਕੈਂ ਲਿਖਯੋ।
ਬੰਦਾ ਮੈਹਦੀ[1], ਕੈਧੋ ਕਲਕੀ[2] ਥਾ ਸਹੀ[3] ॥੪॥

[1]ਤੁਰਕ। [1]ਮੁਹੀਤਾਜ਼ਮ=ਤਾਰੀਖ਼ ਦੀ ਇਕ ਕਿਤਾਬ ਦਾ ਨਾਮ। [1]ਇਸਲਾਮ ਮਤ ਅਨੁਸਾਰ ਭਵਿੱਖਤ ਵਿੱਚ ਹੋਣ ਵਾਲਾ ਇਕ ਇਮਾਮ। [2]ਹਿੰਦੂ ਮਤ ਅਨੁਸਾਰ ਭਵਿੱਖਤ ਵਿੱਚ ਹੋਣ ਵਾਲਾ ਵਿਸ਼ਨੂੰ ਦਾ ਚੌਵੀਵਾਂ ਅਵਤਾਰ। [3]ਠੀਕ।

ਬੁਰੇ ਹਾਲ ਉਨ ਮੁੱਸਲਮਾਨੋ ਕੇ ਕਰੇ।
ਜ਼ਰਾ ਨ ਆਕੜ ਛੱਡੀ, ਕਿਸੀ ਨੁਵਾਬ ਮੈਂ।
ਜ਼ਾਲਮ[1]* ਬੀਰ ਬਹਾਦੁਰ ਵਲੀ[2] ਦਤਾਰ ਸੋ।

[1]ਸਖ਼ਤ, ਕਰੜਾ। [2]ਕਰਾਮਾਤੀ। *ਬੰਦਾ ਜ਼ਾਲਮ ਨਹੀਂ ਸੀ ਪਰ ਇਹ ਗਲ ਮੁਤੱਸਬੀ ਮੁਸਲਮਾਨ ਨੇ ਆਪਣੀ ਤਾਰੀਖ਼ ਮੁਹਤਾਜ਼ਮ ਵਿਚ ਜੋ ਲਿਖੀ ਹੈ ਕਵੀ ਜੀ ਉਸਦਾ ਉਲਥਾ ਕਰ ਰਹੇ ਹਨ। ਇਹ ਉਨ੍ਹਾਂ ਦੀ ਆਪਣੀ ਰਾਇ ਨਹੀਂ ਹੈ।

ਅਜ਼ਮਤ ਪੁਰ[1] ਤਿਸ ਸਮ ਕੋ ਭਯੋ ਨ ਹੋਇਗੋ ॥੫॥

[1]ਕਰਾਮਾਤ ਨਾਲ ਭਰਿਆ ਹੋਇਆ ਹੈ।

ਪਾਸ ਮਜ਼ਬ ਕਾ ਗਜ਼ਬ ਅਜਬ ਤਿਸ ਕੋ ਭਯੋ[1]।

[1]ਉਸਨੂੰ ਅਸਚਰਜ ਤੇ ਕਹਿਰ ਦਾ ਮਜ਼ਹਬ ਦਾ ਪਾਸ ਮਿਲਿਆ ਹੋਇਆ ਸੀ (ਪਾਸ=ਗੁਰਾਂ ਪਾਸੋਂ ਮਿਲਿਆ ਆਗਿਆ-ਪੱਤ੍ਰ।)

ਤੁਰਕਨ ਕਾ ਵਹਿ ਬੀਜ ਖੋਵਨਾ ਚਹਿਤ ਥਾ।
ਈਹਾਂ ਤੱਕ ਤੋ ਨਿਤ ਪ੍ਰਤਿ ਉਸ ਕਾ ਕਾਰ ਥਾ।
ਏਕ ਤੁਰਕ ਕੋ ਮਾਰ ਆਪਨੇ ਹਾਥ ਸੈਂ ॥੬॥
ਤਾਂ ਕੀ ਛਾਤੀ ਪਰ ਪਗ ਧਰ ਕਰਿ ਮੋਦ ਹ੍ਵੈ।
ਪਾਛੇ ਹੋਤ ਅਸ੍ਵਾਰ, ਇਹੈ ਨਿਤਨੇਮ ਥਾ।
ਅਰ ਜੋ ਜੁਲਮੀਂ ਤੁਰਕ ਤਈਂ ਵਹਿ ਪਾਤ ਥਾ[1]।

[1]ਜ਼ਾਲਮ ਤੁਰਕ ਉਸਨੂੰ ਮਿਲਦਾ ਸੀ।

ਤਿਸ ਕੋ ਜੀਵਤ ਪਕਰਿ ਆਗ ਮੈਂ ਜਾਰਤੋ ॥੭॥
ਬਾਂਗ ਨਿਵਾਜ ਮਸੀਤ ਅੰਧ ਹਿਤ ਦੀਪ ਥਾ[1]।

[1]ਮਸੀਤ ਆਦਿ ਅਨ੍ਹੇਰੇ ਨੂੰ ਦੂਰ ਕਰਨ ਲਈ ਦੀਵੇ ਵਾਂਗ ਸੀ।

ਇਤਜਾਦਿਕ ਤਿਸ ਕੇਰੀ, ਬਾਤੈਂ ਤੁਰਕ ਨੈਂ।
ਲਿਖੀ ਕਿਤਾਬ ਮਝਾਰੇ, ਦਯੋ ਪ੍ਰਮਾਨ[1] ਮੈਂ।

[1]ਸਬੂਤ।

ਯਾਹੀ ਤੈ ਤਬਿ ਤੁਰਕ, ਅੱਗ੍ਰ ਤਿਹ ਤ੍ਰਸਤ ਥੇ[1] ॥੮॥

[1]ਡਰਦੇ ਸਨ।

ਜਿਤ ਵਲ ਕਰਤ ਚਢਾਈ, ਜਾਤੇ ਨਸਤ ਸੋ।
ਅਬ ਗਾਥਾ ਪਰਸੰਗ, ਸੁਨੈਹੋਂ ਅੱਗ੍ਰ ਤਿਸ।
ਬੰਦੇ ਨੈ ਜਬਿ ਦੇਸ ਮਾਲਵਾ ਫਤੇ ਕੈ।
ਸਿੱਖਨਿ ਤਾਂਈਂ ਸੌਪਯੋ, ਰਹਯੋ ਬਿਰੱਕਤ ਖੁਦ[1]

[1]ਆਪ ਤਿਆਗੀ ਰਿਹਾ।

॥ ੯ ॥
ਥਾਨੇਸਰ ਕਰਨਾਲ, ਉਤਾਰੀ ਫੌਜ ਬਹੁ।
ਦਿੱਲੀ ਤੈ ਤਬਿ ਚੜ੍ਹ ਕਰਿ, ਆਵੈ ਤੁਰਕ ਜੋ।
ਪਾਣੀਪਤ ਕਰਨਾਲ, ਨਜੀਮਾਵਾਦ ਮੈਂ।
ਲੂਟ ਮਾਰ ਤਿਹ ਲੇਹਿਂ, ਸਿੰਘ ਬਲ ਧਾਰ ਕੈ ॥ ੧੦ ॥
ਰਸਤਾ ਕੀਨੋ ਬੰਦ, ਦਿੱਲੀ ਲਹੌਰ ਕਾ।
ਪੁਨ ਬੰਦਾ ਕਰਿ ਮਸਲਤ[1], ਸਭਿ ਸਿੰਘਾਨ ਸੋਂ। [1]ਸਲਾਹ।
ਪਾਰ ਹੋਇ ਕਰਿ ਸਤਲੁਜ, ਦੂਾਬੇ ਮੈਂ ਧਸ੍ਯੋ।
ਹਾਕਮ ਜੇਤਿਕ ਹੁਤੇ, ਦਵਾਬੇ ਦੇਸ ਮੈਂ ॥ ੧੧ ॥
ਡਰ ਬੰਦੇ ਕਾ ਮਾਨਿ, ਦੌਰਿ ਇਤ ਉਤ ਗਏ।
ਕੇਤਿਕ ਦੈ ਕੇ ਨਜ਼ਰਾਂ, ਮਿਲ ਪਏ ਆਇ ਕੈ।
ਤਿਨ ਕੋ ਬੰਦੇ ਤਜ੍ਯੋ, ਈਨ[1] ਮਨਵਾਇ ਨਿਜ। [1]ਕਾਨੂੰਨ, ਕਾਇਦਾ, ਅਧੀਨਤਾ।
ਫਗਵਾੜੇ ਕੇ ਹੁਤੇ, ਚੌਧਰੀ ਜੋ ਬਡੇ ॥ ੧੨ ॥
ਸ਼ਾਹੀ ਮਾਲ-ਗੁਜਾਰ, ਤੀਨ ਸੌ ਗ੍ਰਾਮ ਕੇ[1]। [1]ਤਿੰਨ ਸੌ ਪਿੰਡਾਂ ਦੀ ਸਰਕਾਰੀ ਜ਼ਮੀਨ ਦੇ ਠੇਕੇਦਾਰ।
ਤਿਨ ਕੇ ਤਾਬੇ[1], ਔਰ ਕਈ ਥੇ ਚੌਧਰੀ। [1]ਅਧੀਨ।
ਮਿਲ੍ਯੋ ਚੂਹੜ ਮੱਲ ਨਜ਼ਰ ਇਕ ਅੱਸ੍ਵ ਦੈ।
ਬੰਦੇ ਨੈ ਫਗਵਾੜੇ ਡੇਰਾ ਲਾਇਯੋ ॥ ੧੩ ॥
ਰਸਦ ਸਮਾਨ ਪੁਚਾਯੋ, ਚੂਹੜ ਮੱਲ ਨੈਂ।
ਖੁਸ਼ੀ ਹੋਇ ਤਬਿ ਤਿਸ ਕੋ, ਬੰਦੇ ਸੰਗ ਲਯੋ।
ਪਹੁੰਚੇ ਤਬੈ ਜਲੰਧਰ, ਮਿਲੇ ਪਠਾਨ ਆ।
ਸਭਿ ਕੇ ਦਿਲ ਮੈਂ, ਦਹਿਸ਼ਤ[1] ਬੰਦੇ ਕੀ ਛਈ ॥ ੧੪ ॥ [1]ਡਰ, ਭੈ।
ਲੜਨਾ ਚਹੇ ਨ ਕੋਈ, ਡਰਦਾ, ਅਜ਼ਮਤੈਂ[1]। [1]ਕਰਾਮਾਤ ਤੋਂ।
ਬੰਦੇ ਪਾਸ ਮੁਵੱਕਲ[1], ਸਮਰੱਥ ਹੈਂ ਬਡੇ। [1]ਬੀਰ।
ਜੋ ਚੈਹੈ ਕਰਵੈ ਹੈ, ਫੇਰ ਨ ਸਕੈ ਕੋ।
ਬੰਦੇ ਸੰਗ ਲੜਾਈ, ਕੋਈ ਕਜ਼ਾ ਕਰੇ ॥ ੧੫ ॥
ਘਰ ਹੀ ਬੈਠਜਾਂ ਤਾਂਈਂ, ਮਾਰ ਗਮਾਇ ਹੈ[1]। [1]ਮਾਰ ਕੇ ਗੁਆ ਦੇਂਦਾ ਹੈ।
ਐਸੀ ਬਾਤੈਂ ਕਰਿ ਕਰਿ, ਥਰ ਥਰ ਕਾਂਪਹੀਂ।
ਮਿਲੇ ਜਲੰਧਰੀਏ ਨਵਾਬ, ਜਬਿ ਦੀਨ ਹ੍ਵੈ।

ਤਿਨ ਤੈ ਆਧਾ ਮੁਲਕ, ਬੰਦੇ ਨੈ ਛੀਨ ਕੈ[1] ॥੧੬॥
ਚੂਹੜ ਮੱਲ ਕੋ ਦੀਨਾ, ਤਿਸ ਮੈਂ ਸੇ ਕਛੂ।
ਬਾਕੀ ਸਿੰਘਨ ਤਾਂਈਂ, ਦਯੋ ਜਗੀਰ ਮੈਂ।
ਲੰਬਰਦਾਰ ਅਪਾਰ, ਸਰਬ ਹੀ ਦੇਸ ਕੇ।
ਲੈ ਲੈ ਨਜ਼ਰਾਂ ਮਿਲੈਂ, ਬੰਦੇ ਕੋ ਆਇ ਕੈ ॥੧੭॥
ਤਿੰਨ ਕੋ ਬੰਦੇ ਦਈ, ਜਗੀਰਾਂ ਭਾਵਤੀ।
ਨਿਜ ਕਬਜ਼ੇ, ਸਭਿ ਦੇਸ ਦੁਆਬਾ ਕਰਿ ਲਯੋ।
ਠਾਣੇਦਾਰ ਤਸੀਲਦਾਰ, ਸਭਿ ਆਪਣੇ।
ਬੈਠਾਏ ਸਭਿ ਠੌਰ, ਟਕਾ[1] ਉਗਰਾਹਿਯੋ ॥੧੮॥
ਸਿੰਘ ਕਰੇ ਸਰਦਾਰ, ਸਭੈ ਹੀ ਦੇਸ ਕੇ।
ਹਿੰਦੂ ਭਏ ਅਨੰਦ, ਮਨਾਵਨ ਸ਼ਾਦੀਆਂ।
ਸੋਗ ਪਰਯੋ ਬਹੁ ਘਰਿ ਘਰਿ, ਤੁਰਕਨ ਕੇ ਅਤੀ।
ਅਨਿਕ ਭਾਂਤਿ ਕੀ, ਕਰਾਮਾਤ ਨਿਰਖਾਇ ਕੈ[1] ॥੧੯॥
ਬੰਦੇ ਕੇ ਤਬਿ ਲੋਗ, ਜਿਤਿਕ ਢਿਗ ਆਵਹੀਂ।
ਬਸਤਰ ਭੋਜਨ ਬੰਦਾ, ਦੇਵੈ ਸਭੀ ਕੋ।
ਚੇਲੇ ਲਗੋ ਬਨਾਵਨ, ਅਪਨੇ ਔਰ ਹੀ।
ਸਿੱਖ ਬੰਦਈ ਕਹਾਵੈਂ, ਬੰਦੇ ਕੇ ਵਹੈਂ[1] ॥੨੦॥
ਬਨੈ ਸਿੱਖ ਜੋ ਬੰਦੇ ਕਾ, ਤਬਿ ਆਇ ਕੈ।
ਤਿਸ ਕੋ ਦੇਇ ਜਗੀਰ, ਅਧਿਕ ਮੁਦ ਮਾਨ ਕੈ।
ਇਸ ਲਾਲਚ ਕਰਿ, ਸਿੱਖ ਤਾਂਹਿ ਕੇ ਬਹੁ ਬਢੇ।
ਥੋਰੇ ਹੀ ਦਿਨ ਮਾਹਿਂ, ਦੇਸ ਤਿਸ ਕੇ ਵਿਖੈ ॥੨੧॥

ਦੋਹਰਾ:
ਬੰਦਾ ਪੁਨਾ ਹੁਸ਼ਜਾਰ ਪੁਰ,
ਸ਼ਹਰ ਉਤਰਯੋ ਜਾਇ।
ਦੇਸ ਕਰਯੋ ਕਬਜੇ ਸਭੀ,
ਅਪਨੀ ਈਨ ਮਨਾਇ ॥੨੨॥

ਕਬਿੱਤ:

[1] ਖੋਹ ਕੇ।
[1] ਮਾਮਲੇ ਦਾ ਰੁਪਿਆ।
[1] ਦੇਖ ਕੇ।
[1] ਉਹ ਬੰਦੇ ਦੇ (ਚੇਲੇ)।

ਪਰੀ ਹਾਲ ਚਾਲ ਸਭਿ ਦੇਸ ਮੈਂ ਬਿਸਾਲ ਤਬਿ,
ਠੌਰ ਠੌਰ ਬ੍ਰਿੱਧ ਬਾਲ ਜ੍ਵਾਨ ਨਰ ਨਾਰੀਆਂ।
ਆਪਸ ਮੈਂ ਕੈਹੈਂ ਸਭਿ ਆਯੋ ਅਬਿ ਸੋਊ ਸਮਾਂ,
ਸਿੰਘਨ ਕਾ ਹ੍ਵੈ ਹੈ ਰਾਜ ਧਰਾ ਕੇ ਮਝਾਰੀਆਂ।
ਸਖਤ ਵਖਤ ਆਨ ਪਰਜੋ ਤੁਰਕਾਨ ਪਰ,
ਇਨ ਹੂੰ ਕੀ ਜੜਾਂ ਅਬਿ ਜਾਹਿੰਗੀ ਉਖਾਰੀਆਂ।
ਬੰਦਾ ਅਵਤਾਰ ਐਹੋ ਕਲਕੀ ਨਿਹਾਰ ਲੈਹੋ[1], — [1]ਬੰਦਾ ਕਲਕੀ ਅਵਤਾਰ ਹੈ ਦੇਖ ਲਵੋ।
ਭਯੋ ਕਲਿਜੁਗ ਮੈਂ ਹੈ ਤ੍ਰੁੱਕਨ ਬਿਦਾਰੀਆ[1] ॥੨੩॥ — [1]ਨਾਸ ਕਰਨ ਵਾਲਾ।
ਸੱਯਦ ਪਠਾਨ ਸ਼ੇਖ ਮੁਗਲ ਮਹਾਨ ਵੇਖ,
ਜੇਤਿਕ ਜਹਾਨ ਸੇਖ[1] ਤੁਰਕਾਨ ਡਰ ਹੈਂ। — [1]ਬਾਕੀ ਦੇ।
ਦਿੱਲੀ ਵੀਚ ਰਹੇ ਦਬ ਬਿੱਲੀ ਸਮ ਲੋਗ ਸਭਿ,
ਬਾਈ ਸੂਬੇ ਖੌਫ ਤਬਿ ਮਨ ਹੀ ਮੈਂ ਕਰਿ ਹੈਂ।
ਕੈਹੈਂ ਮਤਿ ਬੰਦਾ ਕਬਿ ਹਮ ਪਰ ਆਇ ਅਬੀ,
ਦੀਨ ਖੋਇ ਸਭੀ ਕਰਿ ਕਾਫਰ ਬਿਦਰ ਹੈ[1]। — [1]ਨਾਸ ਕਰੇਗਾ।
ਹਾਹੁਕੇ ਭਰਤ ਤਬਿ ਨੀਂਦ ਨ ਪਰਤ ਕਬਿ,
ਉਝਕ ਉਝਕ ਸਭਿ ਖ੍ਵਾਬਨ ਮੈਂ ਪਰ ਹੈਂ[1] ॥੨੪॥ — [1]ਸੁਪਨਿਆਂ ਵਿੱਚ ਪੈ ਕੇ ਤ੍ਰੁੱਬਕ ਤ੍ਰੁੱਬਕ ਕੇ ਉਠਦੇ ਹਨ।
ਪਾਣੀਪਤ ਕਰਨਾਲ ਹਾਂਸੀ ਤੇ ਹੰਸਾਰ ਸਾਰ[1], — [1]ਸਾਰੇ।
ਸਰਸਾ ਬਠਿੰਡਾ ਪਾਰ ਤੈਂ[1] ਕਸੂਰ ਲੌ ਅਹੈ। — [1]ਸਤਲੁਜ ਦਰਿਆ ਤੋਂ ਪਾਰ।
ਸ਼ਹਰ ਲਾਹੌਰ ਕਲਾਨੌਰ ਔ ਪਠਾਣਕੋਟ,
ਦੂਣ ਜਸਵਾਲ ਮੰਡੀ ਕਾਂਗੜੇ ਲੌ ਜੋ ਕਹੈ।
ਦੂਣ ਜੋ ਨਦੌਣ ਕਹਿਲੂਰ ਦੂਰ ਦੂਰ ਹੂੰ ਲੌ,
ਰੋਪੜ ਪੰਜੌਰ ਹਰਿਦ੍ਵਾਰ ਦਿੱਲੀ ਲੌ ਲਹੈ।
ਮੁਲਕ ਅਪਾਰ ਜੋ ਮਝਾਰ ਇਨ ਸ਼ੈਹਰੋਂ ਕੇ,
ਬੰਦੇ ਕਾ ਹੁਕਮ ਦੋਹੀ[1] ਲਾਗੀ ਫਿਰਨੈ ਤਹੈਂ ॥੨੫॥ — [1]ਡੌਂਡੀ।
ਏਤਿਕ ਸੁ ਦੇਸ ਮਾਂਹਿ ਜੇਤਿਕ ਦੁਰਗ[1] ਆਹਿੰ, — [1]ਕਿਲ੍ਹੇ।
ਤੇਤਿਕ ਮੈਂ ਸਿੰਘਨ ਕੇ ਡੇਰੇ ਕਰਵਾਏ ਹੈਂ।
ਬੰਦਾ ਨਿਜ ਕਰਾਮਾਤ ਸਾਥ ਬਹੁ ਰੂਪ ਧਰਿ,
ਸਭਿ ਹੀ ਮੈਂ ਨਿਤ ਪ੍ਰਤਿ ਜਾਇ ਫਿਰ ਆਏ ਹੈ।

ਕਬੀ ਛਪ ਜਾਇ ਕਬੀ ਪ੍ਰਗਟ ਥਵਾਇ[1] ਕਿਤ,
ਧਰ ਹੈ ਮਹੱਤ ਤਨੁ[1] ਅਨੁ[2] ਬਨ ਜਾਏ ਹੈ।
ਕਬੀ ਧਸੈ ਔਨ[1] ਕਬੀ ਕਰਤ ਅਕਾਸ ਗੌਨ[2],
ਕਬੀ ਸਿੰਘ ਠੌਨ[1] ਕਬੀ ਦੇਵਤਾ ਸੁਹਾਏ ਹੈ ॥੨੬॥

[1]ਹੋ ਜਾਂਦਾ ਹੈ।
[1]ਵੱਡਾ ਸ਼ਰੀਰ। [2]ਬਹੁਤ ਬਰੀਕ।
[1]ਧਰਤੀ ਵਿੱਚ। [2]ਚੱਲਣਾ।
[1]ਸ਼ੇਰ ਦੀ ਥਾਂ ਭਾਵ ਸ਼ੇਰ ਰੂਪ।

ਚੌਪਈ:

ਕਬੀ ਕੂਪ ਤੈ[1] ਕਾਢੈ ਪਾਨੀ।
ਬਿਨ ਲੱਜ ਬਕੇ[1] ਆਹਿ ਮਹਾਨੀ।
ਬਿਨ ਹੀ ਅਗਨੀ ਅਗਨਿ ਜਗਾਵੈ।
ਮੇਂਹ ਬਸਾਵੈ[1] ਫੇਰ ਹਟਾਵੈ ॥੨੭॥

[1]ਖੂਹ ਵਿੱਚੋਂ।
[1]ਰੱਸੀ ਤੇ ਚਮੜੇ ਦੇ ਡੋਲ ਤੋਂ ਬਿਨਾਂ।
[1]ਬੱਦਲ ਵਰ੍ਹਾਉਂਦਾ ਹੈ।

ਖੜ੍ਹੇ ਕਰੈ ਚਲਤੇ ਦਰਯਾਵੈਂ।
ਚਹੈ ਤ ਉਲਟੇ ਫੇਰ ਚਲਾਵੈ।
ਬਚਨ ਕਰੈ ਜਿਸ ਤਾਂਈਂ ਜੋਈ।
ਤਤਛਿਨ ਪੂਰਨ ਹੋਵੈ ਸੋਈ ॥੨੮॥
ਜੋ ਦੁਖੀਆ ਬੰਦੇ ਢਿਗ ਆਵੈ।
ਤਾਂ ਕੋ ਸੁਖ ਦੈ ਦੂਖ ਮਿਟਾਵੈ।
ਕਰਾਮਾਤ ਬਹੁ ਭਾਂਤਿ ਨਿਹਰ ਕੈ।
ਦੁਨੀਆਂ ਲਗੀ ਮਗਰ ਤਿਸ ਡਰ ਕੈ ॥੨੯॥
ਪੁਨ ਬੰਦਾ ਕੀਰਤਪੁਰਿ ਆਯੋ।
ਗੁਰੁਦ੍ਵਾਰਨ ਕੋ ਮਾਥ ਝੁਕਾਯੋ।
ਕੁਣਕਾ ਬਹੁ ਕਰਵਾਯ ਛਕਾਯੋ।
ਸਭਿ ਸਿੰਘਨ ਕੋ ਤਬਿ ਮਨ ਭਾਯੋ ॥੩੦॥
ਕੀਰਤ ਪੁਰਿ ਆਨੰਦ ਪੁਰਿ ਮਾਹੀਂ।
ਡੇਰਾ ਕਰਜੋ ਕਿਤਿਕ ਦਿਨ ਚਾਹੀ[1]।

[1]ਆਪਣੀ ਮਰਜ਼ੀ ਨਾਲ।

ਨਿਤਪ੍ਰਤਿ ਕੁਣਕਾ ਕਰੈ ਛਕਾਵੈ।
ਗੁਰੁਦ੍ਵਾਰਨ ਕੀ ਸੇਵ ਕਮਾਵੈ ॥੩੧॥
ਪਿਖਿ ਪਿਖਿ ਸਿੰਘ ਸਰਬ ਸੁਖ ਪਾਵੈਂ।
ਬੰਦੇ ਕੇ ਅਨੁਸਾ ਰਰਹਾਵੈਂ।
ਬੰਦਾ ਨਿੱਤ ਦਿਵਾਨ ਲਗਾਵੈ।
ਸਿੰਘਨ ਕੋ ਪਿਖਿ ਮੋਦ ਬਢਾਵੈ ॥੩੨॥

ਦੋਹਰਾ:
ਸ਼ੱਮਸ ਖਾਂ ਬਿਜਵਾੜੀਆ,
ਹੁਤੋ ਜੁ ਬਡੋ ਰਹੀਸ[1]। [1]ਰਿਆਸਤ ਦਾ ਮਾਲਕ।
ਨਹਿਂ ਮਿਲਿਓ ਜਬਿ ਆਇ ਸੋ,
ਚਢਯੋ ਬੰਦਾ ਰੀਸ[1] ॥੩੩॥ [1]ਗ਼ੁੱਸੇ ਨਾਲ।
ਚੌਪਈ:
ਤਿਨ ਭੀ ਫੌਜ ਇਕੱਠੀ ਕੀਨੀਂ।
ਮਿਲੀ ਆਇ ਤੁਰਕਾਨੀ ਪੀਨੀ[1]। [1]ਤਕੜੀ, ਬਹੁਤੀ।
ਅਹੀਆ ਪੁਰ ਪਤਿ[1] ਖਾਨ ਦਿਲਾਵਰ। [1]ਮਾਲਕ।
ਲੈ ਆਯੋ ਨਿਜ ਫੌਜ ਅਕਾਵਰ[1] ॥੩੪॥ [1]ਬਹਾਦਰ।
ਚਢ ਕਰਿ ਆਏ ਟਾਂਡੈ ਵਾਰੇ।
ਹੁਤੇ ਪਠਾਨ ਤਹਾਂ ਤਬਿ ਭਾਰੇ।
ਹਾਕਮ ਅਯੋ ਦਸੂਹੇ ਕੇਰੋ।
ਔਰ ਬਹਾਦਰ ਪੁਰੀਏ ਹੇਰੋ ॥੩੫॥
ਆਏ ਪੁਨ ਮੁਕੇਰੀਆਂ ਵਾਰੇ।
ਹੁਤੇ ਪਠਾਨ ਕੁਰੇਸੀ[1] ਭਾਰੇ। [1]ਅਰਬ ਦੀ ਇਕ ਪ੍ਰਸਿੱਧ ਕੁਲ ਦੇ।
ਬਸੀ ਬਡੀ ਲੌ ਗਾਮਨ ਕੇਰੇ।
ਮਿਲੇ ਹਜਾਰੋਂ ਤੁਰਕ ਬਧੇਰੇ ॥੩੬॥
ਸੱਯਦ ਪੀਰ ਮੁਕੇਰੀਂ ਵਾਰੋ।
ਵਹਿ ਕਹਿ ਮੈਂ ਬੰਦੇ ਕੋ ਮਾਰੋਂ।
ਬੰਦੇ ਪਾਸ ਮੁਵੱਕਲ[1] ਜੇਈ। [1]ਬੀਰ।
ਜਿਨ ਕੇਰੈਹੈਂ ਤਾਬੇ[1] ਤੇਈ ॥੩੭॥ [1]ਅਧੀਨ।
ਇਸਰਾਫੀਲਾਦਿਕ ਵਹਿ ਚਾਰੈਂ[1]। [1]ਚਾਰ ਫ਼ਰਿਸ਼ਤੇ-ਜਿਬਰਾਈਲ, ਮੀਕਾਈਲ, ਇਸਰਾਫੀਲ ਤੇ ਇਜ਼ਰਾਈਲ।
ਆਹਿਂ ਮੁਵੱਕਲ ਮਮ ਅਖਤਜਾਰੈਂ[1]। [1]ਹੁਕਮ ਵਿੱਚ।
ਸਭਿ ਮੁਵੱਕਲੋਂ ਕੇ ਪਤਸ਼ਾਹੂ।
ਜਬਰਾਈਲਾਦਿਕ ਮੁਝ ਪਾਹੂ ॥੩੮॥
ਯਾ ਬਿਧਿ ਤੁਰਕਨ ਤਈਂ ਧਿਜੈ ਕੈ[1]। [1]ਧੀਰਜ ਬੰਨ੍ਹਵਾ ਕੇ, ਇਤਬਾਰ ਜਮਾ ਕੇ।
ਕਰਜੋ ਤਜਾਰ ਲਰਬੇ ਹਿਤ ਐ ਕੈ।
ਪੀਰ ਫਕੀਰ ਮੌਲਵੀ ਔਰੈਂ।

ਜੰਤ੍ਰੀ ਮੰਤ੍ਰੀ ਮਿਲ ਕਰਿ ਗੌਰੈਂ ॥੩੯॥
ਰੱਖਕ ਭਏ ਤੁਰਕਾਨੀ ਕੇਰੇ।
ਲੀਨੇ ਸੰਗ ਕੁਰਾਨ ਬਧੇਰੇ।
ਮੀਰਾਂ ਸੈਦ ਗੁਲਾਮ ਅਜ਼ਮਤੀ।
ਸ਼ਾਹਿ ਸਾਹਿਬ ਬਡ ਪੀਰ ਅਭਿਮਤੀ[1] ॥੪੦॥ — [1]ਮਨ-ਇੱਛਤ ਫਲ ਦੇਣ ਵਾਲਾ।
ਹਰਦੋਥਲੇ ਗਾਮ ਮੈਂ ਜਾਹੂੰ[1]। — [1]ਜਿੱਥੇ।
ਆਹਿ ਮਕਬਰਾ ਪੂਜ ਮਹਾਂਹੂੰ[1]। — [1]ਬਹੁਤ ਪੂਜੀਦਾ ਹੈ।
ਸੈਦ ਅਲੀਸ਼ਾਹ ਚਿਸ਼ਤੀ[1] ਔਰੈਂ। — [1]ਸੂਫੀਆਂ ਦੀ ਇਕ ਸੰਪ੍ਰਦਾਇ ਦੇ।
ਪੂਜਤ ਜਲੰਧਰ ਮੈਂ ਜੋ ਗੌਰੈਂ ॥੪੧॥
ਪੀਰ ਫਕੀਰ ਵਲੀ ਇਤਜਾਦੈਂ।
ਭਏ ਇਕੱਠੇ ਤਹਿਂ ਹਿਤ ਬਾਦੈਂ[1]। — [1]ਲੜਨ ਵਾਸਤੇ।
ਢਿਗ ਬਿਜਵਾੜੇ ਜੰਗ ਮਥਾਨਾ[1]। — [1]ਜੰਗ ਕਰਨਾ ਮਥ ਲਿਆ।
ਇਹੁ ਸੁਨ ਕੈ ਬੰਦੇ ਮੁਦ ਮਾਨਾ ॥੪੨॥
ਸਭ ਸਿੰਘਨ ਕੋ ਲਯੋ ਬੁਲਾਈ।
ਪਹੁੰਚੇ ਤਹਿਂ ਹੀ ਧੌਂਸ ਬਜਾਈ।
ਤੁਰਕਾਨੀ ਉਤ ਦਸਕ ਹਜਾਰੈਂ।
ਦੀਨ ਹੇਤ ਇਕਠੀ ਭਈ ਭਾਰੈਂ ॥੪੩॥
ਸਿੰਘ ਸਹਿਸ ਦੁਇ[1] ਬੰਦੇ ਸੰਗੈਂ। — [1]ਦੋ ਹਜ਼ਾਰ।
ਔਰ ਲੋਗ ਭੀ ਥੇ ਕਿਛੁ ਚੰਗੈਂ ॥੪੪॥

ਸ੍ਵੈਯਾ:
ਢੋਇ ਕਰਜੋ[1] ਢੁਕ ਕੈ ਜੁਗ ਓਰਨ[2], — [1]ਮੇਲ ਕੀਤਾ। [2]ਦੋਹਾਂ ਪਾਸਿਆਂ ਤੋਂ ਨੇੜੇ ਹੋ ਕੇ।
ਜੋਰਨਿ[1] ਦੁੰਦਭਿ ਦੀਹ[2] ਬਜੈ ਕੈ। — [1]ਜ਼ੋਰ ਨਾਲ। [2]ਭਾਰੇ ਧੌਂਸੇ।
ਸੈਦ ਗੁਲਾਮ ਸੁ ਪੀਰ ਤਈਂ ਤਬਿ,
ਸ਼ੱਮਸ ਖਾਨ ਅਯੋ ਸੰਗ ਲੈ ਕੈ।
ਕਾਜੀ ਰੁ ਮੌਲਵੀ ਪੀਰ ਫਕੀਰ,
ਭਏ ਅਗਵਾਨ ਕੁਰਾਨ ਉਠੈ ਕੈ।
ਫੂਕਤ[1] ਜੰਤਰ ਮੰਤਰ ਸੋਂ, — [1]ਫੂਕਾਂ ਮਾਰਦੇ ਹਨ।
ਪਢ ਹੈਂ ਕਲਮੇ ਸੁ ਕਲਾਮ ਅਨੈਕੈ[1] ॥੪੫॥ — [1]ਅਨੇਕਾਂ।
ਜੁਗ ਓਰਨ ਤੈ ਤਬਿ ਜ੍ਵਾਨ ਜੁਟੇ,
ਹਿਤ ਦੀਨ ਦੁਹੂੰ ਦਿਸ ਪੀਨ[1] ਲਰੈਂ। — [1]ਬਹੁਤ।

ਪਰਕਾਰ ਅਨੇਕ ਜੰਜੈਲ[1] ਜਮੂਰ[2],

[1]ਭਾਰੀਆਂ ਤੇ ਵੱਡੀਆਂ ਬੰਦੂਕਾਂ। [2]ਛੋਟੀਆਂ ਤੋਪਾਂ।

ਬੰਦੂਕ ਅਚੂਕ[1] ਸੁ ਬਾਰ ਝਰੈਂ[2]।

[1]ਨਿਸ਼ਾਨੇ ਤੋਂ ਨਾ ਚੁੱਕਣ ਵਾਲੀਆਂ। [2]ਬਾੜਾਂ (ਬੰਦੂਕਾਂ ਦੇ ਇਕੱਠੇ ਵਾਰ) ਕਰਦੇ ਹਨ।

ਕਰਕਾ ਬਰਖਾ ਸਮ ਸੋ ਗੁਲਕਾ
ਸਰ ਕਾ ਖਰ ਕਾ ਅਤਿ ਮੇਂਹ ਪਰੈ[1]।

[1]ਗੜਿਆਂ ਦੀ ਵਰਖਾ ਵਾਂਗ ਗੋਲੀਆਂ ਤੇ ਤਿੱਖੇ ਤੀਰਾਂ ਦਾ ਬਹੁਤ ਮੀਂਹ ਪੈਂਦਾ ਹੈ।

ਕਰਿ ਮਾਰਹਿ ਮਾਰ ਪੁਕਾਰ ਘਨੀ,
ਲਲਕਾਰ ਪਚਾਰ[1] ਅਪਾਰ ਅਰੈਂ[2] ॥੪੬॥

[1]ਵੰਗਾਰ ਕੇ। [2]ਵੈਰੀਆਂ ਨੂੰ।

ਇਤ ਤੈ ਸਿੰਘ ਬੋਲ ਅਕਾਲ ਅਕਾਲ,
ਫਤੇ ਗੁਰੁ ਕੀ ਧੁਨਿ ਵਾਹਿਗੁਰੂ।
ਉਤ ਤੈ ਤੁਰਕੈਨ ਅਲੀ ਸੁ ਅਲੀ,
ਕਲਮਾ ਹੱਕ ਅਕਬਰ ਕੀਨ ਸ਼ੁਰੂ।
ਚਹਿਂ ਜੀਤ ਉਭੈ ਬਿਨ ਆਹਿ ਸ਼ੁਭੈ[1]

[1]ਸ਼ੱਕ ਤੋਂ ਬਿਨਾਂ।

ਰਸਬੀਰ ਛੁਭੈ[1] ਅਤਿ ਧੀਰ ਧੁਰੂ[2]।

[1]ਬੀਰਰਸ 'ਚ ਖੁੱਭੇ ਹੋਏ। [2]ਬਹੁਤ ਧੀਰਜ ਧਾਰ ਕੇ।

ਜਨੁ ਰਾਖਸ਼ ਦੇਵ ਜੁਟੇ ਰਣ ਮੈਂ,
ਕਰਬੇ ਹਿਤ ਏਕਹਿ ਏਕ ਫੁਰੂ[1] ॥੪੭॥

[1]ਛੇਤੀ ਇੱਕ ਤੋਂ ਇੱਕ ਕਰਨ ਨੂੰ।

ਉਤ ਸੱਯਦ ਸ਼ੇਖ ਮੁਗੱਲ ਪਠਾਨ,
ਸਿਪਾਹੀ[1] ਲੜਾਕ ਬਡੀ ਤੁਰਕਾਨੀ।

[1]ਫ਼ੌਜ।

ਇਤ ਸਿੰਘ ਕਛੂ ਬਰ ਬੀਰ ਭਲੇ,
ਬਹੁ ਕਾਯਰ ਸੰਗ ਮਿਲੀ ਹਿੰਦੁਵਾਨੀ।
ਪਰ ਜਾਨ ਬਚਾਇ ਲਰੈਂ ਤੁਰਕੂ,
ਇਸ ਹੇਤ ਨ ਜੇਤ ਭਵੈ ਤਿਨ ਜਾਨੀ[1]।

[1]ਜਾਣੀਦਾ ਹੈ ਕਿ ਉਨ੍ਹਾਂ ਦੀ ਜਿੱਤ ਨਹੀਂ ਹੋਵੇਗੀ।

ਸਿੰਘਨ ਜਾਨ ਕੁਰਬਾਨ ਰਖੀ ਕਰਿ,
ਯਾ ਹਿਤ ਦੀਨਹੁਂ ਜੋਰ ਮਹਾਨੀ ॥੪੮॥
ਇਤ ਤੈ ਉਤ ਅੱਸ੍ਵ ਧਵਾਵਤ ਜਾਵਤ[1],

[1]ਘੋੜੇ ਭਜਾਉਂਦੇ ਜਾਂਦੇ ਹਨ।

ਧੀਰਜ ਸਿੰਘਨ ਕੋ ਦਿਹ ਬੰਦਾ।
ਥਿਰ ਕੈ ਇਕ ਠੌਰ ਪੁਨਾ ਫਿਰ ਕੈ,
ਕਰ ਕੈ ਤਤਬੀਰ[1] ਸਧੀਰ ਅਨੰਦਾ।

[1]ਜੁਗਤੀ।

ਸਰ ਸਾਂਪ ਸਪੱਛਨ ਸੇ ਪਰਤੱਛ,
ਬਿਲੱਛ ਸਮੱਛ ਤਜੈ ਸੁ ਅਮੰਦਾ[1]।

[1]ਖੰਭਾਂ ਵਾਲੇ ਸੱਪਾਂ ਵਾਂਗ (ਬਿਲੱਛ) ਅਨੋਖੇ ਤੀਰ ਪ੍ਰਤੱਖ (ਸਮੱਛ) ਅੱਖਾਂ ਦੇ ਸਾਹਮਣੇ (ਅਮੰਦਾ) ਛੇਤੀ ਛੱਡਦਾ ਹੈ।

ਮਾਰ ਘਨੇ ਸਰਦਾਰ ਸੁਟੇ
ਤੁਰਕੀ ਧਰ ਪੈ, ਸੁ ਪਛਾਰ ਬੁਲੰਦਾ[1] ॥੪੯॥
ਰਸ-ਬੀਰ ਰਚੇ ਸਭ ਬੀਰ ਸਚੇ
ਨਹਿਂ ਧੀਰ ਤਚੇ[1] ਬਿਨ ਏਕ ਕਰੇ।
ਤਣ ਤਾਇ ਲਚੇ ਰਣ ਆਇ ਰਚੇ,
ਅਣਖਾਇ ਮਚੇ ਨ ਤਚੇ ਸੁ ਡਰੇ[1]।

[1]ਬਹੁਤੇ ਪਛਾੜ ਕੇ (ਖਿੰਡਾ ਕੇ)।

[1]ਛੱਡਦੇ।

[1]ਜਿਨ੍ਹਾਂ ਨੇ ਸਰੀਰਾਂ ਨੂੰ ਤਾਅ ਦਿੱਤੇ ਸਨ ਉਹ ਜੰਗ 'ਚ ਆ (ਰਚੇ) ਖੱਚਤ ਹੋ ਗਏ, ਅਣਖ ਨਾਲ (ਮਚੇ) ਜੋਸ਼ ਵਿੱਚ ਆ ਗਏ, ਹੁਣ ਡਰ ਕੇ ਜੰਗ ਕਰਨਾ ਨਹੀਂ (ਤਚੈਂ) ਛੱਡਦੇ।

ਲਰਿ ਸਿੰਘਨ ਧਿੰਗਨ ਸੋਂ ਭਰਿ ਡਿੰਗਨ,
ਜਾਤ ਪਲਾਤ ਤੁਕਾਨ ਪਰੇ[1]।

[1](ਧਿੰਗਨ) ਬਲੀ ਸਿੰਘਾਂ ਨਾਲ ਲੜ ਕੇ ਤੁਰਕ (ਡਿੰਗਨ) ਕਦਮਾਂ (ਉਲਾਂਘਾਂ) ਭਰਦੇ ਪਿਛਾਂਹ ਨੂੰ ਨੱਸਦੇ ਜਾਂਦੇ ਹਨ।

ਪਿਖ ਕੈ ਤਬਿ ਸ਼ੱਮਸ ਖਾਨ ਦਿਲਾਵਰ
ਆਦਿਕ, ਅੱਗਰ ਆਇ ਅਰੇ[1] ॥੫੦॥
ਤਬਿ ਬੀਰਨ ਕੋ[1] ਕਰਿ ਯਾਦ
ਨਰਾਇਣ ਦਾਸ[1], ਸਰੂਪ ਅਨੇਕ ਕਰੇ।
ਬਹੁ ਬਾਨਨ ਕੀ ਬਰਖਾ ਕਰਿਕੈ,
ਕਿਲਕਾਰ ਪਚਾਰ ਸਿੰਘਾਨ ਖਰੇ[1]।

[1]ਅੜੇ।

[1](ਆਪਣੇ) ਬੀਰਾਂ ਨੂੰ।

[1]ਬੰਦਾ ਸਿੰਘ ਬਹਾਦਰ।

[1](ਕਿਲਕਾਰ) ਉੱਚੀ ਆਵਾਜ਼ ਨਾਲ ਬੋਲ ਕੇ ਸਿੰਘਾਂ ਨੂੰ (ਖਰੇ) ਚੰਗੀ ਤਰ੍ਹਾਂ ਲਲਕਾਰਿਆ।

ਜਬਿ ਪੈਰ ਹਲਾ ਉਤ ਸੈਦ ਅਲੀ,
ਨਿਜ ਕੀਨ ਮੁਵੱਕਲ ਯਾਦ ਭਰੇ[1]।
ਅਰ ਸੈਦ ਗੁਲਾਮ ਸੁ ਪੀਰ, ਕਲਾਮ
ਲਲਾਮ ਪਢੀ ਬਲਵਾਰ ਤਰੇ[1] ॥੫੧॥

[1]ਸੈਦ ਅਲੀ ਨੇ ਭਲੀ ਪ੍ਰਕਾਰ ਆਪਣੇ ਬੀਰਾਂ ਨੂੰ ਯਾਦ ਕੀਤਾ।

[1]ਅਤੇ ਸੈਦ ਗ਼ੁਲਾਮ ਪੀਰ ਨੇ (ਲਲਾਮ) ਸੁੰਦਰ ਤੇ (ਬਲਾਵਰ ਤਰੇ) ਬਹੁਤੇ ਬਲ ਵਾਲੀ ਕਲਾਮ ਪੜ੍ਹੀ।

ਭੁਜੰਗ ਪ੍ਰਯਾਤ ਛੰਦ:
ਮਹਾਂ ਮਾਰ ਮੱਚੀ, ਤਹਾਂ ਆਨ ਭਾਰੀ।
ਦੁਹੂੰ ਓਰ ਤੈ, ਪੀਰ ਰਾਖੇ ਉਦਾਰੀ[1]।

[1]ਏਧਰੋਂ ਬੰਦਾ ਪੀਰ ਤੇ ਓਧਰੋਂ ਸੈਦ ਗ਼ੁਲਾਮ ਪੀਰ ਦੋਹੀ ਪਾਸੀਂ ਆਪਣੀਆਂ ਫ਼ੌਜਾਂ ਦੇ ਚੰਗੇਰਾਖੇ ਹਨ।

ਹਥਾ ਵੱਥ ਹੋਏ, ਕੁਟਾ ਕੁੱਟ ਹੋਈ[1]।
ਨਹੀਂ ਚਾਹਿ ਪੇਛਾਹਿਂ ਕੋ ਪੈਰ[1] ਕੋਈ ॥੫੨॥
ਫਤੇ ਸਿੰਘ ਲੈ ਕੈ ਘਨੇ ਸਿੰਘ ਸੰਗੈਂ।
ਪ੍ਰਗਜੋ[1] ਆਇ ਤੌ ਲੌ, ਕਹੀਂ ਸੇ ਉਮੰਗੈਂ[2]।
ਗਯੋ ਬਾਜ ਸਿੰਘੰ, ਤਬੈ ਹੀ ਸਰ੍ਹੰਦੋਂ[1]।

[1]ਹਥੋ-ਪਾਈ ਹੋ ਪਏ ਤੇ ਇਕ ਦੂਜੇ ਨੂੰ ਕੁੱਟਣ ਲੱਗ ਪਏ।

[1]ਪੈਰ ਪਿਛੇ ਪਾਉਣਾ।

[1]ਪਹੁੰਚ ਗਿਆ। [2]ਕਿਸੇ ਥਾਂ ਤੋਂ।

[1]ਸਰਹੰਦ ਤੋਂ।

ਲਏ ਬੀਰ ਬਾਂਕੇ, ਲਰਾਕੇ ਬੁਲੰਦੋ ॥੫੩॥
ਇਸੀ ਤੌਰ ਔਰੈਂ, ਘਨੇ ਸਿੰਘ ਆਏ।
ਭਯੋ ਮੋਦ ਬੰਦਾ, ਲਰਯੋ ਜ਼ੋਰ ਲਾਏ।
ਮਚਯੋ ਜੰਗ ਗਾਢਾ, ਪੁਨਾ ਸੋ ਮਹਾਂਈ।
ਮਰੇ ਜ੍ਵਾਨ ਘੋੜੇ, ਨ ਥੋੜੇ ਤਹਾਂਈ ॥੫੪॥
ਤਬੈ ਤੇਗ ਸਿੰਘਾਨ ਭੀ ਐਸ ਬਾਹੀ।
ਬਢੈਂ ਪੁੰਜ ਬਾਢੀ, ਮਨੋ ਬਾਢ ਚਾਹੀ[1]।

[1]ਬਹੁਤੇ ਤਰਖਾਣ ਜਾਣੋ ਉਤਸ਼ਾਹ ਨਾਲ (ਬਾਢ) ਲੱਕੜਾਂ ਵਢਦੇ ਹਨ।

ਮਰਯੋ ਖਾਨ ਮੁਕੇਰੀਆਂ ਕੇਰ ਬਾਂਕੋ।
ਹਰਯੋ ਥਾ ਫਤੇ ਸਿੰਘ ਨੈ ਧਾਇ ਤਾਂ ਕੋ ॥੫੫॥
ਮਰਯੋ ਔਰ ਦੇਲਾਵਰੈਂ ਖਾਨ ਤਯੋਂ ਹੀ।
ਚਹਯੋ ਫੇਰ ਬੰਦੇ ਹਲੈ ਜੰਗ ਕਯੋਂ ਹੀ[1]।
[1]ਕਿਵੇਂ ਨਾ ਕਿਵੇਂ ਜੰਗ ਹਿੱਲ ਜਾਵੇ।
ਕਰੰ ਲੈ ਕੁਵੰਡੰ ਤਚੇ ਤੀਰ ਬੇਸੈ[1]।
[1]ਹੱਥ 'ਚ ਧਨੁੱਸ਼ ਲੈਕੇ ਚੰਗੇ ਤੀਰ ਛੱਡੇ।
ਹੱਲਾ ਭੀ ਕਰਾਯੋ ਦਲੰ ਹੇਤ ਏਸੈ[1] ॥੫੬॥
[1]ਏਸੇ ਵਾਸਤੇ ਦਲ ਦਾ ਵੀ ਹੱਲਾ ਕਰਵਾਇਆ।
ਨਹੀਂ ਜੌ ਹੱਲੇ ਪੈਰ ਤੁਰਕਾਨ ਕੇਰੇ।
ਤਬੈ ਬੀਰ ਬੰਦੇ ਨਿਜੰ ਹੈਂ ਪਰੇਰੇ।
ਤਿਨੈਂ ਆਨਿ ਭੈਆਨਕੈ ਰੂਪ ਧਾਰੇ।
ਲਖਯੋ ਸੈਦ ਖਾਂ ਨੈਂ ਉਤੈ ਪੀਰ ਭਾਰੇ[1] ॥੫੭॥
[1]ਉਧਰ ਵੱਡੇ ਪੀਰ ਸੈਦ ਖ਼ਾਂ ਨੇ ਜਾਣ ਲਿਆ।
ਨਿਜੰ ਬੋਲਿ ਮੋਵੱਕਲੈਂ ਕੋ[1] ਤਬੈ ਹੀ।
[1]ਆਪਣੇ ਬੀਰਾਂ ਨੂੰ।
ਦਏ ਫੇਰ ਪੀਛੈ ਬੰਦੇ ਕੇ ਸਭੈ ਹੀ[1]।
[1]ਬੰਦੇ ਦੇ ਸਾਰੇ ਬੀਰ ਪਿੱਛੇ ਮੋੜ ਦਿੱਤੇ।
ਤਬੈ ਕੋਪ ਬੰਦੇ, ਲਯੋ ਤੀਰ ਹਾਥੰ।
ਗੁਰੂ ਜੋ ਦਯੋ ਥਾ ਯੁਤੈ ਮੰਤ੍ਰ ਨਾਥੰ[1] ॥੫੮॥
[1]ਮੂਲ-ਮੰਤ੍ਰ ਸਹਿਤ।
ਖਰੇ ਹੋਇ ਊਚੇ, ਜਬੈ ਸੋਇ ਛੋਰਯੋ।
ਉਡੀ ਧੂਰਿ ਧਾਰਾ, ਸਮੰ ਮੇਘ ਘੋਰਯੋ[1]।
[1]ਭਿਆਨਕ ਬੱਦਲ ਵਾਂਗ ਧੂੜ ਦੀ ਧਾਰ ਹੀ ਉੱਠੀ।
ਭਗੇ ਬੀਰ ਤੁਰਕਾਨ ਕੇ ਪੀਰ ਕੇ ਹੀ[1]।
[1]ਤੁਰਕਾਂ ਦੇ ਪੀਰ ਦੇ ਬੀਰ ਵੀ ਭੱਜ ਗਏ।
ਅਲੀ ਸੈਦ ਖਾਂ ਆਦਿ ਥੇ ਪੀਰ ਜੇਹੀ[1] ॥੫੯॥
[1]ਜਿਹੜੇ।
ਭਏ ਸੋ ਹਿਰਾਨੰ ਨਹੀਂ ਪੇਸ਼ ਚਾਲੀ।
ਲਖਯੋ ਤਾਂਹਿ ਬੰਦਾ ਬਲੀ ਹੈ ਬਿਸਾਲੀ ॥੬੦॥

ਦੋਹਰਾ:
ਬਿਚਲਿ[1] ਮਹਾਨ ਤੁਕਾਨਿ ਤਬਿ,
[1]ਘਬਰਾ ਕੇ।

ਤ੍ਰਾਸ ਮਾਨਿ ਮਨਿ ਭੂਰ।
ਭਾਗ ਚਲੀ ਪਿਖਿ ਸ਼ੱਮਸ ਖਾਂ,
ਝੂਰ ਬਿਸੂਰ ਜਰੂਰ[1] ॥੬੧॥
ਚੌਪਈ:
ਦੌਰਿ[1] ਪੀਰ ਕੇ ਪਾਸ ਪੁਕਾਰੋ।
ਅਹੋ ਪੀਰ ਜੀ ਹਮੈਂ ਉਬਾਰੋ।
ਕਹਯੋ ਪੀਰ ਇਕ ਤੁਮੈਂ ਬਚੈਹੈਂ।
ਔਰ ਪੇਸ਼ ਮਮ ਲੇਸ ਨ[1] ਜੈਹੈ ॥੬੨॥
ਬੰਦੇ ਦੋਇ ਬਾਰ ਨਿਜ ਬੀਰ।
ਪ੍ਰੇਰੇ, ਸੋ ਰੋਕੇ ਮੈਂ ਧੀਰ।
ਅਬਿ ਜੋ ਤੀਰ ਏਕ ਇਨ ਛੋਰਾ।
ਤਿਸ ਆਗੇ ਮਮ ਚਲੈ ਨ ਜੋਰਾ ॥੬੩॥
ਸ਼ੱਮਸ ਖਾਨ ਪੀਰ ਕੋ ਲੈ ਕੈ।
ਧਸਯੋ ਗਢੀ ਨਿਜ ਮੈਂ ਤਬਿ ਧੈ ਕੈ।
ਇਤ ਸਭਿ ਸਿੰਘਨਿ ਹੱਲਾ ਕਰਿ ਕੈ।
ਹਤੇ ਤੁਰਕ ਬਹੁਤੇ ਬਲ ਧਰਿ ਕੈ ॥੬੪॥
ਫਿਰ ਬੰਦੇ ਬਹੁ ਬੀਰ* ਪਰੇਰੇ।
ਸੋ ਸਰੂਪ ਬਨਿ ਸਿੰਘਨਿ ਬਧੇਰੇ।
ਲਗੇ ਮਗਰ ਸੱਤ੍ਰਨ[1] ਕੇ ਧਾਈ।
ਭਯਾਨਕ ਰੂਪ ਦਿਖਾਇ ਮਹਾਂਈ ॥੬੫॥
ਇਕ ਇਕ ਸਿੰਘ ਕੇ ਆਗੇ ਸੱਤ੍ਰ।
ਸੌ ਸੌ ਭਾਗਯੋ ਜਾਤ ਅਵੱਤ੍ਰ[1]।
ਪੰਛੀ ਜੈਸ ਬਾਜ ਕੇ ਆਗੇ।
ਬਕਰੀ ਬ੍ਰਿੰਦ ਬਿਰਕ[1] ਤੈ ਭਾਗੇ ॥੬੬॥
ਚੂਤੜ ਪੀਠ ਕਟਾ ਸਭਿ ਗਏ।
ਕਾਯਰ ਸੂਰ ਏਕ ਸੇ ਭਏ।
ਰਣ ਮੈਂ ਰਹੇ ਹਜ਼ਾਰੋਂ ਪਰੇ।
ਜੋ ਜ਼ਖਮੀ ਥੇ ਸੋ ਭੀ ਮਰੇ ॥੬੭॥
ਸਿੱਖ ਸ਼ਹੀਦ ਭਏ ਤਹਿਂ ਜੇਤੇ।
ਬੰਦੇ ਚਾਇ ਫੁਕਾਏ[1] ਤੇਤੇ।

[1](ਬਿਸੂਰ) ਦੁਖੀ ਹੋ ਕੇ (ਜਰੂਰ) ਬਹੁਤਾ ਝੁਰਿਆ।
[1]ਦੌੜ ਕੇ।
[1]ਥੋੜੇ ਮਾਤ੍ਰ ਵੀ।
*ਮੂਲ 'ਚ ਪਾਠ ਪੀਰ ਸੀ, ਜੋ ਅਸ਼ੁੱਧ ਜਾਪਦਾ ਹੈ।
[1]ਵੈਰੀ।
[1]ਉਲਟੇ ਭਾਵ ਪਿੱਛੇ ਨੂੰ।
[1]ਬਘਿਆੜ।
[1]ਚੁੱਕ ਕੇ ਸਸਕਾਰ ਕਰਵਾ ਦਿੱਤਾ।

ਜ਼ਖਮੀ ਲੀਨੇ ਸੰਗ ਚੁਕਾਏ।
ਰਾਹੋਂ[1] ਬੰਦਾ ਖਿਰਯੋ ਜਾਏ ॥੬੮॥ [1]ਪਿੰਡ।
ਤੁਰਕਨ ਕੇ ਘਰ ਸਯਾਪੇ ਪਰੇ।
ਰਸ ਕਰੁਣਾ[1] ਛਾਯੋ ਘਰ ਘਰੇ। [1]ਰੋਣਾ ਪਿੱਟਣਾ।
ਤੁਰਕ ਦੁਆਬੀਅਨ ਕਸਮੈਂ ਪਾਈ।
ਸਿੰਘਨ ਸੋਂ ਨਹਿੰ ਲਰੈਂ ਕਦਾਈ ॥੬੯॥
ਸੱਤ੍ਰਾਂ ਸੈ ਸਤਾਹਟੇ ਮਾਹੋਂ।
ਭਈ ਗਾਥ ਯਹਿ ਸਭੈ ਲਖਾਹੋ[1]। [1]ਜਾਣੋ।
ਦੂਾਬਾ ਜੀਤਨ ਜੰਗ ਪ੍ਰਸੰਗੈਂ।
ਗਾਇ ਧਜਾਇ ਇਤਿ ਭਯੋ ਸੁਰੰਗੈਂ[1] ॥੭੦॥ [1]ਚੰਗੇਰੰਗ ਵਿੱਚ ਧਿਆਇ ਸਮਾਪਤ ਹੋ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਯਾਨ ਸਿੰਘ ਵਿਰਚਿਤੇ 'ਦੂਾਬਾ ਜੀਤਨ, ਬਿਜਵਾੜੇ ਕੋ ਜੰਗ' ਪ੍ਰਸੰਗ ਬਰਨਨੰ ਨਾਮ ਅਸ਼ਟਮੋਂ ਬਿਸ੍ਰਾਮ ॥੮॥

੯. {ਪਹਾੜੀ ਰਾਜਿਆਂ ਉੱਪਰ ਫਤਹ ਪਾਉਣੀ}

ਦੋਹਰਾ:

ਗੁਰੁ ਅਰਜਨ ਅਰਜਨ ਤਰੂ,
ਅਰਜ਼ ਨ ਤੂਲ ਜਿਨਾਨ[1]।

[1]ਸ੍ਰੀ ਗੁਰੂ ਅਰਜਨ ਦੇਵ ਜੀ (ਅਰਜਨ ਤਰੂ) ਕਲਪ ਬ੍ਰਿੱਛ ਵਾਂਗ (ਕਾਮਨਾ ਪੂਰੀਆਂ ਕਰਨ ਵਾਲੇ) ਹਨ ਜਿਨ੍ਹਾਂ ਦੇ ਸਰੂਪ ਦੀ (ਅਰਜ਼) ਚੌੜਾਈ ਤੇ (ਤੂਲ) ਲੰਬਾਈ (ਜਾਣੀ) (ਨ) ਨਹੀਂ (ਜਾਂਦੀ)।

ਅਰਜਨ ਜਸ ਅਰਜਨ ਕਰਜੋ,
ਅਰਜਨ ਸ੍ਵਾਮਿ ਸਮਾਨ[1] ॥੧॥

[1]ਜਿਨ੍ਹਾਂ ਨੇ ਅਰਜਨ ਦੇ ਸੁਆਮੀ (ਕ੍ਰਿਸ਼ਨ) ਵਾਂਗ ਸੰਸਾਰ ਵਿੱਚ (ਅਰਜਨ) ਉੱਜਲ ਜਸ (ਅਰਜਨ) ਖੱਟਿਆ ਹੈ।

ਅਰਿਜਨ ਅਰਜਨ ਨਿਜ ਪਰੈਂ,
ਸੁਨ ਅਰਜਨ ਸਭਿ ਕਾਂਹਿ[1]।

[1](ਅਰਿਜਨ) ਵੈਰੀ ਜਨਾਂ (ਅਰਜਨ) ਅਤੇ ਦਾਸਾਂ, ਆਪਣਿਆਂ ਤੇ ਪਰਾਇਆਂ ਸਭ ਕਿਸੇ ਦੀਆਂ (ਅਰਜਨ) ਬੇਨਤੀਆਂ ਸੁਣਕੇ।

ਹਰਿ ਜਨ ਕਰ ਹੈ ਅਰਜਨੈਂ,
ਕਰਿ ਬੰਦਨ ਅਬਿ ਤਾਂਹਿ[1] ॥੨॥

[1](ਅਰਜਨੈ) ਸ਼ੁਧ ਅੰਤਹ-ਕਰਨ ਵਾਲਿਆਂ ਨੂੰ (ਹਰ ਜਨ) ਵਾਹਿਗੁਰੂ ਦੇ ਭਗਤ ਬਣਾ ਦੇਂਦੇ ਹਨ। ਹੁਣ ਤਿਨ੍ਹਾਂ (ਸ੍ਰੀ ਗੁਰੂ ਅਰਜਨ ਦੇਵ ਜੀ ਨੂੰ) ਨਮਸ਼ਕਾਰ ਕਰਦਾ ਹਾਂ।

ਰਾਹੋਂ ਤੈ ਚਲ ਕੈ ਤਬੈ,
ਕੀਰਤ ਪੁਰਿ ਮੈਂ ਜਾਇ।
ਗੁਰਦ੍ਵਾਰੇ ਪੂਜੇ ਭਲੈ,
ਬੰਦੇ ਸਹਿ ਸਿੰਘਾਇਂ[1] ॥੩॥

[1]ਸਿੰਘਾਂ ਸਮੇਤ।

ਰੋਪੜ ਲੌ ਸਭਿ ਦੇਸ ਕੇ,
ਲੋਗ ਮਿਲੇ ਤਬਿ ਆਇ।
ਨਾਲਾਗੜ੍ਹੀਆ ਭੂਪ ਭੀ,
ਸੁਨਿ ਮਹਿਮਾ ਅਧਿਕਾਇ ॥੪॥
ਆਯੋ ਬੰਦੇ ਢਿਗ ਤਬੈ,
ਦੈ ਨਜ਼ਰਾਨਾਂ ਭੂਰ[1]।

[1]ਬਹੁਤਾ।

ਮੇਲ ਕਰਜੋ ਡਰ ਧਾਰਿ ਮਨ,
ਮੇਲਜੋ ਪੰਥ ਜ਼ਰੂਰ ॥੫॥

ਨਿਸ਼ਾਨੀ ਛੰਦ:

ਇਕ ਦਿਨ ਕੀਰਤ ਪੁਰਿ ਵਿਖੇ,

ਬੰਦਾ ਥਾ ਬੈਠਾ।
ਲਗਜੋ ਦਿਵਾਨ ਮਹਾਨ ਹੀ,
ਸਿੰਘਨ ਕਾ ਤੈਠਾ[1]। [1]ਤਿਸ ਥਾਂ।
ਸਭਿ ਸਿੰਘਨ ਕੇ ਮੱਧ ਮੈਂ, ਸੋਹਿਤ ਇਮ ਬੰਦਾ।
ਜਯੋਂ ਉਡਗਨ ਗਨ ਕੇ ਵਿਖੇ[1], ਪਰਕਾਸ਼ਤ ਚੰਦਾ ॥੬॥ [1]ਸਮੂੰਹ ਸਤਾਰਿਆਂ ਦੇ ਇਕੱਠ ਵਿੱਚ।
ਸੋਢੀਰਾਇ ਗੁਲਾਬ* ਥਾ, ਆਨੰਦ ਪੁਰਿ ਮਾਂਹੀਂ।

*ਕਵੀ ਜੀ ਰਚਿਤ ਉਹ ਕਥਾ ਜਿਸ ਵਿਚ ਗੁਲਾਬ ਰਾਇ ਦੀ ਵਾਰਤਾ ਸੀ, ਅਸਾਂ ਨੂੰ ਪ੍ਰਾਪਤ ਨਹੀਂ ਹੋ ਸਕੀ, ਕਿਉਂਕਿ ਲਾਹੌਰ ਐਡੀਸ਼ਨ 'ਚ ਛਪਿਆ ਪੂਰਬਾਰਧ ਦਾ ਕੁਝ ਹਿੱਸਾ ਘਸੀਟਾ ਸਿੰਘ ਕਵੀਸ਼ਰ ਲਾਹੌਰ ਦੀ ਰਚਨਾ ਹੈ, ਜਿਸ ਨੂੰ ਅਸਾਂ ਛੱਡ ਦਿੱਤਾ ਹੈ ਤੇ ਉਸ ਦੀ ਥਾਂ ਅੰਮ੍ਰਿਤਸਰ ਐਡੀਸ਼ਨ ਦਾ ਹਿੱਸਾ ਛਾਪ ਦਿੱਤਾ ਹੈ, ਜਿਸ ਵਿੱਚ ਗੁਲਾਬ ਰਾਇ ਦਾ ਜ਼ਿਕਰ ਨਹੀਂ ਆਇਆ। ਇਹ ਸੋਢੀ ਗੁਲਾਬ ਰਾਇ ਸੂਰਜ ਮੱਲ ਦਾ ਪੋਤਾ, ਦੀਪ ਚੰਦ ਦਾ ਪੁੱਤਰ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪੜੋਤਾ ਸ਼ਯਾਮ ਦਾਸ ਜੀ ਦਾ ਭਾਈ ਸੀ। ਇਹ ਦੋਵੇਂ ਭਰਾ ਗੁਰੂ ਕਲਗੀਧਰ ਜੀ ਤੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ ਸਨ ਤੇ ਨਾਮ ਗੁਲਾਬ ਸਿੰਘ ਤੇ ਸ਼ਯਾਮ ਸਿੰਘ ਹੋ ਗਏ ਸਨ। ਗੁਲਾਬ ਸਿੰਘ ਦੀ ਅਗੋਂ ਵੰਸ਼ ਨਹੀਂ ਚਲੀ। ਸ੍ਰੀ ਅਨੰਦਪੁਰ ਸਾਹਿਬ ਦੇ ਸੋਢੀ ਸਾਹਿਬਾਨ ਸ਼ਯਾਮ ਸਿੰਘ ਜੀ ਦੀ ਉਲਾਦ ਹਨ।

ਲੇਵਤ ਪੂਜਾ ਸਿੱਖਨ ਤੈ, ਸੋ ਗੁਰੂ ਸਦਾਹੀ[1]। [1]ਉਹ (ਆਪਣੇ ਆਪ ਨੂੰ) ਗੁਰੂ ਸਦਾਉਂਦਾ ਸੀ।
ਦਸਮ ਗੁਰੂ ਕੀ ਗਾਥ ਮੈਂ, ਗਾਥਾ ਜਿਹ ਗਾਈ।
ਗੁਰੂ ਸੌਂਪ ਸੇਵਾ ਗਏ, ਜਿਸ ਸਾਧੂ ਤਾਂਈਂ ॥੭॥
ਤਿਸ ਕੋ ਮਾਰ ਨਿਕਾਰਯੋ, ਥਾਰਾਇ ਗੁਲਾਬੈਂ।
ਬੰਦੇ ਢਿਗ ਤਿਸੁ ਸਾਧੁ ਨੈ, ਤਬਿ ਆਇ ਸ਼ਿਤਾਬੈਂ[1]। [1]ਛੇਤੀ।
ਦੁਖੀ ਹੋਇ ਕੈ ਆਪਨਾ, ਇਮ ਹਾਲ ਸੁਨਾਯੋ।
ਗੁਰੂ ਸੌਂਪ ਗੇ ਥੇ ਮੁਝੈ, ਸੇਵਾ ਤਿਸ ਥਾਯੋ ॥੮॥
ਜਬਰਨ ਰਾਯ ਗੁਲਾਬ ਨੈ, ਮੁਝ ਤੈ ਸੋ ਛੀਨੀ।
ਗੁਰੂ ਸੰਗਤ ਤੈ ਲੇਤ ਹੈ, ਸੋ ਪੂਜਾ ਪੀਨੀ[1]। [1]ਬਹੁਤੀ।
ਸੋ ਗਾਦੀ ਹੈ ਪੰਥ ਕੀ, ਦਸਮੇਂ ਗੁਰੁ ਦੀਨੀ।
ਸੋਢੀ ਕਾ ਨਹਿ ਹੱਕ ਹੈ, ਤੁਮਹੂੰ ਲਿਹੁ ਚੀਨੀ[1] ॥੯॥ [1]ਜਾਣ ਲਉ।

ਇਹੁ ਸੁਨਿ ਬੰਦੇ ਸਿੰਘਨ ਕੋ, ਬੂਝਜੋ ਕਜਾ ਥਾਏ[1]। [1]ਹੁਣ ਕੀ ਹੋਵੇ।
ਕਹਜੋ ਪੰਥ ਸੋ ਠੀਕ ਹੈ, ਜੋ ਤੁਮ ਕੋ ਭਾਏ।
ਬਚਨ ਕੀਨ ਥਾ ਜੋ ਗੁਰੂ, ਸੋਢੀ ਤਿਸ ਤਾਂਈਂ।
ਸੋ ਸਭਿ ਗਾਥਾ ਸੁਨਿ ਬੰਦੇ, ਪੁਨ ਐਸ ਸੁਨਾਈ ॥ ੧੦ ॥
ਆਯੂ[1] ਚਾਰ ਕੁ ਸਾਲ ਕੀ, ਸੋਢੀ ਕੀ ਰਹਿ ਹੈ। [1]ਉਮਰ।
ਫਿਰ ਤਿਸ ਕੀ ਸੰਤਤਿ[1] ਮਰੈ, ਜੋ ਗਾਦੀ ਬਹਿ ਹੈ। [1]ਉਲਾਦ।
ਆਖਰ ਵਸਤੂ ਪੰਥ ਕੀ, ਪੰਥੈਂ ਢਿਗ ਐਹੈ।
ਸਬਰ ਧਰਮ ਹੈ ਸੰਤ ਕਾ, ਸੋ ਕਰੋ ਤੁਮੈਹੈ ॥ ੧੧ ॥
ਇਹੁ ਸੁਨਿ ਸਾਧੁ ਗੁਰਬਖਸ਼ ਜੀ, ਨਿਜ ਡੇਰੇ ਗੱਯੋ।
ਬੰਦੇ ਜੈਸ ਬਖਾਨਯੋ, ਤੈਸੋ ਫਿਰ ਥੱਯੋ[1]। [1]ਹੋਇਆ।
ਗੁਜਰਜੋ ਜਬੈ ਗੁਲਾਬਰਾ, ਤਿਸ ਕੇ ਸੁਤ ਚਾਰੇ।
ਬਾਰੀ ਬਾਰੀ ਬੈਠ ਕੇ, ਗਾਦੀ ਪਰ ਸਾਰੇ ॥ ੧੨ ॥
ਥੋਰੇ ਹੀ ਅਰਸੇ ਵਿਖੇ[1], ਮਰਿ ਮਰਿ ਗੁਰੁ ਪੁਰਿ ਗੇ। [1]ਸਮੇਂ ਵਿਚ।
ਸੰਤਤਿ ਨਹਿਂ ਤਿਨ ਕੀ ਰਹੀ, ਔਤਰ ਹੀ[1] ਤੁਰ ਗੇ। [1]ਬੇ-ਉਲਾਦੇ।
ਗੁਰੁਦ੍ਵਾਰਨ ਕੀ ਸੇਵ ਤੋ, ਫਿਰ ਪੰਥ ਸੰਭਾਰੀ।
ਬਚਨ ਬੰਦੇ ਕਾ ਸਤ ਥਯੋ, ਸਭਿ ਲੇਹੁ ਨਿਹਾਰੀ ॥ ੧੩ ॥
ਪੁਨ ਇਕ ਦਿਵਸ ਸਰ੍ਹੰਦ ਤੈ, ਆਲੀ ਸਿੰਘ ਆਯੋ।
ਫਤੇ ਗਜਾਈ ਪੰਥ ਕੋ, ਪੁਨ ਮਾਥ ਝੁਕਾਯੋ।
ਬੰਦੇ ਕੈ ਢਿਗ ਜਾਇ ਕੈ, ਚਰਨੀਂ ਕਰ[1] ਲਾਯੋ। [1]ਹੱਥ।
ਬੰਦੇ ਨੈ ਤਿਸ ਕੋ ਤਬੈ, ਨਿਜ ਪਾਸ ਬਿਠਾਯੋ ॥ ੧੪ ॥
ਬਾਤੈਂ ਕਰਿ ਬਿਵਹਾਰ ਕੀ, ਦੁਹਿ ਦਿਸ ਤੈ ਸਭਿ ਹੀ।
ਫਿਰ ਬੰਦੇ ਨੈ ਤਾਂਹਿ ਕੋ, ਯੌਂ ਭਾਖਜੋ ਤਬਿ ਹੀ।
ਸੁਨ ਆਲੀ ਸਿੰਘ ਬਾਤ ਮੈਂ, ਇਕ ਤੁਝੈ ਸੁਨੈਹੋਂ।
ਭਾਵੀ ਆਈ ਤੋਹਿ ਪੈ, ਅਬਿ ਹੀ ਲਖ ਲੈਹੋ[1] [1]ਜਾਣ ਲਉ।

॥ ੧੫ ॥
ਸੁਤ ਤੁਮਰੇ ਜੁਗ ਮਰੈਂਗੇ[1], ਦਿਨ ਬੀਤੇ ਬਾਈ। [1]ਦੋ ਪੁੱਤਰ ਮਰਨਗੇ।
ਇਕ ਸਿਰਿ ਗੋਲੀ ਲਾਗ ਹੈ, ਇਕ ਮਰੈ ਗਿਰਾਈ[1]। [1]ਡਿੱਗ ਕੇ।
ਸੁਨ ਆਲੀ ਹਰਿ ਯੌਂ ਕਹਜੋ, ਜੋ ਆਗਜਾ ਗੁਰੁ ਕੀ।
ਵਰਤੈਗੀ ਸੋ ਤੈਸ ਹੀ, ਨਹਿਂ ਮਿਟ ਹੈ ਧੁਰ ਕੀ
॥ ੧੬ ॥
ਆਲੀ ਸਿੰਘ ਲੈ ਆਗਜਾ, ਪੁਨ ਸਰਹੰਦ ਆਯੋ।
ਸਿੰਘ ਖਾਕ ਤੋਦੇ ਲਗੇ[1], ਕਰਨੈ ਸਮੁਦਾਯੋ। [1]ਮਿੱਟੀ ਦੇ ਢੇਰ 'ਚ ਨਿਸ਼ਾਨੇ ਲਾਉਣ ਲੱਗੇ।
ਘੋੜੀ ਛੇੜਿ ਇਕ ਸਿੰਘ ਨੈ, ਜਬਿ ਤੁਪਕ ਸੰਧਾਈ[1]। [1]ਬੰਦੂਕ ਸਿੰਨ੍ਹੀ।
ਘੋੜੀ ਨੇ ਚਿਰਕੀ[1] ਖਈ, ਕਲ[2] ਗਈ ਦਬਾਈ [1]ਭੁਆਟਣੀ। [2]ਬੰਦੂਕ ਦਾ ਘੋੜਾ।
॥ ੧੭ ॥
ਆਲੀ ਸਿੰਘ ਕਾ ਸੁਤ ਹੁਤੋ, ਖਾਨੂੰ ਸਿੰਘ ਵੱਡਾ।
ਲੋਗਨ ਮੈਂ ਸੋ ਖੜਾ ਥਾ, ਨੇਹਾਰਤ ਅੱਡਾ[1]। [1]ਅੱਡੇ ਵਿੱਚ ਦੇਖਦਾ ਸੀ। (ਅੱਡਾ=ਦੇਖਣ ਲਈ ਆਦਮੀਆਂ ਦੇ ਖੜ੍ਹਨ ਦੀ ਥਾਂ।)
ਗੋਲੀ ਛੁਟ ਕੈ ਤਹਾਂ ਤੈ, ਤਿਸ ਕੇ ਸਿਰ ਲਾਗੀ।
ਫੌਰਨ ਧਰ ਪਰ ਗਿਰ ਮਰਜੋ, ਸੁਨ ਗਾਥਾ ਆਗੀ[1] [1]ਅਗਲੀ ਕਥਾ।
॥ ੧੮ ॥
ਨਾਨੂੰ ਸਿੰਘ ਫਿਰ ਉਸੀ ਦਿਨ, ਗਿਰ ਕੋਠੇ ਪਰ ਤੈ[1]। [1]ਉਪਰੋਂ।
ਮਰਜੋ ਦੇਰ ਬਿਨ ਹੁਕਮ ਯਹਿ, ਵਰਤਜੋ ਸਭਿ ਕਰਤੈ[1]। [1]ਕਰਤਾਰ ਦਾ।
ਦਿਨ ਦ੍ਵੈ ਬਿਸੰਤ ਹੀ ਹੁਤੋ[1] ਜੋ ਬੰਦੇ ਭਾਖਜੋ[2]। [1]ਬਾਈਵਾਂ ਹੀ ਦਿਨ ਸੀ। [2]ਕਿਹਾ ਸੀ।
ਲੋਗ ਲਗੇ ਬਹੁ ਕਲਪਨੇ, ਆਲੀ ਸਿੰਘ ਆਖਜੋ
॥ ੧੯ ॥
ਇਸ ਹੀ ਬਿਧਿ ਮਮ ਸੁਤਨ ਕੀ, ਥੀ ਮ੍ਰਿਤੂ ਠੀਕੈ।
ਸ਼ੋਕ ਕਰੇ ਕਜਾ ਹੋਇਗਾ, ਜਾਨਜੋ ਹਮ ਨੀਕੈ।
ਜੰਮਣ ਮਰਣਾ ਹੁਕਮ ਹੈ, ਯਹਿ ਸਾਹਿਬ ਕੇਰਾ।

ਗੁਰੂ ਗ੍ਰੰਥ ਮੈਂ ਬਹੁ ਜਗ੍ਯਾ, ਸਤਿਗੁਰ ਨੈ ਟੇਰਾ[1] ॥੨੦॥
ਇਤਜਾਦਿਕ ਬਹੁ ਬਚਨ ਕਹਿ, ਦਿਲ ਸਭਿਨਿ ਧਰਾਯੋ।
ਕੇਤਿਕ ਦਿਨ ਫਿਰ ਪਾਇ ਕੈ, ਬੰਦੇ ਢਿਗ ਆਯੋ।
ਪਰਖਨ ਹਿਤ ਬੰਦੇ ਕਹਜੋ, ਜਿਸ ਸਿਖ ਸੁਤ ਤੇਰੋ।
ਮਾਰਜੋ, ਤਿਸ ਕੋ ਸਜ਼ਾ ਮੈਂ ਦੈਹੋਂ, ਤੁਮ ਟੇਰੋ[1] ॥੨੧॥
ਆਲੀ ਸਿੰਘ ਕਰ ਜੋਰ ਕੈ, ਫਿਰ ਐਸੇ ਰਰਯੋ[1]।
ਮਾਰਜੋ ਸੋ ਕਿਸਹੂੰ ਨਹੀਂ, ਨਿਜ ਆਈ ਮਰਯੋ।
ਪਿਖਿ ਨਿਸਚਾ ਭਲ ਸਿੱਖ ਕਾ, ਖੁਸ਼ਿ ਹ੍ਵੈ ਤਬਿ ਬੰਦੇ।
ਕਹਜੋ ਔਰ ਸੁਤ ਹੋਹਿੰਗੇ, ਤੁਮ ਦੋਇ ਅਮੰਦੇ[1] ॥੨੨॥
ਸਮਾਂ ਪਾਇ ਫਿਰ ਤਾਂਹਿ ਕੇ, ਘਰ ਦੁਇ ਸੁਤ ਹੋਏ।
ਬਚਨ ਸਾਧੁ ਕਾ ਕਜੋਂ ਟਲੈ, ਜਾਨਤ ਸਭਿ ਕੋਏ।
ਮਾਹੀ ਸਿੰਘ ਇਕ, ਦੂਸਰਾ ਬੱਲੋ ਸਿੰਘ ਜਾਨੋ।
ਯਹਿ ਸੁਤ ਆਲੀ ਸਿੰਘ ਕੇ, ਪੁਨ ਭਏ ਮਹਾਨੋ ॥੨੩॥
ਨਗਰ ਸਲੌਦੀ ਮੈਂ ਅਹੈ, ਸੰਤਤਿ ਅਬਿ ਤਿਨ ਕੀ।
ਤਵਾਰੀਖ ਮੈਂ* ਗਾਥ ਹੈ, ਬਾਕੀ ਸਭਿ ਜਿਨ ਕੀ।
ਦੀਪ ਸਿੰਘ ਇਕ ਸਿੰਘ ਥਾ, ਪੁਨ ਬੰਦੇ ਪਾਸੈਂ।
ਪੰਥ ਤਾਂਹਿ ਕੋ ਕਹਤ ਥਾ ਸ਼ਾਹੀਦ ਬਿਲਾਸੈਂ[1]

[1]ਕਿਹਾ ਹੈ।
[1]ਕਹੋ।
[1]ਕਿਹਾ।
[1]ਬਿਨਾਂ ਦੇਰੀ ਤੋਂ।

*ਗਿਆਨੀ ਜੀ ਰਚਿਤ ਤਵਾਰੀਖ਼ ਗੁਰੂ ਖ਼ਾਲਸਾ ਦਾ ਇਹ ਚੌਥਾ ਭਾਗ 'ਸਰਦਾਰ ਖ਼ਾਲਸਾ' ਸੀ, ਜਿਸ ਵਿੱਚ ੩੨੫ ਸਿੱਖ ਸਰਦਾਰਾਂ ਦੇ ਖਾਨਦਾਨਾਂ ਦਾ ਇਤਿਹਾਸ ਸੀ, ਜਿਸਨੂੰ ਤਿਆਰ ਕਰਕੇ ਛਾਪਣ ਲਈ ਗਿਆਨੀ ਜੀ ਨੇ ਖ਼ਾਲਸਾ ਟ੍ਰੈਕਟ ਸੁਸਾਇਟੀ ਅੰਮ੍ਰਿਤਸਰ ਨੂੰ ਦਿੱਤਾ ਸੀ ਪਰ ਉਨ੍ਹਾਂ ਉਸ ਭਾਗ ਨੂੰ ਨਾ ਛਾਪਿਆ ਤੇ ਨਾ ਗਿਆਨੀ ਜੀ ਨੂੰ ਵਾਪਸ ਦਿੱਤਾ। ਹੁਣ ਤੱਕ ਉਸਦੀ ਕੋਈ ਉਘ ਸੁੱਘ ਨਹੀਂ ਨਿਕਲੀ ਕਿ ਉਹ ਹੁਣ ਕਿਤੇ ਹੈ ਵੀ ਕਿ ਨਹੀਂ।

[1]ਹਾਸੇ ਨਾਲ।

॥੨੪॥
ਇਕ ਪਹਾੜ ਕੇ ਬਿਰਛ ਕੀ, ਤਿਨ ਦਾਤਣ ਕੀਨੀ।
ਦਾਂਤ ਜਾੜ੍ਹ ਤਿਸ ਕੇ ਝੜੇ, ਹਾਸੀ ਭਈ ਪੀਨੀ[1]।
[1]ਬਹੁਤੀ।
ਇਕ ਦਿਨ, ਬੰਦੇ ਪੈ ਕਿਨੈ ਸਿੱਖਿ, ਚਣੇ ਚਢਾਏ।
ਸੋ ਜਬਿ ਸਭਿ ਕੋ ਬਰਤਗੇ, ਬਹੁ ਸਿੱਖਿ ਇਮ ਗਾਏ ॥੨੫॥
ਜੋ ਸਿੱਖ ਚਣੇ ਨ ਚਾਬ ਹੈ, ਤਿਹ ਦੋਸ਼ ਲਗੈ ਹੈ।
ਬਾਰਿ ਬਾਰਿ ਤਿਹ ਤਰੁ ਪਰੈ, ਚਾਢੈਂ ਉਤਰੈਹੈਂ[1]।
[1]ਉਸਨੂੰ ਬਾਰ ਬਾਰ ਦਰੱਖ਼ਤ 'ਤੇ ਚਾੜ੍ਹਾਂਗੇ ਤੇ ਉਤਾਰਾਂਗੇ।
ਦੀਪ ਸਿੰਘ ਕੋ ਸਭੀ ਨੈਂ, ਯੌਂ ਹਾਸੀ ਕੀਨੀ।
ਬੰਦੇ ਤਿਸ ਦਿਸ ਦੇਖ ਕੈ, ਬਾਨੀ ਯੌਂ ਕੀਨੀ ॥੨੬॥
ਚਾਬੋ ਤੁਮੈਂ ਸ਼ਹੀਦ ਜੀ, ਕਿਆ ਛੋਲੇ ਐਹੈਂ।
ਰੋੜ ਕੰਕਰੀ[1] ਤੁਮੈਂ ਤੇ ਚਬਵਾਨੇ ਮੈਂ ਹੈਂ।
[1]ਪੱਥਰ ਦੀਆਂ ਛੋਟੀਆਂ ਡਲੀਆਂ।
ਚਨੇ ਜਿਤਿਕ ਅਬਿ ਚਾਬ ਹੈਂ, ਹਤ ਹੈਂ ਤ੍ਰਕ ਤਿਤਿਨੇ।
ਦਾਂਤ ਜਾੜ੍ਹ ਤਿਹ ਬੱਜ੍ਰ ਸੇ[1], ਪੈਦਾ ਭਏ ਇਤਨੇ[2] ॥੨੭॥
[1]ਪੱਥਰ ਵਰਗੇ। [2]ਏਨੇ ਭਾਵ ਥੋੜ੍ਹੇ ਹੀ ਚਿਰ ਵਿੱਚ।
ਚਨੇ ਚਬਾਏ ਤਾਂਹਿ ਪਿਖਿ, ਸਿੱਖਾਂ ਹੈਰਾਨੇ।
ਰਘੁਬਰ ਸਰ ਸੇ ਬਰ ਸਹੀ, ਬੰਦੇ ਕੇ ਜਾਨੇ[1]।
[1]ਬੰਦੇ ਦੇ ਵਰ, ਰਾਮ ਚੰਦਰ ਦੇ ਤੀਰਾਂ ਵਾਂਗ ਠੀਕ ਜਾਣੇ।
ਦੀਪ ਸਿੰਘ ਨੈ ਤੁਰਕ ਭੀ, ਫਿਰ ਹਤੇ ਅਪਾਰੇ।
ਬਰ ਬੰਦੇ ਕੇ ਫੁਰ ਗਏ, ਬਿਦਤਜੋ ਸੰਸਾਰੇ ॥੨੮॥
ਇਸੀ ਤੌਰ ਇਕ ਔਰ ਭੀ, ਤਿਸ ਠੌਰੈਂ ਥਾਯੋ[1]।
[1](ਕੌਤਕ) ਹੋਇਆ।
ਨਾਲਾਗੜ੍ਹੀਆ ਨਿਰਪ ਥਾ, ਮਿਲਨੇ ਹਿਤ ਆਯੋ।
ਬੰਦੇ ਕਾ ਡਰ ਸਭੀ ਕੇ, ਦਿਲ ਮੈਂ ਥਾ ਭਾਰੀ।
ਹਿੰਦੂ ਤੁਰਕ ਅਮੀਰ ਜੇ, ਥੇ ਦੇਸ ਮਝਾਰੀ ॥੨੯॥
ਦੂਤ[1] ਰਹਿਤ ਥੇ ਬਹੁਤ ਕੇ, ਬੰਦੇ ਢਿਗ ਤਾਂਹੀਂ।
[1]ਵਕੀਲ, ਹਲਕਾਰੇ।
ਬੰਦੇ ਕੀ ਬਹੁ ਅਜ਼ਮਤੈਂ[1], ਪਿਖਿ ਲਿਖਤ ਰਹਾਂਹੀਂ।
[1]ਕਰਾਮਾਤਾਂ।

ਯਾਹੀ ਤੇ ਹਿਤ ਮੇਲ ਕੇ, ਆਯੋ ਨ੍ਰਿਪ ਚਲ ਕੈ।
ਘੋੜਾ ਨਕਦੀ ਨਜ਼ਰ ਦੈ, ਗਿਰਯੋ ਪਗ ਢਲ ਕੈ[1] ॥੩੦॥

[1]ਨਰਮ ਹੋ ਕੇ, ਨੀਵਾਂ ਹੋ ਕੇ।

ਅਭੈ ਦਾਨ[1] ਤਿਸ ਕੋ ਦਯੋ, ਨਿਜ ਦਿਸ ਤੈ ਬੰਦੈ।
ਕਹਜੋ ਨ੍ਰਿਪਤ ਕੁਛ ਟਹਲ ਭੀ, ਮੁਹਿ ਕਹੋ ਅਮੰਦੈ[1]।

[1]ਨਿੱਡਰਤਾ ਦਾ ਦਾਨ।
[1]ਛੇਤੀ।

ਬੰਦਾ ਸੁਨ ਕੈ ਚੁਪ ਰਹਜੋ, ਉਨ ਦੁਇ ਤ੍ਰੈ ਬੇਰਾ।
ਬਾਰ ਬਾਰ ਜਬਿ ਭਾਖਯੋ, ਤਬਿ ਬੰਦੇ ਟੇਰਾ ॥੩੧॥
ਹਮ ਕੋ ਅਪਨੇਂ ਧਾਮ ਤੂੰ, ਅਬਿ ਦੇਹੁ ਦਿਖਾਏ।
ਸੁਨਿ ਡਰ ਕੇ ਨ੍ਰਿਪ ਚੁਪ ਰਹਜੋ, ਮਤੁ ਲੈਹ ਦਬਾਏ।
ਬਿਦਾ ਹੋਇ ਜਬਿ ਘਰ ਗਯੋ, ਨਿਜ ਰਾਣੀ ਪਾਸੈਂ।
ਬੰਦੇ ਕੋ ਬੈਠਾ ਪਿਖਜੋ, ਕਰਤੋ ਬਹੁ ਹਾਸੈਂ ॥੩੨॥
ਡਰ ਕੈ ਪੀਛੇ ਹਟ ਗਯੋ, ਫਿਰ ਦੂਜੀ ਪਾਸੈਂ।
ਤਿਸ ਢਿਗ ਭੀ ਬੰਦਾ ਪਿਖਜੋ, ਕਰਤੋ ਬੇਲਾਸੈਂ[1]।

[1]ਬਚਨ ਕਰਦਾ।

ਜਹਾਂ ਜਾਇ ਤਹਿਂ ਹੀ ਪਿਖੈ, ਬੰਦੇ ਕੋ ਠਾਢੋ।
ਪੇਖਿ ਹਿਰਾਨ ਮਹਾਨ ਹ੍ਵੈ, ਅਤਿਸੈ ਡਰ ਬਾਢੋ ॥੩੩॥
ਬੰਦੇ ਕੇ ਪਗ ਆ ਗਹੇ, ਫਿਰ ਸਾਦਕ[1] ਹੋਯੋ।
ਸਰਬ ਸ਼ਕਤਿ ਯੁਤ ਸਿੱਧ ਬਡ, ਬੰਦੇ ਕੋ ਜੋਯੋ[1]।

[1]ਸਿਦਕੀ, ਸ਼ਰਧਾਲੂ।
[1]ਦੇਖਿਆ।

ਔਰ ਰਾਜਿਯੋਂ ਪੈ ਇਹੀ, ਉਨ ਬਾਤ ਪੁਚਾਈ।
ਸੁਨਿ ਸਭਿ ਹੀ ਘਬਰਾ ਗਏ, ਪਰ ਰਹੇ ਦਬਾਈ ॥੩੪॥
ਐਸੀ ਐਸੀ ਅਜ਼ਮਤਾਂ ਬੰਦਾ ਬਹੁ ਲਾਵੈ।
ਨਰ ਨਾਰੀ ਬਹੁ ਦੇਸ ਕੇ, ਬੰਦੇ ਢਿਗ ਆਵੈਂ।
ਦੂਧ ਪੂਤ ਧਨ ਧਾਮ ਲੌਂ, ਬੰਦੇ ਤੈ ਪਾਵੈਂ।
ਦੁਖੀਏ ਦੂਖ ਗਵਾਇ ਕੈ, ਸੁਖੀਏ ਹ੍ਵੈ ਜਾਵੈਂ ॥੩੫॥
ਬਿਦਿਤ ਭਯੋ ਸਭਿ ਦੇਸ ਮੈਂ, ਬੰਦਾ ਵਡ ਪੀਰੈਂ।

ਨਿਸ ਦਿਨ ਬੰਦੇ ਢਿਗ ਰਹੈਂ, ਲਾਗੀ ਬਹੁ ਭੀਰੈਂ
॥੩੬॥

ਕਬਿੱਤ:

ਲਾਇ ਕੈ ਦੀਵਾਨ ਬੰਦੇ ਪੰਥ ਕਾ ਮਹਾਨ ਤਬਿ,
ਕਹ੍ਯੋ ਯੌਂ ਬਖਾਨ ਸੁਨੋਂ ਖਾਲਸਾ ਜੀ ਸਭਿ ਹੀ।
ਕੀਨੇ ਜਿਨ ਛਲ ਬਲ ਤੁਰਕਨ ਕੇ ਲਜਾਏ ਦਲ,
ਗੁਰੂ ਸੰਗ ਲਰੇ ਢਲ[1] ਤਿਨੈ ਸੰਗ ਅਬ ਹੀ[2]।

[1]ਢਲ ਕੇ ਭਾਵ ਇਕੱਠੇ ਹੋ ਕੇ। [2]ਹੁਣੇ ਹੀ ਉਨ੍ਹਾਂ ਨਾਲ (ਚਲ ਕੇ ਲੜੀਏ)।

ਮਾਰ ਕੈ ਪਹਾੜੀਆਂ ਉਜਾੜੀਆਂ ਕਰੈਹੁਂ, ਲੈਹੁਂ
ਬਦਲੇ ਬਠੈਹੁਂ ਰੰਡੀ ਲਾੜੀਆਂ ਕੋ ਜਬਿ ਹੀ[1]।

[1]ਜਦੋਂ ਪਹਾੜੀ ਰਾਜਿਆਂ ਨੂੰ ਮਾਰ ਕੇ ਉਜਾੜ ਕਰ ਦਿਆਂਗਾ, ਬਦਲੇ ਲਵਾਂਗਾ ਤੇ ਉਨ੍ਹਾਂ ਦੀਆਂ (ਲਾੜੀਆਂ) ਇਸਤ੍ਰੀਆਂ ਨੂੰ ਰੰਡੀਆਂ ਬਿਠਾ ਦਿਆਂਗਾ।

ਛਾਡ ਛਲ ਛੰਦਾ ਸੁਖ ਕੰਦਾ ਕੀ ਸੁਗੰਦਾ ਕਰੋਂ,
ਜਾਨੀਓ ਅਮੰਦਾ ਮੋਹਿ ਬੰਦਾ ਗੁਰੂ ਤਬਿ ਹੀ[1]
॥੩੭॥

[1]ਛਲ ਵਲ ਛੱਡ ਕੇ ਪ੍ਰਮੇਸ਼ਰ ਦੀ ਸਹੁੰ ਖਾਂਦਾ ਹਾਂ ਤਦੋਂ ਮੈਨੂੰ ਗੁਰਾਂ ਦਾ (ਅਮੰਦਾ) ਚੰਗਾ ਦਾਸ ਜਾਣਿਆਂ ਜੇ।

ਐਸੇ ਕਹਿ ਬੰਦਾ ਲੈ ਬੁਲੰਦਾ[1] ਦਲ ਸਿੰਘਨ ਕਾ,
ਮਾਰ ਕੈ ਨਗਾਰਾ ਭਾਰਾ ਧਾਰਾਂ ਦਿਸ ਚਰ੍ਯੋ ਹੈ[1]।
ਈਸ ਕੋ ਮਨਾਇ ਕੈ ਗਿਰੀਸਨ ਪੈ[1] ਪੀਸ ਦਾਂਤ,
ਰੀਸ[1] ਬੀਸ ਬਿਸਵੇ ਕਪੀਸ ਰੂਪ ਕਰ੍ਯੋ ਹੈ[2]।

[1]ਵੱਡਾ।

[1]ਬਾਈ ਧਾਰਾਂ ਦੀ ਤਰਫ਼।

[1]ਪਹਾੜੀ ਰਾਜਿਆਂ ਤੇ।

[1]ਗ਼ੁੱਸੇ ਨਾਲ। [2](ਬੀਸ ਬਿਸਵੇ) ਯਕੀਨ ਕਰੋ ਕਿ (ਕਪੀਸ) ਹਨੂਮਾਨ ਦਾ ਹੀ ਰੂਪ ਧਾਰ ਲਿਆ ਹੈ।

ਡੇਰ ਬਿਨ ਡਗਰ ਸਗਰ ਲਖਿ ਜਾਇ ਜਬਿ[1],
ਜੇਜੋ ਨਾਮ ਨਗਰ ਕੇ ਬਗਰ[1] ਉਤਰ੍ਯੋ ਹੈ।
ਪਰੀ ਹਾਲ-ਚਾਲ ਤਿਸ ਦੇਸ ਮੈਂ ਬਿਸਾਲ,
ਸੁਨਿ ਬੰਦੇ ਕਾ ਹਵਾਲ ਸਾਲ ਨ੍ਰਿਪਨ ਕੋ ਪਰ੍ਯੋ ਹੈ[1]
॥੩੮॥

[1]ਜਦੋਂ ਸਾਰਾਰਸਤਾ ਲੰਘ ਗਿਆ।

[1]ਇਕ ਪਾਸੇ।

[1]ਰਾਜਿਆਂ ਨੂੰ ਦੁੱਖ ਹੋਇਆ।

ਪਾਧਰੀ ਛੰਦ:

ਤਬਿ ਬੰਦੇ ਨੈ ਲਿਖਿ ਪਠ੍ਯੋ ਐਸ।
ਕਹਿਲੂਰ ਪਤੀ ਢਿਗ ਤਹਾਂ ਬੈਸ।
ਮੁਝ ਕੋ ਗੁਰੁ-ਬੰਦਾ ਲੇਹੁ ਜਾਨ।
ਮੈਂ ਆਯੋ ਅਰਿਗਨ ਕਰਨ ਹਾਨ ॥੩੯॥
ਜਿਨ ਜਿਨ ਤਬਿ ਦਸਮੇਂ ਗੁਰੁ ਸੰਗ।

ਬਡ ਦਗਾ ਕਮਾਯੋ ਵੀਚ ਜੰਗ।
ਅਬਿ ਤਿਨ ਤੇ ਮੈਂ ਸਭਿ ਲੈਂਹੁ ਬੈਰ।
ਬਿਨ ਦੰਡ[1] ਦਏ ਨਹਿੰ ਕਰੋ ਖੈਰ[2] ॥੪੦॥ — [1]ਸਜ਼ਾ। [2]ਆਰਾਮ।
ਮੈਂ ਆਯੋ ਤੁਮਰੇ ਹਰਨ ਹੇਤ[1]। — [1]ਮਾਰਨ ਵਾਸਤੇ।
ਤੁਮ ਹੋਵਹੁ ਲਰਨੇ ਕੋ ਸੁਚੇਤ।
ਮੁਹਿ ਆਗਜਾ ਦੀਨੀ ਗੁਰੂ ਦਸਮ।
ਸਭਿ ਗਿਰ ਪਤੀਅਨ ਕੋ ਕਰੋਂ ਭਸਮ ॥੪੧॥
ਜੋ ਬਚਯੋ ਚਹਿਤ ਸੋ ਮਿਲੈ ਆਨਿ।
ਅਰ ਬਨੈ ਸਿੱਖ ਗੁਰੁ ਕਾ ਮਹਾਨ।
ਇਤਜਾਦਿਕ ਬਾਤੈਂ ਬਹੁ ਲਿਖਾਇ।
ਤਬਿ ਦਈ ਗਿਰੀਸਨ ਢਿਗ ਪਠਾਇ ॥੪੨॥
ਯਹਿ ਸੁਨਤ ਗਿਰੀਸਨ ਰੀਸ ਭਾਰ[1]। — [1]ਬਹੁਤਾ ਗ਼ੁੱਸਾ ਕਰਕੇ।
ਸਭਿ ਨੈ ਮਿਲਿ ਕਰਕੈ ਯੌਂ ਵਿਚਾਰ।
ਕਹਿ ਪਠਯੋ ਬੰਦੇ ਪਾਸ ਐਸ।
ਹਮ ਭੂਪ ਛੱਤ੍ਰੀ ਬੀਰ ਹੈਸੁ ॥੪੩॥
ਤੂੰ ਸੁਨਯੋ ਚੇਟਕੀ[1] ਸਾਧੁ ਖਾਸ। — [1]ਜਾਦੂਗਰ।
ਹ੍ਵੈ ਹਮਰੇ ਹੱਥੋਂ ਤੋਹਿ ਨਾਸ।
ਜਿਮ ਕਰੀ ਤੁਮਾਰੇ ਗੁਰੂ ਸੰਗ।
ਅਬਿ ਤੁਮ ਸੋਂ ਕਰਿ ਹੈਂ ਤਯੋਂ ਨਿਸੰਕ ॥੪੪॥
ਤੂੰ ਚੜ੍ਹ ਕਰਿ ਹਮ ਪਰ ਅਬੀ ਆਉ।
ਜੇ ਹੈ ਬਲ ਤੌਂ ਨਹਿੰ ਦੇਰ ਲਾਉ।
ਹਮ ਬਸ ਹੈਂ ਪਰਬਤ ਪਰ ਨਿਹਾਲ[1]। — [1]ਦੇਖ।
ਜਹਿੰ ਦੇਵ ਦੇਵੀਆਂ ਰਹਿੰ ਬਿਸਾਲ ॥੪੫॥
ਨਹਿੰ ਜੰਤਰ ਮੰਤਰ ਚਲੈ ਤੋਰ।
ਹਮ ਸੁਟੈਂ ਤੁਮਾਰਾ ਗਰਬ ਤੋਰ[1]। — [1]ਹੰਕਾਰ ਤੋੜ ਸੁੱਟਾਂਗੇ।
ਤੈਂ ਜੱਟ ਬੂਟ ਬਹੁ ਲਏ ਸੰਗ।
ਹੈ ਕੌਨ ਜੁ ਹਮ ਸੋਂ ਕਰੈ ਜੰਗ ॥੪੬॥
ਇੱਤਜਾਦਿਕ ਲਿਖਿ ਉਨ ਦਿਯ ਪਠਾਇ।
ਸੁਨਿ ਬੰਦਾ ਰਿਸ ਧਰਿ ਚਢਯੋ ਧਾਇ।
ਬਹੁ ਲੂਟ ਮਾਰ ਤਹਿੰ ਦਈ ਪਾਇ।

ਕਹਿਲੂਰ-ਪਤੀ ਮਨਿ ਖੌਫ[1] ਖਾਇ ॥੪੭॥ — [1]ਡਰ।
ਸਭਿ ਗਿਰਪਤੀਅਨ ਕੋ ਲਿਖ੍ਯੋ ਐਸ।
ਤੁਮ ਆਵਹੁ ਮਿਲ ਕਰਿ ਜੈਸ ਕੈਸ[1]। — [1]ਜਿਵੇਂ ਕਿਵੇਂ।
ਯਹਿ ਬੰਦਾ ਬੁਰੀ ਬਲਾਇ ਔਰ[1]। — [1]ਹੋਰ (ਹੀ ਤਰ੍ਹਾਂ ਦੀ)।
ਆਯੋ ਹੈ, ਇਸ ਕੋ ਕਿਸੀ ਤੌਰ[1] ॥੪੮॥ — [1]ਕਿਸੇ ਢੰਗ ਨਾਲ।
ਅਬਿ ਦਈਏ ਪਰਬਤ ਤੈ ਨਿਕਾਰ।
ਕਰਿ ਜੰਗ ਸੁਟੋ ਕੈ ਯਾਹਿ ਮਾਰ।
ਯਹਿ ਚੇਲਾ ਹੈ ਤਿਸ ਗੁਰੂ ਕੇਰ।
ਹਮ ਸੰਗ ਕਰੇ ਜਿਨ ਜੰਗ ਢੇਰ ॥੪੯॥
ਦਸ ਲਾਖ ਤੁਰਕ ਜਿਸ ਹਿਤ ਸਕੇਲ[1]। — [1]ਇਕੱਠਾ ਕਰਕੇ।
ਕੱਢ੍ਯੋ ਪੁਰਿ ਆਨੰਦ ਤੈ ਧਕੇਲ।
ਵਹਿ ਟਿੱਡਿ ਬੱਚ ਜਯੋਂ ਗਯੋ ਛੱਡ।
ਯਹਿ ਲਗੈ ਦੱਦ ਫਿਰ ਹਮੈਂ ਵੱਡ[1] ॥੫੦॥ — [1]ਦੱਦ ਦਾ ਵੱਡਾਰੋਗ ਲਗ ਜਾਵੇਗਾ।
ਅਬਿ ਹਮ ਤੁਮ ਮਿਲ ਕਰਿ ਸਭਿ ਵਿਚਾਰ।
ਬੰਦੇ ਕਾ ਕਰੀਏ ਭਲ ਸ਼ਿਕਾਰ।
ਜਯੋਂ ਤਯੋਂ ਕਰਿ ਇਸ ਕੋ ਲੇਹੁ ਪਕੜ।
ਦੈ ਦੁੱਖ ਤਕੜ ਅਬਿ ਇਸੈ ਜਕੜ[1] ॥੫੧॥ — [1]ਬੰਨ੍ਹ ਕੇ ਤਕੜਾ ਦੁੱਖ ਦਿਓ।
ਇਸ ਪਾਸ ਰਸਾਯਨ ਸੁਨਯੋਂ ਨੀਕ।
ਕੇਤਿਕ ਕਹਿਂ ਪਾਰਸ ਆਹਿ ਠੀਕ।
ਫੜ ਕਰਿ ਸੋ[1] ਲੱਈਏ ਜੈਸ ਕੈਸ। — [1]ਉਹ (ਪਾਰਸ)।
ਯਹਿ ਮਤਾ ਮਤਾਯੋ ਨ੍ਰਿਪਨ ਬੈਸ ॥੫੨॥
ਫਿਰ ਬੰਦੇ ਢਿਗ ਉਨ ਕੇ ਵਕੀਲ।
ਆਏ ਜੋ ਮਥ ਕਰਿ ਬਿਨਾਂ ਢੀਲ[1]। — [1]ਦੇਰੀ ਤੋਂ ਬਿਨਾਂ।
ਤਬਿ ਉਨ ਕੇ ਦਿਲ ਕੀ ਸਭੀ ਬਾਤ।
ਕਹਿ ਦੀਨੀ ਬੰਦੇ ਕਰਿ ਬਖ੍ਯਾਤ ॥੫੩॥
ਯਹਿ ਕਰਾਮਾਤ ਪਿਖਿ ਭੇ ਹਿਰਾਨ।
ਪੁਨ ਲਗੇ ਕਰਨ ਯਾ ਬਿਧਿ ਬਿਆਨ[1]। — [1]ਕਹਿਣ ਲੱਗੇ।
ਤੁਮ ਤੈ ਭੀ ਦਸ ਗੁਨ ਸ਼ਕਤਿ ਵਾਰ।
ਹੈਂ ਹਮਰੇ ਗਿਰ ਮੈਂ ਸਿੱਧ ਭਾਰ[1] ॥੫੪॥ — [1]ਸਾਡੇ ਪਹਾੜ ਵਿੱਚ ਵੱਡੇ (ਸਿੱਧ) ਕਰਾਮਾਤੀ ਹਨ।
ਨਹਿਂ ਤੁਮਰੀ ਈਹਾਂ ਚਲੈ ਪੇਸ਼।

ਤੁਮ ਜਾਇ ਚਿਤਾਵਹੁ[1] ਔਰ ਦੇਸ।
ਪੁਨ ਫੌਜ ਨਿਬਲ ਤੁਮ ਸੰਗ ਜਾਨ।
ਹਮਰੇ ਢਿਗ ਹੈਂ ਬਹੁ ਪਹਿਲਵਾਨ ॥੫੫॥

[1]ਮੰਗ ਕੇ ਖਾਓ।

ਸੁਨਿ ਬੰਦੇ ਯੌਂ ਫਿਰ ਕਹਯੋ ਗਾਇ[1]।
ਤੁਮ ਪਹਿਲਵਾਨ ਨਿਜ ਲਿਹੁ ਬੁਲਾਇ।
ਵਹਿ ਪਾਂਚ ਮਿਲੈਂ ਇਤ ਸਿੰਘ ਏਕ।
ਲਰ ਹੈਂ ਬਹੁ ਘੁਰ ਹੈਂ[1] ਧਾਰਿ ਟੇਕ[2] ॥੫੬॥

[1]ਬੋਲ ਕੇ ਕਿਹਾ।

[1]ਘੁਲਣਗੇ। [2](ਗੁਰੂ ਦੀ) ਓਟ ਧਾਰ ਕੇ।

ਜਬਿ ਸਿੰਘ ਹਮਾਰਾ ਜਾਇ ਹਾਰ।
ਤਬਿ ਹਮ ਤਜ ਜਾਵੈਂਗੇ ਪਹਾਰ।
ਜੇ ਤੁਮਰੇ ਹਾਰੈਂ ਪਹਿਲਵਾਨ।
ਤਬਿ ਬਨ ਜਈਓ ਤੁਮ ਸਿੱਖ ਆਨਿ ॥੫੭॥
ਯਹਿ ਲਿਖਤ ਭਈ ਤਬਿ ਦੁਹੂੰ ਓਰ।
ਬੁਲਵਾਏ ਉਨ ਬਹੁ ਬਲੀ ਘੋਰ[1]।
ਇਤ ਤੈ ਤਬਿ ਬਾਘੜ ਸਿੰਘ ਭਾਰ।
ਬੰਦੇ ਦੈ ਥਾਪੀ ਕਰਯੋ ਤਯਾਰ ॥੫੮॥

[1]ਬਹੁਤੇ ਡਰਾਉਣੇ ਬਲੀ ਸੂਰਮੇਂ।

ਸਿੰਘ ਖੜ੍ਹੋ ਅਖਾੜੇ ਮਾਂਹਿ ਚੱਲ।
ਉਤ ਤੈ ਵਡ ਨਿਕਸੇ ਪਾਂਚ ਮੱਲ।
ਸਿੰਘ ਦੀਸੈ ਤਿਨ ਕੋ ਸਿੰਘ ਸਮਾਨ[1]।
ਨਹਿਂ ਧੀਰਜ ਤਿਨ ਕਾ ਰਹਯੋ ਜਾਨ ॥੫੯॥

[1]ਸ਼ੇਰ ਵਾਂਗ।

ਉਨ ਪੰਜੇ ਪਾਏ ਆਇ ਫੇਰ।
ਸਿੰਘ ਹੱਥ ਮਰੋੜੇ ਸਭਿਨਿ ਕੇਰ।
ਜੋ ਜੋ ਕਿਛੁ ਤਿਨ ਮਿਲਿ ਕਰਯੋ ਦਾਉ।
ਸੋ ਸੋ ਸਿੰਘ ਕੀਨੋ ਭਲ ਬਚਾਉ ॥੬੦॥
ਵਹਿ ਦੀਨੇ ਪਾਚੋਂ ਧਰ ਲੁਠਾਇ[1]।
ਸਿੰਘ ਮੱਲ ਅਖਾੜਯੋਂ ਜੀਤ ਪਾਇ।
ਇਮ ਨਿਕਸਯੋ ਜੈਸੇ ਕ੍ਰਿਸ਼ਨ ਆਪ।
ਥਾ ਅਯੋ ਚੰਡੂਰੈ ਆਦਿ ਖਾਪ[1] ॥੬੧॥

[1]ਧਰਤੀ 'ਤੇ ਲਿਟਾ ਦਿੱਤੇ।

[1](ਕੰਸ ਦੇ ਮਸ਼ਹੂਰ ਪਹਿਲਵਾਨ) ਚੰਡੂਰ ਨੂੰ ਮਾਰ ਕੇ।

ਮਨ ਅਚਰਜ ਭਏ ਗਿਰੀਸ ਜੋਇ।
ਪੁਨ ਪਾਂਉ ਰੋਪਯੋ[1] ਸਿੰਘ ਖਰੋਇ।
ਅਰ ਤਰਜ[1] ਗਰਜ ਕੈ ਕਹਯੋ ਤਾਂਹਿ।

[1]ਪੈਰ ਜਮਾ ਕੇ।

[1]ਤਾੜ ਕੇ।

ਮਿਲਿ ਚੁੱਕੋ ਤੁਮ ਅਬਿ ਸਭੈ ਚਾਹਿ[1] ॥੬੨॥
[1]ਉਤਸ਼ਾਹ ਨਾਲ।
ਵਹਿ ਲਗੇ ਆਇ ਬਲਰਹੇ ਲਾਇ।
ਨਹਿਂ ਗਯੋ ਚੁੱਕਯੋ ਗੇ ਲਜਾਇ[1]।
[1]ਸ਼ਰਮਿੰਦੇ ਹੋ ਗਏ।
ਸਿੰਘ ਅੰਗਦ, ਕੋਹੀ ਜਾਤ ਧਾਨ[1]।
[1](ਬਾਘੜ) ਸਿੰਘ ਅੰਗਦ (ਬਾਲੀ ਦੇ ਪੁੱਤਰ) ਵਾਂਗ (ਬਲੀ) ਹੈ ਤੇ (ਕੋਹੀ) ਪਹਾੜੀਏ ਪਹਿਲਵਾਨ (ਧਾਨ) ਚੌਲਾਂ (ਦੇ ਬੂਟਿਆਂ) ਵਾਂਗ (ਜਾਤ) ਜਾਣੇ (ਕਮਜ਼ੋਰ ਹਨ)।
ਬੰਦਾ ਸਮਰਾਮ ਸਹਾਇ ਮਾਨ[1] ॥੬੩॥
[1]ਸਹਾਇਕ ਜਾਣੋ।
ਵਹਿ ਭੇ ਸ਼ਰਮਿੰਦੇ ਯੌਂ ਸੁਨਾਇਂ।
ਤੁਮ ਜਾਦੂ ਕਿਯ ਕਿਛੁ ਏਸ ਥਾਇਂ।
ਹਮ ਫੇਰ ਲੜਾਵੈਂ ਔਰ ਠੌਰ।
ਕਰਿ ਸਭਿ ਬਿਧਿ ਨੀਕੇ ਤੌਰ ਗੌਰ[1] ॥੬੪॥
[1]ਚੰਗੇ ਢੰਗ ਤੇ ਖ਼ਿਆਲ ਨਾਲ।
ਸੁਨਿ ਬੰਦੇ ਭਾਖਯੋ ਯੌਂ ਉਚਾਰ।
ਤੁਮ ਧਰਮ ਆਪਨਾ ਦਯੋ ਹਾਰ।
ਤੁਮ ਸਾਚ ਕੀਨ ਹੈ ਏਹੁ ਬਚਨ।
ਧਰ ਬਿੰਗੀ ਕਹਿ, ਨਹਿਂ ਆਇ ਨਚਨ[1] ॥੬੫॥
[1]ਨਚਣਾ ਆਉਂਦਾ ਨਹੀਂ ਤੇ ਕਹਿੰਦੀ ਹੈ ਧਰਤੀ ਵਿੰਗੀ ਹੈ।
ਕਹਿਨਾਵਤ ਕੀਨੀ ਸਉ ਤਊ[1]।
[1]ਤੁਸਾਂ ਤਾਂ ਉਹ ਕਹਾਵਤ (ਸੱਚੀ) ਕੀਤੀ ਹੈ।
ਝੂਠੇ ਕੀ ਦਾਰੂ ਅਊ ਅਊ[1]।
[1]ਝੂਠੇ ਦੀ ਦਵਾਈ (ਅਊ ਅਊ) ਐਵੇਂ ਊਲ-ਜਲੂਲ (ਬਕਵਾਸ) ਹੀ ਹੈ।
ਹਮ ਝੂਠੇ ਕੇ ਨਹਿਂ ਪਰੈਂ ਗੈਲ[1]।
[1]ਰਸਤੇ। (ਅ) ਪਿੱਛੇ।
ਇਕ ਕਰੋ ਬਾਤ ਤੁਮ ਔਰ ਛੈਲ[1] ॥੬੬॥
[1]ਚੰਗੀ।
ਹਮ ਧੁਜਾ[1] ਏਕ ਨਿਜ ਦਿਹਂ ਗਡਾਇ।
[1]ਝੰਡਾ।
ਤੁਮ ਪੁੱਟਯੋ ਮਿਲਿ ਸਭਿ ਜੋਰ ਲਾਇ।
ਉਨ ਮਾਨਯੋ ਬੰਦੇ ਵਹੀ ਕੀਨ।
ਪੁਨ ਝੰਡਾ ਇਕ ਗਡਵਾਇ ਦੀਨ ॥੬੭॥
ਊਪਰ ਬੈਠਾਏ ਬੀਰ ਚਾਰ।
ਦੈ ਕਰਿ ਸਭਿ ਧਰਨੀ ਕੇਰ[1] ਭਾਰ।
[1]ਧਰਤੀ ਦਾ।
ਤਬਿ ਘਨੇ ਪਰਬਤੀ ਲਗੇ ਧਾਇ।
ਧੁਜ ਪੁੱਟਨ ਹਿਤ ਬਹੁ ਜੋਰ ਲਾਇਂ ॥੬੮॥
ਨਹਿਂ ਪੁੱਟ ਸਕੇ ਨਹਿਂ ਸਕੇ ਤੋਰ[1]।
[1]ਤੋੜ।
ਨਹਿ ਤੇਗਨ ਸੋਂ ਕਟ ਸਕੇ ਡੋਰ[1]।
[1]ਰਸੀ।
ਹ੍ਵੈ ਦੂਤ ਸ਼੍ਰਮਿੰਦੇ ਗਏ ਧਾਇ।

ਨਿਜ ਨ੍ਰਿਪਨ ਢਿਗ ਸਭਿ ਕਹ੍ਯੋ ਜਾਇ ॥੬੯॥
ਨ੍ਰਿਪ ਹੋਏ ਅਚਰਜ ਸੁਨਿ ਹਵਾਲ।
ਨਿਜ ਕਰ ਸੋਂ ਠੋਕਤ ਭਏ ਭਾਲ[1]।
ਸਭਿ ਲਗੇ ਬਿਸੂਰਨ[1] ਭੂਪ ਭੂਰ।
ਯਹਿ ਹਮ ਕੋ ਛੋਡੈ ਨਹਿਂ ਜਰੂਰ ॥੭੦॥
ਹੈ ਵਡੋ ਅਜ਼ਮਤੀ ਏਹ ਬੀਰ।
ਪੁਨ ਸਿੰਘ ਸੰਗ ਵਡ ਬੀਰ ਧੀਰ।
ਫਿਰ ਬੰਦੇ ਯੌਂ ਕਹਿ ਪਠ੍ਯੋ ਖਾਸ।
ਕਹਿਲੂਰ ਪਤੀ ਕੇ ਦੂਤ ਪਾਸ ॥੭੧॥
ਤੁਮ ਮਿਲਿ ਸਭਿ ਰਾਜੇ ਬਾਂਧ ਟੇਕ[1]।
ਆਕੀ ਕਰ ਲੇਵੋ ਦੁਰਗ[1] ਏਕ।
ਹਮ ਪਾਂਚ ਸਿੰਘਨ ਤੈਂ ਦਿਹਂ ਤੁੜਾਇ।
ਯਹਿ ਪੇਖਿ ਬਨ੍ਯੋ ਤੁਮ ਸਿੱਖ ਆਇ ॥੭੨॥
ਜੌ ਸਿੰਘ ਸਕੈਂ ਨਹਿਂ ਦੁਰਗ ਤੋਰ।
ਫਿਰ ਹਮ ਪਰਬਤ ਤੁਵ ਜਾਹਿਂ ਛੋਰ।
ਯੇਹ ਸੁਨ ਕਰਿ ਨ੍ਰਿਪਨ ਲਯੋ ਮਾਨ।
ਇਕ ਦੁਰਗ ਕਰ੍ਯੋ ਆਕੀ ਮਹਾਨ ॥੭੩॥
ਤਿਸ ਮੈਂ ਜੋ ਜਾਤੈਂ ਧਸੀ ਆਇ।
ਕਿਛੁ ਨਾਮ ਤਿਨ੍ਹੋਂ ਕੇ ਦਿਹੁਂ ਸੁਨਾਇ ॥੭੪॥

ਦੋਹਰਾ:
ਡਰੋਲ, ਮਝੇਰੂ, ਨਾਗਰੂ,
ਨਡ, ਸੁਹਾਲ, ਝਡਵਾਲ।
ਛੰਨ, ਕਨੇਤ, ਚਿਲਾਹਲੇ,
ਬਲੜ, ਪੰਮੇਂ, ਡਢਵਾਲ ॥੭੫॥
ਇਤਜਾਦਕ ਬਹੁ ਜਾਤਿ ਜਨ,
ਚੀਏਂ ਮੀਏਂ[1] ਔਰ।
ਦੁਰਗ ਮੱਧ ਆਕੀ ਭਏ,
ਕਰਿ ਸਭਿ ਜੰਗੀ ਤੌਰ[1] ॥੭੬॥
ਅਧਿਕ ਸੂਰਮੇ ਚੁਨ ਪੁਨਾ,

[1]ਆਪਣੇ ਹੱਥਾਂ ਨਾਲ ਮੱਥਾ ਠੋਕਦੇ ਹਨ ਭਾਵ ਡੂੰਘੀਆਂ ਸੋਚਾਂ ਸੋਚਦੇ ਹਨ।

[1]ਝੂਰਨ ਲੱਗੇ।

[1]ਓਟ ਬੰਨ੍ਹ ਕੇ।

[1]ਕਿਲ੍ਹਾ।

[1]ਇਹ ਵੀ ਪਹਾੜੀ ਜ਼ਾਤਾਂ ਦੇ ਨਾਮ ਹਨ।

[1]ਢੰਗ, ਤ੍ਰੀਕਾ।

ਦਰ ਪਰ ਠਾਢੇ ਕੀਨ।
ਦਾਰੂ ਸਿੱਕਾ ਦੈ ਕਹਯੋ,
ਕਰਯੋ ਸਿੰਘਨ ਕੋ ਛੀਨ[1] ॥੭੭॥ — [1]ਨਾਸ।
ਫੀਲ[1] ਮਸਤ ਮੰਗਵਾਇ ਜੁਗ[2], — [1]ਹਾਥੀ। [2]ਦੋ।
ਮਦਰਾ[1] ਬਹੁ ਪਿਲਵਾਇ। — [1]ਸ਼ਰਾਬ।
ਤਵੇ ਬਾਂਧ ਸਿਰ ਸੌਂ ਦਏ,
ਸੈਫ[1] ਸੁੰਡਿ ਪਕਰਾਇ ॥੭੮॥ — [1]ਸਿੱਧੀਆਂ ਤਲਵਾਰਾਂ।
ਬੈਠੇ ਔਰ ਮੁਕਾਮ ਪਰ,
ਸਭਿ ਗਿਰੇਸ ਮਿਲਿ ਜਾਇ।
ਕੌਤਿਕ ਦੇਖਨ ਹੇਤ ਵਡ,
ਰਹੇ ਚਿੱਤ ਲਲਚਾਇ ॥੭੯॥
ਬੰਦੇ ਢਿਗ ਤਬਿ ਕਹਿ ਪਠਯੋ,
ਤੁਮ ਭੇਜਹੁ ਨਿਜ ਸਿੰਘ।
ਹਮ ਨਿਜ ਗਢ[1] ਆਕੀ ਕਰਯੋ, — [1]ਕਿਲ੍ਹਾ।
ਆਵੋ ਬੇਸ਼ਕ ਤਿੰਗ[1] ॥੮੦॥ — [1]ਜ਼ੋਰ ਲਾ ਕੇ।

ਰਸਾਵਲ ਛੰਦ:

ਸੁਨਿ ਬੰਦੇ ਬਿਨ ਦੇਰ,
ਸਿੰਘ ਤਬਿ ਪਾਂਚ ਬੁਲਾਏ।
ਬਾਘੜ ਸਿੰਘ, ਰਣਜੀਤ ਸਿੰਘ,
ਕੇਹਰ ਸਿੰਘ ਭਾਏ।
ਬੱਜਰ ਸਿੰਘ, ਰਣਜੋਰ ਸਿੰਘ,
ਯਹਿ ਪਾਂਚ ਬੀਰ ਬਰ।
ਕਰਿ ਸਨੱਧ ਬੱਧ ਪਠੇ[1], — [1]ਸ਼ਸਤ੍ਰ ਬਸਤ੍ਰ ਸਜਾਕੇ ਭੇਜੇ।
ਦਏ ਪੁਨ ਔਰ ਅਧਿਕ ਬਰ ॥੮੧॥
ਪਾਂਚ ਬੀਰ ਵਡ ਧੀਰ,
ਕਰੇ ਪਾਂਚੋਂ ਕੇ ਸੰਗੈਂ।
ਪਾਂਚੋਂ ਕੋ ਪੁਨ ਕਾਮ
ਬਤਾਏ ਐਸੇ ਚੰਗੈਂ।
ਬਾਘੜ ਸਿੰਘ ਕੋ ਕਹਯੋ,
ਸੈਨ ਮਗ ਕੀ[1] ਤੁਮ ਮਾਰੋ। — [1]ਰਸਤੇ ਦੀ ਫੌਜ।

ਕੇਹਰ ਸਿੰਘ ਕੋ, ਦੁਰਦ ਹਰਨ
ਹਿਤ ਠੀਕ ਬੰਗਾਰੋ[1] ॥੮੨॥ — [1]ਹਾਥੀ ਨੂੰ ਮਾਰਨ ਵਾਸਤੇ (ਉਸ ਨੂੰ) ਚੰਗੀ ਤਰ੍ਹਾਂ ਵੰਗਾਰੋ।
ਰਣਜੀਤ ਸਿੰਘ ਰਣਜੋਰ ਸਿੰਘ ਕੋ,
ਐਸ ਸੁਨਾਯੋ।
ਦੁਰਗ ਨਿਕਟ ਤੁਮ ਜਾਇ,
ਬਾਣ ਜੁਗ ਸੰਧਿ[1] ਚਲਾਯੋ। — [1]ਦੋ ਤੀਰ ਜੋੜ ਕੇ।
ਬੱਜਰ ਸਿੰਘ ਕੋ, ਹਰਨ
ਦੁਰਗ ਕੇ ਫਾਟਕ ਗਾਏ[1]। — [1]ਕਿਲ੍ਹੇ ਦੇ ਤਖ਼ਤੇ ਤੋੜਨ ਨੂੰ ਕਿਹਾ।
ਮਾਰਿ ਤੀਰ ਤੁਮ, ਦਯੋ
ਉਭੈ ਕੱਪਾਟ[1] ਗਿਰਾਏ ॥੮੩॥ — [1]ਦੋਵੇਂ ਤਖ਼ਤੇ।
ਯੌਂ ਆਗਜਾ ਕਰਿ ਪਾਂਚ ਸਿੰਘ,
ਬੰਦੇ ਪਠ ਦੀਨੇ।
ਗਏ ਦੁਰਗ ਕੇ ਨਿਕਟ,
ਬੀਰ ਰਸ ਬੀਰਹਿ ਭੀਨੇ[1]। — [1]ਬੀਰ-ਰਸ 'ਚ ਭਿੱਜੇ ਸੂਰਮੇਂ।
ਸਿੰਘ ਸਭੀ ਕਰਿ ਤਜਾਰ ਰਖੇ,
ਬੰਦੇ ਤਿਨ ਪਾਛੇ।
ਬਾਘੜ ਸਿੰਘ ਨੈ ਅਨੀ ਹਨੀ
ਮਗ ਕੀ[1] ਜਾ ਆਛੈ ॥੮੪॥ — [1]ਰਸਤੇ ਦੀ ਫ਼ੌਜ ਮਾਰ ਦਿੱਤੀ।
ਕੇਹਰ ਸਿੰਘ ਨੈ ਮਾਰਿ ਦੁਰਦ
ਬਿਨ ਦੇਰ ਖਪਾਏ।
ਬੱਜਰ ਹਰਿ ਨੈ, ਦਿਢ ਕਪਾਟ
ਉਖਾਰਿ ਗਿਰਾਏ।
ਰਣਜੀਤ ਸਿੰਘ ਰਣਜੋਰ ਸਿੰਘ
ਜੁਗ ਬਾਣ ਤਜੇ ਜਬਿ।
ਘੋਰ ਧੁਨੀ[1] ਕਰਿ ਗਿਰੀ — [1]ਭਿਆਨਕ ਆਵਾਜ਼ ਕਰਕੇ।
ਦੁਰਗ ਕੀ ਭੀਤ[1] ਏਕ ਤਬਿ ॥੮੫॥ — [1]ਕਿਲ੍ਹੇ ਦੀ ਕੰਧ।
ਚਲੇ ਪਰਬਤੀ ਭਾਗ,
ਤ੍ਰਾਸ ਧਰਿ ਚਾਰ ਦਿਸਾਨੇ[1]। — [1]ਚਹੁੰ ਤਰਫ਼ਾਂ ਨੂੰ।
ਇਤਨੇ ਹੀ ਮੈਂ ਗਏ ਪਹੁੰਚ
ਸਭਿ ਸਿੰਘ ਮਹਾਨੇ।

ਤੁਪਕ ਤੀਰ ਤਰਵਾਰ
ਸਿੰਘਨ ਕੀ ਛੁਟੀ ਅਪਾਰੇ।
ਦੌਰਿ ਦੌਰਿ ਬਲ ਲਾਇ,
ਪਰਬਤੀ ਘੇਰਿ ਪਛਾਰੇ[1] ॥ ੯੬ ॥
ਜਯੋਂ ਕਦਲੀ ਬਨ ਤਈ[1] ਬਢਤ
ਬਾਢੀ[1] ਬਿਨ ਦੇਰੇ।
ਡੇਢ ਹਜ਼ਾਰਕ ਮਾਰਿ ਪਰਬਤੀ,
ਸਿੰਘਨ ਨਿਬੇਰੇ।
ਭਏ ਹਿਰਾਨ ਮਹਾਨ,
ਭੂਪ ਪਿਖਿ ਕੌਤਿਕ ਭਾਰੀ।
ਪਿਖਿ ਲਾਘਵਤਾ[1] ਸਿੰਘਨ ਕੇਰ,
ਮੁਖ ਅੰਗੁਰੀ ਧਾਰੀ ॥ ੯੭ ॥
ਅਜ਼ਮਤ ਯਹਿ ਅਜ਼ਮਾਇ,
ਬਿਦਿਤ[1] ਬੰਦੇ ਕੀ ਲੀਨੀ।
ਬਿਨਾ ਦੇਰ ਫਿਰ ਨ੍ਰਿਪ ਮਿਲੇ,
ਦੈ ਨਜ਼ਰੈਂ ਪੀਨੀ[1]।
ਬੰਦੇ ਨੈ ਤਬਿ ਲੂਟ ਕਤਲ,
ਸਭਿ ਬੰਦ ਕਰਾਈ।
ਪਤਿਸ਼ਾਹੀ ਸਭਿ ਕਾਰ[1],
ਨ੍ਰਿਪਨ ਸਿਰ ਨਿਜ ਮਨਵਾਈ ॥ ੯੮ ॥
ਟਕਾ ਲਯੋ ਬਹੁ ਦੰਡ,
ਤਜੇ ਰੱਯਤ ਕਰਿ ਨਿਜ ਹੈਂ।
ਬਾਈ ਧਾਰ ਪਹਾਰ,
ਬਾਤ ਸੁਨਿ ਕਾਂਪਯੋ ਕਿਜ[1] ਹੈਂ।
ਪਰਬਤੀਓਂ ਕਾ ਪਾਤਿਸ਼ਾਹ,
ਬੰਦਾ ਕਹਲਾਯੋ।
ਯੌਂ ਬੰਦੇ ਬਸ ਕਰਯੋ,
ਮੁਲਕ ਪਰਬਤ ਲੌ ਭਾਯੋ[1] ॥ ੯੯ ॥
ਸੰਮਤ ਸੱਤ੍ਰਾਂ ਸੈ ਛਯਾਹਟਾ,
ਥਾ ਤਬਿ ਸਾਏ[1]।

[1]ਮਾਰ ਦਿੱਤੇ।
[1]ਕੇਲਿਆਂ ਦੇ ਬਾਗ਼ ਨੂੰ।
[1]ਤਰਖਾਣ।
[1]ਫੁਰਤੀ।
[1]ਪ੍ਰਤੱਖ।
[1]ਬਹੁਤੀਆਂ।
[1]ਪਾਤਸ਼ਾਹੀ ਮਾਮਲਾ।
[1]ਕੁਝ ਕੰਬ ਗਏ।
[1]ਮਨ ਭਾਉਂਦਾ।
[1]ਉਸ ਸਮੇਂ ੧੭੬੬ ਬਿ. ਸੰਮਤ ਸੀ।

ਇਤੀ ਭਯੋ ਅਧਜਾਇ,
ਗਾਥ ਬੰਦੇ ਕੀ ਗਾਏ ॥੯੦॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਯਾਨ ਸਿੰਘ ਵਿਰਚਿਤੇ 'ਪਰਬਤਿ-ਜੀਤਨ' ਪ੍ਰਸੰਗ ਬਰਨਨੰ ਨਾਮ ਨਵਮੋਂ ਬਿਸ੍ਰਾਮ ॥੯॥

੧੦. {ਬੰਦੇ ਨੂੰ ਹੰਕਾਰ, ਪਹਾੜਾਂ ਵਿੱਚ ਵੱਸਣਾ, ਸ਼ਾਦੀਆਂ ਕਰਵਾਉਣੀਆਂ}

ਦੋਹਰਾ:

ਦੁੰਦ ਨਿਕੰਦ ਬ੍ਰਿੰਦ ਭਵ,
ਭਵ ਬੰਧਨ ਮਿਟ ਜਾਇ[1]।

[1]ਹੇ ਮਨ! ਜੇ ਤੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਕੰਵਲਾਂ ਦਾ ਧਿਆਨ ਕਰੇਂਗਾ ਤਾਂ ਤੇਰੇ ਸੰਸਾਰ ਦੇ ਸਾਰੇ ਦੁੱਖ ਕੱਟੇ ਜਾਣਗੇ ਤੇ ਜੰਮਣ ਮਰਨ ਦੇ ਬੰਧਨ ਮਿਟ ਜਾਣਗੇ।

ਹਰਿ ਗੁਬਿੰਦ ਗੁਰ ਕੇ ਮਨਾ,
ਪਦ ਅਰਬਿੰਦ ਧਿਯਾਇ[1] ॥ ੧ ॥

[1]ਹੇ ਮਨ! ਜੇ ਤੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਕੰਵਲਾਂ ਦਾ ਧਿਆਨ ਕਰੇਂਗਾ ਤਾਂ ਤੇਰੇ ਸੰਸਾਰ ਦੇ ਸਾਰੇ ਦੁੱਖ ਕੱਟੇ ਜਾਣਗੇ ਤੇ ਜੰਮਣ ਮਰਨ ਦੇ ਬੰਧਨ ਮਿਟ ਜਾਣਗੇ।

ਚੌਪਈ:

ਬੰਦਾ ਮੰਡੀ ਬਜਾਹਿ ਕਰਾਵੈ।
ਕੈਦ ਕੁੱਲੂ ਮੈਂ ਜੈਸੇ ਥਾਵੈ[1]।
[1]ਹੋਵੇਗਾ।
ਫੌਜ ਚਢੈ ਦਿੱਲੀ ਤੈ ਇਤੈ[1]।
[1]ਏਧਰ ਨੂੰ।
ਸਿੰਘ ਨ ਟਿਕਨੇ ਪੈਹੈਂ ਕਿਤੈ ॥ ੨ ॥
ਆਇ ਤ੍ਰੁਕੈਂ ਫਿਰ ਬੰਦਾ ਹਰੈ[1]।
[1]ਮਾਰੇਗਾ।
ਕਾਯਮ ਫੇਰ ਪੰਥ ਕੋ ਕਰੈ।
ਚੰਬੇ ਮੈਂ ਅਜ਼ਮਤ ਦਿਖਰੈ ਹੈ।
ਬਜਾਹਿ ਦੁਤੀ ਕਰਿ ਸੁਤੈਂ ਉਪੈ[1] ਹੈ।
[1]ਲੜਕੇ ਪੈਦਾ ਕਰੇਗਾ।
ਪੂਤ ਜੁਝਾਰ ਸਿੰਘ ਬਿਦਿਤੈ ਹੈ[1]।
[1]ਪੈਦਾ ਹੋਵੇਗਾ।
ਏਤਿਕ ਕਥਾ ਧਜਾਇ ਇਹੁ ਕੈਹੈ ॥ ੩ ॥

ਦੋਹਰਾ:

ਮਦ[1] ਬੰਦੇ ਕੋ ਭਯੋ ਜਯੋਂ,
[1]ਹੰਕਾਰ।
ਲਯੋ ਬਜਾਹ ਕਰਵਾਇ।
ਨੀਹਲ[1] ਮੈਂ ਜਯੋਂ ਕੁੱਲੂ ਤੈ,
[1]ਦਾਮਨੇ ਕੋਹ, ਪਹਾੜ ਦੀਆਂ ਜੜ੍ਹਾਂ ਪਾਸ ਦਾ ਦੇਸ।
ਆਇ ਲੜਯੋ ਸੁਨਿ ਧਾਇ ॥ ੪ ॥
ਪੁਨ ਚੰਬੈ ਮੈਂ ਜਾਇ ਕਰਿ,
ਸ਼ਾਦੀ ਕੀਨੀ ਜੈਸ।
ਇਸ ਅਧਜਾਇ ਮੈਂ ਕਥਾ ਯਹਿ,
ਸੁਨੋ ਕਹੋਂ ਅਬਿ ਐਸ।

ਲਲਿਤ ਪਦ ਛੰਦ:

ਜਬਿ ਬੰਦੇ ਸਭਿ ਜਿਤੇ ਪਹਾੜੀ,
ਭਯੋ ਗਰਬ[1] ਤਬਿ ਆਏ। [1]ਹੰਕਾਰ।
ਗੱਦੀ ਲਾਯ ਸਭਾ ਮੈਂ ਬੈਠੇ,
ਊਪਰ ਚਵਰ ਕਰਾਏ।
ਲਗਯੋ ਕਹਾਵਨ ਗੁਰੂ ਗਯਾਰਵਾਂ,
ਕਲਗੀ ਜਿਗਾ ਸਜਾਏ।
ਨਾਮ ਅਜੀਤ ਸਿੰਘ, ਮੈਂ ਗੁਰੁ ਕਾ
ਪੁੱਤ੍ਰ ਹੋਂ[1], ਬਤਲਾਏ ॥੬॥ [1]ਹਾਂ।
ਲੜਿ ਚਮਕੌਰ ਸ਼ਹੀਦ ਜੁ ਹੋਯੋ,
ਕੂਰ[1] ਲੋਗ ਇਹੁ ਕੈਹੈਂ। [1]ਝੂਠ।
ਗੁਰੂ ਗੁਬਿੰਦ ਸਿੰਘ ਕੀ ਨਜਾਈਂ,
ਲੋਪ ਭਯੋ ਥਾ ਮੈਂਹੈਂ[1]। [1]ਮੈਂ।
ਤੁਰਕ ਤੇਜ ਤੈ ਰਾਖਯੋ ਪੜਦਾ,
ਮਾਧੋ ਦਾਸ ਕਹਾਯੋ।
ਦੱਖਣ ਵੀਚ ਜਾਇ ਮੈਂ ਠਹਰਯੋ,
ਭੇਤ ਜਬੈ ਗੁਰੁ ਪਾਯੋ ॥੭॥
ਤਟ[1] ਗੁਦਾਵਰੀ ਮਿਲੇ ਮੁਝੈ ਜਾ, [1]ਕਿਨਾਰੇ।
ਦੈ ਬਰ ਹੁਕਮ ਪਠਾਯੋ।
ਤੁਰਕੈਂ ਬੀਰ[1] ਕਤਲ ਮਮ ਕੀਨੋ, [1]ਭਰਾ।
ਪਲਟਾ ਸੋਊ ਲਹਾਯੋ[1]। [1]ਉਹ ਬਦਲਾ ਲਿਆ ਹੈ।
ਏਸ ਭੇਦ ਕੋ ਗੁਰੁ ਅਰ ਮੁਝ ਬਿਨ,
ਔਰ ਨ ਕੋਊ ਜਾਨੈ।
ਮੋਖ ਭੋਗ ਸੋਊ ਸਿਖ ਲੈਹੈ,
ਜੋ ਮੁਹਿ ਗੁਰੁ ਸੁਤ ਮਾਨੈ ॥੮॥
ਕਬੀ ਕਹੈ ਮੈਂ ਨਾਯਕ[1] ਪੰਥਹਿ, [1]ਮਾਲਕ।
ਗੁਰੁ ਸਿਰਮੌਰ[1] ਬਨਾਯੋ। [1]ਸ਼੍ਰੋਮਣੀ।
ਕਬੀ ਕਹੇ ਅਵਤਾਰ ਈਸ਼ ਮੈਂ,
ਨਿਹਕਲੰਕ ਅਬਿ ਆਯੋ।
ਕਬੀ ਕਹੈ ਮੈਂ ਸਿੱਧ ਲੁਣੀਆਂ,
ਕਬੀ ਮਛੰਦਰ ਕੈਹੈ।

ਕਬ ਹੀ ਪਰਸਰਾਮ ਰਘੁਬਰ[1] ਕਹਿ,
ਨਰਸਿੰਘ ਕ੍ਰਿਸ਼ਨ ਸਦੈ ਹੈ ॥ ੯ ॥
ਕਬੀ ਕਹੈ ਮੁਹਿ ਗੁਰੁ ਆਪ ਸਮ,
ਗੁਰੁ ਹੀ ਕਰਿ ਕੈ ਪਠਯੋ।
ਕਬੀ ਪਿਗੰਬਰ ਮਹਿੰਦੀ ਬਨ ਹੈ,
ਐਸ ਬੋਲਨਾ ਠਟਯੋ[1]।
ਕਹੈ ਜੁ ਦੀਨ ਨ ਮੰਨੈ ਹਮਰਾ,
ਹੁਕਮ ਅਦੂਲੀ ਕੈਹੈ[1]।
ਈਹਾਂ ਸਜਾ ਪਾਇ ਸੋ ਭਾਰੀ,
ਆਗੇ ਦੋਜ਼ਕ ਪੈਹੈ ॥ ੧੦ ॥
ਐਸੀ ਐਸੀ ਬਾਤੈਂ ਸੁਨ ਕੈ,
ਅਰ ਅਜ਼ਮਤੈਂ ਪਿਖੈ ਕੈ[1]।
ਚੇਲੇ ਬਨੈਂ ਹਜਾਰਾਂ ਤਿਸ ਕੇ,
ਲੋਗ ਘਰੋਂ ਤੈ ਐ ਕੈ।
ਪਾਹੁਲ ਕਰਦ ਚਰਨ ਕੀ ਦੇਵੈ,
ਦਾੜੀ ਕੇਸ ਰਖਾਵੈ।
ਸਿੰਘ ਨਾਮ ਲੰਗਰ ਏਕੱਠਾ,
ਗੁਰਬਾਣੀ ਉਚਰਾਵੈ ॥ ੧੧ ॥
ਤੱਗ[1] ਤਿਲਕ ਸੂਹਾ ਰੰਗ ਰੱਖਣ
ਤੈ, ਨਹਿਂ ਕਿਸੈ ਹਟਾਵੈ।
ਮਦਰਾ[1] ਮੁਸਲੀ[2] ਮਾਸ ਤਮਾਕੂ,
ਇਨੈ ਛੁਹਿਣ ਨਹਿਂ ਦਜਾਵੈ।
ਪੰਥ ਖਾਲਸਾ ਰਹਜੋ ਮਨੋ ਧਰਿ,
ਮਨ ਮੈਂ ਸਭਿ ਰਿਸ ਧਾਰੈਂ।
ਜਾਨਜੋ ਇਸ ਕੋ ਭਯੋ ਮਹਾਂ ਮਦ,
ਆਪਹਿ ਗੁਰੂ ਨਿਵਾਰੈਂ ॥ ੧੨ ॥
ਜੋ ਹਮ ਬਿਗਰੈਂ ਇਸ ਸੋਂ ਅਬਿ,
ਤਬਿ ਬਿਗਰੈ ਕਾਜ ਹਮਾਰਾ।
ਪੁਨ ਸਤਿਗੁਰੁ ਨੈਂ ਹਮ ਕੋ ਇਸ ਕੇ,
ਕੀਨੋ ਤਾਬੇਦਾਰਾ।

[1]ਰਾਮ ਚੰਦਰ।

[1]ਬੋਲਦਾ ਹੈ।

[1]ਹੁਕਮ ਦੀ ਵਿਰੋਧਤਾ ਕਰੇਗਾ।

[1]ਦੇਖ ਕੇ।

[1]ਜਨੇਊ।

[1]ਸ਼ਰਾਬ। [2]ਤੁਰਕਣੀ।

ਹਮ ਨਹਿਂ ਬਚਨ ਉਲੰਘੈਂ ਗੁਰ ਕਾ,
ਯਹਿ ਜਬਿ ਹੀ ਸਭਿ ਤਜਾਗੈ।
ਆਪੇ ਏਹੁ ਦੁਖੀ ਹ੍ਵੈ ਮਰ ਹੈ,
ਦੋਸ਼ ਨ ਹਮ ਕੋ ਲਾਗੈ ॥ ੧੩ ॥
ਅਰ ਯਹਿ ਅਚਰਜ ਨਯੋ ਭਯੋ ਨਹਿਂ,
ਜੋ ਇਸ ਕੋ ਮਦ ਹੋਯੋ।
ਪ੍ਰਭਤਾ[1] ਪਾਇ ਜਗਤ ਮੈ ਕਿਸ ਕੋ, [1]ਵਡਿਆਈ।
ਨਹਿਂ ਮਦ ਮਾਰਿ ਬਿਗੋਯੋ[1]। [1]ਨਹੀਂ ਖ਼ਰਾਬ ਕੀਤਾ।
ਯੌਂ ਵਿਚਾਰ ਕਰਿ ਰਹੇ ਸਿੰਘ ਚੁਪ,
ਔਰ ਸੁਨੋ ਅਬਿ ਸਾਖੀ।
ਮੰਡੀ ਵਾਲੇ ਨ੍ਰਿਪ ਢਿਗ ਬੰਦੇ,
ਯੌਂ ਪਠਿਯੋ ਤਬਿ ਆਖੀ[1] ॥ ੧੪ ॥ [1]ਆਖ ਕੇ।
ਤੀਸਰ ਦਿਨ ਕੋ ਆਗ ਅਚਾਨਕ,
ਤੁਮਰੇ ਘਰ ਮੈਂ ਲਾਗੈ।
ਤਿਸ ਰੱਖਯਾ ਹਿਤ ਕੁਛ ਉਪਾਉ ਤੁਮ,
ਅਬਿ ਕਰਿ ਰਾਖਹੁ ਆਗੈ।
ਸੁਨ ਕਰਿ ਨਿਰਪ ਨ ਦਿਲ ਕਛੁ ਧਾਰੀ,
ਪੁਨ ਜਬਿ ਆਗ ਲਗਾਨੀ।
ਫਿਰ ਪਛੁਤਾਇ ਪਛਾਨਯੋ ਤਿਸ ਨੈ,
ਬੰਦਾ ਪੀਰ ਮਹਾਨੀ ॥ ੧੫ ॥
ਸੁਧਰ ਸੈਣ ਨ੍ਰਿਪ ਮੰਡੀ ਪਤਿ ਫਿਰ,
ਚਲਿ ਬੰਦੇ ਢਿਗ ਆਯੋ।
ਕਰਿ ਮਿੰਨਤ ਦੈ ਭੇਟਾ ਬਨਯੋ,
ਸੇਵਕ ਤਾਂਹਿ ਮਹਾਯੋ[1]। [1]ਵੱਡਾ।
ਸ਼ਰਧਾ ਧਰਿ, ਪੁਨ ਸੈਰ ਕਰਾਵਨ
ਹਿਤ, ਮੰਡੀ ਮੈਂ ਜਾ ਹੈ[1]। [1]ਜਾ ਕੇ।
ਰਖਯੋ ਟਿਕਾਯ ਬਹੁਤ ਦਿਨ ਘਰ ਮੈਂ,
ਸੀਖੀ ਜੋਗ ਕਲਾ[1] ਹੈ ॥ ੧੬ ॥ [1]ਜੋਗ ਦੀ ਵਿੱਦਿਆ।
ਮਨ ਤਨ ਧਨ ਦੈ ਕਰੀ ਸੇਵ ਬਹੁ,
ਭੂਪ ਤਿਸਹਿ ਪਰਵਾਰੂ।

ਰੰਡੀ[1] ਇਕ ਮੰਡੀ ਤੈ ਵਜਾਹੀ, — [1]ਵਿਧਵਾ ਇਸਤ੍ਰੀ।
ਤਬਿ ਬੰਦੇ ਪਿਖਿ ਚਾਰੂ[1]। — [1]ਸੁੰਦਰ।
ਰਹਯੋ ਬਹੁਤ ਦਿਨ ਤਹਿ ਠਾਂ ਬੰਦਾ,
ਤਬਿ ਧਰਿ ਮੋਦ ਅਪਾਰੀ।
ਪੋਥੀ ਸੌਂਪ ਨ੍ਰਿਪ ਕੋ ਅਪਨੀ,
ਜਿਸ ਮੈਂ ਗੁਣ ਥੇ ਭਾਰੀ ॥ ੧੭ ॥
ਚਾਰ ਮਾਸ ਮੰਡੀ ਮੈਂ ਰਹਿ ਫਿਰ,
ਨਿਕਸ ਗਯੋ ਹਿਤ ਸੈਲੈਂ।
ਥਾ ਫਕੀਰ ਨਿਰਭੈ ਸਿੱਧ ਭਾਰੀ,
ਲਯੋ ਨ ਕੋਊ ਗੈਲੈਂ[1]। — [1]ਨਾਲ।
ਕੁੱਲੂ ਦੇਸ ਮੈਂ ਜਬੀ ਪਹੁੰਚਯੋ,
ਭੂਪ ਤਿਨੈ ਫੜ ਲੀਨੋ।
ਪਾਇ ਲੋਹ ਕੇ ਪਿੰਜਰ ਰਾਖਯੋ,
ਭੇਤ ਤ੍ਰਕੈਂ ਢਿਗ ਦੀਨੋ ॥ ੧੮ ॥
ਯਹਿ ਜਬਿ ਬਾਤ ਸਿੰਘਨ ਸੁਨ ਪਾਈ,
ਸ਼ੋਕ ਕਰਯੋ ਅਤਿ ਪੀਨਾ।
ਹੇਤ ਛੁਡਾਵਨ ਕਰੈਂ ਗੁਰਮਤੇ,
ਚੱਲੈ ਪੇਸ਼ ਰਤੀ ਨਾ।
ਕਰਿ ਅਰਦਾਸੈਂ ਗੁਰੈਂ ਮਨਾਵੈਂ,
ਬੰਦੇ ਕੋ ਇਮ ਧਜਾਵੈਂ।
ਗੁਰੁ ਸਮਰਥ ਸਾਚਾ ਤੁਹਿ ਮਾਨੈਂ,
ਜੇ ਅਬਿ ਆਪੇ ਆਵੈਂ ॥ ੧੯ ॥
ਤੁਰਕਨ ਘੀ ਕੇ ਦੀਵੇ ਬਾਲੇ,
ਖੁਸ਼ੀ ਮਨਾਈ ਭਾਰੀ।
ਦਿੱਲੀ ਤੈ ਵਜ਼ੀਰ ਨੈਂ, ਦਸਤਾ
ਫੌਜ ਚਢਾਈ ਕਾਰੀ[1]। — [1]ਚੰਗੀ ਫ਼ੌਜ ਦਾ ਇਕ ਜੱਥਾ।
ਸੂਬੇਦਾਰ ਮੁਸੱਲਮ ਖਾਂ ਨੈ,
ਫੌਜ ਬਟੋਰਿ[1] ਅਪਾਰੀ। — [1]ਇਕੱਠੀ ਕਰਕੇ।
ਮੁਲਕ ਛੁਡਾਵਨ ਹੇਤ ਸਿੰਘਨ ਤੈ,
ਭੇਜ ਦਈ ਤਤਕਾਰੀ[1] ॥ ੨੦ ॥ — [1]ਛੇਤੀ।

ਸਿੰਘਨ ਤੈ ਕਰਨਾਲ ਛੁਡਾਈ,
ਪੁਨ ਤਿਰਾਵੜੀ ਲੀਨੀ।
ਸਿੰਘ ਆਪ ਹੀ ਤਜਿ ਤਜਿ ਦੌਰੈਂ,
ਕਿਨਹੂੰ ਦੇਰ ਨ ਕੀਨੀ।
ਬੰਦੇ ਬਿਨ ਮੰਦੇ[1] ਸਭਿ ਹੋਏ,
ਸੈਨਪ ਬਿਨ ਜਿਮ ਸੈਨਾ[1]।
ਦੂਲੋ ਬਿਨ ਬਰਾਤ[1] ਜਿਮ ਹੋਵਤ,
ਤਨ ਹੋਵਤ ਬਿਨ ਨੈਨਾ ॥੨੧॥
ਤੀਸ ਹਜ਼ਾਰ ਸੰਗ ਲੈ ਸੈਨਾ,
ਮੁਨਜਮ ਖਾਂ ਚਢਿ ਆਯੋ।
ਕਿਛੁਕ ਜੰਗ ਕਰਿ ਸਿੰਘਨ ਤੈ ਤਿਨ,
ਜ਼ਿਲਾ ਸਰ੍ਹੰਦ ਛੁਡਾਯੋ।
ਹਾਜੀ ਇਸਮਾਈਲ ਖਾਂਨ ਤਿਨ,
ਸਿੰਘਨ ਪੀਛੇ ਲਾਯੋ।
ਸੂਬਾ ਮਿਲਜੋ ਲਾਹੌਰੀ ਤਿਸ ਸੋਂ,
ਜਾਇ ਸੈਨ ਲੈ ਭਾਯੋ[1] ॥੨੨॥
ਛੋਡਿ ਮੁਲਖ ਸਭਿ ਸਿੰਘ ਤਬੈ ਹੀ,
ਆਏ ਦ੍ਵਾਬੇ ਮਾਂਹੀਂ।
ਪਰੀ ਭੀਰ ਸਿੰਘਨ ਪੁਰ ਭਾਰੀ,
ਟਿਕਨ ਮਿਲੈ ਕਿਤ ਨਾਂਹੀਂ।
ਲਗੇ ਯਾਦ ਬੰਦੇ ਕੋ ਕਰਨੇ,
ਗੁਰੁ ਢਿਗ ਕਰਿ ਅਰਦਾਸੈਂ।
ਔਖਧਿ ਰੋਗੀ ਪਜਾਸੇ ਪਾਨੀ,
ਬਰਖਾ ਦੁਰਭਿਖਿ ਆਸੈਂ[1] ॥੨੩॥

ਕੁੱਲੂ ਵੀਚ ਬੰਦੇ ਨੈਂ ਤਬਿ ਹੀ,
ਯੇਹ ਸਭਿ ਅਗਮ ਵਿਚਾਰਜੋ[1]।
ਬਿਨਾ ਦੇਰ ਨਿਜ ਬੀਰਨ ਤਾਂਈਂ,
ਅਪਨੇ ਪਾਸ ਹਕਾਰਜੋ[1]।
ਕਹਜੋ ਉਠਾਇ ਪਿੰਜਰਾ ਮੇਰਾ,

[1]ਕਮਜ਼ੋਰ।
[1]ਸੈਨਾਪਤੀ ਬਿਨਾਂ ਜਿਵੇਂ ਫੌਜ।
[1]ਲਾੜੇ ਤੋਂ ਬਿਨਾਂ ਜੰਞ।
[1](ਮਨ) ਭਾਉਂਦੀ।
[1]ਜਿਵੇਂ ਰੋਗੀ ਨੂੰ ਦਵਾਈ ਦੀ, ਪਿਆਸੇ ਨੂੰ ਪਾਣੀ ਦੀ ਤੇ ਕਾਲ ਸਮੇਂ (ਲੋਕਾਂ ਨੂੰ) ਬਰਖਾ ਦੀ ਆਸ ਹੁੰਦੀ ਹੈ।
[1]ਗੁਪਤ ਗੱਲਾਂ ਵਿਚਾਰੀਆਂ।
[1]ਸੱਦਿਆ।

ਲੈ ਚਾਲਹੁ ਅਬਿ ਮੰਡੀ।
ਚਲਿ ਸਹਾਇਤਾ ਕਰੈਂ ਸਿੰਘਨ ਕੀ,
ਜਗੀ ਦਵਾਬੇ ਚੰਡੀ[1] ॥੨੪॥ [1]ਦੁਆਬੇ ਵਿੱਚ ਲੜਾਈ ਜਾਗ ਪਈ ਹੈ।
ਫੇਰ ਕੁੱਲੂ ਕੇ ਕਰੈਂ ਕੋਇਲੇ,
ਆਇ ਖਾਲਸਾ ਪਾਛੇ।
ਰੱਯਤ ਭਵ ਹੈਂ[1] ਨ੍ਰਿਪ ਪਹਾਰੀ, [1]ਹੋ ਜਾਣਗੇ।
ਸਿੰਘਨ ਕੀ ਫਿਰ ਆਛੇ।
ਕੁੱਲੂ-ਪਤਿ ਕੋ ਦੈ ਸਰਾਪ ਯੌਂ,
ਪਿੰਜਰ ਨਿਜ ਉਠਵਾਯੋ।
ਕੁੱਲੂ-ਪਤਿ ਲੌ ਰਹੇ ਪਿਖਤ ਹੀ,
ਅਚਰਜ ਬਡੋ ਦਿਖਾਯੋ ॥੨੫॥
ਬੰਦਾ ਆਇ ਮੰਡੀ ਵਿਗ ਉਤਰਯੋ,
ਪਿਖਿ ਰਾਜਾ ਬਿਸਮਾਯੋ।
ਸ਼ਰਧਾ ਉਪਜੀ ਅਤੀ ਨ੍ਰਿਪ ਕੋ,
ਬੰਦਾ ਪ੍ਰਭੁ ਲਖਾਯੋ।
ਜੰਦਾ ਤੋੜ ਨਿਕਾਰਯੋ ਬੰਦਾ,
ਪੂਜਨ ਖੋੜਸ ਕੀਓ[1]। [1]ਸੋਲਾਂ ਤਰ੍ਹਾਂ ਦੀ ਪੂਜਾ ਕੀਤੀ।
ਭੇਜਿ ਮੁਵੱਕਲ[1] ਫਿਰ ਬੰਦੇ ਨੈ, [1]ਦੂਤ।
ਪੰਥ ਇਕੱਠਾ ਕੀਓ ॥੨੬॥
ਚੰਦਾ ਈਦ ਸਿੰਘਨ ਕੋ ਬੰਦਾ,
ਬਰਖਾ ਸੁਸਕਤ ਖੇਤੀ।
ਮਿਲਯੋ[1], ਭਏ ਮੋਦ ਸਭਿ ਭਾਰੀ, [1]ਸਿੰਘਾਂ ਨੂੰ ਬੰਦਾ ਈਦ ਦੇ ਚੰਦ ਵਾਂਗ ਅਤੇ ਸੁੱਕੀ ਖੇਤੀ ਨੂੰ ਬਰਖਾ ਵਾਂਗ ਮਿਲਿਆ।
ਲਜਾਏ ਸੰਗੈਂ ਛੇਤੀ[1]। [1]ਦੂਤ ਸਿੰਘਾਂ ਨੂੰ ਛੇਤੀ ਆਪਣੇ ਨਾਲ ਲੈ ਆਏ।
ਕਰਿ ਇਕੱਠ ਸਭਿ ਸਿੰਘਨ ਕੇਰਾ,
ਮਾਰਯੋ ਨੀਹਲ ਆਈ।
ਨਿਕਟ ਹੁਸ਼ਯਾਰ ਪੁਰੇ ਕੇ ਸੈਨਾ,
ਤੁਰਕਨ ਕੀ ਥੀ ਆਈ ॥੨੭॥
ਬਿਜੁਲੀ ਵਾਂਗ ਅਚਾਨਕ ਬੰਦਾ,
ਪਰਯੋ ਤਿਨੋ ਪੁਰ ਧਾਈ।

ਤੀਰ ਤੁਫੰਗ[1] ਸੇਲ[2] ਤਰਵਾਰਨ[3]
ਕੀ ਤਹਿਂ ਮਚੀ ਲਰਾਈ।
ਫਤੇ ਦੀਨ, ਹਾਜੀ, ਮੁਨਜਮ ਖਾਂ,
ਆਦਿ ਤੁਰਕ ਸਰਦਾਰੁ।
ਲੈ ਨਿਜ ਸੈਨ ਸਿੰਘਨ ਕੇ ਸਨਮੁਖ,
ਜੁੱਟੇ ਜੰਗ ਅਪਾਰੁ ॥੨੮॥

[1]ਬੰਦੂਕਾਂ। [2]ਬਰਛੇ। [3]ਤਲਵਾਰਾਂ।

ਦੀਨ ਮਜਬ ਕਾ ਜੰਗ ਸਮਝ ਸਭਿ,
ਆਗੈ ਹ੍ਵੈ ਹ੍ਵੈ ਲਰਹੀਂ।
ਗਹਿ ਸਮਸ਼ੇਰੈਂ ਸਮ ਸ਼ੇਰੈਂ[1] ਸਿੰਘ,
ਕਟਾ ਵੱਢ ਬਹੁ ਕਰਹੀਂ ॥੨੯॥

[1]ਸ਼ੇਰਾਂ ਵਾਂਗ।

ਭੁਜੰਗ ਪ੍ਰਯਾਤ ਛੰਦ:

ਭਯੋ ਭੱਟ ਭੇਰੰ[1] ਤਬੈ ਆਨ ਜੋਰੈਂ।
ਲਰੈਂ ਬੀਰ ਬਾਂਕੇ, ਕਰੈਂ ਜੰਗ ਘੋਰੈਂ[1]।
ਕਟਾ ਬੱਢ ਹੋਈ ਝਟਾ-ਪੱਟ ਐਸੇ।
ਕਟੈਂ ਪੁੰਜ ਬਾਢੀ, ਬਨੀ ਬਾਢ ਜੈਸੇ[1] ॥੩੦॥

[1]ਸੂਰਮਿਆਂ ਦਾ ਭੇੜ ਹੋਇਆ।
[1]ਭਿਆਨਕ।
[1]ਜਿਵੇਂ ਬਹੁਤੇ (ਬਾਢੀ) ਤਰਖਾਣ ਜੰਗਲ ਨੂੰ (ਬਾਢ) (ਸ਼ਸਤ੍ਰਾਂ ਦੀ) ਧਾਰ ਨਾਲ ਕੱਟਦੇ ਹਨ।

ਕਰਾਚੋਲ ਚਾਲੈਂ, ਕਰਾਲੈਂ ਬਿਸਾਲੈਂ[1]।
ਲਿਪੇ[1] ਸੰਗ ਲੋਹੁ, ਭਏ ਰੰਗ ਲਾਲੈਂ।
ਫਤੇ ਦੀਨ ਲੈ ਕੈ, ਮਲੇਛੈਂ ਬਿਲੱਛੈਂ[1]।
ਵਡੋ ਹੇਲ ਘਾਲਜੇ, ਸਮੱਛੈਂ ਪ੍ਰਤੱਛੈਂ[1] ॥੩੧॥

[1]ਬਹੁਤੀਆਂ ਭਿਆਨਕ ਤਲਵਾਰਾਂ ਚਲਦੀਆਂ ਹਨ।
[1]ਲਿੱਬੜੇ।
[1]ਤੁਰਕਾਂ ਚੋਂ (ਬਿਲੱਛੈਂ) ਅਨੋਖੇ (ਸੂਰਮੇਂ)।
[1]ਪ੍ਰਤੱਖ ਅੱਖਾਂ ਦੇ ਸਾਹਮਣੇ ਵੱਡਾ ਹੱਲਾ ਕੀਤਾ।

ਚਮੂੰ ਦੋਇ ਜੁੱਟੀ, ਪਰੀ ਲੋਹ ਮਾਰੈਂ[1]।
ਰੁਪੇ[1] ਸਿੰਘ ਸੂਰੇ, ਬਕੈਂ[2] ਮਾਰ ਮਾਰੈਂ।
ਕਰੈਂ ਵਾਰ ਬਾਹੈਂ, ਕਰੈਂਵਾਰ ਬਾਹੈਂ[1]।
ਸਰੈਦਾਰ ਢਾਹੈਂ ਸਰੈਦਾਰ ਢਾਹੈਂ[1] ॥੩੨॥

[1]ਦੋਵੇਂ ਫੌਜਾਂ ਜੁੱਟ ਪਈਆਂ ਤੇ ਸ਼ਸਤ੍ਰਾਂ ਦੀ ਮਾਰ ਪਈ।
[1]ਰੁਕੇ ਹੋਏ। [2]ਬੋਲਦੇ ਹਨ।
[1]ਬਾਹਾਂ ਨਾਲ ਵਾਰ ਕਰ ਕੇ ਤਲਵਾਰਾਂ ਵਾਹੁੰਦੇ ਹਨ।
[1]ਸਿੰਘ ਸਰਦਾਰ ਤੁਰਕ ਸਰਦਾਰਾਂ ਨੂੰ (ਢਾਹੈਂ) ਅੜਿੱਕੇ 'ਚ ਲੈਕੇ (ਢਾਹੈਂ) ਢਾਹੁੰਦੇ ਹਨ।

ਬਢੈਂ ਬਾਢ ਆਗੈਂ ਬਢੈਂ ਬਾਢ ਲਾਗੈਂ[1]।

[1](ਬਾਢ) ਬਹੁਤਾ ਅਗਾਹਾਂ (ਬਢੈਂ) ਵਧਕੇ (ਬਾਢ) ਸ਼ਸਤ੍ਰਾਂ ਦੀ ਤਿੱਖੀ ਧਾਰ ਨਾਲ (ਬਢੈਂ) ਵੱਢਣ ਲਗ ਪੈਂਦੇ ਹਨ।

ਚਢੈਂ ਜਾਨ ਲਾਗੈਂ ਚਢੈ ਜਾਨ ਲਾਗੈ[1]।

[1]ਜਦੋਂ (ਜਾਨ) ਸਵਾਰੀਆਂ ਤੇ ਚੜ੍ਹਨ ਲਗਦੇ ਹਨ (ਤਾਂ ਉਨ੍ਹਾਂ ਨੂੰ ਐਉਂ ਪ੍ਰਤੀਤ ਹੁੰਦਾ ਹੈ ਕਿ ਸਾਡੀ) ਜਾਨ ਚੜ੍ਹਨ ਲਗੀ ਹੈ, ਭਾਵ ਖ਼ਤਮ ਹੋਣ ਲਗੀ ਹੈ।

ਸਮੰ ਸ਼ੇਰ ਭਾਰੈਂ ਸ਼ਮੰਸ਼ੇਰ ਬਾਰੈਂ[1]।

[1]ਭਾਰੇ ਸ਼ੇਰਾਂ ਵਾਂਗ ਤਲਵਾਰਾਂ ਦੇ ਵਾਰ ਕਰਦੇ ਹਨ।

ਕਰੇ ਹੈਂ ਅਗਾਰੈਂ, ਕਰੇ ਹੈਂ ਅਗਾਰੈਂ[1] ॥ ੩੩ ॥
[1]ਜਿਨ੍ਹਾਂ ਨੂੰ ਤੁਰਕ ਲੜਨ ਲਈ ਅੱਗੇ ਕਰਦੇ ਹਨ, ਸਿੰਘ ਉਨ੍ਹਾਂ ਨੂੰ ਮਾਰ ਕੇ ਅੱਗੇ ਨੂੰ ਕਰ ਦੇਂਦੇ ਹਨ ਭਾਵ ਪ੍ਰਲੋਕ 'ਚ ਅਪੜਾ ਦੇਂਦੇ ਹਨ।

ਤਛਾ ਮੁੱਛ ਹੋਈ, ਕਟਾ ਕੱਟ ਮੱਚੀ[1]।
[1]ਛਾਂਗ ਕੇ ਟੋਟੇ ਕਰ ਦਿੱਤੇ ਅਤੇ ਕੱਟ ਵੱਢ ਹੋਣ ਲਗ ਪਈ।

ਲਰੈਂ ਬੀਰ ਬਾਂਕੇ, ਸਭੈ ਭਾਂਤਿ ਅੱਛੀ[1]।
[1]ਸਾਰੇ ਚੰਗੀ ਤਰ੍ਹਾਂ ਨਾਲ।

ਮਹਾਂ ਮਾਰ ਮੱਚੀ, ਕਹਾਂ ਲੌ ਬਖਾਨੈ।

ਚਢੀ ਲੁੱਥ ਪੈ ਲੁੱਥ, ਆਗੁਥ ਆਨੈਂ[1] ॥ ੩੪ ॥
[1]ਲੋਥਾਂ ਤੇ ਲੋਥਾਂ ਐਉਂ ਚੜ੍ਹ ਗਈਆਂ ਜਿਵੇਂ ਲਿਆ ਕੇ ਗੁੰਦੀਆਂ ਹੁੰਦੀਆਂ ਹਨ।

ਧਰਾ ਲਾਲ ਹੋਈ, ਲਹੂ ਸੰਗ ਸਾਰੀ।

ਮਨੋ ਲੀਨ ਸੋਹਾਗ, ਕੀ ਓਢਿ ਸਾਰੀ[1]।
[1]ਸਾੜ੍ਹੀ ਪਹਿਨ ਲਈ ਹੈ।

ਬਜਯੋ ਸਾਰ ਸੋਂ ਸਾਰ[1], ਅੱਪਾਰ ਐਸੇ।
[1]ਸ਼ਸਤ੍ਰ ਨਾਲ ਸ਼ਸਤ੍ਰ।

ਘੜੈਂ ਘਾੜ[1] ਲੋਹਾਰ, ਠਠਿਆਰ ਜੈਸੇ ॥ ੩੫ ॥
[1]ਸ਼ਸਤ੍ਰ ਜਾਂ ਭਾਂਡੇ।

ਚਲੈਂ ਚੱਕ੍ਰ ਬੱਕ੍ਰੈਂ, ਮਨੋਂ ਗੀਧ ਮਾਲੈਂ[1]।
[1]ਟੇਢੇ ਚੱਕ੍ਰ ਐਉਂ ਚਲਦੇ ਹਨ ਜਾਣੋਂ ਗਿਰਝਾਂ ਦੀਆਂ ਡਾਰਾਂ ਹਨ।

ਕਰੈਂ ਜ੍ਵਾਨ ਕੈਕਾਨ ਕੇ ਅੰਗ ਜਾਲੈਂ[1]।
[1]ਜਵਾਨਾਂ ਤੇ ਘੋੜਿਆਂ ਦੇ ਅੰਗਾਂ ਦਾ ਨਾਸ ਕਰਦੇ ਹਨ।

ਤਬੈ ਆਨਿ ਬੰਦੇ, ਦਯੋ ਬੋਲ ਹੱਲਾ।

ਪਰਯੋ ਸੈਨ ਤੁਰਕਾਨ ਕੀ ਮੈਂ ਥ੍ਰਥੱਲਾ[1] ॥ ੩੬ ॥
[1]ਹਲਚਲੀ।

ਗੁਰੂ ਕੋ ਮਨੈ ਕੈ, ਤਜਯੋ ਏਕ ਤੀਰੰ।

ਮਚਯੋ ਅੰਧ ਧੁੰਧੰ, ਧੁਨੀ ਘੋਰ ਭੀਰੰ[1]।
[1]ਬਹੁਤੀ ਡਰਾਉਣੀ ਅਵਾਜ਼ ਹੋਈ।

ਉਠੀ ਧੂਰ ਧਾਰਾ, ਨਭੈ ਭੂਰ ਛਾਈ[1]।
[1]ਅਕਾਸ਼ ਵਿੱਚ ਬਹੁਤੀ ਫੈਲ ਗਈ।

ਦਬਯੋ ਸੂਰ ਨੂਰੰ[1], ਮਨੋ ਰੈਨ ਪਾਈ ॥ ੩੭ ॥
[1]ਸੂਰਜ ਦਾ ਚਾਨਣਾ ਦਬ ਗਿਆ।

ਅਈ ਜੋਗਨੀ ਭੋਗਨੀ[1] ਮਾਸ ਲੋਹੂ।
[1]ਖਾਣ ਵਾਲੀਆਂ।

ਫਿਰੈਂ ਭੈਰਵੰ ਭੂਤ ਭੈਆਨ ਕੋਹੂ[1]।
[1]ਭਿਆਨਕ, ਡਰਾਉਣੇ, (ਅ) ਭਿਆਨਕ ਕੋਹਾਂ ਤੱਕ।

ਡਗੈਂ ਡਾਕਨੀਂ, ਡੁੱਕ ਡੁੱਕੈਂ ਡਕਾਰੈਂ[1]।
[1]ਬਦਸ਼ਕਲ ਡਾਇਣਾਂ ਡੁਕ ਡੁਕ ਸ਼ਬਦ ਕਰ ਕੇ ਡਕਾਰ ਲੈਂਦੀਆਂ ਹਨ।

ਪਿਯੈ ਪੂਰ ਖੱਪ੍ਰੈਂ, ਲਹੂ ਕੇ ਅਪਾਰੈਂ[1] ॥ ੩੮ ॥
[1]ਲਹੂ ਦੇ ਬਹੁਤੇ ਖੱਪਰ ਭਰਕੇ ਪੀਂਦੀਆਂ ਹਨ।

ਚਢੀ ਗੈਨ[1] ਹੂਰੈਂ, ਬਰੈਂ ਬੀਰ ਸੂਰੈਂ[2]।
[1]ਅਕਾਸ਼ ਵਿੱਚ। [2]ਬਹਾਦਰ ਸੂਰਮਿਆਂ ਨੂੰ ਵਰਦੀਆਂ ਹਨ।

ਮਨੋ-ਕਾਮਨਾ ਆਪਨੀ ਆਪ ਪੂਰੈਂ।

ਦਿਵੈ ਹੈਂ[1] ਅਸੀਸੈਂ, ਸੁ ਸਿੰਘਾਂਨ ਤਾਂਈਂ।
[1]ਦੇਂਦੀਆਂ ਹਨ।

ਕਹੈਂ ਜੈ[1] ਤੁਮਾਰੀ, ਕਰੈ ਜੱਗ ਸਾਂਈਂ ॥ ੩੯ ॥
[1]ਫ਼ਤਹ।

ਉਡੇ ਹੋਸ਼ ਹੱਵਾਸ[1], ਤੁਰਕਾਨ ਕੇਰੇ।
[1]ਉਹ ਸ਼ਕਤੀ, ਜਿਸ ਨਾਲ ਸ਼ਬਦ, ਸਪਰਸ਼, ਰੂਪ, ਰਸ ਅਤੇ

ਗੰਧ ਨੂੰ ਗ੍ਰਹਿਣ ਕਰੀਦਾ ਹੈ।

ਪਿਖੇ ਹੱਥ ਸਿੰਘਾਨ ਕੇ, ਜੋ ਬਧੇਰੇ ॥੪੦॥

ਦੋਹਰਾ:

ਤਬਿ ਹੀ ਤੁਰਕੋਂ ਨੇ ਲਖਜੋ[1],
ਨਿਸਚੇ ਮਨ ਮੈਂ ਨੀਕ।
ਬੰਦਾ ਰਣ-ਭੂਮੀ ਵਿਖੇ,
ਆਯੋ ਹੋਵਗ ਠੀਕ ॥੪੧॥
ਬਿਨ ਬੰਦੇ ਤੈ ਕੌਨ ਯਹਿ,
ਸਾਕੈ ਸ਼ਕਤਿ ਦਿਖਾਇ।
ਅਬਿ ਹਮ ਕੋ ਯਹਿ ਮਾਰ ਹੈ,
ਤਾਂ ਤੇ ਚਲੈਂ ਪਲਾਇ[1] ॥੪੨॥
ਪੁਨ ਮੁਵੱਕਲੋਂ ਨੈ[1] ਤਬੈ,
ਭਜਾਨਕ ਰੂਪ ਦਿਖਾਇ।
ਤੁਰਕਨ ਕੀ ਸਭਿ ਸੈਨ ਕੋ,
ਦਯੋ ਭਗਾਇ ਡਰਾਇ ॥੪੩॥
ਬੰਦਾ ਆਯੋ ਕੁੱਲੂ ਤੈ,
ਉਡ ਕਰਿ ਨਭ ਮਗ ਮਾਹਿਂ[1]।
ਅਬਿ ਤੁਰਕਨ ਕਾ ਬੀਜ ਵਹਿ,
ਰਣ ਮਹਿਂ ਛੋਡੈ ਨਾਹਿਂ ॥੪੪॥
ਯਹਿ ਸੁਨ ਕਰਿ ਤਬਿ ਤੁਰਕ ਗਨ,
ਕਾਂਪ ਉਠੇ ਸਭਿ ਐਸ।
ਸਿੰਘ ਨਾਦ[1] ਸੁਨਿ ਕਰੀ ਗਨ[2]
ਕਾਂਪਤ ਹੈਂ ਡਰਿ ਜੈਸ ॥੪੫॥
ਚਲੇ ਦੌਰ ਤਬਿ ਤੁਰਕ ਸਭਿ,
ਹ੍ਵੈ ਕਰਿ ਅਤਿ ਭਯ ਭੀਤ[1]।
ਪਰੇ ਮਗਰ ਤਿਨ ਸਿੰਘ ਸਭਿ,
ਹ੍ਵੈ ਅਭੀਤ[1] ਰਣ ਜੀਤਿ ॥੪੬॥
ਫਤੇ ਸਿੰਘ ਨੈਬਾਬ[1] ਨੈ,
ਛੇਰਿ ਤੁਰੰਗ ਬਧੇਰ।
ਫਤੇ ਦੀਨ ਸਰਦਾਰ ਕੋ,

[1]ਜਾਣਿਆਂ।

[1]ਨੱਸ ਚੱਲੀਏ।

[1]ਬੀਰਾਂ ਨੇ।

[1]ਅਕਾਸ਼ ਦੇਰਸਤੇ ਵਿੱਚ ਦੀ।

[1]ਸ਼ੇਰ ਦੀ ਆਵਾਜ਼। [2]ਬਹੁਤੇ ਹਾਥੀ।

[1]ਡਰ ਨਾਲ ਕੰਬ ਕੇ।

[1]ਨਿੱਡਰ।

[1]ਨਵਾਬ।

ਡਾਰਜੋ ਧਰ ਕਟ ਗੇਰ ॥੪੭॥
ਹਾਜੀ ਇਸਮਾਈਲ ਖਾਂ,
ਯਾਰ ਬੇਗ ਖਾਂ ਆਦਿ।
ਤੁਰਕਨ ਕੇ ਸਰਦਾਰ ਬਹੁ,
ਬੰਦੇ ਹਤੇ ਬਿਬਾਦਿ[1] ॥੪੮॥ — [1]ਬੰਦੇ ਨੇ ਲੜਾਕੇ (ਸੂਰਮੇਂ) ਮਾਰ ਦਿੱਤੇ।
ਮੁਨਜਮ ਖਾਂ ਨਿਜ ਜਾਨ ਲੈ,
ਪਹੁੰਚਜੋ ਦਿੱਲੀ ਏਕ।
ਔਰ ਤੁਰਕ ਸਭਿ ਪੰਥ ਨੈ,
ਇਕ ਇਕ ਮਾਰਜੋ ਛੇਕਿ[1] ॥੪੯॥ — [1]ਵਿੰਨ੍ਹ ਕੇ।

ਚੌਪਈ:

ਹਾਲ-ਚਾਲ ਸਭ ਦੇਸ ਮਝਾਰੇ।
ਪਰੀ ਫੇਰ ਤਬਿ ਆਇ ਅਪਾਰੇ।
ਚਲੇ ਤੁਰਕ ਸਭਿ ਠੌਰ ਬਿਹਾਈ[1]। — [1]ਸਾਰੀਆਂ ਜਗ੍ਹਾਂ ਛੱਡ ਕੇ।
ਦਿੱਲੀ ਓਰ ਅਧਿਕ ਭਯ ਪਾਈ ॥੫੦॥
ਪਰਜੋ ਵਖਤ ਤੁਰਕਨ ਪਰ ਭਾਰੀ।
ਬੰਦੇ ਮਾਰ ਕਰੇ ਸਭਿ ਖ੍ਵਾਰੀ।
ਸੁਨਿ ਸੁਨਿ ਬੰਦੇ ਕਾ ਤਬਿ ਆਮਨ।
ਦੌਰ ਗਏ ਤਜਿ ਤੁਰਕ ਗਰਾਮਨ[1] ॥੫੧॥ — [1]ਪਿੰਡਾਂ ਨੂੰ।
ਬਾਲ ਬ੍ਰਿੱਧ ਗਭਰੂ ਜੋ ਪਾਏ।
ਤੁਰਕ ਬੰਦੇ ਨੈ ਕਤਲ ਕਰਾਏ।
ਤਜਿ ਤਜਿ ਧਾਮ ਤੁਰਕ ਸਭਿ ਭਾਗੇ।
ਬੰਦੇ ਕੇ ਡਰ ਸਭਿ ਹੀ ਪਾਗੇ[1] ॥੫੨॥ — [1]ਰੰਗੇ ਗਏ।
ਫਿਰ ਤਿਰਾਵੜੀ ਲੌਂ ਸਭ ਦੇਸੈਂ।
ਲਯੋ ਛੁਡਾਇ ਛਿਨਿਕ ਮੈਂ ਵੇਸੈਂ[1]। — [1]ਚੰਗਾ (ਦੇਸ)।
ਪਾਣੀਪਤ ਕਰਨਾਲ ਮਝਾਰੇ।
ਪੁਨ ਬੰਦੇ ਨੈ ਸਿੰਘ ਉਤਾਰੇ ॥੫੩॥
ਹਰਿਦ੍ਵਾਰ, ਪੁਰਿ ਸ਼ਹਿਰ ਸਹਾਰਨ।
ਅੰਬਾਲੇ ਲੌਂ ਕੀਨ ਸੰਭਾਰਨ।
ਪੁਨ ਸਰ੍ਹੰਦ ਕੀ ਵਡੀ ਦਿਵਾਨੀ[1]। — [1]ਹਕੂਮਤ।
ਦਈ ਬਿਨੋਦ ਸਿੰਘ ਕੋ ਜਾਨੀ ॥੫੪॥

ਕੁਰਖੇਤ੍ਰ ਕੇ ਗਿਰਦ-ਨੁਵਾਹੀ[1]। [1]ਆਲਾ-ਦੁਆਲਾ।
ਫਤੇ ਸਿੰਘ ਕੋ ਸੌਂਪਯੋ ਚਾਹੀ[1]। [1]ਉਤਸ਼ਾਹ ਨਾਲ।
ਬਾਜ ਸਿੰਘ ਕੋ ਗਿਰਦ ਅੰਬਾਲੇ।
ਦਯੋ ਮੁਲਖ ਹ੍ਵੈ ਮੋਦ ਬਿਸਾਲੇ ॥੫੫॥
ਮੁਣਕ ਹਾਂਸੀ ਅਰ ਹੰਸਾਰੈਂ।
ਸਾਬੋਕਜਾਂ ਕੋ ਦਯੋ ਸੰਭਾਰੈਂ।
ਮੱਧ ਦੇਸ ਜੋ ਔਰ ਅਪਾਰੇ।
ਫੂਲ ਸੁਤਨ ਕੋ[1] ਦਯੋ ਸੰਭਾਰੇ ॥੫੬॥ [1]ਫੂਲ ਦੇ ਪੁੱਤਰਾਂ ਨੂੰ।
ਲੁਦਿਹਾਣੇ ਕਾ ਗਿਰਦਾ ਜੇਤੋ।
ਰਾਮ ਸਿੰਘ ਕੋ ਦੀਨੋ ਤੇਤੋ।
ਦੇਸ ਦਵਾਬਾ ਦਯੋ ਮਝੈਲੈਂ।
ਆਪ ਚੜ੍ਯੋ ਬੰਦਾ ਫਿਰ ਸੈਲੈਂ[1] ॥੫੭॥ [1]ਪਹਾੜਾਂ ਨੂੰ।

ਦੋਹਰਾ:

ਤੁਰਕਨ ਤੈਂ ਛੁਡਵਾਇਯੋ,
ਸਿੰਘਨ ਕੌ ਦੈ ਦੇਸ।
ਬੰਦੇ ਨੈ ਪੁਨ ਗਿਰਨ ਮੈਂ,
ਕਰਯੋ ਜਾਇ ਪਰਵੇਸ਼ ॥੫੮॥
ਮ੍ਰਿਗ ਸਿੰਘ, ਅਹਿ ਗਰੜ ਤੈ,
ਬਿਹੰਗ ਬਾਜ ਤੈ ਜੈਸ[1]। [1]ਹਰਨ ਸ਼ੇਰ ਤੋਂ, ਸੱਪ ਗਰੜ ਤੋਂ, ਤੇ ਪੰਛੀ ਬਾਜ਼ ਤੋਂ ਜਿਵੇਂ (ਡਰਦੇ ਰਹਿੰਦੇ ਹਨ)।
ਬੰਦੇ ਤੈ ਤਬਿ ਤੁਰਕ ਸਭਿ,
ਡਰਤ ਰਹੈਂ ਮਨ ਤੈਸ ॥੫੯॥
ਸ਼ਾਹਿ ਬਹਾਦਰ ਬਾਦਸ਼ਾਹ,
ਦੱਖਨ ਦਿਸ ਮਸ਼ਗੂਲ[1]। [1]ਰੁੱਝਾ ਹੋਇਆ ਸੀ।
ਰਹਿਤ ਮੁਹਿੰਮਨ ਕੇ ਵਿਖੇ[1], [1]ਜੰਗਾਂ ਦੇ ਵਿੱਚ।
ਰਹਯੋ ਪੰਜਾਬਹਿਂ ਭੂਲ ॥੬੦॥
ਡਰਤੇ ਸਭੈ ਅੰਮੀਰ ਭੀ,
ਨਹਿਂ ਕਰਵਾਵਤ ਚਿੱਤ[1]। [1]ਯਾਦ।
ਬੰਦੇ ਕਾ ਵਡ ਦਬਦਬਾ,
ਸਭਿ ਪਰ ਪਰਯੋ ਅਮਿੱਤ[1] ॥੬੧॥ [1]ਬਹੁਤਾ।

ਰਾਜ ਸਿੰਘਨ ਕੋ ਫਿਰ ਭਯੋ,
ਦੇਸ ਪੰਜਾਬ ਮਝਾਰ।
ਉਗਰਾਹੀ ਕਰਿ ਖਾਵਹੀਂ,
ਤੌਰ ਹਾਕਮੀ ਸਾਰ[1] ॥੬੨॥
ਦਸਮੇਂ ਹਿੱਸੇ ਕਾ ਟਕਾ,
ਸਿੰਘ ਸਰਬ ਉਗਰਾਹਿ[1]।
ਮਾਤਾ ਢਿਗ ਪਹੁੰਚਾਵਹੀਂ,
ਨਿਤ ਪ੍ਰਤਿ ਦਿੱਲੀ ਮਾਹਿਂ ॥੬੩॥
ਚੌਪਈ:
ਬੰਦਾ ਮੰਡੀ ਵੀਚ ਰਹਾਵੈ।
ਭੂਪਤਿ ਸਭਿ ਬਿਧਿ ਸੇਵ ਕਮਾਵੈ।
ਨਿਸ ਦਿਨ ਨਰ ਨਾਰੀ ਬਹੁ ਆਵੈਂ।
ਬੰਦੇ ਢਿਗ ਬਹੁ ਭੇਟ ਚੜ੍ਹਾਵੈਂ ॥੬੪॥
ਕਰਾਮਾਤ ਬਹੁ ਬਿਧਿ ਕੀ ਬੰਦਾ।
ਲੋਗਨ ਕੋ ਦਿਖਰਾਇ ਅਮੰਦਾ[1]।
ਕਰੈ ਕਾਮਨਾ ਸਭਿ ਕੀ ਪੂਰਨ।
ਬਿਤ ਸੁਤ ਸਦਨ ਤੀਆ ਦੈ ਤੂਰਨ[1] ॥੬੫॥
ਤਬਿ ਬੰਦੇ ਇਕ ਥੜਾ ਬਨਾਯੋ।
ਕੋਟ ਗੁਰੂ ਕਾ ਨਾਮ ਧਰਾਯੋ।
ਤਿਸੀ ਠੌਰ ਮਾਥਾ ਟਿਕਵਾਵੈ।
ਪੂਜਾ ਤਿਸ ਹੀ ਕੀ ਕਰਵਾਵੈ ॥੬੬॥
ਅਬਿ ਲੌ ਮੰਨਤ ਸਭਿ ਨਰ ਨਾਰੀ।
ਕਰਤ ਤਿਸੀ ਜਾਗਾ ਕੀ ਭਾਰੀ।
ਗੁਰੂ ਤਹਾਂ ਬੰਦਾ ਕਹਿਲਾਯੋ।
ਕੋਟ ਗੁਰੂ ਕਾ ਬਹੁ ਬਿਦਤਾਯੋ[1] ॥੬੭॥
ਧਾਰਾ ਸੋ ਸਿਕੰਦਰੇ ਪਰ ਹੈ[1]।
ਕੋਠਾ ਗੁਰੂ ਕਾ ਭੀ ਤਿਹ ਰਰ ਹੈਂ[1]।
ਗੁਰੂ ਗੁਬਿੰਦ ਸਿੰਘ ਭੀ ਤਹਾਂ।
ਸੈਰ ਮਹੀਨਾ ਇਕ ਕਿਯ ਮਹਾਂ ॥੬੮॥

[1]ਸਾਰੇ (ਸਿੰਘ) ਹਾਕਮੀ ਢੰਗ ਨਾਲ।

[1](ਸਾਰੇ) ਸਿੰਘ ਸਾਰੀ ਉਗਰਾਹੀ ਦੇ ਦਸਵੇਂ ਹਿੱਸੇ ਦਾ ਰੁਪਇਆ।

[1]ਚੰਗੀ।

[1]ਧਨ, ਪੁੱਤਰ, ਘਰ ਤੇ ਇਸਤ੍ਰੀ ਛੇਤੀ ਦੇ ਦੇਂਦਾ ਹੈ।

[1]ਮਸ਼ਹੂਰ ਹੋ ਗਿਆ।

[1]ਸਕੰਦਰ ਧਾਰਾ ਉੱਤੇ ਹੈ।

[1]ਕਹਿੰਦੇ ਹਨ।

ਦੁਤੀ ਠੌਰ ਬੰਦੇ ਕੀ ਮੰਡੀ[1]।
ਹੈ ਜੋ ਸਿਲਾ ਕਹਾਵਤ ਚੰਡੀ[1]।
ਜਾਂਹਿ ਸਿਲਾ ਪਰ ਭਜਨ ਕਰੰਤਾ।
ਮਾਨਤ ਜਗ ਅਬਿ ਤਾਂਹਿ ਪੁਜੰਤਾ ॥ ੬੯ ॥
ਤਬਿ ਬੰਦੇ ਕੀ ਤਿਯ ਸੁਤ ਜਾਯੋ।
ਨਾਮ ਜੁਝਾਰ ਸਿੰਘ ਬਿਦਤਾਯੋ।
ਸੱਤ੍ਰਾਂ ਸੈ ਸਤਾਹਠੇ ਮਾਹੀਂ।
ਹਾੜ ਮਾਸ ਸਿਤ ਨੌਮੀ[1] ਤਾਹੀਂ ॥ ੭੦ ॥
ਤਹਿਂ ਤੈ ਕਰਨ ਹੇਤ ਪੁਨ ਸੈਲੈਂ।
ਬੰਦੇ ਲਿਯ ਚੰਬੇ ਕਾ ਗੈਲੈਂ[1] ॥ ੭੧ ॥

ਤੋਟਕ ਛੰਦ:

ਢਿਗ ਚੰਬੇ ਪਹੁੰਚਯੋ ਜਾਇ ਜਬੈ।
ਪਤਿ ਚੰਬੇ ਕਾ ਸੁਨਿ ਡਰਯੋ ਤਬੈ।
ਨਿਜ ਪਠਯੋ ਬਜੀਰਹਿਂ ਬੋਲ ਇਸੈ[1]।
ਤੁਮ ਮਿਲੋ ਅਗਾਰੀ ਜਾਇ ਤਿਸੈ ॥ ੭੨ ॥
ਪ੍ਰਥਮੈਂ ਤੁਮ ਟਾਰਯੋ ਤਾਂਹਿ ਕਿਮੈਂ[1]।
ਨਹਿਂ ਬੰਦਾ ਚੰਬੇ ਆਇ ਜਿਮੈਂ।
ਜਬਿ ਨਾਹਿਂ ਟਰੈ ਤਬਿ ਐਸ ਕਰਯੋ।
ਬਹੁ ਮੇਲ ਭਲੇ ਤਿਸ ਸੰਗ ਧਰਯੋ ॥ ੭੩ ॥
ਨਿਜ ਸੰਗ ਲਵਾਇ[1] ਲਯਾਇ ਯਹਾਂ।
ਮਿਲ ਹੈਂ ਹਮ ਕਰਿ ਹੈਂ ਸੇਵ ਮਹਾਂ।
ਜਬਿ ਬੰਦੇ ਪਾਸ ਬਜੀਰ ਗਯੋ।
ਕਰਿ ਬੰਦਨ ਔ ਕਛੁ ਭੇਟ ਦਯੋ ॥ ੭੪ ॥
ਜੋ ਕਰਿ ਸਲਾਹਿ ਵਹਿ ਘਰੋਂ ਅਯੋ।
ਸੋ ਬੰਦੇ ਖੁਦੈਂ[1] ਸੁਨਾਯ ਦਯੋ।
ਸੁਨਿ ਹ੍ਵੈ ਬਿਸਮਾਦ ਬਜੀਰ ਰਹਯੋ।
ਬੰਦੇ ਕੋ ਤਿਨ ਵਡ ਪੀਰ ਲਹਯੋ ॥ ੭੫ ॥
ਨਿਜ ਸੰਗਹਿ ਲੈ ਕਰਿ ਅਯੋ ਜਬੈ।
ਮਗ ਮੈਂ ਇਕ ਨਾਲਾ ਚਢਯੋ ਤਬੈ।
ਨਹਿਂ ਕਿਸ਼ਤੀ ਤਬਿ ਤਹਿਂ ਕੋਇ ਮਿਲੇ।

[1]ਮੰਡੀ ਸ਼ਹਿਰ ਵਿੱਚ ਹੈ।
[1]ਜੋ ਚੰਡੀ ਦੀ ਸਿਲਾ ਅਖਵਾਉਂਦੀ ਹੈ।
[1]ਚਾਨਣੇ ਪੱਖ ਦੀ ਨੌਵੀਂ।
[1]ਰਸਤਾ।
[1]ਇਸ ਤਰ੍ਹਾਂ।
[1]ਕਿਸੇ ਤਰ੍ਹਾਂ।
[1]ਲੈ ਕੇ।
[1]ਆਪ।

ਇਮ ਕਹਯੋ ਬਜੀਰੈਂ ਹੋਇ ਖਲੇ ॥੭੬॥
ਹਮ ਬਾਤ ਸੁਨੀ ਇਕ ਔਰ ਭਲੀ।
ਜਗ ਮਾਂਹਿ ਜੁ ਕਹੀਅਤ ਸਾਧੁ ਬਲੀ।
ਵਹਿ ਪਾਰ ਕਰੈਂ ਭਵ ਸਾਗਰ ਤੈ।
ਨਿਗਮਾਗਮ ਕੈਂਹ ਉਜਾਗਰ ਤੈ[1] ॥੭੭॥
[1]ਪ੍ਰਗਟ ਹੀ ਵੇਦ ਸ਼ਾਸਤ੍ਰ ਵੀ ਕਹਿੰਦੇ ਹਨ।
ਯਹਿ ਨਦੀ ਵਿਚਾਰੀ ਤੁੱਛ ਕਹਾਂ।
ਤੁਮ ਕਰੋ ਪਾਰ ਮੁਹਿ ਅਬੈ ਯਹਾਂ।
ਤਬਿ ਬੰਦਾ ਸਿਲ ਪਰ ਬੈਠ ਗਯੋ।
ਨਿਜ ਸੰਗ ਬਜੀਰ ਬਿਠਾਇ ਲਯੋ ॥੭੮॥
ਵਹਿ ਸਿਲਾ ਤਰੀ ਜਿਮ ਤਰੀ ਤਰੈ[1]।
[1]ਬੇੜੀ ਤਰਦੀ ਹੈ।
ਪਿਖਿ ਅਚਰਜ ਭਯੋ ਬਜੀਰ ਖਰੈ[1]।
[1]ਬਹੁਤਾ।
ਦਿਸ ਚੰਬੇ ਸੋ ਚਲਿ ਪਾਰ ਗਈ।
ਅਬਿ ਲੌਂ ਭੀ ਸੋ ਤਹਿਂ ਆਹਿ ਪਈ ॥੭੯॥
ਹੈ ਰੰਗ ਸਜਾਹਿ[1] ਗਜ ਛੈ ਲੰਬੀ।
[1]ਕਾਲਾਰੰਗ।
ਚੌੜੀ ਗਜ ਪਾਂਚਕ ਹੈ ਬੰਭੀ[1]।
[1]ਪ੍ਰਗਟ ਹੀ।
ਪੂਜਤ ਜਗ ਮੇਲਾ ਭੀ ਭਰ ਹੈ।
ਆਵਤ ਸੋ ਮੰਨਤ ਭੀ ਬਰ ਹੈ[1] ॥੮੦॥
[1]ਉਸਦੀ (ਚੰਗੀ) ਮੰਨਤ ਵੀ ਆਉਂਦੀ ਹੈ।
ਇਕ ਸਾਧੁ ਉਦਾਸੀ ਰਹਯੋ ਤਹਾਂ।
ਤਿਨ ਸ੍ਰੀ ਚੰਦ ਕਾ ਨਾਮ ਕਹਾ।
ਇਸ ਤੈ ਬਿਨ ਜਾਨੇ ਲੋਗ ਕਿਛੁ।
ਕਹਿਂ ਸ੍ਰੀ ਚੰਦ ਕੀ ਸਿਲਾ ਤਿਸੁ ॥੮੧॥
ਅਸਲੋਂ[1] ਵਹਿ ਬੰਦੇ ਕੇਰ ਅਹੈ।
[1]ਅਸਲ ਵਿੱਚ।
ਇਹੁ ਚੰਬੇ ਕੇ ਬਹੁ ਲੋਕ ਕਹੈਂ।
ਅਰ ਵੀਚ ਸਾਖੀਅਨ ਸਿੱਖਨ ਭੀ[1]।
[1]ਸਿੱਖਾਂ ਦੀਆਂ ਸਾਖੀਆਂ ਵਿੱਚ।
ਹਮ ਤਾਰੀਖਨ ਮੈਂ ਪਿੱਖਨ ਕੀ[1] ॥੮੨॥
[1]ਹੋਰ ਤਾਰੀਖ਼ਾਂ ਵਿੱਚ ਵੀ ਦੇਖਿਆ ਹੈ।
ਜਨ ਸ੍ਰੀ ਚੰਦ ਕੀ ਭਾਖਤ ਜੇ।
ਵਹਿ ਕੂਰ[1] ਪੱਖ ਕਿਛੁ ਰਾਖਤ ਥੇ।
[1]ਝੂਠਾ।
ਪਿਖਿ ਸਿਲਾ ਤਰਾਵਨ ਕੀ ਸ਼ਕਤੀ।
ਨ੍ਰਿਪ ਧਾਰੀ ਬੰਦੇ ਕੀ ਭਗਤੀ ॥੮੩॥
ਸ਼ਰਧਾ ਧਰਿ ਤਾਂਹਿ ਟਿਕਾਯ ਲਯੋ।

ਬੰਦੇ ਕਾ ਭੂਪਤ ਸਿੱਖ ਭਯੋ।

ਬਹੁ ਸੈਰ ਕਰਜੋ ਤਿਸ ਸੈਲਹਿੰ ਕਾ[1]।

[1]ਪਹਾੜ ਦਾ।

ਨਹਿੰ ਸੰਸਾ ਰਾਖਜੋ ਗੈਲਹਿੰ ਕਾ[1] ॥੮੪॥

[1]ਪਿਛੇ ਦਾ।

ਤਹਿੰ ਨਾਰਿ ਪਰੀ ਸਮ ਆਹਿ ਖਰੀ[1]।

[1]ਉਥੇ ਇੱਕ ਇਸਤ੍ਰੀ ਚੰਗੀ ਪਰੀ ਵਰਗੀ ਸੀ।

ਅਤਿ ਸੁੰਦਰ ਮੰਦਰ ਗੁਨਨ ਭਰੀ।

ਗਜ ਗਮਨੀ ਰਮਨੀ ਕਾਮ ਕਲੈ[1]।

[1]ਹਾਥੀ ਵਾਂਗ ਚਲਣ ਵਾਲੀ ਸੁੰਦਰ, ਕਾਮ ਦੀ ਸ਼ਕਤੀ ਵਾਲੀ।

ਕਦਲੀ ਸਮ ਜੰਘ ਨਿਤੰਬ ਭਲੈ[1] ॥੮੫॥

[1]ਕੇਲੇ ਵਰਗੀਆਂ ਲੱਤਾਂ ਤੇ ਚੰਗੇ ਚਿੱਤੜ ਹਨ।

ਮ੍ਰਿਗ ਲੋਚਨਿ ਮੋਚਨਿ ਕੰਜ ਪ੍ਰਭਾ[1]।

[1]ਹਰਨ ਵਰਗੀਆਂ ਅੱਖਾਂ ਜੋ ਕੰਵਲ ਦੀ ਸ਼ੋਭਾ ਨੂੰ ਕਟਦੀਆਂ ਹਨ।

ਬਿਧੁ ਬਦਨੀ ਬਦਨੀ ਅਮੀ ਸ੍ਰਵਾ[1]।

[1]ਚੰਦ੍ਰਮਾਂ ਵਰਗੇ ਮੁਖ ਵਾਲੀ ਜਿਸ ਦੇ ਮੂੰਹ ਚੋਂ ਅੰਮ੍ਰਿਤ ਵਗਦਾ ਹੈ।

ਤਿਲ ਭਰ ਛਬਿ ਤੂਲਿ ਤਿਲੋਤਮ ਨਾ[1]।

[1]ਤਿਲੋਤਮਾ (ਇੱਕ ਅਪੱਛਰਾਂ) ਦੀ ਸ਼ੋਭਾ ਉਸ ਦੀ ਤਿਲ ਜਿੰਨੀ ਸ਼ੋਭਾ ਦੇ ਵੀ ਬਰਾਬਰ ਨਹੀਂ।

ਉਰਬਸੀ[1] ਸਚੀ[2] ਤਿਯ ਗੋਤਮ ਨਾ[3] ॥੮੬॥

[1]ਸੁਰਗ ਦੀ ਅਪੱਛਰਾਂ। [2]ਇੰਦ੍ਰ ਦੀ ਇਸਤ੍ਰੀ। [3]ਗੋਤਮ ਦੀ ਇਸਤ੍ਰੀ ਅਹੱਲਿਆ ਵੀ ਬਰਾਬਰ ਨਹੀਂ।

ਪਿਖਿ ਕਾਮ ਤਿਯਾ ਜਿਹ ਲਾਜ ਧਰੈਂ[1]।

[1]ਕਾਮ ਦੀ ਇਸਤ੍ਰੀ 'ਰਤੀ' ਵੀ ਜਿਸ ਨੂੰ ਦੇਖ ਕੇ ਸ਼ਰਮ ਕਰਦੀ ਹੈ।

ਜਿਹੰ ਹੇਰਿ ਸੁਰਾਸੁਰ ਕਾਜ ਹਰੈਂ[1]।

[1]ਜਿਸ ਨੂੰ ਦੇਖ ਕੇ ਦੇਵਤੇ ਤੇ ਦੈਂਤ ਕੰਮ ਛੱਡ ਦੇਂਦੇ ਹਨ।

ਪਿਕ ਬੈਨੀ[1] ਮੈਨੀ ਰੂਪਵਤੀ[2]।

[1]ਕੋਇਲ ਵਰਗੇ ਬੋਲਾਂ ਵਾਲੀ। [2]ਮੈਨਵਤੀ ਵਰਗੇ ਰੂਪ ਵਾਲੀ (ਮੈਨਵਤੀ-ਸੰਬਰ ਦੀਰਾਣੀ ਜਿਸ ਨੇ ਕ੍ਰਿਸ਼ਨ ਦੇ ਪੁੱਤਰ ਪ੍ਰਦੁਮਨ ਨੂੰ ਪਤੀ ਧਾਰਨ ਕੀਤਾ)।

ਜਤ ਖੋਇ ਧਰੈਂ ਜਿਹ ਜੋਇ ਜਤੀ[1] ॥੮੭॥

[1]ਜਿਸਨੂੰ ਦੇਖਕੇ ਜਤੀ ਆਪਣਾ ਜਤ ਗਵਾ ਬੈਠਦੇ ਹਨ।

ਇਕ ਐਸ ਸੁੰਦਰੀ ਨਾਰਿ ਮਹਾਂ।

ਤਬਿ ਬੰਦੇ ਲਈ ਬਿਵਾਹ ਤਹਾਂ।

ਬਹੁ ਆਸਨ ਚੁੰਬਨ ਕੋਕ ਤਰੈਂ[1]।

[1]ਕੋਕ ਸ਼ਾਸਤ੍ਰ ਦੀ ਰੀਤੀ ਅਨੁਸਾਰ।

ਕਰਿ ਆਲਿੰਗਨ ਬਿਬਿਧਾਹਿ ਭਰੈਂ[1] ॥੮੮॥

[1]ਭਲੀ ਤਰ੍ਹਾਂ ਅੰਗਾਂ ਨਾਲ ਲਾਉਂਦਾ ਹੈ।

ਇਸ ਤੈ ਤਹਿੰ ਹੀ ਤਿਹ ਚੀਤ ਫਸਜੋ[1]।

[1]ਏਸੇ ਵਾਸਤੇ ਉਥੇ ਉਸਦਾ ਚਿੱਤ ਫਸ ਗਿਆ।

ਰਸ ਤਾਂਹਿ ਵਿਖੈ ਅਤਿਸੈਂ ਸੁਰਸਜੋ[1]।

[1]ਉਸ ਦੇ ਰਸ ਵਿੱਚ ਉਹ ਬਹੁਤਾ ਲੀਨ ਹੋ ਗਿਆ।

ਤਿਹ ਸੰਗ ਨਿਸੰਗ ਅਨੰਗ ਕਲਾ[1]।

[1]ਕਾਮ ਚੇਸ਼ਟਾ।

ਨਿਸ ਦਯੋਸ ਕਰੈ ਮੁਦ ਪਾਇ ਭਲਾ ॥੮੯॥

ਤਬਿ ਪੇਟ ਥਯੋ ਤਿਸ ਤੀਯ ਤਈਂ।

ਲਰਕੀ ਫਿਰ ਸੁੰਦਰ ਤਾਂਹਿ ਜਈ[1] ॥੯੦॥

[1]ਪੈਦਾ ਕੀਤੀ।

ਦੋਹਰਾ:

ਤਹਿ ਬੰਦਾ ਤਬਿ ਮੋਦ ਧਰਿ,
ਰਹਜੋ ਸਦਨ ਨਿਜ ਛਾਇ[1]।
ਨਰ ਨਾਰੀ ਮੰਨਤ ਕਰੈਂ,
ਪੂਜਨ ਹ੍ਵੈ ਅਧਿਕਾਇ ॥ ੯੧ ॥
ਚੰਬੇ ਕੇ ਪਰਬਤ ਵਿਖੇ,
ਬੰਦਾ ਪੀਰ ਕਹਾਇ।
ਮਨ ਭਾਵਤ ਫਲ ਦੇਵਹੀ,
ਮੰਨਤ ਕਰੇ ਜੁ ਆਇ ॥ ੯੨ ॥
ਅਜ਼ਮਤ ਨਾਨ੍ਹਾ ਭਾਂਤਿ ਕੀ,
ਲੋਗਨ ਕੋ ਦਿਖਰਾਇ।
ਕੀਨੇ ਅਪਨੇ ਸਿੱਖ ਬਹੁ,
ਦਰਸ਼ਨ ਫਤੇ ਕਹਾਇ ॥ ੯੩ ॥
ਰਚਜੋ ਦੇਹੁਰਾ[1] ਤਬਿ ਤਹਾਂ,
ਗੁਰੁ ਕਾ ਹੈ ਅਬਿ ਜੋਇ।
ਮਾਨਤ ਅਬਿ ਲੌ ਨਾਰਿ ਨਰ,
ਜਾਨਤ ਹੈ ਸਭਿ ਕੋਇ ॥ ੯੪ ॥
ਭੋਗ ਬਿਲਾਸਨ ਵੀਚ ਹੀ,
ਸਾਲ ਕੁ ਦੀਓ ਬਿਤਾਇ।
ਇਕ ਬਾਲਕ ਇਕ ਬਾਲਕੀ,
ਜਤ ਖ੍ਵੈ ਲਏ ਉਪਾਇ[1] ॥ ੯੫ ॥
ਸੱਤ੍ਰਾਂ ਸੈ ਸਤਾਹਟਾ,
ਬੀਤ ਗਯੋ ਇਮ ਸਾਲ।
ਬੰਦੇ ਕੋ ਚੰਬੇ ਵਿਖੈ,
ਥਿਰਜੋ ਅਧਜਾਇ ਨਿਹਾਲ[1] ॥ ੯੬ ॥

[1]ਆਪਣਾ ਘਰ ਬਣਾ ਕੇ।

[1]ਗੁਰਾਂ ਦਾ ਦੇਹੁਰਾ।

[1]ਪੈਦਾ ਕਰ ਕੇ ਜਦ ਗਵਾ ਲਿਆ।

[1]ਬੰਦੇ ਨੂੰ ਠਹਿਰਿਆ ਦੇਖ ਕੇ ਅਧਿਆਇ ਵੀ ਠਹਿਰ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਬੰਦੇ ਕਾ ਪਰਬਤੋਂ ਮੇਂ ਨਿਵਾਸ, ਸ਼ਾਦੀਆਂ ਕਰਨ' ਬਰਨਨੰ ਨਾਮ ਦਸਮੋਂ ਬਿਸ੍ਰਾਮ ॥ ੧੦ ॥

੧੧. {ਸ਼ਾਹਜ਼ਾਦੇ ਨਾਲ ਸਰਹੰਦ ਤੇ ਲੋਹਗੜ੍ਹ ਦਾ ਜੰਗ, ਸਿੰਘਾਂ ਦੀ ਫ਼ਤਹ}

ਦੋਹਰਾ:

ਹਲਤ ਪਲਤ ਸਭਿ ਸੁਖ ਭਵੈਂ,
ਭਵ ਬੰਧਨ ਹ੍ਵੈਂ ਹਾਨ[1]।
ਧਜਾਨ ਗੁਰੂ ਹਰਿਰਾਇ ਕੋ,
ਕਰਤ ਸਦਾ ਕਲਜਾਨ ॥੧॥

[1]ਲੋਕ ਪ੍ਰਲੋਕ ਦੇ ਸਾਰੇ ਸੁਖ ਪ੍ਰਾਪਤ ਹੋਣਗੇ, ਜੰਮਣ-ਮਰਨ ਦੇ ਬੰਧਨ ਨਾਸ ਹੋ ਜਾਣਗੇ।

ਤੁਰਕਨ ਕੀ ਫਰਯਾਦ ਸੁਨਿ,
ਨਿਜ ਸ਼ਹਜ਼ਾਦੇ ਸ਼ਾਹਿ[1]।
ਦੈ ਬਹੁ ਫੌਜ ਚਢਾਯ ਹੈ,
ਸਰਹੰਦ ਲੜ ਹੈ ਵਾਹਿ[1] ॥੨॥

[1]ਬਾਦਸ਼ਾਹ ਆਪਣੇ ਸ਼ਹਿਜ਼ਾਦੇ ਨੂੰ।

[1]ਉਹ (ਸ਼ਹਿਜ਼ਾਦਾ)।

ਹੋਇ ਜੰਗ ਬਡ ਲੋਹਗੜ੍ਹ,
ਬੰਦਾ ਪੈਹੈ ਜੀਤ।
ਸੋ ਗਾਥਾ ਇਸ ਧਜਾਇ ਤੈ,
ਸੁਨੋ ਖਾਲਸਾ ਮੀਤ ॥੩॥

ਚੌਪਈ:

ਬੰਦਾ ਵੀਚ ਪਹਾਰ ਰਹਾਵੈ।
ਅਧਿਕ ਭਾਂਤਿ ਕੀ ਸ਼ਕਤਿ ਦਿਖਾਵੈ।
ਨਾਰਿ ਪਦਮਨੀ ਜਹਾਂ ਅਮੰਦਾ[1]।
ਪਰਚ ਰਹਜੋ ਤਿਨ ਸੋਂ ਤਹਿਂ ਬੰਦਾ ॥੪॥

[1]ਜਿੱਥੇ ਬੰਦੇ ਕੋਲ (ਦੋ) (ਅਮੰਦਾ) ਚੰਗੀਆਂ ਪਦਮਨੀਆਂ (ਵਰਗੀਆਂ) ਇਸਤ੍ਰੀਆਂ ਸਨ।

ਸਿੰਘ ਮੁਲਖ ਕਾਰਾਜ ਕਮਾਵੈਂ।
ਆਂਖ ਤਰੇ ਨਹਿਂ ਕਿਸੇ ਲਯਾਵੈਂ।
ਤੁਰਕ ਹੁਤੇ ਜੇਤਿਕ ਸਰਦਾਰਾ।
ਭਏ ਖਾਲਸੇ ਕੇ ਅਨੁਸਾਰਾ ॥੫॥
ਜਿਨ ਜਿਨ ਕੀਨੋ ਕਿਛੁ ਤਕਰਾਰੈ*[1]।
ਤੇ ਨਗਰਨ ਤੇ ਦਏ ਉਜਾਰੈਂ।
ਬਾਂਗ ਨਿਵਾਜ ਨ ਹੋਨੀ ਪਾਏ।
ਡਾਹਿ ਮਸੀਤੈਂ ਕਰੀ ਸਫਾਏ ॥੬॥

[1]ਝਗੜਾ। *ਮੂਲ 'ਚ ਪਾਠ ਇਕਰਾਰੈਂ ਹੈਂ ਜੋ ਅਸ਼ੁੱਧ ਹੈ।

ਹੁਤੇ ਪੀਰ ਖਾਨੇ[1] ਤਬਿ ਜੇਤੇ।
ਬੰਦੇ ਤਬੈ ਢਹਾਏ ਤੇਤੇ*।

[1]ਪੀਰਾਂ ਦੀਆਂ ਜਗ੍ਹਾਂ।

*ਮਸੀਤਾਂ ਤੇ ਪੀਰਖਾਨੇ ਢਾਹੁਣ ਵਾਲੀ ਗੱਲ ਸਿਰਫ਼ ਤਅੱਸਬੀ

ਮੁਸਲਮਾਨ ਲੇਖਕਾਂ ਨੇ ਸਿੰਘਾਂ ਨੂੰ ਬਦਨਾਮ ਕਰਨ ਲਈ ਲਿਖੀ ਹੈ, ਜਿਸ ਨੂੰ ਕਵੀ ਜੀ ਨੇ ਹੂਬਹੂ ਲਿਖ ਦਿੱਤਾ ਹੈ, ਵਰਨਾ ਨਵੀਨ ਖੋਜ ਦਸਦੀ ਹੈ ਕਿ ਸਿੰਘਾਂ ਨੇ ਜਾਂ ਬੰਦੇ ਨੇ ਕਿਸੇ ਥਾਂ ਵੀ ਕਿਸੇ ਮਸੀਤ ਜਾਂ ਪੀਰਖਾਨੇ ਨੂੰ ਨਾ ਢਾਹਿਆ ਹੈ ਤੇ ਨਾ ਬੇਅਦਬੀ ਕੀਤੀ ਹੈ। ਵਿਸਥਾਰ ਲਈ ਦੇਖੋ ਗੰਡਾ ਸਿੰਘ ਰਚਿਤ ਬੰਦਾ ਸਿੰਘ ਬਹਾਦਰ।

ਰਾਜ ਧਰਮ ਕਾ ਦਯੋ ਦਿਖਾਏ।
ਬਕਰੀ ਗਊ ਨ ਹਤਨੀ ਪਾਏ[1] ॥੭॥
ਜਿਤ ਜਿਤ ਸਿੰਘਨ ਕੇ ਦਲ ਜੈਹੈਂ।
ਆਯੋ ਬੰਦਾ ਆਯੋ ਕੈਹੈਂ।
ਮੁਸਲਮਾਨ ਨਿਜ ਘਰ ਤਜ ਭਾਗੈਂ।
ਸਿੰਘ ਤਿਨੋ ਕੇ ਪੀਛੇ ਲਾਗੈਂ ॥੮॥
ਲੂਟ ਮਾਰ ਕਰਿ ਖੁਾਰ ਤਜੈ ਹੈਂ।
ਜਥਾ ਕਰਜੋ ਤਿਨ ਤਥਾ ਭੁਗੈ ਹੈਂ।
ਜਮਨਾ ਬਜਾਸਾ ਨਦੀ ਮਝਾਰੇ।
ਜੇਤਿਕ ਹੈਂ ਯਹਿ ਮੁਲਕ ਅਪਾਰੇ ॥੯॥
ਤੁਰਕ ਨਗਾਰ-ਬੰਦ[1] ਥਾ ਜੋਈ।
ਰਹਿਨ ਦਯੋ ਸਿੰਘੈਂ ਨਹਿਂ ਕੋਈ।
ਠੌਰ ਠੌਰ ਤਬਿ ਸਿੰਘਨ ਬਿਸਾਲੈਂ।
ਗੁਰ ਅਸਥਾਨ ਰਚੀ ਧ੍ਰਮਸਾਲੈਂ ॥੧੦॥
ਜਬਿ ਸਰ੍ਹੰਦ ਬੰਦੇ ਥੀ ਮਾਰੀ।
ਹਤਜੋ ਬਜੀਦ ਖਾਨ ਕਰਿ ਖੁਾਰੀ।
ਏਕ ਬਜੀਦੇ ਕਾ ਸੁਤ ਤਬਿ ਹੀ।
ਦੌਰ ਗਯੋ ਥਾ ਪਿਖਿ ਦੁਖ ਸਭਿ ਹੀ ॥੧੧॥
ਦੱਖਨ ਜਾਇ ਹੈਦਰਾਬਾਦੈਂ।
ਬਾਦਸ਼ਾਹ ਢਿਗ ਕਰੀ ਫਰਯਾਦੈਂ।
ਸੋ ਬਹੁ ਬਿਧਿ ਥਾ ਰਹਜੋ ਪੁਕਾਰੀ।
ਬਾਦਸ਼ਾਹਿ ਨਹਿਂ ਕਿਛੁ ਦਿਲ ਧਾਰੀ ॥੧੨॥
ਦਸਮ ਗੁਰੂ ਕਾ ਕਰਜੋ ਲਿਹਾਜੈਂ।
ਨਹਿਂ ਬੰਦੇ ਸੋਂ ਕਰਜੋ ਕੁਕਾਜੈਂ[1]।
ਅਰ ਮਰ੍ਹਟਜੋਂ ਨੈ ਉਸ ਦਿਸ ਮਾਹੀਂ।

[1]ਕੋਈ ਨਹੀਂ ਸੀ ਮਾਰਦਾ।

[1]ਜਿਸ ਅੱਗੇ ਘੋੜੇ 'ਤੇ ਬੰਨ੍ਹਿਆ ਨਗਾਰਾ ਵੱਜੇ ਭਾਵ ਸੈਨਾ 'ਤੇ ਹੁਕਮ ਕਰਨ ਵਾਲਾ।

[1]ਵਿਗਾੜ।

ਗਦਲ[1] ਬਹੁਤ ਰਾਖਯੋ ਥਾ ਪਾਹੀਂ ॥੧੩॥ — [1]ਗਦਰ, ਹਲਚਲ।
ਬੰਦੋਬਸਤ ਤਿਸ ਦੇਸ ਮਝਾਰੇ।
ਸ਼ਾਹਿ ਰਹਯੋ ਥਾ ਕਰਿ ਤਬਿ ਸਾਰੇ।
ਤਿਸੀ ਫਿਕਰ ਕਰਿ ਸੁਨੀ ਨ ਸ਼ਾਹੈਂ।
ਤਾਂ ਕੀ ਤਬਿ ਫਰਯਾਦ ਸੁ ਚਾਹੈਂ[1] ॥੧੪॥ — [1]ਧਿਆਨ ਨਾਲ।

ਦੋਹਰਾ:
ਕੇਤਿਕ ਦਿਨ ਬੀਤੇ ਜਬੈ,
ਸ਼ਾਹਿ ਅਯੋ ਅਜਮੇਰ।
ਦੇਸ ਦੁਆਬੇ ਮਾਲਵਯੋਂ,
ਤੁਰਕਨ ਜਾਇ ਬਧੇਰ ॥੧੫॥
ਦਈ ਅਰਜੀਆਂ ਸ਼ਾਹਿ ਪੈ,
ਜੁਲਮ ਅਨੇਕ ਲਿਖਾਇ।
ਬੰਦੇ ਅਰ ਸਿੰਘਾਨ ਪਰ,
ਸ਼ਾਹਿ ਰਿਸੈ ਜਿਸ ਭਾਇ[1] ॥੧੬॥ — [1]ਜਿਸ ਢੰਗ ਨਾਲ ਬਾਦਸ਼ਾਹ ਗੁੱਸੇ ਹੋਵੇ।

ਚੌਪਈ:
ਕਈ ਹਜ਼ਾਰ ਜਬੈ ਯੌਂ ਅਰਜ਼ੀ।
ਦੀਨੀ ਤੁਰਕਨ ਹ੍ਵੈ ਕਰਿ ਗਰਜ਼ੀ[1]। — [1]ਲੋੜਵੰਦ।
ਅਰ ਬਹੁ ਖਲਕੈਂ[1] ਦਰ ਪਰ ਜਾਈ। — [1]ਪਰਜਾ ਨੇ।
ਬਾਲ ਮਿਸਾਲੈਂ ਦਿਨੈ ਦਿਖਾਈ ॥੧੭॥
ਸੁਨ ਕੈ ਬਾਦਸ਼ਾਹਿ ਘਬਰਾਯੋ।
ਇੰਨਤਜ਼ਾਮ ਤਬਿ ਕਰਨ ਚਹਾਯੋ।
ਤੇਗ, ਕਚਹਿਰੀ ਮੈਂ ਤਬਿ ਸ਼ਾਹੈਂ।
ਰਾਖੀ, ਬੰਦੇ ਹਰਨ ਹਿਤਾਹੈਂ[1] ॥੧੮॥ — [1]ਬੰਦੇ ਨੂੰ ਮਾਰਨ ਵਾਸਤੇ।
ਦਯੋ ਹੁਕਮ ਜੋ ਚੁਕ ਹੈ ਯਾਂ ਕੋ।
ਦੈਹੁਂ ਜਗੀਰ ਦੇਸ਼ ਤਿਸ ਬਾਂਕੋ।
ਔਰ ਕਿਸੈ ਜਬਿ ਨਾਹਿਂ ਉਠਾਈ।
ਬੰਦੇ ਕਾ ਡਰ ਮਾਨਿ ਮਹਾਂਈਂ ॥੧੯॥
ਬਾਦਸ਼ਾਹਿ ਤਬਿ ਨਿਜ ਸੁਤ ਤਾਂਈਂ।
ਜਹਾਂਦਾਰ ਕੋ ਪਠਯੋ ਚਢਾਈ।
ਦੈ ਬਹੁ ਫੌਜੈਂ ਬੀਰ ਅਪਾਰੈਂ।

ਜੇ ਥੇ ਗਿਨੀਅਤ ਜੰਗੀ ਭਾਰੈਂ[1] ॥੨੦॥
ਢਿਗ ਤਿਰਾਵੜੀ ਆਇ ਤਿਨੈ ਹੈਂ।
ਸਿੰਘਨ ਸੋਂ ਕਿਯ ਜੰਗ ਜਬੈ ਹੈ।
ਲਸ਼ਕਰ ਸ਼ਾਹੀ ਤੋਪੋਂ ਆਗੇ।
ਥੋਰੇ ਹੀ ਲਰ ਕੈ ਸਿੰਘ ਭਾਗੇ ॥੨੧॥
ਸਾਰ ਜਬੈ ਬੰਦੇ ਇਹੁ ਪਾਈ।
ਚੰਬੇ ਤੈ ਚਢ੍ਯੋ ਭਬਕਾਈ[1]।
ਅਯੋ ਪਰਬਤੋਂ ਪੈ ਸੇ ਐਸੇ।
ਚੰਡੀ ਚੰਡ ਮੁੰਡ ਹਿਤ ਜੈਸੇ[1] ॥੨੨॥
ਤੇਜ ਕੋਪ ਯੁਤ ਉਤਰ੍ਯੋ ਗਰਜਤ।
ਬਿਜਰੀ ਮਨੋ ਮੇਘ ਤੈ ਤਰਜਤ[1]।
ਫੌਰਨ ਪਹੁੰਚ੍ਯੋ ਸਰਹੰਦ ਜਾਏ।
ਇਕਠਾ ਪੰਥ ਕੀਨ ਸਮੁਦਾਏ ॥੨੩॥
ਮੁਖਲਸ ਗੜ੍ਹ ਨਾਹਣ ਕੇ ਤਲੇ।
ਮੁਖਲਸ ਖਾਨ ਰਚ੍ਯੋ ਥਾ ਭਲੇ।
ਹੁਤੀ ਸ਼ਿਕਾਰ ਗਾਹ ਇਹੁ ਸ਼ਾਹੀ।
ਸਾਠ ਕੁ ਕੋਸ ਮਾਹਿੰ ਤਬਿ ਤਾਂਹੀਂ ॥੨੪॥
ਜਬਿ ਸਰ੍ਹੰਦ ਬੰਦੇ ਥੀ ਮਾਰੀ।
ਕਬਜੇ ਕਿਲ੍ਹਾ ਕੀਨ ਸੋ ਭਾਰੀ।
ਮੁਖਲਸ ਖਾਨ ਭਯੋ ਕੋ ਸੂਬਾ।
ਤਾਂਹਿੰ ਰਚਾਯੋ ਥਾ ਸੋ ਖੂਬਾ[1] ॥੨੫॥
ਇਹੈ ਸਢੌਰੇ ਵਾਰੇ ਪੀਰੈਂ।
ਦਿਖਰਾਯੋ ਥਾ ਪਹਿਲੇ ਬੀਰੈਂ[1]।
ਦੁਰਗ ਬਡੋ ਦਿਢ ਬਿਖੜੀ ਠੌਰੈਂ[1]।
ਬੰਦੇ ਕੇ ਪਸਿੰਦ ਥਾ ਗੌਰੈਂ[1] ॥੨੬॥
ਬਾਦ ਸਰ੍ਹੰਦ ਮਾਰਨੇ ਤੈ ਸੋ।
ਬੰਦੇ ਨਿਜ ਕਬਜੇ ਮੈਂ ਲੈ ਸੋ।
ਤਿਸ ਮੈਂ ਫੌਜ ਖਾਸ ਨਿਜ ਰਾਖੀ।
ਸ਼ਸਤਰ ਜਮ੍ਹਾਂ ਕਰੇ ਥੇ ਲਾਖੀ[1] ॥੨੭॥

[1]ਬਹੁਤੇ ਲੜਾਕੇ।

[1]ਸ਼ੇਰ ਵਾਂਗ ਗੱਜ ਕੇ।

[1]ਬੰਦਾ ਪਹਾੜਾਂ ਉੱਤੋਂ ਇਸ ਤਰ੍ਹਾਂ ਆਇਆ ਜਿਵੇਂ ਚੰਡ ਤੇ ਮੁੰਡਰਾਖਸ਼ਾਂ ਨੂੰ ਮਾਰਨ ਲਈ ਚੰਡੀ ਆਈ ਸੀ।

[1]ਜਾਣੋਂ ਬੱਦਲਾਂ ਚੋਂ ਨਿਕਲ ਕੇ ਬਿਜਲੀ (ਤਰਜਤ) ਤਾੜਦੀ ਹੈ।

[1]ਚੰਗਾ।

[1]ਪਹਿਲੀ ਵਾਰ।

[1]ਔਖੀ ਥਾਂ ਤੇ ਵੱਡਾ ਮਜ਼ਬੂਤ ਕਿਲ੍ਹਾ ਸੀ।

[1]ਬਹੁਤ।

[1]ਲੱਖਾਂ ਹੀ।

ਬੇਸ਼ੁਮਾਰ ਦੌਲਤ ਖਾਜਾਨੈ।
ਹੁਤੋ ਤਾਂਹਿ ਕੇ ਵੀਚ ਮਹਾਨੈ।
ਅਬਿ ਸ਼ਾਹਜ਼ਾਦਾ ਜਬਿ ਚਢਿ ਆਯੋ।
ਤਾਂ ਤੇ ਬੰਦੇ ਸੋਊ ਤਕਾਯੋ[1] ॥੨੮॥ — [1](ਮੁਕਾਬਲੇ ਲਈ) ਉਹ ਕਿਲ੍ਹਾ ਤਕਾਇਆ।
ਬਹੁਤ ਸਮਾਨ ਫੌਜ ਤਹਿਂ ਪਠੀ।
ਆਪ ਸਰੂੰਦ ਰਹਯੋ ਤਬਿ ਹਠੀ।
ਵੀਚ ਸਰੂੰਦ ਸਿੰਘ ਏਕੱਠੇ।
ਭਏ ਆਇ ਇਤ ਉਤ ਤੈ ਨੱਠੇ ॥੨੯॥
ਪੈਹੈਂ ਜੋਰ ਤੁ ਜੈਹੈਂ ਤੈਹੈਂ।
ਇਹੁ ਮਨ ਮੈਂ ਰਾਖੀ ਦਿਢ ਕੈਹੈਂ।
ਤਬਿ ਲੌ ਲਸ਼ਕਰ ਸ਼ਾਹੀ ਆਯੋ।
ਜੰਗ ਸਰੂੰਦ ਬੁਲੰਦ ਮਚਾਯੋ ॥੩੦॥
ਚਲੀ ਤੋਪ ਤੁੱਪਕ ਦੁਹਿਂ ਓਰੀ।
ਦੋਇ ਦਿਵਸ ਨਿਸ, ਅਤੀ ਨ ਥੋਰੀ[1]। — [1]ਥੋੜ੍ਹੀਆਂ ਨਹੀਂ ਬਹੁਤੀਆਂ ਚੱਲੀਆਂ।
ਤੁਰਕ ਸਰੂੰਦੀ, ਸਿੰਘਨ ਕੇਰੈਂ।
ਸੱਤ੍ਰੂ ਅੰਦਰੋਂ ਭਏ ਬਧੇਰੈਂ ॥੩੧॥
ਛੋਰਿ ਸ਼ਹਿਰ ਸਿੰਘ ਨਿਕਸੇ ਬਾਹਰ।
ਕੀਨੋਂ ਜੰਗ ਦੁਹੂੰ ਦਿਸ ਕਾਹਰ[1]। — [1]ਕਹਿਰ ਦਾ।
ਬਾਦਸ਼ਾਹਿ ਦਿਨ ਕਾ ਘਰ ਗਯੋ[1]। — [1]ਜਦੋਂ ਦਿਨ ਦਾ ਬਾਦਸ਼ਾਹ (ਸੂਰਜ) ਘਰ ਚਲਿਆ ਗਿਆ ਭਾਵ ਛੁਪ ਗਿਆ।
ਤਮ ਅਗਜਾਨ ਤ੍ਰੁਕਨ ਪੈ ਛਯੋ[1] ॥੩੨॥ — [1]ਤਦੋਂ ਤੁਰਕਾਂ ਤੇ ਅਨ੍ਹੇਰੇ (ਅਗਿਆਨ) ਦਾ ਪੜਦਾ ਪੈ ਗਿਆ।

ਦੋਹਰਾ:
ਸਿੰਘਨ ਤਬਿ ਹੱਲਾ ਕਰਯੋ,
ਨਿਕਸ ਚਲੇ ਦੈ ਜੋਰ।
ਪਾਇ ਸਾਰ[1] ਅਰਰਾਇ ਕੈ[2], — [1]ਖ਼ਬਰ। [2]ਅਰੜਾ ਕੇ।
ਆਏ ਤੁਰਕ ਬਹੋਰ ॥੩੩॥

ਭੁਜੰਗ ਪ੍ਰਯਾਤ ਛੰਦ:
ਚਮੂੰ ਆਨਿ ਜੁੱਟੀ, ਉਭੈ[1] ਜੋਰ ਦੈ ਕੈ। — [1]ਦੋਹਾਂ ਪਾਸਿਆਂ ਤੋਂ।
ਲਰੈਂ ਬੀਰ ਬਾਂਕੇ, ਰਵੰ ਘੋਰ ਕੈ ਕੈ[1]। — [1]ਭਿਆਨਕ ਬਾਣੀ ਬੋਲ ਕੇ।
ਚਲੀ ਸੈਹਥੀ[1] ਤੇਗ ਬੰਦੂਕ ਭਾਰੀ। — [1]ਬਰਛੀਆਂ।

ਕਟਾ ਕੁੱਟ ਮੱਚੀ, ਨਚੀ ਆਇ ਕਾਰੀ[1] ॥੩੪॥	[1]ਕਾਲੀ ਦੇਵੀ।
ਬਜੈਂ ਬਾਜ ਮਾਰੂ[1], ਸਮੰ ਮੇਘ ਗੱਜੈਂ।	[1]ਜੰਗੀ ਵਾਜੇ।
ਜਿਨੈ ਕੋ ਸੁਨੈ ਕੈ, ਨਹੀਂ ਕੂਰ[1] ਭੱਜੈਂ।	[1]ਕਾਇਰ।
ਛੁਟੈਂ ਸੇਲ ਸਾਗੈਂ[1] ਜੁਟੇ ਸੂਰਮੇਯੰ[2]।	[1]ਬਰਛੇ ਤੇ ਬਰਛੀਆਂ। [2]ਸੂਰਮੇਂ ਇਸ ਤਰ੍ਹਾਂ ਜੁੱਟੇ।
ਘਨੇ ਮਾਰ ਮਾਰੈਂ, ਸੁਟੇ ਧੂਰ ਮੇਯੰ[1] ॥੩੫॥	[1]ਧੂੜ ਵਿੱਚ।
ਧੁਖੈਂ ਜੋ ਪਲੀਤੇ ਚਮੱਕੈਂ ਜੁ ਤੇਗੈਂ।	
ਚਲੈਂ ਸੈਫ[1] ਸਾਫੈ, ਬਲੰ ਸਾਥ ਬੇਗੈਂ[2]।	[1]ਸਿੱਧੀਆਂ ਤਲਵਾਰਾਂ। [2]ਬਲ ਨਾਲ ਛੇਤੀ।
ਮਨੋ ਮੇਘ ਗਰਜੈ, ਤੂਜੈਂ ਬੀਜ ਲੋਲੈ[1]।	[1]ਚੰਚਲ ਬਿਜਲੀਆਂ ਤਾੜਦੀਆਂ ਹਨ।
ਬ੍ਰਸੈਂ ਤੀਰ ਗੋਲੀ, ਮਨੋ ਮੇਂਹ ਗੋਲੈ[1] ॥੩੬॥	[1]ਬੱਦਲ ਦੇ ਗੋਲੇ ਭਾਵ ਗੜੇ।
ਸਰੋਹੀ[1] ਫੁਲਾਦੀ, ਜੁਨੱਬੀ[2] ਹਲੱਬੀ[3]।	[1]ਰਾਜਿਸਥਾਨ ਦੇ ਸਿਰੋਹੀ ਨੱਗਰ ਦੀ ਬਣੀ ਹੋਈ ਤਲਵਾਰ। [2]ਆਰਮੇਨੀਆਂ ਮੁਲਕ ਦੇ ਸ਼ਹਿਰ ਜਨੱਬ ਦੀ ਬਣੀ ਹੋਈ ਤਲਵਾਰ। [3]ਸ਼ਾਮ ਦੇਸ਼ ਦੇ ਸ਼ਹਿਰ ਹਲੱਬ ਦੀ ਬਣੀ ਹੋਈ ਤਲਵਾਰ।
ਬਢੈਂ ਬਾਢਵਾਰੇ, ਦੁਧਾਰੇ ਅਰੱਬੀ[1]।	[1]ਵੱਢਣ ਵਾਲੇ ਸੂਰਮੇਂ ਅਰਬ ਦੇਸ਼ ਦੇ ਬਣੇ ਹੋਏ ਦੋ ਧਾਰਿਆਂ ਖੰਡਿਆਂ ਨਾਲ ਵਢਦੇ ਹਨ।
ਕਟੈਂ ਟੋਪ ਪੇਟੀ, ਸਜੋਏਂ ਛਣੱਕੈਂ[1]।	[1]ਸੰਜੋਆਂ ਛਣਕਦੀਆਂ ਹਨ।
ਬਜੈ ਖੱਗ ਪੈ ਖੱਗ[1] ਸੋ ਯੌਂ ਠਣੱਕੈਂ[2] ॥੩੭॥	[1]ਤਲਵਾਰ ਉੱਤੇ ਤਲਵਾਰ। [2]ਉਹ ਇਸ ਤਰ੍ਹਾਂ ਖੜਕਦੀਆਂ ਹਨ।
ਘੜੈਂ ਜੈਸ ਆਰੇ[1], ਲੁਹਾਰੇ ਅਪਾਰੇ।	[1]ਆਰਾ ਦਾ ਬਹੁ-ਬਚਨ (ਆਰਾ-ਇਕ ਦੰਦਦਾਰ ਸੰਦ ਜਿਸ ਨਾਲ ਲੱਕੜ ਚੀਰੀਦੀ ਹੈ।)
ਘਨੇਂ ਰੁੰਡ ਮੁੰਡੰ, ਧਰਾ ਪੈ ਬਿਥਾਰੇ[1]।	[1]ਬਹੁਤੇ ਧੜ ਤੇ ਸਿਰ ਧਰਤੀ 'ਤੇ ਖਿੰਡਾ ਦਿੱਤੇ।
ਖਚਾ ਖੱਚ ਬਾਹੈਂ[1], ਗਚਾ ਗੱਚ ਤੇਗੈਂ।	[1](ਖਚਾ-ਖਚ) ਛੇਤੀ ਛੇਤੀ ਤਲਵਾਰਾਂ ਵਾਹੁੰਦੇ ਹਨ।
ਭਰੀ ਖ਼ੂੰਨ ਸੰਗੈਂ[1], ਭਿਗੇ ਬੀਰ ਬੇਗੈਂ[2] ॥੩੮॥	[1]ਤਲਵਾਰਾਂ ਖ਼ੂਨ ਨਾਲ (ਗਚਾਗੱਚ) ਬਹੁਤ ਭਰ ਜਾਂਦੀਆਂ ਹਨ। [2]ਸੂਰਮੇਂ ਛੇਤੀ ਭਿੱਜ ਜਾਂਦੇ ਹਨ।
ਪਟੇ ਬਾਜ ਬਾਜੇ, ਨਿਜੰ ਕੋ ਬਚੈ ਹੈਂ[1]।	[1](ਬਾਜੇ) ਕੋਈ ਕੋਈ ਗੱਤਕੇ ਦੇ ਖਿਡਾਰੀ ਆਪਣੇ ਆਪ ਨੂੰ ਬਚਾਉਂਦੇ ਹਨ।
ਸੁਟੈਂ ਘਾਇ ਕੈ[1] ਦੂਸਰੇ ਕੋ ਤਬੈ ਹੈਂ।	[1]ਮਾਰ ਕੇ।
ਧਰਾ ਪੈ ਪਰੇ, ਬੀਰ ਬੇਹੋਸ਼ ਹੋਏ।	
ਮਨੋਂ ਖਾਇ ਕੈ ਭੰਗ, ਮਾਲੰਗ ਸੋਏ ॥੩੯॥	
ਤਬੈ ਕੋਪ ਬੰਦੇ, ਬ੍ਰਿੰਦੈ ਬਾਨ ਬਰਖੇ[1]।	[1]ਬਹੁਤੇ ਤੀਰਾਂ ਦੀ ਬਰਖਾ ਕੀਤੀ।
ਘਨੇ ਜ੍ਵਾਨ ਤੁਰਕਾਨ ਕੇ, ਪ੍ਰਾਨ ਕਰਖੇ[1]।	[1]ਪ੍ਰਾਣ ਖਿੱਚੇ ਭਾਵ ਮਾਰੇ।
ਪੁਨਾ ਬੀਰ ਖਾਵੀਸ[1] ਭੀ, ਪ੍ਰੇਰ ਦੀਨੇ।	[1]ਭੂਤ, ਪ੍ਰੇਤ।

ਤਿਨੈ ਰੂਪ ਭੈਆਨਕੈਂ, ਆਨਿ ਕੀਨੇ ॥ ੪੦ ॥

ਜਿਨੈ ਹੇਰ ਕੈ, ਹੋਇ ਭੈ ਭੀਤ ਭਾਰੀ[1]।

[1]ਬਹੁਤੇ ਡਰ ਸਹਿਤ ਹੋ ਕੇ।

ਭਈ ਸੈਨ ਤੁਰਕੈਨ, ਬੇਚੈਨ ਕਾਰੀ[1]।

[1]ਬਹੁਤੀ।

ਚਲੀ ਦੌਰ ਗੌਰੈਂ, ਸੁ ਠੌਰੈਂ ਤਿਆਗੇ।
ਲਯੋ ਸੰਗ ਸਿੰਘੈਂ, ਭਯੋ ਸਾਧੁ ਆਗੇ ॥ ੪੧ ॥

ਘਨੀ ਸ਼ਾਹਿਜ਼ਾਦੇ ਮਤਾਬੀ[1] ਚਢਾਈ।

[1]ਦੁਸ਼ਮਣਾਂ ਨੂੰ ਤੱਕਣ ਲਈ ਅਕਾਸ਼ 'ਚ ਚੜ੍ਹਾਉਣ ਵਾਲੀ ਬੱਤੀ।

ਪਿਖੇ ਸਿੰਘ ਤੌ ਲੌਂ ਗਏ ਹੈਂ ਪਲਾਈ[1]।

[1]ਨੱਸ ਗਏ।

ਨਿਸਾ ਜੋ ਬਿਤੀ ਹੈ ਚਢ੍ਯੋ ਦਯੋਸ-ਰਾਈ[1]।

[1]ਸੂਰਜ।

ਚਮੂੰ[1] ਸ਼ਾਹਿਜ਼ਾਦੈ ਪੁਨਾ ਸ੍ਵੈ[2] ਚਢਾਈ ॥ ੪੨ ॥

[1]ਫੌਜ। [2]ਆਪਣੀ।

ਰਹੇ ਲੋਗ ਸਜਾਨੇ, ਤਿਸੇ ਕੋ ਹਟਾਈ।
ਨਹੀਂ ਤਾਂਹਿ ਮਾਨੀ, ਗਯੋ ਗੈਲ ਧਾਈ[1]।

[1]ਪਿੱਛੇ ਦੌੜ ਕੇ।

ਕਰੋਂ ਨੇਸਤੰ ਮੈਂ ਸਿਖੈਂ ਕੌਮ[1] ਕੈਹੈ।

[1]ਮੈਂ ਸਿੱਖ ਕੌਮ ਨੂੰ ਨਾਸ ਕਰ ਦਿਆਂਗਾ।

ਗਹੋਂ ਸਾਧ ਬੰਦੇ ਤਈਂ ਐਸ ਚੈਹੈ ॥ ੪੩ ॥
ਇਤੈ ਆਇ ਬੰਦੇ ਸੁ ਸਿੰਘੈਂ ਕਿਲੇ ਮੈਂ।
ਫਰ੍ਯੋ ਫੇਰ ਜੋਰੰ ਅਹੀ ਜ੍ਯੋਂ ਬਿਲੇ ਮੈਂ[1] ॥ ੪੪ ॥

[1]ਸੱਪ ਜਿਵੇਂ ਖੁੱਡ ਵਿੱਚ ਜ਼ੋਰ ਪਕੜਦਾ ਹੈ।

ਦੋਹਰਾ:

ਨਾਮ ਲੋਹਗੜ੍ਹ ਕਿਲਾ ਜੋ,
ਬੰਦੇ ਆਕੀ ਕੀਨ।
ਅੰਦਰ ਹੁਤੋ ਸਮਾਨ ਬਹੁ,
ਸਿੰਘਨ ਕੇ ਢਿਗ ਪੀਨ[1] ॥ ੪੫ ॥

[1]ਬਹੁਤਾ।

ਲਗੀ ਲਰਾਈ ਹੋਨ ਫਿਰ,
ਤੋਪ ਜੰਬੂਰਨ[1] ਕੇਰ।

[1]ਛੋਟੀਆਂ ਤੋਪਾਂ।

ਨਾਹਣੇਸ ਕੋ ਮਦਦ ਹਿਤ,
ਸ਼ਾਹਜ਼ਾਦੇ ਲਿਯ ਟੇਰਿ[1] ॥ ੪੬ ॥

[1]ਬੁਲਾ ਲਿਆ।

ਪਾਧਰੀ ਛੰਦ:

ਤਬਿ ਸਰਪ ਚਚੂੰਧਰ ਜੈਸ ਬਾਤ।
ਪਤਿ-ਨਾਹਣ ਕੋ ਆ ਬਨੀ ਸਾਤ[1]।

[1]ਠੀਕ (ਉਸੇ ਤਰ੍ਹਾਂ)।

ਆਖਰ ਤਿਸ ਤਈਂ ਬਜੀਰ ਤਾਂਹਿ।
ਲਜਾਯੋ ਸ਼ਾਹਜ਼ਾਦੇ ਓਰ ਚਾਹਿ[1] ॥ ੪੭ ॥

[1]ਉਤਸ਼ਾਹ ਦੇ ਕੇ।

ਸਿੰਘਨ ਕੀ ਕੀਨੀ ਰਸਦ ਬੰਦ।

ਘਤ ਘੇਰਾ ਰਾਖ੍ਯੋ ਰੋਜ਼ ਚੰਦ[1]। [1]ਕੁਝਕੁ ਦਿਨ।
ਤਬਿ ਬੰਦੇ ਦੀਨੋ ਹੁਕਮ ਏਹੁ।
ਲੁਟ ਨਾਹਣੇਸ ਕਾ ਦੇਸ ਲੇਹੁ ॥੪੮॥
ਥਾ ਦੇਸ ਨ੍ਰਿਪ ਕਾ ਕਿਲੇ ਪਾਸ।
ਇਸ ਹੇਤ ਲੂਟ੍ਯੋ ਸਿੰਘਨ ਖਾਸ[1]। [1]ਖਾਸ ਕਰ ਕੇ।
ਦਿਨ ਛੱਬੀ ਬੀਤੇ ਜਬੈ ਐਸ।
ਨਹਿ ਮਿਟ੍ਯੋ ਜੰਗ ਦੁਹਿ ਦਿਸੈ ਕੈਸ ॥੪੯॥
ਸੈਨਾ ਤੁਰਕਾਨੀ ਔਰ ਆਇ।
ਨਿੱਤ ਸ਼ਾਹਜ਼ਾਦੇ ਸੋਂ ਮਿਲਤ ਜਾਇ।
ਹੈ ਕਿਲਾ ਸੋਇ ਪਾਹਾੜ ਵੀਚ।
ਨਹਿਂ ਤੋੜ ਸਕੈਂ ਇਮ ਤੁਰਕ ਨੀਚ ॥੫੦॥
ਸਿੰਘ ਊਪਰ ਤੈਂ ਤੋਪੈਂ ਬੰਦੂਕ।
ਮਾਰਤ ਥੇ ਤੁਰਕੈਂ ਕੋ ਅਚੂਕ[1]। [1]ਨਿਸ਼ਾਨੇ ਤੋਂ ਨਾ ਉੱਕਣ ਵਾਲੀਆਂ।
ਤੁਰਕਨ ਕੀ ਊਪਰ ਲਗੈ ਨਾਹਿਂ।
ਇਸ ਹੇਤ ਸੁ ਘੇਰਾ ਬਹੇ ਪਾਇ ॥੫੧॥
ਨਹਿਂ ਅੰਦਰ ਕਿਛੁ ਭੀ ਜਾਨ ਦੈਂਹ।
ਮਰ ਹੈਂ ਖੁਦ ਭੂਖੇ ਐਸ ਕੈਂਹ।
ਆਖਰ ਜਬਿ ਅੰਦਰ ਅੰਨ ਘਾਸ।
ਕਿਛੁ ਸਿੰਘਨ ਕੇ ਨਹਿਂ ਰਹ੍ਯੋ ਪਾਸ ॥੫੨॥
ਤਬਿ ਬਾਜ ਸਿੰਘ ਲੌ ਸਿੰਘਨ ਆਨ।
ਮਿਲ ਬੰਦੇ ਪੈ ਇਮ ਕਿਯ ਬਖਾਨ।
ਗੁਰ ਹਮ ਕੋ ਦੀਨੋ ਤੋਰ ਸੰਗ।
ਤੈਂ ਹਮੈਂ ਫਸਾਯੋ ਆ ਕੁਢੰਗ ॥੫੩॥
ਅਬਿ ਬਿਨਾ ਦਿਖਾਏ ਸ਼ਕਤਿ ਕੋਇ।
ਛੁਟਕਾਰਾ ਹਮਰਾ ਨਾਹਿਂ ਹੋਇ।
ਸਿੰਘ ਭੂਖੇ ਮਰਣੇ ਲਗੇ ਭੂਰ[1]। [1]ਬਹੁਤੇ।
ਤੁਮ ਕਹਾਂ ਕਰਤ ਹੋ ਜਾਪ ਕੂਰ[1] ॥੫੪॥ [1]ਝੂਠਾ।
ਤਬਿ ਬੰਦੇ ਭਾਖ੍ਯੋ ਰੋਜ ਸਾਤ[1]। [1]ਸੱਤ ਦਿਨ।
ਲਰਿ ਔਖੇ ਸੌਖੇ ਕਟੋ ਬਖਤਾਤ।
ਉਨ ਕਹ੍ਯੋ ਕਟਤ ਨਹਿਂ ਦਯੋਸ ਆਜ।

ਭੁਖਜੋ ਕੇ ਜਾਵਤ ਪ੍ਰਾਨ ਲਾਜ[1] ॥੫੫॥
[1]ਪ੍ਰਾਣ ਭੁਜਦੇ ਭਾਵ ਸੜਦੇ ਜਾਂਦੇ ਹਨ (ਲਾਜ-ਭੁੰਨਣਾ)।

ਨਾਹੀਂ ਤੋ ਤੁੰ ਅਬਿ ਦੈ ਜਬਾਬ।
ਹਮ ਮਰੈਂ ਸੱਤ੍ਰ ਸੋਂ ਲਰਿ ਸ਼ਿਤਾਬ[1]।
[1]ਛੇਤੀ।

ਕੈ ਬੀਰਨ ਤੈਂ ਕਛੁ ਖਾਨ ਹੇਤ।
ਮੰਗਵਾਇ ਦੈਹ ਹਮ ਬਚੈਂ ਜੇਤ[1] ॥੫੬॥
[1]ਜਿਸ ਕਰਕੇ।

ਤਬਿ ਬੰਦੇ ਭਾਖਜੋ ਆਜ ਰਾਤ।
ਤਜਿ ਕਿਲਾ ਭਗੋ ਕਰਿ ਸੱਤ੍ਰ ਘਾਤ[1]।
[1]ਵੈਰੀਆਂ ਨੂੰ ਮਾਰ ਕੇ।

ਨਿਸ ਸਵਾ ਪਹਿਰ ਜਬਿ ਰਹੀ ਆਇ।
ਤਬਿ ਬੰਦਾ ਲੈ ਸਭਿ ਸਿੰਘਨ ਤਾਇਂ ॥੫੭॥
ਦਲ ਤੁਰਕਾਨੀ ਮੈਂ ਧਸਜੋ ਧਾਇ।
ਜਿਮ ਅਜਾ ਬ੍ਰਿੰਦ ਪੈ ਬਿਰਕ ਪਾਇ[1]।
[1]ਜਿਵੇਂ ਬਹੁਤੀਆਂ ਬੱਕਰੀਆਂ ਤੇ ਬਘਿਆੜ ਪੈਂਦਾ ਹੈ।

ਥੇ ਜੱਦਜਪਿ ਭੁਖੇ ਸਿੰਘ ਭੂਰ।
ਤਉ ਭੀ ਬਹੁ ਕਰੇ ਸ਼ਿਕਾਰ ਸੂਰ[1] ॥੫੮॥
[1]ਤੁਰਕ।

ਦੁਹਿ ਦਿਸ ਤੈ ਹੋਏ ਹੱਥ ਵੱਥ।
ਧਰ ਪਰ ਧਰ ਬਿਖਰੇ ਪੈਰ ਮੱਥ[1]।
[1]ਧਰਤੀ ਉੱਤੇ ਧੜ, ਪੈਰ ਤੇ ਸਿਰ ਖਿੰਡੇ ਪਏ ਹਨ।

ਜਿਹ ਲਗੈ ਘਾਇ[1] ਤਿਹ ਜਗੈ ਜੋਸ਼।
[1]ਜ਼ਖ਼ਮ।

ਬਢ ਬੇਗ ਤੇਗ ਸੋਂ ਸੁਟੈ ਮੋਸ[1] ॥੫੯॥
[1]ਤਲਵਾਰ ਨਾਲ ਛੇਤੀ ਵੱਢ ਕੇ (ਮੋਸ) ਟੁਕੜੇ ਕਰ ਸੁਟਦੇ ਹਨ। (ਮੋਸ, ਮੁਸ-ਟੁਕੜੇ ਕਰਨਾ।)

ਬਮ ਸ੍ਰੋਣ ਕੌਣ ਨਹਿਂ ਭਿਗਜੋ ਅੰਗ[1]।
[1]ਖ਼ੂਨ (ਬਮ) ਵਗਦਾ ਹੈ ਜਿਸ ਨਾਲ ਕਿਸ ਦਾ ਅੰਗ ਨਹੀਂ ਭਿਜਿਆ ? ਭਾਵ ਸਾਰੇ ਅੰਗ ਭਿੱਜ ਗਏ।

ਜਨੁ ਖੇਲ ਫਾਗ ਪਾਗੇ ਸੁਰੰਗ[1]।
[1]ਜਾਣੋ (ਫਾਗ) ਹੋਲੀ ਖੇਡ ਕੇ ਚੰਗੇਰੰਗ 'ਚਰੰਗੇ ਗਏ।

ਝਟਪੱਟ ਕੱਟ ਸੁਟ ਧਰਾ ਜਾਹਿਂ[1]।
[1]ਧਰਤੀ 'ਤੇ ਸੁਟਦੇ ਜਾਂਦੇ ਹਨ।

ਨਹਿਂ ਬਾਤ ਪੂਛ ਹੈ ਕੋਇ ਕਾਂਹਿ ॥੬੦॥
ਮਰ ਗਯੋ ਧਰਾ ਮੈਂ ਕੀਚ ਨੀਚ[1]।
[1](ਨੀਚ) ਨੀਵੀਂ ਧਰਤੀ ਵਿੱਚ ਚਿਕੜ ਹੋ ਗਿਆ।

ਬਹੁ ਚਢੇ ਸ਼ਿਕੰਜੇ ਮੀਚ[1] ਵੀਚ।
[1]ਮੌਤ ਦੇ।

ਬੰਦੇ ਵੀ ਊਚੇ ਥਾਂ ਥਿਰਾਇ[1]।
[1]ਖੜੇ ਹੋ ਕੇ।

ਬਹੁ ਬਾਨ ਮੇਂਹ ਜਯੋਂ ਅਤਿ ਬਸਾਇ[1] ॥੬੧॥
[1]ਵਰ੍ਹਾਏ।

ਕੋ ਪਾਂਚ ਹਜ਼ਾਰੀ ਦਸ ਹਜ਼ਾਰਿ।
ਮਾਰੇ ਚੁਨ ਚੁਨ ਕੈ ਬਹੁ ਸੂਦਾਰ।
ਪੁਨ ਬਿਨਾਂ ਦੇਰ ਨਿਜ ਪ੍ਰੇਰ ਬੀਰ।

ਪਢਿ ਮੰਤ੍ਰ ਗੁਰੂ ਕਾ ਤਜਜੋ ਤੀਰ ॥ ੬੨ ॥
ਕੁਦਰਤ ਸੈਂ ਆਯੋ ਬਡ ਤੁਫਾਨ।
ਤੁਰਕਨ ਕੋ ਕੀਨੋ ਅਤਿ ਹਿਰਾਨ।
ਖੇਮੇ[1] ਕਾਨਾਤੈਂ ਸੁਟੇ ਪੁੱਟ। [1]ਤੰਬੂ।
ਗੇ ਕੰਕਰੀਨ ਸੋਂ ਨੈਨ ਫੁੱਟ ॥ ੬੩ ॥
ਹੈ ਗੈ ਚਿਕੱਤ ਕਤ ਗੇ ਪਲਾਇ[1]। [1]ਘੋੜੇ ਤੇ ਹਾਥੀ ਚੀਕਦੇ ਹੋਏ ਕਿਸੇ ਪਾਸੇ ਨੱਸ ਗਏ।
ਦਲ ਗਯੋ ਬਿਚਲ, ਇਤ ਉਤ ਭਗਾਇ[1]। [1]ਇੱਧਰ ਉਧਰ ਦੌੜ ਕੇ ਖਿੰਡ ਗਿਆ।
ਛੇ ਸਾਤ ਕੋਸ ਸਿੰਘੈਂ ਦਬਾਇ।
ਤੁਰਕਨ ਕੋ ਪੀਛਜੋਂ ਕਟਜੋ ਧਾਇ ॥ ੬੪ ॥
ਫਿਰ ਡੇਰਾ ਲੁਟਜੋ ਸੱਤ੍ਰੁ ਕੇਰ।
ਅਸਬਾਬ ਭਾਂਤਿ ਬਹੁ ਧਾ ਬਧੇਰ[1]। [1]ਬਹੁਤ ਤਰ੍ਹਾਂ ਦਾ ਬਹੁਤਾ ਸਾਮਾਨ ਸੀ।
ਕਰਿ ਦਯੋ ਜਮ੍ਹਾਂ ਸਭਿ ਕਿਲੇ ਮਾਹਿਂ।
ਜਿਹ ਨਾਮ ਲੋਹਗੜ ਦਿਢ ਮਹਾਂਹਿਂ ॥ ੬੫ ॥
ਨਾਹਣੇਸ ਡਰਿ ਪਠਿ ਕੈ ਬਜੀਰ।
ਦੈ ਭੇਟ ਸੁਲ੍ਹਾ ਕਰਿ ਲੀ ਗਹੀਰ[1]। [1]ਡੂੰਘੀ ਭਾਵ ਚੰਗੀ।
ਤਹਿਂ ਤੈ ਫਿਰ ਝਟ ਪਟ ਸਿੰਘਨ ਆਇ।
ਸਰਹੰਦ ਆਦਿ ਬਹੁ ਠੌਰ ਜਾਇ ॥ ੬੬ ॥
ਸਭਿ ਮੁਲਕ ਆਪਨੇ ਲੀਨ ਹਾਥ।
ਫਿਰ ਬਜਾਸਾ ਲੌ ਸਿੰਘ ਭਏ ਨਾਥ[1]। [1]ਮਾਲਕ, ਰਾਜੇ।
ਬੰਦੇ ਨੈ ਕੀਨੇ ਤਈਨਾਤ[1]। [1]ਮੁਕੱਰਰ, ਨੀਅਤ।
ਕਿਛੁ ਤਜੇ ਲੋਹਗੜ ਮੈਂ ਬਖਜਾਤ ॥ ੬੭ ॥
ਇਮ ਫੇਰ ਮੁਲਕ ਸਿੰਘੈਂ ਦਿਵਾਇ।
ਮੰਡੀ ਮੈਂ ਥਿਰਜੋ ਆਪ ਜਾਇ।
ਇਤ ਸ਼ਾਹਜ਼ਾਦਾ ਡਰਿ ਭਗਜੋ ਐਸ।
ਨਹਿਂ ਠਹਰਜੋ ਦਿੱਲੀ ਉਰੈ ਕੈਸ ॥ ੬੮ ॥
ਜਾਲੀ ਖਾਂ, ਹਾਜੀ ਇਸਮਾਈਲ।
ਰੋਸ਼ਨ ਖਾਂ ਜੰਗੀ[1] ਬਿਨਾਂ ਢੀਲ। [1]ਲੜਾਕਾ।
ਬੈਰਮ ਖਾਂ, ਸਜਾਦਤ ਖਾਂ, ਸਬੇਗ[1]। [1]ਸਬੇਗ ਖਾਂ।
ਇੱਤਜਾਦਿ ਬੇਗ ਭਏ ਭੱਖ ਤੇਗ[1] ॥ ੬੯ ॥ [1]ਇਨ੍ਹਾਂ ਤੋਂ ਆਦਿ ਲੈ ਕੇ ਛੇਤੀ ਤਲਵਾਰ ਦਾ ਖਾਜਾ ਹੋ ਗਏ।
ਇਹੁ ਥੇ ਗਿਨਤੀ ਕੇ ਬਡ ਸਰਦਾਰ।

ਸਭਿ ਮਰੇ ਸਿਆਪੇ ਪਰੇ ਭਾਰ।
ਰੰਡੀ ਹਜ਼ਾਰੋਂ ਭਈ ਨਾਰਿ।
ਥਾ ਬਾਦਸ਼ਾਹ ਦੱਖਨ ਮਝਾਰ ॥੭੦॥
ਸੁਨਿ ਹਾਲ ਭਯੋ ਹੈਰਾਨ ਭੂਰ।
ਮਨਿ ਚਾਹਯੋ ਚਢਨੋ ਖੁਦ ਜ਼ਰੂਰ।
ਸੱਤ੍ਰਾ ਸੈ ਅਠਸਠ ਮਾਹਿਂ ਯਾਹਿ।
ਥੀ ਭਈ ਕਥਾ ਸਭਿ ਲਖੋ ਚਾਹਿ ॥੭੧॥
ਇਹੁ ਜੰਗ ਸਜਾਦੇ ਕੇਰ ਭਾਰ।
ਬੰਦੇ ਸੈਂ ਹੋਯੋ ਜੈਸ ਸਾਰ[1]।
ਇਕ ਤਵਾਰੀਖ ਮੈਂ ਲਿਖਯੋ ਯਾਹਿ।
ਮੋਹੀਤਾਜਮ ਹੈ ਨਾਮ ਜਾਂਹਿ ॥੭੨॥

ਦੋਹਰਾ:
ਔਰ ਠੌਰ ਤੁਰਕਾਨ ਸੋਂ,
ਭਏ ਜੰਗ ਤਬਿ ਜੋਇ।
ਗ੍ਰੰਥ ਬਢਨ ਡਰ ਮਾਨਿ ਹਮ,
ਲਿਖੇ ਨ ਈਹਾਂ ਸੋਇ ॥੭੩॥
ਤਵਾਰੀਖ ਗੁਰੁ ਖਾਲਸੇ,
ਮਾਂਹਿ ਲਿਖੇ ਸਭਿ ਸਾਇ[1]।
ਅਬਿ ਇਹੁ ਜੰਗੁ ਸੁਨਾਯ ਕੈ,
ਧਜਾਇ ਥਿਰਯੋ ਗੁਰੁ ਧਜਾਇ ॥੭੪॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉਤ੍ਰਾਰਧੇ ਗਯਾਨ ਸਿੰਘ ਵਿਰਚਿਤੇ, 'ਸਰਹੰਦ, ਲੋਹਗੜ੍ਹ, ਸ਼ਾਹਜ਼ਾਦੇ ਸੋਂ ਬੰਦੇ ਕੇ ਜੰਗ ਕੋ ਪ੍ਰਸੰਗ' ਬਰਨਨੰ ਨਾਮ ਇਕਾਦਸਮੋਂ ਬਿਸ੍ਰਾਮ ॥੧੧॥

[1]ਚੰਗਾ।
[1]ਉਹ।

੧੨. {ਬਹਾਦਰ ਸ਼ਾਹ ਦਾ ਮਰਨਾ, ਸਿੰਘਾਂ ਦਾ ਰਾਜ ਕਰਨਾ}

ਦੋਹਰਾ:

ਬਾਲਰਵੀ ਸਮ ਬਾਲ ਗੁਰੁ,
ਸ੍ਰੀ ਹਰਿਕ੍ਰਿਸ਼ਨ ਮਨਾਇ[1]।

[1]ਸਵੇਰ ਦੇ ਸੂਰਜ ਵਾਂਗ ਜੋ ਬਾਲ ਸਰੂਪ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਮਨਾਉਂਦੇ ਹਨ।

ਉਰੁ ਅਗਜਾਨ ਤਮ ਲੈ ਭਵੈ,
ਨਿਸਚਰ ਦੁੰਦ ਨਸਾਇ[1] ॥੧॥

[1]ਉਨ੍ਹਾਂ ਦੇ ਹਿਰਦੇ ਦਾ ਅਗਿਆਨ ਰੂਪ ਅਨ੍ਹੇਰਾ ਨਾਸ ਹੋ ਜਾਂਦਾ ਹੈ ਤੇ ਦੁੱਖਾਂ ਰੂਪ ਉੱਲੂ ਨੱਸ ਜਾਂਦੇ ਹਨ।

ਕਬਿੱਤ:

ਸੀਸ ਹੂੰ ਲੌ ਦਾਤਾ ਬਖਯਾਤਾ ਜਗ ਜਾਤਾ ਸਭਿ,
ਹਿੰਦੁ ਕੇ ਤਰਾਤਾ ਤੱਗ ਤਿਲਕਰਖਾਤਾ ਜੋ[1]।

[1](ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ) ਪ੍ਰਗਟ ਹੀ ਸੀਸ ਤੱਕ ਦਾ ਦਾਨ ਦੇਣ ਵਾਲੇ ਸਾਰੇ ਜਗਤ ਨੇ ਜਾਣੇ ਹਨ। ਜੋ ਹਿੰਦੂਆਂ ਦੀ ਰੱਖਿਆ ਕਰਨ ਵਾਲੇ ਅਤੇ ਜਨੇਊ ਤੇ ਤਿਲਕ ਦੇਰਾਖੇ ਸਨ।

ਦੈ ਕੈ ਨਿਜ ਸੀਸ ਖੀਸ ਕੀਨ ਤੁਰਕੀਸ ਜਰ,
ਈਸ ਬੀਸ ਬਿਸਵੇ ਜੁਗੀਸ ਦੀਸ ਆਤਾ ਜੋ[1]।

[1]ਆਪਣਾ ਸੀਸ ਦੇ ਕੇ ਤੁਰਕਾਂ ਦੀ ਜੜ੍ਹ ਨੂੰ (ਖੀਸ) ਨਾਸ ਕੀਤਾ। ਜੋ ਵੀਹ ਵਿਸਵੇ (ਪੂਰਨ ਤੌਰ ਤੇ) ਪ੍ਰਮੇਸ਼ਰ ਰੂਪ ਜੋਗੀਆਂ ਦੇ ਈਸ਼ਰ ਨਜ਼ਰ ਆਉਂਦੇ ਹਨ।

ਸਮਨੁ ਕੁ ਸੋਕਨ ਦਮਨ ਦੁਖ ਦੋਖਨ ਕੇ,
ਮੋਖਨ ਕੇ ਪੋਖਨ ਬਿਸ਼ੋਕ ਲੋਕ ਦਾਤਾ ਜੋ[1]।

[1]ਸ਼ੋਕਾਂ (ਕੁ) ਨੂੰ (ਸਮਨ) ਨਾਸ ਕਰਨ ਵਾਲੇ, ਦੁੱਖਾਂ ਤੇ ਦੋਸ਼ਾਂ ਨੂੰ (ਦਮਨ) ਦਬਾਉਣ ਵਾਲੇ, ਮੁਕਤੀ ਦੀ ਇੱਛਾ ਵਾਲਿਆਂ ਦੇ (ਪੋਖਨ) ਸਹਾਇਕ ਤੇ ਸੋਗ ਤੋਂ ਰਹਿਤ ਲੋਕ ਦੇ ਦਾਤੇ ਹਨ।

ਦੇਗ ਤੇਗ ਫਤੈ ਦੇਤ ਰਿੱਧਿ ਸਿੱਧਿ ਬੇਗ ਤਾਂਹਿ,
ਤੇਗ ਜੁ ਬਹਾਦਰ ਕੋ ਸਾਦਰ ਧਿਆਤਾ ਜੋ[1] ॥੨॥

[1]ਜਿਹੜਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਸਤਿਕਾਰ ਨਾਲ ਧਿਆਉਂਦਾ ਹੈ ਉਸਨੂੰ ਛੇਤੀ ਹੀ ਰਿੱਧੀਆਂ ਸਿੱਧੀਆਂ ਤੇ ਦੇਗ ਤੇਗ਼ ਦੀ ਫ਼ਤਹ ਦੇਂਦੇ ਹਨ।

ਦੋਹਰਾ:

ਸ਼ਾਹਿ ਬਹਾਦਰ ਆਇ ਹੈ,
ਚਢਿ ਬੰਦੇ ਦਿਸ ਜੈਸ।
ਸੁਨੋ ਸਰੋਤਾ ਸੋ ਕਥਾ,
ਏਸ ਧਜਾਇ ਤੈ ਬੈਸ[1] ॥੩॥

[1]ਬੈਠ ਕੇ ਭਾਵ ਟਿਕ ਕੇ।

ਸ਼ੰਕਰ ਛੰਦ:

ਸੁਨਿ ਸਿੰਘਨ ਕੀ ਬਾਹਾਦਰੀ,

ਕਰਮਾਤ ਬੰਦੇ ਕੇਰ।
ਬਹੁ ਮਰੇ ਨਿਜ ਸਰਦਾਰ,
ਭਾਗਜੋ ਸ਼ਾਹਿਜ਼ਾਦਾ ਹੇਰਿ।
ਇਹੁ ਬਾਤ ਸੁਨਿ ਪਤਿਸ਼ਾਹਿ,
ਤੱਜਬ ਰਹਜੋ ਮੋਨ[1] ਵਿਚਾਰਿ। [1]ਹੈਰਾਨ ਤੇ ਚੁੱਪ ਹੋ ਰਿਹਾ।
ਇਤ ਮੁਲਕ ਦੁਾਬੇ ਮਾਲਵੇ ਮੈਂ,
ਸਿੰਘ ਫੇਰ ਅਪਾਰ ॥ ੪ ॥
ਫਲ ਦੈਨ ਲਾਗੇ ਮੁਸਲਮਾਨੈ,
ਕਰਮ ਕੀਨੇ ਜੈਸ।
ਦੁਖ ਪਾਇ ਕੈ ਤੁਰਕਾਨ ਕੀਨੀ,
ਅਰਜ਼ੀਆਂ ਪੁਨ ਤੈਸ।
ਪਤਿਸ਼ਾਹ ਤਬਿ ਲੌ ਅਯੋ ਦਿੱਲੀ,
ਸੁਨਤ ਲੋਗ ਅਪਾਰ।
ਗਏ ਦਿੱਲੀ ਬਿਨਾਂ ਢਿੱਲੀ[1], [1]ਦੇਰ ਤੋਂ ਬਿਨਾਂ।
ਕਰੀ ਬਹੁਤ ਪੁਕਾਰ ॥ ੫ ॥
ਸਭਿ ਗਿਰਦ[1] ਪੇਸ਼ਾ[2] ਸ਼ਾਹਿ ਕਾ, [1]ਆਲੇ ਦੁਆਲੇ ਵਾਲੇ। [2]ਆਗੂ।
ਡਰ ਮਾਨਿ ਬੰਦੇ ਕੇਰ।
ਨਹਿਂ ਸ਼ਾਹਿ ਪਾਸ ਫਰਜਾਦ ਕਾਹੂੰ,
ਸੁਨਨ ਦੇਤ ਬਧੇਰ।
ਪਤਿਸ਼ਾਹਿ ਨਿਕਸੈ ਜਬੈ ਬਾਹਿਰ,
ਕਰੈਂ ਲੋਗ ਪੁਕਾਰ।
ਕਹਿਂ ਗੁਰੂ ਬੰਦੇ ਦੇਸ਼ ਹਮਰਾ,
ਕੀਨ ਮਾਰਿ ਉਜਾਰ ॥ ੬ ॥
ਸਭਿ ਮਕਬਰੇ ਉਨ ਮਹਿਜਦਾਂ[1], [1]ਮਸੀਤਾਂ।
ਢਾਹਾਇ ਜਬਰੈਂ[1] ਦੀਨ। [1]ਧੱਕੇ ਨਾਲ।
ਨੇਵਾਜ ਬਾਂਗ ਨ ਹੋਨ ਦੇਵਤ,
ਦਏ ਦੁਖ ਬਡ ਪੀਨ[1]। [1]ਕਰੜੇ।
ਫਿਰ ਮੌਲਵੀ ਅਰ ਕਾਜੀਓ ਨੈਂ,
ਕਹਜੋ ਸ਼ਾਹੈ ਐਸ।
ਨਹਿਂ ਕਰਤ ਮੱਦਦ ਦੀਨ ਕੀ ਤੁਮ,

ਕਰੋ ਸ਼ਾਹੀ ਕੈਸ ॥੭॥
ਪਤਿਸ਼ਾਹ ਔਰ ਬਲਾਯਤੋਂ ਕੇ,
ਤੁਮੈਂ ਗਾਦਲ ਜਾਨਿ[1]। [1]ਲਾ-ਪ੍ਰਵਾਹ ਜਾਣ ਕੇ।
ਚਢਿ ਆਇ ਲੈਹੈਂ ਮੁਲਕ ਤੁਮਰਾ,
ਬਨੈ ਮੁਸ਼ਕਲ ਆਨਿ।
ਪੁਨ ਬਾਦਸ਼ਾਹਿ ਬਜੀਰ ਤੈ,
ਜਬਿ ਹਾਲ ਬੂਝਯੋ ਏਹ।
ਉਨ ਕਹਯੋ ਗੁਰੁ ਗੋਬਿੰਦ ਸਿੰਘ ਨੈ,
ਪਠਯੋ ਦੱਖਨੋ ਵੇਹ[1] ॥੮॥ [1]ਉਹ (ਬੰਦਾ)।
ਬੱਸ ਹੈਂ ਮੁਵੱਕਲ[1] ਤਾਂਹਿ ਕੇ, [1]ਬੀਰ।
ਜੋ ਚਹਿਤ ਸੋ ਕਰਵਾਇ।
ਜਿਸ ਵੱਲ ਸੋ ਨਿਜ ਕਰੈ ਅੰਗੁਰੀ,
ਤਾਂਹਿ ਮਾਰਤ ਜਾਇ।
ਸਭਿ ਤੋਪ ਤੁੱਪਕ ਧਾਰ ਸ਼ਸਤਰ,
ਬੰਦ ਕਰਿ ਹੈ ਸੋਇ।
ਜੋ ਗਯੋ ਤਿਸ ਸੋਂ ਲਰਨ ਸੋ,
ਨਹਿਂ ਅਯੋ ਜੀਵਤ ਕੋਇ ॥੯॥
ਉਨ ਕੱਢਿ ਕਬਰਨ ਤੈ[1] ਵਲੀ[2], [1]ਕਬਰਾਂ ਤੋਂ। [2]ਕਰਾਮਾਤੀ।
ਬਹੁ ਪੀਰ ਦੀਨੇ ਜਾਰ।
ਨਹਿਂ ਤਾਂਹਿ ਪਰ ਬਲ ਚਲਤ ਹੈ,
ਕਿਸ ਪੀਰ ਕਾ ਲਿਹੁ ਧਾਰ।
ਵਹਿ ਚਹੈ ਅਗਨੀ ਲਾਇ ਦੇਵੈ,
ਚਹੈ ਦੇਤ ਬੁਝਾਇ।
ਨਿਜ ਹੁਕਮ ਤੈ ਦਰਯਾਵ ਕੋ,
ਕਰਿ ਬੰਦ, ਦੇਤ ਚਲਾਇ ॥੧੦॥
ਬਹੁ ਮੇਘ ਕੋ ਬਰਸਾਇ ਹੈ,
ਜਹਿਂ ਚਾਹਿ ਬਿਜਲੀ ਪਾਇ।
ਵਰਸਾਇ ਪੱਥਰ ਫਿਰ ਹਟਾਵੈ,
ਅਰ ਤੁਫਾਨ ਚਲਾਇ।
ਧਰਿ ਰੂਪ ਬਹੁ ਦਿਖਰਾਇ ਹੈ,

ਛਪ ਜਾਇ ਕਿਤ ਉਡ ਜਾਹਿ।
ਨਹਿਂ ਰਹੈ ਕੀਤਾ ਬੰਦ, ਮੰਦਰ
ਮੱਧ ਬੰਧਨ ਮਾਂਹਿ ॥ ੧੧ ॥
ਬਹੁ ਬਾਤ ਤਿਸ ਕੀ ਕਜਾ ਕਹੋਂ,
ਜੋ ਚਹਿਤ ਸੋ ਕਰਿ ਦੇਤ।
ਨਹਿਂ ਵੱਸ ਕਿਸ ਕੇ ਆਵਹੀ,
ਵੱਸ ਔਰ ਕੋ ਕਰਿ ਲੇਤ।
ਵਹਿ ਪਠਜੋ ਹੈ ਗੁਰੁ ਦਸਮ ਨੈਂ,
ਨਿਜ ਬੈਰ ਲੇਵਨ ਹੇਤ।
ਵਹਿ ਹੁਤੋ ਆਗੇ ਹੀ ਬਲੀ,
ਗੁਰੁ ਸ਼ਕਤਿ ਦੀਨੀ ਕੇਤ[1] ॥ ੧੨ ॥
ਇਸ ਹੇਤ ਤੈ ਤਿਨ ਜਾਇ ਕੈ,
ਬਹੁ ਦਈ ਗਰਦੀ[1] ਪਾਇ।
ਪੁਨ ਫੌਜ ਸਿੰਘਨ ਕੀ ਰਹੈ,
ਤਿਸ ਸੰਗ ਚੰਗ ਮਹਾਂਇਂ[1]।
ਉਨ ਮਾਰਿ ਲੂਟਿ ਸਰ੍ਹੰਦ ਕੋ,
ਫੜਿ ਦਯੋ ਨਾਜ਼ਮ ਜਾਰ[1]।
ਪੁਨ ਔਰ ਮਾਰੇ ਤੁਰਕ ਤਿਨ,
ਕਰਿ ਖ੍ਵਾਰ ਕੇਈ ਹਜਾਰ ॥ ੧੩ ॥
ਦੋਹਰਾ:
ਸੁਨਿ ਬੰਦੇ ਕੀ ਗਾਥ ਯਹਿ,
ਤ੍ਰਾਸ ਬਢਜੋ ਮਨ ਮਾਹਿਂ।
ਨਹਿਂ ਫਰਜਾਦ ਕਿਸ ਕੀ ਸੁਨੀ,
ਸਿਰ ਧੁਨਿ ਕਰਿ ਪਤਿਸ਼ਾਹਿ ॥ ੧੪ ॥
ਚੌਪਈ:
ਜੋ ਮੈਂ ਤਾਂ ਸੋਂ ਕਰੋਂ ਲਰਾਈ।
ਤਾਂ ਪੈ ਸ਼ਸਤਰ ਪੇਸ਼ ਨ ਜਾਈ।
ਜੇ ਜੀਤੋਂ ਕੁਛ ਹਾਥ ਨ ਐਹੈ।
ਹਾਰ ਜਾਉਂ ਤਬਿ ਇੱਜ਼ਤ ਜੈਹੈ ॥ ੧੫ ॥
ਜੈਸੇ ਕੇਹਰ ਕੀ[1] ਕਿਤ ਮੂਛੈਂ।

[1]ਗੁਰਾਂ ਨੇ ਕਿਤਨੀ ਹੀ ਹੋਰ ਸ਼ਕਤੀ ਦੇ ਦਿੱਤੀ।
[1]ਹਲਚਲੀ।
[1]ਬਹੁਤੀ ਚੰਗੀ।
[1]ਸੂਬੇ ਨੂੰ ਸਾੜ ਦਿੱਤਾ।
[1]ਸ਼ੇਰ ਦੀਆਂ।

ਮੂਸਾ ਕਾਟ ਜਾਇ ਨਿਤ ਤੂਛੈਂ[1]।
ਕਿਆ ਤਿਸ ਪੈ ਵਹਿ ਚਢੈ ਸ਼ਿਕਾਰੈਂ।
ਬੰਦੇ ਸੈਂ ਤਜੋਂ ਬਾਤ ਹਮਾਰੈਂ ॥੧੬॥
ਵਹ ਤੋ ਨੰਗ ਖੁਦਾਓਂ ਉੱਚਾ।
ਬਨਜੋ ਫਿਰਤ ਹੈ ਲਾੜਾ ਸੁੱਚਾ।
ਕਜਾ ਫਕੀਰ ਸੋਂ ਕਰਿ ਸੰਗਰਾਮੈਂ[1]।
ਲੈਂਹ ਵਡਿਆਈ ਪੈਂਹ ਇਨਾਮੈਂ ॥੧੭॥
ਪੁਨ ਉਸ ਪਾਸ ਮੁਵੱਕਲ ਆਵੈਂ।
ਮਤ ਤਿਨ ਤੈਂ ਮੁਝ ਕਉ ਮਰਵਾਵੈ।
ਫਿਰ ਮੈਂ ਸ਼ਾਹੀ ਤੇ ਭੀ ਜਾਊਂ।
ਅਰ ਗੁਰੁ ਘਰ ਸੋਂ ਝੂਠਾ ਪਾਊਂ ॥੧੮॥
ਯੌਂ ਕਹਿ ਸ਼ਾਹਿ ਨ ਸੁਨੈ ਫਰਜਾਦੈ।
ਤਰਫ ਲਾਹੌਰੈਂ ਕਰੈ ਨ ਯਾਦੈ।
ਨਹਿਂ ਬਜੀਰ ਭੀ ਯਾਦ ਦਿਲਾਵੈਂ।
ਮਤ ਮੁਝ ਕੋ ਹੀ ਤਿਤੈ ਪਠਾਵੈਂ ॥੧੯॥
ਫੌਜਦਾਰ ਥੇ ਔਰਹਿਂ ਜੇਤੇ।
ਸੋਇ ਰਹੇ ਜਾਗਤ ਹੀ ਤੇਤੇ।
ਮਨ ਮੈਂ ਡਰਤੇ ਨਿੱਤ ਰਹਾਵੈਂ।
ਮਤ ਹਮ ਕੋ ਕਿਤ ਸ਼ਾਹਿ ਚਢਾਵੈਂ ॥੨੦॥
ਯਾ ਬਿਧਿ ਬੰਦੇ ਤੈ ਤੁਰਕਿੰਦੂ[1]।
ਡਰਤ ਸਿੰਘ ਤੈ ਜੈਸ ਗਜਿੰਦੂ[1]।
ਔਰ ਤੁਰਕ ਸਭਿ ਡਰੈਂ ਮਹਾਨੈਂ।
ਸਰਪ ਗਰੜ ਤੈ ਜਜੋਂ ਭੈ ਮਾਨੈਂ ॥੨੧॥
ਦੋਹਰਾ:
ਪੁਨ ਤੁਰਕਨ ਪੰਜਾਬੀਅਨ,
ਮਿਲਿ ਬਹੁਤਜੋਂ ਨੈ ਜਾਇ।
ਕਰੀ ਮਸਾਲਾਂ[1] ਦਿਵਸ ਮੈਂ,
ਹਾਹਾਕਾਰ ਮਚਾਇ ॥੨੨॥
ਕਾਜੀ ਮੁੱਲਾਂ ਨੈ ਤਬੈ,
ਪੀਰ ਫਕੀਰ ਮਿਲਾਇ।

[1]ਤੁੱਛ ਜਿਹਾ ਚੂਹਾ।
[1]ਜੰਗ।
[1]ਤੁਰਕਾਂ ਦਾ ਬਾਦਸ਼ਾਹ।
[1]ਜਿਵੇਂ ਸ਼ੇਰ ਤੋਂ ਵੱਡਾ ਹਾਥੀ ਡਰਦਾ ਹੈ।
[1]ਮਸਾਲਾਂ ਗਾਈਆਂ।

ਬਾਦਸ਼ਾਹ ਕੋ ਯੌਂ ਕਹਜੋ,
ਹਮ ਲਸ਼ਕਰ ਸੰਗ ਜਾਇਂ ॥੨੩॥
ਪਢੈਂ ਕਲਾਮਾਂ ਸੈਫੀਆਂ[1]
ਤਿਸ ਕੀ ਪੇਸ਼ ਨ ਜਾਇ।
ਜਿਤਿਕ ਮੁਵੱਕਲ ਤਾਂਹਿ ਕੇ,
ਡਾਰਤ ਸਭੈ ਭਗਾਇਂ ॥੨੪॥
ਜੇ ਤੁਮ ਤਾਂਹਿ ਨ ਮਾਰਹੋ,
ਵਹਿ ਫੜ ਕੇ ਬਡ ਜ਼ੋਰ।
ਕਾਫਰ ਕਰਿ ਸਭਿ ਕੇ ਤਈਂ,
ਹਮ ਕੋ ਦੈਹ ਨਿਖੋਰ[1] ॥੨੫॥
ਬਦਨਾਮੀ ਤੁਮਰੀ ਭਵੈ,
ਸਾਤ ਬਲਾਇਤ ਮਾਹਿਂ।
ਕਹੈਂ ਨਲਾਯਕ ਸਭਿ ਤੁਮੈਂ,
ਘਾਤ ਦੀਨ ਕਰਿ ਵਾਂਹਿ[1] ॥੨੬॥
ਕਿਆ ਗੁਰੁ ਗੋਬਿੰਦ ਸਿੰਘ ਕਿਛੁ,
ਤੁਮਰੇ ਸਿਰ ਗਜੋ ਪਾਇ।
ਜਾ ਤੇ ਤੁਮ ਬਡ ਸਿੱਖਨ ਕੇ,
ਝੱਲਤੁ ਜ਼ੁਲਮ ਅਨਜਾਇ ॥੨੭॥
ਨਹਿਂ ਜੇ ਤੁਮ ਲਰਨਾ ਚਹੋ,
ਤੌਂ ਕਸਮੈਂ ਕਰਿ ਤਾਂਹਿ।
ਪਕਰਿ ਮਾਰੀਏ ਦਗੇ ਸੈਂ,
ਰਾਜਨੀਤ ਤੈ ਯਾਹਿ ॥੨੮॥
ਤੇਲ ਭਿਗੀ ਭੁਜ ਕੋ ਲਗੈਂ,
ਜਿਤਿਨੇ ਤਿਲ ਤਬਿ ਆਇ।
ਕਾਫਰ ਕੋ ਪੁਨ ਮਾਰੀਏ,
ਤਿਤਿਨੀਂ ਕਸਮ ਉਠਾਇ ॥੨੯॥
ਐਬ ਨਹੀਂ ਯਹਿ ਤੁਰਕ ਕੋ,
ਉਲਟਾ ਹੋਤ ਸਵਾਬ[1]।
ਲਿਖਜੋ ਰਸੂਲ[1] ਕੁਰਾਨ ਮੈਂ,
ਕਾਫਰ ਦੈਨ ਅਜ਼ਾਬ[1] ॥੩੦॥

[1]ਦੁਸ਼ਮਨ ਨੂੰ ਅਧੀਨ ਕਰਨ ਵਾਲੇ ਮੰਤ੍ਰ।
[1]ਖ਼ਤਮ ਕਰ ਦੇਵੇਗਾ।
[1]ਉਸ ਨੇ (ਭਾਵ ਤੈਂ) ਇਸਲਾਮ ਦਾ ਨਾਸ ਕਰਵਾ ਦਿੱਤਾ।
[1]ਪੁੰਨ।
[1]ਮੁਹੰਮਦ ਸਾਹਿਬ ਨੇ।
[1]ਦੁੱਖ।

ਚੌਪਈ:
ਇਤਯਾਦਕ ਬਹੁ ਦੈ ਕਰ ਤਾਨ੍ਹੇਂ।
ਹਾਜੀ ਕਾਜੀ ਪੀਰ ਮੁਲਾਨੇਂ।
ਲਯੋ ਸ਼ਾਹਿ ਤਾਂਈਂ ਭਰਮਾਏ।
ਕਹਤ ਕਲਾਮਾਂ ਪਢਤੇ ਜਾਏਂ ॥੩੧॥
ਨਕਸ ਪਲੀਤੇ ਐਸੇ ਦਾਗੈਂ[1]।
ਜਿਸ ਤੇ ਸਭੈ ਮੁਵੱਕਲ ਭਾਗੈਂ।
ਯਹਿ ਬਿਧਿ ਕਪਟ ਭਰੀ ਸੁਨਿ ਬਾਨੀ।
ਬਾਦਸ਼ਾਹਿ ਕਿਛੁ ਤਿਨ ਕੀ ਮਾਨੀ ॥੩੨॥

[1]ਜੰਤ੍ਰਾਂ ਨਾਲ ਐਸੇ ਪਲੀਤੇ ਧੁਖਾਵਾਂਗੇ।

ਦੋਹਰਾ:
ਝੰਡਾ ਕਾਢਯੋ ਹੈਦਰੀ[1],
ਕਈ ਹਜ਼ਾਰ ਕੁਰਾਨ।
ਹਾਜੀ ਕਾਜੀ ਪੀਰ ਬਹੁ,
ਦੈ ਤੋਰੇ ਅਗਵਾਨ ॥੩੩॥

[1]ਹੈਦਰ ਅਲੀ ਦੇ ਨਾਉਂ ਦਾ ਝੰਡਾ, ਮਜ਼ਹਬੀ ਜੰਗ ਕਰਨ ਲਈ ਮੁਸਲਮਾਨਾਂ ਦਾ ਖੜ੍ਹਾ ਕੀਤਾ ਨਿਸ਼ਾਨ।

ਪੜ੍ਹਨ ਕਲਾਮਾਂ ਸੈਫੀਆਂ[1]
ਪਾਲੀਤੇ ਧੁਖਵਾਇ।
ਤੌ ਭੀ ਚਿੰਤਾ ਸ਼ਾਹਿ ਕੋ,
ਥਰ ਥਰਰਹੀ ਕੰਪਾਇ ॥੩੪॥

[1]ਦੁਸ਼ਮਣ ਨੂੰ ਅਧੀਨ ਕਰਨ ਵਾਲੇ ਮੰਤ੍ਰ।

ਸ਼ਾਹਿ ਬਹਾਦਰ ਚਢਯੋ ਤਬਿ,
ਧਰਿ ਮਨ ਮੈਂ ਕਿਛੁ ਧੀਰ।
ਅਧਿਕ ਸੈਨ ਬੀਰਾਨ ਕੀ[1],
ਲੈ ਕੈ ਪੀਰ ਫਕੀਰ ॥੩੫॥

[1]ਸੂਰਮਿਆਂ ਦੀ।

ਚੌਪਈ:
ਪੁਨਾ ਸ਼ਾਹ ਤਬਿ ਐਸ ਵਿਚਾਰੀ।
ਬੰਦੇ ਸੋਂ ਨਹਿਂ ਬਨੈ ਬਿਗਾਰੀ।
ਬੰਦਾ ਸਿੱਖ ਉਸੀ ਗੁਰੁ ਕਾ ਹੈ।
ਮੁਹਿ ਪਤਸ਼ਾਹੀ ਦੀਨੀ ਜਾਹੈਂ ॥੩੬॥
ਵਲੀ ਲੋਕ ਵਹਿ ਹੈਂ ਅਤਿ ਭਾਰੈਂ।
ਕਜਾ ਜਾਨੈ ਫਿਰ ਕਜਾ ਕਰਿ ਡਾਰੈਂ।

ਯਹਿ ਵਿਚਾਰ ਦਿੱਲੀ-ਪਤਿ ਠਟਯੋ[1]। — [1](ਇਉਂ) ਕੀਤਾ।
ਬੰਦੇ ਪੈ ਯੌਂ ਖਤ ਲਿਖਿ ਪਠਯੋ ॥੩੭॥
ਅੱਵਲ ਲੇਹੁ ਸਲਾਮ ਹਮਾਰੀ।
ਤੁਮ ਫਕੀਰ ਹਮ ਮਾਯਾਧਾਰੀ।
ਪੁਨ ਤੁਮ ਹਮ ਇਕ ਗੁਰੁ ਕੇ ਦਾਸੈਂ।
ਯਾਹੀ ਤੈ ਗੁਰੁ ਭਾਈ ਖਾਸੈਂ ॥੩੮॥
ਕਰਾਮਾਤ ਤੁਮ ਕੋ ਗੁਰੁ ਪਾਈ।
ਮੁਝ ਕੋ ਉਨ ਸ਼ਾਹੀ ਸੌਂਪਾਈ[1]। — [1]ਸੌਂਪੀ।
ਭਲਾ ਕਰਯੋ ਤੁਮ ਹਤਯੋ ਬਜੀਦਾ।
ਗੁਰੁ ਵਾਕਨ ਪਰ ਧਰਯੋ ਯਕੀਦਾ[1] ॥੩੯॥ — [1]ਯਕੀਨ, ਭਰੋਸਾ।
ਔਰ ਤੁਰਕ ਮਾਰੇ ਧਰਿ ਧੈਰੈਂ[1]। — [1]ਧੀਰਜ ਧਾਰ ਕੇ।
ਗੁਰੁ ਪੁੱਤ੍ਰਨ ਕਾ ਲੀਨੋ ਬੈਰੈਂ।
ਮਾਰਿ ਗਿਰੀਸਨ ਕੋ[1] ਵੱਸ ਕੀਨਾ। — [1]ਪਹਾੜੀ ਰਾਜਿਆਂ ਨੂੰ।
ਤਿਨ ਤੇ ਭੀ ਪਲਟਾ ਭਲ ਲੀਨਾ ॥੪੦॥
ਇਨ ਦੁਸ਼ਟਨ ਥੋ ਗੁਰੂ ਦੁਖਾਯੋ।
ਮੈਂ ਭਿ ਚਹਿਤ ਥੋ ਇਨੈ ਗਵਾਯੋ[1]। — [1]ਨਾਸ਼ ਕਰਨਾ।
ਤੁਰਬਤ[1] ਹਮਰੇ ਵਡਯੋਂ ਕੇਰੀ। — [1]ਕਬਰ, ਸਮਾਧ।
ਹੈ ਲਹੌਰ ਮੈਂ ਬਨੀ ਵਧੇਰੀ ॥੪੧॥
ਤਿਸ ਕੀ ਜ਼ਯਾਰਤ[1] ਹਿਤ ਮੈਂ ਐਹੋਂ। — [1]ਯਾਤ੍ਰਾ।
ਲੌਟਤਿ ਬੇਰ[1] ਤੁਮੈਂ ਦਰਸੈਹੋਂ। — [1]ਮੁੜਦੀ ਵਾਰ।
ਰਾਹਿ ਸਰ੍ਹੰਦ ਚਹੋਂ ਮੈਂ ਆਯਾ।
ਰਸਤਾ ਦਿਹੁ ਮੁਹਿ ਧਰਿ ਉਰਿ ਦਾਯਾ ॥੪੨॥
ਮੁਲਖ ਪੰਜਾਬ ਅਰਧ ਮੁਹਿ ਦੱਈਏ।
ਪਰਬਤ ਓਰ ਆਪ ਰਖ ਲੱਈਏ।
ਕਹੋ ਤ ਤੁਮ ਢਿਗ ਮਿਲਨੇ ਆਵੋਂ।
ਨਹੀਂ ਤ ਦੂਰਹਿ ਦੂਰ ਸਿਧਾਵੋਂ ॥੪੩॥
ਯੌਂ ਲਿਖਿ ਸ਼ਾਹਿ ਪਠਯੋ ਖਤ ਤਬਿ ਹੀ।
ਪਹੁੰਚਯੋ ਬੰਦੇ ਢਿਗ ਪੁਨ ਜਬਿ ਹੀ।
ਸੁਨਿ ਵਿਚਾਰਿ ਬੰਦੇ ਇਮ ਗਾਯੋ।
ਸ਼ਾਹਿ ਬਹਾਦਰ ਬਜਾਜ[1] ਬਨਾਯੋ ॥੪੪॥ — [1]ਬਹਾਨਾ।

ਅਬਿ ਤੋ ਇਸ ਕੋ ਦਈਏ ਜਾਨੈ।
ਮਾਰੈਂ ਫਿਰ ਕਰਿ ਬੇਈਮਾਨੈ।
ਬੰਦੇ ਕਹਯੋ ਲਿਖਯੋ ਤੁਵ ਮਾਨਾ।
ਜਬਿ ਲੌਂ ਸਾਬਤ ਤੁਮੈਂ ਇਮਾਨਾ ॥੪੫॥
ਤਬਿ ਲੌਂ ਤੁਮ ਆਵੋ ਕਿਤ ਜਾਵੋ।
ਮੈਂ ਤੁਮ ਕੋ ਅਬਿ ਨਹਿਂ ਅਟਕਾਵੋਂ।
ਜਬਿ ਤੂੰ ਹਮ ਪੈ ਹਾਥ ਉਠੈ ਹੈਂ।
ਤਬਿ ਹਮ ਤੁਮ ਕੋ ਮਾਰ ਗਵੈ ਹੈਂ ॥੪੬॥
ਗੁਰੁ-ਸਿੱਖ ਤੈਂ ਜੁ ਆਪ ਕੋ ਲਿਖਯੋ।
ਯਾਂ ਤੈ ਦਯੋ ਰਾਹ ਤੁਹਿ ਪਿਖਯੋ[1]।
ਯਹਿ ਲਿਖਿ ਬੰਦੇ ਦਯੋ ਪਠਾਈ।
ਸੁਨਤ ਸ਼ਾਹਿ ਚਿੰਤਾ ਮਨਿ ਪਾਈ ॥੪੭॥
ਮੋਦ ਔਰ ਤੁਰਕੈਂ ਸੁਨਿ ਮਾਨਾ।
ਜੀਵਨ ਕਿਛੁ ਦਿਨ ਅਪਨਾ ਮਾਨਾ।
ਸਿੰਘਨ ਕੌ ਯਹਿ ਬਾਤ ਨ ਭਾਈ।
ਪਰ ਬੰਦੇ ਕੀ ਨਾਹਿਂ ਹਟਾਈ ॥੪੮॥

[1]ਇਹ ਲਿਖਿਆ ਦੇਖ ਕੇ।

ਦੋਹਰਾ:
ਰਖ ਕਰਿ ਤਰਫ ਪਹਾੜ ਕੀ,
ਦੀਨੀ ਛੋਰ ਪੰਜਾਬ।
ਬੰਦਾ ਨੀਹਲ[1] ਮੈਂ ਥਿਰਯੋ,
ਦੁਰਗ[1] ਜਹਾਂ ਬਹੁ ਆਬ[2] ॥੪੯॥
ਏਕ ਸਢੌਰੇ ਢਿਗ ਲਈ,
ਲੋਹਗੜੀ ਨਿਜ ਰਾਖ।
ਔਰ ਦੁਆਬੇ ਦੂਣ ਢਿਗ,
ਸਿਰਜ ਸਵਾਲਨਿ ਲਾਖ[1] ॥੫੦॥

[1]ਦਾਮਨੇ ਕੋਹ, ਪਹਾੜ ਦੀਆਂ ਜੜ੍ਹਾਂ ਪਾਸ ਦਾ ਦੇਸ਼।

[1]ਕਿਲ੍ਹਾ। [2]ਬਹੁਤਾ ਪਾਣੀ।

[1]ਹੋਰ ਦੁਆਬੇ ਦੀ ਦੂਣ ਕੋਲ ਸਿਰਜ ਸਵਾਲਨੀ ਦਾ ਇਲਾਕਾ (ਰੱਖ ਲਿਆ) (ਲਾਖ) ਜਾਣੋ।

ਚੌਪਈ:
ਯਹਿ ਸੁਨਿ ਆਗੇ ਸ਼ਾਹਿ ਪਯਾਨਾ।
ਕਰੇ ਕੁਰਾਨ ਅਗਾਰੀ ਨਾਨ੍ਹਾ[1]।
ਕਾਜੀ ਸੱਯਦ ਔਰ ਮੁਲਾਨੇਂ।

[1]ਬਹੁਤੇ।

ਨਕਸ ਫੁਕਤੇ ਚਲੇ ਮਹਾਨੇਂ[1] ॥੫੧॥ [1]ਬਹੁਤੇ ਜੰਤ੍ਰ ਜਾਂ ਲਿਖੇ ਹੋਏ ਮੰਤ੍ਰਾਂ ਨੂੰ ਸਾੜਦੇ ਚੱਲੇ।
ਲੈ ਸੈਨਾ ਕੇਤਿਕ ਫੁਜਦਾਰੇ[1]। [1]ਫ਼ੌਜਦਾਰ, ਸੈਨਾਪਤੀ।
ਤਬਿ ਤਿਰਾਵੜੀ ਓਰ ਸਿਧਾਰੇ।
ਥੇ ਤਿਰਾਵੜੀ ਮੈਂ ਸਿੰਘ ਜੇਈ।
ਘੇਰ ਲਏ ਤੁਰਕੋਂ ਨੈ ਤੇਈ ॥੫੨॥
ਕਿਛੁਕ ਲੜਾਈ ਕਰਿ ਵਹਿ ਭਾਗੇ।
ਤੁਰਕ ਤਿਨੋਂ ਕੇ ਪੀਛੇ ਲਾਗੇ।
ਜਾਇ ਸਰ੍ਹੰਦ ਜੰਗ ਫਿਰ ਪਾਯੋ।
ਬੰਦਾ ਮੱਦਤ ਹਿਤ ਨਹਿਂ ਆਯੋ ॥੫੩॥
ਸਿੰਘ ਉਡੀਕ ਦੁਇਕ ਦਿਨ ਤਾਹੈਂ[1]। [1]ਤਿਸ ਨੂੰ।
ਛੋਡਿ ਸਰ੍ਹੰਦ ਪਏ ਫਿਰਰਾਹੈਂ।
ਲੋਹ ਗੜ੍ਹੀ ਆਕੀ ਜਾ ਕਰੀ।
ਸ਼ਾਹੀ ਸੈਨ ਮਗਰ ਫਿਰ ਪਰੀ ॥੫੪॥
ਬਾਜ ਸਿੰਘ ਕਾ ਹੁਤੋ ਭਰਾਤਾ।
ਸੁੱਖਾ ਸਿੰਘ ਬੀਰ ਬਖਯਾਤਾ।
ਉਨ ਕਿਛ ਸਿੰਘਨ ਕੋ ਲੈ ਸੰਗੈ।
ਲੌਟ[1] ਕਰਜੋ ਤੁਰਕਨ ਸੋਂ ਜੰਗੈ ॥੫੫॥ [1]ਮੁੜ ਕੇ।
ਮਾਰਿ ਤੁਰਕ ਬਹੁ ਲਈ ਰਸੀਦੈਂ[1]। [1]ਛੁੱਟੀਆਂ, ਮੁਕਤੀਆਂ।
ਆਪ ਤਹਾਂ ਫਿਰ ਭਯੋ ਸ਼ਹੀਦੈਂ।
ਨਿਕਸ ਗੜ੍ਹੀ ਤੈ ਪੁਨ ਬਹੁ ਸਿੰਘੈਂ।
ਪਰ ਸੱਤ੍ਰੁਨ ਪਰ ਬਲ ਧਰਿ ਧਿੰਙੈਂ[1] ॥੫੬॥ [1]ਜ਼ੋਰਾਵਰਾਂ ਨੇ।
ਸ਼ਾਹੀ ਅਨੀ ਘਨੀ[1] ਤਹਿਂ ਮਾਰੀ। [1]ਬਹੁਤੀ ਸ਼ਾਹੀ ਫ਼ੌਜ।
ਝੁਕੀ ਸੈਨ ਦਿਸ ਕਿਲੇ ਅਪਾਰੀ।
ਤੁਰਕੀ ਸੈਨ ਵੀਚ ਸਰਦਾਰੇ।
ਲਜਾਏ ਥੇ ਜੁ ਸ਼ਾਹਿ ਕੋ ਚਾਰ੍ਹੇ[1] ॥੫੭॥ [1]ਚੜ੍ਹਾ ਕੇ।
ਸੋਈ ਆਗੇ ਸ਼ਾਹ ਪਠਾਏ।
ਨਾਮ ਗਾਮ ਤਿਨ ਕੇ ਦਿਹੁਂ ਗਾਏ।
ਸ਼ੱਮਸ ਖਾਨ ਬਜੀਦਾ ਖਾਨੂੰ।
ਜਾਲੀਦੀਨ ਮੁਹੱਬਤ ਖਾਨੂੰ ॥੫੮॥
ਯਹਿ ਕਸੂਰ ਵਾਰੇ ਸਰਦਾਰੇ।

ਥੇ ਤਬਿ ਫੌਜ ਵੀਚ ਬਡ ਭਾਰੇ।
ਮਹਾਵਤ ਖਾਂ ਫੁਰਜੁੱਲੇ ਖਾਨੁੰ।
ਰੁਸਤਮ ਖਾਂ ਵਡ ਖਾਨ ਜਹਾਨੁੰ ॥੫੯॥
ਯਹਿ ਤਿਰਾਵੜੀ ਕੇ ਫੁਜਦਾਰੈਂ।
ਮਾਰ ਕਰੇ ਥੇ ਸਿੰਘਨ ਖ੍ਵਾਰੈਂ।
ਪੁਨ ਸਮਾਣੀਏਂ ਕੁੰਜ-ਪੁਰਿ ਵਾਲੇ।
ਅਰ ਸਢੌਰੀਏ ਆਦਿ ਬਿਸਾਲੇ ॥੬੦॥
ਯਹਿ ਪਤਿਸ਼ਾਹਿ ਤਈਂ ਸਿਖਰਾਏ।
ਲਜਾਏ ਥੇ ਤਬਿ ਇਤੈਂ[1] ਚਢਾਏ। [1]ਏਧਰ।
ਸ਼ੱਮਸ ਖਾਂ ਬਿਜਵਾੜੇ ਵਾਲਾ।
ਮੁੱਲਾਂ ਮੀਰ ਮੁਹੰਮਦ ਕਾਲਾ[1] ॥੬੧॥ [1]ਪਿੰਡ ਦਾ।
ਮੀਰ ਅਤਾਉੱਲਾ ਖਾਂ ਔਰੈਂ।
ਲੈ ਕਰ ਧਾਯੋ ਸੈਨਾਂ ਗੌਰੈਂ[1]। [1]ਬਹੁਤੀ।
ਬਹੁਤ ਦਿਵਸ ਲੌ ਜੰਗ ਅਪਾਰੀ।
ਲੋਹਗੜ੍ਹੀ ਪਰ ਮਾਚਜੋ ਭਾਰੀ ॥੬੨॥
ਤੁਰਕਨ ਕਰਿ ਮੁਹਾਸਰਾ[1] ਰਾਖਜੋ। [1]ਘੇਰਾ।
ਮੁਕਜੋ ਸਮਾਨ ਸਿੰਘੈਂ ਜਬਿ ਲਾਖਜੋ[1]। [1]ਜਾਣਿਆ।
ਛੋਡਿ ਗੜ੍ਹੀ ਕੋ ਚਢੇ ਪਹਾੜੀਂ।
ਤੁਰਕ ਫੌਜ ਹਟ ਗਈ ਪਿਛਾੜੀ ॥੬੩॥
ਸ਼ਾਹਿ ਬਹਾਦਰ ਪੁਗਜੋ[1] ਲਹੌਰੈਂ। [1]ਪਹੁੰਚ ਗਿਆ।
ਭਯੋ ਬਿਮਾਰ ਤਹਾਂ ਹੀ ਗੌਰੈਂ[1]। [1]ਬਹੁਤਾ।
ਆਖਰ ਮਰ ਕਰਿ ਭਿਸ਼ਤ ਸਿਧਾਰੋ।
ਗੁਰੁ ਘਰ ਸੈਂ ਇਨ ਨਾਹਿੰ ਬਿਗਾਰੋ ॥੬੪॥
ਲੋਗ ਕਹੈਂ ਬੰਦੇ ਨੈ ਮਾਰਾ।
ਭੇਜਿ ਮੁਵੱਕਲ[1] ਸ਼ਾਹਿ ਵਿਚਾਰਾ। [1]ਬੀਰ।
ਇਹੀ ਬਾਤ ਤੁਰਕਨ ਕੇ ਸੀਨੇ[1]। [1]ਹਿਰਦੇ ਵਿੱਚ।
ਟਿਕੀ, ਅੰਗੂਠੀ ਜੈਸ ਨਗੀਨੇ[1] ॥੬੫॥ [1]ਜਿਵੇਂ ਅੰਗੂਠੀ ਵਿੱਚ ਨਗੀਨਾ (ਜੜਿਆ ਹੁੰਦਾ ਹੈ)।
ਸਭਿ ਕੇ ਦਿਲ ਪਰ ਡਰ ਬੰਦੇ ਕਾ।
ਛਯੋ ਛੌੜ ਜਜੋਂ ਹ੍ਵੈ ਅੰਧੇ ਕਾ[1]। [1]ਜਿਵੇਂ ਅੰਨ੍ਹੇ ਦੀਆਂ ਅੱਖਾਂ ਉੱਤੇ ਛੌੜ ਫੈਲਿਆ ਹੁੰਦਾ ਹੈ।
ਕਮਲ ਭਯੋ ਯਕੀਨਾ ਏਹੀ[1]। [1]ਇਹ ਪੂਰਾ ਭਰੋਸਾ ਹੋ ਗਿਆ।

ਅਬਿ ਬੰਦਾ ਨਹਿਂ ਛੋਡੈ ਕੇਹੀ[1] ॥੬੬॥ — [1]ਕਿਸੇ ਨੂੰ ਵੀ।
ਭੇਡਾ ਚਾਲ ਜਗਤ ਕੀ ਐਹੈ[1]। — [1](ਚਲੀ) ਆਉਂਦੀ ਹੈ।
ਸਾਚ ਝੂਠ ਕਿਛੁ ਨਾਹਿਂ ਲਖੈ ਹੈਂ[1]। — [1]ਨਹੀਂ ਜਾਣਦੇ।
ਮਾਰਯੋ ਸ਼ਾਹਿ ਰੱਬ ਕੀ ਭਾਵੀ[1]। — [1]ਮੌਤ ਨੇ।
ਲੋਗੋਂ ਨੇ ਬੰਦੇ ਪੈ ਲਾਵੀ ॥੬੭॥
ਏ ਭੀ ਕਰਾਮਾਤ ਬਖ਼ਯਾਤੈਂ[1]। — [1]ਪ੍ਰਗਟ।
ਬੰਦੇ ਕੀ ਜਗ ਫੈਲੀ ਸਾਤੈਂ[1]। — [1]ਸੱਚੀ।
ਸ਼ਾਹਿ ਬਹਾਦਰ ਜਬਿ ਥਾ ਮਰਯੋ।
ਸ਼ਾਹਜ਼ਾਦਨ ਮੈਂ ਝਗਰਾ ਪਰਯੋ ॥੬੮॥
ਸੱਤ੍ਰਾਂ ਸੈ ਸੱਤਰ ਕੇ ਮਾਹੀਂ।
ਬੀਤਯੋ ਇਹੁ ਬਿਰਤੰਤ ਇਦਾਂਹੀਂ[1] ॥੬੯॥ — [1]ਇਸ ਤਰ੍ਹਾਂ।

ਦੋਹਰਾ:

ਸ਼ਾਹਿ ਬਹਾਦਰ ਕਾ ਪੁਨਾ,
ਜਹਾਂਦਾਰ ਸੁਤ ਏਕ।
ਬੈਠਯੋ ਦਿੱਲੀ ਤਖਤ ਪਰ,
ਬਾਦਸ਼ਾਹ ਬਨਿ ਨੇਕ ॥੭੦॥

ਨਿਸ਼ਾਨੀ ਛੰਦ:

ਪਤਿਸ਼ਾਹੀ ਤਿਸ ਨੈ ਕਰੀ,
ਸਭਿ ਗਜਾਰਾਂ ਮਾਸੈਂ।
ਤਿਸ ਕਾ ਫੱਰੁਖਸੇਰ ਨੈ[1], — [1]ਫਰੁਖਸਿਯਰ, ਔਰੰਗਜ਼ੇਬ ਦਾ ਪੋਤਾ।
ਫਿਰ ਕਰਯੋ ਬਿਨਾਸੈਂ।
ਬਿਗਰ ਰਹੇ ਥੇ ਤਬਿ ਸਭੈ,
ਨਾਜ਼ਮ[1] ਤਿਨ ਸੰਗੈਂ। — [1]ਸੂਬੇ।
ਕੀਨੇ ਸ਼ਾਹਿ ਉਪਾਇ ਬਹੁ,
ਨਹਿਂ ਮਿਟਯੋ ਕੁਢੰਗੈਂ[1] ॥੭੧॥ — [1]ਖੋਟਾ ਢੰਗ ਭਾਵਰੌਲਾ ਨਾ ਮਿਟਿਆ।
ਹਾਥ ਚੁਕਾਵਾ ਕੁਛ ਟਕਾ[1], — [1]ਆਪਣੀ ਮਰਜ਼ੀ ਨਾਲ ਕੁਝਰੁਪਇਆ।
ਢਿਗ ਸ਼ਾਹਿ ਪੁਚਾਵੈਂ।
ਔਰ ਖਾਹਿਂ ਸਭਿ ਆਪ ਹੀ,
ਨਹਿਂ ਹੁਕਮ ਬਜਾਵੈਂ[1]। — [1]ਹੁਕਮ ਨਹੀਂ ਸੀ ਮੰਨਦੇ।
ਇਤ ਉਤ ਤੈਂ ਬੰਦੇ ਪੁਨਾ,

ਸਭਿ ਸਿੰਘ ਸਕੇਲੇ[1]।

[1]ਇਕੱਠੇ ਕੀਤੇ।

ਉਤਰਿ ਪਹਾੜੋਂ ਤੈ ਤਬੈ,
ਹਤ ਤੁਰਕ ਧਕੇਲੇ[1] ॥ ੨੨ ॥

[1]ਮਾਰ ਕੇ ਤੇ ਧੱਕ (ਕੇ ਬਾਹਰ ਕੱਢ) ਦਿੱਤੇ।

ਬੰਦੇ ਨੈ ਫਿਰ ਦੇਸ ਮੈਂ,
ਵਡ ਗਰਦੀ[1] ਪਾਈ।

[1]ਹਲਚਲੀ।

ਬਹੁਤ ਠੌਰ ਤੁਰਕਾਨ ਸੋਂ,
ਤਬਿ ਪਰੀ ਲਰਾਈ।
ਸੁਨਿ ਬੰਦੇ ਕਾ ਆਵਨਾ
ਸਹਿ ਸਿੰਘਨ[1], ਆਗੇ[2]।

[1]ਸਣੇ ਸਿੰਘਾਂ ਦੇ। [2]ਅਗੋਂ ਹੀ, ਪਹਿਲੋਂ ਹੀ।

ਤੁਰਕ ਸਭੈ ਤਜਿ ਦੇਸ ਕੋ,
ਖੁਦ ਹੀ ਡਰਿ ਭਾਗੇ ॥ ੨੩ ॥
ਮਾਝਾ ਦੂਾਬਾ ਮਾਲਵਾ,
ਫਿਰ ਸਿੰਘਨ ਸੰਭਾਲੇ।
ਬਦਲੇ ਤੁਰਕਨ ਤੈ ਲਏ,
ਕਰਿ ਖ੍ਵਾਰ ਬਿਸਾਲੇ।
ਬੰਦੇ ਨੈ ਗੁਰੁਦਾਸ ਪੁਰਿ,
ਅਰ ਕੋਟ ਪਠਾਨੈਂ।
ਰਹਿਨਾ ਕੀਨੋਂ ਆਪਨਾ,
ਯੁਤ ਫੌਜ ਮਹਾਨੈਂ ॥ ੨੪ ॥
ਡੇਢ ਸਾਲ ਝਗੜਾ ਰਹਯੋ,
ਸ਼ਹਜ਼ਾਦਨ ਮਾਂਹੀਂ।
ਬੰਦੇ ਨੈ ਇਸ ਵਕਤ ਮੈਂ,
ਮੌਕਾ ਪਿਖਿ ਚਾਹੀ[1]।

[1]ਉਤਸ਼ਾਹ ਨਾਲ।

ਪਾਣੀਪਤ ਕਰਨਾਲ ਲੌਂ,
ਇਤ ਮਾਝਾ ਦੂਾਬਾ।
ਦੈ ਕੈ ਅਤਿਸੈ ਜੋਰ ਹੈ,
ਬਡ ਮੁਲਕੈਂ ਦਾਬਾ[1] ॥ ੨੫ ॥

[1]ਦਬਾ ਲਿਆ।

ਠੌਰ ਠੌਰ ਮੈਂ ਸਿੰਘਨ ਕੀ,
ਬਹੁ ਫੌਜ ਉਤਾਰੀ।
ਉਗਰਾਹਯੋ ਸ਼ਾਹੀ ਟਕਾ[1],

[1]ਮਾਮਲਾ।

ਮਰਜੀ ਅਨੁਸਾਰੀ।
ਮੁਸਲਮਾਨ ਬਡ ਜਿਤਿਕ ਥੇ,
ਹੋਏ ਅਨੁਸਾਰੇ।
ਜਿਨ ਜਿਨ ਹਾਥ ਉਠਾਇਆ,
ਸੋ ਮਾਰਿ ਬਿਦਾਰੇ[1] ॥੨੬॥

[1]ਨਾਸ ਕਰ ਦਿੱਤੇ।

ਧਨੀ ਤੁਰਕ ਨਹਿਂ ਛਾਡਯੋ,
ਬਿਨ ਲੂਟੇ ਕੋਈ।
ਰੰਗ ਲਏ ਹਥ ਖਾਲਸੇ,
ਦੌਲਤ ਬਹੁ ਢੋਈ[1]।

[1]ਮਿਲੀ। (ਅ) (ਘਰੀਂ) ਢੋ ਲਈ।

ਰਾਜ ਭੁਗਾਯੋ ਸਿੰਘਨ ਕੋ,
ਬੰਦੇ ਨੈ ਨੀਕੈਂ।
ਲੋਗ ਹਜਾਰੋਂ ਸਿਖ ਭਏ,
ਇਸ ਲਾਲਚ ਠੀਕੈਂ ॥੨੭॥
ਸਿੰਘ ਨਾਮ ਸਭ ਕੇ ਭਏ,
ਸਿਰ ਕੇਸ ਰਖਾਏ।
ਪਗ ਪਾਹੁਲ ਕਿਨਹੂੰ ਲਈ,
ਖੰਡੇ ਬਹੁਤਾਏ[1]।

[1]ਬਹੁਤਿਆਂ ਨੇ ਖੰਡੇ ਦਾ ਅੰਮ੍ਰਿਤ ਛਕ ਲਿਆ।

ਪੈ ਸਭਿ ਖਲਕਤ ਸਿੱਖ ਭੀ,
ਬੰਦੇ ਕੋ ਮਾਨੈ।
ਪੂਰਨ ਹਰਿ ਅਵਤਾਰ ਗੁਰੁ,
ਉਸ ਹੀ ਕੋ ਜਾਨੈ ॥੨੮॥
ਪੰਥ ਖਾਲਸੇ ਨੈ ਤਬੈ,
ਦਿਢ ਪੈਰ ਜਮਾਏ।
ਮੇਲਾ ਲਾਯੋ ਸੁਧਾਸਰ,
ਬੰਦੇ ਪੁਨ ਆਏ।
ਖਲਕਤ ਜੁਰੀ ਅਪਾਰ ਹੀ,
ਮਹਿਮਾਂ ਬਡ ਥਾਈ[1]।

[1]ਹੋਈ।

ਜੇਤਿਕ ਪੂਜਾ ਤਬਿ ਅਈ,
ਸਭਿ ਲੰਗਰ ਲਾਈ ॥੨੯॥
ਬੰਦੇ ਕੋ ਪ੍ਰਭੁ ਜਾਨ ਕੈ,

ਦਰਸੈ ਲੋਕਾਈ।
ਗਾਦੀ ਪੁਰ ਬੰਦਾ ਥਿਰੈ,
ਸਿਰਿ ਚੌਰ ਕਰਾਈ।
ਕਲਗੀ ਜਿਗਾ ਸਜਾਇ ਹੈ,
ਗਰ ਮੁਕਤਾ ਮਾਲਾ[1]। — [1]ਗਲ ਵਿੱਚ ਮੋਤੀਆਂ ਦੀ ਮਾਲਾ।
ਮਹਾਰਾਜਯੋਂ ਕੀ ਤਰਹਿਂ,
ਭਈ ਬਿਭੌ ਬਿਸਾਲਾ[1] ॥ ੮੦ ॥ — [1]ਬਹੁਤੀ ਸਮੱਗ੍ਰੀ।
ਕਿਲੇ ਦੋਇ ਕਾਇਮ ਕਰੇ,
ਬੰਦੇ ਨੈ ਠੀਕੈ।
ਗੁਰੁਦਾਸ ਪੁਰੈ ਪਾਠਾਣ ਕੋਟ,
ਜਾਨੋਂ ਤਬ ਨੀਕੈ।
ਜੰਗੀ ਜਿਤਿਕ ਸਮਾਜ[1] ਥਾ, — [1]ਸਾਮਾਨ।
ਇਸ ਦੇਸ ਮਝਾਰੇ।
ਗੁਰਦਾਸ ਪੁਰੇ ਬਹੁ ਰਾਖ ਹੈਂ,
ਯੁਤ ਸੈਨ ਅਪਾਰੇ ॥ ੮੧ ॥
ਮੰਡੀ[1] ਮੈਂ ਰਹਿਂ ਔਰਤੈਂ, — [1]ਮੰਡੀ ਸ਼ਹਿਰ ਵਿੱਚ।
ਦੋਊ ਤਿਸ ਕੇਰੀ।
ਫਤੇ ਸਿੰਘ ਸੁਤ ਉਪਜਯੋ
ਦੂਸਰ, ਤਿਸ ਫੇਰੀ[1]। — [1]ਤਿਸ ਵਾਰੀਂ।
ਇਸ ਹਿਤ ਬੰਦਾ ਬਹੁ ਰਹੇ,
ਮੰਡੀ ਮੈਂ ਜਾਏ।
ਤਾਂ ਕੇ ਦੋ ਸੁਤ ਇਕ ਸੁਤਾ,
ਥੇ ਭਏ ਤਦਾਏ[1] ॥ ੮੨ ॥ — [1]ਤਦੋਂ ਇਸ ਬੰਦੇ ਦੇ ਦੋ ਪੁੱਤਰ ਤੇ ਇਕ ਪੁੱਤ੍ਰੀ ਹੋ ਗਏ ਸਨ।
ਰਾਜ ਕਾਜ ਦੈ ਸਿੰਘਨ ਕੋ,
ਬੰਦਾ ਸਭਿ ਭਾਏ[1]। — [1]ਸਭ ਤਰ੍ਹਾਂ।
ਨਿਜ ਕੁਟੰਬ ਢਿਗ ਖੁਦ ਥਿਰਜੋ,
ਮੰਡੀ ਮੈਂ ਜਾਏ।
ਉਤ ਸ਼ਾਹਜ਼ਾਦਜੋਂ ਕਾ ਰਹਯੋ,
ਦੋ ਬਰਸ ਬਖੇਰੈਂ[1]। — [1]ਝਗੜਾ।
ਆਪਸ ਮੈਂ ਲਰਤੇ ਰਹੇ,

ਨਰ ਮਰੇ ਬਧੇਰੈਂ ॥ ੯੩ ॥
ਜਹਾਂਦਾਰ ਕੋ ਮਾਰ ਕੈ,
ਫਿਰ ਫੱਰਰੁਖ ਸੇਰੈਂ।
ਦਿੱਲੀ ਤਖਤ ਸੰਭਾਰਯੋ,
ਦੈ ਜੋਰ ਬਧੇਰੈਂ।
ਇਨ ਦੋ ਬਰਸੋਂ ਕੇ ਵਿਖੈ,
ਸਿੰਘਨਿ ਸੱਤਾਰਾ[1]।
ਚਮਕਯੋ ਤੇਜ ਪ੍ਰਤਾਪ ਮੈਂ,
ਸਭਿ ਮੁਲਕ ਮਜਾਰਾ ॥ ੯੪ ॥
ਬੰਦੇ ਕੇ ਪਰਤਾਪ ਸੈਂ,
ਬਡ ਰਾਜ ਲਹਾਯੋ[1]।
ਰਾਜ ਭਯੋ ਪਿਖਿ ਪੰਥ ਕਾ,
ਅਬਿ ਧਜਾਇ ਥਿਰਾਯੋ ॥ ੯੫ ॥

[1]ਸਿੰਘਾਂ ਦੀ ਕਿਸਮਤ ਦਾ ਸਿਤਾਰਾ।

[1]ਲੈ ਲਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਬਹਾਦਰ ਸ਼ਾਹ ਕਾ ਮਰਨਾ, ਸਿੰਘਨ ਕਾਰਾਜ ਕਰਨਾ' ਬਰਨਨੰ ਨਾਮ ਦ੍ਵਾਦਸਮੋਂ ਬਿਸ੍ਰਾਮ ॥ ੧੨ ॥

੧੩. {ਬੰਦੇ ਦਾ ਪਹਾੜਾਂ ਦੀ ਸੈਰ ਨੂੰ ਚਲੇ ਜਾਣਾ, ਸ਼ਾਹੀ ਫ਼ੌਜ ਨੇ ਸਿੰਘਾਂ ਤੋਂ ਮੁਲਕ ਛੁਡਾ ਲੈਣਾ, ਬੰਦੇ ਦੇ ਵਾਪਸ ਆਉਣ ਤੋਂ ਸਿੰਘਾਂ ਫਿਰ ਕਬਜ਼ਾ ਕਰ ਲੈਣਾ, ਕਸੂਰੀ ਸਰਦਾਰ ਹਮੀਦ ਖ਼ਾਂ ਸੂਬੇ ਸਰਹੰਦ ਦਾ ਮਾਰਿਆ ਜਾਣਾ}

ਸ੍ਵੈਯਾ:

ਬ੍ਯਾਸ ਪਰਾਸਰ ਨਾਰਦ ਸਾਰਦ[1], — [1]ਸਰਸੁਤੀ।
ਬੁੱਧਿ ਬਿਸਾਰਦ[1] ਔਰਹਿੰ ਬੀਏ[2]। — [1]ਉੱਜਲ ਬੁਧੀ ਵਾਲੇ। [2]ਹੋਰ ਦੂਸਰੇ।
ਦੇਵ ਰਿਖੀਸ ਤਪੀਸ ਮੁਨੀਸ,
ਜੁਗੀਸ ਸਿਧੇਸੂਰ ਏਸੂਰ ਥੀਏ[1]। — [1]ਵੱਡੇ ਜੋਗੀ ਵੱਡੇ ਸਿੱਧ ਤੇ ਉਨ੍ਹਾਂ ਦੇ ਵੱਡੇ ਮੁਖੀ ਹੋਏ ਹਨ।
ਜੇ ਅਵਤਾਰ ਪਿਗੰਬਰ, ਅੰਬਰ
ਪੈ[1] ਪਹੁੰਚੇ ਮੁਖ ਲੰਬਰ ਲੀਏ[2]। — [1]ਅਕਾਸ਼ ਉੱਪਰ। [2]ਪਹਿਲਾ ਨੰਬਰ ਲਿਆ ਹੈ ਭਾਵ ਮੁਖੀ ਅਵਤਾਰ ਤੇ ਪੈਗ਼ੰਬਰ ਬਣੇ ਹਨ।

ਤੇ ਸਭਿ ਸੇਵ ਗੁਰੈਂ ਪਦ ਪੰਕਜ,
ਸਿੱਧ ਭਏ ਪਰਸਿੱਧ ਅਤੀਏ[1] ॥੧॥ — [1]ਉਹ ਸਾਰੇ ਗੁਰਾਂ ਦੇ ਚਰਨ-ਕੰਵਲਾਂ ਦੀ ਸੇਵਾ ਕਰ ਕੇ ਹੀ ਸ਼ਕਤੀਆਂ ਵਾਲੇ ਬਹੁਤੇ ਮਸ਼ਹੂਰ ਹੋਏ ਹਨ।

ਦੋਹਰਾ:

ਇਸ ਹਿਤ ਕਲਗੀਧਰ ਗੁਰੈਂ,
ਧਾਰਿ ਉਰੈ ਦਿਢ ਧ੍ਯਾਨ।
ਕਲਿਕੀਧਰ ਕਲਿ ਕੀ ਸੁ ਧਰ,
ਕਲ ਕੀਰਤਿ ਸਿੰਘਾਨ[1] ॥੨॥ — [1]ਸਿੰਘਾਂ ਦੀ ਸੁੰਦਰ ਕੀਰਤੀ ਕਲਜੁਗ ਦੀ ਓਟ ਤੇ ਕਲਕੀ ਅਵਤਾਰ ਦਾ ਵੀ ਭਲੀ ਪ੍ਰਕਾਰ ਆਸਰਾ ਹੈ।

ਬਰਨੋ, ਬੰਦਾ ਸੈਲ ਜਯੋਂ,
ਸੈਲਨ ਸੈਲ ਸਿਧਾਇ[1]। — [1]ਬੰਦਾ ਸੈਰ ਕਰਨ ਵਾਸਤੇ ਜਿਵੇਂ ਪਹਾੜਾਂ ਦੀ ਸੈਰ ਨੂੰ ਜਾਵੇਗਾ (ਉਸ ਦਾ) ਕਥਨ ਕਰਾਂਗਾ।

ਦਿੱਲੀ ਪਤਿ ਹਤਿ ਸਿੰਘਨ ਤੈਂ[1], — [1]ਦਿੱਲੀ ਦਾ ਬਾਦਸ਼ਾਹ, ਮਾਰ ਕੇ ਸਿੰਘਾਂ ਤੋਂ।
ਲੈਹੈ ਮੁਲਕ ਛੁਡਾਇ ॥੩॥
ਫਿਰ ਬੰਦਾ ਜਿਮ ਆਇ ਕੈ,
ਮੱਦਦ ਸਿੰਘਨ ਦਾਇ[1]। — [1]ਦੇ ਕੇ।
ਮਾਰਿ ਮਲੇਛਨ ਭੇਛ ਕੋ[1], — [1]ਤੁਰਕਾਂ ਦੀ ਕੌਮ ਨੂੰ।
ਸਿੰਘਨ ਏਛ ਪੁਜਾਇ[1] ॥੪॥ — [1]ਇੱਛਾ ਪੂਰੀ ਕਰੇਗਾ।

ਨਿਸ਼ਾਨੀ ਛੰਦ:

ਬੰਦਾ ਜੱਦਪਿ ਜਾ ਰਹ੍ਯੋ,
ਨਿਜ ਟੱਬਰ ਪਾਹੈਂ[1]। — [1]ਪਾਸ।

ਸੁਤਾ ਸੁਤਨ ਕੋ ਪਾਲਤੋ,
ਬਹੁ ਲਾਡ ਲਡਾ ਹੈ।
ਉਭੈ ਤੀਆ ਨਿਜ ਭੋਗਤੋ, ਕੋਕਹਿ ਅਨੁਸਾਰੈਂ[1]। — [1]ਕੋਕ ਸ਼ਾਸਤ੍ਰ ਅਨੁਸਾਰ।
ਤੌ ਭੀ ਰਹੇ ਅਲੇਪ ਹੀ, ਜਲ ਕੰਜ ਅਨੁਹਾਰੈਂ[1] ॥੫॥ — [1]ਜਲ ਵਿੱਚ ਕੰਵਲ ਵਾਂਗ ਨਿਰਲੇਪ ਰਹਿੰਦਾ ਹੈ।
ਕਰੀ ਫਕੀਰੀ ਥੀ ਭਰੀ[1], ਜੋ ਪੂਰਨ ਤਾਂਹੀ। — [1]ਚੰਗੀ।
ਚਿਕਨੇ ਭਾਂਡਜੋਂ ਜਾਤ ਜਜੋਂ, ਚਿਕਨਾਈ ਨਾਹੀਂ[1]। — [1]ਜਿਵੇਂ ਥਿੰਧਿਆਂ ਭਾਂਡਿਆਂ ਚੋਂ ਥਿੰਧਾਈ ਨਹੀਂ ਜਾਂਦੀ।
ਦਸਮ ਗੁਰੂ ਕੇ ਬਚਨ ਮੈਂ, ਬੰਧਾਏ-ਮਾਨੈਂ[1]। — [1]ਬੱਝ ਕੇ।
ਹੋਇ, ਤਾਂਹਿ ਨੈ ਜੱਦਪੀ ਪਕਰੀ ਕਿਰਪਾਨੈ ॥੬॥
ਕਰੇ ਜੁਲਮ* ਤੁਰਕਾਨ ਪੈ ਬਹੁਧਾ ਬੇਹੱਦੈਂ[1]। — [1]ਬਹੁਤ ਤਰ੍ਹਾਂ ਦੇ ਬਹੁਤੇ ਜ਼ੁਲਮ ਕੀਤੇ। *ਬੰਦਾ ਸਿੰਘ ਨੇ ਤੁਰਕਾਂ ਤੇ ਜ਼ੁਲਮ ਨਹੀਂ ਕੀਤੇ, ਸਗੋਂ ਉਨ੍ਹਾਂ ਨੂੰ ਉਨ੍ਹਾਂ ਦੇ ਕੀਤੇ ਮਾੜੇ ਕਰਮਾਂ ਦਾ ਫਲ ਭੁਗਤਾਇਆ ਹੈ। ਜਿਵੇਂ ਕਿ ਅਗਲੀ ਹੀ ਤੁਕ ਵਿੱਚ ਸਪਸ਼ਟ ਹੈ। ਪਾਪੀਆਂ ਤੇ ਜ਼ਾਲਮਾਂ ਨੂੰ ਦੰਡ ਦੇਣਾ ਜ਼ੁਲਮ ਨਹੀਂ ਆਖਿਆ ਜਾ ਸਕਦਾ।
ਤੁਰਕਨਿ ਕੋ ਭੁਗਤਾਇਯੋ ਫਲ ਕਰਮਨ, ਬੱਧੈਂ[1]। — [1]ਗੁਰਾਂ ਦੇ ਬਚਨਾਂ 'ਚ ਬੱਝੇ ਨੇ। (ਅ) (ਉਨ੍ਹਾਂ ਨੂੰ) ਮਾਰ ਕੇ।
ਇਤਿਕ ਬਡੇ ਵਹਿ ਕਾਮ ਮੈਂ, ਨਿਸਕਾਮ ਰਹਾਯੋ।
ਅਤਿ ਪ੍ਰਬਿਰਤੀ ਕੇ ਵਿਖੇ, ਨਿਰਵਿਰਤਿ ਲਖਾਯੋ[1] ॥੭॥ — [1]ਬਹੁਤੇ ਵੱਡੇ ਜੰਜਾਲ 'ਚਰਹਿੰਦਿਆਂ ਹੋਇਆਂ ਤਿਆਗੀ ਜਣਾਇਆ।
ਦੌਲਤ ਦੁਨੀਆਂ ਹੁਕਮ ਕੀ, ਕੁਛ ਹਿਰਸ[1] ਨ ਕੀਨੀ। — [1]ਇੱਛਾ।
ਪੈਦਾ ਕਰਿ ਖੁਦ ਬਡ ਇਹੈ, ਸਭਿ ਸਿੰਘਹਿ ਦੀਨੀ[1]। — [1]ਬੰਦੇ ਦੀ ਇਹੋ ਹੀ ਵਡਿਆਈ ਹੈ ਕਿ ਇੱਡੀ ਵਡੀ ਬਾਦਸ਼ਾਹੀ ਆਪ ਪੈਦਾ ਕਰ ਕੇ ਸਾਰੀ ਸਿੰਘਾਂ ਨੂੰ ਹੀ ਦੇ ਦਿੱਤੀ।
ਭਯੋ ਨ ਐਸੋ ਹੋਇਗੋ, ਪੂਰਨ ਪਰਤਾਪੀ।
ਰਾਮ ਕ੍ਰਿਸ਼ਨ ਜਨਕਾਦਿ ਤੈਂ, ਬਢ ਗਯੋ ਅਮਾਪੀ[1] ॥੮॥ — [1]ਮਾਪਣ ਤੋਂ ਰਹਿਤ ਭਾਵ ਬਹੁਤਾ।
ਸ਼ਕਤਿ ਭਗਤਿ ਉੱਦਾਰਤਾ, ਪਰਤਾਪ ਅਮਾਵੈਂ[1]। — [1]ਮਿਉਣ ਤੋਂ ਰਹਿਤ ਭਾਵ ਬਹੁਤਾ।
ਤਿਸ ਸਮ ਤਿਸ ਹੀ ਕਾ ਭਯੋ, ਕੋ ਆਨ ਬਤਾਵੈ[1]। — [1]ਕੋਈ ਹੋਰ ਕਿਸੇ ਦਾ ਐਸਾ ਤੇਜ ਪ੍ਰਤਾਪ ਦਸ ਸਕਦਾ ਹੈ ? ਭਾਵ ਉਸ ਵਰਗਾ ਹੋਰ ਕਿਸੇ ਦਾ ਵੀ ਐਸਾ ਤੇਜ ਪ੍ਰਤਾਪ ਨਹੀਂ ਸੀ।
ਤਾਂ ਤੇ ਕਵਿ ਕਰਿ ਬੰਦਨਾ, ਤਿਸ ਕੋ ਬਹੁ ਬਾਰੀ[1]। — [1]ਵਾਰੀਂ।
ਅਬਿ ਪ੍ਰਸੰਗ ਉਚਾਰ ਹੈ, ਜਜੋਂ ਭਯੋ ਅਗਾਰੀ

॥ ੯ ॥
ਗੁਰੁ-ਬੰਦਾ[1] ਮੰਡੀ ਵਿਖੈ, ਕਿਛੁ ਦਿਵਸ ਰਹੈ ਕੈ। — [1]ਗੁਰਾਂ ਦਾ ਬੰਦਾ (ਦਾਸ)।
ਲਹਿਰ ਫਕੀਰੀ ਕੀ ਉਠੀ, ਘਰ ਚਲ੍ਯੋ ਤਜੈ ਕੈ।
ਸੈਲ ਹੇਤ ਸੈਲਾਨ ਕੇ, ਸੈਲਨ ਪੈ ਚੜ੍ਹਿਓ[1]। — [1]ਪਹਾੜਾਂ ਦੀ ਸੈਰ ਵਾਸਤੇ ਪਹਾੜਾਂ 'ਤੇ ਚੜ੍ਹਿਆ।
ਅਮਰ ਨਾਥ[1] ਦਿਸ ਏਕਲੋ[2] ਕੈਲਾਸ਼ੈਂ[3] ਬੜ੍ਹਿਓ ॥ ੧੦ ॥ — [1]ਕਸ਼ਮੀਰ ਵਿੱਚ ਸ਼ਿਵ ਦਾ ਸਥਾਨ ਇਕ ਤੀਰਥ। [2]ਇਕੱਲਾ ਹੀ। [3]ਕੈਲਾਸ਼ ਵਲ ਨੂੰ ਵਧਿਆ (ਕੈਲਾਸ਼=ਇਕ ਪਹਾੜ ਦਾ ਨਾਮ।)
ਪੁਨ ਜੰਮੂ ਕੇ ਨਿਕਟ ਆਇ ਕਰਿ, ਗੁਫਾ ਨਿਹਾਰੀ।
ਚੰਦਰ ਭਾਗਾ ਕੇ ਤਟੈਂ, ਥਿਰਿ ਲਾਈ ਤਾਰੀ[1]। — [1]ਝਨਾ ਨਦੀ ਦੇ ਕਿਨਾਰੇ ਬੈਠ ਕੇ ਸਮਾਧੀ ਲਾਈ।
ਕੋਊ ਖਬਰ ਨਹਿਂ ਜੋ ਮਿਲੀ, ਇਕ ਸਾਲ ਕੁ ਬੀਤਾ।
ਕੋਊ ਕਹੈ ਕਿਤ ਮਰ ਗਯੋ, ਕੋ ਕਹਿਂ ਗਹਿ ਲੀਤਾ ॥ ੧੧ ॥
ਸੁਨਿ ਹਵਾਲ ਤੁਰਕਾਨ ਨੈ, ਬਡ ਖੁਸ਼ੀ ਮਨਾਈ।
ਫੱਰਰੁਖਸੇਰ ਪਤਿਸ਼ਾਹ ਨੈ, ਬਹੁ ਫੌਜ ਚਢਾਈ।
ਸ਼ੱਮਸ ਖਾਂਨ ਵਜੀਦ ਖਾਂ, ਜਾਲੀ ਦੀਨਾਦੀ[1]। — [1]ਜਾਲੀ ਦੀਨ ਆਦਿਕ।
ਭੇਜੇ ਖਾਨ ਕਸੂਰੀਏ, ਪਿਖਿ ਸਿੰਘਨਿ ਬਾਦੀ[1] ॥ ੧੨ ॥ — [1]ਸਿੰਘਾਂ ਨੂੰ ਲੜਾਕੇ ਦੇਖ ਕੇ।
ਤਕੀ ਮੁਹੰਮਦ, ਹਸਨ ਖਾਂ, ਹੈਬਤ ਖਾਂ ਤੀਨੇ।
ਇਹੁ ਤਿਰਾਵੜੀ ਕੇ ਹੁਤੇ, ਅਰਿ ਪੰਥਹਿ ਪੀਨੇ[1]। — [1]ਪੰਥ ਦੇ ਵੱਡੇ ਦੁਸ਼ਮਣ।
ਸਿਪਹਿ ਸਲਾਰ[1] ਵਜੀਰ ਖਾਂ, ਇਨ ਕੋ ਲੈ ਆਯੋ। — [1]ਸੈਨਾਪਤੀ।
ਸੂਬਾ ਅਬਦੁਲ ਸਮੁੰਦ ਖਾਂ, ਲਾਹੌਰੋਂ ਧਾਯੋ ॥ ੧੩ ॥
ਔਰ ਮੁਹੰਮਦ ਅਮੀਨ ਖਾਂ, ਜਾਲੰਧਰ ਵਾਰਾ।
ਸ਼ੱਮਸ ਖਾਂ ਬਿਜਵਾੜੀਆ, ਲੈ ਖਾਨ ਅਪਾਰਾ।
ਲਸ਼ਕਰ ਦੋਨੋਂ ਤਰਫ ਤੈਂ, ਸਿੰਘਨ ਪਰ ਧਾਏ।
ਬੈਰ ਸਿੰਘਨ ਤੈ ਲੈਨ ਕੋ, ਔਰੈਂ ਬਹੁ ਆਏ ॥ ੧੪ ॥
ਪਰਜੋ ਰੌਰ ਅਤਿ ਮੁਲਕ ਮੈਂ, ਸਿੰਘਨ ਕੋ — [1]ਸਿੰਘਾਂ ਨੂੰ (ਬਿਪਤਾਂ) ਆ ਬਣੀਆਂ।

ਬਨੀਆਂ[1]।
ਬੰਦਾ ਪਾਯੋ ਨਹਿ ਕਿਤੈ, ਖੋਜਯੋ ਤਿਨ ਘਨੀਆਂ[1]। [1]ਬਹੁਤਾ।
ਕਾਨ੍ਹ ਸਿੰਘ ਬਾਨੋਦ ਸਿੰਘ, ਰੂਪਾ ਸਿੰਘ ਸੂਰਾ।
ਇਤਯਾਦਿਕ ਸਰਦਾਰ ਥੇ, ਸਿੰਘ ਲਰੇ ਨ ਪੂਰਾ
॥ ੧੫ ॥
ਪਾਨੀਪਤ ਤੇਰਾਵੜੀ, ਥਾਨੇਸਰ ਛੋਰੀ।
ਸ਼ਾਹਾਬਾਦ ਅਰ ਬੂੜੀਆ, ਤਜਿ ਆਏ ਦੌਰੀ।
ਪੀਛੇ ਸੈਨਾ ਤੁਰਕ ਕੀ, ਆਗੇ ਸਿੰਘ ਧਾਏ।
ਗਏ ਲੋਹਗੜ੍ਹ ਦਿਸ ਘਨੇ, ਸਰਹੰਦੇ ਆਏ
॥ ੧੬ ॥
ਕਾਨੂੰਗੋ ਭਗਵੰਤ ਰਾਇ ਕੇ, ਕਿਲੇ ਮਝਾਰੀ।
ਲੜੇ ਸਿੰਘ ਤ੍ਰੈ ਦਿਵਸ ਲੌਂ, ਫਿਰ ਭਾਗੇ ਹਾਰੀ।
ਕਸਬੇ ਖਰੜ ਨਜੀਕ ਭੀ, ਭਾਰੀ ਜੰਗ ਹੁਏ।
ਜੋਰ ਮਲੇਛਨ ਕਾ ਪਯੋ, ਲਰ ਕਰਿ ਬਹੁ ਮੂਏ
॥ ੧੭ ॥
ਧਸੇ ਜਾਇ ਸਿੰਘ ਲੋਹਗੜ੍ਹੀ, ਹ੍ਵੈ ਇਤ ਉਤ ਕੱਠੇ।
ਤਹਾਂ ਮਹੀਨਾ ਇਕ ਲਰੇ, ਨਹਿਂ ਤਜ ਕੈ ਨੱਠੇ।
ਕੋਈ ਵਸਤੁ ਨ ਬਾਹਰੋਂ, ਪਹੁੰਚੈ ਤਿਨ ਪਾਸੈਂ।
ਆਖਰ ਭਏ ਲਚਾਰ ਜੌਂ[1], ਕੀਨੀ ਅਰਦਾਸੈਂ [1]ਜਦੋਂ ਦੁਖੀ ਹੋਏ।
॥ ੧੮ ॥
ਹੇ ਕਲਗੀਧਰ ਸਤਿਗੁਰੂ, ਕਿਛ ਮੱਦਦ ਕੀਜੈ।
ਨਾਹਿਂ ਤ ਹੋਨ ਸ਼ਹੀਦ ਹੀ, ਬੁਧੀ ਦਿਢ ਦੀਜੈ।
ਸਾਰ[1] ਮਾਲਵੇ ਮੈਂ ਭਈ, ਇਹੁ ਸਿੰਘਨ ਕੇਰੀ। [1]ਖ਼ਬਰ।
ਰਾਮ ਸਿੰਘ ਤਾਲੋਕ ਸਿੰਘ, ਲੈ ਸੈਨ ਬਧੇਰੀ
॥ ੧੯ ॥
ਫਤੇ ਸਿੰਘ ਤਖਤੂ ਹਰੀ, ਭਗਤੂ ਕੇ ਗੌਰੈਂ[1]। [1]ਬਹੁਤੇ।
ਪਰਮ ਧਰਮ ਸਿੰਘ ਬੀਰ ਦ੍ਵੈ, ਡੱਲੇ ਲੌ ਔਰੈਂ।
ਧਾਲੀਵਾਲ ਸ਼ਮੀਰ ਕੇ, ਸੁਤ ਲੈ ਬਹੁ ਭਾਈ।
ਦੁੱਲਟ ਮਿਲਯੋ ਨਗਾਹੀਆ, ਲੈ ਭਟ ਅਧਿਕਾਈ
॥ ੨੦ ॥

ਦਾਨ ਸਿੰਘ ਬੈਰਾੜ ਲੌ ਮਲਵਈ ਅਪਾਰੈਂ।
ਔਰੈਂ ਅਧਿਕ ਮਿਲਾਇ ਕੈ ਬਾਹਾਦਰ ਭਾਰੈਂ[1]। [1]ਭਾਰੀ ਸੂਰਮੇਂ।
ਗੁਰੁ ਕੇ ਪ੍ਰੇਰੇ ਧਾਇ ਕੈ, ਹ੍ਵੈ ਚਾਰ ਕੁ ਠੌਰੈਂ।
ਪਰੇ ਆਇ ਤੁਰਕਾਨ ਪੈ, ਨਿਸ ਕੋ ਇਸ ਤੌਰੈਂ[1] ॥੨੧॥ [1]ਇਸ ਢੰਗ ਨਾਲ।
ਤੁਰਕਨ ਕਾ ਬਿਚਲਾ ਦਯੋ[1] ਦਲ, ਤਿਨ ਇਮ ਜਬਿ ਹੀ। [1]ਖਿੰਡਾ ਦਿੱਤਾ।
ਇਨ ਕੇ ਪੀਛੇ ਜੋ ਪਰੀ, ਤੁਰਕਾਨੀ ਸਭਿ ਹੀ।
ਬਾਜ ਸਿੰਘ ਲੌ ਸੂਰਮੇ, ਜੋ ਕਿਲੇ ਮਝਾਰੇ।
ਬਹੁ ਦਿਨ ਤੈ ਲੜ ਰਹੇ ਥੇ, ਨਿਕਸੇ ਤਬਿ ਸਾਰੇ ॥੨੨॥
ਵਹਿ ਭੀ ਲੁਟਤੇ ਮਾਰਤੇ, ਝਾੜੈਂ ਪਾਹਾੜੈਂ।
ਧਸੇ, ਨਿਸੰਸੇ ਹ੍ਵੈ ਸਭੈ, ਜੜ੍ਹ ਤੁਰਕਨ ਪਾੜੈਂ[1]। [1]ਪਾੜ ਕੇ।
ਕਿਛੁ ਬਾਂਗਰ ਕਿਛੁ ਮਾਲਵੇ, ਕਿਛੁ ਦੇਸ ਤਿਹਾੜੈਂ[1]। [1]ਜਗਰਾਉਂ ਦੀ ਤਸੀਲ ਵਿੱਚ ਇਕ ਇਲਾਕਾ।
ਗਾਮ ਧਾਮ ਤੁਰਕਾਨ ਕੇ, ਜਜੋਂ ਤਜੋਂ ਬੇਗਾੜੈਂ ॥੨੩॥
ਲੋਹਗੜ੍ਹੀ ਕੋ ਜੀਤ ਕੈ, ਤੁਰਕਾਨੀ ਸੈਨਾ।
ਬਾਗਾਂ ਵਾਲੇ ਥੀ ਥਿਰੀ, ਸੁਨਿ ਸਿੰਘਨ ਐਨਾ[1]। [1]ਚੰਗੀ ਤਰ੍ਹਾਂ।
ਮਾਰਜੋ ਛਾਪਾ ਰਾਤ ਕੋ, ਮਲਵਈ ਮਝੈਲੈਂ।
ਲੂਟ ਕੂਟ ਕੀਨੀ ਘਨੀ, ਤਬਿ ਸਿੰਘਨ ਛੈਲੈਂ[1] ॥੨੪॥ [1]ਸੁੰਦਰ ਜਵਾਨਾਂ ਨੇ।
ਦੋਹਰਾ:
ਬਾਜ ਸਿੰਘ ਪਹਿਚਾਨ ਕੈ,
ਮਾਰਜੋ ਜਾਲੀ ਦੀਨ।
ਔਰ ਘਨਜੋਂ ਕੇ ਸਿਰ ਕਟੇ,
ਅੱਸ੍ਰ ਬਿੱਤ[1] ਬਹੁ ਲੀਨ ॥੨੫॥ [1]ਘੋੜੇ ਤੇ ਧਨ।
ਅੜਿੱਲ ਛੰਦ:
ਮਾਰ ਕੂਟ ਯੌਂ ਸਿੰਘ ਪਹਾੜੀਂ ਕਿਛੁ ਧਸੇ।
ਦੌਰਿ ਕਿਤਿਕ ਮਲਵਈ, ਘਰੋਂ ਮੈਂ ਜਾ ਬਸੇ* *ਇਸ ਅੰਕ ਦੀਆਂ ਦੋ ਤੁਕਾਂ ਮੂਲ 'ਚ ਹੀ ਨਹੀਂ ਹਨ।

॥੨੬॥
ਬਾਜ ਸਿੰਘ ਔ ਫਤੇ ਸਿੰਘ ਲੌ ਬੀਰ ਜੇ।
ਜਥਾ ਬਾਂਧ ਸਿੰਘ ਗਏ, ਪਾਇ ਬਹੀਰ[1] ਥੇ।
[1]ਚਾਲੇ ਪਾ ਕੇ।
ਲੂਟਤ ਮਾਰਤ, ਸੱਤ੍ਰਨ ਕੇ ਬਹੁ ਪਿੰਡ ਸੋ।
ਹੋ ਸਤਲੁਜ ਕੋ ਲਖਿ[1] ਦੂਬੇ ਪਹੁੰਚੇ ਖਿੰਡ ਸੋ[2]
[1]ਲੰਘ ਕੇ। [2]ਉਹ (ਸਿੰਘ) ਖਿੰਡ ਕੇ।
॥੨੭॥
ਉਤੈ ਬਜੀਦਾ ਖਾਨ ਮੁਹੰਮਦਾ ਮੀਨ ਖਾਂ।
ਸੂਬੇ ਪਠੇ ਲਹੌਰੀ, ਨਿਜ ਸੁਤ ਜੀਨ ਖਾਂ[1]।
[1]ਆਪਣੇ ਪੁੱਤਰ ਜੀਨ ਖ਼ਾਂ ਸਣੇ ਲਾਹੌਰ ਦੇ ਸੂਬੇ ਨੇ ਇਹ ਦੋਵੇਂ ਭੇਜੇ।
ਚਢੇ ਲਹੌਰੋਂ ਥੇ ਇਹੁ, ਰਿਸ ਅਤਿ ਧਾਰ ਕੈ।
ਹੋ ਮਾਝੇ ਤੈ ਇਨ ਸਿੰਘ, ਨਿਕਾਰੇ ਮਾਰ ਕੈ
॥੨੮॥
ਪੁਰਿ ਗੁਰਦਾਸ ਛੁਡਾਯੋ, ਕੋਟ ਪਠਾਨ ਹੈ।
ਲਰਤ ਭਿਰਤ ਥੇ ਫਿਰਤ, ਸਾਥ ਸਿੰਘਾਨ ਹੈ।
ਜਾਲੀ ਦੀਨ ਮਰੇ ਕੀ, ਪਹੁੰਚੀ ਖਬਰ ਜੋ।
ਹੋ ਰੋਯੋ ਖਾਨ ਬਜੀਦਾ, ਸੁਨ ਕੈ ਜਬਰ ਸੋ[1]
[1]ਉਹ ਜ਼ੁਲਮ ਸੁਣ ਕੇ।
॥੨੯॥
ਸਕਾ ਬੀਰ ਥਾ ਤਾਂ ਕੋ, ਸੋ ਬਡ ਲਾਯਕੈਂ।
ਬਦਲਾ ਲੈਨੇ ਹੇਤ, ਅਯੋ ਸੋ ਧਾਇ ਕੈ।
ਬਾਜ ਸਿੰਘ ਉਨ ਸੁਨਯੋ, ਕਾਤਲ ਬੀਰ ਕਾ।
ਹੋ ਮੇਟਨ ਵਾਲਾ ਕੋਇ ਨਹੀਂ ਤਕਦੀਰ ਕਾ[1]
[1]ਕਰਮਾਂ ਦੇ ਲੇਖ ਦਾ।
॥੩੦॥
ਢਿਗ ਹੁਸ਼ਜਾਰ ਪੁਰਿ ਆਇ, ਬਾਜ ਸਿੰਘ ਸੋਂ ਲਰਜੋ।
ਬਹੁ ਸਬੰਧੀਅਨ ਸੰਗੈਂ, ਸੋ ਭੀ ਤਹਿ ਮਰਜੋ।
ਇਹ ਸੁਨਿ ਸ਼ੱਮਸ ਖਾਨ, ਤੀਸਰਾ ਬੀਰ ਤਿਹ[1]।
[1]ਤਿਨ੍ਹਾਂ ਦਾ ਤੀਜਾ ਭਰਾ।
ਹੋ ਦਿਸ ਸਰ੍ਹੰਦ ਤੈ ਆਯੋ, ਐਪਰ ਕਰੇ ਕਿਹ[1]
[1]ਪਰ ਉਹ ਹੁਣ ਕੀ ਕਰ ਸਕਦਾ ਸੀ।
॥੩੧॥
ਉਤ ਤਿਰਾਵੜੀ ਵਾਰਨ[1], ਆਇ ਸਰ੍ਹੰਦ ਪੈ।
[1]ਉਧਰ ਤਿਰਾਵੜੀ ਵਾਲੇ ਤੁਰਕ ਹਾਕਮ।
ਸਿੰਘਨ ਤੈ ਛੁਡਵਾਈ, ਲਰਿ ਬੋਲੰਦ ਪੈ[1]।
[1]ਫੇਰ ਬਹੁਤਾ ਲੜ ਕੇ।

ਆਲੀ ਮਾਲੀ ਸਿੰਘ, ਬੁਲਾਕਾ ਆਦਿ ਸੇ।
ਹੋ ਆਏ ਓਰ ਦਵਾਬੇ, ਕਰਤ ਬਿਖਾਦ ਸੇ[1] ॥੩੨॥ — [1]ਉਹ ਝਗੜਾ ਕਰਦੇ।
ਯਾ ਬਿਧਿ ਸਭਿ ਹੀ ਸਿੰਘ, ਚੁਫੇਰਜੋਂ ਤੈ ਧਏ[1]। — [1]ਦੌੜ ਕੇ।
ਇਕਠੇ ਹੋਵਨ ਹੇਤ, ਦਵਾਬਜੋਂ ਮੈਂ ਅਏ।
ਹਾਲ ਚਾਲ ਬਡ ਪਾਈ, ਦੂਾਬੇ ਆਨ ਕੈ।
ਹੋ ਲੂਟੇ ਕੂਟੇ, ਪਿੰਡ ਬਹੁਤ ਤੁਰਕਾਨ ਕੈ ॥੩੩॥
ਪੀਛੇ ਦਲ ਤੁਰਕਾਨੀ, ਦੁਹਿ ਦਿਸ ਤੈ ਬਢੇ।
ਆਇ ਪਹੂੰਚੇ ਤਹਿ ਹੀ, ਅਤਿਸੈ ਰਿਸ ਮਢੇ[1]। — [1]ਬਹੁਤੇ ਗ਼ੁੱਸੇ 'ਚ ਮੜ੍ਹੇ ਭਾਵ ਭਰੇ ਹੋਏ।
ਕਈ ਠੌਰ, ਬਡਰੌਰ ਫਿਰੈਂ ਸਿੰਘ ਪਾਵਤੇ।
ਹੋ ਸੰਮੁਖ ਹੋਇ, ਨ ਸੱਤ੍ਰੈਂ ਸੰਗ ਲਰਾਵਤੇ ॥੩੪॥
ਆਖਰ ਸਿੰਘ ਲਚਾਰ ਹੋਇ, ਪਾਹਾਰ ਮੈਂ।
ਓਰ ਕਾਂਗੜੇ ਕਿਛੁਕ ਭਾਦਸੂ ਧਾਰ ਮੈਂ[1]। — [1]ਭਾਦਸੂ ਨਾਮ ਦੀ ਧਾਰ ਵਿੱਚ। (ਧਾਰ=ਪਹਾੜਾਂ ਦੀ ਕਤਾਰ।)
ਕੇਤਿਕ ਮੰਡੀ ਲਖੇ ਸੁ ਧਾਰ ਸਿਕੰਦਰੈਂ[1]। — [1]ਮੰਡੀ ਲੰਘ ਕੇ ਸਕੰਦਰ ਧਾਰ (ਵਲ ਚਲੇ ਗਏ)।
ਹੋ ਜਾਨ ਬਚਾਈ, ਜਿਤ ਕਿਤ ਛਪਿ ਗਿਰ ਅੰਦਰੈਂ[1] ॥੩੫॥ — [1]ਪਹਾੜਾਂ ਦੇ ਅੰਦਰ।
ਮੁਸਲਮਾਨ ਖੁਸ਼ ਹੋਏ, ਦੇਸੋਂ ਸਿੰਘ ਕਢਿ।
ਜਲਸੇ ਕੀਨੇ ਖੁਸ਼ੀ[1], ਲਾਲੀਆਂ ਗਈਂ ਚਢ। — [1]ਖ਼ੁਸ਼ੀ (ਮਨਾਉਣ ਲਈ) ਇਕੱਠ ਕੀਤੇ।
ਸ਼ੱਮਸ ਖਾਂ ਬਿਜਵਾੜੇ ਵਾਲੇ ਜਜਾਫਤੈਂ।
ਹੋ ਕਰੀ[1], ਬੈਠ ਸਭਿ ਕਹੈਂ, ਕਢੇ ਸਿੰਘ ਆਫਤੈਂ[2] ॥੩੬॥ — [1]ਪ੍ਰੀਤੀ ਭੋਜਨ ਦਿੱਤੇ। [2]ਬਿਪਤਾ ਪਾਉਣ ਵਾਲੇ।
ਬਾਦਸ਼ਾਹਿ ਢਿਗ, ਪਠੀਂ ਏਹੁ ਖੁਸ਼ਖ਼ਬਰੀਆਂ।
ਸੁਨ ਕੈ ਫੱਰਰੁਖਸੇਰ ਭਯੋ ਮੁਦ ਜਬਰੀਆਂ[1]। — [1]ਬਹੁਤ ਅਨੰਦ ਹੋਇਆ।
ਸਿਪਹਿ ਸਲਾਰ[1] ਵਜੀਰ ਖਾਨ ਕੋ ਤਾਂਹਿ ਹੈ[2]। — [1]ਸੈਨਾਪਤੀ। [2]ਤਿਸ ਨੇ।
ਨਾਜਮ[1] ਕਰਜੋ ਸਰ੍ਹੰਦ ਕੇਰ, ਭਲ ਚਾਹਿ ਹੈ[2] ॥੩੭॥ — [1]ਸੂਬਾ। [2]ਚੰਗੀ ਤਰ੍ਹਾਂ ਉਤਸ਼ਾਹ ਨਾਲ।
ਦੂਾਬਾ, ਸ਼ੱਮਸ ਖਾਂ ਬਿਜਵਾੜੀ ਕੋ ਦਯੋ।
ਜਥਾ ਜੋਗ ਬਡ ਅਹੁਦਾ, ਸਭਿ ਹੀ ਕਾ ਭਯੋ।
ਸਿੰਘਨ ਤਈਂ ਨਿਕਾਰਿ, ਤੁਰਕ ਨਾਚਿੰਤ ਭੇ[1]। — [1]ਚਿੰਤਾ ਤੋਂ ਰਹਿਤ ਹੋ ਗਏ।
ਹੋ ਸਿੰਘ ਪਹਾੜਨ ਮਾਹਿਂ ਸਭੈ ਸਾਚਿੰਤ ਥੇ[1] — [1]ਚਿੰਤਾ ਦੇ ਸਹਿਤ ਸਨ।

॥ ੩੮ ॥

ਕਲਗੀਧਰ ਕਾ ਧ੍ਯਾਨ ਧਾਰ ਮਨ, ਯੌਂ ਰਰੈਂ[1]।	[1]ਇਉਂ ਕਹਿੰਦੇ ਹਨ।
ਹੇ ਪ੍ਰਭੁ ਬੰਦਾ ਚੰਦ ਈਦ ਅਬਿ ਕਬਿ ਚਰ੍ਹੈ[1]* ॥ ੩੯ ॥	[1]ਹੇ ਪ੍ਰਭੂ, ਬੰਦਾ ਈਦ ਦਾ ਚੰਦ ਕਦੋਂ ਚੜ੍ਹੇਗਾ। *ਏਥੇ ਭੀ ਦੋ ਤੁਕਾਂ ਨਹੀਂ।
ਖੋਜਯੋ ਸ਼ਾਹਿ ਸਿਕੰਦਰ ਆਬ-ਹਯਾਤ[1] ਜਯੋਂ।	[1]ਅੰਮ੍ਰਿਤ ਨੂੰ।
ਗਾਧ ਪੂਤ ਫਾਰੀਦੈਂ ਪ੍ਰਭ ਕੀ ਜਾਤ ਜਯੋਂ[1]।	[1]ਜਿਵੇਂ (ਗਾਧ ਪੂਤ) ਵਿਸ਼ਵਾ-ਮਿੱਤ੍ਰ ਤੇ ਫ਼ਰੀਦ ਪ੍ਰਭੂ ਦੇ (ਜਾਤ) ਸਰੂਪ ਨੂੰ (ਖੋਜਦੇ ਸਨ)।
ਕ੍ਰਿਸ਼ਨ ਹੇਤ ਬਿਰਲਾਪ, ਕਰੈਂ ਜਯੋਂ ਗੋਪੀਆਂ।	
ਹੋ ਰਾਮ ਚੰਦ ਜਯੋਂ, ਖੋਜਤ ਫਿਰਯੋ ਥੋ ਸੀਆ[1] ॥ ੪੦ ॥	[1]ਸੀਤਾ।
ਤਯੋਂ ਸਭਿ ਸਿੰਘਨਿ, ਅਰਜੈਂ ਕਰੀ ਸਤ੍ਰਾਸ[1] ਹੈਂ।	[1]ਡਰ ਦੇ ਸਹਿਤ।
ਕਲਗੀਧਰ ਢਿਗ ਗਿਨਤੀ ਬਿਨਤੀ ਭਾਸ ਹੈਂ[1]।	[1]ਉਚਾਰਦੇ ਹਨ।
ਇਕ ਦਿਨ ਬਹੁਤਯੋਂ ਮਿਲ ਕੈ, ਖਿਲਕੈ ਖਾਸ ਯੌਂ[1]।	[1]ਇਸ ਤਰ੍ਹਾਂ (ਖਾਸ) ਆਪਣਾ (ਖਿਲਕੈ) ਜੱਥਾ ਬਣਾ ਕੇ।
ਹੋ ਗਰਿ ਅੰਚਰ ਕਰ ਜੋਰਿ[1], ਕਰੀ ਅਰਦਾਸ ਯੌਂ ॥ ੪੧ ॥	[1]ਗੱਲ 'ਚ ਪੱਲਾ ਪਾ ਕੇ ਤੇ ਹੱਥ ਜੋੜ ਕੇ।
ਹੇ ਗੁਰੁ ਨਾਨਕ ਦੇਵ, ਦੇਵ ਕਰਤਾਰ ਕਰੀਮੋਂ[1]।	[1]ਬਖ਼ਸ਼ਸ਼ ਕਰਨ ਵਾਲੇ।
ਹੇ ਗੁਰੁ ਅੰਗਦ ਅਮਰਦਾਸ, ਰਮਦਾਸ ਰਹੀਮੋਂ[1]।	[1]ਰਹਿਮ (ਤਰਸ) ਕਰਨ ਵਾਲੇ।
ਸ੍ਰੀ ਅਰਜਨ ਸੁਨ ਅਰਜ਼, ਫਰਜ਼ ਲਖਿ ਗਰਜ ਪੁਰੀਜੈ[1]।	[1]ਆਪਣਾ ਫਰਜ਼ ਜਾਣ ਕੇ ਇੱਛਾ ਪੂਰੀ ਕਰੋ।
ਹਰਿਗੁਬਿੰਦ ਗੁਰ, ਤੁਰਕ ਬ੍ਰਿੰਦ ਸਮ ਬਿਘਨ ਹਰੀਜੈ[1] ॥ ੪੨ ॥	[1]ਤੁਰਕਾਂ ਸਮਾਨ ਸਾਡੇ ਬਹੁਤੇ ਵਿਘਨ ਦੂਰ ਕਰੋ।
ਕਰੁਣਾਕਰ ਕਰਣਾਕਰਿ[1] ਗੁਰੁ ਹਰਿਰਾਇ ਜੂ।	[1]ਕਿਰਪਾ ਦੀ ਖਾਣ (ਸਤਿਗੁਰੂ) ਕਿਰਪਾ ਕਰੋ।
ਸ੍ਰੀ ਹਰਿ ਕ੍ਰਿਸ਼ਨੈ ਕ੍ਰਿਸ਼ਨ ਬਾਲ ਸੁਖਦਾਇ ਜੂ[1]।	[1]ਹੇ ਬਾਲਕ ਰੂਪ ਤੇ ਪ੍ਰਮੇਸ਼ਰ ਸਰੂਪ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ, ਸੁਖ ਦਿਓ।
ਰਖੀ ਹਿੰਦੁ ਕੀ ਲਾਜ ਰਖੋ ਹਮ ਤੈਸ ਉਰਿ[1]।	[1]ਤਿਵੇਂ (ਉਹ) ਹਿਰਦੇ ਕਰ ਕੇ ਸਾਡੀ ਲਾਜ ਰੱਖੋ।
ਹੋ ਕਰੋ ਭੌਮ ਬਪੁ ਭੌਮ ਸੌਮ ਵਰ ਨੌਮ ਗੁਰ[1] ॥ ੪੩ ॥	[1]ਹੇ ਨੌਵੇਂ ਸਤਿਗੁਰੂ ਆਪ (ਭੌਮ) ਮੰਗਲ (ਬਪੁ) ਸਰੂਪ ਹੋ ਸਾਡਾ (ਭੌਮ) ਹਿਰਦਾ (ਸੌਮ) ਸ਼ਾਂਤ ਤੇ ਸ੍ਰੇਸ਼ਟ ਕਰੋ।
ਕਹਯੋ ਚਸ਼ਮ ਭਰਿ ਖਸਮ ਹਮਾਰੇ ਦਸਮ ਵਰ[1]।	[1](ਚਸ਼ਮ) ਅੱਖਾਂ ਭਰ ਕੇ ਕਿਹਾ ਕਿ ਹੇ ਸਾਡੇ (ਵਰ) ਸ੍ਰੇਸ਼ਟ (ਖਸਮ) ਮਾਲਕ ਦਸਮ ਪਾਤਸ਼ਾਹ ਜੀ !
ਕਸਮ ਸਹੀ ਤੁਮ ਦਸਮ, ਰਸਮ ਕਹਿ ਬੇਦ ਤਰੁ*[1]	[1]ਤੁਹਾਨੂੰ (ਦਸਮ) ਪ੍ਰਮੇਸ਼ਰ ਦੀ ਸਹੀ ਕਸਮ (ਸੁਗੰਦ) ਹੈ ਇਸ

॥ ੪੪ ॥
(ਰਸਮ) ਰੀਤ ਨੂੰ ਵੇਦ ਵੀ (ਤਰ) ਬਹੁਤ ਕਹਿੰਦਾ ਹੈ। *ਏਥੇ ਭੀ ਦੋ ਤੁਕਾਂ ਨਹੀਂ ਹਨ।

ਅਸਮਦਾਦਿ ਕੀ ਅਸ ਮਦਾਦ ਕਰਿ ਅਸ ਸਮੈਂ[1]।
[1](ਅਸਮਦਾਦ) ਅਸਾਡੀ ਐਸੇ ਸਮੇਂ (ਅਸ) ਇਸ ਤਰ੍ਹਾਂ (ਮਦਾਦ) ਮਦਦ ਕਰੋ।

ਕੀਨੀ ਜਯੋਂ ਪ੍ਰਹਿਲਾਦ ਕੇਰ ਗਜ ਗ੍ਰਸ ਸਮੈਂ[1]।
[1]ਜਿਵੇਂ ਪ੍ਰਹਿਲਾਦ ਦੀ ਤੇ ਹਾਥੀ ਦੀ (ਤੰਦੂਏ ਦੇ) ਪਕੜਨ ਸਮੇਂ (ਕੀਤੀ ਸੀ)।

ਨਾਮ ਦੇਵ ਕੀ ਰਖੀ, ਦ੍ਰੋਪਤੀ ਕੀ ਜਿਮੈਂ।
ਹੇ ਗੁਰੁ ਦੀਨ ਦਯਾਲ, ਰਾਖਹੋ ਹਮ ਤਿਮੈਂ ॥ ੪੫ ॥

ਦੀਨ ਹੋਇ ਆਧੀਨ, ਜੁ ਕੀਨ ਪੁਕਾਰ ਹੈ।
ਸੁਨਿ ਕਲਗੀਧਰ ਪ੍ਰਭੁ ਆਪ ਕਰਤਾਰ ਹੈ।
ਬੰਦੇ ਕਾ ਉਰ ਪ੍ਰੇਰਯੋ, ਫੇਰਯੋ ਪੰਥ ਦਿਨ[1]।
[1]ਪੰਥ ਦੇ ਦਿਨ ਫੇਰ ਦਿੱਤੇ।

ਹੋ ਆਯੋ ਬੰਦਾ ਧਾਇ, ਸਿੰਘਨ ਕਾ ਦੂਖ ਗਿਨ[1] ॥ ੪੬ ॥
[1]ਗਿਣ ਕੇ, ਵਿਚਾਰ ਕੇ।

ਪ੍ਰਗਟਯੋ ਤਹਿਂ ਹੀ ਆਇ, ਜਹਾਂ ਥੇ ਸਿਖ ਥਿਰੇ[1]।
[1]ਬੈਠੇ ਸਨ।

ਸਿੱਖਨ ਕੇ ਮੁਖ ਕੰਜ ਰਵੀ ਜਯੋਂ ਪਿਖਿ ਖਿਰੇ[1]।
[1](ਬੰਦੇ ਨੂੰ) (ਰਵੀ) ਸੂਰਜ ਵਾਂਗ ਵੇਖ ਕੇ ਸਿੰਘਾਂ ਦੇ ਮੁਖ ਰੂਪ (ਕੰਜ) ਕਵਲ ਖਿੜ ਪਏ।

ਰੰਕਨ ਨਿਧਿ ਜਨੁ ਲਹੀ, ਦਾਰਦੀ ਪਾਰਸੈਂ[1]।
[1]ਜਾਣੋਂ ਕੰਗਾਲਾਂ ਨੇ (ਨਿਧਿ) ਖਜ਼ਾਨਾ ਤੇ ਦਲਿਦ੍ਰੀਆਂ ਨੇ ਪਾਰਸ ਲੱਭ ਲਿਆ ਹੈ।

ਹੋ ਸੁਸਕ ਹੋਵਤੀ ਕ੍ਰਿਖੈਂ, ਮਿਲੀ ਜਨੁ ਬਾਰਸ਼ੈਂ[1] ॥ ੪੭ ॥
[1]ਜਾਣੋਂ ਮੁਕਦੀ (ਕ੍ਰਿਖੀ) ਖੇਤੀ ਨੂੰ ਬਾਰਸ਼ ਮਿਲ ਪਈ ਹੈ।

ਸੋਕ ਸਿੰਧ ਮੈਂ ਬੂਡਤ ਮਿਲਯੋ ਜਹਾਜ ਸੋ[1]।
[1](ਸੋ) ਉਹ (ਬੰਦਾ)।

ਮਾਨੋ ਨ੍ਰਿਪ ਨੈ ਪਾਯੋ, ਖੋਯੋ ਰਾਜ ਸੋ[1]।
[1](ਸੋ) ਉਹ (ਆਪਣਾ ਪਹਿਲਾ) ਗਵਾਇਆ ਹੋਇਆਰਾਜ।

ਹਾਥ ਜੋਰਿ ਕਰਿ ਸਿੰਘਨ, ਫਤੇ ਬੁਲਾਇ ਕੈ।
ਹੋ ਬੰਦੇ ਕੇ, ਤਬਿ ਗਹੇ ਚਰਨ ਹੁਲਸਾਇ ਕੈ[1] ॥ ੪੮ ॥
[1]ਉਤਸ਼ਾਹ ਕਰਕੇ।

ਸ੍ਵੈਯਾ:
ਮੀਨ ਲਹੈ ਦੁਖ ਤੋਇ ਲਘੈ,
ਕਿਰਖੀ ਸੁਸਕਾਤਹਿਂ ਜਾਤ ਬੁਲੰਦਾ[1]।
[1]ਜਿਵੇਂ ਮੱਛੀ ਥੋੜੇ ਪਾਣੀ 'ਚ ਦੁਖੀ ਹੁੰਦੀ ਹੈ ਤੇ ਪਾਣੀ ਤੋਂ ਬਿਨਾਂ ਖੇਤੀ (ਬੁਲੰਦਾ) ਬਹੁਤੀ ਸੁੱਕ ਜਾਂਦੀ ਹੈ।

ਦਾਦਰ ਚਾਤਕ ਕੇ ਗਨ ਕੋ,
ਬਰਸੇ ਜਿਮ ਬਾਦਰ ਹੋਤ ਅਨੰਦਾ[1]।
[1]ਜਿਵੇਂ (ਗਨ) ਬਹੁਤ (ਦਾਦਰ) ਡੱਡੂਆਂ ਤੇ (ਚਾਤਕ)

ਪਪੀਹਿਆਂ ਨੂੰ ਬੱਦਲ ਦੇ ਵਰ੍ਹਨ ਤੋਂ ਅਨੰਦ ਹੁੰਦਾ ਹੈ।

ਔਧ ਬਸ਼ਿੰਦਨ ਰਾਮ ਮਿਲੵੋ ਜਿਮ,
ਕਾਨ੍ਹ ਗੁਵਾਰਨਿ ਕੋ ਸੁਖ ਕੰਦਾ[1]।

[1]ਜਿਵੇਂ ਅਜੁੱਧਿਆ ਦੇ ਵਸਨੀਕਾਂ ਨੂੰ ਰਾਮ ਚੰਦਰ ਤੇ ਗਵਾਲਿਆਂ ਨੂੰ ਸੁਖ ਦੇਣ ਵਾਲਾ ਕ੍ਰਿਸ਼ਨ ਮਿਲਿਆ।

ਜਯੋਂ ਹਨੁਮੰਤ ਮਿਲਯੋ ਕਪਿ ਬ੍ਰਿੰਦਨ,
ਸਿੰਘਨ ਕੋ ਮਿਲਿਓ ਤਿਮ ਬੰਦਾ[1] ॥੪੯॥

[1]ਜਿਵੇਂ ਬਹੁਤੇ ਬਾਂਦਰਾਂ ਨੂੰ ਹਨੂਮਾਨ ਮਿਲਿਆ ਤਿਵੇਂ ਸਿੰਘਾਂ ਨੂੰ ਬੰਦਾ ਮਿਲਿਆ।

ਸਿੰਘਨ ਮੋਦ ਬਢਾਇ ਮਹਾ,
ਧੁਨਿ ਊਚ[1] ਫਤੇ ਗੁਰੁ ਕੀ ਬੁਲਵਾਈ।
ਔਰ ਗਜਾਇ ਜਕਾਰੇ ਅਪਾਰੇ,
ਸੁ ਤੁੱਪਕ ਕੀ ਬਹੁ ਬਾੜ ਝੜਾਈ[1]।
ਦੁੰਦਭਿ ਦੀਹ[1] ਬਜਾਇ, ਮੰਗਾਇ ਕੈ
ਫੂਲਨ ਕੀ ਬਰਖਾ ਬਰਖਾਈ।
ਔਰ ਘਨੋ ਕੁਣਕਾ ਗੁਰੁ ਹੇਤ
ਕਰਾਇ, ਛਕਯੋ ਮੁਦ ਹ੍ਵੈ ਵਰਤਾਈ ॥੫੦॥

[1]ਬਹੁਤਾ ਅਨੰਦ ਵਧਾਕੇ ਉੱਚੀ (ਧੁਨਿ) ਅਵਾਜ਼ ਨਾਲ।
[1]ਬਹੁਤੀਆਂ ਬੰਦੂਕਾਂ ਦਾ (ਬਾੜ) ਇਕੱਠਾ ਵਾਰ ਛੱਡਿਆ।
[1]ਵੱਡੇ ਧੌਂਸੇ।

ਸਾਰ ਭਈ ਤੁਰਕਾਨ ਤਈ ਇਹੁ,
ਤਾਪ ਚਢਯੋ ਜਨ ਬੱਜਰ[1] ਮਾਰਯੋ।
ਕੇਹਰ ਕੋ ਪਿਖਿ ਜੈਸ ਕਰੀ ਗਨ,
ਝੂਰਤਿ ਮੂਰਤਿ ਮੌਤ ਵਿਚਾਰਯੋ[1]।

[1]ਇੰਦਰ ਦੀ ਗਦਾ। (ਅ) ਬਿਜਲੀ।
[1]ਜਿਵੇਂ ਸ਼ੇਰ ਨੂੰ ਵੇਖ ਕੇ (ਗਨ) ਬਹੁਤੇ (ਕਰੀ) ਹਾਥੀ (ਆਪਣੀ) ਮੌਤ ਦੀ ਮੂਰਤੀ ਵਿਚਾਰ ਕੇ ਝੁਰਦੇ ਹਨ।

ਆਨ ਬਿਸੂਚੀ ਪਰੀ ਤਿਨ ਪੈ ਜਨੁ,
ਖਾਵਨ ਪੀਵਨ ਸੌਨ ਵਿਸਾਰਯੋ[1]।

[1]ਜਾਣੋਂ ਤਿਨ੍ਹਾਂ (ਤੁਰਕਾਂ) ਉਪਰ (ਬਿਸੂਚੀ) ਮਰੀ (ਹੈਜ਼ੇ) (ਦੀ ਬਿਮਾਰੀ) ਆ ਪਈ (ਜਿਸ ਨੇ ਉਨ੍ਹਾਂ ਦਾ) ਖਾਣਾ ਪੀਣਾ ਤੇ ਸੌਣਾ ਭੁਲਾ ਦਿੱਤਾ ਹੈ।

ਲੇਤ ਉਸਾਸ[1] ਉਦਾਸ ਭਏ ਸਭਿ,
ਜੀਵਨ ਆਸ ਨਿਰਾਸ ਵਿਚਾਰਯੋ ॥੫੧॥
ਸਿੰਘਨ ਸਿੰਘ ਇਕੱਠੇ ਕਰੇ, ਸੁਨਿ
ਨੱਠੇ ਅਏ ਸਭਿ ਆਇ ਮਿਲਾਏ[1]।
ਲੈ ਨਿਜ ਸੰਗਹਿ ਬੰਦਹਿ ਕੋ,
ਚਢਿ ਧਾਇ ਪਰੇ ਬਡੇ ਦੁੰਦਭਿ ਵਾਏ[1]।
ਦੇਸ ਦੁਆਬ ਧਸੇ, ਵਡ ਗ੍ਰਾਮ
ਲੁਟੇ ਤੁਰਕਾਨਨ ਕੇ, ਮਨ ਭਾਏ।

[1]ਹਾਹੁਕੇ।
[1]ਆ ਕੇ ਬੰਦੇ ਨੂੰ ਮਿਲ ਪਏ।
[1]ਵੱਡੇ ਧੌਂਸੇ ਵਜਾ ਕੇ।

ਲੀਨ ਟਕਾ ਉਗਰਾਹਿ ਕਰਾ[1] — [1]ਮਾਮਲੇ ਦਾ ਰੁਪਇਆ ਉਗ੍ਰਾਹ ਲਿਆ।
ਸਭਿ ਲੋਗਨ ਤੈ, ਤਬਿ ਹੀ ਬਲ ਪਾਏ ॥੫੨॥
ਸੁਨ ਕੈ ਇਹੁ ਤੌਰਹਿਂ[1] ਔਰਹਿਂ ਲੋਗ, — [1]ਢੰਗ ਨਾਲ।
ਮਿਲੇ ਤਿਸ ਠੌਰਹਿ ਗੌਰਹਿ[1] ਆਏ। — [1]ਬਹੁਤੇ।
ਦੀਨ ਸਜਾਇ ਤਿਨੈ ਲੁਟਿਓ,
ਅਗਿਓਂ ਜਿਨ ਥੇ ਤਬਿ ਹਾਥ ਉਠਾਏ।
ਸ਼ੱਮਸ ਖਾਨ ਬੁਲਾਇ ਲਏ ਝਟ,
ਖਾਨ ਕਸੂਰੀ ਲਏ ਦਲ ਆਏ।
ਔਰ ਇਤੈ ਉਤ ਤੈ ਮਿਲ ਕੈ,
ਤੁਰਕਾਨਨ ਆਨ ਦਯੋ ਜੰਗ ਪਾਏ।
ਮਾਨਹੁ ਦੇਵ ਅਦੇਵ ਅਭੇਵ ਭਿਰੈਂ,
ਨਿਜ ਹੀ ਨਿਜ ਦੀਨਹਿਂ ਤਾਂਏਂ[1] ॥੫੩॥ — [1]ਜਾਣੋ ਦੇਵਤੇ ਤੇ ਦੈਂਤ (ਅਭੇਵ) ਬਿਨਾਂ ਭੇਦ ਤੋਂ (ਭਾਵ ਇਕ ਦੂਜੇ ਦੀ ਪਛਾਣ ਤੋਂ ਬਿਨਾਂ) ਭਿੜ ਰਹੇ ਹਨ, ਆਪੋ ਆਪਣੇ ਧਰਮ ਦੇ ਵਾਸਤੇ।

ਸੰਖ ਨਾਰੀ ਛੰਦ:
ਬਸੀ ਗ੍ਰਾਮ ਪਾਸੈਂ।
ਭਯੋ ਜੰਗ ਖਾਸੈਂ[1]। — [1]ਤਕੜਾ।
ਜਿਤਯੋ ਨਾਹਿਂ ਕੋਈ।
ਪੁਨਾਰਾਤ ਹੋਈ ॥੫੪॥
ਦੁਤੀ ਦਯੋਸ ਔਰੈਂ।
ਅਏ ਸੱਤ੍ਰ ਗੌਰੈਂ[1]। — [1]ਬਹੁਤੇ।
ਢਿਗੈ ਗਾਮ ਬੰਗੈਂ।
ਪਰਯੋ ਫੇਰ ਜੰਗੈਂ ॥੫੫॥
ਚਲੇ ਤੀਰ ਗੋਲੀ।
ਦੁਹੂੰ ਤੈ ਅਤੋਲੀ[1]। — [1]ਦੁਹਾਂ (ਪਾਸਿਆਂ) ਤੋਂ ਬਹੁਤੀ।
ਸਿੰਘੈਂ ਰਾਮਜੰਗੇ[1]। — [1]ਬੰਦੂਕਾਂ।
ਤਚੇ ਭੂਰ ਚੰਗੇ[1] ॥੫੬॥ — [1]ਬਹੁਤ ਚੰਗੇ ਛੱਡੇ।
ਘਨੇ ਸੱਤ੍ਰ ਮਾਰੇ।
ਲਗੀ ਨਾਹਿਂ ਬਾਰੇ[1]। — [1]ਦੇਰ।
ਤਬੈ ਖਾਨਜ਼ਾਦੇ[1]। — [1]ਪਠਾਣਾਂ ਦੇ ਪੁੱਤਰ।

ਅਏ ਔਰ ਜ਼ਜਾਦੇ ॥ ੫੭ ॥
ਘਨਾ ਜੰਗ ਹੋਵਾ।
ਬਨਾ ਰੰਗ ਜੋਵਾ[1]। [1]ਰੰਗ ਬਣਿਆ ਦੇਖਿਆ।
ਫਿਰੈਂ ਸਿੰਘ ਆਗੇ।
ਪਿਛੈ ਤੁਰਕ ਲਾਗੇ ॥ ੫੮ ॥
ਕਬੀ ਹੋਇ ਨੇਰੈਂ।
ਕਰੈਂ ਭੱਟ ਭੇਰੈਂ[1]। [1]ਜੰਗ।
ਪਰੈ ਜੰਗ ਗਾਢੇ[1]। [1]ਜਦੋਂ ਤਕੜਾ ਜੰਗ ਪੈਂਦਾ ਹੈ।
ਧਰੈਂ ਲੋਹ ਬਾਢੇ[1] ॥ ੫੯ ॥ [1](ਲੋਹ) ਸ਼ਸਤ੍ਰਾਂ ਨਾਲ ਵੱਢ ਕੇਰੱਖ ਦੇਂਦੇ ਹਨ।
ਛੁਟੈਂ ਰਾਮਜੰਗੇ।
ਦੁਹੂੰ ਓਰ ਚੰਗੇ।
ਮਰੇ ਜ੍ਵਾਨ ਘੋਰੇ।
ਕਿਛੁ ਨਾਹਿਂ ਥੋਰੇ ॥ ੬੦ ॥
ਕਈ ਮਾਸ[1] ਬੀਤੇ। [1]ਮਹੀਨੇ।
ਇਸੀ ਭਾਂਤਿ ਹੀ ਤੇ[1]। [1]ਇਸੇ ਹੀ ਤਰ੍ਹਾਂ ਨਾਲ।
ਮਚਯੋ ਭੂਰ ਰੌਲਾ।
ਭਯੋ ਦੇਸ ਹੌਲਾ ॥ ੬੧ ॥
ਨਹੀਂ ਪੇਸ਼ ਜਾਈ।
ਕਿਸੂ ਕੇਰ ਕਾਈ।
ਤੁਕੈਂ ਸੈਨ ਭਾਰੀ।
ਤਜੈ ਨ ਪਿਛਾਰੀ ॥ ੬੨ ॥
ਨਹੀਂ ਪੰਥ ਤਾਈਂ।
ਲੈਨ ਚੈਨ ਦਾਈ ॥ ੬੩ ॥
ਦੋਹਰਾ:
ਫਗਵਾੜੇ ਜਾਲੰਧਰੈਂ,
ਗਿਰਦੇ ਮੁਲਕ ਬਧੇਰ।
ਗਾਹਯੋ ਸਿੰਘੋਂ ਨੈ, ਲੁਟੇ
ਗ੍ਰਾਮ ਤੁਕਾਨ ਅਛੇਰ[1] ॥ ੬੪ ॥ [1]ਚੰਗੇ।
ਕੋਟ ਸ਼ਾਹ, ਤਲਬਨ ਬਡੋ,
ਦਖਣ ਨੂਰ-ਮਹੱਲ।

ਤਲਵੰਡੀ ਅਰ ਹਾਦੀਆ
ਵਾਦ ਆਦਿ ਸਾਹੱਲ[1] ॥੬੫॥
ਕਬੀ ਕਬੀ ਲੈ ਸਿੰਘਨ ਕੋ
ਬੰਦਾ ਨਿਸ ਕੋ ਧਾਇ[1]।
ਤੁਰਕਨ ਪਰ ਸਮ ਬੀਜਰੀ,
ਪਰੈ ਅਚਾਨਕ ਜਾਇ ॥੬੬॥

ਕਬਿੱਤ:

ਮਾਰਿ ਲੂਟ ਕੂਟ ਕਰਿ ਛੂਟ ਫਿਰ ਆਇ ਧਾਇ,
ਕਈ ਬਾਰ ਭਯੋ ਜੰਗ ਅਧਿਕ ਪਛਾਨੀਏ।
ਜਾਇ ਕੈ ਜਲੰਧਰ ਕੇ ਅੰਦਰ ਥਿਰਾਏ ਤ੍ਰੱਕ
ਸਿੰਘ ਕਰਤਾਰ ਪੁਰ ਉਤਰੇ ਮਹਾਨੀਏ।
ਹੁਤੋ ਜਥੇਦਾਰ ਜੋ ਕਸੂਰਵਾਰ ਸ਼ੱਮਸ ਖਾਂ,
ਚਲਯੋ ਸੋ ਕਸੂਰ ਓਰ ਚੜ੍ਹ ਕਰਿ ਮਾਨੀਏ।
ਸ਼ਾਦੀ ਨਿਜ ਪੁੱਤ੍ਰ ਕੀ ਕਰਨੇ ਕੈ ਹੇਤ ਤਬ,
ਪਾਈ ਜਬਿ ਸਾਰ ਇਹੀ ਬੰਦੇ ਨੈ ਸੁ ਜਾਨੀਏ[1] ॥੬੭॥
ਚਢਯੋ ਤਬਿ ਆਸਕ[1] ਪਚਾਸਕ ਲੈ ਸਿੰਘਨ ਕੋ,
ਧਾਇ ਜਾਇ ਮਗ ਮਾਹਿਂ ਘੇਰਯੋ ਅਚਾਨਕੈ।
ਹੋਇ ਕੈ ਨਿਸੰਗ ਤਿਹ ਸੰਗ ਕਰਿ ਜੰਗ ਤਹਿਂ,
ਮਾਰ ਖਾਨ ਸੰਮਸ ਕੋ ਸੁੱਟਯੋ ਪਛਾਨ ਕੈ।
ਮਾਰੇ ਕਿਛੁ ਤੁਰਕ ਵਿਚਾਰੇ ਗਏ ਦੌਰ ਔਰ,
ਲੀਨੋ ਸਭਿ ਸਿੰਘਨ ਕੋ ਫੇਰ ਸੰਗ ਆਨ ਕੈ।
ਪਰਯੋ ਮੁਹੰਮਦ ਅਮੀਨ ਖਾਨ ਪਰ[1] ਜਾਇ,
ਹਾਲ-ਚਾਲ ਪਾਈ ਦਲ ਵੀਚ ਤੁਰਕਾਨ ਕੈ ॥੬॥
ਸੈਨ ਦਹਿਲਾਇ ਬਿਨ ਚੈਨ ਖਾਇ ਭਾਗ ਚਲੀ[1],
ਧਾਇ ਪਰੇ ਸਿੰਘ ਪਾਛੈ ਆਛੈ ਬਲ ਠਾਨ ਕੈ।
ਮਾਰ ਡਾਰੇ ਕੇਈ ਕਰਿ ਜ਼ਖਮੀ ਪਛਾਰੇ ਭਾਰੇ[1],
ਦੀਨ ਕਰਿ ਛੀਨ ਲੀਨ ਅੱਸ੍ਵ ਮਨ ਮਾਨ ਕੈ[1]।
ਹੇਰ ਕੈ ਮੁਹੰਮਦ ਅਮੀਨ ਖਾਨ ਜਾਨ ਲੀਨ,

[1]ਦਰਿਆ ਦੇ ਕਿਨਾਰੇ (ਦੇ ਸ਼ਹਿਰ)। (ਅ) ਹੱਲਾ ਕਰਕੇ।
[1]ਹੱਲਾ ਕਰਕੇ।
[1]ਭਲੀ ਪ੍ਰਕਾਰ ਜਾਨਣਾ ਕਰੋ।
[1](ਤੁਰਕਾਂ ਨੂੰ) ਭੱਖਣ ਵਾਲਾ (ਭਾਵ ਬੰਦਾ ਸਿੰਘ)।
[1]ਉੱਪਰ।
[1]ਫ਼ੌਜ ਡਰ ਖਾ ਕੇ ਬਿਨਾਂ ਸ਼ਾਂਤੀ ਤੋਂ ਭੱਜ ਚਲੀ।
[1]ਬਹੁਤੇ।
[1](ਤੁਰਕਾਂ ਨੂੰ) ਅਧੀਨ ਕਰ ਕੇ ਮਨ-ਮਰਜ਼ੀ ਦੇ ਘੋੜੇ ਖੋਹ ਲਏ।

ਮਰਨਾ ਬਨ੍ਯੋ ਹੈ ਅਬਿ ਠੀਕ ਮਨਿ ਠਾਨ ਕੈ।
ਭਾਗੇ ਤੈ ਨ ਬਨੈ ਬਾਤ ਅਬਿ ਮੇਰੀ ਕੇਹੂ ਭਾਂਤਿ,
ਬੰਦੇ ਤੈ ਬਚੋਹੈਂ ਗਾਤ[1] ਸ਼ਾਹਿ ਮਾਰੈ ਜਾਨ ਕੈ[2] ॥੬੯॥

[1]ਸ਼ਰੀਰ। [2]ਬਾਦਸ਼ਾਹ ਇਹ ਜਾਣ ਕੇ ਮਾਰ ਦੇਵੇਗਾ (ਕਿ ਡਰਦਾ ਭੱਜ ਆਇਆ ਹੈ)।

ਐਸੇ ਮਨ ਮਾਨ ਕੈ ਅਮੀਨ ਖਾਨ ਠਾਨ ਰਣ,
ਪਾਨ ਲੈ ਕਮਾਨ ਤਾਨ ਬਾਨ ਛੋਰਨੈ ਲਗ੍ਯੋ।
ਹੋਇ ਪਰਬੁੱਧਿ ਜੁੱਧ ਸੁੱਧ ਕੀਨ ਕ੍ਰੁੱਧ ਧਾਰਿ[1],

[1]ਹੁਸ਼ਿਆਰ ਹੋ ਕੇ ਕ੍ਰੋਧ ਧਾਰ ਕੇ ਚੰਗਾ ਜੰਗ ਕੀਤਾ।

ਸੰਮੁਖ ਹ੍ਵੈ ਜੂਝ੍ਯੋ[1] ਪੈ ਰਣ ਛੋਰਿ ਨਾ ਭਗ੍ਯੋ।

[1]ਸ਼ਹੀਦ ਹੋ ਗਿਆ।

ਮਾਰ ਕਰਿ ਤਾਂਹਿ ਕੋ ਉਛਾਹਿ ਧਰਿ ਚਾਹਿ ਚਿੱਤ[1],

[1]ਉਤਸ਼ਾਹ ਧਾਰ ਕੇ ਤੇ ਚਿੱਤ ਵਿੱਚ ਚਾਹ ਕਰਕੇ।

ਸਿੰਘਨ ਕਾ ਦਲ ਪੀਛੇ ਤੁਰਕਨ ਕੇ ਹੈ ਲਗ੍ਯੋ।
ਲੂਟੇ ਕੇਉ ਮਾਰੇ ਕਰਿ ਘਾਇਲ ਬਿਦਾਰੇ[1] ਬਹੁ,

[1]ਜ਼ਖਮੀਂ ਕਰ ਕੇ ਮਾਰ ਦਿੱਤੇ।

ਜਾਂਨ ਲੈ ਪਧਾਰੇ ਹਾਰੇ ਹਾਰੇ ਕਰਿ ਕੋ ਤਗ੍ਯੋ[1] ॥੭੦॥

[1]ਕੋਈ ਹਾੜੇ ਹਾੜੇ ਕਰ ਕੇ (ਤਗ੍ਯੋ) ਬਚ ਗਿਆ।

ਦੋਹਰਾ:

ਸ਼ਸਤਰ ਬਸਤਰ ਅੱਸ੍ਵ ਗਨ,
ਔਰ ਬਿਬਿਧਿ ਅਸਬਾਬ[1]।

[1]ਅਨੇਕ ਤਰ੍ਹਾਂ ਦਾ ਸਾਮਾਨ।

ਤੁਰਕਨ ਕੇ ਸਿੰਘਨ ਲੁਟੇ,
ਦੈ ਕਰਿ ਅਧਿਕ ਅਜਾਬ[1] ॥੭੧॥

[1]ਦੁੱਖ।

ਯੌਂ ਜਬਿ ਬੰਦੇ ਨੈ ਹਤੇ,
ਬਡੇ ਬਡੇ ਸਰਦਾਰ।
ਬਾਕੀ ਗਏ ਪਲਾਇ ਸਭਿ,
ਲਰ ਡਰ ਧਰਿ ਮਨ ਭਾਰ[1] ॥੭੨॥

[1]ਮਨ ਵਿੱਚ ਲੜਾਈ ਦਾ ਬਹੁਤਾ ਡਰ ਧਾਰ ਕੇ।

ਚੌਪਈ:

ਸਾਰ[1] ਜਬੈ ਇਹੁ ਸਿੱਖੈਂ ਪਾਈ।

[1]ਖ਼ਬਰ।

ਲੁਕੇ ਛਪੇ ਸਭਿ ਆਏ ਧਾਈ।
ਨਿਕਸ ਪਹਾੜੋਂ ਤੈ ਤਬਿ ਆਏ।
ਮੁਲਕ ਮਾਲਵੇ ਤੈ ਸਮੁਦਾਏ ॥੭੩॥
ਨਏ ਸਿੱਖ ਬੰਦੇ ਕੇ ਜੇਹੀ[1]।

[1]ਜਿਹੜੇ।

ਪਰੈ ਵਕਤ ਸਿੱਖੀ ਤਜ ਦੇਹੀ[1]।

[1]ਬਿਪਤਾ ਪਈ ਤੋਂ ਸਿਖੀ ਛੱਡ ਦਿੱਤੀ ਸੀ।

ਸੋ ਭੀ ਆਇ ਹਜਾਰੋਂ ਮਿਲੇ।

ਲੂਟ ਮਾਰ ਹਿਤ ਸੰਗੈਂ ਭਿਲੇ[1] ॥੭੪॥	[1]ਨਾਲ ਮਿਲ ਗਏ।
ਦੂਾਬਾ ਦੇਸ ਫਤੇ ਕਰਿ ਬੰਦਾ।	
ਮਾਝੇ ਧਸਜੋ ਫੇਰ ਸੋਛੰਦਾ[1]।	[1]ਸੁਤੰਤਰ ਹੋ ਕੇ।
ਬੰਦਾ ਐਹੈ[1] ਬੰਦਾ ਐ ਹੈ।	[1]ਆਉਂਦਾ ਹੈ।
ਰੌਰ ਦੇਸ ਮੈਂ ਪਰਜੋ ਇਾ[1] ਰੈਹੈ ॥੭੫॥	[1]ਇਹ ਰੌਲਾ ਪਿਆ ਹੀ ਰਹਿੰਦਾ ਹੈ।
ਫਤਜਾਵਾਦ ਬੈਰੋਵਾਲਾਦੀ।	
ਲੂਟੇ ਤੁਰਕਨ ਕੇ ਕਰਿ ਤਾਦੀ[1]।	[1]ਕਾਹਲੀ ਕਰਕੇ। (ਅ) ਤਾੜ ਕੇ।
ਗਿਰਦ ਕਸੂਰ ਫਿਰੇ ਸਿੰਘ ਜਾਈ।	
ਹਟੈਂ ਨ ਲਟੈਂ[1] ਲੂਟ ਬਡ ਪਾਈ ॥੭੬॥	[1]ਨਾ ਹਟਦੇ ਹਨ ਤੇ ਨਾ ਥੱਕਦੇ ਹਨ।
ਪੱਟੀ ਕਾ ਹੈਬਤ ਖਾਂ ਰਾਏ[1]।	[1]ਰਾਜਾ।
ਔਰ ਘਨਜੋਂ ਕੋ ਸੰਗ ਮਿਲਾਏ।	
ਰੋਕਨ ਹੇਤ ਸੰਮੁਖ ਸੋ ਭਯੋ।	
ਪਹਿਰ ਕੁ ਲਰਿ ਆਖਰ ਭਗ ਗਯੋ ॥੭੭॥	
ਧਸੇ ਲੁਟੇਰੇ ਪੱਟੀ ਜਬਿ ਹੀ।	
ਬੰਦੇ ਢਿਗ ਆਯੋ ਸੋ ਤਬਿ ਹੀ।	
ਲੈ ਮੁਖ ਘਾਸ ਗਰੇ ਪਟ ਪਾਏ[1]।	[1]ਗਲ 'ਚ ਪੱਲਾ ਪਾ ਕੇ।
ਘੋੜਾ ਨਜ਼ਰ ਦਯੋ ਤਿਹਂ ਲਜਾਏ ॥੭੮॥	
ਕਤਲ ਲੂਟ ਨਿਜ ਮਾਫ ਕਰਾਈ[1]।	[1]ਆਪਣੇ ਸ਼ਹਿਰ ਪੱਟੀ ਦੀ ਲੁੱਟ ਮਾਰ ਮੁਆਫ਼ ਕਰਵਾ ਲਈ ਭਾਵ ਲੁੱਟ ਬੰਦ ਕਰਵਾ ਲਈ।
ਸਿੰਘ ਧਸੇ ਅੰਮ੍ਰਿਤਸਰ ਆਈ।	
ਕਰਿ ਇਸ਼ਨਾਨ ਪ੍ਰਸ਼ਾਦ ਕਰਾਏ।	
ਦਰਸ਼ਨ ਕਿਯ ਗੁਰ ਕਾ ਮੁਦ ਦਾਏ ॥੭੯॥	
ਨਿਕਟ ਤਰਣ ਤਾਰਣ ਪੁਨ ਜਾਏ।	
ਬੰਦੇ ਸੰਗ ਮਿਲੇ ਮੁਦ ਪਾਏ।	
ਬੰਦੇ ਤਰਣ ਤਾਰਣ ਗੁਰੁਦੁਾਰੇ।	
ਪੰਚਾਮ੍ਰਿਤ ਕਰਵਯੋ ਅਪਾਰੇ ॥੮੦॥	
ਕਰਿ ਇਸ਼ਨਾਨ ਦਰਸ ਪੁਨ ਚਾਲਾ।	
ਮਿਲਜੋ ਦੇਸ ਤਿਸ ਸੰਗ ਬਿਸਾਲਾ।	
ਜਾਟ ਮਝੈਲ ਲੁਟੇਰੇ ਭਾਰੀ।	
ਲੂਟ ਮਾਰ ਕਰਿਹੀਂ ਬਿਨ ਬਾਰੀ[1] ॥੮੧॥	[1]ਬਿਨਾਂ ਦੇਰ ਤੋਂ।

ਲੈ ਲੈ ਨਜ਼ਰਾਂ ਤੁਰਕ ਮਿਲਾਹੀਂ[1]।
[1]ਮਿਲਦੇ ਹਨ।
ਦਮ ਮਾਰਤ ਅਗਜੋਂ ਕਿਛੁ ਨਾਹੀਂ[1]।
[1]ਅਗੋਂ ਸਾਹ ਨਹੀਂ ਕੱਢਦੇ।
ਨਗਰ ਬਟਾਲਾ ਪੁਰੁ ਗੁਰੁ ਦਾਸੈਂ।
ਲੌਂ, ਫਿਰ ਦੇਸ ਦਬਾਯੋ ਖਾਸੈਂ[1] ॥੮੨॥
[1]ਬਹੁਤਾ।
ਸਿੰਘਨ ਕਾ ਕਬਜ਼ਾ ਕਰਵਾਯੋ।
ਕਰ[1] ਉਗਰਾਹਿ ਸਿੰਘੈ ਬਰਤਾਯੋ।
[1]ਹਾਲਾ, ਮਾਮਲਾ।
ਅਬਦੁਲ ਖਾਂ ਸੂਬਾ ਲਾਹੌਰੀ।
ਰਹਜੋ ਡਰਤ ਦਬਿ ਬੈਠੋ ਗੌਰੀ[1] ॥੮੩॥
[1]ਬਹੁਤਾ (ਡਰ ਕੇ)।
ਪੁਨ ਮਲਵਈ ਸਿੰਘਨ ਕਰਿ ਬਿਨਤੀ।
ਬੰਦੇ ਤਈਂ ਸੁਨਾਈ ਗਿਨਤੀ।
ਜ਼ਿਲੇ ਸਰੂੰਦ ਤੁਰਕ ਬਡ ਛੋਟੇ।
ਦੇਤ ਦੂਖ ਬਡ ਹਿੰਦੈਂ ਖੋਟੇ ॥੮੪॥
ਜਬਿ ਲੌ ਨਾਹਿੰ ਸਰੂੰਦ ਛੁਡੈਹੋਂ।
ਲੋਹਗੜੀ ਫਿਰ ਨਹਿੰ ਅਪਨੈਹੋਂ।
ਤਬਿ ਲੌਂ ਤੁਰਕ ਨ ਤੁਮ ਤੇ ਡਰੈਂ।
ਤਾਂ ਤੇਂ ਅਬਿ ਉਨ ਕੋ ਸਰ[1] ਕਰੈਂ ॥੮੫॥
[1]ਫਤਹ।

ਦੋਹਰਾ:

ਦਯੋ ਹੁਕਮ ਬੰਦੇ ਤਬੈ,
ਚਢਜੋ ਸਰੂੰਦੈ ਓਰ।
ਨਾਜ਼ਮ[1] ਹੁਤੋ ਹਮੀਦ ਖਾਂ,
[1]ਸੂਬਾ।
ਤਬਿ ਸਰਹੰਦੀ ਹੋਰ ॥੮੬॥

ਚੌਪਈ:

ਸੋ ਚਢ ਕਰਿ ਲਰਯੋ ਹ੍ਵੈ ਆਗੇ।
ਗੋਲੇ ਤੋਪਨ ਕੇ ਬਡ ਦਾਗੇ[1]।
[1]ਚਲਾਏ।
ਚੜੀ ਭੜੀ ਖੇੜੀ ਢਿਗ ਲਰੇ[1]।
[1]ਖੇੜੀ ਪਿੰਡ ਕੋਲ ਚੜੀ ਭੜੀ (ਪਿੰਡ ਦੇ ਮੈਦਾਨ ਵਿੱਚ) ਲੜੇ।
ਤੀਨ ਕੁ ਪਹਿਰ ਸਿੰਘ ਤਬਿ ਖਰੇ[1] ॥੮੭॥
[1]ਖੜੇ ਭਾਵ ਮੁਕਾਬਲਾ ਕਰਦੇ ਰਹੇ।
ਆਖਰ ਹੋਇ ਲਚਾਰ ਹਿਰਾਨੇ।
ਬੰਦੇ ਕੇ ਢਿਗ ਸਭਿ ਘਿਘਯਾਨੇ[1]।
[1]ਲੇਲ੍ਹੜੀਆਂ ਕੱਢਣ ਲੱਗੇ।
ਬੰਦੇ ਜੰਗ ਵੀਚ ਤਬਿ ਜਾਏ।
ਤੀਰ ਮੇਂਹ ਸੇ[1] ਬਹੁ ਵਰਸਾਏ ॥੮੮॥
[1]ਮੀਂਹ ਵਾਂਗ।

ਮਾਰ ਘਨੇ ਸਰਦਾਰ ਗਿਰਾਏ।
ਪੈ ਸੂਬੇ ਰਣ ਰਖ੍ਯੋ ਜਮਾਏ।
ਲਘੁ ਸਾ[1] ਦਿਵਸ ਰਹ੍ਯੋ ਜਬਿ ਆਈ। — [1]ਛੋਟਾ ਜਿਹਾ।
ਸੂਬੇ ਪਢੀ ਨਿਵਾਜ ਤਦਾਈ ॥ ੮੯ ॥
ਕੇਹਰ ਸਿੰਘ ਇਕ ਸਿੰਘ ਬਹਾਦਰ।
ਪਹੁੰਚ੍ਯੋ ਤਿਸ ਹੀ ਢਿਗ ਤਹਿਂ ਨਾਦਰ[1]। — [1]ਅਨੋਖਾ (ਸੂਰਮਾ)।
ਸਿਜਦਾ ਕਰਨ ਲਗ੍ਯੋ ਥਾ[1] ਸੂਬਾ। — [1]ਨਿਉਣ ਲੱਗਾ ਸੀ।
ਬਾਹ੍ਯੋ ਸਿੰਘ ਤੇਗਾ ਨਿਜ ਖੂਬਾ[1] ॥ ੯੦ ॥ — [1]ਚੰਗਾ।
ਮੂੰਡ[1] ਉਤਾਰ ਤਾਂਹਿ ਕਾ ਲ੍ਯਾਯੋ। — [1]ਸਿਰ।
ਬੰਦੇ ਆਗੇ ਜਾਇ ਧਰਾਯੋ।
ਕੰਮ ਬਹਾਦਰੀ ਕੇ ਇਮ ਭਾਰੇ।
ਕਰਤੇ ਥੇ ਤਬਿ ਹੀ ਸਿੰਘ ਸਾਰੇ ॥ ੯੧ ॥
ਇਕ ਦਿਨ ਗਰਬ[1] ਕਰ੍ਯੋ ਥਾ ਬੰਦੇ। — [1]ਹੰਕਾਰ।
ਬੀਰ ਖਾਸ ਮੁਝ ਪਾਸ ਅਮੰਦੇ[1]। — [1]ਤੇਜ਼ ਸ਼ਕਤੀ ਵਾਲੇ।
ਢਿਗ ਤੈ ਦੀਪ ਸਿੰਘ ਥਾ ਟੇਰ੍ਯੋ[1]। — [1]ਕਿਹਾ।
ਗੁਰੁ ਕੇ ਸਿੰਘ ਬੀਰ ਸਭਿ ਹੇਰ੍ਯੋ[1] ॥ ੯੨ ॥ — [1]ਦੇਖੇ ਹਨ।
ਸੋ ਸਾਚੀ ਕਰਿ ਤਾਂਹਿ ਦਿਖਾਈ।
ਪੇਖਿ ਰਹ੍ਯੋ ਬੰਦਾ ਬਿਸਮਾਈ।
ਹਾਕਮ ਜੋ ਹਮੀਦ ਖਾਂ ਮਰਿਓ।
ਸੋਗ ਸੈਨ ਤੁਰਕਨ ਮੈਂ ਪਰਿਓ ॥ ੯੩ ॥
ਭਾਗਿ ਧਸੇ ਸਰਹੰਦ ਮਝਾਰਾ।
ਬਡੇ ਬਡੇ ਜੋ ਥੇ ਸਰਦਾਰਾ।
ਬੰਦੇ ਨੈ ਹੱਲਾ ਕਰਵਾਯੋ।
ਦੁਸ਼ਮਨ ਕੇ ਦਲ ਕੋ ਬਿਚਲਾਯੋ[1] ॥ ੯੪ ॥ — [1]ਖਿੰਡਾ ਦਿੱਤਾ।
ਏਕ ਤੀਰ ਬੰਦੇ ਤਬਿ ਛੋਰਾ।
ਮਾਚ੍ਯੋ ਐਸ ਧੁੰਧ[1] ਬਡ ਰੋਰਾ[2]। — [1]ਅਨ੍ਹੇਰਾ। [2]ਰੌਲਾ।
ਸਿੰਘ ਧਸੇ ਸਰਹੰਦ ਮਝਾਰੇ।
ਸੱਤ੍ਰੂ ਦਿੱਲੀ ਓਰ ਪਧਾਰੇ ॥ ੯੫ ॥
ਕਿਲਾ ਪੁਨਾ ਕਾਨੂਗੋ ਵਾਰਾ[1]। — [1]ਕਾਨੂੰਗੋ (ਭਗਵੰਤਰਾਇ) ਵਾਲਾ।
ਲਯੋ ਛੁਡਾਇ ਦੈਸ ਪੁਨ ਸਾਰਾ।

ਲੋਹਗੜ੍ਹੀ ਫਿਰ ਸਿੰਘਨ ਸੰਭਾਰੀ।
ਜੀਤੇ ਸਿੰਘ ਤੁਰਕਾਨੀ ਹਾਰੀ ॥੯੬॥
ਦੋਹਰਾ:
ਫਤੇ ਖਾਲਸੇ ਕੀ ਭਈ,
ਬੰਦੇ ਕੇ ਪਰਤਾਪ।
ਮੁਲਕ ਸੰਭਾਲਜੋ ਸਿੰਘਨ ਫਿਰ,
ਸਰਬ ਆਪਨੇ ਆਪ ॥੯੭॥
ਸੱਤ੍ਰਾਂ ਸੈ ਕਾਹੱਤ੍ਰੇ
ਗਾਥ ਭਈ ਇਹੁ ਠੀਕ।
ਬੰਦਾ ਫਿਰ ਮੰਡੀ ਗਯੋ,
ਧਜਾਇ ਥਿਰਜੋ ਇਤਿ ਨੀਕ ॥੯੮॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਧੇ ਗਜਾਨ ਸਿੰਘ ਵਿਰਚਿਤੇ ਕਸੂਰੀ ਸਰਦਾਰ ਹਮੀਦ ਖਾਂ ਸੂਬੇ ਸਰਹੰਦ ਕਾ ਕਤਲ ਪ੍ਰਸੰਗ ਬਰਨਨੰ ਨਾਮ ਤ੍ਰਿਯੋਦਸਮੋਂ ਬਿਸ੍ਰਾਮ ॥੧੩॥

੧੪. {ਦਿੱਲੀ ਦੇ ਬਾਦਸ਼ਾਹ ਵੱਲੋਂ ਪੰਥ ਵਿੱਚ ਫੁੱਟ ਪੁਆਉਣੀ}

ਸ੍ਵੈਯਾ:

ਅਤਿ ਤੇਜ ਭਰੀ ਰਸਿ ਸਾਂਤਿ ਖਰੀ,
ਗੁਨ ਪਾਂਤਿ ਗੁਨਾਂ ਅਨੁਵਾਦ ਹਰੀ[1]।

[1](ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ) ਬਹੁਤੇ ਤੇਜ਼ ਤੇ ਚੰਗੇ ਸ਼ਾਂਤ-ਰਸ ਨਾਲ ਭਰੀ ਹੋਈ ਹੈ, ਵਾਹਿਗੁਰੂ ਦੇ (ਗੁਣਾ ਅਨੁਵਾਦ) ਜਸ (ਤੇ ਚੰਗੇ) ਗੁਣਾਂ ਦੀ (ਪਾਂਤਿ) ਪੰਗਤੀ ਭਾਵ ਲੜੀ ਹੈ।

ਰਸ ਸ੍ਵਾਦ ਸੁਧਾ ਮਰਯਾਦ ਭਰੀ,
ਭਗਤੀ ਸ਼ਕਤੀ ਮੁਕਤੀ ਸੁ ਜਰੀ[1]।

[1]ਅੰਮ੍ਰਿਤਰਸ ਦੇ ਸੁਆਦ ਤੇ (ਸ੍ਰੇਸ਼ਟ) ਮਰਯਾਦਾ ਨਾਲ ਭਰੀ ਹੋਈ ਹੈ (ਤੇ ਵਾਹਿਗੁਰੂ ਦੀ) ਭਗਤੀ ਸ਼ਕਤੀ ਤੇ ਮੁਕਤੀ ਨਾਲ ਚੰਗੀ ਤਰ੍ਹਾਂ ਜੜੀ ਹੋਈ ਹੈ।

ਜਸੁ ਰਾਗ ਭਰੀ ਅਨੁਰਾਗ ਵਿਰਾਗ
ਬਿਵੇਕ ਵਿਚਾਰ ਗਿਆਨ ਕਰੀ[1]।

[1](ਪ੍ਰਮੇਸ਼ਰ ਦੇ) ਜਸ, ਰਾਗ (ਅਨੁਰਾਗ) ਪ੍ਰੇਮ ਤੇ ਵੈਰਾਗ ਨਾਲ ਭਰੀ ਹੋਈ ਹੈ ਅਤੇ ਬਿਬੇਕ, ਵਿਚਾਰ ਤੇ ਗਿਆਨ (ਕਰੀ) ਕਰਾਉਣ ਵਾਲੀ ਭਾਵ ਦਾਤੀ ਹੈ।

ਗੁਰੁ ਗ੍ਰੰਥ ਗਿਰਾ, ਪਰਯੋਗ ਪਰੇਮ
ਭਰੀ ਲਖਿ, ਬੰਦਤ ਗਜਾਨ ਹਰੀ[1] ॥੧॥

[1]ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪ੍ਰੇਮ ਦੇ (ਪ੍ਰਯੋਗ) ਵਰਤਾਰੇ ਨਾਲ ਭਰੀ ਹੋਈ ਜਾਣ ਕੇ ਗਿਆਨ ਸਿੰਘ ਨਮਸ਼ਕਾਰ ਕਰਦਾ ਹੈ।

ਦੋਹਰਾ:

ਫਾਟਕ[1] ਪਾਹਿ ਤ੍ਰੁਕੇਸ ਜਜੋਂ,
ਬੰਦੇ ਪੰਥ ਮਝਾਰ।
ਮਾਤ ਸੁੰਦਰੀ ਸਾਪ ਦੈ[1]*
ਬਾਜੀ ਦੈਹ ਬਿਗਾਰ[1] ॥੨॥

[1]ਫੁੱਟ।

[1]ਸ੍ਰਾਪ। *ਬੰਦੇ ਤੇ ਤੱਤ ਖਾਲਸੇ ਦੀ ਫੁੱਟ ਦੇ ਕਾਰਨਾਂ ਬਾਰੇ ਦੇਖੋ ਇਸੇ ਬਿਸ੍ਰਾਮ ਦੇ ਅੰਕ ਨੰ. ੧੧੫ ਦੇ ਨਿਸ਼ਾਨ * ਦੀ ਪੈਰ ਟੂਕ।

[1](ਸਿੰਘਾਂ ਦੇ ਰਾਜ ਦੀ) ਖੇਲ ਵਿਗਾੜ ਦੇਣਗੇ।

ਸੋ ਗਾਥਾ ਇਸ ਧਜਾਇ ਤੇ,
ਸੁਨੋ ਸਰੋਤਾ ਬੀਰ।
ਭਾਵੀ[1] ਆਗੇ ਚਲਤ ਨਹਿੰ,
ਕਿਸ ਹੀ ਕੀ ਤਦਬੀਰ[1] ॥੩॥

[1]ਹੋਣਹਾਰ।

[1]ਉਪਾਉ, ਜਤਨ।

ਸ੍ਵੈਯਾ:

ਜਾਦਵ ਘਾਤ ਭਏ ਸਿਗਰੇ[1],
ਬਿਗਰੇ ਬਡ ਕਾਰਜ ਕੌਰਵ ਕੇਰੈਂ।
ਪਾਂਡਵ ਪਾਇ ਦਏ ਬਿਪਤਾ ਮੱਧ,

[1]ਸਾਰੇ ਜਾਦਵ ਨਾਸ ਹੋ ਗਏ।

ਔ ਜਨਮੇਜਹਿ ਕੋੜ੍ਹ ਬਢੇਰੈਂ[1]।
ਰਾਜ ਗਯੋ ਕੁਲ ਕਾ ਜਸੁ ਰਾਵਨ, ਤਾਜ ਰਘੂਤਮ ਸਾਜ ਬਖੇਰੈਂ[1]।
ਸੋ ਅਬਿ ਭਾਵੀ ਅਮੇਟ ਚਪੇਟ,
ਸੁ ਪੰਥਹਿ ਲਾਇ ਕੁਫੇਟ ਬਧੇਰੈਂ[1] ॥ ੪ ॥

[1]ਕੋੜ੍ਹ ਵਧਾ ਦਿੱਤਾ ਭਾਵ ਵੱਡਾ ਕੋੜ੍ਹ ਕਰ ਦਿੱਤਾ।
[1]ਰਾਵਣ ਦੀ ਕੁਲ ਦਾ ਰਾਜ ਤੇ ਜਸ ਚਲਿਆ ਗਿਆ ਅਤੇ (ਰਘੂਤਮ) ਰਾਮ ਚੰਦਰ ਦੇ ਤਾਜ ਦਾ (ਸਾਜ) ਸਾਮਾਨ ਖਿੰਡਾ ਦਿੱਤਾ।
[1]ਉਸ ਅਮਿੱਟ ਭਾਵੀ ਨੇ (ਆਪਣੀ) ਚਪੇੜ ਨਾਲ ਪੰਥ ਨੂੰ ਬਹੁਤਾ (ਕੁਫੇਟ) ਖੋਟਾ ਧੱਕਾ ਮਾਰ ਦਿੱਤਾ।

ਨਿਸ਼ਾਨੀ ਛੰਦ:

ਤੁਰਕਨ ਕੇ ਸਰਦਾਰ ਬਹੁ, ਮਾਰੇ ਜਬਿ ਬੰਦੇ।
ਸਭਿ ਤੁਰਕਾਨੀ ਪਰ ਘਨੇ, ਮੇਲੇ[1] ਦਿਨ ਮੰਦੇ।
ਤਬਿ ਸਭਿ ਦੇਸ ਬਿਦੇਸ ਮੈਂ, ਵਡ ਮਾਚੀ ਜਿੱਲੀ[1]।
ਸੂਬਾ ਡਰੈ ਲਹੌਰ ਕਾ, ਦਿੱਲੀ ਭਈ ਢਿੱਲੀ ॥ ੫ ॥
ਕਾਬਲ ਔਰ ਕੰਧਾਰ ਲੌ, ਕਸ਼ਮੀਰ ਪਸ਼ੌਰੈਂ।
ਸੱਖਰ ਭੱਖਰ ਸਿੰਧੁ ਲੌ, ਮੁਲਤਾਨ ਲਹੌਰੈਂ।
ਗਦਲ[1] ਪਰਜੋ ਸਭਿ ਮੁਲਖ ਮੈਂ, ਤਬਿ ਹੀ ਸਭਿ ਠਾਂਈਂ।
ਚੋਰ ਧਾੜਵੀ ਨਰਨ ਮਿਲਿ, ਗਰਦੀ[1] ਵਡ ਪਾਈ ॥ ੬ ॥
ਮਿਲਿ ਨਰ ਨਾਰੀ ਯੌਂ ਕਹੈ, ਗੁਰੁ-ਬੰਦੇ ਕੇਰਾ।
ਰਾਜ ਹੋਇ ਹੈ ਜਗਤ ਮੈ, ਅਬਿ ਹੀ ਬਿਨ ਦੇਰਾ।
ਬੰਦੇ ਨੈ ਭੀ ਖੂਬ ਤਬਿ, ਨਿਜ ਅੱਸ੍ਰ ਦੁੜਾਯੋ।
ਇਤ ਜਮਨਾ ਉਤ ਸਿੰਧੁ ਲੌ, ਸਭਿ ਦੇਸ ਅਪਨਾਯੋ ॥ ੭ ॥
ਹਾਕਮ ਕੀਨੇ ਸਿੱਖ ਨਿਜ, ਸਭਿ ਦੇਸ ਮਝਾਰੈਂ।
ਚੇਲੇ ਬੰਦੇ ਕੇ ਭਏ, ਤਬਿ ਲੋਗ ਹਜ਼ਾਰੈਂ।
ਅਟਕ ਕਨਾਰੇ ਲੌਂ ਫਿਰਜੋ, ਤਬਿ ਸੈਲ ਕਰੰਤਾ।
ਛੇਰੇ[1] ਰੋਕੇ ਨਾਹਿਂ ਕੋ, ਹਾਕਮ ਡਾਰੰਤਾ ॥ ੮ ॥
ਜਹਿਂ ਜਹਿਂ ਬੰਦਾ ਤਬਿ ਗਯੋ, ਬਡ ਸ਼ਕਤਿ ਦਿਖਾਈ।
ਚੇਲੇ ਹੋਏ ਲੋਗ ਬਹੁ, ਉਨ ਖਲਕ ਨਿਵਾਈ।
ਏਕ ਬਰਸ ਲੌਂ ਸੈਲ ਯੌਂ, ਕੀਨੋ ਮਨ ਮਨੀਆਂ[1]।

[1]ਲਿਆ ਦਿੱਤੇ।
[1]ਤਰਥੱਲੀ ਮੱਚ ਗਈ।
[1]ਬਗ਼ਾਵਤ, ਵਿਦਰੋਹ।
[1]ਹਲਚਲੀ।
[1]ਨਹੀਂ ਛੇੜਦਾ।
[1]ਮਨ-ਭਾਉਂਦਾ।

ਉਨ ਦੇਸਨ ਮੈਂ ਤਾਂਹਿ ਕੀ, ਤਬਿ ਜਗ੍ਹਾਂ ਜੁ ਬਨੀਆਂ
॥ ੯ ॥
ਹੈਂ ਅਬਿ ਲੌ ਪਰਤੱਖ ਸੋ, ਮਾਨਤ ਬਹੁਤੇਰੇ।
ਸਿਖ ਭੀ ਹੈਂ ਉਸ ਦੇਸ ਮੈਂ, ਬੰਦਈ ਬਧੇਰੇ।
ਬੰਦੇ ਕੇ ਦਰਵਾਰ ਮੈਂ, ਆਵਤ ਹਰ ਸਾਲੇ।
ਹੋਲੇ ਕਾ ਮੇਲਾ ਭਵੈ, ਦਿਹਂ ਭੇਟ ਬਿਸਾਲੇ
॥ ੧੦ ॥
ਚੰਦ੍ਰ-ਭਗਾ ਕੇ ਤਟ ਅਹੇ, ਸੋ ਰਜਾਸੀ ਨੇਰੇ[1]।

[1]ਝਨਾਂ ਨਦੀ ਦੇ ਕਿਨਾਰੇ ਰਜਾਸੀ ਪਿੰਡ ਦੇ ਨੇੜੇ ਹੈ।

ਬੰਦੇ ਕਾ ਦਰਵਾਰ ਬਡ, ਮਾਨਤ ਤਿਸ ਚੇਰੇ।
ਸੁਨੋ ਕਥਾ ਪ੍ਰਸੰਗ ਕੀ, ਪਾਛੇ ਜੋ ਛੋਰੀ।
ਸਿੰਘ ਭੂਪ ਸਭਿ ਦੇਸ ਕੇ, ਹੋਏ ਬਰ ਜੋਰੀ[1]

[1]ਤਾਕਤ ਦੇ ਜ਼ੋਰ ਨਾਲ।

॥ ੧੧ ॥
ਬੰਦਾ ਕਰਿ ਕੈ ਸੈਲ ਬਹੁ, ਫਿਰ ਮੰਡੀ ਆਯੋ।
ਨਿਜ ਤੀਆ ਅਰ ਸੁਤਨ ਸੋਂ, ਪਰਚਯੋ ਮਨ ਭਾਯੋ।
ਗੁਰੁਦਾਸ ਪੁਰੈਂ ਬਹੁਤਾ ਰਹੇ, ਥੋਰਾ ਰਹਿ ਮੰਡੀ।
ਇਤ ਸਿੰਘਨ ਜਬਿ ਹੀ, ਘਨੀ ਤੁਰਕਾਨੀ ਦੰਡੀ[1]

[1]ਬਹੁਤੇ ਤੁਰਕਾਂ ਨੂੰ ਸਜ਼ਾ ਦਿੱਤੀ।

॥ ੧੨ ॥
ਉਤ ਦਿਸ ਫੱਰੁਖਸੇਰ ਭੀ, ਦੋ ਵਰਖ ਪ੍ਰਯੰਤੈਂ[1]।

[1]ਤੱਕ।

ਪਤਿਸ਼ਾਹੀ ਕਾ ਬੰਦੋਬਸਤ, ਦਿਢ[1] ਰਹਯੋ ਕਰੰਤੈ।

[1]ਪੱਕਾ।

ਨਹਿਂ ਪੰਜਾਬ ਦਿਸ ਕੀ ਕਿਨੈਂ, ਤਿਹ ਬਾਤ ਸੁਨਾਈ।
ਮਤੁ ਕਿਤ ਬੰਦੇ ਦਿਸ ਪਠੈ, ਪਤਿਸ਼ਾਹਿ ਚਢਾਈ
॥ ੧੩ ॥
ਬੰਦੇ ਤੈ ਸਭਿ ਯੌਂ ਡਰੈਂ, ਜਿਮ ਕਾਗ ਕਮਾਨੋਂ[1]।

[1]ਕਮਾਨ ਤੋਂ ਕਾਂ ਡਰਦਾ ਹੈ।

ਬੰਦਾ ਤੁਰਕੈਂ ਜਮ ਦਿਸੈ, ਨਹਿਂ ਚਾਹਿਂ ਲਰਾਨੋ[1]।

[1]ਬੰਦਾ ਤੁਰਕਾਂ ਨੂੰ ਜਮ ਵਾਂਗ ਦਿੱਸਦਾ ਹੈ (ਇਸ ਕਰਕੇ) ਉਹ ਲੜਨਾ ਨਹੀਂ ਚਾਹੁੰਦੇ।

ਪੈ ਤੁਕ ਦੇਸੀ[1] ਦੁਖੀ ਹ੍ਵੈ, ਢਿਗ ਸ਼ਾਹਿ ਪੁਕਾਰੇ।

[1]ਪਰ ਪੰਜਾਬ ਦੇਸ ਦੇ ਵਸਨੀਕ ਤੁਰਕ।

ਦਿਨੈਂ ਮਸਾਲਾਂ ਬਾਲੀਆਂ, ਪਤਿਸ਼ਾਹਿ ਦਵਾਰੇ
॥ ੧੪ ॥
ਮਿਲ ਕਰਿ ਕਾਜੀ ਹਾਜੀਆਂ, ਤਬਿ ਸ਼ਾਹਿ

ਸਿਖਾਯੋ।
ਬੰਦੇ ਗੰਦੇ ਏਕ ਨੈ, ਤੁਵ ਦੀਨ ਗਵਾਯੋ।
ਢਾਹਿ ਮਹਿਜਦਾਂ[1] ਸੁੱਟੀਆਂ, ਪੀਰਨ ਕੇ ਖਾਨੇ। [1]ਮਸੀਤਾਂ।
ਬਾਂਗ ਨਿਵਾਜ ਨ ਹੋਵਨੀ, ਪਾਵੈ ਕਿਤ ਥਾਨੇਂ ॥ ੧੫ ॥
ਮੁੱਸਲਮੀਨ ਅਪਾਰ ਹੀ, ਕਰਿ ਕਾਫਰ ਮਾਰੇ।
ਮੁਲਖ ਲੁਟ ਸਭਿ ਖਾਇਯੋ, ਬਹੁ ਨਗਰ ਉਜਾਰੇ।
ਤੁਝ ਕੋ ਕਰਜੋ ਖੁਦਾਇ ਨੈ, ਖਲਕਤ ਕਾ ਰਾਖਾ।
ਜੇ ਤੂੰ ਰੱਖਯਾ ਨਹਿੰ ਕਰੈਂ, ਦੁਖ ਪੈਹੈਂ ਲਾਖਾ[1] ॥ ੧੬ ॥ [1]ਜਾਣ ਲੈ।
ਨਹਿੰ ਸਫਾਤ[1] ਤੁਵ ਭਰੈਗੋ, ਪੈਕੰਬਰ ਆਗੇ। [1]ਸਿਫ਼ਾਰਸ਼।
ਦੋਜ਼ਕ ਮੈਂ ਡਲਵਾਇ ਹੈ, ਤੁਝ ਕੋ ਦੁਖ ਲਾਗੇ।
ਸਭਿ ਹਵਾਲ ਸੁਨਿ ਸ਼ਾਹਿ ਤੇ, ਕੋਪਯੋ ਵਡ ਜਹਿਰੀ[1]। [1]ਵੱਡਾ ਕਰੋਧੀ, ਕ੍ਰੋਧਵਾਨ ਹੋਇਆ।
ਤਬੈ ਅੰਬੀਰ ਬੁਲਾ ਲਏ, ਸਭਿ ਵੀਚ ਕਚਹਿਰੀ ॥ ੧੭ ॥
ਸੱਯਦ ਸ਼ੇਖ ਪਠਾਣ ਜੇ, ਭਟ ਮੁਗਲ ਅਪਾਰੇ।
ਰਾਜਪੂਤ ਵਡ ਸ਼ਸਤਰੀ, ਆਏ ਤਬਿ ਸਾਰੇ।
ਵੀਚ ਕਚਹਿਰੀ ਕੇ ਤਬੈ, ਤਿਨ ਬੀੜਾ ਧਰਯੋ[1]। [1]ਪਾਨਾਂ ਦਾ ਬੀੜਾਰੱਖਿਆ। ਪੁਰਾਣੇ ਸਮੇਂ ਇਹਰੀਤੀ ਸੀ ਕਿ ਸ਼ਾਹੀ ਦਰਬਾਰ ਵਿੱਚ ਕਿਸੇ ਜੰਗ ਲਈ ਨੰਗੀ ਤਲਵਾਰ ਤੇ ਪਾਨਾਂ ਦਾ ਬੀੜਾਰਖ ਕੇ ਸੂਰਮਿਆਂ ਨੂੰ ਵੰਗਾਰਿਆ ਜਾਂਦਾ ਸੀ। ਜੋ ਦੋਹਾਂ ਨੂੰ ਉਤਸ਼ਾਹ ਨਾਲ ਚੁੱਕ ਲੈਂਦਾ, ਉਸ ਨੂੰ ਮੁਹਿੰਮ ਫਤਹ ਕਰਨ ਲਈ ਭੇਜਿਆ ਜਾਂਦਾ ਸੀ।
ਬਾਦਸ਼ਾਹਿ ਨੈ ਸਭੀ ਕੋ, ਯਾ ਬਿਧਿ ਬੰਗਰਯੋ[1] ॥ ੧੮ ॥ [1]ਵੰਗਾਰਿਆ।
ਬੰਦੇ ਪਰ ਜੋ ਸੂਰਮਾ, ਯਹਿ ਬੀੜਾ ਚੁੱਕੈ।
ਮਾਰੇ ਤਾਂ ਕੋ ਜਾਇ ਕੈ, ਲੈ ਸੈਨ ਅਮੁੱਕੈ[1]। [1]ਬਹੁਤੀ।
ਦੈਹੁਂ ਮਰਤਬਾ[1] ਤਾਂਹਿ ਕੋ, ਮੈਂ ਸਭਿ ਤੇ ਭਾਰੋ[2]। [1]ਅਹੁਦਾ, ਪਦਵੀ। [2]ਵੱਡਾ।
ਮੁਝ ਕੋ ਕਸਮ ਕੁਰਾਨ ਕੀ, ਜੇ ਕੂਰ ਉਚਾਰੋਂ ॥ ੧੯ ॥
ਖਾਣਾ ਤੁਮੈਂ ਹਰਾਮ ਹੈ, ਬਿਨ ਉਸ ਕੇ ਮਾਰੇ।

ਚੁੱਕੋ ਬੀੜਾ ਓਸ ਪੈ, ਅਬਿ ਕਰੋ ਨ ਬਾਰੇ[1]। — [1]ਦੇਰੀ।
ਯਹਿ ਸੁਨਿ ਮਨ ਮੈਂ ਸਭਿ ਡਰੇ, ਫਿਰ ਬਜੋਂਤ ਬਨਾਈ।
ਸ਼ਾਹਿ ਪਾਸ ਕਰ ਜੋਰ ਕੈ, ਯੌਂ ਅਰਜ਼ ਅਲਾਈ ॥੨੦॥

ਹਮਰੀ ਜਹਾਂ ਪਨਾਹਿ[1] ਜੁ, ਇਕ ਬਿਨੈ ਸੁਨੱਈਏ। — [1]ਜਗਤ ਦੇਰਾਖੇ।
ਜੌ ਗੁੜ ਦੀਏ ਅਰਿ ਮਰੈ, ਕਯੋਂ ਜ਼ਹਿਰ ਖੁਲੱਈਏ।
ਗਾਂਠ ਜੁ ਖੁਲੈ ਹਾਥ ਸੈਂ, ਕਯੋਂ ਦਾਂਤ ਲੱਗਈਏ।
ਸਾਮ[1] ਦਾਮ[2] ਜਹਿਂ ਨਹਿਂ ਚਲੈ, ਤਹਿਂ ਦੰਡ[3] ਕਰੱਈਏ ॥੨੧॥ — [1]ਸੁਲਹ, ਸਮਝੌਤਾ। [2]ਰੁਪਏ ਦੇ ਕੇ ਦੁਸ਼ਮਨ ਨੂੰ ਆਪਣੇ ਵਲ ਕਰ ਲੈਣਾ। [3]ਸਜ਼ਾ ਦੇਈਏ।

ਮਹਲ ਗੁਰੂ ਦਸਮੇਸ਼ ਕੇ, ਹੈਂ ਦਿੱਲੀ ਮਾਂਹੀਂ।
ਬੰਦੇ ਲੌਂ ਸਭਿ ਖਾਲਸਾ, ਹੈ ਖਾਦਮ[1] ਤਾਂਹੀਂ। — [1]ਸੇਵਕ।
ਤਿਸ ਤੇ ਬੰਦੇ ਕੋ ਅਬੀ, ਇਸ ਬਿਧਿ ਲਿਖਵਾਵੋ।
ਲਿਹੁ ਜਗੀਰ ਪਤਿਸ਼ਾਹ ਤੈ, ਤੁਮ ਬੈਠੇ ਖਾਵੋ ॥੨੨॥

ਪਤਿਸ਼ਾਹਨ ਕੈ ਮੁਲਖ ਮੈਂ, ਨਹਿਂ ਗਰਦੀ[1] ਪਾਯੋ। — [1]ਹਲਚਲੀ।
ਹਾਲਰਾਰ ਯੌਂ ਮੇਟੀਏ, ਫਿਰ ਝਗਰ ਚੁਕਾਯੋ[1]। — [1]ਇਸ ਤਰ੍ਹਾਂ ਵਰਤਮਾਨ ਲੜਾਈ ਮੇਟ ਲਵੋ ਫੇਰ ਸਾਰਾ ਝਗੜਾ ਮੁਕਾ ਲੈਣਾ।
ਜੌ ਗੁਰੁ ਘਰਣੀ ਨਹਿਂ ਲਿਖੈ, ਯੌਂ ਬੰਦੇ ਤਾਂਈਂ।
ਅਥਵਾ ਬੰਦਾ ਨਹਿ ਮੰਨੈਂ, ਇਸ ਕੋ ਕਰਿ ਮਾਈ[1] ॥੨੩॥ — [1]ਇਸਨੂੰ ਮਾਤਾ ਕਰ ਕੇ ਨਾ ਮੰਨੇ।

ਤੌਂ ਤੁਮ ਗੁਰਿਆਣੀ ਤਈਂ, ਦਿਹੁ ਦੂਖ ਮਹਾਨੈ।
ਹੇਤ ਛੁਡਾਵਨ ਏਸ ਕੈ, ਫਿਰ ਆਪੇ ਮਾਨੈ।
ਸਾਯਤ ਜੇ ਯੌਂ ਨਹਿਂ ਥਵੈ[1], ਫਿਰ ਕਰੈਂ ਚਢਾਈ। — [1](ਸਾਯਤ) ਸ਼ਾਇਦ (ਖਬਰੇ) ਜੇ ਇਸ ਤਰ੍ਹਾਂ ਨਾ ਹੋਵੇ।
ਪੈ ਆਗੇ ਕਿਛੁ ਲਰਨ ਕੀ, ਨਹਿਂ ਕਸਰ ਰਖਾਈ ॥੨੪॥

ਬੰਦਾ ਬੁਰੀ ਬਲਾਇ ਹੈ, ਪੁਰ ਅਜਮਤ ਭਾਰੋ[1]। — [1]ਬਹੁਤ ਭਾਰੀ (ਅਜ਼ਮਤ) ਕਰਾਮਾਤ ਵਾਲਾ ਹੈ।
ਦੁਸ਼ਮਨ ਭੀ ਇਸਲਾਮ ਕਾ[1], ਹੈ ਪੂਰਾ ਧਾਰੋ[2]। — [1]ਤੁਰਕਾਂ ਦਾ। [2]ਜਾਣੋ।
ਤਾਂ ਕੇ ਤਾਬੇਦਾਰ ਹੈਂ, ਮੇਵੱਕਲ ਭਾਰੇ[1]। — [1]ਵੱਡੇ ਬੀਰ ਤਿਸ ਦੇ ਅਧੀਨ ਹਨ।
ਜੋ ਚਹਿ ਹੈ ਕਰਵਾਇ ਹੈ, ਤਿਨ ਤੈ ਬਿਨ ਬਾਰੇ[1] — [1]ਦੇਰੀ ਤੋਂ ਬਿਨਾਂ।

॥੨੫॥
ਬਡੇ ਬਡੇ ਸਰਦਾਰ ਹੀ, ਤਿਨ ਹਤੇ ਹਜਾਰੈਂ।
ਜੋ ਚਢਿ ਗਜਾ ਸੋ ਨਹਿਂ ਅਯਾ, ਲਰਿ ਤਾਂਹਿ ਸੰਗਾਰੈਂ[1]।

[1]ਨਾਲ।

ਕਿਸ ਹੀ ਪੀਰ ਅਮੀਰ ਕੀ, ਕਿਛ ਪੇਸ਼ ਨ ਚਾਲੀ।
ਇਲਮ ਅਕਲ ਬਲ ਤੁੱਛ ਹੈ, ਤਿਸ ਅੱਗ੍ਰ ਬਿਸਾਲੀ[1] ॥੨੬॥

[1]ਤਿਸ ਦੇ ਅੱਗੇ ਬਹੁਤੀ ਵਿੱਦਿਆ, ਅਕਲ ਤੇ ਬਲ (ਤੁੱਛ) ਬਹੁਤ ਥੋੜੇ ਹਨ।

ਜਯੋਂ ਸੂਰਜ ਕੇ ਸਾਮਣੇ, ਨਹਿਂ ਨਿਸਚਰ[1] ਜਾਹੀਂ।

[1]ਰਾਤ ਨੂੰ ਵਿਚਰਨ ਵਾਲੇ ਉੱਲੂ ਆਦਿ।

ਬੰਦੇ ਦਿਸ ਕੋਊ ਤੁਰਕ ਭੀ, ਤਯੋਂ ਜਾਨ ਨ ਚਾਹੀ।
ਏਹੀ ਏਕ ਉਪਾਵ ਹੈ, ਕਰਿ ਕੈ ਪਿਖ ਲੀਜੋ।
ਨਹੀਂ ਤੁ ਦੇਸ ਪੰਜਾਬ ਦੈ[1], ਤਿਹ ਸੁਲ੍ਹਾ ਰਖੀਜੋ ॥੨੭॥

[1](ਬੰਦੇ ਨੂੰ) ਦੇ ਕੇ।

ਫਿਰ ਤਿਸ ਕੋ ਜੀਤੈਂ ਕਬੀ, ਜਬਿ ਹ੍ਵੈ ਕਮਜ਼ੋਰਾ।
ਦਸਮ ਗੁਰੂ ਨੈ ਦੱਖਣੋ, ਜਬਿ ਇਸ ਕੋ ਤੋਰਾ।
ਦੈ ਬਰ, ਪਾਂਚ ਹਦਾਯਤੈਂ[1] ਕਰਿ, ਐਸ ਉਚਾਰਾ।

[1]ਸਿੱਖਿਆਵਾਂ।

ਬਰਖਿਲਾਫ ਜੇ ਤੂੰ ਭਵੈਂ, ਤੋ ਜੈਹੈਂ ਮਾਰਾ ॥੨੮॥
ਜਤੀ ਰਹਿਨ ਸਚ ਬੋਲਨਾ, ਨਿਜ ਪੰਥ ਨ ਰਚਨਾ।
ਸਿੰਘਨ ਸੋਂ ਨਹਿਂ ਬਿਗਰਨਾ, ਮਧ ਰਾਜ ਨ ਖਚਨਾ[1]।

[1]ਰਾਜ ਦੀ (ਮਦ) ਮਸਤੀ ਵਿੱਚ ਖੱਚਤ ਨਾ ਹੋਣਾ।

ਫਿਰਕਾ ਰਚਯੋ ਜਤ ਤਜਯੋ, ਦੁਇ ਉਨ ਹੈ ਤੋਰੀ।
ਰਹੀ ਤੀਨ ਜਬਿ ਵਹਿ ਤਜੈ, ਖੁਦ ਮਰੈ ਬਹੋਰੀ[1] ॥੨੯॥

[1]ਫੇਰ ਆਪੇ ਮਰ ਜਾਵੇਗਾ।

ਇਹੁ ਬਾਤੈਂ ਸੁਨਿ ਸ਼ਾਹਿ ਭੀ, ਪੁਨਿ ਐਸ ਸੁਨਾਵਾ।
ਸਚ ਬੋਲਨ ਇਤਫਾਕ[1] ਭੀ, ਜਬਿ ਤਾਂਹਿ ਰਹਾਵਾ।

[1]ਏਕਾ।

ਜੀਤ ਸਕੈ ਨਹਿਂ ਕੋਇ ਭੀ, ਤਿਸ ਕਉ ਜਗ ਮਾਂਹੀਂ।
ਮੱਦਦ ਐਸੇ ਨਰਨ ਕੀ, ਸਦ ਰੱਬ ਰਹਾਹੀ ॥੩੦॥
ਨੀਤ ਭਰੀ ਛਲ ਕਪਟ ਥੀ[1] ਜੋ ਕਹੀ ਬਜੀਰੈਂ।

[1]ਰਾਜਨੀਤੀ ਜੋ ਛਲ ਦੇ ਨਾਲ ਭਰੀ ਹੋਈ ਸੀ।

ਮਾਨਿ ਸਾਹਿ ਨੈ ਤਬਿ ਕਰੀ, ਸੋਈ ਤਤਬੀਰੈਂ[1]।

[1]ਉਪਾਉ, ਜਤਨ।

ਨੰਦ ਲਾਲ ਕੌ ਸ਼ਾਹਿ ਨੈ, ਤਬਿ ਪਾਸ ਬੁਲਾਯੋ।
ਜੋ ਮਸਲਾ ਮਨਿ ਮਥਯੋ ਥਾ[1], ਸੋ ਸਭੀ ਸੁਨਾਯੋ ॥ ੩੧ ॥ [1]ਜੋ ਮਤਾ ਮਨ ਵਿੱਚ ਪੱਕਾ ਕੀਤਾ ਸੀ।
ਬਾਦਸ਼ਾਹਿ ਨੈ ਪੁਨ ਕਹਯੋ, ਤੁਮ ਅਬਿ ਹੀ ਜਾਵੋ।
ਗੁਰੁ ਘਰਨੀ ਢਿਗ ਅਦਬ ਸੋਂ, ਇਸ ਭਾਂਤਿ ਸੁਨਾਵੋ।
ਹਮਰੀ ਤਰਫੋਂ ਭਾਖੀਓ, ਸਾਲਾਮ ਹਮਾਰਾ।
ਜੋ ਚਹੀਏ ਸੋ ਲੀਜੀਏ, ਯਹਿ ਘਰ ਹੈ ਥਾਰਾ[1] ॥ ੩੨ ॥ [1]ਤੁਹਾਡਾ।
ਸ਼ਾਹੀ ਹਮਰੇ ਵਡੇ ਕੋ, ਗੁਰੁ ਨਾਨਕ ਦੀਨੀ।
ਤਾਂ ਤੇ ਮੱਦਦ ਆਪ ਕੋ, ਅਬਿ ਚਹੀਏ ਕੀਨੀ।
ਜੋਊ ਲਗਾਵਤ ਬਾਗ ਹੈ, ਪਾਲਤ ਫਿਰ ਸੋਊ।
ਤੁਮ ਭੀ ਗੁਰੂ ਸਰੂਪ ਹੋ, ਨਹਿਂ ਕਮਤੀ ਕੋਊ ॥ ੩੩ ॥
ਸਿੱਖਨ ਕੀ ਜਯੋਂ ਮਾਤ ਤੂੰ, ਤਯੋਂ ਹਮਰੀ ਮਾਈ।
ਜੇਤਿਕ ਕਹੈਂ ਜੰਗੀਰ ਤੂੰ, ਦਿਹੁਂ ਤੇਤਿਕ ਲਾਈ।
ਬੰਦੇ ਆਦਿਕ ਸਿੱਖ ਜੇ, ਹੈਂ ਗੁਰੁ ਕੇ ਭਾਰੀ।
ਕਹਯਾ ਤੁਮਾਰਾ ਮਾਨ ਹੈਂ, ਹਮ ਨਿਸਚੇ ਧਾਰੀ ॥ ੩੪ ॥
ਦੰਗੇ ਤੈ[1] ਤੁਮ ਬਰਜ ਦਯੋ, ਅਬਿ ਬੰਦੇ ਤਾਂਈ। [1]ਜੰਗ ਤੋਂ।
ਜੋ ਕਿਛੁ ਸੋਊ ਮਨਾਇ ਹੈ, ਹਮ ਮਾਨੈਂ ਸਾਈ[1]। [1]ਉਹੋ (ਗੱਲ)।
ਜਿਸ ਹਿਤ ਗੁਰੁ ਨੈ ਸੋ ਪਠਯੋ, ਉਨ ਸੋ ਸਭਿ ਕੀਨੇ।
ਮਾਰਿ ਬਜੀਦੇ ਖਾਨ ਕੋ, ਨਿਜ ਬਦਲੇ ਲੀਨੇ ॥ ੩੫ ॥
ਔਰ ਗਿਰੀਸਨ ਕੋ[1] ਹਤਯੋ, ਜਿਨ ਗੁਰੁ ਦੁਖਾਯੋ। [1]ਪਹਾੜੀ ਰਾਜਿਆਂ ਨੂੰ।
ਜਥਾ ਜੋਗ ਤੁਰਕਾਨ ਕੋ, ਫਲ ਠੀਕ ਭੁਗਾਯੋ।
ਨਹਿਂ ਕਿਛੁ ਹਮਰਾ ਦੋਸ਼ ਹੈ, ਕਯੋਂ ਹਮੈ ਦੁਖੈ ਹੈ।
ਨਾਹੱਕ[1] ਖਲਕਤ ਕਯੋਂ ਕਰੀ, ਤਿਨ ਦੁਖੀ ਅਤੈ ਹੈ[2] ॥ ੩੬ ॥ [1]ਐਵੇਂ, ਬਿਅਰਥ। [2]ਬਹੁਤੀ।

ਰੱਯਤ ਕੇ ਦੁਖ ਤੈ ਭਯੋ, ਦੁਖ ਹਮ ਕੋ ਭਾਰੀ।
ਖੇਦ[1] ਮਿਟਾਵਹੁ ਮਾਤ ਜੀ, ਮੈਂ ਸਰਨ ਤੁਹਾਰੀ। [1]ਕਸ਼ਟ, ਦੁੱਖ।
ਇਤਜਾਦਿਕ ਬਹੁ ਬੇਨਤੀ, ਲਿਖਿ ਸ਼ਾਹਿ ਪਠਾਈ।
ਨੰਦ ਲਾਲ ਨੈ ਮਾਤ ਪੈ, ਸਭਿ ਜਾਇ ਸੁਨਾਈ ॥੩੭॥
ਸੁਨ ਮਾਤਾ ਨੈ ਗੁਨਿ ਭਲੇ[1], ਸੱਦ[2] ਮੁਨਸ਼ੀ ਤਾਂਈਂ। [1]ਚੰਗੀ ਤਰ੍ਹਾਂ ਵਿਚਾਰ ਕੇ। [2]ਬੁਲਾ ਕੇ।
ਕਹਯੋ ਹੁਕਮਨਾਮਾ ਲਿਖੋ, ਅਬਿ ਬੰਦੇ ਤਾਂਈਂ।
ਯੱਦਜਪਿ ਮਾਤਾ ਪੰਥ ਕੀ, ਥੀ ਗੁਰੁ ਕੀ ਨਾਰੀ।
ਤੌ ਭੀ ਔਰਤ ਜਾਤ ਥੀ, ਨਹਿੰ ਨੀਤ ਵਿਚਾਰੀ ॥੩੮॥
ਮਨੀ ਸਿੰਘ ਨੰਦ ਲਾਲ ਜੀ*, ਮੁੱਖਾ ਸਿੰਘ ਰੋਚਾ[1]। [1]ਰੋਚਾ ਸਿੰਘ ਆਦਿ ਮੁਖੀ ਸਿੱਖ (ਰੋਚਾ ਸਿੰਘ ਜ਼ਿਲੇ ਹਜ਼ਾਰੇ ਦੇ ਕੋਸਾ ਪਿੰਡ ਵਿੱਚ ਸੰਮਤ ੧੭੪੫ ਬਿ. ਵਿੱਚ ਜਨਮੇਂ। ਇਨ੍ਹਾਂ ਨੇ ਪੋਠੋਹਾਰ ਕਸ਼ਮੀਰ ਆਦਿ ਇਲਾਕਿਆਂ ਵਿੱਚ ਸਿੱਖੀ ਦਾ ਉੱਤਮ ਪ੍ਰਚਾਰ ਕੀਤਾ।) *ਅੰਮ੍ਰਿਤਸਰ ਐਡੀਸ਼ਨ ਵਿੱਚ ਨਾਮ ਸਾਹਿਬ ਚੰਦ ਲਿਖਿਆ ਹੈ।
ਮਾਤ ਪਾਸ ਇਤਜਾਦਿ ਥੇ, ਨਹਿੰ ਬੂਝੇ ਸੋਚਾ[1]। [1](ਇਨ੍ਹਾਂ ਦੇ) {ਸੋਚ} ਵਿਚਾਰ ਨਾ ਪੁੱਛੇ ਭਾਵ ਇਨ੍ਹਾਂ ਤੋਂ ਰਾਇ ਨਾ ਲਈ।
ਹੁਤੋ ਮੁਸੱਦੀ[1] ਮਾਤ ਪੈ, ਗੁਰਬਖਸ਼ਾ ਭਾਈ। [1]ਮੁਨਸ਼ੀ, ਲਿਖਾਰੀ।
ਤਿਸ ਤੈ ਮਾਤ ਲਿਖਾਇਯੋ, ਇਸ ਭਾਂਤਿ ਤਦਾਂਈਂ ॥੩੯॥
ਜਯੋਂ ਜਯੋਂ ਮਾਤਾ ਨੈ ਕਹਯੋ, ਲਿਖਯੋ ਤਿਮ ਭਾਈ।
ਅੱਵਲ ਮਾਤਾ ਨੈ ਖੁਸ਼ੀ, ਬਹੁ ਨਿਜ ਲਿਖਵਾਈ।
ਬਾਦਸ਼ਾਹ ਨੈ ਜੋ ਕਹਯੋ, ਪੁਨ ਸਭਿ ਲਿਖਵਾਯੋ।
ਫਿਰ ਬੰਦੇ ਪ੍ਰਤਿ ਮਾਤ ਨੈ, ਇਸ ਭਾਂਤਿ ਅਲਾਯੋ[1] ॥੪੦॥ [1]ਕਿਹਾ।
ਤੂੰ ਭੀ ਗੁਰੁ ਕਾ ਸਿੱਖ ਹੈਂ, ਸੁਨ ਬੰਦੇ ਭਾਈ।
ਬਚਨ ਹਮਾਰਾ ਮਾਨ ਲੈ, ਮੈਂ ਤੁਮਰੀ ਮਾਈ।
ਕਾਰਜ ਤੁਮ ਨੈਂ ਸਭਿ ਕਰੇ, ਗੁਰੁ ਘਰ ਕੇ ਭਾਰੇ।
ਅਰ ਸਹਾਇਤਾ ਪੰਥ ਕੀ, ਤੁਮ ਕਰੀ ਅਪਾਰੇ ॥੪੧॥

ਦੁਸ਼ਮਨ ਗੁਰੂ ਘਰ ਕੇ ਜਿਤੇ, ਸਭਿ ਹੀ ਤੁਮ ਮਾਰੇ।
ਸੱਯਦ ਮੁਗਲ ਪਠਾਨ ਲੌਂ, ਨ੍ਰਿਪ ਪਰਬਤ ਵਾਰੇ।
ਸਾਹਬਜ਼ਾਦਜੋਂ ਕਾ ਲਯੋ, ਤੁਮ ਬੈਰ ਮਹਾਨੇ।
ਸਿੱਖ ਗੁਰੂ ਕਾ ਨਹਿੰ ਭਯੋ, ਤੁਮ ਸਮ ਕੋ ਆਨੇ[1] ॥ ੪੨ ॥ — [1]ਹੋਰ।

ਕਾਰਜ ਤੁਮ ਨੈ ਸਭਿ ਕਰੇ, ਗੁਰੁ ਹੁਕਮ ਕਮਾਯੋ।
ਹਲਤ ਪਲਤ[1] ਸਫਲਾ ਕਰਜੋ, ਰੱਖ ਪੰਥ ਦਿਖਾਯੋ। — [1]ਲੋਕ-ਪ੍ਰਲੋਕ।
ਅਬਿ ਜਗੀਰ ਲਿਹੁ ਸ਼ਾਹਿ ਤੈ, ਘਰ ਬੈਠੇ ਖਾਵਹੁ।
ਦੁਖੀ ਨ ਕਿਸ ਹੀ ਕੋ ਕਰੋ, ਗੋਬਿੰਦ ਗੁਨ ਗਾਵੋ ॥ ੪੩ ॥

ਹੁਕਮ ਲਿਖਾਯੋ ਮਾਤ ਨੈ, ਨਿਜ ਮੁਹਿਰ ਲਗਾਈ।
ਬਾਦਸ਼ਾਹ ਕੇ ਢਿਗ ਪਠਜੋ, ਸੁਨਿ ਸ਼ਹਿ ਮੁਦ ਪਾਈ[1]। — [1]ਬਾਦਸ਼ਾਹ ਖ਼ੁਸ਼ ਹੋਇਆ।
ਨਿਜ ਕਾਸਦ, ਸਿਖ ਮਾਤ ਕਾ, ਦੈ ਉਭੈ ਪਠਾਏ[1]। — [1]ਆਪਣਾ ਹਲਕਾਰਾ ਤੇ ਇਕ ਮਾਤਾ ਦਾ ਸਿੱਖ (ਮਾਤਾ ਦਾ ਹੁਕਮਨਾਮਾ) ਦੇ ਕੇ ਦੋਵੇਂ ਭੇਜ ਦਿੱਤੇ।
ਦਯੋ ਬੰਦੇ ਕੋ ਜਾਇ ਕੈ ਗੁਰੁਦਾਸ ਪੁਰਾਏ[1] ॥ ੪੪ ॥ — [1]ਗੁਰਦਾਸ ਪੁਰ ਆ ਕੇ।

ਬੰਦੇ ਵੀਚ ਦੀਵਾਨ ਕੇ, ਬਚਵਾਯੋ[1] ਤਬਿ ਹੀ। — [1]ਪੜ੍ਹਵਾਇਆ।
ਹੁਕਮ ਮਾਤ ਕਾ ਸੁਨਤ ਹੀ, ਤੱਜਬ[1] ਰਹੇ ਸਭਿ ਹੀ। — [1]ਹੈਰਾਨ।
ਸੁਨ ਕਰਿ ਬੋਲਜੋ ਆਪ ਹੀ, ਤਬਿ ਬੰਦਾ ਐਸੇ।
ਨਹੀਂ ਨਾਰਿ ਕੋ ਸਾਰ[1] ਹੈ, ਹਮ ਮਾਨੈਂ ਕੈਸੇ ॥ ੪੫ ॥ — [1]ਖ਼ਬਰ।

ਠੀਕ ਸਯਾਨੇ ਕਹਤ ਹੈਂ, ਮਤਿ ਨਾਰਨ ਕੇਰੀ।
ਗਿੱਚੀ ਪੀਛੇ ਹੋਤ ਹੈ, ਸੋ ਅਬਿ ਹਮ ਹੇਰੀ।
ਯੌਂ ਕਹਿ ਬੰਦੇ ਨੈਂ ਤਬੈ, ਉੱਤਰ ਲਿਖਵਾਯੋ।
ਸੁਨੋਂ ਮਾਤ ਜੀ, ਜੋ ਲਿਖਜੋ ਤੁਮ, ਸੋ ਹਮ ਪਾਯੋ ॥ ੪੬ ॥

ਫੇਰ ਨ ਐਸੇ ਤੁਮ ਲਿਖਜੋ, ਮਮ ਓਰ ਕਦਾਈ।
ਤੁਮਰੀ ਅਰ ਪਤਿਸ਼ਾਹਿ ਕੀ, ਨਹਿੰ ਮਾਨੋ ਕਾਈ।

ਜੋ ਦਿਲ ਮੇਰੇ ਸੋ ਕਰੋਂ, ਨਹਿ ਹਟੋਂ ਹਟਾਯਾ।
ਤੂੰ ਤ੍ਰੀਮਤ ਕਜਾ ਜਾਨ ਹੈਂ, ਤੁਰਕਨ ਕੀ ਮਾਯਾ[1] ॥੪੭॥ [1]ਛਲ।
ਅਰ ਕਹੁ ਗੁਰੁ ਕਾ ਸਿੱਖ ਮੈਂ, ਕਬਿ ਹੋਯੋ ਕੀਨਾ[1]। [1]ਕਦੋਂ ਹੋਇਆ ਸਾਂ ਤੇ ਕਿਸ ਨੇ ਕੀਤਾ ਸੀ।
ਮੈਂ ਸਾਧੂ ਥਾ ਬੈਸਨੋ, ਜਾਨਤ ਜਗ ਝੀਨਾ[1]। [1]ਜਗਤ ਵਿੱਚ ਮੈਨੂੰ (ਝੀਨਾ) ਘੱਟ ਲੋਕ ਜਾਣਦੇ ਸਨ।
ਨਾ ਮੈਂ ਤੁਮਰਾ ਸਿੱਖ ਹੋਂ, ਨਾ ਤੁਮ ਗੁਰੁ ਮੇਰੇ।
ਦਸਮ ਗੁਰੂ ਇਕ ਦਿਨ ਗਯੋ, ਥਾ ਮੇਰੇ ਡੇਰੇ ॥੪੮॥
ਮੁਲਾਕਾਤ ਹਮਰੀ ਤਹਾਂ, ਗੁਰੁ ਸੰਗੈ ਹੋਈ।
ਜੋ ਉਨ ਕਾਰਜ ਨਿਜ[1] ਕਹਜੋ, ਹਮ ਕੀਨੋ ਸੋਈ। [1]ਆਪਣਾ ਕੰਮ।
ਅਬਿ ਮਨ ਭਾਵਤ ਮੈਂ ਕਰੋਂ, ਨਹਿਂ ਕਿਸ ਕੀ ਮਾਨੋਂ।
ਨਹਿਂ ਜਗੀਰ ਲਿਹੁਂ ਤੁਰਕ ਤੈਂ, ਨਹਿਂ ਮਿਲਣਾ ਠਾਨੋ ॥੪੯॥
ਸਭਿ ਤੁਰਕਨ ਕੋ ਮਾਰ ਕੈ, ਲੈਹੋਂ ਪਤਿਸ਼ਾਹੀ।
ਪੰਥ ਚਲਾਵੋਂ ਆਪਣਾ, ਪਰਗਟ ਜਗ ਮਾਂਹੀਂ।
ਤੁਮਰਾ ਅਰ ਤੁਰਕੇਸ ਕਾ, ਮੁਝ ਕੋ ਭੈ ਨਾਹੀਂ* ॥੫੦॥ *ਇਕ ਤੁਕ ਮੂਲ 'ਚ ਛਪਣ ਸਮੇਂ ਹੀ ਰਹਿ ਗਈ ਜਾਪਦੀ ਹੈ।
ਇਤਜਾਦਿਕ ਲਿਖਵਾਇ ਕੈ, ਬੰਦੇ ਸਿੱਖ ਤਾਂਈਂ[1]। [1]ਬੰਦੇ ਨੇ (ਮਾਤਾ ਜੀ ਵਲੋਂ ਆਏ) ਸਿੱਖ ਨੂੰ।
ਦੈ ਖਰਚਾ ਸਿਤਕਾਰ ਕੈ, ਫੇਰਜੋ ਉਲਟਾਈ[1]। [1]ਵਾਪਸ ਮੋੜ ਦਿੱਤਾ।
ਇਤ ਬੰਦੇ ਉਤ ਮਾਤ ਨੈ, ਨਹਿਂ ਕੀਨ ਭਲਾ ਹੈ।
ਬਿਨ ਸਲਾਹਿ ਤੈ ਸ਼ੀਘਰੈਂ, ਕੰਮ ਭੂਤਨ ਕਾ ਹੈ ॥੫੧॥
ਗੁਰੁ ਗੁਬਿੰਦ ਸਿੰਘ ਭੀ ਕਹਾ, ਹੱਕਾਯਤ ਮਾਹੈਂ।
ਸ਼ਤਾਬੀ ਬਵਦ ਕਾਰ ਆਹਰ ਮਨਾ ਹੈ[1]। [1](ਸ਼ਤਾਬੀ) ਕਾਹਲ ਕਰਨੀ (ਆਹਰ ਮਨਾ) ਸ਼ੈਤਾਨਾਂ ਦਾ ਕੰਮ ਹੁੰਦਾ ਹੈ।
ਯਾਹੀਂ ਤੇ ਫਲ ਤਾਂਹਿ ਕੈ, ਬਡ ਕਰੀ ਖਰਾਬੀ।
ਬਨੀ ਬਨਾਈ ਬਿਗੜ ਹੈ, ਬਾਜ਼ੀ ਸ਼ੇਤਾਬੀ[1] ॥੫੨॥ [1]ਛੇਤੀ।
ਬੰਦੇ ਕਾ ਇਹ ਖਤ ਜਬੈ, ਢਿਗ ਮਾਤਾ ਆਯਾ।

ਪਢਿ ਮੁਸੱਦੀ[1] ਸੁਨਾਇਯੋ, ਕੁਛ ਕੋਪ ਉਪਾਯਾ[2]। [1]ਮੁਨਸ਼ੀ ਨੇ। [2](ਮਾਤਾ ਨੇ) ਕ੍ਰੋਧ ਪੈਦਾ ਕੀਤਾ।
ਸੋਈ ਖਤ ਫਿਰ ਮਾਤ ਨੈ, ਢਿਗ ਸ਼ਾਹਿ ਪਠਾਯੋ।
ਸੁਨ ਕਰਿ ਬੰਦੇ ਕਾ ਲਿਖਜੋ, ਹਜ਼ਰਤ[1] ਬਿਸਮਾਯੋ ॥੫੩॥ [1]ਪਾਤਿਸ਼ਾਹ।
ਮਾਤਾ ਕਾ ਕਿਛੁ ਦੋਸ਼ ਨਹਿਂ, ਪਤਿਸ਼ਾਹਿ ਨਿਹਾਰਾ।
ਬੰਦਾ ਬੇਈਮਾਨ ਹੈ, ਮੁਤੱਸਬ ਭਾਰਾ[1]। [1]ਆਪਣੇ ਧਰਮ ਦਾ ਬਹੁਤਾ ਪੱਖ ਕਰਨ ਵਾਲਾ ਹੈ।
ਡਰ ਧਰਿ ਬੰਦੇ ਤੇ ਸਭੈ, ਤਬਿ ਤੁਰਕ ਅੰਬੀਰੂ[1]। [1]ਅਮੀਰ, ਸਰਦਾਰ।
ਨਿਜ ਘਰ ਮੈਂ ਮੋਨ ਹ੍ਵੈ, ਬੈਠੇ ਥੇ ਭੀਰੂ[1] ॥੫੪॥ [1]ਡਰਾਕੁਲ।

ਸ੍ਵੈਯਾ:

ਕੇਤਿਕ ਦਯੋਸ ਬਿਤੇ ਜਬਿ ਯੌਂ,
ਚੁਗਲੋਂ ਚੁਗਲੀ ਉਗਲੀ[1] ਫਿਰ ਆਈ। [1]ਕੀਤੀ।
ਯੌਂ ਪਤਿਸ਼ਾਹਿ ਕੇ ਪਾਸ ਕਹਯੋ,
ਤੁਮ ਕੋ ਗੁਰੁ ਤੀਯ ਦੀਯਾ ਪਰਚਾਈ[1]। [1]ਪਰਚਾ ਦਿੱਤਾ ਭਾਵ ਟਾਲ ਦਿੱਤਾ ਹੈ।
ਜੋ ਗੁਰੁ ਤੀਯ ਜ਼ਰੂਰ ਚਹੈ,
ਅਬਿ ਸਿੰਘਨ ਤੈਂ ਸਭਿ ਰਾਰ[1] ਮਿਟਾਈ। [1]ਝਗੜਾ।
ਤੌ ਕਿਮ ਬੰਦਾ ਨ ਮਾਨ ਸਕੈ,
ਇਨ ਹੀਂ ਉਸ ਕੋ ਬਖਸ਼ੀ ਵਡਿਆਈ ॥੫੫॥

ਚੌਪਈ:

ਹੈ ਇਨ ਕੇ ਘਰ ਕਾ ਵਹਿ ਖਾਦਮ[1]। [1]ਸੇਵਕ।
ਗੁਰੁ ਬਰ ਦੈ ਕੀਨੋ ਵਡ ਆਦਮ[1]। [1]ਆਦਮੀ।
ਦਯੋ ਲਗਾਯ ਆਪ ਇਨ ਬੰਦਾ।
ਹਮ ਕੋ, ਜਯੋਂ ਬ੍ਰਿੱਛਨ ਕੋ ਬੰਦਾ[1] ॥੫੬॥ [1]ਜਿਵੇਂ ਬਿਰਛਾਂ ਨੂੰ (ਬੰਦਾ) ਅਮਰ ਵੇਲ ਲਗ ਜਾਂਦੀ ਹੈ ਤਿਵੇਂ ਇਨ੍ਹਾਂ ਨੇ ਆਪ ਸਾਨੂੰ ਬੰਦਾ ਬਹਾਦਰ ਲਾ ਦਿੱਤਾ ਹੈ।
ਕਰਾਮਾਤ ਬਖਸ਼ੀ ਗੁਰੁ ਪੂਰੀ।
ਯਵਨ ਦੀਨ ਕਰਨੇ ਹਿਤ ਦੂਰੀ[1]। [1]ਤੁਰਕ ਮਜ਼ਹਬ ਨਾਸ ਕਰਨ ਵਾਸਤੇ।
ਲਿਖਯੋ ਜੁ ਯਹਿ ਬੰਦੇ ਕਾ ਆਯੋ।
ਮਿਲ ਮਸਲਾ ਕਰਿ[1] ਤੁਹਿ ਪਰਚਾਯੋ ॥੫੭॥ [1]ਸਲਾਹ ਕਰਕੇ।
ਨੰਦ ਲਾਲ ਕੋ ਪਠੋ ਸਿਖਾਈ।
ਪਠੈ ਮਾਤ ਤੈਂ ਯੌਂ ਲਿਖਵਾਈ।

ਕਰਾਮਾਤ ਬੰਦੇ ਤੈ ਜਾਏ।
ਪੰਥ ਨ ਤਿਸ ਕੀ ਕਰੈ ਸਹਾਏ ॥੫੮॥
ਮਾਤ ਸਿੰਘਨ ਕੋ ਜਬੈ ਲਿਖੈ ਹੈ।
ਸਿੰਘ ਮਾਨਿ ਤਿਹ ਤਬੈ ਤਜੈ ਹੈਂ।
ਅਜ਼ਮਤ ਮਾਤਾ ਤਿਸ ਤੇ ਖੋਸੈ[1]। [1]ਖੋਹ ਲਵੇ।
ਹਮ ਛਿਨ ਮੈਂ ਮਾਰੈਂ ਫਿਰ ਓਸੈ[1] ॥੫੯॥ [1]ਉਸ ਨੂੰ।
ਪੁਨ ਇਕ ਦੂਤੀ ਪਠੋ ਸਿਖੈ ਕੈ[1]। [1]ਚੁਗਲੀ ਲਾਉਣ ਵਾਲੀ ਇਸਤ੍ਰੀ ਸਿਖਾ ਕੇ ਭੇਜੋ।
ਝੂਠ ਸਾਚ ਗੁਰੁ ਤਿਯੈ ਸੁਨੈ ਕੈ।
ਮਾਤਾ ਕੇ ਉਰ ਕ੍ਰੋਧ ਉਪਾਵੈ।
ਬੰਦੇ ਕੋ ਸਰਾਫ ਦਿਲਵਾਵੈ ॥੬੦॥
ਸਿੰਘਨ ਕੋ ਐਸੇ ਲਿਖਵਾਵੈ।
ਜਯੋਂ ਬੰਦੇ ਕੋ ਵਹਿ ਤਜ ਜਾਵੈਂ।
ਯਹਿ ਸੁਨਿ ਸ਼ਾਹਿ ਕਰੀ ਪੁਨ ਸਾਈ[1]। [1]ਉਹੋ (ਗੱਲ)।
ਦੂਤੀ, ਮਾਤਾ ਪਾਸ ਪਠਾਈ ॥੬੧॥
ਜਾਇ ਫਫਾ ਕੁਟਨੀ, ਢਿਗ ਮਾਤਾ।
ਐਸੀ ਭਾਂਤਿ ਕਰੀ ਬਹੁ ਬਾਤਾਂ।
ਬੁੱਧਿ ਮਾਤ ਕੀ ਫੇਰ ਸੁ ਦੀਨੀ।
ਬੰਦੇ ਪਰ ਕ੍ਰੁੱਧਤ ਅਤਿ ਕੀਨੀ ॥੬੨॥
ਮਾਤ ਸੁੰਦਰੀ ਬਿਨਾ ਵਿਚਾਰੇ।
ਕਹਯੋ ਮੁਸੱਦੀ ਤਈਂ ਪੁਕਾਰੇ।
ਬਾਨੀ ਮਮ ਬੰਦੇ ਨਹਿਂ ਮਾਨੀ।
ਕਰੈ ਗੁਰੂ ਅਬਿ ਤਿਸ ਕੀ ਹਾਨੀ ॥੬੩॥
ਦੋਹਰਾ:
ਲਿਖੋ ਹੁਕਮਨਾਮਾ ਅਬੀ,
ਸਭੀ ਖਾਲਸੇ ਜੋਗ[1]। [1]ਤਾਈਂ।
ਬੰਦੇ ਸਿੱਖੀ ਲਿਖ ਦਈ,
ਹਾਨਿ ਤਾਂਹਿ ਕੀ ਹੋਗ[1] ॥੬੪॥ [1]ਬੰਦੇ ਨੇ ਸਿੱਖੀ ਤੋਂ (ਅਲਹਿਦਗੀ) ਲਿਖ ਦਿੱਤੀ ਹੈ, ਇਸ ਲਈ ਤਿਸ ਦੀ ਹਾਨੀ ਹੋਵੇਗੀ।

ਨੰਦ ਲਾਲ, ਸਮਝਾਇ ਬਹੁ
ਰਹਯੋ, ਨ ਸਮਝੀ ਮਾਤ।

ਯਾ ਬਿਧਿ ਪੁਨ ਲਿਖਵਾ ਪਠਜੋ,
ਪ੍ਰਤੀ ਪੰਥ ਬਖਜਾਤ ॥੬੫॥
ਦ੍ਵੈਯਾ ਛੰਦ:
ਜੋ ਜਗ ਸਿੱਖ ਕਹਾਵਤ ਗੁਰੁ ਕਾ,
ਸੋ ਮਮ ਬਚਨ ਕਮਾਵੋ।
ਇਸ ਬੰਦੇ ਗੰਦੇ ਨਿਗੁਰੇ ਕਾ,
ਅਬਿ ਤੈ ਸੰਗ ਤਜਾਵੋ।
ਇਨ ਸਿੱਖੀ ਲਿਖ ਦਈ ਹਮਾਰੀ,
ਅਬਿ ਇਸ ਬਿਪਤਾ ਪੈਹੈ।
ਕਰਾਮਾਤ ਇਸ ਤੈ ਸਭਿ ਜਾਵੈ,
ਆਇ ਪੰਥ ਮੈ ਰੈਹੈ ॥੬੬॥
ਅਬਿ ਇਨ ਗੁਰੁ ਕੇ ਬਚਨ ਬਿਸਾਰੇ,
ਜਤ ਸਤ ਸਭਿ ਤਜ ਦੀਨਾ।
ਪੰਥ ਰਚਜੋ ਅਰ ਗੁਰੂ ਕਹਾਵਤ,
ਮਦ ਹੋਯੋ ਇਸ ਪੀਨਾ[1]।
ਹੰਕਾਰੀ ਕੀ ਜਰ ਸਰਪਰ ਜਾਵੈ[1],
ਗੁਰੂ ਗ੍ਰੰਥ ਮੈਂ* ਭਾਖਜੋ।
ਕਰਜੋ ਏਨ ਅਪਮਾਨ[1] ਹਮਾਰਾ,
ਜਰਾ ਲਿਹਾਜ ਨ ਰਾਖਜੋ ॥੬੭॥
ਜੋ ਸਿਖ ਸੰਗ ਨ ਤਜਾਗੈ ਇਸ ਕਾ,
ਬਚਨ ਨ ਹਮਰਾ ਮਾਨੈ।
ਸੋ ਨਿੰਦਕ ਕੇ ਸੰਗ ਸਿਧਾਵੈ,
ਗੁਰੁ ਨਾਨਕ ਜਜੋਂ ਭਾਨੈ[1]।
ਯਾ ਬਿਧਿ ਲਿਖਿ ਮਾਤਾ ਨੈ ਪਠਜੋ,
ਪੰਥ ਖਾਲਸੇ ਤਾਂਈਂ।
ਸੁਨਿ ਸਭਿ ਸਿੰਘਨ ਸਿਰ ਧਰਿ ਮਾਨਜੋ,
ਉੱਤ੍ਰ ਲਿਖਜੋ ਬਨਾਈ ॥੬੮॥
ਬਚਨ ਤੁਮਾਰੇ ਜੈਸ ਕੈਸ[1] ਹਮ,
ਸਭਿ ਸਿਰ ਧਰ ਕਰਿ ਮਾਨੈ।

[1]ਇਸ ਨੂੰ ਬਹੁਤਾ ਹੰਕਾਰ ਹੋ ਗਿਆ ਹੈ।

[1]ਹੰਕਾਰੀ ਦੀ ਜੜ੍ਹ ਜ਼ਰੂਰ ਬਰਜ਼ਰੂਰ (ਪੱਟੀ) ਜਾਂਦੀ ਹੈ।

*ਅਸਲ ਤੁਕ ਇਸ ਤਰ੍ਹਾਂ ਹੈ-"ਅਭਿਮਾਨੀ ਕੀ ਜੜ ਸਰਪਰ ਜਾਏ ॥"

[1]ਨਿਰਾਦਰ।

[1]ਕਿਹਾ ਹੈ:-ਜੇ ਕੋਈ ਉਸ ਕਾ ਸੰਗੀ ਹੋਵੈ ਨਾਲੇ ਲਏ ਸਿਧਾਵੈ।

[1]ਜਿਵੇਂ ਕਿਵੇਂ।

ਲੂਟ ਮਾਰ ਬਿਨ ਹੋਇ ਗੁਜਰ ਕਿਮ,
ਹਮਰੀ ਲਖੋ ਮਹਾਨੈ।
ਫਿਰ ਹਮ ਰਾਜ ਕੈਸ ਬਿਧਿ ਲੈਹੈਂ,
ਜੇ ਕਰਿ ਟਰ ਹੈਂ ਦੰਗਜੋਂ[1]।　　[1]ਜੰਗ ਤੋਂ।
ਤੁਰਕੋਂ ਨੈ ਹਮ ਕੋ ਕਬਿ ਦੀਨੋ,
ਕਹੋ ਰਾਜ ਫਿਰ ਮੰਗਜੋ ॥ ੬੯ ॥
ਗੁਰੁ ਹਮ ਕਉ ਬੰਦੇ ਸੰਗ ਦੀਨੋ,
ਇਸ ਕੋ ਮੁਖੀਆ ਕੀਨੋ।
ਬਿਨ ਇਕ ਮੁਖੀਏ ਤੈ ਫਿਰ ਹਮਰਾ,
ਨਿਭੈ ਕਾਮ ਕਿਮ ਚੀਨੋਂ[1]।　　[1]ਜਾਣੋ।
ਮਿਲਿ ਸਭਿ ਸਿੰਘਨ ਯੌਂ ਲਿਖਿ ਤਬਿ ਹੀ,
ਮਾਤਾ ਪਾਸ ਪਠਾਯੋ।
ਸੁਨ ਯੇਹ ਅਰਜੀ ਸਿੰਘਨ ਕੇਰੀ,
ਮਾਤਾ ਖੁਸ਼ ਹ੍ਵੈ ਗਾਯੋ[1] ॥ ੭੦ ॥　　[1]ਕਿਹਾ।
ਅੰਗ ਸੰਗ ਸਦ ਗੁਰੁ ਹੈਂ ਤੁਮਰੇ,
ਰੱਖਕ ਠੀਕ ਲਖੈ ਹੋ[1]।　　[1](ਤੁਸੀਂ) ਜਾਣੋ।
ਤਾਬੇਦਾਰੀ[1] ਸਦਾ ਖ੍ਵਾਰੀ,　　[1](ਬੰਦੇ ਦੀ) ਅਧੀਨਗੀ।
ਸੋ ਤੁਮ ਕਾਹੇ ਗੈਹੋ[1]।　　[1]ਗ੍ਰਹਿਣ ਕਰਦੇ ਹੋ।
ਹੱਨੇ ਹੱਨੇ ਹ੍ਵੈ ਪਤਿਸ਼ਾਹੀ[1]　　[1]ਭਾਵ ਹਰ ਘੋੜ ਸਵਾਰ ਪਾਤਿਸ਼ਾਹ ਹੋਵੇਗਾ।
ਤੁਮਰੀ, ਗੁਰੂ ਬਖਾਨਾ।
ਚਾਲੀ ਬਰਸ ਸਖਤ ਹੈਂ ਤੁਮ ਪਰ,
ਰਾਖਹੁ ਸਿਦਕ ਮਹਾਨਾ ॥ ੭੧ ॥
ਜਮਨਾ ਤੈ ਸਿੰਧ ਅਟਕ ਪ੍ਰਯੰਤੈਂ,
ਫਿਰ ਹ੍ਵੈ ਰਾਜ ਤੁਮਾਰਾ।
ਜਬਿ ਲੌ ਰਹੈ ਸੁਤੰਤ[1] ਖਾਲਸਾ,　　[1]ਸੁਤੰਤਰ, ਆਜ਼ਾਦ।
ਬਢੈ ਪ੍ਰਤਾਪ ਅਪਾਰਾ।
ਪੂਜਾ ਧਾਨ ਖਾਇ ਹੈ ਜਬਿ ਹੀ,
ਅਰ ਆਪਸ ਮੈਂ ਲਰ ਹੈ।
ਰਾਜ ਤੇਜ ਤਬਿ ਜਾਇ ਪੰਥ ਕਾ,
ਪਗ ਮੋਂ ਨੋਕੇ ਪਰ ਹੈਂ[1] ॥ ੭੨ ॥　　[1]ਪੈਰਾਂ 'ਚ (ਗੁਲਾਮੀ ਦੀਆਂ) ਬੇੜੀਆਂ ਪੈ ਜਾਣਗੀਆਂ।

ਸਾਲ ਸੁਦੀ[1] ਜਬਿ ਬੀਤੈਂ ਐਸੇ,
ਫਿਰ ਗੁਰੁ ਬਰਕਤ ਦੈਹੈਂ।
ਪੱਛਮ ਤੈ ਨਿਜ ਸਿੱਖ[1] ਬੁਲੈ ਕੈ,
ਰਾਜ ਅਖੰਡ ਭੁਗੈ ਹੈਂ।
ਹਮ ਅਬਿ ਕੋਸ਼[1] ਗੁਰਜਾਈ ਕਾ ਬਡ,
ਤੁਮ ਹੀ ਕੋ ਬਖਸ਼ੈ ਹੈਂ।
ਬੀਰ ਬੀਰ ਬਨਿ[1] ਰਲ ਮਿਲ ਖਾਵੋ,
ਟੋਟ ਨ ਕਬਹੂੰ ਐਹੈ ॥੨੩॥
ਖੀਸਾ ਹਮਰਾ ਹਾਥ ਤੁਮਾਰਾ,
ਨੀਤ ਸਾਫ ਸੋਂ ਖੈਵੋ[1]।
ਦੈਨਦਾਰ ਹੈਂ ਹਮ ਸਦ ਤੁਮਰੇ,
ਮਨ ਭਾਵਤ ਫਲ ਲੈਵੋ।
ਪੁੱਤ੍ਰ ਪੋਤ੍ਰੇ ਸਿੰਘ ਹਮਾਰੇ,
ਸਿੰਘ ਹਮਾਰੇ ਪਜਾਰੇ।
ਹਮ ਦਾਵਾ[1] ਸਿੰਘਨ ਪਰ ਕਰਿ ਹੈਂ,
ਔਰ ਨ ਕਿਸ ਪਰ ਧਾਰੇ ॥੨੪॥
ਬਚਨ ਹਮਾਰੇ ਜੋ ਤੁਮ ਮਾਨਹੁ,
ਰਾਜ ਸੁਖ ਜਸ ਲੈਹੋ।
ਹਾਨਿ ਹੋਇ ਤੁਮਰੀ ਨਹਿਂ ਕਬਹੀ,
ਦਿਨ ਦਿਨ ਬ੍ਰਿੱਧੀ ਪੈਹੋ[1]।
ਲੂਟ ਮਾਰਿ ਮਨ ਭਾਵਤ ਖਾਵੋ,
ਇਕ ਬੰਦੇ ਕੋ ਤਜਾਗਜੋ।
ਹਮ ਤੇ ਬੇਈਮਾਨ ਭਯੋ ਯਹਿ,
ਗੁਰੁ ਸਿੱਖੀ ਤੈ ਭਾਗਜੋ ॥੨੫॥
ਕਰਾਮਾਤ ਬੰਦੇ ਕੀ ਅਬਿ ਸਭਿ,
ਖੈਂਚ ਦਈ ਮੈਂ ਪੰਥੈਂ।
ਗੁਰੁ ਬਚਨੋ ਤੈ ਤੁਮ ਪਤਿਸ਼ਾਹੀ,
ਪੈਹੋ ਫੇਰ ਸੁਤੰਤੈ[1]।
ਦੈਨਦਾਰ ਤੁਰਕਨ ਕੇ ਨਾਹੀਂ,
ਲੈਨਦਾਰ ਹਮ ਬੈਠੇ।

[1]ਸੁਦੀਆਂ (ਮਹੀਨੇ) ਤੇ ਸਾਲ।
[1]ਇਹ ਮਹਾਰਾਜਾ ਰਣਜੀਤ ਸਿੰਘ ਵਲ ਇਸ਼ਾਰਾ ਹੈ।
[1]ਖ਼ਜ਼ਾਨਾ।
[1]ਭਰਾ ਭਰਾ ਬਣ ਕੇ।
[1]ਖਾਓ।
[1]ਅਧਿਕਾਰ, ਹੱਕ।
[1]ਤ੍ਰੱਕੀ ਪਾਓਗੇ।
[1]ਆਜ਼ਾਦ ਹੋ ਕੇ।

ਜਯੋਂ ਹਮਰੇ ਵਡਜਨ ਸਿਰ ਦੀਨੇ,
ਤਯੋਂ ਹਮ ਦੈਹੈਂ ਐਂਠੇ[1] ॥੨੬॥
ਹਮਰੇ ਸਿਰ ਜਬਿ, ਤੁਰਕਨ ਕੇ ਸਿਰ
ਚਰ੍ਹ ਹੈਂ, ਭਰ ਹੈ ਬੇੜਾ[1]।

ਡੁਬੈ ਜਹਾਜ ਭਵਾਂਬੁਧ ਇਨ ਕਾ,
ਮਿਟ ਹੈ ਤਬਿ ਸਭਿ ਝੇੜਾ[1]।

ਯਹਿ ਜਬਿ ਮਾਤਾ ਨੈ ਲਿਖ ਪਠਯੋ,
ਮਾਨ ਖਾਲਸੇ ਲੀਨਾ।
ਪੁਨ ਬੰਦੇ ਕਾ ਸੰਗ ਤਜਨ ਹਿਤ,
ਯੌਂ ਵਿਚਾਰ ਮਨਿ ਕੀਨਾ ॥੨੭॥
ਕਿਸੀ ਬਾਤ ਪਰ ਅਬਿ ਯਹਿ ਬੰਦਾ,
ਹਮ ਸੋਂ ਬਿਗਰੈ ਜਬਿ ਹੀ।
ਬਿਨਾ ਦੇਰ ਹਮ ਸੰਗ ਤਯਾਗੈਂ,
ਇਸ ਗੰਦੇ ਕਾ ਤਬਿ ਹੀ।
ਯਹਿ ਵਿਚਾਰ ਉਰਿ ਧਰੀ ਖਾਲਸੇ,
ਫਿਰ ਕੇਤਿਕ ਦਿਨ ਮੇਹੈਂ[1]।
ਬੰਦਾ ਪੰਥ ਸਮੇਤ ਸੁਧਾ-ਸਰ,
ਆਯੋ ਮੇਲੇ ਪੈਹੈਂ[1] ॥੨੮॥
ਮੇਲਾ ਭਰਯੋ ਬਿਸਾਖੀ ਕਾ ਜਬਿ,
ਸੰਗਤ ਗੁਰੁ ਬਹੁ ਆਈ।
ਗੁਰੁ ਕੇ ਮੰਦਰ ਅੰਦਰ ਬੰਦੇ,
ਗੱਦੀ ਤਬਿ ਨਿਜ ਲਾਈ।
ਸ਼ਸਤਰ ਬਸਤਰ ਜ਼ੇਵਰ ਜੇ ਵਰ[1],
ਕਲਗੀ ਜਿਗਾ ਸਜਾਈ।
ਗੱਦੀ ਪਰ ਅੰਦਰ ਹਰਿਮੰਦਰ,
ਬੰਦਾ ਬੈਠਯੋ ਜਾਈ ॥੨੯॥
ਅਪਨੇ ਸਿਰ ਪਰ ਚਵਰ ਕਰਾਵੈ,
ਅਪਨੇ ਚਰਨ ਪੁਜਾਵੈ।
ਪੁਨਾ ਆਪ ਕੋ ਗੁਰੂ ਗਜਾਰਵਾਂ,

[1]ਅਣਖ ਨਾਲ।

[1]ਜਦੋਂ ਸਾਡੇ ਸਿਰ ਤੁਰਕਾਂ ਦੇ ਸਿਰ ਚੜ੍ਹ ਜਾਣਗੇ (ਤਾਂ ਤੁਰਕਾਂ ਦਾ ਪਾਪਾਂ ਦਾ) ਬੇੜਾ ਭਰ ਜਾਵੇਗਾ।

[1](ਜਦੋਂ) ਇਨ੍ਹਾਂ ਤੁਰਕਾਂ ਦਾ (ਭਵਾਂਬੁਧ) ਸੰਸਾਰ ਸਮੁੰਦਰ ਵਿੱਚ ਬੇੜਾ ਡੁੱਬ ਜਾਵੇਗਾ ਤਦੋਂ ਸਾਰਾ ਝਗੜਾ ਮਿਟ ਜਾਵੇਗਾ।

[1]ਵਿੱਚ।

[1]ਉੱਪਰ।

[1](ਜੇ) ਜੇਹੜੇ (ਵਰ) ਚੰਗੇ (ਜ਼ੇਵਰ) ਗਹਿਣੇ ਸਨ।

ਸਿੱਖਨ ਤੈ ਕਹਿਲਾਵੈ।
ਕਰੈ ਨ ਕਰਦ ਭੇਟ ਪੰਚਾਮ੍ਰਿਤ,
ਦਰਸ਼ਨ ਫਤੇ ਕਹਾਵੈ।
ਪਗ ਪਾਹੁਲ ਨਿਜ ਸਿੱਖਨ ਦੈ ਦੈ,
ਸਿੱਖ ਬੰਦਈ ਬਨਾਵੈ ॥੮੦॥
ਯਹਿ ਜਬਿ ਤਿਸ ਕੀ ਰੀਤਿ ਅਨੀਤਿ[1], — [1]ਉਲਟ ਮਰਯਾਦਾ।
ਪੰਥ ਖਾਲਸੇ ਹੇਰੀ।
ਦਯੋ ਉਠਾਇ ਤਬੈ ਮੰਦਰ ਤੈ,
ਸੰਗ ਤਜਯੋ ਬਿਨ ਦੇਰੀ।
ਬਾਬਾ ਹੁਤੋ ਬਿਨੋਦ ਸਿੰਘ ਜੋ,
ਭੱਲਾ ਸਾਹਿਬ-ਜ਼ਾਦਾ।
ਕਾਨ੍ਹ ਸਿੰਘ ਤੇਹਣ[1], ਸਿੰਘ ਦੀਪਾ[2], — [1]ਗੋਤ। [2]ਬਾਬਾ ਦੀਪ ਸਿੰਘ ਜੀ।
ਨੱਥਾ ਸਿੰਘ ਲੌ ਜ਼ਜਾਦਾ ॥੮੧॥
ਸਿੰਘਨ ਤਬੈ ਧੌਂਸ ਬਜਵਾ ਕੈ,
ਡੇਰਾ ਨਜਾਰਾ ਕਰਯੋ।
ਸਭਿ ਸੰਗਤ ਸਿੰਘਨ ਮੈਂ ਫਿਰ ਉਨਿ,
ਯਾ ਬਿਧਿ ਬਚਨ ਉਚਰਯੋ।
ਹੋਇ ਸਿੱਖ ਗੁਰੁ ਘਰ ਕਾ ਜੋਈ,
ਸੋ ਬੰਦੇ ਕੋ ਤਜ ਕੈ।
ਆਵੇ ਪੰਥ ਖਾਲਸੇ ਮਾਂਹੀਂ,
ਫਤੇ ਗੁਰੂ ਕੀ ਗਜ ਕੈ ॥੮੨॥
ਯੌਂ ਸੁਨਿ ਸਿਦਕੀ ਸਿੰਘ ਅਪਾਰੇ,
ਬਾਵਜੋਂ ਕੀ ਦਿਸ ਆਏ[1]। — [1]ਬਾਵਾ ਬਿਨੋਦ ਸਿੰਘ ਤੇ ਬਾਵਾ ਕਾਹਨ ਸਿੰਘ ਦੀ ਤਰਫ਼।
ਸੰਗ ਛੋਡ ਬੰਦੇ ਕਾ ਦੀਨਾ,
ਬੋਲਤ ਸਭਿ ਮਨ ਭਾਏ[1]। — [1]ਮਨ-ਭਾਉਂਦਾ, ਮਨ ਆਇਆ।
ਫਤੇ ਸਿੰਘ ਭਾਈ ਕਾ[1] ਜੋਧਾ[2], — [1]ਭਾਈ ਭਗਤੂ ਦੀ ਵੰਸ਼ ਦਾ। [2](ਸਿੰਘ)।
ਸਿੰਘ ਨਗਾਹੀਆ ਧੈ ਕੈ[1]। — [1]ਦੌੜ ਕੇ।
ਧਾਲੀਵਾਲ ਬਿਰਾੜ ਫੂਲ ਕੇ,
ਗਿੱਲਹਿਂ ਸੰਗ ਮਿਲੈ ਕੈ ॥੮੩॥
ਵਾਇ[1] ਨਗਾਰਾ ਆਇ ਪੰਥ ਦਿਸ, — [1]ਵਜਾ ਕੇ।

ਡੇਰਾ ਦੀਨੋ ਲਾਈ।
ਬੁੱਢਾ ਸਿੰਘ ਦੇਸੀ, ਨੌਧਾ ਸਿੰਘ,
ਭੋਮਾ ਸਿੰਘ ਮਿਲਾਈ।
ਹਰੀ ਸਿੰਘ ਸੁੱਖਾ ਸਿੰਘ ਸੱਦਾ,
ਦਰਵਾਰਾ ਸਿੰਘ ਚੰਦਾ।
ਇਤਯਾਦਿਕ ਬਹੁ ਮਸ਼ਾਹੂਰ ਸਿੰਘ,
ਆਏ ਇਤੈ ਬਰਿੰਦਾ[1] ॥੯੪॥

[1]ਬਹੁਤੇ।

ਬਾਜ ਸਿੰਘ ਆਲੀ ਸਿੰਘ ਰਾਮਾ,
ਚੰਪਾ ਸਿੰਘ ਬੁਲਾਕਾ।
ਨਾਹਰ ਸਿੰਘ ਬਾਘੜ ਸਿੰਘ ਬਾਲਾ,
ਆਦਿਕ ਘਨੇ ਬਿਬਾਕਾ[1]।

[1]ਬਹੁਤੇ ਨਿੱਡਰ।

ਸਿੰਘ ਬੰਦਈ ਜਿਤਿਕ ਥੇ ਤਬਿ ਸਭਿ,
ਬੰਦੇ ਓਰ ਰਹਾਏ।
ਭਏ ਦੁ-ਧੜੇ ਪੜੇ ਵਿੱਚ ਪਾਟਕ[1],
ਤੁਰਕਨ ਪੀਰ ਮਨਾਏ ॥੯੫॥

[1]ਫੁੱਟ ਵਿੱਚ ਪੈ ਗਏ।

ਭਾਵੀ ਪ੍ਰਭੁ ਕੀ ਚਹੈ ਸੁ ਕਰਿ ਹੈ,
ਅਘਟਨ ਘਟਨ ਪਟੀਸੀ[1]।

[1]ਪ੍ਰਭੁ ਦੀ, (ਅਘਟਨ) ਅਣਬਣ ਨੂੰ (ਘਟਨ) ਬਨਾਉਣ ਵਾਲੀ (ਪਟੀਸੀ) ਬਹੁਤ ਚਤੁਰ (ਭਾਵੀ) ਹੋਣਹਾਰ (ਜੋ) ਚਾਹੁੰਦੀ ਹੈ ਸੋ ਕਰਦੀ ਹੈ।

ਬੇਦ ਕਹਿਤ ਅਰ ਲਹਿਤ ਸੁਰਾਸੁਰ,
ਚਹਿਤ ਜੈਸ ਸੋ ਥੀਸੀ[1]।

[1]ਵੇਦ ਕਹਿੰਦੇ ਹਨ ਅਤੇ ਦੇਵਤੇ ਤੇ ਦੈਂਤ ਇਹ (ਲਹਿਤ) ਜਾਣਦੇ ਹਨ ਕਿ ਜੋ ਭਾਵੀ ਚਾਹੁੰਦੀ ਹੈ ਉਹ ਹੁੰਦਾ ਹੈ।

ਭਾਵੀ ਵਸ ਸ਼ਿਵ ਭਸਮੰਤ੍ਰ* ਕੋ,

*ਸ਼ਿਵ ਨੇ ਭਸਮਾਸੁਰ 'ਤੇ ਖ਼ੁਸ਼ ਹੋ ਕੇ ਇਕ ਕੜਾ ਦਿੱਤਾ ਤੇ ਕਿਹਾ ਕਿ ਜਿਸ ਦੇ ਸਿਰ 'ਤੇ ਇਹ ਕੜਾ ਲਾਏਂਗਾ ਭਸਮ ਹੋ ਜਾਵੇਗਾ। ਪਾਰਬਤੀ ਲੈਣ ਦੇ ਲਾਲਚ ਕਰਕੇ ਉਸ ਨੇ ਸ਼ਿਵ ਦੇ ਸਿਰ ਤੇ ਕੜਾ ਲਾਉਣਾ ਚਾਹਿਆ, ਪਰ ਸ਼ਿਵ ਨੱਠ ਗਿਆ, ਭਸਮਾਸੁਰ ਨੇ ਪਿੱਛਾ ਕੀਤਾ। ਪਾਰਬਤੀ ਨੇ ਕਿਹਾ ਤੂੰ ਭੁੱਲ ਵਿੱਚ ਹੈਂ, ਇਸ ਕੜੇ ਨਾਲ ਤੂੰ ਕਿਸੇ ਨੂੰ ਵੀ ਭਸਮ ਨਹੀਂ ਕਰ ਸਕਦਾ, ਜ਼ਰਾ ਆਪਣੇ ਸਿਰ 'ਤੇ ਲਾ ਕੇ ਤਾਂ ਵੇਖ। ਕਾਮ ਮੋਹਿਤ ਭਸਮੰਤ੍ਰ ਨੇ ਆਪਣੇ ਸਿਰ ਪੁਰ ਕੜਾ ਲਾਇਆ ਤਾਂ ਭਸਮ ਹੋ ਗਿਆ।

ਦੈ ਕੰਗਣ ਦੁਖ ਪਾਯੋ[1]।

[1]ਸ਼ਿਵ ਜੀ ਨੇ ਭਾਵੀ ਦੇ ਵਸ ਹੋ ਕੇ ਭਸਮਾਸੁਰ ਦੈਂਤ ਨੂੰ ਕੜਾ ਦੇ ਕੇ ਦੁਖ ਪਾਇਆ।

ਇੰਦਰ ਚੰਦਰ ਮੰਦਰ ਸ਼ਕਤੀ[1],
ਭਾਵੀ ਦਾਗ ਲਗਾਯੋ[1] ॥੯੬॥
ਰਾਮ ਯੁਧਿਸ਼ਟਰ ਨਲਰਾਜਾ ਲੌਂ,
ਬਨ ਭਾਵੀ ਮੈਂ ਭੂਲੇ[1]।
ਸੋ ਭਾਵੀ ਅਬਿ ਅਈ ਪੰਥ ਪਰ,
ਦਾਯਕ ਦੁਖਦਾ ਝੂਲੇ[1]।
ਬੁੱਧਿ ਸਹਾਇ ਮਿਲਤ ਹੈ ਤੈਸੀ,
ਜੈਸੀ ਭਾਵੀ ਹੋਵੈ।
ਬੁਰੀ ਬਾਤ ਕੋ ਨੀਕੀ ਸਮਝਤ,
ਮੰਦ ਨਰੈਂ ਭਲ ਜੋਵੈ[1] ॥੯੭॥
ਪੈਦਾ ਭਯੋ ਨਫਾਕ[1] ਦੁਖਦ ਅਤਿ,
ਰਾਵਣ ਕੰਸ ਸਮਾਨੋ।
ਦਿੱਲੀ ਔਰ ਲਹੌਰ ਮਰੁੱਟੇ,
ਪੱਟੇ ਤੁਰਕ ਜਹਾਨੋ[1]।
ਸਾਥ ਇਤਫਾਕ ਲਈ ਅੰਗਰੈਜੈਂ
ਤਾਜਰਾਨ ਪਤਿਸ਼ਾਹੀ[1]।
ਬੇ-ਇਤਫਾਕੀ ਵਾਲੇ ਹੂਏ,
ਸ਼ਾਹਿ ਕੰਗਾਲ ਮਹਾਂਹੀਂ[1] ॥੯੮॥
ਅਬਿ ਬੰਦੇ ਅਰ ਸਿੰਘਨ ਕੇਰੀ,
ਹੋਈ ਬੇ-ਇਤਫਾਕੀ।
ਪੈਹੈ ਪੈਰ ਪਿਛਾਹਾਂ ਦਿਨ ਦਿਨ,
ਤੁਰਕ ਨ ਛੋਡੈਂ ਆਕੀ।
ਜਾਂ ਦਿਨ ਤੈ ਸਰਾਪ ਮਾਤਾ ਨੈ,
ਬੰਦੇ ਤਾਂਈਂ ਦੀਨੋ।
ਤੇਜ ਘਟਯੋ ਤਾਂ ਦਿਨ ਤੇ ਤਿਸ ਕਾ,
ਭਯੋ ਬੁੱਧਿ ਬਲ ਹੀਨੋ ॥੯੯॥
ਸਿੰਘਨ ਸੋਂ ਤਿਨ ਬਾਦ[1] ਉਠਾਯੋ,
ਬਕਨ ਬਿਪ੍ਰਯੋ ਲਾਗਯੋ[1]।
ਕਬੀ ਕਹੈ ਮੈਂ ਹੂੰ ਕਲਕੀ ਅਵਤਾਰ,
ਜਗਤ ਮੈਂ ਜਾਗਯੋ।

[1]ਜਿਹੜੇ ਬਹੁਤ ਸ਼ਕਤੀ ਦੇ ਮਾਲਕ ਸਨ।
[1]ਹੋਣੀ ਨੇ ਦੋਹਾਂ ਨੂੰ ਕਲੰਕਤ ਕਰ ਦਿੱਤਾ।
[1]ਭਾਵੀ ਦੇ ਭੁਲਾਏ ਜੰਗਲਾਂ 'ਚ ਗਏ।
[1]ਦੁਖ ਦੇ ਦੇਣ ਵਾਲੀ ਭਾਵੀ ਝੁੱਲੇਗੀ।
[1]ਮਾੜੇ ਆਦਮੀਆਂ ਨੂੰ ਚੰਗਾ ਦੇਖਦਾ ਹੈ।
[1]ਫੁੱਟ।
[1]ਤੁਰਕ ਛੇਤੀ ਸੰਸਾਰ ਚੋਂ ਮਿਟ ਗਏ।
[1]ਅੰਗ੍ਰੇਜ਼ ਵਪਾਰੀਆਂ ਨੇ ਪਾਤਸ਼ਾਹੀ ਲੈ ਲਈ।
[1]ਬਹੁਤੇ।
[1]ਝਗੜਾ।
[1]ਉਲਟ ਬੋਲਣ ਲੱਗਾ।

ਤਖਤ ਲਹੌਰ ਲੈਹੁਂ ਮੈਂ ਅਬਿ ਹੀ,
ਮਮ ਦਾਵਾ[1] ਪਤਿਸ਼ਾਹੀ। [1]ਅਧਿਕਾਰ, ਹੱਕ।
ਤੱਤ ਖਾਲਸੇ ਕੋ ਮੈਂ ਚਾਕਰ,
ਕਰਿ ਰਾਖਹੁਂ ਮਨ ਚਾਹੀ[1] ॥੯੦॥ [1]ਮਨ ਦੀ ਇੱਛਾ ਅਨੁਸਾਰ।
ਸਿੱਖ ਬੰਦਈ ਤਾਂਹਿ ਢਿਗ ਭਾਖੈਂ,
ਤੁਮ ਸਮ ਅਵਰ ਨ ਕੋਈ।
ਅਨਿਕ ਭਾਂਤਿ ਕੀ ਸ਼ਕਤਿ ਤੋਹਿ ਮੈਂ,
ਜੋ ਚਹਿਹੋ ਹ੍ਵੈ ਸੋਈ।
ਕਜਾ ਯਹਿ ਸਿਖੜੇ ਅਬਿ ਕਰਿ ਸਾਕੈਂ,
ਤੁਮ ਬਿਨ ਇਕਲ[1] ਵਿਚਾਰੇ। [1]ਇਕੱਲੇ।
ਤੁਮਰੀ ਕਿਰਪਾ ਤੇ ਹਮ ਇਨ ਕੋ,
ਕਰਿ ਕੇ ਖ੍ਵਾਰ ਪਛਾਰੇ[1] ॥੯੧॥ [1]ਖੁਆਰ ਕਰ ਕੇ ਪਿੱਛੇ ਸੁੱਟ ਦਿਆਂਗੇ।
ਤੁਮ ਬਿਨ ਇਨ ਕੋ ਤੁਰਕ ਨ ਛੋਡੈਂ,
ਏਕ ਏਕ ਕੋ ਲੈਹੈਂ[1]। [1]ਮਾਰ ਦੇਣਗੇ।
ਹੋਯ ਖਰਾਬ ਆਪ ਹੀ ਫਿਰ ਯਹਿ,
ਸਰਨ ਤੁਮਾਰੀ ਐਹੈਂ।
ਯੌਂ ਕਰਿ ਅਨਿਕ ਭਾਂਤਿ ਕੀ ਉਸਤਤਿ,
ਬੰਦਾ ਤਿਨਹਿਂ ਫੁਲਾਯੋ।
ਚਰਮ ਖੱਲ ਜਯੋਂ[1] ਫੂਲਯੋ ਮੂਰਖ, [1]ਚੰਮ ਦੀ ਖੱਲ ਵਾਂਗ।
ਮੁੰਜ ਸਾਮ[1] ਅਕੜਾਯੋ ॥੯੨॥ [1]ਮੁੰਜ ਵਾਂਗ।
ਭਯੋ ਮਾਨ ਕੇ ਮਦ ਕਰਿ ਅੰਧਾ,
ਸਿੰਘਨ ਤਈਂ ਸੁਨੈ ਕੈ।
ਲਗਯੋ ਕਹਨ ਮੈਂ ਰੱਖ ਦਿਖਾਰਯੋ,
ਪੰਥ ਸਿੰਘਨ ਕਾ ਐ ਕੈ।
ਮੈਂ ਨਹਿਂ ਸਿੱਖ ਗੁਬਿੰਦ ਸਿੰਘ ਕਾ,
ਮੁਲਾਕਾਤ ਮਮ ਹੋਈ।
ਤਿਸ ਨੈ ਕਹੀ ਬਾਤ ਜੋ ਮੁਝ ਕੋ,
ਮਾਨਿ ਕਰੀ ਮੈਂ ਸੋਈ ॥੯੩॥
ਬੈਰ ਸਜਾਦਯੋਂ ਕਾ ਲੈ ਦੀਨਾ,
ਕਰਿ ਤੁਰਕਨ ਕੀ ਹਾਨੀ।

ਗੁਰੁ ਘਰ ਪਰ ਉਪਕਾਰ ਕਰੇ ਮੈਂ,
ਮੈ ਹੋਂ ਬਲੀ ਮਹਾਨੀ।
ਪੰਥ ਬਚਾਇ ਦਯੋ ਤੁਰਕਨ ਤੈ,
ਸਿੰਘਨ ਕਾ ਜਗ ਮਾਹੀਂ।
ਨਹੀਂ ਤ ਤੁਰਕ ਬੀਜ ਸਿੰਘਨ ਕਾ,
ਜਗ ਮੈਂ ਛਡਤੇ ਨਾਹੀਂ ॥ ੯੪ ॥
ਹਿੰਦੂ ਤੁਰਕ ਭੂਪ ਜਗ ਜੇਤੇ,
ਡਰ ਹਮਰਾ ਸਭਿ ਮਾਨੈ।
ਮਾਰਹੁਂ ਕਿਸੈ ਜਯਾਵਹੁਂ ਮੈਂ ਅਬਿ,
ਮੁਝ ਮੈਂ ਸ਼ਕਤਿ ਮਹਾਨੈ।
ਕਰਾਮਾਤ ਸਭਿ ਕੀ ਮੈਂ ਖੇਂਚਹੁਂ,
ਜੋ ਮਮ ਸੰਮੁਖ ਹੋਈ।
ਸ਼ਕਤਿ ਹੁਤੀ ਗੁਰੁ ਘਰ ਮੈਂ ਜੇਤੀ,
ਦੀਨੀ ਗੁਰੁ ਮੁਹਿ ਸੋਈ ॥ ੯੫ ॥
ਬੇਦੀ ਤੇਹਣ ਭੱਲੇ ਸੋਢੀ,
ਪੀਰ ਫਕੀਰ ਜੁ ਕੋਈ।
ਆਕੀ ਬਾਕੀ ਰਹਨ ਨ ਦੈਹੋਂ
ਬਚੈ ਸਰਨ ਜੋ ਹੋਈ।
ਬੈਠ ਤਖਤ ਜਗ ਗੁਰੂ ਕਹਾਵੋਂ,
ਪੰਥ ਘਨੋ ਬਿਦਤਾਵੋਂ।
ਦਰਸ਼ਨ ਫਤੇ ਅਪਨ ਬੁਲਵਾਵੋਂ,
ਗੁਰ ਕੀ ਫਤੇ ਹਟਾਵੋਂ ॥ ੯੬ ॥
ਯੌਂ ਜਬਿ ਬੰਦਾ ਬਕਨ ਲਗਯੋ ਬਹੁ,
ਸਿੰਘਨ ਤਬਿ ਮਨਿ ਠਾਨੀ।
ਇਸ ਕੀ ਮ੍ਰਿਤੁ ਨਜੀਕ ਅਈ ਅਬਿ,
ਬਕਤ ਬਿਪਰਯੈ[1] ਬਾਨੀ। [1]ਉਲਟ।
ਆਵਤ ਨਿਕਟ ਮ੍ਰਿਤੁ ਜਬਿ ਜਾਂ ਕੀ,
ਬੁੱਧਿ ਬਿਪਰਯੈ ਹੋਵੈ।
ਇਨ ਸਭਿ ਗੁਰੁ ਕੇ ਬਚਨ ਬਿਸਾਰੇ,
ਮਰੈ ਅਬੀ ਦੁਖ ਜੋਵੈ[1] ॥ ੯੭ ॥ [1]ਦੇਖੇਗਾ।

ਪੁਨ ਸਲਾਹ ਕਰਿ ਸਿੰਘਨ ਤਬਿ ਹੀ,
ਡੇਰਾ ਬੰਦੇ ਕੇਰਾ।
ਕਰਿ ਕੈ ਛੂਟ[1] ਲੂਟ ਲਿਯ ਤਿਸ ਕੋ, — [1]ਹੱਲਾ।
ਕਰੀ ਨ ਰੰਚਕ ਦੇਰਾ[1]। — [1]ਥੋੜੀ ਵੀ ਦੇਰ ਨਹੀਂ ਕੀਤੀ।
ਪੁਨ ਬੰਦੇ ਨੇ ਸਿੰਘਨ ਪਰਤੀ,
ਆਇ ਦਿਵਸ ਮੈਂ ਭਾਖਯੋ।
ਉਪਬਨ ਸਮ[1] ਪਾਲਯੋ ਮੈਂ ਤੁਮ ਕੋ, — [1]ਬਗ਼ੀਚੇ ਵਾਂਗ।
ਤੁਰਕਨ ਤੈ ਪੁਨ ਰਾਖਯੋ ॥੯੮॥
ਜੱਟਨ ਤੈ ਰਾਜੇ ਤੁਮ ਕੀਨੇ,
ਮੁਲਖ ਮੱਲ ਬਹੁ ਦੀਓ।
ਫਿਰ ਹਮ ਪਰ ਹੀ ਤੁਮ ਹਥ ਘਾਲਯੋ[1], — [1]ਪਾਇਆ।
ਜਰਾ ਲਿਹਾਜ ਨ ਕੀਓ।
ਕਹਯੋ ਸਿੰਘਨ ਹਮ ਪੂਤ ਪਰਾਏ,
ਤੂੰ ਬਣਯੋ ਥਾ ਦਾਯਾ[1]। — [1]ਖਿਡਾਵਾ, ਬੱਚੇ ਨੂੰ ਪਾਲਣ ਵਾਲਾ।
ਹਮਰੇ ਪਿਤਾ ਗੁਰੂ ਨੈ ਤੁਮ ਕੋ,
ਖਿਦਮਤਗਾਰ[1] ਬਣਾਯਾ ॥੯੯॥ — [1]ਸੇਵਾਦਾਰ।
ਨਿਜ ਪਿਤ ਨਿਜ ਸੁਤ ਪੰਥ ਸੰਭਾਲਯੋ,
ਭਯੋ ਜਬੈ ਹੁਸ਼ਯਾਰੇ।
ਬਿਸਟਾ ਮੂਤ ਥੂਕ ਅਰ ਲਾਲਾਂ,
ਪੱਲੇ ਰਹੀ ਤੁਮਾਰੇ।
ਕ੍ਰਿਸ਼ਨ ਗੁਵਾਲਯੋਂ ਨੈ ਜਿਮ ਪਾਲਯੋ,
ਵਡ ਹ੍ਵੈ ਨਿਜ ਕੁਲ ਭਿੱਲਯੋ[1]* ॥੧੦੦॥ — [1]ਆਪਣੀ ਕੁਲ 'ਚ ਜਾ ਮਿਲਿਆ। *ਅੰਕ ਨੰ. ੧੦੦ ਦੀਆਂ ਮੂਲ ਵਿੱਚ ਇਹ ਤਿੰਨ ਹੀ ਤੁਕਾਂ ਹਨ। ਛਪਣ ਸਮੇਂ ਇਕ ਤੁਕ ਰਹਿ ਗਈ ਜਾਪਦੀ ਹੈ। ਅੰਮ੍ਰਿਤਸਰ ਐਡੀਸ਼ਨ 'ਚ ਤੀਜੀ ਤੁਕ ਤੋਂ ਅਗੋਂ ਇਹ ਤੁਕ ਹੈ :- 'ਪਾਲਤ ਕਾਕ ਪੂਤ ਕੋਕਿਲ ਕੋ, ਰੰਗ ਈਹਾਂ ਸੋ ਖਿਲਯੋ।' ਪਰ ਏਥੇ ਕੁਝ ਤੁਕਾਂ ਨਵੀਆਂ ਪਾਈਆਂ ਹਨ, ਜਿਨ੍ਹਾਂ ਚੋਂ ਇਕ ਤੁਕ ਰਹਿ ਗਈ ਹੈ।

ਕੋਕਲ ਸੁਤ ਕੋ ਕਾਕ ਪਾਲ ਹੈ,
ਮੁਰਗੀ ਬੱਤਕ ਪੂਤੈਂ[1]। — [1]ਕੋਇਲ ਦੇ ਪੁਤ੍ਰਾਂ ਨੂੰ ਕਾਂ ਤੇ ਬੱਤਕ ਦੇ ਪੁਤ੍ਰਾਂ ਨੂੰ ਮੁਰਗੀ ਪਾਲਦੀ ਹੈ।

ਜਯੋਂ ਕੇਹਰ ਸੁਤ ਕੋ ਇਯਾਲੀ ਨੈ

ਪਾਲਜੋ, ਹ੍ਵੈ ਮਜਬੂਤੈਂ।
ਅਜਾ ਇਯਾਲੀ ਕੋ ਉਨ ਮਾਰਜੋ,
ਤਜੋਂ ਤੂੰ ਭੂਲਜੋ ਅੱਤ੍ਰੀ[1]।

[1]ਜਿਵੇਂ ਅਜਾਲੀ (ਬੱਕਰੀਆਂ ਚਾਰਨ ਵਾਲੇ) ਨੇ ਸ਼ੇਰ ਦੇ ਪੁੱਤਰ ਨੂੰ ਪਾਲਿਆ, ਪਰ ਤਕੜਿਆਂ ਹੋ ਕੇ ਬਕਰੀਆਂ ਤੇ ਅਜਾਲੀ ਨੂੰ ਉਸ (ਸ਼ੇਰ ਦੇ ਪੁੱਤਰ) ਨੇ ਮਾਰ ਦਿੱਤਾ, ਤਿਵੇਂ ਤੂੰ (ਸਮਝ ਕਿ) (ਅੱਤ੍ਰੀ) ਬਹੁਤ ਭੁੱਲ ਗਿਆ ਹੈਂ।

ਹੋਇ ਸਕੈਂ ਹਮ ਤੁਮ ਇਕ ਕੈਸੇ,
ਤੁਮ ਭਿੱਛਕ[1] ਹਮ ਛੱਤ੍ਰੀ ॥੧੦੧॥

[1]ਮੰਗਤਾ।

ਤੁਮ ਗੀਦੀ ਗਾਦਰ ਹਮ ਕੇਹਰ,
ਤੁਮ ਕਪੋਤ ਹਮ ਬਾਜੈਂ[1]।

[1]ਤੂੰ ਕਾਇਰ ਗਿੱਦੜ ਹੈਂ ਅਸੀਂ ਸ਼ੇਰ ਹਾਂ, ਤੂੰ ਕਬੂਤਰ ਤੇ ਅਸੀਂ ਬਾਜ਼ ਹਾਂ।

ਹਮਰਾ ਕਰਮ ਸਦਾ ਲਰਨੇ ਕਾ,
ਭਜਨ ਕਰਨ ਤੁਮ ਕਾਜੈਂ।
ਦੀਨੀ ਥੀ ਗੁਰੁ ਕਿਰਪਾ ਕਰਿ ਕੈ,
ਤੁਮ ਕੋ ਸ਼ਕਤਿ ਵਡਜਾਈ।
ਜਥੇਦਾਰ ਥਾ ਕਰਜੋ ਪੰਥ ਕਾ,
ਤੂੰ ਨਹਿੰ ਸਕਜੋ ਪਚਾਈ ॥੧੦੨॥
ਚੂਹੇ ਜਜੋਂ ਇਕ ਗੰਠੀ ਪਾ ਕਰਿ,
ਤੁਹੀਂ ਪਸਾਰੀ ਗਾਫਰਿਆ[1]।

[1]ਚੂਹੇ ਵਾਂਗ (ਹਲਦੀ ਦੀ) ਗੰਢੀ ਪਾ ਕੇ ਤੂੰ (ਗਾਫ਼ਰਿਆ) ਭੁੱਲ ਕੇ ਪਨਸਾਰੀ (ਬਣ ਬੈਠਾ ਸੈਂ)।

ਮਾੜੇ ਜੱਟ ਕਟੋਰਾ ਲੱਧਾ,
ਪਾਣੀ ਪੀ ਪੀ ਆਫਰਿਆ।
ਮਾਂਇੰ ਭਠਜਾਰੀ ਪੂਤ ਫਤੇ ਖਾਂ,
ਰਾਣੀ ਖਾਂ ਦਾ ਸਾਲਾ[1]।

[1]ਭਾਵ, ਹੋਵੇ ਮਾੜੀ ਜ਼ਾਤ ਦਾ ਉਤੋਂ ਵੱਡਾ ਬਣਿਆ ਫਿਰੇ।

ਅੰਧੀ ਮੁਰਗੀ ਖਸਖਸ ਚੋਗਾ,
ਤੈਂ ਯਹਿ ਤੌਰ ਸੰਭਾਲਾ[1] ॥੧੦੩॥

[1]ਭਾਵ, ਹੋਵੇ ਸ਼ਕਤੀ ਹੀਨ ਤੇ ਕਹਾਵੇ ਸ਼ਕਤੀ ਵਾਲਾ, ਤੈਂ ਇਹ ਢੰਗ ਅਖ਼ਤਿਆਰ ਕੀਤਾ ਹੈ।

ਮੁਫਤ ਨਜਾਮਤ[1] ਥੀ ਤੈਂ ਪਾਈ,
ਤੁਮ ਕੋ ਮਦ[1] ਵਡ ਹੋਯੋ।
ਚਿੰਤਾਮਣਿ ਜਜੋਂ ਕਿਸੀ ਕੀਰ ਨੈ[1]
ਪਾਇ, ਬਜਰਥ ਫਿਰ ਖੋਯੋ[1]।
ਹੈ ਯਹਿ ਅਜਰ[1] ਵਸਤੁ ਗੁਰੁ ਕੇਰੀ,

[1]ਭਾਵ, ਬਖ਼ਸ਼ਸ਼।
[1]ਹੰਕਾਰ।
[1]ਕੰਗਾਲ ਨੇ।
[1]ਗਵਾ ਲਈ।
[1]ਨ ਜਰੀ ਜਾਣ ਵਾਲੀ।

ਤੂੰ ਕਿਮ ਸਕੈਂ ਪਚਾਈ।
ਦੂਧ ਸਿੰਘਣੀ ਕਾ ਜਿਮ, ਹਾਟਕ
ਭਾਂਜਨ ਬਿਨ ਨਰਹਾਈ[1] ॥ ੧੦੪ ॥
ਖਰ[1] ਕੋਂ ਜਸੋ ਮਿਸਰੀ ਨਹਿ ਪਚ ਹੈ,
ਚਾਵਲ ਕੁੱਤੇ ਤਾਈਂ।
ਯੌਂ ਕਹਿ ਪੰਥ ਖਾਲਸੇ ਮਿਲ ਫਿਰ,
ਯੌਂ ਅਰਦਾਸ ਕਰਾਈ।
ਸੰਗ ਬੰਦੱਯਨ ਕੇ ਜੋ ਵਰਤੈ,
ਸੋ ਤਨਖਾਹੀਆ ਹੋਵੈ।
ਤੱਤ ਖਾਲਸੇ ਸੋਂ ਨਹਿਂ ਮਿਲ ਹੈ,
ਹਲਤ ਪਲਤ ਸੋ ਖੋਵੈ ॥ ੧੦੫ ॥
ਸਿੰਘ ਰਹੇ ਬੰਦੇ ਢਿਗ ਜੇਤਿਕ,
ਔਰ ਬੰਦਈ ਅਪਾਰੈਂ।
ਸਾਰ ਖਾਲਸਾ ਨਾਮ ਤਿਨੋਂ ਕਾ,
ਬੰਦੇ ਰਖਯੋ ਵਿਚਾਰੈਂ।
ਭਏ ਸਿੰਘ ਬੰਦੇ ਤੈ ਨਜਾਰੇ,
ਜੇਤਿਕ ਤਬਿ ਪਹਿਚਾਨੋ।
ਤੱਤ ਖਾਲਸਾ ਨਾਮ ਤਿਨੋ ਕਾ,
ਭਯੋ ਬਿਦਤ ਜਗ ਜਾਨੋ ॥ ੧੦੬ ॥
ਯਾ ਬਿਧਿ ਨਾਮ ਉਭੈ ਤਬਿ ਹੋਏ,
ਪੰਥ ਖਾਲਸੇ ਕੇਰੇ।
ਆਗੇ ਬਹੁਤ ਠੌਰ ਹਮ ਲਿਖ ਹੈਂ,
ਯਾਂ ਤੇ ਨਿਰਨੈ ਟੇਰੇ[1]।
ਤੱਤ ਖਾਲਸੇ ਸੰਗ ਪੁਨਾ ਤਬਿ,
ਸਾਰ ਖਾਲਸੇ ਕੇਰਾ।
ਨਿਤ ਪ੍ਰਤਿ ਰਹੈ ਬਖੇਰਾ ਲਾਗਯੋ,
ਦਿਨ ਦਿਨ ਬਢਯੋ ਬਧੇਰਾ ॥ ੧੦੭ ॥
ਸੂਹਾ ਪ੍ਰੈਨਣ ਗੁਰੂ ਹਟਾਯਾ,
ਸੋ ਬੰਦੇ ਪਹਿਰਾਯੋ।
ਮਦਰਾ[1] ਮਾਸ ਨੀਲ ਪਹਿਰਣ ਤੇ,

[1]ਸ਼ੇਰਨੀ ਦਾ ਦੁੱਧ ਜਿਵੇਂ ਸੋਨੇ ਦੇ ਭਾਂਡੇ ਬਿਨਾਂ ਨਹੀਂ ਰਹਿੰਦਾ।
[1]ਖੋਤੇ ਨੂੰ।
[1]ਇਸ ਵਾਸਤੇ ਨਿਰਣਾ ਕਰ ਕੇ ਕਿਹਾ ਹੈ।
[1]ਸ਼ਰਾਬ।

ਬੰਦੇ ਏਹੁ ਛੁਡਾਯੋ।
ਦਰਸ਼ਨ ਫਤੇ ਸ੍ਰੀ ਵਾਹਿਗੁਰੂ,
ਕਹੈਂ ਬੰਦਈਏ ਤਬਿ ਹੀ।
ਸੱਤਿ ਸ੍ਰੀ ਅਕਾਲ ਉਚਾਰੈ,
ਤੱਤ ਖਾਲਸਾ ਸਭਿ ਹੀ ॥੧੦੮॥
ਕੱਛ ਕੇਸ ਲੌਂ, ਰੀਤਿ ਗੁਰੂ ਕੇ
ਘਰ ਕੀ, ਸਭਿ ਸਮ ਰਾਖੈਂ।
ਅੰਮ੍ਰਿਤ ਜੁਦੈ ਜੁਦੈ ਛਕਵੈ ਹੈਂ,
ਭਈ ਐਸ ਬਿਧਿ ਸਾਖੈਂ[1]।
ਲੰਗਰ ਚਾਰ ਬਰਣ ਕਾ ਕੱਠਾ,
ਤੱਤ ਖਾਲਸੇ ਕੇਰੋ।
ਹੋਵੈ ਚਾਰ ਠੌਰ ਬੰਦੱਈਅਨ,
ਚਾਰ ਬਰਨ ਕਾ ਹੇਰੋ ॥੧੦੯॥
ਮਾਸ ਪਿਆਜ[1] ਬੰਦੱਈਅਨ ਕੇ ਨਹਿਂ,
ਦੁਤੀ ਦਿਸਾ ਸਭਿ ਭਵਹੀ[1]।
ਇਸ਼ਟ ਉਪਾਸ਼ਨ ਖਾਨ ਪਾਨ ਲੌਂ,
ਔਰ ਰੀਤਿ ਸਭਿ ਸਮ ਹੀ[1]।
ਤੱਤ ਖਾਲਸਾ ਉਨ ਕਾ ਦੁਸ਼ਮਨ
ਭਯੋ, ਭਏ ਵਹਿ ਇਨ ਹੈਂ।
ਆਪਸ ਮੈਂ ਬਹੁ ਤਰਕਾ ਤਰਕੀ[1],
ਹ੍ਵੈਂ ਕਲੇਸ਼ ਨਿਸ ਦਿਨ ਹੈਂ ॥੧੧੦॥
ਇਕ ਦੂਸਰਿ ਫਿਰਕੇ ਕੋ ਨਿੰਦੈਂ,
ਔਗਣ ਕੂਰੇ ਕਲਪੈਂ[1]।
ਤੱਤ ਖਾਲਸਾ ਹਤੈ ਬੰਦੱਈਅਨ,
ਜੋ ਮਿਲ ਹੈ ਕਿਸ ਥਲ ਪੈ।
ਤੱਤ ਖਾਲਸੇ ਕਾ ਜੋ ਮਿਲ ਹੈ,
ਸਿੰਘ ਬੰਦੱਈਅਨ ਤਾਈਂ।
ਤਿਸ ਕੋ ਮਾਰ ਕੂਟ ਵਹਿ ਕਰ ਹੈਂ,
ਬੰਦਾ ਯੌਂ ਗਰਬਾਈ[1] ॥੧੧੧॥

[1]ਇਸ ਤਰ੍ਹਾਂ (ਦੋ) ਸ਼ਾਖਾਂ (ਪਾਰਟੀਆਂ) ਹੋ ਗਈਆਂ।

[1]ਗੰਢਾ।

[1]ਦੂਜੇ (ਤੱਤ ਖਾਲਸੇ ਦੇ) ਪਾਸੇ ਸਭ ਕੁਝ ਹੁੰਦਾ ਹੈ ਭਾਵ ਵਰਤਦੇ ਹਨ।

[1]ਇੱਕੋ ਜਿਹੀ।

[1]ਇਕ ਦੂਜੇ ਨੂੰ ਚੋਭਵੀਂ ਨੁਕਤਾਚੀਨੀ ਕਰਦੇ ਹਨ।

[1]ਝੂਠੇ ਅਉਗਣ ਥਪਦੇ ਹਨ।

[1]ਹੰਕਾਰ ਕਰਦਾ ਹੈ।

ਰਿੱਧਿ ਸਿੱਧਿ ਨਵ ਨਿੱਧ ਮੋਹਿ ਬਸ,
ਬੀਰ ਬਲੀ ਵਡ ਭਾਰੇ।
ਜੋ ਮੈਂ ਚਹੋਂ ਕਰੋਂ ਬਿਨ ਦੇਰੀ,
ਕੌਨ ਸਕੈ ਮੁਹਿ ਟਾਰੇ।
ਪਤਿਸ਼ਾਹੀ ਤੁਰਕਨ ਤੈ ਲੈ ਕਰਿ,
ਨਿਜ ਸਿੱਖਨ ਕੋ ਦੈਹੋਂ।
ਤੱਤ ਖਾਲਸੇ ਤਈਂ ਖ੍ਵਾਰ ਕਰਿ,
ਅਪਨਾ ਹੁਕਮ ਮਨੈਹੋਂ ॥੧੧੨॥
ਇਤਯਾਦਿਕ ਬਾਤਾਂ ਕਰਿ ਬੰਦਾ,
ਨਿਜ ਸਿੱਖੈਂ ਭਰਮਾਵੈ।
ਸਿੱਖ ਤਾਂਹਿ ਕੇ ਮਾਨਿ ਸੱਤ ਸਭਿ,
ਧੰਨ ਧੰਨ ਗੁਰੂ ਅਲਾਵੈਂ।
ਮੀਰੀ ਪੀਰੀ ਦੇਵਨ ਕਾਰਨ,
ਬਿਦਿਤ ਭਯੋ ਹਰਿ ਠੀਕੇ[1]।
ਪਾਤਿਸਾਹਿ ਬੰਦਾ ਅਬ ਹ੍ਵੈ ਹੈ,
ਹਮ ਨ੍ਰਿਪ ਹ੍ਵੈ ਹੈਂ ਨੀਕੇ ॥੧੧੩॥
ਯਾ ਬਿਧਿ ਸਿੱਖ ਬੰਦਈ ਮਨੋਰਥ,
ਬੰਦੇ ਯੁਤ ਬਹੁ ਧਰਿ ਹੈਂ[1]।
ਮਿਲੈ ਬੰਦਈ ਜੁ ਤੱਤ ਪੰਥ ਕੋ,
ਲੂਟ ਮਾਰ ਤਿਹ ਕਰਿ ਹੈਂ।
ਯਾ ਬਿਧਿ ਬਢ੍ਯੋ ਦੁਹੂੰ ਦਿਸ ਝੇਰਾ,
ਰਹੈ ਨਿਤਾ ਪ੍ਰਤਿ ਭਾਰੀ।
ਪੁਨ ਬੰਦਾ ਗੁਰੁਦਾਸ ਪੁਰੇ ਮੈਂ,
ਗਯੋ ਸੈਨ ਲੈ ਸਾਰੀ ॥੧੧੪॥
ਤੱਤ ਖਾਲਸਾ ਰਹ੍ਯੋ ਸੁਧਾਸਰ,
ਭਯੋ ਪੰਥ ਜੁਗ ਠੌਰੈਂ*।

[1]ਹਰੀ ਹੀ ਠੀਕ (ਬੰਦਾ ਸਿੰਘ ਰੂਪ ਵਿੱਚ) ਪ੍ਰਗਟ ਹੋਇਆ ਹੈ।

[1](ਮਨੋਰਥ) ਇੱਛਾ (ਧਰਿ ਹੈਂ) ਕਰਦੇ ਹਨ।

*ਇਸ ੧੪ਵੇਂ ਬਿਸ੍ਰਾਮ ਵਿੱਚ ਕਵੀ ਜੀ ਨੇ ਬੰਦਾ ਸਿੰਘ ਅਤੇ ਤੱਤ ਖਾਲਸੇ ਦੇ ਆਪਸੀ ਝਗੜੇ ਦਾ ਵਿਸਥਾਰ ਸਹਿਤ ਵਰਣਨ ਕੀਤਾ ਹੈ ਤੇ ਇਸ ਦਾ ਮੂਲ ਕਾਰਨ ਦਿੱਲੀ ਦੇ ਬਾਦਸ਼ਾਹ ਫ਼ੱਰੁਖ਼ਸੀਅਰ ਦੇ ਕਹਿਣ ਤੇ ਮਾਤਾ ਸੁੰਦਰੀ ਜੀ ਵਲੋਂ ਬੰਦਾ ਸਿੰਘ ਨੂੰ ਭੇਜੇ ਹੁਕਮ-ਨਾਮੇ ਨੂੰ ਨਾ ਮੰਨਣ ਤੇ ਮਾਤਾ ਜੀ ਵੱਲੋਂ ਦਿੱਤੇ ਗਏ ਸਰਾਪ ਤੇ ਖਾਲਸਾ ਪੰਥ ਨੂੰ ਬੰਦੇ ਤੋਂ ਵੱਖ ਹੋ ਜਾਣ ਲਈ ਭੇਜਿਆ ਹੁਕਮ-ਨਾਮਾ ਦੱਸਿਆ ਗਿਆ ਹੈ।

ਗਿਆਨੀ ਗਿਆਨ ਸਿੰਘ ਜੀ ਰਚਿਤ ਇਸ ਸ੍ਰੀ ਗੁਰੁ ਪੰਥ ਪ੍ਰਕਾਸ਼ ਦਾ ਮੂਲ ਸੋਮਾਂ ਸ. ਰਤਨ ਸਿੰਘ ਭੰਗੂ ਰਚਿਤ ਪੰਥ ਪ੍ਰਕਾਸ਼ ਹੈ। ਇਸ ਬਿਸ੍ਰਾਮ ਦਾ ਸਾਰਾ ਮਸਾਲਾ ਗਿਆਨੀ ਜੀ ਨੇ ਉਥੋਂ ਹੀ ਲਿਆ ਹੈ (ਦੇਖੋ ਭਾਈ ਸਾਹਿਬ ਡਾਕਟਰ ਵੀਰ ਸਿੰਘ ਜੀ ਵਲੋਂ ਸੰਪਾਦਿਤ 'ਪ੍ਰਾਚੀਨ ਪੰਥ ਪ੍ਰਕਾਸ਼' ਚੌਥੀ ਐਡੀਸ਼ਨ ਦਾ ਪੰਨਾ ੧੩੦ ਤੋਂ ੧੩੪ ਤੱਕ)।

ਸ. ਰਤਨ ਸਿੰਘ ਭੰਗੂ, ਮੀਰਾਂ ਕੋਟੀਏ ਸ. ਮਹਿਤਾਬ ਸਿੰਘ ਦਾ ਪੋਤਰਾ ਸੀ, ਜੋ ਜਾਂ ਤਾਂ ਬੰਦਾ ਸਿੰਘ ਦੀ ਸ਼ਹੀਦੀ ਤੋਂ ਬਾਦ ਹੋਏ ਤੱਤ ਖਾਲਸੇ ਅਤੇ ਬੰਦਈ ਖਾਲਸੇ ਦੇ ਝਗੜੇ ਵਿੱਚ ਦੀ ਆਪ ਲੰਘਿਆ ਸੀ ਜਾਂ ਉਸਨੇ ਇਸ ਸੰਬੰਧੀ ਤੱਤ ਖਾਲਸਿਆਂ ਪਾਸੋਂ ਜਾਂ ਆਪਣੇ ਪਿਤਾ ਜਾਂ ਸੰਬੰਧੀਆਂ ਪਾਸੋਂ ਸੁਣਿਆਂ ਹੋਇਆ ਸੀ। ਭੰਗੂ ਰਤਨ ਸਿੰਘ ਪਹਿਲਾ ਲਿਖਾਰੀ ਹੈ, ਜਿਸਨੇ ਫ਼ੱਰੁਖ-ਸੀਅਰ ਅਤੇ ਮਾਤਾ ਸੁੰਦਰੀ ਜੀ ਦੇ ਵਿਚਕਾਰ ਗੱਲ-ਬਾਤ ਦਾ ਜ਼ਿਕਰ ਕੀਤਾ ਹੈ। ਭੰਗੂ ਜੀ ਦੇ ਲਿਖਣ ਸਮੇਂ ਬੰਦਾ ਸਿੰਘ ਦਾ ਜ਼ਮਾਨਾ ਗੁਜ਼ਰੇ ਨੂੰ ਸੌ ਸਾਲ ਤੋਂ ਵੀ ਉੱਪਰ ਹੋ ਚੁੱਕੇ ਸਨ, ਇਸ ਲਈ ਇਹ ਵਾਕਿਆਤ ਉਨ੍ਹਾਂ ਸਣੌਤ ਦੇ ਅਧਾਰ ਤੇ ਹੀ ਲਿਖੇ ਹਨ।

ਇਨ੍ਹਾਂ ਉਪ੍ਰੋਕਤ ਵਾਕਿਆਤ ਸਬੰਧੀ ਸਿੱਖ ਇਤਿਹਾਸ ਦੇ ਨਵੀਨ ਖੋਜੀਆਂ ਵਿੱਚੋਂ ਸ. ਗੰਡਾ ਸਿੰਘ ਹਿਸਟੋਰੀਅਨ ਨੇ ਕਾਫ਼ੀ ਖੋਜ ਕੀਤੀ ਹੈ। ਉਨ੍ਹਾਂ ਆਪਣੀ ਪੁਸਤਕ ਦੇ ਮਸਾਲੇ ਲਈ ਸਮਕਾਲੀ ਸੋਮਿਆਂ ਤੱਕ ਪਹੁੰਚਣ ਦਾ ਜਤਨ ਕੀਤਾ ਹੈ। ਉਹ ਆਪਣੀ ਪੁਸਤਕ 'ਬੰਦਾ ਸਿੰਘ ਬਹਾਦਰ' ਦੇ ਪੰਨਾ ੧੭੨ ਤੋਂ ੧੭੩ ਤੱਕ ਐਉਂ ਲਿਖਦੇ ਹਨ-

"ਜਿਸ ਝਗੜੇ ਦਾ ਜ਼ਿਕਰ ਭੰਗੂ ਰਤਨ ਸਿੰਘ ਨੇ ਆਪਣੇ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਬੰਦਈ ਅਤੇ ਤੱਤ-ਖਾਲਸੇ ਦੇ ਦਰਮਿਆਨ ਮਾਤਾ ਸਮੁੰਦਰੀ ਜੀ ਦੀ ਫ਼ੱਰੁਖ-ਸੀਅਰ ਨਾਲ ਹੋਈ ਗੱਲ-ਬਾਤ ਦੇ ਸਿੱਟੇ ਦੇ ਤੌਰ ਤੇ ਕੀਤਾ ਹੈ, ਉਸ ਦੀ ਅਸਲੀਅਤ ਦੀ ਖੋਜ ਪੜਤਾਲ ਲਈ ਅਸੀਂ ਸਾਰੇ ਸਮਕਾਲੀ ਕਾਗਜ਼ ਪੱਤਰ ਅਤੇ ਲਿਖਤਾਂ ਵੇਖੀਆਂ ਹਨ, ਪਰ ਕਿਸੇ ਵਿੱਚ ਵੀ ਕੋਈ ਐਸੀ ਗੱਲ ਨਹੀਂ ਲੱਭੀ ਜਿਸ ਤੋਂ ਇਸ ਦਾ ਇਸ਼ਾਰਾ ਭੀ ਮਿਲਦਾ ਹੋਵੇ ਅਤੇ ਭੰਗੂ ਰਤਨ ਸਿੰਘ ਦੀ ਪੁਸ਼ਟੀ ਹੁੰਦੀ ਹੋਵੇ। ਸਰਕਾਰੀ ਰੋਜ਼ਨਾਮਚੇ, ਕਾਮਵਰ ਖ਼ਾਨ ਦਾ 'ਤਜ਼ਕਿਰਾਤੁ-ਸਲਾਤੀਨ', ਮੁਹੰਮਦ ਅਹਸਨ ਈਜਾਦ ਦਾ 'ਫ਼ੱਰੁਖ-ਸੀਅਰ-ਨਾਮਾ', ਸ਼ਿਵਦਾਸ ਦੇ ਮੁਨੱਵਰੁਲ ਕਲਾਮ ਅਤੇ ਫ਼ੱਰੁਖ-ਸੀਅਰ-ਨਾਮਾ, ਰਾਏ ਚਤਰ ਮਲ ਦਾ 'ਚਹਾਰ ਗੁਲਸ਼ਨ', ਖ਼ਾਫ਼ੀ ਖ਼ਾਨ ਦਾ 'ਮੁੰਤਖ਼ਬੁਲ-ਲੁਬਾਬ', ਮਿਰਜ਼ਾ ਮੁਹੰਮਦ ਹਾਰਿਸੀ ਦੇ 'ਇਬਰਤ-ਨਾਮਾ' ਅਤੇ 'ਤਾਰੀਖ਼ਿ-ਮੁਹੰਮਦੀ', ਯਾਹੀਆ ਖਾਨ ਦਾ 'ਤਜ਼ਕਿਰਾ-ਤੁਲ-ਮਲੂਕ' ਅਤੇ ਹੋਰ ਲਿਖਾਰੀਆਂ ਦੀਆਂ ਪੁਸਤਕਾਂ ਜਿਵੇਂ ਕਿ ਗ਼ੁਲਾਮ ਹੁਸੈਨ ਖ਼ਾਨ ਦੀ 'ਸੀਅਰੁਲ-ਮੁਤਾਖਰੀਨ', ਮੋਹਨ ਲਾਲ ਦੀ 'ਉਮਦਾ-ਤੁ-ਤਵਾਰੀਖ਼', ਅਲੀਉ-ਦੀਨ ਦਾ 'ਇਬਰਤ-ਨਾਮਾ', ਬੂਟੇ ਸ਼ਾਹ ਦੀ 'ਤਾਰੀਖ਼ਿ-ਪੰਜਾਬ', ਖ਼ੁਸ਼ਵਕਤ ਰਾਏ ਦੀ 'ਤਵਾਰੀਖ਼ਿ-ਸਿੱਖਾਂ' ਅਤੇ ਮੈਗਰੈਗਰ, ਥੌਰਨਟਨ, ਕਨ੍ਹਈਆ ਲਾਲ, ਮੁਹੰਮਦ ਲਤੀਫ਼, ਆਦਿ ਦੀਆਂ ਪੰਜਾਬ ਦੀਆਂ ਤਵਾਰੀਖ਼ਾਂ ਅਤੇ ਸਰੂਪ ਦਾਸ ਦਾ ਮਹਿਮਾ-ਪ੍ਰਕਾਸ਼ ਅਤੇ ਭਾਈ ਸੰਤੋਖ ਸਿੰਘ ਦਾ ਸੂਰਜ-ਪ੍ਰਕਾਸ਼ ਇਸ ਗੱਲ ਸੰਬੰਧੀ ਸਭ ਚੁੱਪ ਹਨ। ਇਸ ਗੱਲ ਉੱਤੇ ਯਕੀਨ ਕਰ ਸਕਣਾ ਅਸੰਭਵ ਹੈ ਕਿ ਬੰਦਾ ਸਿੰਘ ਵਰਗੇ ਮਹਾਨ ਵੈਰੀ ਨੂੰ ਸਰ ਕਰਨ ਲਈ ਬਾਦਸ਼ਾਹ ਫ਼ੱਰੁਖ਼ਸੀਅਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਵਿਧਵਾ, ਮਾਤਾ ਸੁੰਦਰੀ ਦੇ ਦਰਮਿਆਨ ਹੋਈ ਗੱਲ-ਬਾਤ ਜਾਂ ਲਿਖਾ ਪੜ੍ਹੀ ਇਨ੍ਹਾਂ ਸਾਰੇ ਇਤਿਹਾਸਕਾਰਾਂ ਦੀ ਨਜ਼ਰੋਂ ਉਹਲੇ ਰਹਿ ਗਈ ਹੋਏ। 'ਅਖ਼ਬਾਰਿ-ਦਰਬਾਰਿ-ਮੁਅੱਲਾ' ਅਤੇ 'ਤਜ਼ਕਿਰਾਤੁ-ਸਲਾਤੀਨ' ਦਿਨੋ-ਦਿਨ ਬੰਦਾ ਸਿੰਘ ਸਬੰਧੀ ਖ਼ਬਰਾਂ ਅਤੇ ਬਾਦਸ਼ਾਹੀ ਹੁਕਮਾਂ ਦਾ ਚੋਖਾ ਵੇਰਵਾ ਦੇਂਦੇ ਹਨ ਪਰ ਉਹ ਇਸ ਗੱਲ ਬਾਤ ਜਾਂ ਲਿਖਾ-ਪੜ੍ਹੀ ਦਾ ਇਸ਼ਾਰਾ ਤੱਕ ਵੀ ਨਹੀਂ ਕਰਦੇ। ਦੂਸਰੇ ਪਾਸੇ ਉਨ੍ਹਾਂ ਦਿਨਾਂ ਵਿੱਚ ਹੀ ਜਦ ਕਿ ਇਹ ਗੱਲ-ਬਾਤ ਹੋ ਰਹੀ ਦੱਸੀ ਜਾਂਦੀ ਹੈ, ਬਾਦਸ਼ਾਹ ਵਲੋਂ ੧੦ ਮਾਰਚ ਸੰਨ ੧੭੧੫ (੧੫ ਰਬੀ-ਉਲ-ਅੱਵਲ ੧੧੨੭ ਹਿਜਰੀ) ਨੂੰ ਅਬਦੁਲ ਖ਼ਾਨ ਨੂੰ ਇਕ ਤਾੜਨਾ ਭਰੀ ਚਿੱਠੀ ਭਿਜਵਾਈ ਗਈ ਸੀ ਅਤੇ ਮੁਹੰਮਦ ਅਮੀਨ ਖ਼ਾਨ ਦੇ ਪੁੱਤਰ ਕਮਰੁਦੀਨ ਖ਼ਾਨ, ਅਫਰਾ ਸਿਆਬ ਖ਼ਾਨ, ਮੁਜ਼ੱਫਰ ਖ਼ਾਨ, ਰਾਜਾ ਉਦਿਤ ਸਿੰਘ ਬੁੰਦੇਲਾ, ਰਾਜਾ ਗੋਪਾਲ ਸਿੰਘ ਭਦਾਵੜੀਆ ਆਦਿ ਨੂੰ ਅਬਦੁੱਸਮਦ ਖ਼ਾਨ ਦੀ ਸਹਾਇਤਾ ਲਈ ਭੇਜਿਆ ਗਿਆ ਸੀ। 'ਮਹਿਮਾ-ਪ੍ਰਕਾਸ਼', 'ਸੂਰਜ ਪ੍ਰਕਾਸ਼', 'ਚਹਾਰ ਗੁਲਸ਼ਨ', ਮੁਹੰਮਦ ਹਾਰਿਸੀ ਦੀ 'ਤਾਰੀਖ਼ਿ-ਮੁਹੰਮਦੀ' ਆਦਿ ਵਿੱਚ ਦਿੱਲੀ ਵਿੱਚ ਮਾਤਾ ਸੁੰਦਰੀ ਦੇ ਜੀਵਨ ਪਾਲਕ-ਪੁੱਤਰ ਅਜੀਤ ਸਿੰਘ ਦੇ ਕਾਰਨਾਮਿਆਂ, ਮਾਤਾ ਸੁੰਦਰੀ ਵਲੋਂ ਅਜੀਤ ਸਿੰਘ ਦੀ ਬੇਦਖ਼ਲੀ ਉਸ ਦੇ ਇਕ ਬੇ ਨਵਾ ਫ਼ਕੀਰ ਨੂੰ ਮਾਰ ਦੇਣ ਦੇ ਕਾਰਨ ਫੜੇ ਅਤੇ ਮਾਰੇ ਜਾਣ ਅਤੇ ਉਸ ਦੇ ਪੁੱਤਰ ਹਠੀ ਸਿੰਘ ਦੇ ਮਥਰਾ ਲਿਜਾਏ ਜਾਣ ਸੰਬੰਧੀ ਕਾਫ਼ੀ ਵੇਰਵੇ ਸਹਿਤ ਹਾਲਾਤ ਦਿੱਤੇ ਹੋਏ ਹਨ, ਪਰ ਬਾਦਸ਼ਾਹ ਫ਼ੱਰੁਖ਼-ਸੀਅਰ ਨਾਲ ਲਿਖਾ ਪੜ੍ਹੀ ਜਾਂ ਗੱਲ-ਬਾਤ ਦਾ ਇਨ੍ਹਾਂ ਵਿੱਚ ਉੱਕਾ ਹੀ ਕੋਈ ਜ਼ਿਕਰ ਨਹੀਂ। ਕਿਸੇ ਭਰੋਸੇ ਯੋਗ ਗਵਾਹੀ ਤੋਂ ਬਗ਼ੈਰ ਇਸ ਗੱਲ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਅਤੇ ਇਕ ਮਨ-ਘੜਤ ਕਲਪਨਾ ਤੋਂ ਬਿਨਾਂ ਇਸ ਦਾ ਕੋਈ ਮੁੱਲ ਨਹੀਂ। ਮੂਲਮ ਹੁੰਦਾ ਹੈ ਕਿ ਭੰਗੂ ਰਤਨ ਸਿੰਘ ਦੇ ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਇਨ੍ਹਾਂ ਸਬੰਧੀ ਜ਼ਿਕਰ ਕਿਸੇ ਗ਼ਲਤ ਖ਼ਬਰ ਦੇ ਅਧਾਰ ਉੱਤੇ ਹੈ, ਸਚਾਈ ਉੱਤੇ ਉੱਕਾ ਹੀ ਨਹੀਂ।"ਬੰਦਾ ਸਿੰਘ ਵਲੋਂ ਗਿਆਰਵਾਂ ਗੁਰੂ

ਅਖਵਾਉਣ, ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਗੱਦੀ ਲਾ ਕੇ ਬੈਠਣ, ਚੌਰ ਕਰਵਾਉਣ ਅਤੇ ਦਰਸ਼ਨੀ ਫਤਿਹ ਬੁਲਾਉਣ ਆਦਿ ਬੰਦਾ ਸਿੰਘ ਵਿਰੁਧ ਲਾਏ ਜਾਣ ਵਾਲੇ ਦੂਸ਼ਨਾਂ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਸ. ਗੰਡਾ ਸਿੰਘ ਜੀ ਪੰਨਾ ੧੭੧-੭੨ 'ਤੇ ਐਉਂ ਲਿਖਦੇ ਹਨ-"ਅਭੁੱਲ ਤਾਂ ਕੇਵਲ ਕਰਤਾਰ ਅਤੇ ਗੁਰੂ ਹੀ ਹੈ, ਬੰਦਾ ਸਿੰਘ ਗੁਰੂ ਨਹੀਂ ਸੀ, ਜਿਸ ਨੂੰ ਅਭੁੱਲ ਕਿਹਾ ਜਾਵੇ। ਹਰ ਮਨੁੱਖ ਭੁਲਣਹਾਰ ਹੈ। ਇਕ ਛੋਟੀ ਜੇਹੀ ਨਿਗੂਣੀ ਗੱਲ ਨੂੰ ਹੱਦੋਂ ਪਰੇ ਵਧਾ ਕੇ ਦੂਸਰੇ ਅਨੇਕਾਂ ਗੁਣਾਂ ਉੱਤੇ ਪਰਦਾ ਪਾ ਦੇਣਾ ਨਿਆਇ ਨਹੀਂ। ਇਹ ਠੀਕ ਹੈ ਕਿ ਬੰਦਾ ਸਿੰਘ ਨੇ 'ਫਤਿਹ ਦਰਸ਼ਨ' ਦਾ ਜੈਕਾਰਾ ਵਰਤਣਾ ਸ਼ੁਰੂ ਕੀਤਾ ਸੀ, ਪਰ ਇਹ ਉਸ ਦੀ ਕਦੀ ਭੀ ਮਨਸ਼ਾ ਨਹੀਂ ਸੀ ਕਿ ਇਸ ਨੂੰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਦੀ ਥਾਂ ਵਰਤਿਆ ਜਾਵੇਗਾ, ਪਰ ਚੂੰਕਿ ਹੌਲੀ ਹੌਲੀ ਇਸ ਦੇ 'ਵਾਹਿਗੁਰੂ ਜੀ ਕੀ ਫਤਿਹ' ਦੀ ਥਾਂ ਵਰਤੇ ਜਾਣ ਦਾ ਡਰ ਪੈ ਗਿਆ ਜਾਪਦਾ ਹੈ, ਇਸ ਲਈ ਖਾਲਸੇ ਨੇ ਇਸ ਨੂੰ ਅਪ੍ਰਵਾਣ ਕਰ ਦਿੱਤਾ। ਬੰਦਾ ਸਿੰਘ ਨੇ ਇਸ ਨੂੰ ਜਾਰੀ ਰੱਖਣ ਲਈ ਕੋਈ ਅੜੀ ਨਹੀਂ ਕੀਤੀ, ਇਸ ਲਈ ਇਸ ਸਬੰਧ ਵਿੱਚ ਬੰਦਾ ਸਿੰਘ ਅਤੇ ਖਾਲਸੇ ਦੇ ਦਰਮਿਆਨ ਕੋਈ ਮਤ-ਭੇਦ ਭੀ ਨਹੀਂ ਹੋਇਆ। ਇਸ ਤੋਂ ਬਿਨਾਂ ਹੋਰ ਕੋਈ ਵੀ ਗੱਲ ਉਸ ਦੇ ਵਿਰੁਧ ਨਹੀਂ ਕਹੀ ਜਾ ਸਕਦੀ। ਉਸ ਨੇ ਕਦੇ ਭੀ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਥਾਂ ਗੁਰੂ ਨਹੀਂ ਕਹਾਇਆ ਅਤੇ ਨਾ ਹੀ ਦਰਬਾਰ ਸਾਹਿਬ ਵਿੱਚ ਗੁਰੂ ਦੀ ਥਾਂ ਗਦੈਲਾ ਲਾ ਕੇ ਬੈਠਣ ਦੀ ਗੱਲ ਵਿੱਚ ਕੋਈ ਸੱਚਾਈ ਹੈ। ਜਦ ਉਹ ਅੰਮ੍ਰਿਤਸਰ ਜਾ ਹੀ ਨਹੀਂ ਸਕਿਆ ਤਾਂ ਹੋਰ ਕੋਈ ਗੱਲ ਹੋ ਹੀ ਨਹੀਂ ਸਕਦੀ। ਸਭ ਤੋਂ ਵੱਡੀ, ਵਧੀਆ ਅਤੇ ਭਰੋਸੇ ਯੋਗ ਗਵਾਹੀ ਇਸ ਨੁਕਤੇ ਪਰ ੧੨ ਪੋਹ ਸੰਮਤ ੧ (੧੨ ਸਤੰਬਰ ਸੰਨ ੧੭੧੦) ਦੇ ਹੁਕਮਨਾਮੇ ਵਿੱਚ ਬੰਦਾ ਸਿੰਘ ਦੇ ਆਪਣੇ ਸ਼ਬਦ ਹਨ ਜਿਨ੍ਹਾਂ ਵਿੱਚ ਗੁਰੂ ਸਾਹਿਬ ਦਾ ਜ਼ਿਕਰ ਆਪਣੇ ਆਪ ਤੋਂ ਬਿਲਕੁਲ ਵੱਖਰਾ ਆਉਂਦਾ ਹੈ। 'ਗੁਰੂ' ਸ਼ਬਦ ਵੱਖਰਾ ਆਉਂਦਾ ਹੈ ਅਤੇ ਆਪਣੇ ਲਈ ਉਸ ਨੇ 'ਮੇਰਾ' ਸ਼ਬਦ ਵੱਖਰਾ ਵਰਤਿਆ ਹੋਇਆ ਹੈ। ਉਹ ਹੁਕਮ-ਨਾਮਾ ਉਸ ਨੇ 'ਗੁਰੂ' ਦੇ ਨਾਉਂ 'ਤੇ ਜਾਰੀ ਕੀਤਾ ਹੈ, ਗੁਰੂ ਦੀ ਹੈਸੀਅਤ ਵਿੱਚ ਨਹੀਂ। ਉਥੇ ਸ਼ਬਦ ਸਪਸ਼ਟ ਹਨ ਕਿ "ਸਰਬਤ ਖਾਲਸਾ ਜਉਨਪੁਰ ਕਾ ਗੁਰੂ ਰੱਖੇਗਾ। ਗੁਰੂ ਗੁਰੂ ਜਪਣਾ......ਤੁਸੀਂ ਅਕਾਲ ਪੁਰਖ ਦਾ ਖਾਲਸਾ ਹੋ। ਮੇਰਾ ਹੁਕਮ ਹੈ ਜੋ ਖਾਲਸੇ ਦੀ ਰਹਿਤ ਰਹੇਗਾ ਤਿਸ ਦੀ ਗੁਰੂ ਬਾਹੁੜੀ ਕਰੇਗਾ।"

ਹੁਕਮ ਮੁਲਕ ਮੈਂ ਬੰਦੇ ਕੇਰਾ,
ਹੁਤੋ ਚਲਤ ਤਬਿ ਗੌਰੈਂ।
ਬੰਦੇ ਨੇ ਰਜਧਾਨੀ ਅਪਨੀ,
ਪੁਰਿ ਗੁਰਦਾਸ ਬਨਾਈ।
ਨਾਹਿਂ ਸਿਲਸਿਲਾ[1] ਟੂਟਨ ਦੀਨੋਂ,
ਰਾਖ੍ਯੋ ਮੁਲਕ ਦਬਾਈ ॥ ੧੧੫ ॥
ਤੱਤ ਖਾਲਸੇ ਲੂਟ ਕੂਟ ਪਰ,
ਕਮਰ ਖੁਸ਼ੀ ਹ੍ਵੈ ਬਾਂਧੀ।
ਬੰਦੇ ਤੌਰ ਫਰਯੋ ਨ੍ਰਿਪਨ ਕਾ[1],
ਛੋਡੀ ਔਰ ਉਪਾਧੀ।
ਹਾਕਮ ਸਿੱਖ ਬੰਦਈ ਬਨਾਏ,
ਮੁਲਕ ਬੀਚ ਤਬਿ ਜਾਨੋ।
ਸੱਤ੍ਰਾਂ ਸਏ ਬਹੱਤ੍ਰ ਮਾਂਹੀਂ,
ਭਈ ਗਾਥ ਯਹਿ ਮਾਨੋ ॥ ੧੧੬ ॥
ਛਲੇ ਜੈਸ ਤੁਰਕਨ ਕੇ ਛਲ ਸਿੰਘ,

[1](ਪ੍ਰਬੰਧ ਦਾ) ਕ੍ਰਮ ਤਰਤੀਬ।

[1]ਰਾਜਿਆਂ ਵਾਲਾ ਤ੍ਰੀਕਾ ਫੜ ਲਿਆ।

ਸੋ ਸਭਿ ਗਾਥ ਸੁਨੈ ਕੈ।
ਇਤੀ ਭਯੋ ਅਬਿ ਧਜਾਇ ਗਜਾਨ ਸਿੰਘ,
ਭਾਣਾ ਗੁਰੂ ਮਨੈ ਕੈ ॥੧੧੭॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਪੰਥ ਮੈਂ ਫੂਟ ਪਰਨ' ਬਰਨਨੰ ਨਾਮ ਚੌਦਸਮੋਂ ਬਿਸ੍ਰਾਮ ॥੧੪॥

੧੫. {ਬੰਦੇ ਨਾਲ ਲੜ ਕੇ ਤੁਰਕਾਂ ਦੀ ਹਾਰ, ਬੰਦੇ ਵੱਲੋਂ ਤੱਤ ਖਾਲਸੇ ਨਾਲ ਮੇਲ ਕਰਨ ਲਈ ਮੁਸਾਹਿਬ ਭੇਜਣੇ, ਪਰ ਤੱਤ ਖਾਲਸੇ ਵਲੋਂ ਬੰਦੇ ਦਾ ਵਿਰੋਧ}

ਦੋਹਰਾ:

ਸੁਰ ਰੰਜਨ ਗੰਜਨ ਅਸੁਰ,
ਭੰਜਨ ਭੁਵ ਕੋ ਭਾਰ[1]।

[1]ਦੇਵਤਿਆਂ ਨੂੰ ਪ੍ਰਸੰਨ ਕਰਨ ਵਾਲੀ ਦੈਂਤਾਂ ਨੂੰ ਨਾਸ ਕਰਨ ਵਾਲੀ (ਭੁਵ) ਧਰਤੀ ਦਾ ਭਾਰ (ਭੰਜਨ) ਦੂਰ ਕਰਨ ਵਾਲੀ।

ਸ੍ਰੀ ਭਗੌਤੀ ਸਿਮਰਹੋਂ,
ਜਯ ਜਯ ਜਨ ਸੁਖ ਕਾਰ[1] ॥੧॥

[1]ਸ੍ਰੀ ਭਗਉਤੀ (ਆਦਿ ਸ਼ਕਤੀ) ਨੂੰ ਯਾਦ ਕਰਦਾ ਹਾਂ ਜੋ ਦਾਸਾਂ ਨੂੰ ਸੁਖ ਦੇਣ ਵਾਲੀ ਤੇ (ਉਨ੍ਹਾਂ ਦੀ) ਜੈ ਜੈਕਾਰ ਕਰਾਉਣ ਵਾਲੀ ਹੈ।

ਸ੍ਵੈਯਾ:

ਸ਼ਕਤੀ ਪ੍ਰਭੁ ਕੀ ਜਗਤੀ ਪ੍ਰਤਿਪਾਲਕ,
ਮਾਲਕ ਬਿੱਸੁ ਤੁਹੀਂ ਪਟਰਾਨੀ[1]।

[1]ਤੂੰ ਹੀ ਵਾਹਿਗੁਰੂ ਦੀ ਸ਼ਕਤੀ ਹੈਂ, ਜਗਤ ਨੂੰ ਪਾਲਣ ਵਾਲੀ ਹੈਂ, ਸੰਸਾਰ ਦੀ ਮਾਲਕ ਤੇ ਪਟਰਾਣੀ ਹੈਂ।

ਰਹਿਂ ਦੀਨ ਅਦੀਨ ਸੁਰਾ ਸੁਰ ਸਿੱਧ,
ਰਿਖੀਸ ਮੁਨੀ ਸਫਰੀ ਜਿਮ ਪਾਨੀ[1]।

[1]ਗ਼ਰੀਬ ਤੇ (ਅਦੀਨ) ਅਮੀਰ, ਦੇਵਤੇ, ਦੈਂਤ, ਸਿੱਧ, ਵੱਡੇ ਰਿਸ਼ੀ ਤੇ ਮੁਨੀ (ਤੇਰੇ ਆਸਰੇ ਐਉਂ) ਰਹਿੰਦੇ ਹਨ ਜਿਵੇਂ ਪਾਣੀ ਦੇ ਆਸਰੇ (ਸਫਰੀ) ਮੱਛੀ (ਰਹਿੰਦੀ ਹੈ।)

ਹਰਿ ਗਯਾਨ ਬਖਾਨ ਕਹਾਂ ਕਰੀਏ,
ਸੁਰ ਤੀਨ ਪ੍ਰਬੀਨ ਜਿਸੈ ਅਗਵਾਨੀ[1]।

[1]ਗਿਆਨ ਸਿੰਘ (ਕਹਿੰਦਾ ਹੈ) (ਉਸ ਆਦਿ ਸ਼ਕਤੀ ਦਾ) ਕੀ ਕਥਨ ਕਰੀਏ, ਤਿੰਨ ਚਤੁਰ ਦੇਵਤੇ ਜਿਸ ਦੇ (ਅਗਵਾਨੀ) ਅੱਗੇ ਕੰਮ ਕਰਨ ਵਾਲੇ (ਨੌਕਰ) ਹਨ।

ਅਬਿ ਹੇ ਜਗ ਮਾਤ ਬਖਜਾਤ ਚਹੋਂ ਬਰ,
ਏਹੁ ਸੁਹਾਤ ਦਿਜੈ ਬਰ ਬਾਨੀ[1] ॥੨॥

[1]ਹੇ ਜਗਤ ਦੀ ਮਾਤਾ (ਵਾਹਿਗੁਰੂ ਜੀ ਦੀ ਆਦਿ ਸ਼ਕਤੀ) ਮੈਂ ਪ੍ਰਗਟ ਹੀ ਚਾਹੁੰਦਾ ਹਾਂ (ਕਿ ਆਪ ਮੈਨੂੰ) ਇਹੋ ਸੋਹਣਾ ਵਰ ਦਿਓ ਕਿ ਚੰਗੀ ਕਵਿਤਾ (ਲਿਖਾਂ)।

ਦੋਹਰਾ:

ਬੰਦੇ ਸੋਂ ਲਰਿ ਤੁਰਕ ਜਿਮ,
ਹਾਰ ਮਾਨ ਕਰਿ ਜਾਹਿਂ।
ਤੱਤ੍ਵ ਖਾਲਸੇ ਸੋਂ ਕਰੈਂ
ਮੇਲ, ਗਾਥ ਸੋ ਗਾਂਹਿਂ[1] ॥੩॥

[1]ਤੁਰਕ ਤੱਤ ਖਾਲਸੇ ਨਾਲ ਮੇਲ ਕਰਨਗੇ, ਉਹ ਕਥਾ ਕਹਾਂਗਾ।

ਦੋਹਰਾ:

ਬੰਦਈਅਨ ਗੁਰੁ ਸਿੰਘਨ ਕਾ,

ਆਪਸ ਮਾਂਹਿ ਬਿਬਾਦ[1]। — [1]ਝਗੜਾ।
ਭਯੋ ਸੁਨਯੋ ਤੁਰਕਨ ਤਬੈ,
ਬਾਢਜੋ ਅਤਿ ਅਹਿਲਾਦ[1] ॥੪॥ — [1]ਬਹੁਤ ਅਨੰਦ।
ਬਾਦਸ਼ਾਹਿ ਦਲ ਅਧਿਕ ਦੈ,
ਮੁਨਜਮ ਖਾਂ ਫੁਜਦਾਰ।
ਪਠਜੋ ਬਹਾਦਰ ਸਮਝਿ ਬਡ,
ਬੰਦੇ ਪਰ ਬਿਨ ਬਾਰ[1] ॥੫॥ — [1]ਬਿਨਾਂ ਦੇਰੀ ਤੋਂ।
ਆਇ ਲੋਹਗਢ ਢਿਗ ਲਰਜੋ,
ਮੁੱਨਜਮ ਖਾਂ ਬਲ ਧਾਰਿ।
ਬੰਦਾ ਸਰ ਨਹਿੰ[1] ਤਾਂਹਿ ਤੈ — [1]ਫਤਹ ਨਾ ਹੋਇਆ।
ਭਯੋ, ਗਯੋ ਵਹਿ ਹਾਰ ॥੬॥

ਕਬਿੱਤ:

ਸੁਨ ਕਰ ਬਾਤ ਯਾਹਿ ਦਿੱਲੀਪਤਿ ਪਾਤਿਸ਼ਾਹ,
ਰਹਜੋ ਚੌਕ[1] ਮਨ ਮਾਂਹਿ ਫੇਰ ਧੀਰ ਧਾਰ ਹੈ। — [1]ਸਾਵਧਾਨ, ਚੌਕੰਨਾ, ਹੁਸ਼ਿਆਰ।
ਮੁਹੰਮਦ ਅਮੀਨ ਖਾਂ, ਅਗਰ ਖਾਂ, ਜਹਾਨ ਖਾਂ,
ਹਮੀਦ ਖਾਨ ਆਦਿਕ ਪਠਾਏ ਸਰਦਾਰ ਹੈਂ।
ਸੈਨ ਲੈ ਅਪਾਰ ਸੰਗ ਧੌਂਸ ਮਾਰ ਕੈ ਸੁਰੰਗ[1], — [1]ਚੰਗੇ ਅਨੰਦ ਨਾਲ ਧੌਂਸੇ ਵਜਾ ਕੇ।
ਆਏ ਚਢ ਕੈ ਸਸੰਗ[1] ਖੌਫ ਮਨਿ ਧਾਰ ਹੈਂ। — [1]ਉਸ ਫ਼ੌਜ ਨਾਲ ਚੜ੍ਹ ਕੇ ਆਏ।
ਆਇ ਕੋਟ ਨੈਣੇ ਪਾਸ ਬੰਦੇ ਸਨ ਲਰੇ ਖਾਸ[1], — [1]ਬੰਦੇ (ਸਨ) ਸਾਥ (ਨਾਲ) (ਖਾਸ) ਆਪ ਲੜੇ।
ਧਰਾ ਪਰ ਲੋਹੂ ਮਾਸ ਬਿਥਰਜੋ ਅਪਾਰ ਹੈ[1] ॥੭॥ — [1]ਬਹੁਤਾ ਖਿੰਡਿਆ।
ਖੈਂਚ ਕ੍ਰਿਪਾਨਨ ਕਮਾਨਨ ਸੁ ਤਾਨ[1] ਜ੍ਵਾਨ, — [1]ਖਿੱਚ ਕੇ।
ਛੇਰ ਕੈ ਕਿਕਾਨਨ ਬਾਨਨ ਮੇਂਹ ਬਰਸੈਂ[1]। — [1]ਘੋੜਿਆਂ ਨੂੰ ਛੇੜ ਕੇ ਤੀਰਾਂ ਦਾ ਮੀਂਹ ਵਰ੍ਹਾਉਂਦੇ ਹਨ।
ਤਰਵਾਰ ਧਾਰਨ ਕੋ ਨੇਜਨ ਕਟਾਰਨ ਕੋ,
ਸੈਹਥੀ ਪ੍ਰਹਾਰਨ ਕੋ ਬਿੱਦਜਾ ਬਦਰਸੈਂ[1]। — [1]ਬਰਛੀ ਮਾਰਨ ਨੂੰ (ਇਸ) ਵਿੱਦਿਆ ਦੇ (ਬਿਦਰਸੈਂ) ਉਸਤਾਦ ਹਨ।
ਢਾਰਨ ਸੰਭਾਰਨ ਕੋ ਬੀਰਨ ਬੰਗਾਰਨ ਕੋ,
ਸਿੰਘਨ ਉਦਾਰਨ ਕੋ ਜੰਗ ਦਾਇ ਹਰਸੈਂ[1]। — [1]ਸ੍ਰੇਸ਼ਟ ਸਿੰਘਾਂ ਨੂੰ ਜੰਗ (ਹਰਸੈਂ) ਉਤਸ਼ਾਹ ਦੇਂਦਾ ਹੈ।
ਮਾਰ ਮਾਰ ਪਾਰਤ ਬਿਦਾਰਤ ਅਰਿਨ ਸਿੰਘ,
ਬੰਦੇ ਕੋ ਦਿਖਾਰਤ ਸੁ ਬਢਿ ਬਢਿ ਲਰਸੈਂ[1] ॥੮॥ — [1]ਮਾਰ ਲੌ ਮਾਰ ਲੌ ਦਾ (ਰੌਲਾ) (ਪਾਰਤ) ਪਾਉਂਦੇ ਸਿੰਘ ਵੈਰੀਆਂ ਨੂੰ (ਬਿਰਾਦਤ) ਨਾਸ ਕਰਦੇ ਹਨ, ਬੰਦੇ ਨੂੰ ਦਿਖਾ ਦਿਖਾ ਕੇ ਉਹ ਵਧ ਵਧ ਕੇ ਲੜਦੇ ਹਨ।

ਧਕਾ ਧਕੀ ਯਕਾ ਯਕੀ ਰੇਲ ਪੇਲ ਕੈ ਧਕੇਲ,
ਪਟੇ ਬਾਜੀ ਖੇਲ ਬੀਰ ਧੀਰ ਦੱਟ ਦੱਟ ਕੈ[1]।

[1](ਯਕਾ ਯਕੀ) ਇਕ ਦਮ ਧੱਕੋ ਧੱਕੀ ਹੋ ਕੇ (ਪੇਲ) ਦਬਾ ਕੇ (ਰੇਲ) ਚਲਾ ਕੇ ਤੇ ਧਕੇਲ ਕੇ ਧੀਰਜ ਵਾਲੇ ਸੂਰਮੇਂ (ਦੱਟ ਦੱਟ ਕੈ) ਦੌੜ ਦੌੜ ਕੇ ਗਤਕੇ-ਬਾਜ਼ੀ ਦਾ ਖੇਲ ਵਾਂਗ ਖੇਲਦੇ ਹਨ।

ਧਾਇ ਧਾਇ ਬੰਦੇ ਕੋ ਦਿਖਾਇ ਜਾਇ ਮਾਰੈਂ ਅਰਿ,
ਆਇ ਨਿਜ ਦਲ ਮੈਂ ਥਿਰਾਇਂ ਝੱਟ ਝੱਟ ਕੈ[1]।

[1]ਦੌੜ ਦੌੜ ਕੇ ਬੰਦੇ ਨੂੰ ਦਿਖਾ ਕੇ ਜਾ ਕੇ ਵੈਰੀਆਂ ਨੂੰ ਮਾਰਦੇ ਹਨ, ਛੇਤੀ ਛੇਤੀ ਆਪਣੇ ਦਲ ਵਿੱਚ ਆ ਟਿਕਦੇ ਹਨ।

ਹੱਥਨ ਪੈ ਹੱਥ ਮੱਥ ਸੱਥਲ ਬਖੇਰੇ ਧਰ,
ਰੱਥਿ ਕੈ ਬਿਰੱਥ ਜੱਥ ਕੱਥ ਸੱਟ ਸੱਟ ਕੈ[1]।

[1]ਹੱਥਾਂ ਉਤੇ ਹੱਥ (ਮੱਥ) ਸਿਰਾਂ ਉੱਤੇ ਸਿਰ ਤੇ ਪੱਟਾਂ ਉੱਤੇ (ਸੱਥਲ) ਪੱਟ ਧਰਤੀ 'ਤੇ ਖਿੰਡਾ ਦਿੱਤੇ, (ਰਥਿ) ਰਥੀ ਸੂਰਮਿਆਂ ਨੂੰ (ਕੈ ਬਿਰਥ) ਰਥਾਂ ਤੋਂ ਬਿਨਾਂ ਕਰ ਕੇ ਭਾਵ ਪੈਦਲ ਕਰ ਕੇ ਜਿੱਥੇ ਕਿੱਥੇ ਸਿੱਟ ਸਿੱਟ ਕੇ।

ਰੁੰਡਨ ਪੈ ਰੁੰਡ ਮੁੰਡ ਤੁੰਡਨ ਬਿਤੁੰਡ ਝੁੰਡ,
ਕੁੰਡ ਸ੍ਰੋਨ ਪੀਐਂ ਭੈਰੋਂ ਭੂਤ ਗੱਟ ਗੱਟ ਕੈ[1] ॥੯॥

[1]ਧੜਾਂ ਉੱਤੇ ਧੜ, ਸਿਰਾਂ ਉੱਤੇ ਸਿਰ, ਮੂੰਹਾਂ ਉੱਤੇ ਮੂੰਹ ਤੇ (ਝੁੰਡ) ਬਹੁਤੇ ਮੂੰਹਾਂ ਤੋਂ ਬਿਨਾਂ ਪਏ ਹਨ, ਲਹੂ ਦੇ ਕੁੰਡਾਂ (ਟੋਇਆਂ) ਚੋਂ ਭੈਰੋਂ ਤੇ ਭੂਤ (ਗੱਟ ਗੱਟ) ਦੀ ਅਵਾਜ਼ ਨਾਲ ਭਾਵ ਲਗਾਤਾਰ (ਲਹੂ) ਪੀਂਦੇ ਹਨ।

ਕੋਪ ਕੈ ਕਮਾਨ ਬਲਵਾਨ ਤਾਨ ਬੰਦੇ ਜ੍ਵਾਨ,
ਛੇਰ ਕੈ ਕਿਕਾਨ ਥਾਨ ਊਚ ਪੈ ਥਿਰਾਇ ਹੈ[1]।

[1]ਜਵਾਨ ਤੇ ਬਲਵਾਨ ਬੰਦਾ ਕ੍ਰੋਧ ਕਰ ਕੇ ਕਮਾਨ ਖਿੱਚ ਕੇ, ਘੋੜੇ ਨੂੰ ਛੇੜ ਕੇ ਉੱਚੇ ਥਾਂ 'ਤੇ ਬੈਠ ਗਿਆ।

ਛੋਰੇ ਸਰ ਖਰ ਸਮ ਮੇਂਹ ਅਰਿ ਦਲ ਪਰ,
ਤੱਕ ਤੱਕ ਡਾਰੇ ਸਰਦਾਰ ਬਡ ਘਾਇ ਹੈਂ[1]।

[1]ਵੈਰੀਆਂ ਦੇ ਦਲ ਉਪਰ ਮੀਂਹ ਵਾਂਗ ਤਿੱਖੇ ਤੀਰ ਛੱਡੇ, ਤੱਕ ਤੱਕ ਕੇ ਵੱਡੇ ਸਰਦਾਰ ਮਾਰ ਸੁੱਟੇ।

ਤੀਰ ਏਕ ਏਕ, ਦਸ ਦਸ ਬੀਰ ਧੀਰਨ ਕੇ,
ਚੀਰ ਕੈ ਸਰੀਰ ਪਾਰ ਪਰਤ ਗਿਰਾਏ ਹੈਂ[1]।

[1]ਇੱਕ ਇੱਕ ਤੀਰ ਦਸ ਦਸ ਧੀਰਜ ਵਾਲੇ ਸੂਰਮਿਆਂ ਦੇ ਸਰੀਰਾਂ ਨੂੰ ਚੀਰ ਕੇ ਪਾਰ (ਲੰਘ ਕੇ) ਡਿੱਗ ਪੈਂਦਾ ਹੈ।

ਛੂਟਤ ਸੁ ਧਾਰੈਂ ਖਰੀ ਸ੍ਰੋਨ ਔਨ ਸੀਚੈਂ ਪਰੀ,
ਮਸ਼ਕੈਂ ਸੁਰੰਗ ਭਰੀ ਕੈ ਫੁਹਾਰੇ ਭਾਇ ਹੈਂ[1] ॥੧੦॥

[1]ਲਹੂ ਦੀਆਂ ਚੰਗੀਆਂ ਧਾਰਾਂ ਛੁਟਦੀਆਂ ਹਨ, (ਪਰੀ) ਪੈ ਕੇ (ਔਨ) ਧਰਤੀ ਨੂੰ ਸਿੰਜਦੀਆਂ ਹਨ (ਜਾਣੋ) ਇਹ ਲਾਲਰੰਗ ਦੀਆਂ ਮਸ਼ਕਾਂ ਭਰੀਆਂ ਹੋਈਆਂ ਹਨ ਜਾਂ ਫੁਹਾਰੇ (ਭਾਏ) ਚੰਗੀ ਤਰ੍ਹਾਂ ਚਲ ਰਹੇ ਹਨ।

ਸਮਰ ਨਿਹਾਰ ਲੋਕ ਅਮਰ ਬਿਸੋਕ ਥਯੋ,
ਸਵਰ ਪਰੇਰੀ ਕਸ ਕਮਰ ਮਹੱਤ ਹੈਂ[1]।

[1]ਜੰਗ ਦੇਖ ਕੇ ਦੇਵ ਲੋਕ (ਬਿਸੋਕ) ਅਨੰਦ (ਸਹਿਤ) ਹੋ ਗਿਆ, (ਸਵਰ) ਸ਼ਿਵ ਦੀਆਂ ਪ੍ਰੇਰੀਆਂ ਹੋਈਆਂ (ਮਹੱਤ) ਬਹੁਤੀਆਂ ਕਮਰ-ਕਸੇ ਕਰਕੇ।

ਪਰੀ ਅਸਮਾਨਨ ਬਿਵਾਨਨ ਪਰੀ ਫਿਰਾਹਿਂ,
ਜ੍ਵਾਨਨ ਪਛਾਨਨ ਬਨਾਨਨ ਸ੍ਵਪੱਤਿ ਹੈਂ[1]।

[1]ਪਰੀਆਂ ਅਸਮਾਨਾਂ ਵਿੱਚ ਪਈਆਂ ਫਿਰਦੀਆਂ ਹਨ। ਸੂਰਮਿਆਂ ਨੂੰ ਪਛਾਣ ਕੇ ਆਪਣੇ ਪਤੀ ਬਣਾਉਂਦੀਆਂ ਹਨ।

ਬੀਰਨ ਕੋ ਬੀਰ ਰਸ ਬਾਢਾ ਅਤਿ ਗਾਢਾ, ਥਯੋ
ਰੁੱਦ੍ਰ ਸੁ ਠਾਢਾ ਆਇ ਚਾਢਾ ਮੋਦ ਅੱਤਿ ਹੈ[1]।

[1]ਸੂਰਮਿਆਂ ਨੂੰ ਬਹੁਤਾ ਬੀਰ-ਰਸ ਵਧਿਆ, ਸ਼ਿਵ ਜੀ ਆ ਕੇ ਖੜਾ ਹੋਇਆ (ਉਸ ਨੂੰ) ਬਹੁਤਾ ਅਨੰਦ ਚੜ੍ਹਿਆ।

ਖਾਵਤ ਖਵੀਸ ਖੇਤ ਖੋਪਰੀ ਖੰਗੁਰ ਕਰਿ,
ਕਾਲਕਾ ਕਪਾਲਿ ਭਰਿ ਸ੍ਰੋਂਣ ਗੱਟਕੱਤ ਹੈ[1]
॥ ੧੧ ॥

[1](ਖੇਤ) ਜੰਗ ਦੇ ਮੈਦਾਨ ਵਿੱਚ (ਖਵੀਸ) ਦੇਉ ਖੰਗੂਰੇ (ਮਾਰ ਮਾਰ ਕੇ) ਖੋਪਰੀਆਂ ਖਾਂਦੇ ਹਨ, ਕਾਲੀ ਦੇਵੀ (ਕਪਾਲ) ਖੋਪਰੀਆਂ ਭਰਕੇ ਲਹੂ ਨੂੰ (ਗੱਟਕੱਤ) ਗਟ ਗਟ ਪੀਂਦੀ ਹੈ।

ਕੱਟਤ ਸੁਭੱਟ ਵੱਟ ਕੈ ਕਸੀਸ ਝੱਟ ਪੱਟ,
ਹੱਟਤ ਨ ਲੱਟਤ ਸੁੱਟਤ ਫੱਟ ਘਾਲ ਕੈ[1]।

[1]ਸੂਰਮੇਂ (ਕਸੀਸ) ਕਚੀਚੀਆਂ ਵੱਟ ਕੇ ਝਟਾਪਟ ਕੱਟਦੇ ਹਨ, ਨਾ ਹਟਦੇ ਹਨ ਤੇ ਨਾ (ਲੱਟਤ) ਥੱਕਦੇ ਹਨ, (ਫੱਟ) ਜ਼ਖ਼ਮ ਪਾ ਕੇ ਭਾਵ ਜ਼ਖ਼ਮੀਂ ਕਰ ਕੇ ਸੁੱਟ ਦੇਂਦੇ ਹਨ।

ਹੱਲੇ ਪਰ ਹੱਲੇ ਕਰਿ ਸਿੰਘਨ ਅਵੱਲੇ ਤਰ[1],

[1]ਬਹੁਤੇ ਅਣੋਖੇ।

ਘੱਲੇ ਹੈਂ ਮੁਸੱਲੇ ਘਰ ਬੁਜੋ ਕਰਿ ਕਾਲ ਕੇ[1]।

[1]ਮੌਤ ਦੇ ਬੱਕਰੇ ਬਣਾ ਕੇ।

ਹੇਰਿ ਥਰਥੱਲੇ ਧੈਰ ਚੱਲੇ ਪੈਰ ਹੱਲੇ,
ਖੈਰ ਖੱਲੇ ਨ ਭਏ ਹੈਂ, ਦਲਮੱਲੇ ਭੱਲੇ ਸਾਲ ਕੇ[1]।

[1](ਸਿੰਘਾਂ ਵਲੋਂ ਪਾਈ) ਹਲਚਲੀ ਨੂੰ ਦੇਖ ਕੇ (ਤੁਰਕਾਂ ਦੇ) ਧੀਰਜ ਚਲੇ ਗਏ, ਪੈਰ ਹੱਲ ਗਏ, ਸੁਖ ਨਾਲ ਖੜੇ ਨਹੀਂ ਹੁੰਦੇ (ਇਉਂ ਸਿੰਘਾਂ ਨੇ) (ਸਾਲ ਕੇ) ਦੁਸ਼ਮਣ ਦੇ ਦਲ ਭਲੀ ਤਰ੍ਹਾਂ ਦਲਮਲ ਦਿੱਤੇ।

ਮਾਰਤ ਸੰਭਾਲ ਕੇ ਸੁ ਜਾਰਤ ਅਨਾਲਿ ਕੇ ਸੇ,
ਗਾਰਤ ਕਮਾਲ ਕੇ ਸੇ ਬਾਲਕ ਅਕਾਲ ਕੇ[1]
॥ ੧੨ ॥

[1]ਅਕਾਲ ਦੇ ਸਪੁੱਤਰ (ਸਿੰਘ ਆਪਣੇ ਸ਼ਸਤ੍ਰਾਂ ਨੂੰ) ਸੰਭਾਲ ਕੇ ਮਾਰਦੇ ਹਨ (ਅਨਾਲ ਕੇ) ਅੱਗ ਦੇ (ਸੇ) ਵਾਂਗ ਸਾੜ ਦੇਂਦੇ ਹਨ, (ਸੇ) ਉਹ (ਕਮਾਲ ਕੇ) ਬਹੁਤਿਆਂ ਨੂੰ (ਗਾਰਤ) ਗਾਲ ਦੇਂਦੇ ਹਨ।

ਏਕ ਤੀਰ ਮੰਤ੍ਰ ਕੈ ਬੀਰ ਜੁਤ ਬੀਰ ਬੰਦੇ,
ਛੋਰਯੋ ਸਧੀਰ ਭੀਰ ਤੁਰਕਨ ਬਿਸਾਲ ਪੈ[1]।

[1]ਬਹਾਦਰ ਬੰਦੇ ਨੇ ਇਕ ਤੀਰ ਮੰਤ੍ਰ ਪੜ੍ਹ ਕੇ ਬੀਰ ਦੇ ਸਣੇ ਧੀਰਜ ਨਾਲ ਤੁਰਕਾਂ ਦੀ ਬਹੁਤੀ ਭੀੜ 'ਤੇ ਛੱਡਿਆ।

ਸੂਰਤੈਂ ਭਯਾਨਕੈਂ ਕਿਤਾਨ ਕੈਂ ਪਰੇਤ ਭੂਤ,
ਆਨ ਕੈ ਦਿਖਾਨ ਕੈ ਡਰਾਨ ਕੈ ਕਰਾਲ ਪੈ[1]।

[1]ਕਿਤਨਿਆਂ ਹੀ ਭੂਤਾਂ ਪ੍ਰੇਤਾਂ ਦੀਆਂ ਭਿਆਨਕ ਸ਼ਕਲਾਂ (ਆਪਣੇ ਆਪ) ਆ ਕੇ ਦਿਖਾ ਕੇ ਭਿਆਨਕ ਡਰ ਦੇਂਦੀਆਂ ਹਨ।

ਜਾਨ ਕੋ ਬਚਾਨ ਕੋ ਤੁਕਾਨ ਕੋ ਬਨੀ ਹੈ ਆਇ,

ਧੂਰਤ ਬਿਸੂਰਤ ਝੂਰਤ ਭਗੇ ਚਾਲ ਪੈ[1]।

[1]ਤੁਰਕਾਂ ਨੂੰ ਆਪਣੀ ਜਾਨ ਬਚਾਉਣ ਦੀ ਬਣੀ ਹੈ, (ਧੂਰਤ) ਮੂਰਖ ਤੁਰਕ (ਬਿਸੂਰਤ) ਦੁਖੀ ਹੋ ਕੇ ਝੂਰਦੇ ਹੋਏ ਭੱਜੇ (ਚਾਲ ਪੈ) ਜਾਂਦੇ ਹਨ।

ਪ੍ਰਬਲ ਪ੍ਰਚੰਡ ਸਿੰਘ ਕੰਡ ਪੈ ਚਢੇ ਹੈਂ ਤਾਂਹਿ,
ਖੰਡ ਖੰਡ ਕੀਨੇ ਬਲਵੰਡਨ ਕੇ ਬਾਲ ਪੈ[1] ॥ ੧੩ ॥

[1]ਬਲੀ ਤੇ ਤਿੱਖੇ ਸਿੰਘ ਉਨ੍ਹਾਂ ਦੀ ਪਿੱਠ 'ਤੇ ਚੜ੍ਹੇ ਜਾਂਦੇ ਹਨ, ਆਪਣਾ (ਬਾਲ ਪੈ) ਬਲ ਪਾ ਕੇ (ਬਲਵੰਡ) ਬਹੁਤ ਬਲਵਾਨਾਂ ਦੇ ਟੁਕੜੇ ਟੁਕੜੇ ਕਰ ਦਿੱਤੇ।

ਛੀਨ ਅਸਬਾਬ ਲੀਨ ਸਿੰਘਨ ਤੁਕਾਨ ਪੀਨ,
ਛੋਰੇ ਦੀਨ ਕੈ ਅਧੀਨ ਮੀਨ ਜਯੋਂ ਤੁਫਾਇ ਕੈ[1]।

[1]ਸਿੰਘਾਂ ਨੇ ਤੁਰਕਾਂ ਦਾ (ਪੀਨ) ਬਹੁਤਾ ਸਾਮਾਨ ਖੋਹ ਲਿਆ, ਦੁਖੀ ਤੇ ਆਪਣੇ ਅਧੀਨ ਕਰ ਕੇ ਮੱਛੀ ਵਾਂਗ ਤੜਫਾ ਕੇ ਛੱਡੇ।

ਦੁਹੂੰ ਓਰ ਤੈ ਕਿਤਾਨ ਤਹਾਂ ਮਰੇ ਅੱਸ੍ਰ ਜ੍ਵਾਨ,
ਗਏ ਲੈ ਕਰਿ ਸੋ ਜਾਨ ਦੌਰੇ ਜੋਊ ਦਹਿਲਾਇ ਕੈ[1]।

[1]ਡਰ ਕੇ, ਕੰਬ ਕੇ।

ਜਖਮੀ ਥੇ ਜੇਤਿਕ ਸੰਭਾਰੇ ਬੰਦੇ ਤੇਤਿਕ,
ਇਨਾਮ ਦਯੋ ਕੇਤਿਕ, ਸਭੀ ਕੋ ਮੋਦ ਪਾਇ ਕੈ।
ਸੈਰੁਲ-ਮੁਤਾਖਰੀਨ ਨਾਮ ਕੋ ਕਿਤਾਬ ਏਕ,
ਤਾਹੂੰ ਮੈਂ ਪ੍ਰਸੰਗ ਏਹੁ ਲਿਖਯੋ ਬਹੁ ਭਾਇ ਕੈ[1] ॥ ੧੪ ॥

[1]ਬਹੁਤ ਤਰ੍ਹਾਂ ਨਾਲ ਭਾਵ ਵਿਸਥਾਰ ਨਾਲ।

ਫਤੇ ਪਾਇ ਬੰਦਾ ਆਯੋ ਧਾਮ ਹ੍ਵੈ ਅਨੰਦਾ,
ਕਿਯੋ ਕੁਣਕਾ ਅਮੰਦਾ[1] ਬਰਤਯੋ ਤਾਤਕਾਲ ਕੈ[2]।

[1]ਬਹੁਤਾ। [2]ਛੇਤੀ ਨਾਲ।

ਹੋਇ ਪਰਾਗੰਦਾ ਗਏ ਤੁਰਕ ਬੁਲੰਦਾ ਦੌਰ,
ਹਾਰ ਮਾਨਿ ਬੰਦਾ ਤੈ ਬਿਹਾਰ ਮੰਦਾ ਹਾਲ ਕੈ[1]।

[1](ਬੁਲੰਦਾ) ਬਹੁਤੇ ਤੁਰਕ ਬੰਦੇ ਤੋਂ ਹਾਰ ਮੰਨ ਕੇ ਆਪਣਾ (ਬਿਹਾਰ) ਕੰਮ ਕਾਰ ਦਾ ਮੰਦਾ ਹਾਲ ਕਰ ਕੇ (ਪਰਾਗੰਦਾ) ਖੇਰੂੰ ਖੇਰੂੰ ਹੋ ਕੇ ਦੌੜ ਗਏ।

ਮਾਰੇਗੇ ਅਮੀਨ ਖਾਂ ਜਹਾਨ ਖਾਨ ਸਰਦਾਰ,
ਆਏ ਥੇ ਜੋ ਦੇਹਲੀ ਤੈ ਕੋਪ ਸ੍ਵੈ ਬਿਸਾਲ ਕੈ[1]।

[1]ਆਪ ਬਹੁਤਾ ਕ੍ਰੋਧ ਕਰਕੇ।

ਸੁਨ ਕੈ ਹਵਾਲ ਤਬਿ ਹਾਕਮ ਲਾਹੌਰ ਕੇ ਨੈ,
ਰੁਸਤਮ ਖਾਂ ਸਪੂਤ ਪਠਯੋ ਆਂਖ ਲਾਲ ਕੈ ॥ ੧੫ ॥
ਨਾਦਰ ਬਹਾਦਰ ਲੈ ਸਾਦਰ ਸਿਪਾਹ ਚਾਹਿ,
ਜੰਗ ਕੀਨ ਪੀਨ ਫੌਜ ਮੌਜ ਦਰਿਆਵ ਸੋਂ[1]।

[1]ਅਨੋਖੇ ਬਹਾਦਰਰੁਸਤਮ ਖ਼ਾਂ ਨੇ (ਸਾਦਰ) ਨਿੱਡਰ (ਸਿਪਾਹ) ਸਿਪਾਹੀਆਂ ਦੀ ਦਰਿਆ ਦੀ ਲਹਿਰ ਵਰਗੀ ਫ਼ੌਜ ਨਾਲ ਲੈ ਕੇ (ਚਾਹਿ) ਉਤਸ਼ਾਹ ਨਾਲ ਤਕੜਾ ਜੰਗ ਕੀਤਾ।

ਦੋਇਕ ਪਹਿਰ ਜੰਗ ਕਹਰ ਜ਼ਹਿਰ ਥਯੋ,
ਲਹਿਰ ਸੇਂ ਬੰਦਾ ਤੌ ਲੌ ਸ਼ਹਿਰ ਤੈਂ ਆਵਸੋ[1]।

[1]ਦੋ ਕੁ ਪਹਿਰ (ਜ਼ਹਰ) ਗ਼ੁੱਸੇ ਨਾਲ (ਕਹਰ) ਲੋਹੜੇ ਦਾ ਜੰਗ ਹੋਇਆ, ਤਦੋਂ ਤੱਕ ਬੰਦਾ (ਲਹਿਰ ਸੈਂ) ਮੌਜ ਨਾਲ ਸ਼ਹਿਰ ਵਲੋਂ ਆ ਗਿਆ।

ਹੇਰਿ ਜੰਗ, ਤੀਰ ਹੈਂ ਸਮੀਰ ਸੇ ਸਧੀਰ ਛੋਰੇ,
ਚੀਰ ਅਰਿ ਮੇਘ ਭੀਰ ਦਏ ਹੈ ਉਡਾਵਸੋ[1]।

[1]ਜੰਗ ਹੁੰਦਾ ਦੇਖ ਕੇ ਤੀਰ ਹਵਾ ਵਾਂਗ ਧੀਰਜ ਨਾਲ ਛੱਡੇ, ਵੈਰੀਆਂ ਦੀ ਭੀੜ ਨੂੰ ਚੀਰ ਕੇ ਬੱਦਲ ਵਾਂਗ ਉਡਾ ਦਿੱਤਾ।

ਘੋਰ ਡਰਿ ਪਾਇ ਸ਼ੋਰ ਦੌਰਗੇ ਲਹੌਰ ਓਰ,
ਚਲਯੋ ਨ ਦਾਵ ਖੁਦ ਗਯੋ ਖਾਇ ਘਾਵ ਸੋ[1] ॥੧੬॥

[1]ਬਹੁਤਾ ਡਰ ਕੇਰੌਲਾ ਪਾ ਕੇ ਲਾਹੌਰ ਦੀ ਤਰਫ਼ ਦੌੜ ਗਏ, ਕੋਈ ਦਾਅ ਨਾ ਚਲਿਆ (ਸਗੋਂ) ਆਪ ਜ਼ਖ਼ਮ ਖਾ ਕੇ ਗਿਆ।

ਤਬਿ ਲੌ ਪਹੁਚਯੋ ਜਾਇ ਸੈਨ ਲੈ ਵਜੀਰ ਖਾਨ,
ਨਾਜ਼ਮ ਸਰੂੰਦ ਕੋ ਪਠਾਨ ਕੋਪ ਠਾਨ ਹੈ[1]।

[1]ਸਰਹੰਦ ਦਾ ਸੂਬਾ ਪਠਾਣ ਕ੍ਰੋਧ ਕਰਕੇ।

ਦੋਊ ਦਲ ਮਿਲ ਫੇਰ ਲਰੇ ਬੰਦੇ ਸੰਗ ਢੇਰ[1],

[1]ਬਹੁਤੇ ਲੜੇ।

ਅਚਲ ਬਟਾਲੇ ਢਿਗ ਮਾਚਯੋ ਘਮਸਾਨ ਹੈ[1]।

[1]ਜੰਗ ਹੋਇਆ।

ਥਯੋ ਜੋਰ ਜੰਗ ਦੁਹੂੰ ਓਰ ਤੈ ਨਿਸੰਗ[1] ਘੋਰ[2],

[1]ਨਿੱਡਰ ਹੋ ਕੇ। [2]ਭਿਆਨਕ।

ਭਏ ਅੰਗ ਭੰਗ ਥੋਰ ਨਾ ਕਿਕਾਨ ਜ੍ਵਾਨ ਹੈਂ।
ਤਾਂਹੀਂ ਸਮੇਂ ਸੁਨੋਂ ਏਕ ਸਿੰਘ ਨੇ ਬਹਾਦਰੀ,
ਕਰੀ ਹੈ ਜੋਊ ਨਾਦਰੀ[1] ਸੋ ਸਾਦਰੀ[2] ਬਖਾਨ ਹੈਂ ॥੧੭॥

[1]ਅਣੋਖੀ। [2]ਆਦਰ ਨਾਲ।

ਚੌਪਈ:

ਸਿੰਘ ਏਕ ਨਾਹਰ ਸਿੰਘ ਨਾਮੀ।
ਬੰਦੇ ਢਿਗ ਤਬਿ ਹੁਤੋ ਮੁਦਾਮੀ[1]।

[1]ਹਮੇਸ਼ਾਂ ਰਹਿਣ ਵਾਲਾ।

ਸੋ ਬੰਦੇ ਕੀ ਆਗਿਆ ਪਾਏ।
ਧਸਜੋ ਤੁਰਕ ਦਲ ਮੈਂ ਤਬਿ ਧਾਏ ॥੧੮॥
ਨਾਜ਼ਮ ਹਾਕਮ ਖਾਨ ਬਜੀਰਾ।
ਹੁਤੋ ਨਿਵਾਜ਼ ਪਢਤ ਤਬਿ ਧੀਰਾ।
ਜਬਿ ਉਨ ਸਿਜਦੇ ਹਿਤ[1] ਸਿਰ ਨਾਯੋ[2]।

[1]ਨਮਸ਼ਕਾਰ ਵਾਸਤੇ। [2]ਨਿਵਾਇਆ।

ਨਾਹਰ ਸਿੰਘ ਢੁਕਯੋ ਢਿਗ ਜਾਯੋ ॥੧੯॥
ਤੇਗ ਬੇਗ ਹਤ[1] ਮੁੰਡ[2] ਉਤਾਰਾ।

[1]ਛੇਤੀ ਮਾਰ ਕੇ। [2]ਸਿਰ।

ਮਾਨਹੁ ਭੇਟ ਖੁਦਾਇ ਸੁਧਾਰਾ[1]।

[1]ਮਾਨੋਂ ਖ਼ੁਦਾ ਨੂੰ ਭੇਟਾ ਦੇਣ ਵਾਸਤੇ (ਸੁਧਾਰਾ) ਸਵਾਰ ਕੇਰਖਿਆ ਹੈ।

ਏਕ ਹਾਥ ਮੈਂ ਮੁੰਡ ਉਠੈ ਕੈ।
ਆਯੋ ਸਿੰਘ ਘਨਜੋਂ ਕੋ ਘੈ ਕੈ[1] ॥੨੦॥   [1]ਬਹੁਤਿਆਂ ਨੂੰ ਮਾਰ ਕੇ।
ਝੂਰਤ ਪਿਖਿ ਤੁਰਕੀ ਸਰਦਾਰਾ।
ਕੈਹੈਂ ਕਰਜੋ ਸਿੰਘ ਇਨ ਕਾਰਾ[1]।   [1]ਜ਼ੁਲਮ।
ਮੁੰਡ ਸਿੰਘ ਨੈ ਬੰਦੇ ਆਗੇ।
ਧਰਜੋ ਪੇਖਿ ਬੰਦੇ ਮੁਦ ਪਾਗੇ[1] ॥੨੧॥   [1]ਅਨੰਦ 'ਚ ਭਰ ਕੇ।
ਥਾਪੀ ਦੈ ਭੁਜ ਮੈਂ ਭਰ ਲੀਓ[1]।   [1]ਜਫ਼ੀ ਪਾ ਲਈ।
ਰਿੱਧਿ ਸਿੱਧਿ ਦੈ ਸੰਮ੍ਰਥ[1] ਕੀਓ।   [1]ਸ਼ਕਤੀ ਵਾਲਾ।
ਕਰਜੋ ਨਿਹਾਲ, ਸਾਂਤਿ ਚਿਤ ਥੈ ਕੈ[1]।   [1]ਹੋ ਕੇ।
ਭਯੋ ਸੰਤ ਸਭਿ ਇੱਛਿ ਤਜੈ ਕੈ[1] ॥੨੨॥   [1]ਇੱਛਾ ਛੱਡ ਕੇ।
ਐਸੀ ਐਸੀ ਬਹੁ ਬਹਾਦਰੀ।
ਕਰਤੇ ਤਬਿ ਸਭਿ ਸਿੰਘ ਨਾਦਰੀ[1]।   [1]ਅਣੋਖੀ।
ਯਹਿ ਤੌਂ ਏਕ ਮਿਸਾਲ ਬਖਾਨੀ[1]।   [1]ਉਦਾਹਰਣ ਕਹੀ ਹੈ।
ਹੁਤੇ ਸਿੰਘ ਤਬਿ ਐਸ ਮਹਾਨੀ ॥੨੩॥
ਜਬਿ ਬਜੀਰ ਖਾਂ ਕਾ ਸਿਰ ਕੱਟਜੋ।
ਪਿਖਿ ਉਰ ਤੁਰਕਨ ਕਾ ਤਬਿ ਫੱਟਜੋ।
ਆਪਸ ਮਾਂਹਿ ਤੁਰਕ ਯੌਂ ਕਹਿਂ ਹੀਂ।
ਬੰਦੇ ਪਾਸ ਮੁਵੱਕਲ[1] ਰਹਿਂ ਹੀਂ ॥੨੪॥   [1]ਬੀਰ।
ਖਾਨ ਬਜੀਰਾ ਮਾਰਜੋ ਤਿਨ ਹੂੰ।
ਔਰ ਨ ਛੋਡੈਂ ਸੋ ਅਬਿ ਕਿਨ ਹੂੰ।
ਬੰਦਾ ਵਡੋ ਅਜਮਤੀ[1] ਪੀਰੈਂ।   [1]ਕਰਾਮਾਤੀ।
ਤੁਰਕਨ ਕੋ ਮਾਰੈ ਕਰਿ ਲੀਰੈਂ ॥੨੫॥
ਯਹਿ ਅਬਿ ਸਭਿ ਕਾ ਕਰਿ ਹੈ ਨਾਸੈਂ।
ਦੌਰ ਚਲੋ ਕਿਤ ਲੈ ਨਿਜ ਸ੍ਵਾਸੈਂ।
ਇਤ ਉਤ ਕਿਤ[1] ਤਬਿ ਸਭਿ ਤੁਰਕਾਨੀ।   [1]ਏਧਰ, ਓਧਰ, ਕਿਧਰੇ।
ਗਈ ਦੌਰ ਡਰ ਧਾਰਿ ਮਹਾਨੀ ॥੨੬॥
ਸੱਤ੍ਰਾਂ ਸਏ ਬਹੱਤਰੇ ਮਾਂਹੀਂ।
ਭਏ ਜੰਗ ਤੀਨੋ ਤਬਿ ਯਾਹੀ।
ਸ਼ਾਹਿ ਸਾਰ[1] ਪਾਈ ਯਹਿ ਜਬਿ ਹੀ।   [1]ਖ਼ਬਰ।
ਭਯੋ ਦੁਖੀ ਮਨ ਮੈਂ ਅਤਿ ਤਬਿ ਹੀ ॥੨੭॥

ਬੋਲਿ ਅਮੀਰ ਵਜੀਰਨ ਤਾਂਈਂ।	
ਯਾ ਬਿਧਿ ਫੇਰ ਸਲਾਹਿ ਬਨਾਈ।	
ਬੰਦੇ ਤੈ ਨਜਾਰਾ ਜੋ ਭਯੋ।	
ਤੱਤ ਖਾਲਸਾ ਜਗ ਬਿਦਤਯੋ ॥੨੮॥	
ਤਿਨ ਕੇ ਸੰਗ ਮੇਲ ਅਬਿ ਪਾਈਏ।	
ਤਿਨ ਕੋ ਬੰਦੇ ਸੰਗ ਲਰਾਈਏ।	
ਦੁਸ਼ਮਨ ਕੀ ਛਾਤੀ ਸੋਂ ਸਾਂਪੈ[1]।	[1]ਸੱਪ।
ਦਿਹੁ ਚਿਪਟਾਇ[1] ਮਰੈ ਇਕ ਆਪੈ ॥੨੯॥	[1]ਚਿੰਬੇੜ ਦਿਓ।
ਯਹਿ ਜਬਿ ਆਪਸ ਮੈਂ ਲਰ ਪਰ ਹੈਂ।	
ਹਮ ਫਿਰ ਮਦਤ ਇਨ ਕੀ ਕਰਿ ਹੈਂ।	
ਯਹਿ ਜਬਿ ਲਰਿ ਬੰਦੇ ਕੋ ਮਾਰੈਂ।	
ਤਬਿ ਹਮ ਫਿਰ ਇਨ ਕੋ ਸੰਘਾਰੈਂ[1] ॥੩੦॥	[1]ਮਾਰ ਦਿਆਂਗੇ।
ਯੌਂ ਦੋਨੋ ਦੁਸ਼ਮਨ ਬਿਨ ਜਤਨੈਂ।	
ਮਰ ਹੈਂ ਹਮ ਮਾਲਕ ਹ੍ਵੈਂ ਬਤਨੈਂ[1]।	[1]ਦੇਸ ਦੇ।
ਤਾਂ ਤੇ ਤੱਤ ਖਾਲਸੇ ਸੰਗਾ।	
ਜਜੋਂ ਤਜੋਂ ਮੇਲ ਕਰੋ ਅਬਿ ਚੰਗਾ ॥੩੧॥	
ਯਹਿ ਸਲਾਹਿ ਕਰਿ ਤਿਨ ਮਜ਼ਬੂਤੈਂ[1]।	[1]ਪੱਕੀ ਸਲਾਹ।
ਤੱਤ ਖਾਲਸੇ ਢਿਗ, ਨਿਜ ਦੂਤੈਂ[1]।	[1]ਆਪਣੇ (ਵਕੀਲ) ਨੂੰ।
ਤਈਂ ਪਠਜੋ ਬਹੁ ਬਾਤ ਸਿਖਾਏ।	
ਦਾਵ ਘਾਵ ਉਤਰਾਵ ਚਢਾਏ[1] ॥੩੨॥	[1]ਦਾਅ ਘਾ ਤੇ ਉਤ੍ਰਾ ਚੜ੍ਹਾ ਕਰਕੇ।
ਸਾਮ[1] ਦਾਮ[2] ਕਰਿ ਭੇਦ[3] ਅਪਾਰੀ[11]।	[1]ਸੁਲ੍ਹਾ। [2]ਧਨ ਦੇ ਕੇ। [3]ਫੁੱਟ ਪਾ ਕੇ। [11]ਬਹੁਤ (ਜਤਨ ਕਰਕੇ)।
ਕਹਜੋ ਕਾਜ ਕਿਮ[1] ਲੇਹੁ ਸੁਧਾਰੀ।	[1]ਜਿਵੇਂ ਕਿਵੇਂ।
ਆਏ ਦੂਤ ਪੰਥ ਕੇ ਪਾਸੈਂ।	
ਪਠੇ ਸ਼ਾਹਿ ਨੈ ਯੌਂ ਲਿਖਿ ਖਾਸੈਂ[1] ॥੩੩॥	[1]ਆਪਣੇ ਵੱਲੋਂ।
ਹਮ ਤੁਮ ਸਭਿ ਗੁਰੁ ਘਰ ਕੇ ਸਿੱਖ ਹੈਂ।	
ਗਏ ਬਜ਼ੁਰਗ ਤੁਮਾਰੇ ਲਿਖ ਹੈਂ।	
ਬਾਬੇ ਔ ਬਾਬਰ ਕੇ ਦੋਊ।	
ਆਪ ਕਰੇ ਪਰਮੇਸਰ ਸੋਊ ॥੩੪॥	
ਤੁਮ ਬਾਬੇ ਕੇ ਬਾਬਰ ਕੇ ਹਮ।	
ਗੁਰੂ ਬਚਨ ਕਾ ਅਰਥ ਯਹੀ ਸਮ[1]।	[1]ਠੀਕ ਹੈ।

ਹੈ ਬੰਦਾ ਯਹਿ ਬੁੱਤ ਪਰਸਤੈਂ[1]।
[1]ਬੁੱਤ ਪੂਜਣ ਵਾਲਾ।

ਹਮ ਤੁਮ ਹੈਂ ਜੁਗ ਬੁੱਤ ਸ਼ਿਕਸਤੈਂ[1] ॥੩੫॥
[1]ਅਸੀਂ ਦੋਵੇਂ ਬੁੱਤਾਂ ਨੂੰ ਤੋੜਨ ਵਾਲੇ ਹਾਂ।

ਜਿਮ ਕੁਰਾਨ ਮੈਂ ਹਮਰੇ ਆਇਤ[1]।
[1]ਕੁਰਾਨ ਦਾ ਪਦ, ਮੰਤ੍ਰ, ਤੁਕ, ਵਾਕ।

ਤਿਮ ਤੁਮਰੇ ਗੁਰ ਲਿਖੀ ਹਕਾਯਤ[1] ॥੩੬॥
[1](ਫਾਰਸੀ ਵਿੱਚ) ਕਹਾਣੀਆਂ।

ਤਥਾ ਹੀ –

ਬੈਂਤ ਸ੍ਰੀ ਮੁਖਵਾਕ ਪਾਤਿਸ਼ਾਹੀ ੧੦* ॥
*ਜ਼ਫ਼ਰਨਾਮਹ, ਦਾਸਤਾਨ ੧ ਅੰਕ ੯੫, ਦਸਮ ਗ੍ਰੰਥ ਪੰਨਾ ੧੩੯੯

*ਮਨਮ ਕੁਸ਼ਤਨਮ ਕੋਹੀਆਂ ਬੁੱਤ ਪਰਸਤ[1]।
[1]ਬੁੱਤਾਂ ਦੀ ਪੂਜਾ ਕਰਨ ਵਾਲੇ (ਕੋਹੀਆਂ) ਪਹਾੜੀਆਂ ਨੂੰ (ਮਨਮ) ਮੈਂ (ਕੁਸ਼ਤਨਮ) ਮਾਰਦਾ ਹਾਂ।

ਕਿ ਓ ਬੁਤ ਪਰਸਤੰਦੁ ਮਨ ਬੁਤ ਸ਼ਿਕਸਤ[1]।
[1]ਕਿਉਂਕਿ ਉਹ ਬੁੱਤਾਂ ਦੀ ਪੂਜਾ ਕਰਨ ਵਾਲੇ ਹਨ ਤੇ ਮੈਂ ਬੁੱਤਾਂ ਨੂੰ (ਸ਼ਿਕਸਤ) ਤੋੜਨ ਵਾਲਾ ਹਾਂ।

ਬਚਨ ਤੁਮਾਰੇ ਗੁਰੁ ਯਹਿ ਜੋਈ।
ਕਹਜੋ ਮਾਨਣਾ ਚਹੀਏ ਸੋਈ।
ਅਰ ਅਬਿ ਇਹੁ ਸਭਿ ਸ਼ਰਤੋਂ[1] ਗੁਰੁ ਕੀ।
[1]ਗੁਰਾਂ ਦੀਆਂ ਸ਼ਰਤਾਂ ਤੋਂ।

ਝੂਠਾ ਭਯੋ ਸ਼ਕਤਿ ਖ੍ਵੈ ਉਰ ਕੀ ॥੩੭॥
ਅਰ ਇਨ ਅਪਨਾ ਪੰਥ ਚਲਾਯੋ।
ਗੁਰੁ ਕੇ ਪੰਥੈ ਚਹਿਤ ਘਟਾਯੋ।
ਜੇ ਇਹੁ ਬਹੁ ਦਿਨ ਜੀਵਤ ਰੈਹੈ।
ਜਗਤ ਤਈਂ ਕਿਛੁ ਸ਼ਕਤਿ ਦਿਖੈ ਹੈ ॥੩੮॥
ਲੋਗ ਲਗੈਂ ਸਭਿ ਇਸ ਕੇ ਪੀਛੇ।
ਬਨੈਂ ਮੁਰੀਦ ਇਸੀ ਕੇ ਤੀਛੇ[1]।
[1]ਤਿੱਖੇ, ਕੱਟੜ।

ਸਨੇ ਸਨੇ[1] ਕਿਛੁ ਦਿਨ ਇਮ ਪਾਈ।
[1]ਹੌਲੀ ਹੌਲੀ।

ਪੰਥ ਗੁਰੂ ਕਾ ਨਾਮ ਮਿਟਾਈ ॥੩੯॥
ਗੁਰੁ ਸਿਖ ਸਿਦਕੀ ਬ੍ਰਿਧ ਮਰੈ ਹੈਂ।
ਨਏ ਹੋਰ ਜਬਿ ਨਾਹਿਂ ਥਵੈ ਹੈਂ।
ਗ੍ਰੰਥ ਸਾਖੀਆਂ ਬਦਲ ਲਿਖੈ ਹੈਂ।
ਅਪਨਾ ਨਾਮ ਸਭੀ ਮੈਂ ਪੈਹੈਂ[1] ॥੪੦॥
[1]ਪਾ ਲੈਣਗੇ।

ਗੁਰ ਗਿਆਰਵਾਂ ਖੁਦ ਸਦਵੈ ਹੈ।
ਯੌਂ ਤੁਵ ਬਡਯਨ ਨਾਮ ਮਿਟੈ ਹੈ।
ਦਸਮ ਗੁਰੂ ਜਜੋਂ ਸਿੰਘ ਬਨਾਏ।
ਤੈਸ ਬੰਦਈ ਏਹੁ ਬਿਦਤਾਏ ॥੪੧॥

ਅਬਿ ਤੋ ਲਘੁ ਤਰੁ ਜਯੋਂ ਇਸ ਜਰ ਹੈ[1]। — [1]ਛੋਟੇ ਦਰੱਖ਼ਤ ਦੀ ਜੜ੍ਹ ਵਾਂਗ ਹੈ।
ਹਮ ਤੁਮ ਮਿਲਿ ਉਖੇਰ ਕਪ ਧਰ ਹੈਂ[1]। — [1]ਕੱਟ ਕੇਰਖ ਦਿਆਂਗੇ।
ਫੈਲੈ ਜਬਿ ਇਸ ਅਧਿਕ ਪ੍ਰਵਾਰੈਂ[1]। — [1]ਭਾਵ ਤਣੇ।
ਕੋਇ ਨ ਫਿਰ ਇਸ ਸਕੈ ਉਖਾਰੈ ॥੪੨॥
ਇਤਯਾਦਿਕ ਬਹੁ ਬਾਤ ਬਨੈ ਕੈ।
ਜਾਇ ਬਕੀਲੈਂ ਸਿੰਘੈਂ ਸੁਨੈ ਕੈ।
ਲਏ ਸਿੰਘਨ ਕੇ ਮਨ ਭਰਮਾਈ।
ਜੇਤਿਕ ਗਾਈ ਸਾਚ ਲਖਾਈ[1] ॥੪੩॥ — [1]ਜਿੰਨੀ ਗੱਲ ਵਕੀਲਾਂ ਨੇ ਕਹੀ ਸਿੰਘਾਂ ਨੇ ਸੱਚ ਜਾਣ ਲਈ।
ਅਰ ਲਾਲਚ ਦਿਖਰਾਏ ਔਰੈਂ।
ਦਏ ਖਿਲਤ ਬਡ ਬਡ ਕੋ ਗੌਰੈਂ[1]। — [1]ਬਾਦਸ਼ਾਹ ਵਲੋਂ ਵੱਡੇ ਵੱਡੇ ਪੁਸ਼ਾਕੇ ਵੱਡਿਆਂ ਜਥੇਦਾਰਾਂ ਨੂੰ ਦਿੱਤੇ।
ਦਸ ਹਜ਼ਾਰ ਰੁਪੱਯਾ ਸਲਾਨਾ।
ਖਰਚ ਸ਼ਾਹਿ ਤੈ ਮਿਲੈ ਬਖਾਨਾ ॥੪੪॥
ਲਾਲਚ ਦੈ ਇਮ ਬਾਤੈਂ ਕੈ ਕੈ[1]। — [1]ਕਰਕੇ।
ਕਰੇ ਮੋਮ ਸਿੰਘ ਤੁਰਕੈਂ ਜੈ ਕੈ।
ਸਿੰਘ ਹੁਤੇ ਤਬਿ ਭੋਲੇ ਭਾਲੇ।
ਤੁਰਕਨ ਕੇ ਛਲ ਨਾਹਿੰ ਨਿਹਾਲੇ[1] ॥੪੫॥ — [1]ਨਹੀਂ ਸਨ ਦੇਖੇ।
ਪੀਓ ਸ਼ਰਬਤ ਮਿਲਯੋ ਜ਼ਹਿਰ ਸੋਂ।
ਜਾਂਹਿ ਦੂਖ ਫਲ ਦਏ ਕਹਿਰ ਸੋਂ[1]। — [1]ਕਸ਼ਟਾਂ ਸਣੇ।
ਅਪਨੇ ਕਰ ਪਗ[1] ਆਪੇ ਕਾਟੇ। — [1]ਹੱਥ ਪੈਰ।
ਬੀਜੇ ਆਪ ਅਪਨ ਹਿਤ ਕਾਂਟੇ[1] ॥੪੬॥ — [1]ਕੰਡੇ।
ਨਿਜ ਕਰ ਪਰ ਤੁਰਕੈ ਸਿੰਘ ਚਾਰੇ[1]। — [1]ਤੁਰਕਾਂ ਨੇ ਸਿੰਘਾਂ ਨੂੰ ਆਪਣੇ ਹੱਥ ਤੇ ਚਾੜ੍ਹ ਲਿਆ।
ਬੰਧੇ ਨੀਤਿ ਕੇ ਜਾਲ ਮਝਾਰੇ[1]। — [1]ਨੀਤੀ ਦੇ ਜਾਲ ਵਿੱਚ ਬੱਝ ਗਏ।
ਸਾਮ[1] ਦਾਮ[2] ਕਰਿ ਭੇਦ ਉਪਾਏ[3]। — [1]ਸੁਲ੍ਹਾ। [2]ਰੁਪੱਯੇ ਦੇ ਕੇ। [3]ਫੁੱਟ ਪੈਦਾ ਕਰਕੇ।
ਹਿਤ ਅਨਹਿਤ[1] ਚਿਤ ਦੀਨ ਭੁਲਾਏ ॥੪੭॥ — [1]ਲਾਭ ਤੇ ਨੁਕਸਾਨ।
ਦੋਇ ਧੜੇ ਜਬਿ ਥੇ ਸਿੰਘ ਭਏ।
ਤੱਤ ਖਾਲਸਾ ਗਯੋ ਖਿੰਡਏ।
ਨਿਜ ਨਿਜ ਘਰੈਂ ਸਿੰਘ ਬਹੁ ਗਏ।
ਥੋੜੇ ਰਹੇ ਸੁਧਾਸਰ ਪਏ ॥੪੮॥
ਬਿਨਾਂ ਨਮਿੱਤੈਂ[1] ਅਰ ਰੁਜ਼ਗਾਰੈਂ। — [1]ਕਾਰਨ।

ਪੰਥ ਰਹੈ ਕਿਮ ਇਕਠਾ ਸਾਰੈਂ।
ਜੰਗ ਬੰਦੱਯਨ ਕੇ ਸੰਗ ਰੈਹੈਂ।
ਤਾਂ ਤੇ ਰਹੇ ਏਕਠੇ ਵੈਹੈਂ[1] ॥ ੪੯ ॥
[1]ਉਹ ਬੰਦਈ ਸਿੰਘ।
ਪੈ ਇਨ ਤੀਨ ਲੜਾਈਓ ਮਾਂਹੀਂ।
ਫਤੇ ਬੰਦੱਯਨ ਲਈ ਮਹਾਂਹੀਂ।
ਤੱਤ ਖਾਲਸੇ ਜਰਾ ਨ ਕਾਈ।
ਮੱਦਤ ਕੀਨੀ ਉਨੈ ਕਦਾਈ ॥ ੫੦ ॥
ਬਲਿਕੈ[1] ਹਾਰ ਦਿਵਾਵਨ ਮੈਂ ਹੀ।
[1]ਸਗੋਂ।
ਥੇ ਰਾਜ਼ੀ ਤੁਰਕੈਂ ਉਕਸੈਹੀ[1]।
[1]ਤੁਰਕਾਂ ਦੀ (ਉਕਸੈਹੀ) ਉਕਸਾਹਟ ਭਾਵ ਚੁੱਕ ਵਿੱਚ ਆ ਕੇ ਬੰਦਈਆਂ ਨੂੰ ਹਾਰ ਦਿਵਾਉਣ ਵਿੱਚਰਾਜ਼ੀਰਹਿੰਦੇ ਸਨ।
ਯਾਹੀਂ ਤੈ ਜੋ ਤੁਰਕੈਂ ਭਾਖਾ।
ਸੋਈ ਮਾਨਜੋ ਯੁਤਿ ਅਭਿਲਾਖਾ ॥ ੫੧ ॥

ਦੋਹਰਾ:
ਖਰਚ ਪਠਜੋ ਥਾ ਸ਼ਾਹਿ ਜੋ,
ਲਯੋ ਪੰਥ ਸੋ ਚਾਹਿ।
ਦਸ ਹਜ਼ਾਰ ਪੁਨ ਸਾਲ ਕਾ,
ਆਗੇ ਲਯੋ ਲਿਖਾਇ ॥ ੫੨ ॥

ਰਸਾਵਲ ਛੰਦ:
ਕਾਨ੍ਹ ਸਿਘ ਅਰ ਬਹਿਰ ਸਿੰਘ,
ਤੇਹਣ ਥੇ ਦੋਈ।
ਦਯਾਰਾਮ[1] ਬਿਨੋਦ ਸਿੰਘ,
[1](ਸਿੰਘ)।
ਭੱਲੇ ਲਖਿ ਸੋਈ।
ਬੁਢਾ ਸਿੰਘ, ਹਰਿਦੀਪ[1],
[1]ਦੀਪ ਸਿੰਘ।
ਹਰੀ ਸਿੰਘ, ਨੱਥਾ ਕੇਹਰ[1]।
[1]ਨੱਥਾ ਸਿੰਘ।
ਦਰਬਾਰਾ ਸਿੰਘ,
ਸੱਦਾ ਆਦਿਕ ਨਾਮੀ ਥੇ ਹਰਿ[1] ॥ ੫੩ ॥
[1]ਸੱਦਾ (ਹਰਿ) ਸਿੰਘ ਆਦਿਕ (ਨਾਮੀ) ਮਸ਼ਹੂਰ ਸਨ।
ਇਨੈ ਸੁਲ੍ਹਾ ਤੁਰਕਾਨ ਸੰਗ
ਜਬਿ ਥੀ ਕਰਿ ਲੀਨੀ।
ਬੰਦੇ ਨੇ ਤਬਿ ਪਾਇ ਸਾਰ[1],
[1]ਖਬਰ।
ਇਹੁ ਮਸਲਤ[1] ਕੀਨੀ।
[1]ਸਲਾਹ।

ਸਭਿ ਸਿੰਘਨ ਕੋ ਕਹਜੋ
ਕਰੋ ਤਕਰੇ ਹ੍ਵੈ ਤਿਆਰੀ।
ਅਬਿ ਹਮ ਤੈ ਸਭਿ ਤੁਰਕ
ਗਏ ਹੈਂ ਲਰ ਕਰਿ ਹਾਰੀ ॥੫੪॥
ਬਿਨਾਂ ਦੇਰ ਫਿਰ ਚਢੋ,
ਮਾਰ ਲਾਹੌਰ ਲਵੈ ਹੈਂ[1]।
ਜਬਿ ਲੌਂ ਤੁਰਕਨ,
ਤੱਤ੍ਵ ਖਾਲਸੇ ਤਈਂ ਲਿਐ ਹੈਂ।
ਇਮ ਸਲਾਹਿ ਕਰਿ ਚਢਜੋ,
ਜੰਗ ਸਾਮਾਨ ਘਨੋ ਲੈ।
ਗਯੋ ਕੂਚ ਦਰ ਕੂਚ,
ਸ਼ੀਘ੍ਰ ਕਰਿ ਮਨੋ ਤਨੋ ਲੈ ॥੫੫॥
ਬਣੀਏ ਕੇ ਪਿੰਡ ਪਾਸ,
ਖਾਸ ਉਤਰਜੋ ਜਬਿ ਜਾਈ।
ਸੂਬੇ ਅਬਦੁਲ ਸਮੁੰਦ ਖਾਨ,
ਤਬਿ ਖਬਰੈਂ ਪਾਈ।
ਫੌਜ ਪੰਦ੍ਰਾਂ ਸਹਿਸ
ਤੋਪ ਦਸ, ਸਾਜ ਬਨੈ ਕੈ[1]।
ਪਠਜੋ ਮੁਸੱਲਮ ਖਾਨ,
ਨਾਯਬੈਂ ਨਿਜ ਕੋ ਦੈ ਕੈ[1] ॥੫੬॥
ਪੁਨ ਨਿਜ ਮੱਦਤ ਹੇਤ,
ਖਾਲਸਾ ਤੱਤ੍ਵ ਬੁਲਾਯੋ।
ਮੀਰੀ ਸਿੰਘ, ਸੁਤ ਕਾਨ੍ਹ ਸਿੰਘ
ਕਾ, ਤਬਿ ਹੀ ਆਯੋ।
ਸਿੰਘ ਪਾਂਚ ਸੌ, ਸੰਗ ਤਾਂਹਿ
ਕੇ ਗਯੋ ਤਬੈ ਹੀ।
ਸੁਨਿ ਸੁਨਿ ਔਰੈ ਸਿੰਘ
ਦੇਸ ਕੇ, ਗਏ ਸਬੈ ਹੀ ॥੫੭॥
ਦੋਇ ਹਜ਼ਾਰਕ ਸਿੰਘ,
ਭਯੋ ਇਕਠਾ ਢਿਗ ਸੂਬੈਂ।

[1]ਲਾਹੌਰ ਮਾਰ ਲਵਾਂਗੇ।

[1]ਪੰਦਰਾਂ ਹਜ਼ਾਰ ਫ਼ੌਜ, ਦਸ ਤੋਪਾਂ ਤੇ ਹੋਰ ਸਾਮਾਨ ਬਣਾ ਕੇ।

[1]ਆਪਣੇ ਛੋਟੇ ਸੂਬੇ ਨੂੰ ਦੇ ਕੇ।

ਖੁਸ਼ੀ ਹੋਇ ਤਿਨ ਲਯੋ
ਰਾਖ, ਕਰਿ ਖਾਤਰ ਖੂਬੈਂ[1] ॥੫੮॥
$ਏਕ ਰਜਤਪਣ ਕਰਜੋ ਰੋਜ
ਅਸਵਾਰਨ ਕੇਰੋ।
ਛੈ ਆਨੇ ਤਿਸ ਕਰੇ,
ਰੋਜ ਪਜਾਦੇ ਕੇ ਹੇਰੋ।
ਮੀਰੀ ਸਿੰਘ ਕੇ ਕਰੇ,
ਰਜਤਪਣ ਪਾਂਚ ਹਮੈਸੇ।
ਚਾਰ ਹਜ਼ਾਰਕ ਸਿੰਘ ਰਖਜੋ,
ਤਿਨ ਨਿਜ ਢਿਗ ਐਸੇ ॥੫੯॥
ਇਤ ਤੈ ਬੰਦਾ ਗਯੋ,
ਸੈਨ ਲੈ ਅਪਨ ਅਪਾਰੀ।
ਉਤ ਤੈ ਨਾਜ਼ਮ, ਪਟੀ
ਫੌਜ ਲਾਹੌਰੋਂ ਭਾਰੀ* ॥੬੦॥

[1]ਚੰਗੀ ਸੇਵਾ ਕਰਕੇ।

*'ਏਕ ਰਜਤਪਣ' ਤੋਂ 'ਲਾਹੌਰੋਂ ਭਾਰੀ' ਤੱਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ।

ਦੋਹਰਾ:
ਸ਼ਾਲਾ ਮਾਰ ਜੁ ਬਾਗ ਢਿਗ,
ਗਾਮ ਪੁਰਾ ਬਗਵਾਨ[1]।
ਬੰਦੇ ਕਾ ਤੁਰਕਾਨ ਸੈਂ,
ਮਾਚਜੋ ਜੰਗ ਮਹਾਨ ॥੬੧॥

[1]ਬਾਗਬਾਨ ਪੁਰਾ।

ਅੜਿੱਲ:
ਚੱਲੈਂ ਤੋਪ ਜੰਬੂਰੇ[1], ਤੁਰਕਨ ਓਰ ਤੈ।
ਇਤ ਤੈ ਲਰੈਂ ਬੰਦਈ, ਬੰਦੇ ਕੇ ਜੋਰ ਤੈ।
ਤਕ ਤਕ ਤਜੈਂ ਬੰਦੂਕ, ਅਚੂਕ[1] ਅਪਾਰ ਹੀ।
ਹੋ ਮਚਜੋ ਜੰਗ ਅਤਿ ਘੋਰ, ਜੋਰ ਬਹੁ ਭਾਰ ਹੀ[1] ॥੬੨॥
ਗਯੋ ਪੂਰ ਨਭ ਧੂਰ, ਸੂਰ ਕੋ ਨੂਰ ਦਬ[1]।
ਲਰਤ ਸੂਰ ਰਿਸ ਪੂਰਿ, ਗਰੂਰਤ ਬੋਲਿ ਸਭਿ[1]।
ਮਚੀ ਮਾਰ ਬਹੁ ਸਚੀ, ਤਚੀ ਨਹਿੰ ਠੌਰ ਕਿਨ[1]।

[1]ਛੋਟੀਆਂ ਤੋਪਾਂ।
[1]ਨਿਸ਼ਾਨੇ 'ਤੇ ਠੀਕ ਲੱਗਣ ਵਾਲੀਆਂ।
[1]ਬਹੁਤੇ ਭਾਰੇ ਜ਼ੋਰ ਨਾਲ।
[1]ਅਕਾਸ਼ ਧੂੜ ਨਾਲ ਭਰ ਗਿਆ ਤੇ ਸੂਰਜ ਦਾ ਪ੍ਰਕਾਸ਼ ਦੱਬਿਆ ਗਿਆ।
[1]ਸੂਰਮੇਂ ਬਹੁਤੇ ਗ਼ੁੱਸੇ ਨਾਲ ਲੜਦੇ ਹਨ, ਸਾਰੇ ਹੰਕਾਰ ਨਾਲ ਬੋਲਦੇ ਹਨ।
[1]ਕਿਸੇ ਨੇ ਜਗ੍ਹਾ ਨਹੀਂ ਛੱਡੀ।

ਹੋ ਚਢੀ ਲੁੱਥ ਪੈ ਲੁੱਥ, ਜੁੱਥ ਕੋ ਸਕੈ ਗਿਨ[1] ॥ ੬੩ ॥
[1]ਲੋਥ ਤੇ ਲੋਥ ਚੜ੍ਹ ਗਈ (ਜੁੱਥ) ਲੋਥਾਂ ਦੇ ਢੇਰਾਂ ਨੂੰ ਕੌਣ ਗਿਣ ਸਕਦਾ ਹੈ।

ਸੰਖ ਨਾਰੀ ਛੰਦ:

ਦੁਹੂੰ ਓਰ ਜੁੱਟੇ।
ਘਨੇ ਘਾਵ ਛੁੱਟੇ।
ਪਰੈਂ ਤੀਰ ਗੋਲੇ।
ਮਨੋ ਮੇਂਹ ਓਲੇ[1] ॥ ੬੪ ॥
[1]ਮੀਂਹ ਦੇ ਗੜੇ ਹਨ।
ਘਨੀ ਤੋਪ ਬਾਜੈਂ[1]।
[1]ਚਲਦੀਆਂ ਹਨ।
ਮਨੋ ਮੇਘ ਗਾਜੈਂ।
ਉਠੈਂ ਜੋ ਪਲੀਤੇ[1]।
[1]ਤੋੜੇ।
ਸਮੰ ਬੀਜਲੀ ਤੇ[1] ॥ ੬੫ ॥
[1]ਬਿਜਲੀ ਵਾਂਗ ਹਨ।
ਹਸੈਂ ਤੇਗ ਐਸੇ[1]।
[1]ਚਮਕਦੀਆਂ ਹਨ।
ਲਸੈਂ ਬੀਜ ਜੈਸੇ[1]।
[1]ਬਿਜਲੀ ਵਾਂਗ ਲਿਸ਼ਕਦੀਆਂ ਹਨ।
ਕਹੂੰ ਚੱਕ੍ਰ ਚਾਲੈਂ।
ਮਨੋ ਗਧੀ ਮਾਲੈਂ[1] ॥ ੬੬ ॥
[1]ਗਿਰਝਾਂ ਦੀਆਂ ਡਾਰਾਂ ਹਨ।
ਬਜੈਂ ਬਾਦ ਮਾਰੂ[1]।
[1]ਜੰਗੀ ਵਾਜੇ।
ਗਜੈਂ ਮੇਘ ਚਾਰੂ।
ਰਸੰ ਬੀਰ ਛਾਕੇ[1]।
[1]ਬੀਰਰਸ ਵਿੱਚ ਭਰੇ ਹੋਏ।
ਮਹਾਂ ਬੀਰ ਬਾਂਕੇ ॥ ੬੭ ॥
ਭਰੇ ਧੂਰ ਸੰਗੈਂ।
ਕਰੈਂ ਚੂਰ ਅੰਗੈਂ।
ਬਹੈਂ ਖੂਨ ਧਾਰੈਂ।
ਲਹੈਂ ਜਨੋਂ ਪ੍ਰਨਾਰੈਂ[1] ॥ ੬੮ ॥
[1]ਜਿਵੇਂ ਪ੍ਰਨਾਲੇ ਵਗਦੇ ਹਨ।
ਭਏ ਲਾਲ ਬਾਨੇ[1]।
[1]ਪੁਸ਼ਾਕੇ।
ਮਨੋ ਫਾਗ ਸਾਨੇਂ[1]।
[1]ਜਾਣੋ ਹੋਲੀ ਵਰਗੇ।
ਕਰੈਂ ਜੋਰ ਹੇਲੈਂ[1]।
[1]ਜ਼ੋਰ ਦੇ ਹੱਲੇ ਕਰਦੇ ਹਨ।
ਮਨੋ ਫਾਗ ਖੇਲੈਂ ॥ ੬੯ ॥
ਸ਼ਮੰਸ਼ੇਰ ਲੈ ਕੈ।
ਸਮੰ ਸ਼ੇਰ ਧੈ ਕੈ[1]।
[1]ਤਲਵਾਰ ਲੈ ਕੇ ਸ਼ੇਰ ਵਾਂਗ ਦੌੜ ਕੇ।
ਜਿਸੈ ਤੇਗ ਬਾਹੈਂ।

ਤਿਸੈ ਬੇਗ ਢਾਹੈਂ ॥੭੦॥
ਮਚਜੋ ਜੰਗ ਗਾਢਾ।
ਭਯੋ ਰੁੱਦ ਠਾਢਾ[1]। — [1]ਸ਼ਿਵ ਆ ਕੇ ਖੜਾ ਹੋਇਆ।
ਨਚੈਂ ਭੂਤ ਨਾਰੀ।
ਤਚੈਂ ਕਿੱਲਕਾਰੀ[1] ॥੭੧॥ — [1](ਖੁਸ਼ੀ 'ਚ) ਚੀਕਾਂ ਮਾਰਦੀਆਂ ਹਨ।

ਦੋਹਰਾ:
ਦੁਹੂੰ ਓਰ ਤੈ ਘੋਰ ਜਬਿ,
ਮਚਜੋ ਜੋਰ ਬਹੁ ਜੰਗ।
ਤਬਿ ਹੀ ਮੀਰੀ ਸਿੰਘ ਲੈ,
ਸਭਿ ਸਿੰਘਨ ਕੋ ਸੰਗ ॥੭੨॥

ਸ੍ਵੈਯਾ:
ਹੋਇ ਨਿਸੰਗ ਉਮੰਗ ਬਢਾਇ ਕੈ,
ਜੰਗ ਕੇ ਬੀਚ ਧਸਜੋ ਤਬਿ ਜਾਈ।
ਮਾਰ ਸਥਾਰ[1] ਬੰਦਈਅਨ ਕਾ ਤਿਨ — [1]ਢੇਰ ਕਰ ਦਿੱਤਾ।
ਕੀਨਹੁ, ਲੁੱਥ ਪੈ ਲੁੱਥ ਚਢਾਈ।
ਸੈਨ ਬੰਦੱਯਨ ਕੀ ਬਿਨ ਚੈਨ ਹ੍ਵੈ,
ਭਾਗ ਚਲੀ ਤਜਿ ਜੰਗ ਸਥਾਈ[1]। — [1]ਜੰਗ ਦਾ ਮੈਦਾਨ।
ਹੇਰਿ ਹਿਰਾਨ ਭਯੋ, ਤਬਿ ਪਾਨ ਲੈ[1] — [1]ਹੱਥ ਵਿੱਚ ਲੈ ਕੇ।
ਬੰਦਹਿ ਆਪ ਕਮਾਨ ਚਢਾਈ ॥੭੩॥
ਤੀਰ ਚਲਾਇ ਰਹਜੋ ਪੜ੍ਹਿ ਮੰਤਰ,
ਬੀਰ ਹਕਾਰ ਪਚਾਰ ਰਹਾ ਹੈ[1]। — [1]ਸੱਦ ਕੇ ਵੰਗਾਰ ਰਿਹਾ ਹੈ।
ਸੰਮੁਖ ਸਿੰਘਨ ਕੇ ਸੁ ਚਲੇ ਨਹਿੰ,
ਜਯੋਂ ਗਰੁੜੈ ਦਿਸ ਸਾਂਪ ਨ ਜਾਹੈਂ।
ਜਦਯਪਿ ਦੀਪ ਪ੍ਰਦੀਪਤ ਹ੍ਵੈ,
ਪਰ ਸੰਮੁਖ ਸਾਂਪ ਪ੍ਰਕਾਸ਼ਤ ਨਾਹੈਂ[1]। — [1]ਭਾਵੇਂ ਦੀਵਾ ਚੰਗੀ ਤਰ੍ਹਾਂ ਜਗ ਰਿਹਾ ਹੋਵੇ ਪਰ ਸੱਪ ਦੇ ਸਾਹਮਣੇ ਪ੍ਰਕਾਸ਼ ਨਹੀਂ ਕਰਦਾ।
ਮੱਤ ਕਰੀ ਤਰੁ ਪਾਰਤ ਹੈਂ ਦਿਢ,
ਅੱਗਰ ਕੇਹਰ ਨਾ ਗਰਜਾਹੈਂ[1] ॥੭੪॥ — [1]ਮਸਤ ਹਾਥੀ (ਦਿਢ) ਪੱਕੇ ਦਰੱਖਤਾਂ ਨੂੰ ਪਾੜ ਦੇਂਦੇ ਹਨ ਪਰ ਸ਼ੇਰ ਦੇ ਅੱਗੇ ਨਹੀਂ ਗੱਜਦੇ।
ਤੈਸ ਹੁਤੀ ਬਿਦਿਆ ਤਿਸ ਕੀ ਸਭਿ,
ਸਾਚ ਯਦੀ ਜਿਮ ਪੂਰਬ ਗਾਯੋ[1]। — [1]ਜਿਵੇਂ ਪਹਿਲਾਂ ਕਿਹਾ ਹੈ ਭਾਵੇਂ ਉਸੇ ਤਰ੍ਹਾਂ ਉਸ ਦੀ ਵਿੱਦਿਆ

ਸੱਚੀ ਸੀ।

ਐਪਰ ਨਾਹਿੰ ਚਲੀ ਗੁਰੁ ਪੰਥ ਪਰੈਂ[1], — [1]ਉੱਪਰ।
ਉਨ ਥਾ ਅਪਨੋ ਸਭਿ ਹੀ ਬਲ ਲਾਯੋ।
ਮਾਤ ਸਰਾਪ ਨੈਂ ਖਾਪ ਦਈ[1], — [1]ਖਪਾ ਦਿੱਤੀ, ਨਾਸ਼ ਕਰ ਦਿੱਤੀ।
ਕਰਮਾਤ ਗਈ ਤਬਿ ਛੂਛ ਰਹਾਯੋ[1]। — [1]ਖ਼ਾਲੀਰਹਿ ਗਿਆ।
ਤੌ ਫਿਰ ਬੰਦੇ ਨੈਂ ਜਾਨ ਲਯੋ,
ਬਲ ਮਾਤ ਕੇ ਸ੍ਰਾਪ ਨੈ ਮੋਹਿ ਗਵਾਯੋ ॥੭੫॥

ਦੋਹਰਾ:
ਬੰਦੇ ਕੀ ਜਬਿ ਸੈਨ ਸਭਿ,
ਗਈ ਭਾਗ ਤਜਿ ਜੰਗ।
ਬੰਦੇ ਕੋ ਭੀ ਦੌਰਨਾ,
ਬਨਯੋ ਤਬੈ ਤਿਸ ਸੰਗ ॥੭੬॥

ਸ੍ਵੈਯਾ:
ਯੌਂ ਜਬਿ ਬੰਦਹਿ ਪੀਠ ਦਈ,
ਤਬਿ ਸੈਨ ਭਈ ਤੁਰਕੈਨ ਪਿਛਾਰੀ।
ਪੈਰ ਜੰਮਯੋ ਨਹਿੰ ਫੇਰ ਕਹੂੰ,
ਲਰਤੇ ਭਿਰਤੇ ਬਹੁ ਆਇ ਅਗਾਰੀ।
ਕੋਸ ਛਿ ਸਾਤਕ ਤੈ ਹਟ ਫੌਜ ਗਈ,
ਤੁਰਕੈਂ ਸਭਿ ਸੌਜ ਸੰਭਾਰੀ[1]। — [1]ਤੁਰਕਾਂ ਨੇ ਸਾਰੀ ਸਮੱਗਰੀ ਸੰਭਾਲ ਲਈ।
ਡੇਰਾ ਕਰਯੋ ਤਹਿ ਠਾਂ ਤਬਿ ਬੰਦਹਿ,
ਸਾਰ ਲਈ ਨਿਜ ਦਾਸਨਿ ਸਾਰੀ ॥੭੭॥
ਜੇ ਜ਼ਖਮੀ ਤਹਿੰ ਆਇ ਪੁਗੇ[1], — [1]ਪੁੱਜ ਗਏ।
ਤਿਨ ਕੇਰ ਇਲਾਜ ਕਰਯੋ ਮਨ ਲਾਈ।
ਭੇਜ ਦਏ ਗੁਰੁਦਾਸ ਪੁਰੇ
ਪੁਨ ਆਪ ਬਟਾਲੇ ਥਿਰਯੋ ਤਬਿ ਆਈ।
ਜਾਨ ਲਯੋ ਦਿਢ ਬੰਦਹਿ ਨੈ,
ਕਰਾਮਾਤ ਗਈ ਮੁਹਿ, ਮਾਤ ਗਮਾਈ[1]। — [1]ਗਵਾ ਦਿੱਤੀ।
ਔਰ ਹਦਾਯਤ[1] ਪਾਂਚ ਕਰੀ ਗੁਰੁ — [1]ਸਿਖਿਆਵਾਂ, ਨਸੀਹਤਾਂ।
ਜੋ, ਵਹਿ ਪੈ ਸਭਿ ਦੀਨ ਗਵਾਈ ॥੭੮॥
ਨਾਂਹਿ ਰਹਯੋ ਜਤੁ ਔ ਸਤੁ ਹੈ,

ਅਰ ਪੰਥ ਚਲਾਇ ਗੁਰੂ ਕਹਿਲਾਯੋ।
ਬੇਅਦਬੀ ਗੁਰੁਦ੍ਵਾਰ ਕਰੀ,
ਥਿਰਿ ਗੱਦੀ ਪਰੈਂ[1] ਸਿਰਿ ਚੌਰ ਕਰਾਯੋ। — [1]ਗੱਦੀ ਉੱਤੇ ਬੈਠ ਕੇ।
ਔ ਬਿਗਰਯੋ ਗੁਰੁ ਪੰਥਹਿ ਸੋਂ,
ਇਹੁ ਚਾਰ ਗਏ ਇਕ ਸੱਚ ਰਹਾਯੋ।
ਪੋਥੀ ਹੁਤੀ ਨਿਧਿ[1] ਜੋ ਮੁਝ ਪੈ ਬਡ, — [1]ਵੱਡਾ (ਨਿਧਿ) ਖ਼ਜ਼ਾਨਾ ਸੀ।
ਸੋ ਪਤਿ-ਮੰਡੀ ਤਈਂ ਬਖਸ਼ਾਯੋ[1] ॥੭੯॥ — [1]ਬਖ਼ਸ਼ ਦਿੱਤੀ, ਦੇ ਦਿੱਤੀ।
ਬੰਦਾ ਹੁਤੋ ਦਿਲ ਸਾਫ ਫਕੀਰ,
ਸਹੀ[1] ਮਨ ਤਾਂਹਿ ਯਹੀ ਠਹਿਰਾਈ। — [1]ਠੀਕ ਗੱਲ।
ਹੈ ਸ਼ਕਤੀ ਗੁਰੁ ਪੰਥ ਵਿਖੈ ਵਡ,
ਸੋ ਮਮ ਲੀਨ ਭਲੇ ਅਜ਼ਮਾਈ।
ਠੀਕ ਸਯਾਨੇ ਕਹੈਂ ਕਰਾਮਾਤ,
ਜਮਾਤ ਕੇ ਜੋਰ[1] ਰਹੈ ਵਡਿਆਈ। — [1]ਜਮਾਤ ਭਾਵ ਇਤਫ਼ਾਕ ਦੇ ਜ਼ੋਰ ਨਾਲ।
ਤਾਂ ਤੇ ਕਰੋਂ ਤੱਤ ਖਾਲਸੇ ਸੋਂ ਅਬਿ
ਮੇਲ, ਭਵੈਂ[1] ਗੁਰੁ ਜੈਸ ਸਹਾਈ ॥੮੦॥ — [1]ਹੋਣ।
ਐਸ ਵਿਚਾਰ ਮੁਸਾਹਿਬ[1] ਅਪਨੇ, — [1]ਅਹਿਲਕਾਰ।
ਬੰਦੇ ਨੈਂ ਸਿੰਘਨ ਪਾਸ ਪਠਾਏ।
ਆਇ ਕਹਯੋ ਤੱਤ ਖਾਲਸੇ ਪੈ ਤਿਨ,
ਬੰਦੇ ਕੀ ਓਰ ਤੈ ਐਸ ਸੁਨਾਏ।
ਤਯਾਗ ਵਿਰੋਧ ਭਜੋ ਅਵਰੋਧ,
ਪਿਖੋ ਉਰਿ ਸੋਧਿ ਭਲੋ ਮਿਲਨਾਏ[1]। — [1]ਵੈਰ ਛੱਡ ਕੇ (ਅਵਿਰੋਧ) ਮੇਲ ਕਰ ਲਵੋ, ਹਿਰਦੇ 'ਚ (ਸੋਧ) ਵਿਚਾਰ ਕੇ ਦੇਖੋ ਮਿਲਣਾ ਹੀ ਚੰਗਾ ਹੈ।
ਮੇਲ ਬਿਨਾ ਹਮ ਕੋ ਤੁਮ ਕੋ,
ਤੁਰਕ ਮਾਰਹਿੰਗੇ ਕਰਿ ਖ੍ਵਾਰ ਮਹਾਂਏ ॥੮੧॥
ਤੁਮ ਔ ਹਮ ਹੈਂ ਗੁਰੁ ਭਾਈ ਸਭੈ,
ਮਨ ਮਾਹਿਂ ਲਖੋ ਇਕ ਵਾੜੀ ਕੇ ਬੱਛੇ[1]। — [1]ਇਕ ਵਾੜੀ ਦੇ ਵੱਛੇ ਭਾਵ ਇੱਕੋ ਮਾਂ ਜਾਏ ਭਰਾ ਹਾਂ।
ਜਯੋਂ ਘਰ ਰਾਵਣ ਕਾ ਗਰਕਯੋ,
ਫਟ ਜਾਵਨ ਤੈ ਪਿਖ ਲੇਹੁ ਸਮੱਛੇ[1]। — [1]ਅੱਖਾਂ ਦੇ ਸਾਹਮਣੇ ਦੇਖ ਲਓ।
ਆਂਗੁਲਿ ਪਾਂਚ ਮਿਲੈਂ ਕਰ ਕੀ ਜਬਿ,
ਕਾਰਜ ਸਾਧਤ ਹੈਂ ਸਭਿ ਸ੍ਵੱਛੇ[1]। — [1]ਜਦੋਂ ਹੱਥ ਦੀਆਂ ਪੰਜੇ ਉਂਗਲਾਂ ਮਿਲਦੀਆਂ ਹਨ ਤਾਂ ਸਾਰੇ

ਕੰਮ (ਸ੍ਰਿਛੇ) ਆਪਣੀ ਇੱਛਾ ਅਨੁਸਾਰ (ਸਾਧਤ) ਕਰ ਲਈਦੇ ਹਨ।

ਯਾ ਹਿਤ ਆਦਿ ਗੁਰੂ ਜਪੁਜੀ ਮਹਿਂ,
ਵਾਕ ਕਹੇ ਪਿਖ ਲੀਜੀਏ ਅੱਛੇ ॥੮੨॥
ਤਥਾ ਹੀ–
ਪੰਚ ਪਰਵਾਣ ਪੰਚ ਪਰਧਾਨ[1] ॥

[1](ਪੰਚ) ਇਤਫ਼ਾਕ ਨਾਲ ਹੀ ਪ੍ਰਵਾਣੀਕ ਹੋਈਦਾ ਹੈ, ਇਤਫ਼ਾਕ ਨਾਲ ਹੀ ਪ੍ਰਧਾਨ ਬਣੀਦਾ ਹੈ।

ਪੰਚੇ ਪਾਵਹਿ ਦਰਗਹਿ ਮਾਨ[1] ॥

[1](ਪੰਚੇ) ਇਤਫ਼ਾਕ ਨਾਲ ਹੀ ਦਰਗਾਹ ਵਿੱਚ ਵੀ ਆਦਰ ਪਾਉਂਦੇ ਹਨ।

ਔਰ–
ਮਿਲਬੇ ਕੀ ਮਹਿਮਾ ਬਰਨ ਨ ਸਾਕਉ ਨਾਨਕ ਪਰੈ ਪਰੀਲਾ[1] ॥

[1]ਪਰੇ ਤੋਂ ਪਰੇ ਭਾਵ ਬਹੁਤ ਵੱਡੀ ਹੈ।

ਔਰ–
ਗੁਰਮੁਖਿ ਵੈਰ ਵਿਰੋਧ ਗਵਾਵੈ ॥
ਗੁਰਮੁਖਿ ਸਗਲੀ ਗਣਤ ਮਿਟਾਵੈ ॥
ਚੌਪਈ:
ਇਤਜਾਦਿਕ ਗੁਰੁ ਬਾਕ ਬਖਾਨੇ।
ਤੁਮ ਕੋ ਚਹੀਏ ਸਭਿ ਉਰਿ ਮਾਨੇ।
ਪੁਨ ਤੁਮ ਮਨ ਮੈਂ ਮਤੁ ਯਹਿ ਜਾਨੈ।
ਯਹਿ ਕਾਰਜ ਬੰਦੇ ਕਾ ਹਾਨੈ[1] ॥੮੩॥

[1]ਨਾਸ਼ ਹੁੰਦਾ ਹੈ।

ਮਮ ਹਾਨੀ ਤੈ ਤੁਮਰੀ ਹਾਨੀ।
ਤੁਮ ਹਾਨੀ ਮਮ ਹਾਨਿ ਪਛਾਨੀ।
ਤੁਰਕ ਨ ਦੋਸਤ ਤੁਮਰੇ ਹੋਵੈਂ।
ਭੇਦ ਪਾਇ ਹਮ ਤੁਮ ਕੋ ਖੋਵੈਂ[1] ॥੮੪॥

[1]ਫੁੱਟ ਪਾ ਕੇ ਸਾਨੂੰ ਤੇ ਤੁਹਾਨੂੰ ਨਾਸ ਕਰ ਦੇਣਗੇ।

ਤਾਂ ਤੇ ਪਿਛਲੀ ਬਾਤ ਵਿਸਾਰੋ।
ਮਿਲਿ ਆਗੇ ਨਿਜ ਕਾਜ ਸਵਾਰੋ।
ਹਮ ਬਿਨ ਤੁਮ ਅਰ ਤੁਮ ਬਿਨ ਅਸੀਂ।
ਬਚੈਂ ਨ ਦੋਊ ਹਮ ਉਰਿ ਬਸੀ[1] ॥੮੫॥

[1]ਸਾਡੇ ਹਿਰਦੇ ਵਿੱਚ ਇਹ ਗੱਲ ਵਸ ਗਈ ਹੈ।

ਮਿਲਬੇ ਕੀ ਬਡਯਾਈ ਭਾਰੀ।
ਬੀਚ ਬਿਰੋਧ ਦੁਹੂੰ ਦਿਸ ਖ੍ਵਾਰੀ।
ਰਾਮ ਮੇਲ ਕਪਿ[1] ਲੰਕਾ ਮਾਰੀ।

[1](ਕਪ) ਬਾਂਦਰਾਂ ਨਾਲ ਮਿਲ ਕੇ।

ਰਾਵਣ ਕਰਿ ਬਿਰੋਧ ਪਰਹਾਰੀ[1] ॥੮੬॥

[1]ਰਾਵਣ ਨੇ (ਬਭੀਖਨ ਨਾਲ) ਵੈਰ ਕਰ ਕੇ (ਆਪਣੇ ਆਪ ਦਾ) ਨਾਸ਼ ਕਰ ਲਿਆ।

ਕੌਰਵ ਹਾਰੇ ਪਾਂਡਵ ਜੀਤੇ।
ਉਨ ਭੀ ਉਭੈ ਇਹੀ ਥੇ ਕੀਤੇ[1]।

[1]ਉਨ੍ਹਾਂ ਵੀ ਇਹੋ ਦੋਵੇਂ (ਇਤਫ਼ਾਕ) ਪਾਂਡਵਾਂ ਨੇ ਤੇ ਵਿਰੋਧ ਕੈਰਵਾਂ ਨੇ) ਕੀਤੇ ਸਨ।

ਕੌਨ ਕੌਨ ਕੀ ਕਥਾ ਬਖਾਨੈਂ।
ਜਾਦਵ ਕੰਸ ਬਿਰੋਧੈ ਹਾਨੈਂ[1] ॥੮੭॥

[1]ਵੈਰ ਨੇ ਨਾਸ ਕੀਤੇ।

ਫਿਰ ਪੇਖੋ ਹਮਰੇ ਸਭਿ ਰਾਜੇ।
ਕਰਿ ਬਿਰੋਧ ਕਰਿ ਬਹੇ ਕੁਕਾਜੇ[1]।

[1]ਵੈਰ ਕਰ ਕੇ ਖੋਟੇ ਕੰਮ ਕਰ ਬੈਠੇ।

ਮੁੱਸਲਮੀਨੈਂ ਯੁਤ ਇਤਫਾਕੈਂ[1]।

[1]ਏਕੇ ਨਾਲ।

ਛੀਨ ਲੀਨ ਇਹੁ ਦੇਸ ਕਹਾਂਕੈ[1] ॥੮੮॥

[1]ਕਿਥੋਂ ਆ ਕੇ।

ਮਿਲਬੇ ਕੀ ਮਹਿਮਾ ਸ੍ਰੁਤਿ ਗਾਈ[1]।

[1]ਵੇਦ ਨੇ ਕਹੀ ਹੈ।

ਜਢ ਲਕਰੀ ਮਿਲਿ ਸਿੰਧੁ ਤਰਾਈ[1]।

[1]ਜੜ੍ਹ ਲੱਕੜ ਇਕ ਦੂਜੀ ਨਾਲ ਮਿਲ ਕੇ ਸਮੁੰਦਰ ਤਰ ਜਾਂਦੀ ਹੈ।

ਇਤਜਾਦਿਕ ਉਨ ਗਾਥ ਅਪਾਰੀ।
ਕਹੀ ਮੇਲ ਹਿਤ ਸੁਖਦ ਉਦਾਰੀ[1] ॥੮੯॥

[1]ਚੰਗਾ ਸੁਖ ਦੇਣ ਵਾਲੀ।

ਦੋਹਰਾ:
ਪੈ ਇਤ ਸਿੰਘਨ ਨਿਹੰਗਨ ਸੁਨਿ,
ਰਿਸ ਧਰਿ ਭਾਖਜੋ ਐਸ।
ਬੰਦਾ ਬੇਈਮਾਨ ਹੈ,
ਜਾਹੁ ਭਏ ਤੁਮ ਤੈਸ[1] ॥੯੦॥

[1]ਤੁਸੀਂ ਵੀ ਤਿਸ ਬੰਦੇ ਵਰਗੇ ਹੋ ਗਏ ਹੋ।

ਹਮ ਤੁਮਰੀ ਨਹਿੰ ਮਾਨ ਹੈਂ,
ਰਖੈਂ ਨ ਤੁਮ ਸੋਂ ਸਾਥ।
ਜੋ ਮਾਲਕ ਇਸ ਪੰਥ ਕਾ,
ਸੋ ਰਾਖੈ ਦੈ ਹਾਥ ॥੯੧॥

ਚੌਪਈ:
ਬੇਈਮਾਨ ਭਯੋ ਸੋ ਗੁਰੁ ਤੈ।
ਉਨ ਕੇ ਬਚਨ ਬਿਸਾਰੇ ਉਰ ਤੈ।
ਵਹਿ ਜੁ ਕਹਤ ਥੋ ਮੈਂ ਬਲਕਾਰੀ[1]।

[1]ਬਹੁਤ ਬਲਵਾਨ ਹਾਂ।

ਗੁਰ ਕਾ ਬਿਰਦ ਗਰਬ ਪਰਹਾਰੀ[1] ॥੯੨॥

[1]ਗੁਰਾਂ ਦਾ (ਬਿਰਦ) ਸੁਭਾਵ ਹੰਕਾਰ ਨੂੰ ਨਾਸ਼ ਕਰਨਾ ਹੈ।

ਗੁਰੁ ਕੀ ਸ਼ਕਤਿ ਨ ਤਿਨ ਕਿਛੁ ਜਾਨੀ।

ਬੰਦਾ ਗਰਬਤ ਭਜੋ ਅਗਯਾਨੀ।
ਰਵਿ ਤਪਤੈ[1] ਤਪ ਹੈ ਜਨੋਂ ਰੇਤਾ।
ਗਰਬਤ ਛੁੱਦ੍ਰ ਨਰਵਿ ਲਹਿ ਭੇਤਾ[1] ॥੯੩॥
ਜਿਮ ਲੋਹਾ ਅਗਨੀ ਬਲ ਪਾਏ।
ਘਾਸ ਪੁੰਜ ਕੋ ਦੇਤ ਜਲਾਏ।
ਪੁਨ ਜਨੋਂ ਨ੍ਰਿਪ ਕਾ ਏਕ ਸਿਪਾਹੀ।
ਹੁਤੋ ਗਯੋ ਕਰਨੈ ਉਗਰਾਹੀ ॥੯੪॥
ਝਗਰਾ ਜਿਮੀਦਾਰ ਸੋਂ ਕਰਿ ਕੈ।
ਛਟੀ ਹਾਕਮੀ ਕੀ ਪਰਹਰ ਕੈ[1]।
ਕਹਜੋ ਲਹੋਂ ਮੈਂ ਨਿਜ ਬਲਕਾਰੈਂ[1]।
ਤਬਿ ਜੱਟਨ ਤਿਹ ਕੀਨੀ ਮਾਰੈਂ ॥੯੫॥
ਮਾਰ ਖਾਇ ਭੂਪਤ ਢਿਗ ਆਯੋ।
ਸੁਨਿ ਨ੍ਰਿਪ ਨੈ ਤਿਹ ਦੰਡ ਲਗਾਯੋ।
ਰੇਤੇ ਲੋਹ ਮੂਢ ਭ੍ਰਿਤ ਸਮੀਂ[1]।
ਤਜੋਂ ਬੰਦੇ ਨੈ ਚੁੱਕੀ ਹਮੀਂ[1] ॥੯੬॥
ਤਾਂ ਕਾ ਫਲ ਪਾਯੋ ਤਤਕਾਲੈਂ।
ਕਹਾਂ ਗਈ ਤਿਹ ਕਲਾ ਬਿਸਾਲੈਂ[1]।
ਲਘੁ ਤੁਰਕਨ ਤੈਂ ਆਯੋ ਭਾਜੈਂ।
ਕਜਾ ਫਕੀਰ ਕਰਿ ਜਾਨੈ ਰਾਜੈਂ ॥੯੭॥
ਹਮ ਸਤਿਗੁਰੁ ਤੈ ਮੰਗੀ ਲੜਾਈ।
ਮੋਦ ਹੋਇ ਅਪਨੇ ਗਰ ਪਾਈ।
ਲਰਨ ਮਰਨ ਤੈ ਨਹਿ ਸ਼ੰਕਾਹੀ[1]।
ਖੇਡ ਜਾਨ ਬਾਜ਼ੀ ਲਹਿੰ ਸ਼ਾਹੀ[1] ॥੯੮॥
ਦੋਹਰਾ:
ਜੇ ਅਬਿ ਬੰਦਾ ਮਿਲਜੋ ਚਹਿ,
ਤੱਤ ਖਾਲਸੇ ਸੰਗ।
ਖੰਡੇ ਪਾਹੁਲ ਛਕੈ, ਤਬਿ
ਹਮ ਲਹਿੰ ਮੇਲ ਨਿਸੰਗ ॥੯੯॥
ਪੰਥ ਲਗਾਵੈ ਜੋ ਤਿਸੈ,
ਦੇਵੈ ਸੋ ਤਨਖਾਹਿ।

[1]ਸੂਰਜ ਦੀ ਤਪਸ਼ ਨਾਲ।
[1]ਤੁੱਛਰੇਤਾ ਹੰਕਾਰ ਕਰਦਾ ਹੈ, ਸੂਰਜ ਦਾ ਭੇਦ ਨਹੀਂ ਜਾਣਦਾ।
[1]ਤਿਆਗ ਕੇ।
[1]ਆਪਣੇ ਬਲ ਕਰਕੇ।
[1]ਨੌਕਰ ਵਾਂਗ।
[1]ਹਉਮੈ ਚੁੱਕੀ ਹੈ ਭਾਵ ਹੰਕਾਰੀ ਹੋ ਰਿਹਾ ਹੈ।
[1]ਬਹੁਤੀ ਸ਼ਕਤੀ।
[1]ਸ਼ੰਕਾ ਨਹੀਂ ਕਰਦੇ।
[1]ਖੇਡ ਜਾਣ ਕੇ ਬਾਦਸ਼ਾਹੀ ਦੀ ਬਾਜ਼ੀ ਲੈ ਲਵਾਂਗੇ।

ਸਿੰਘ ਭੁਜੰਗੀ[1] ਸਜੈ ਜਬਿ,
ਹਮ ਰਹਿਂ ਤਾਬੇ[1] ਤਾਂਹਿ ॥੧੦੦॥
ਯਹਿ ਜਬਿ ਜਾਇ ਮੁਸਾਹਿਬੈਂ,
ਭਾਖੀ ਬੰਦੇ ਪਾਸ।
ਨਹਿਂ ਮਾਨੀ ਚਢ ਕਰਿ ਗਯੋ,
ਤਬਿ ਹੀ ਪੁਰਿ ਗੁਰਦਾਸ ॥੧੦੧॥
ਤੱਤ ਖਾਲਸਾ ਸੁਧਾਸਰ,
ਰਹਜੋ ਮੋਦ ਮਨ ਪਾਇ।
ਸੱਤ੍ਰਾਂ ਸੈ ਚੋਹੱਤਰੇ,
ਕਹਿ ਯਹਿ ਥਿਰਜੋ ਅਧਜਾਇ ॥੧੦੨॥

[1]ਜੋਧਾ, ਸੂਰਮਾ ਭਾਵ ਤੱਤ ਖਾਲਸਾ।

[1]ਅਧੀਨ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਬੰਦੇ ਕਾ ਬਿਰੋਧ ਹੋਵਨ' ਪ੍ਰਸੰਗ ਬਰਨਨੰ ਨਾਮ ਪੰਦ੍ਰਸਮੋਂ ਬਿਸ੍ਰਾਮ ॥੧੫॥

੧੬. {ਲਾਹੌਰ ਦੇ ਸੂਬੇ ਦਾ ਬੰਦੇ ਨੂੰ ਗੁਰਦਾਸ ਨੰਗਲ ਕਿਲ੍ਹੇ 'ਚ ਘੇਰਨਾ}

ਸ੍ਵੈਯਾ:

ਜਾਹਿ ਦਯਾ ਦੁਖ ਦਾਰਿਦ ਦਾਹਿਤ,
ਚਾਹਿਤ ਚਿੱਤ ਸੁਖੈਂ ਭੁਗਤੈ ਹੈ[1]।

[1]ਜਿਸ ਦੀ ਦਇਆ ਦੁਖ ਤੇ ਗ਼ਰੀਬੀ ਨੂੰ ਸਾੜ ਦੇਂਦੀ ਹੈ, ਮਨ-ਇੱਛਤ ਸੁਖਾਂ ਨੂੰ ਭੁਗਤਾ ਦੇਂਦੀ ਹੈ।

ਰਾਜ ਸਮਾਜ ਦਰਾਜ, ਉਭੈ
ਜਗ ਕੋ ਸੁਖ, ਗ੍ਯਾਨ ਬਿਗ੍ਯਾਨ ਦਿਵੈ ਹੈ[1]।

[1]ਰਾਜ ਤੇ ਬਹੁਤੀ ਸਮੱਗ੍ਰੀ, ਦੋਹਾਂ ਲੋਕਾਂ ਦਾ ਸੁਖ, ਗੁਪਤ ਤੇ ਪ੍ਰਤੱਖ ਗਿਆਨ ਦਿਵਾ ਦਿੰਦਾ ਹੈ।

ਕੋਪ ਜਿਸੈਂ ਸਭਿ ਓਪ ਘਟਾਵਤ,
ਸ਼ੋਕ ਸਮੁੰਦਰ ਮਾਹਿਂ ਬੁਡੈ ਹੈਂ[1]।

[1]ਜਿਸ ਦਾ (ਕੋਪ) ਕ੍ਰੋਧ ਸਾਰੀ (ਓਪ) ਸ਼ੋਭਾ ਨੂੰ ਘਟਾ ਦੇਂਦਾ ਹੈ, ਸ਼ੋਕ ਦੇ ਸਮੁੰਦਰ ਵਿੱਚ ਡੋਬ ਦੇਂਦਾ ਹੈ।

ਤਾਂ ਗੁਰੁ ਪੰਥ ਤਈਂ ਅਭਿ ਬੰਦਨ,
ਗ੍ਯਾਨ ਹਰੀ ਕਰਿ ਆਨੰਦ ਪੈਹੈਂ[1] ॥੧॥

[1]ਗਿਆਨ ਸਿੰਘ (ਕਹਿੰਦਾ ਹੈ) ਤਿਸ ਗੁਰੂ ਪੰਥ ਨੂੰ ਦਿਲੋਂ ਨਮਸ਼ਕਾਰ ਕਰ ਕੇ ਮੈਂ ਅਨੰਦ ਪਾਉਂਦਾ ਹਾਂ।

ਦੋਹਰਾ:

ਗੁਰੂ ਖਾਲਸਾ ਰੂਪ ਗੁਰੁ,
ਹਮ ਨਿਸਚੈ ਲਿਯ ਜਾਨ।
ਬੀਜ ਬ੍ਰਿਛ ਸਮ ਏਕ ਲਖਿ[1],
ਬੰਦਨ ਕਰੋਂ ਮਹਾਨ ॥੨॥

[1]ਜਾਣ ਕੇ।

ਫਿਰ ਅਬਦੁਲ ਸਾਮੁੰਦ ਖਾਂ,
ਸੂਬਾ ਚਢ ਹੈ ਜੈਸ।
ਬੰਦੇ ਪਰ ਸੰਗ ਸੈਨ ਲੈ,
ਕਹੋਂ ਕਥਾ ਅਬਿ ਤੈਸ ॥੩॥
ਬੰਦੇ ਕਾ ਅਰ ਪੰਥ ਕਾ,
ਸੁਨ ਹਵਾਲ ਪਤਿਸ਼ਾਹਿ।
ਮੋਦ ਹੋਇ ਕਰਿ ਯੌਂ ਕਹਯੋ,
ਤਬੈ ਕਚਹਿਰੀ ਮਾਹਿਂ ॥੪॥
ਬੰਦੇ ਤੈ ਫਟ ਪੰਥ ਨੈਂ,
ਲਈ ਲਹੌਰ ਬਚਾਇ।
ਮਾਤਾ ਕੇ ਉਪਕਾਰ ਤੈ,
ਹਮਰੀ ਭਈ ਸਹਾਇ ॥੫॥
ਲੋਹੇ ਕੋ ਲੋਹਾ ਕਟੈ,

ਹੀਰੇ ਹੀਰਾ ਭੇਦ[1]। — [1]ਹੀਰੇ ਨੂੰ ਹੀਰੇ ਦੀ ਕਣੀ ਵਿੰਨ੍ਹਦੀ ਹੈ।
ਤਿਮ ਸਿੰਘਨ ਕੋ ਸਿੰਘ ਕਟੈਂ,
ਔਰ ਨ ਸਾਕੈ ਛੇਦ[1] ॥੬॥ — [1]ਹੋਰ ਕੋਈ ਕੱਟ ਨਹੀਂ ਸਕਦਾ।

ਕਬਿੱਤ:
ਐਸੇ ਪਤਿਸ਼ਾਹਿ ਧਰਿ ਚਿੱਤ ਮਾਹਿਂ ਉਤਸ਼ਾਹਿ,
ਸਿੰਘਨ ਕੇ ਪਾਸ ਨਿਜ ਸੱਚਵ ਪਠਾਯੋ ਹੈ[1]। — [1]ਵਜ਼ੀਰ ਭੇਜਿਆ।
ਏਕ ਦੀਹ ਦੁੰਦਭਿ ਨਿਸ਼ਾਨ[1] ਔ ਇਨਾਮ ਬਹੁ, — [1]ਇੱਕ ਵੱਡਾ ਧੌਂਸਾ ਤੇ ਨਿਸ਼ਾਨ ਸਾਹਿਬ।
ਸਿਰੇਪਾਉ ਧਨ ਹਿਤ ਖਰਚ ਘਲਾਯੋ ਹੈ।
ਐਸੇ ਓਨ ਪਠਜੋ ਲਿਖਿ ਹਮ ਤੁਮ ਗੁਰੁਸਿੱਖ,
ਹਮ ਪੈ ਇਸਾਨ ਪੰਥ ਮਾਤ ਨੈ ਕਮਾਇਯੋ ਹੈ।
ਅਬਿ ਹਮ ਦੇਂਹਗੇ ਜਗੀਰ ਬਹੁ ਮਾਤ ਤਾਂਈਂ,
ਛਕਜੋ ਤੁਮ ਬੈਠ ਆਪ ਦੁਖਜੋ ਨ ਦੁਖਾਯੋ ਹੈ ॥੭॥

ਫੇਰ ਤਤਬੀਰ ਕਰਿ[1] ਦੈਂਹਗੇ ਜਗੀਰ ਤੁਮੈਂ, — [1]ਜਤਨ ਕਰਕੇ।
ਜੁਦੀ ਜੁਦੀ ਬੈਠ ਕਰਿ ਸੁਧਾਸਰ ਛਕਯੋ।
ਐਸੇ ਕਹਿ ਸ਼ਾਹਿ ਪਠਜੋ ਸਚਵ ਉਛਾਹਿ ਯੁਤ[1], — [1]ਉਤਸ਼ਾਹ ਸਹਿਤ।
ਆਇ ਤਿਨ ਪੰਥ ਪਾਹਿ ਵਾਹਿ ਸਭਿ ਬਕਯੋ[1]। — [1]ਉਸ ਨੇ ਪੰਥ ਪਾਸ ਸਾਰੀ ਗੱਲ ਬਾਤ ਕਹੀ।
ਦਯੋ ਜੋਊ ਲਜਾਇ ਸੋਊ ਲਯੋ ਪੰਥ ਮੋਦ ਪਾਇ,
ਤੌ ਭੀ ਨਾਹਿਂ ਤ੍ਰੁਕ ਕਾ ਵਿਸਾਹੁ[1] ਦਿਲ ਰਖਯੋ। — [1]ਭਰੋਸਾ।
ਖਾਹਿਂ ਨਿਤ ਮੁਲਖ ਨਵੀਨ ਲੂਟ ਕੂਟ ਕਰਿ,
ਊਪਰ ਸੈਂ ਮੇਲ ਤੁਰਕਾਨ ਸੰਗ ਰਖਯੋ ॥੮॥

ਫੇਰ ਪਤਿਸ਼ਾਹ ਨੰਦ ਲਾਲ ਕੋ ਬੁਲਾਇ ਉਤ,
ਮਾਤ ਢਿਗ ਪਠਜੋ ਬਹੁ ਭੇਟ ਔ ਸਲਾਮ ਦੈ।
ਕਹਜੋ ਮਾਤ ਤਾਂਈਂ ਤੁਮ ਭਏ ਹੋ ਸਹਾਈ ਮੋਹਿ,
ਲਯੋ ਹੈ ਬਚਾਈ ਬੰਦੇ ਗੰਦੇ ਤੈ ਅਲਾਮ ਦੈ[1]। — [1]ਆਸਰਾ ਦੇਕੇ। (ਅਲੰਭ ਤੋਂ ਅਲਾਮ-ਆਸਰਾ)।
ਪੁਨ ਪਤਿਸ਼ਾਹਿ ਨਿਜ ਸਭਾ ਮਾਹਿਂ ਕਹਜੋ ਚਾਹਿ[1], — [1]ਇੱਛਾ ਨਾਲ।
ਸਭਿ ਹੀ ਅੰਬੀਰਨ ਕੋ ਕਸਮ ਕਲਾਮ ਦੈ[1]। — [1]ਕਲਮੇ ਦੀ ਸਹੁੰ ਦੇ ਕੇ।
ਜਾਇ ਅਬਿ ਕੋਊ ਬੀਰ ਧੀਰ ਸੰਗ ਭੀਰ ਲੈ ਕੈ,
ਤਦਬੀਰ ਕਰਿ ਤਾਂਹਿ ਲਜਾਵੋ ਕਤਲਾਮ ਦੈ[1] ॥੯॥ — [1]ਜਤਨ ਨਾਲ ਲਿਆਵੋ ਜਾਂ ਕਤਲ ਕਰ ਦੇਵੋ।

ਐਸੇ ਤਬਿ ਸੁਨ ਕਰਿ ਰਹੇ ਸਭਿ ਮੋਨ ਧਰਿ,
ਡਰ ਕਰਿ ਬੰਦੇ ਤੈ ਅਮੀਰ ਪਤਿਸ਼ਾਹਿ ਕੇ।
ਕੈਹੈਂ ਜਾਨ ਸਾਥ ਹੈ ਜਹਾਨ ਔ ਇਮਾਨ ਦੀਨ[1], — [1]ਧਰਮ ਤੇ ਮਜ਼ਹਬ।
ਧਨ ਔ ਵਡਾਈ ਧਾਮ ਦੇਖੀਅਤਿ ਚਾਹਿ ਕੇ[1]। — [1]ਉਤਸ਼ਾਹ ਨਾਲ।
ਮਾਰੈ ਜਬਿ ਬੰਦਾ ਹਮੈਂ ਕਾਫਰ ਬਨਾਇ ਮੰਦਾ
ਕਹੋ ਫੇਰ ਕੋਊ ਕਾਮ ਐਹੈ ਜਗਿ ਕਾਂਹਿ ਕੇ[1]। — [1]ਤੁਸੀਂ ਕਹੋ ਕਿ ਫੇਰ ਜਗਤ ਵਿੱਚ ਕੋਈ ਕਿਸੇ ਦੇ ਕੰਮ ਆਵੇਗਾ ? ਭਾਵ ਨਹੀਂ ਆਵੇਗਾ।

ਗਯੋ ਜੋਊ ਬੰਦੇ ਓਰ ਛੋਰਯੋ ਨ ਕੋਊ ਤਾਂਹਿ,
ਦਏ ਗੁਰੁ ਤੀਰ ਔਰ ਬੀਰ ਬਸ ਤਾਂਹਿ ਕੇ ॥੧੦॥

ਚੌਪਈ:

ਯੌ ਵਿਚਾਰ ਸਭਿ ਹੀ ਚੁਪਰਹੇ।
ਸ਼ਾਹਿ ਚਢਨ ਹਿਤ ਪੁਨ ਪੁਨ ਕਹੇ।
ਅਬਦੁਲ ਸਮੁੰਦ ਖਾਨ ਬਹਾਦਰ।
ਜੰਗ ਦਲੇਰ ਤੁਰਾਨੀ ਸਾਦਰ[1] ॥੧੧॥ — [1]ਜੰਗ ਵਿੱਚ ਬਹਾਦਰ (ਸਾਦਿਰ) ਨਿੱਡਰ (ਤੁਰਾਨੀ) ਜੋਧਾ ਸੀ।
ਸੂਬਾ ਹੁਤੋ ਲਹੌਰੀ ਤਹਾਂ।
ਉਠ ਕਰਿ ਕਰਿ ਸਲਾਮ ਰਿਸ ਮਹਾਂ[1]। — [1]ਬਹੁਤੇ ਗ਼ੁੱਸੇ ਨਾਲ।
ਪਾਤਿਸ਼ਾਹਿ ਢਿਗ ਬੀਚ ਕਚਹਿਰੀ।
ਕਸਮ ਕੁਰਾਨ ਖਾਇ ਕਰਿ ਲਹਿਰੀ ॥੧੨॥
ਬੀੜਾ ਚੁੱਕ ਕਹਯੋ ਮੈਂ ਜੈਹੋਂ।
ਸਾਮ ਦਾਮ ਭਿਦ ਦੰਡ ਕਰੈਹੋਂ।
ਲਾਖ ਕਸਮ ਕਰਿ ਬਯੋਂਤ ਬਨਾਏ।
ਲੈ ਐਹੋਂ ਫੜ ਕੈ ਦਿਹੁਂ ਘਾਏ[1] ॥੧੩॥ — [1]ਮੈਂ ਫੜ ਕੇ ਲੈ ਆਵਾਂਗਾ ਜਾਂ ਮਾਰ ਦਿਆਂਗਾ।
ਹਿੰਦੂ ਕਸਮਨ ਪਰ ਪਤੀਐ ਹੈਂ[1]। — [1]ਭਰੋਸਾ ਕਰ ਲੈਂਦੇ ਹਨ।
ਕੋਟ ਕਸਮ ਕਰਿ ਹਮ ਤਿਸ ਘੈਹੈਂ[1]। — [1]ਕੂੜਾਂ ਸਹੁੰਆਂ ਖਾ ਕੇ ਤਿਸ ਨੂੰ ਮੈਂ ਮਾਰ ਦਿਆਂਗਾ।
ਯੌਂ ਕਹਿ ਚਢਿ ਸੈਨਾ ਲੈ ਭਾਰੀ।
ਅਯੋ ਲਹੌਰ ਸੋਚ ਮਨਿ ਧਾਰੀ[1] ॥੧੪॥ — [1]ਮਨ ਵਿੱਚ ਵਿਚਾਰ ਕਰਕੇ।
ਖੁਫੀਆ ਫੌਜ ਦਰੈਂ ਕਸ਼ਮੀਰੈਂ[1]। — [1]ਕਸ਼ਮੀਰ ਦੇਰਸਤੇ।
ਬੁਲਵਾਈ ਤਿਨ ਬਹੁ ਨਿਜ ਤੀਰੈਂ[1]। — [1]ਆਪਣੇ ਕੋਲ।
ਬੰਦੇ ਢਿਗ ਨਿਜ ਦੂਤ ਪਠਾਏ।
ਨੀਤਿ ਮਾਹਿਂ ਜੇ ਚਤੁਰ ਮਹਾਂਏ ॥੧੫॥

ਤਿਨ ਬੰਦੇ ਕੋ ਬੰਦਨ ਕਰੀ।
ਜਾਇ ਭੇਟ ਬਹੁ ਆਗੈ ਧਰੀ।
ਕਹ੍ਯੋ ਆਪ ਕੇ ਦਰਸ਼ਨ ਹੇਤੈਂ।
ਆਇ ਨਵਾਬ ਅਦਾਬ ਸਹੇਤੈਂ[1] ॥੧੬॥ — [1]ਸਤਿਕਾਰ ਤੇ ਪਿਆਰ ਨਾਲ।
ਤੁਮ ਮੈਂ ਸ਼ਕਤਿ ਬਿਹੱਦ ਪਿਖਿ ਸੁਨ ਕੈ।
ਹੋਨ ਮੁਰੀਦ ਚਹਿਤ ਮਨਿ ਗੁਨ ਕੈ।
ਲਾਖ ਰੁਪੱਯਾ ਭੇਟਾ ਲ੍ਯਾਯੋ।
ਸਾਚ ਏਹੁ ਹਮ ਤੁਮੈਂ ਸੁਨਾਯੋ ॥੧੭॥
ਪੀਰ ਫਕੀਰ ਭੂਪ ਢਿਗ ਕੂਰੈਂ[1]। — [1]ਰਾਜੇ ਕੋਲ ਝੂਠ।
ਜੋ ਬੋਲੇ ਸੋ ਮਰੈ ਵਿਸੂਰੈਂ[1]। — [1]ਝੂਰ ਕੇ ਮਰਦੇ ਹਨ।
ਫਿਰ ਤੁਮ ਸਭਿ ਕੇ ਦਿਲ ਕੀ ਜਾਨੈਂ।
ਹਮ ਤੁਮ ਢਿਗ ਕਿਮ ਕੂਰ ਵਖਾਨੈਂ ॥੧੮॥
ਪੀਰ ਪਿਕੰਬਰ ਬਲੀ ਅਪਾਰਾ।
ਭਏ ਸਿੱਧ[1] ਰਿਖਿ ਸੰਤ ਅਵਤਾਰਾ। — [1]ਕਰਾਮਾਤੀ।
ਪੈ ਤੁਮ ਸਮ ਅਜ਼ਮਤ ਸਮਰੱਥਾ।
ਭਈ ਨ ਕਿਸ ਮੈਂ ਸੁਨੀਅਤ ਕੱਥਾ ॥੧੯॥
ਇਤ੍ਯਾਦਿਕ ਬਹੁ ਬਾਤ ਸੁਨਾਏ।
ਬੰਦੇ ਕਾ ਦਿਲ ਲ੍ਯੋ ਚੁਰਾਏ।
ਤਬਿ ਬੰਦੇ ਨੈ ਯੌਂ ਫੁਰਮਾਯੋ।
ਦਰਸ਼ਨ ਹਿਤ ਨੁਵਾਬ ਜੋ ਆਯੋ ॥੨੦॥
ਸੁੱਧ ਭਾਵ ਸੋਂ ਦਰਸੈ ਆਈ।
ਕਰਿ ਹੈ ਕਪਟ ਤ ਨਸ਼ਟ ਥਵਾਈ[1]। — [1]ਹੋ ਜਾਵੇਗਾ।
ਅਰ ਵਹਿ ਅਪਨੋ ਕਰ੍ਯੋ ਭਰੈ ਹੈ।
ਹਮ ਫਕੀਰ ਸਮ ਕਲਪ-ਤਰੈ ਹੈਂ[1] ॥੨੧॥ — [1]ਅਸੀਂ ਕਲਪਤਰ (ਕਾਮਨਾ ਪੂਰੀਆਂ ਕਰਨ ਵਾਲੇ ਬ੍ਰਿੱਛ) ਵਾਂਗ ਹਾਂ।
ਇਹੁ ਸੁਨਿ ਉਨ ਪੁਨ ਚੁਨ ਧੁਨਿ ਬਾਤੈਂ[1]। — [1]ਚੋਣਵੀਆਂ (ਧੁਨਿ) ਗੂੜ੍ਹ ਗੱਲਾਂ।
ਕੀਨੀ ਐਸੀ ਲਿਆਕਤ ਸਾਥੈਂ[1]। — [1]ਯੋਗਤਾ ਨਾਲ।
ਭਰੀ ਤਰੀਫ ਮ੍ਰਿਦੁ ਮਿਠਯਾਈ[1]। — [1]ਉਸਤਤ ਨਾਲ ਭਰੀਆਂ ਹੋਈਆਂ (ਮ੍ਰਿਦ) ਕੋਮਲ ਤੇ ਮਿੱਠੀਆਂ।
ਅਤੀ ਰਸੀਲੀ ਖੁਸ਼ੀ ਪ੍ਰਦਾਈ[1] ॥੨੨॥ — [1]ਬਹੁਤਰਸ ਵਾਲੀਆਂ ਤੇ ਖੁਸ਼ੀ ਦੇਣ ਵਾਲੀਆਂ।
ਐਸੀ ਐਸੀ ਭਾਂਤਿ ਬਨਾ ਹੈ।

ਅਧਿਕ ਸੁਨਾ ਲਿਯ ਚਿਤ ਚੁਰਾ ਹੈ।
ਬੰਦਾ ਉਨ ਕੇ ਰਸ ਮੈਂ ਪਾਗਯੋ[1]।
[1]ਲੀਨ ਹੋ ਗਿਆ।
ਸੀਰਤ ਓਠ ਚਾਟਨੇ ਲਾਗਯੋ[1] ॥੨੩॥
[1](ਸੀਰਤ) ਸੁਭਾਵਕ ਹੀ (ਓਠ) ਬੁੱਲ੍ਹ ਚੱਟਣ ਲਗ ਪਿਆ।
ਬਾਤ ਸਖ੍ਯਾਤ ਅਹੇ ਕਰਮਾਤੈ[1]।
[1]ਬਾਤ ਹੀ ਪ੍ਰਤੱਖ ਕਰਾਮਾਤ ਹੈ।
ਪਰ ਜੇ ਜਾਣੈ ਕਰਿ ਕੋਊ ਭਾਂਤੈ[1]।
[1]ਪਰ ਜੇ ਕੋਈ ਬਾਤ ਕਰਨ ਦਾ (ਭਾਂਤੈ) ਢੰਗ ਜਾਣਦਾ ਹੋਵੇ।
ਬਾਤ ਮੋਮ ਪਾਹਨ ਕੋ[1] ਕਰਿ ਹੈ।
[1]ਪੱਥਰ ਨੂੰ।
ਕੂਰ ਤਈਂ ਕਰਿ ਸਾਚ ਦਿਖਰ ਹੈ ॥੨੪॥
ਬਾਤ ਸੱਤ੍ਰੁ ਕੋ ਮਿੱਤ੍ਰ ਕਰੈ ਹੈ।
ਮਨ ਤਨ ਧਨ ਬਾਤਨ ਸੋਂ ਲੈ ਹੈ।
ਬੇਸਜਾ ਬਾਤਨ ਹੀ ਸੋਂ ਮੋਹੈ[1]।
[1]ਗੱਲਾਂ ਨਾਲ ਹੀ ਮੋਹਿਤ ਕਰਦੀ ਹੈ।
ਲਾਜ ਧਰਮ ਧਨ ਸਭਿ ਹੀ ਖੋਹੈ ॥੨੫॥
ਬਾਤ ਬਾਤ ਮੈਂ ਫਰਕ ਬਡੇਰੋ।
ਬਾਤ ਬਿਸੁਧ ਚਿਤ ਕਰਿ ਹੈ ਹੇਰੋ[1]।
[1]ਦੇਖ ਲਉ ਬਾਤ ਹੀ ਚਿੱਤ ਨੂੰ ਬੇਹੋਸ਼ ਕਰ ਦਿੰਦੀ ਹੈ।
ਬਾਤਹਿਂ ਉਚ ਪਹਾੜ ਬਨੈ ਹੈਂ।
ਬਾਤਹਿਂ ਰਸ ਧਰਤੀ ਖਿੱਚ ਲੈਹੈਂ ॥੨੬॥
ਬਾਤਹਿਂ ਗੱਦੀ ਰਾਜ ਬਿਠੈ ਹੈਂ।
ਬਾਤਨ ਸੈਂ ਫਕੀਰ ਬਨ ਜੈਹੈਂ।
ਬਾਤ ਕਰੇ ਧੋਖਾ ਇਕ ਪੂਰਾ।
ਪੁਤਲਾ ਬਾਤ ਬਨਾਵੇ ਕੂਰਾ[1] ॥੨੭॥
[1]ਬਾਤ ਝੂਠ ਦਾ ਪੁਤਲਾ ਬਣਾ ਦੇਂਦੀ ਹੈ।
ਬਡੇ ਬਡੇ ਇਸ ਛਲ ਵਿਚ ਆਏ।
ਪਏ ਪਤੀਜ ਬਾਤ ਪਰ ਭਾਏ[1]।
[1](ਭਾਇ) ਅਨੁਸਾਰੀ ਹੋ ਕੇ ਬਾਤ ਉਪਰ ਭਰੋਸੇਵਾਨ ਹੋ ਗਏ।
ਇਸ ਛਲ ਪੈ ਬਡ ਕੇਈ ਭੂਲੇ।
ਪੀਛੇ ਪਛਤਾਵਤ ਹੈਂ ਕੂਲੇ[1] ॥੨੮॥
[1]ਕਿਨਾਰੇ ਬੈਠੇ, ਪਾਸੇ ਬੈਠੇ।
ਇਸੀ ਤੌਰ ਇਸ ਛਲ ਕੇ ਮਾਹੀਂ।
ਆਯੋ ਬੰਦਾ ਇਕ ਛਿਨ ਤਾਂਹੀਂ[1]।
[1]ਤਿਸ ਇਕ ਖਿਨ ਵਿੱਚ।
ਬੰਦੇ ਢਿਗ ਉਨ ਐਸੀ ਕੀਨੀ।
ਬੁਧਿ ਬੰਦੇ ਕੀ ਕਰ ਮੈਂ[1] ਲੀਨੀ ॥੨੯॥
[1]ਹੱਥ ਵਿੱਚ।
ਸਾਧੁ ਸੁਭਾਵ[1] ਸਾਧੁ ਥਾ ਸੋਊ।
[1]ਸਿੱਧੇ (ਨਿਸਕਪਟ) ਸੁਭਾਵ ਵਾਲਾ।
ਛਲ ਤੁਰਕਨ ਕਾ ਲਖ੍ਯੋ ਨ[1] ਕੋਊ।
[1]ਨਾ ਜਾਣਿਆਂ।
ਰਾਜਨੀਤਿ ਕਾ ਨਹਿਂ ਥਾ ਗ੍ਯਾਨੀ।

ਥਾ ਫਕੀਰ ਭਲ ਬੀਰ ਮਹਾਂਨੀ ॥੩੦॥
ਤੁਰਕਰੁ ਬਾਹ ਪੇਚ[1] ਦਿਲ ਕਾਲੇ। — [1]ਲੂੰਬੜੀ ਵਾਂਗ ਪੇਚ ਖੇਲਣ ਵਾਲੇ, ਚਾਲਾਕ, ਛਲੀਏ।
ਮੁਖ ਨਬਾਤ ਦਿਲ ਕਾਂਤਿ ਬਿਸਾਲੇ[1]। — [1]ਮੂੰਹ 'ਚ ਮਿਸ਼ਰੀ ਭਾਵ ਮੂੰਹ ਦੇ ਮਿੱਠੇ ਤੇ ਦਿਲ 'ਚ ਛੁਰੀ ਭਾਵ ਦਿਲ ਦੇ ਬਹੁਤੇ ਖੋਟੇ ਸਨ।
ਕਪਟੀ ਲਿਫਤੇ[1] ਛਲੀਏ ਭਾਰੈਂ। — [1]ਝੁਕ ਜਾਂਦੇ ਹਨ।
ਯਹਿ ਜੁ ਚਹੈਂ ਬਿਧਿ ਕੋ[1] ਛਲ ਡਾਰੈਂ ॥੩੧॥ — [1]ਬ੍ਰਹਮਾ ਨੂੰ।
ਇਹੁ ਫਕੀਰ ਥਾ ਕਹਾਂ ਵਿਚਾਰਾ।
ਵਸ ਕਰਤਜੋਂ ਨਹਿਂ ਲਾਗੀ ਵਾਰਾ[1]। — [1]ਦੇਰੀ।
ਪੁਨਾ ਗਿਰਦ ਪੇਸ਼ਾ ਤਿਸ ਕੇਰੈਂ[1]। — [1]ਤਿਸ ਬੰਦੇ ਦੇ ਇਰਦ-ਗਿਰਦ ਰਹਿਣ ਵਾਲੇ (ਪੇਸ਼ਾ) ਆਗੂ।
ਅਪਨਾ ਕਰ ਲੀਨੋ ਬਿਨ ਦੇਰੈਂ ॥੩੨॥
ਝੂਠ ਮੂਠ ਬਹੁ ਬਾਤੈਂ ਕਰਿ ਕੈ।
ਕਰੇ ਵੱਸ ਸਭਿ ਕੇ ਮਨ ਹਰ ਕੈ।
ਗਏ ਦੂਤ ਫਿਰ ਪਾਸ ਨੁਵਾਬੈਂ।
ਲੈ ਆਏ ਤਿਹ ਨਿਕਟ ਸ਼ਿਤਾਬੈਂ[1] ॥੩੩॥ — [1]ਛੇਤੀ।
ਫੇਰ ਆਇ ਉਨ ਬੰਦੇ ਪਾਸੈਂ।
ਅਰਜ ਕਰੀ ਯਾ ਬਿਧਿ ਹ੍ਵੈ ਦਾਸੈਂ।
ਹੋਵੈ ਹੁਕਮ ਆਪ ਕਾ ਜੈਹੈਂ[1]। — [1]ਜਿੱਥੇ।
ਉਤਰੈ ਆਇ ਨੁਵਾਬ ਸੁ ਤੈਹੈਂ[1] ॥੩੪॥ — [1]ਓਥੇ।
ਸੁਨਿ ਬੰਦੇ ਹ੍ਵੈ ਮੋਦ ਮਹਾਂਈ।
ਕਹਜੋ ਜਹਾਂ ਚਹਿ ਉਤਰੈ ਆਈ।
ਤੀਨੋ ਤਰਫ ਦੁਰਗ ਕੇ[1] ਆਏ। — [1]ਕਿਲ੍ਹੇ ਦੇ।
ਡੇਰੇ ਦਏ ਨੁਵਾਬ ਲਗਾਏ ॥੩੫॥
ਯੱਦਪਿ ਤੁਰਕਨ ਨਿਜ ਮਨ ਭਾਵਤ।
ਕਰਿ ਲੀਨੀਂ ਸਭਿ ਬਾਤ ਜਥਾਵਤ[1]। — [1]ਜੈਸੀ ਉਹ ਚਾਹੁੰਦੇ ਸਨ।
ਤੌ ਭੀ ਬੰਦੇ ਤੇ ਯੌਂ ਡਰੈਂ।
ਗਜ ਮ੍ਰਿਗ ਖੌਫ ਸ਼ੇਰ ਤੇ ਕਰੈਂ ॥੩੬॥
ਥਰ ਥਰ ਕਾਂਪੈਂ ਸ੍ਵਾਸ ਨ ਭਰੈਂ[1]। — [1]ਸਾਹ ਨਹੀਂ ਭਰਦੇ ਭਾਵ ਬਹੁਤ ਡਰਦੇ ਹਨ।
ਅਪਨਾ ਭੇਦ ਖੁਲ੍ਹਨ ਤੇ ਡਰੈਂ।
ਕਹੈਂ ਜੋ ਭੇਦ ਲਖਜੋ ਯਹਿ ਬੰਦੇ।
ਤੌਂ ਹਮ ਕੋ ਮਾਰੈ ਕਰਿ ਗੰਦੇ ॥੩੭॥

ਅਬੀ ਮੁਵੱਕਲ[1] ਬੰਦਾ ਛੋਰੈ। — [1]ਬੀਰ।
ਵਹਿ ਹਮ ਕੋ ਛਿਨ ਮਾਹਿਂ ਮਰੋਰੈਂ।
ਸਭਿ ਸੈਂ ਅਧਿਕ ਨੁਵਾਬ ਡਰਾਵੈ[1]। — [1]ਡਰਦਾ ਹੈ।
ਨਿਸ ਦਿਨ ਗਿਰਦ ਨਕਸ ਧੁਖਵਾਵੈ[1] ॥੩੮॥ — [1]ਤਵੀਤ (ਜੰਤ੍ਰ) ਫੂਕਦਾ ਹੈ।
ਮੰਤਰ ਪਢੈਂ ਸੈਂਫੀਆਂ ਮੁੱਲਾਂ[1]। — [1]ਮੁੱਲਾਂ ਵੈਰੀ ਨੂੰ ਵੱਸ ਕਰਨ ਵਾਲੇ ਮੰਤ੍ਰ ਦਾ ਜਾਪ ਕਰਦੇ ਹਨ।
ਸੱਯਦ ਪਢੈਂ ਕੁਰਾਨ ਅਤੁੱਲਾ[1] ॥੩੯॥ — [1]ਬਹੁਤੀਆਂ।

ਦੋਹਰਾ:

ਫਿਰ ਨੁਵਾਬ ਨਿਜ ਮਾਤਬਰ[1], — [1]ਇਤਬਾਰ ਵਾਲੇ ਬੰਦੇ।
ਭੇਜੇ ਬੰਦੇ ਪਾਸ।
ਧੀਰ ਧਰਾਵਨ ਹੇਤ ਤਿਹ,
ਯੌਂ ਕਹਿ ਪਠਯੋ ਖਾਸ[1] ॥੪੦॥ — [1]ਆਪ।
ਬਾਦਸ਼ਾਹ ਢਿਗ ਮੈਂ ਪਠੀ,
ਲਿਖਿ ਤਰੀਫ ਇਸ ਤੌਰ।
ਗੁਰੁ ਬੰਦੇ ਸਮ ਜਗਤ ਮੈਂ,
ਵਲੀ ਨਹੀਂ ਕੋਊ ਔਰ ॥੪੧॥
ਬਿਨ ਮੁਰੀਦ ਇਸ ਕੇ ਬਨੇ,
ਮਿਟੈ ਨ ਕਬੀ ਕਲੇਸ਼।
ਤਾਂਤੇ ਲਿਖ ਜਾਗੀਰ ਦਿਹੁ
ਇਨ ਕੋ ਅਬੀ ਬਿਸ਼ੇਸ਼[1] ॥੪੨॥ — [1]ਬਹੁਤੀ।
ਮਨਜੂਰੀ ਤੋ ਹ੍ਵੈ ਗਈ,
ਪਟਾ ਲਿਖ੍ਯੋ ਅਬਿ ਜਾਇ।
ਗੰਗਾ ਤੈ ਕਸ਼ਮੀਰ ਲੌ,
ਪਰਬਤ ਜਿਤਿਕ ਮਹਾਂਇ ॥੪੩॥
ਯਹਿ ਸਭਿ ਮੈਂ ਲਿਖਵਾ ਦਯੋ,
ਮੁਲਕ ਆਪ ਕੇ ਨਾਮ।
ਚਾਰ-ਕੁ ਦਿਨ ਮੈਂ ਆਇ ਹੈ,
ਪਟਾ ਵਹੀ ਤੁਵ ਧਾਮ ॥੪੪॥
ਵਹੀ ਪਟਾ ਲੈ ਨਜ਼ਰ[1] ਫਿਰ, — [1]ਭੇਟਾ।
ਮੈਂ ਐਹੋਂ ਤੁਮ ਪਾਸ।
ਕਰੋਂ ਕਦਮ ਬੋਸੀ[1] ਭਲੇ, — [1]ਚਰਨ ਚੁੰਮਣੇ।

ਖਾਦਮ ਬਨ ਹੋਂ ਖਾਸ[1] ॥੪੫॥
[1]ਆਪ ਦਾ ਸੇਵਕ ਬਣਾਂਗਾ।

ਇਤਜਾਦਿਕ ਬਹੁ ਬਾਤ ਕਹਿ,
ਬੰਦਾ ਲਿਯ ਭਰਮਾਇ।
ਤੁਰਕ ਉਡੀਕਤ ਫੌਜ ਨਿਜ,
ਜੌ ਕਸ਼ਮੀਰੋਂ ਆਇ ॥੪੬॥
ਇਤ ਬੰਦਾ ਨਿਤ ਚਿੱਤ ਮੈਂ,
ਪਟਾ ਉਡੀਕਤ ਪੱਟ[1]।
[1]ਛੇਤੀ।

ਚੌੜ ਚੁਪੱਟ ਕੂਰਾ ਕਰੇ,
ਡਾਰ ਸਘੱਟ ਕੁਸੱਟ[1] ॥੪੭॥
[1]ਝੂਠਾ ਨਵਾਬ (ਸਘੱਟ) ਬਹੁਤੀ ਫੌਜ (ਡਾਰ) ਸੁੱਟ ਕੇ (ਕੁਸੱਟ) ਖੋਟੀ ਮਾਰ ਮਾਰ ਕੇ (ਬੰਦੇ ਦੀ) (ਚੌੜ ਚੁਪੱਟ) ਤਬਾਹੀ ਕਰ ਦੇਵੇਗਾ।

ਜਜੋਂ ਸ੍ਰਪਨੇ ਕੀ ਨਾਰਿ ਨੈ,
ਡਾਰਜੋ ਕੂਪ ਮੁਨੀਸ[1]।
[1]ਵੱਡੇ ਮੁਨੀ ਨੂੰ ਖੂਹ ਵਿੱਚ ਸੁੱਟ ਦਿੱਤਾ।

ਜਾਗ੍ਰਤ ਕੀ ਕਜੋਂ ਨਹਿਂ ਸੁਟੈ,
ਨਰਕੈਂ ਬਿਸਵੇ ਬੀਸ[1] ॥੪੮॥
[1]ਨਿਸ਼ਚੇ ਨਾਲ ਜਾਣੋ।

ਤਜੋਂ ਕੂਰੇ ਪੱਟੇ ਸੁਟਜੋ,
ਦੇਖੋ ਬੰਦਾ ਪੱਟ[1]।
[1]ਤਿਵੇਂ ਝੂਠੇ ਪਟੇ ਨੇ ਬੰਦਾ ਪੱਟ ਸੁੱਟਿਆ।

ਉਤ ਤੁਰਕੋਂ ਨੈ ਤਾਹਿ ਕਾ,
ਬੰਦੋਬਸਤ ਕਿਯ ਝੱਟ ॥੪੯॥

ਚੌਪਈ:

ਦੁਰਗ[1] ਘੇਰ ਬਾਹਰ ਤੈ ਰਾਖਜੋ।
[1]ਕਿਲ੍ਹਾ।

ਬੰਦੇ ਕਾ ਫੜਨਾ ਅਭਿਲਾਖਜੋ[1]।
[1]ਚਾਹਿਆ।

ਰਸਦ ਓਤਨੀ ਆਵਨ ਦੇਵੈਂ।
ਜਿਤਿਕ ਬੰਦਈ ਖਾਇ ਨਿਤ ਲੇਵੈਂ ॥੫੦॥
ਬੰਦੇ ਢਿਗ ਜੇ ਸਿੰਘ ਸਯਾਨੇ।
ਹੁਤੇ ਬੰਦਈ ਲਖੇ ਤਿਨ ਜਾਨੇ।
ਹਮ ਸੈਂ ਤੁਰਕ ਦਗਾ ਯਹਿ ਕੈਹੈਂ[1]।
[1]ਕਰਨਗੇ।

ਬਿਤਜੋ ਵਖਤ ਫਿਰ ਹਾਥ ਨ ਐਹੈ ॥੫੧॥
ਬਾਜ ਸਿੰਘ ਥਾ ਵਡ ਮੁਖਤਜਾਰੈਂ।
ਤਿਸ ਪੈ ਸਭਿਹਨ ਕਹਜੋ ਪੁਕਾਰੈਂ।

ਕਹਿਤ ਨ ਕਜੋਂ ਤੂੰ ਬੰਦੇ ਪਾਸੈਂ।
ਕਹਾਂ ਭਈ ਤੁਮਰੀ ਮਤਿ ਨਾਸੈਂ ॥੫੨॥
ਕਜਾ ਕੁਛ ਲੈ ਤੁਰਕਨ ਤੈ ਖਾਯਾ।
ਜਿਸ ਹਿਤ ਤੂੰ ਨਹਿਂ ਕਰਤ ਉਪਾਯਾ।
ਹਮ ਕੋ ਕਜੋਂ ਯੌਂ ਹੀ ਮਰਵਾਵੈਂ।
ਹੁਕਮ ਦੇਹ ਹਮ ਅਰਿ ਦਲ ਘਾਵੈਂ[1] ॥੫੩॥ [1]ਵੈਰੀਆਂ ਦੇ ਦਲ ਨੂੰ ਮਾਰੀਏ।
ਲੂਟ ਮਾਰ ਸਿੰਘ ਬੜ ਗਏ ਝਾੜੀਂ।
ਹਮ ਕਜੋਂ ਕੀਨੇ ਤੁਰਕ ਅਗਾੜੀ[1]। [1]ਸਾਨੂੰ ਕਿਉਂ ਤੁਰਕਾਂ ਦੇ ਅੱਗੇ ਕੀਤਾ ਹੈ।
ਜਿਨ ਕੇ ਹੇਤ[1] ਬਾਤ ਯਹਿ ਹੋਈ। [1]ਕਾਰਨ ਕਰਕੇ।
ਉਨ ਮੈਂ ਤੈ ਨ ਫਸਜੋ ਅਬਿ ਕੋਈ ॥੫੪॥
ਜਿਮ ਵਹਿ ਤਜ ਕਰਿ ਭਏ ਕਿਨਾਰੇ।
ਤਿਮ ਬੰਦਾ ਤਜ ਜਾਇ ਸਕਾਰੇ[1]। [1]ਸਵੇਰੇ।
ਆਪ ਚੋਰੀਏਂ ਕਿਤ ਉਡ ਜੈਹੈ।
ਹਮ ਕੋ ਔਖਾ ਵਖਤ ਬਨੈ ਹੈ ॥੫੫॥
ਤੁਮ ਭੀ ਖਾਇ ਪੈਨ੍ਹ ਬਹੁ ਲੀਨਾ।
ਹਮ ਅਬਿ ਲੌਂ ਨਹਿਂ ਲਯੋ ਰੁਜੀਨਾ[1]। [1]ਇਕ ਦਿਨ ਦੀ ਤਨਖ਼ਾਹ।
ਬਾਜ ਸਿੰਘ ਯੌਂ ਸੁਨਿ ਫਿਰ ਕਹਜੋ।
ਬੰਦਾ ਜਾਣੀ ਜਾਣ ਹਮ ਲਹਜੋ ॥੫੬॥
ਕਜਾ ਜਾਨੈ ਉਸ ਦਿਲ ਕਜਾ ਆਯੋ।
ਹਮਰਾ ਨਹਿਂ ਅਬਿ ਬਣੈ ਸੁਨਾਯੋ।
ਹਮ ਤਿਸ ਆਗੇ ਦੀਓ ਸੀਸੈਂ।
ਧਾਰਜੋ ਗੁਰੂ ਜਾਨ ਜਗਦੀਸੈਂ ॥੫੭॥
ਕਜਾ ਜਾਨੈਂ ਵਹਿ ਸਿਦਕ ਹਮਾਰਾ।
ਪਰਖਤ ਆਦਿ ਗੁਰੂ ਜਿਮ ਭਾਰਾ[1]। [1]ਪਹਿਲੇ ਗੁਰਾਂ ਵਾਂਗ ਬਹੁਤਾ (ਸਿਦਕ)।
ਯਦਪਿ ਵਹਿ ਘਟ ਘਟ ਕੀ ਜਾਨੈ।
ਤੱਦਪਿ ਹਮ ਤੁਮ ਚਲੋ ਬਖਾਨੈਂ ॥੫੮॥
ਯੌਂ ਕਹਿ ਮਿਲਿ ਬੰਦੇ ਢਿਗ ਆਏ।
ਬੰਦੇ ਅੱਗਜੋਂ ਬਚਨ ਸੁਨਾਏ।
ਤੁਮ ਜਾਨਜੋ ਬੰਦਾ ਉਡ ਜੈਹੈ।
ਭੀਰ ਪਰੀ ਹਮ ਢਿਗ ਨ ਰਹੈ ਹੈ ॥੫੯॥

ਯਹਿ ਸੰਸਾ ਤੁਮ ਦਿਲ ਤੇ ਲਾਹੋ।
ਭਲੀ ਬੁਰੀ ਤੁਮ ਸੰਗ ਨਿਬਾਹੋਂ।
ਸਪਤ[1] ਰਾਮ ਕੀ ਮੁਹਿ ਅਬਿ ਹੋਈ। — [1]ਸਹੁੰ।
ਮੈਂ ਨਹਿਂ ਉਡੋਂ ਸੰਗ ਤੁਮ ਖੋਈ[1] ॥ ੬੦ ॥ — [1]ਤੁਹਾਡਾ ਸਾਥ ਛੱਡ ਕੇ।
ਹਮ ਭੀ ਆਖਰ ਮਰਨੋ ਆਹੈ।
ਜਿਨ ਨਹਿਂ ਮਰਨੋ ਸੋ ਨਠ ਜਾਹੈ।
ਤਨ ਅਵਤਾਰਨ ਕੇ ਨਹਿਂ ਰਹੇ।
ਹਮ ਕਬਿ ਲੌਂ ਤਨ ਰਾਖਯੋ ਚਹੇ ॥ ੬੧ ॥
ਯਾਂ ਤੇ ਜਿਮ ਗੁਰੂਅਨ ਸਿਰ ਲਾਏ।
ਤੁਰਕਨ ਸਿਰ ਤਿਮ ਹਮ ਚਹਿਂ ਲਾਏ।
ਇਤਯਾਦਿਕ ਬਹੁ ਬਚਨ ਸੁਨੈ ਕੈ।
ਬੰਦਾ ਥਿਰਯੋ ਕਿਵਾੜ ਲਗੈ ਕੈ[1] ॥ ੬੨ ॥ — [1]ਤਖ਼ਤੇ ਬੰਦ ਕਰਕੇ।

ਦੋਹਰਾ:
ਜੇ ਕੋ ਪੂਛੇ ਬਾਤ ਯਹਿ,
ਥਾ ਵਹਿ ਜਾਣੀ ਜਾਣ।
ਛਲ ਤੁਰਕੋਂ ਕੇ ਕੈਸ ਨਹਿਂ,
ਬੰਦਾ ਸਕਯੋ ਪਛਾਣ ॥ ੬੩ ॥

ਚੌਪਈ:
ਏਸ ਪ੍ਰਸ਼ਨ ਕਾ ਉੱਤਰ ਕੈਹੋਂ।
ਸ੍ਰੋਤਨ ਕੇ ਸਭਿ ਸੰਸੇ ਦੈਹੋਂ[1]। — [1]ਨਾਸ਼ ਕਰਾਂਗਾ।
ਭਾਵੀ ਪ੍ਰਭੁ ਕੀ ਪਰਬਲ ਭਾਰੀ।
ਕੋਊ ਕਬੀ ਨਹਿਂ ਸਕਯੋ ਟਾਰੀ ॥ ੬੪ ॥
ਪੀਰ ਫਕੀਰ ਪਿਗੰਬਰ ਬਲੀ।
ਭਾਵੀ ਛਲੇ ਨ ਇਹੁ ਕਿਨ ਛਲੀ।
ਸਿੱਧ ਰਿਖੀ ਅਵਤਾਰ ਅਪਾਰੇ।
ਦੇਵ ਅਦੇਵ ਭਗਤ ਗੁਰੁ ਭਾਰੇ ॥ ੬੫ ॥
ਸਭਿ ਕੇ ਸਿਰ ਪਰ ਪਰਬਲ ਭਾਵੀ।
ਕਿਸ ਕਿਸ ਕੀ ਇਨ ਮਤਿ ਨ ਭੁਲਾਵੀ।
ਕੰਚਨ ਮਿਰਗ ਸ੍ਰਿਸ਼ਟਿ ਮੈਂ ਨਾਹੀਂ[1]। — [1]ਸੋਨੇ ਦਾ ਹਰਨ ਸ੍ਰਿਸ਼ਟੀ ਵਿੱਚ ਨਹੀਂ ਹੈ।
ਰਚਯੋ ਬਿਧਾਤਾ ਸੁਨਯੋ ਕਦਾਹੀਂ[1] ॥ ੬੬ ॥ — [1]ਬ੍ਰਹਮਾ ਨੇ ਬਣਾਇਆ ਕਦੇ ਸੁਣਿਆ ਹੈ ? ਭਾਵ ਨਹੀਂ

ਸੁਣਿਆਂ।

ਸੋਉ ਹਰਨ ਹਰਨ ਕੇ ਕਾਜੈਂ[1]।
[1]ਉਸ ਹਰਨ ਨੂੰ ਮਾਰਨ ਵਾਸਤੇ।

ਗਏ ਰਾਮ ਤੌ ਭਏ ਕੁਕਾਜੈਂ।

ਰੋਵਤ ਰਾਮ ਫਿਰੇ ਹਿਤ ਸੀਆ[1]।
[1]ਸੀਤਾ ਵਾਸਤੇ।

ਰਾਵਣ ਕੁਲ ਯੁਤ ਨਿਜ ਤਨ ਦੀਆ[1] ॥੬੭॥
[1]ਰਾਵਣ ਨੇ ਆਪਣੀ ਕੁਲ ਸਮੇਤ ਆਪਣਾ ਸ਼ਰੀਰ ਵੀ ਦੇ ਦਿੱਤਾ।

ਹਰੀ ਚੰਦ ਨ੍ਰਿਪ ਘਰ ਚੰਡਾਲ ਕੈ।

ਬਿਕਜੋ ਬਿਵਸ ਭਾਵੀ ਸੁ ਚਾਲ ਕੈ[1]।
[1]ਉਹ ਭਾਵੀ ਦੀ ਚਾਲ ਕਰ ਕੇ (ਬਿਵਸ) ਮਜਬੂਰ ਹੋ ਕੇ ਵਿਕਿਆ।

ਸਹਸ ਚਿੰਨਜ ਭਗ ਬਾਸਵ ਪਾਏ[1]।
[1](ਬਾਸਵ) ਇੰਦ੍ਰ ਨੇ ਭਗ (ਯੋਨੀ) ਦੇ ਹਜ਼ਾਰਾਂ ਨਿਸ਼ਾਨ ਪੁਆ ਲਏ।

ਚੰਦ ਕਲੰਕ ਜਗਤ ਬਿਦਤਾਏ ॥੬੮॥

ਜਨਮੇਜੇ ਕੋ ਬ੍ਯਾਸ ਬਤਾਯੋ।

ਅਮਕੇ[1] ਦਿਨ ਇਸ ਦਿਸ ਨਹਿਂ ਜਾਯੋ।
[1]ਫਲਾਣੇ।

ਮਿਲ ਹੈ ਤੀਆ ਸੰਗ ਨਹਿਂ ਆਨਜੋ।

ਬਚਨ ਤਾਂਹਿ ਕਾ ਕਬੀ ਨ ਮਾਨਜੋ ॥੬੯॥

ਜਾਨ ਬੂਝ ਫਿਰ ਸਭੁ ਕਿਛੁ ਕੀਨਾ।

ਕੁਸ਼ਟੀ ਭਯੋ ਲਯੋ ਦੁਖ ਪੀਨਾ[1]।
[1]ਬਹੁਤਾ।

ਜਾਦਵ ਕੌਰਵ ਬਲੀ ਬਿਸਾਲੇ।

ਭਾਵੀ ਨਾਮ ਨਮੂਜ ਉਠਾਲੇ[1] ॥੭੦॥
[1]ਨਾਮ ਤੇ ਨਿਸ਼ਾਨ ਹੀ ਚੁੱਕ ਦਿੱਤੇ।

ਕੰਸ ਸਹਿਤ ਸਰਬੰਸ ਪ੍ਰਹਾਨਾ[1]।
[1]ਨਾਸ਼ ਹੋ ਗਿਆ।

ਧਰਮ ਪੂਤ[1] ਦੁਖ ਸਹੇ ਮਹਾਨਾ।
[1]ਯੁਧਿਸ਼ਟਰ ਨੇ।

ਰਾਮ ਲਖਨ ਜਲ ਸਰਜੂ ਮਾਹੈਂ[1]।
[1]ਰਾਮ ਤੇ ਲਛਮਣ ਸਰਜੂ ਨਦੀ ਦੇ ਪਾਣੀ ਵਿੱਚ।

ਭਾਵੀ ਵਸ ਤਨ ਤਜੇ ਡੁਬਾਹੈਂ[1] ॥੭੧॥
[1]ਡੁੱਬ ਕੇ ਸ਼ਰੀਰ ਛੱਡੇ।

ਕਾਨਨ ਮਾਹਿਂ[1] ਕ੍ਰਿਸ਼ਨ ਕੇ ਤਾਂਈਂ।
[1]ਜੰਗਲ ਵਿੱਚ।

ਕੀਨ ਸ਼ਿਕਾਰ ਸ਼ਿਕਾਰੀ ਜਾਈ।

ਈਸਾ ਭਯੋ ਪਿਗੰਬਰ ਜੋ ਹੈ।

ਮਾਰਜੋ ਸੂਲੀ ਵੀਚ ਪਰੋ ਹੈ ॥੭੨॥

ਮੂਸਾ ਜਰਜੋ ਅਗਨਿ ਬਨ ਮਾਹੀਂ।

ਨੂਹ[1] ਜਰਸ੍ਤੁ[2] ਚਢਾਏ ਫਾਹੀ।
[1]ਇਕ ਪੈਗੰਬਰ। [2]ਜ਼ਰਦੁਸ੍ਤੁ (ਪਾਰਸੀਆਂ ਦਾ ਧਰਮ ਗੁਰੂ) ਅਤੇ ਜ਼ੁੰਦ ਗ੍ਰੰਥ ਦਾ ਕਰਤਾ।

ਅਲੀ ਤਈਂ ਕੀਨੋਂ ਸੰਸਾਰਾ[1]।
ਦੈ ਮੁਸ਼ਕਾਂ ਪਥਰਨ ਸੋਂ ਮਾਰਾ ॥੨੩॥
ਹਸਨ ਹੁਸੈਨ[1] ਇਮਾਮ ਬਡੇਰੇ[2]।
ਕਾਯਰ ਹੋਇ ਦੁਰੇ ਮਧ ਝੇਰੇ[1]।
ਭੂਖੇ ਪਜਾਸੇ ਰਹੇ ਮਹਾਂਏ।
ਤੌਂ ਭੀ ਭਾਵੀ ਕਤਲ ਕਰਾਏ ॥੨੪॥
ਪਿਖੋ ਮੁਹੰਮਦ ਸਾਹਿਬ ਓਰੈਂ।
ਬਢਜੋ ਦੀਨ ਜਿਸ ਕਾ ਅਤਿ ਜੋਰੈਂ।
ਆਇ ਦੁਸ਼ਮਨੈਂ ਸੋ ਜਬਿ ਫਰਯੋ।
ਕਜਾ ਜਾਨੈਂ ਕਜਾ ਦੁਖ ਦੈ ਹਰਯੋ[1] ॥੨੫॥
ਅਪਨੀ ਅਪਨੀ ਜਾਨੈਂ ਲੈ ਕੈ।
ਗਏ ਸਬੰਧੀ ਤਿਹ ਸਭਿ ਧੈ ਕੈ[1]।
ਮਰਜੋ ਪਰਜੋ ਬਾਰਾਂ ਦਿਨ ਰਹਜੋ।
ਆਇ ਫੇਰ ਤਿਹ ਉੱਮਤ ਲਹਿਓ[1] ॥੨੬॥
ਯਾਂਹੀ ਤੈ ਅਬਿ ਲੌ ਬਖਜਾਤੈ।
ਬਾਰਾਂ ਤਾਂ ਕੀ ਕਰਤ ਵਫਾਤੈਂ[1]।
ਕੰਚਨ ਕਾ ਮ੍ਰਿਗ ਸੁਨਜੋ ਨ ਹੇਰਜੋ।
ਕਬੀ ਬਿਧਾਤਾ ਰਚਜੋ ਨ ਟੇਰਜੋ[1] ॥੨੭॥
ਐਸੇ ਹਰਨ ਹਰਨ ਕੇ ਹੇਤੈਂ[1]।
ਗਏ ਰਾਮ ਅਸ ਭਏ ਅਚੇਤੈਂ[1]।
ਕਿਸ ਕਿਸ ਕੀ ਹਮ ਗਾਥ ਸੁਨਾਵੈਂ।
ਗ੍ਰੰਥ ਬਢਨ ਤੈਂ ਅਤਿ ਡਰ ਪਾਵੈਂ ॥੨੮॥
ਬਰਤੀ ਜੋ ਸਭ ਕੇ ਸਿਰ ਭਾਵੀ।
ਸੋਊ ਅਬਿ ਬੰਦੇ ਪਰ ਆਵੀ।
ਜਿਸ ਕਾ ਅੰਤ ਨਿਕਟ ਜਬ ਐਹੈ।
ਸੁਧਿ ਬੁਧਿ ਤਾਂ ਕੀ ਸਰਬ ਭੁਲੈ ਹੈ ॥੨੯॥
ਮਿਲਤ ਸਹਾਇਕ ਤਿਸ ਕੋ ਤੈਸੇ।
ਭਾਵੀ ਬਰਤਜੋ ਚੈਹੈ ਜੈਸੇ।

[1]ਅਲੀ ਨਾਲ ਸੰਸਾਰ ਨੇ ਐਸਾ ਕੀਤਾ (ਅਲੀ-ਮੁਹੰਮਦ ਸਾਹਿਬ ਦੀ ਪੁੱਤ੍ਰੀ ਫਾਤਮਾ ਦਾ ਪਤੀ)।

[1]ਅਲੀ ਤੇ ਬੀਬੀ ਫਾਤਮਾ ਦੇ ਦੋਵੇਂ ਪੁੱਤਰ। [2]ਧਰਮ ਦੇ ਵੱਡੇ ਆਗੂ।

[1]ਟੋਏ ਵਿੱਚ ਲੁਕ ਗਏ।

[1]ਮਾਰਿਆ।

[1]ਦੌੜ ਕੇ।

[1]ਉਸ ਦੇ ਮੰਨਣ ਵਾਲਿਆਂ ਦੇਖਿਆ।

[1]ਉਸ ਦੇ (ਵਫਾਤੈਂ) ਮਰਨ ਦੇ ਬਾਰਾਂ ਦਿਨ ਮਨਾਉਂਦੇ ਹਨ।

[1]ਬਿਧਾਤੇ ਦਾ ਰਚਿਆ ਕਦੇ ਕਿਸੇ ਨੇ ਨਹੀਂ ਕਿਹਾ।

[1]ਐਸੇ ਹਰਨ ਨੂੰ ਮਾਰਨ ਵਾਸਤੇ।

[1]ਰਾਮ ਚੰਦਰ ਜੀ ਗਏ ਤਾਂ (ਸੀਤਾ ਦਾ ਚੁਰਾਏ ਜਾਣਾ ਸੁਣ ਕੇ) ਐਸੇ (ਅਚੇਤ) ਬੇਹੋਸ਼ ਹੋ ਗਏ।

ਭੂਲ ਬਹੁਤ ਬੰਦੇ ਤੈ ਭਈ।
ਕਰਾਮਾਤ ਯੌਂ ਤਿਸ ਤੈ ਗਈ ॥੯੦॥
ਪ੍ਰਥਮ ਮਾਤ ਕਾ ਭਯੋ ਸਰਾਪੈਂ।
ਦੁਤੀਏ ਜਤ ਸਤ ਖੋਯੋ ਆਪੈਂ।
ਪੁਨ ਬੀਰਨ ਕੋ ਦਈ ਬਿਦਾਈ।
ਉੱਡਨ ਕੀ ਸੁਗੰਦ[1] ਜਬਿ ਪਾਈ ॥੯੧॥ — [1]ਸਹੁੰ।
ਚਤੁਰਥ ਮੰਡੀ ਪੋਥੀ ਧਰੀ।
ਪੰਚਮ ਗੁਰੁ ਕੀ ਨਿੰਦਯਾ ਕਰੀ।
ਛਿਵੈਂ ਪੰਥ ਸੋਂ ਦ੍ਵੈਸ਼ ਉਠਾਯੋ।
ਸਤਵੇਂ ਉਨ ਨਿਜ ਪੰਥ ਚਲਾਯੋ ॥੯੨॥
ਅਠਵੇਂ ਹੁਤੀ ਜੁ ਤਿਸ ਕੀ ਨਾਰੀ।
ਤਿਸ ਨੈਂ ਨਿਜ ਬੇਟੀ ਇਕ ਮਾਰੀ।
ਨਾਵੇਂ ਸਿੱਧਿ[1] ਮੁਫਤ ਇਨ ਪਾਈ। — [1]ਕਰਾਮਾਤ।
ਦਸਵੈਂ ਬੈਠਾ ਛੋਡ ਕਮਾਈ ॥੯੩॥
ਮੁਫਤ ਨਯਾਮਤ[1] ਜਿਹ ਕਰ[2] ਆਵੈ। — [1]ਦੁਰਲੱਭ ਪਦਾਰਥ। [2]ਹੱਥ ਵਿੱਚ।
ਤਿਸ ਕੇ ਪਾਸੋਂ ਯੌਂ ਹੀ ਜਾਵੈ।
ਮਹਿੰਗੀ ਵਸਤੁ ਖਰੀਦੈ ਜੋਈ।
ਮਹਿੰਗੀ ਬੇਚ ਨਫਾ ਬਹੁ ਹੋਈ ॥੯੪॥
ਜੰਤਰ ਥਾ ਇਕ ਬੰਦੇ ਪਾਸੈਂ।
ਤਾਬੇ[1] ਬੀਰ ਜਾਂਹਿ ਥੇ ਖਾਸੈਂ[2]। — [1]ਅਧੀਨ। [2]ਬਹੁਤੇ।
ਸੋਊ ਹੁਤੋ ਭਵੱਟੇ ਮਾਂਹੀ[1]। — [1]ਬਾਜ਼ੂ ਬੰਦਾਂ ਵਿੱਚ (ਬਾਜ਼ੂ ਬੰਦ=ਡੌਲਿਆਂ 'ਤੇ ਬੰਨ੍ਹਣ ਦਾ ਗਹਿਣਾ)।
ਸੋ ਭੀ ਮੰਡੀ ਅਯੋ ਭੁਲਾਹੀ ॥੯੫॥
ਅਜ਼ਮਤ ਬੰਦੇ ਵਿਚੋਂ ਜਾਣੇ।
ਕੇ ਕਾਰਣ, ਜੋ ਸੁਣੇ ਬਖਾਣੇ।
ਸੁਣ ਸ੍ਰੋਤਜੋਂ ਨੈ ਨਿਸਚੈ ਮਾਨਾ।
ਭਾਣਾ ਗੁਰੁ ਕਾ ਪ੍ਰਬਲ ਬਖਾਨਾ ॥੯੬॥
ਪੁਨ ਕਰ ਜੋਰ ਗਜਾਨ ਹਰਿ ਕੈਹੈ।
ਕਰਤਬ ਕੋਇ ਨ ਛਾਨਜੋ ਰੈਹੈ[1]। — [1]ਛੁਪਿਆ ਨਹੀਂ ਰਹਿੰਦਾ।
ਭੂਤ ਬਡੇ ਬੰਦੇ ਕੇ ਬਸ ਥੇ।

ਰਹੇ ਸੋਊ ਤੁਰਕਨ ਕੋ ਕਸਤੇ[1] ॥ ੮੭ ॥
ਭਜਾਨਕ ਆਨਿਕ[1] ਰੂਪ ਦਿਖੈ ਕੈ।
ਸੱਤ੍ਰ ਭਜਾਤੇ ਰਹੇ ਡਰੈ ਕੈ[1]।
ਇਹੀ ਭੂਤ ਸਿੱਧੀ ਥੀ ਤਾਂ ਪੈ[1]।
ਬੈਠਾ ਸੋ ਜਤ ਸੰਗ ਗਵਾਪੈ ॥ ੮੮ ॥
ਅਰ ਭੂਤੋਂ ਕੀ ਸਿੱਧੀ ਜੋਈ।
ਆਖਰ ਦਗਾ ਦੇਤ ਹੈ ਸੋਈ।
ਜੋ ਕਿਛ ਹਰਿ ਭਗਤੀ ਕਰਿ ਪਾਵੈ।
ਸੋ ਸਦ ਹੀ ਜਨ ਸੰਗ ਰਹਾਵੈ ॥ ੮੯ ॥

ਦੋਹਰਾ:
ਚਾਕਰਿ ਰਾਜ ਗੁਮਾਸ਼ਤਾ,
ਭੂਤ ਸਿੱਧਿ ਧਨ ਛਾਉਂ[1]।
ਇਨਿ ਪ੍ਰਤੀਤ ਨ ਕੀਜੀਏ,
ਜੈਸ ਮੁਨੇਰੇ ਕਾਉਂ[1] ॥ ੯੦ ॥
ਯਹਿ ਜਬਿ ਸੁਨੀ ਨੁਵਾਬ ਨੈ,
ਬਾਹਰ ਬਾਤ ਬਖਜਾਤ।
ਉੱਡਣ ਕੀ ਬੰਦੇ, ਖਈ
ਕਸਮ, ਗਈ ਕਰਮਾਤ ॥ ੯੧ ॥

ਸੰਕਰ ਛੰਦ:
ਤਬਿ ਤੁਰਕ ਗਨ ਮਨਿ ਮੋਦ ਧਰਿ ਕੈ[1],
ਬਜੋਂਤ ਕੀਨੀ ਐਸ।
ਅਬਿਰਸਦ ਕਰੀਏ ਬੰਦ ਇਨ ਕੀ,
ਘੇਰ ਰਾਖੈਂ ਬੈਸ[1]।
ਬਿਨ ਅੰਨ ਤੈ ਯਹਿ ਹ੍ਵੈ ਦੁਖਜਾਰੇ,
ਮਰੈਂਗੇ ਸਭਿ ਨੀਕ।
ਫਿਰ ਬਾਂਧਿ ਬੰਦੇ ਤਈਂ ਹਮ,
ਲੈ ਜਾਂਹਿ ਦਿੱਲੀ ਠੀਕ ॥ ੯੨ ॥
ਦਿਖਰਾਇ ਕੈ ਪਤਿਸ਼ਾਹਿ ਤੈ,
ਏਨਾਮ ਹਮ ਬਹੁ ਲੇਹਿਂ।

[1]ਦੁੱਖ ਦਿੰਦੇ।
[1]ਅਨੇਕਾਂ।
[1]ਡਰਾ ਕੇ।
[1]ਤਿਸ ਬੰਦੇ ਪਾਸ ਏਹੋ ਭੂਤਾਂ ਦੀ (ਸਿੱਧਿ) ਸ਼ਕਤੀ ਸੀ।
[1]ਨੌਕਰ, ਰਾਜਾ, (ਗੁਮਾਸ਼ਤਾ) ਵਪਾਰੀ ਦਾ ਮੁਨਸ਼ੀ, ਭੂਤਾਂ ਦੀ ਸਿੱਧੀ (ਸ਼ਕਤੀ) ਧਨ ਤੇ ਛਾਂ।
[1]ਬਨੇਰੇ ਦੇ ਕਾਂ ਵਾਂਗ।
[1]ਅਨੰਦ ਹੋ ਕੇ।
[1]ਬੈਠੇ ਰਹੀਏ।

ਫਿਰ ਕਹਿ ਪਠਜੋ ਨੁਵਾਬ ਨੈਂ,
ਤਬਿ ਪਾਸ ਬੰਦੇ ਏਹ।
ਅਬਿ ਘਾਸ ਦਾਣੇ ਹੇਤ ਤੁਮ,
ਨਿਜ ਕਹੀ[1] ਦੇਹੁ ਚਢਾਇ।

[1]ਜੋ ਫੌਜ ਘਾਹ ਦਾਣਾ ਬਾਹਰ ਤੋਂ ਲੈਣ ਜਾਂਦੀ ਸੀ, ਉਸ ਦਾ ਨਾਮ 'ਕਹੀ' ਆਖਦੇ ਸਨ।

ਮੈਂ ਹੂੰ ਮੁਰੀਦ ਤੁਮਾਰ ਭਲ,
ਨਹਿਂ ਕਰੋ ਚਿੰਤਾ ਕਾਇ ॥ ੯੩ ॥
ਹਟੈ ਹੁੰਡੂ ਜੈਸ ਪਾਛੇ,
ਸਿੰਘ ਸੁਕਚੀ ਖਾਇ[1]।

[1]ਜਿਵੇਂ (ਹੁੰਡੂ) ਭੇਡੂ ਪਿੱਛੇ ਹਟੇ ਅਤੇ ਸ਼ੇਰ (ਸੁਕਚੀ) (ਆਪਣੇ ਅੰਗਾਂ ਨੂੰ) ਇਕੱਠਾ ਕਰੇ।

ਧਨੁਖ ਹੇੜੀ ਅਹਿ ਬਿਲਾਈ,
ਨਿਵੈ ਜਯੋਂ ਦੁਖਦਾਇ[1]।

[1]ਜਿਵੇਂ ਧਨੁਸ਼, ਸ਼ਿਕਾਰੀ, ਸੱਪ ਤੇ ਬਿੱਲੀ ਦਾ ਨਿਉਣਾ ਦੁਖਦਾਈ ਹੁੰਦਾ ਹੈ।

ਤਯੋਂ ਸੱਤ੍ਰੂ ਜਯੋਂ ਹਟੈ ਪਾਛੈ,
ਨਿਵੈਂ ਆਦਰ ਦੇਹਿ[1]।

[1]ਤਿਵੇਂ ਜਦੋਂ ਵੈਰੀ ਪਿੱਛੇ ਹਟੇ, ਨਿਵੇਂ ਤੇ ਆਦਰ ਦੇਵੇ।

ਵਹਿ ਦੁਖਦ ਅਤਿਸੈ ਜਾਨ ਬੁਧਿ ਜਨ,
ਨਹਿਂ ਵਿਸਾਹੁ ਕਰੇਂਹਿਂ ॥ ੯੪ ॥
ਨਹਿਂ ਦਗਾ ਤੁਰਕਨ ਕਾ ਵਿਚਾਰਯੋ,
ਕਾਲ ਦੀਨੋ ਪ੍ਰੇਰ।
ਤਬਿ ਕਹੀ ਬੰਦੇ ਨੈ ਚੜ੍ਹਾਈ,
ਰੋਜ਼ ਜਯੋਂ ਬਿਨ ਦੇਰ[1]।

[1]ਜਿਵੇਂਰੋਜ਼ ਬਿਨਾਂ ਦੇਰੀ ਤੋਂ ਚੜ੍ਹਾਉਂਦਾ ਸੀ।

ਜਬਿ ਗਏ ਬਹੁ ਸਿੰਘ ਕਹੀ ਕਰਨੇ,
ਘਾਸ ਦਾਣੇ ਹੇਤ।
ਤਬਿ ਚੜ੍ਹੇ ਪਾਛੇ ਤੁਰਕ ਤਿਨ ਕੇ,
ਪਾਇ ਕੈ ਸਭਿ ਭੇਤ ॥ ੯੫ ॥
ਇਕ ਠੌਰ ਪਾਂਚ ਕੁ ਕੋਸ ਪੈ,
ਤਿਨ ਸਿੰਘ ਘੇਰੇ ਜਾਇ।
ਜਬਿ ਲਗੇ ਮਾਰਨ ਬਹੁ ਬੰਦੂਖਾਂ,
ਸਿੰਘਨ ਕੋ ਵਹਿ ਧਾਇ।
ਤਬਿ ਬੰਦਈਅਨ ਲਖਯੋ, ਅਬਿ
ਨਹਿਂ ਬਚੈ ਹਮਰੀ ਜਾਨ।

ਇਕ ਠੌਰ ਹ੍ਵੈ ਕਰਿ ਮਾਰਿ ਅਰਿ-ਗਨ,
ਮਰੈਂ ਕਰਿ ਘਮਸਾਨ[1] ॥੯੬॥ — [1]ਜੰਗ।

ਦੋਹਰਾ:

ਯਹਿ ਮਨਿ ਤਬਿ ਧਰਿ ਸਿੰਘ ਸਭਿ,
ਲਗੇ ਲਰਨ ਕਰਿ ਕੱਠ।
ਚਲੀ ਬੰਦੂਖ ਅਪਾਰ ਤਿਹ,
ਜਯੋਂ ਭੜਭੂੰਜੇ ਭੱਠ ॥੯੭॥

ਸੰਖ ਨਾਰੀ ਛੰਦ:

ਮਲੇਛੈਂ ਬਿਲੱਛੈਂ।
ਜੁਟੈ ਕੈ ਪ੍ਰਤੱਛੈਂ[1]। — [1]ਤੁਰਕ (ਬਿਲੱਛੈਂ) ਵਿਲੱਖਣ ਢੰਗ ਨਾਲ (ਪ੍ਰਤੱਛੈਂ) ਪ੍ਰਤੱਖ ਹੀ ਜੁੱਟ ਪਏ।
ਸਮੱਛੈਂ ਹਜ਼ਾਰੀ।
ਬੰਦੂਖੈਂ ਪ੍ਰਹਾਰੀ[1] ॥੯੮॥ — [1]ਸਾਹਮਣਿਉਂ ਹਜ਼ਾਰਾਂ ਬੰਦੂਕਾਂ ਮਾਰੀਆਂ।
ਇਤੈ ਥੇ ਬੰਦੱਯੇ।
ਸਭੀ ਪਾਂਚ ਸੱਯੇ[1]। — [1]ਪੰਜ ਸੌ।
ਗੁਰੂ ਕੋ ਮਨੈ ਕੈ।
ਮਹਾਂ ਧੀਰ ਕੈ ਕੈ ॥੯੯॥
ਲਰੇ ਹ੍ਵੈ ਸਮੱਛੈਂ।
ਸਭੈ ਬੀਰ ਅੱਛੈਂ।
ਤਜੈਂ ਰਾਮਜੰਗੇ[1]। — [1]ਬੰਦੂਕਾਂ।
ਕੜਾ ਕਾੜ ਚੰਗੇ ॥੧੦੦॥
ਦੜਾ ਦਾੜ ਗੇਰੇ।
ਘਨੇਂ ਸੱਤ੍ਰੂ ਹੇਰੇ[1]। — [1]ਦੇਖੇ।
ਪਰੇ ਤਰਫਰਾਵੈਂ[1]। — [1]ਤੜਫਦੇ ਹਨ।
ਜਲੈ ਸੈਨ ਪਾਵੈਂ[1] ॥੧੦੧॥ — [1]ਜਲ ਵਾਸਤੇ (ਸੈਨ) ਸੈਨਤਾ (ਪਾਵੈਂ) ਕਰਦੇ ਹਨ।
ਕਰਜੋ ਜੰਗ ਗਾਢਾ।
ਮਹਾਂਰੋਹ ਬਾਢਾ[1]। — [1]ਬਹੁਤਾ ਗ਼ੁੱਸਾ ਵਧਿਆ।
ਜਿਸੈ ਤੇਗ ਬਾਹੈਂ[1]। — [1]ਮਾਰਦੇ ਹਨ।
ਕਰੈਂ ਦੋ ਧਰਾ[1] ਹੈਂ ॥੧੦੨॥ — [1]ਦੋ ਧੜ।
ਨਹੀਂ ਸ਼ੰਕ ਧਾਰੈਂ।

ਬਕੈਂ[1] ਮਾਰ ਮਾਰੈਂ।
[1]ਬੋਲਦੇ ਹਨ।

ਮਹਾਂਰੋਹ ਮੱਤੇ।
ਫਿਰੈਂ ਤੇਜ ਤੱਤੇ[1] ॥੧੦੩॥
[1]ਤਿੱਖੇ ਤੇ ਗਰਮ ਫਿਰਦੇ ਹਨ।

ਰਸੰਬੀਰ ਛਾਕੇ[1]।
[1]ਬੀਰ-ਰਸ ਵਿੱਚ ਭਰੇ ਹੋਏ।

ਮਹਾਂਬੀਰ ਬਾਂਕੇ[1]।
[1]ਸੁੰਦਰ।

ਭਰੇ ਧੂਰ ਸੰਗੈਂ।
ਲਗੇ ਘਾਉ ਅੰਗੈਂ ॥੧੦੪॥
ਛੁਟੈਂ ਖੂਨ ਧਾਰੈਂ।
ਵੁਠੈਂ ਜਯੋਂ ਪ੍ਰਨਾਰੈਂ[1]।
[1](ਮੀਂਹ) ਵਰ੍ਹੇ ਤੋਂ ਜਿਵੇਂ ਪ੍ਰਨਾਲੇ (ਚਲਦੇ ਹਨ)।

ਭਏ ਲਾਲ ਬਾਗੇ[1]।
[1]ਪੁਸ਼ਾਕੇ।

ਮਨੋ ਖੇਲਿ ਫਾਗੇ[1] ॥੧੦੫॥
[1]ਹੋਲੀ।

ਸੋਰਠਾ:

ਅਰਜੋ ਜਾਮ ਜੁਗ[1] ਜੰਗ,
[1]ਦੋ ਪਹਿਰ।

ਜੁਟੇ ਜੋਰ ਜੋਧੇ ਘਨੇ।
ਧਰਨਿ ਅਰਨ ਭੌਰੰਗ[1],
[1]ਧਰਤੀ ਦਾ ਰੰਗ ਲਾਲ ਹੋ ਗਿਆ।

ਅੰਗ ਭੰਗ ਦੁਹਿ ਦਿਸ ਭਏ ॥੧੦੬॥

ਕਬਿੱਤ:

ਮਾਸ ਮੇਦ ਸ੍ਰੌਨ ਹੀਚ ਮਚਜੋ ਔਨ ਵੀਚ ਕੀਚ,
ਸੀਚ ਸੀਚ ਲਹੂ ਬਹੁ ਜੋਗਨੀਂ ਅਨ੍ਹਾਤ ਹੈਂ[1]।
[1]ਮਾਸ ਮਿੱਝ ਤੇ ਲਹੂ ਦਾ ਹੀ (ਚ) ਪੁਨਾ (ਔਨ) ਧਰਤੀ ਵਿੱਚ ਚਿੱਕੜ ਹੋ ਗਿਆ, ਬਹੁਤਾ ਲਹੂ ਇਕੱਠਾ ਕਰ ਕਰ ਕੇ ਜੋਗਣੀਆਂ (ਅਨ੍ਹਾਤ ਹੈਂ) ਵਿਸ਼ੇਸ਼ ਕਰ ਕੇ ਨ੍ਹਾਉਂਦੀਆਂ ਹਨ।

ਜੰਬਕ ਜਮਾਤਿ ਕਾਕ ਪਾਂਤ ਸ੍ਵਾਨ ਜਾਤ ਗਾਤ,
ਭਾਂਤਿ ਭਾਂਤਿ ਖਾਤ ਸੋ ਅਘਾਤ ਡਕਰਾਤ ਹੈਂ[1]।
[1]ਗਿੱਦੜਾਂ ਦੀ (ਜਮਾਤ) ਟੋਲੀ ਤੇ ਕਾਵਾਂ ਦੀਆਂ ਡਾਰਾਂ ਤੇ ਕੁੱਤੇ (ਜਾਤ) ਜਾ ਕੇ ਤਰ੍ਹਾਂ ਤਰ੍ਹਾਂ ਦੇ (ਗਾਤ) ਸ਼ਰੀਰਾਂ ਨੂੰ ਖਾ ਕੇ ਉਹਰੱਜ ਕੇ ਡਕਾਰ ਮਾਰਦੀਆਂ ਹਨ।

ਭੈਰਵ ਕੀ ਮਾਲਕਾ ਬਿਸਾਲਕਾ ਕਾਪਲਕਾ ਲੈ,
ਤਾਲਕਾ ਬਜਾਇ ਹਾਲ ਚਾਲ ਪਾਇ ਗਾਤ ਹੈ[1]।
[1]ਭੈਰੋਆਂ ਦਾ (ਮਾਲਕਾ) ਟੋਲਾ ਬਹੁਤੀਆਂ (ਕਪਾਲਕਾ) ਖੋਪਰੀਆਂ ਲੈ ਕੇ (ਤਾਲਕਾ) ਛੈਣੇ ਵਜਾਉਂਦਾ ਹੈ, ਹਲਚਲੀ ਪਾ ਕੇ ਗਾਉਂਦਾ ਹੈ।

ਭੂਤਨ ਕੀ ਗੋਰੀਆਂ ਨ ਥੋਰੀਆਂ ਸੁ ਪੂਤਨ ਕੋ,
ਲੋਹੂ ਕੀ ਕਟੋਰੀਆਂ ਦੈ ਲੋਰੀਆਂ ਪਿਲਾਤ ਹੈਂ[1]
[1]ਭੂਤਾਂ ਦੀਆਂ (ਨ ਥੋਰੀਆਂ) ਬਹੁਤੀਆਂ (ਗੋਰੀਆਂ) ਇਸਤ੍ਰੀਆਂ ਆਪਣੇ ਪੁੱਤਰਾਂ ਨੂੰ ਲੋਰੀਆਂ ਦੇ ਕੇ ਲਹੂ ਦੀਆਂ

॥੧੦੭॥ — ਕਟੋਰੀਆਂ ਪਿਲਾਉਂਦੀਆਂ ਹਨ।

ਚੌਪਈ:

ਮਾਚਜੋ ਜੰਗ ਬਿਸਾਲ ਕਰਾਲਾ[1]। — [1]ਬਹੁਤਾ ਭਿਆਨਕ।
ਸਿੰਘਨ ਨਹਿਂ ਨਿਜ ਅੰਗ ਸੰਭਾਲਾ।
ਆਗੈ ਬਢਿ ਬਢਿ ਸ਼ਸਤਰ ਬਾਹੈਂ।
ਹੋਨ ਸ਼ਹੀਦ ਸਭੀ ਦਿਲਿ ਚਾਹੈਂ ॥੧੦੮॥
ਏਕ ਸਿੰਘ ਜਬਿ ਇਕ ਕੋ ਮਾਰੈਂ।
ਤੁਰਕ ਹੋਇਂ ਤਿਸ ਗਿਰਦੇ ਚਾਰੈ।
ਚਹੁੰ ਕੇ ਹਨੈ ਅਸ਼ਟ ਫਿਰ ਧਾਵੈਂ।
ਹਤੈਂ ਅਸ਼ਟ ਕੋ ਖੋੜਸ[1] ਆਵੈਂ ॥੧੦੯॥ — [1]ਸੋਲਾਂ।
ਦੀਨ ਮਜਬ ਕਾ ਜੰਗ ਵਿਚਰ ਕੈ[1]। — [1]ਵਿਚਾਰ ਕੇ।
ਚਪੇ ਚੋਰ ਜਜੋਂ[1] ਅਤਿ ਬਲ ਧਰਿ ਕੈ। — [1]ਖਿਝੇ ਚੋਰ ਵਾਂਗ।
ਵੱਟ ਕਸੀਸ[1] ਸਿੰਘ ਜਬਿ ਧਾਵੈਂ। — [1]ਕਚੀਚੀਆਂ ਵੱਟ ਕੇ।
ਦਸ ਦਸ ਕੋ ਇਕ ਏਕ ਗਿਰਾਵੈਂ ॥੧੧੦॥
ਛੁਟਤ ਬਾਘ ਪੈ ਜਜੋਂ ਬਹੁ ਸ੍ਵਾਨਾ[1]। — [1]ਸ਼ੇਰ ਉਪਰ ਜਿਵੇਂ ਬਹੁਤੇ ਕੁੱਤੇ ਦੌੜ ਕੇ ਪੈਂਦੇ ਹਨ।
ਮਰਤ ਕਰਤ ਦੁਹਿ ਚਹੁਂ ਕੀ ਹਾਨਾ[1]। — [1](ਉਹ ਸ਼ੇਰ) ਮਰਦਾ ਮਰਦਾ ਵੀ ਦੋ ਚਹੁੰ ਨੂੰ ਮਾਰ ਦਿੰਦਾ ਹੈ।
ਬਲੀ ਜ੍ਵਾਨ ਜਿਮ ਸੌਂਚੀ[1] ਖੇਲਤ। — [1]ਸੌਂਚੀ ਪੱਕੀ (ਹਿੱਕ 'ਚ ਤਲੀਆਂ ਮਾਰ ਕੇ ਖੇਲਣ ਦੀ ਇਕ ਖੇਡ)।
ਮਾਰ ਮਾਰ ਧਕਿ ਧਕਿ ਧਰ ਮੇਲਤ[1] ॥੧੧੧॥ — [1]ਧਰਤੀ 'ਤੇ ਸੁੱਟਦੇ ਹਨ।
ਯੌਂ ਜਬਿ ਸਿੰਘ ਸਮੁਖ ਬਹੁ ਲਰ ਕੈ।
ਗਿਰੇ ਆਪ ਤੁਰਕਨ ਬਹੁ ਹਰ ਕੈ[1]। — [1]ਮਾਰ ਕੇ।
ਚਢੀ ਲੁੱਥ ਪਰ ਲੁੱਥ ਅਪਾਰੈਂ।
ਪਾਵਸ ਮੈਂ ਜਿਮ ਜੀਵ ਘੁਮਿਆਰੈਂ[1] ॥੧੧੨॥ — [1]ਬਰਖਾਰੁੱਤ ਵਿੱਚ ਜਿਵੇਂ ਘੁਮਿਆਰ ਨਾਮ ਦੇ ਜੀਵ।
ਲਰ ਕਰਿ ਸਿੰਘ ਸੰਮੁਖ ਵਹਿ ਮਰੇ।
ਸੱਤ੍ਰੂ ਚੂਰਨ ਚੌਗੁਨ ਕਰੇ।
ਸੂਰਨ ਹਾਥ ਸਪੂਰਨ ਕਰੇ[1]। — [1]ਸੂਰਮਿਆਂ ਨੇ (ਆਪਣੇ) ਹੱਥ (ਸਪੂਰਨ) ਸਫਲੇ ਕਰ ਲਏ।
ਹੂਰਨ ਪਤਿ ਪੂਰਨ ਪਿਖਿ ਬਰੇ[1] ॥੧੧੩॥ — [1]ਅਪੱਛਰਾਂ ਨੇ ਪੂਰੇ ਪਤੀ ਦੇਖ ਕੇ ਵਰ ਲਏ।
ਗੁਰੂ ਪੁਰ ਮੈਂ ਵਹਿ ਗਏ ਨ ਯਾਂ ਤੇ।
ਸਿੰਘ ਬੰਦਈ ਭਏ ਥੇ ਜਾ ਤੇ।
ਧੰਨਜ ਸਿੰਘ ਜੋ ਯੌਂ ਲਰ ਮਰੇ।

ਪਿਖ ਕਰਿ, ਤੁਰਕ ਅਚੰਭੇ ਭਰੇ[1] ॥੧੧੪॥

[1]ਹੈਰਾਨੀ 'ਚ ਭਰ ਗਏ।

ਦੋਹਰਾ:
ਸਿੰਘ ਥੋਰੇ ਦੁਸ਼ਮਨ ਘਨੇ,
ਮਾਰਤ ਥਕ ਗਏ ਹਾਥ।
*ਦਸ ਆਵੈਂ ਇਕ ਕੇ ਹਨੇ[1],
ਫਿਰਨ ਨ ਦੇਵੈਂ ਮਾਥ[1] ॥੧੧੫॥

[1]ਮਾਰਨ ਤੋਂ। *ਲਾਹੌਰ ਐਡੀਸ਼ਨ ਛਾਪਾ ਪੱਥਰ ਦੇ ਉੱਤ੍ਰਾਰਧ ਦੇ ਪੰਨਾ ੧੪੫ ਦੇ ਅਰੰਭ 'ਜਬਿ ਸਿੰਘ ਦੇਖੋ' ਤੋਂ ਪੰਨਾ ੧੪੮ ਦੇ ਅੰਤ 'ਯਹਿ ਅਬ ਗੜੀ ਬੀ' ਤੱਕ ਪੂਰੇ ਚਾਰ ਸਫੇ ਦੀ ਰਚਨਾ ਆਖੇਪ ਹੈ। ਪਿਛੋਂ ਪੰਨਾ ੧੩੬ ਤੋਂ ਚਲਿਆ ਆ ਰਿਹਾ ੧੫ਵਾਂ (ਸਾਡੇ ਹਿਸਾਬ ੧੬ਵੀਂ ਬਿਸ੍ਰਾਮ ਇਨ੍ਹਾਂ ਪੰਨਿਆਂ 'ਚ ਹੀ ਪੂਰਾ ਹੋਣਾ ਸੀ, ਪਰ ਅਣਜਾਣ ਆਖੇਪਕਾਰ ਨੇ ਥਾਂ ਸਿਰ ਬਿਸ੍ਰਾਮ ਨਹੀਂ ਮੁਕਾਇਆ ਜਿਸ ਕਰਕੇ ਦੋਹਾਂ ਬਿਸ੍ਰਾਮਾਂ ਦਾ ਇਕ ਬਿਸ੍ਰਾਮ ਬਣ ਗਿਆ ਹੈ। ਅੰਤ ਵਿੱਚ ਬਿਸ੍ਰਾਮ ਦਾ ਨੰਬਰ ੧੬ (ਸਾਡੇ ਹਿਸਾਬ ੧੭) ਆਉਂਦਾ ਹੈ, ਜਿਸ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਰਚਨਾ ਆਖੇਪ ਹੈ। ਇਹ ਤੇ ਪੂਰਬਾਰਧ ਵਿੱਚ ਆਈ ਸਾਰੀ ਆਖੇਪ ਰਚਨਾ ਘਸੀਟਾ ਸਿੰਘ ਕਵੀਸ਼ਰ ਲਾਹੌਰ ਦੀਰਚੀ ਹੋਈ ਹੈ। ਇਸ ਰਚਨਾ ਨੂੰ ਆਖੇਪ ਸਿੱਧ ਕਰਨ ਲਈ ਉਹੋ ਹੀ ਸਬੂਤ ਹਨ ਜੋ ਪੂਰਬਾਰਧ 'ਚ ਆਈ ਆਖੇਪ ਰਚਨਾ ਦੇ ਹਨ। ਵਿਸਥਾਰ ਲਈ ਦੇਖੋ ਪੂਰਬਾਰਧ ਬਿਸ੍ਰਾਮ ਨੰ. ੫੯ ਦੇ ਅੰਕ ਨੰ. ੧੬੨ ਉਪਰ * ਨਿਸ਼ਾਨ ਦੀ ਪੈਰ ਟੂਕ। ਅਸੀਂ ਲਾਹੌਰ ਐਡੀਸ਼ਨ ਛਾਪਾ ਪੱਥਰ ਉੱਤ੍ਰਾਰਧ ਦੇ ਉਪ੍ਰੋਕਤ ਚਹੁੰ ਪੰਨਿਆਂ ਦੀ ਆਖੇਪ ਰਚਨਾ ਦੀ ਥਾਂ ਅੰਮ੍ਰਿਤਸਰ ਐਡੀਸ਼ਨ ਛਾਪਾ ਪੱਥਰ ਵਿਚਲੀ ਕਵੀ ਜੀ ਦੀ ਆਪਣੀ ਅਸਲ ਰਚਨਾ ਛਾਪ ਰਹੇ ਹਾਂ। ਅੰਕ ਨੰ. ੧੧੫ ਦੀ ਪਹਿਲੀ ਤੁਕ 'ਸਿੰਘ ਥੋਰੇ ਦੁਸ਼ਮਨ ਘਨੇ ਮਾਰਤ ਥਕ ਗਏ ਹਾਥ। ' ਤੱਕ ਲਾਹੌਰ ਐਡੀਸ਼ਨ ਦਾ ਪਾਠ ਹੈ, ਅੱਗੋਂ ਇਸੇ ਅੰਕ ਦੀ ਦੂਜੀ ਤੁਕ 'ਦਸ ਆਵੈਂ ਇਕ ਕੇ ਹਨੇ ਫਿਰਨ ਨ ਦੇਵੈਂ ਮਾਥ' ਤੋਂ ਬਿਸ੍ਰਾਮ ਨੰ. ੧੭ ਦੇ ਅੰਕ ਨੰ. ੨੩ ਦੀ ਪਹਿਲੀ ਤੁਕ 'ਯਹਿ ਅਬਿ ਗੜੀ ਬੀ' ਤੱਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ। ਅਗੋਂ ਫਿਰ ਉੱਤ੍ਰਾਰਧ ਦੇ ਪੰਨਾ ੧੪੯ ਤੋਂ 'ਚ ਹੈਂ ਜੇਤੇ' ਤੋਂ ਲਾਹੌਰ ਐਡੀਸ਼ਨ ਦਾ ਪਾਠ ਛਾਪਣਾ ਸ਼ੁਰੂ ਕਰਾਂਗੇ।

[1]ਸਿਰ ਮੋੜਨ ਨਹੀਂ ਦਿੰਦੇ।

ਇਕ ਕੀ ਦਾਰੂ ਦੁਇ ਕਰੇ,
ਦੁਇ ਕੀ ਦਾਰੂ ਚਾਰ।
ਪਰੈਂ ਬੀਸ ਜਬਿ ਏਕ ਪੈ,
ਤਬਿ ਕਹੁ ਕੌਨ ਵਿਚਾਰ ॥੧੧੬॥

ਸਿੰਘ ਪਾਂਚ ਸੈ ਮਰਜੋ ਤਹਿਂ,
ਤੁਰਕ ਸੁ ਕਈ ਹਜ਼ਾਰ।
ਜਬਿ ਕਬਿ ਥੋਰਨ ਕੋ ਘਨੇ,
ਲੇਵਤ ਹੈਂ ਰਣਿ ਮਾਰ ॥੧੧੭॥
ਸਤ੍ਰਾਂ ਸਏ ਛਿਹੱਤਰੇ,
ਭਈ ਗਾਥ ਯਹਿ ਸਾਰ[1]।
ਅਬਿ ਅਧਜਾਇ ਪੂਰਨ ਭਯੋ,
ਯਹਿ ਕਹਿ ਇਤਿਕ ਵਿਚਾਰ ॥੧੧੮॥

[1]ਸ੍ਰੇਸ਼ਟ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਬੰਦੇ ਕੋ ਗੁਰਦਾਸਪੁਰ ਮੈਂ ਘੇਰਨ, ਕਹੀ ਮਾਰਨ' ਪ੍ਰਸੰਗ ਬਰਨਨੰ ਨਾਮ ਖੋੜਸਮੋਂ ਬਿਸ੍ਰਾਮ ॥੧੬॥

੧੨. {ਤੁਰਕਾਂ ਨਾਲ ਜੰਗ, ਸਿੰਘਾਂ ਦੇ ਕਸ਼ਟ, ਬੰਦੇ ਨੂੰ ਪਕੜ ਕੇ ਸਿੰਘਾਂ ਸਮੇਤ ਸ਼ਹੀਦ ਕਰਨਾ}

ਸੋਰਠਾ:
ਪੂਜ ਜਾਂਹਿ ਬ੍ਰਹਮਾਦਿ,
ਕਰਤ ਕਿਰਤ ਕਰਣੀਯ ਫਿਰ[1]।

[1]ਜਿਸ ਨੂੰ ਬ੍ਰਹਮਾ ਆਦਿਕ (ਹੋਰ ਦੇਵਤੇ ਵੀ) ਪੂਜ ਕੇ ਫੇਰ (ਕਰਣੀਯ) ਕਰਨ ਯੋਗ (ਕਿਰਤ) ਕਰਮ ਕਰਦੇ ਹਨ।

ਜਗ ਜਨਨੀ ਕੇ ਪਾਦ,
ਬੰਦਿ ਕਥਾ ਬੰਦੇ ਕਥੋਂ[1] ॥੧॥

[1](ਉਸ) ਜਗਤ ਦੀ ਮਾਤਾ (ਚੰਡੀ) ਦੇ ਚਰਨਾਂ 'ਤੇ ਨਮਸ਼ਕਾਰ ਕਰ ਕੇ ਬੰਦੇ ਦੀ ਕਥਾ ਕਹਿੰਦਾ ਹਾਂ।

ਦੋਹਰਾ:
ਭਯੋ ਜੰਗ ਜਿਮ ਦੁਖ ਸਹਯੋ,
ਸਿੰਘਨ ਬੰਦੇ ਸਾਥ।
ਬੰਦਾ ਫੜਿ ਜਿਮ ਮਾਰਯੋ,
ਸੁਨੋਂ ਵਹੈ ਅਬਿ ਗਾਥ ॥੨॥

ਕਬਿੱਤ:
ਕਹੀ[1] ਜਬਿ ਮਾਰ ਲਈ ਬੰਦੇ ਕੀ ਤੁਰਕਾਨ ਸਹੀ[2],
ਭਈ ਤਬਿ ਅਧਿਕ ਗਰੂਰਤਾ[1] ਨੁਵਾਬ ਕੋ।
ਐਸੀ ਮਨਿ ਚੜ੍ਹੀ[1] ਕੈਹੈ ਤੋੜੈਂ ਚਲਿ ਗੜ੍ਹੀ,
ਅਬਿ ਲਾਵੈਂ ਨਹਿਂ ਘੜੀ, ਤੜੀ ਦੈ ਕਰਿ ਸ਼ਿਤਾਬ ਕੋ[1]।
ਹੁਤੇ ਜੋਊ ਸੂਰਬੀਰ ਸੋ ਤੋ ਹਮ ਮਾਰੇ ਧੀਰ,
ਰਹੇ ਗੜ੍ਹੀ ਮਾਂਹਿ ਭੀਰੁ ਦੁਬਲੇ ਬਿਤਾਬ ਕੋ[1]।
ਆਹਿ ਤੱਤ ਖਾਲਸਾ ਜੋ ਨਾਂਹਿ ਸੋ ਸਹਾਇ ਕਰੈ,
ਵਾਹਿ ਛੋਡ ਗਯੋ ਸਭਿ ਬੰਦੇ ਕੇ ਹਿਸਾਬ ਕੋ ॥੩॥
ਤੱਤ ਖਾਲਸੇ ਤੈ ਬਿਨ ਜਹਾਂ ਕਰਜੋ ਜੰਗ ਇਨਿ,
ਹਾਰੇ ਹੈਂ ਬੰਦਈ ਕਿਨਿ ਤਹਾਂ ਬੰਦੇ ਸੰਗ ਹੈਂ[1]।
ਐਸੇ ਉਰਿ ਧਾਰਿ ਧਾਇ ਤੁਰਕਨ ਅਪਾਰ ਆਇ,
ਗਢੀ ਕੋ ਲਗਾਇ ਸੀਢੀ[1] ਚਢੇ ਸੋ ਉਤੰਗ[2] ਹੈਂ।
ਸਿੰਘਨ ਕੋ ਭਈ ਸਾਰ[1] ਭੀਤਰ ਤੈ ਹੋਇ ਤਜਾਰ,
ਮਾਰ ਕੈ ਗਿਰਾਏ ਔ ਹਟਾਏ ਕਰਿ ਤੰਗ ਹੈਂ।
ਕਰਿ ਕੈ ਤਗੀਦ[1] ਮਨ ਧਰ ਕੈ[2] ਸ਼ਹੀਦ ਹੋਨ,
ਖੋਲ ਦਯੋ ਦ੍ਵਾਰ ਤਬਿ ਸਿੰਘਨ ਨਿਸੰਗ ਹੈ ॥੪॥

[1]ਬਾਹਰੋਂ ਘਾਹ ਦਾਣਾ ਲਿਆਉਣ ਵਾਲੀ ਫ਼ੌਜ। [2]ਠੀਕ।
[1]ਹਉਮੈਂ।
[1]ਮਨ 'ਚ ਐਸੀ (ਵਿਉਂਤ) (ਚੜ੍ਹੀ) ਆਈ।
[1]ਛੇਤੀ (ਤੜੀ) ਧਮਕੀ ਦੇ ਕੇ।
[1](ਭੀਰੁ) ਕਾਇਰ (ਦੁਬਲੇ) ਪਤਲੇ (ਬੇਤਾਬ) ਕਮਜ਼ੋਰਾਂ ਨੂੰ।
[1](ਭਾਵੇਂ) (ਤਹਾਂ) ਓਥੇ (ਕਿਨ) ਕਿੰਨੇ ਵੀ ਬੰਦੇ ਦੇ ਨਾਲ ਸਨ।
[1]ਪੌੜੀ। [2]ਉੱਚੇ।
[1]ਖ਼ਬਰ।
[1]ਪਕਿਆਈ, ਤਕੜਾਈ। [2]ਧਾਰ ਕੇ।

ਆਏ ਦ੍ਵਾਰ ਓਰ[1] ਤੁਰਕ ਜੋਰ ਪਾਇ ਕੋਰ ਦਲ[2], — [1]ਬੂਹੇ ਦੀ ਤਰਫ਼। [2]ਤੁਰਕਾਂ ਦੀ ਫ਼ੌਜ ਦੀਆਂ ਕਤਾਰਾਂ ਜ਼ੋਰ ਪਾ ਕੇ ਆਈਆਂ।
ਤੋੜਨ ਕੇ ਹੇਤ ਗਢ[1] ਸ਼ੋਰ ਵਡ ਪਾਇ ਕੈ। — [1]ਕਿਲ੍ਹਾ ਤੋੜਨ ਦੇ ਵਾਸਤੇ।
ਕੈਹੈਂ ਤ੍ਰੁਕ ਗਢ ਮਾਂਹਿ ਬੰਦੇ ਢਿਗ ਧਨ ਆਹਿ,
ਲੈਹੈ ਸੋਈ ਵਾਹਿ[1] ਜੋਈ ਜਾਇ ਆਗੈ ਧਾਇ ਕੈ। — [1]ਉਹ।
ਸਿੰਘ ਸਭਿ ਰਾਮਜੰਗੇ[1] ਆਗੇ ਤੈ ਨਿਸੰਗੇ[2] ਚੰਗੇ, — [1]ਬੰਦੂਕਾਂ। [2]ਨਿੱਡਰ ਹੋ ਕੇ।
ਮਾਰਤ ਉਮੰਗੇ ਰੰਗੇ ਬੀਰਰਸ ਭਾਇ ਕੈ[1]। — [1](ਭਾਇ ਕੈ) ਖ਼ਿਆਲ ਨਾਲ ਉਤਸ਼ਾਹ ਤੇ ਬੀਰ-ਰਸ ਵਿੱਚਰੰਗੇ ਹੋਏ।
ਤ੍ਰੁਕਨ ਕੀ ਅਨੀ ਘਨੀ ਮਰੀ ਤਹਾਂ ਤੌਨੈ ਘਰੀ,
ਧਰੀ ਲੋਹ ਮਾਰ ਭਾਰ ਭੀਰ ਪਰੀ ਆਇ ਕੈ[1] ॥੫॥ — [1]ਉਸੇ ਘੜੀ ਤੁਰਕਾਂ ਦੀ (ਘਨੀ) ਬਹੁਤੀ (ਅਨੀ) ਫੌਜ ਮਰੀ, (ਸਿੰਘਾਂ ਨੇ) (ਲੋਹ) ਸ਼ਸਤ੍ਰਾਂ ਦੀ (ਭਾਰ) ਬਹੁਤੀ ਮਾਰ (ਕਰੀ) ਕੀਤੀ, (ਤੁਰਕਾਂ ਤੇ) (ਭੀਰ) ਬਿਪਤਾ ਆ ਕੇ ਪਈ।

ਦੋਹਰਾ:
ਤੁਰਕੋਂ ਕੇ ਤਬਿ ਕਰਿ ਦਏ,
ਸਿੰਘਨ ਖੱਟੇ ਦੰਦ।
ਅਬਦੁਲ ਖਾਨ ਨੁਵਾਬ ਪੁਨ,
ਕਰੀ ਲੜਾਈ ਬੰਦ ॥੬॥

ਦ੍ਵੈਯਾ ਛੰਦ:
ਫਿਰ ਸਲਾਹਿ ਕਰਿ, ਕਰਿ ਮੁਹਾਸਰਾ[1], — [1]ਘੇਰਾ ਪਾ ਕੇ।
ਬੈਠੇ ਗਢ ਕੋ ਘੇਰੀ।
ਕਹੈਂ ਆਪ ਹੀ ਭੁਖੇ ਮਰ ਕਰਿ,
ਬਾਹਰ ਐਹੈਂ ਫੇਰੀ।
ਆਗੇ ਸਿੰਘ ਨਿਸਾ ਕੋ ਨਿਕਸਤ,
ਖਾਨ ਹੇਤ ਕਿਛ ਲਜਾਵਤ।
ਸੋ ਭੀ ਬੰਦ ਕਰੇ ਤੁਰਕੋਂ ਨੈ,
ਖਬਰ ਨ ਨਿਕਸਨ ਪਾਵਤ ॥੭॥
ਵਖਤ[1] ਬੰਦਈਅਨ ਪਰ ਬਹੁ ਪਰਯੋ, — [1]ਕਸ਼ਟ।
ਦਯੋ ਭੁਖ ਦੁਖ ਭਾਰੀ।
ਕਰਜੋ ਨਹੀਂ ਥਾ ਕਿਛੁ ਜਖੀਰਾ[1], — [1]ਅੰਨ ਦਾ ਭੰਡਾਰ।
ਬੰਦੇ ਗੜ੍ਹੀ ਮਝਾਰੀ।
ਸੇਰ ਪਾਉ ਕੀ ਕਹਾਂ ਕਹਾਨੀ,

ਮਾਸਾ ਅੰਨ ਨ ਮਿਲਹੀ।
ਖਾਣ ਚੀਜ ਕਿਛੁ ਨਜਰ ਨ ਆਵੈ,
ਮਿੱਟੀ ਕੋ ਸਿੰਘ ਗਿਲਹੀਂ[1] ॥ ੮ ॥
ਕਈ ਦਿਵਸ ਭੁਖ ਦੋਖੇ[1] ਸਿੰਘਨ,
ਪੱਤੇ ਬ੍ਰਿੱਛਨ ਖਾਏ।
ਬਾਹਰ ਦਲ ਤੁਰਕੀ ਬਹੁ ਉਤਰਜੋ,
ਪੇਸ਼ ਕਿਛੁ ਨਹਿਂ ਜਾਏ।
ਫਿਰ ਬੰਦੇ ਢਿਗ ਸਗਲ ਪੁਕਾਰੇ
ਤੁਮ ਅਬਿ ਰੱਖਕ ਹੋਵੋ।
ਤੁਮ ਹੀ ਯਹਿ ਭਾਣਾ ਵਰਤਾਯੋ,
ਤੁਮੀ ਕਸ਼ਟ ਯਹਿ ਖੋਵੋ ॥ ੯ ॥
ਕੈ ਉਡ ਜਾਹੁ ਕਹੂੰ ਤੁਮ ਤਜਿ ਗੜ੍ਹ,
ਕੈ ਕਿਛੁ ਸ਼ਕਤਿ ਦਿਖਾਵੋ।
ਕੈ ਬਾਹਰ ਹ੍ਵੈ ਲਰੋ ਅਰਿਨ ਸੋਂ,
ਮਾਰ ਮਰੋ ਜਿਸ ਪਾਵੋ।
ਨਾਹੱਕ[1] ਕਜੋਂ ਕੁਮੌਤ ਕਰਿ ਹਮ ਕੋ,
ਮਰਵਾਵਤ ਤੂੰ ਐਸੇ।
ਭੁਖੇ ਕਬਿ ਲੌਂ ਪ੍ਰਾਨ ਰਖੈ ਹੈਂ,
ਸਹੈਂ ਦੂਖ ਹਮ ਕੈਸੇ ॥ ੧੦ ॥
ਤਬਿ ਬੰਦੇ ਨੈ ਕਹਜੋ ਮੁਝੈ ਤੁਮ,
ਅਬਿ ਕਿਮ ਚਹਿਤ ਉਡਾਯਾ।
ਪਹਿਲੇ ਮੁਝ ਤੇ ਉੱਡ ਜਾਨ ਕਾ,
ਕਿਉਂ ਥਾ ਨੇਮ ਕਰਾਯਾ।
ਚਾਰ ਦਿਨਾਂ ਕੇ ਜੀਵਣ ਕਾਰਣ,
ਸੋ ਨ ਪਰਣ ਮੈਂ ਤਜਾਗੋਂ।
ਨਹਿਂ ਮੈਂ ਲਰੋਂ ਨ ਸ਼ਕਤਿ ਦਿਖੈਹੋਂ,
ਨਹਿਂ ਅਬਿ ਉਡਿ ਕਿਤ ਭਾਗੋਂ ॥ ੧੧ ॥
ਬਚਨ ਪਾਲਨੇ ਸਮ ਨ ਧਰਮ ਕੋ,
ਪਾਪ ਨ ਤਜਨ ਸਮਾਨੈ।
ਕਸ਼ਟ ਪਾਇ ਤਨ ਤਜਾਗੇ ਪੂਰਬ,

[1]ਖਾਂਦੇ ਹਨ।

[1]ਭੁੱਖ ਦੇ ਦੁਖ ਨਾਲ।

[1]ਐਵੇਂ, ਬਿਅਰਥ।

ਲੋਗਨ ਧਰਮ ਨ ਹਾਨੈ[1]।
[1]ਧਰਮ ਨਹੀਂ ਹਾਰਿਆ।

ਸਤੀ ਸਪੁਰਸ਼ ਬਚਨਰਦ-ਦੰਤੀ,
ਨਿਕਸੇ ਫੇਰ ਨ ਫਿਰ ਹੈਂ[1]।
[1](ਸਤੀ) ਸੱਚ ਬੋਲਣ ਵਾਲੇ ਸ੍ਰੇਸ਼ਟ ਪੁਰਸ਼ ਦੇ ਬਚਨ ਤੇ ਹਾਥੀ ਦੇ ਦੰਦ ਬਾਹਰ ਨਿਕਲੇ ਫੇਰ ਨਹੀਂ ਮੁੜਦੇ।

ਦਸਰਥ ਸਿਵੀ ਦਧੀਚ ਹਰੀ ਸਸਿ,
ਬਲੀ ਪੰਡ ਸੁਤ ਥਿਰ ਹੈਂ[1] ॥ ੧੨ ॥
[1](ਦਸ਼ਰਥ) ਰਾਮ ਚੰਦਰ ਜੀ ਦੇ ਪਿਤਾ, (ਸ਼ਿਵੀ) ਰਾਜਾ, ਦਧੀਚ ਰਿਸ਼ੀ, ਹਰੀ ਚੰਦ, ਬਲਰਾਜਾ, (ਪੰਡ ਸੁਤ) ਪੰਜੇ ਪਾਂਡੋ ਆਪੋ ਆਪਣੇ ਬਚਨਾਂ 'ਤੇ (ਥਿਰ) ਟਿਕੇ ਰਹੇ ਹਨ।

ਪਾਲੇ ਬਚਨ ਕਸ਼ਟ ਸਹਿ ਭਾਰੇ,
ਅਬਿ ਲੌਂ ਜਗ ਜਸ ਗਾਵੈ।
ਚਾਕਰ ਅਹਿ ਮ੍ਰਿਗ ਮਰੈਂ ਬਚਨ ਪਰ,
ਬੇਟੀ ਪਰ ਘਰ ਜਾਵੈ[1]।
[1]ਬਚਨਾਂ ਉਪਰ ਨੌਕਰ, ਸੱਪ ਤੇ ਹਰਨ ਮਰ ਜਾਂਦੇ ਹਨ, ਬਚਨਾਂ ਨਾਲ ਹੀ ਬੇਟੀ ਪਰਾਏ ਘਰ ਚਲੀ ਜਾਂਦੀ ਹੈ।

ਪੁਨ ਨਿਜ ਗੁਰੁਅਨ ਨਿਜ ਬਚਨਨ ਪਰ,
ਦੀਨੇ ਨਿਜ ਸਿਰ ਭੂ ਪਰ[1]।
[1]ਧਰਤੀ ਉਪਰ।

ਤਜੋਂ ਮੈਂ ਭੀ ਸਿਰ ਦੈਹੁਂ ਕਸ਼ਟ ਸਹਿ,
ਨਿਜ ਬਚਨੋਂ ਕੇ ਊਪਰ ॥ ੧੩ ॥
ਭੂਖ ਬੰਦੱਯਨ ਬਹੁ ਦਿਨ ਜਾਲੀ[1],
[1]ਝੱਲੀ, ਸਹਾਰੀ।

ਭਏ ਜਬੈ ਬਲ ਹੀਨੇ[1]।
[1]ਕਮਜ਼ੋਰ।

ਤਬੈ ਤੁਰਕ ਢੁੱਕੇ ਗਢ ਨੇਰੈ,
ਪਿਖੈਂ ਲਾਇ ਦੁਰਬੀਨੇ[1]।
[1]ਦੂਰਬੀਨਾਂ ਲੈ ਕੇ ਦੇਖਦੇ ਹਨ। (ਦੂਰਬੀਨ-ਦੂਰ ਦੀਆਂ ਚੀਜ਼ਾਂ ਨੇੜੇ ਦੇਖਣ ਦਾ ਇਕ ਯੰਤ੍ਰ।)

ਸੁਨੋ ਜਰਾ ਸੀ ਭੂਖ ਕਹਾਨੀ,
ਸਿੱਖਨ ਸਿਰ ਜੁ ਬਿਹਾਈ[1]।
[1]ਜੋ ਸਿੰਘਾਂ ਦੇ ਸਿਰ 'ਤੇ ਬੀਤੀ ਹੈ।

ਊਂਟ ਅੱਸ੍ਵ[1] ਕਟਿ ਕਟਿ ਸਭਿ ਖਾਏ,
[1]ਊਠ ਤੇ ਘੋੜੇ।

ਕਿਛੁ ਦਿਨ ਮਿੱਟੀ ਖਾਈ ॥ ੧੪ ॥
ਚੌਪਈ:
ਰੋਟੀ ਸਮ ਉਨ ਚੰਦ ਦਿਸਾਵੈ[1]।
[1]ਚੰਦ ਉਨ੍ਹਾਂ ਨੂੰ ਰੋਟੀ ਵਾਂਗ ਦਿੱਸਦਾ ਹੈ।

ਹਾਥ ਉਠਾਵੈਂ ਹਾਥ ਨ ਆਵੈ।
ਬਾਤ ਭੂਖ ਕੀ ਤਹਾਂ ਜੁ ਭਈ।
ਸੋ ਹਮ ਤੇ ਨਹਿਂ ਜਾਤ ਗਿਨਈ[1] ॥ ੧੫ ॥
[1]ਦੱਸੀ ਨਹੀਂ ਜਾਂਦੀ।

ਚਿਤਵੈ ਤੈ ਸੋ ਦੁਖ ਉਠ ਕੇਰਾ।
ਥਰ ਥਰ ਕਾਂਪਤ ਹੈ ਉਰ ਮੇਰਾ।
ਬਾਣੀ ਥਕਤ ਨੈਨ ਭਰ ਆਵੈ[1]।

[1]ਆਵਾਜ਼ ਥਕ ਜਾਂਦੀ ਹੈ ਤੇ ਅੱਖਾਂ 'ਚ (ਪਾਣੀ) ਭਰ ਆਉਂਦਾ ਹੈ।

ਦੂਖ ਭੂਖ ਕਾ ਕਹਣਾ ਨ ਜਾਵੈ ॥੧੬॥
ਬੁਰੀ ਮੌਤ ਤੈ ਭੁਖ ਕਹਾਨੀ।
ਦੀਨ ਇਮਾਨ ਕਰਤ ਯਹਿ ਫਾਨੀ[1]।

[1]ਨਸ਼ਟ।

ਜੇ ਕਰ ਸਾਹਿਬ ਹੋਇ ਦਯਾਲੈ।
ਨਾਹਿਂ ਦਿਖਾਵੈ ਛੁਧਾ ਕਮਾਲੈ[1] ॥੧੭॥

[1]ਬਹੁਤ ਭੁੱਖ।

ਕਜੋਂ ਨ ਬੰਦਈ ਦੁਖੀ ਹ੍ਵੈਂ ਸੋਈ।
ਗੁਰੁ ਘਰ ਤੈ ਬੇਮੁਖ ਭਏ ਜੋਈ।
ਜੋ ਨਰ ਗੁਰ ਤੇ ਬੇਮੁਖ ਲਾਗੇ।
ਧਰਮ ਹੀ ਹ੍ਵੈ ਦੁਖ ਲਹਿਂ ਸੋਏ ॥੧੮॥
ਇਕ ਛੋਡ ਜੋ ਦੂਜੇ ਲਾਗੇ।
ਸੋ ਡੂਬਤ ਭਵ ਸਿੰਧੁ[1] ਅਭਾਗੇ[2]।

[1]ਸੰਸਾਰ-ਸਮੁੰਦਰ ਵਿੱਚ। [2]ਖੋਟੇ ਭਾਗਾਂ ਵਾਲੇ।

ਹਾਲ ਬੰਦੱਯਨ ਕਾ ਯਹਿ ਬੀਤੇ।
ਤੌ ਭੀ ਤੁਰਕ ਨ ਹੋਹਿਂ ਅਭੀਤੇ[1] ॥੧੯॥

[1]ਨਿੱਡਰ।

ਬੰਦੇ ਤੈ ਸਭਿ ਯੌਂ ਭੈ ਕਰਿ ਹੈਂ।
ਮਰੇ ਸਿੰਘ ਤੈ ਜਜੋਂ ਗਜ ਡਰ ਹੈਂ[1]।

[1]ਜਿਵੇਂ ਮਰੇ ਸ਼ੇਰ ਤੋਂ ਹਾਥੀ ਡਰਦੇ ਹਨ।

ਤੁਰਕ ਕਹੈਂ ਯਹ ਗੜ੍ਹੀ ਨ ਜਾਨੋ।
ਜਨਮੇਜੇ ਕੀ ਕੁੰਡ[1] ਪਛਾਨੋ ॥੨੦॥

[1]ਜਨਮੇਜੇ ਦੀ ਕੁੰਡ-ਜਨਮੇਜੇ ਦੇ ਪਿਤਾ ਪ੍ਰੀਛਤ ਨੂੰ ਤੱਛਕ ਸੱਪ ਨੇ ਡੰਗ ਮਾਰ ਕੇ ਮਾਰ ਦਿੱਤਾ ਸੀ। ਸੱਪਾਂ ਤੋਂ ਆਪਣੇ ਪਿਤਾ ਦਾ ਬਦਲਾ ਲੈਣ ਲਈ ਜਨਮੇਜੇ ਨੇ ਸਰਪ ਮੇਧ ਜੱਗਰਚਿਆ, ਜਿਸ ਵਿੱਚ ਮੰਤ੍ਰਾਂ ਦੇ ਬਲ ਨਾਲ ਖਿੱਚੇ ਹੋਏ ਸੱਪ ਪੈ ਪੈ ਕੇ ਸੜਦੇ ਗਏ।

ਬਚਨੋ ਕੇ ਬੰਧੇ ਯਹਿ ਸਿੱਖ[1]।

[1]ਬਚਨਾਂ ਰੂਪ ਮੰਤ੍ਰਾਂ ਦੇ ਬੱਝੇ ਹੋਏ ਇਹ ਸਿੱਖ।

ਸਰਪਨ ਜਜੋਂ ਮਰ ਹੈਂ ਲਿਹੁ ਪਿੱਖ।
ਕਹੈਂ ਤੁਰਕ ਰਾਖਹੁ ਤਕੜਾਈ।
ਮਤੁ ਗੁਰੁ ਪੰਥ[1] ਮਿਲੈ ਕਿਤ ਆਈ ॥੨੧॥

[1]ਗੁਰਾਂ ਦਾ ਪੰਥ ਭਾਵ ਤੱਤ ਖਾਲਸਾ।

ਯਹਿ ਅਬਿ ਗੜੀ ਬੀਚ ਹੈਂ* ਜੇਤੇ।

*ਇਥੋਂ ਅਸੀਂ ਫੇਰ ਲਾਹੌਰ ਐਡੀਸ਼ਨ ਦੇ ਪੰਨਾ ੧੪੯ ਦੇ ਅਰੰਭ ਤੋਂ, ਜੋ ਗਿਆਨੀ ਜੀ ਦੀ ਆਪਣੀ ਅਸਲ ਰਚਨਾ ਹੈ, ਛਾਪਣਾ ਸ਼ੁਰੂ ਕੀਤਾ ਸੀ।

ਮਤੁ ਕਿਤ ਬਾਹਰ ਨਿਕਸੈਂ ਤੇਤੇ[1]। — [1]ਤਿਤਨੇ ਭਾਵ ਸਾਰੇ ਕਿਤੇ ਬਾਹਰ (ਮਤੁ) ਨਾ ਨਿਕਲ ਜਾਣ।
ਯੱਦਜਪਿ[1] ਥੇ ਉਨ ਕੇ ਬਲ ਹਾਰੇ। — [1]ਭਾਵੇਂ।
ਤੱਦਪਿ[1] ਤੁਰਕ ਡਰੈਂ ਮਨਿ ਭਾਰੇ ॥੨੨॥ — [1]ਤਾਂ ਭੀ।
ਰੋਗੀ ਹੋਇ ਬਾਜ ਜਜੋਂ ਗਿਰੈ।
ਤੌ ਭੀ ਕਾਗ ਨ ਤਿਸ ਪਰ ਪਰੈ।
ਸਿੰਘਨ ਕੇ ਕਰ[1] ਤੁਰਕ ਜੁ ਆਵੈ। — [1]ਹੱਥ।
ਕਾਟਿ ਤਾਂਹਿ ਬੇਰੇ ਕਰਿ ਖਾਵੈਂ[1] ॥੨੩॥ — [1]ਵੰਡ ਕੇ ਖਾਂਦੇ ਹਨ।
ਮਰੈ ਸਿੰਘ ਜੋ ਸਿੰਘਨ ਮਾਹੀਂ।
ਤਾਂ ਕੋ ਕਾਟਿ ਭੂੰਨ ਕਰਿ ਖਾਹੀਂ।
ਛੁਧਾ ਨ ਕਜਾ ਕਜਾ ਅਸਨ[1] ਕਰਾਵੈ। — [1]ਭੋਜਨ।
ਨਾਰਿ ਨ ਕਜਾ ਕਜਾ ਚਰਿਤ ਦਿਖਾਵੈ ॥੨੪॥

ਦੋਹਰਾ:
ਮਾਤ ਪਿਤਾ ਸੁਤ ਕੋ ਤਜੈ,
ਸਿੱਖ ਗੁਰੂ ਤਜ ਜਾਤ।
ਭੂਖ ਵੱਸ ਜਨ ਬਿਪਤਿ ਮੈਂ,
ਕਜਾ ਕਜਾ ਕਰਤ ਨ ਬਾਤ ॥੨੫॥

ਚੌਪਈ:
ਸ਼ੰਕਾ ਯਾ ਮੈਂ ਮਤੁ ਕੋਊ ਕਰਿਓ।
ਸਾਲ ਚਾਲੀਆ ਕਾਲ ਜੁ ਪਰਿਓ।
ਕਾਟਿ ਜਨੋ ਨੇ ਨਿਜ ਸੁਤ ਖਾਏ।
ਰਿਖੀ ਖਾਨ ਹਿਤ ਸ੍ਵਾਨ[1] ਲਿਆਏ ॥੨੬॥ — [1]ਕੁੱਤੇ।
ਪ੍ਰਾਣਰੱਖਿਆ ਸਮ ਨ ਧਰਮ ਕੋ।
ਭੱਖ ਅਭੱਖ ਨ ਪਿਖੇ ਸ਼ਰਮ ਕੋ[1]। — [1](ਭੁੱਖਾ) ਖਾਣ ਯੋਗ ਤੇ ਨਾ ਖਾਣ ਯੋਗ ਪਦਾਰਥਾਂ ਦੀ ਸ਼ਰਮ ਨੂੰ ਨਾ ਦੇਖੇ।
ਔਰ ਨ ਭੋਜਨ ਜੇ ਕਿਤ ਮਿਲੈ[1]। — [1]ਜੇ ਹੋਰ ਕਿਸੇ ਥਾਂ ਤੋਂ ਭੋਜਨ ਨਾ ਮਿਲੇ।
ਬੇਸ਼ਕ ਘਰ ਚੰਡਾਲ ਕੇ ਗਿਲੈ[1] ॥੨੭॥ — [1]ਖਾ ਲਵੇ।
ਸੰਨਜਾਸੀ ਬ੍ਰਹਮਚਾਰੀ ਤਾਂਈਂ।
ਆਗਜਾ ਆਗਮ[1] ਐਸ ਅਲਾਈ[2]। — [1]ਵੇਦਾਂ ਨੇ। [2]ਕਹੀ ਹੈ।
ਇਹੁ ਕੈਮੁੱਤਕ ਨਜਾਇ[1] ਪਛਾਨੋਂ। — [1]ਕੈਮੁੱਤਕ ਨਜਾਇ=ਵੱਡਿਆਂ ਨੇ ਜੋ ਕੰਮ ਕਰ ਲਿਆ ਹੈ ਤਾਂ ਛੋਟਿਆਂ ਨੂੰ ਉਹ ਕੰਮ ਕਰਨ ਵਿੱਚ ਕੀ ਹਰਜ ਹੈ।

ਔਰ ਜਾਤਿ ਕੀ ਕਹਾਂ ਬਖਾਨੋਂ ॥੨੮॥
ਅਨਿਕ ਰਿਖੀ ਰਾਜਜੋਂ ਕੀ ਬਾਤੈਂ।
ਲਿਖੀ ਪੁਰਾਨਨ ਮੈਂ ਬਖ੍ਯਾਤੈਂ।
ਧਰਮ ਨ ਖਾਣ ਪੀਣ ਤੇ ਜੈਹੈ।
ਜੋ ਮੂਲ ਮੂਤ ਰਾਹੇ ਨਿਕਸੈ ਹੈ ॥੨੯॥
ਦਿਲ ਤੇ[1] ਧਰਮ ਰਹਿਤ ਅਰੁ ਜੈਹੈ। — [1]ਦਿਲ ਕਰਕੇ।
ਖਾਨ ਪਾਨ ਤੇ ਨਹਿ ਬਿਗਰੈ ਹੈ।
ਆਰਯ ਭਏ ਅਚਾਰਯ ਜੇ ਹੈਂ[1]। — [1]ਜਿਹੜੇ (ਆਰਯ) ਸ੍ਰੇਸ਼ਟ (ਅਚਾਰਯ) ਧਰਮ ਦੇ ਆਗੂ ਹੋਏ ਹਨ।
ਰਿਖੀ ਮੁਨੀ ਮਾਨਤ ਰਹੇ ਏਹੈਂ[1] ॥੩੦॥ — [1]ਏਹੋ (ਗੱਲ) ਮੰਨਦੇ ਰਹੇ ਹਨ।
ਪੈ ਪ੍ਰਮਾਦ ਕਰਿ ਜੋ ਬਿਗਰੈ ਹੈ।
ਮਰਯਾਦਾ ਤਿਸ ਭਲੋ ਨ ਥੈਹੈ[1]। — [1]ਪਰ (ਪ੍ਰਮਾਦ) ਬੇਪ੍ਰਵਾਹੀ ਕਰ ਕੇ ਜੋ ਮਰਯਾਦਾ ਵਿਗਾੜੇਗਾ ਉਸ ਦਾ ਭਲਾ ਨਹੀਂ ਹੋਵੇਗਾ।
ਪੈ ਬਹੁ ਠੌਰ ਪੁਰਾਨਨ ਗਾਈ[1]। — [1]ਪਰ ਬਹੁਤ ਜਗ੍ਹਾ ਪੁਰਾਣਾਂ ਨੇ ਕਿਹਾ ਹੈ।
ਪ੍ਰਾਣ ਰਖਨ ਸਮ ਧਰਮ ਨ ਭਾਈ ॥੩੧॥
ਅਬਿ ਪ੍ਰਸੰਗ ਕੀ ਕਥਾ ਕਥੈ ਹੈਂ।
ਭਏ ਬੰਦਈ ਲਚਾਰ[1] ਜਬੈ ਹੈਂ। — [1]ਬੇਵੱਸ, ਦੁਖੀ।
ਹੁਕਮ ਨੁਵਾਬ ਤਬੈ ਯੌਂ ਕੀਨਾ।
ਰਸਤਾ ਛੋਡਿ ਸਿੰਘਨ ਕਹਿ ਦੀਨਾ ॥੩੨॥
ਲੈ ਲੈ ਰਸਦ ਗਢੀ ਤਜ ਜਾਵੋ।
ਕਸਮ ਕੁਰਾਨ ਨ ਮੈਂ ਤੁਹਿ ਘਾਵੋਂ।
ਪਰ ਉਨ ਸਿਦਕੀ ਸਿੱਖਨ ਐਸੇ।
ਕੀਨੋ ਸਿਦਕ ਰਹੇ ਤਹਿਂ ਬੈਸੇ ॥੩੩॥
ਤਿਨ ਕੋ ਤੁਰਕ ਜਿ ਇਕ ਗਲ ਆਖੈਂ।
ਵਹਿ ਆਗੇ ਤੈ ਬੀਸਕ ਭਾਖੈਂ।
ਰੱਸੀ ਜਲੀ ਵੱਟ ਨਹਿਂ ਜਲਯੋ।
ਤਨ ਬਲ ਛੁਟਜੋ ਗੁਮਾਨ ਨ ਗਲਯੋ[1] ॥੩੪॥ — [1]ਅਣਖ ਨਾਸ਼ ਨਹੀਂ ਹੋਈ।
ਉਨ ਕੀ ਸੂਰਤ[1] ਪਿਖਿ ਡਰ ਬਾਢੇ[2]। — [1]ਸ਼ਕਲ। [2]ਵਧਦਾ
ਜਨ ਗੋਰਨ ਤੇ[1] ਮੁਰਦੇ ਕਾਢੇ। — [1]ਕਬਰਾਂ ਤੋਂ।
ਨਿਕਸੇ ਅਸਤ[1] ਰਹਜੋ ਨਹਿਂ ਮਾਸੈਂ[2]। — [1]ਹੱਡ ਨਿਕਲੇ ਹੋਏ ਹਨ। [2]ਮਾਸ।

ਜਨੁ ਕਠ-ਪੁਤਰੀ ਭਰ ਹੈ ਸ੍ਵਾਸੈਂ[1] ॥੩੫॥

[1]ਜਾਣੋਂ ਲੱਕੜ ਦੀਆਂ ਬਣੀਆਂ ਪੁਤਲੀਆਂ ਸਾਹ ਲੈ ਰਹੀਆਂ ਹਨ।

ਕੈਧੋ ਅਫਲਾਤੂ ਸਮ ਬੰਦੇ।
ਰਚ ਰਾਖੇ ਜਾਦੂ ਕੇ ਬੰਦੇ[1]।

[1]ਜਾਂ ਅਫਲਾਤੂ ਵਾਂਗ ਬੰਦੇ ਬਹਾਦਰ ਨੇ ਜਾਦੂ ਦੇ ਬੰਦੇ ਬਣਾ ਕੇਰੱਖੇ ਹੋਏ ਹਨ।

ਕਿਧੋਂ ਮ੍ਰਿਤੁ ਲੇਲੀ ਕੇ ਆਸ਼ਕ।
ਮਜਨੂ ਭਏ ਸਿੰਘ ਸਭਿ ਵਾਸਕ[1] ॥੩੬॥

[1]ਜਾਂ ਮੌਤ ਰੂਪ ਲੇਲੀ ਦੇ ਸਾਰੇ ਸਿੰਘ ਮਜਨੂੰ (ਵਾਸਕ) ਵਾਂਗ ਆਸ਼ਕ ਹੋ ਗਏ ਹਨ।

ਐਸੀ ਦਸ਼ਾ ਸਿੰਘਨ ਕੀ ਭਈ।
ਮਨਹੁ ਮ੍ਰਿਤੁ ਜੀਵਤ ਹੀ ਲਈ।
ਪੈ ਪ੍ਰਾਨਨ ਸੋਂ ਸਿਦਕ ਨਿਬਾਹੈਂ।
ਵਾਹਿਗੁਰੂ ਜਪ ਏਹੀ ਚਾਹੈਂ ॥੩੭॥
ਯਹਿ ਗੁਰੁਦਾਸ ਪੁਰੇ ਮੈਂ ਭਾਣਾਂ।
ਸੀਸ ਬੰਦਈਅਨ ਕਹਿਰ ਬਿਹਾਣਾਂ[1]।

[1]ਦੁਖ ਦਾ ਬੀਤਿਆ।

ਤਬਿ ਬੰਦੇ ਸਿੰਘਨ ਸੋਂ ਕਹਾ।
ਹਮ ਨਿਜ ਸਿਰ ਤੁਰਕੈਂ ਦਿਯ ਚਹਾ ॥੩੮॥
ਤਜਿ ਸ਼ਸਤ੍ਰ ਤੁਮ ਖੋਲਹੁ ਦ੍ਵਾਰਾ।
ਸਿੰਘੈਂ ਬਚਨ ਤਾਂਹਿ ਕਾ ਧਾਰਾ[1]।

[1]ਮੰਨ ਲਿਆ।

ਖੋਲ ਦਯੋ ਦਰਵਾਜਾ ਆਈ।
ਅੰਦਰ ਵੜੇ ਤੁਰਕ ਤਬਿ ਧਾਈ ॥੩੯॥
ਤੁਰਕੈਂ ਤਈਂ ਹਿਦਾਯਤ[1] ਹੋਈ।

[1]ਆਗਿਆ।

ਪਕਰ ਲੇਹੁ ਮਾਰਜੋ ਨਹਿਂ ਕੋਈ।
ਯਾ ਤੇ ਪਕਰ ਸਿੰਘ ਉਨ ਲੀਏ।
ਮਾਰਣ ਨਾ ਨੁਵਾਬ ਨੇ ਦੀਏ ॥੪੦॥
ਸੂਰਬੀਰ ਥੇ ਤੁਰਕ ਜੁ ਭਾਰੇ।
ਗਿਰਦ ਭਏ ਬੰਦੇ ਕੇ ਸਾਰੇ।
ਕੇਹਰ ਸਮ[1] ਬੰਦਾ ਦਰਸਾਵੈ।

[1]ਸ਼ੇਰ ਵਾਂਗ।

ਡਰ ਧਰਿ ਕੋਊ ਹਾਥ ਨ ਪਾਵੈ ॥੪੧॥
ਪੁਨ ਬੰਦੇ ਤਬਿ ਅਪਨੇ ਆਪੈਂ।
ਅਪਨਾ ਤਨ ਬੰਧਵਾਯੋ ਥਾਪੈਂ[1]।

[1]ਬਣਾ ਕੇ, ਸਵਾਰ ਕੇ।

ਉਨ ਫੜਿ ਲੋਹ ਪਿੰਜਰੇ ਪਾਇਓ।

ਪਗ ਬੇੜੀ ਗਲ ਤਬਕ ਚੜਾਇਓ[1] ॥੪੨॥ — [1]ਪੈਰਾਂ 'ਚ ਬੇੜੀ ਤੇ ਗਲ ਵਿੱਚ (ਤਬਕ) ਸੰਗਲ ਪਾ ਲਿਆ।
ਹੱਥ ਹਥੌੜੀ[1] ਲੱਕ ਜੰਜੀਰੈਂ। — [1]ਹੱਥਾਂ 'ਚ ਹਥਕੜੀ।
ਬੰਦਾ ਬੰਧਯੋ ਇਸ ਤਤਬੀਰੈਂ[1]। — [1]ਇਸ ਢੰਗ ਨਾਲ।
ਧਰਿ ਗੱਡੇ ਪਰ ਸੰਗਲ ਲਾਏ[1]। — [1]ਬੰਨ੍ਹ ਦਿੱਤੇ।
ਮਤੁ ਕਿਤ ਬੰਦਾ ਅਬਿ ਉਡ ਜਾਏ ॥੪੩॥
ਔਰ ਸਿੱਖ ਸਭਿ ਕੈਦੀ ਕਰਿ ਕੈ।
ਤੋਰ ਦਏ ਸਕਟਯੋਂ ਪਰ ਧਰਿ ਕੈ[1]। — [1]ਗੱਡਿਆਂ ਉੱਤੇ ਬਿਠਾ ਕੇ।
ਪਢੈਂ ਗੁਰੂ ਕੀ ਬਾਣੀ ਸਾਰੇ।
ਉਚੇ ਸੁਰ ਮਿਲ ਤਜੈਂ[1] ਜਕਾਰੇ ॥੪੪॥ — [1]ਛੱਡਦੇ ਹਨ।
ਜਗਿ ਜੀਵਨ ਮਿੱਥਯਾ[1] ਦਿਨ ਚਾਰੈਂ। — [1]ਝੂਠਾ।
ਕਹੈਂ ਪਾਲਨਾ ਧਰਮ ਉਦਾਰੈਂ।
ਯੌਂ ਜਬਿ ਚਾਲੇ ਦਿੱਲੀ ਓਰੈਂ।
ਲੋਗ ਪਿਖਨ ਆਵਤ ਮਗ ਹੋਰੈਂ[1] ॥੪੫॥ — [1]ਹੋਰ ਲੋਗਰਸਤੇ 'ਚ ਵੇਖਣ ਆਉਂਦੇ ਹਨ।
ਪੇਖਿ ਸਿੰਘ ਤਿਨ ਫਤੇ ਗਜਾਵੈਂ।
ਅਰ ਯਾ ਬਿਧਿ ਬਹੁ ਸ਼ਬਦ ਸੁਨਾਵੈਂ ॥੪੬॥

ਤਥਾ:

ਗਉੜੀ ਮਹਲਾ ੯ ॥
ਸਾਧੋ ਰਚਨਾ ਰਾਮ ਬਨਾਈ ॥
ਇਕਿ ਬਿਨਸੈ ਇਕ ਅਸਥਿਰੁ ਮਾਨੈ ਅਚਰਜੁ ਲਖਿਓ ਨ ਜਾਈ ॥੧॥ ਰਹਾਉ ॥
ਕਾਮੁ ਕ੍ਰੋਧੁ ਮੋਹ ਬਸਿ ਪ੍ਰਾਨੀ ਹਰਿ ਮੂਰਤਿ ਬਿਸਰਾਈ ॥
ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ[1] ॥੧॥ — [1]ਰਾਤ ਦਾ।
ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ[1] ॥ — [1]ਬੱਦਲ ਦੀ ਛਾਂ।
ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ ॥੨॥

ਪੁਨਾ–

*ਹਰਿ ਕੀ ਗਤਿ[1] ਨਹਿ ਕੋਊ ਜਾਨੈ ॥ — [1]ਲੀਲ੍ਹਾ, ਖੇਲ। *ਇਹ ਬਿਹਾਗੜਾ ਮਹਲਾ ੯ ਦਾ ਪਹਿਲਾ

	ਸ਼ਬਦ ਹੈ, ਪੰਨਾ ੫੩੭।
ਜੋਗੀ ਜਤੀ ਤਪੀ ਪਚਿ ਹਾਰੇ[1] ਅਰੁ ਬਹੁ ਲੋਗ ਸਿਆਨੇ ॥੧॥ ਰਹਾਉ ॥	[1]ਹੰਭਕੇ ਹਾਰ ਗਏ।
ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਗ ਕਰਿ ਡਾਰੇ[1] ॥	[1]ਇਕ ਖਿਨ ਵਿੱਚ ਕੰਗਾਲ ਨੂੰ ਰਾਜਾ ਕਰ ਦੇਂਦਾ ਹੈ ਅਤੇਰਾਜੇ ਨੂੰ ਕੰਗਾਲ ਕਰ ਸੁੱਟਦਾ ਹੈ।
ਰੀਤੇ ਭਰੇ ਭਰੇ ਸਖਨਾਵੈ ਯਹ ਤਾ ਕੋ ਬਿਵਹਾਰੇ[1] ॥੧॥	[1]ਖ਼ਾਲੀਆਂ ਨੂੰ ਭਰ ਦੇਂਦਾ ਹੈ ਅਤੇ ਭਰਿਆਂ ਨੂੰ ਖ਼ਾਲੀ ਕਰ ਦੇਂਦਾ ਹੈ, ਇਹ ਉਸ ਦਾ ਕੰਮ ਹੈ।
ਔਰ-	
*ਜਉ ਤਉ ਪ੍ਰੇਮ ਖੇਲਣ ਕਾ ਚਾਉ ॥	*ਸਲੋਕ ਵਾਰਾਂ ਤੇ ਵਧੀਕ ਮਹਲਾ ੧, ਪੰਨਾ ੧੪੧੨।
ਸਿਰੁ ਧਰਿ ਤਲੀ ਗਲੀ[1] ਮੇਰੀ ਆਉ ॥	[1]ਸਿੱਖੀ ਰੂਪ ਗਲੀ।
ਇਤੁ ਮਾਰਗਿ ਪੈਰੁ ਧਰੀਜੈ ॥	
ਸਿਰੁ ਦੀਜੈ ਕਾਣਿ ਨ ਕੀਜੈ[1] ॥੨੦॥	[1]ਕਨੌਡ ਨਾ ਕਰ।
ਅਥਵਾ-	
*ਚਿਤ ਚਰਣ ਕਮਲ ਕਾ ਆਸਰਾ ਚਿਤ ਚਰਣ ਕਮਲ ਸੰਗ ਜੋੜੀਐ ॥	*ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਨਹੀਂ ਹੈ।
ਮਨ ਲੋਚੈ ਬੁਰਿਆਈਆਂ ਗੁਰੁ ਸਬਦੀ ਇਹੁ ਮਨੁ ਹੋੜੀਐ[1] ॥	[1]ਰੋਕੀਏ।
ਬਾਂਹਿ ਜਿਨਾਂ ਦੀ ਪਕੜੀਐ ਸਿਰ ਦੀਜੈ ਬਾਂਹਿ ਨ ਛੋੜੀਐ ॥	
ਗੁਰੁ ਤੇਗ ਬਹਾਦਰ ਬੋਲਿਆ, ਧਰ ਪਈਐ[1] ਧਰਮ ਨ ਛੋੜੀਐ ॥੧॥	[1]ਧਰਤੀ 'ਤੇ ਪੈ ਜਾਈਏ ਭਾਵ ਮਰ ਜਾਈਏ।
ਚੌਪਈ:	
ਇਤਯਾਦਿਕ ਬਹੁ ਸ਼ਬਦ ਅਲਾਵੈਂ[1]।	[1]ਪੜ੍ਹਦੇ ਹਨ।
ਕਹੈਂ ਸਿਦਕ ਰਹਿ ਤਨ ਚਹਿ ਜਾਵੈ[1]।	[1]ਸਰੀਰ ਭਾਵੇਂ ਚਲਿਆ ਜਾਵੇ।
ਯੌਂ ਕਹਿ ਫਿਰ ਕਰਿ ਹੈਂ ਅਰਦਾਸੈਂ।	
ਗੁਰੂ ਕਰੈ ਤੁਰਕਨ ਕਾ ਨਾਸੈਂ ॥੪੭॥	
ਗੁਰੂ ਖਾਲਸਾ ਜਗਿ ਪ੍ਰਕਾਸ਼ੈ।	
ਸਿਦਕ ਨਿਭੈ ਸੰਗ ਕੇਸੈਂ ਸ੍ਵਾਸੈਂ।	
ਯਹਿ ਸੁਨਿ ਤੁਰਕ ਦੈਂਹ ਜੋ ਗਾਰੈਂ।	
ਅੱਗਯੋਂ ਸਿੰਘ ਪਚਾਸ ਨਿਕਾਰੈਂ ॥੪੮॥	

ਯੌਂ ਜਬਿ ਗਏ ਸਰੂੰਦ ਮਝਾਰੈਂ।
ਸ਼ਬਦ ਪੜ੍ਹਤ ਸਿੰਘ ਜਾਂਹਿ ਬਜਾਰੈਂ।
ਜਬਿ ਸਰੂੰਦ ਸਿੰਘਨ ਥੀ ਮਾਰੀ।
ਲੋਗ ਦੁਖੇ ਥੇ ਤਬਿ ਤਹਿਂ ਭਾਰੀ ॥੪੯॥
ਸੋ ਸਿੰਘਨ ਕੋ ਦੇਵੈਂ ਗਾਰੈਂ।
ਛਪ ਕਰਿ ਕੰਕਰ[1] ਦੂਰਹੁਂ ਮਾਰੈਂ।
ਸਿੰਘ ਨ ਕਬਿ ਨਿਜ ਬਾਣ ਵਿਸਾਰੀ।
ਇਕ ਇਕ ਕੀ ਸੌ ਸੌ ਦਿਹਂ ਗਾਰੀ ॥੫੦॥
ਭਈ ਭੀਰ ਬਹੁ ਬੀਚ ਬਜ਼ਾਰੇ।
ਲੋਗ ਕਹੈਂ ਹਮ ਇਨਹਿ ਉਜਾਰੇ।
ਸਿੰਘ ਕਹੈਂ ਅਬਿ ਹਮ ਕਬਿ ਟਲ ਹੈਂ।
ਗੱਡਜੋਂ ਪਰ ਤੇ ਗਿਰ ਕੈ ਖਲ ਹੈਂ[1] ॥੫੧॥
ਮਰਨ ਕਰਜੋ ਸਿੰਘਨ ਪਰਵਾਨੈ।
ਨਹਿਂ ਛੋਡੈਂ ਦੰਗੈ ਕੀ ਬਾਨੈ[1]।
ਜਾਤਿ ਗੋਤ ਸਿੰਘਨ ਕੀ ਦੰਗਾ।
ਦੰਗਾ ਹੀ ਗੁਰੁ ਤੈ ਇਨ ਮੰਗਾ ॥੫੨॥
ਅੰਨ ਨ ਪਚੈ ਕਰੇ ਬਿਨ ਦੰਗਾ।
ਦੰਗੇ ਬਿਨ ਇਨ ਰਹੈ ਨ ਅੰਗਾ।
ਕੁਹੀ[1] ਸਿੰਘ[2] ਬ੍ਰਿਕ[3] ਬਹਿਰੀ ਬਾਜੈਂ।
ਬਿਨ ਦੰਗੇ ਕਜੋਂ ਹੁਇ ਇਨ ਕਾਜੈਂ ॥੫੩॥

ਦੋਹਰਾ:
ਪਿਖਿ ਦੁਕਾਨ ਪਕਵਾਨ ਕੀ
ਪਰੈ ਸਿੰਘ ਤਹਿਂ ਧਾਇ।
ਮਾਰ ਕੂਟ ਬਹੁ ਪਰਤ ਹੀ
ਲੇਵੈਂ ਖਾਇ ਉਠਾਇ[1] ॥੫੪॥

ਚੌਪਈ:
ਤਬੈ ਵਜੀਰ ਖਾਨ ਕੀ ਮਾਈ।
ਖਬਰ ਸਿੰਘਨ ਕੀ ਉਨ ਸੁਨ ਪਾਈ।
ਸੁਤ ਤਿਸ ਕਾ ਨਾਹਰ ਸਿੰਘ ਮਾਰਾ[1]।

[1]ਰੋੜ੍ਹ, ਪੱਥਰ।
[1]ਡਿੱਗ ਕੇ ਖੜ੍ਹੇ ਹੋ ਜਾਂਦੇ ਹਨ।
[1]ਜੰਗ ਕਰਨ ਦੀ ਆਦਤ।
[1](ਕੁਹੀ) ਬਾਜ਼ ਦੀ ਕਿਸਮ ਦਾ ਇਕ ਸ਼ਿਕਾਰੀ ਜਾਨਵਰ। [2]ਸ਼ੇਰ। [3]ਬਘਿਆੜ।
[1]ਮਾਰ ਕੁੱਟ ਦੇ ਪੈਂਦਿਆਂ ਹੀ ਚੁੱਕ ਕੇ ਖਾ ਲੈਂਦੇ ਹਨ।
[1]ਨਾਹਰ ਸਿੰਘ ਨੇ ਮਾਰਿਆ ਸੀ।

ਯਾਂ ਤੇ ਉਸ ਨੈ ਐਸ ਉਚਾਰਾ ॥੫੫॥
ਖੂਨੀ ਮਮ ਸੁਤ ਕਾ ਜਬਿ ਅਏ।
ਤਬਿ ਮੁਝ ਕੋ ਤੁਮ ਦੇਹੁ ਬਤਾਏ।
ਕੋਠੇ ਪਰ ਬਜ਼ਾਰ ਢਿਗ ਆਈ।
ਪੱਥਰ ਰਾਖਯੋ ਹਾਥ ਉਠਾਈ ॥੫੬॥
ਨਾਹਰ ਸਿੰਘ ਤਹਾਂ ਜਬਿ ਆਯੋ।
ਪਿਖਿ ਬੁਢੀਯਾ ਪੱਥਰ ਤਿਹ ਲਾਯੋ[1]। — [1]ਤਿਸ ਨੂੰ ਮਾਰਿਆ।
ਦੋਇ ਚਾਰ ਔਰਨ ਪਰਿਹਾਰੇ[1]। — [1]ਮਾਰੇ।
ਸਿੰਘਨ ਭੀ ਉਲਟੇ ਵਹਿ ਮਾਰੇ ॥੫੭॥
ਬਾਜ ਸਿੰਘ ਥਾ ਹਾਕਮ ਰਹਿਯੋ।
ਜਿਨੈਂ ਜਿਨੈਂ ਦੁਖ ਤਿਸ ਤੈ ਲਹਿਯੋ।
ਤਿਸ ਪਰ ਭੀ ਬਹੁਤੇ ਪਰਿਹਾਰੈਂ।
ਪੱਥਰ ਕੰਕਰ ਬੀਚ ਬਜ਼ਾਰੈਂ ॥੫੮॥
ਸਿੰਘਨ ਮਰਣ ਮਾਰਣਾ ਠਟ ਕੇ[1]। — [1]ਧਾਰ ਕੇ।
ਕਈ ਤੁਰਕ ਫੜ ਮਾਰੇ ਝਟਕੇ[1]। — [1]ਛੇਤੀ ਮਾਰ ਦਿੱਤੇ।
ਗਾਰੀ ਦੈ ਸਿੰਘ ਐਸ ਉਚਾਰੈਂ।
ਹਮਰੇ ਭਾਈ ਸਿੰਘ ਅਪਾਰੈਂ ॥੫੯॥
ਐਹੈਂ ਬਦਲੇ ਤੁਮ ਤੇ ਲੈਹੈਂ।
ਫਿਟ-ਮੂੰਹੀਂ[1] ਕਾ ਥੇਹ ਬਨੈ ਹੈਂ। — [1]ਸਰ੍ਹੰਦ।
ਪੇਖਿ ਨੁਵਾਬ ਬਢਤ ਬਡਰੌਰਾ।
ਲੋਗਨ ਕਾ ਹਜੂਮ ਕਿਯ ਹੌਰਾ[1] ॥੬੦॥ — [1]ਲੋਕਾਂ ਦੇ ਇਕੱਠ ਨੂੰ ਹੌਲਾ ਭਾਵ ਥੋੜਾ ਕੀਤਾ।
ਦਿਸ ਦਿੱਲੀ ਸਿੰਘ ਤੋਰੇ ਤਬੈ।
ਪਹੁੰਚੇ ਪਾਨੀਪਤ ਮੈਂ ਜਬੈ।
ਫੱਰਰੁਖ-ਸੇਰ[1] ਸਾਰ[2] ਇਹੁ ਪਾਈ। — [1]ਦਿੱਲੀ ਦਾ ਬਾਦਸ਼ਾਹ। [2]ਖ਼ਬਰ।
ਦਹਲਜੋ ਦਿਲ ਡਰ ਧਾਰਿ ਮਹਾਂਈ[1] ॥੬੧॥ — [1]ਬਹੁਤਾ ਡਰ ਧਾਰ ਕੇ ਦਿਲ ਕੰਬਿਆ।
ਮਤ ਬੰਦਾ ਕਿਤ ਮੁਹਿ ਮਰਵਾਵੈ।
ਇਸ ਕੇ ਪਾਸ ਮੁਵੱਕਲ[1] ਆਵੈਂ। — [1]ਬੀਰ।
ਕਹੇ ਕਾਜੀਅਨ ਕੇ ਫਿਰਿ ਸ਼ਾਹੈਂ[1]। — [1]ਬਾਦਸ਼ਾਹ ਨੇ।
ਬੰਦਾ ਗੰਦਾ ਕੀਨ ਮਹਾਂਹੈਂ[1] ॥੬੨॥ — [1]ਬੰਦੇ ਨੂੰ ਬਹੁਤਾ ਅਪਵਿੱਤ੍ਰ ਕਰ ਦਿੱਤਾ।
ਲੋਹ ਪਿੰਜਰੇ ਵੀਚ ਪਵਾਯੋ।

ਰੱਤ ਗਊ ਕਾ ਬਹੁ ਛਿਰਕਾਯੋ।
ਹੱਡ ਸੂਰ ਗਊਅਨ ਰਖਵਾਏ।
ਜਾਂ ਤੇ ਢਿਗ ਨ ਮੁਵੱਕਲ ਆਏਂ ॥੬੩॥
ਫਿਰ ਬੂਝਯੋ ਬੰਦੇ ਕੋ ਐਸੇ।
ਕਹੁ ਅਬਿ ਤੁਮ ਕੋ ਮਾਰੋਂ ਕੈਸੇ।
ਜਯੋਂ ਤੂੰ ਅਪਨੀ ਮੌਤ ਬਤੈ ਹੈਂ[1]।
ਹਮ ਤੁਮ ਕੋ ਤਯੋਂ ਹੀ ਮਰਵੈ ਹੈਂ ॥੬੪॥
ਬੰਦੇ ਕਹਯੋ ਸ਼ਾਹਿ ਨੈ ਜੈਸੇ।
ਮਰਨਾ ਹੋਇ, ਹਤੋ[1] ਮੁਹਿ ਤੈਸੇ।
ਯਹਿ ਸੁਨਿ ਸ਼ਾਹਿ ਕੋਪ ਹ੍ਵੈ ਮਹਾਂ।
ਤਸਮੇਂ ਕਸੀ ਕਰਨ ਕੋ ਕਹਾ[1] ॥੬੫॥
ਪੁਨਾ ਸਿੱਖ ਜੋ ਥੇ ਤਹਿਂ ਗਏ।
ਸ਼ੁਤਰਨ ਪਰ[1] ਚੜ੍ਹਾਇ ਸਭਿ ਦਏ।
ਟੋਪੀ ਕਾਗਜ਼ ਕੀ ਪਹਿਨਾਈ।
ਕਾਲੇ ਮੁਖ ਬਦ ਸ਼ਕਲ ਬਨਾਈ ॥੬੬॥
ਮੇਸ਼ ਚਰਮ ਜਾਮੇਂ[1] ਪਹਿਰਾਏ।
ਫੇਰ ਸ਼ਹਿਰ ਕੇ ਗਿਰਦ ਫਿਰਾਏ।
ਸਿੰਘ ਸਵਾ ਸੌ ਸਾਦਕ ਥਾਏ[1]।
ਬੀਸ ਬੀਸ ਨਿਤ ਕਤਲ ਕਰਾਏ ॥੬੭॥
ਚੌਕ ਚਾਨਨੀ ਦਿੱਲੀ ਮਾਹੈਂ।
ਸੀਸ ਦਯੋ ਗੁਰੁ ਨੌਮਿ ਜਹਾਹੈਂ[1]।
ਬੰਦਾ ਭੀ ਥਾ ਕੈਦ ਤਹਾਂ ਹੀ।
ਜਬੈ ਜਲਾਦ ਸਿੰਘਨ ਲੈ ਜਾਹੀਂ ॥੬੮॥
ਇਕ ਦੂਸਰ ਕੇ ਆਗੇ ਮਰਨਾ।
ਚਾਹੈਂ ਸਿੰਘ ਭਵਾਂਬੁਧਿ[1] ਤਰਨਾਂ।
ਲਾਲੀ ਮੁਖ ਪੈ ਸਭ ਕੇ ਚਢੀ।
ਖੁਸ਼ੀ ਸਿਦਕ ਰਹਿਨੇ ਕੀ ਬਢੀ ॥੬੯॥
ਕਹੈਂ ਏਕ ਦਿਨ ਮਰਣਾ ਥਾ ਹੀ[1]।
ਮਰੈਂ ਧਰਮ ਪਰ ਖੁਸ਼ੀ ਇਹਾ ਹੀ[1]।

[1]ਦਸੇਂਗਾ।
[1]ਮਾਰੋ।
[1]ਤਸਮੇ (ਕਸੀ ਕਰਨ) ਖਿੱਚਣ ਵਾਸਤੇ ਕਿਹਾ। (ਤਸਮੇ=ਚਮੜੇ ਦੀਆਂ ਵੱਧਰੀਆਂ)।
[1]ਊਠਾਂ ਉੱਤੇ।
[1]ਭੇਡਾਂ ਦੇ ਚੰਮ ਦੇ ਕੁੜਤੇ।
[1]ਸਿਦਕੀ ਹੋਏ।
[1]ਜਿੱਥੇ।
[1]ਸੰਸਾਰ ਸਮੁੰਦਰ।
[1]ਮਰਨਾ ਹੀ ਸੀ।
[1]ਏਹੋ ਹੀ ਖ਼ੁਸ਼ੀ ਹੈ।

ਪਢੈਂ ਸ਼ਬਦ ਸੁਰ ਉਚ ਬਿਸਾਲੈਂ।	
ਤੇਗ ਮੋਦ ਹ੍ਵੈ ਮੁਖ ਪਰ ਝਾਲੈਂ ॥੭੦॥	
ਧੰਨਜਵਾਦ ਔਰੈਂ ਇਕਰਰੇਂ[1]।	[1]ਪ੍ਰਮੇਸ਼ਰ ਦਾ ਇਕ ਹੋਰ ਧੰਨਵਾਦ ਕਹਿੰਦੇ ਭਾਵ ਕਰਦੇ ਹਨ।
ਨੌਮ ਗੁਰੂ ਢਿਗ ਹਮ ਆ ਮਰੇ।	
ਪਿਖਿ ਪਿਖਿ ਸਿੰਘਨ ਕੀ ਦਿਲਾਵਰੀ[1]।	[1]ਬਹਾਦਰੀ।
ਲੋਗ ਹਜ਼ਾਰੋਂ ਦੇਤ ਆਫਰੀਂ[1] ॥੭੧॥	[1]ਸ਼ਾਬਾਸ਼।
ਹਿੰਦੁ ਅਹਿੰਦੁ ਪੇਖਿ ਬਿਸਮਾਹੀਂ[1]।	[1]ਹਿੰਦੂ ਤੇ ਤੁਰਕ ਦੇਖ ਕੇ ਹੈਰਾਨ ਹੁੰਦੇ ਹਨ।
ਵਾਹ ਵਾਹ ਸਿੰਘ ਐਸ ਸੁਨਾਹੀਂ[1]।	[1]ਸਿੰਘ ਧੰਨ ਹਨ ਧੰਨ ਹਨ। ਇਸ ਤਰ੍ਹਾਂ ਸੁਣਾਉਂਦੇ ਹਨ।
ਸਿੰਘ ਨਾਮ ਇਨ ਸਫਲ ਕਰਜੋ ਹੈ।	
ਕੋਊ ਨ ਕਾਯਰ ਹੋਇ ਮਰਜੋ ਹੈ ॥੭੨॥	
ਯਾ ਬਿਧਿ ਬੰਦੇ ਕੇ ਚੌਫੇਰੇ।	
ਸਿੰਘ ਮਾਰਿ ਜਬਿ ਸਭਿ ਹੀ ਗੇਰੇ।	
ਬੰਦੇ ਕੇ ਪਿੰਜਰ[1] ਢਿਗ ਸਭਿ ਹੀ।	[1]ਪਿੰਜਰੇ ਕੋਲ।
ਕਤਲ ਕਰਾਇ ਗਿਰਾਏ ਤਬਿ ਹੀ ॥੭੩॥	
ਅਤਿ ਬਦਬੋਇ ਚੁਫੇਰਜੋਂ ਆਵੈ।	
ਪੇਖਿ ਪੇਖਿ ਬੰਦਾ ਦੁਖੁ ਪਾਵੈ।	
ਕਜੋਂ ਨਹਿਂ ਬੰਦਾ ਦੁੱਖ ਸਹਾਰੇ।	
ਯਹਿ, ਜਿਨ ਗੁਰ ਕੇ ਬਚਨ ਬਿਸਾਰੇ ॥੭੪॥	
ਪੁਨ ਕਾਜੀ ਬੂਝੇ ਪਤਿਸ਼ਾਹੈਂ[1]।	[1]ਬਾਦਸ਼ਾਹ ਨੇ ਕਾਜ਼ੀਆਂ ਤੋਂ ਪੁੱਛਿਆ।
ਬੰਦੇ ਕੋ ਮਾਰੈਂ ਕਿਸ ਰਾਹੈਂ[1]?।	[1]ਕਿਸ ਢੰਗ ਨਾਲ।
ਕਹਜੋ ਕਾਜੀਅਨ ਖੋਲਿ ਕਿਤਾਬੈਂ।	
ਮਾਰਹੁ ਇਸੈ ਘਸੀਟ ਸ਼ਿਤਾਬੈਂ ॥੭੫॥	
ਜਜੋਂ ਇਨ ਹਤਜੋ ਬਜੀਦਾ ਸੂਬਾ।	
ਤਜੋਂ ਇਸ ਕੋ ਦੁਖ ਪਹੁੰਚੈ ਖੂਬਾ[1]।	[1]ਚੰਗਾ।
ਪਹਿਲੇ ਮਾਸ ਜੰਬੂਰਨ ਸੰਗੈਂ[1]।	[1]ਜੰਬੂਰਾਂ ਨਾਲ (ਜੰਬੂਰ-ਸੰਨ੍ਹੀ, ਚਿਮਟੀ)।
ਤ੍ਰੈ ਦਿਨ ਇਸ ਕਾ ਲੇਹੁ ਨਿਸੰਗੈ[1] ॥੭੬॥	[1]ਨਿੱਡਰ ਹੋ ਕੇ।
ਜੈਸ ਕਾਜੀਓਂ ਫਤਵਾ[1] ਦੀਨੋਂ।	[1]ਫ਼ੈਸਲਾ, (ਅ) ਧਰਮ ਦੇ ਆਗੂ ਦਾ ਫੈਸਲਾ।
ਤੈਸੇ ਹੁਕਮ ਸ਼ਾਹਿ ਨੈ ਕੀਨੋ।	
ਮਾਸ ਜੰਬੂਰਨ ਸੋਂ ਨਿਤ ਲੈਹੈਂ।	
ਬੰਦਾ ਹਾਇ ਨ ਤੋਬਾ[1] ਕੈਹੈ ॥੭੭॥	[1]ਪਸਚਾਤਾਪ ਨਾਲ ਅਗੋਂ ਮੰਦ-ਕਰਮ ਤਿਆਗਣ ਦਾ ਪ੍ਰਣ।

ਬੈਠਾ ਰਹੇ ਜਨਕ ਕੀ ਨਜਾਈਂ।
ਮੁਖ ਪਰ ਲਾਲੀ ਖੁਸ਼ੀ ਦਿਪਾਈ[1]। [1]ਚਮਕ ਰਹੀ ਹੈ।
ਲੋਗਨ ਪਿਖਿ ਅਚਰਜ ਬਡ ਮਾਨਾ।
ਬੰਦੇ ਕੋ ਜੋਗੀਸ੍ਵਰ ਜਾਨਾ ॥ ੭੮ ॥
ਕਹੈਂ ਦੇਹ ਤੇ ਖੇਲਤ ਪਰ ਹੈ[1]। [1](ਬੰਦਾ) ਦੇਹ ਤੋਂ ਪਰੇ ਖੇਲਦਾ ਹੈ।
ਉਸਤਤਿ ਹਿੰਦੁ ਤੁਰਕ ਸਭਿ ਕਰਿ ਹੈਂ।
ਬਾਦਸ਼ਾਹਿ ਸੁਨ ਕਰਿ ਭੀ ਚੇਤੈ[1]। [1]ਸੁਣ ਕੇ ਤੇ (ਭੀ) ਪੁਨਹ ਚੇਤੇ ਕਰਕੇ।
ਪਠਯੋ ਬਜੀਰ ਪਰਖਬੇ ਹੇਤੈਂ ॥ ੭੯ ॥
ਨਜਬੁਲ ਦੌਲਾ[1] ਅਯੋ ਬਜ਼ੀਰ। [1]ਨਾਮ।
ਪੇਖਿ ਸਾਚ ਵਹਿ ਰਹਯੋ ਅਧੀਰ[1]। [1]ਘਬਰਾ ਗਿਆ।
ਬੰਦੇ ਤੈ ਤਿਸ ਨੈ ਤਬਿ ਬੂਝਯੋ।
ਕਾਰਣ ਖੁਸ਼ੀ ਤੋਹਿ ਕਜਾ ਸੂਝਯੋ[1] ॥ ੮੦ ॥ [1]ਦਿਸਿਆ ਹੈ, ਸਮਝਿਆ ਹੈ।
ਤੁਮਰਾ ਗੋਸ਼ਤ[1] ਲਯੋ ਜਲਾਦੈਂ। [1]ਮਾਸ।
ਬਢਯੋ ਤੁਮੈਂ ਉਲਟਾ ਅਹਿਲਾਦੈਂ[1]। [1]ਅਨੰਦ।
ਏਸ ਖੁਸ਼ੀ ਦਾ ਬਾਇਸ[1] ਕਹੋ। [1]ਕਾਰਨ।
ਸ੍ਵਾਲ ਦੁਤੀ ਔਰੈਂ ਇਕ ਅਹੋ[1] ॥ ੮੧ ॥ [1]ਹੈ।
ਐਸੇ ਆਰਫ ਆਮਲ ਕਾਮਲ[1]। [1]ਐਸੇ (ਆਰਫ) ਗਿਆਨਵਾਨ (ਕਾਮਲ) ਪੂਰਨ (ਆਮਲ) ਅਭਿਆਸੀ।
ਹੋਇ ਧਨੀ ਅਜ਼ਮਤ ਸਭਿ ਕਾ ਭਲ[1]। [1]ਸਭ ਤਰ੍ਹਾਂ ਚੰਗੀ ਕਰਾਮਾਤ ਦੇ ਮਾਲਕ ਹੋ ਕੇ।
ਸਾਹਿਬ ਕੀ ਦਰਗਾਹ ਕਬੂਲੈਂ[1]। [1]ਪ੍ਰਵਾਣ ਹੋ ਕੇ।
ਹੋ ਤੁਮ ਫਿਰ ਕਯੋਂ ਕੀਨੀ ਭੂਲੈਂ ॥ ੮੨ ॥
ਤੁਰਕਨ ਪਰ ਬਡ ਜੁਲਮ ਗੁਜ਼ਾਰੇ।
ਲੂਟ ਕਤਲ ਬਹੁ ਗਾਮ[1] ਉਜਾਰੇ। [1]ਪਿੰਡ।
ਢਾਹਿ ਮਹਿਜਦੈਂ[1] ਕੀਨੀ ਖ੍ਵਾਰੇ[2]। [1]ਮਸੀਤਾਂ। [2]ਖ਼ਰਾਬ।
ਪੀਰ ਕੱਢ ਕਬਰੋਂ ਤੈ ਜਾਰੇ[1] ॥ ੮੩ ॥ [1]ਸਾੜ ਦਿੱਤੇ।
ਬਾਲ ਬ੍ਰਿਧ ਲੌ ਤੁਰਕ ਸੰਘਾਰੇ[1]। [1]ਮਾਰੇ।
ਦੁਤੀ ਜਵਾਬ ਦੇਹੁ ਇਹੁ ਪਿਆਰੇ।
ਤ੍ਰਿਤੀ ਸ੍ਵਾਲ ਪੁਨ ਅਹੇ ਹਮਾਰਾ।
ਐਸੋ ਸਮ੍ਰੱਥ[1] ਹ੍ਵੈ ਤੈਂ ਭਾਰਾ ॥ ੮੪ ॥ [1]ਸ਼ਕਤੀਵਾਨ।
ਕਾਦਰ ਨਾਦਰ ਅਤੀ ਬਹਾਦਰ[1]। [1](ਅਤੀ) ਬਹੁਤੀ (ਕਾਦਰ) ਤਾਕਤ ਵਾਲਾ (ਨਾਦਰ) ਅਣੋਖਾ

ਬਹਾਦਰ (ਹੋ ਕੇ)।

ਕਰਾਮਾਤ ਕਾ ਪੁੰਜ ਉਜਾਗਰ[1]। — [1]ਮਸ਼ਹੂਰ।
ਫਿਰ ਤੂੰ ਹਮਰੀ ਕੈਦ ਮਝਾਰੇ।
ਆਯੋ ਕਾਂਹਿ ਸਹੈਂ ਦੁਖ ਭਾਰੇ ॥ ੮੫ ॥

ਦੋਹਰਾ:
ਬੰਦੇ ਇਹੁ ਸੁਨਿ ਸ੍ਵਾਲ ਤ੍ਰੈ,
ਉੱਤਰ ਦੀਨੇ ਜੈਸ।
ਸੁਨੋਂ ਖਾਲਸਾ ਜੀ ਤਬੈ,
ਬੰਦਾ ਬੋਲਯੋ ਐਸ ॥ ੮੬ ॥

ਚੌਪਈ:
ਪਹਲੇ ਖੁਸ਼ੀ ਜੁ ਦੁਖ ਮੈਂ ਬੂਝੀ[1]। — [1]ਪਹਿਲੀ ਗੱਲ ਜੋ ਦੁੱਖ ਵਿੱਚ ਖੁਸ਼ੀ ਬਾਰੇ ਪੁੱਛੀ ਹੈ।
ਤਿਸ ਕੀ ਸਮਝ ਪਰਨ ਅਤਿ ਗੂਝੀ[1]। — [1]ਤਿਸ ਦੀ ਸਮਝ ਪੈਣੀ ਬਹੁਤ (ਗੂਝੀ) ਮੁਸ਼ਕਲ ਹੈ।
ਗਜਾਨੀ ਕੀ ਗਤਿ ਜਾਨਤ ਗਜਾਨੀ।
ਦੂਸਰ ਸਕੈ ਨ ਕੋਇ ਪਛਾਨੀ ॥ ੮੭ ॥
ਯਾਦ ਹੱਕ ਕਾ ਬਾਇਸ ਏ ਹੈ[1]। — [1]ਇਹ ਪ੍ਰਮੇਸ਼ਰ ਦੀ ਯਾਦ ਦੇ ਕਾਰਨ ਹੈ।
ਹਮ ਆਤਮ ਸਾਖੀ ਤ੍ਰੈ ਦੇਹੈਂ[1]। — [1]ਅਸੀਂ ਆਤਮਾ ਹਾਂ ਜੋ ਤਿੰਨਾਂ ਦੇਹਾਂ ਦਾ (ਸਾਖੀ) ਦੇਖਣ ਵਾਲਾ ਹੈ।
ਜੈਸੇ ਨਰ ਘਰ ਤੇ ਹ੍ਵੈ ਨਿਆਰੋ।
ਤਯੋਂ ਹਮ ਤਨ ਤੈ ਜੁਦੇ ਵਿਚਾਰੋ ॥ ੮੮ ॥
ਸੂਖਮ ਥੂਲ[1] ਦੇਹ ਦੁਖ ਪੈ ਹੈ। — [1]ਮਿੱਟੀ ਦੇਹ।
ਹਮ ਬ੍ਰਹਮਾਤਮ ਸਾਖੀ ਰੈਹੈਂ।
ਖੁਸ਼ੀ ਔਰ ਇਕ ਹਮੈਂ ਮਹਾਨੈਂ।
ਖੁਦ ਖੁਦਾਇ ਹਮ ਖੁਦ ਕੋ ਮਾਨੈਂ[1] ॥ ੮੯ ॥ — [1]ਅਸੀਂ ਆਪਣੇ ਆਪ ਨੂੰ ਖ਼ੁਦਾ ਮੰਨਦੇ ਹਾਂ।
ਰਹੈਂ ਮਗਨ ਪਰਮਾਨੰਦ ਮਾਂਹੀਂ।
ਖੁਸ਼ੀ ਏਹੁ ਮਮ ਮਾਥ ਦਿਪਾਹੀ[1]। — [1]ਮੱਥੇ 'ਤੇ ਚਮਕਦੀ ਹੈ।
ਅਰ ਮੁਹਿ ਇਹੁ ਬਡ ਚਢੀ ਉਮੰਗੈਂ[1]। — [1]ਖੁਸ਼ੀ।
ਇਹੁ ਤਨ ਤਜਿ ਮਿਲਹੋਂ ਬ੍ਰਹਮ ਸੰਗੈਂ ॥ ੯੦ ॥
ਅਬਿ ਬਿਦੇਹ, ਕੈਵਲ ਲਿਹੁਂ ਮੁਕਤੀ[1]। — [1]ਹੁਣ ਦੇਹ ਤੋਂ ਬਿਨਾਂ ਹੋ ਕੇ ਕੇਵਲ ਮੁਕਤੀ ਲੈ ਲਵਾਂਗਾ।
ਕਾਰਣ ਖੁਸ਼ੀ ਲਖੋ ਇਹੁ ਯੁਕਤੀ[1]। — [1]ਇਹ ਜੁਗਤੀ ਖ਼ੁਸ਼ੀ ਦਾ ਕਾਰਣ ਜਾਣੋ।
ਅਰ ਮੈਂ ਦੁਖ ਤੁਰਕੈਂ ਜੋ ਦੀਨੇ।

ਤਿਸ ਕਾ ਉੱਤਰ ਸੁਨੋ ਪ੍ਰਬੀਨੇ ॥੯੧॥
ਖਲਕ ਖੁਦਾ[1] ਪਰ ਜਬਿ ਕੋਇ ਜ਼ਾਲਮ।
[1]ਖੁਦਾ ਦੀ (ਰਚੀ) ਸ੍ਰਿਸ਼ਟੀ।
ਜੁਲਮ ਅਤੁਲਮ ਗੁਜਾਰਤ ਬਾਲਮ[1]।
[1](ਬਾਲਮ) ਪਤੀ ਭਾਵ ਮਾਲਕ ਹੋ ਕੇ (ਅਤੁਲਮ) ਬਹੁਤੇ ਜ਼ੁਲਮ ਕਰਦਾ ਹੈ।
ਅਤੀ ਦੁਖੀ ਹ੍ਵੈ ਖਲਕਤ ਤਿਸ ਤੇ।
ਖਾਲਕ[1] ਮਾਲਕ ਪਿਖਿ ਫਿਰ ਰਿਸਤੇ[2] ॥੯੨॥
[1]ਸ੍ਰਿਸ਼ਟੀ ਦਾ ਮਾਲਕ। [2]ਗੁੱਸੇ ਹੁੰਦਾ ਹੈ।
ਤਾਂ ਕੋ ਫਲ ਕਿਰਦਾਰ ਭੁਗਾਨੇ।
ਹੇਤ, ਪਠਾਵਤ ਮੁਝ ਸੇ ਦਾਨੇ[1]।
[1]ਉਸ ਨੂੰ ਉਸ ਦੇ ਕੀਤੇ (ਕਿਰਦਾਰ) ਕਰਮਾਂ ਦਾ ਫਲ ਭੁਗਤਾਣ ਦੇ (ਹੇਤ) ਵਾਸਤੇ ਮੇਰੇ ਵਰਗੇ (ਦਾਨੇ) ਸਿਆਣੇ ਨੂੰ ਭੇਜਦਾ ਹੈ।
ਸੋ ਜ਼ਾਲਮ ਕੋ ਦੈਹੈਂ ਸਜ਼ਾ।
ਠੀਕ ਚਖਾਵਤ ਕਰਮਨਿ ਮਜ਼ਾ[1] ॥੯੩॥
[1]ਸੁਆਦ।
ਹਿਰਨ-ਕਸਪ[1] ਜਬਿ ਖਲਕ ਦੁਖਾਈ।
[1]ਹਰਨਾਖਸ਼।
ਨਰਸਿੰਘ ਨੈ ਸੋ ਹਤਜੋ ਸੰਤਾਈ[1]।
[1]ਦੁੱਖ ਦੇ ਕੇ ਮਾਰਿਆ।
ਪੁਨਾ ਸਹੱਸ੍ਰ ਬਾਹੁ[1] ਦੁਖ ਦੀਨਾ।
[1]ਹਜ਼ਾਰ ਬਾਹਾਂ ਵਾਲਾ ਇਕਰਾਜਾ।
ਪਰਸ-ਰਾਮ ਹ੍ਵੈ ਤਿਸ ਕੋ ਖੀਨਾ[1] ॥੯੪॥
[1]ਮਾਰਿਆ।
ਪਰਸਰਾਮ ਜਬਿ ਜਾਲਮ ਭਯੋ।
ਰਾਮਚੰਦ ਤਿਸ ਕਾ ਬਲ ਖਯੋ[1]।
[1]ਨਾਸ਼ ਕੀਤਾ।
ਰਾਵਣ ਕੰਸ ਦਏ ਦੁਖ ਜਜੋਂ ਹੀ।
ਰਾਮ ਕ੍ਰਿਸ਼ਨ ਨੈ ਮਾਰੇ ਤਜੋਂ ਹੀ ॥੯੫॥
ਸੰਗੀ ਭੀ ਤਿਨ ਕੇ ਥੇ ਜੇਈ।
ਦੁਖਦ ਖਲਕਤੈਂ[1] ਮਾਰੇ ਤੇਈ।
[1]ਸ੍ਰਿਸ਼ਟੀ ਨੂੰ ਦੁਖ ਦੇਣ ਵਾਲੇ।
ਤੈਸੇ ਅਬਿ ਤੁਰਕੈਂ ਦੁਖ ਦੀਨੇ।
ਹਿੰਦੁਨ ਕੋ, ਜਬਿ ਅਤਿਸੈ ਪੀਨੇ[1] ॥੯੬॥
[1]ਬਹੁਤ ਜ਼ਿਆਦਾ।
ਸ਼ੀਰ-ਖੋਰ[1] ਗੁਰੂਓਂ ਕੇ ਬਾਲਕ।
[1]ਦੁੱਧ ਪੀਂਦੇ ਭਾਵ ਬਹੁਤ ਛੋਟੀ ਉਮਰ ਦੇ।
ਮਾਰੇ, ਕਿਯ ਨ ਬਜੀਦੇ ਆਲਕ[1]।
[1]ਵਜੀਦੇ ਨੇ ਆਲਸ ਨਹੀਂ ਕੀਤਾ।
ਬਦਲਾ ਤਿਨੈ ਲੈਨ ਹਿਤ ਚੀਨੋ।
ਮੁਝ ਕੋ ਜ਼ਾਲਮ ਪ੍ਰਭੁ ਨੈ ਕੀਨੋ ॥੯੭॥
ਕਰਮ ਕਰੇ ਥੇ ਜਿਨ ਜਿਨ ਜੈਸੇ।
ਮਜ਼ੇ ਚਖਾਏ ਮੈਂ ਤਿਨ ਤੈਸੇ।
ਫਿਰ ਜਿਨ ਮੁਝ ਕੋ ਮਾਰਣ ਚਾਹਾ।

ਤਿਨ ਕੋ ਮੈ ਲਰਿ ਰਣ ਮੈਂ ਘਾਹਾ[1] ॥੯੮॥

[1]ਮਾਰਿਆ।

ਦੋਹਰਾ:

ਔਰ ਬਾਤ ਭੀ ਇਕ ਲਖੋ,
ਪ੍ਰਭੁ ਪਖ ਕਰਤ ਨ ਕਾਂਹਿ।
ਜੋ ਗਾਫਲ ਮਗਰੂਰ ਹ੍ਵੈ,
ਪ੍ਰਭੁਤਾ ਪਾਇ ਮਹਾਂਹਿ[1] ॥੯੯॥

[1]ਜਿਹੜਾ ਬਹੁਤੀ (ਪ੍ਰਭਤਾ) ਵਡਿਆਈ ਪਾ ਕੇ (ਗਾਫ਼ਲ) ਸੁਸਤ ਜਾਂ (ਮਗ਼ਰੂਰ) ਹੰਕਾਰੀ ਹੋ ਜਾਵੇ।

ਚੌਪਈ:

ਹੁਕਮ ਪ੍ਰਭੁ ਜੇਤਿਕ ਜਿਸ ਦੈਹੈ।
ਤਿਸ ਤੇ ਜ਼ਜਾਦੈ ਜੋਉ ਕਮੈ ਹੈ।
ਅਤੀ ਵਿਪਰਯੈ ਕਰੈ ਜੁ ਜਬਰੀ[1]।

[1]ਜਿਹੜਾ ਬਹੁਤੀ ਉਲਟੀ ਤੇ (ਜਬਰੀ) ਵਧੀਕੀ ਕਰਦਾ ਹੈ।

ਤਿਸ ਪਰ ਹਰਿ ਫਿਰ ਕਰਤ ਨ ਸਬਰੀ[1] ॥੧੦੦॥

[1]ਸੰਤੋਖ ਭਾਵ ਲਿਹਾਜ਼।

ਜੈਸ ਮੁਲਾਜ਼ਮ ਕੋਈ ਸ਼ਾਹੀ।
ਜਾਇ ਕਾਮ ਪਰ ਕਰਿ ਗੁਮਰਾਹੀ[1]।

[1]ਭੁੱਲ ਕਰਕੇ।

ਕਰੈ ਹੁਕਮ ਤੈ ਬਰਖਿਲਾਫ ਸੋ[1]।

[1]ਉਹ ਹੁਕਮ ਤੋਂ ਉਲਟ ਕੰਮ ਕਰੇ।

ਜਬਰੀ ਕਰੈ ਕਿ ਬੇਇਨਿਸਾਫ ਸੋ[1] ॥੧੦੧॥

[1]ਧੱਕਾ ਕਰੇ ਜਾਂ ਉਹ ਬੇਇਨਸਾਫ਼ੀ ਕਰੇ।

ਤੌ ਪਤਿਸ਼ਾਹਿ ਨ੍ਰਿਪ ਗਹਿ ਤਾਂ ਕੋ।
ਸਜ਼ਾ ਦੇਤ ਦੇਵਾਵਤ ਯਾਂ ਕੋ।
ਤੈਸੇ ਰੀਤਿ ਰਾਮ ਕੀ ਅਹੇ।
ਸਜ਼ਾ ਹੋਤ ਗਾਫਲ ਕੋ ਵਹੇ[1] ॥੧੦੨॥

[1]ਉਸੇ ਤਰ੍ਹਾਂ ਦੀ।

ਜਬੈ ਹਿੰਦੁ ਕੋ[1] ਤੁਰਕੈਂ ਦੁਖਾਯੋ।

[1]ਹਿੰਦੂਆਂ ਨੂੰ।

ਮੁਝ ਕੋ ਪ੍ਰਭੁ ਤਿਨ ਹੇਤ ਪਠਾਯੋ।
ਕਰਜੋ ਸੰਗ ਦਿਲ ਜਾਹਲ ਮੇਰੋ[1]।

[1]ਮੇਰਾ ਬੇ-ਸਮਝ ਤੇ ਪੱਥਰ ਦਿਲ ਕਰ ਦਿੱਤਾ।

ਜਾ ਤੇ ਜ਼ੁਲਮ ਕਰੇ ਮੈਂ ਹੇਰੋ ॥੧੦੩॥
ਇਹੁ ਜੁਗ ਖੇਲ ਪ੍ਰਭੁ ਕੀ ਜਾਨੋਂ।
ਕਰਿ ਹੈ ਲੀਲਾ ਬਾਲ ਪਛਾਨੋ।
ਜਯੋਂ ਚੌਪੜ ਮਿਲਿ ਖੇਲਤ ਕੋਊ।
ਮਾਰਤ ਪਾਰਤ ਨਰਦੈਂ ਸੋਊ[1] ॥੧੦੪॥

[1]ਉਹ ਨਰਦਾਂ ਨੂੰ ਮਾਰਦਾ ਤੇ ਪਾਲਦਾ ਹੈ।

ਰਾਗ ਦ੍ਵੈਖ[1] ਦਿਲ ਤੇ ਹੈ ਨਾਹੀਂ।

[1]ਪਿਆਰ ਤੇ ਵੈਰ।

ਉਪਰ ਤੈ ਕਰਿ ਕੋਪ ਜਨਾਹੀਂ।
ਤਜੋਂ ਹੀ ਚੌਪੜ ਜਗ ਇਹੁ ਹਰਿ ਕੀ।
ਕਾਲੀ ਕਾਲ ਖੇਲ ਹ੍ਵੈ ਧਰ ਕੀ[1] ॥੧੦੫॥

[1](ਕਾਲ) ਸਮਾਂ ਤੇ (ਕਾਲੀ) ਮੌਤ ਖੇਲ ਰਹੇ ਹਨ (ਧਰ) ਸ੍ਰਿਸ਼ਟੀ ਦੀ ਖੇਲ ਹੋ ਰਹੀ ਹੈ।

ਚਾਰਰੰਗ ਕੀ ਨਰਦੈਂ ਖਾਣੀ[1]।
ਚਾਰ ਦਿਸ਼ਾ ਧਰ ਬਿਛੀ ਬਿਛਾਣੀ[1]।
ਰਾਤ ਦਿਵਸ ਢਲ ਰਹੇ ਏਹੁ ਡਲ[1]।
ਰੇਖ ਕਰਮ ਅਨੁਸਾਰ ਦੇਤ ਫਲ[1] ॥੧੦੬॥
ਕਬੀ ਕਿਸੀ ਘਰ ਮੈਂ ਬਹੁ ਥੈਹੈਂ[1]।

[1]ਚਾਰ ਖਾਣੀਆਂ, ਚਾਰਰੰਗਾਂ ਦੀਆਂ ਨਰਦਾਂ ਹਨ।
[1]ਚਾਰ ਦਿਸ਼ਾਂ ਦੀ ਧਰਤੀ ਵਿਛਾਈ ਵਿਛੀ ਹੋਈ ਹੈ।
[1]ਰਾਤ ਦੇ ਦਿਨ ਇਹ ਡਾਲਣੇ ਢਲ ਰਹੇ ਭਾਵ ਡਿਗ ਰਹੇ ਹਨ।
[1]ਕਰਮਾਂ ਦੀਆਂ (ਰੇਖ) ਲਕੀਰਾਂ ਅਨੁਸਾਰ ਫਲ ਦੇ ਰਹੇ ਹਨ।
[1]ਕਦੇ ਕਦੇ ਕਿਸੇ ਘਰ ਵਿੱਚ ਜੀਵਾਂ ਰੂਪ ਨਰਦਾਂ ਬਹੁਤੀਆਂ ਹੋ ਜਾਂਦੀਆਂ ਹਨ।

ਕਬੀ ਏਕ ਭੀ ਨਹਿਂ ਤਹਿਂ ਰੈਹੈ।
ਜੀਵ ਨਰਦ ਕੇ ਬਸ ਕਿਛੁ ਨੈਹੈ।
ਕਿਸ ਪਰ ਹਮ ਤੁਮ ਮਾਨ ਕਰੈਂ ਹੈਂ ॥੧੦੭॥
ਸੁਨਿ ਵਜੀਰ ਖੁਸ਼ਿ ਹ੍ਵੈ ਪੁਨਿ ਕਹਾ।
ਤ੍ਰਿਤੀ ਸ੍ਵਾਲ ਕਾ ਉੱਤਰ ਰਹਾ।
ਇਹੁ ਸੁਨਿ ਬੰਦੇ ਪੁਨਾ ਅਲਾਯੋ।
ਤੈਂ ਜੁ ਕਹਯੋ ਕਿਉ ਬੰਧਯੋ ਆਯੋ ॥੧੦੮॥
ਸੋ ਤੋ ਮੇਰੀ ਭੂਲ ਅਤੀ ਹੈ[1]।
ਜਾਂ ਤੇ ਹੋਈ ਏਹੁ ਗਤੀ[1] ਹੈ।
ਗੁਰੂ ਗੁਬਿੰਦ ਸਿੰਘ ਗੁਰੁ ਮੇਰੇ।
ਮੁਝ ਕੋ ਪਾਂਚ ਹੁਕਮ ਥੇ ਟੇਰੇ[1] ॥੧੦੯॥

[1]ਬਹੁਤੀ ਭੁੱਲ ਹੈ।
[1]ਹਾਲਤ।
[1]ਕਹੇ।

ਜਤੀ ਰਹਿਨ ਸੱਚ ਬੋਲਨ ਦੋਈ।
ਬਿਗਰੀਂ ਸਿੰਘਨ ਸੋਂ ਨ ਕਦੋਈ[1]।
ਫਿਰਕਾ ਅਪਨਾ ਨਾਹਿਂ ਚਲਾਨੋ।
ਕਰਯੋ ਨ ਬੇਅਦਬੀ ਗੁਰੁ ਥਾਨੋਂ ॥੧੧੦॥
ਤੁਰਕਨ ਕਾ ਬਿਸਾਹੁ ਨਹਿਂ ਕਰਨਾ।
ਪਾਂਚੋ ਤਜੇ ਤੁ ਹੋਯੋ ਮਰਨਾ।
ਨਹੀਂ ਤੁ ਕਿਆ ਮਜਾਲ ਥੀ ਥਾਰੀ[1]।
ਖੜ੍ਹੇ ਹੋਵਤੇ ਮੁਝੈ ਅਗਾਰੀ ॥੧੧੧॥
ਜੇ ਮੈਂ ਰਹਿਤੋ ਉਨ ਪਰ ਕਾਯਮ।

[1]ਸਿੰਘਾਂ ਨਾਲ ਕਦੇ ਵੀ ਨਾ ਵਿਗਾੜੀਂ।
[1]ਤੁਹਾਡੀ ਕੀ (ਮਜ਼ਾਲ) ਤਾਕਤ ਸੀ।

ਕਰਤੋ ਰਾਜ ਜਗਤ ਤੇ ਦਾਯਮ[1]।	[1]ਹਮੇਸ਼ਾਂ।
ਮਹਿਜ[1] ਭੂਲ ਇਹੁ ਹੋਈ ਮੋਰੀ।	[1]ਸਿਰਫ਼।
ਮੁਰਸ਼ਦ ਕੀ ਹਦਾਯਤੈ ਤੋਰੀ[1] ॥੧੧੨॥	[1]ਗੁਰੂ ਦੀਆਂ ਸਿੱਖਿਆਵਾਂ ਦੀ ਉਲੰਘਣਾ ਕੀਤੀ।
ਜਿਸ ਕਾ ਏਹੁ ਨਤੀਜਾ[1] ਪਾਯੋ।	[1]ਫਲ।
ਕੈਦ ਹੋਇ ਤੁਮਰੇ ਢਿਗ ਆਯੋ ॥੧੧੩॥	
ਦੋਹਰਾ:	
ਸੁਨਿ ਵਜੀਰ ਮਨਿ ਮੋਦ ਹ੍ਵੈ,	
ਜਾਨਿ ਸਾਚ ਸਭਿ ਬਾਤ।	
ਜਾਇ ਕਹੀ ਸਭਿ ਸ਼ਾਹਿ ਪੈ,	
ਲਜਾਕਤ[1] ਸ਼ਕਤ ਬਖਜਾਤ ॥੧੧੪॥	[1]ਯੋਗਤਾ।
ਬੰਦਾ ਪੂਰਨ ਪੁਰਖ ਹੈ,	
ਸਮਰਥ ਸਭਿ ਹੀ ਭਾਂਤਿ।	
ਸੁਨ੍ਯੋ ਨ ਪੇਖ੍ਯੋ ਐਸ ਕੋ,	
ਬਲੀ ਬਹਾਦਰ ਸਾਤ[1] ॥੧੧੫॥	[1]ਸੱਚਾ।
ਚੌਪਈ:	
ਇਹੁ ਸੁਨਿ ਬਾਦਸ਼ਾਹਿ ਪੁਨ ਭਾਖ੍ਯੋ।	
ਜੋ ਵਹਿ ਚਹਿ ਹੈ ਨਿਜ ਤਨਰਾਖ੍ਯੋ।	
ਤੌ ਹਮਰਾ ਸੋ ਦੀਨ ਕਬੂਲੈ।	
ਦੈਹੰ ਮਰਾਤਬ[1] ਬਡੋ ਅਮੂਲੈ[2] ॥੧੧੬॥	[1]ਅਹੁਦਾ। [2]ਵੱਡਾ ਤੇ ਅਮੋਲਕ।
ਨਜਬੁਲ ਦੌਲੇ ਪੁਨਾ ਵਜੀਰੈਂ।	
ਫਿਰ ਬੰਦੇ ਢਿਗ ਜਾਇ ਅਧੀਰੈਂ[1]।	[1]ਘਬਰਾਹਟ ਸਹਿਤ।
ਬਾਦਸ਼ਾਹਿ ਕਾ ਹੁਕਮ ਸੁਨਾਯੋ।	
ਅਪਨਾ ਅਧਿਕ ਸਨੇਹ[1] ਜਨਾਯੋ ॥੧੧੭॥	[1]ਪਿਆਰ।
ਸੁਨਿ ਬੰਦੇ ਨੈ ਫੈਂਕ੍ਯੋ ਥੁਕੈਂ।	
ਕਹ੍ਯੋ ਚਾਟ ਤੂੰ ਯਾਹਿ ਅਚੂਕੈਂ[1]।	[1]ਛੇਤੀ।
ਜਯੋਂ ਤੂੰ ਨਹਿੰ ਇਹੁ ਚਾਟ ਸਕੈ ਹੈਂ।	
ਤੈਸੇ ਹਮ ਤੁਵ ਦੀਨ ਨ ਚੈਹੈਂ ॥੧੧੮॥	
ਮਰਨਾ ਪਰਨਾ ਹਿੰਦੁ ਅਹਿੰਦੈਂ[1]।	[1]ਹਿੰਦੂਆਂ ਤੇ ਮੁਸਲਮਾਨਾਂ ਨੂੰ ਜਦ ਅੰਤ ਨੂੰ ਮਰਨਾ ਹੀ (ਪਰਨਾ) ਪੈਣਾ ਹੈ।
ਤੌ ਕਯੋਂ ਤਜੈਂ ਧਰਮ, ਹਿਤ ਜਿੰਦੈਂ।	

ਕਾਲ ਨਹੀਂ ਜੇ ਤੁਰਕੈਂ ਮਾਰੇ।
ਤੌ ਤੁਮ ਨਿਜ ਬਡ ਦੈਹੁ ਦਿਖਾਰੇ[1] ॥੧੧੯॥ — [1]ਤਾਂ ਤੁਸੀਂ ਆਪਣੇ ਵੱਡਿਆਂ ਨੂੰ (ਜਿਉਂਦੇ) ਦਿਖਾ ਦਿਉ।
ਮ੍ਰਿਤੂ ਦੁਖ ਸੁਖ ਭੁਖ ਪਿਆਸਾ।
ਹਾਨ ਲਾਭ ਸਭਿ ਕੋ ਜਬਿ ਖਾਸਾ[1]। — [1]ਆਪਣੇ ਆਪ ਹੀ ਪ੍ਰਾਪਤ ਹੋ ਰਿਹਾ ਹੈ।
ਤੌ ਫਿਰ ਮੈਂ ਕਜੋਂ ਧਰਮ ਤਜਾਵੋਂ।
ਏਕ ਬਾਤ ਤੁਹਿ ਔਰ ਸੁਨਾਵੋਂ ॥੧੨੦॥
ਜਜੋਂ ਕੋਊ ਨਰ ਦਾਣੇ ਚਬ ਹੈ।
ਕਰ ਮੈਂ ਕੋਊ ਮੁਖ ਮੈਂ ਫਬ ਹੈਂ[1]। — [1]ਕੋਈ ਦਾਣੇ ਹੱਥ ਵਿੱਚ ਤੇ ਕੋਈ ਮੂੰਹ ਵਿੱਚ ਫਬਦੇ ਹਨ।
ਕੋਊ ਚਬਾਇ ਲੰਘਾਏ ਭਰੇ[1]। — [1]ਚੰਗੀ ਤਰ੍ਹਾਂ ਚਬਾ ਕੇ (ਅੰਦਰ) ਲੰਘਾ ਲੈਂਦਾ ਹੈ।
ਬਹੁ ਝੋਲੀ ਪਾਤਰ ਮੈਂ[1] ਧਰੇ ॥੧੨੧॥ — [1]ਭਾਂਡੇ ਵਿੱਚ।
ਹੇਤ ਚਬਾਨੇ ਤਿਨ ਦਿਸ ਤਕ ਹੈ।
ਸਨੇ ਸਨੇ ਆਖਰ ਸਭਿ ਛਕ ਹੈ।
ਤਜੋਂ ਹੀ ਕਾਲ ਖਏ ਕਿਛੁ ਖੈਹੈ[1]। — [1]ਖਾ ਰਿਹਾ ਹੈ।
ਬਾਕੀ ਸਭਿ ਕੀ ਓਰ ਤਕੈ ਹੈ ॥੧੨੨॥
ਅਰ ਮੇਰਾ ਤਨ ਤੋ ਅਬਿ ਐਸੇ।
ਮੁਖ ਮੈਂ ਪਰਜੋ ਨ ਨਿਗਲਜੋ ਜੈਸੇ[1]। — [1]ਜਿਵੇਂ ਮੂੰਹ 'ਚ ਪਿਆ ਹੈ ਪਰ ਅਜੇ ਅੰਦਰ ਨਹੀਂ ਲੰਘਾਇਆ।

ਗੁਰੂ ਹਮਾਰੇ ਕਹੇ ਜੁ ਬੈਨਾ।
ਸਹੀ ਭਏ ਸਭਿ ਨਿਰਖੇ ਨੈਨਾ ॥੧੨੩॥
ਉਨ ਹੀ ਸ੍ਰਾਪ ਰਖਜੋ ਮੁਹਿ ਰਰ ਹੈ[1]। — [1]ਕਹਿ ਰਖਿਆ ਸੀ।
ਤੂੰ ਤੁਰਕਨ ਕੇ ਕਰ ਤੇ ਮਰ ਹੈਂ[1]। — [1]ਹੱਥੋਂ ਮਰੇਂਗਾ।
ਸੂਰ ਸਸੀ ਜੇ ਉਲਟੇ ਚਰ ਹੈਂ।
ਤੌ ਭੀ ਸੋ ਕਿਸਿ ਤੇ ਨਹਿਂ ਟਰ ਹੈ ॥੧੨੪॥
ਪੁਨ ਪੁਨ ਜਬਿ ਬਜੀਰ ਯੌਂ ਕੈਹੈ।
ਮਾਨੋ ਦੀਨ ਦੂਖ ਸਭਿ ਜੈਹੈ[1]। — [1]ਸਾਡਾ ਦੀਨ ਮੰਨੋ, ਤੁਹਾਡਾ ਸਾਰਾ ਦੁਖ ਦੂਰ ਹੋ ਜਾਵੇਗਾ।
ਫਿਰਿ ਬੰਦੇ ਹ੍ਵੈ ਕੋਪ ਉਚਾਰੋ।
ਲਖ ਲਾਨ੍ਹਤ ਹੈ ਦੀਨ ਤੁਮਾਰੋ ॥੧੨੫॥
ਹਮ ਨਹਿਂ ਮਾਨੈ ਔਰੈਂ ਬਾਤੈਂ।
ਲੈਹੁ ਜਾਨ ਜਜੋਂ ਚੈਹੁ ਬਖਜਾਤੈਂ।
ਹਮਰੇ ਗੁਰੂ ਨੌਮ ਤਨ ਜੈਸੇ।

ਦੀਓ, ਦੈਨੋ ਚਹਿਂ ਹਮ ਤੈਸੇ ॥੧੨੬॥
ਨੌਰੰਗ-ਜੇਬ ਬਹੁਤ ਝਖ ਮਾਰੀ।
ਨਾਹਿਂ ਤਾਂਹਿ ਕੀ ਗੁਰੁ ਇਕ ਧਾਰੀ।
ਤਜੋਂ ਤੁਮ ਲੋਗ ਸ਼ਰ੍ਹਾ ਕੇ ਕੁੱਤੇ।
ਭੌਂਕਤ ਬਜਰਥੈਂ ਜਾਗਤ ਸੁੱਤੇ ॥੧੨੭॥
ਗਧੇ ਸ਼ਰ੍ਹਾ ਕੇ ਕੂੜੇ ਲੱਦੇ।
ਮੂਰਖ ਦੁਖ ਤੈਂ ਛੁਟੈਂ ਨ ਕੱਦੇ।
ਹਿੰਦੁ ਅਹਿੰਦੁ ਸਭੈ ਸਮ ਏਕੀ[1]।
[1]ਇਕ ਸਮਾਨ ਹਨ।
ਜੇਤਿਕ ਜੀਵ ਜਗਤ ਅਬਿਵੇਕੀ[1] ॥੧੨੮॥
[1]ਅਗਿਆਨੀ।
ਬਿਪ੍ਰ ਕੁਲਾਲ[1] ਕਿ ਚੂੜ੍ਹੇ ਕਾਜੀ।
[1]ਬ੍ਰਾਹਮਣਾਂ ਰੂਪ ਘੁਮਿਆਰ।
ਲਾਦ ਰਖੇ ਸਭਿ, ਇਨਹੂੰ ਪਾਜੀ[1]।
[1]ਇਨ੍ਹਾਂ ਕਾਇਰਾਂ ਨੇ।
ਜੇਉ ਅਕਾਲ ਪੁਰਖ ਕੇ ਪਜਾਰੇ।
ਸਾਧੂ ਭਗਤ ਬਿਬੇਕੀ[1] ਸਾਰੇ ॥੧੨੯॥
[1]ਵਿਚਾਰਵਾਨ, ਗਿਆਨਵਾਨ।
ਮਾਰਿ ਸ਼ਰ੍ਹਾ ਕੇ ਸਿਰ ਪੈ ਪੌਲਾ[1]।
[1]ਜੁੱਤਾ।
ਪਾਵਤ ਹੈਂ ਪ੍ਰਮੋਦ ਯੁਤ ਮੌਲਾ[1]।
[1]ਅਨੰਦ ਦੇ ਸਹਿਤ (ਮੌਲਾ) ਪ੍ਰਮੇਸ਼ਰ ਨੂੰ ਪਾਉਂਦੇ ਹਨ।
ਖੁਦ ਖੁਦਾਇ ਲਖਿ ਆਨੰਦ ਰੈਹੈਂ।
ਬਿਨ ਅਧਿਕਾਰੀ ਭੇਦ ਨ ਕੈਹੈਂ ॥੧੩੦॥
ਸੋ ਅਤਿ ਉਤਮ ਹੈਂ ਜਗਿ ਥੋਰੈਂ।
ਮੰਦ, ਅਧਮ, ਅਧਮਾਧਮ ਕ੍ਰੋਰੈਂ[1]।
[1]ਦਰਮਿਆਨੇ ਦਰਜੇ ਦੇ, ਨੀਚ ਤੇ ਨੀਚਾਂ ਤੋਂ ਨੀਚ ਕਰੋੜਾਂ ਹੀ ਹਨ।
ਜੈਸੇ ਪਾਹਨ ਤੋ ਹ੍ਵੈਂ ਸਾਰੋ[1]।
[1]ਜਿਵੇਂ ਪੱਥਰ ਤਾਂ ਸਾਰੇ ਹੀ ਹੁੰਦੇ ਹਨ।
ਸੇਤ ਕਸੌਟੀ ਕਹੂੰ ਕ ਧਾਰੋ[1] ॥੧੩੧॥
[1]ਚਿੱਟੇਰੰਗ ਦੀ ਕਸੌਟੀ ਵਾਲਾ ਪੱਥਰ ਕਿਤੇ ਹੀ ਮਿਲਦਾ ਹੈ।
ਫਿਰ ਹਕੀਕ[1] ਤਿਨ ਤੈ ਭੀ ਥੋਰੋ।
[1]ਇਕ ਤਰ੍ਹਾਂ ਦਾ ਕੀਮਤੀ ਪੱਥਰ।
ਰਤਨ ਖਾਨਿ ਅਤਿਸੈ ਲਘੁ ਭੋਰੋ[1]।
[1]ਰਤਨਾਂ ਦੀਆਂ ਖਾਣਾਂ ਬਹੁਤ ਥੋੜ੍ਹੀਆਂ ਤੋਂ ਥੋੜ੍ਹੀਆਂ ਹਨ।
ਜਨੋਂ ਥੋਰਾ ਤਜੋਂ ਕੀਮਤਿ ਜ਼ਜਾਦੈ।
ਪਾਵਤ ਦਰਜਾ ਸੋਊ ਮਹਾਂਦੈ[1] ॥੧੩੨॥
[1]ਵੱਡਾ।
ਤੈਸੇ ਸੈਲ ਸ਼ਰਈ ਬਥੇਰੇ[1]।
[1]ਤਿਵੇਂ ਸ਼ਰੱਈ ਰੂਪ ਪੱਥਰ ਬਹੁਤ ਹਨ।
ਗਾਹਕ ਥੋਰ ਹਕੀਕਤ[1] ਕੇਰੇ।
[1]ਗਿਆਨ ਅਵਸਥਾ।
ਤਾਰੀਕਤ ਵਾਰੇ[1] ਲਘੁ ਉਨ ਤੈ।
[1]ਮੁਰਸ਼ਦ ਦੇ ਦੱਸੇ ਤ੍ਰੀਕੇ ਅਨੁਸਾਰ ਚਲਣ ਵਾਲੇ।
ਆਰਫਰਤਨ ਮਿਲਤ ਕਿਤ ਗੁਨ ਤੈ[1] ॥੧੩੩॥
[1]ਬ੍ਰਹਮ ਗਿਆਨੀਆਂ ਰੂਪ ਰਤਨ ਕਿਤੇ ਵਿਚਾਰਿਆਂ ਭਾਵ

ਟੋਲਿਆਂ ਹੀ ਮਿਲਦੇ ਹਨ।

ਤਜੋਂ ਹੀ ਪਾਮਰ ਦੁਤੀ ਵਿਸ਼ਈ।
ਜਗਜਾਸੀ ਗਜਾਨੀ ਕਹਿ ਲਈ।
ਦਰਜੇ ਚਾਰੁ ਨਰਨ ਕੇ ਏਹੀ।
ਨਿਗਮਾਗਮ ਸਭਿ ਹਿੰਦੁ ਕਹੇਹੀ[1] ॥੧੩੪॥

[1]ਹਿੰਦੂਆਂ ਦੇ ਸਾਰੇ ਬੇਦ ਸ਼ਾਸਤ੍ਰ ਕਹਿੰਦੇ ਹਨ।

ਨਿਜ ਕੁਟੰਬ ਅਰ ਪੇਟਹਿੰ ਪਾਰੈਂ।
ਤਿਨ ਕੋ ਪਾਮਰ ਬੇਦ ਉਚਾਰੈਂ।
ਸ੍ਵਰਗ ਭੋਗ ਹਿਤੁ[1] ਜੇ ਕਿਛੁ ਕਰਿ ਹੈਂ।

[1]ਸੁਰਗ ਦੇ ਪਦਾਰਥਾਂ ਲਈ।

ਕੋਵਿਦ[1] ਤਿਨੈ ਬਿਸ਼ਈ ਉਚਰ ਹੈਂ ॥੧੩੫॥

[1]ਵਿਦਵਾਨ।

ਉਭੈ ਲੋਗ ਸੁਖ ਚਹੈ ਨ ਜੋਈ।
ਭਜ ਹੈ ਪ੍ਰਭ ਜਗਜਾਸੁ ਸੋਈ।
ਖੁਦ ਖੁਦਾਇ ਬ੍ਰਹਮੋਹੰ ਮਾਨੈ[1]।

[1]ਆਪਣੇ ਆਪ ਨੂੰ ਖੁਦਾ ਕਿ 'ਮੈਂ ਹੀ ਬ੍ਰਹਮ ਹਾਂ' ਜੋ ਮੰਨਦੇ ਹਨ।

ਤਿਨ ਕੋ ਗਜਾਨੀ ਗ੍ਰੰਥ ਬਖਾਨੈ ॥੧੩੬॥
ਕਾਜੀ ਬ੍ਰਹਮਨ ਦੁਹਿ ਕੇ ਮਾਲਕ[1]।

[1]ਦੋ ਦਰਜਿਆਂ ਪਾਮਰ ਤੇ ਵਿਸ਼ਈ ਦੇ ਮਾਲਕ ਹਨ।

ਦੋਇ ਨ ਤਿਨ ਸੋਂ ਰਖ ਹੈਂ ਤਾਲਕ[1]।

[1]ਦੋ ਦਰਜੇ ਜਗਿਆਸੂ ਤੇ ਗਿਆਨੀ ਨਾਲ ਇਨ੍ਹਾਂ ਦਾ ਕੋਈ ਸੰਬੰਧ ਨਹੀਂ।

ਹਮਰੇ ਗੁਰੁ ਅਕਾਲ ਕੇ ਪੂਤੈਂ।
ਕਾਜ਼ੀ ਦਿਜ ਛੋਡੇ ਲਖਿ ਕੂਤੈਂ[1] ॥੧੩੭॥

[1]ਮੂਰਖ ਜਾਣ ਕੇ।

ਹਿੰਦੁ ਤੁਰਕ ਤੈ ਪੰਥ ਨਿਆਰਾ।
ਰਚਜੋ ਖਾਲਸਾ ਅਤੀ ਉਦਾਰਾ।
ਤਾਂ ਤੇ ਹਮ ਤੁਵ ਸ਼ਰ੍ਹਾ ਨ ਮਾਨੈਂ।
ਕਾਹਿ ਕੂਰ ਤੂੰ ਬਹੁਤ ਬਖਾਨੈਂ ॥੧੩੮॥

ਦੋਹਰਾ:

ਸੁਨਿ ਵਜੀਰ ਪਤਿਸ਼ਾਹਿ ਪੈ
ਗਜੋ, ਕਹੀ ਸਭਿ ਬਾਤ।
ਸ਼ਾਹਿ ਕਾਜੀਓਂ ਤੈ ਪੁਛਿਓ,
ਉਨੈ ਬਤਾਇਓ ਘਾਤ[1] ॥੧੩੯॥

[1](ਮਾਰਨ ਦਾ) ਤ੍ਰੀਕਾ।

ਚੌਪਈ:

ਹੁਕਮ ਅਦੂਲੀ ਕਰ ਹੈ ਜੋਊ[1]।

[1]ਜੋ ਹੁਕਮ ਦੀ ਉਲੰਘਣਾ ਕਰਦਾ ਹੈ।

ਨਿੰਦੈ ਸ਼ਰਾ ਤਈਂ ਪੁਨ ਕੋਊ।

ਖੁਦ ਖੁਦਾਯ ਕਾ ਦਮ ਜੋ ਭਰ ਹੈ[1]।
ਬੈਰੀ ਦੀਨ ਕੇਰ ਸੋ ਨਰ ਹੈ ॥੧੪੦॥
ਪਗ ਹਾਥੀ ਸੋਂ $ਤਾਂਹਿ ਬੰਧਾਏ।
ਲਿਖ੍ਯੋ ਸ਼ਰ੍ਹਾ ਮੈਂ ਤਿਹਂ ਮਰਵਾਏ।
ਸੁਨਤ ਸ਼ਾਹਿ ਇਹੁ ਹੁਕਮ* ਬਖਾਨਾ।
ਬੰਦਾ ਗਜ ਪਗ ਸੰਗ ਬੰਧਾਨਾ ॥੧੪੧॥
ਸ਼ਹਿਰ ਬੀਚ ਸੋ ਦੁਰਦ[1] ਫਿਰਾਯੋ।
ਬੰਦੇ ਕੋ ਘਸੀਟ ਮਰਵਾਯੋ।
ਦੇਹਿ ਤਾਂਹਿ ਜਮਨਾ ਤਟ ਗੇਰੀ।
ਤਹਾਂ ਬੰਦਈ ਸਿੱਖਨ ਜਬਿ ਹੇਰੀ ॥੧੪੨॥
ਨਿਸਿ ਕੋ ਤਿਨਿ ਸੋ ਲਾਸ਼ ਉਠਾਈ।
ਗਠੜੀ ਬਾਂਧਿ ਸੀਸ ਪਰ ਚਾਈ[1]।
ਭਾਈਰਤਨ ਸਿੰਘ ਹਰਿ ਆਸਾ[1]।
ਰਾਮ ਸਿੰਘ ਈਸ਼ਰ ਹਰਿਦਾਸਾ[1] ॥੧੪੩॥
ਇਹੁ ਪਾਂਚੋ ਸਿੰਘ ਸਿਦਕੀ ਭਾਰੇ।
ਦੇਸ ਦੜਪ[1] ਕੇ ਥੇ ਬਲਕਾਰੇ[2]।
ਸੋ ਬੰਦੇ ਕੀ ਤੀਯਾ ਪਠਾਏ।
ਥੇ[1], ਯਾ ਤੇ ਲੈ ਤਹਾਂ ਸਿਧਾਏ ॥੧੪੪॥
ਰਜਾਸਤ ਜੰਮੂ ਕੇਰ ਇਲਾਕਾ।
ਆਹਿ ਤੱਲਕਾ ਰਜਾਸੀ ਬਾਂਕਾ[1]।
ਨਦੀ ਚੰਦ੍ਰ-ਭਾਗਾ ਕੇ ਤੀਰੇ[1]।
ਬਨੀ ਸਮਾਧਿ ਤਾਂਹਿ ਗੰਭੀਰੇ[1] ॥੧੪੫॥
ਭਿੰਬਰ ਗਾਮ ਨਿਕਟ ਪਹਿਚਾਨੋ।
ਮੰਦਰ ਸੁੰਦਰ ਅਧਿਕ ਮਹਾਨੋ।
ਨੀਚੇ ਚਾਂਦੀ ਊਪਰ ਹਾਟਕ[1]।
ਲਗ੍ਯੋ ਅਤੋਲ ਅਮੋਲਕ ਫਾਟਕ[1] ॥੧੪੬॥
ਹੋਲੇ ਬੈਸਾਖੀ ਲੌਂ ਮੇਲੇ।
ਹੇਤ ਤਹਾਂ ਜਨ ਜਾਤ ਸਕੇਲੇ[1]।
ਭੇਟਾ ਆਇ ਰੁਪਯਾ ਹਜ਼ਾਰੈਂ।

[1]ਜੋ ਆਪ ਖ਼ੁਦਾ ਹੋਣ ਦਾ ਹੰਕਾਰ ਕਰਦਾ ਹੈ।
*ਤਾਂਹਿ ' ਤੋਂ 'ਹੁਕਮ' ਤੱਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ।
[1]ਹਾਥੀ।
[1]ਚੁੱਕ ਲਈ।
[1]ਆਸਾ ਸਿੰਘ।
[1]ਈਸ਼ਰ ਸਿੰਘ ਤੇ ਹਰਿਦਾਸ ਸਿੰਘ।
[1]ਰਾਵੀ ਤੇ ਝਨਾਂ ਦੇ ਮੱਧ ਦਾ ਦੇਸ਼। [2]ਬਲਵਾਨ।
[1]ਬੰਦੇ ਦੀ ਇਸਤ੍ਰੀ ਨੇ ਭੇਜੇ ਸਨ।
[1]ਰਿਆਸੀ ਨਾਮ ਦਾ ਸੁੰਦਰ ਇਲਾਕਾ ਸੀ।
[1]ਝਨਾਂ ਦੇ ਕੰਢੇ।
[1]ਚੰਗੀ।
[1]ਸੋਨਾ।
[1]ਦਰਵਾਜ਼ਾ।
[1]ਇਕੱਠੇ ਹੋ ਕੇ ਜਾਂਦੇ ਹਨ।

ਬੰਦੇ ਕੀ ਸੰਤਾਨ[1] ਸੰਭਾਰੈਂ ॥ ੧੪੭ ॥ — [1]ਉਲਾਦ।
ਜ਼ੋਰਾਵਰ ਸਿੰਘ ਸੁਤ ਭਯੋ ਤਾਂ ਕੋ।
ਸੋਢੀ ਕਹਿਲਾਯੋ ਬਡ ਬਾਂਕੋ।
ਅਬਿ ਤਿਸ ਕੀ ਸੰਤਤਿ ਮੈਂ ਜਾਨੋ।
ਸੋਢੀ ਦਯਾ ਸਿੰਘ ਪਹਿਚਾਨੋ ॥ ੧੪੮ ॥
ਰਹਿਤ ਵਜੀਰਾਬਾਦ ਮਝਾਰੇ।
ਹੈ ਧਨਾਢ ਅਤਿ ਨੇਕ ਉਦਾਰੇ।
ਲਾਖੋਂ ਸਿੱਖ ਬੰਦਈ ਮਾਨ ਹੈਂ।
ਪੂਜਨ ਜੋਗ ਭਿ ਸੋ ਪ੍ਰਮਾਨ ਹੈ[1] ॥ ੧੪੯ ॥ — [1]ਉਹ ਭੀ (ਪ੍ਰਮਾਨ) ਸਤ ਵੱਕਤਾ ਪੁਰਖ ਪੂਜਣ ਯੋਗ ਹਨ।
ਤਵਾਰੀਖ ਖਾਲਸੇ ਮਾਹੀਂ।
ਸ਼ਿਜਰੇ ਯੁਤ[1] ਗਾਥਾ ਸਭਿ ਆਹੀ ॥ ੧੫੦ ॥ — [1]ਬੰਸ ਦੇ ਬ੍ਰਿੱਛ ਸਮੇਤ।

ਦੋਹਰਾ:
ਪੂਰਬ ਗਾਥਾ ਜੋ ਕਹੀ,
ਲਿਖੀ ਪਿਖੀ ਕੇਤਾਬ।
ਸਿੱਖ ਬੰਦੇ ਕੇ ਇਹੁ ਕਥਾ,
ਮਾਨਤ ਕੂਰਹਿਂ ਸਾਬ[1] ॥ ੧੫੧ ॥ — [1]ਇਸ ਸਾਰੀ ਕਥਾ ਨੂੰ ਝੂਠੀ ਮੰਨਦੇ ਹਨ।

ਚੌਪਈ:
ਔਰ ਕਥਾ ਤੋ ਹੈ ਸਭਿ ਸਾਚੀ।
ਅੰਤ ਸਮੇਂ ਕੀ ਕੈਹੈਂ ਕਾਚੀ।
ਜਬਿ ਬੰਦਾ ਘੇਰੇ ਮੈਂ ਆਯੋ।
ਅਪਨੇ ਸਮ ਇਕ ਸਿੱਖ ਬਿਠਾਯੋ ॥ ੧੫੨ ॥
ਗੁਰੂ ਗੁਬਿੰਦ ਸਿੰਘ ਕੀ ਤੌਰੈਂ[1]। — [1]ਤਰ੍ਹਾਂ।
ਕੀਨੀ ਥੀ ਉਨ ਜਿਮ ਚਮਕੌਰੈਂ।
ਤਜੋਂ ਹੀ ਨਿਕਸ ਗਯੋ ਤਬਿ ਬੰਦਾ।
ਤੁਰਕਨ ਸੋ ਸਿੱਖ ਹਤਜੋ ਅਮੰਦਾ[1] ॥ ੧੫੩ ॥ — [1]ਛੇਤੀ ਮਾਰ ਦਿੱਤਾ।
ਸਿੱਖੋਂ ਨੈ ਬੀ ਭੇਤ ਨ ਖੋਲਾ।
ਸਿਦਕ ਰਾਖ ਪਦ ਲੀਓ ਅਮੋਲਾ।
ਬੰਦਾ ਪਰਬਤ ਮਾਂਹਿ ਧਸਾਯੋ।
ਜੰਮੂ ਢਿਗ ਤਟ ਤਵੀ ਰਹਾਯੋ[1] ॥ ੧੫੪ ॥ — [1]ਤਵੀ ਨਾਮ ਦੀ ਨਦੀ ਦੇ ਕਿਨਾਰੇ ਰਿਹਾ।
ਇਕ ਦਿਨ ਜੰਮੂ ਜਾ ਬਿਦਤਾਯੋ।

ਰਤਨ ਦੇਵ ਨ੍ਰਿਪ ਨੈ ਦਰਸਾਯੋ।
ਪਰਚੇ[1] ਤਿਸ ਕੋ ਅਧਿਕ ਦਿਖਾਏ। [1]ਕਰਾਮਾਤ ਦੇ ਚਮਤਕਾਰ।
ਰਹਜੋ ਮਾਨਤੋ ਸੋਊ ਸਦਾਏ[1] ॥ ੧੫੫ ॥ [1]ਹਮੇਸ਼ਾਂ।
ਲੋਗ ਹਜ਼ਾਰੋਂ ਉਸੀ ਦੇਸ ਕੈ।
ਮਾਨਤ ਜਾਨਤ ਥੇ ਬਿਸ਼ੇਸ਼ ਤੈ[1]। [1]ਬਹੁਤ ਕਰਕੇ।
ਭਿੰਬਰ ਨਾਮ ਨਿਕਟਿ ਇਕ ਗਿਰ ਹੈ[1]। [1]ਪਹਾੜ ਹੈ।
ਗੁਫਾ ਤਕਾਈ ਬੰਦੇ ਫਿਰ ਹੈ ॥ ੧੫੬ ॥
ਚੰਦ੍ਰ-ਭਗਾ ਤਟ[1] ਗੁਫਾ ਮਝਾਰੇ। [1]ਝਨਾਂ ਦੇ ਕੰਢੇ।
ਥਿਰਿਓ ਸਮਾਧੀ ਲਾਇ ਉਦਾਰੇ।
ਦੇਸ ਦੜਪ ਕਾ ਹੁਤੋ ਮਸੰਦੈਂ।
ਸਿੰਘ ਬੁਲਾਕਾ ਏਕ ਬੁਲੰਦੈਂ ॥ ੧੫੭ ॥
ਤਿਸ ਪੈ ਕਹੀ ਬਾਤ ਇਹੁ ਕਿਸ ਹੈ।
ਜਾਇ ਦਰਸ ਕੀਨੋ ਫਿਰ ਤਿਸ ਹੈ।
ਤਿਸ ਨੇ ਭੀ ਅਜ਼ਮਤ ਬਹੁ ਹੇਰੀ।
ਦੜਪ ਦੇਸ ਕੀ ਸੰਗਤਿ ਪ੍ਰੇਰੀ ॥ ੧੫੮ ॥
ਸੋ ਬਹੁ ਸੰਗਤ ਕੋ ਲੈ ਗਇਓ।
ਦਰਸ਼ਨ ਬੰਦੇ ਕਾ ਕਰਵਯੋ।
ਜੋ ਸਿਖ ਜੈਸ ਕਾਮਨਾਂ ਕਰਿ ਕੈ।
ਆਯੋ ਥਾ ਘਰ ਤੇ ਮੁਦ ਭਰ ਕੈ ॥ ੧੫੯ ॥
ਸਭਿ ਕੀ ਬੰਦੇ ਪੂਰਨ ਕੀਨੀ।
ਦੂਧ ਪੂਤ ਫਲ ਚਾਰੋਂ ਦੀਨੀ।
ਤਬਿ ਤੈ ਬਹੁਤ ਬਰਸ ਲੌਂ ਪਾਛੇ।
ਦਰਸਤ ਰਹੇ ਸਿੱਖ ਚਲਿ ਆਛੇ ॥ ੧੬੦ ॥
ਲਾਖੋਂ ਲੋਗ ਸਿੱਖ ਤਬਿ ਭਏ।
ਕਿਤਿਕ ਪੁਰਾਣੇ ਕੇਤਿਕ ਨਏ।
ਤਿਸੀ ਠੌਰ ਬੰਦੇ ਤਨ ਛੋਰਾ।
ਬਨਜੋ ਦੇਹੁਰਾ ਅਧਿਕ ਅਮੋਰਾ[1] ॥ ੧੬੧ ॥ [1]ਅਮੋਲਕ।
ਮਾਨਤ ਪੂਜਤ ਅਬਿ ਲੌਂ ਜਾਹੈਂ[1]। [1]ਜਿਸ ਨੂੰ।
ਭੇਟ ਹਜਾਰੋਂ ਦਮੜਾ ਆਹੈ[1]। [1]ਆਉਂਦਾ ਹੈ।
ਭਿੰਬਰ ਮੈਂ ਬੰਦੇ ਕੀ ਤੀਆ।

ਰਹੀ ਪੂਤ ਯੁਤ ਬਹੁ ਬਰਸੀਆ[1] ॥ ੧੬੨ ॥ — [1]ਵਰ੍ਹੇ।
ਜੋਰਾਵਰ ਸਿੰਘ ਸੁਤ ਤਿਸ ਕੇਰਾ।
ਰਹਜੋ ਪੂਜ ਪਾਛੇ ਸੁ ਅਛੇਰਾ[1]। — [1]ਚੰਗਾ ਪੂਜਣ ਯੋਗ।
ਸੋਢੀ ਦਯਾ ਸਿੰਘ ਤਿਸ ਨਾਤੀ[1]। — [1]ਪੋਤਾ।
ਅਬਿ ਜਗ ਮੈਂ ਮਹੰਤ ਬਖਿਆਤੀ ॥ ੧੬੩ ॥
ਦਸਮ ਗੁਰੂ ਜੋ ਰੀਤਿ[1] ਚਲਾਈ। — [1]ਰੀਤੀ।
ਸੋ ਹਮ[1] ਰਾਖਤ ਸਭੈ ਸੁਹਾਈ। — [1](ਦਯਾ ਸਿੰਘ ਕਹਿੰਦਾ ਹੈ)।
ਦਰਸ਼ਨ ਫਤੇ ਬੁਲੈਂ ਹੈਂ ਨਜਾਰੀ।
ਔਰ ਰੀਤਿ ਗੁਰੁ ਘਰ ਕੀ ਸਾਰੀ ॥ ੧੬੪ ॥
ਐਸੇ ਬੰਦੇ ਕੇ ਸਿੱਖ ਕੈਹੈਂ*। — *ਬਾਬਾ ਬੰਦਾ ਸਿੰਘ ਦੇ ਗੱਦੀ ਨਸ਼ੀਨਾਂ ਦੀ ਪ੍ਰਣਾਲੀ ਅਗਲੇ ਪੰਨੇ ੧੯੯੦ ਪਰ ਦੇਖੋ।
ਈਸ਼੍ਵਰ ਕੀ ਗਤਿ ਈਸ਼ ਲਖੈ ਹੈ।
ਸੁਨੋ ਗਾਥ ਅਬਿ ਦਿੱਲੀ ਕੇਰੀ।
ਪਾਛੇ ਛੋਡੀ ਜੋ ਹਮ ਹੇਰੀ[1] ॥ ੧੬੫ ॥ — [1]ਦੇਖੋ।
ਜਬਿ ਬੰਦਾ ਤਹਿ ਠਾਂ ਥਾ ਮਰਿਓ।
ਸਿੰਘ ਸਵਾ ਸੌ ਤਿਸ ਸੰਗ ਚਰਿਓ[1]। — [1]ਚੜ੍ਹਿਆ ਭਾਵ ਸ਼ਹੀਦ ਹੋਇਆ ਸੀ।
ਬਾਜ ਸਿੰਘ ਲੌ ਚਾਰੋਂ ਭਾਈ।
ਮਰੇ ਤਹਾਂ ਉਨਿ ਭਲੀ ਪੁਗਾਈ[1] ॥ ੧੬੬ ॥ — [1]ਚੰਗੀ ਪ੍ਰੀਤੀ ਨਿਭਾਈ।
ਆਲੀ ਮਾਲੀ ਸਿੰਘ ਮਾਨ ਜੇ[1]। — [1]ਜਿਹੜੇ ਮਾਨ ਗੋਤ ਦੇ ਸਨ। (ਅ) ਜਿਹੜੇ ਮਾਨ ਸਿੰਘ ਆਦਿ।
ਚਢੇ ਤਹਾਂ ਹੀ ਮੋਦ ਮਾਨ ਜੇ[1]। — [1]ਜਿਹੜੇ ਅਨੰਦ ਮੰਨ ਕੇ ਸ਼ਹੀਦ ਹੋ ਗਏ।
ਸਿੰਘ ਬੁਲਾਕਾ ਸਿੰਘ ਥਰਾਜਾ।
ਗੰਗਾ ਸਿੰਘ, ਫਤੇ ਸਿੰਘਰਾਜਾ[1] ॥ ੧੬੭ ॥ — [1]ਰਾਜਾ ਸਿੰਘ।
ਇਤਜਾਦਕ ਸਿੰਘ ਨਾਮੀ ਗ੍ਰਾਮੀ[1]। — [1]ਬਹੁਤ ਮਸ਼ਹੂਰ।
ਬੰਦੇ ਸੰਗੈ ਚਢੇ ਤਮਾਮੀ[1]। — [1]ਸਾਰੇ ਸ਼ਹੀਦ ਹੋ ਗਏ।
ਸੱਤ੍ਰਾਂ ਸੈ ਛਿਹੱਤ੍ਰੇ ਸਾਲੈਂ[1]। — [1]ਸੰਮਤ ੧੭੭੬ ਬਿ. ਵਿੱਚ।
ਮੱਘਰ ਨੌਮੀ ਸਿਤਾ[1] ਬਿਸਾਲੈਂ ॥ ੧੬੮ ॥ — [1]ਮੱਘਰ ਸੁਦੀ ੯ਵੀਂ।
ਹੁਤੀ, ਜਾਂਹਿ ਦਿਨ ਬੰਦਾ ਚਢਿਓ।
ਹਾਹਾਕਾਰ ਦਿੱਲੀ ਮੈਂ ਬਢਿਓ।
ਪੇਖਿ ਦਲੇਰੀ ਸਿੰਘਨ ਕੇਰੀ।

ਬੰਦੇ ਕੀ ਅਚਰਜ ਗਤਿ ਹੇਰੀ ॥੧੬੯॥

ਹਿੰਦੁ[1] ਧਿਕਾਰੈਂ ਤੁਰਕਨ ਤਾਂਈਂ। — [1]ਹਿੰਦੂ।

ਕਹੈਂ ਸ਼ਾਹਿ ਅਤਿ ਕਰੈ ਅਨਜਾਈਂ[1] ॥੧੭੦॥ — [1]ਬੇਇਨਸਾਫ਼ੀ।

ਦੋਹਰਾ:

ਬੰਦਾ ਬੰਦੇ ਕੀ ਕਥਾ,

ਇਤੀ ਭਏ ਅਬਿ ਏਹੁ[1]। — [1]ਬੰਦਾ ਬਹਾਦਰ ਅਤੇ ਬੰਦੇ ਦੀ ਕਥਾ ਇਹ (ਦੋਵੇਂ) ਹੁਣ (ਇਤੀ) ਪੂਰੇ ਹੋ ਗਏ ਹਨ।

ਅਬਿ ਦਿੱਲੀ-ਪਤਿ ਜਸੋਂ ਮਰਜੋ,

ਸੋ ਭਿ ਤਨਕ[1] ਸੁਨ ਲੇਹੁ ॥੧੭੧॥ — [1]ਥੋੜ੍ਹੀ ਜਿਹੀ (ਕਥਾ)।

ਚੌਪਈ:

ਜਾਂ ਦਿਨ ਤੈ ਬੰਦਾ ਯੌਂ ਮਰਯੋ।

ਸ਼ਾਹਿ ਬੀਮਾਰ ਤਬੀ ਤੈ ਪਰਯੋ।

ਬਾਬਾ ਬੰਦਾ ਸਿੰਘ ਦੇ ਗੱਦੀ-ਨਸ਼ੀਨਾਂ ਦੀ ਪ੍ਰਣਾਲੀ

ਬੰਦਾ ਸਿੰਘ

(੧)

ਅਜੈ ਸਿੰਘ ਰਣਜੀਤ ਸਿੰਘ

(੨)

ਜੁਝਾਰ ਸਿੰਘ ਜੋਰਾਵਰ ਸਿੰਘ

(੩) ਫਤ੍ਹਿ ਸਿੰਘ ਸੁਚੇਤ ਸਿੰਘ

(੪) ਅਰਜਨ ਸਿੰਘ ਖੜਗ ਸਿੰਘ ਅਮੀਰ ਸਿੰਘ

(੫) ਦਇਆ ਸਿੰਘ ਪਹਾੜ ਸਿੰਘ

(੬) ਤੇਜਾ ਸਿੰਘ ਅਤਰ ਸਿੰਘ ਸੋਹਨ ਸਿੰਘ

ਸੁਜਾਨ ਸਿੰਘ

(੭) (੮) ਸਰਦੂਲ ਸਿੰਘ (੯) ਤੇਜਿੰਦਰਪਾਲ

ਸਿੰਘ (੧੦)

ਤੇਜ ਗਯੋ ਬੁੱਧੀ ਬਿਚਲਾਨੀ[1]। — [1]ਅਕਲ ਟਿਕਾਣੇ ਨਾ ਰਹੀ।

ਮਚਜੋ ਗਦਲ ਮੱਧ ਰਜਧਾਨੀ[1] ॥੧੭੨॥ — [1]ਰਾਜਧਾਨੀ ਵਿੱਚ ਬਗ਼ਾਵਤ ਹੋ ਗਈ।

ਹਸਨ ਖਾਨ ਅਬਦੁੱਲਾ ਖਾਨੁ।

ਸੱਯਦ ਥੇ ਬਜੀਰ ਤਿਹ ਜਾਨੁ[1]। — [1]ਜਾਣੋ।

ਪਾਤਿਸ਼ਾਹਿ ਕੇ ਨਿਕਟ ਰਹਾਵੈਂ।

ਸੋ ਸਭਿ ਸ਼ਾਹੀ ਕਾਰ ਚਲਾਵੈਂ ॥੧੭੩॥
ਤਿਨਹੁ ਸ਼ਾਹਿ ਫੜਿ ਅੰਧਾ ਕੀਨਾ।
ਕੈਦ ਦੁਰਗ ਕੇ ਭੀਤਰ ਦੀਨਾ[1]।
[1]ਕਿਲ੍ਹੇ ਦੇ ਅੰਦਰ ਕੈਦ ਕਰ ਦਿੱਤਾ।
ਸ਼ਾਹਿ ਮੁਹੰਮਦ ਤਖਤ ਬਿਠਾਲਾ।
ਰਾਜ ਕਾਜ ਸਭਿ ਆਪ ਸੰਭਾਲਾ ॥੧੭੪॥
ਕਿਛੁਕ ਮਾਸ ਜਬਿ ਐਸ ਬਿਤਾਏ।
ਇਕ ਦਿਨ ਮਿਲ ਕੈ ਨਫਰ ਸੰਗਾਏ[1]।
[1]ਨੌਕਰਾਂ ਨਾਲ ਮਿਲ ਕੇ।
ਤਰਫ ਅਜੁੱਧਜਾ ਸ਼ਾਹਿ ਭਗਾਨਾ।
ਸਾਰ ਵਜੀਰੈਂ ਪਾਇ ਗਹਾਨਾ[1] ॥੧੭੫॥
[1]ਖ਼ਬਰ ਮਿਲਣ ਤੇ ਵਜ਼ੀਰਾਂ ਪਕੜ ਲਿਆ।
ਮਾਸ ਜੰਬੂਰੋਂ ਸੈ ਤਿਹ ਲੀਓ।
ਅੰਧੇ ਤਈਂ ਅਤੀ ਦੁਖ ਦੀਓ।
ਛੋਡਿ ਰਖਜੋ ਫਿਰ ਕੈਦ ਮਝਾਰੇ।
ਛੈ ਕੁ ਮਾਸ ਜਬਿ ਐਸ ਗੁਜ਼ਾਰੇ ॥੧੭੬॥
ਕਿਲੇ ਮੱਧ ਤਿਹ ਨਫਰ[1] ਫਿਰਾਵੈ।
[1]ਨੌਕਰ।
ਬਾਹਰ ਨਾਂਹਿ ਨਿਕਸਨਾ ਪਾਵੈ।
ਕਬੀ ਅੱਸੂ ਪਰ ਤਾਂਹਿ ਚਢਾਵੈ।
ਨਫਰ ਬਾਗ ਗਹਿ[1] ਅੱਗ੍ਰ ਚਲਾਵੈ ॥੧੭੭॥
[1]ਵਾਗਾਂ ਫੜ ਕੇ।
ਇਕ ਦਿਨ ਜਬਿ ਘੋੜੀ ਪਰ ਚੜ੍ਹਿਓ।
ਹੁਤੀ ਚਲਾਕ ਬਲੀ ਸੋ ਬਢਿਓ[1]।
[1]ਬਹੁਤੀ।
ਹੁਤੀ ਮਾਸ ਬੋਟੀ ਕਿਤ ਤਹਾਂ[1]।
[1]ਉਥੇ ਕਿਸੇ ਥਾਂ ਮਾਸ ਦੀ ਬੋਟੀ (ਪਈ) ਸੀ।
ਪਰੀ ਚੀਲ[1] ਟੂਟਤ ਪੈ ਮਹਾਂ ॥੧੭੮॥
[1]ਇੱਲ।
ਘੋੜੀ ਚਮਕੀ[1] ਡਰ ਕਰਿ ਤਾਂ ਤੇ।
[1]ਤੇਜ਼ ਹੋ ਗਈ।
ਛੂਟੀ ਬਾਗ ਨਫਰ ਸੈਂ ਯਾਂ ਤੇ।
ਤਬਿ ਹੀ ਸ਼ਾਹਿ ਤਲੇ ਗਿਰ ਪਰਜੋ।
ਵੀਚ ਰਕਾਬ ਪੈਰ ਇਕ ਅਰਜੋ ॥੧੭੯॥
ਘੋੜੀ ਛੂਟ ਬੇਗ ਸੋਂ ਧਾਈ[1]।
[1]ਜ਼ੋਰ ਨਾਲ ਦੌੜੀ।
ਸ਼ਾਹਿ ਘਸੀਟਤ ਸੰਗਹਿ ਜਾਈ।
ਜਜੋਂ-ਜਜੋਂ ਪਕਰਨ ਹਿਤ ਜਨ ਦੌਰੈਂ।
ਤਜੋਂ-ਤਜੋਂ ਤੇਜ ਭਗੈ ਸੋ ਔਰੈਂ ॥੧੮੦॥
ਵਹਿ ਜਾਨੈ ਯਹਿ ਕਜਾ ਮੁਹਿ ਲਾਗਤ।

ਡਰ ਕਰਿ ਬਲ ਧਰਿ ਧਰਿ ਬਹੁ ਭਾਗਤ[1]।
ਮਾਰ ਦੁਲੱਤੇ ਕੀਨੋ ਚੂਰਨ।
ਸ਼ਾਹਿ ਮਰਜੋ ਥਾ ਬਿਧਿ ਤਬਿ ਤੂਰਨ[1] ॥੧੯੧॥
ਫਰਰੁੱਖ-ਸੇਰ ਐਸ ਮਰ ਤੁਰਿਓ।
ਸੱਤ ਬਚਨ ਬੰਦੇ ਕਾ ਫੁਰਿਓ।
ਸਭਿ ਲੋਗਨ ਮਾਨੀ ਦ੍ਰਿਢ ਸਹੀ[1]।
ਭਈ ਵਹੀ ਬੰਦੇ ਜੋ ਕਹੀ ॥੧੯੨॥
ਜਿਮ ਬੰਦਾ ਮਰਵਾਯੋ ਸ਼ਾਹੈਂ।
ਮਰਜੋ ਸ਼ਾਹਿ ਭੀ ਤਜੋਂ ਦੁਖ ਪਾਹੈ ॥੧੯੩॥

ਦੋਹਰਾ:
ਸੱਤ੍ਰਾਂਸਏ ਅਠੱਤਰੇ,
ਮਰਿਓ ਯੌਂ ਪਤਿਸ਼ਾਹਿ।
ਕਹਿ ਬੰਦੇ ਕੀ ਗਾਥ ਸਭਿ,
ਧਜਾਇ ਭਯੋ ਇਤਿ ਯਾਹਿ ॥੧੯੪॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਬੰਦੇ ਕਾ ਮਰਨਾ', ਬਰਨਨੰ ਨਾਮ ਸਤਾਰਮੋਂ ਬਿਸ੍ਰਾਮ ॥੧੭॥

[1]ਜ਼ੋਰ ਲਾ ਲਾ ਕੇ ਬਹੁਤ ਭੱਜਦੀ ਹੈ।

[1]ਛੇਤੀ।

[1]ਠੀਕ ਪੱਕੀ ਮੰਨ ਲਈ।

੧੮. {ਤੱਤ ਖਾਲਸੇ ਦੀ ਚਿੱਠੀ ਤਰ ਆਈ, ਬੰਦਈਆਂ ਤੇ ਤੱਤ ਖਾਲਸੇ ਦਾ ਜੰਗ}

ਕਬਿੱਤ:

ਜਾਂਹਿ ਗੁਰਦ੍ਵਾਰ ਪੰਥ ਨਿਰਮਲਾ ਸਜਾਯੋ ਗੁਰੁ,
ਆਦਿ ਅਹਿਲਾਦਿ ਯੁਤ ਮਰਯਾਦ ਕਿਜੀਏ[1]।

[1]ਜਿਨ੍ਹਾਂ ਗੁਰਾਂ (ਸ੍ਰੀ ਗੁਰੂ ਅੰਗਦ ਦੇਵ ਜੀ) ਦੀ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਮਲਾ ਪੰਥ ਸਜਾਇਆ ਸੀ, ਅਨੰਦ ਸਹਿਤ ਉਨ੍ਹਾਂ ਨੂੰ (ਬਿਸ੍ਰਾਮ ਦੇ) ਆਰੰਭ ਵਿੱਚ (ਧਿਆਉਣ ਦੀ) ਮਰਯਾਦਾ ਕਰੀਏ।

ਮਾਰਜੋ ਸਿੱਕਾ ਜਗਤ ਮੈਂ ਨਿਰਮਲ ਚਲਾਯੋ ਪੰਥ,
ਭਾਈ ਗੁਰੁਦਾਸ ਸਾਖਿ ਖਾਸਿ ਯਾਹਿ ਦਿਜੀਏ[1]।

[1]ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜੋ ਨਿਰਮਲਾ ਪੰਥ ਚਲਾਇਆ ਹੈ ਇਹ ਜਗਤ ਵਿੱਚ ਆਪਣੀ (ਸਿੱਕਾ ਮਾਰਿਓ) ਮੋਹਰ ਲਾ ਦਿੱਤੀ ਹੈ। ਭਾਈ ਗੁਰਦਾਸ ਜੀ (ਖਾਸ) ਆਪ ਗਵਾਹੀ ਦਿੰਦੇ ਹਨ।

ਪੰਥ ਕੇ ਪ੍ਰਚਾਰਕ ਸੰਭਾਰਕ ਧਰਮ ਧ੍ਵਜ,
ਪਾਰਕ ਪਰਨ ਸ਼ਰਨਾਗਤ ਸਲਿਜੀਏ[1]।

[1]ਪੰਥ ਦੇ ਪ੍ਰਚਾਰਕ ਧਰਮ ਦੇ ਨਿਸ਼ਾਨ ਨੂੰ ਸੰਭਾਲਣ ਵਾਲੇ ਪ੍ਰਣ ਪਾਲਣ ਵਾਲੇ ਅਤੇ ਸ਼ਰਣ ਆਇਆਂ ਦੀ ਪਾਲਣਾ ਕਰਨ ਵਾਲੇ ਤੇ ਲੱਜਿਆ ਦੇ ਸਹਿਤ ਹਨ।

ਤਾਂਹਿ ਗੁਰੁ ਅੰਗਦ ਉਤੰਗਦ ਉਮੰਗਦ ਕੋ,
ਬਾਰ ਬਾਰ ਗਜਾਨ ਹਰਿ ਧਜਾਨ ਧਰਿ ਭਜੀਏ[1] ॥੧॥

[1]ਗਿਆਨ ਸਿੰਘ (ਕਹਿੰਦਾ ਹੈ ਕਿ) (ਉਮੰਗਦ) ਉਤਸ਼ਾਹ ਦੇ ਕੇ (ਉਤੰਗਦ) ਉੱਚਾ ਪਦ ਦੇਣ ਵਾਲੇ ਤਿੰਨ੍ਹਾਂ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਬਾਰ ਬਾਰ ਧਿਆਨ ਧਾਰ ਕੇ (ਉਨ੍ਹਾਂ ਨੂੰ) ਯਾਦ ਕਰੀਏ।

ਦੋਹਰਾ:

ਬਿਘਨ ਹਰਨ ਦੁਖ ਦਰਨ ਨਿਤ,
ਕਰਨ ਧਰਨ ਸੁਖ ਸਾਰ[1]।

[1]ਹਮੇਸ਼ਾਂ ਬਿਘਨਾਂ ਨੂੰ ਨਾਸ਼ ਕਰਨ ਵਾਸਤੇ ਦੁੱਖਾਂ ਨੂੰ ਦਲਣ ਵਾਸਤੇ ਤੇ ਸ੍ਰੇਸ਼ਟ ਸੁਖਾਂ ਦੇ (ਧਰਨ) ਧਾਰਨ ਵਾਸਤੇ।

ਮਰਨ ਜਰਨ ਜਮ ਹਰਨ ਹਿਤ,
ਅੰਗਦ ਗੁਰੈਂ ਜੁਹਾਰ[1] ॥੨॥

[1]ਮੌਤ, ਬੁਢੇਪੇ ਤੇ ਜਮਾਂ ਨੂੰ ਨਾਸ਼ ਕਰਨ ਵਾਸਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਨਮਸ਼ਕਾਰ ਕਰਦਾ ਹਾਂ।

ਜੈਸੇ ਸਿੰਘ ਪੰਜਾਬ ਮੈਂ,
ਰਹੇ ਕਸ਼ਟ ਸਹਿ ਭਾਰ[1]।

[1]ਬਹੁਤੇ।

ਆਪਸ ਮੈਂ ਦੰਗਾ[1] ਭਯੋ,

[1]ਜੰਗ, ਫ਼ਸਾਦ।

ਕਥੋਂ ਕਥਾ ਸੋ ਸਾਰ[1] ॥੩॥

[1]ਸਾਰੀ।

ਪਾਧਰੀ ਛੰਦ:

ਜਬਿ ਬੰਦਾ ਤੁਰਕੈਂ ਲਯੋ ਮਾਰ।

ਸਭਿ ਮੁਲਕ ਤੁਰਤ ਨਿਜ ਲਿਯ ਸੰਭਾਰ।
ਡਰ ਰਹਯੋ ਸਿੰਘਨ ਕਾ ਜਰਾ[1] ਨਾਂਹਿਂ। [1]ਥੋੜ੍ਹਾ ਜਿਹਾ ਭੀ।
ਅਰ ਸਿੰਘ ਭੀ ਇਤ ਉਤ ਗੇ ਖਿੰਡਾਹਿ ॥ ੪ ॥
ਦੇਨਾ ਥਾ ਕਰਜੋ ਰੁਪਯਾ ਜੋਇ।
ਨਹਿਂ ਮਾਂਗਯੋ ਕਿਨਹੂੰ ਦਯੋ ਸੋਇ।
ਜੇ ਮਿਲੈਂ ਸਿੰਘ ਕਿਤ ਬੀਸ ਤੀਸ।
ਤਿਨ ਤਈਂ ਵਿਛੋੜੈਂ ਦੈ ਕਸੀਸ[1] ॥ ੫ ॥ [1]ਤਿਨਾਂ ਨੂੰ ਤੁਰਕ (ਕਸੀਸ) ਕਸ਼ਟ ਦੇ ਕੇ ਖਿੰਡਾ ਦੇਂਦੇ ਸਨ।
ਤਬਿ ਬੰਦੇ ਪੀਛੇ ਸਿੰਘ ਵਾਹਿ[1]। [1]ਉਹ।
ਯੌਂ ਰਹੇ ਦੇਸ ਪੰਜਾਬ ਮਾਂਹਿਂ।
ਜਯੋਂ ਚਿੜੀਆਂ ਬਾਜਨ ਦੇਸ ਮਾਂਹਿਂ।
ਅਰ ਦਾਨੇ ਚੱਕੀ ਮੈਂ ਰਹਾਹਿਂ ॥ ੬ ॥
ਜਿਮ ਦੰਤਨ ਮੈਂ ਰਹਿ ਜੀਭ ਧਿੰਗ[1]। [1]ਜ਼ੋਰਾਵਰ।
ਤਯੋਂ ਰਹੇ ਦੇਸ ਤੁਰਕੇਸ ਸਿੰਘ।
ਕਿਛੁ ਖੇਤੀ ਵਣਜ ਸੁ ਲਗੇ ਕਰਨ।
ਕਿਛੁ ਲੂਟ ਕੂਟ ਕਰਿ ਪੇਟ ਭਰਨ ॥ ੭ ॥
ਕਿਛੁ ਨੌਕਰ ਹੋਏ ਤੁਰਕ ਕੇਰ।
ਕਿਛੁ ਗੁਰਦ੍ਵਾਰਨ ਮੈਂ ਬਹੇ ਫੇਰ।
ਕਿਨਹੂੰ ਤਬਿ ਬਾਂਧੀ ਧਰਮਸਾਲ।
ਯੌਂ ਲਾਗੇ ਕਰਨ ਬਤੀਤ ਕਾਲ ॥ ੮ ॥
ਜੋ ਤੱਤ ਖਾਲਸਾ ਹੁਤੋ ਨੀਕ।
ਸੋ ਲੂਟ ਕੂਟ ਕਛੁ ਕਰੈ ਠੀਕ[1]। [1](ਤੁਰਕਾਂ ਨੂੰ) ਠੀਕ ਕਰਦਾ ਹੈ।
ਪੁਨ ਕੇਤਿਕ ਸਿੱਖ ਬੰਦਈ ਆਇ।
ਤਬਿ ਮਿਲੇ ਪੰਥ ਕੇ ਵੀਚ ਧਾਇ ॥ ੯ ॥
ਇਕ ਬਾਬਾ ਹੁਤੋ ਜੁ ਕਾਨ੍ਹ ਸਿੰਘ।
ਜਿਹ ਸੁਤ ਮੀਰੀ ਸਿੰਘ ਬਲੀ ਧਿੰਗ।
ਸੋ ਸਿੰਘ ਪਾਂਚ ਸੈ ਲੀਏ ਖਾਸ[1]। [1]ਆਪ।
ਥਾ ਰਹਿਤ ਲਹੌਰ ਨੁਵਾਬ ਪਾਸ ॥ ੧੦ ॥
ਤੁਰਕਨ ਸੋਂ ਤਾਂ ਕੀ ਭਲੀ ਭਾਂਤਿ।
ਥੀ ਬਨੀ ਬਨਾਈ ਠੀਕ ਬਾਤ।
ਜਬਿ ਸਾਲ ਗਏ ਯੌਂ ਦੁਇਕ ਬੀਤ।

ਨਹਿਂ ਪੰਥ ਇਕੱਠੋ ਕਿਨਹਿ ਕੀਤ[1] ॥੧੧॥
ਤਿਨ ਰਹਿਣ ਸੁਧਾਸਰ ਲਿਯ ਲਿਖਾਇ[1]।
ਅਰ ਮੇਲੇ ਲਾਵਣ ਨੀਕ ਭਾਇ[1]।
ਇਕ ਦੀਪਮਾਲਕਾ ਕੋ ਮਹਾਨ।
ਦੂਸਰ ਬੈਸਾਖੀ ਕੇਰ ਜਾਨ ॥੧੨॥
ਚਿੱਠੇ ਲਿਖਿ ਭੇਜੇ ਦੇਸ ਦੇਸ।
ਸੰਗਤ ਬੁਲਵਾਈ ਤਬਿ ਅਸੇਸ[1]।
ਸੁਨਿ ਸੰਗਤ ਦੇਸ ਬਿਦੇਸ ਕੇਰ।
ਅੰਮ੍ਰਿਤਸਰ ਆਈ ਬਿਨਾ ਦੇਰ ॥੧੩॥
ਤਬਿ ਤੱਤ ਖਾਲਸਾ ਅਯੋ ਝੱਟ।
ਦਿਸ ਚਾਰਨ ਤੈ ਬਹੁ ਭਯੋ ਕੱਠ।
ਪੁਨ ਸੰਗਤ ਬੰਦੇ ਕੇਰ ਸਾਰ[1]।
ਸਭਿ ਅਈ ਸੁਧਾਸਰ ਮੋਦ ਧਾਰਿ ॥੧੪॥
ਪਿਖ ਜਮ੍ਹਾਂ ਹੋਵਤੇ ਸਿਖ ਅਪਾਰ।
ਤੁਰਕਨ ਕੇ ਆਏ ਫੌਜਦਾਰ।
ਹਿਤ ਬੰਦੋ ਬਸਤ ਇਮ ਚਿੱਤ ਧਾਰਿ।
ਮਤੁ ਕਿਤ ਮਿਲਿ ਕਰਹੀਂ ਲੂਟਮਾਰ ॥੧੫॥
ਤਿਨ ਬੰਦੋਬਸਤ ਯੌਂ ਕਰਯੋ ਆਇ।
ਨਹਿਂ ਦੰਗਾ ਹੋਵਨ ਜੈਸ ਪਾਇ।
ਸਤਿ ਸੰਗਤ ਤਬਿ ਦਰਬਾਰ ਆਇ।
ਧਨ ਬਹੁਤ ਚਢਾਯੋ ਮੋਦ ਪਾਇ ॥੧੬॥
ਵਡ ਸੁੰਦਰ ਕੀਨੀ ਦੀਪ-ਮਾਲ।
ਮੇਲਾ ਥਾ ਭਰਯੋ ਅਤਿ ਬਿਸਾਲ।
ਪਿਖਿ ਧਨ ਤਬਿ ਕਹੈਂ ਬੰਦਈ ਏਹੁ।
ਹਮ ਕੋ ਧਨ ਆਧਾ ਬਾਂਟ ਦੇਹੁ ॥੧੭॥
ਤਬਿ ਤਿਨ ਪ੍ਰਤਿ ਸਿੰਘਨ ਕਹਯੋ ਐਸ।
ਤੁਮ ਹਮ ਤੈ ਹਿੱਸਾ ਚੈਹੁਂ ਕੈਸ।
ਨਹਿਂ ਦਾਵਾ[1] ਤੁਮਰਾ ਇਹਾਂ ਕੋਇ।
ਹਮ ਦੈਂਹ ਚਹੈਂ ਨਹਿਂ ਦੈਂਹ ਤੋਹਿ ॥੧੮॥
ਪੁਨ ਹਮਰੀ ਤੁਮਰੀ ਨਾਹਿਂ ਬਨਤ।

[1]ਕਿਸੇ ਨੇ ਵੀ ਪੰਥ ਇਕੱਠਾ ਨਾ ਕੀਤਾ।
[1](ਆਪਣਾ) ਅੰਮ੍ਰਿਤਸਰਰਹਿਣਾ ਤੁਰਕਾਂ ਤੋਂ ਲਿਖਾ ਲਿਆ।
[1]ਚੰਗੀ ਤਰ੍ਹਾਂ।
[1]ਸਾਰੀ, ਬਹੁਤ।
[1]ਸਾਰੀ।
[1]ਹੱਕ।

ਤੁਮ ਕੀਓ ਅਪਨਾ ਜੁਦਾ ਪਨਥ।
ਤੁਮ ਫਤੇ ਦਰਸ਼ਨੀ ਹੋ ਬੁਲਾਤ।
ਨਹਿਂ ਰੀਤਿ ਭੁਜੰਗੀ[1] ਕਿਛ ਰਖਾਤ ॥੧੯॥ [1]ਸਿੰਘਾਂ ਵਾਲੀ।
ਹਮ ਛਕਤ ਮਾਸ ਤੁਮ ਨਾਹਿਂ ਖਾਤ।
ਸੂਹਾ ਤੁਮ ਧਰਤ, ਨ ਹਮ ਸੁਹਾਤ[1]। [1]ਸਾਨੂੰ ਚੰਗਾ ਨਹੀਂ ਲੱਗਦਾ।
ਤੁਮ ਬੰਦੇ ਕੋ ਸਤਿਗੁਰੂ ਕਹਿਤ।
ਅਰ ਗੁਰੂ ਗਜਾਰਮਾਂ ਤਾਂਹਿ ਲਹਿਤ[1] ॥੨੦॥ [1]ਜਾਣਦੇ ਹੋ।
ਹਮ ਮਾਨਤ ਗੁਰੁ ਕਾ ਤਿਸੈ ਸਾਧੁ।
ਗੁਰੁ ਸ਼ਕਤੀ ਬਖਸ਼ੀ ਥੀ ਅਗਾਧ[1]। [1]ਬਹੁਤੀ।
ਜੇ ਪੰਥ ਸੰਗ ਤੁਮ ਮਿਲਨ ਚਾਹਿ।
ਤਨਖਾਹਿ ਲੇਹੁ ਬਖਸ਼ਾਇ ਤਾਂਹਿ[1] ॥੨੧॥ [1]ਤਿਸ (ਗ਼ਲਤੀ) ਦੀ ਤਨਖ਼ਾਹ ਲੁਆ ਕੇ ਬਖ਼ਸ਼ਵਾ ਲਵੋ।
ਜਬਿ ਖਾਨ ਪਾਨ ਪਹਿਰਾਨ ਇਸ਼ਟ[1]। [1]ਪੂਜਯ ਦੇਵ ਭਾਵ ਗੁਰੂ।
ਨਹਿਂ ਤੁਮਰਾ ਹਮਰਾ ਏਕ ਸ੍ਰਿਸ਼ਟ[1] ॥੨੨॥ [1]ਸ੍ਰੇਸ਼ਟ।

ਅੜਿੱਲ ਛੰਦ:

ਤੋ ਫਿਰ ਹਮ ਤੁਮ ਏਕ ਹੋਹਿਂ ਕਿਮ ਜਾਂਨੀਏ।
ਨਹਿਂ ਅੰਮ੍ਰਿਤਸਰ ਥਾਂਨ ਤੁਮਾਰਾ ਮਾਨੀਏ।
ਪੁਨ ਤੁਮ ਪੂਜਾ ਆਗੇ ਕਬਹੂੰ ਨਹਿਂ ਲਈ।
ਹੋ ਕਹੋ ਕੈਸ ਅਬਿ ਮਿਲ ਹੈ ਤੁਮ ਕੋ ਫਿਰ ਨਈ ॥੨੩॥
ਤੁਮ ਬੰਦੇ ਕੇ ਸਿੱਖ ਕਹਾਵਤ ਹੋ ਸਭੈ।
ਤਿਸ ਕਾਰਚਿ ਅਸਥਾਨ, ਪੁਜਾਵੋ ਮਿਲਿ ਅਬੈ।
ਸੋ ਪੂਜਾ ਤੁਮ ਖਈਓ, ਹਮ ਕੋ ਨਾ ਦਯੋ।
ਹੋ ਗੁਰਦ੍ਵਾਰਨ ਤੈਂ ਦਾਵਾ ਤੁਮਰਾ ਯੌਂ ਗਯੋ ॥੨੪॥

ਚੌਪਈ:

ਯਹਿ ਸੁਨਿ ਉਨ ਕੋ ਲਗੀ ਚਿੰਗਾਰੀ।
ਗਰਬ[1] ਬੰਦਈਅਨ ਕੋ ਥਾ ਭਾਰੀ। [1]ਹੰਕਾਰ।
ਕਹੈ ਗੁਰੂ ਨੈਂ ਮੀਰੀ ਪੀਰੀ।
ਬੰਦੇ ਕੋ ਬਖਸ਼ੀ ਸਭਿ ਧੀਰੀ[1] ॥੨੫॥ [1]ਧੀਰਜ ਸਮੇਤ।
ਸੋ ਨਿਜ ਸੰਗਤ ਕੋ ਦੈ ਗਯੋ।
ਤੱਤ ਖਾਲਸਾ ਖਾਲੀ ਰਹਯੋ।

ਸੋਢੀ ਬੇਦੀ ਜੇ ਜਗ ਮਾਂਹੀਂ।
ਅਜ਼ਮਤ ਰਹੀ ਕਿਸੀ ਮੈਂ ਨਾਹੀਂ ॥੨੬॥
ਪੁਨ ਹਮਰੇ ਗੁਰੁ ਬੰਦੇ ਆਏ।
ਪੰਥ ਖਾਲਸਾ ਲਯੋ ਬਚਾਏ।
ਨਹੀਂ ਤ ਤੁਰਕ ਸਭੀ ਕੋ ਗਹਿ ਕੈ।
ਅਬਿ ਲੌਂ ਤੁਰਕ ਬਨਾਤੇ ਚਹਿ ਕੈ[1] ॥੨੭॥
ਸੋ ਤੁਮ ਅਬਿ ਉਪਕਾਰ ਵਿਸਾਰੇ।
ਹੋਨ ਚਹਿਤ ਖੁਦ ਦਾਵੇ-ਦਾਰੇ[1]।
ਹਮ ਤੁਮ ਕੋ ਕਿਮ ਹੋਵਨ ਦੈਹੈਂ।
ਅਰਧ ਵੰਡਾਇ ਜੋਰ ਸੋਂ ਲੈਹੈਂ ॥੨੮॥
ਕਹਜੋ ਸਿੰਘਨ ਤੁਮ ਲਾਵਹੁ ਜੋਰੈਂ।
ਰਾਖਜੋ ਨਹਿਂ ਪੀਛੇ ਕਿਛੁ ਹੋਰੈਂ।
ਹਮ ਜਬਿ ਲੌਂ ਤੁਵ ਦਾਂਤ ਨ ਤੋੜੈਂ।
ਤਬਿ ਲੌਂ ਤੁਮ ਕਬਿ ਪੀਛਾ ਛੋੜੈਂ ॥੨੯॥
ਕਹੈਂ ਬੰਦਈ ਕਦੋਂ ਤੁਮ ਜੰਮੇ।
ਦਾਂਤ ਤੋੜਨੇਵਾਰ ਨਿਕੰਮੇਂ।
ਹਮਰੇ ਦਾਂਤ ਬਡੇ ਦਿਢ[1] ਲੰਬੇ।
ਜਿਨ ਕੋ ਪਿਖਿ ਤੁਰਕਾਨੀ ਕੰਬੇ ॥੩੦॥
ਇਨ ਹੀ ਦੰਤਨ ਕੇਰ ਉਚਿਸਟੈਂ[1]।
ਖਾਇ ਪਲੇ ਤੁਮ ਅਹੋ ਕਨਿਸ਼ਟੈਂ[1]।
ਸ਼ੇਸ਼ ਸਿੰਘ ਕਾ ਗਾਦੜ ਜੈਸੇ[1]।
ਖਾਯੋ ਤੁਮ ਬੰਦੇ ਕਾ ਤੈਸੇ ॥੩੧॥
ਜਿਸ ਕੀ ਨਿੰਦਾ ਤੁਮ ਅਬਿ ਕਰਹੋ।
ਅਰੇ ਕ੍ਰਿਤਘਨ ਦੋਜ਼ਕ ਪਰਹੋ।
ਜਿਸ ਨੇ ਰਾਖਜੋ ਪੰਥ ਤੁਮਾਰਾ।
ਤਿਸ ਕਾ ਤੁਮ ਉਪਕਾਰ ਬਿਸਾਰਾ ॥੩੨॥
ਦੈਹੈ ਫਲ ਤੁਮ ਕੋ ਕਰਤਾਰਾ।
ਇਮ ਸੁਨਿ ਸਿੰਘਨ ਫੇਰ ਉਚਾਰਾ।
ਤੁਮਰਾ ਸ੍ਰਾਪ ਨ ਹਮ ਕੋ ਲੱਗੇ।
ਕਹੇ ਕਾਗੋਂ ਕੇ ਮਰੈਂ ਨ ਢੱਗੇ ॥੩੩॥

[1]ਆਪਣੀ ਇੱਛਾ ਅਨੁਸਾਰ।
[1]ਆਪ ਹੱਕਦਾਰ ਬਣਨਾ ਚਾਹੁੰਦੇ ਹੋ।
[1]ਪੱਕੇ।
[1]ਜੂਠ।
[1]ਤੁਸੀਂ ਨੀਚ ਹੋ।
[1]ਸ਼ੇਰ ਦਾ ਬਚਿਆ ਹੋਇਆ ਜਿਵੇਂ ਗਿੱਦੜ (ਖਾਂਦੇ ਹਨ।)

ਕਹਿਨਾਵਤ ਤੁਮ ਕਰੀ ਉਸੱਜੀ[1]।
ਦੋਸ਼ ਪਿੰਡ ਨੂੰ ਆਪ ਕੁਚੱਜੀ।
ਨੱਚ ਨ ਜਾਣੇ ਅੰਙਣ ਬਿੰਗੋ[1]।
ਤਜੋਂ ਤੁਮ ਕਹੋ ਬੰਦੇ ਕੇ ਸਿੰਘੋ ॥੩੪॥
ਬਨੀਆਂ ਮਾਰ ਜਾਟ ਤੇ ਖੈਹੈ।
ਕਹਿ ਗਾਰੀ ਦੈ ਪੀਪੂੰ ਕੈਹੈ[1]।
ਠੀਕ ਕਰਤ ਤੁਮ ਸੋ ਪਰਕਾਰੂ।
ਅਉ ਅਉ ਝੂਠੇ ਕੀ ਦਾਰੂ[1] ॥੩੫॥
ਅਰ ਤੁਮ ਕੀਨੋਂ ਕਬਿ ਉਪਕਾਰੋ।
ਤੱਤ ਖਾਲਸੇ ਪਰ ਜੁ ਉਚਾਰੋ।
ਗੁਰੁ ਬਰ ਪਾਇ ਆਇ ਇਤ ਬੰਦੇ।
ਮੱਦਤ ਲੀਨੋ ਪੰਥ ਅਮੰਦੇ[1] ॥੩੬॥
ਲਰਜੋ ਨ ਆਗੇ ਹ੍ਵੈ ਸੋ ਕਬਿ ਹੀ।
ਤੁਰਕੈਂ ਹਰਤ ਰਹੇ[1] ਹਮ ਸਭਿ ਹੀ।
ਪੰਥ ਪ੍ਰਤਾਪ ਨਾਮ ਤਿਹ ਭਯੋ।
ਪੰਥ ਚਲਾਇ ਆਪਨਾ ਲਯੋ ॥੩੭॥
ਹਮਰੇ ਬਿਨ ਬਹਾਦਰੀ ਥਾਰੀ[1]।
ਪੇਖੀ ਗਈ ਦਈ ਜਿੰਦੁ ਹਾਰੀ[1]।
ਗੀਦੀ ਗਾਦਰ ਲਰ ਭਿ ਨ ਮਰਯੋ।
ਗਾਡਰ ਜਯੋਂ ਫਰਿ ਤੁਰਕੈਂ ਹਰਯੋ[1] ॥੩੮॥
ਤਿਸ ਹੀ ਕੇ ਤੁਮ ਸਿੱਖ ਸਦੈ ਹੋ।
ਹਮਰੇ ਆਗੇ ਅਰਨੋ ਚੈਹੋ ॥੩੯॥
ਦੋਹਰਾ:
ਲਾਜ ਨ ਆਵਤ ਹੈ ਤੁਮੈਂ,
ਸ਼ਰਮ ਧਰਮ ਦਿਯ ਖੋਇ।
ਜਲ ਚਪਨੀ ਮੈਂ ਪਾਇ ਕੈ,
ਮਰਤ ਨ ਨਾਕ ਡਬੋਇ ॥੪੦॥

[1]ਤੁਸਾਂ (ਉਸੱਜੀ) ਚੰਗੀ ਤਰ੍ਹਾਂ ਢੁਕਦੀ (ਕਹਨਾਵਤ) ਅਖਾਣ (ਵਾਂਗ ਗੱਲ) ਕੀਤੀ ਹੈ।

[1]ਵਿਹੜਾ ਵਿੰਗਾ ਹੈ।

[1]ਜੱਟ ਕਹਿੰਦਾ ਹੈ ਗਾਲ ਦੇਹ (ਉਹ ਗਾਲ੍ਹ ਕੱਢ ਦੇਂਦਾ ਹੈ ਇਉਂ ਜੱਟ ਕੁੱਟ ਕੁੱਟ ਕੇ) (ਪੀਪੂੰ) ਬਰੀਕ ਮਿੱਟੀ ਵਾਂਗ ਕਰ ਦੇਂਦਾ ਹੈ।

[1]ਝੂਠੇ ਬੰਦੇ ਕੋਲ ਅਗਲੇ ਦੇ ਪ੍ਰਸ਼ਨਾਂ ਦਾ ਦਾਰੂ ਭਾਵ ਇਲਾਜ ਅਉ ਅਉ ਹੈ ਭਾਵ ਉੱਤਰ ਵਿੱਚ ਦਲੀਲ ਕੋਈ ਨਹੀਂ।

[1]ਤੇਜ ਪ੍ਰਤਾਪ ਵਾਲੇ ਪੰਥ ਦੀ।

[1]ਮਾਰਦੇ ਰਹੇ।

[1]ਤੁਹਾਡੀ।

[1]ਜਿੰਦ ਹਾਰ ਦਿੱਤੀ ਭਾਵ ਬੰਦਾ ਮਰਵਾ ਬੈਠੇ।

[1]ਤੁਰਕਾਂ ਨੇ ਭੇਡ ਵਾਂਗ ਫੜ ਕੇ ਮਾਰ ਦਿੱਤਾ।

ਪਰਹਾ ਛੰਦ:

ਸਸਾ[1] ਸ਼ੇਰ ਕੀ ਜਾੜਨ ਮੈਂ ਸੇ
ਮਾਸ ਛਕਯੋ ਚਹਿ ਜੈਸੇ।
ਪੰਥ ਖਾਲਸੇ ਤੈ ਤੁਮ ਹਿੱਸਾ,
ਦੌਲਤ ਚਹਿ ਹੋ ਤੈਸੇ।
ਔਰਤ ਕਹਿ ਮੁਹਿ ਨਥ ਘੜਾ ਦੇ
ਖਸਮ ਨੱਕ ਚਹਿ ਵੱਢਜਾ।
ਪਲੰਘ ਦੁਤਹੀ[1] ਮੁਸਾਫਰ ਚਾਹੇ,
ਘਰ ਵਾਲੇ ਚਹਿਂ ਕੱਢਜਾ ॥੪੧॥
ਬਨੀਯਾ ਬਾਰ[1] ਖੜੋਨ ਨ ਦੇਵੈ,
ਵਹਿ ਕਹਿ ਪੂਰਾ ਤੋਲੋ।
ਗਾਵਨ ਡੂੰਮ ਸੁਨਾਵਨ ਚਾਹੈਂ,
ਮਾਲਕ ਕਹਿ ਮਤੁ ਬੋਲੋ।
ਤੈਸੀ ਬਾਤ ਬੰਦਈਓ ਤੁਮਰੀ,
ਹਮ ਤੇ ਹਿੱਸਾ ਚੈਹੋ।
ਸ਼ੇਖ ਚਿੱਲੀ ਕੇ ਘੋੜੇ ਵਾਲੀ
ਸਾਤ[1] ਬਾਤ ਤੁਮ ਕੈਹੋ ॥੪੨॥
ਕਿਸੀ ਸ਼ਖਸ ਕਾ ਘੋੜਾ ਛੁਟ ਕੈ,
ਦੌੜਿ ਬੜਯੋ ਤਿਹ ਬਾੜੇ।
ਸੋ ਪਕੜਾਇ ਬੰਧਾਇ ਰਖਯੋ ਤਿਨ,
ਮਾਲਕ ਅਏ ਪਿਛਾੜੇ[1]।
ਸ਼ੇਖ ਕਹਯੋ ਇਹੁ ਮੇਰਾ ਘੋੜਾ,
ਬੂਝਯੋ ਉਨ ਤੁਵ ਕੈਸੇ।
ਹਮਰੀ ਭੈਂਸ ਮਰੀ ਥੀ ਈਹਾਂ,
ਸੋ ਬਨਿ ਆਈ ਐਸੇ ॥੪੩॥
ਬੋਲੇ ਵਹਿ ਵਿਚਾਰ ਤੂੰ ਮੀਆਂ,
ਕਬੀ ਅੱਸ੍ਰ ਯੌਂ ਥੈਹੈ।
ਜੇ ਮੈਂ ਕਰੋਂ ਵਿਚਾਰ ਸ਼ੇਖ ਕਹਿ,
ਘੋੜਾ ਹੱਥੋਂ ਜੈਹੈ।
ਸੁਨਿ ਮਸਲੇ[1] ਇੱਤਜਾਦਿ ਬੰਦਈਅਨ,

[1]ਸਹਿਆ ਜਾਨਵਰ।
[1]ਦੋ ਤੈਹਾਂ ਵਾਲਾ ਬਸਤ੍ਰ।
[1](ਦੁਕਾਨ ਦੇ) ਬੂਹੇ ਉਪਰ।
[1]ਤੁਸੀਂ ਸੱਚੀ ਗੱਲ ਕਹਿੰਦੇ ਹੋ।
[1]ਪਿਛੋਂ।
[1]ਕਹਾਵਤਾਂ, ਅਖਾਣ।

ਭੱਯਨ ਕੋ[1] ਰਿਸ ਆਈ। — [1]ਬੰਦਈ ਭਰਾਵਾਂ ਨੂੰ।
ਬੋਲੇ ਜਿਸ ਕੇ ਕਰ ਮੈਂ ਡੰਡਾ,
ਭੈਂਸ ਤਿਸੇ ਕੀ ਭਾਈ ॥੪੪॥
ਲੋਗ ਕਹਿਤ ਹੈਂ ਬਡੋ ਰੁਪੱਯਾ,
ਹਮ ਕੈਹੈਂ ਪੰਜ ਭੱਯਾ[1]। — [1]ਪੰਜ ਭਰਾਵਾਂ ਦਾ ਇਕੱਠ।
ਨੇੜੇ ਹੈ ਖੁਦਾਇ ਕੈ ਥੱਪੜ,
ਖੋਸੈਂ[1] ਮਾਰਿ ਰੁਪੱਯਾ। — [1]ਖੋਹ ਲਵਾਂਗੇ।
ਐਸੀ ਐਸੀ ਬਾਤੈਂ ਕਰਿ ਹ੍ਵੈ
ਬਾਖੋ ਚਾਉੜ ਭੂਹੇ[1]। — [1]ਝਗੜਦੇ ਝਗੜਦੇ ਬਹੁਤੇ (ਭੂਹੇ) ਗ਼ੁੱਸੇ ਹੋ ਗਏ।
ਗਾਲਮ ਗਾਲੀ ਪੱਗੋ ਹੱਥੀ,
ਹ੍ਵੈ ਫਿਰ ਤੇਗੇ ਧੂਹੇ ॥੪੫॥
ਦਸ ਦਸ ਪਾਂਚ ਪਾਂਚ ਦੁਹਿ ਦਿਸ ਤੈ,
ਜਖਮੀ ਹ੍ਵੈ ਗਏ ਡੇਰੈਂ।
ਦੁਹੂੰ ਦਿਸਾ ਤੈ ਜੰਗ ਤਿਆਰੀ,
ਕਰਿ ਦੀਨੀ ਬਿਨ ਦੇਰੈਂ।
ਤਾਲ ਸੁਧਾਸਰ ਕੇ ਚਹੁੰ-ਫੇਰੇ,
ਜੰਗਲ ਥਾ ਤਬਿ ਕਾਰੀ[1]। — [1]ਬਹੁਤ।
ਬੁੰਗੇ ਤਖਤ ਅਕਾਲ ਚੌਤਰਾ[1], — [1]ਥੜਾ।
ਕੋਠਾ ਥਾ ਇਕ ਭਾਰੀ ॥੪੬॥
ਝੰਡੇ ਬੁੰਗੇ ਦਿਸਾ ਬੰਦੱਈਏ,
ਸੰਘਰ[1] ਰਚਿ ਬਡ ਬੈਸੇ। — [1]ਜੰਗ।
ਖਾਈ ਕੰਧ ਮੋਰਚੇ ਕੀਨੇ,
ਤੱਤ ਖਾਲਸੇ ਤੈਸੇ।
ਤੁਰਕ ਚਰਾਗ ਦੁਹੂੰ ਦਿਸ ਰਿਸ ਕਾ,
ਸੀਖ ਸੀਖ ਕਰਿ ਬਾਰੈਂ[1]। — [1]ਤੁਰਕ ਦੋਹੀਂ ਪਾਸੀਂ ਗ਼ੁੱਸੇ ਦਾ ਦੀਵਾ ਉਗੀਸ ਉਗੀਸ ਕੇ ਬਾਲਦੇ ਹਨ।
ਮਨ ਮੈਂ ਪੀਰ ਮਨੈ ਹੈਂ, ਚੈਹੈਂ
ਕਤਲ ਹੋਹਿ ਸਿੰਘ ਸਾਰੈਂ ॥੪੭॥

ਕਬਿੱਤ:

ਦਰਸ਼ਨੀ ਦਰਵੱਜੇ ਹੂੰ ਕੀ ਬਾਹੀ ਮੱਲੀ ਏਕ ਚਾਹੀ[1], — [1]ਆਪਣੀ ਮਰਜ਼ੀ ਅਨੁਸਾਰ।

ਅਨੀ ਘਨੀ[1] ਤਜਾਰ ਤੋ ਬੰਦਈਓਂ ਕਰ ਲੀਨ ਹੈ। [1]ਬਹੁਤੀ ਫ਼ੌਜ।
ਸੈਨ ਬਹੁ ਭਈ ਪੇਖਿ ਨਿਗਾ ਫੂਲ ਗਈ[1], [1]ਨਿਗਾਹ ਫੁੱਲ ਗਈ ਭਾਵ ਹੰਕਾਰ ਹੋ ਗਿਆ।
ਕੈਂਹ ਲੈਂਹ ਗੁਰਦ੍ਵਾਰਨ ਕੀ ਪੂਜਾ ਅਬਿ ਪੀਨ[1] ਹੈਂ। [1]ਬਹੁਤੀ।
ਮਾਰ ਤੱਤ ਖਾਲਸੇ ਕੋ ਕਰੈਂ ਅਨੁਸਾਰ[1] ਅਬਿ, [1]ਅਧੀਨ।
ਕਾਰ ਸਭਿ ਬੰਦੇ ਕੀ ਮਨੈਹੈਂ ਇਨੈਂ ਝੀਨ ਹੈਂ[1]। [1]ਇਨ੍ਹਾਂ (ਝੀਨ) ਥੋੜਿਆਂ ਨੂੰ ਫੇਰ ਬੰਦੇ ਦੀ ਸਾਰੀ (ਕਾਰ) ਮਰਯਾਦਾ ਮਨਾ ਲਵਾਂਗੇ।

ਮੂਢ ਯੌਂ ਨ ਜਾਨੈਂ ਰਚਜੋ ਪੰਥ ਯੇ ਮਹਾਨੈ ਜਿਨਿ,
ਸੋਊ ਗੁਰੁ ਰਾਖੈ ਲਾਜ ਰੀਤਿ ਜਿਨਿ ਕੀਨ ਹੈ ॥੪੮॥
ਇਤ ਤੈ ਭੁਜੰਗੀ ਜੰਗੀ[1] ਤੱਤ ਖਾਲਸੇ ਨਿਸੰਗੀ[2], [1](ਜੰਗੀ) ਲੜਾਕੇ (ਭੁਜੰਗੀ) ਸੂਰਮੇਂ। [2]ਨਿੱਡਰ ਹੋ ਕੇ।
ਮਾਰ ਕੈ ਨਗਾਰਾ ਤਜਾਰਾ ਜੰਗ ਹੇਤ ਕੀਨੋ ਹੈ।
ਤੁਰਕ ਮਿਲੇ ਦੁਹੂੰ ਓਰ ਦੁਹੂੰ ਕੋ ਸਿਖਾਵੈਂ ਜੋਰ,
ਜੰਗ ਜਿਮ ਮਾਰੈਂ ਘੋਰ ਆਪਸ ਮੈ ਪੀਨੋ ਹੈ[1]। [1]ਜਿਵੇਂ ਆਪਸ ਵਿੱਚ (ਪੀਨੋ) ਬਹੁਤਾ (ਘੋਰ) ਭਿਆਨਕ ਜੰਗ (ਮਾਰੈਂ) ਕਰਨ।

ਚਿਤ ਮਾਂਹਿ ਚੈਹੈਂ[1] ਦੋਊ ਲਰ ਕੈ ਮਰੈ ਹੈਂ ਜਬਿ, [1]ਤੁਰਕ ਚਾਹੁੰਦੇ ਹਨ।
ਜੈਹੈਂ ਤਬਿ ਸਭਿ ਹੀ ਕਲੇਸ਼ ਦੇਸ ਚੀਨੋ[1] ਹੈਂ। [1]ਜਾਣੋਂ।
ਆਪਸ ਮੈਂ ਲਰ ਜੈਸੇ ਜਾਦਵ ਗਏ ਹੈਂ ਗਰ[1], [1]ਗਲ ਗਏ ਹਨ।
ਤੈਸੇ ਸਿੰਘ ਜੈਹੈਂ ਮਰ ਹ੍ਵੈ ਹੈ ਸੁਖ ਜੀਨੋ[1] ਹੈ ॥੪੯॥ [1]ਸਾਡੇ ਦਿਲ ਨੂੰ।
ਹੁਤੇ ਜੇ ਸਿਆਨੇ ਗੁਰੁ ਪੰਥ ਮੈ ਮਹਾਨੇ ਸਿੰਘ,
ਕਾਨ੍ਹ ਸਿੰਘ ਬਹਿਰ ਸਿੰਘ ਫਤੇ ਸਿੰਘ ਜਾਨੀਏ।
ਮਨੀ ਸਿੰਘ, ਦਰਵਾਰਾ, ਬੁੱਢਾ ਹਰਿ, ਗੁਲਜਾਰਾ,
ਹਰੀ ਸਿੰਘ ਆਦਿਕ ਬਿਖਾਧ ਚਾਹਿਂ ਹਾਨੀਏ[1]। [1]ਝਗੜੇ ਨੂੰ ਨਾਸ਼ ਕਰਨਾ ਚਾਹੁੰਦੇ ਹਨ।
ਹੁਤੇ ਜੋ ਬੰਦਈ ਸਰਦਾਰ ਸੋ ਹਕਾਰ ਲਏ[1], [1]ਸੱਦ ਲਏ।
ਮਿਲ ਕੈ ਵਿਚਾਰ ਕਰਜੋ ਐਸੀ ਭਾਂਤਿ ਮਾਨੀਏ।
ਸੁਨੋ ਭਾਈ ਆਪਸ ਮੈਂ ਕਰੋ ਨਾਂ ਲਰਾਈ ਤੁਮ,
ਤੁਰਕਨ ਕੀ ਸੀਖ ਦੁਖਦਾਈ ਪਹਿਚਾਨੀਏ ॥੫੦॥
ਤੁਰਕਨ ਕੇ ਉਰ ਮਾਂਹਿ ਦਗਾ ਅਤਿ ਜਾਨੋ ਆਹਿ,
ਆਪਸ ਮੈਂ ਦੁਹੂੰ ਕੋ ਲਰਾਇ ਫਿਰ ਮਾਰ ਹੈਂ।

ਜੈਸੇ ਜੁਗ ਚਿੜੀਆਂ ਕੋ ਲਰਤ ਨਿਹਾਰ ਕਰਿ,
ਧਰਤ ਬਿਲਾਰ ਮੋਦ ਕਰਤ ਅਹਾਰ ਹੈ[1]। — [1]ਬਿੱਲਾ ਅਨੰਦ ਧਾਰ ਕੇ ਖਾ ਲੈਂਦਾ ਹੈ।
ਤਾਂ ਤੇ ਤੁਮ ਲਰੋ ਨਾਹਿਂ, ਸੋਊ ਕਾਮ ਕਰੋ ਚਾਹਿ[1], — [1]ਉਤਸ਼ਾਹ ਨਾਲ।
ਜਾਂ ਤੈ ਹਮ ਹੂੰ ਰਹਾਹਿਂ ਤੁਰਕ ਸਭਿ ਹਾਰ ਹੈਂ।
ਗੁਰੂ ਰਾਮਦਾਸ ਆਸ ਤੋਸ ਸਭਿ ਹੀ ਕੋ ਸਮ,
ਇਨਸਾਫ਼ ਕਰਵਾਵੋ ਉਨੈ ਪਾਸ ਸਾਰ ਹੈ[1] ॥੫੧॥ — [1]ਸ੍ਰੀ ਗੁਰੂ ਰਾਮਦਾਸ ਸਾਰਿਆਂ ਦੀਆਂ (ਸਮ) ਇੱਕੋ ਜਿਹੀਆਂ ਆਸਾਂ (ਤੋਸ) ਪੂਰੀਆਂ ਕਰਦੇ ਹਨ, ਤੁਸੀਂ ਵੀ (ਸਾਰ) ਸਾਰੇ ਉਨ੍ਹਾਂ ਪਾਸੋਂ ਇਨਸਾਫ਼ ਕਰਵਾ ਲਵੋ।

ਕੁੰਡਲੀਆ:
ਚਲਿ ਬੈਸਹੁ ਦਰਬਾਰ ਮੈਂ,
ਮੁਣਸਬ ਕਰਿ ਲਿਹੁ ਚਾਰ[1]। — [1](ਚਾਰ) ਚਾਰ ਬੰਦੇ (ਮੁਣਸਬ) ਮੁਨਸਫ਼ (ਇਨਸਾਫ਼ ਕਰਨ ਵਾਲੇ) ਬਣਾ ਲਵੋ।
ਤਹਾਂ ਚਿੱਠੀਆਂ ਲਿਖਿ ਉਭੈ[1], — [1]ਦੋ।
ਦੇਹੁ ਤਾਲ ਮੈਂ ਡਾਰ।
ਦੇਹੁ ਤਾਲ ਮੈਂ ਡਾਰ, ਜਾਹਿਂ ਕੀ ਉਪਰ ਆਵੈ।
ਸਭਿ ਗੁਰੁਦ੍ਵਾਰਨ[1] ਕੇਰ, ਸੋਊ ਸਭਿ ਪੂਜਾ ਖਾਵੈ। — [1]ਗੁਰ ਅਸਥਾਨ।
ਜੇ ਦੋਨਹੁ ਤਰ ਅਈ, ਅਰਧ ਫਿਰ ਲਯੋ ਬਾਂਟ ਭਲ।
ਏਹੁ ਸਹੀ ਇਨਸਾਫ, ਗੁਰੂ ਤੈ ਕਰਵਾਵੋ ਚਲਿ ॥੫੨॥
ਮਾਨ ਬੰਦਈਅਨ ਨੈ ਲਈ, ਬਾਤ ਏਹੁ ਸਤ ਜਾਨ।
ਗੁਰੁ ਮੰਦਰ ਮੈਂ ਆਇ ਕਰਿ, ਲਾਯੋ ਤਬੈ ਦੀਵਾਨ।
ਲਾਯੋ ਤਬੈ ਦੀਵਾਨ, ਜਾਨ ਸਭਿ ਕਾ ਗੁਰੁ ਥਾਏ।
ਠਾਣੇਦਾਰ ਤਸੀਲਦਾਰ, ਪੁਨ ਤੁਰਕ ਬੁਲਾਏ।
ਮੁਣਸਬ[1] ਕੀਨੇ ਤੁਰਕ, ਦੁਹੂੰ ਦਿਸ ਤੈ ਸਮ ਜਾਨ[2]। — [1]ਮੁਨਸਫ਼, ਇਨਸਾਫ਼ ਕਰਨ ਵਾਲੇ। [2]ਦੋਹਾਂ ਧਿਰਾਂ ਨੂੰ ਇੱਕੋ ਜਿਹੇ ਜਾਣ ਕੇ।
ਲਿਖ ਮੁਚੱਲਕੇ[1] ਦਏ, ਉਭੈ ਦਿਸ ਤੈ ਯੌਂ ਮਾਨਿ ॥੫੩॥ — [1]ਇਕਰਾਰਨਾਮੇਂ, ਪ੍ਰਤੱਗਿਆ ਪੱਤਰ।
ਜਿਸ ਕੀ ਚਿੱਠੀ ਤਰੈਗੀ, ਪੰਥ ਰਹੈਗੋ ਸੋਇ।
ਤਿਸ ਕੀ ਰਾਖਹੁ ਰਹਿਤ ਸਭਿ, ਦੇਹੁ ਦੂਸਰੀ ਖੋਇ।

ਦੇਹੁ ਦੂਸਰੀ ਖੋਇ ਕਬੀ, ਜੋ ਦੋਊ ਤਰ ਹੈਂ।
ਤੋ ਹਮ ਅਰਧੋ ਅਰਧ ਚੜ੍ਹਤ, ਗੁਰੁਦ੍ਵਾਰਨ ਕਰਿ ਹੈਂ।
ਫਿਰ ਤੁਰਕੋਂ ਨੈ ਕਹਜੋ, ਨਾਹਿਂ ਜੋ ਨਿਕਸੈ ਕਿਸ ਕੀ।
ਤਬਿ ਹ੍ਵੈ ਮਾਲਕ ਸੋਇ, ਹੋਇ ਜਹਿੰਰਜਾਸਤ[1] ਜਿਸ ਕੀ ॥੫੪॥

[1]ਹਕੂਮਤ।

ਰਸਾਵਲ ਛੰਦ:
ਕਰਿ ਲੀਨੀ ਪਰਵਾਨ,
ਬਾਤ ਯਹਿ ਦੁਹਿ ਦਿਸ ਸਭਿ ਹੀ।
ਮਨੀ ਸਿੰਘ ਦਰਬਾਰ ਵੀਚ,
ਥਾ ਗ੍ਰੰਥੀ ਤਬਿ ਹੀ।
ਚਿੱਠੀ ਤਿਸ ਨੈ ਲਿਖੀ,
ਯਾਹਿ ਬਿਧਿ ਉਭੈ ਬਨਾਈ।
ਵਾਹਿਗੁਰੂ ਕੀ ਫਤੇ,
ਏਕ ਪਰ ਲਿਖੀ ਸੁਹਾਈ ॥੫੫॥
ਫਤੇ ਦਰਸ਼ਨੀ ਲਿਖੀ ਪੁਨਾ,
ਦੂਸਰਿ ਪਰ ਭਾਈ।
ਬਾਲਕ ਕੇ ਕਰ ਮਾਹਿਂ,
ਉਭੈ ਚਿੱਠੀ ਪਕਰਾਈ।
ਹਰਿ ਕੀ ਪੌੜੀ ਸੁਧਾ ਮੱਦ[1],
ਦੋਨਹੁ ਵਹਿ ਪਾਈ।
ਏਕ ਵਾਰ ਜਲ ਤਲੇ,
ਉਭੈ ਬੈਠੀ ਤਬਿ ਜਾਈ ॥੫੬॥
ਪਿਖਿ ਕਰਿ ਚਿੰਤਾ,
ਦੁਹੂੰ ਤਰਫ ਤੈ ਪਰੀ ਮਹਾਨੈ।
ਜੇ ਕਰਿ ਚਿੱਠੀ ਤਰੀ,
ਏਕ ਭੀ ਨਹਿਂ ਇਸ ਥਾਨੈਂ।
ਹਮ ਤੈ ਲੈਹੈਂ ਛੀਨ
ਤੁਰਕ ਗੁਰਦ੍ਵਾਰੇ ਅਬਿ ਸਭਿ।

[1]ਅੰਮ੍ਰਿਤ ਵਿੱਚ।

ਧਰਮ ਹਿੰਦੁ ਕਾ ਜਾਇ,
ਪੰਥ ਯਹਿ ਬਢਨ ਦੈਂਹ ਕਬਿ ॥੫੭॥
ਤੁਰਕ ਮਨਾਵੈਂ ਪੀਰ,
ਕਹੈਂ ਜਬਿ ਬੂਡੈਂ ਦੋਈ[1]। [1]ਦੋਵੇਂ ਡੁੱਬ ਜਾਣ।
ਤਬਿ ਸਿੰਘਨ ਕਾ ਮਜ਼ਬ ਦੈਂਹ
ਹਮ ਸਭਿ ਹੀ ਖੋਈ।
ਹ੍ਵੈ ਨਿਸ-ਕੰਟਕ[1] ਕਰੈਂ ਰਾਜ, [1]ਦੁੱਖ ਤੋਂ ਬਿਨਾਂ।
ਹਮ ਫਿਰ ਸਭਿ ਧਰ ਕਾ[1]। [1]ਧਰਤੀ ਦਾ।
ਮਿਟ ਹੈ ਏਹੁ ਕਲੇਸ਼,
ਰਹਤ ਜੋ ਨਿਤ ਗੁਰੁ ਘਰ ਕਾ ॥੫੮॥
ਤੱਤ ਖਾਲਸੇ ਫੇਰ ਬੰਦੱਈਅਨ,
ਮਿਲ ਕਰਿ ਸਭਿ ਹੀ।
ਹਾਥ ਜੋਰਿ ਅਰਦਾਸ ਕਰੀ,
ਗੁਰੁ ਆਗੇ ਤਬਿ ਹੀ।
ਹੇ ਸਤਿਗੁਰੁ ਸਰਬੱਗਜ,
ਬਿਰਦ ਕੀ[1] ਲਾਜ ਸੰਭਾਰੋ। [1]ਬਾਣੇ ਦੀ।
ਸਰਨ ਆਪ ਕੀ ਪਰਜੋ ਪੰਥ,
ਯਹਿ ਸਭਿ ਹੀ ਥਾਰੋ[1] ॥੫੯॥ [1]ਤੁਹਾਡਾ।
ਅਬਿ ਤੁਮ ਚਿੱਠੀ ਤਿਸੀ ਪੰਥ ਕੀ,
ਦੇਹੁ ਨਿਕਾਰੇ।
ਕਰਨਾ ਹੈ ਪਰਕਾਸ਼ ਖਾਸ[1], [1]ਆਪ ਨੇ।
ਜਿਹ ਜਗਤ ਮਝਾਰੇ।
ਚਾਰ ਤਰਫ ਤੈ ਚਿਤਵ ਰਹੇ ਥੇ,
ਚਕਤ ਹੋਇ[1] ਜਬਿ। [1]ਹੈਰਾਨ ਹੋ ਕੇ।
ਜੈਸ ਈਦ ਕੇ ਚੰਦ ਤਈਂ,
ਮਿਲਿ ਪਿਖਤਿ ਯਵਨ[1] ਸਭਿ ॥੬੦॥ [1]ਤੁਰਕ।
ਚੌਪਈ:
ਇਤਨੇ ਮਹੁਂ ਫਿਰ ਡੁਬਕੀ ਖਾਈ[1]। [1]ਗੋਤਾ ਖਾ ਕੇ।
ਚਿੱਠੀ ਏਕ ਬਹਿਰ ਤਰ ਆਈ।
ਜਿੰਦੁ ਹਿੰਦੁ ਮੈਂ[1] ਤਬਿ ਫਿਰ ਭਈ। [1]ਹਿੰਦੂਆਂ ਸਿੱਖਾਂ ਵਿੱਚ।

ਜਥਾ ਸ੍ਵਾਂਤ ਸੀਪੀ ਗਨ ਲਈ[1] ॥੬੧॥
[1]ਜਿਵੇਂ ਬਹੁਤੀਆਂ ਸਿੱਪੀਆਂ ਨੇ ਸ੍ਵਾਂਤੀ ਬੂੰਦ ਲੈ ਲਈ ਹੋਵੇ।

ਜਲ ਨਭ ਤੈ ਸੇ ਚੰਦ੍ਰ ਕਲਾ ਸੀ[1]।
[1]ਸਰੋਵਰ ਦੇ ਜਲ ਰੂਪ ਅਕਾਸ਼ ਤੋਂ ਉਹ ਚੰਦ੍ਰਮਾਂ ਦੀ ਕਲਾ ਵਰਗੀ।

ਚਿੱਠੀ ਡਿਠੀ ਭਲ ਨਵਲਾ ਸੀ[1]।
[1]ਚੰਗੀ ਨਵੇਂ ਫੁੱਲਾਂ ਦੀ ਛਿਟੀ ਵਰਗੀ।

ਕਵਲ ਬੰਦੱਈਅਨ ਦੁਖਦ ਮਹਾਂਈ[1]।
[1]ਬਹੁਤੀ ਦੁਖਦਾਈ ਹੋਈ।

ਤੱਤ ਪੰਥ ਕਵੀਅਨ ਸੁਖਦਾਈ[1] ॥੬੨॥
[1]ਤੱਤ ਖਾਲਸੇ ਰੂਪ ਕਮੀਆਂ ਨੂੰ ਸੁਖਦਾਈ ਹੋਈ।

ਤੁਰਕ ਕੋਕ ਕੁਲ ਮਨਸਾ ਹਾਰਕ[1]।
[1]ਤੁਰਕਾਂ ਰੂਪ ਚਕਵਿਆਂ ਦੀ ਕੁਲ ਦੀ ਇੱਛਾ ਨੂੰ ਨਾਸ਼ ਕਰਨ ਵਾਲੀ (ਸਾਬਤ ਹੋਈ)।

ਬਦਲੀ ਤੱਤ ਖਾਲਸੇ ਪਾਰਕ[1]।
[1]ਤੱਤ ਖਾਲਸੇ ਨੂੰ ਬੱਦਲੀ ਵਾਂਗ (ਪਾਰਕ) ਪਾਲਣ ਵਾਲੀ (ਸਾਬਤ ਹੋਈ)।

ਤੁਰਕ ਬੰਦਈਅਨ ਦੁਖਦ ਕੇਤੁ ਸੀ[1]।
[1]ਤੁਰਕਾਂ ਤੇ ਬੰਦਈਆਂ ਨੂੰ ਕੇਤੁ ਗ੍ਰਹਿ ਵਰਗੀ ਦੁਖਦਾਈ ਸੀ।

ਸਿੰਘਨ ਲੰਘਨ ਸਿੰਧੁ ਸੇਤੁ ਸੀ[1] ॥੬੩॥
[1]ਸਿੰਘਾਂ ਨੂੰ (ਕਸ਼ਟਾਂ ਦੇ) ਸਮੁੰਦਰ ਤੋਂ ਲੰਘਣ ਵਾਸਤੇ ਪੁਲ ਵਰਗੀ ਸੀ।

ਉਭੈ ਤਰਫ ਤੈ ਪਕਰਨ ਧਾਏ।
ਤੁਰਕੋਂ ਨੈ ਸਭਿ ਮਾਰਿ ਹਟਾਏ।
ਚਿੱਠੀ ਜਾਇ ਮੁਣਸਬੈਂ ਫੜੀ।
ਸਭਾ ਮੱਧ ਫਿਰ ਉਚੇ ਪੜ੍ਹੀ ॥੬੪॥
ਫਤੇ ਗੁਰੂ ਕੀ ਹੈ ਤਰਿ ਆਈ।

ਬੂਡੀ[1] ਫਤੇ ਦਰਸ਼ਨੀ ਭਾਈ।
[1]ਡੁੱਬ ਗਈ।

ਯਹਿ ਜਬਿ ਧੁਨੀ[1] ਕਾਨ ਸੁਨ ਪਾਈ।
[1]ਅਵਾਜ਼।

ਮਰੀ ਬੰਦਈਯਨ ਕੀ ਜਨੁ ਮਾਈ ॥੬੫॥

ਕਈ ਪਰੇ ਮੁਰਛਿਤ ਹ੍ਵੈ ਧਰਾ[1]।
[1]ਧਰਤੀ ਤੇ ਬੇਹੋਸ਼ ਹੋ ਕੇ ਡਿਗ ਪਏ।

ਮਨਹੁ ਬਚਨ ਵਹਿ ਬੱਜਰ ਪਰਾ[1]।
[1]ਜਾਣੋ ਉਹ ਬਚਨ ਇੰਦ੍ਰ ਦੀ ਗਦਾ ਵਾਂਗ ਵੱਜਾ।

ਮੁਨਸਬ ਨੈ ਜੋ ਗਿਰਾ[1] ਸੁਨਾਈ।
[1]ਬਾਣੀ।

ਜਨੁ ਉਨ ਪਰ ਵਹਿ ਬਿਜਲੀ ਪਾਈ ॥੬੬॥

ਕਰ ਮੀਂਜਤ ਲੈ ਉਭੈ ਸ੍ਵਾਸੈਂ[1]।
[1]ਹੱਥ ਮੀਚਦੇ ਤੇ ਹਾਹੁਕੇ ਲੈਂਦੇ ਹਨ।

ਨ੍ਰਿਪ ਤੈ ਛੁਟਯੋ ਰਾਜ ਜਨੁ ਖਾਸੈਂ[1]।
[1]ਆਪਣਾ।

ਧਰੇ ਤ੍ਰਾਸ ਲੋਟਤ ਧਰ ਐਸੇ।

ਮੀਨ ਫਨੀ ਜਲ ਮਨਿ ਬਿਨ ਜੈਸੇ[1] ॥੬੭॥
[1]ਜਿਵੇਂ ਪਾਣੀ ਤੋਂ ਬਿਨਾਂ ਮੱਛੀ ਤੇ ਮਣੀ ਤੋਂ ਬਿਨਾਂ ਸੱਪ (ਤੜਫਦਾ ਹੈ)।

ਖੁਨਤ ਧਰਾ ਧਰਿ ਜੰਘਨ ਨਾਰੈਂ[1]।
[1]ਲੱਤਾਂ ਵਿੱਚ ਧੌਣਾ ਪਾ ਕੇ ਧਰਤੀ ਖੁਰਚਦੇ ਹਨ।

ਮਾਂਗਤ ਮਨਹੁ ਧਰਾ ਤੈ ਬਜਾਰੈਂ[1]।
ਦਸਾ ਬੰਦੱਈਅਨ ਕੀ ਯੌਂ ਭਈ।
ਸੁਨੋਂ ਪੰਥ ਨੈ ਜੋ ਸੁਨ ਥਈ[1] ॥੬੮॥
ਗਰਜ ਉਠੇ ਸਿੰਘ ਕਰਿ ਜੈਕਾਰੇ[1]।
ਪਠੈਂ ਗੁਰੂ ਬਾਣੀ ਮੁਦ ਧਾਰੇ।
ਜਸੋਂ ਪਾਵਸ ਮੈਂ ਦਾਦਰ ਮੋਰੈਂ[1]।
ਚਾਤਕ ਪਾਵਤ ਹ੍ਵੈ ਮੁਦ ਸ਼ੋਰੈਂ[1] ॥੬੯॥
ਗਈ ਨਿਧੀ ਜਿਮ ਨਿਧਨੀ ਪਾਈ[1]।
ਮਨੀ ਫਨੀ ਕੇ ਜਸੋਂ ਕਰ ਆਈ[1]।
ਤਾਲ ਪਰਾਚੀ ਦਿਸ ਜਨੁ ਭਯੋ[1]।
ਚਿਠਾਰਵਿ ਮਾਨਹੁ ਨਿਕਸਯੋ[1] ॥੭੦॥
ਪੇਖਿ ਸਿੰਘ ਕੁਲ ਕਵਲ ਪ੍ਰਕਾਸੇ[1]।
ਕੁਮਦਿ ਬੰਦਈ ਮਿਚੇ ਧਰਿ ਤ੍ਰਾਸੇ[1]।
ਤੁਰਕ ਨਿਸਾਚਰ ਮਨ ਮੁਰਝਾਏ[1]।
ਤਮ ਝਗਰਾ ਸਭਿ ਗਯੋ ਬਿਲਾਏ[1] ॥੭੧॥
ਪੰਥ ਜਿੱਤਯੋ ਸੱਚੇ ਦਰਬਾਰੋਂ।
ਕਰਯੋ ਤਿਹਾਵਲ ਵਰਤਯੋ ਭਾਰੋ[1]।
ਖਰੇ ਹੋਇ ਕਰ ਜੋਰਿ ਬੰਦੱਈਅਨ।
ਖੰਡੇ ਪਾਹੁਲ ਲੀਨੀ ਕੱਈਅਨ ॥੭੨॥
ਹੁਤੇ ਜੇ ਤਿਨ ਮੈਂ ਗੁਰੁ ਕੇ ਪਜਾਰੇ।
ਮਿਲੇ ਪੰਥ ਮੈਂ ਆਇ ਅਪਾਰੇ।
ਜੋ ਥੇ ਮਾਨੀ ਬਡ ਹੰਕਾਰੀ।
ਤਿਨਹੁਂ ਮਰਨ ਹਿਤ ਮਨਸਾ ਧਾਰੀ ॥੭੩॥

ਦੋਹਰਾ:
ਹੁਤੋ ਪਸ਼ੌਰਾ ਸਿੰਘ ਇਕ,
ਉਨ ਕੀ ਓਰ ਕਲਾਲ[1]।
ਸੋ ਸਨਮੁਖ ਹ੍ਵੈ ਪੰਥ ਢਿਗ,
ਅਯੋ ਕਰਨ ਕਿਛ ਸ੍ਵਾਲ ॥੭੪॥

ਸੰਕਰ ਛੰਦ:
ਤਬਿ ਸੰਗ ਤਿਸ ਕੇ ਅਯੋ,

[1](ਗਰਕਣ ਵਾਸਤੇ) ਧਰਤੀ ਤੋਂ (ਬਜਾਰੈ) ਵਿਹਲ ਮੰਗਦੇ ਹਨ।
[1]ਕੀਤੀ।
[1]ਜੈਕਾਰੇ ਗਜਾ ਕੇ।
[1]ਜਿਵੇਂ ਬਰਖਾਰੁੱਤ ਵਿੱਚ ਡੁੱਡੂ ਤੇ ਮੋਰ।
[1]ਤੇ ਪਪੀਹੇ ਅਨੰਦ ਹੋ ਕੇਰੌਲਾ ਪਾਉਂਦੇ ਹਨ।
[1]ਜਿਵੇਂ ਕੰਗਾਲ ਨੇ ਗਵਾਚਿਆ ਖਜ਼ਾਨਾ ਲੱਭ ਲਿਆ ਹੋਵੇ।
[1]ਜਿਵੇਂ ਸੱਪ ਦੇ ਹੱਥ ਵਿੱਚ ਮਣੀ ਆ ਗਈ ਹੋਵੇ।
[1]ਜਾਣੋ ਸਰੋਵਰ ਪੂਰਬ ਦੀ ਦਿਸ਼ਾ ਵਾਂਗ ਹੋ ਗਿਆ।
[1]ਜਾਣੋ ਚਿੱਠਾ ਰੂਪ ਸੂਰਜ ਨਿਕਲ ਆਇਆ।
[1]ਸਿੰਘ ਦੇਖ ਕੇ ਕੰਵਲਾਂ ਦੀ ਕੁਲ ਵਾਂਗ ਖਿੜ ਪਏ।
[1]ਬੰਦਈ ਡਰ ਧਾਰ ਕੇ ਕੰਮੀਆਂ ਵਾਂਗ ਮਿਚ ਗਏ।
[1]ਤੁਰਕਾਂ ਰੂਪ (ਨਿਸਾਚਰ) ਚੋਰਾਂ ਦੇ ਮਨ ਮੁਰਝਾ ਗਏ।
[1]ਝਗੜਾ ਰੂਪ ਸਾਰਾ ਅਨ੍ਹੇਰਾ ਨਾਸ਼ ਹੋ ਗਿਆ।
[1]ਬਹੁਤਾ।
[1]ਗੋਤ੍ਰ ਦਾ।

ਸੰਗਤ ਸਿੰਘ ਤਿਸ ਕਾ ਪੂਤ।
ਵਹਿ ਹੁਤੋ ਅਤਿ ਬਲਵਾਨ,
ਜਾਨੋ ਪਹਿਲਵਾਨ ਸਬੂਤ[1]। [1]ਪੂਰਾ।
ਤਬਿ ਕਹਯੋ ਬਾਬੇ ਕਾਨ੍ਹ ਸਿੰਘ ਨੇ, ਸੁਨ ਪਸ਼ੌਰਾ ਸਿੰਘ।
ਯਹਿ ਸੰਗ ਤੇਰੇ ਅਯੋ, ਤੁਮਰਾ ਪੂਤ ਜੋ ਵਡ ਧਿੰਗ[1] ॥ ੭੫ ॥ [1]ਜ਼ੋਰਾਵਰ।
ਮਮ ਪੂਤ ਮੀਰੀ ਸਿੰਘ ਸੋਂ, ਅਬਿ ਹੋਇ ਕੁਸ਼ਤੀ[1] ਯਾਂਹਿ। [1]ਘੋਲ।
ਜੋ ਢਹੈ ਤਿਸ ਕੋ ਕੀਜੀਏ, ਫਿਰ ਪੰਥ ਅਪਨੇ ਮਾਂਹਿ।
ਯਹਿ ਬਾਤ ਦੁਹਿਦਿਸ ਮਾਨ ਕੈ, ਘੁਲਵਾਇ ਦੀਨੇ ਸੋਇ।
ਅਕਾਲ ਬੁੰਗੇ ਤਖਤ ਆਗੇ, ਪੰਥ ਪੇਖਤ ਦੋਇ ॥ ੭੬ ॥
ਜੁਗ ਦੰਡ ਲੌ[1] ਵਹਿ ਲਰੇ ਯੌਂ, ਜਯੋਂ ਮੱਲ ਲਰ ਹੈਂ ਧਿੰਗ। [1]ਦੋ (ਦੰਡ) ਘੜੀਆਂ ਤੱਕ।
ਫਿਰ ਢਾਹਿ ਮੀਰੀ ਸਿੰਘ ਨੈ, ਤਬਿ ਲਯੋ ਸੰਗਤ ਸਿੰਘ।
ਤੱਤ ਖਾਲਸੇ ਨੈ ਤੱਤਛਿਨ, ਫਿਰ ਮਾਸ ਸੂਰ ਮੰਗਾਇ।
ਪਿਤ ਪੂਤ ਦੋਊ ਕੋ ਛਕਾਯੋ, ਸਿੰਘ ਲੀਨ ਸਜਾਇ ॥ ੭੭ ॥
ਨਿਜ ਪੰਥ ਮਾਂਹਿ ਮਿਲਾਇ ਲੀਨੇ ਬੋਲਿ ਜੈ ਜੈ ਕਾਰ।
ਯਹਿ ਪਿਖਿ ਬੰਦੱਈਅਨ ਕੋ ਲਗੀ, ਤਬਿ ਆਗ ਮਾਂਡੀਰਾਰ[1]। [1]ਲੜਾਈਰਚ ਲਈ।
ਬਹੁ ਜੰਗ ਮਾਚਯੋ ਦੁਹੂੰ ਦਿਸ ਤੈ, ਚਲੀ ਤੁੱਪਕ ਤੇਗ।
ਦਿਨ ਤੀਨ ਨਿਸ ਦਿਨ, ਲਰੇ ਆਪਸ ਮਾਂਹਿ, [1]ਜ਼ੋਰ ਲਾ ਕੇ।

ਕਰਿ ਬਹੁ ਬੇਗ[1] ॥੭੮॥
ਤਟ ਸੁਧਾਸਰ ਦਰਸ਼ਨੀ ਦਰਵੱਜੇ ਅੱਗੇ ਜਾਨ।
ਬਡ ਮਚਯੋ ਮਾਸ ਰੁ ਮੇਦ ਕਾ, ਧਰ ਵੀਚ ਕੀਚ ਮਹਾਨ[1]।
ਕਟ ਮੁੰਡ ਪਗ ਭੱਜਿ ਬੱਖ ਸੱਥਲ, ਹੱਥ ਮੱਥ ਅਪਾਰ[1]।
ਚੜ੍ਹਿ ਲੁੱਥ ਊਪਰ ਲੁੱਥ, ਜੁੱਥ ਅਗੁੱਥਗੀ ਆਸਾਰ[1] ॥੭੯॥
ਜਬਿ ਮਰੇ ਬਹੁਤ ਬੰਦਈ, ਬਾਕੀ ਚਲੇ ਔਰ ਪਲਾਇ।
ਤੱਤ ਖਾਲਸੇ ਤਬਿ ਛੂਟ ਕਰਿ[1], ਤਿਹਂ ਲੂਟਯੋ ਡੇਰਾ ਧਾਇ।
ਇਕ ਖੇਮਕਰਨ ਗਰਾਮ ਕਾ, ਮਾਹੰਤ ਥਾ ਤਿਨ ਮਾਂਹਿ।
ਸਿੰਘ ਜੱਸਾ ਅਤਿ ਹੰਕਾਰੀ, ਥਾ ਕਮੋਇ ਕੁਰਾਹਿ[1] ॥੮੦॥
ਵਹਿ ਰਖਤ ਗੱਡੇ ਪਰ ਸਦਾ, ਨਿਜ ਬਡੀ ਗੱਦੀ ਠਾਨ[1]।
ਕਰਵਾਇ ਸਿਰ ਪਰ ਚੌਰ ਸੋ, ਢਿਗ ਰਖਤ ਥਾ ਬਹੁ ਜ੍ਵਾਨ।
ਕਰਿ ਜੰਗ ਸੋ ਭੀ ਮਰਯੋ, ਮਾਰਯੋ ਪੰਥ ਨੈ ਬਲ ਲਾਇ।
ਫਿਰ ਪੰਥ ਗੱਦੀ ਤਾਂਹਿ ਪਰ, ਦਿਯ ਮਨੀ ਸਿੰਘ ਬਿਠਾਇ ॥੮੧॥
ਪੁਨ ਮਿਲਯੋ ਆਇ ਬੰਦਈ ਜੋਊ, ਲਯੋ ਪੰਥ ਮਿਲਾਇ।
ਕੁਛ ਮਰੇ ਭਾਗੇ ਮਿਲੇ, ਯੌਂ ਘਟ ਗਯੋ ਜੋਰ ਤਿਨਾਇ।
ਸੰਗ-ਢੇਸੀਆਂ ਕਾ, ਸਿੰਘ ਨਾਨੂੰ, ਕਰਮ ਸਿੰਘ ਤਖਾਨ।

[1]ਮਾਸ ਤੇ ਮਿੱਝ ਦਾ ਧਰਤੀ ਵਿੱਚ ਬਹੁਤ ਚਿੱਕੜ ਹੋ ਗਿਆ।

[1]ਬਹੁਤੇ ਲੋਕ, ਸਿਰ, ਪੈਰ, ਵੱਖੀਆਂ ਪੱਟ, ਹੱਥ ਤੇ ਮੱਥੇ (ਭੱਜ) ਟੁੱਟ ਗਏ।

[1](ਜੁੱਖ) ਬਹੁਤੀਆਂ ਲੋਥਾਂ ਤੇ ਲੋਥਾਂ ਚੜ੍ਹ ਕੇ (ਆਸਾਰ) ਆਪਣੇ ਆਪ ਹੀ ਗੁੰਦੀਆਂ ਗਈਆਂ।

[1]ਹੱਲਾ ਕਰ ਕੇ।

[1]ਕੰਬੋ ਜਾਤਿ ਦਾ ਖੋਟੇਰਾਹ ਜਾਣ ਵਾਲਾ।

[1]ਲਾ ਕੇ।

ਬਖਸ਼ੀਸ਼ ਹਰਿ ਚੁਮਾਰੀ ਕਾ[1], ਮਲਵੱਈ ਸਿੰਘ ਗਯਾਨ ॥੯੨॥
ਸ਼ਜ਼ਾਮ ਸਿੰਘ ਕਸ਼ੋਰ ਹਰਿ, ਬਖਜ਼ਾਤਿ[1] ਜੇ ਇਤਜ਼ਾਦਿ।
ਬਹੁ ਮਿਲੇ ਤਬਿ ਤੱਤ ਖਾਲਸੇ ਮੈਂ, ਗਹੀ ਗੁਰੁ ਮਰਯਾਦ ॥੯੩॥

[1]ਚੁਮਾਰੀ ਨਾਮ ਪਿੰਡ ਦਾ।
[1]ਮਸ਼ਹੂਰ।

ਦੋਹਰਾ:
ਸੰਮਤ ਸੱਤ੍ਰਾਂ ਸੈ ਬਿਤੇ, ਊਪਰ ਅੱਸੀ ਹੇਰਿ।
ਧਜ਼ਾਇ ਭਯੋ ਪੂਰਨ ਇਹਾਂ, ਝਗਰਾ ਪੰਥ ਨਿਬੇਰਿ ॥੯੪॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ, ਉੱਤ੍ਰਾਰਧੇ ਗਜ਼ਾਨ ਸਿੰਘ ਵਿਰਚਿਤੇ 'ਚਿੱਠੀ ਆਵਨ, ਜੰਗ ਹੋਵਨ', ਪ੍ਰਸੰਗ ਬਰਨਨੰ ਨਾਮ ਅਠਾਰਮੋਂ ਬਿਸ੍ਰਾਮ ॥੧੮॥

੧੯. {ਤੱਤ ਖਾਲਸੇ ਤੇ ਬੰਦਈਆਂ ਦੇ ਜੰਗ, ਤੁਰਕਾਂ ਦਾ ਪੰਥ ਨਾਲ ਦਗ਼ਾ ਫ਼ਰੇਬ, ਪੰਥ ਦਾ ਪਛੁਤਾਉਣਾ}

*ਕਬਿੱਤ:

*ਇਸ ਕਬਿੱਤ ਦੀਆਂ ਚਾਰ ਤੁਕਾਂ ਦਾ ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ, ਉਥੇ ਇਹ ਬਿਸ੍ਰਾਮ ਨੰ. ੩੭ ਦਾ ਅੰਕ ਨੰ.੧ ਹੈ।

ਅਸਨ ਬਸਨ ਬਿਸ਼ੇ ਰਸਨ ਰਸਨ ਰਸਜੋ[1],

[1]ਭੋਜਨਾਂ, ਬਸਤ੍ਰਾਂ ਤੇ ਵਿਸ਼ੇਰਸਾਂ ਦੇ ਸੁਆਦਾਂ ਵਿੱਚ ਲਿਵਲੀਨ ਹੋ ਕੇ।

ਪਸੁਨ ਸਮਾਨ ਫਸਜੋ ਮੋਹ ਕੇ ਅਧੀਨੋ ਹੈ।
ਤੂੰ ਤੋ ਹ੍ਵੈ ਹੈ ਵਿਸ਼ੇ ਭੋਗਜੋ ਭੋਗ ਲੇਤ ਵਿਸ਼ੇ ਤੋਹਿ,
ਸੁਝਤ ਨ ਜਾਨ ਬੂਝ ਹ੍ਵੈ ਰਹਜੋ ਨਬੀਨੋ ਹੈ[1]।

[1]ਅੰਨ੍ਹਾ ਹੋ ਰਿਹਾ ਹੈਂ।

ਬੂਡ ਰਹਜੋ ਮੂਢ ਅਤਿ ਗਹਿਰ ਗਰੂਰ ਮਾਂਹਿ,
ਕੁਫਰ ਕੁਫੰਧ ਅੰਧ ਫੰਧ ਭਯੋ ਦੀਨੋ ਹੈ[1]।

[1]ਡੂੰਘੇ ਹੰਕਾਰ ਵਿੱਚ ਹੇ ਮੂਰਖ ਤੂੰ ਬਹੁਤ ਡੁੱਬ ਰਿਹਾ ਹੈਂ, ਝੂਠ ਤੇ ਖੋਟੇ ਫਾਹੇ ਤੇ ਅਗਿਆਨ ਵਿੱਚ ਫਸ ਕੇ ਤੂੰ ਦੁਖੀ ਹੋ ਰਿਹਾ ਹੈਂ।

ਏਰੇ ਮਤਿ ਹੀਨੋ ਨਿਜ ਰੂਪ ਤੈਂ ਨ ਚੀਨੋ,
ਭਯੋ ਕਾਲ ਕੋ ਚਬੀਨੋ ਰੇ ਧਿਕਾਰ ਤੇਰੋ ਜੀਨੋ ਹੈ ॥੧॥

ਸੋਰਠਾ:

ਰੇ ਮਨ ਹਰਿ ਗੁਰੁ ਗਜਾਨ,
ਠਾਨ ਗਜਾਨ ਹ੍ਵੈ ਹਾਨ ਭਵ[1]।

[1]ਹੇ ਮਨ ਹਰੀ ਤੇ ਗੁਰੂ ਦੇ ਗਿਆਨ ਨੂੰ ਧਾਰਨ (ਠਾਨ) ਕਰ ਜਿਸ ਕਰ ਕੇ (ਭਵ) ਸੰਸਾਰ ਦਾ (ਸੱਤ) ਗਿਆਨ ਨਾਸ਼ ਹੋ ਜਾਵੇਗਾ।

ਭਵ ਹੈ ਤੁਵ ਕੱਲਜਾਨ,
ਜਾਨ ਮਦਾਰੀ ਖੇਲ ਜਗਿ[1] ॥੨॥

[1]ਜਗਤ ਨੂੰ ਮਦਾਰੀ ਦੇ ਖੇਲ ਵਾਂਗ ਝੂਠਾ ਜਾਣ (ਇਸ ਤਰ੍ਹਾਂ) ਤੇਰੀ ਕਲਿਆਣ (ਭਵ) ਹੋ ਜਾਵੇਗੀ।

ਕਿਤਿਕ ਦਿਵਸ ਸੁਖ ਚੈਨ,
ਰਹੀ ਪੰਥ ਮੈਂ ਐਨ[1] ਤਬਿ।

[1]ਚੰਗੀ ਤਰ੍ਹਾਂ।

ਫੇਰ ਬਢੀ ਬੇਚੈਨ[1],

[1]ਅਸ਼ਾਂਤੀ।

ਰੈਨ ਬਢਤ ਦਖਣੈਨ* ਜਿਮ[1] ॥੩॥

[1]ਜਿਵੇਂ ਦਖਣਾਇਣ ਵਿੱਚਰਾਤ ਵਧਦੀ ਹੈ। (ਦਖਣਾਇਣ=੨੧ ਜੂਨ ਤੋਂ ੨੨ ਦਸੰਬਰ ਦਾ ਸਮਾਂ ਜਿਸ ਵਿੱਚ ਸੂਰਜ ਕਰਕਰੇਖਾ ਤੋਂ ਦੱਖਣ ਵਲ ਮਕਰਰੇਖਾ ਨੂੰ ਜਾਂਦਾ ਹੈ)। *ਦਿੱਲੀ ਤੇ ਲਾਹੌਰ ਦੋਹਾਂ ਐਡੀਸ਼ਨਾਂ ਵਿੱਚ ਏਥੇ ਪਾਠ ਉਤ੍ਰੈਣ ਛਪਿਆ ਹੋਇਆ ਹੈ ਪਰ ਉਤ੍ਰੈਣ ਵਿੱਚ ਦਿਨ ਵਧਦੇ ਹਨ ਰਾਤਾਂ ਨਹੀਂ, ਰਾਤਾਂ ਦਖਣੈਣ ਵਿੱਚ ਹੀ ਵਧਦੀਆਂ ਹਨ। ਅੰਮ੍ਰਿਤਸਰ ਐਡੀਸ਼ਨ ਵਿੱਚ ਪਾਠ ਦਖਣੈਣ ਹੀ ਛਪਿਆ ਹੋਇਆ ਹੈ, ਜਿਸ ਨੂੰ ਸ਼ੁੱਧ ਜਾਣ ਕੇ ਅਸਾਂ ਏਥੇ ਛਾਪ ਦਿੱਤਾ ਹੈ।

ਤੱਤ ਪੰਥ ਕੇ ਸੰਗ,
ਤੁਰਕ ਕਪਟ ਬਡ ਮੇਲ ਕਰਿ[1]। — [1]ਵੱਡੇ ਛਲ ਨਾਲ ਮੇਲ ਕਰਕੇ।
ਜੰਗ ਬੰਦਈਯਨ ਸੰਗ,
ਕਰੈਂ ਤਿਨੈਂ ਅੰਗ ਭੰਗ ਜਜੋਂ[1] ॥ ੪ ॥ — [1]ਜਿਵੇਂ ਜੰਗ ਕਰ ਕੇ ਉਨ੍ਹਾਂ ਨੂੰ ਅੰਗ ਭੰਗ ਕਰਨਗੇ।
ਤੁਰਕ ਪੰਥ ਕੇ ਸਾਥ,
ਬਿਗਰੈਂ ਜਜੋਂ ਇਤਯਾਦਿ ਕਥ[1]। — [1]ਕਥਾ।
ਕਥੋਂ ਸੁਨੋਂ ਹਿਤ ਸਾਥ,
ਗੁਰੂ ਖਾਲਸਾ ਜੀ ਅਬੈ ॥ ੫ ॥

ਚੌਪਈ:

ਗੁਰੁ ਆਗਯਾ ਮੂਜਬ[1] ਜਬਿ ਬੰਦੇ। — [1]ਅਨੁਸਾਰ।
ਸਿੰਘ ਸੰਗ ਲੈ ਬੀਰ ਬੁਲੰਦੇ।
ਆਇ ਪੰਜਾਬ ਦੇਸ ਸੁਖ ਕੰਦੇ[1]। — [1]ਸੁਖਾਂ ਦੇ ਬੱਦਲ ਰੂਪ।
ਗਦਰ ਜਦਰ ਵਡ ਡਾਰ ਅਮੰਦੇ[1] ॥ ੬ ॥ — [1]ਵੱਡੀ (ਅਮੰਦੇ) ਤੇਜ਼ੀ ਨਾਲ (ਗ਼ਦਰ) ਹਲਚਲ ਤੇ (ਜਦਰ) ਜੰਗ ਪਾ ਕੇ।
ਕਾਮ ਤਮਾਮ ਕੀਨ ਮਨ ਚਿੰਦੇ[1]। — [1]ਮਨ-ਇੱਛਤ।
ਕਸਬੇ ਗਾਰਤ ਕਰੇ ਭਵੰਦੇ[1]। — [1](ਭਵੰਦੇ) ਮਨ-ਭਾਉਂਦੇ ਕਸਬੇ ਗ਼ਰਕ ਕੀਤੇ।
ਜੰਗ ਜਦੂਲ ਕਰਿ ਸੱਤ੍ਰ ਨਿਕੰਦੇ[1]। — [1]ਜੰਗ ਜੁੱਧ ਕਰ ਕੇ ਵੈਰੀ ਨਾਸ਼ ਕੀਤੇ।
ਤੁਰਕ ਬਨੀ ਕੋ ਲਗ ਸਮ ਬੰਦੇ[1] ॥ ੭ ॥ — [1]ਤੁਰਕਾਂ ਰੂਪ ਬਗ਼ੀਚੀ ਨੂੰ (ਬੰਦੇ) ਅਕਾਸ਼ ਵੇਲ ਵਾਂਗ ਲੱਗ ਕੇ।
ਦੁਸ਼ਟਨ ਕੋ ਲਗਿ ਕੁਸ਼ਟ ਰੁਜੰਦੇ[1]। — [1]ਕੋਹੜ ਦਾ ਰੋਗ ਲੱਗ ਕੇ।
ਸੱਤ੍ਰਨ ਕੇ ਕੁਲ ਕੀਨੇ ਖੰਦੇ[1]। — [1]ਨਾਸ ਕੀਤੇ।
ਬੈਰੀ ਬਿਹੰਗ ਕਰੇ ਪਰਗੰਦੇ[1]। — [1]ਵੈਰੀਆਂ ਰੂਪ ਪੰਛੀ (ਕਰੇ ਪਰਗੰਦੇ) ਖਿੰਡਾ ਪੁੰਡਾ ਦਿੱਤੇ।
ਹਾਕਮ ਤੁਰਕ ਹਤੇ ਕਰਿ ਮੰਦੇ ॥ ੮ ॥
ਤੋੜੇ ਤੁਰਕ ਜੁਲਮ ਕੇ ਜੰਦੇ।
ਕਾਟੇ ਹਿੰਦੂ ਕੌਮ ਕੇ ਫੰਧੇ[1]। — [1]ਫਾਹੇ।
ਕੋਹੀ ਕਰੇ ਨਿਰਪ ਨਿਜ ਬੰਦੇ[1]। — [1]ਪਹਾੜੀ ਰਾਜੇ ਆਪਣੇ ਦਾਸ ਬਣਾ ਲਏ।
ਕਰੀ ਹਕੂਮਤ ਹੋਇ ਸੁਛੰਦੇ[1] ॥ ੯ ॥ — [1]ਸੁਤੰਤਰ, ਆਜ਼ਾਦ।
ਪਾਲੇ ਬਚਨ ਸ੍ਰੀ ਗੁਰੁ ਸੰਦੇ[1]। — [1]ਸੁਭਾਇਮਾਨ ਗੁਰਾਂ ਦੇ।
ਦਿਨ ਦਿਨ ਬਢਤ ਗਯੋ ਦਹਿ ਚੰਦੇ[1]। — [1]ਦਿਨ ਬਦਿਨ ਚੰਦ ਵਾਂਗ ਦਸ ਗੁਣਾ ਵਧਦਾ ਗਿਆ।
ਪੰਥ ਖਾਲਸਾ ਕਰਯੋ ਅਨੰਦੇ।
ਤੁਰਕਨ ਪਰ ਦਿਨ ਮੇਲੇ ਮੰਦੇ ॥ ੧੦ ॥

ਜਹਿਂ ਤਹਿ ਦੋਹੀ[1] ਫੇਰੀ ਗੁਰੁ ਕੀ।
ਦਈ ਉਠਾਇ ਹਕੂਮਤ ਤੁਰਕੀ।
ਕਟੂ ਬੇਲ ਸਮ ਪੰਥ ਬਢਾਯੋ[1]।
ਕਈ ਸਹਸ[1] ਸਿੰਘ ਨਯੋ ਸਜਾਯੋ ॥੧੧॥
ਉਭੈ ਲੋਗ ਜਸ ਤਾਂ ਕਾ ਛਾਯੋ।
ਮੀਰੀ ਪੀਰੀ ਮੈਂ ਪ੍ਰਗਟਾਯੋ।
ਫਿਰ ਜਬਿ ਤਿਸ ਕੋ ਭਈ ਗਰੂਰਤ[1]।
ਬੈਠਜੋ ਬਦਲ ਆਪਨੀ ਸੂਰਤ[1] ॥੧੨॥
ਪੰਥ ਚਲਾਵਨ ਗੁਰੂ ਕਹਾਵਨ।
ਲਗਜੋ ਜਬੈ ਕਰਨੈਂ ਮਨ ਭਾਵਨ।
ਜੋ ਗੁਰ ਸੈਂ ਕਰਿ ਅਯੋ ਕਰਾਰੇ।
ਸੋ ਸਭਿ ਬੰਦੇ ਜਬੈ ਬਿਸਾਰੇ ॥੧੩॥
ਤੇਜ ਮੰਦ ਤਿਸ ਕਾ ਭਜੋ ਐਸੇ।
ਸਾਂਝ ਸਮੈਂ ਸੂਰਜ ਹ੍ਵੈ ਜੈਸੇ।
ਸਿੰਘਨ ਸੋਂ ਸਨੇਹ ਕਰਿ ਰਾਖੈ।
ਦਿਲ ਤੇ ਪੈ ਨ ਮੁਖੋਂ ਕਿਛੁ ਭਾਖੈ[1] ॥੧੪॥

ਹੇਤ ਕੁਹੇਤ ਹੀਏ ਕਾ ਜੈਸਾ।
ਹ੍ਵੈ ਹੈ ਕੈਹੈਂ ਨੇਤਰ ਤੈਸਾ।
ਸਿੰਘ ਭੀ ਰਹੈਂ ਤੈਸ ਤਿਸ ਸੰਗੈਂ।
ਜੈਸਾ ਪਿਖੈਂ ਤਾਂਹਿ ਕਾਰੰਗੈਂ ॥੧੫॥
ਉਤ ਤੁਰਕੈਂ ਅਤਿ ਹੋਇ ਦੁਖਜਾਰੇ।
ਛਲ ਬਲ ਕਰਿ ਬਹੁ ਭਾਂਤੈ ਹਾਰੇ।
ਸਾਮ[1] ਦਾਮ[2] ਜੋ ਭੇਦ[3] ਦੰਡ[11] ਹੈ।

ਕਹੇ ਸਜਾਨਜੋ ਨੇ ਅਖੰਡ ਹੈ[1] ॥੧੬॥
ਜਬਿ ਬੰਦੇ ਪਰ ਚਲਜੋ ਨ ਕਜੋਂ ਹੀ।
ਫਾਰਜੋ ਪੰਥ ਤ੍ਰਕੈਂ ਫੁਨ ਜਜੋਂ ਹੀ।
ਸੋ ਸਭਿ ਗਾਥਾ ਪੂਰਬ ਗਾਈ।
ਅਬਿ ਫਿਰ ਤ੍ਰਕੈਂ ਵਹੀ ਬਨਾਈ ॥੧੭॥
ਪੰਥ ਦੂਧ ਮੈਂ ਕਾਂਜੀ ਪਾਈ।

[1]ਢੰਡੋਰਾ ਪਿੱਟ ਦਿੱਤਾ ਭਾਵ ਬਹੁਤ ਮਸ਼ਹੂਰੀ ਕਰ ਦਿੱਤੀ।
[1]ਕੌੜੀ ਵੇਲ ਵਾਂਗ ਪੰਥ ਵਧਾਇਆ।
[1]ਹਜ਼ਾਰ।
[1]ਹਉਮੈਂ।
[1]ਸ਼ਕਲ, ਭਾਵ ਸੁਭਾਵ।
[1]ਪਰ ਦਿਲੋਂ ਹਿਤ ਨਹੀਂ ਕਰਦਾ ਤੇ ਨਾ ਹੀ ਮੁਖੋਂ ਕੁਝ ਕਹਿੰਦਾ ਹੈ।
[1]ਸਮਝੌਤਾ, ਸੁਲਹ। [2]ਲਾਲਚ ਦੇ ਕੇ ਆਪਣੇ ਵਲ ਕਰ ਲੈਣਾ। [3]ਫੁੱਟ ਪਾ ਦੇਣੀ। [11]ਸਜ਼ਾ ਦੇਣੀ।
[1]ਇਕਰਾਇ ਹੋ ਕੇ।

ਮੀਠੀ ਮੀਠੀ ਬਾਤੈਂ ਲਾਈ।
ਦਿਲ ਸਿੰਘਨ ਕੇ ਲਏ ਚੁਰਾਈ।
ਖੁਦਗਰਜ਼ੀ ਕੀ ਬਜ਼ੋਂਤ ਬਨਾਈ* ॥੧੮॥

ਸਾਮ ਦਾਮ ਫਿਰ ਭੇਦ ਜੁ ਨੀਤੀ।
ਰਾਜਨੀਤਿ ਛਲ ਕਰੇ ਅਨੀਤੀ[1]।
ਬਰਗਲਾਨ ਸਿੰਘਨ ਕੋ ਲੀਨਾ[1]।
ਫ਼ਰਕ ਪਾਇ ਆਪਸ ਮੈਂ ਦੀਨਾ ॥੧੯॥
ਚਾਲ ਚਲੀ ਤੁਰਕੋਂ ਨੈ ਸੋਈ।
ਜੀਤੀ ਬਾਜੀ ਸਿੰਘਨ ਖੋਈ[1]।
ਧੋਖੇ ਮੈਂ ਸਿੰਘ ਐਸੇ ਲੀਨੇ।
ਦੁਸ਼ਮਨ ਬੰਦੇ ਕੇ ਕਰਿ ਦੀਨੇ ॥੨੦॥
ਜ਼ਹਿਰ ਮਿਲੀ ਮੀਠੀ ਅਤਿ ਬਾਤੈਂ।
ਸੁਨਿ ਤੁਰਕਨ, ਰੀਝੇ ਸਿੰਘ ਖਜਾਤੈਂ[1]।
*ਛੁਰੀ ਖੰਡ ਕੀ ਹ੍ਵੈ ਉਰਿ ਧਸੇ[1]।
ਸਿੰਘ ਉਨ ਕੀ ਬਾਤੋਂ ਪਰ ਰਸੇ[1] ॥੨੧॥
ਬਿਨਾ ਤਜਰਬੇ ਇਲਮ ਬਿਨਾਹੀਂ।
ਪਸੁ ਜਯੋਂ ਨਰ ਵਰ[1] ਭੀ ਫਸ ਜਾਹੀਂ।
ਫਿਰ ਅਦ੍ਰਿਸ਼ਟ ਭਾਵੀ[1] ਜਿਮ ਆਵੀ।
ਤੈਸੀ ਬੁੱਧਿ ਸਹਾਇ ਮਿਲਾਵੀ ॥੨੨॥
ਕਿਸ ਕੇ ਪਾਨੀਹਾਰ ਬਿਚਾਰੇ।
ਸਿਖ ਬੇਇਲਮ ਗੁਨੀ ਬਡ ਸਾਰੇ।
ਪਾਂਡਵ ਕੌਰਵ ਜਾਦਵ ਕ੍ਰੀਚੈਂ[1]।
ਰਾਵਣ ਰਾਮ ਜਿਤੱਯਾ ਮੀਚੈਂ[1] ॥੨੩॥
ਨਾਰਦਾਦਿ ਸਰਬੱਗਯ ਮੁਨੀਸੈਂ।
ਭਾਵੀ ਸਭਿ ਡਾਰੇ ਨਿਜ ਖੀਸੈਂ।
ਜਬਿ ਬ੍ਰਹਮਾਂ ਇੰਦ੍ਰਾਦਿ ਨ ਛੂਟੇ।

*ਜੋ ਗੁਰ' ਤੋਂ 'ਬਜ਼ੋਂਤ ਬਨਾਈ' ਤੱਕ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ।

[1]ਖੋਟੀ ਨੀਤੀ।

[1]ਸਿੰਘਾਂ ਨੂੰ (ਵਰਗਲਾ ਕੇ) ਸਿਖਾ ਕੇ ਆਪਣੇ ਹੱਥ ਵਿੱਚ ਕਰ ਲਿਆ।

[1]ਗਵਾ ਲਈ।

[1]ਪ੍ਰਤੱਖ ਹੀ ਸਿੰਘ ਖ਼ੁਸ਼ ਹੋ ਗਏ।

[1](ਤੁਰਕ) ਹਿਰਦੇ 'ਚ ਧਸ ਗਏ। *ਅੰਕ ਨੰ. ੨੧ ਦੀ ਤੀਜੀ ਤੁਕ 'ਛੁਰੀ ਖੰਡ ਕੀ' ਤੋਂ ਅੰਕ ਨੰ. ੨੫ ਦੇ ਅੰਤ ਤੱਕ ਦਾ ਪਾਠ ਵੀ ਅੰਮ੍ਰਿਤਸਰ ਐਡੀਸ਼ਨ ਦਾ ਹੈ।

[1]ਰੀਝ ਗਏ।

[1]ਸਿਆਣੇ ਆਦਮੀ।

[1]ਨਾ ਦਿਸਣ ਵਾਲੀ ਹੋਣੀ।

[1]ਕ੍ਰੀਚਕ-ਕੇਕਯਰਾਜੇ ਦਾ ਪੁੱਤਰ ਅਤੇਰਾਜਾ ਵਿਰਾਟ ਦਾ ਸਾਲਾ, ਜਿਸ ਨੂੰ ਦ੍ਰੋਪਤੀ ਨਾਲ ਛੇੜਖਾਨੀ ਕਰਨ ਕਰ ਕੇ ਭੀਮਸੈਨ ਨੇ ਮਾਰ ਦਿੱਤਾ ਸੀ।

[1]ਮੌਤ ਨੂੰ ਜਿੱਤਣ ਵਾਲੇ।

ਫਿਰ ਸਿੰਘ ਕੌਨ ਬਾਗ ਕੇ ਬੂਟੇ ॥੨੪॥
ਲਏ ਭ੍ਰਮਾਇ ਤ੍ਰਕੈਂ ਕਹਿ ਬਾਤੈਂ।
ਰੀਝ ਗਏ ਸਿੰਘ ਨਏ ਬਖਜਾਤੈਂ।
ਬ੍ਰਿਧ ਸਜਾਨਜੋਂ ਕੀ ਨਹਿਂ ਮਾਨੀ।
ਧਾਰੀ ਪਜਾਰੀ ਕਰਿ ਅਰਿ ਬਾਨੀ[1] ॥੨੫॥ — [1]ਵੈਰੀ ਦੀ ਗੱਲ ਸੱਚੀ ਜਾਣ ਕੇ ਮੰਨ ਲਈ।
ਫਿਰ ਕੁਛ ਨਕਦੀ ਖਿਲਤ[1] ਦੁਸ਼ਾਲੇ। — [1]ਪੁਸ਼ਾਕੇ, ਸਿਰੋਪਾਉ।
ਦੈ ਕਰਿ ਕਰਿ ਲੀਨੇ ਨਿਜ ਬਾਲੇ[1]। — [1]ਬਾਲਕ ਭਾਵ ਅਧੀਨ।
ਪੁਨਾ ਮੁਲਾਜ਼ਮ ਅਪਨੇ ਕੈ ਕੈ।
ਔਰ ਦਿਲਾਸੇ ਬਹੁ ਬਿਧਿ ਦੈ ਕੈ ॥੨੬॥
ਬੰਦੇ ਸੰਗ ਸਿਖਾਇ ਲੜਾਏ।
ਦੁਸ਼ਮਨ ਜਾਨੀ ਉਭੈ ਬਨਾਏ[1]। — [1]ਦੋਵੇਂ ਇਕ ਦੂਜੇ ਦੇ ਜਾਨੀ ਦੁਸ਼ਮਣ ਬਣਾ ਦਿੱਤੇ।
ਯਹਿ ਜਬਿ ਬਾਦਸ਼ਾਹਿ ਸੁਨ ਪਾਈ।
ਦਿਲ ਮਧ ਕੀਨੀ ਅਧਿਕ ਵਧਾਈ[1] ॥੨੭॥ — [1]ਖੁਸ਼ੀ।
ਗੁਰੁ ਚੱਕ[1] ਢਿਗ ਸਭਿ ਸਿੰਘ ਉਤਾਰੇ। — [1]ਅੰਮ੍ਰਿਤਸਰ।
ਪਠਿ ਵਕੀਲ ਦਿਯ ਦਰਬ ਅਪਾਰੇ।
ਕਸਮ ਕੁਰਾਂ ਬਹੁ ਬਾਰ ਉਠਾਈ।
ਸਿੰਘਨ ਕੋ ਲਿਖ ਦੀਯੋ ਇਦਾਈ[1] ॥੨੮॥ — [1]ਇਸ ਤਰ੍ਹਾਂ।
ਦਸ ਹਜਾਰ ਦੈਹੈਂ ਸਾਲਾਨਾ।
ਕਰਿ ਹੈਂ ਮਰਤਬ[1] ਔਰ ਮਹਾਨਾ ॥੨੯॥ — [1]ਅਹੁਦਾ, ਦਰਜਾ।

ਦੋਹਰਾ:

ਮੇਲੇ ਉਤਸ਼ਵ ਸੋ ਕਰੋ,
ਗੁਰੁ ਦ੍ਵਾਰਨ ਕੀ ਠੌਰ।
ਮਾਫੀ ਕਰੈਂ ਮਸੂਲ ਤੁਵ,
ਅਵਰ ਰਾਖ ਹੈਂ ਗੌਰ[1] ॥੩੦॥ — [1]ਹੋਰ ਵੀ (ਗੌਰ) ਖ਼ਿਆਲ ਰੱਖਾਂਗੇ।

ਚੌਪਈ:

ਸਿੰਘਹਿਂ ਰਾਖਜੋ ਯੌਂ ਪਰਚਾਈ।
ਦੈਂਹ ਜਗੀਰ ਤੁਮੈਂ ਬਹੁ ਭਾਈ[1]। — [1]ਬਹੁਤ ਤਰ੍ਹਾਂ ਦੀਆਂ।
ਜੋਉ ਨੌਕਰੀ ਕਰਨੀ ਚਾਹੈ।
ਆਇ ਰਹੈ ਸੋ ਹਮਰੈ ਪਾਹੈ[1] ॥੩੧॥ — [1]ਪਾਸ।
ਕਾਨ੍ਹ ਬਿਨੋਦ ਸਿੰਘ ਦੁਇ ਬਾਵੇ।

ਦੈ ਦੈ ਦਰਬ ਤਿਨੈ ਪਰਚਾਵੇ।
ਸਿੰਘ ਪੰਜ ਸੈ ਪਾਛੈ ਲਾਏ[1]।
ਤਿਨ ਹਾਥਨ[1] ਸਿੰਘ ਅਵਰ ਮਿਲਾਏ ॥੩੨॥
ਰੋਜ ਰੁਪਯਾ ਕੀਨ ਅਸਵਾਰੈਂ।
ਪਾਂਚ ਰੁਪੱਯੇ ਨਿਤ ਸਰਦਾਰੈਂ।
ਹੁਤੇ ਮਝੈਲ ਸਿੰਘ ਤਬਿ ਜੇਤੇ।
ਲਗੇ ਮਗਰ ਬਾਵਜੋਂ ਕੇ ਤੇਤੇ ॥੩੩॥
ਜਿਨੈ ਨੌਕਰੀ ਚਹੀ ਨ ਕਰਨੀ।
ਤਿਨਹਿਂ ਜਗੀਰੈਂ ਦੀਨੀ ਧਰਨੀ[1]।
ਲਾਯਕ ਪੇਖਯੋ ਜੋ ਸਿੰਘ ਜੈਸੇ।
ਤਿਸ ਕੀ ਇੱਜ਼ਤ ਕੀਨੀ ਤੈਸੇ ॥੩੪॥
ਕਰਯੋ ਸਲੂਕ[1] ਪੰਥ ਸੋਂ ਐਸੇ।
ਸਿੰਘ ਅਧਿਕ ਤਿਨ ਕੇ ਹ੍ਵੈ ਬੈਸੇ।
ਸਿੱਖ ਜੁ ਥੇ ਮਲਵਈ ਬਿਰਾੜੈਂ।
ਫਤੇ ਸਿੰਘ ਤੈ ਆਦਿ ਗਰਾੜੈਂ[1] ॥੩੫॥
ਦੁੱਲਟ ਚੂਹੜ ਸਿੰਘ ਬਹਾਦਰ।
ਸਿੱਖ ਸਾਬੋ ਕੇ ਔਰ ਉਜਾਗਰ[1]।
ਗਰੇਵਾਲ, ਕਾਲੇ ਕੇ, ਮਾਨ।
ਭੁੱਲਰ, ਧਾਲੀਵਾਲ, ਕਿਤਾਨ[1] ॥੩੬॥
ਤੁਲ[1] ਫੂਲ ਕੇ ਵਡ ਸਰਦਾਰੂ।
ਇਤਯਾਦਿਕ ਮਲਵਈ ਅਪਾਰੂ।
ਵਹਿ ਨਹਿ ਬੰਦੇ ਸੰਗ ਰਹਾਏ।
ਨਹਿਂ ਤੁਰਕੋਂ ਕੇ ਛਲ ਮੈਂ ਆਏ ॥੩੭॥
ਉਭੈ ਓਰ ਕੋ ਛੋਰਿ ਤਬੈ ਹੀ।
ਗਏ ਆਪਨੇ ਦੇਸ ਸਭੈ ਹੀ।
ਯੌਂ ਜਬਿ ਸਿੰਘ ਬਿਥਰ ਸਭਿ ਗਏ[1]।
ਤੁਰਕਨ ਕੇ ਪਗ ਬਾਰਾਂ ਪਏ[1] ॥੩੮॥

ਜਬਿ ਤਕ ਸਿੰਘ ਅਸਿੰਘ ਹਜਾਰੈਂ।
ਬੰਦੇ ਕੇ ਸੰਗ ਰਹੇ ਅਪਾਰੈਂ।

[1]ਬਾਵਿਆਂ ਨੇ ਪੰਜ ਸੌ ਸਿੰਘਾਂ ਨੂੰ ਆਪਣੇ ਪਿੱਛੇ ਲਾ ਲਿਆ।
[1]ਉਨ੍ਹਾਂ ਪੰਜ ਸੌ ਸਿੰਘਾਂ ਦੇ ਹੱਥੀਂ ਭਾਵਰਾਹੀਂ।
[1]ਜਗੀਰਾਂ ਵਜੋਂ ਧਰਤੀ ਦੇ ਦਿੱਤੀ।
[1]ਵਰਤਾਉ।
[1]ਬਲੀ।
[1]ਮਸ਼ਹੂਰ।
[1]ਕਿਤਨੇ ਭਾਵ ਬਹੁਤੇ।
[1]ਬਹੁਤੇ।
[1]ਸਾਰੇ ਖਿੰਡ ਗਏ।
[1]ਤੁਰਕਾਂ ਦੇ ਪਉਂ ਬਾਰਾਂ ਪੈ ਗਏ ਭਾਵ ਤੁਰਕਾਂ ਦੀ ਮਨ-ਭਾਉਣੀ ਹੋ ਗਈ।

ਬੰਦਾ ਰਹਜੋ ਬਨਜੋ ਸਰਦਾਰੈਂ।
ਔਰ ਰਹੇ ਤਿਸ ਤਾਬੇਦਾਰੈਂ ॥੩੯॥
ਤਬਿ ਤਕ ਤੇਜ ਪ੍ਰਤਾਪ ਹਕੂਮਤ।
ਸਿੰਘ ਜੁਆਰ ਜਿਮ ਬਡੋ ਹਜੂਮਤ[1]।

[1]ਸਮੁੰਦਰ ਦੇ (ਜੁਆਰ) ਚੜ੍ਹਾ ਵਾਂਗ ਸਿੰਘਾਂ ਦਾ (ਹਜੂਮਤ) ਇਤਫ਼ਾਕ ਵਧਿਆ।

ਜਾ ਦਿਨ ਤੇ ਫਿਰ ਫੂਟ ਗਈ ਪੜ[1]।
ਭਾਠੇ ਜਜੋਂ ਝਟ ਉਤਰ ਗਯੋ ਚੜ੍ਹ[1] ॥੪੦॥

[1]ਫੁੱਟ ਪੈ ਗਈ।

[1](ਚੜ੍ਹ) ਚੜ੍ਹਿਆ ਹੋਇਆ (ਤੇਜ ਪ੍ਰਤਾਪ ਦਾ {ਜੁਆਰ} ਚੜ੍ਹਾ) ਫੇਰ ਛੇਤੀ ਹੀ (ਭਾਠੇ) ਸਮੁੰਦਰ ਦੇ ਉਤਰਾ ਵਾਂਗ ਉਤਰ ਗਿਆ।

ਬੀਸ ਹਜਾਰੁਕ ਫੌਜ ਬੰਦਈ।
ਬੰਦੇ ਕੇ ਪੀਛੇ ਸੋ ਗਈ।
ਦਸ ਕੁ ਹਜ਼ਾਰ ਲੁਟੇਰਾ ਜੋਈ।
ਥਾ, ਸੁ ਗਯੋ ਇਤ ਉਤ ਕਿਤ ਕੋਈ ॥੪੧॥
ਪਾਂਚ ਹਜਾਰਕ ਸਿੰਘ ਮਝੈਲੈਂ।
*ਸੋ ਲਾਗੇ ਬਾਵਜੋਂ ਕੇ ਗੈਲੈਂ[1]।

[1]ਪਿੱਛੇ। (ਅ) ਰਸਤੇ। *ਅੰਕ ਨੰ. ੪੨ ਦੀ ਦੂਜੀ ਤੁਕ 'ਸੋ ਲਾਗੇ' ਤੋਂ ਅੰਕ ਨੰ. ੪੩ ਦੀ ਦੂਜੀ ਤੁਕ ਦੇ ਅੰਤ 'ਮੇਲ ਕਰਵਾਯੋ' ਤੱਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ।

ਬਾਵੇ ਲੋਭ ਤੁਰਕੋਂ ਤੈ ਲੈ ਕੈ।
ਬਨ ਬੈਠੇ ਤੁਰਕੋਂ ਕੇ ਚੈ ਕੈ ॥੪੨॥
ਸਿੰਘਨ ਕੋ ਭੀ ਤਿਨ ਭੁਚਲਾਯੋ।
ਤੁਰਕੈਂ ਸੰਗ ਮੇਲ ਕਰਵਾਯੋ।
ਸਾਤ ਹਜਾਰਕ ਥੇ ਮਲਵਈ।
ਸੋ ਸਭਿ ਧਸੇ ਦੇਸ ਨਿਜ ਧਈ[1] ॥੪੩॥
ਬਾਕੀ ਥੇ ਬਹੀਰੀਏ[1] ਜੋਈ।
ਇਤ ਉਤ ਗੇ ਵਹੀਰ ਘਤ[1] ਸੋਈ।
ਨਾਮੀ ਗ੍ਰਾਮੀ[1] ਸਿੰਘ ਥੇ ਜੇਤੇ।
ਬੈਠ ਰਹੇ ਗੁਰੁ ਚੱਕ ਮੈਂ ਤੇਤੇ ॥੪੪॥

[1]ਧਾ ਕੇ, ਦੌੜ ਕੇ।
[1]ਵਿਚਰਨ ਵਾਲੇ।
[1]ਚਾਲੇ ਪਾ ਕੇ।
[1]ਬਹੁਤੇ ਮਸ਼ਹੂਰ।

ਦੋਹਰਾ:
ਤੁਰਕਨ ਕੇ ਤਬਿ ਹੀ ਪਰੇ,
ਬਾਰਾਂ ਪੱਕੇ ਦਾਇ।
ਕਰਜੋ ਅੱਠੀਂਖੰਡ[1] ਪੰਥ ਕੋ,

[1]ਅੱਠਾਂ ਹਿੱਸਿਆਂ ਵਿੱਚ।

ਆਪਸ ਮਾਂਹਿ ਲਰਾਇ ॥੪੫॥
ਚੌਪਈ:
ਤੱਤ ਖਾਲਸੇ ਬੀਚ ਬੰਦੱਯਨ।
ਦਾਈਯੇ[1] ਦਏ ਪਵਾਇ ਸ਼ਰੱਯਨ[2]। — [1]ਝਗੜੇ, ਵੈਰ। [2]ਤੁਰਕਾਂ ਨੇ।
ਤੁਰਕੈਂ ਸਿੰਘ ਐਸੇ ਸਿਖਰਾਏ।
ਸਿਰਾਂ ਧੜਾਂ ਕੇ ਬੈਰ ਪਵਾਏ ॥੪੬॥
ਬਲਿਕੈ ਸਿੰਘ ਮਝੈਲੈਂ ਤਨ ਕੈ[1]। — [1]ਜ਼ੋਰ ਲਾ ਕੇ।
ਸੁਟੇ ਬੰਦਈ ਮਾਰ ਤਬਿ ਧਨ ਕੈ[1]। — [1]ਮਾਰ ਕੇ ਨਾਸ਼ ਕਰ ਸੁੱਟੇ {ਧਨ-ਧ੍ਵੰਸ਼ਨ, ਨਾਸ਼ ਕਰਨ। (ਅ) ਨਿਧਨ ਦਾ ਸੰਖੇਪ}।
ਚਾਰ ਬਾਰ ਪੁਨ ਲਰੇ ਬੰਦਈ।
ਸਿੰਘੈਂ ਹਾਰ ਉਨੈਂ ਦਿਲਵਈ ॥੪੭॥
ਮੀਰੀ ਸਿੰਘ, ਬਿਨੋਦ, ਕਾਨ੍ਹ ਸਿੰਘ।
ਬੁੱਢਾ ਸਿੰਘ, ਭੋਮਾ ਹਰਿ, ਨਰ ਸਿੰਘ।
ਚਾਰ ਹਜਾਰ ਸਿੰਘ ਕੋ ਲੈ ਕੈ।
ਲਰੇ ਏਹੁ ਲਾਹੌਰੋਂ ਜੈ ਕੈ ॥੪੮॥
ਅਬਦੁਲ ਸਮੁੰਦ ਖਾਨ ਤਬਿ ਸੂਬਾ।
ਰਖਤ ਇਨੋ ਕੀ ਖਾਤਰ ਖੂਬਾ[1]। — [1]ਚੰਗੀ ਸੇਵਾ ਕਰਦਾ ਸੀ।
ਦੀਪ ਸਿੰਘ ਦਰਬਾਰਾ ਸਿੰਘ।
ਸੱਦਾ ਸਿੰਘ ਨੱਥਾ ਸਿੰਘ ਧਿੰਗ[1] ॥੪੯॥ — [1]ਜ਼ੋਰਾਵਰ।
ਬੀਰ ਸਿੰਘ ਜੀਵਣ ਸਿੰਘ ਆਦੀ।
ਇਨੈ ਸੁਧਾਸਰ ਰਖੀ ਅਵਾਦੀ[1]। — [1]ਵਸੋਂ, ਰਿਹਾਇਸ਼।
ਹਾਕਮ ਤੁਰਕੈਂ ਮਸਲਤ ਠਾਣੀ[1]। — [1]ਸਲਾਹ ਕੀਤੀ।
ਟਹਿਲੇ ਕਰੋ ਬੰਦੱਯਨ ਹਾਨੀ ॥੫੦॥
ਤੱਤ ਖਾਲਸੇ ਕੋ ਲੈ ਕਰ ਪਰ[1]। — [1]ਹੱਥ 'ਤੇ ਲੈ ਕੇ।
ਮਾਰੋ ਤਿਨੈਂ ਲਰਾਇ ਅੱਗ੍ਰ ਕਰਿ।
ਦੁਸ਼ਮਨ ਸੋਂ ਦੁਸ਼ਮਨ ਲਰਵਾਵੋ।
ਬੈਰੀ ਅੰਗ ਭੁਜੰਗ[1] ਕਟਾਵੋ ॥੫੧॥ — [1]ਸੱਪ ਤੋਂ।
ਹੀਰੇ ਕੋ ਹੀਰਾ ਹੀ ਬੇਧੈ[1]। — [1]ਵਿੰਨ੍ਹਦਾ ਹੈ।
ਲੋਹੇ ਕੋ ਲੋਹਾ ਹੀ ਛੇਦੈ[1]। — [1]ਕੱਟਦਾ ਹੈ।
ਤਜੋਂ ਸਿੰਘਨ ਸੋਂ ਸਿੰਘ ਲਰਾਵੋ।

ਮਰੈਂ ਬੰਦਈ ਇਨੈ ਫਿਰ ਘਾਵੋ[1] ॥੫੨॥ — [1]ਮਾਰੋ।
ਯੌਂ ਥਟ[1] ਤੱਤ ਪੰਥ ਲੈ ਸੰਗੈਂ। — [1]ਮਨ 'ਚ ਧਾਰ ਕੇ।
ਘੇਰੇ ਜਾਇ ਬੰਦਈ ਨਿਸੰਗੈਂ।
ਦੜਪ ਦੇਸ ਜੇਹਲਮ ਕੇ ਜਿੱਲੇ[1]। — [1]ਜ਼ਿਲ੍ਹੇ ਵਿੱਚ।
ਸਿੰਘ ਬੰਦਈ ਲਰੇ ਕਿਛੁ ਢਿੱਲੇ ॥੫੩॥
ਸਜਾਲਕੋਟ ਪੁਨ ਦੁਤੀ ਲੜਾਈ।
ਕਰੀ ਬੰਦੱਯਨ ਜੋਰ ਲਗਾਈ।
ਭਾਈ ਧੰਨਾ ਸਿੰਘ ਬਖਸੀਸਾ।
ਸਿੰਘ ਦਿਦਾਰਾ, ਰਾਮ ਮ੍ਰਿਗੀਸਾ ॥੫੪॥
ਸੋਹਣਿ ਹਰਿ, ਸਾਹਬ ਸਿੰਘ, ਸੈਣਾ।
ਖੇਮ, ਪ੍ਰੇਮ ਸਿੰਘ, ਮਾਨਾ, ਗੈਣਾਂ।
ਇਤਜਾਦਿਕ ਸਿੰਘ ਨਾਮੀ ਗ੍ਰਾਮੀ।
ਹੁਤੇ ਬੰਦਯਨ ਮੈਂ ਬਲ ਧਾਮੀ[1] ॥੫੫॥ — [1]ਬਲ ਦਾ ਘਰ।
ਬੰਦੇ ਪੀਛੇ ਇਹੁ ਸਰਦਾਰਾ।
ਰਹੇ ਨਾਮਵਰ[1] ਤਿਨੋਂ ਮਝਾਰਾ। — [1]ਮਸ਼ਹੂਰ।
ਚਾਰ ਹਜਾਰਕ ਭਯੋ ਇਕੱਠਾ।
ਦਲ ਤੁਰਕੀ ਉਨ ਆਗੇ ਨੱਠਾ ॥੫੬॥
ਜਾਨ ਤਲੀ ਪਰ ਥੀ ਉਨ ਰਾਖੀ।
ਸਭੈ ਸ਼ਹੀਦੀ ਕੇ ਅਭਿਲਾਖੀ।
ਮਰਨ ਮਾਰਨੋ ਕਰੈਂ ਨ ਟਾਰਾ।
ਹਾਕਮ ਸਜਾਲਕੋਟ ਕੋ ਮਾਰਾ ॥੫੭॥
ਸ਼ਹਿਰ ਲੂਟ ਉਨ ਗੁਜ਼ਰ ਚਲਾਈ।
ਤੀਨ ਮਾਸ ਇਮ ਰਖੀ ਲਰਾਈ।
ਫੌਜ ਤੁਕਾਨੀ ਕਾਨੀਂ ਜਹਾਂ।
ਸੁਨੈਂ[1], ਧਰੈਂ ਧਾਵਾ ਕਰਿ ਤਹਾਂ ॥੫੮॥ — [1]ਜਿੱਥੇ ਕੰਨਾਂ ਵਿੱਚ ਸੁਣਦੇ ਹਨ।
ਲੂਟ ਮਾਰਤੇ ਫਿਰੈਂ ਬੰਦਈ।
ਪਾਛੈ ਫੌਜ ਤੁਕਾਨੀ ਪਈ।
ਹਾਰ ਤੁਕੋਂ ਨੈ ਸਿੰਘ ਸਦਾਏ।
ਲੌਪੁਰਿ ਤੈ ਸੂਬੇ ਸੁ ਪਠਾਏ ॥੫੯॥
ਮੀਰੀ ਸਿੰਘ, ਭੌਮਾ ਸਿੰਘ, ਚੈਨਾ।

ਇਹੁ ਸਰਦਾਰ ਗਏ ਲੈ ਸੈਨਾ।
ਗਾਮ ਕੋਟਲੀ ਨਾਮ ਲੁਹਾਰਾਂ[1]। [1]ਲੋਹਾਰਾਂ ਦੀ ਕੋਟਲੀ ਨਾਮ ਦਾ ਪਿੰਡ।
ਤਹਾਂ ਤੇ ਪਠਿਓ ਸਿੰਘ ਦਿਦਾਰਾ ॥੬੦॥
ਬੰਦੱਯੋਂ ਨੈਂ ਸਿੰਘਨ ਪੈਹੈ[1]। [1]ਪਾਸ।
ਹਾਥ ਜੋਰ ਬਿਨਤੀ ਇਮ ਕੈਹੈ[1]। [1]ਕਹੀ।
ਤੁਮ ਹਮ ਪਰ ਨਹਿਂ ਸ਼ਸਤਰ ਬਾਹੋ।
ਸਿੰਘ ਨਾਮ ਕੀ ਲਾਜ ਨਿਬਾਹੋ ॥੬੧॥
ਨਹਿਂ ਮੀਰੀ ਸਿੰਘ ਉਨ ਕੀ ਮਾਨੀ।
ਕਹਜੋ ਕਰਜੋ ਚਹਿਂ ਹਮ ਤੁਹਿ ਹਾਨੀ।
ਇਤਨੀ ਕਹਿ ਕੈ ਜਾਇ ਲਰੇ ਹੈਂ।
ਢਿਗੈ ਕੋਟਲੀ ਸੋ ਭਿ ਅਰੇ ਹੈਂ ॥੬੨॥
ਤੁੱਪਕ ਤੀਰ ਦੁਤਰਫੋਂ ਚਾਲੀ।
ਨਾਹਿਂ ਲਰਾਈ ਪਹਿਰਕ ਹਾਲੀ।
ਦੁਹਿਂ ਦਿਸ ਮਰੇ ਸੈਂਕੜੇ ਸੂਰੇ।
ਸੂਬੇ ਤੁਰਕ ਅਧਿਕ ਤਬਿ ਘੂਰੇ[1] ॥੬੦॥ [1]ਤਾੜੇ।
ਮੇਲਿ ਸਿੰਘਨ ਹੱਲਾ ਕਰਵਾਯੋ।
ਬਹੁਤ ਬੰਦਯਨ ਕੋ ਤਬਿ ਘਾਯੋ ॥੬੪॥

ਦੋਹਰਾ:

ਤੱਤ ਖਾਲਸੇ ਅੱਗ੍ਰ ਵਹਿ,
ਠਹਿਰ ਸਕੇ ਨਹਿਂ ਬੀਰ।
ਮਰੇ ਸੁ ਬਰੇ ਅਪੱਛਰਾਂ,
ਜੀਵਤ ਘਤਜੋ ਬਹੀਰ ॥੬੫॥
ਬਰੇ[1] ਪਹਾੜੈਂ ਜੰਗਲੈਂ, [1]ਵੜ ਗਏ।
ਗਯੋ ਜਥਾ ਤਿਨ ਟੂਟ।
ਮਿਲੇ ਪੰਥ ਮੈਂ ਆਇ ਕਿਛੁ,
ਕਿਛੁ ਤੁਰਕਨ ਦਿਯ ਕੂਟ ॥੬੬॥
ਥਿਰੇ ਘਰੋਂ ਮੈਂ ਜਾਇ ਬਹੁ,
ਤਜ ਦੰਗੇ ਕੀ ਬਾਣ[1]। [1]ਜੰਗ ਦੀ ਆਦਤ।
ਖੇਤੀ ਬਨਜ ਮਜੂਰੀਆਂ,
ਕਰਿ ਲਾਗੇ ਸਭਿ ਖਾਣ ॥੬੭॥

ਚਾਰ ਬਾਰ ਯੌਂ ਹੀ ਲਰੇ,
ਸਿੰਘ ਬੰਦਈ ਬਿਸਾਲ।
ਤੱਤ ਖਾਲਸੇ ਬਿਨਾ ਵਹਿ,
ਤੁਰਕੈਂ ਹਤੈਂ ਕਮਾਲ[1] ॥੬੮॥ — [1]ਬਹੁਤੇ ਤੁਰਕਾਂ ਨੂੰ ਮਾਰ ਦੇਂਦੇ ਹਨ।
ਜਾਇ ਲਰੈ ਜਹਿਂ ਖਾਲਸਾ,
ਉਨ ਕੈ ਮਾਰਨ ਕਾਜ।
ਤਹਾਂ ਜੰਗ ਕਰਿ ਥੋਰ ਹੀ,
ਜਾਵੈਂ ਸੋ ਫਿਰਿ ਭਾਜ ॥੬੯॥
ਸੱਤ੍ਰਾਂ ਸੈ ਏਕਾਸੀਏ ਲੌਂ,
ਦੁਇ ਬਰਸ ਮਝਾਰ।
ਤੱਤ ਖਾਲਸੇ ਤ੍ਰਕਨ ਮਿਲਿ,
ਦਏ ਬੰਦਈ ਪਛਾਰ ॥੭੦॥
ਤਬਿ ਤੈ ਕਬੀ ਨ ਫਿਰ ਉਨੈ,
ਸੀਸ ਉਕਾਸਜੋ ਆਇ[1]। — [1]ਆ ਕੇ ਸਿਰ ਨਹੀਂ ਚੁੱਕਿਆ।
ਤੁਰਕੋਂ ਕੇ ਮਨ ਭਾਵਤੀ,
ਭਈ ਅਧਿਕ ਸੁਖਦਾਇ ॥੭੧॥
ਚੌਪਈ:
ਭਾਵੀ ਪ੍ਰਭੁ ਕੀ ਪ੍ਰਬਲੈਂ ਭਾਰੀ।
ਜੈਸੀ ਚਾਹਿ ਕਰਾਵੈ ਕਾਰੀ।
ਸੁਧਿ ਬੁਧਿ ਰਹਿਨ ਦੇਤ ਨਹਿਂ ਕਾਹੂੰ।
ਲਾਭ ਹਾਨ ਜਸ਼ ਅਪਜਸ ਵਾਹੂੰ[1] ॥੭੨॥ — [1]ਉਸ ਨੂੰ।
ਦੇਤ ਭੁਲਾਇ ਲਾਇ ਚਕਚੌਂਧੀ[1]। — [1]ਹੈਰਾਨੀ।
ਧਰਮ ਅਧਰਮ ਸਮਝ ਨਹਿਂ ਰੌਂਧੀ[1]। — [1]ਰਹਿੰਦੀ।
ਦੁਸ਼ਮਨ ਦੋਸਤ, ਦੋਸਤ ਬੈਰੀ।
ਕ੍ਰਿਤ ਅਜੋਗ ਕਰਤ ਬਿਨ ਧੈਰੀ[1] ॥੭੩॥ — [1]ਬਿਨਾਂ ਧੀਰਜ ਤੋਂ ਅਜੋਗ (ਕ੍ਰਿਤ) ਕੰਮ ਕਰਦਾ ਹੈ।
ਦੇਖਹੁ ਸਿੰਘ ਮਝੈਲੈਂ ਭਾਈ।
ਤੁਰਕੈਂ ਸੱਤ੍ਰੈਂ ਲਖਿ[1] ਸੁਖਦਾਈ। — [1]ਜਾਣ ਕੇ।
ਚਾਰ ਬਾਰ ਬਡ ਮੰਡਿ ਘਮੰਡੈਂ[1]। — [1]ਜੰਗਰਚ ਕੇ।
ਸੁਟੇ ਬੰਦੱਈ ਫੰਡ ਬਰਬੰਡੈਂ[1] ॥੭੪॥ — [1]ਬਲਵਾਨ ਬੰਦਈ ਮਾਰ ਸੁੱਟੇ।
ਨਾਹਿਂ ਜਰਾ ਭੀ ਬਾਤ ਵਿਚਾਰੀ।

ਅਪਨੀ ਭੁਜਾ ਆਪ ਕਟ ਡਾਰੀ।
ਮੀਠੀ ਮੀਠੀ ਬਾਤੋਂ ਕੇ ਰਸ।
ਬਸ ਹੋ, ਸਿੰਘ ਭਾਈ ਡਾਰੇ ਕਸ[1] ॥੭੫॥ [1]ਮਾਰ ਸੁੱਟੇ।
ਅਰ ਜਬਿ ਬੰਦਾ ਘੇਰੇ ਮਾਹੀਂ।
ਥਾ, ਤੁਰਕੋਂ ਨੈ ਤੰਗ ਕਰਾਹੀ।
ਰਹਜੋ ਉਡੀਕ ਪੰਥ ਕੇ ਤਾਈਂ।
ਨਾਹਿਂ ਗਏ ਸਿੰਘ, ਕਰੀ ਬੁਰਾਈ ॥੭੬॥
ਆਖਰ ਬੰਦੇ ਪਠੇ ਬਕੀਲੈਂ।
ਪੰਥ ਖਾਲਸੇ ਪੈ ਬਿਨ ਢੀਲੈਂ।
ਜਾਇਰਾਮ ਸਿੰਘ ਅਰ ਸਿੰਘ ਆਲੀ।
ਕਰੀ ਪੰਥ ਪੈ ਬਿਨੈ ਬਿਸਾਲੀ ॥੭੭॥
ਆਜ ਮੋਲ ਹਮ ਸਭਿ ਕੋ ਲੇਵੋ।
ਭਵੋ ਸਹਾਇਕ[1] ਧਰਮ ਰਖੇਵੋ। [1]ਸਹਾਇਕ ਹੋਵੇ।
ਲੋਗ ਸਯਾਨੇਂ ਮਸਲੇ ਕੈਹੈਂ[1]। [1]ਅਖਾਣ ਕਹਿੰਦੇ ਹਨ।
ਮੇਲ ਗਮੀ ਸ਼ਾਦੀ ਪਰ ਥੈਹੈਂ[1] ॥੭੮॥ [1]ਹੁੰਦੇ ਹਨ।
ਹਮ ਤੁਮ ਹੈਂ ਇਕ ਗੁਰ ਕੇ ਸਿੱਖ।
ਦਯੋ ਪਵਾਇ ਦੁਸ਼ਮਨੈਂ ਫਿੱਕ।
ਐਸੀ ਥਾਇ ਭ੍ਰਾਇ ਕੰਮ ਐਹੈਂ[1]। [1]ਐਸੀ ਜਗ੍ਹਾ ਭਰਾ ਕੰਮ ਆਉਂਦੇ ਹਨ।
ਆਜ ਹਮੈਂ ਕੱਲ ਤੁਮੈਂ ਬਨੈ ਹੈ ॥੭੯॥
ਆਖਰ ਅਪਨੇ ਹੀ ਕੰਮ ਦੈਹੈਂ।
ਟੂਟੀ ਭੁਜ ਗਲ ਜੰਦਰੇ ਪੈ ਹੈ[1]। [1]ਜਿੰਦਰੇ ਵਾਂਗ ਗਲ ਵਿੱਚ ਪੈਂਦੀ ਹੈ।
ਸਿੰਘ ਚੜ੍ਹਨ ਹਿਤ ਥੇ ਭਏ ਤਜਾਰੇ।
ਕਾਨ੍ਹ ਸਿੰਘਾਦਿਕ ਨੈ ਹਟਕਾਰੇ ॥੮੦॥
ਤੇਹਣ ਭੱਲੇ ਸੋਢੀ ਬੇਦੀ।
ਬਾਤ ਮੇਲ ਕੀ ਇਨਹੂੰ ਛੇਦੀ[1]। [1]ਕੱਟ ਦਿੱਤੀ।
ਬਾਤ ਅਨੇਕ ਸਿੱਖੈਂ ਸਿਖਰੈ ਕੈ।
ਮੱਦਦ ਕਰਨ ਨ ਦੀਨੀ ਜੈ ਕੈ ॥੮੧॥
ਪਾਪ ਹੁਤੋ ਉਨ ਕੇ ਇਹੁ ਮਨ ਹੈ।
ਜੇ ਬੰਦੇ ਸੋ ਮੇਲ ਨ ਬਨ ਹੈ।
ਪੰਥ ਪਿਛੇ ਹਮਰੇ ਲਗ ਜੈਹੈ।

ਹਮਰੀ ਸਰਦਾਰੀ ਬਨ ਜੈਹੈ ॥੮੨॥
ਪਰ ਇਹੁ ਖਯਾਲ ਕੂਰ ਉਨ ਕੀਓ।
ਬਿਨ ਪ੍ਰਤਾਪ ਨਹਿਂ ਕੋ ਬਡ ਥੀਓ।
ਉਤ ਬੰਦੇ ਸੁਨਿ ਦਯੋ ਸਰਾਪੈਂ।
ਰਹੈ ਨ ਸਿੰਘਨ ਕੇਰ ਮਿਲਾਪੈਂ ॥੮੩॥
ਸਿੰਘਨ ਹਿਤ ਮੈਂ ਬਡ ਦੁਖ ਪਾਏ।
ਸੋ ਇਕ ਬਿਰ ਮਮ ਕੰਮ ਨ ਆਏ।
ਮੁਝ ਤੈ ਦਸ ਗੁਨ ਦੁਖ ਸਿੰਘ ਪੈਹੈਂ।
ਬਿਰਥਾ ਗਯੋ ਨ ਭਯੋ ਤਿਵੈਹੈਂ ॥੮੪॥
ਜੇ ਬੰਦੇ ਕੀ ਮੱਦਦ ਕਰਤੇ।
ਤੁਰਕਨ ਪਰ ਸਿੰਘ ਇਕ ਬਿਰ ਪਰਤੇ।
ਘੇਰਾ ਤਜਿ ਮੁਸਲੇ ਭਜ ਜਾਤੇ।
ਪੰਥ ਬੰਦਈ ਏਕ ਹ੍ਵੈ ਜਾਤੇ ॥੮੫॥
ਲਾਭ ਮੇਲ ਕਾ ਤਹਾਂ ਨ ਥੈਹੈ।
ਫੂਟ ਖਟਾਈ ਜਹਾਂ ਪਰੈ ਹੈ।
ਬਲਿਕੈ ਤੁਰਕੈਂ ਦਯੋ ਅਸ਼ਾਰਾ[1]।
ਜਾਂ ਤੇ ਉਨ ਗਹਿ ਬੰਦਾ ਮਾਰਾ ॥੮੬॥
ਸਿੰਘ ਬੰਦਈ ਅਧਿਕ ਬਲਕਾਰੀ।
ਹੁਤੇ ਖਾਲਸੇ ਕੀ ਭੁਜ ਭਾਰੀ।
ਸੋ ਤੁਰਕੋਂ ਨੈ ਤੋੜੀ ਜਬੈ।
ਦਈ ਸ਼ੀਰਨੀ[1] ਪੀਰਨ ਤਬੈ ॥੮੭॥
ਜਥਾ ਬੰਦੱਯਨ ਕਾ ਜਬਿ ਟੂਟਯੋ।
ਤੁਰਕੈਂ ਤਬੈ ਅਮੀਰਸ ਘੂਟਯੋ[1]।
ਸਿੰਘ ਬੰਦਈ ਖੀਨ ਜਬਿ ਥੀਏ[1]।
ਤੁਰਕੈਂ ਬਾਲੇ ਘੀ ਕੇ ਦੀਏ ॥੮੮॥
ਫਿਰ ਮਨ ਮੈਂ ਦਿਢ ਯੌਂ ਠਹਿਰਾਵਾ।
ਤੱਤ ਪੰਥ ਅਬਿ ਚਹੀਏ ਘਟਾਵਾ।
ਕਹੈਂ, ਅਰਧ ਦੁਸ਼ਮਨ ਭੇ ਦਫਾ।
ਅਬਿ ਸਹਿਜੇ ਹੀ ਹ੍ਵੈਂ ਇਹੁ ਸਫਾ ॥੮੯॥
ਤੋਰ ਜੋਰ ਹਮ ਇਨ ਕਾ ਦੀਓ।

[1]ਇਸ਼ਾਰਾ।

[1]ਸੁੱਖਣਾ ਦਾ ਪ੍ਰਸ਼ਾਦ ਵੰਡਿਆ।

[1]ਅੰਮ੍ਰਿਤਰਸ ਪੀਤਾ ਭਾਵ ਬਹੁਤ ਖ਼ੁਸ਼ ਹੋਏ।

[1]ਜਦੋਂ ਨਾਸ ਹੋ ਗਏ।

ਜਾਂ ਦਿਨ ਤੈ ਨੌਕਰ ਕਰਿ ਲੀਓ।
ਜੀਤ ਬੰਦਯਨ ਕੋ ਤਬਿ ਨਾਜਮ[1]। [1]ਸੂਬੇ ਨੇ।
ਦਏ ਇਨਾਮ ਸਿੰਘਨ ਕੋ ਆਜ਼ਮ[1] ॥ ੯੦ ॥ [1]ਵੱਡੇ।
ਔਰ ਛਿਮਾਹੀ ਤਲਬ ਚੁਕਾਈ।
ਅਰਧਕ ਛੁੱਟੀ ਦਏ ਪਠਾਈ।
ਔਰ ਜਾਲ ਇਕ ਯਾ ਬਿਧਿ ਪਾਯੋ।
ਸਭਿ ਸਿੰਘਨ ਕੋ ਐਸ ਸੁਨਾਯੋ ॥ ੯੧ ॥
ਬਾਦਸ਼ਾਹਿ ਢਿਗ ਬਡ ਬਡਜਾਈ।
ਮੈਂ ਤੁਮਰੀ ਲਿਖਿ ਪਠੀ ਮਹਾਂਈ।
ਦਸ ਹਜਾਰ ਸਾਲਾਨਾ ਜੋਊ।
ਸ਼ਾਹਿ ਲਿਖ ਦਯੋ ਥਾ ਤੁਮ ਕੋਊ ॥ ੯੨ ॥
ਤੀਨ ਸਾਲ ਹੋਏ ਨਹਿਂ ਦਯੋ।
ਤੀਸ ਹਜ਼ਾਰ ਸੋਊ ਮੰਗਵਯੋ।
ਅਮਰ ਗੁਰੂ ਕੋ ਅਕਬਰ ਸ਼ਾਹੈਂ।
ਬਾਰਾਂ ਪਿੰਡ ਦਏ ਥੇ ਚਾਹੈਂ[1] ॥ ੯੩ ॥ [1]*ਸ਼ੀ ਨਾਲ।
ਸੋ ਕਫੀਤ[1] ਦਫਤ੍ਰ ਤੈ ਲੈ ਕੈ। [1]ਵਾਕਫ਼ੀਅਤ।
ਸਾਥ ਪਟੇ ਕੀ ਨਕਲ ਕਰੈ ਕੈ।
ਸਭਿ ਪਠ ਦਯੋ ਸ਼ਾਹਿ ਪੈ ਮੈਂਹੈਂ।
ਹ੍ਵੈ ਮਨਜੂਰ ਅਯੋ ਸੋ ਚੈਹੈ ॥ ੯੪ ॥
ਅਰ ਬਹਾਦਰੀ ਅਬਿ ਜੋ ਕੀਨੀ।
ਮੱਦਦ ਹਮ ਕੋ ਦੀਨੀ ਪੀਨੀ[1]। [1]ਬਹੁਤੀ।
ਕਸਮ ਕੁਰਾਨ ਉਠਾਇ ਸੁ ਕੈਹੋਂ।
ਇਹੁ ਇਵਜ਼ਾਨਾ ਜੁਦਾ ਦਿਵੈਹੋਂ ॥ ੯੫ ॥
ਬੈਠੇ ਛਕਜੋ ਸੁਧਾਸਰ ਭਾਈ।
ਏਕ ਕਸਮ ਤੁਮ ਲੇਹੁ ਉਠਾਈ।
ਗੁਰੂ ਗ੍ਰੰਥ ਪਰ ਧਰਿ ਕੇ ਹਾਥੈਂ।
ਅਹਿਦ ਪਿਮਾਂਨ[1] ਲਿਖੋ ਮਮ ਸਾਥੈਂ ॥ ੯੬ ॥ [1]ਇਕਰਾਰਨਾਮਾ।
ਮਮ ਅਰ ਮਮ ਔਲਾਦੈਂ ਸੰਗੈਂ।
ਪਾਲਤ ਰਹੀਓ ਧਰਮ ਸੁ ਅੰਗੈਂ[1]। [1]ਧਰਮ ਦਾ ਪੱਖ ਪਾਲਦੇਰਹਿਣਾ।
ਜਬਿ ਗਨੀਮ[1] ਹਮ ਪਰ ਕੋਊ ਆਏ। [1]ਦੁਸ਼ਮਣ।

ਤਾਂਹਿ ਹਰਨ ਮੈਂ[1] ਕਰਜੋ ਸਹਾਏ ॥੯੭॥ — [1]ਮਾਰਨ ਵਿੱਚ।
ਜਬਿ ਤੁਮ ਹਮ ਇਕ ਬਨੇ ਰਹੈ ਹੈਂ।
ਫਿਰ ਕਜੋਂ ਟਕੇ ਸ਼ਾਹਿ ਕੌ ਦੈਹੈਂ।
ਮੁਲਕ ਪੰਜਾਬ ਸਿੰਧੁ ਕਾਬਲ ਲੌਂ।
ਉਤ ਜਮਨਾ ਇਤ ਕੋਹ ਦਾਮਨ[1] ਲੌਂ ॥੯੮॥ — [1]ਦਾਮਨੇ ਕੋਹ=ਪਹਾੜ ਦੀਆਂ ਜੜ੍ਹਾਂ ਪਾਸ ਦਾ ਦੇਸ।
ਹਮ ਤੁਮ ਮਾਲਕ ਬਨੈਂ ਸੁਤੰਤਰ।
ਕਜੋਂ ਦਿੱਲੀ ਕੇ ਰਹੈਂ ਪਤੰਤਰ[1]। — [1]ਅਧੀਨ।
ਐਸੀ ਐਸੀ ਬਾਤੈਂ ਕੈ ਕੈ[1]। — [1]ਕਰਕੇ।
ਸਿੰਘਨ ਕੋ ਸਮ ਮੋਮ ਬਨੈ ਕੈ ॥੯੯॥
ਕਰੇ ਜਾਨਵਰ ਪਿੰਜਰ ਕੇ ਹੈਂ।
ਮਨ ਮੈਂ ਕਪਟ ਰਾਖ ਅਤਿਸੇ ਹੈਂ।
ਅੰਮ੍ਰਿਤਸਰ ਢਿਗ ਸਭੈ ਉਤਾਰੇ।
ਭਏ ਖੁਸ਼ੀ ਸਿੰਘ ਛਲ ਨ ਵਿਚਾਰੇ ॥੧੦੦॥
ਪਾਂਚ ਹਜਾਰ ਆਪਨੀ ਤਰਫੋਂ।
ਭੇਜੇ ਮਾਹਵਾਰੀ ਕਹਿ ਸਰਫੋ[1]। — [1]ਕਿਹਾ ਕਿ ਖ਼ਰਚੋ।
ਬਾਕੀ ਸ਼ਾਹਿ ਤਰਫ ਤੈ ਗੱਫੇ।
ਐਹੈਂ ਛਕਿਯੋ ਹੋਇ ਮੁਸੱਫੇ[1] ॥੧੦੧॥ — [1]ਸਾਫ਼ ਹੋ ਕੇ, ਭਾਵ ਬੇਫ਼ਿਕਰ ਹੋ ਕੇ।
ਤੁਰਕੈਂ ਚਾਲਾ ਸ਼ਤਰੰਜ ਚਾਲਾ।
ਸਿੰਘ ਭਏ ਖੁਸ਼ਿ ਯੌਂ ਸਮ ਬਾਲਾ[1]। — [1]ਬਾਲਕਾਂ ਵਾਂਗ।
ਤੁਰਕਨ ਕੇ ਛਲ ਨਾਂਹਿ ਵਿਚਾਰੇ।
ਏਤਿਕ ਕੀਨੇ ਜਿਨ ਬਡ ਕਾਰੇ[1] ॥੧੦੨॥ — [1](ਫੁੱਟ ਪਾਉਣ ਦੇ) ਕੰਮ।
ਪਹਿਲੈ ਬੰਦੇ ਤੈ ਬਿਛੁੜਾਏ।
ਫੇਰ ਬੰਦੱਯਨ ਸੰਗਿ ਲੜਾਏ।
ਦੂਤ ਦੂਤੀਅਨ ਐਸੇ ਪਾਏ[1]। — [1](ਦੂਤੀਅਨ) ਦੁਸ਼ਮਣ ਤੁਰਕਾਂ ਨੇ ਐਸੇ (ਦੂਤ) ਚੁਗਲ ਪਾਏ।
ਸਿੰਘ ਬੰਦਈ ਘਾਤ ਕਰਵਾਏ ॥੧੦੩॥
ਬੰਦੇ ਔਰ ਬੰਦੱਯਨ ਹੇਰੋ[1]। — [1]ਦੇਖੋ।
ਮੰਨੀ ਕੋਇ ਨ ਤੁਰਕੈਂ ਕੇਰੋ।
ਰਹੇ ਸਿਖਾਇ ਭ੍ਰਮਾਇ ਅਪਾਰੀ।
ਨਹਿੰ ਤੁਰਕਨ ਕੀ ਜਬਿ ਉਨ ਧਾਰੀ[1] ॥੧੦੪॥ — [1]ਮੰਨੀ।
ਤੱਤ ਪੰਥ ਕੋ ਤਬਿ ਭਰਮਾਯੋ।

ਮਨ ਭਾਵਤ ਤੁਰਕੈਂ ਕਰਵਾਯੋ ॥੧੦੫॥

ਦੋਹਰਾ:

ਦੋਸ਼ ਕਿਸੀ ਕੋ ਕੁਛ ਨਹੀਂ,
ਭਾਵੀ ਜੈਸੀ ਥਾਇ[1]। — [1]ਹੋਵੇ।
ਤੈਸੀ ਬੁੱਧਿ ਸਹਾਇਤਾ,
ਮਿਲਤ ਤਾਹਿਂ ਤਬਿ ਆਇ ॥੧੦੬॥

ਚੌਪਈ:

ਸ੍ਰਾਪ ਦਯੋ ਥਾ ਬੰਦੇ ਜੋਊ।
ਫਲ ਦੇਵਨ ਪਰ ਆਯੋ ਸੋਊ।
ਅੰਮ੍ਰਿਤਸਰ ਸਭਿ ਪੰਥ ਥਿਰਾਯੋ।
ਜੰਗ ਕਰਨ ਦਾ ਢੰਗ ਭੁਲਾਯੋ ॥੧੦੭॥
ਤੁਰਕਨ ਕੀ ਬਾਤੋਂ ਪਰ ਬਿਸ ਕੈ[1]। — [1]ਭਰੋਸਾ ਕਰਕੇ।
ਲੁਟ ਮਾਰ ਤਜਿ ਬੈਠੇ ਠਿਸ ਕੈ[1]। — [1]ਢਿੱਲੇ ਹੋ ਕੇ, ਹਾਰ ਕੇ।
ਭਏ ਕਸਮ ਤੁਰਕਨ ਪਰ ਕਾਯਮ।
ਕਹੈਂ ਜਗੀਰ ਮਿਲੈ ਬਡ ਦਾਯਮ[1] ॥੧੦੮॥ — [1]ਹਮੇਸ਼ਾਂ ਲਈ।
ਪਾਂਚ ਹਜਾਰ ਰੁਪਯਾ ਜੁ ਆਵੈ।
ਬੈਠੇ ਸੋਊ ਸੁਧਾਸਰ ਖਾਵੈਂ।
ਹੁਤੋ ਬੀੜ ਬਾਸਰ ਕਾ ਜੋਈ।
ਦਯੋ ਨੁਵਾਬ ਅਸੂਨ ਹਿਤ[1] ਸੋਈ ॥੧੦੯॥ — [1]ਘੋੜਿਆਂ ਵਾਸਤੇ।
ਮੀਰੀ ਸਿੰਘ ਬਹਿਰ ਸਿੰਘ ਬਾਵੇ।
ਭੱਲੇ ਤੇਹਣ ਉਭੈ[1] ਸੁਹਾਵੇ। — [1]ਦੋਵੇਂ।
ਰਾਮ ਸਿੰਘ ਸੋਢੀ, ਸਿੰਘ ਕੇਸਰ।
ਸੰਤ ਸਿੰਘ ਬੇਦੀ ਚਤ੍ਰੇਸੂਰ[1] ॥੧੧੦॥ — [1]ਬਹੁਤਾ ਚਤੁਰ।
ਇਨ ਬਾਵਜੋਂ ਥੀ ਦਿਢ ਥਪ ਰਾਖੀ[1]। — [1](ਮਨ ਵਿੱਚ) ਪੱਕੀ ਧਾਰ ਰੱਖੀ ਸੀ।
ਮਿਲੈ ਜਗੀਰ ਹਮੈਂ ਗੁਰੁ ਸਾਖੀ[1]। — [1]ਗੁਰਾਂ ਦੀ ਵੰਸ਼ ਵਿਚੋਂ ਹੋਣ ਕਰਕੇ।
ਜਬਿ ਲੌ ਪਟਾ ਲਿਖਯੋ ਨਾ ਐਹੈ।
ਤਬਿ ਲੌ ਇਕਠੈ ਸਿੰਘਨ ਰਖੈਹੈਂ ॥੧੧੧॥
ਨਾਮ ਹਮਾਰੇ ਹੋਹਿਂ ਜਗੀਰੈਂ।
ਲੰਗਰ ਫਿਰ ਦੈਹੈਂ ਤਤਬੀਰੈਂ[1]। — [1]ਢੰਗ ਨਾਲ।
ਸਿੰਘ ਫੇਰ ਨਿਜ ਨਿਜ ਘਰ ਜੈਹੈਂ।

ਹਮ ਹੀ ਖ਼ੁਪ ਜਗੀਰੈਂ ਖੈਹੈਂ ॥੧੧੨॥
ਸਿੱਖ ਸੁਧਾਸਰ ਜੋ ਚਲਿ ਆਵੈ।
ਭੋਜਨ ਲੰਗਰ ਬੇਸ਼ਕ ਪਾਵੈ।
ਹਰਿਮੰਦਰ ਕੇ ਭੀ ਹਮ ਮਾਲਕ।
ਹੈਂ, ਹਮ ਬਿਨ ਫਿਰ ਕਿਸ ਕਾ ਤਾਲਕ[1] ॥੧੧੩॥ [1]ਸਬੰਧ।
ਇਹੁ ਸਲਾਹਿ ਕਰਿ ਇਨ ਦ੍ਰਿਢ ਰਾਖੀ।
ਰੈਹੈਂ ਪਟੇ ਕੇਰ ਅਭਿਲਾਖੀ।
ਸੂਬਾ ਕਹੇ ਲਿਖ੍ਯੋ ਨਹਿੰ ਆਯੋ।
ਜਬਿ ਐਹੈ ਤਬਿ ਦੈਹੁਂ ਬੁਲਾਯੋ ॥੧੧੪॥
ਨਹਿੰ ਮਲੇਛ ਕਾ ਕਪਟ ਪਛਾਨੈਂ।
ਇਹ ਸਾਧੂ ਦਿਲਿ ਸਾਚਹਿ ਮਾਨੈਂ।
ਸੂਬਾ ਭੀ ਬਾਤੈਂ ਅਸ ਕਰੈ।
ਸਹੀ ਯਕੀਨ ਸਿੰਘ ਜਯੋਂ ਧਰੈਂ ॥੧੧੫॥
ਬਾਵੇ ਜਬਿ ਲਹੌਰ ਤੇ ਆਵੈਂ।
ਜੋ ਗਾਵੈਂ, ਸਿੰਘ ਸੋਊ ਮਨਾਵੈਂ[1]। [1]ਜੋ ਬਾਵੇ ਕਹਿੰਦੇ ਹਨ ਸਿੰਘ ਉਹੋ ਮੰਨ ਲੈਂਦੇ ਹਨ।
ਇਨਹੀ ਬਾਵਯੋਂ ਹੋਇ ਸੁਚੇਤੈਂ।
ਨਿਜ ਸਰਦਾਰੀ ਥਾਪਨ ਹੇਤੈਂ[1] ॥੧੧੬॥ [1]ਬਣਾਉਣ ਵਾਸਤੇ।
ਬੰਦੇ ਪੀਛਯੋਂ ਪੰਥ ਹਟਾਯੋ।
ਮਨ ਭਾਵਤ ਸਿੰਘੈਂ ਸਿਖਰਾਯੋ।
ਏਹੀ ਹਸਦ[1] ਰਾਖਤ ਥੇ ਭਾਰੀ। [1]ਈਰਖਾ।
ਬੰਦੇ ਕੀ ਪਿਖ ਕੈ ਸਰਦਾਰੀ ॥੧੧੭॥
ਕਹਿਤੇ ਥੇ ਹਮ ਹੈਂ ਗੁਰੁਜ਼ਾਦੇ[1]। [1]ਗੁਰਾਂ ਦੇ ਸਾਹਿਬਜ਼ਾਦੇ।
ਰਹੇ ਬਡਜਾਈ ਹਮਰੀ ਜ਼ਜਾਦੇ[1]। [1]ਬਹੁਤੀ।
ਪੈ ਬੰਦੇ ਸੈਂ ਡਰਤੇ ਰਹਿਤੇ।
ਬਢ ਕਰਿ ਬਾਤ ਨ ਕੋਊ ਕਹਤੇ ॥੧੧੮॥
ਜਬਿ ਬੰਦੇ ਨਿਜ ਪੰਥ ਚਲਾਯੋ।
ਖੋਯੋ ਜਤ, ਮਦ ਭਯੋ ਮਹਾਂਯੋ[1]। [1]ਬਹੁਤਾ ਹੰਕਾਰ ਹੋ ਗਿਆ।
ਤਬਿ ਇਹੁ ਸਿੰਘੈਂ ਰਹੇ ਸਿਖਾਤੇ।
ਨਿਜ ਬਡਜਾਈ ਅਧਿਕ ਜਨਾਤੇ ॥੧੧੯॥

ਫਿਰ ਜਬਿ ਮਾਤ ਸੁੰਦਰੀ ਲਿਖ੍ਯੋ।
ਇਨਹੀ ਨੈਂ ਸਿਖੈਂ ਬਹੁ ਸਿਖ੍ਯੋ[1]। — [1]ਸਿੱਖਾਂ ਨੂੰ ਬਹੁਤ ਸਿਖਾਇਆ।
ਪੈ ਮਨਸਾ ਬਰ ਨਹਿਂ ਇਨ ਆਈ[1]। — [1]ਇਨ੍ਹਾਂ ਦੀ ਇੱਛਾ ਪੂਰੀ ਨਾ ਹੋਈ।
ਜਿਸ ਹਿਤ[1] ਸੋ ਭੀ ਦੇਹੁਂ ਸੁਨਾਈ ॥੧੨੦॥ — [1]ਜਿਸ ਦਾ ਜੋ ਕਾਰਨ ਹੈ।
ਸ੍ਰੀ ਗੁਰੁ ਨਾਨਕ ਪੁੱਤ੍ਰਨ ਤਾਂਈਂ।
ਨਾਹਿਂ ਮਹੰਤੀ ਦੀਨੀ ਕਾਈ।
ਅੰਗਦ ਅਮਰਦਾਸ ਗੁਰੁ ਭਾਰੀ।
ਦਈ ਨ ਨਿਜ ਪੁੱਤ੍ਰੈਂ ਸਰਦਾਰੀ ॥੧੨੧॥
ਰਾਮਦਾਸ ਗੁਰੁ ਜੱਦਪਿ ਪਰਬਸ[1]। — [1]ਪਰਾਏ ਵਸ ਹੋ ਕੇ ਭਾਵ ਮਾਤਾ ਭਾਨੀ ਜੀ ਦੇ ਮਜਬੂਰ ਕਰਨ ਤੋਂ।
ਗਾਦੀ ਦਈ ਰਹੀ ਪੈ ਖਰਖਸ[1]। — [1]ਝਗੜਾ, ਟੰਟਾ, ਬਖੇੜਾ।
ਹੱਕ ਮਰੂਸੀ ਇਹੁ ਬਡਜਾਈ[1]। — [1]ਇਹ ਵਡਿਆਈ ਬਾਪ ਦਾਦੇ ਤੋਂ ਪ੍ਰਾਪਤ ਹੋਇਆ ਹੱਕ ਹੈ।
ਸਮਝ੍ਯੋ ਜਬੈ ਸੋਢੀਅਨ ਆਈ ॥੧੨੨॥
ਤਬਿ ਤੇ ਝਗਰੇ ਬਢੇ ਬਖੇਰੇ।
ਆਪਸ ਮਾਂਹਿ ਸੋਢੀਅਨ ਕੇਰੇ।
ਪੰਚਮ ਗੁਰ ਤੈ ਦਸਮ ਪ੍ਰਯੰਤੈ।
ਸਭਿ ਨੈ ਸਹੇ ਕਲੇਸ਼ ਬਿਅੰਤੈ ॥੧੨੩॥
ਕਲਗੀਧਰ ਗੁਰੁ ਇਹੀ ਵਿਚਰ ਪੈ[1]। — [1]ਫੇਰ ਵਿਚਾਰ ਕੇ।
ਰਹਿਨ ਨ ਦੀਨੇ ਨਿਜ ਸੁਤ ਧਰ ਪੈ।
ਆਦੀ ਰੀਤਿ ਕਰੀ ਫਿਰ ਕਾਯਮ।
ਗੁਰੂ ਥਪ੍ਯੋ ਜੋ ਰੈਹੈ ਦਾਯਮ[1] ॥੧੨੪॥ — [1]ਹਮੇਸ਼ਾਂ।
ਬਾਗ ਪੰਥ ਕੀ ਨਰ ਕੇ ਕਰ ਮੈ।
ਦਈ ਨ ਇਕ ਕੇ ਜਾਨ ਅਧਰਮੈਂ[1]। — [1]ਅਧਰਮ (ਪਾਪ) ਜਾਣ ਕੇ ਇਕ ਆਦਮੀ ਦੇ ਹੱਥ ਵਿੱਚ ਪੰਥ ਦੀ ਵਾਗ ਨਹੀਂ ਦਿੱਤੀ।
ਪੰਥ ਖਾਲਸੇ ਤਈਂ ਗੁਰਿਯਾਈ।
ਬਖਸ਼ੀ ਸ਼ਕਤਿ ਸਰਬ ਬਡਿਯਾਈ ॥੧੨੫॥
ਦੀਨ ਦੁਨੀਂ ਕੀ ਦੈ ਸਰਦਾਰੀ।
ਗੁਰੂ ਖਾਲਸਾ ਗਿਰਾ ਉਚਾਰੀ[1]। — [1]ਇਹ ਬਾਣੀ ਕਹੀ ਕਿ ਖਾਲਸਾ ਹੀ ਗੁਰੂ ਹੈ।
ਪੰਚ ਸਿੰਘ ਨਿਜ ਰੂਪ ਬਤਾਏ।
ਅਰਦਾਸ ਕਰਾਇ ਮਨਿੱਛਤ ਪਾਏ ॥੧੨੬॥
ਦੋਹਰਾ:

ਸ੍ਰੀ ਗੁਰੁ ਦਸਮ ਪ੍ਰਮੇਸ ਕੀ,
ਜਬਿ ਬੀ ਆਗਜਾ ਯਾਹਿ।
ਫਿਰ ਸਰਦਾਰੀ ਪੰਥ ਕੀ,
ਬਾਵੇ ਕੈਸ ਲਹਾਂਹਿਂ ॥੧੨੭॥
ਚੌਪਈ:
ਸੁਨੋਂ ਪ੍ਰਸੰਗ ਖਾਲਸਾ ਜੀ ਅਬਿ।
ਪੰਥ ਰਹਜੋ ਅੰਮ੍ਰਿਤਸਰ ਥਿਰਿ ਸਭਿ।
ਸਹਿਸ ਪਾਂਚ ਜੋ ਆਇ ਰੁਪੱਯਾ[1]। — [1](ਸੂਬੇ ਦੀ) ਤਰਫੋਂ ਜੋ ਪੰਜ ਹਜ਼ਾਰਰੁਪੱਯਾ ਆਉਂਦਾ ਹੈ।
ਮਾਸ ਮਾਸ ਪ੍ਰਤਿ ਖਰਚ ਸੁ ਥੱਯਾ[1] ॥੧੨੮॥ — [1]ਉਹ ਖ਼ਰਚ ਹੋ ਜਾਂਦਾ ਹੈ।
ਸੋ ਭੀ ਬਾਵਜੋਂ ਦ੍ਵਾਰਾ ਆਵੈ।
ਛਕੈਂ ਆਪ ਕਿਛ ਲੰਗਰ ਪਾਵੈਂ।
ਰਖਜੋ ਕਬੂਲ[1] ਪੰਥ ਕਰਿ ਏਹੀ। — [1]ਪ੍ਰਵਾਣ।
ਗੁਰੂ ਚੱਕ ਬੈਠੇ ਹੀ ਲੇਹੀਂ ॥੧੨੯॥
ਦਰਵਾਰਾ ਸਿੰਘ ਹੁਤੋ ਦਿਵਾਨੂੰ।
ਸਿੰਘਨ ਮਾਹਿ ਤਬੈ ਅਗਵਾਨੂੰ[1]। — [1]ਆਗੂ।
ਪੰਥ ਰਖਤ ਸਭਿ ਤਾਂਹਿ ਬਡਾਈ।
ਸੋ ਸਭਿ ਕੋ ਸਮ[1] ਪਿਖਤ ਸਦਾਈ ॥੧੩੦॥ — [1]ਇੱਕੋ ਜਿਹਾ।
ਅਰ ਸਰਚਾਵਤ[1] ਸਭਿ ਕੋ ਆਛੈ। — [1]ਖ਼ੁਸ਼ ਕਰ ਲੈਂਦਾ ਸੀ।
ਕੋਊ ਸ਼ਰੀਕਤ[1] ਤਾਂਹਿ ਨ ਬਾਂਛੈ। — [1]ਝਗੜਾ, ਬਰਾਬਰੀ।
ਹੁਤੋ ਪਨਾਹ[1] ਪੰਥ ਕੀ ਸੋਊ। — [1]ਆਸਰਾ, ਓਟ।
ਲਰਿ ਘੁਰਿ ਆਵਤ ਤਿਸ ਢਿਗ ਜੋਊ ॥੧੩੧॥
ਜਤੀ ਸਤੀ ਪਰਤਾਪੀ ਪੂਰਾ।
ਸਮਦਰਸੀ ਉਦਾਰ ਬਡ ਸੂਰਾ।
ਬਿਰਧ ਅਵਸਥਾ ਸਮਰਥ ਭੂਰੈਂ[1]। — [1]ਬਹੁਤ ਸ਼ਕਤੀ ਵਾਲਾ।
ਕਲਗੀਧਰ ਕੇ ਰਹਜੋ ਹਜੂਰੈਂ ॥੧੩੨॥
ਗੁਰੂ ਰੂਪ ਸਭਿ ਤਿਸੈ ਪਛਾਨੈਂ।
ਜੋ ਤਨਖਾਹਿ ਲਾਇ ਸੋ ਮਾਨੈਂ।
ਸਭਿ ਕੋ ਇਕ ਥਾਂ ਦੇਗ[1] ਛਕਾਵੈ। — [1]ਲੰਗਰ।
ਬਸਨ[1] ਮੰਗਾਇ ਸਭਿਨਿ ਪਹਿਰਾਵੈ ॥੧੩੩॥ — [1]ਬਸਤ੍ਰ।
ਪੈ ਉਸ ਆਮਦ ਮਾਂਹਿ[1] ਗੁਜਾਰਾ। — [1]ਆਮਦਨ ਵਿੱਚ।

ਚਲੈ ਪੰਥ ਕਾ ਮੁਸ਼ਕਲ ਭਾਰਾ।
ਬਿਖਰ ਗਏ[1] ਸਿੰਘ ਰਹੇ ਨ ਤੈਠੇ[2]। — [1]ਖਿੰਡ ਗਏ। [2]ਤਿਸ ਜਗ੍ਹਾ।
ਕੇਤਿਕ ਧ੍ਰਮਸਾਲੋਂ ਮੈਂ ਬੈਠੇ ॥੧੩੪॥
ਖੇਤੀ ਬਣਜ ਲਗੇ ਬਹੁ ਕਰਨੇ।
ਜਾਇ ਗਹੇ ਕਿਨ ਨ੍ਰਿਪਨ ਪਰਣੇ[1] ॥੧੩੫॥ — [1]ਰਾਜਿਆਂ ਦੇ ਆਸਰੇ ਜਾ ਪਕੜੇ।

ਦੋਹਰਾ:

ਯਾ ਬਿਧਿ ਸਿੰਘਨ ਕੀ ਬਿਤੈ,
ਭਈ ਮੁਲਕ ਮੈਂ ਚੈਨ।
ਤੁਰਕਨ ਕੀ ਬਦਨੀਤਿ ਨੈ[1], — [1]ਮਾੜੀ ਨੀਯਤ ਨੇ।
ਕਿਯ ਕੁਢੰਗ ਫਿਰ ਐਨ ॥੧੩੬॥
ਸੂਬਾ ਅਬਦੁਲ ਸਮੁੰਦ ਖਾਂ,
ਫਸਜੋ ਮੌਤ ਕੇ ਫੰਧ[1]। — [1]ਭਾਵ ਮਰ ਗਿਆ।
ਭਯੋ ਤਾਂਹਿ ਫਰਜੰਦ[1] ਫਿਰ, — [1]ਪੁੱਤਰ।
ਖਾਨ ਬਹਾਦਰ ਮੰਦ ॥੧੩੭॥
ਬੰਦਾ ਪਕਰਜੋ ਥਾ ਇਸੈ,
ਹਤੇ ਬੰਦਈ ਭਿ ਯਾਹਿ।
ਸੂਬਾ ਭਯੋ ਲਹੌਰ ਕਾ,
ਇਸੀ ਹੇਤ ਪੁਨ ਵਾਹਿ ॥੧੩੮॥
ਖਾਨ ਬਹਾਦੁਰ ਕਾ ਹੁਤੋ,
ਦਾਨਾ[1] ਸਿਆਨਾ ਬਾਪ। — [1]ਚਤੁਰ।
ਚੈਨ ਰਖਨ ਹਿਤ ਮੁਲਕ ਮੈਂ,
ਰਖਤੋ ਸਿੰਘਨ ਮਿਲਾਪ ॥੧੩੯॥
ਪਾਂਚ ਹਜਾਰ ਰੁਪਜਾ ਦੈ,
ਮਾਹਵਾਰੀ ਵੀਚਾਰ।
ਮਿਸਰੀ ਕੀ ਤਰਵਾਰ ਸੋਂ[1], — [1]ਭਾਵ ਬਹੁਤ ਮਿੱਠਾ ਬਣ ਕੇ।
ਹਤਜੋ ਚਹਿਤ ਬਨਿ ਯਾਰ ॥੧੪੦॥
ਯੌਂ ਬਸ ਮੈਂ ਕਰਿ ਰਖੇ ਥੇ,
ਸਿੰਘ ਬਹਾਦਰ ਗੌਰ[1]। — [1]ਬਹੁਤੇ।
ਜਾਨ ਰਖਜੋ ਥਾ ਸਨੇ ਸਨੇ[1], — [1]ਹੌਲੀ ਹੌਲੀ।
ਛੁੱਟ ਜੈਹੈਂ ਇਹੁ ਤੌਰ[1] ॥੧੪੧॥ — [1](ਜੰਗ ਕਰਨ ਦੇ) ਇਹ ਤ੍ਰੀਕੇ ਇਨ੍ਹਾਂ ਤੋਂ ਛੁੱਟ ਜਾਣਗੇ।

ਜੋਰ ਜਥਾ[1] ਇਨ ਟੂਟਯੋ,
ਰੈਹੈਂ ਬਾਕੀ ਜੋਇ।
ਦੁਸ਼ਮਨ ਸੰਗ ਲੜਾਇ ਕਿਤ,
ਦੈਹੈਂ ਵਹਿ ਭੀ ਖੋਇ[1] ॥ ੧੪੨ ॥
ਫਿਰ ਜੋ ਰੈਹੈਂ ਘਰੋ ਘਰ,
ਸਨੇ ਸਨੇ ਤਿਨ ਤਾਂਇਂ।
ਅਨਿਕ ਬਹਾਨਜੋਂ ਰੀਤਿ ਸੈਂ,
ਦੈਹੈਂ ਮਾਰਿ ਮੁਕਾਇ ॥ ੧੪੩ ॥
ਪੈ ਹਰਿ ਘਰ ਕੀ ਨਹਿਂ ਲਖੈਂ,
ਹਮ ਹੀ ਕੋ ਸਿੰਘ ਲੈਂਹ।
ਜੈਸ ਕੌਰਵਨ ਪਾਂਡਵਨ
ਕੀ ਗਾਥਾ ਸਭਿ ਕੈਹਂ ॥ ੧੪੪ ॥
ਖਾਨ ਬਹਾਦਰ ਢਿਗ ਭਯੋ,
ਨਾਯਬ[1] ਅਸਲਮ ਖਾਨ।
ਬਦ ਸਲਾਹਿ ਬਦਜ਼ਾਤਿ ਸੋ,
ਥਾ ਬਦ ਅਮਲ ਪਠਾਨ[1] ॥ ੧੪੫ ॥

ਗੁਰੁ ਚੱਕ ਮੈਂ ਜਬਿ ਸਿੰਘ ਰਹੇ
ਥੋੜੇ, ਉਨ ਲਖਿ ਭੇਤ।
ਖਰਚ ਨ ਪਠਜੋ ਬੁਲਾ ਪਠੇ,
ਸਿੰਘ ਹਾਜ਼ਰੀ ਹੇਤ ॥ ੧੪੬ ॥
ਔਰ ਹੁਕਮ ਇਹੁ ਭੀ ਦਯੋ,
ਹਾਜ਼ਰ ਰਹੋ ਲਹੌਰ।
ਤੁਰਕਨ ਕੀ ਬਦਨੀਤਿ ਇਹੁ,
ਲਖੀ ਪੰਥ ਸਭਿ ਤੌਰ[1] ॥ ੧੪੭ ॥
ਚੌਪਈ:
ਜਬਿ ਸਿੰਘਨ ਢਿਗ ਤਲਬ[1] ਨ ਆਈ।
ਲਾਰਜੋਂ ਵੀਚ ਨਵਾਬ ਰਖਾਈ।
ਤਬਿ ਬਿਗਰੇ ਸਿੰਘ ਬਾਵਜੋਂ ਸੰਗੈਂ।
ਬੀਚ ਬਿਚੋਲੇ ਥੇ ਜੋ ਸੰਗੈਂ ॥ ੧੪੮ ॥

[1]ਜੱਥੇਬੰਦੀ ਦਾ ਜ਼ੋਰ। (ਅ) ਇਨ੍ਹਾਂ ਦਾ ਜ਼ੋਰਾਵਰ ਜੱਥਾ।

[1]ਨਾਸ਼ ਕਰ ਦਿਆਂਗੇ ਭਾਵ ਮੁਕਾ ਦਿਆਂਗੇ।

[1]ਛੋਟਾ ਸੂਬਾ।

[1]ਉਹ ਪਠਾਣ, ਮਾੜੀ ਸਲਾਹ ਦੇਣ ਵਾਲਾ, ਮਾੜੀ ਜ਼ਾਤ ਦਾ ਤੇ ਮਾੜੀਆਂ ਕਰਤੂਤਾਂ ਵਾਲਾ ਸੀ।

[1]ਸਭ ਤਰ੍ਹਾਂ ਦੀ।

[1]ਤਨਖ਼ਾਹ।

ਤਿਨ ਕੇ ਤਈਂ ਮਾਰਨੋ ਚੈਹੈਂ।
ਕੈਂਹ ਬਿਗਾੜੇ ਕੰਮ ਤੁਮੈ ਹੈਂ।
ਝੂਠ ਸਾਚ ਤੁਮ ਹਮੇਂ ਸਿਖੈ ਹੈ।
ਬੰਦੇ ਸੋਂ ਦਿਯ ਫਰਕ ਪਵੈ ਹੈ ॥ ੧੪੯ ॥
ਫਿਰ ਮੱਦਦ ਨਹਿਂ ਕਰਣੇ ਦੀਨੀ।
ਤੁਰਕਨ ਸੰਗ ਮਿਲਾਵਟ ਕੀਨੀ।
ਫੇਰ ਬੰਦਈ ਹਮਾਰੇ ਭਾਈ।
ਹਮ ਹੀ ਤੈ ਸੋ ਦਏ ਮਰਾਈ ॥ ੧੫੦ ॥
ਮੇਲ ਕਰਾਯੋ ਜਿਨ ਸੋਂ ਹਮੈਂ।
ਅਬੈ ਜਾਨ ਸੋ ਹਮਰੀ ਲਮੈਂ[1]। [1]ਲੈਣਗੇ।
ਨਿਜ ਸਰਦਾਰੀ ਥਾਪਨ ਹੇਤੈਂ।
ਕਰੇ ਪਾਪ ਤੁਮ ਹੂੰ ਸਭਿ ਏਤੈਂ ॥ ੧੫੧ ॥
ਤੁਰਕੈਂ ਪਿਨਸ਼ਨ ਜੋ ਥੀ ਲਾਈ।
ਕੈ ਤੋ ਸੋ ਤੁਮ ਦਿਹੁ ਅਬਿ ਲਜਾਈ।
ਨਹੀਂ ਤੁ ਚਲੇ ਜਾਹੁ ਹਮ ਮੈਂ ਸੈ[1]। [1]ਸਾਡੇ ਵਿਚੋਂ।
ਮਤ ਕੋਊ ਸਿੰਘ ਮਾਰ ਗਿਰੈਸੈ[1] ॥ ੧੫੨ ॥ [1]ਮਾਰ ਸੁੱਟੇਗਾ।
ਮਿਲ ਜੈਹੈ ਤੁਮ ਕੋ ਸਰਦਾਰੀ।
ਤੁਮ ਕੋ ਫੁਰੀ ਨ ਏਹੁ ਵਿਚਾਰੀ।
ਕਲਗੀਧਰ ਨਿਜ ਪੰਥ ਮਝਾਰੀ।
ਪਾਈ ਕਲਾ ਆਪਣੀ ਸਾਰੀ ॥ ੧੫੩ ॥
ਹੱਨੇ ਹੱਨੇ ਹ੍ਵੈ ਪਤਿਸ਼ਾਹੀ[1]। [1]ਭਾਵ ਹਰ ਘੋੜ ਸਵਾਰ ਪਾਤਸ਼ਾਹ ਹੋਵੇਗਾ।
ਪੰਥ ਖਾਲਸੇ ਕੀ ਲਿਹੁ ਚਾਹੀ[1]। [1]ਦੇਖ ਲੈਣਾ।
ਬਚਨ ਗੁਰੂ ਕਾ ਸੱਤ ਭਵੈ ਹੈ।
ਤਬਿ ਤੁਮ ਕੋ ਬੀ ਦੇਖਯੋ ਜੈਹੈ ॥ ੧੫੪ ॥
ਅਬਿ ਸਰਦਾਰੀ ਕੀ ਤਜਿ ਆਸਾ।
ਲਵੋ ਕਿਨਾਰਾ ਭਵੋ ਕਿ ਦਾਸਾ[1]। [1]ਪੰਥ ਵਿਚੋਂ ਦੂਰ ਚਲੇ ਜਾਉ ਜਾਂ ਦਾਸ ਬਣ ਜਾਉ।
ਕਿਛੁ ਬਾਵੇ ਬਖਸ਼ਾਵਤ ਭਏ।
ਕਿਛੁ ਉਠਿ ਚੁਪਕੇ ਘਰ ਕੋ ਗਏ ॥ ੧੫੫ ॥
ਮੀਰੀ ਸਿੰਘ ਫਿਰ ਲੌਪੁਰ[1] ਗਯੋ। [1]ਲਾਹੌਰ।
ਰੁਪਜਾ ਸੂਬੇ ਤੇ ਮਾਂਗਤ ਭਯੋ।

ਸਾਫ ਜਬਾਬ ਨੁਵਾਬ ਸੁਨਾਯੋ।
ਪੰਥ ਤਈਂ ਇਮ ਆਖਿ ਪਠਾਯੋ ॥ ੧੫੬ ॥
ਖੇਤੀ ਵਣਜ ਕਰੋ ਤੁਮ ਜਾਈ।
ਮਾਫੀ[1] ਖਾਹੁ ਲੇਹੁ ਲਿਖਵਾਈ। — [1]ਜ਼ਮੀਨ ਦਾ ਮਾਮਲਾ ਮੁਆਫ਼ ਹੋਵੇਗਾ।
ਪਰਹੈ ਕਾਮ ਤੁ ਫੇਰ ਬੁਲੈ ਹੈਂ।
ਲਖਜੋ ਸਿੰਘਨ ਕਿਯ ਦਗਾ ਤੁਕੈਂ ਹੈ ॥ ੧੫੭ ॥
ਜੋਰ ਤੋਰ[1] ਹਮਰਾ ਉਨ ਦੀਆ। — [1]ਜ਼ੋਰ ਤੋੜ ਦਿੱਤਾ ਹੈ।
ਅਬਿ ਕੁਸੱਟ[1] ਹਮ ਸੋਂ ਚਹਿੰ ਕੀਆ। — [1]ਖੋਟੀ ਸੱਟ ਭਾਵ ਬੁਰੀ ਮਾਰ।
ਗੁਰੁ-ਜ਼ਾਦਜੋਂ ਨੈ ਹਮੈਂ ਭੁਲਾਯੋ।
ਤੁਰਕਨ ਕੇ ਧੋਖੇ ਮੈਂ ਪਾਯੋ ॥ ੧੫੮ ॥
ਕਹਤੇ ਥੇ ਸੋ ਦੈਹਿੰ ਜਗੀਰੈਂ।
ਇਹੀ ਰਹੀਂ ਥੀਂ ਹ੍ਵੈ ਤਤਬੀਰੈਂ[1]। — [1]ਜਤਨ, ਵਿਉਂਤਾਂ।
ਲਖ ਲਖ ਕਸਮਾਂ ਤੁਰਕਨ ਖੈ ਕੈ।
ਇਹੀ ਇਨਾਮ ਦਯੋ ਅਬਿ ਐ ਕੈ ॥ ੧੫੯ ॥
ਤੁਰਕੈਂ ਦੋਸ਼ ਨ ਕੋਊ ਭਾਈ।
ਹਮਰੀ ਭੂਲ ਹਮੈਂ ਦੁਖਦਾਈ।
ਖੁਦਗਰਜ਼ੋ ਕੇ ਲਗ ਹਮ ਆਖੇ।
ਅਪਨੇ ਖੂੰਨ ਆਪ ਹੀ ਚਾਖੇ ॥ ੧੬੦ ॥
ਜੇ ਬਾਵਜੋਂ ਕੇ ਕਹੇ ਨ ਲਗਤੇ।
ਬੰਦੇ ਸੰਗ ਮਿਲੇ ਹਮ ਬਗਤੇ[1]। — [1]ਮਿਲ ਕੇ ਚਲਦੇ।
ਨਾਹਿੰ ਬੰਦੱਯਨ ਕੋ ਫਿਰ ਘਾਤੇ[1]। — [1]ਮਾਰਦੇ।
ਤਿਨ ਕੋ ਅਪਨੇ ਬੀਰ[1] ਬਨਾਤੇ ॥ ੧੬੧ ॥ — [1]ਭਰਾ।
ਅਬਿ ਲੌ ਸਭਿ ਸੱਤ੍ਰੁਨ ਕੋ ਹਰ ਕੈ।
ਬਨਤੇ ਮਾਲਕ ਮੁਲਕ ਨਿਧਰਕੈ[1]। — [1]ਨਿਧੱੜਕ ਹੋ ਕੇ।
ਜਮਨਾ ਔਰ ਸਿੰਧੁ ਕੇ ਅੰਦਰ।
ਪੰਥ ਖਾਲਸਾ ਹੁਤੋ ਨਰਿੰਦਰ[1] ॥ ੧੬੨ ॥ — [1]ਰਾਜਾ, ਬਾਦਸ਼ਾਹ।
ਨਏ ਸਿੰਘ ਭੀ ਬਹੁ ਬਨ ਜਾਤੇ।
ਪਿਛਲੇ ਸਭਿ ਹੀ ਮਿਲੇਰਹਾਤੇ।
ਕੋਊ ਨ ਸਨਮੁਖ ਹੋਇ ਸਕਾਤੋ।
ਪੰਥ ਪ੍ਰਤਾਪ ਤੇਜ ਬਢ ਜਾਤੋ ॥ ੧੬੩ ॥

ਇਕ ਬੰਦੇ ਸੋਂ ਬਿਗਰਨ ਪਰ ਹੈਂ[1]। [1]ਵਿਗਾੜ ਪੈਣ ਕਰਕੇ।
ਭਏ ਖਰਾਬੇ ਬਹੁਤੇ ਤਰ ਹੈਂ[1]। [1]ਬਹੁਤ ਜ਼ਿਆਦਾ।
ਗਯੋ ਪੰਥ ਆਧੋ ਬੰਦਈ।
ਇਕ ਹਿੱਸਾ ਬਿਛੜੇ ਮਲਵਈ ॥੧੬੪॥
ਹਮ ਮਝੈਲ ਚੌਥਾਂਸ[1] ਰਹੈ ਹੈਂ। [1]ਚੌਥਾ ਹਿੱਸਾ।
ਏਹੁ ਫੱਟ ਅਬਿ ਮਿਲੈ ਕਦੈ ਹੈਂ।
ਫਲ ਇਸ ਬੇਇਤਫਾਕੀ ਕੇਰਾ।
ਪਰਜੋ ਭੋਗਨਾ ਕਸ਼ਟ ਬਧੇਰਾ ॥੧੬੫॥
ਮੀਰੀ ਸਿੰਘ ਆਦਿਕ ਗੁਰੁਜ਼ਾਦੈਂ।
ਡਾਰਜੋ ਹਮ ਮੈਂ ਏਹੁ ਬਿਖਾਦੈਂ[1]। [1]ਝਗੜਾ।
ਥਾਪਨ ਹਿਤ ਅਪਨੀ ਸਰਦਾਰੀ।
ਬਾਜੀ ਹਮਰੀ ਬਨੀ ਬਿਗਾਰੀ ॥੧੬੬॥
ਅਬਿ ਕਬ ਹੀ ਗੁਰੁ ਫੇਰ ਬਨੈ ਹੈ।
ਪੰਥ ਕੇਰ ਮੇਲਾਪ ਜੋ ਥੈਹੈ।
ਰੱਖਕ ਹਮਰੋ ਹੈ ਸੋ ਭਾਰੀ।
ਜਿਸ ਕੀ ਪੰਥ ਏਹੁ ਹੈ ਬਾਰੀ[1] ॥੧੬੭॥ [1]ਬਗ਼ੀਚੀ।
ਸਤਿਗੁਰੁ ਲਾਜ ਬਿਰਦ ਕੀ ਰਖ ਹੈ।
ਜੀਵੈ ਜੋਊ ਰਾਜ ਸੁਖ ਚਖ ਹੈ।
ਜੱਦਯਪਿ ਤੁਰਕੈਂ ਦਗਾ ਅਪਾਰੀ।
ਕਰਿ, ਹਮਰੀ ਬਡ ਬਾਤ ਬਿਗਾਰੀ ॥੧੬੮॥
ਜਰ ਹਮਰੀ ਇਨ ਕਾਟਨ ਹੇਤੈਂ।
ਬਾਹੀ ਕਾਂਤਿ ਕੁਨੀਤੀ ਕੇਤੈਂ[1]। [1]ਕਿਤਨੀ ਬਾਰ ਖੋਟੀ ਨੀਤੀ ਦੀ ਛੁਰੀ ਵਗਾਈ।
ਜਜੋਂ ਬਦਨੀਤਿ ਕਰੀ ਇਨ ਹਮ ਸੋਂ।
ਹਮ ਭੀ ਦੈਂਹ ਨ ਕਿਛੁ ਫਲ ਕਮ ਸੋ[1] ॥੧੬੯॥ [1]ਅਸੀਂ ਵੀ ਉਨ੍ਹਾਂ ਨੂੰ ਕੁਝ ਘੱਟ ਫਲ ਨਹੀਂ ਦਿਆਂਗੇ ਭਾਵ ਬਹੁਤਾ ਫਲ ਦੇਵਾਂਗੇ।

ਦੋਹਰਾ:
ਬਿਤੀ ਬਾਤ ਕੋ ਭਾਂਤਿ ਇਸ,
ਪੰਥ ਅਧਿਕ ਪਛਤਾਤ।
ਉਤੈ ਸੁਨੋਂ ਤੁਰਕਾਨ ਜੋ,
ਮਥੀ ਮੰਦ ਮਤਿ ਘਾਤ[1] ॥੧੭੦॥ [1]ਦਾਅ।

ਚੌਪਈ:

ਦਗਾ ਠਟਜੋ ਮਨਿ ਤੁਰਕਨ ਐਸੈਂ।
ਜਬਿ ਸਭਿ ਜਾਇ ਸਿੰਘ ਘਰ ਬੈਸੈਂ।
ਜਥੇ ਟੂਟ ਇਨ ਕੇ ਸਭਿ ਜੈਹੈਂ।
ਫਿਰ ਹਮ ਇਕਠੇ ਹੋਨ ਨ ਦੈਹੈਂ ॥੧੭੧॥
ਸਿੱਖਨ ਕੋ ਜਹਂ ਤਹਂ ਤੇ ਫੜ ਕੈ।
ਕਰੈਂ ਤੁਰਕ ਕੁਛ ਮਾਰੈਂ ਕੜ ਕੈ[1]।
[1]ਬੰਨ੍ਹ ਕੇ।
ਜੋ ਇਨ ਮਿਲਿ ਬੰਦੇ ਸੰਗ ਭਾਰੇ।
ਹਮ ਪਰ ਜ਼ੁਲਮ ਅਤੁਲਮ[1] ਗੁਜਾਰੇ ॥੧੭੨॥
[1]ਬਹੁਤੇ।
ਸੋ ਬਦਲੇ ਹਮ ਅਬਿ ਸਭਿ ਲੈਹੈਂ।
ਕਰਿ ਨੇਸਤ ਨਾਬੂਦ[1] ਇਨੈ ਹੈਂ।
[1]ਨਾਸ਼, ਤਬਾਹ।
ਕਰਿ ਨਿਰਬੀਜ[1] ਸਿੰਘਨ ਕੋ ਪਹਿਲੈਂ।
[1]ਖ਼ਤਮ।
ਤੁਰਕ ਕਰੈਂ ਫਿਰ ਹਿੰਦੈਂ ਸਹਿਲੈਂ[1] ॥੧੭੩॥
[1]ਫੇਰ ਸੁਖਾਲਾ ਹੀ ਹਿੰਦੂਆਂ ਨੂੰ ਤੁਰਕ ਕਰ ਲਵਾਂਗੇ।
ਮੱਦਦਗਾਰ ਹਿੰਦੁ ਕਾ ਜੋਊ।
ਬਿਨ ਸਿੱਖਨ ਨਹਿਂ ਪਿਖੀਅਤ ਕੋਊ।
ਅਬਿ ਲੌਂ ਜੇ ਯਹਿ ਪੰਥ ਨ ਹੋਤਾ।
ਦਯੋ ਹੁਤੋ ਹਿੰਦੁਨ ਕੋ ਗੋਤਾ[1] ॥੧੭੪॥
[1]ਡੋਬ ਦਿੱਤਾ ਹੁੰਦਾ।
ਦੀਨ ਏਕ ਹਮਰਾ ਬਨ ਜਾਤੋ।
ਹਿੰਦੂ ਏਕ ਨ ਰਹਿਨਾ ਪਾਤੋ।
ਜਿਸ ਦਿਨ ਤੈ ਯਹਿ ਸਿੰਘਨ ਮਜ਼ਬੈਂ।
ਹਠੀ ਬੀਰ ਬਡ ਹੋਯੋ ਗਜ਼ਬੈਂ[1] ॥੧੭੫॥
[1]ਭਾਰਾ।
ਜ਼ਾਲਮ ਜਾਹਲ[1] ਮੁਫਸਦ[2] ਚੋਰੈਂ।
[1]ਅਨਪੜ੍ਹ। [2]ਫ਼ਸਾਦੀ।
ਇਨ ਸਮ ਜਗ ਮੈਂ ਭਯੋ ਨ ਹੋਰੈਂ।
ਇਨ ਬਦਮਾਸ਼ਨ ਦੀਨ ਹਮਾਰਾ।
ਕਰਜੋ ਬਢਨ ਤੇ ਬੰਦ ਅਪਾਰਾ ॥੧੭੬॥
ਅਬਿ ਹਮ ਇਨ ਬਦਜ਼ਾਤ ਨਰਨ ਕੈ[1]।
[1]ਮਾਰ ਕੇ।
ਤੁਰਕ ਬਨੈਹੈਂ ਹਿੰਦੁਨ ਧਨ ਕੈ[1]।
[1]ਨਾਸ਼ ਕਰਕੇ।
ਬਕਰੀ ਭੇਡ ਗਊ ਮ੍ਰਿਗ ਭੈਸੈਂ।
ਇਨ ਸਮ ਹਿੰਦੂ ਸਿਰ ਨ ਉਕੈਸੈਂ[1] ॥੧੭੭॥
[1]ਸਿਰ ਨਹੀਂ ਚੁੱਕਣਗੇ।
ਸੂਰ ਸ਼ੇਰ ਬ੍ਰਿਕ[1] ਸ੍ਰਿੰਗੀ[2] ਗੈਂਡੇ।
[1]ਬਘਿਆੜ। [2]ਹਾਥੀ।

ਇਨ ਸਮ ਸਿੰਘ ਇਹੈ ਬਡ ਬੈਂਡੇ[1]। [1]ਅਮੋੜ, ਟੇਢੇ।
ਅਬਿ ਯਹਿ ਆਏ ਸੁਤ ਹਮਾਰੈਂ।
ਇਨ ਕੋ ਹਤ ਨਿਜ ਦੀਨ ਬਿਥਾਰੈਂ[1] ॥੧੭੮॥ [1]ਆਪਣਾ ਮਜ਼ਹਬ ਫੈਲਾਵਾਂਗੇ।
ਇਹੁ ਬਦ-ਮਨਸ਼ਾ[1] ਤੁਰਕੈਂ ਕੀਨੀ। [1]ਮਾੜੀ ਇੱਛਾ।
ਇਤ ਦਿਸ ਸਿੰਘਨ ਭੀ ਲਖ ਲੀਨੀ ॥੧੭੯॥

ਦੋਹਰਾ:
ਤੁਰਕੈਂ ਕੀਨੋ ਦਗਾ ਜਯੋਂ,
ਦਏ ਬੰਦਈ ਮੁਕਾਇ।
ਪਛਤਾਯੋ ਪੁਨ ਪੰਥ ਜਯੋਂ,
ਕਹਿ ਇਤਿ ਭਯੋ ਧਿਆਇ ॥੧੮੦॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਬੰਦਈਓਂ ਕੇ ਜੰਗ, ਤੁਰਕਨ ਕੇ ਫਰੇਬ ਦਗੇ, ਪੰਥ ਕਾ ਪਛਤਾਵਨ', ਬਰਨਨੰ ਨਾਮ ਉਨੀਸਮੋਂ ਬਿਸ੍ਰਾਮ ॥੧੯॥

੨੦. {ਪੰਥ ਅਤੇ ਤੁਰਕਾਂ ਦਾ ਵੈਰ ਵਧਣਾ}

ਸ੍ਵੈਯਾ:
ਨਰ ਜੇ ਸੁਖ ਚੈਹੁ ਸਦਾ ਸਭਿ ਹੀ,
ਦੁਵਿਧਾ ਸੱਤ੍ਰੈਂ[1] ਨ ਬਿਸਾਹੁ ਕਰੋ। — [1]ਦੋ ਤਰ੍ਹਾਂ ਦੇ ਵੈਰੀਆਂ ਦਾ।
ਸਭਿ ਕਾਮ ਵਿਚਾਰ ਸੁਧਾਰ ਕਿਜੋ,
ਜਿਨ ਕਾ ਫਲ ਕ੍ਰੂਰ[1] ਸੁ ਦੂਰ ਹਰੋ[2]। — [1]ਭਿਆਨਕ, ਬੁਰਾ। [2]ਦੂਰ ਤਿਆਗ ਦਿਓ।
ਸਤਿ-ਸੰਗਤਿ ਨੀਤਿ ਸਪ੍ਰੀਤ ਕਰੋ,
ਪ੍ਰਭ ਤੈ ਬਿਨੁ ਔਰ ਨ ਆਸ ਧਰੋ।
ਇਹੁ ਮਾਰਗ ਸ੍ਰੇਯ ਸਹੀ ਸੁਧ ਹੈ[1], — [1]ਇਹ ਕਲਿਆਣ ਦਾ ਠੀਕ ਤੇ ਸ਼ੁੱਧਰਸਤਾ ਹੈ।
ਫਲ ਚਾਰ ਮਿਲੈਂ ਇਹ ਜੋ ਵਿਚਰੋ[1] ॥੧॥ — [1]ਜੇ ਇਸ ਤਰ੍ਹਾਂ ਚਲੋਗੇ।

ਦੋਹਰਾ:
ਨਾਮ ਸਿੰਘਨ ਨਾਮੀਨ ਕੇ,
ਕਥੇ ਜਥੇ ਜਜੋਂ ਬਾਂਧਿ[1]। — [1]ਮਸ਼ਹੂਰ ਸਿੰਘਾਂ ਦੇ ਨਾਮ ਕਹਿੰਦੇ ਹਾਂ ਜਿਵੇਂ (ਉਹ) ਜੱਥੇ ਬੰਨ੍ਹ ਕੇ।
ਲੂਟ ਮਾਰ ਸਿੰਘ ਕਰੈਂ ਜਜੋਂ,
ਬਢ ਹੈ ਅਧਿਕ ਬਿਖਾਦ[1] ॥੨॥ — [1]ਝਗੜਾ।
ਨਾਮੀ ਗ੍ਰਾਮੀ[1] ਸਿੰਘ ਤਬਿ, — [1]ਬਹੁਤ ਮਸ਼ਹੂਰ।
ਹੁਤੇ ਜੁ ਪੰਥ ਮਝਾਰ।
ਕੁਛਕ ਨਾਮ ਤਿਨ ਕੇ ਕਹੌਂ,
ਹੇਤ ਪਛਾਨ ਵਿਚਾਰ ॥੩॥

ਦ੍ਵੈਯਾ ਛੰਦ:
ਤਾਰਾ ਸਿੰਘ, ਕੁਵਰ[1], ਧਾਰੀ ਹਰਿ, — [1]ਨਾਮ।
ਅਮਰ, ਬਸਾਵਾ ਸਿੰਘ ਯੇਹ ਪਾਂਚ।
ਤੁਕਾਨਨ ਕਾਨਨ ਹਾਨਨ ਹਿਤ,
ਮਾਨਨ ਕਰੋ ਗਏ ਸਮ ਆਂਚ[1]। — [1]ਤੁਰਕਾਂ ਰੂਪ (ਕਾਨਨ) ਜੰਗਲ ਨੂੰ ਨਾਸ਼ ਕਰਨ ਵਾਸਤੇ ਮੰਨਣਾ ਕਰੋ (ਕਿ ਇਹ ਪੰਜੇ) ਅੱਗ ਵਾਂਗ ਗਏ।
ਸਹਜ ਸਿੰਘ, ਕੇਹਰ, ਝਲੀਆਂ ਕੇ[1] — [1]ਪਿੰਡ ਦਾ ਨਾਮ।
ਜੋਧ ਸਿੰਘ, ਦਲ, ਨਾਰੋ ਕੇਰ।
ਸੂਰਾ ਸਿੰਘ, ਤਖਾਨ ਖਾਲੜੇ
ਬਦਨ ਹਰੀ, ਘਨ, ਫ਼ਾਲੀ ਹੇਰ[1] ॥੪॥ — [1]ਬੱਖੀ ਫਾਲੀ ਪਿੰਡ ਦੇ ਦੇਖੋ।

ਮਾਲੀ ਸਿੰਘ, ਗੁਰਬਖਸ਼, ਭੜਾਣੀ[1]
ਬੇਲਾ ਸਿੰਘ, ਭੀਮ ਗਿੱਲ[1] ਬੀਰ[2]।
ਅਮਰ ਹਰੀ, ਬਘੇਲ, ਸਰਾਂ ਦੇ
ਗੌਰਾ ਸਿੰਘ[1], ਬੁਲਾਕਾ, ਧੀਰ[2]।
ਲਖਮੀਰ ਸਿੰਘ, ਘੜਜਾਲਜੋ ਸੰਧੂ,
ਹਾਤਾ ਸਿੰਘ ਵੜਾਇਚ ਚੁੰਘ।
ਮੇਘ ਸਿੰਘ, ਗਿਲ ਮੁੰਦ੍ਰਾਂ ਦਾ ਭਲ[1],
ਸਾਵਨ ਸਿੰਘ, ਉਸ਼ਨਾਕ, ਬਲੂੰਘ ॥੫॥
ਭੀਮ ਸਿੰਘ, ਬੱਲਾ ਰੱਤੇ ਕੇ,
ਬਦਨ ਹਰੀ, ਬਾਦਲ ਸੁੱਤੋ ਕੇ ਜਾਨ।
ਕਸਟ ਵਾੜੀਆ ਸੰਤ ਸਿੰਘ, ਭਲ,
ਸੂਬਾ ਸਿੰਘ, ਬਟਾਲੀਵਾਨ*।
ਬਚਨ ਸਿੰਘ, ਘਨ[1], ਆਲਮ ਸਿੰਘ,
ਸਜਾਲਕੋਟੀਏ ਥੇ ਜੋ ਪੂਤ[1]।
ਬਖਸ਼ਾ ਸਿੰਘ, ਬਖਸ਼ੀਸ਼, ਨੇਬ ਸਿਖ*
ਭਰੋਵਾਲੀਏ[1] ਭਲੇ ਸਪੂਤ ॥੬॥
ਝਬਰਾ ਸਿੰਘ, ਸਮੁੰਦ, ਕਾਬਲੀ,
ਭੋਗੜ ਹਰਿ, ਰਸਾਲ, ਮੁਲਤਾਨੀ, ਲੇਹੁ।
ਭੰਡਾਰਾ ਸਿੰਘ, ਦਰਵਾਰਾ ਸਰ੍ਹੰਦੀ
ਬਨੀਏ, ਬਾਮਣ ਤੁਲਸਾ ਲੇਹੁ।
ਅੰਬਰੀਕ ਸਿੰਘ ਸਬੇਗ ਜੰਬਰੀ,
ਗਰਜਾ ਸਿੰਘ, ਮਜੀਠੈ ਕੇਰ।
ਚੂਹੜ ਸਿੰਘ, ਨਗਾਹੀਆ, ਦੁੱਲਟ,
ਕੈਬੋਵਾਲ ਮਾਲਵੇ ਹੇਰ ॥੭॥
ਬੇਲਾ ਹਰਿ, ਸੁਖਨ ਰਾਇਪੁਰੀਏ,
ਬਾਘਾ ਸਿੰਘ, ਸੁਜਾਨਾ, ਗਿੱਲ।
ਮਾਹਿਲ ਦਯਾ ਸਿੰਘ, ਜਸਵੰਤਾ,
ਦੇਸੂ ਹਰਿ, ਮਾਨਾ ਰੰਧਾਵੇ ਮਿੱਲ।
ਲਾਲ ਸਿੰਘ, ਜੋਧਾ ਸਾਬੋ ਕੇ,
ਬੱਲਾ ਹਰਿ, ਦੂਲਾ ਬੇਰਾੜ।

[1]ਭੜਾਣੇ ਪਿੰਡ ਦੇ।
[1]ਗੋਤ। [2]ਸੂਰਮਾ।
[1]ਇਹ ਸਾਂਘਾ ਬ੍ਰਹਮਣ ਸੀ। [2]ਧੀਰਜ ਵਾਲਾ।
[1]ਚੰਗਾ।
*ਬਟਾਲੇ ਪਿੰਡ ਵਾਲਾ।
[1]ਨਾਮ।
[1]ਪਵਿੱਤ੍ਰ ਗੁਣਾਂ ਵਾਲੇ।
*ਕਲਾਲ ਗੋਤ ਦੇ ਸਿੱਖ।
[1]ਪਿੰਡ ਦਾ ਨਾਮ।

ਰਾਮ ਸਿੰਘ, ਤਲੋਕ ਫੂਲ ਕੇ
ਬੀਲਾ ਹਰਿ, ਮੰਨਾ ਕੇਰਾੜ[1] ॥ ੮ ॥ [1]ਕਿਰਾੜ।
ਲੱਖਾ ਸਿੰਘ, ਦੁੱਨਾ ਹਰਿ, ਸੈਣੀ,
ਗਾਮ ਭਲਾਣ ਕੇਰ ਬਡ ਬੀਰ।
ਸਰਬਗ ਸਿੰਘ ਜੋਗਾ, ਵਟਾਲੀਏ,
ਪਰਮਾਨੰਦ, ਰਾਮ ਚੰਦ, ਧੀਰ।
ਪ੍ਰਹਿਲਾਦ ਸਿੰਘ, ਗੋਲਾਬਾ ਬਿਪ੍ਰ[1], [1]ਬ੍ਰਹਮਣ।
ਕੇਸਰ ਸਿੰਘ, ਛਿੱਬ੍ਰ[1] ਦਿਜ ਜਾਨ। [1]ਗੋਤ।
ਜੀਵਨ ਸਿੰਘ, ਟਹਿਲ, ਬੁਧ ਹਰਿ, ਲਖਿ[1], [1]ਜਾਣੋ।
ਪ੍ਰਧਾਨ ਸਿੰਘ, ਦੇਵਾ ਹਰਿ, ਗਜਾਨ ॥ ੯ ॥
ਹਰਦਿੱਤ ਸਿੰਘ, ਗੁਰਦਿੱਤ, ਹਜੂਰੀ,
ਮੁਨਸ਼ੀ ਸੇਵਾਰਾਮ, ਦਿਆਲ।
ਸੂਬੇ ਖਾਨ, ਸ਼ੇਰ ਮਾਹੰਮਦ,
ਜਾਤੀ ਖਾਂ ਮੁਹਕਮ, ਜਾਮਾਲ।
ਲੰਬ ਬਹਾਦਰ ਸਿੰਘ, ਸੁਹਾਵਾ,
ਹਰੀਰਾਮ, ਚੋਪੜਾ ਆਹਿ।
ਚੰਪਾ ਸਿੰਘ, ਹੀਰਾ, ਫੇਰੂ ਸਿੰਘ,
ਸੋਝਾ ਸਿੰਘ, ਭਾਗ ਮਲ, ਚਾਹਿ[1] ॥ ੧੦ ॥ [1]ਦੇਖੋ।
ਸੁੱਖਾ ਸਿੰਘ, ਲਾਲ ਸਿੰਘ, ਮੂਲਾ,
ਧਜਾਨ ਸਿੰਘ, ਨੇਹਾਲ, ਸੁਨਾਕ।
ਟਹਲ ਸਿੰਘ, ਕੀਰਤ ਸਿੰਘ, ਦਾਨਾ
ਦੁਰਗਾਹਾ ਸਿੰਘ, ਮੋਹਰ, ਬਿਪਾਕ[1]। [1]ਬਹੁਤ ਪਵਿੱਤ੍ਰ।
ਲੱਖਾ ਸਿੰਘ, ਮੋਲਕ, ਬਹਿਰ ਹਰਿ,
ਸੰਤ ਸਿੰਘ ਬੇਦੀ ਗੁਰ ਅੰਸ।
ਕੇਸਰ ਸਿੰਘ, ਸੋਢੀ ਮੀਰੀ ਹਰਿ[1], [1]ਸਿੰਘ।
ਕਾਨ੍ਹ[1], ਬਿਨੋਦ ਸਿੰਘ, ਅਵਿਤੰਸ[2] ॥ ੧੧ ॥ [1]ਨਾਮ। [2]ਸ਼੍ਰੋਮਣੀ।
ਭੱਲੇ ਤੇਹਣ ਏਤਿਕ ਔਰੈਂ,
ਪੰਥ ਵੀਚ ਥੇ ਰਹਿਤ ਨਿਸੰਗ।
ਕਾਨ੍ਹ ਸਿੰਘ, ਲਜਪਤ ਸਿੰਘ, ਜਸਪਤ,
ਸੋਢੀ ਸਿੰਘ ਸਜੇ ਓਮੰਗ।

ਬੁੱਢਾ ਸਿੰਘ, ਦੇਸੀ, ਭੌਮਾ ਹਰਿ,
ਸੁਖਾ ਨੰਦ, ਚੰਦਾ, ਹਰਿ ਮੂਲ।
ਫਤੇ ਸਿੰਘ, ਤਖਤਾ, ਬਖਤਾ ਹਰਿ,
ਹਰੀ ਸਿੰਘ, ਮਾਨਾ ਸਿੰਘ ਫੂਲ[1] ॥੧੨॥ [1]ਗੋਤ।
ਦੀਪ ਸਿੰਘ, ਨੱਥਾ, ਬਖਤਾ ਹਰਿ,
ਸਿੰਘ ਥਰਾਜ, ਮਰਾਝ ਮਿਲਾਪ।
ਦਰਗਾਹਾ ਸਿੰਘ, ਬੁਧ ਸਿੰਘ, ਗੰਡਾ
ਰਾਮ ਸਿੰਘ, ਚੰਦਨ ਸਿੰਘ, ਆਪ।
ਕੌਰ ਸਿੰਘ, ਗਜਾ, ਸੁੱਚਾ ਹਰਿ,
ਬੀਕਾ ਹਰਿ, ਬਾਲਾ ਸਿੰਘ, ਚੈਨ।
ਨੰਦ ਸਿੰਘ, ਪ੍ਰਹਿਲਾਦ ਹਰੀ ਜੀ,
ਸੈਣਾ ਸਿੰਘ, ਦੁੱਲਾ ਸਿੰਘ, ਮੈਨ ॥੧੩॥
ਮਾਨ ਸਿੰਘ, ਲਾਲੂ, ਸਿੰਘ ਧੰਨਾਂ,
ਪ੍ਰਾਣ ਸਿੰਘ, ਕੁੰਦਨ ਸਿੰਘ, ਸਿਯਾਮ।
ਚੋਲਾ ਸਿੰਘ, ਸੱਜਨ, ਬੱਜਰ ਸਿੰਘ,
ਹੀਰਾ ਸਿੰਘ, ਹਮੀਰਾ ਨਾਮ।
ਕਰਮ, ਧਰਮ ਸਿੰਘ, ਰੂਪੇ ਕੇ[1] ਥੇ, [1]ਪਿੰਡ।
ਫਤੇ ਸਿੰਘ, ਭਗਤੂ ਕਾ ਆਹਿ।
ਸਿੰਘ ਮਤਾਬ, ਕੋਟ ਮੀਰਾਂ ਕਾ,
ਦਲ ਸਿੰਘ, ਮਲ ਸਿੰਘਰਾਹਿਂ[1] ॥੧੪॥ [1](ਸਿੰਘਾਂ ਦੇ ਜੱਥਿਆਂ ਦੇ ਨਾਲ) ਰਹਿੰਦੇ ਸਨ।
ਪ੍ਰਸਾਦਿ ਸਿੰਘ, ਦੀਪਾ, ਰੂਪਾ ਸਿੰਘ,
ਬੀਰ ਸਿੰਘ, ਨਾਹਰ, ਭਗਵਾਨ।
ਇਤਯਾਦਿਕ ਸਿੰਘ ਹੁਤੇ ਨਿਰਮਲੇ,
ਰਹਿਤੇ ਦਲੋਂ ਸੰਗ ਬਲਵਾਨ।
ਪ੍ਰਿੱਥੀ ਸਿੰਘ, ਬਰਣ ਪ੍ਰਚੰਡ ਸਿੰਘ,
ਬਰਵੰਡਾ, ਬਾਘ ਮ੍ਰਿਗੇਸ।
ਧਰਤ ਧਕੇਲ ਸਿੰਘ, ਬਾਘੜ ਜੀ,
ਸੱਤ੍ਰਜੀਤ ਸਿੰਘ, ਅਜੀਤ, ਮਹੇਸ ॥੧੫॥
ਲਕੜਾ ਸਿੰਘ, ਤਕੜਾ, ਝਗੜਾ ਸਿੰਘ,
ਸੁੰਦਰ, ਇੰਦਰ ਸਿੰਘ, ਕਲਯਾਨ।

ਇਤਯਾਦਿਕ ਨੇਹੰਗ ਭੁਜੰਗੀ[1],
ਰਹਿਤੇ ਲਸ਼ਕਰ ਕੇ ਅਗਵਾਨ।
ਜੀਵਨ ਸਿੰਘ, ਭੋਲਾ, ਸੁੱਧਾ ਸਿੰਘ,
ਅਤਰ, ਚਤਰ ਸਿੰਘ, ਬੀਰ ਪਹਿਚਾਨ।
ਲੱਖਨ ਹਰਿ, ਸਦਾ ਗੋਮਾਨਾ,
ਮਜ਼ਬੀ ਸਿੰਘ ਇਤਯਾਦਿਕ ਜਾਨ ॥੧੬॥
ਕਾਮ ਵਰਖਨੀ ਤਵਾਰੀਖ ਤੈ
ਗੁਰ ਬਿਲਾਸ ਬਖਤਾ-ਮਲ ਕੇਰ।
ਗੁਰ ਬਿਲਾਸ ਦਸਮੇਂ ਗੁਰੁ ਮੈ ਸੇ,
ਸਾਖੀ ਰਾਮ ਕੌਰ ਕੀ ਔਰੈਂ ਹੇਰ।
ਗ੍ਰੰਥ ਕੇਸਰਾ ਸਿੰਘ ਹਜੂਰੀ,
ਦੀਪ ਸਿੰਘ ਕੀ ਸਾਖੀ ਚੀਨ।
ਇਨ ਮੈਂ ਨਾਮ ਲਿਖੇ ਹੈਂ ਅਧਿਕੈਂ,
ਮੈਂ ਥੋਰੇ ਸੇ ਲੈ ਲਿਖ ਦੀਨ ॥੧੭॥
ਹੇਤ ਯਾਦ-ਦਾਸ਼ਤ ਸਿੰਘਨ ਕੇ[1]
ਜਾਂ ਤੇ ਬਹੁਤੀ ਠੌਰੈਂ ਆਹਿਂ।
ਸਾਰੇ ਨਾਹਿਂ ਲਿਖੇ ਇਸ ਹੇਤੈਂ,
ਗ੍ਰੰਥ ਬਢਨ ਤੇ ਅਤਿ ਡਰ ਪਾਹਿਂ।
ਇਨ ਮੈਂ ਅਧਿਕ ਹਜੂਰੀ ਸਿੰਘ ਥੇ,
ਕੁਛ ਥੇ ਜਿਨ ਗੁਰੁ ਦਰਸੇ ਨੀਕ।
ਔਰ ਜੁ ਬੰਦੇ ਸੰਗ ਰਹੇ ਥੇ,
ਸਿਦਕੀ ਸਿੰਘ ਲਿਖੇ ਬਹੁ ਠੀਕ ॥੧੮॥
ਅਬਿ ਪਰਸੰਗ ਨਿਸੰਗ ਸੁਨੀਜੈ,
ਸਾਥ ਉਮੰਗ ਖਾਲਸੇ ਕੇਰ।
ਦਗਾ ਕਰਜੋ ਜਜੋਂ ਤੁਰਕੈਂ ਭਾਰਾ,
ਅਰ ਪਛੁਤਾਏ ਸਿੰਘ ਬਧੇਰ।
ਸੋ ਗਾਥਾ ਹਮ ਪੂਰਬ ਗਾਈ,
ਨਈ ਸੁਨਾਈ ਚਾਹੈਂ ਔਰ।
ਜਾਨ ਲਯੋ ਜਬਿ ਪੰਥ ਖਾਲਸੇ,
ਬਿਗਰਜੋ ਤੁਰਕਨ ਕਾ ਅਬਿ ਤੌਰ[1] ॥੧੯॥

[1]ਸੂਰਮੇਂ।

[1]ਸਿੰਘਾਂ ਦੇ ਯਾਦਰੱਖਣ ਵਾਸਤੇ।

[1]ਢੰਗ।

ਠਟਜੋ[1] ਗੁਰੁਮਤਾ ਤਬੈ ਸਿੰਘਨ ਇਹੁ, [1](ਪਾਸ) ਕੀਤਾ।
ਅਬਿ ਨਹਿਂ ਬੈਠਜੋਂ, ਹ੍ਵੈ ਗੁਜ਼ਰਾਨ।
ਖੇਤੀ ਬਣਜ ਲਗੇ ਜੇ ਕਰਨੇ,
ਫਿਰ ਨਹਿਂ ਬਨ ਹੈ ਜੰਗ ਸਾਮਾਨ।
ਇਕ ਇਕ ਕੋ ਕਰਿ ਖ੍ਵਾਰ ਮਾਰ ਹੈਂ,
ਕਰਿ ਹੈਂ ਤੁਰਕ ਕਿਸੈ ਬਲ ਸੰਗ।
ਅਤਿ ਬਦਨੀਤਿ ਅਹੈ ਮੁਸਲਜੋਂ ਕੀ,
ਚਾਹੈਂ ਸਭਿ ਕੋ ਕਿਯ ਇਕਰੰਗ[1] ॥੨੦॥ [1]ਇੱਕੋ ਮਜ਼ਹਬ ਭਾਵ ਤੁਰਕ।
ਅਰ ਜੋ ਹਮ ਨੇ ਬੰਦੇ ਸੋਂ ਮਿਲਿ,
ਕਰੇ ਕਾਮ ਸੋ ਰੜਕਤ ਤਾਂਹਿਂ।
ਤਾਂ ਤੇ ਅਬਿ ਸਭਿ ਕਸਮ ਖਾਇ ਕੈ,
ਕਸੋ ਕਮਰ ਹਿਤ ਧਰਮ ਮਹਾਂਹਿਂ।
ਜੀਵਤ ਰਹੈਂ ਜੋ ਰਾਜ ਲਹੈਂ ਸੋ,
ਮਰੈਂ ਤੁ ਸ੍ਵਰਗ ਭੋਗ ਹੈਂ ਸਾਰ[1]। [1]ਸ੍ਰੇਸ਼ਟ, (ਅ) ਸਾਰੇ।
ਮੋਦਕ[1] ਦੁਹੂੰ ਹਾਥ ਮਹਿਂ ਲੇਵੋ, [1]ਲੱਡੂ।
ਸੁਜਸ ਧਰਮ ਲਿਹੁ ਜਗਤ ਮਝਾਰ ॥੨੧॥
ਮਰੋ ਨ ਭੇਡ ਬਕਰੀਓਂ ਕੇ ਸਮ,
ਸਿੰਘ ਨਾਮ ਸਫਲਾ ਕਰਿ ਲੇਹੁ।
ਜਥਾ ਬਨਾਇ ਰਖੋ ਠੌਰੈਂ ਇਕ,
ਪਾਲੋ ਲਾਜ ਨ ਟੂਟਨ ਦੇਹੁ ॥੨੨॥
ਦੋਹਰਾ:
ਯਾ ਬਿਧਿ ਕਰਿ ਗੁਰਮਤਾ ਸਿੰਘ,
ਜਥੇ ਬਾਂਧਿ ਚਢਿ ਚੰਗਿ[1]। [1]ਚੰਗੀ ਤਰ੍ਹਾਂ।
ਲੂਟ ਮਾਰ ਛਕਨੇ ਲਗੇ,
ਮੇਲਜੋ ਰੌਰ ਨਿਸੰਗਿ ॥੨੩॥
ਸਿੰਘ ਹਜਾਰਕ ਥਾ ਤਬੈ,
ਘੋੜ-ਚੜ੍ਹਾ ਬਡ ਬੀਰ।
ਪੁਰਿ ਗੁਰਦਾਸ ਪਹਾੜ ਦਿਸ,
ਚਾਲੇ ਪਾਇ ਬਹੀਰ ॥੨੪॥
ਗਾਮ ਲੁਟੈਂ ਤੁਰਕਾਨ ਕੇ,

ਅਪਨਾ ਆਪ ਬਚਾਇ।
ਬ੍ਰਿੱਧ ਸਿੰਘ ਰਹਿਂ ਗੁਰੂ ਚੱਕ,
ਗੱਫਾ ਤਿਨਹਿਂ ਪੁਚਾਇਂ ॥੨੫॥
ਰੌਰ ਪਰਯੋ ਪੁਨ ਦੇਸ ਮੈਂ,
ਔਰ ਮਿਲੇ ਬਹੁ ਆਇ।
ਨਦੀ ਬਾਰ ਜਿਮ[1] ਪੰਥ ਪੁਨ,
ਬਢਨ ਲਗਯੋ ਅਧਿਕਾਇ ॥੨੬॥
ਉਤ ਜਮਨਾਂ ਇਤ ਅਟਕ ਲੌਂ,
ਚੋਰ ਧਾੜਵੀ ਜ੍ਵਾਨ।
ਭੁਖੇ ਸਿੰਘ ਜਯੋਂ ਜਗ ਉਠੇ,
ਹੇਤ ਸ਼ਿਕਾਰ ਕਰਾਨ[1] ॥੨੭॥
ਠੌਰ ਠੌਰ ਇਸ ਤੌਰ ਬਹੁ,
ਜਥੇ ਬਾਂਧਿ ਸਿੰਘ ਔਰ।
ਮਾਰ ਕੂਟ ਤੁਰਕਾਨ ਕੋ,
ਲੂਟਨ ਲਾਗੇ ਗੌਰ[1] ॥੨੮॥
ਬਦਨੀਤੀ ਤੁਰਕਾਨ ਕੀ,
ਲੀਤੀ ਪੰਥ ਪਛਾਨ।
ਚੀਤੀ ਸਿੰਘਨ ਧਰਮ ਜਯੋਂ,
ਕੀਤੀ ਸੋਈ ਬਾਨ[1] ॥੨੯॥

ਸਿੰਘੈਂ ਮਾਰਯੋ ਤੁਰਕ ਚਹਿਂ,
ਸਿੰਘ ਚਹੈਂ ਤੁਰਕਾਨ।
ਦੀਨ ਬਢਾਵਨ ਕੀ, ਬਢੀ
ਹਿਰਸ[1], ਦੁਹੂੰ ਦਿਸ ਜਾਨ ॥੩੦॥
ਚੌਪਈ:
ਬਿਥਰੇ[1] ਸਿੰਘ ਐਸ ਬਹੁ ਥਾਨਾ।
ਮਾਰ ਲੂਟ ਕਰਿਹੀਂ ਗੁਜ਼ਰਾਨਾ।
ਤੀਰ ਦਰਯਾਵਨ ਝੱਲਨ ਮਾਂਹੀਂ।
ਮਾਰਿ ਸ਼ਿਕਾਰ ਧਾਰਿ ਮੁਦ[1] ਖਾਹੀਂ ॥੩੧॥
ਨਗਰਨ ਨਿਕਟ ਕਰੈਂ ਜਾ ਡੇਰੈਂ।

[1]ਨਦੀ ਦੇ ਪਾਣੀ ਵਾਂਗ।

[1]ਭੁਖੇ ਸ਼ੇਰਾਂ ਵਾਂਗ ਸ਼ਿਕਾਰ ਕਰਨ ਲਈ ਜਾਗ ਉਠੇ।

[1]ਬਹੁਤਾ।

[1]ਚਿੱਤ੍ਰਿਆਂ ਤੇ ਸ਼ੇਰਾਂ ਦਾ ਜਿਵੇਂ ਸੁਭਾਵ ਹੈ ਸਿੰਘਾਂ ਨੇ ਉਹੀ ਆਦਤ ਧਾਰ ਲਈ।

[1]ਇੱਛਾ ਵਧੀ।

[1]ਖਿਲਰ ਗਏ, ਫੈਲ ਗਏ।

[1]ਅਨੰਦ ਹੋ ਕੇ

ਕਾਹੂੰ ਵਸਤੁ ਜਬਰ ਨਹਿਂ ਛੇਰੈਂ।
ਲੋਗ ਗਰਾਮਨ ਕੇ ਜੋ ਦੇਂਹੀਂ।
ਦਾਣਾ ਘਾਸ ਰਸਦ ਸੋ ਲੇਹੀਂ ॥੩੨॥
ਆਪ ਦੁਖੈਂ ਨਹਿਂ ਕਿਸੈ ਦੁਖਾਵਨ।
ਯੌਂ ਦਿਨ ਲਾਗੇ ਸਿੰਘ ਬਿਤਾਵਨ।
ਨਿਸ ਦਿਨ ਗੁਰੁ ਬਾਣੀ ਰਹਿਂ ਪਢਤੇ।
ਰੋਜ ਬਰੋਜੈਂ[1] ਜਾਵੈਂ ਬਢਤੇ ॥੩੩॥ — [1]ਦਿਨ ਬਦਿਨ।
ਬਹੁ ਅਸਵਾਰ ਪਿਆਦੇ ਥੋਰੇ।
ਜਤੀ ਸਤੀ ਹਠਿ ਤਪੀ ਨ ਥੋਰੇ।
ਸ਼ਸਤ੍ਰ ਬਿੱਦਜਾ, ਲੱਕੜੀ ਬਾਜੀ[1]। — [1]ਗਤਕੇ ਦੀ ਖੇਡ।
ਸੀਖ ਸਿਖਤ ਰਹਿਂ ਨਿਸ ਦਿਨ ਰਾਜੀ ॥੩੪॥
ਕਰਤ ਫਿਰੈਂ ਯਾ ਬਿਧਿ ਸਿੰਘ ਸੈਲੈਂ।
ਕਹੈਂ ਲੋਗ ਤਿਨ ਕੋ ਚਕਰੈਲੈਂ[1]। — [1]ਚੱਕਰ ਲਾਉਣ ਵਾਲੇ (ਅ) ਚੱਕ੍ਰਵਰਤੀ।
ਪਰਜੋ ਰੌਰ ਫਿਰ ਗੌਰ ਜੁ ਦੇਸੈਂ।
ਸੁਨਿ ਤੁਰਕਨ ਕੋ ਬਢਜੋ ਅੰਦੇਸੈਂ[1] ॥੩੫॥ — [1]ਸੰਸਾ।
ਖਾਨ ਬਹਾਦਰ ਸੂਬੇ ਖੂਬੇ[1]। — [1]ਖ਼ਾਨ ਬਹਾਦਰ ਸੂਬੇ ਨੇ ਚੰਗੀ ਤਰ੍ਹਾਂ।
ਨਾਯਬ ਅਸਲਮ ਖਾਨ, ਅਜੂਬੇ[1]। — [1](ਦੋਹਾਂ ਨੇ) ਅਣੋਖੇ ਢੰਗ ਨਾਲ।
ਬੈਠਿ ਕਰੇ ਬਹੁਧਾ ਮਨਸੂਬੇ[1]। — [1]ਅਨੇਕ ਤਰ੍ਹਾਂ ਦੀਆਂ ਵਿਉਂਤਾਂ ਕੀਤੀਆਂ।
ਲਾਈ ਲੱਤ ਆਈ ਗੁਣ ਕੂਬੇ[1] ॥੩੬॥ — [1]ਕੁੱਬੇ ਦੇ ਲੱਤ ਮਾਰੀ ਰਾਸ ਆ ਗਈ।
ਹਮ ਨੇ ਰੋਕਜੋ ਸਿੰਘਨ ਗੁਜ਼ਾਰਾ।
ਉਨੈ ਲੂਟਿ ਖਾਯੋ ਜਗ ਸਾਰਾ।
ਛਿੜਜੋ ਮਖੀਰ[1] ਏਹੁ ਅਬਿ ਖੋਟਾ। — [1]ਸ਼ਹਿਦ ਦੀਆਂ ਮੱਖੀਆਂ ਦਾ ਇਕੱਠ।
ਗੁਰੁ ਗੁਬਿੰਦ ਸਿੰਘ ਕਾ ਢੋਟਾ[1] ॥੩੭॥ — [1]ਪੁੱਤਰ।
ਕਰਮ ਫਰਜੋ ਇਨਹੂੰ ਇਹੁ ਖੋਟਾ।
ਰਹੇ ਪਾਇ ਰੱਯਤ ਕੋ ਟੋਟਾ।
ਫੌਜ ਪਠੋ ਅਬਿ ਭੰਗ ਅਮੋਟਾ[1]। — [1](ਅਮੋਟਾ) ਅਮੋੜ ਭਾਵ ਬਲਵਾਨ (ਇਨ੍ਹਾਂ ਨੂੰ) (ਭੰਗ) ਨਾਸ ਕਰਨ ਵਾਲੀ।
ਮੰਤ੍ਰੀ ਹ੍ਵੈ ਨ ਬਹਾਦਰ ਛੋਟਾ[1] ॥੩੮॥ — [1]ਵਜ਼ੀਰ ਛੋਟਾ ਬਹਾਦਰ ਨਾ ਹੋਵੇ ਭਾਵ ਵੱਡਾ ਬਹਾਦਰ ਵਜ਼ੀਰ ਭੇਜੋ।
ਹੂਆ ਹੁਕਮ ਮਾਰਬੇ ਜੈਹੋ।

ਇਸ ਮਖੀਰ ਕੋ ਯੌਂ ਬਧ ਕੈਹੋ[1]।
ਨਾਹਿਂ ਤ ਏਹੁ ਅਧਿਕ ਦੁਖ ਦੈਹੈਂ।
ਕਟਿ ਕਟਿ ਕੌਮ ਹਮਾਰੀ ਖੈਹੈਂ ॥੩੯॥
ਹਮਰੋ ਦੀਨ ਬਦਨ ਇਕ ਐਹੈ[1]।
ਪਰੇ ਕੀਟ ਸਿੱਖ ਕਟ ਕਟ ਖੈਹੈਂ।
ਜਬਿ ਲੌ ਨਾਹਿਂ ਪਵਾਇ ਤਮਾਕੂ।
ਇਨੈ ਨਪਾਕ ਨ ਕਰਿਹੈਂ ਖਾਕੂ[1] ॥੪੦॥
ਤਬਿ ਲੌ ਚੈਨ ਲੈਨ ਕਬਿ ਦੈਹੈਂ।
ਬਹੁ ਤੜਫਾਇ ਜਾਨ ਫਿਰ ਲੈਹੈਂ।
ਤਾਂ ਤੇ ਅਬਿ ਦ੍ਰਿਢ ਕਰੋ ਇਲਾਜੈਂ।
ਲਗੇ ਦੰਦ ਇਹੁ ਛੇੜਿ ਤਕਾਜੈ[1] ॥੪੧॥
ਯੌਂ ਮਥਿ ਤਿਨ ਪੁਨ ਲਾਇ ਕਚਹਿਰੀ।
ਬੀਰ ਬੁਲਾਏ ਅਨਿਕੈਂ ਲਹਰੀ[1]।
ਸਾਂਪ ਤੁਰਕ ਸਭਿ ਹੀ ਥੇ ਜ਼ਹਿਰੀ।
ਮਾਰਯੋ ਚਹੈਂ ਡੰਕ ਸਭਿ ਕਹਿਰੀ[1] ॥੪੨॥
ਦੁਸ਼ਮਨ ਥੇ ਸਿੰਘਨ ਕੇ ਸਾਰੇ।
ਹਿਰਸੀ[1] ਜ਼ਿੱਦੀ ਜ਼ਾਲਮ ਭਾਰੇ।
ਮੁਲਕ ਵੀਚ ਹਾਕਮ ਥੇ ਜੇਤੇ।
ਮਾਰਯੋ ਚਹੈਂ ਸਿੰਘਨ ਕੋ ਤੇਤੇ ॥੪੩॥
ਮਾਲ-ਗੁਜਾਰ[1] ਪੈਂਚ ਸਰਦਾਰੂ।
ਨਾਮੀ ਗ੍ਰਾਮੀ ਜਿਤਿਕ ਅਪਾਰੂ।
ਹਿੰਦੂ ਤੁਰਕ ਦੇਸ ਕੇ ਸਭਿ ਹੀ।
ਥੇ ਸਿੰਘ ਕੇ ਦੁਸ਼ਮਨ ਤਬਿ ਹੀ ॥੪੪॥
ਹਿੰਦੁਨ ਕੀ ਥੀ ਮਤਿ ਗਈ ਮਾਰੀ।
ਨਿਜ ਪਗ ਮਾਰਯੋ ਚਹੈਂ ਕੁਹਾਰੀ[1]।
ਸਿੰਘ ਚਹੈਂ ਹਿੰਦੁਵਾਯਨ ਰਾਖਾ।
ਵਹਿ ਸਿੱਖਨ ਚਹਿਂ ਪੁਟਯੋ ਖਾਕਾ[1] ॥੪੫॥
ਜਹਾਂ ਜਹਾਂ ਸਿੱਖ ਉਤਰੈ ਜਾਈ।
ਬੋਲੀ ਠੋਲੀ ਕਰੈਂ ਬੁਰਾਈ[1]।
ਸਿੰਘ ਨ ਸਹੈਂ ਸੁਨਾਵੈਂ ਪਾਂਚੈਂ।

[1]ਇਸ ਤਰ੍ਹਾਂ ਨਾਸ ਕਰੋ।
[1]ਸਾਡਾ ਮਜ਼ਹਬ ਇਕ ਮੁੱਖ ਹੈ।
[1]ਇਨ੍ਹਾਂ ਅਪਵਿੱਤ੍ਰਾਂ ਨੂੰ ਸੁਆਹ ਨਾ ਕਰਾਂਗੇ।
[1]ਝਗੜੇ ਛੇੜਦੇ ਹਨ।
[1]ਮੌਜੀ।
[1]ਗੁੱਸੇ ਨਾਲ।
[1]ਲਾਲਚੀ।
[1]ਸਰਕਾਰੀ ਜ਼ਮੀਨ ਦੇ ਠੇਕੇਦਾਰ।
[1]ਆਪਣੇ ਪੈਰੀਂ ਆਪ ਕੁਹਾੜੀ ਮਾਰਨੀ ਚਾਹੁੰਦੇ ਸਨ।
[1]ਸਿੰਘਾਂ ਦਾ ਨਾਮੋਂ ਨਿਸ਼ਾਨ ਮੇਟਿਆ ਚਾਹੁੰਦੇ ਸਨ।
[1]ਮਖ਼ੌਲ ਦੀਆਂ ਬੁਰੀਆਂ ਗੱਲਾਂ ਕਰਦੇ ਹਨ।

ਉਨ ਕੇ ਤਨ ਮਨਿ ਲਾਗੈ ਆਂਚੈਂ[1] ॥ ੪੬ ॥ — [1]ਅੱਗ।
ਹਿੰਦੁਨ ਅੰਧੇ ਤੁਰਕੈਂ ਕਾਂਨੈਂ[1]। — [1]ਕਾਣੇ।
ਸਿੰਘ ਕਹੈਂ, ਵਹਿ ਦੁਖੈਂ ਮਹਾਂਨੈ।
ਮੜ੍ਹੀ ਮਸਾਣੀ ਪੂਜਨ ਪੱਥਰ।
ਇਨ ਬਦਲੇ ਹਿੰਦੂ ਲਹਿਂ ਸੱਥਰ[1] ॥ ੪੭ ॥ — [1]ਹਿੰਦੂਆਂ ਦੇ ਸੱਥਰ ਲਹਿ ਜਾਂਦੇ ਹਨ ਭਾਵ ਮਾਰੇ ਜਾਂਦੇ ਹਨ।
ਬਹੁਰ ਠੌਰ ਬਹੁ ਬਾਰ ਲਰਾਈ।
ਭਈ ਸਿੰਘਨ ਕੇ ਸੰਗ ਮਹਾਂਈ।
ਜਹਾਂ ਕਹੀਂ ਹ੍ਵੈ ਡਾਕਾ ਚੋਰੀ।
ਲੋਗ ਦੁਸ਼ਟ ਠਟ ਬੈਰ ਬਹੋਰੀ[1] ॥ ੪੮ ॥ — [1]ਫੇਰ ਵੈਰ ਕਰਕੇ।
ਰਲਿ ਮਿਲਿ ਜੁੰਮੇਂ ਸਿੰਘਨ ਲਾਵੈਂ।
ਝੂਠ ਮੂਠ ਬਦਨਾਮ ਬਨਾਵੈਂ।
ਹਾਕਮ ਦੁਸ਼ਟ ਨ ਅਦਲ[1] ਵਿਚਾਰਨ। — [1]ਇਨਸਾਫ਼।
ਹਿਰਸੀ ਜ਼ਿੱਦੀ ਚਾਹੈਂ ਮਾਰਨ ॥ ੪੯ ॥
ਵਹਿ ਸਿੰਘਨ ਕੋ ਪਕਰਨ ਆਵੈਂ।
ਸਿੰਘ ਨ ਅਪਨਾ ਆਪ ਬੰਧਾਵੈਂ।
ਇਤ ਉਤ ਟਰੈਂ ਨ ਦੰਗਾ ਮਾਂਡੈਂ[1]। — [1]ਜੰਗ ਨਹੀਂ ਕਰਦੇ।
ਤੁਰਕ ਨ ਖਜਾਲ ਸਿੰਘਨ ਕਾ ਛਾਡੈਂ ॥ ੫੦ ॥
ਆਖਰ ਯੌਂ ਜਬਿ ਬਢੀ ਕੁਬਾਹਿਤ[1]। — [1]ਖ਼ਰਾਬੀ, ਔਖ।
ਖਾਨ ਲਗੇ ਸਿੰਘ ਲੂਟਿ ਜ਼ਰਾਇਤ[1]। — [1]ਖੇਤੀ।
ਫੌਜ ਤੁਰਕ ਕੀ ਜਬਿ ਚੜ੍ਹਿ ਆਵੈ।
ਅੱਸ੍ਵ ਛੇੜਿ ਸਿੰਘ ਝੱਲਿ ਧਸਾਵੈਂ ॥ ੫੧ ॥
ਤੁਰਕਨ ਕੈ ਹਥ ਜੋ ਸਿੰਘ ਚਰ੍ਹ ਹੈਂ।
ਅਦਲ ਅਨਦਲ[1] ਨ ਕਿਛੂ ਬਿਚਰ ਹੈਂ। — [1]ਨਿਆਉਂ ਕੁਨਿਆਉਂ।
ਬਨੈ ਤੁਰਕ ਜੋ ਤਿਹ ਕਰਿ ਲੇਵੈਂ।
ਨਾਹਿਂ ਜੋ ਬਨੈ ਤਾਂਹਿਂ ਕਟ ਦੇਵੈਂ ॥ ੫੨ ॥
ਹਤੇ ਸਿੰਘ ਜਬਿ ਐਸ ਅਪਾਰੀ।
ਮਚਯੋ ਰੌਰ ਤਬਿ ਦੇਸ ਮਝਾਰੀ।
ਸਿੰਘਨ ਭੀ ਦਿਲ ਠੀਕ ਬਿਚਾਰਾ।
ਤੁਰਕ ਚਹਿਤ ਅਬਿ ਹਮ ਕੋ ਮਾਰਾ ॥ ੫੩ ॥
ਕਿਸੀ ਤੌਰ ਛੋਰੈਂਗੇ ਨਾਹੀਂ।

ਸੰਮੁਖ ਲਰਿ ਮਰਨੋਂ ਭਲ ਯਾਹੀਂ।
ਫੇਰ ਸਿਯਾਨਨ ਮਿਲ ਕਰਿ ਸਿੰਘਨ।
ਕਰਜੋ ਗੁਰਮਤਾ ਯਾ ਬਿਧਿ ਧਿੰਗਨ[1] ॥੫੪॥ [1]ਜ਼ੋਰਾਵਰਾਂ ਨੇ।
ਤੁਰਕਨ ਕੌ ਝੂਠੇ ਕਰਿ ਲੱਈਏ।
ਫਿਰ ਸਨਮੁਖ ਲਰਿ ਮਰਨਾ ਠੱਈਏ[1] ॥੫੫॥ [1]ਕਰੀਏ।
ਸੋਰਠਾ:
ਪਾਸ ਨਵਾਬ ਸ਼ਿਤਾਬ[1], [1]ਛੇਤੀ।
ਸਿੰਘਨ ਯੌਂ ਤਬਿ ਲਿਖਿ ਪਠਜੋ।
ਤੁਮ ਕਜੋਂ ਦੇਤ ਅਜ਼ਾਬ[1], [1]ਦੁੱਖ।
ਬਿਨ ਕਸੂਰ ਸਿੰਘਨ ਤਈਂ ॥੫੬॥
ਹਾਕਮ ਮਾਈ ਬਾਪ
ਹੋਵਤ ਹੈਂ ਸਭਿ ਖਲਕ ਕੇ[1]। [1]ਪਰਜਾ ਦੇ।
ਨਾਹਕ[1] ਕਿਹ ਸੰਤਾਪ, [1]ਐਵੇਂ, ਵਿਅਰਥ।
ਦੇਨੋ ਯਹਿ ਬਦਅਦਲ ਹੈ[1] ॥੫੭॥ [1]ਬੇਇਨਸਾਫ਼ੀ ਹੈ।
ਤੁਮਹੂੰ ਕਸਮਾਂ ਖਾਇ,
ਲਾਇ ਰੁਜ਼ੀਨਾ ਬੰਦ ਕਿਯ।
ਕਹੋ ਕਹਾਂ ਤੇ ਖਾਇਂ,
ਲੂਟ ਮਾਰ ਬਿਨ ਕੀਏ ਹਮ ॥੫੮॥
ਕੈ ਤੋ ਹਿਤ ਗੁਜ਼ਰਾਨ,
ਤਲਬ ਦੈਹੁ ਪੂਰੀ ਹਮੈਂ।
ਕੈ ਕੋਊ ਮੁਲਕ ਵਿਰਾਨ[1], [1]ਉਜਾੜ।
ਹਮੈਂ ਅਬਾਦ ਕਰਾਇ ਦਿਹੁ ॥੫੯॥
ਗੁਜ਼ਰ ਚਲਾਵਨ ਦੇਹੁ,
ਨਹੀਂ ਤੁ ਯੌਂ ਹੀ ਫਿਰ ਹਮੈਂ।
ਤੁਮ ਕਿਛ ਨਾਹਿਂ ਕਰੇਹੁ,
ਕਬੀ ਜ਼ੁਲਮ ਕਿਸਿ ਸਿੰਘ ਪਰ ॥੬੦॥
ਤੁਮਰਾ ਮੁਲਕ ਸੁਦੇਸ,
ਰੋਕਤ ਕੋਊ ਨਾਹਿਂ ਹਮ।
ਜੇ ਤੁਮ ਦੇਹੁ ਕਲੇਸ਼,
ਤੌ ਤੁਮ ਕੋ ਹਮ ਭੀ ਦਿਵੈਂ ॥੬੧॥

ਫਿਰ ਜੋ ਕਰੈ ਖੁਦਾਇ,
ਸੋਊ ਅੰਤੈ ਹੋਇਗੀ।
ਬਡਿਆਈ ਤੁਹਿ ਜਾਇ,
ਹਾਕਮ ਹ੍ਵੈ ਰਜਾਯਾ ਪੁਟੋ[1] ॥੬੨॥

[1]ਹਾਕਮ ਹੋ ਕੇ ਪਰਜਾ ਨੂੰ ਉਜਾੜਦੇ ਹੋ ਇਸ ਲਈ ਤੁਹਾਡੀ ਵਡਿਆਈ ਚਲੀ ਜਾਵੇਗੀ।

ਹ੍ਵੈ ਹੈ ਜਬੈ ਹਿਸਾਬ, ਕਜਾਮਤ[1] ਕੇ ਦਿਨ ਰੱਬ ਢਿਗ।
ਦੈਹੈਂ ਕਹਾਂ ਜਵਾਬ, ਤੂੰ ਨਵਾਬ ਕਹੁ ਤਹਾਂ ਤਬਿ ॥੬੩॥

[1]ਪ੍ਰਲੋ।

ਚੌਪਈ:
ਹਮ ਅਬਿ ਤੁਮ ਢਿਗ ਕਹਜੋ ਪੁਕਾਰੀ।
ਮਰ ਹੈਂ ਹਮ ਭੀ ਮਾਰਿ ਅਪਾਰੀ।
ਗਦਰ ਦੇਸ ਮੈਂ ਵਡ ਬਢ ਜੈਹੈ।
ਖਲਕ ਖੁਦਾ ਕੀ ਅਤਿ ਦੁਖ ਪੈਹੈ ॥੬੪॥
ਜੋ ਤੁਮ ਖਾ ਕਰਿ ਕਸਮ ਕੁਰਾਨਾ।
ਹਮ ਸੋਂ ਕੀਨੋ ਅਹਿਦ-ਪਿਮਾਨਾ[1]।
ਕਰੀ ਅਹਿਦ ਸ਼ਿਕਨੀ[1] ਤੁਮ ਸੋ ਭੀ।
ਹਮ ਸੈਂ ਬੁਰਾ ਭਯੋ ਨਹਿਂ ਕੋ ਭੀ ॥੬੫॥
ਅਬਿ ਤੁਮ ਫੇਰ ਅਨੀਤੀ[1] ਭਾਰੀ।
ਕਰਨ ਲਗੇ ਹੋ ਬਿਦਿਤ ਅਪਾਰੀ।
ਜਾਨ ਇਮਾਨ ਬਚਾਨ ਹਿਤੈ ਹੈਂ।
ਹਮ ਭੀ ਫਿਰ ਨਹਿਂ ਫਰਕ ਰਖੈ ਹੈਂ ॥੬੬॥
ਦੁਹੂੰ ਤਰਫ ਤੈ ਲੋਗ ਹਜ਼ਾਰੈਂ।
ਮਰ ਹੈਂ ਤੁਵ ਸਿਰਿ ਚਰ੍ਹ ਹੈਂ ਭਾਰੈਂ।
ਗਦਰ ਮਚੈਂਗੋ ਦੇਸ ਮਝਾਰੈਂ।
ਚੋਰ ਧਾੜਵੀ ਲੋਗ ਅਪਾਰੈਂ ॥੬੭॥
ਮੁਲਕ ਬਿਗਰ ਇਮ ਸਭਿ ਜਬਿ ਜੈਹੈ।
ਬੰਦੋਬਸਤ ਫਿਰ ਮੁਸ਼ਕਲ ਥੈਹੈ।
ਮ੍ਹਹਿਟੇ ਸਿੰਧੀ ਕਾਬੁਲ ਵਾਰੇ।
ਹੈਂ ਇਤਜਾਦਿਕ ਦੁਸ਼ਮਨ ਥਾਰੇ[1] ॥੬੮॥

[1]ਇਕਰਾਰ-ਨਾਮਾ।
[1]ਇਕਰਾਰ ਤੋੜਨਾ।
[1]ਬੇਇਨਸਾਫ਼ੀ।
[1]ਤੁਹਾਡੇ।

ਮੌਕਾ[1] ਪਾਇ ਆਇ ਸੋ ਧਸ ਹੈਂ। — [1]ਸਮਾਂ।
ਲੂਟ ਕੂਟ ਤੁਮ ਹੀਂ ਕੋ ਕਸ ਹੈਂ[1]। — [1]ਦੁੱਖ ਦੇਣਗੇ।
ਕੈ ਨਾਦਰ ਈਰਾਨੀ ਐਹੈ।
ਜਿਸ ਕੀ ਧਾਂਕੈਂ ਰਹੀ ਪੜੈ ਹੈਂ[1] ॥੬੯॥ — [1]ਦਬਦਬਾ ਪੈ ਰਿਹਾ ਹੈ।
ਹਮਰਾ ਨਹਿੰ ਕਿਛ ਹ੍ਵੈ ਨੁਕਸਾਨਾ।
ਬਨ ਹੈ ਔਖੀ ਤੁਮੈਂ ਮਹਾਨਾ।
ਜਿਸ ਸਿਕਦਾਰੀ ਤਿਸੈ ਖੁਆਰੀ[1]। — [1]ਜਿਸ ਦੀ ਹਕੂਮਤ ਹੋਵੇ ਉਸੇ ਨੂੰ ਖੁਆਰ ਹੋਣਾ ਪੈਂਦਾ ਹੈ।
ਹਮ ਤੋ ਕਰੈਂ ਸ਼ਿਕਾਰ ਸ਼ਿਕਾਰੀ ॥੭੦॥
ਬਲਿਕੈ ਤੁਮ ਫਿਰ ਹਮੈਂ ਚਹਾਂਹੈਂ[1]। — [1]ਸਾਨੂੰ ਚਾਹੋਗੇ।
ਕਦਰ ਪਵੈ ਹੈ ਗਦਰ ਸਿਪਾਹੈਂ[1]। — [1]ਹਲਚਲ ਹੀ ਫ਼ੌਜ ਦੀ ਕਦਰ ਪੁਆਏਗੀ।
ਜਬਿ ਤੁਫਾਨ ਅੰਧੀ[1] ਬਡ ਐਹੈ। — [1]ਅਨ੍ਹੇਰੀ।
ਬਡ ਬ੍ਰਿੱਛਨ ਕੋ ਤੋੜਿ ਪੁਟੈ ਹੈ ॥੭੧॥
ਫਿਰ ਫਿਰ ਹਮ ਤੁਹਿ ਇਸ ਹਿਤ ਕੈਹੈਂ।
ਅੰਤੈ ਇਹੀ ਨਤੀਜਾ ਥੈਹੈ।
ਖਾਸ ਹਸਦ ਮਜ਼ਬੀ ਤੁਮ ਜੋਈ[1]। — [1]ਜਿਹੜੀ ਤੁਸੀਂ ਆਪ ਮਜ਼ਹਬ ਦੀ ਈਰਖਾ।
ਕਰਤ, ਅਧਿਕ ਦੁਖ ਪੈਹੋ ਸੋਈ ॥੭੨॥
ਜੰਗ, ਜੂਪ[1] ਇਹੁ ਤਿਲਕਨ ਬਾਜੀ। — [1]ਜੂਆ।
ਕਜ਼ਾ ਜਾਨੈਂ ਕਿਸ ਕੀ ਰਹਿ ਲਾਜੀ।
ਬਿਨਾ ਅਜ਼ਾਬ ਸਵਾਬ ਨ ਔਰੈਂ[1]। — [1]ਤੁਹਾਨੂੰ ਦੁੱਖ ਤੋਂ ਬਿਨਾਂ ਹੋਰ ਕੋਈ ਪੁੰਨ ਨਹੀਂ ਮਿਲਣਾ ਭਾਵ ਦੁੱਖ ਹੀ ਮਿਲਣਾ ਹੈ।
ਦੁਹੂੰ ਓਰ ਦੁਖ ਪੈਹੈਂ ਗੌਰੈਂ ॥੭੩॥
ਤਾਂ ਤੇ ਕਰੋ ਬਾਤ ਅਬਿ ਸੋਈ।
ਜਾਂ ਤੇ ਦੁਖੀ ਨ ਹੋਵੈ ਕੋਈ ॥੭੪॥

ਦੋਹਰਾ:

ਨੀਤ ਪਗੀ ਬਰ ਬਾਤ[1] ਇਹੁ, — [1]ਰਾਜਨੀਤੀ ਨਾਲਰੰਗੀ ਹੋਈ ਚੰਗੀ ਗੱਲ।
ਲਗੀ ਨੀਕ ਭਲ ਤਾਂਹਿ।
ਸੁਨਿ ਨਵਾਬ ਦਿਲਿ ਖੁਸ਼ ਭਯੋ,
ਕਹਯੋ ਸਾਚ ਸਿੰਘ ਪ੍ਰਾਹਿੰ[1] ॥੭੫॥ — [1]ਕਹਿੰਦੇ ਹਨ।

ਚੌਪਈ:

ਕਾਜ਼ੀ ਔਰ ਸਿਆਨੇ ਦਾਨੇ।

ਪੂਛੇ ਬੋਲਿ ਨਵਾਬ ਕਿਤਾਨੇ[1]।
[1]ਕਿਤਨਿਆਂ ਨੂੰ।
ਸਭਿ ਨੇ ਕਹਜੋ ਸਾਚ ਸਿੰਘ ਕੈਹੈਂ।
ਜਦਰ ਗਦਰ ਤੈ ਏਹੀ ਥੈਹੈ[1] ॥੭੬॥
[1]ਜੰਗ ਤੇ ਹਲਚਲੀ ਤੋਂ ਏਹੋ ਕੁਝ ਹੋਵੇਗਾ।
ਢਿਗ ਤੈ ਸ਼ਾਹੀ ਕਾਜ਼ੀ[1] ਬੋਲਾ।
[1]ਸ਼ਰ੍ਹਾ ਦੱਸਣ ਵਾਲਾ।
ਦਾਇਕ ਕਸ਼ਟ ਸਪਸ਼ਟ ਅਤੋਲਾ[1]।
[1]ਬਹੁਤਾ ਕਸ਼ਟ ਦੇਣ ਵਾਲਾ ਸਾਫ (ਬਚਨ) ਬੋਲਿਆ।
ਸਿੰਘਹਿਂ ਦੈਨ ਗੁਜ਼ਾਰਾ ਐਸਾ।
ਸੱਪੈਂ ਦੂਧ ਪਿਲਾਵਨ ਜੈਸਾ ॥੭੭॥
ਔਰ ਸ਼ਰਾ ਤੇ ਪੈਹੈਂ ਪਰ ਹੈ[1]।
[1]ਅਤੇ ਸ਼ਰ੍ਹਾ ਤੋਂ ਪਰੇ ਪੈ ਜਾਉਗੇ ਭਾਵ ਦੂਰ ਹੋ ਜਾਉਗੇ।
ਨਾਹਿਂ ਸਫਾਤ[1] ਪਿਗੰਬਰ ਭਰ ਹੈ।
[1]ਸਿਫ਼ਾਰਸ਼।
ਕਾਫਰ ਕੋ ਆਰਾਮ ਜੁ ਦੈਨੋ।
ਕੋਇ ਗੁਨਾਹ ਇਸੀ ਸਮ ਹੈ ਨੋ[1] ॥੭੮॥
[1]ਨਹੀਂ ਹੈ।
ਦੋਜ਼ਕ ਮੈਂ ਖ਼ੁਦਾਇ ਤੁਹਿ ਡਾਰੈ।
ਮੋਮਨ ਹ੍ਵੈ ਕਾਫਰ ਜੋ ਪਾਰੈ।
ਜੇ ਸਿੰਘ ਲੀਓ ਚਹਿਤ ਗੁਜ਼ਾਰਾ।
ਦੀਨ ਕਬੂਲੈਂ ਸੋਇ ਹਮਾਰਾ ॥੭੯॥
ਏਹੀ ਦਿਢ ਸਭਿ ਕੇ ਮਨਿ ਭਾਈ।
ਫੇਰ ਦਨਾਵੋਂ ਨਹਿਂ ਪਲਟਾਈ।
ਕਾਜ਼ੀ ਪਾਜ਼ੀ[1] ਮੌਲਵੀ ਹਾਜੀ।
[1]ਝੂਠੇ।
ਕਬੀ ਨ ਹ੍ਵੈਰਬ ਇਨ ਪਰਰਾਜ਼ੀ ॥੮੦॥
ਸਿਜਦਾ[1] ਇਕ ਦਿਸ ਕੋ[2] ਇਹੁ ਕਰ ਹੈਂ।
[1]ਨਮਸ਼ਕਾਰ। [2]ਇਕ ਤਰਫ਼ ਭਾਵ ਪੱਛਮ ਨੂੰ।
ਪ੍ਰਭ ਕੋ ਨਹਿਂ ਸਭਿ ਦਿਸਾ ਨਿਹਰ ਹੈਂ।
ਜੀਵਤ ਹਸਦ ਅਗਨਿ ਮੈਂ ਜਰ ਹੈਂ।
ਮਰ ਕਰਿ ਅੰਤਹਿ ਦੋਜ਼ਕ ਪਰ ਹੈਂ ॥੮੧॥
ਬਿੱਪਰ ਕਾਜੀ ਆਦਿ ਸ਼ਰੱਈ।
ਗਜ[1] ਸੁਦਾਗਰੋਂ ਕੇ ਇਹੁ ਹੱਈ।
[1]ਹਾਥੀ।
ਜਿਯੇ[1] ਸੌਦਾਗਰ ਤਿਨੈ ਤਜੈ ਹੈਂ।
[1]ਜਿਉਂਦਿਆਂ ਨੂੰ ਹੀ।
ਜੰਗਲ ਮੈਂ ਸੋ ਮਕਰ[1] ਬਨੈਂ ਹੈ ॥੮੨॥
[1]ਫ਼ਰੇਬ, ਛਲ।
ਔਰ ਗਜਨ ਕੋ ਪਕਰਿ ਲਿਐ ਹੈਂ।
ਸੌਦਾਗਰ ਕੀ ਗੁਜ਼ਰ[1] ਚਲੈ ਹੈ।
[1]ਗੁਜ਼ਾਰਾ, ਰੁਜ਼ਗਾਰ।
ਪੈ ਜੇ ਸ਼ੇਰ ਤਿਨੋ ਕਿਤ ਮਿਲ ਹੈ।

ਚੀਕੈਂ ਮਾਰਿ ਪਿਛਾਹਾਂ ਹਿਲ ਹੈਂ[1] ॥੮੩॥ — [1]ਮੁੜ ਆਉਂਦੇ ਹਨ।
ਤਜੋਂ ਇਹ ਜਗ ਜੰਗਲ ਮੈਂ[1] ਕਾਜੀ। — [1]ਸੰਸਾਰ ਰੂਪ ਜੰਗਲ ਵਿੱਚ।
ਬੰਧਾਵਤ ਔਰਨ ਕੋ ਪਾਜੀ।
ਅਬਿ ਸਿੰਘਨ ਸੋਂ ਲਾਗੇ ਮੱਥੈ।
ਲਥੈਂ ਭੂਮਿ ਲੱਗੈਂ ਜਬਿ ਹੱਥੈਂ[1] ॥੮੪॥ — [1]ਜਦੋਂ ਸਿੰਘਾਂ ਦੇ ਹੱਥ ਲਗਣਗੇ ਤਾਂ ਧਰਤੀ 'ਤੇ ਲੱਥ ਜਾਣਗੇ ਭਾਵ ਮਾਰੇ ਜਾਣਗੇ।

ਤੁਰਕੀ ਰਾਜ ਕਾਜੀਅਨ ਖੋਯੋ।
ਜੁਲਮ ਅਤੁਲਮ[1] ਕਰਾਏ ਜੋਯੋ[2]। — [1]ਬਹੁਤੇ। [2]ਦੇਖਿਆ ਹੈ।
ਜੈਸੇ ਦੂਜੈਂ ਹਿੰਦੂਓਂ ਕੇਰਾ।
ਨਾਹਿੰ ਛਾਨਯੋ ਬੋਰਯੋ ਬੇਰਾ[1] ॥੮੫॥ — [1]ਜਿਵੇਂ ਇਹ (ਗੱਲ) ਛੁਪੀ ਹੋਈ ਨਹੀਂ ਕਿ ਬ੍ਰਹਮਣਾਂ ਨੇ ਹਿੰਦੂਆਂ ਦਾ ਬੇੜਾ ਡੋਬਿਆ ਹੈ।

ਪਾਹਨ[1] ਕੀ ਬੇੜੀ ਹੈ ਸ਼ਰ੍ਹਾ। — [1]ਪੱਥਰ।
ਜੋ ਚਢਯੋ ਸੋਊ ਬੁਡ ਮਰਾ[1] ॥੮੬॥ — [1]ਡੁੱਬ ਕੇ ਮਰ ਗਿਆ।

ਦੋਹਰਾ:

ਕਾਜੀ ਪਾਜੀ ਕੇ ਕਹੇ,
ਗੁਨਿ[1] ਨਵਾਬ ਮਨ ਮਾਹਿਂ। — [1]ਵਿਚਾਰ ਕੇ।
ਨੀਤਿ ਅਨੀਤਿ ਨ ਕਿਛੁ ਲਖੀ,
ਲਿਖ੍ਯੋ ਸਿੰਘਨ ਦਿਸ ਯਾਹਿ ॥੮੭॥

ਚੌਪਈ:

ਨਹਿਂ ਨਵਾਬ ਨੈ ਸਮਾਂ ਸੰਭਾਰਾ।
ਅਰ ਨਹਿਂ ਅਪਨਾ ਜ਼ੋਰ ਨਿਹਾਰਾ।
ਯਾਹੀ ਤੈ ਤਿਹ ਰਜਾਸਤ ਨਾਸੀ।
ਬਿਨ ਬਿਚਾਰ ਜੋ ਬਾਤ ਪ੍ਰਕਾਸੀ[1] ॥੮੮॥ — [1]ਕਹੀ।
ਜੋ ਨਰ ਦੇਸ ਕਾਲ ਬਲ ਹੇਰਤ।
ਮਿੱਤ੍ਰ ਸੱਤ੍ਰ ਕੇਤਿਕ ਲਖਿ ਟੇਰਤ[1]। — [1]ਜਾਣ ਕੇ (ਗੱਲ) ਕਹਿੰਦਾ ਹੈ।
ਸੋ ਨ੍ਰਿਪ ਸਦਾ ਜੀਤ ਮੈਂ ਰੈਹੈ।
ਦੁਖ ਨਵਾਬ ਜਯੋਂ ਲੈਹ ਨ ਦੈਹੈ ॥੮੯॥
ਲਿਖ੍ਯੋ ਨਵਾਬ ਸਿੰਘਨ ਕੋ ਐਸੇ।
ਤੁਮ ਨਹਿਂ ਬਚਹੋ ਔਰਹਿਂ ਕੈਸੇ।
ਜੇ ਕਰਿ ਤੁਮ ਜੀਵਨ ਜਗਿ ਚੈਹੋ।

ਬਨੋ ਤੁਰਕ ਮਨਸਬ[1] ਵਡ ਦੈਹੋਂ ॥ ੯੦ ॥ — [1]ਅਹੁਦੇ।
ਬਾਦਸ਼ਾਹਿ ਤੈ ਅਬੀ ਲਿਖੈ ਕੈ।
ਤੁਮ ਕੋ ਦੈਂਹੁ ਜਗੀਰਾਂ ਲੈ ਕੈ।
ਜਬਿ ਤੁਮ ਭੀ ਹਮ ਸੋਂ ਮਿਲ ਜੈਹੈਂ।
ਫਿਰ ਇਕ ਹਿੰਦੂ ਰਹਿਨ ਨ ਦੈਹੈਂ ॥ ੯੧ ॥
ਹਿੰਦੁਸਤਾਨ ਪੰਜਾਬ ਮਝਾਰੇ।
ਫਿਰ ਹ੍ਵੈ ਦੀਨ ਤੁਮਾਰਾ[1] ਸਾਰੇ। — [1]ਤੁਹਾਡਾ ਮਜ਼ਹਬ।
ਕਸਮ ਖਾਇ ਹਮ ਸਾਚੀ ਰਰ ਹੈਂ[1]। — [1]ਕਹਿੰਦੇ ਹਾਂ।
ਤੁਮ ਸਭਿ ਹੀ ਕੋ ਹਾਕਮ ਕਰਿ ਹੈਂ ॥ ੯੨ ॥
ਲੇਹੁ ਹਕੂਮਤ ਭਿਸ਼ਤ ਨਿਸ਼ਾਨੀ।
ਮਾਨੋ ਇਕ ਅਬਿ ਹਮਰੀ ਬਾਨੀ।
ਨਹੀਂ ਤ ਹਮ ਕੋ ਕਸਮ ਕੁਰਾਨੈ।
ਤੁਮ ਕੋ ਮਾਰੋਂ ਕਰਿ ਹੈਰਾਨੈ ॥ ੯੩ ॥
ਜਬਿ ਲੌ ਤੁਮਰਾ ਕਾਮ ਤਮਾਮੈਂ।
ਨਹਿੰ ਕਰਿ ਲੈਹੋਂ, ਖਾਨ ਹਰਾਮੈਂ।
ਤੁਮ ਕੋ ਕਰਿ ਨੇਸਤ ਨਾਬੂਦੈਂ[1]। — [1]ਸਰਵ ਨਾਸ਼।
ਤੁਮਰਾ ਧਰ ਤੈ ਖੋਇ ਨਮੂਦੈਂ[1] ॥ ੯੪ ॥ — [1]ਨਾਮ ਨਿਸ਼ਾਨ।
ਆਲ ਇਤਫਾਲ ਤੁਮਾਰੀ ਜੇਤੀ[1]। — [1]ਜਿੰਨੇ ਤੁਹਾਡੀ ਵੰਸ਼ ਦੇ ਬੱਚੇ ਹਨ।
ਅਪਨੇ ਦੀਨ ਮਿਲੈਹੋਂ ਤੇਤੀ।
ਨਾਮ ਮਾਤ੍ਰ ਜਬਿ ਸਿੱਖ ਨ ਰੈਹੈ।
ਤਬਿ ਖਾਨਾ ਹਮ ਖੁਸ਼ ਹ੍ਵੈ ਖੈਹੈਂ ॥ ੯੫ ॥
ਜਬਿ ਲਗ ਹੈ ਸਿੰਘਨ ਕਾ ਨਾਮੂੰ।
ਖਾਣਾ ਪੀਣਾ ਹਮੈਂ ਹਰਾਮੂੰ।
ਜੋ ਤੁਮ ਲਗ ਬੰਦੇ ਕੇ ਪੀਛੇ।
ਕਰੇ ਜ਼ੁਲਮ ਤੁਰਕਨ ਪਰ ਤੀਛੇ[1] ॥ ੯੬ ॥ — [1]ਤਿੱਖੇ, ਸਖ਼ਤ।
ਸੋ ਬਦਲੇ ਹਮ ਅਬਿ ਲਹਿੰ ਤੁਮ ਸੈਂ।
ਨਹੀਂ ਤਾਂ ਮਾਨਹੁ ਦੀਨ ਹੁਕਮ ਸੈਂ।
ਇੱਤਜਾਦਿਕ ਬਹੁ ਬਾਤ ਨਵਾਬੈਂ।
ਸਿੰਘਨ ਢਿਗ ਕਹਿ ਪਠੀ ਸ਼ਿਤਾਬੈਂ ॥ ੯੭ ॥
ਸੁਨਿ ਸਿੰਘਨ ਕੋ ਅਤਿ ਚਿਪ[1] ਲਾਗੀ। — [1]ਚਿੜ, ਖਿਝ।

ਕੋਪ ਅਗਨਿ ਅਤਿਸੈਂ ਉਰਿ ਜਾਗੀ।
ਫਿਰ ਨੁਵਾਬ ਢਿਗ ਯੌਂ ਕਹਿ ਪਠਜੋ।
ਕਰਿ ਲੇਵੋ ਜੋ ਕੁਛ ਤੁਮ ਠਟਿਯੋ ॥੯੮॥
ਹਮਰਾ ਰਾਖਾ ਹੈ ਇਕ ਖਾਲਕ[1]। — [1]ਖ਼ਲਕਤ ਦਾ ਮਾਲਕ।
ਜੋ ਹੈ ਸਭਿ ਦੁਨੀਆਂ ਕਾ ਮਾਲਕ।
ਹਮਰੇ ਗੁਰ ਰਚਿ ਪੰਥ ਬਿਸਾਲੈਂ।
ਇਕ ਅਕਾਲ ਕੇ ਕਰਜੋ ਹਵਾਲੈਂ ॥੯੯॥
ਸੋ ਸਭਿ ਭਾਂਤਿ ਆਹਿ ਸਮਰੱਥ।
ਰਾਖੈ ਹਮ ਕੋ ਦੈ ਕਰਿ ਹੱਥ।
ਫਿਰ ਤਿਹ ਨਾਮ ਗਰੀਬ-ਨਿਵਾਜ।
ਹਮ ਸਮ ਕੋਊ ਗਰੀਬ ਨ ਆਜ ॥੧੦੦॥
ਜਿਨ ਕੋ ਕਰਜੋ ਚਹਿਤ ਸਭਿ ਕੁਰਕ[1]। — [1]ਜ਼ਬਤ ਕਰਨਾ ਚਾਹੁੰਦੇ ਹਨ, ਕਬਜ਼ਾ ਕਰਨਾ ਚਾਹੁੰਦੇ ਹਨ।
ਹਾਕਮ ਰੱਯਤ ਹਿੰਦੂ ਤੁਰਕ।
ਪਰ ਹਮਰਾ ਰੱਖਕ ਹੈ ਵਹੀ।
ਹਮ ਪਨਾਹ[1] ਜਿਸ ਕੀ ਹੈ ਲਹੀ ॥੧੦੧॥ — [1]ਓਟ।
ਜਿਸ ਨੇ ਦਾਊਦ ਇਬਰਾਹੀਮ।
ਕਿਹ ਬਿਧਿ ਰਾਖੇ ਪਿਖੋ ਯਤੀਮ[1]। — [1]ਦੇਖੋ ਦਾਊਦ ਤੇ ਇਬਰਾਹੀਮ ਯਤੀਮਾਂ ਨੂੰ ਕਿਵੇਂ ਰਖਿਆ।
ਇਕ ਮੂਸਾ ਅਦਨਾ ਕਾ ਬਦਨਾ[1]। — [1]ਛੋਟੇ ਜਿਹੇ ਮੂੰਹ ਵਾਲਾ ਮੂਸਾ ਪੈਗ਼ੰਬਰ।
ਰਾਖਜੋ ਫਿਰਾਹੂਨ ਕੋ ਕਦਨਾ[1] ॥੧੦੨॥ — [1]ਫਰਊਨ ਦੇ ਕੱਟਣ ਭਾਵ ਮਾਰਨ ਤੋਂ ਮੂਸੇ ਪੈਗ਼ੰਬਰ ਨੂੰ ਰੱਖ ਲਿਆ। (ਫਰਊਨ, ਅਸਰਾਈਲ ਵੰਸ਼ ਦੇ ਬੱਚਿਆਂ ਨੂੰ ਮਾਰ ਦੇਂਦਾ ਸੀ। ਮੂਸਾ ਵੀ ਉਨ੍ਹਾਂ ਵਿੱਚੋਂ ਸੀ, ਜਿਸ ਨੂੰ ਪ੍ਰਮੇਸ਼ਰ ਨੇ ਉਸ ਦੇ ਹੱਥੋਂ ਮਾਰਨ ਤੋਂ ਰੱਖ ਲਿਆ।)
ਮਜ਼ਬ ਇਸਾਈ ਦਿਸ ਪਿਖਿ ਔਰੈਂ।
ਰਖਜੋ ਜਹੂਦਨ ਤੈ ਕਿਸ ਤੌਰੈਂ।
ਫਿਰ ਇਸਲਾਮ ਦੀਨ ਦਿਸ ਦੇਖੋ।
ਰਖਜੋ ਖੁਦਾ ਕਿਮ ਆਪ ਪਰੇਖੋ[1] ॥੧੦੩॥ — [1]ਦੇਖ ਲਉ।
ਹਿਰਨਕੱਸਪੁ ਤੇ ਪ੍ਰਹਿਲਾਦੂ।
ਕ੍ਰਿਸ਼ਨ ਕੰਸ ਤੈ ਪਾਂਡਵ ਆਦੂ।
ਜਿਸ ਕੋ ਕਾਦਰ[1] ਰੱਬ ਰਖਾਵਤ। — [1]ਸ਼ਕਤੀਵਾਨ।
ਲੱਖ ਸਬੱਬ ਬਨਾਇ ਬਢਾਵਤ ॥੧੦੪॥
ਜਿਨ ਜਿਨ ਚਾਹੇ ਹਰਿ ਜਨ ਮਾਰਨ।

ਤਿਸ ਕੀ ਜਰ[1] ਹਰਿ ਕਰੀ ਉਪਾਰਨ[2]। [1]ਜੜ੍ਹ। [2]ਪੁੱਟਣਾ ਕੀਤੀ।
ਹਮ ਸਭਿ ਸਿੰਘ ਤਾਂਹਿ ਕੇ ਬਾਰਕ।
ਹੈ ਹਮਰਾ ਵਹਿ ਤਾਰਕ ਪਾਰਕ[1] ॥੧੦੫॥ [1]ਤਾਰਨ ਵਾਲਾ ਤੇ ਪਾਲਣ ਵਾਲਾ।
ਫਿਰ ਵਹਿ ਸਾਹਿਬ ਸੱਮ੍ਰਥ ਐਸਾ।
ਜੋ ਚਹਿ ਕਰਿ ਦਿਖਰਾਵਤ ਵੈਸਾ।
ਜਲ ਮੈਂ ਥਲ, ਥਲ ਮੈਂ ਜਲ ਭਰ ਹੈ।
ਤ੍ਰਿਣ ਸੈਂ ਮੇਰੁ, ਮੇਰੁ ਤ੍ਰਿਣ ਕਰਿ ਹੈ ॥੧੦੬॥
ਕੀਰੋਂ ਮੀਰ[1], ਮੀਰ ਤੈ ਕੀਰ। [1]ਕੰਗਾਲ ਤੋਂ ਬਾਦਸ਼ਾਹ।
ਕਰਤ, ਦੇਰ ਨਹਿਂ ਲਾਵਤ ਬੀਰ[1]। [1]ਹੇ ਭਰਾ।
ਜਿਸ ਚੀਟੇ[1] ਬਕਰੇ ਕੋ ਬਲ ਦੈ। [1]ਕੀੜੇ।
ਵਹੈ ਫੀਲ[1] ਸ਼ੇਰਨ ਕੋ ਦਲ ਦੈ[2] ॥੧੦੭॥ [1]ਹਾਥੀਆਂ ਤੇ। [2]ਦਲਮਲ ਦਿੰਦਾ ਹੈ।
ਵਹਿ ਅਕਾਲ ਹਮਰਾ ਹੈ ਵਾਲੀ।
ਕਲਗੀਧਰ ਪਾਲਤ ਸਮ ਮਾਲੀ।
ਅੰਗ ਸੰਗ ਹਮਰੇ ਸਦ ਰਹਿ ਹੈ।
ਮਾਤ ਬਾਲ ਸਮ ਪਾਲ ਦਿਖੈ ਹੈ ॥੧੦੮॥
ਹਮ ਅਬਿ ਤਿਸ ਕੀ ਗਹੀ ਪਨਾਹ।
ਤਿਸ ਨੈ ਪਕਰੀ ਹਮਰੀ ਬਾਂਹ।
ਤਾਂਹਿ ਭਰੋਸੇ ਪਰ ਹਮ ਹੋਹੀ[1]। [1]ਹੋ ਕੇ।
ਉੱਤਰ ਸਾਚ ਦੇਤ ਹੈਂ ਤੋਹੀ ॥੧੦੯॥
ਹਿੰਦੁ ਧਰਮ ਹਿਤ ਹਮਰੇ ਗੁਰੈਂ।
ਸੀਸ ਦਏ ਹਮ ਭੀ ਨਹਿਂ ਮੁਰੈਂ।
ਹਿੰਦੁ ਚਹਿਤ ਜੋ ਹਮ ਕੋ ਮਾਰਜੋ।
ਹਮ ਚਹਿਂ ਧਰਮ ਹਿੰਦੁ ਕਾ ਪਾਰਜੋ ॥੧੧੦॥
ਯਹਿ ਉਲਟੀ ਹਮ ਸਭਿ ਸਿਰਿ ਸੈਹੈਂ।
ਸਿਰਰ[1] ਨ ਛੋਡੈਂ ਸਿਰ ਨਿਜ ਦੈਹੈਂ। [1]ਹਠ।
ਹਿੰਦੁ ਤੁਰਕ ਸਭਿ ਹੀ ਤੁਮ ਮਿਲ ਕੈ।
ਜੋਰ ਲਗਾਇ ਲੇਹੁ ਨਿਜ ਬਲ ਕੈ ॥੧੧੧॥
ਹਮ ਤੁਮਰੇ ਮੁਖ ਮੈਂ ਦੈਂ ਸੁਰ।
ਕਾਯਮ ਦਾਯਮ[1] ਰਹੈਂ ਜਰੂਰ। [1]ਹਮੇਸ਼ਾਂ।
ਅਬਿ ਜੇ ਤੁਮ ਹਮ ਕੋ ਬਿਨ ਮਾਰੇ।

ਖੈਹੋ ਖਾਣਾ, ਸੂਰ ਤੁਮਾਰੇ ॥੧੧੨॥
ਮਕਰੂ[1] ਸੋ ਮੁਰਦਾਰ ਹਰਾਮੈਂ। — [1]ਘ੍ਰਿਣਾ ਯੋਗ।
ਜਾ-ਜਰੂਰ ਜਾਰੂਰ ਤਮਾਮੈਂ[1]। — [1](ਤੁਹਾਡਾ ਸਾਰਿਆਂ ਦਾ ਖਾਣਾ ਖਾਣਾ) (ਜਾਰੂਰ) ਬਿਨਾਂ ਸੰਸੇ ਤੋਂ (ਜਾ ਜਰੂਰ) ਟੱਟੀ (ਵਿਸ਼ਟਾ ਦੇ ਤੁੱਲ) ਹੈ।
ਕਸਮ ਕੁਰਾਂ ਕੀ ਤੋਹਿ ਹਜਾਰੈਂ।
ਜੌ ਤੂੰ ਅਪਨਾ ਕੌਲ ਨ ਪਾਰੈਂ[1] ॥੧੧੩॥ — [1]ਬਚਨ ਨਾ ਪਾਲੇਂ।
ਯਾ ਤੂੰ ਦਾਢੀ ਮੂਛ ਕਟੈ ਕੈ।
ਬੈਠ ਜ਼ਨਾਨਾ ਸਾਜ ਸਜੈ ਕੈ।
ਗਾਂਡੂ ਗੀਦੀ ਬੋਲ ਕੁਬੋਲੈਂ[1]। — [1]ਹੇ ਜ਼ਨਾਨੇ ਤੇ ਕਾਇਰ ਤੂੰ ਖੋਟੇ ਬਚਨ ਬੋਲਦਾ ਹੈਂ।
ਬੋਲਤ ਤੂੰ ਜੋ ਕੁਫਰ ਅਤੋਲੈਂ[1] ॥੧੧੪॥ — [1]ਬਹੁਤਾ ਝੂਠ।
ਜੌ ਕਰੀਏ ਤੌ ਪਾਰ ਦਿਖਰੀਏ[1]। — [1]ਜੋ ਬਚਨ ਕਰੀਏ ਉਸਨੂੰ ਪਾਲ ਕੇ ਭਾਵ ਪੂਰਾ ਕਰ ਕੇ ਦਿਖਾਈਏ।
ਨਾਹਿਂ ਤ ਜ਼ਹਿਰ ਖਾਇ ਕਿ ਨ ਮਰੀਏ[1]। — [1]ਕਿਉਂ ਨਾ ਮਰ ਜਾਈਏ।
ਹਮ ਤੋ ਲਾਇ ਦਈ ਸਿਰ ਬਾਜੀ।
ਔਖੀ ਬਣੀ ਤੁਮੈਂ ਅਬਿ ਪਾਜੀ[1] ॥੧੧੫॥ — [1]ਹੇ ਖੋਟੇ।
ਸੁਨਿ ਬਦਜ਼ਾਤੀ ਖਾਂਨੂੰ ਭਡੂਏ[1]। — [1]ਬੇਸ਼ਰਮ।
ਹਮਰੇ ਦੁਹੂੰ ਹਾਥ ਹੈਂ ਲਡੂਏ।
ਮਰੈਂ ਤੁ ਲੈਂਹ ਸ਼ਹੀਦੀ ਭਿਸ਼ਤੈਂ[1]। — [1]ਸ਼ਹੀਦ ਹੋ ਕੇ ਸੁਰਗ ਲਵਾਂਗੇ।
ਪੈਂਹ ਰਾਜ, ਜੌ ਦੈਂਹ ਸ਼ਿਕਸਤੈਂ[1] ॥੧੧੬॥ — [1]ਜੇ (ਤੁਹਾਨੂੰ) ਹਾਰ ਦੇਵਾਂਗੇ।
ਤੁਮ ਕੋ ਦੁਹ ਮੈਂ ਏਕੋ ਨਾਹੀਂ।
ਧਰਮ ਹੀਨ ਮਰਿ ਦੋਜ਼ਕ ਜਾਹੀਂ ॥੧੧੭॥

ਦੋਹਰਾ:
ਇੱਤਜਾਦਿਕ ਬਹੁ ਬਚਨ ਤਬਿ,
ਸਿੰਘਨ ਲਿਖ ਕਰਿ ਖਾਸ।
ਦੈ ਕਾਸਦ[1] ਕੈ ਹਾਥ ਮੈਂ, — [1]ਹਲਕਾਰੇ।
ਪਠਜੋ ਨਵਾਬੈ ਪਾਸ ॥੧੧੮॥

ਚੌਪਈ:
ਸੁਨਿ ਯਹਿ ਤੁਰਕ ਸਿੰਘਨ ਕੇ ਬੋਲੇ।
ਤੜਫ ਉਠੇ ਭਠ ਮੈਂ ਜਿਮ ਛੋਲੇ।
ਖਾਨ ਅਸਲੇਮ ਖਾਨ ਬਾਹਾਦ੍ਰੈਂ।

ਜਰ ਬਰ ਹੋਇ ਕ੍ਰੋਧ ਕੇ ਆਦ੍ਰੈਂ[1] ॥੧੧੯॥ — [1]ਕ੍ਰੋਧ ਨਾਲ ਸੜ ਬਲ ਕੇ ਪੱਥਰ ਹੋ ਗਏ।
ਤੁਰਕਨ ਕੀ ਥੀ ਜਿਤਿਕ ਕਚਹਿਰੀ।
ਖਾਇ ਗਏ ਖਮ[1] ਸਮ ਸਪ ਜ਼ਹਿਰੀ। — [1]ਵਲ।
ਸੁਨਿ ਸਿੰਘਨ ਕੇ ਬਚਨ ਸਿਪਾਹੀ।
ਕਾਂਪੇ ਕਰੀ ਮ੍ਰਿਗ ਗਨ ਵਾਹੀ[1] ॥੧੨੦॥ — [1]ਉਹ ਬਹੁਤੇ ਹਰਨਾਂ ਤੇ ਹਾਥੀਆਂ (ਵਾਂਗ) ਕੰਬਣ ਲਗ ਪਏ।
ਜੇਤਿਕ ਥੇ ਫੌਜੀ ਤਹਿਂ ਅਫਸਰ।
ਲਗੇ ਦੈਨ ਅਸਤੀਫੇ[1] ਅਕਸਰ[2]। — [1]ਤਿਆਗ ਪੱਤ੍ਰ। [2]ਬਹੁਤੇ।
ਰੱਯਤ ਅੱਯੜ ਜਯੋਂ ਲਰਜ਼ਾਨੀ[1]। — [1]ਪਰਜਾ ਇੱਜੜ ਵਾਂਗ ਕੰਬ ਗਈ।
ਹਿੰਦੁਨ ਸਰਪ ਚਚੂੰਧਰ ਸਾਨੀ[1] ॥੧੨੧॥ — [1]ਹਿੰਦੂ ਸੱਪ ਦੇ ਮੂੰਹ 'ਚ ਆਈ ਚਚੂੰਧਰ ਵਾਂਗ ਹਨ ਭਾਵ ਨਾ ਉਧਰ ਹਨ ਨਾ ਓਧਰ।

ਬਿਨਾ ਵਿਚਾਰੇ ਤਬੈ ਨਵਾਬੈਂ।
ਦੀਨੋਂ ਯਾ ਬਿਧਿ ਹੁਕਮ ਸ਼ਿਤਾਬੈਂ।
ਚਢੈ ਫੌਜ ਅਬਿ ਆਧਾ ਦਸਤਾ[1]। — [1]ਅੱਧਾ ਜੱਥਾ।
ਜਾਇ ਕਟੈ ਸਿੰਘਨ ਕਾ ਫਸਤਾ[1] ॥੧੨੨॥ — [1]ਫਾਹਾ।
ਜਿਤਿਕ ਮੁਹਾਲ[1] ਹੁਤੇ ਤਬਿ ਥਾਨੇ। — [1]ਤਸੀਲਾਂ।
ਸਭਿ ਕੀ ਤਰਫ ਪਠੇ ਪਰਵਾਨੇ।
ਸਿੰਘ ਕੌਮ ਕੋ ਤੁਮ ਜਹਿਂ ਪਾਵੋ।
ਤਜਿ ਦੇਰੀ, ਸਜਿ[1] ਜੰਗ ਖਪਾਵੋ ॥੧੨੩॥ — [1]ਕਰਕੇ।
ਸੂਬੇ ਯਾ ਬਿਧਿ ਹੁਕਮ ਸੁਨੈ ਕੈ।
ਫੌਜ ਚਢਾਈ ਗਈ ਸੁ ਧੈ ਕੈ।
ਤੁਰਕ ਜੁ ਹੁਤੇ ਪੁਰਾਨੇ ਸਜਾਨੇ।
ਆਲਮ[1] ਫਾਜ਼ਲ[2] ਆਕਲ[3] ਦਾਨੇ[11] ॥੧੨੪॥ — [1]ਇਲਮ ਵਾਲੇ। [2]ਵਿਦਵਾਨ। [3]ਅਕਲ ਵਾਲੇ। [11]ਚਤੁਰ।
ਤਿਨ ਨਵਾਬ ਢਿਗ ਕਹਯੋ ਸੁਨਾਈ।
ਸਿੰਘਨ ਸੋਂ ਨਹਿਂ ਲਰਨ ਭਲਾਈ।
ਇਨ ਮੈਂ ਮੇਲ ਕਰਨ ਹੀ ਆਛੇ।
ਨਹੀਂ ਤੁ ਫਿਰ ਪਛਤੈਹੋਂ ਪਾਛੇ ॥੧੨੫॥
ਨਾ ਇਹੁ ਮਰਨ ਮਾਰਨੋ ਟਰ ਹੈਂ।
ਤੁਮਰੀ ਫੌਜ ਮਰਨ ਤੇ ਡਰ ਹੈ।
ਇਕ ਫਕੀਰ ਇਨ ਮੈਂ ਸੇ ਬੰਦੇ।
ਤੁਮ ਸਭਿ ਪਰ ਦਿਨ ਡਾਰੇ ਮੰਦੇ ॥੧੨੬॥

ਬਡੇ ਬਡੇ ਕੀਨੇ ਪਰਾਗੰਦੇ[1]। [1]ਖਿੰਡਾ ਦਿੱਤੇ।
ਜਾਰੇ ਪੀਰ ਅਮੀਰ ਬੁਲੰਦੇ[1]। [1]ਵੱਡੇ।
ਸ਼ਾਹੀ ਫੌਜ ਕਈ ਬਿਰ ਆਈ।
ਤੁਮ ਭੀ ਰਹੇ ਜੋਰ ਸਭਿ ਲਾਈ ॥੧੨੭॥
ਫਤੇ ਨ ਉਨ ਪਰ ਕਿਨਹੂੰ ਪਾਈ।
ਓਨ ਹਜਾਰਹੁਂ ਦਏ ਖਪਾਈ।
ਆਖਰ ਛਲ ਬਲ ਕਰਿ ਤੁਮ ਭਾਰੇ।
ਬੰਦੇ ਕੇ ਸੰਗ ਤੈ ਸਿੰਘ ਫਾਰੇ ॥੧੨੮॥
ਫਿਰ ਇਨ ਹੀ ਕੀ ਮਦਦ ਪਾਏ।
ਛਲ ਸੋਂ ਫੜਿ ਵਹਿ ਦਯੋ ਖਪਾਏ।
ਯਹਿ ਤੁਮਰੀ ਕਸਮੋਂ ਪਰ ਪਾਛੇ।
ਗਏ ਪਤੀਜ ਬਨੀ ਤਬਿ ਆਛੇ ॥੧੨੯॥
ਜਾਂ ਤੈ ਜੋਰ ਭਯੋ ਇਨ ਹੌਲਾ।
ਨਹੀਂ ਤੁ ਯਾਦ ਕਰਾਤੇ ਮੌਲਾ[1]। [1]ਰੱਬ।
ਅਬਿ ਤੁਮਰੀ ਕਸਮਨ ਪਰ ਕਬਿ ਹੀ।
ਨਹਿਂ ਇਤਬਾਰ ਕਰੈਂ ਸਿੰਘ ਸਭਿ ਹੀ ॥੧੩੦॥
ਯਹਿ ਭੀ ਹੈਂ ਇਕ ਇਕ ਸਮ ਬੰਦੇ।
ਮਤੁ ਮਾਨੋ ਇਨ ਕੋ ਤੁਮ ਖੰਦੇ[1]। [1]ਕਮਜ਼ੋਰ।
ਬੀਰ ਬਹਾਦਰ ਏਹੁ ਹਜਾਰੈਂ।
ਹੈ ਇਕ ਇਕ ਦਸ ਦਸਨ ਬਿਦਾਰੈਂ[1] ॥੧੩੧॥ [1]ਇੱਕ ਇੱਕ ਦਸਾਂ ਦਸਾਂ ਨੂੰ ਮਾਰਨ ਵਾਲੇ।
ਬੀਸ ਬਿੱਸਵੇ[1] ਯਹਿ ਨਹਿਂ ਮਰ ਹੈਂ। [1]ਸਾਰੇ ਦੇ ਸਾਰੇ।
ਆਖਰ ਤੁਮ ਹੀ ਤਈਂ ਨਿਬਰ ਹੈਂ।
ਏਕ ਬਿੱਸਵਾ[1] ਜੇ ਯਹਿ ਹਾਰੈਂ। [1]ਵੀਹਵਾਂ ਹਿੱਸਾ।
ਤੌ ਭੀ ਲਾਖੋਂ ਤਈਂ ਸੰਘਾਰੈਂ ॥੧੩੨॥
ਜੇ ਇਹੁ ਜੀਤੈਂ ਜਸ ਬਡ ਪੈਹੈਂ।
ਮਾਲ ਮੁਲਕ ਤੁਮਰਾ ਸਭਿ ਲੈਹੈਂ।
ਤੁਮ ਜੀਤੇ ਨਿੰਦਾ ਲਹੁ ਭਾਰੀ।
ਕੈਹੈਂ ਸਭਿ, ਰੱਯਤ ਇਨ ਮਾਰੀ ॥੧੩੩॥
ਮਾਲ ਮੁਲਕ ਕਜਾ ਇਨ ਕਾ ਲੈਹੋ।
ਮਰਵੈਹੋ ਲਾਖੋਂ ਖਰਚੈਹੋ।

ਮਸਲਾ ਇਹੁ ਅਸਲਾ ਤੁਮ ਕਰਤੇ[1]। — [1]ਅਸਲ ਵਿੱਚ ਤੁਸੀਂ ਇਹ (ਮਸਲਾ) ਅਖਾਣ ਕਰਦੇ ਹੋ।
ਕਜ਼ਾ ਲਹਿਂ ਚੋਰ ਡੂੰਮ[1] ਕੇ ਘਰ ਤੇ ॥੧੩੪॥ — [1]ਮਿਰਾਸੀ।
ਲੁੱਚੇ ਨੰਗ ਖੁਦਾਓਂ ਉੱਚੇ।
ਲਾੜੇ ਬਨੇਂ ਫਿਰਤ ਸਮੁੱਚੇ।
ਨੱਕੋਂ ਹੱਥੋਂ ਕੰਨੋਂ ਬੁੱਚੇ।
ਜੱਟ ਸਿੰਘ ਟਿੰਡਨ ਤੇ ਸੁੱਚੇ[1] ॥੧੩੫॥ — [1]ਖੂਹ ਦੀਆਂ ਟਿੰਡਾਂ ਤੋਂ ਵੀ ਸੁੱਚੇ ਹਨ।
ਗੰਜਾ ਨਾਈਆਂ ਦਾ ਕੀ ਧ੍ਰਾਵੈ[1]। — [1]ਕੀ (ਕਨੌਂਡ) ਰਖਾਉਂਦਾ ਹੈ
ਕਹਾਂ ਨਿਚੋੜੈ ਨੰਗੀ ਨ੍ਹਾਵੈ।
ਤੁਮ ਇਨ ਸੈਂ ਜੋ ਲਾਯੋ ਮੱਥਾ।
ਅੰਤ ਆਇ ਕਜ਼ਾ ਤੁਮਰੇ ਹੱਥਾ ॥੧੩੬॥
ਜੌਨ ਕਰਮ ਕਾ ਫਲ ਤੁਛ ਆਹੀ।
ਬੁਧਿ ਜਨ ਕੌਨ ਕਰੈ ਹੈ ਤਾਂਹੀ।
ਫਿਰ ਜਬਿ ਅਬਿ ਤੁਮ ਇਨ ਪਰ ਚਰ੍ਹੁ ਹੈਂ।
ਗਦਰ ਸਭੀ ਦੇਸਨ ਮੈਂ ਪਰ ਹੈ ॥੧੩੭॥
ਰਾਹਜ਼ਨ[1] ਚੋਰ ਡਕੈਤ ਹਜਾਰੈਂ। — [1]ਰਾਹ ਮਾਰ।
ਵਹਿ ਭੀ ਮਿਲ ਹੈਂ ਇਨੈ ਸੰਗਾਰੈਂ।
ਮੁਸ਼ਕਲ ਬਨ ਹੈ ਮਾਰਨ ਇਨ ਕਾ।
ਹ੍ਵੈ ਹੈ ਮੁਲਕ ਸਹਾਇਕ ਜਿਨ ਕਾ ॥੧੩੮॥
ਅਰ ਪਤਿਸ਼ਾਹੀ ਮੈਂ ਬਹੁ ਖ੍ਵਾਰੀ।
ਦਿਨ ਦਿਨ ਬਢਤ ਜਾਤ ਹੈਂ ਭਾਰੀ।
ਉਤ ਮਰ੍ਹਟੇ ਚਢਿ ਬਿਨ ਢਿੱਲੀ[1]। — [1]ਦੇਰ ਤੋਂ ਬਿਨਾਂ।
ਆਇ ਪਹੁਚੇ ਹੈਂ ਢਿਗ ਦਿੱਲੀ ॥੧੩੯॥
ਨਾਜ਼ਮ ਬਿਗਰ ਰਹੇ ਹੈਂ ਸਭਿ ਹੀ।
ਅਯੋ ਤਨੱਜਜਲ[1] ਚਾਹਿਤ ਅਬਿ ਹੀ। — [1]ਗਿਰਾਉ, ਪਤਨ।
ਇਤ ਤੈ ਚਹਿਤ ਦੁਰਾਨੀ ਆਏ।
ਉਤ ਅੰਗ੍ਰੇਜ ਆਤਿ ਬਲ ਪਾਏ ॥੧੪੦॥
ਤੁਮ ਜਬਿ ਸਿੰਘਨ ਸੰਗ ਬਿਗਾਰੀ।
ਬਨ ਹੈ ਤੁਮ ਕੋ ਮੁਸ਼ਕਲ ਭਾਰੀ।
ਮੁਲਕ ਪੰਜਾਬ ਮਾਲਵਾ ਜੇਤਾ।
ਪੂਰ ਰਹਜੋ[1] ਸਿੰਘਨ ਸੋਂ ਤੇਤਾ ॥੧੪੧॥ — [1]ਭਰ ਰਿਹਾ ਹੈ।

ਬੀਰ ਬਾਂਕੁਰੇ ਬਲੀ ਬਿਰਾਰੈਂ।
ਸਭਿ ਥੈਹੈਂ ਇਨਿ ਮੱਦਦਗਾਰੈਂ।
ਇਨ ਕਾ ਤੁਮ ਸੈਂ ਨੇਸਤ ਹੋਨਾ[1]। — [1]ਨਾਸ ਹੋਣਾ।
ਹੈ ਦੁਸ਼ਵਾਰ[1] ਹਮਾਰ ਮਤੋਨਾ[2] ॥ ੧੪੨ ॥ — [1]ਔਖਾ ਹੈ। [2]ਸਾਡੀਰਾਇ ਹੈ।
ਤਾਂ ਤੇ ਤੁਮ ਇਨ ਸੋਂ ਇਤਫਾਕੈ[1]। — [1]ਏਕਾ।
ਲੇਟ ਪੇਟ ਕਰਿ ਲੇਹੁ ਬਿਸ਼ਾਕੈ[1]। — [1]ਬੇਸ਼ੱਕ ਨੀਵੇਂ ਹੋ ਕੇ ਕਰ ਲਉ।
ਬਲਿਕੈ ਨੌਕਰ ਨਿਜ ਕਰਿ ਰਾਖੋ।
ਬੈਰ ਭਾਵ ਜਾਹਰ ਤੇ ਨਾਖੋ[1] ॥ ੧੪੩ ॥ — [1]ਬਾਹਰੋਂ ਛੱਡ ਦਿਉ।
ਜਬਿ ਮੁਹਿੰਮ[1] ਤੁਮ ਕੋ ਕਿਤ ਪਰ ਹੈ। — [1]ਜੰਗ।
ਤਹਿਂ ਇਨ ਕੌ ਪਠੀਓ ਹਿਤ ਸਰ ਹੈ[1]। — [1]ਫ਼ਤਹ ਕਰਨ ਵਾਸਤੇ।
ਕਟਿ ਮਰ ਹੈਂ ਤੋ ਮਿਟੈਂ ਕਲੇਸ਼ੈਂ।
ਜੀਐਂ ਤੁ ਦੈਹੈਂ ਕਾਮ ਬਿਸ਼ੇਸ਼ੈਂ ॥ ੧੪੪ ॥
ਸਾਂਪ ਮਾਰੀਏ ਦੁਸ਼ਮਨ ਛਾਤੀ।
ਕੈ ਵਹਿ ਮਰੈ, ਕੈ ਗਰੈ ਅਰਾਤੀ[1]। — [1]ਜਾਂ ਦੁਸ਼ਮਣ ਗਲ ਜਾਵੇਗਾ।
ਜੱਦਪਿ ਇੱਤਜਾਦਿਕ ਬਹੁ ਬਾਤੈਂ।
ਰਹੇ ਸਯਾਨੇ ਕਹਿ ਬਖਜਾਤੈਂ ॥ ੧੪੫ ॥
ਤੌਂ ਭੀ ਕਹੇ ਕਾਜੀਅਨ ਕੇ ਉਨ।
ਸੀਖਜਾ ਹੋਛੇ ਲੋਗਨ ਕੀ ਸੁਨਿ।
ਨਹਿਂ ਦਾਨਜੋਂ ਕੀ ਮਾਨੀ ਕਾਈ।
ਸਿੰਘਨ ਪਰ ਝਟ ਫੌਜ ਚੜ੍ਹਾਈ ॥ ੧੪੬ ॥
ਦੋਹਰਾ:
ਸੁਨ ਕਰਿ ਸਿੰਘਨ, ਆਵਤੋ
ਦਲ ਦੁਸ਼ਮਨ ਕਾ ਭਾਰ।
ਦੇਸ ਦੇਸ ਮੈਂ ਪਠ ਦਈ,
ਸਿੰਘਨ ਢਿਗ ਯਹਿ ਸਾਰ[1] ॥ ੧੪੭ ॥ — [1]ਖ਼ਬਰ।
ਚੌਪਈ:
ਦੇਸ ਬਿਦੇਸਨ ਤੈ ਸਿੰਘ ਸੁਨ ਕੈ।
ਆਇ ਮਿਲੇ ਜੱਥਜਨ ਸੌਂ ਗੁਨ ਕੈ[1]। — [1]ਵਿਚਾਰ ਕੇ।
ਲੈਂਹ ਸ਼ਹੀਦੀ ਕੈ ਅਬਿ ਸ਼ਾਹੀ[1]। — [1]ਬਾਦਸ਼ਾਹੀ।
ਮਨ ਮੈ ਸਭਿ ਨੈ ਦਿਢ ਠਹਿਰਾਈ ॥ ੧੪੮ ॥

ਕਈ ਠੌਰ ਸਿੰਘਨ ਕੇ ਜਥੇ।
ਥੇ ਜੈਸੇ, ਦੁਸ਼ਮਨ ਭੇ ਤਥੇ[1]।
ਆਗੇ ਆਗੇ ਸਿੰਘ ਚਲਾਹੀਂ।
ਪਾਛੇ ਪਾਛੇ ਤੁਰਕ ਫਿਰਾਹੀਂ ॥੧੪੯॥
ਕਹੀਂ ਨ ਕਰਨਾ ਪਾਵੈਂ ਡੇਰਾ।
ਨਿਸ ਦਿਨ ਲਾਗਜੋ ਰਹੈ ਵਖੇਰਾ।
ਤੁਰਕਨ ਦਗਾ ਨ ਸਿੰਘਹਿਂ ਖਾਯਾ।
ਡੇਰਾ ਆਗੈਰਖੈਂ ਵਧਾਯਾ ॥੧੫੦॥
ਐਸ ਭਈ ਜਬਿ ਸਿੰਘਨ ਚਾਲੈਂ।
ਤੁਰਕ ਨ ਛਾਡੈਂ ਸਿੰਘਨ ਖਜਾਲੈਂ।
ਸਿੰਘਨ ਪੈ ਨਹਿਂ ਗਢ ਕੋਊ ਕੋਟੈਂ[1]।
ਜਹਾਂ ਲਰੈਂ ਵੜਿ ਤਾਂ ਕੀ ਓਟੈਂ ॥੧੫੧॥
ਕੋ ਪਰਬਤ ਨਹਿਂ ਸਿੰਘਨ ਪਾਸੈਂ।
ਜਹਾਂ ਲੜੈਂ ਚੜ੍ਹ ਹੋਇ ਮਵਾਸੈਂ[1]।
ਬਹੁਤ ਠੌਰ ਖੜ੍ਹਿ ਕਰੈਂ ਲੜਾਈ।
ਥੋਰਨ ਕੀ ਕਿਛ ਪੇਸ਼ ਨ ਜਾਈ ॥੧੫੨॥
ਭਯੋ ਪੰਥ ਜਬਿ ਬਹੁਤ ਲਚਾਰੈਂ[1]।
ਆਪਸ ਮੈਂ ਤਬਿ ਐਸ ਉਚਾਰੈਂ।
ਲੀਨੋ ਸ੍ਵਾਦ ਨੌਕਰੀ ਕਰਿ ਕੈ।
ਬੰਦੇ ਸੋਂ ਹਮ ਨੇ ਲਰ ਮਰ ਕੈ ॥੧੫੩॥
ਬੰਦਾ ਬਖਸ਼ੀ ਪੰਥ ਸਦਾਯਾ[1]।
ਤਾਂ ਕੋ ਬਿਰਥਾ ਹਮ ਮਰਵਾਯਾ।
ਕਰਤੇ ਜੇ ਮੱਦਦ ਤਿਸ ਕੇਰੀ।
ਮਾਰ ਨ ਸਕਤੇ ਤੁਰਕ ਸੁ ਫੇਰੀ ॥੧੫੪॥
ਹਮ ਪਰ ਸ੍ਰਾਪ ਤਾਹਿਂ ਕਾ ਪਰਾ।
ਨਹਿਂ ਉਪਰਾਲਾ ਹਮ ਤਿਹ ਕਰਾ।
ਯੌਂ ਸਿੰਘ ਕਰਿ ਬੰਦੇ ਕੋ ਯਾਦੈਂ।
ਪਛੁਤੈਹੈਂ ਮਨਿ, ਕਰੈਂ ਬਿਖਾਦੈਂ[1] ॥੧੫੫॥
ਆਖਰ ਕਬੀ ਕਬੀ ਸਿੰਘ ਹਟ ਕੈ।
ਕਰੈਂ ਜੰਗ ਤੁਰਕਨ ਸੋਂ ਡਟ ਕੈ।

[1]ਦੁਸ਼ਮਨਾਂ ਨੇ ਵੀ ਉਸੇ ਤਰ੍ਹਾਂ (ਜੱਥੇ ਬਣਾ ਲਏ।)

[1]ਕੋਈ ਕਿਲ੍ਹਾ ਤੇ ਕੋਟ ਨਹੀਂ ਸੀ।

[1]ਆਕੀ।

[1]ਦੁਖੀ।

[1]ਬੰਦਾ ਹਮੇਸ਼ਾਂ ਪੰਥ ਨੂੰ ਬਖ਼ਸ਼ਸ਼ ਕਰਦਾ ਸੀ।

[1]ਕਸ਼ਟ ਕਰਦੇ ਹਨ ਭਾਵ ਦੁਖੀ ਹੁੰਦੇ ਹਨ।

ਜਬਿ ਬਹੁ ਦੁਸ਼ਮਨ ਚਢ ਕਰਿ ਆਵੈਂ।
ਇਤ ਉਤ ਖਿੰਡਿ ਫਿਰ ਝੱਲ ਧਸਾਵੈਂ ॥੧੫੬॥
ਤੁਰਕਨ ਕੀ ਬਨ ਮਾਹਿਂ ਵਿਸ਼ੇਸ਼ੈਂ।
ਸਿੰਘਨ ਊਪਰ ਚਲੈ ਨ ਪੇਸ਼ੈਂ[1]।
ਆਖਰ ਹਟ ਕਰਿ ਪੀਛੇ ਆਵੈਂ।
ਸਿੰਘ ਮੱਧ ਬਨ ਲੁਕ ਛਿਪ ਜਾਵੈਂ ॥੧੫੭॥
ਆਇ ਤੁਰਕ ਸੂਬੇ ਢਿਗ ਕਹੇਂ।
ਸਿੰਘ ਵਿਲਾਇਤ ਵੀਚ[1] ਨ ਰਹੇ ॥੧੫੮॥

ਦੋਹਰਾ:

ਯਾ ਵਿਧਿ ਦਿਵਸ ਗੁਜਾਰਹੀਂ,
ਸਿੰਘ ਪੰਜਾਬ ਮਝਾਰ।
ਖਾਵਤ ਲੂਟ ਜ਼ਰਾਇਤੈਂ,
ਸੱਤ੍ਰਨ ਕੀ ਬਲ ਧਾਰਿ[1] ॥੧੫੯॥

ਚੌਪਈ:

ਜੋ ਜੋ ਹਿੰਦੂ ਤੁਰਕ ਦੇਹਾਤੀ।
ਨਾਮੀ ਗ੍ਰਾਮੀ ਲੋਕ ਬਖਜਾਤੀ।
ਠਾਣੇਦਾਰ ਤਸੀਲਾਂ ਵਾਰੇ।
ਰਲ ਮਿਲ ਕਰੈਂ ਸਿੰਘਨ ਕੋ ਖ੍ਵਾਰੇ ॥੧੬੦॥
ਤਿਨ ਕੇ ਧਾਮ ਜ਼ਰਾਇਤ ਤਾਜੀ[1]।
ਲੁਟੈਂ ਸਿੰਘ ਕਰਿ ਦਸਤ ਦਰਾਜੀ[1]।
ਜੋ ਸਿੰਘਨ ਸੋਂ ਕਰੈ ਨ ਬਾਦ[1]।
ਸਿੰਘ ਨ ਤਿਨ ਸੋਂ ਕਰੈਂ ਫਸਾਦ ॥੧੬੧॥
ਖੇਤੀ ਦੌਲਤ ਮਾਲ ਤਿਨ੍ਹ ਕਾ[1]।
ਨਹਿਂ ਛੇੜੈਂ ਸਿੰਘ ਏਕ ਤਿਨੂਕਾ[1]।
ਜੇ ਸਿੰਘਨ ਸੋਂ ਕਰੈ ਵਖੇਰੈਂ।
ਤਿਨ ਕੇ ਬਿਤ ਸੁਤ ਸਿੰਘ ਨਿਬੇਰੈਂ ॥੧੬੨॥
ਠੌਰ ਠੌਰ ਨਿਤਿ ਰੌਰ ਬਢੀ ਰਹਿ।
ਇਤ ਉਤ ਤੁਰਕਨ ਫੌਜ ਚੜ੍ਹੀ ਰਹਿ।
ਸਿੰਘਨ ਤੇ ਬਿਨ ਔਰ ਹਜਾਰੈਂ।
ਰਾਠ ਕਾਠ[1] ਧੜਵੈਲ[2] ਅਪਾਰੈਂ ॥੧੬੩॥

[1]ਜੰਗਲ ਵਿੱਚ ਸਿੰਘਾਂ ਉਪਰ ਬਹੁਤੀ ਪੇਸ਼ ਨਹੀਂ ਚਲਦੀ ਸੀ।
[1]ਦੇਸ਼ ਵਿੱਚ।
[1]ਬਲ ਧਾਰ ਕੇ ਵੈਰੀਆਂ ਦੀਆਂ ਖੇਤੀਆਂ ਲੁੱਟ ਕੇ ਖਾਂਦੇ ਹਨ।
[1]ਘੋੜੇ।
[1]ਲੰਬਾ ਹੱਥ ਕਰ ਕੇ ਭਾਵ ਖੁੱਲ੍ਹ ਕੇ।
[1]ਝਗੜਾ।
[1]ਉਨ੍ਹਾਂ ਦਾ।
[1]ਤਿਣਕਾ, ਕੱਖ।
[1]ਮਜ਼ਬੂਤ ਸੂਰਮੇਂ। [2]ਧਾੜਵੀ।

ਬਾਟ-ਪਾਰ[1] ਠੱਗ ਚੋਰ ਡਕੈਤ[2]। [1]ਰਾਹ ਮਾਰ। [2]ਡਾਕੂ।
ਜਗ ਮੈਂ ਬਢੇ ਲੋਗ ਬਹੁਤੈਤ[1]। [1]ਬਹੁਤੇ।
ਨਿਜਿ ਨਿਜਿ ਪੇਸ਼ੇ ਮੈਂ[1] ਹੈ੍ਰਾਜੀ। [1]ਕਸਬ ਵਿੱਚ, ਕਿੱਤੇ ਵਿੱਚ।
ਲਗੇ ਕਰਨ ਸਭਿ ਦਸਤ ਦਰਾਜੀ ॥ ੧੬੪ ॥
ਜਹਾਂ ਕਹੀਂ ਹ੍ਵੈ ਚੋਰੀ ਧਾਰਾ[1]। [1]ਧਾੜਾ।
ਕਰੈਂ ਔਰ ਹੀ ਲੋਗ ਹਜਾਰਾਂ।
ਸਿੰਘਨ ਕੋ ਬਦਨਾਮੀ ਦੇਵੈਂ।
ਲੋਗ ਨਾਮ ਇਨ ਹੀ ਕਾ ਲੇਵੈਂ ॥ ੧੬੫ ॥
ਯੌਂ ਭੀ ਸਿੰਘ ਭਏ ਬਦਨਾਮੂ।
ਖਲਕਤ ਭਈ ਲੁਟੇਰੀ ਆਮੂ।
ਜਬਿ ਹਾਕਮ ਉਨ ਲੋਗਨ ਤਾਂਈਂ।
ਚਹੈਂ ਪਕਰਨੋ ਕਰਿ ਨਿਰਨਾਈ ॥ ੧੬੬ ॥
ਤਬਿ ਵੋਹ ਦੌਰ ਪੰਥ ਮੈਂ ਮਿਲਹੀਂ।
ਸਜ ਕਰਿ ਸਿੰਘ ਮਲੇਛਨ ਗਿਲਹੀਂ[1]। [1]ਤੁਰਕਾਂ ਨੂੰ ਮਾਰਦੇ ਹਨ।
ਬਿਨ ਸੱਤ੍ਰਨ ਕੈ ਧਾਮਨ ਗ੍ਰਾਮਨ।
ਸਿੰਘ ਨ ਛੇਰੈਂ ਔਰ ਕਾਹਿ ਕਨ[1] ॥ ੧੬੭ ॥ [1]ਕਿਣਕਾ।
ਸ਼ਸਤ੍ਰ ਘੋੜਾ ਦਾਰੂ ਸੀਕਾ[1]। [1]ਬਰੂਦ ਤੇ ਗੋਲੀਆਂ।
ਜਹਿਂ ਸਿੰਘ ਸੁਨੈਂ ਲੈਂਹਿ ਲੁਟ ਠੀਕਾ।
ਰਹਿਯੋ ਬਹੁਤ ਝਖ ਮਾਰ ਨਿਵਾਬੁ।
ਸਿੰਘ ਨ ਆਵੈਂ ਤਾਂ ਕੇ ਕਾਬੂ ॥ ੧੬੮ ॥
ਜਯੋਂ ਜਯੋਂ ਵਹਿ ਸਿੰਘਨ ਕੋ ਮਾਰੈਂ।
ਤਯੋਂ ਤਯੋਂ ਗਦਰ ਮਚੈ ਜਗੁ ਸਾਰੈਂ।
ਸਿੰਘ ਸਜੈਂ ਮਿਲਿ ਲੋਕ ਹਜ਼ਾਰੈਂ।
ਚਸ਼ਮੇਂ ਜਲ ਜਯੋਂ[1] ਬਢੈਂ ਅਪਾਰੈਂ ॥ ੧੬੯ ॥ [1]ਸੋਮੇਂ ਦੇ ਪਾਣੀ ਵਾਂਗ।
ਚੋਰ ਧਾੜਵੀ ਬੀਰਰਾਠ[1] ਜੇ। [1]ਬਹਾਦਰ ਸੂਰਮੇ।
ਮਿਲੇ ਪੰਥ ਕੇ ਬੀਚ ਠਾਠ ਸੇਂ[1]। [1]ਸਜ ਧਜ ਨਾਲ।
ਯਾ ਬਿਧਿ ਦਿਨ ਦਿਨ ਪੰਥ ਬਿਖੇਰਾ[1]। [1]ਖਿੰਡਿਆ ਹੋਇਆ ਪੰਥ (ਅ) ਝਗੜਾ।
ਮਕਰ ਦਿਵਸ ਜਿਉਂ ਬਢਯੋ ਵਧੇਰਾ[1] ॥ ੧੭੦ ॥ [1]ਮਾਘ ਦੇ ਮਹੀਨੇ ਦੇ ਦਿਨਾਂ ਵਾਂਗ ਬਹੁਤ ਵਧਿਆ।

ਦੋਹਰਾ:

ਬਢਤ ਬਢਤ ਬਢ ਗਯੋ ਬਡ,

ਸਿੰਘਨ ਤੁਰਕਨ ਬੈਰ।
ਬਾਢ ਬਢਨ ਕਾ ਬੀਜ *ਕਹਿ,
ਧਜਾਇ ਸੰਕੋਚੇ ਪੈਰ[1] ॥੧੭੧॥

*ਅੰਕ ਨੰ. ੧੭੧ ਦੀ ਦੂਜੀ ਤੁਕ ਦੇ 'ਕਹਿ' ਤੋਂ 'ਬਿਸ੍ਰਾਮ' ॥੨੦॥ ਤੱਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ।
[1]ਝਗੜਾ ਵਧਣ ਦਾ ਕਾਰਨ ਕਹਿ ਕੇ ਧਜਾਇ ਨੇ ਪੈਰ ਸੰਕੋਚ ਲਏ ਭਾਵ ਸਮਾਪਤ ਹੋ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਪੰਥ ਤੁਰਕਨ ਬੈਰ ਬਢਨ', ਬਰਨਨੰ ਨਾਮ ਬੀਸਮੋਂ ਬਿਸ੍ਰਾਮ ॥੨੦॥

੨੧. {ਭਾਈ ਤਾਰਾ ਸਿੰਘ ਜੀ ਦੀ ਸ਼ਹੀਦੀ}

*ਦੋਹਰਾ:

*ਲਾਹੌਰ ਐਡੀਸਨ ਉੱਤ੍ਰਾਰਧ ਦੇ ਪੰਨਾ ੧੯੪ ਦੀ ਉਪਰਲੀ ਸਤਰ 'ਚੋਂ ਇਹ ਉਪਰ ਦਰਜ ਦੋਹਰਾ ਅਰੰਭ ਹੁੰਦਾ ਹੈ ਪਰ ਏਥੇ ਨਵਾਂ ਬਿਸ੍ਰਾਮ ਅਰੰਭ ਨਹੀਂ ਕੀਤਾ, ਨਾ ਹੀ ਇਸ ਦੋਹਰੇ ਤੋਂ ਪਹਿਲਾਂ 'ਇਤਿ ਸ੍ਰੀ...ਬਿਸ੍ਰਾਮ' ਹੀ ਲਿਖਿਆ ਹੈ। ਭਾਵ ਨਾ ਹੀ ਪਿਛਲਾ ਬਿਸ੍ਰਾਮ ਮੁਕਾਇਆ ਹੈ। ਇਸ ਤੋਂ ਪਿਛਲੇ ਬਿਸ੍ਰਾਮ ਦਾ ਨੰ. ੧੮ ਦਿੱਤਾ ਹੈ। ਇਸ ਹਿਸਾਬ ਇਹ ੧੯ਵਾਂ ਬਿਸ੍ਰਾਮ ਬਣਦਾ ਹੈ। ਅੱਗੋਂ ਜਾ ਕੇ ਜਿੱਥੇ ਬਿਸ੍ਰਾਮ ਮੁਕਾਇਆ ਹੈ ਉਸ ਬਿਸ੍ਰਾਮ ਦਾ ਨੰ. ੨੦ਵਾਂ ਦਿੱਤਾ ਹੈ, ਜਿਸ ਤੋਂ ਸਾਫ਼ ਹੈ ਕਿ ਇਥੋਂ ਨਵਾਂ ਬਿਸ੍ਰਾਮ ਸ਼ੁਰੂ ਕਰਨਾ ਚਾਹੀਦਾ ਸੀ। ਫਿਰ ਇਹ ਬਾਕਾਇਦਾ ਮੰਗਲਾ-ਚਰਨ ਦੇ ਦੋ ਛੰਦ ਹਨ। ਕਿਸੇ ਵੀ ਬਿਸ੍ਰਾਮ ਦੇ ਵਿਚਕਾਰ ਮੰਗਲਾ-ਚਰਨ ਦੇ ਛੰਦ ਕਦੇ ਵੀ ਕਿਸੇ ਕਵੀ ਨੇ ਨਹੀਂ ਲਿਖੇ, ਨਾ ਹੀ ਗਿਆਨੀ ਜੀ ਨੇ ਹੀ ਕਿਤੇ ਲਿਖੇ ਹਨ। ਜਦ ਅਸਾਂ ਅੰਮ੍ਰਿਤਸਰ ਤੇ ਦਿੱਲੀ ਐਡੀਸ਼ਨਾਂ ਨਾਲ ਮੇਲਿਆ ਤਾਂ ਉਥੇ ਦੋਹੀਂ ਥਾਈਂ ਇਸ ਥਾਂ ਤੋਂ ਨਵਾਂ ਬਿਸ੍ਰਾਮ ਅਰੰਭ ਕੀਤਾ ਹੋਇਆ ਹੈ। ਇਕ ਹੋਰ ਗੱਲ ਇਹ ਹੈ ਕਿ ਇਹ ਚਾਰ ਸਫੇ ਪੰਨਾ ੧੯੭ ਤੋਂ ੨੦੦ ਪੰਨੇ ਤੱਕ, ਪਿੱਛੇ ਪੂਰਬਾਰਧ ਤੇ ਉੱਤ੍ਰਾਰਧ ਵਿੱਚ ਆਈ ਆਖੇਪ ਰਚਨਾ ਵਾਂਗ ਛਪੇ ਹੋਏ ਹਨ। ਇਸੇ ਲਈ ਤਾਂ ਆਖੇਪਕਾਰ ਨੂੰ ਕਾਹਲੀ 'ਚ ਬਿਸ੍ਰਾਮ ਮੁਕਾਉਣ ਤੇ ਨਵਾਂ ਸ਼ੁਰੂ ਕਰਨ ਦੀ ਵਿਹਲ ਹੀ ਨਹੀਂ ਮਿਲੀ। ਉਸ ਨੇ ਇਨ੍ਹਾਂ ਚਹੁੰ ਸਫਿਆਂ ਦੇ ਪਾਠ ਨੂੰ ਦਿੱਲੀ ਐਡੀਸ਼ਨ ਨਾਲ ਮੇਲਣ ਦੀ ਕੋਸ਼ਸ਼ ਕੀਤੀ ਹੈ, ਪਰ ਕਾਫ਼ੀ ਅਸ਼ੁੱਧੀਆਂ ਹਨ, ਇਸ ਲਈ ਅਸਾਂ ਇਨ੍ਹਾਂ ਚਹੁੰ ਸਫ਼ਿਆਂ ਦੀ ਥਾਂ ਅੰਮ੍ਰਿਤਸਰ ਐਡੀਸ਼ਨ ਦਾ ਪਾਠ ਹੀ ਸ਼ੁੱਧ ਸਮਝ ਕੇ ਛਾਪਿਆ ਹੈ। ਉਸੇ ਮੁਤਾਬਕ ਪਿਛਲੇ ਬਿਸ੍ਰਾਮ ਨੂੰ ਮੁਕਾਇਆ ਹੈ ਤੇ ਇਹ ਨਵਾਂ ਬਿਸ੍ਰਾਮ ਅਰੰਭ ਕੀਤਾ ਹੈ।

ਸੁਰ ਮਨਨੀ ਹਨਨੀ ਅਸੁਰ,
ਭਨਨੀ ਸੁਚ ਭਨਨੀਯ[1]।

[1]ਦੇਵਤਿਆਂ ਦੇ ਮੰਨਣ ਯੋਗ, ਦੈਂਤਾਂ ਨੂੰ ਨਾਸ ਕਰਨ ਵਾਲੀ ਤੇ (ਸੁਚ) ਸ਼ੋਕ ਨੂੰ (ਭਨਨੀ) ਨਾਸ ਕਰਨ ਵਾਲੀ (ਭਨਨੀਯ) ਕਹੀਦੀ ਹੈ।

ਤਨਨੀ ਭਵ ਗਨਨੀ ਮੁਨੀ,
ਜਗ ਜਨਨੀ ਨਮਨੀਯ[1] ॥੧॥

[1](ਭਵ) ਸੰਸਾਰ ਨੂੰ (ਤਨਨੀ) ਰਚਨ ਵਾਲੀ ਮੁਨੀਆਂ ਨੇ ਗਿਣੀ ਹੈ (ਉਸ) ਜਗਤ ਦੀ ਮਾਤਾ ਨੂੰ ਨਮਸ਼ਕਾਰ ਕਰਦਾ ਹਾਂ।

ਸ੍ਵੈਯਾ:
ਦੋ ਕਰ ਜੋਰਿ ਜੁਹਾਰ[1] ਕਰੋਂ,
ਗੁਰੁ ਗ੍ਰੰਥ ਸੁ ਪੰਥ ਮਹੰਤਨ ਤਾਂਈਂ।

[1]ਨਮਸ਼ਕਾਰ।

ਚਾਹਿਤ ਹੋਂ ਸਭਿ ਤੇ ਬਰ[1] ਮੈਂ,
ਬਰ[1] ਸਿੱਖੀ ਮਿਲੈ ਗੁਰੁ ਕੀ ਸੁਖਦਾਈ।
ਗਾਥ ਸੁਨੋਂ ਅਬਿ ਸਿੰਘਨ ਕੀ,
ਜਿਨਿ ਸਿੱਖੀ ਸ੍ਵਾਸਨ ਸੰਗਿ ਨਿਭਾਈ।
ਲੋਕ ਵਿਖੇ ਨਿਜਿ ਪੂਰ ਮਹਾਂ ਯਸ਼[1],
ਜਾਇ ਪ੍ਰਲੋਕ ਬਸੇ ਸੁਖੁ ਪਾਈ ॥੨॥

[1]ਵਰ।
[1]ਸ੍ਰੇਸ਼ਟ।
[1]ਅਪਣਾ ਬਹੁਤ ਜਸ ਭਰ ਕੇ।

ਕਬਿੱਤ:

ਗਾਥਾ ਤਾਰਾ ਸਿੰਘ ਕੀ ਸੁਨੀਜੈ ਹਿਤ ਸਾਥ ਪਾਥ[1],
ਦਾਇਕ ਸੁ ਬੀਰਤਾ ਜੋ ਧੀਰਤਾ ਮਹਾਨੀਏ।
ਮਾਝੇ ਦੇਸ ਮਾਂਹਿ ਗ੍ਰਾਮ ਡੱਲਵਾਂ ਕੀ ਵਾਂਇਂ ਆਹਿ,
ਤਾਰਾ ਸਿੰਘ ਰਹੈ ਤਹਾਂ ਸਿੰਘ ਏਕ ਜਾਨੀਏ।
ਜਤੀ ਸਤੀ ਹਠੀ ਤਪੀ ਰਹਿਤ ਭੁਜੰਗੀ ਰੀਤਿ[1],
ਬਸਨ ਰਖਾਵੈ ਨੀਲ[1] ਸੀਸ ਚੱਕ੍ਰ ਮਾਨੀਏ*।
ਬੀਰ ਧੀਰ ਚੀਰ ਅਰਿ ਪਰ ਪੀਰ ਹਰ ਬਰ,
ਰਾਖੈ ਢਿਗ ਚੋਰ ਧਾਰਵੀ ਅਪਾਰ ਜਾਨੀਏ[1] ॥੩॥

[1]ਪਵਿੱਤ੍ਰ।
[1]ਸੂਰਮਿਆਂ ਦੀਰੀਤੀਰਖਦਾ ਹੈ।
[1]ਨੀਲੇ ਬਸਤ੍ਰਰਖਦਾ ਹੈ। *ਬਸਨ ਰਖਾਵੈ ਨੀਲ ਸੀਸ ਚੱਕ੍ਰ ਮਾਨੀਏ' ਇਹ ਪਾਠ ਦਿੱਲੀ ਐਡੀਸ਼ਨ ਦਾ ਹੈ।
[1]ਧੀਰਜ ਵਾਲਾ ਸੂਰਮਾਂ ਵੈਰੀਆਂ ਨੂੰ ਚੀਰਨ ਵਾਲਾ, ਪਰਾਈ ਪੀੜਾ ਨੂੰ ਨਾਸ਼ ਕਰਨ ਵਾਲਾ (ਬਰ) ਸ੍ਰੇਸ਼ਟ ਹੈ, ਜਾਣੋ ਉਹ ਆਪਣੇ ਪਾਸ ਬਹੁਤੇ ਧਾੜਵੀਆਂ ਤੇ ਚੋਰਾਂ ਨੂੰ ਰਖਦਾ ਸੀ।

ਦ੍ਵੈਯਾ ਛੰਦ:

ਜੋ ਮੁਖਿ ਤੇ ਵਹੁ ਬਚਨ ਉਚਾਰੇ,
ਸੋਊ ਠੀਕ ਪੁਰਾਵੈ[1]।
ਸਿਰੋਂ ਪਰੇ ਡੇਰਾ ਨਿਤ ਰਾਖੈ,
ਮਰਨੋ ਨਹਿਂ ਸੰਕਾਵੈ[1]।
ਦੰਗਾ ਜਾਤਿ ਗੋਤ ਨਿਜਿ ਭਾਖੈ,
ਧਾੜੇ ਮਾਰ ਲਿਆਵੈ।
ਰਸਤੇ ਜਾਂਦੀ ਬੋਲਿ ਬਲਾ ਕੋ[1],
ਅਪਨੇ ਪਾਸ ਟਿਕਾਵੈ ॥੪॥
ਬੰਦਾ ਹੁਤੋ ਜੀਵਤਾ ਜਬਿ,
ਤਬਿ ਤੁਰਕ ਘਣੇ ਤਿਨ ਮਾਰੇ।
ਹਸਤੀ ਮਸਤ ਸਮਾਨ ਜੰਗ ਮੈਂ,
ਸਭ ਤੇ ਜਾਤ ਅਗਾਰੇ।

[1]ਪੂਰਾ ਕਰਦਾ ਹੈ।
[1]ਸੰਗਦਾ ਨਹੀਂ, ਸੰਕੋਚ ਨਹੀਂ ਕਰਦਾ।
[1]ਬਲਾ ਨੂੰ ਸੱਦ ਕੇ।

ਮੁਖੀਏ ਸਿੰਘਨ ਕੋ ਦੀਨੀ ਥੀ,
ਤੁਰਕਨ ਤਬੈ ਜਗੀਰੈਂ।
ਤਾਂਹਿ ਸਮੈਂ ਥੀ ਤਾਰਾ ਸਿੰਘ ਕੋ,
ਮਿਲੀ ਜਗੀਰ ਗੰਭੀਰੈਂ[1] ॥੫॥ — [1]ਬਹੁਤੀ।
ਰਚਿ ਰਾਖਯੋ ਥਾ ਬੁੰਗਾ[1] ਬਡ ਤਹਿੰ, — [1]ਡੇਰਾ।
ਲੰਗਰ ਅਧਿਕ ਚਲਾਵੈ।
ਚੋਰ ਧਾੜਵੀ ਸ਼ਰਨ ਜੋ ਆਵੈ,
ਤਿਸ ਕੋ ਪਾਸ ਟਿਕਾਵੈ।
ਜੰਗਲ ਮਾਂਹਿ ਉਦੰਗਲ ਮੰਗਲ[1], — [1]ਖ਼ੁਸ਼ੀ ਦਾ ਇਕੱਠ।
ਬੁਰਜ ਪਾਇ ਰਚੁ ਰਾਖਯੋ।
ਅਸਰਨ ਸਰਨ[1] ਬੀਰ ਵਡ ਦਾਤਾ — [1]ਨਿਆਸਰਿਆਂ ਨੂੰ ਆਸਰਾ ਦੇਣ ਵਾਲਾ।
ਰਹਿਤ ਬੀਰ ਰਸਿ ਮਾਖਯੋ[1] ॥੬॥ — [1]ਮਸਤ ਰਹਿੰਦਾ ਹੈ।
ਔਰ ਸਿੰਘ ਜੇਤਿਕ ਥੇ ਜਗ ਮੈਂ,
ਖਿੰਡੇ ਇਤੈ ਉਤ ਭਾਰੇ।
ਖੇਤੀ ਵਣਜ ਨੌਕਰੀ ਕਰਿ ਕਰਿ,
ਕੇਤਿਕ ਕਰੈਂ ਗੁਜਾਰੇ।
ਜਥੇਦਾਰ ਥੇ ਸਿੰਘ ਜਿਤਿਕ ਤਬਿ,
ਧਸੇ ਬਿਦੇਸਨ ਬਾਰਨ[1]। — [1]ਵਿਦੇਸ਼ਾਂ ਦੇ ਜੰਗਲਾਂ ਵਿੱਚ।
ਕਿਤਿਕ ਪਹਾਰਨ ਝਾਰਨ ਪੈਸੇ[1], — [1]ਪਹਾੜਾਂ ਤੇ ਝਾੜਾਂ ਵਿੱਚ ਵੜ ਗਏ।
ਕੇਤਿਕ ਮੁਲਕ ਬਿਰਾਰਨ[1] ॥੭॥ — [1]ਬਿਰਾੜਾਂ ਦੇ ਮੁਲਕ ਵਿੱਚ।
ਨਾਜ਼ਮ[1] ਜ਼ਾਲਮ ਜ਼ੁਲਮ ਰਹਯੋ ਕਰਿ, — [1]ਸੂਬਾ।
ਆਜ਼ਮ[1] ਅਦਲ ਬਿਹੂਣਾ[2]। — [1]ਵੱਡਾ। [2]ਇਨਸਾਫ਼ ਤੋਂ ਖ਼ਾਲੀ।
ਖੇਤੀ ਵਣਜ ਸਿੰਘ ਜੋ ਕਰਹੀਂ,
ਤਿਨ ਤੇ ਕਰ[1] ਲਹਿ ਦੂਣਾ। — [1]ਹਾਲਾ, ਮਾਮਲਾ ਟੈਕਸ।
ਪੁਨ ਉਨ ਸਿੰਘਨ ਤੇ ਤਬਿ ਉਸ ਨੈ,
ਯੌਂ ਲੈ ਰਖੀ ਜ਼ਮਾਨਤ[1]। — [1]ਜ਼ਿੰਮੇਂਵਾਰੀ।
ਮਤੁ ਕਿਤ ਕਰੈਂ ਲੁਟੇਰਨ ਕੀ ਯਹਿ
ਮੱਦਦ, ਹਮਰੀ ਕਰੈਂ ਖਿਯਾਨਤ[1] ॥੮॥ — [1]ਬੇਈਮਾਨੀ, ਵਿਰੋਧਤਾ।
ਕਬੈ ਜੁ ਕੋਊ ਦੁਸ਼ਟ ਚੁਗਲ ਨਰ,
ਝੂਠੋ ਹੀ ਕਹਿ ਦੈਹੈ।

ਜਥੇਦਾਰ, ਬਾਗੀ ਲੋਟੇਰਨ
ਸੋਂ, ਯਹਿ ਮੇਲ ਰਖੈ ਹੈ।
ਯਹਿ ਸੁਨਿ ਤੁਰਕ ਦੁਸ਼ਟ ਤਿਹਿ ਪਕਰੈਂ,
ਸਾਚ ਨ ਝੂਠ ਨਿਹਾਰੈਂ।
ਦੈ ਅਜ਼ਾਬ[1] ਮਾਰੈਂ ਤਿਹ ਸਿੱਖ ਕੋ, [1]ਦੁੱਖ।
ਸਹਿਤ ਜ਼ਮਾਨਤ ਦਾਰੈਂ[1] ॥ ੯ ॥ [1]ਜ਼ਾਮਨਾਂ ਦੇ ਸਮੇਤ।
ਮਿਲਤ ਅਵਾਇਲ ਸਿੱਖ ਫਿਰਤ ਜੋ[1], [1]ਜੋ ਸਿੱਖ ਅਵਾਰਾ ਫਿਰਦਾ ਸੀ।
ਬਿਨ ਕਸੂਰ ਤਿਹ ਮਾਰੈਂ।
ਜਹਾਂ ਕਹੀਂ ਤੁਰਕਨ ਕੋ ਕੋਊ,
ਮਿਲੈ ਸਿੰਘ ਬਿਨ ਬਾਰੈਂ[1]। [1]ਬਿਨਾਂ ਦੇਰੀ ਤੋਂ।
ਸਭਿ ਕੋ ਪਕਰਿ ਜਕਰਿ[1] ਪਹੁੰਚਾਵੈਂ, [1]ਬੰਨ੍ਹ ਕੇ।
ਨਾਜ਼ਮ ਪਾਸ ਲਹੌਰੈਂ।
ਖਾਨੂੰ ਦੁਸ਼ਟ ਨ ਕਛੂ ਬਿਚਾਰੈ,
ਮਰਵਾਵੈ ਤਿਸ ਠੌਰੈਂ ॥ ੧੦ ॥
ਕਾਟਿ ਸੀਸ ਮਧ ਕੂਪ ਗਿਰਾਵੈ[1], [1]ਖੂਹ 'ਚ ਸੁੱਟ ਦੇਂਦਾ ਹੈ।
ਕੈ ਮਧ ਭੀਤ ਚਿਨਾਵੈ[1]। [1]ਜਾਂ ਕੰਧ ਵਿੱਚ ਚਿਣਵਾ ਦਿੰਦਾ ਹੈ।
ਯਾ ਬਿਧਿ ਵਰਤੈ ਸਮਾਂ ਦੁਖਤ ਅਤਿ,
ਸਿੰਘਨ ਪਰ ਬਹੁ ਭਾਵੈ[1]। [1]ਬਹੁਤ ਤਰ੍ਹਾਂ ਦਾ।
ਯਹਿ ਜ਼ੁਲਮੀ ਪਿਖਿ ਫਿਰ ਸਿੰਘਨ ਕੋ,
ਲਗੀ ਅਧਿਕ ਚਿਪ ਆਹੀ[1]। [1]ਬਹੁਤੀ ਖਿਝ ਲੱਗੀ ਹੈ।
ਗਾਰਤ[1] ਕਰਨ ਲਗੇ ਬਹੁ ਤਿਸ ਕਾ, [1]ਬਰਬਾਦ।
ਮੁਲਕ ਦਿਨੋਂ ਦਿਨ ਚਾਹੀ[1] ॥ ੧੧ ॥ [1]ਚਾਹ ਕੇ।
ਨਾਹਿਂ ਵਿਸਾਹੁ ਕਰੈਂ ਤੁਰਕਨ ਕਾ,
ਜੰਗਲ ਮਾਂਹਿ ਰਹਾਹੀਂ।
ਕੇਤਿਕ ਤਜਾਗ ਪੰਜਾਬ ਦੇਸ ਤਬਿ,
ਗਏ ਬਿਦੇਸਨ ਮਾਂਹੀਂ ॥ ੧੨ ॥
ਦੋਹਰਾ:
ਨਗਰ ਨੁਸ਼ਹਿਰੇ ਹੁਤੋ ਤਬਿ,
ਬਡੋ ਚੌਧਰੀ ਏਕ।
ਸਾਹਿਬ-ਰਾਇ ਖਰਾਬ ਅਤਿ,

ਦੁਸ਼ਮਨ-ਪੰਥ, ਕੁਨੇਕ[1] ॥੧੩॥ — [1]ਖੋਟਾ, ਮਾੜਾ।
ਸਿੰਘ ਦੋਇ ਭੀ ਵਸਤ ਤਹਿਂ,
ਖੇਤੀ ਸੋ ਕਰਿ ਖਾਤ।
ਘੋੜੀ ਜੁਗ ਨਿਤ ਪੈਂਚ ਕੀ,
ਕ੍ਰਿੱਖੀ[1] ਤਿਨੋਂ ਕੀ ਖਾਤ ॥੧੪॥ — [1]ਖੇਤੀ।
ਕਹਜੋ ਸਿੰਘਨ ਜਬਿ ਪੈਂਚ ਕੋ,
ਘੋੜੀ ਰਖੋ ਸੰਭਾਰਿ।
ਗਰਬ[1] ਸਹਿਤ ਤਬਿ ਪੈਂਚ ਵਹਿ, — [1]ਹੰਕਾਰ।
ਬੋਲਜੋ ਯੌਂ ਦੈ ਗਾਰਿ ॥੧੫॥

ਚੌਪਈ:

ਤੁਮ ਚਾਹਤ ਘੋੜੀ ਬੰਧਵਾਏ।
ਹਮ ਚਹਿਂ ਤੁਮਰੇ ਸਿਰ ਮੁੰਡਵਾਏ।
ਮੂੰਡਿ ਬਾਰ[1] ਤੁਮਰੇ ਸਿਰ ਕੇਰੇ। — [1]ਵਾਲ ਮੁੰਨ ਕੇ।
ਰੱਸੇ ਬਾਟਿ ਬਾਂਧਹੋਂ ਫੇਰੇ[1] ॥੧੬॥ — [1]ਰੱਸੇ ਵੱਟ ਕੇ ਫੇਰ ਬੰਨ੍ਹਾਂਗਾ।
ਸੁਨਿ ਸਿੰਘਨ ਕੋ ਲਗੀ ਚਿੰਗਾਰੀ।
ਭੁੱਸੇ ਗ੍ਰਾਮ ਗਏ ਬਲ ਧਾਰੀ।
ਅਮਰ, ਬਘੇਲ ਹਰੀ[1] ਥੇ ਤਹਾਂ। — [1]ਅਮਰ ਸਿੰਘ ਤੇ ਬਘੇਲ ਸਿੰਘ।
ਢਿਲੋਂ ਗੋਤ ਧਾਰਵੀ ਮਹਾਂ ॥੧੭॥
ਉਨ ਢਿਗ ਜਾਇ ਬ੍ਰਿਥਾ ਤਿਨ ਗਾਈ[1]। — [1]ਤਿਨ੍ਹਾਂ ਨੇ (ਆਪਣੀ) ਪੀੜਾ ਕਹੀ।
ਸੰਗ ਲਜਾਇ ਘੋਰੀ ਕਢਵਾਈ।
ਪੁਨਿ ਘਰਿਆਲੇ[1] ਦਈ ਪੁਚਾਹੈ। — [1]ਪਿੰਡ।
ਲਖਮੀਰ ਸਿੰਘ ਸੰਧੂ ਕੇ ਪਾਹੈ ॥੧੮॥
ਤਿਸ ਨੈ ਜਾਇ ਮਾਲਵੇ ਦੇਸੈਂ।
ਆਲਾ ਸਿੰਘ ਢਿਗ ਵੇਚੀਂ ਬੇਸੈਂ[1]। — [1]ਸ੍ਰੇਸ਼ਟ (ਘੋੜੀਆਂ)।
ਲਜਾਇ ਰਜਤਪਣ ਬਿਨਾ ਅਵਾਰੇ[1]। — [1]ਬਿਨਾਂ ਦੇਰੀ ਤੋਂ ਰੁਪਏ ਲਿਆ ਕੇ।
ਤਾਰਾ ਸਿੰਘ ਕੇ ਲੰਗਰ ਡਾਰੇ ॥੧੯॥
ਪੈਂਚ ਸਿੰਘਨ ਕੋ ਲਗਜੋ ਫੜਾਵਨ।
ਚੋਰ ਬਨਾਇ ਚਹੈ ਮਰਵਾਵਨ।
ਸੋ ਨਠਿ ਤਾਰਾ ਸਿੰਘ ਢਿਗ ਆਏ।
ਮਗਰ ਚੌਧਰੀ ਆਯੋ ਧਾਏ ॥੨੦॥

ਤਾਰਾ ਸਿੰਘ ਕੋ ਕਹਜੋ ਸੁਨਾਈ।
ਦੇਹੁ ਚੋਰ ਮਮ ਉਭੈ[1] ਫੜਾਈ। — [1]ਦੋਵੇਂ।
ਨਾਹਿੰ ਤ ਲੈਹਿੰ ਲਹੌਰ ਮੰਗਾਈ।
ਤੁਝ ਕੋ ਭੀ ਇਨ ਸੰਗਿ ਫੜਾਈ ॥੨੧॥
ਯਹਿ ਸੁਨਿ ਸਿੰਘ ਜੀ ਗੁੱਸਾ ਆਇਆ।
ਸੋਵਤ ਮ੍ਰਿਗਪਤਿ[1] ਮਨੋ ਜਗਾਇਆ। — [1]ਸ਼ੇਰ।
ਅਰੇ ਚੋਰ ਧਰਵੈਲ ਤੁਹੈਂ ਹੈਂ[1]। — [1]ਹੇ ਪੈਂਚ! ਤੂੰ ਹੀ ਚੋਰ ਤੇ ਧਾੜਵੀ ਹੈਂ।
ਜੁਲਮੀ ਕਰਿ ਨਿਤ ਖੇਤ ਖਵੈ ਹੈਂ ॥੨੨॥
ਖੇਤ ਚੁਗਾਵਨ ਨਹਿੰ ਧਰਵੈਲੀ[1]। — [1]ਧਾੜਾ ਪੁਣਾ।
ਯਾਂ ਤੇ ਪਰੇ ਕਵਨ ਬਦਫੈਲੀ[1]। — [1]ਮਾੜਾ ਕੰਮ।
ਚੋਰ ਨਹੀਂ ਇਹ ਗੁਰੁ ਸਿੱਖ ਲਾਲੈਂ।
ਪਰਉਪਕਾਰੀ ਭਏ ਨਿਹਾਲੈਂ ॥੨੩॥
ਰਾਖਾ ਇਨ ਕਾ ਸਤਿਗੁਰੁ ਜਾਨੋ।
ਔਰ ਨ ਰਾਖਾ ਕੋਊ ਮਾਨੋ।
ਇਹ ਹੈਂ ਹਮਰੇ ਪਰਮ ਪਿਆਰੇ।
ਇਨੈਂ ਫੜਾਇ ਬਨੈਂ ਹਤਿਆਰੇ ॥੨੪॥
ਮਿੱਤਰ ਦ੍ਰੋਹੀ ਅਰ ਕੁਲ ਘਾਤੀ।
ਜਾਰੈਂ ਗ੍ਰਾਮ ਜੇਊ ਬਖਜਾਤੀ।
ਦੇਵੈਂ ਜ਼ਹਿਰ, ਘਾਤ ਗੁਰ ਕੈਹੈਂ[1]। — [1]ਗੁਰੂ ਨੂੰ ਮਾਰਦਾ ਹੈ।
ਸੋ ਜਨ ਸਦਾ ਨਰਕ ਮੈਂ ਰੈਹੈਂ ॥੨੫॥
ਤਾਂ ਤੇ ਹਮ ਨਹਿੰ ਇਨੈ ਗਹਾਵੈਂ।
ਅਪਜਸ[1] ਉਭੈ ਲੋਕ ਕਜੋਂ ਪਾਵੈਂ। — [1]ਨਿੰਦਾ।
ਅਰ ਜੋ ਹਮ ਕੋ ਤੂੰ ਡਰ ਪੈਹੈਂ।
ਸੋ ਹਮ ਮਰਨੋਂ ਨਾਹਿ ਸੰਗੈਹੈਂ ॥੨੬॥
ਧਰਮ ਹੇਤ ਸਿਰ ਦੈਹੈਂ ਜੋਈ।
ਤਾਂ ਪੈ ਪ੍ਰਭ ਪ੍ਰਸੰਨ ਅਤਿ ਹੋਈ।
ਤੂੰ ਜੁ ਤੁਰਕ ਤੈ ਹਮੈਂ ਡਰੈ ਹੈਂ।
ਹਮ ਨ ਮਰਨ ਤੈ ਜਰਾ ਸੰਗੈ ਹੈਂ ॥੨੭॥
ਬੇਸ਼ਕ ਤੂੰ ਚਢਾਇ ਲੈ ਆਈਂ।
ਯਹਿ ਸੁਨਿ ਪੈਂਚ ਕੁਬੋਲੀ[1] ਲਾਈ। — [1]ਖੋਟੀ ਬੋਲੀ।

ਤਾਰਜਾ ਮਾਰਜਾ ਤੁਵ ਹੰਕਾਰੈਂ।
ਜਬਿ ਲੌਂ ਹਮ ਭਲ ਨਾਹਿਂ ਨਿਵਾਰੈਂ ॥੨੮॥
ਬਾਲ ਤੁਮਾਰੇ ਸਿਰ ਕੇ ਜੈ ਹੈਂ।
ਮਾਰਿ ਜੁਤੀਆਂ ਜਬਿ ਲੌਂ ਏਹੈਂ।
ਨਾਹਿਂ ਉਖੇਰਤ ਯਾ ਮੁੰਡਵੈਹੈਂ।
ਹੁੱਕੇ ਕਾ ਪਾਣੀ ਘਤ ਕੈਹੈਂ[1] ॥੨੯॥

[1](ਨਹੀਂ) ਪਾਉਂਦੇ।

ਤਬਿ ਲੌਂ ਤੁਮ ਸਿਖੜੇ ਬਦਜ਼ਾਤੈਂ।
ਸੀਧੇ ਹੋਵਤ ਨਹਿਂ ਬਖਜਾਤੈਂ।
ਬੋਲੀ ਇਹ ਸਿੰਘ ਜੀ ਕੋ ਭਾਰੈਂ।
ਖਾਇ ਗਈ ਜਿਮ ਸਾਬਨ ਤਾਰੈਂ ॥੩੦॥
ਜਗਯੋ ਕੋਪ ਕੇਹਿਰ ਜਨੁ ਭੂਖਾ।
ਐਸਾ ਭਯੋ ਸਿੰਘ ਝਟ ਦੂਖਾ[1] ॥੩੧॥

[1]ਦੁਖੀ ਹੋਇਆ।

ਤਾਰਾ ਸਿੰਘ ਨੈ ਪੈਂਚ ਕੋ
ਫੜ ਕਰਿ ਤਹਾਂ ਨਿਸੰਗ।
ਬਾਰ ਉਖੇਰੇ ਮੁੰਡ ਕੇ[1],
ਮਾਰਿ ਜੁਤੀਆਂ ਸੰਗਿ ॥੩੨॥

[1]ਸਿਰ ਦੇ।

ਦੈ ਗਾਰੀ ਕੀ ਸਜ਼ਾ ਬਹੁ,
ਪੈਂਚ ਦਯੋ ਫਿਰ ਤਜਾਗ।
ਉਠੀ ਲਾਗ ਕੀ ਆਗ[1] ਬਹੁ,
ਰਿਦੇ ਪੈਂਚ ਕੇ ਜਾਗ ॥੩੩॥

[1]ਦੁਸ਼ਮਣੀ ਦੀ ਅੱਗ।

ਪੱਟੀ ਮੈਂ ਫਰਜਾਦ ਤਿਨ,
ਕਰੀ ਧਾਇ ਤਬਿ ਜਾਇ।
ਲਜਾਯੋ ਠਾਣੇਦਾਰ ਕੋ,
ਸੈਨਾ ਸਹਿਤ ਚੜ੍ਹਾਇ ॥੩੪॥

ਚੌਪਈ:

ਹਾਕਮ ਪੱਟੀ ਕਾ ਚਢਿ ਆਯੋ।
ਸੰਗ ਚੌਧਰੀ ਕੋ ਭੀ ਲਜਾਯੋ।
ਦੋ ਸੌ ਪਜਾਦਾ ਸੌ ਅਸਵਾਰੈਂ।
ਆਏ ਕਰਤੇ ਮਾਰੋ ਮਾਰੈਂ ॥੩੫॥
ਪਹੁ ਫੁਟਦੀ ਤੱਕ ਸੋ ਤਹਿਂ ਆਏ।

ਕੈਹੈਂ ਮਤੁ ਕਿਤ ਸਿੰਘ ਨਠ ਜਾਏਂ।
ਇਤ ਬਘੇਲ ਸਿੰਘ ਬਾਣੀ ਪੜ੍ਹ ਕੈ।
ਗਯੋ ਸੁਚੇਤ ਹੋਨ ਵਡ ਤੜਕੈ ॥੩੬॥
ਨੇਜਾ ਕਰ[1] ਗਰ ਮੈਂ ਤਰਵਾਰੈਂ। [1]ਹੱਥ ਵਿੱਚ।
ਇਕ ਹਥ ਗੜਵਾ ਪਾਨੀ-ਵਾਰੈਂ।
ਫੌਜ ਤੁਰਕ ਕੀ ਜਬੈ ਨਿਹਾਰੀ।
ਤਬਿ ਉਸ ਨੈ ਮਨਿ ਐਸ ਬਿਚਾਰੀ ॥੩੭॥
ਜੇ ਮੈਂ ਕਰੋਂ ਖਬਰ ਮੁੜਿ ਜਾਈ।
ਸਿੰਘ ਕਹੈਂ ਡਰਿ ਆਯੋ ਧਾਈ।
ਉਨ ਕੋ ਸਾਰ[1] ਆਪ ਹੀ ਹ੍ਵੈ ਹੈ। [1]ਖ਼ਬਰ।
ਮਾਰ ਕੂਟ ਜਬਿ ਈਹਾਂ ਪੈਹੈ ॥੩੮॥
ਯੌਂ ਵਿਚਾਰਿ ਸਿੰਘ ਕੇਹਰ ਨਜਾਈਂ[1]। [1]ਸ਼ੇਰ ਵਾਂਗ।
ਗਰਜ ਕਹਜੋ ਤੁਰਕਨ ਕੇ ਤਾਂਈਂ।
ਕਹਾਂ ਜਾਤ ਤੁਮ ਆਗੇ ਭਾਗੇ।
ਹਮ ਇਤ ਖੜ੍ਹੇ ਆਉ ਅਬਿ ਆਗੇ ॥੩੯॥
ਬੋਲ ਪਛਾਨਜੋ ਸਾਹਿਬ ਰਾਇ।
ਕਹਜੋ ਤੁਰਕ ਢਿਗ ਉਨ ਯੌਂ ਜਾਇ।
ਹੈ ਬਘੇਲ ਸਿੰਘ ਯਹੀ ਉਪਾਧਿ[1]। [1]ਉਪਾਧੀ (ਦਾ ਮੁੱਢ)।
ਇਸ ਕੇ ਹਨੇ ਹੋਹਿਂ ਸਿੰਘ ਆਧ[1] ॥੪੦॥ [1]ਅੱਧੇ ਹੋ ਜਾਣਗੇ।
ਘੋੜੀ ਭੀ ਮਮ ਇਨੈ ਚੁਰਾਈ।
ਸੂਰ-ਬੀਰ ਯਹਿ ਅਹੈ ਮਹਾਂਈ।
ਸੁਨਿ ਹਾਕਮ ਹੱਲਾ ਕਰਵਾਯਾ।
ਸਿੰਘ ਭੀ ਅੱਗਜੋਂ ਸਨਮੁਖ ਆਯਾ ॥੪੧॥
ਤੁੱਪਕ ਤੀਰ ਤੁਰਕ ਉਸ ਮਾਰੈਂ।
ਮਿਲਜੋ ਸਿੰਘ ਤਬਿ ਉਨਹਿਂ ਮਝਾਰੈਂ।
ਉਨ ਕੇ ਸ਼ਸਤਰ ਉਨਹਿਂ ਲਗਾਹੀਂ।
ਰਾਤ ਅੰਧੇਰੀ ਸੂਝੇ ਨਾਹੀਂ ॥੪੨॥
ਚਲੀ ਬੰਦੂਕ ਸਿੰਘਨ ਸੁਨ ਪਾਈ।
ਤਾਰਾ ਸਿੰਘ ਤਬਿ ਅਯੋ ਧਾਈ।
ਔਰ ਸਿੰਘ ਭੀ ਪਹੁੰਚੇ ਆਇ।

ਮਚਜੋ ਜੰਗ ਗਾਢਾ ਤਿਸ ਠਾਇ ॥੪੩॥
ਪ੍ਰਿਥਮ ਹਤੇ ਸਿੰਘਨ ਬਹੁ ਨੇਜੇ।
ਪਕਰਿ ਭਗੌਤੇ[1] ਫਿਰ ਕਿਯ ਰੇਜੇ[2]। [1]ਖੰਡੇ। [2]ਟੁਕੜੇ ਟੁਕੜੇ।
ਹਾਕਮ ਕਾ ਫੁਜਦਾਰ ਭਤੀਜਾ।
ਮਰਜੋ ਤਹਾਂ ਸੋ ਪਾਇ ਨਤੀਜਾ[1] ॥੪੪॥ [1]ਫਲ।
ਭਈ ਮ੍ਰਿਤਿ ਸੁਨਿ ਦੂਜੋ ਭਾਈ।
ਮਰਜੋ ਪਤੰਗ ਦੀਪ ਜਿਮ ਧਾਈ।
ਹਾਕਮ ਭੀ ਪਿਖਿ ਹਾਥ ਪਤੀਜੇ[1]। [1]ਯਕੀਨ ਕਰਨ ਲੱਗੇ।
ਮਿਲੇ ਤੁਰਕਨ ਕੋ ਸਿੰਘ ਹ੍ਵੈ ਜੀਜੇ ॥੪੫॥
ਤੁਰਕ ਦਸਕ ਜਬਿ ਯੌਂ ਤਹਿਂ ਮਰੇ।
ਜ਼ਖਮੀ ਔਰ ਸਿੰਘਨ ਬਹੁ ਕਰੇ।
ਚਲੇ ਭਾਗ ਰਣ ਤਯਾਗ ਸੁ ਡਰ ਕੈ।
ਲਵਪੁਰ ਓਰ ਰੋਸ ਮਨਿ ਧਰਿ ਕੈ ॥੪੬॥
ਲੋਥ ਦੁਹਨ ਕੀ ਸੰਗਿ ਉਠਵਾਈ।
ਕੰਬੋ-ਕੀ ਮੁੜਿ ਉਤਰੇ ਜਾਈ।
ਉਸੀ ਜੰਗ ਮੈਂ ਸਿੰਘ ਬਘੇਲਾ।
ਦੇਵ-ਲੋਕ ਜਾ ਧਸਜੋ ਇਕੇਲਾ ॥੪੭॥
ਜ਼ਖਮੀ ਸਿੰਘ ਦੋ ਤੀਨਕ ਭਏ।
ਕਿਸੀ ਸਿੰਘ ਯੌਂ ਬਚਨ ਅਲਏ।
ਅਬਿ ਤੋ ਫਤੇ ਖਾਲਸੇ ਪਾਈ।
ਸਭਿ ਹੀ ਤੁਰਕ ਨ ਜੀਤੇ ਜਾਈ ॥੪੮॥
ਤਾਰਾ ਸਿੰਘ ਤਬਿ ਐਸ ਉਚਾਰੀ।
ਹਮ ਕੋ ਨਾਹੀਂ ਜਾਨ ਪਿਯਾਰੀ ॥੪੯॥
ਦੋਹਰਾ:
ਹਮੈਂ ਪਿਯਾਰੇ ਵਾਕ ਗੁਰੁ, ਸੁਣੋ ਖਾਲਸਾ ਰੂਪ।
ਅਸ ਕਹਿਨਾ ਨਹਿਂ ਉਚਤ ਤਿਹਿ,
ਜੋ ਹੈ ਸਿੰਘ ਅਨੂਪ ॥੫੦॥
ਯਥਾ ਸ੍ਰੀ ਮੁਖ ਵਾਕ ॥
ਸ੍ਵੈਯਾ ॥
*ਧੰਨ ਜੀਓ ਤਿਹਿ ਕੋ ਜਗ ਮੈਂ, ਮੁਖ ਤੇ ਹਰਿ ਚਿੱਤ *ਇਹ ਸ੍ਵੈਯਾ ਦਸਮ ਗ੍ਰੰਥ ਦੇ ਪੰਨਾ ੫੭੦ ਤੇ ਕ੍ਰਿਸ਼ਨਾ ਅਵਤਾਰ

ਮੈਂ ਜੁੱਧ ਬਿਚਾਰੈ ॥

ਦਾ ਅੰਕ ਨੰ: ੨੪੯੨ ਹੈ।

ਦੇਹਿ ਅਨਿੱਤ[1] ਨ ਨਿੱਤਿ ਰਹੈ, ਜਸੁ ਨਾਵ[2] ਚੜ੍ਹੈ ਭਵ ਸਾਗਰ[3] ਤਾਰੈ ॥

[1]ਝੂਠੀ। [2]ਜਸ ਰੂਪੀ ਬੇੜੀ। [3]ਸੰਸਾਰ ਸਮੁੰਦਰ ਤੋਂ।

ਧੀਰਜ ਧਾਮ ਬਨਾਇ ਇਹੈ ਤਨ[1], ਬੁਧਿ ਸੁ ਦੀਪਕ ਜਿਉ ਉਜੀਆਰੈ[2] ॥

[1]ਇਸ ਸ਼ਰੀਰ ਨੂੰ ਧੀਰਜ ਦਾ ਘਰ ਬਣਾ ਲਵੇ। [2]ਪ੍ਰਕਾਸ਼ਮਾਨ ਕਰ ਲਵੇ।

ਗਿਆਨਹਿ ਕੀ ਬਢਨੀ ਮਨਹੁਂ ਹਾਥ ਲੈ, ਕਾਤਰਤਾ ਕੁਤਵਾਰ ਬੁਹਾਰੈ[1]।

[1]ਗਿਆਨ ਦਾ ਝਾੜੂ ਮਨ ਰੂਪ ਹੱਥ 'ਚ ਲੈ ਕੇ (ਕਾਤਰਤਾ) ਕਾਇਰਤਾ ਰੂਪ (ਕੁਤਵਾਰ) ਕੂੜੇ ਨੂੰ (ਬੁਹਾਰੈ) ਹੂੰਝ ਦੇਵੇ।

ਚੌਪਈ:

ਬਹੁਰ ਰਹਿਤ ਮੈਂ ਗੁਰੁ ਫੁਰਮਾਯਾ।
ਤਾਂ ਕੋ ਹਮ ਕਿਮ ਕਰੈਂ ਅਜਾਯਾ[1]।
ਧਰਮ ਹੇਤ ਹਮ ਲਰਿ ਸਿਰ ਦੈਹੈਂ।
ਧਰਮ ਸਮਾਨ ਨ ਕੋ ਜਗ ਮੈਂ ਹੈ ॥੫੧॥

[1]ਬਿਅਰਥ, ਨਿਸਫਲ।

ਧਰਮ ਹੇਤ ਗੁਰੁ ਸਰਬਸੁ[1] ਦੀਨਾ।
ਅਪਨ ਸਰੀਰ ਨ ਆਪਨ ਕੀਨਾ।
ਕਵਨ ਪ੍ਰਯੋਜਨ ਗੁਰੁ ਕੋ ਭਾਈ।
ਪਰਮਾਰਥ ਬਿਨ ਲਖਿਯੋ ਨ ਜਾਈ[1] ॥੫੨॥

[1]ਸਰਬੰਸ।

[1]ਹੇ ਭਾਈ ਗੁਰਾਂ ਦਾ ਜੀਵਾਂ ਦੀ (ਪਰਮਾਰਥ) ਕਲਿਆਣ ਤੋਂ ਬਿਨਾਂ ਹੋਰ ਕਿਹੜਾ (ਪ੍ਰਯੋਜਨ) ਮਤਲਬ ਸੀ, ਜਾਣਿਆਂ ਨਹੀਂ ਜਾਂਦਾ।

ਇਤਿਕ ਘਾਲ ਜੋ ਹਮ ਹਿਤ ਘਾਲੀ।
ਕਛੁ ਹਮ ਕੋ ਭੀ ਚਹੀਏ ਪਾਲੀ।
ਜਿਸ ਜਿਸ ਕੋ ਹ੍ਵੈ ਜਾਨ ਪਿਯਾਰੀ।
ਸੋ ਨਹਿਂ ਹਮਰੋ ਬਨੈ ਸੰਗਾਰੀ[1] ॥੫੬॥

[1]ਸਾਥੀ।

ਇਤ ਦਿਸ ਤਾਰਾ ਸਿੰਘ ਯੌਂ ਠਈ[1]।
ਉਤ ਫਰਿਯਾਦ ਲਵਪੁਰਿ ਮੈਂ ਗਈ।
ਖਾਨ ਬਹਾਦਰ ਹੁਤੋ ਨਵਾਬ।
ਤਿਸ ਢਿਗ ਪਹੁੰਚੀ ਖਬਰ ਸ਼ਿਤਾਬ ॥੫੪॥

[1]ਠਾਣੀ, ਧਾਰੀ।

ਅਨੀ ਘਨੀ[1] ਤਬਿ ਨਾਜ਼ਮ ਪਠੀ।
ਚਢਯੋ ਲੈ ਮੋਮਨ ਖਾਂ ਹਠੀ।
ਕਹਜੋ ਨਵਾਬ ਪੁਨਾ ਯੌਂ ਖੀਜਾ[1]।
ਮੈਂ ਅਬਿ ਕਰੋਂ ਸਿੰਘਨ ਨਿਰਬੀਜਾ[1] ॥੫੫॥

[1]ਬਹੁਤੀ ਫ਼ੌਜ।

[1]ਖਿੱਝ ਕੇ।

[1]ਸਰਵਨਾਸ਼।

ਯਹਿ ਸੁਨ ਕਰਿ ਇਕ ਸਿੱਖ ਲਹੌਰੀ।
ਤਾਰਾ ਸਿੰਘ ਢਿਗ ਆਯੋ ਦੌਰੀ।
ਤਿਨ ਤਾਰਾ ਸਿੰਘ ਪੈਂ ਯੌਂ ਕਹਿਯੋ।
ਵੜੋ ਝੱਲ ਅਬਿ ਇਹਾਂ ਨ ਰਹਿਯੋ ॥੫੬॥
ਘਨੀ ਅਨੀ ਤੁਰਕੀ ਚੜ੍ਹਿ ਆਈ।
ਅਧਿਕ ਕਟੀਲੀ[1] ਰੋਸ ਬਢਾਈ। — [1]ਕੱਟਣ ਵਾਲੀ।
ਤੁਮ ਅਬਿ ਤਜਿ ਯਹਿ ਠੌਰ ਸੁਹਾਈ।
ਇਕ ਇਕ ਹੋਇ ਰਹੋ ਕਿਤ ਜਾਈ ॥੫੭॥

ਦੋਹਰਾ:
ਖੋਜਿ[1] ਤੁਮੈਂ ਸਭਿ ਤੁਰਕ ਜਬਿ, — [1]ਢੂੰਡ ਕੇ।
ਆਇ ਇਹਾਂ ਹਟ ਜਾਇਂ।
ਫਿਰ ਤੁਮ ਸਭਿ ਇਕ ਠੌਰ ਮੈਂ,
ਰਹੀਓ ਆਇ ਮਿਲਾਇ[1] ॥੫੮॥ — [1]ਇਕੱਠੇ ਹੋ ਕੇ ਆਰਹਿਣਾ।

ਸੋਰਠਾ:
ਕਹਿਤ ਸਿਆਣੇ ਲੋਗ,
ਮਸਲਾ[1] ਯਹਿ ਮਸ਼ਹੂਰ ਜਗ। — [1]ਅਖਾਣ।
ਟਲੈ ਆਉਲੀ ਜੋਗ,
ਫਿਰ ਬਰਸੋਂ ਤੱਕ ਜਨ ਜੀਐ[1] ॥੫੯॥ — [1]ਜੇ ਇਕ ਵਾਰ (ਆਉਲੀ) ਹੋਣਹਾਰ (ਭਾਵੀ) ਦਾ (ਜੋਗ) ਸੰਬੰਧ ਟਲ ਜਾਵੇ ਤਾਂ ਫਿਰ ਮਨੁੱਖ ਵਰ੍ਹਿਆਂ ਤੱਕ ਜਿਊਂਦਾ ਰਹਿੰਦਾ ਹੈ।
ਲਗੀ ਹੋਇ ਬਨਿ[1] ਆਗ, — [1]ਜੰਗਲ ਨੂੰ।
ਅਰਿ ਦਲ ਜਲ ਚੜ੍ਹ ਆਇ ਜੌਂ।
ਇਨ ਤੇ ਬਚੀਏ ਭਾਗ,
ਹਠ ਧਰਿ ਰਹੀਏ ਸਮੁਖ ਨਹਿਂ ॥੬੦॥
ਜੈਸੀ ਬਹੇ ਬਯਾਰ[1], — [1]ਜੈਸੀ ਹਵਾ ਵਗੇ।
ਤੈਸੀ ਧਰੀਐ ਓਟ ਤਬਿ।
ਕੋਵਿਦ[1] ਕਹਿਤ ਵਿਚਾਰਿ, — [1]ਵਿਦਵਾਨ।
ਯਹਿ ਸੁਨੀਤ ਕੀ ਰੀਤਿ ਬਰ[1] ॥੬੧॥ — [1]ਇਹ ਸ੍ਰੇਸ਼ਟਰਾਜਨੀਤੀ ਦੀ ਚੰਗੀਰੀਤੀ ਹੈ।
ਜੈਸਾ ਲਾਗੈ ਦਾਉ,
ਤੈਸਾ ਦਾਉ ਲਗਾਈਏ।

ਬਨਤੀ ਬਾਤ ਬਨਾਉ,
ਸੁਖੁ ਜਸ ਸੋਂ ਜਗੁ ਜੀਜੀਏ ॥੬੨॥
ਬਾਤੈਂ ਇਤਿਕ ਅਨੇਕ,
ਯੱਦਪਿ ਤਿਨ ਭਾਖੀ ਭਲੀ।
ਤਾਰਾ ਸਿੰਘ ਨੈ ਏਕ,
ਤੌ ਭੀ ਧਰੀ ਨ ਕਾਨ ਮੈਂ ॥੬੩॥
ਸ੍ਵੈਯਾ:
ਹੋਵਨ ਹਾਰ ਜਥਾ ਚਹਿ ਹੋਵਨ,
ਹੋਤ ਤਥਾ ਬੁਧਿ ਭੀ ਨਰ ਕੇਰੀ।
ਹੋਵਨਹਾਰ ਮਿਟੀ ਕਿਸ ਤੇ ਨਹਿਂ,
ਪੀਰ ਪਿਕੰਬਰ ਹੋਇ ਬਧੇਰੀ।
ਸਿੰਘ ਲਾਹੌਰੀ ਕੀ ਬਾਤ ਸਬੈਂ ਸੁਨਿ,
ਤਾ ਪ੍ਰਤਿ ਫੇਰ ਗਿਰਾ ਇਮ ਟੇਰੀ[1]।
ਲਾਲੀ ਖੁਸ਼ਾਲੀ ਬਿਸਾਲੀ[1] ਚੜ੍ਹੀ ਤਬਿ,
ਆਨਨ ਪੈ ਤਾਰਾ ਸਿੰਘ ਕੇ ਹੇਰੀ[1] ॥੬੪॥
ਜਾਨ ਬਚਾਵਨ ਨਾ ਹਮ ਚਾਹਤ,
ਨਾਂ ਮਮ ਪ੍ਰਾਨ ਬਚਾਏ ਬਚੈ ਹੈਂ।
ਨਾ ਡਰ ਧਾਰ ਭਗੈਂ ਅਰਿ ਸੈਂ,
ਲਰਿ ਸੰਮੁਖ ਹ੍ਵੈ ਅਰਿ ਮਾਰ ਮਰੈ ਹੈਂ।
ਸਿੰਘ ਕਹਾਇ ਸੁਧਾ ਛਕਿ ਖੰਡੇ ਕੋ,
ਸੱਤ੍ਰਨ ਤੇ ਭਗਿ ਲਾਜ ਲਗੈ ਹੈਂ।
ਕੋਟਨ ਸੰਗਿ[1] ਲਰੋ ਤਜਿ ਓਟ,
ਸਹੋਂ ਸਿਰਿ ਚੋਟ ਨਿਫੋਟ[1] ਸੁਨੈ ਹੈਂ ॥੬੫॥
ਕਾਮ ਨਹੀਂ ਯਹਿ ਸਿੰਘਨ ਕਾ,
ਲਰਨੋ ਮਰਨੋ ਟਰਨੋ ਕਰਨੋ ਹੈ[1]।
ਯਾ ਜਗ ਮੈਂ ਸੁਪਨੇ ਸਮ ਜੀਵਨ,
ਤਾਂ ਹਿਤ ਕਯੋਂ ਮਰਨੋ ਡਰਨੋ ਹੈ।
ਕਾਲ ਤੇ ਕੌਨ ਬਚੈ ਛਿਪ ਕੈ,
ਫਿਰ ਮੂਸੇ ਪਿਕੰਬਰੁ ਜਯੋਂ ਮਰਨੋ ਹੈ।
ਸਿੱਖਨ ਕੇ ਨਿਸਚੇ ਧਰਨੇ ਹਿਤ,

[1]ਇਸ ਤਰ੍ਹਾਂ ਬਾਣੀ ਕਹੀ।
[1]ਬਹੁਤੀ ਖ਼ੁਸ਼ੀ।
[1]ਦੇਖੀ।
[1]ਕ੍ਰੋੜਾਂ ਨਾਲ।
[1]ਪ੍ਰਗਟ ਹੀ।
[1]ਲੜਨ ਮਰਨ ਤੋਂ ਜੋ ਟਾਲਾ ਕਰਨਾ ਹੈ।

ਯਾਹੀਂ ਤੇ ਆਪਿ ਗੁਰੂ ਬਰਨੋ ਹੈ ॥੯੬॥
*ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ,
ਤੋ ਕਿਹ ਕੁੰਟ ਕਹੋ ਭਜ ਜੱਈਯੈ[1]।
ਆਗੇ ਹੂੰ ਕਾਲ ਧਰੇ ਅਸ[1] ਗਾਜਤ,
ਛਾਜਤ ਹੈ[1] ਜਿਹ ਤੇ ਨਸਿ ਅੱਈਯੈ।
ਐਸੋ ਨਾ ਕਹਿ ਗਯੋ ਕੋਊ ਸੁ ਦਾਵਰੇ,
ਜਾਹਿ ਉਪਾਵ ਸੋਂ ਘਾਵ ਬਚੱਈਯੈ[1]।
ਜਾਂ ਤੇ ਨ ਛੂਟੀਐ ਮੂੜ੍ਹ ਕਿਹੂੰ,
ਹਸਿ ਤਾਂ ਕੀ ਨ ਕਿਉਂ ਸਰਣਾਗਤਿ ਪੱਈਯੈ।
ਯਹਿ ਗੁਰੁ ਕੇ ਬਚ ਧਾਰ ਰਿਦੈ ਹਮ, ਦੌਰਿ ਨ ਜਾਨ ਬਚਾਵਨ ਚੈਹੈਂ।
ਆਵਤ ਹੈਂ ਖਲ[1] ਜੋ ਦਲ ਲੈ,
ਕਲ ਕੋ[1] ਬਲ ਸੋਂ ਭਲ ਜੰਗ ਮਚੈ ਹੈਂ।
ਧਾਰਿ ਤਗੀਦ ਮਹੀਦ ਲਰੈਂ ਭਵ,
ਹੋਇ ਸ਼ਹੀਦ ਰਸੀਦ ਸੋ ਲੈਹੈਂ[1]।
ਜੋਊ ਸ਼ਹੀਦੀ ਨ ਗੀਦੀ[1] ਚਹੈਂ, ਅਬਿ ਸੋ ਹਮਰੇ ਢਿਗ ਤੈ ਨਸ ਜੈਹੈਂ ॥੯੭॥

ਚੌਪਈ:
ਯਹਿ ਬਿਧਿ ਜਬਿ ਤਾਰਾ ਸਿੰਘ ਬੋਲਯੋ।
ਮਾਂਡਯੋ ਮਰਨ ਜਰਾ ਨਹੀਂ ਡੋਲਯੋ।
ਗਏ ਜਬੈ ਭਗ ਕੇ ਜੁ ਭਗੇਰੇ[1]।
ਦਬੜੂ ਘੁਸੜੂ[1] ਬਹੁ ਟੁਕਟੇਰੇ[2] ॥੯੮॥
ਵਡ ਸਿਦਕੀ ਵਡ ਸੂਰੇ ਪੂਰੇ।
ਰਹੇ ਤਹਾਂ ਫਿਰ ਜਪ ਤਪ ਪੂਰੇ।
ਔਰ ਸਿੰਘ ਕੱਠੇ ਤਬਿ ਭਯੋ।
ਵਾਹ ਵਾਹ ਰਸਨਾ ਮੁਖਿ ਕਹਯੋ ॥੯੯॥

*ਇਹ ਸ੍ਵੈਯਾ ਦਸਮ ਗ੍ਰੰਥ ਦੇ ਪੰਨਾ ੪੬ ਤੇ ਬਚਿਤ੍ਰ ਨਾਟਕ ਦੇ ਅਧਿਆਇ ਪਹਿਲੇ ਦਾ ਅੰਕ ਨੰ. ੯੬ ਹੈ।
[1]ਕਿਸ ਦਿਸ਼ਾ ਨੂੰ ਭਜ ਕੇ ਜਾਉਗੇ।
[1]ਤਲਵਾਰ ਪਕੜ ਕੇ।
[1]ਫਬ ਰਿਹਾ ਹੈ।
[1]ਕੋਈ ਵੀ ਐਸਾ ਦਾਅ ਕਹਿ ਕੇ ਨਹੀਂ ਗਿਆ ਕਿ ਜਿਸ ਉਪਾਉ ਨਾਲ ਕਾਲ ਦੇ ਜ਼ਖ਼ਮ ਤੋਂ ਬਚ ਰਹੀਏ।
[1]ਮੂਰਖ ਤੁਰਕ।
[1]ਕੱਲ੍ਹ ਨੂੰ।
[1](ਭਵ) ਸੰਸਾਰ ਵਿੱਚ ਮਜ਼ਬੂਤੀ ਨਾਲ (ਮਹੀਦ) ਬਹੁਤ ਲੜਾਂਗੇ। ਸ਼ਹੀਦ ਹੋ ਕੇ (ਰਸੀਦ) ਛੁੱਟੀ ਭਾਵ ਮੁਕਤੀ ਲੈ ਲਵਾਂਗੇ।
[1]ਕਾਇਰ।
[1]ਭਗੌੜੇ।
[1]ਦਬਕ ਕੇ ਘਰ ਵਿੱਚ ਘੁਸ ਜਾਣ ਵਾਲੇ ਭਾਵ ਡਰਪੋਕ। [2]ਟੁੱਕੜੇ ਮੰਗਣ ਵਾਲੇ।

ਚਿੱਠੀ ਪਠੀ ਸਿੰਘਨ ਕੀ ਓਰੈ[1]।	[1]ਸਿੰਘਾਂ ਦੀ ਤਰਫ਼ ਚਿੱਠੀ ਭੇਜੀ।
ਆਵੈਂ ਸਿੰਘ ਸਕਲ ਮਿਲਿ ਦੌਰੈਂ।	
ਦਲ ਸਿੰਘਨ ਕਾ ਦਿਨ ਦਿਨ ਬਢਹੀ।	
ਭਈ ਭੀਰ ਜਨ ਸਾਵਨ ਘਟ ਹੀ ॥੨੦॥	
ਮਾਰਾ ਔਰ ਬਕਾਰਾ ਕਰੈਂ[1]।	[1]ਮਾਰ ਲੌ, ਮਾਰ ਲੌ, ਦਾ ਬੋਲਾ ਬੋਲਦੇ ਹਨ।
ਸੁੱਖੇ ਛਕੇ ਚਬੇਨੇ ਚਰੈਂ[1]।	[1]ਛੋਲੇ ਚਬਦੇ ਹਨ।
ਕਰਤ ਤਿਹਾਵਲ[1] ਗੁਰੁ ਹਿਤ ਨਿਤ ਹੀ।	[1]ਕੜਾਹ ਪ੍ਰਸ਼ਾਦ।
ਸ੍ਵਾਸ ਸ੍ਵਾਸ ਮੈਂ ਸਤਿਗੁਰੁ ਚਿਤਹੀਂ[1] ॥੨੧॥	[1]ਚੇਤੇ ਕਰਦੇ ਹਨ।
ਰੱਛਾ ਕਰੋ ਸ੍ਰੀ ਗੁਰੁ ਰੱਛਕ।	
ਦੁਸ਼ਟ ਤੁਰਕ ਕੀਜੈ ਪ੍ਰਭ ਭੱਛਕ[1]।	[1]ਨਾਸ਼ ਕਰਨ ਵਾਲੇ।
ਰਾਖੋ ਆਪ ਪੰਥ ਕੀ ਲਾਜ।	
ਦੁਸ਼ਟਨ ਦਾਹਿ[1] ਗਰੀਬ ਨਿਵਾਜ[2] ॥੨੨॥	[1]ਸਾੜਨ ਵਾਲੇ। [2]ਗ਼ਰੀਬਾਂ ਨੂੰ ਵਡਿਆਉਣ ਵਾਲੇ।
ਅੱਸਵ[1] ਸ਼ਸਤਰ ਜੋ ਜਨ ਲਜਾਵੈ।	[1]ਘੋੜਾ।
ਮਨ ਮਾਨਾ ਵੋ ਧਨੁ ਲੈ ਜਾਵੈ।	
ਕਮਰਾਂ ਰਹਿਤ ਸੁ ਨਿਸ ਦਿਨ ਕਸੀ।	
ਰਵਿ ਸਮ ਤੇਜ, ਸੀਲ ਜਿਮ ਸਸੀ[1] ॥੨੩॥	[1]ਤੇਜ ਸੂਰਜ ਵਾਂਗ ਤੇ (ਸੀਲ) ਸ਼ਾਂਤੀ ਚੰਦ੍ਰਮਾਂ ਵਾਂਗ ਹੈ।
ਗੋ ਦਿਜ ਰੱਛਕ[1] ਭੱਛਕ ਦੁਸ਼ਟੈਂ।	[1]ਗਊਆਂ ਤੇ ਬ੍ਰਾਹਮਣਾਂ ਦੀ ਰੱਖਿਆ ਕਰਨ ਵਾਲੇ।
ਛਕੈਂ ਕੈਫ ਬਲ ਹੋਵੈ ਪੁਸ਼ਟੈਂ[1]।	[1]ਸ਼ਰਾਬਾਂ ਛਕ ਕੇ ਬਲ ਵਿੱਚ ਤਕੜੇ ਹੁੰਦੇ ਹਨ।
ਜੋ ਧਨ ਸਿੰਘਨ ਆਵੈ ਹਾਥ।	
ਸੋ ਸਭਿ ਲੰਗਰ ਮੈਂ ਮਿਲਿ ਖਾਤ ॥੨੪॥	
ਕਛੁ ਵਿਚਾਰੁ ਪੰਥ ਮੈਂ ਨਾਹੀਂ।	
ਪ੍ਰਤੱਖ ਜਾਨ ਦੇਖੋ ਭਲ ਯਾਹੀ[1]।	[1]ਪ੍ਰਤੱਖ ਜਾਨਣ ਲਈ ਭਲੀ ਪ੍ਰਕਾਰ ਇਸ ਗੱਲ ਨੂੰ ਦੇਖ ਲਉ।
ਬਾਣੀ ਆਦਿ ਗ੍ਰੰਥ ਕੀ ਭੋਰੈਂ[1]।	[1]ਸਵੇਰੇ।
ਪੜ੍ਹੈਂ ਸੁ ਹਿਤ ਸੈਂ ਚੰਦ ਚਕੋਰੈਂ ॥੨੫॥	
ਮੱਧ ਦਿਵਸ[1] ਚੰਡੀ ਕੋ ਪਾਠ।	[1]ਦੋਪਹਿਰ ਨੂੰ।
ਊਚੀ ਧੁਨ ਪਠਿ ਬਾਂਧੈਂ ਠਾਟ।	
ਚਾਰ ਘਰੀ ਦਿਨ ਰਹਹਿ, ਪ੍ਰਸ਼ਾਦ।	
ਛਕੈਂ ਸਕਲ ਮਿਲ, ਪਾਵੈਂ ਸਾਦ ॥੨੬॥	
ਪਰੇ ਸ਼ਾਮ ਰਹਿਰਾਸ ਉਚਾਰੈਂ।	
ਆਰਤੀ ਸੋਹਿਲਾ ਪੁਨ ਬਿਸਤਾਰੈਂ[1]।	[1]ਬਿਸਤਰੇ 'ਤੇ।

ਰਹੈਂ ਸਜੱਗ[1] ਨ ਸੋਵੈਂ ਕਬਿਹੀ। — [1]ਜਾਗਦੇ ਰਹਿੰਦੇ ਹਨ।
ਸੱਤ੍ਰਨ ਕਾ ਭੈ ਰਾਖੈਂ ਸਭਿਹੀ ॥੭੭॥
ਕਛੁ ਸੋਵੈਂ ਕਛੁ ਦੇਵੈਂ ਪਹਿਰੇ।
ਸੀਧੀ ਦਾੜ੍ਹੀ ਕੁੰਢ ਮੁਛਹਿਰੇ।
ਜਨੁ ਨਾਗਨ ਕੇ ਬੱਚੇ ਜ਼ਹਿਰੀ।
ਪਿਖਤ ਸ਼ਕਲ ਦੇਖੋ ਤਿਨ ਕੇਰੀ[1] ॥੭੮॥ — [1]ਤਿਨ੍ਹਾਂ ਦੀ ਸ਼ਕਲ ਦੇਖੋ ਜਾਣੋ, ਨਾਗਾਂ ਦੇ ਜ਼ਹਿਰੀ ਬੱਚੇ ਦਿੱਸਦੇ ਹਨ।

ਫੇਰਤ ਹਾਥ ਜਬੈ ਸਿੰਘ ਸੂਰੈ।
ਤੁਰਕੈਂ ਕਰਨ ਚਹਿਤ ਨਿਰਮੂਰੈ[1]। — [1]ਸਰਬਨਾਸ਼।
ਬੋਲ ਲਏ ਕਛੁ ਕੇਤਿਕ ਸੁਨ ਕਰਿ।
ਅਏ ਸ਼ਹੀਦ ਹੋਨ ਤਹਿਂ ਮੁਦ ਧਰਿ ॥੭੯॥
ਨਗਰ ਖਾਲੜੇ ਜਾਤਿ ਤਖਾਨ।
ਸੂਰਾ ਸਿੰਘ ਸਮ ਲਾਲੋ ਜਾਨ।
ਮਾਲੀ ਹਰਿ, ਗੁਰੁਬਖਸ਼[1], ਬੀਰ ਬਰ। — [1](ਸਿੰਘ)।
ਸੰਧੂ ਨਗਰ ਭੜਾਣੇ ਕੇ ਤਰ[1] ॥੮੦॥ — [1]ਚੰਗੇ।
ਕਜੋਂ ਨ ਹੋਹਿਂ ਯਹਿ ਬੀਰ ਬਿਸਾਲਾ।
ਜਿਹ ਅਧਾਰ ਕੁਲ[1], ਸੰਧੂ ਬਾਲਾ। — [1]ਕੁਲ ਦਾ ਆਸਰਾ।
ਭੀਮ[1] ਭੀਮ ਸਿੰਘ, ਬਾਦਲ ਹਰੀਆ। — [1]ਭੀਮਸੈਨ (ਵਰਗਾ)।
ਰੱਤੋ ਕੇ[1] ਸੱਤ੍ਰਨ ਕੋ ਦਰੀਆ[2] ॥੮੧॥ — [1]ਪਿੰਡ। [2]ਵੈਰੀਆਂ ਨੂੰ ਦਲਣ ਵਾਲੇ।
ਮੇਘ[1] ਮੇਘ ਹਰਿ, ਗਿੱਲ ਮੰਦ੍ਰੀਆ। — [1]ਮੇਘ ਨਾਦ (ਵਰਗਾ)।
ਸੱਤ੍ਰ ਜਵਾਸਾ ਜਿਹ ਲਖਿ ਜਰੀਆ[1]। — [1]ਵੈਰੀ ਰੂਪ ਜਵਾਹਾਂ ਜਿਸ ਨੂੰ ਦੇਖ ਕੇ ਸੜ ਜਾਂਦਾ ਹੈ।
ਹਾਤਾ ਸਿੰਘ, ਚੂੰਘ[1] ਬਲ ਹਾਤਾ[2]। — [1]ਗੋਤ। [2]ਬਲ ਦਾ ਘਰ।
ਸਿਦਕੀ ਰਹਿਤ ਬੀਰਰਸ ਮਾਤਾ[1] ॥੮੨॥ — [1]ਮਸਤ।
ਸਾਂਘਣ ਸੇਖੋਂ ਸਿੰਘ ਬੁਲਾਕਾ।
ਦਾਵ ਘਾਵ ਮੈਂ ਅੰਗਦ ਬਾਂਕਾ[1]। — [1]ਦਾਅ ਘਾਅ ਵਿੱਚ ਜਾਣੋ ਸੁੰਦਰ ਅੰਗਦ (ਵਰਗਾ) ਹੈ।
ਜੋਧ ਜੋਧ ਸਿੰਘ ਨਾਰੋਵਾਲਾ।
ਜੰਗ ਜੀਤ ਹਿਤ ਮੀਤ ਬਿਸਾਲਾ ॥੮੩॥
ਦੁਇਕ ਸਿੰਘ ਥੇ ਬਾਠ ਥਿਰਾਟਾ।
ਲੈਨ ਸ਼ਹੀਦੀ ਜਿਨ ਕਿਯ ਠਾਟਾ।
ਮੇਹਰ ਸਿੰਘ ਤੁੰਗ[1] ਬਲਵਾਨੋ। — [1]ਗੋਤ।

ਜੰਗ ਜਦਲ ਕੋ ਆਫਤ ਮਾਨੋ ॥੮੪॥
ਪਾਂਚ ਸਿੰਘ ਤਹਿਂ ਥੇ ਮਲਵੱਈ।
ਪਾਂਚੋ ਪਾਂਡਵ ਮਨੋ ਬਿਜੱਈ[1]। — [1]ਜੇਤੂ।
ਜੋਗਾ ਸਿੰਘ, ਜੋਗਿ ਜਗ ਜੰਗੈਂ[1]। — [1]ਜੋ ਜਗਤ ਵਿੱਚ ਜੰਗ ਕਰਨ ਦੇ ਲਾਇਕ ਸੀ।
ਜਨੁ ਹਨੁਮਤ ਸਮ ਦੇਤ ਫਲੰਗੈਂ[1] ॥੮੫॥ — [1]ਜਾਣੋ ਹਨੂਮਾਨ ਵਾਂਗ (ਫਲੰਗੈਂ) ਛਾਲਾਂ ਮਾਰਦਾ ਹੈ।
ਸੁੰਦਰ ਸਿੰਘ ਸਮੁੰਦਰ ਬਲ ਕਾ[1]। — [1]ਬਲ ਦਾ ਸਮੁੰਦਰ।
ਘਾਲਕ ਭਾਲੁਕ ਸਮ ਅਰਿਦਲ ਕਾ[1]। — [1]ਵੈਰੀ ਦੇ ਦਲ ਨੂੰ (ਭਾਲਕ) ਜਾਮਾਵੰਤ ਵਾਂਗ ਨਾਸ ਕਰਨ ਵਾਲਾ।
ਮਾਹਿਲ[1] ਚਾਹਿਲ ਗਜ ਸਿੰਘ ਸੱਜਨ[2]। — [1]ਪਿੰਡ। [2](ਸਿੰਘ)।
ਸੱਤ੍ਰ ਸੈਨ ਘਨ ਹਿਤ ਪਰਭੰਜਨ[1] ॥੮੬॥ — [1]ਵੈਰੀਆਂ ਦੀ ਫੌਜ ਰੂਪ ਬੱਦਲ ਦੇ ਨਾਸ ਕਰਨ ਵਾਸਤੇ (ਪਰਭੰਜਨ) ਹਵਾ ਰੂਪ ਹੈ।
ਕੇਹਰ ਸਿੰਘ ਗਿੱਲ ਸਮ ਕੇਹਰ[1]। — [1]ਸ਼ੇਰ ਵਾਂਗ।
ਬੀਰ ਬਲੀ ਬਾਸ਼ਿੰਦਾ[1] ਹੇਹਰ। — [1]ਵਸਣ ਵਾਲਾ।
ਸ਼ੇਰ ਸਿੰਘ ਸੂਬਾ ਸਿੰਘ ਦੋਈ।
ਕੰਗ ਜਿਨੈ ਜਰ ਤੁਰਕਨ ਖੋਈ ॥੮੭॥
ਸਰਨ ਸਿੰਘ ਜਨੁ ਕਰਨ ਸਮੈ ਹੈ[1]। — [1]ਜਾਣੋ ਕਰਨ ਵਰਗਾ (ਬਲੀ) ਹੈ।
ਅਰਿਨ ਹਰਨ ਹਿਤ ਤਰਨ ਤਮੈ ਹੈ[1]। — [1]ਵੈਰੀਆਂ ਰੂਪ ਅੰਧੇਰੇ ਨੂੰ ਸੂਰਜ ਵਾਂਗ ਨਾਸ ਕਰਨ ਵਾਲਾ ਹੈ।
ਇੱਤਜਾਦਿਕ ਸਿੰਘ ਤੀਸਕ ਆਈ।
ਮਿਲੇ ਤਹਾਂ, ਪਹਿਲੇ ਥੇ ਬਾਈ ॥੮੮॥
ਸੁਪਨ ਨ ਜਿਨ ਬਜਾਪੀ ਕਦਰਾਈ[1]। — [1]ਕਾਇਰਤਾ, (ਅ) ਘਬਰਾਹਟ, (ੲ) ਡਰ।
ਚਹਿਤ ਸ਼ਹੀਦੀ ਪਦ ਅਧਿਕਾਈ।
ਸੂਰਬੀਰ ਪਰਾਕ੍ਰਮੀ[1] ਪੂਰੈਂ। — [1]ਬਲੀ।
ਜਿਨੈ ਹੇਰਿ ਮੋਹੀ ਰਹਿਂ ਹੂਰੈਂ ॥੮੯॥
ਸਭਿ ਸਿੰਘਨ ਤਬਿ ਏਹੁ ਵਿਚਾਰਾ।
ਸ੍ਵਾਂਗ ਸਤੀ ਸਮ ਚਹੀਅਤ ਪਾਰਾ[1]। — [1]ਪਾਲਣਾ ਚਾਹੀਦਾ ਹੈ ਭਾਵ ਪੂਰਾ ਨਿਬਾਹੁਣਾ ਚਾਹੀਦਾ ਹੈ।
ਬਿਨਾ ਦਮਾਮੇ[1] ਜੁੱਧ ਨ ਸੋਭਤ। — [1]ਧੌਂਸੇ ਤੋਂ ਬਿਨਾਂ।
ਬਿਨਰਣ-ਖੰਭ ਬੀਰ ਨਹਿਂ ਛੋਭਤ[1] ॥੯੦॥ — [1]ਜੰਗ ਦੇ ਖੰਭੇ ਤੋਂ ਬਿਨਾਂ ਸੂਰਮਿਆਂ ਨੂੰ (ਛੋਭਤ) ਗੁੱਸਾ ਨਹੀਂ ਚੜ੍ਹਦਾ।
ਝਟ ਕਟਿ ਬਕਰਾ ਫੂਟਯੋ ਮਾਟਾ[1]। — [1]ਛੇਤੀ ਬੱਕਰਾ ਕੱਟ ਕੇ ਤੇ ਫੁੱਟਿਆ ਹੋਇਆ ਮੱਟ ਲੈ ਕੇ।
ਤਾਂ ਪਰ ਮੜ੍ਹਿ ਵਡ ਦੁੰਦਭਿ ਠਾਟਾ[1]। — [1]ਉਸ ਉੱਪਰ (ਬਕਰੇ ਦੀ ਖੱਲ) ਮੜ੍ਹ ਕੇ ਵੱਡਾ ਧੌਂਸਾ ਬਣਾ ਲਿਆ।

ਲੈ ਲਕੜਾ ਤਕੜਾ ਅਤਿ ਗੱਡਾ[1]।
[1]ਗੱਡ ਦਿੱਤਾ।

ਕਰਿ ਪਰਦਖਣਾ[1] ਥਾਪਯੋ ਝੰਡਾ ॥ ੯੧ ॥
[1]ਪ੍ਰਕਰਮਾ ਕਰਕੇ।

ਗੁਰਬਾਣੀ ਜਪਿ ਜਾਪਤ ਚੰਡੀ।
ਧਰਮ ਜੁੱਧ ਚਿਤ ਚਾਹ ਉਮੰਡੀ[1]।
[1]ਇੱਛਾ ਉਛਲਦੀ ਹੈ।

ਸ਼ਾਦੀ ਕੋ ਨਹਿਂ ਇਤਿਕ ਉਛਾਹਾ[1]।
[1]ਉਤਸ਼ਵ।

ਜੋ ਸਿੰਘਨ ਮਨ ਭਯੋ ਉਮਾਹਾ[1] ॥ ੯੨ ॥
[1]ਉਤਸ਼ਾਹ।

ਬਾਰ ਬਾਰ ਸਤਿਗੁਰੁ ਤੈ ਬਾਂਛੈਂ।
ਜੁੱਧ ਸਮੈਂ ਪਗ ਪਰੈਂ ਨ ਪਾਛੈਂ।
ਕਰਿ ਗੁਰਮਤਾ ਤਾਲ ਜਲ ਤੀਰੇ[1]।
[1]ਜਲ (ਭਰੇ) ਸਰੋਵਰ ਦੇ ਕਿਨਾਰੇ।

ਬਾਂਧਿ ਮੋਰਚੇ ਬੈਠੇ ਧੀਰੇ ॥ ੯੩ ॥
ਚਾਉ ਜੁੱਧ ਮਨ ਸਿੰਘਨ ਐਸੇ।
ਚਢ੍ਯੋ ਰੰਕ ਕਰ[1] ਪਾਰਸ ਜੈਸੇ।
[1]ਕੰਗਾਲ ਦੇ ਹੱਥ।

ਸੁੱਖਾ ਫੀਮ ਸ਼ਰਾਬ ਕਬਾਬੈਂ[1]*।
[1]ਮਾਸ। *ਐਸਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ' ਦੇ ਮਹਾਂਵਾਕ ਅਨੁਸਾਰ ਸ਼ਰਾਬ ਪੀਣਾ ਸਿੱਖ ਲਈ ਸਖ਼ਤ ਵਿਵਰਜਤ ਹੈ। ਜੁੱਧਾਂ ਜੰਗਾਂ ਦੇ ਸਮੇਂ ਝਟਕਾ ਕਰਕੇ ਮਾਸ ਛਕ ਲੈਣਾ ਸਿੰਘਾਂ ਲਈ ਵਿਵਰਜਤ ਨਹੀਂ। ਸੁੱਖਾ ਸਰੀਰ ਨੂੰ ਆਲਸੀ ਤੇ ਅਫ਼ੀਮ ਆਪਣੇ ਨਸ਼ੇ ਦੇ ਅਧੀਨ ਕਰ ਲੈਂਦੀ ਹੈ। ਇਸ ਲਈ ਸਿੰਘਾਂ ਨੂੰ ਹਰ ਪ੍ਰਕਾਰ ਦੇ ਨਸ਼ੇ ਤੋਂ ਹਜ਼ੂਰ ਨੇ ਵਰਜਿਆ ਹੈ। ਅਜਿਹੇ ਵਾਕ ਕਵੀ ਜੀ ਨੇ ਰਤਨ ਸਿੰਘ ਭੰਗੂ ਦੇ ਪੰਥ ਪ੍ਰਕਾਸ਼ 'ਚੋਂ ਹੀ ਏਥੇ ਲਿਖੇ ਜਾਪਦੇ ਹਨ। ਜਾਂ ਉਨ੍ਹਾਂ ਆਪਣੇ ਸਮੇਂ ਸਿੱਖ ਫ਼ੌਜਾਂ ਵਿੱਚ ਇਨ੍ਹਾਂ ਨਸ਼ੀਲੀਆਂ ਚੀਜ਼ਾਂ ਦੀ ਵਰਤੋਂ ਨੂੰ ਪੁਰਾਣੇ ਸਿੰਘਾਂ ਨਾਲ ਜੋੜ ਦਿੱਤਾ ਹੈ। ਅਸਲ ਵਿੱਚ ਨਾਮ ਰੰਗ ਵਿੱਚ ਰੰਗੇ ਤੇ ਰੱਬੀ ਮਸਤੀ ਵਿੱਚ ਮਸਤ ਰਹਿਣ ਵਾਲੇ ਸਿੰਘ ਕਦੀ ਦੁਨਿਆਵੀ ਨਸ਼ਿਆਂ ਦੇ ਆਦੀ ਨਹੀਂ ਹੋ ਸਕਦੇ।

ਛਕਿ ਸਭਿ ਹੋਏ ਤਯਾਰ ਸ਼ਿਤਾਬੈਂ[1] ॥ ੯੪ ॥
[1]ਛੇਤੀ।

ਸ਼ਸਤਰ ਬਸਤਰ ਪਹਿਰੇ ਭਾਰੀ।
ਲਰਨ ਮਰਨ ਹਿਤ ਕੀਨੀ ਤਯਾਰੀ।
ਬੈਠੇ ਬੀਰਾਸਨ ਸਭਿ ਕਰਿ ਕੈ।
ਹੱਥ ਮੁਛਹਿਰਨ ਪਰ ਨਿਜ ਧਰ ਕੈ ॥ ੯੫ ॥
ਭੌਹੈਂ ਚੜ੍ਹੀ ਨੈਨ ਰਤਨਾਰੇ[1]।
[1]ਨੇਤ੍ਰ ਲਾਲ ਹਨ।

ਮੁਖ ਪਰ ਲਾਲੀ ਦਿਪੈ ਅਪਾਰੇ[1]।
[1]ਬਹੁਤ ਚਮਕਦੀ ਹੈ।

ਤੁਰਕਨ ਤਈਂ ਉਡੀਕਤ ਐਸੇ।

ਸਿੰਘ ਛੁਧਾਤਰ ਗਜ ਗਨ ਜੈਸੇ[1] ॥੯੬॥
ਤਾਰਾ ਹਰਿ ਜਲ ਭਰ ਕਰਿ ਲਯਾਯੋ।
ਹਾਥ ਜੋਰਿ ਇਕ ਸਿੰਘ ਸੁਨਾਯੋ।
ਅਬਿ ਹਮ ਕੋ ਦਿਹੁ ਟਹਿਲ ਕਮਾਵਨ।
ਜਿਸ ਤੇ ਹ੍ਵੈ ਤਨ ਮਨ ਮਮ ਪਾਵਨ ॥੯੭॥
ਉੱਤਰ ਦਿਯ ਤਾਰੈਂ ਮ੍ਰਿਗਿੰਦੂ।
ਮਿਲਤ ਟਹਲ ਤੇ ਮਹਲ ਬੁਲਿੰਦੂ[1]।
ਪਰ, ਤਨ ਹ੍ਵੈ ਸੁੱਧ ਸ਼ਸਤਰ ਲਾਗੇ।
ਪਾਵਤ ਮੌਕਾ ਜਨ ਵਡਭਾਗੇ ॥੯੮॥
ਛਾਪ ਦ੍ਵਾਰਕਾ ਤੈ ਯਹਿ ਨੀਕੀ[1]।
ਗੰਗ ਧਾਰ ਤੈ ਧਾਰ ਅਮੀਕੀ[1]।
ਕਾਂਸੀ ਕਰਵੱਤ ਤੈ ਅਤਿ ਆਛੋ।
ਗਰਨ ਹਿਮਾਲੇ ਤੈ ਬੱਧ ਬਾਂਛੋ[1] ॥੯੯॥

ਪਰਮਾਰਥ ਪੁਰਖਾਰਥ ਸਾਚਾ[1]।
ਯਾ ਸਮ ਔਰ ਨ ਕੋਊ ਬਾਚਾ[1]।
ਜਪ ਤਪ ਸੁੱਕ੍ਰਿਤ[1] ਇਸੋ ਨ ਕੋਊ।
ਸ਼ੀਘਰ ਮੁਕਤਿ ਭੁਗਤਿ-ਦਾ ਜੋਊ ॥੧੦੦॥
ਪੂਰਨ ਭਗਤ ਜੁਗੀਸ ਮੁਨੀਸ੍ਵਰ।
ਬ੍ਰਹਮ ਗਿਆਨੀ ਸਤੀ ਰਿਖੀਸ੍ਵਰ।
ਕਰਿ ਪੂਜਤਨ ਜੋ ਇਹੁ ਪਦ[1] ਪੈਹੈ।
ਲਰ ਮਰਿ ਨਰ ਸੋ ਛਿਨ ਮੈਂ ਲੈਹੈ ॥੧੦੧॥
ਇਹੁ ਪ੍ਰਸੰਗ ਸਭਿ ਸਿੰਘਨ ਸੁਨ ਕੈ।
ਸੱਤ ਬਚਨ ਮਾਨਜੋ ਦਿਲਿ ਗੁਨ ਕੈ ॥੧੦੨॥
ਦੋਹਰਾ:
ਇਤਨੇ ਮੈਂ ਆਯੋ ਤਬੈ,
ਮੋਮਨ ਖਾਂ ਫੁਜਦਾਰ।
ਸੈਨ ਕਟੀਲੀ ਐਨ ਬਹੁ,
ਲੈ ਕਰਿ ਦੁਇਕ ਹਜਾਰ ॥੧੦੩॥
ਕਬਿੱਤ:

[1]ਜਿਵੇਂ ਭੁੱਖਾ ਸ਼ੇਰ ਬਹੁਤੇ ਹਾਥੀਆਂ ਨੂੰ।
[1]ਉੱਚਾ ਮਹੱਲ ਭਾਵ ਸੱਚਖੰਡ।
[1]ਦੁਆਰਕਾ ਦੇ ਛਾਪੇ ਤੋਂ ਵੀ ਇਹ (ਸ਼ਸਤ੍ਰ ਦੀ ਮੌਤ) ਚੰਗੀ ਹੈ।
[1]ਗੰਗਾ ਦੀ ਧਾਰ ਤੇ ਅੰਮ੍ਰਿਤ ਦੀ ਧਾਰ ਤੋਂ ਵੀ ਚੰਗੀ ਹੈ।
[1]ਹਿਮਾਲੇ ਵਿੱਚ ਗਲਨ ਨਾਲੋਂ (ਇਸ ਮਰਨੇ ਨੂੰ) ਵੱਧ (ਜਾਣ ਕੇ) ਚਾਹੋ।
[1]ਇਹ ਸੱਚੀ ਮੁਕਤੀ ਤੇ ਸੱਚਾ ਉੱਦਮ ਹੈ।
[1]ਇਸ ਮਰਨੇ ਵਰਗਾ ਹੋਰ ਕੋਈ ਮਰਨਾ ਨਹੀਂ ਕਿਹਾ।
[1]ਪੁੰਨ।
[1]ਪਦਵੀ, ਦਰਜਾ।

ਖਾਨ ਹੁਤੋ ਏਕ ਤਾਰਾ ਸਿੰਘ ਕਾ ਪਯਾਰਾ ਭਾਰਾ,
ਧਾਇ ਤਿਨ ਆਇ ਆਗੇ ਸਿੰਘਨ ਪੈ ਗਾਯੋ ਹੈ।
ਕਾਹੇ ਤੁਮ ਈਹਾਂ ਅਬਿ ਬੈਠ ਰਹੇ ਐਂਠ[1] ਸਭਿ, [1]ਆਕੜ ਕੇ।
ਪੈਠ ਜਾਹੁ ਕਾਨਨ ਮੈਂ[1] ਅਰਿ ਦਲ ਆਯੋ ਹੈ। [1]ਜੰਗਲ ਵਿੱਚ ਚਲੇ ਜਾਉ।
ਜਾਨ ਹੀ ਕੇ ਸਾਥ ਹੈ ਜਹਾਨ ਔ ਇਮਾਨ ਦੀਨ[1], [1]ਧਰਮ ਤੇ ਮਜ਼੍ਹਬ।
ਮਾਨਸ ਜਨਮ ਵਡ ਪੁੰਨਨ ਤੈ ਪਾਯੋ ਹੈ।
ਐਸੀ ਦੇਹ ਨਾਹੱਕ ਗਵਾਈ ਚੈਹੋ ਭਾਈ ਤੁਮ,
ਹਮੈ ਨ ਸੁਹਾਈ ਬਜੋਂਤ ਤੁਮੈਂ ਜੋ ਬਨਾਯੋ ਹੈ ॥ ੧੦੪ ॥
ਸੁਨ ਕਰਿ ਤਾਰਾ ਸਿੰਘ ਉੱਤਰ ਉਚਾਰਾ, ਸੁਨੋ
ਖਾਨ ਮਮ ਯਾਰਾ, ਤੁਮ ਕਹਜੋ ਸਹੀ ਸਭਿਹੀ।
ਕਰਜੋ ਤੁਮ ਉਪਕਾਰ ਦੀਨੀ ਮੋਹਿ ਆਇ ਸਾਰ[1], [1]ਖ਼ਬਰ।
ਪੁਨਾ ਤੂੰ ਵਿਚਾਰ ਹਮ ਟਰੈਂ ਕਿਮ ਅਬਿਹੀ।
ਸਿੰਘ ਸੂਰ ਸਤੀ ਮੋਰ ਸੱਤਰੂ ਕਾ ਸੁਨਿ ਸ਼ੋਰ,
ਟਰਤ ਲਜੈ ਹੈਂ ਸੋਭਾ ਪੈਹੈਂ ਨਾਹਿੰ ਕਬਹੀ।
ਜਮ ਕੀ ਤਗੀਦ ਜੈਹੈ ਭਵ ਤੇ ਰਸੀਦ ਪੈਹੈਂ[1], [1]ਜਮਾਂ ਕੋਲ ਪਹੁੰਚਣ ਦੀ ਪੱਕੀ ਗੱਲ ਖ਼ਤਮ ਹੋ ਜਾਵੇਗੀ ਤੇ ਸੰਸਾਰ ਤੋਂ (ਰਸੀਦ) ਛੁਟਕਾਰਾ ਪਾ ਲਵਾਂਗੇ।
ਲਰ ਕੈ ਸ਼ਹੀਦ ਹ੍ਵੈ ਹੈਂ ਅਰਿ ਸੰਗ ਜਬਹੀ ॥ ੧੦੫ ॥

ਦੋਹਰਾ:

ਅਹੋ ਮਿਤ੍ਰ ਤੂੰ ਧੰਨ ਹੈਂ,
ਖਬਰ ਦਈ ਤੈਂ ਆਨਿ।
ਅਬਿ ਹਮ ਨਿਜ ਸਿਰ ਦੈਂਹਗੇ,
ਨਿਜ ਗੁਰੂਅਨ ਜਿਮ ਜਾਨਿ ॥ ੧੦੬ ॥

ਭੁਜੰਗ ਪ੍ਰਯਾਤ ਛੰਦ:

ਗਯੋ ਖਾਨ ਸਾਲਾਮ ਕੈ ਸਿੰਘ ਤਾਂਈਂ।
ਧਸਜੋ ਸੈਨ ਨਿੱਜੈਨ ਮੈਂ[1] ਜਾਇ ਧਾਈ। [1]ਆਪਣੀ ਫ਼ੌਜ ਵਿੱਚ ਚੰਗੀ ਤਰ੍ਹਾਂ।
ਤਬੈ ਮੋਮਨੰ ਖਾਨ ਲੈ ਖਾਸ ਸੈਨਾ।
ਢੁਕਜੋ ਆਨਿ ਸਿੰਘਾਨ ਕੈ ਪਾਸ ਐਨਾ[1] ॥ ੧੦੭ ॥ [1]ਠੀਕ।

ਤਬੈ ਰਾਤ ਬਾਕੀ ਹੁਤੀ ਏਕ ਘੰਟਾ।
ਕਰਜੋ ਆਨਿ ਤੁਰਕਾਨ ਜੋ ਸ਼ੋਰ ਟੰਟਾ[1]।

[1]ਰੌਲਾ ਤੇ ਝਗੜਾ।

ਲਹੀ ਸਾਰ ਸਿੰਘਾਨ ਹੁਸ਼ਯਾਰ ਹੋਏ।
ਉਤੈ ਕਾਨ ਨੈਨਾਨ ਕੇ ਧਯਾਨ ਪੋਏ[1] ॥੧੦੮॥

[1]ਓਧਰ ਦੇ ਧਿਆਨ ਵਿੱਚ ਕੰਨ ਤੇ ਅੱਖਾਂ (ਪੋਏ) ਪ੍ਰੋ ਦਿੱਤੀਆਂ ਭਾਵ ਲਗਾ ਦਿੱਤੀਆਂ।

ਰਸੰ ਬੀਰ ਬੀਰਾਨ ਸਾਰੀਰ ਚਢਯੋ।
ਮਨੰ ਜੰਗ ਓਮੰਗ ਕੇਰੰਗ ਮਢਯੋ।
ਛਕੇ ਪੂਰਿ[1] ਪਯਾਲੇ ਮਦੰ* ਕੇਰ ਆਛੈਂ।

[1]ਭਰ ਕੇ। *ਦੇਖੋ ਇਸੇ ਬਿਸ੍ਰਾਮ ਦੇ ਅੰਕ ਨੰ. ੯੪ 'ਤੇ * ਨਿਸ਼ਾਨ ਦੀ ਪੈਰ ਟੂਕ।

ਭਏ ਮੱਤਵਾਲੇ ਸਭੈ ਜੰਗ ਬਾਂਛੈਂ ॥੧੦੯॥
ਸਜੀ ਬਖਤ੍ਰੈਂ[1] ਪੇਟੀਆਂ ਟੋਪ ਸੋਹੈਂ।

[1]ਸੰਜੋਆਂ।

ਮਢੇ ਅੰਗ ਲੋਹੈਂ ਬਢੇ ਜੰਗ ਰੋਹੈਂ[1]।

[1]ਜੰਗ ਵਿੱਚ ਗ਼ੁੱਸੇ ਵਧ ਗਏ।

ਧਰੇ ਸ਼ਸਤ੍ਰ ਅਸਤ੍ਰੰ ਫਰੇ ਸੇਲ ਹੱਥੈਂ।
ਸਰੈਂ ਔ ਖਰੈਂ ਸੋਂ ਭਰੇ ਹੈਂ ਸੁ ਭੱਥੈਂ[1] ॥੧੧੦॥

[1]ਤਿੱਖੇ ਤੀਰਾਂ ਨਾਲ ਭੱਥੇ ਭਰੇ ਹੋਏ ਹਨ।

ਲਏ ਰਾਮਜੰਗੇ[1] ਧੁਖਾਏ ਸੁ ਤੋੜੇ[2]।

[1]ਬੰਦੂਕਾਂ। [2]ਅੱਗ ਜਗਾਉਣ ਦੇ ਡੋਰੇ।

ਜੜੇ ਸੋ ਕਲਾ ਪੈ ਹਲਾ ਕੈ ਸੁ ਘੋੜੇ[1]।

[1]ਬੰਦੂਕਾਂ ਦੇ ਘੋੜੇ ਹਲਾ ਕੇ ਤੋੜਿਆਂ ਨੂੰ ਕਲਾ ਉਪਰ ਜੜਦੇ ਹਨ।

ਭਏ ਬੱਧ ਸਾਨੱਧ ਬੇਹੱਦ ਸੂਰੇ[1]।

[1]ਬਹੁਤ ਸੂਰਮੇਂ ਸ਼ਸਤ੍ਰ ਬੰਨ੍ਹ ਕੇ ਤਿਆਰ ਬਰਤਿਆਰ ਹੋ ਗਏ।

ਛਕੇ ਛੋਭਿ ਛੱਤ੍ਰੀ ਛਬੈਂ ਛੂੰਗ ਪੂਰੇ[1] ॥੧੧੧॥

[1](ਛੱਤ੍ਰੀ) ਸੁਰਮਿਆਂ ਦਾ ਪੂਰਾ ਭਾਵ ਸਾਰਾ (ਛੂੰਗ) ਜੱਥਾ (ਛੋਭ) ਗ਼ੁੱਸੇ ਵਿੱਚ (ਛਕੇ) ਭਰ ਕੇ ਫਬ ਰਿਹਾ ਹੈ।

ਅਰਦਾਸੈਂ ਕਰੈਂ ਕੈ ਗਜੈ ਕੈ ਜਿਕਾਰੇ।
ਗੁਰੂ ਕਾ ਧਰੈ ਕੈ ਸੁ ਧਯਾਨੰ ਉਦਾਰੇ।
ਕਰਜੋ ਗੌਨ ਹੈ ਕੇਹਰੀ ਠੌਨ ਗਾਢੇ[1]।

[1]ਸ਼ੇਰ (ਠੌਨ) ਵਾਂਗ ਤਕੜੇ ਹੋ ਕੇ ਚਲੇ ਹਨ।

ਭਏ ਰੰਗ ਭੂਮੀ[1] ਵਿਖੈ ਜਾਇ ਠਾਢੇ ॥੧੧੨॥

[1]ਜੰਗ ਦੀ ਧਰਤੀ।

ਚਿਤੈਂ ਸੱਤ੍ਰੁ ਓਰੈਂ ਮਨੋਂ ਸ਼ੇਰ ਭੂਖੇ।
ਭਏ ਰੋਮ ਠਾਢੇ ਕਟੈਂ ਓਠ ਰੂਖੇ[1]।

[1]ਸੁੱਕੇ ਬੁੱਲ੍ਹਾਂ ਨੂੰ (ਗ਼ੁੱਸੇ ਵਿੱਚ) ਕਟਦੇ ਹਨ।

ਉਤੈ ਸੱਤ੍ਰੁ ਆਏ ਮਨੋ ਮੇਘ ਭਾਰੂ।
ਘਨੇ ਢੋਲ ਧੌਂਸੇ ਬਜੈਂ ਬਾਦ ਮਾਰੂ[1] ॥੧੧੩॥

[1]ਜੰਗੀ ਵਾਜੇ।

ਲਏ ਘੇਰ ਚੌਫੇਰ ਤੈ ਸਿੰਘ ਵਾ ਨੈ[1]।

[1]ਉਨ੍ਹਾਂ (ਤੁਰਕਾਂ) ਨੇ।

ਘਨੀ ਲਾਟ ਜਯੋਂ ਕਾਠ ਕੇ ਠਾਟ ਠਾਨੈ[1]।

[1]ਜਿਵੇਂ ਲਕੜਾਂ ਦੇ ਬਹੁਤੇ (ਠਾਠ) ਢੇਰ ਨੂੰ ਬਹੁਤੀ ਅੱਗ (ਘੇਰ) ਲੈਂਦੀ ਹੈ।

ਮਨੋ ਪਾਂਡਵਾਂ ਕੋ ਘਿਰਯੋ ਕੌਰਵਾਂ ਨੈ।
ਗਜੈਂ ਪੁੰਜ ਜਯੋਂ ਕੇਸਰੀ ਪੁੱਤਰਾਨੈ[1] ॥ ੧੧੪ ॥ — [1]ਜਿਵੇਂ ਬਹੁਤੇ ਹਾਥੀਆਂ ਨੇ ਸ਼ੇਰ ਦੇ ਪੁੱਤਰਾਂ ਨੂੰ।
ਇਸੀ ਭਾਂਤਿ ਕੀ ਬਾਤ ਮੈਂ ਨੈਨ ਹੇਰੀ।
ਜਬੈ ਫੌਜ ਲਾਹੌਰ ਸਿੰਘਾਨ ਕੇਰੀ।
ਹੀਰਾ ਸਿੰਘ ਜੋ ਡੋਗਰਾ ਭਯੋ ਭੱਲਾ[1]। — [1]ਤਕੜਾ (ਬਲੀ)।
ਸਿੰਘੈਂ ਮੰਗਿਓ ਤਾਂਹਿਂ ਤੈ ਬਿੱਪ੍ਰ ਜੱਲਾ[1] ॥ ੧੧੫ ॥ — [1]ਜੱਲਾ ਨਾਮ ਦਾ ਬ੍ਰਹਮਣ।
ਉਸੇ ਨਾਹਿਂ ਦੀਨੋ ਚਲਯੋ ਲੈ ਪਲਾਈ[1]। — [1]ਨੱਸ ਚਲਿਆ।
ਲਯੋ ਘੇਰ ਫੌਜੈਂ ਮਗੰ ਮਾਹਿਂ ਧਾਈ।
ਤਿਸੈ ਸੰਗ ਥੇ ਛੱਤਰੀ ਬੀਸ ਔਰੈਂ।
ਲਰੇ ਸੰਮੁਖੈਂ ਸੋ ਮਰੇ ਮਾਰ ਗੌਰੈਂ[1] ॥ ੧੧੬ ॥ — [1]ਬਹੁਤਿਆਂ ਨੂੰ।
ਕਰੀ ਥੀ ਇਸੈ ਤੌਰ ਹੀ ਸਿੰਘ ਹੀਰੈਂ।
ਤਬੈ ਸਿੰਘ ਸੋਚੇਤ ਕੇ ਸੰਗ ਧੀਰੈਂ।
ਹੁਤੋ ਤਾਹਿਂ ਕਾ ਭੀ ਚਚਾ ਠੀਕ ਸੋ ਹੀ[1]। — [1]ਉਹ ਸੁਚੇਤ ਸਿੰਘ ਤਿਸ ਹੀਰਾ ਸਿੰਘ ਦਾ ਠੀਕ ਚਾਚਾ ਹੀ ਲੱਗਦਾ ਸੀ।
ਲਰਯੋ ਥਾ ਮਰਯੋ ਸਿੰਘ ਸੋਚੇਤ ਤਯੋਂ ਹੀ ॥ ੧੧੭ ॥
ਇਨੈ ਮਾਰਕਯੋਂ ਕੋ[1] ਘਨੇ ਸਿੰਘ ਜਾਨੈ। — [1]ਇਨ੍ਹਾਂ ਖ਼ਾਸ ਘਟਨਾਵਾਂ ਨੂੰ।
ਅਹੇ ਜੀਵਤੇ ਜੇ ਤਬੀ ਕੇ ਸਿਆਨੈ।
ਅਬੈ ਬਾਤ ਪਰਸੰਗ ਕੀ ਹੀ ਸੁਨੀਜੈ।
ਜਿਵੈਂ ਯੇ ਮਸਾਲੈਂ[1] ਤਿਵੈਂ ਏਹੁ ਲੀਜੈ ॥ ੧੧੮ ॥ — [1]ਉਪਮਾਵਾਂ।
ਤ੍ਰਕੈਂ ਸਿੰਘ ਘੇਰੇ ਵਿਖੈ ਲੀਨ ਐਸੇ।
ਸਸੀ ਸੂਰ ਨਾਛੱਤਰੈਂ ਮੇਘ ਜੈਸੇ[1]। — [1]ਜਿਵੇਂ ਬੱਦਲ, ਸੂਰਜ, ਚੰਦ ਤੇ ਤਾਰਿਆਂ ਨੂੰ (ਘੇਰੇ 'ਚ ਲੈ ਲੈਂਦਾ ਹੈ)।
ਕਹੈਂ ਆਪਸੰ ਮੈਂ ਰਖੋ ਤੱਕਰਾਈ।
ਮਤੈਂ ਸਿੰਘ ਏਹੂ ਕਿਤੈਂ ਦੌਰ ਜਾਈ ॥ ੧੧੯ ॥
ਨਹੀਂ ਮੂਢ ਜਾਨੈਂ ਕਬੀ ਸਿੰਘ ਚੀਤੇ[1]। — [1]ਸ਼ੇਰ ਤੇ ਚਿੱਤ੍ਰੇ।
ਭਜੈ ਹੈਂ ਗਜੈਂ ਔ ਮ੍ਰਿਗੈਂ ਤੈ ਸਭੀਤੇ[1]। — [1]ਹਾਥੀਆਂ ਤੇ ਹਰਨਾਂ ਤੋਂ ਡਰ ਕੇ ਕਦੇ ਭੱਜੇ ਹਨ ?
ਤਬੈ ਖਾਨ ਭਾਖਯੋ ਨਿਜੰ ਸੈਨ ਤਾਂਈਂ।
ਹਨੋ ਸਿੰਘ ਕੌਮੰ ਘਨੋ ਜੰਗ ਪਾਈ ॥ ੧੨੦ ॥
ਛੁਟੇ ਰਾਮਜੰਗੇ ਘਨੇ ਤੀਰ ਤੀਖੇ।
ਇਕੈ ਬਾਰ ਸਿੰਘਾਨ ਪੈ ਆਨਿ ਬੀਖੇ[1]। — [1]ਜ਼ਹਿਰੀਲੇ।

ਹੁਤੇ ਸਿੰਘ ਥੇ ਮੋਰਚਜੋਂ ਮਾਹਿਂ ਬੈਸੇ।
ਲਗੇ ਨਾਹਿਂ ਸਿੰਘਾਨ ਕੇ ਹੇਤ ਐਸੇ[1] ॥੧੨੧॥ — [1]ਏਸੇ ਕਾਰਨ ਕਰਕੇ।
ਤਜੈਂ ਸਿੰਘ ਜੇਤੇ ਤਬੈ ਰਾਮਜੰਗੇ।
ਕਰੈਂ ਮਾਰਿ ਤੁਰਕਾਨ ਕੋ ਅੰਗ ਭੰਗੇ।
ਘਨੇ ਤੀਰ ਤੀਖੇ ਸੜਾ ਸਾੜ ਛੱਡੈਂ।
ਤਨੰ ਜ੍ਵਾਨ ਕੈਕਾਨ ਕੇ ਪਾਰ ਕੱਢੈਂ[1] ॥੧੨੨॥ — [1]ਜਵਾਨਾਂ ਤੇ ਘੋੜਿਆਂ ਦੇ ਸ਼ਰੀਰਾਂ 'ਚੋਂ ਪਾਰ ਕੱਢ ਦੇਂਦੇ ਹਨ।
ਜਬੈ ਬੋਲ ਹੱਲਾ ਬਢੈਂ ਸੱਤ੍ਰੁ[1] ਆਗੈਂ। — [1]ਵੈਰੀ।
ਤਬੈ ਏਕ ਹੀ ਬੇਰ ਬੰਦੂਕ ਦਾਗੈਂ।
ਦੜਾ ਦਾੜ ਸੁੱਟੈਂ ਧਰਾ ਪੈ ਅਪਾਰੈਂ।
ਹਟੈਂ ਫੇਰ ਪੀਛੈ ਅਰੀ ਘਾਇ ਮਾਰੈਂ ॥੧੨੩॥
ਜਬੈ ਜੰਗ ਮਾਚਜੋ ਤਬੈ ਥਾ ਅੰਧੇਰੋ।
ਲਗੈ ਤੀਰ ਗੋਲੀ ਉਨੈ ਉਨੀ ਕੇਰੋ।
ਪਰੈ ਸਾਰ ਨਾ ਆਪਸੰ ਮਾਹਿਂ ਤਾਨੈਂ[1]। — [1]ਉਨ੍ਹਾਂ ਨੂੰ ਆਪਸ ਵਿੱਚ ਇਕ ਦੂਜੇ ਦੀ ਖ਼ਬਰ ਨਹੀਂ ਪੈਂਦੀ।
ਹਤੈਂ ਸਿੰਘ ਸੂਰੇ ਯਹੀ ਤੁਰਕ ਜਾਨੈਂ ॥੧੨੪॥
ਚਹੂੰ ਓਰ ਤੈ ਜੋਰ ਬਾਹੋਰ[1] ਪਾਵੈਂ। — [1]ਫੇਰ।
ਹਤੈਂ ਸਿੰਘ ਅੱਗਜੋਂ ਕਹਾਂ ਲੌਂ ਮੁਕਾਵੈਂ।
ਗਏ ਮੁੱਕ ਸਿੰਘਾਨ ਕੇ ਤੀਰ ਗੋਲੀ।
ਗਹੇ ਸੈਹਥੀ[1] ਤੇਗ ਸੇਲੇ ਅਮੋਲੀ ॥੧੨੫॥ — [1]ਬਰਛੀਆਂ।
ਧਸੇ ਸੈਨੁ ਤੁਕਾਨਿ ਮੈਂ ਬੋਲਿ ਹੱਲਾ।
ਕਰਜੋ ਜੰਗ ਗਾਢਾ ਠਟਜੋ ਗੋਲ ਭੱਲਾ[1]। — [1]ਚੰਗਾ ਗੋਲ (ਚੱਕ੍ਰ) ਬਣਾ ਲਿਆ।
ਨਹੀ ਸੰਕ ਧਾਰੈਂ ਜਿਸੈ ਤੇਗ ਬਾਹੈਂ।
ਕਰੈਂ ਦੋ ਧਰਾ ਹੈਂ[1] ਸੁਟੈਂ ਭੂਮਿ ਮਾਹੈਂ ॥੧੨੬॥ — [1]ਦੋ ਧੜ ਕਰ ਦੇਂਦੇ ਹਨ।
ਬਕੈਂ ਮਾਰ ਮਾਰੰ ਮਹਾਂ ਬੀਰ ਬਾਂਕੇ।
ਫਿਰੈਂ ਤੇਜ ਤੱਤੇ ਰਸੰ ਬੀਰ ਛਾਕੇ[1]। — [1]ਭਰੇ ਹੋਏ।
ਘਨੇ ਮਾਰਿ ਤੁਰਕਾਨ ਕੇ ਪੂਰ ਲਾਹੈਂ।
ਕਹਾਂ ਲੌ ਮੁਕਾਵੈਂ ਗਈ ਥਾਕ ਬਾਹੈਂ ॥੧੨੭॥

ਦੋਹਰਾ:
ਹੱਲੇ ਕਰਿ ਕਰਿ ਤੁਰਕ ਖਿੜ,
ਆਵਤ ਹੈਂ ਕਰਿ ਜੋਰ।
ਗੋਲ ਬਾਂਧ ਕਰਿ ਲਰਤ ਸਿੰਘ,

ਮਚਯੋ ਜੰਗ ਅਤਿ ਘੋਰ ॥ ੧੨੮ ॥
ਤਕੀ ਬੇਗ ਇਕ ਮੁਗਲ ਪੁਨ,
ਆਯੋ ਅਸੂ ਦੁੜਾਹਿ।
ਕਹਿ ਤਾਰਾ ਸਿੰਘ ਹੈ ਕਹਾਂ,
ਹਮ ਉਸ ਸੰਗ ਲਰਾਹਿਂ ॥ ੧੨੯ ॥

ਚੌਪਈ:

ਯਹਿ ਸੁਨਿ ਸਿੰਘ, ਸਿੰਘ ਜਯੋਂ ਗਰਜਯੋ।
ਤਾਰੇ ਸਿੰਘ ਮੁਗਲ ਕੋ ਤਰਜਯੋ[1]।
[1]ਤਾੜਿਆ।
ਛੋੜਿ ਅੱਸੂ ਤਿਨ ਤੀਰ ਚਲਾਯੋ।
ਤਾਰਾ ਸਿੰਘ ਕੇ ਸੀਸ ਲਗਾਯੋ ॥ ੧੩੦ ॥
ਹੁਤੀ ਪਾਗ ਸਿੰਘ ਕੇ ਸਿਰਿ ਭਾਰੀ।
ਚੱਕਰ ਤੋੜੇ[1] ਸਜੇ ਅਪਾਰੀ।
[1]ਲੋਹੇ ਦੀਆਂ ਬਰੀਕ ਤਾਰਾਂ ਦੀ ਉਣੀ ਹੋਈ ਸ਼ਸਤ੍ਰਾਂ ਨੂੰ ਕੱਸ ਕੇ ਬੰਨ੍ਹਣ ਵਾਲੀਰੱਸੀ।
ਯਾਂ ਤੇ ਚੁਭਯੋ ਨ ਸਿੰਘ ਜੀ ਤਾਂਈਂ।
ਫਿਰ ਸਿੰਘ ਨਿਜ ਤਰਵਾਰ ਉਠਾਈ ॥ ੧੩੧ ॥
ਪਿਖੀ ਮੁਗਲ ਕੈ ਸਜੀ ਸੰਜੋ ਹੈ।
ਮੁਖ ਬਿਨ ਨੰਗੀ ਠੌਰ ਨ ਕੋ ਹੈ।
ਸ਼ੀਘਰਤਾ ਐਸੀ ਸਿੰਘ ਕਰੀ।
ਅੱਖ ਝਮਕਨੀ ਤਾਂਹਿ ਨ ਪਰੀ ॥ ੧੩੨ ॥
ਦਯੋ ਧਸਾਇ ਪਿੱਪਲਾ[1] ਮੁਖ ਮੈਂ।
[1]ਤਲਵਾਰ ਦੀ ਨੋਕ।
ਮੁੜਯੋ ਮੁਗਲ ਜਖਮੀ ਹ੍ਵੈ ਦੁਖ ਮੈਂ।
ਪਿਖਿ ਤਿਹਂ ਭਾਖਯੋ ਮੋਮਨ ਖਾਨੈਂ।
ਤਕੀ ਬੇਗ ! ਆਯੋ ਚਬਿ ਪਾਨੈਂ ॥ ੧੩੩ ॥
ਤਾਂ ਪ੍ਰਤਿ ਫਿਰ ਯੌਂ ਮੁਗਲ ਉਚਾਰਾ।
ਬੀੜੇ[1] ਦੇਤ ਆਗੇ ਸਿੰਘ ਤਾਰਾ।
[1]ਪਾਨਾਂ ਦੇ ਬੀੜੇ।
ਹੈ ਹਿੰਮਤ ਤੌਂ ਕਿੰਮਤ ਵਾਰੇ[1]।
[1]ਹੇ ਕਦਰ ਵਾਲੇ।
ਤਿਸ ਦਿਸ ਤੂੰ ਕਿ ਨ ਹੋਇ ਅਗਾਰੇ ॥ ੧੩੪ ॥
ਲੇਤ, ਖੜ੍ਹੋ ਕਜਾ ਕਰਤ ਮਜ਼ਾਖੈਂ[1]।
[1]ਮਖ਼ੌਲ।
ਮਜ਼ਾ ਕਜ਼ਾ ਕੋ[1] ਤੂੰ ਭੀ ਚਾਖੈਂ।
[1]ਮੌਤ ਦਾ ਸੁਆਦ।
ਮੂਛ ਪੂਛ ਸਮ ਸ੍ਵਾਨ ਡਰਾ ਕੇ।

ਥੈਹੈਂ, ਜੈਹੈਂ ਅੱਗ੍ਰ ਸਿੰਘਾਂ ਕੇ[1] ॥੧੩੫॥

[1]ਜਦ ਸਿੰਘਾਂ ਦੇ ਅੱਗੇ ਜਾਵੇਂਗਾ ਤਾਂ ਤੇਰੀਆਂ (ਕੁੰਢੀਆਂ) ਮੁੱਛਾਂ ਡਰੇ ਹੋਏ ਕੁੱਤੇ ਦੀ ਪੂਛ ਵਾਂਗ (ਨੀਵੀਆਂ) ਹੋ ਜਾਣਗੀਆਂ।

ਮੁਗਲ ਪਨਾ ਰਜਪੂਤ ਪਠਾਨੀ।
ਅਜਾ ਆਜ ਭਈ ਸਿੰਘਨ ਅਗਾਨੀ[1]।

[1]ਮੁਗ਼ਲ ਪਣਾ, ਰਜਪੂਤ ਪਣਾ ਤੇ ਪਠਾਣ ਪਣਾ ਅੱਜ ਸਿੰਘਾਂ ਅੱਗੇ (ਅਜਾ) ਬਕਰੀ (ਵਾਂਗ) ਹੋ ਗਿਆ ਹੈ।

ਹੋਇ ਲਸ਼ਕਰੀ ਕਰੈਂ ਮਸ਼ਕਰੀ[1]।

[1]ਤੂੰ ਫ਼ੌਜੀ ਹੋ ਕੇ ਮਖ਼ੌਲ ਕਰਦਾ ਹੈਂ।

ਇਹੈ ਤਸਕਰੀ ਜਹੈਂ ਕਸ ਕਰੀ[1] ॥੧੩੬॥

[1]ਐਸੀ (ਤਸਕਰੀ) ਠੱਗੀ (ਜਹੈਂ) ਜਿਸ (ਕਸ) ਮਨੁੱਖ ਨੇ ਕੀਤੀ ਹੈ।

ਲਾਜ ਬਸ ਕਰੀਰਾਜ ਬਸ ਕਰੀ[1]।

[1]ਉਸ ਨੇ (ਲਾਜ) ਸ਼ਰਮ (ਬਸ) ਖ਼ਤਮ ਕਰ ਦਿੱਤੀ ਹੈ ਤੇਰਾਜ ਵੀ (ਬਸ) ਨਾਸ ਕਰ ਲਿਆ ਹੈ।

ਕੌਨ ਅਸ ਕਰੀ ਤੁਮੈਂ ਜਸ ਕਰੀ[1]।

[1]ਜੈਸੀ (ਗੱਲ) ਤੂੰ ਕੀਤੀ ਹੈ ਐਸੀ ਗੱਲ ਕੌਣ ਕਰਦਾ ਹੈ ਭਾਵ ਕੋਈ ਨਹੀਂ ਕਰਦਾ।

ਬੋਲੀ ਗੋਲੀ[1] ਮੁਗਲ ਜੁ ਲਾਈ।

[1]ਬੋਲੀ ਰੂਪ ਗੋਲੀ।

ਫਿਰਗੀ ਸਾਬਨ ਤਾਰ ਨਿਆਂਈ[1] ॥੧੩੭॥

[1]ਸਾਬਣ ਵਿੱਚ ਤਾਰ ਵਾਂਗ।

ਦੋਹਰਾ:

ਮੋਮਨ ਖਾਂ ਢਿਗ ਏਲਚੀ[1],

[1]ਹਲਕਾਰਾ।

ਥਾ ਮੁਰੀਦ ਖਾਂ ਸੂਰ[1]।

[1]ਸੂਰਮਾ।

ਯਹਿ ਸੁਨਿ ਹਾਥੀ ਪੇਲ[1] ਵਹਿ,

[1]ਪ੍ਰੇਰ ਕੇ।

ਧਾਯੋ ਸਹਿਤ ਗਰੂਰ[1] ॥੧੩੮॥

[1]ਹੰਕਾਰ ਨਾਲ।

ਚੌਪਈ:

ਲੈ ਕਮਾਨ ਨਿਜ ਪਾਨ ਮਝਾਰੀ[1]।

[1]ਹੱਥ ਵਿੱਚ।

ਤਾਨਿ ਬਾਨ ਤਿਨ ਤਜੇ ਅਪਾਰੀ।
ਕੋ ਬਿਨ ਲਾਗੇ ਆਗੇ ਗਏ।
ਜੋ ਲਾਗੇ ਤਿਨ ਜੋਸ਼ ਜਗਏ ॥੧੩੯॥
ਭੀਮ ਸਿੰਘ ਤਬਿ ਭੀਮ ਭੀਮ ਸਮ[1]।

[1]ਭੀਮ ਸੈਨ ਵਾਂਗ ਭਿਆਨਕ।

ਗਰਜ ਤਰਜ[1] ਤਿਹ ਸੰਮੁਖ ਗਜੋ ਜਮ।

[1]ਤਾੜ ਕੇ।

ਫੀਲਵਾਨ, ਸੰਗ ਸੇਲ ਬਿਦਾਰਜੋ[1]।

[1]ਹਾਥੀਵਾਨ ਨੂੰ ਬਰਛੇ ਨਾਲ ਮਾਰ ਦਿੱਤਾ।

ਪਕਰਿ ਕਾਨ ਤੈ ਫੀਲ ਬਿਠਾਰਜੋ ॥੧੪੦॥
ਹਰਿ ਲਖਮੀਰ ਧੀਰ ਧਰਿ ਬੀਰੈਂ।
ਪਟੇ ਬਾਜ ਵਡ ਨਟ ਗੁਨ ਗੀਰੈਂ[1]।

[1]ਵੱਡਾ ਗਤਕੇ ਦਾ ਖਿਡਾਰੀ ਨਟ ਦੇ ਗੁਣਾਂ ਨੂੰ ਗ੍ਰਹਿਣ ਕਰਨ ਵਾਲਾ।

ਦੈ ਕਿਲਕਾਰ ਛਾਰਿ[1] ਗਜ ਚਢਜੋ।

[1]ਚੀਕ ਮਾਰ ਕੇ ਤੇ ਛਾਲ ਮਾਰ ਕੇ।

ਝਟਪਟ ਕਟਿ ਮੁਰੀਦ ਖਾਂ ਕਢਜੋਂ[1] ॥ ੧੪੧ ॥	[1]ਛੇਤੀ (ਕਟਿ) ਲੱਕੋਂ (ਫੜ ਕੇ) ਮੁਰੀਦ ਖਾਂ (ਅੰਬਾਰੀ ਤੋਂ ਬਾਹਰ) ਕੱਢਿਆ।
ਮੂੰਡ[1] ਉਤਾਰ ਤਾਹਿੰ ਧਰ ਡਾਰਜੋ।	[1]ਸਿਰ।
ਬਧਨਾ[1] ਮਨੋ ਘੁਮਜਾਰ ਉਤਾਰਜੋ।	[1]ਮਿੱਟੀ ਦਾ ਭਾਂਡਾ, ਕੁੱਜਾ।
ਤਰ ਪਰ ਤੈ[1] ਨਲੇਰ ਕਟ ਸੁੱਟਜੋ।	[1]ਦਰੱਖ਼ਤ ਦੇ ਉਪਰੋਂ।
ਬੱਜਰ ਪਰ ਗਿਰ ਸਿਰ ਜਨੁ ਟੁੱਟਜੋ[1] ॥ ੧੪੨ ॥	[1]ਜਾਣੋਂ ਬਿਜਲੀ ਪੈ ਕੇ ਪਹਾੜ ਦਾ ਟਿੱਲਾ ਡਿੱਗ ਪਿਆ।
ਨਿਕਟੀ ਥੇ ਤਾਂ ਕੇ ਤਹਿਂ ਜੇਤੇ।	
ਮਾਰਿ ਗਿਰਾਏ ਸਿੰਘਨ ਤੇਤੇ।	
ਗਜ ਖਾਲੀ ਜਬਿ ਮੋਮਨ ਹੇਰਾ।	
ਹੱਲਾ ਕਿਯ ਕਰਿ ਕੋਪ ਵਧੇਰਾ ॥ ੧੪੩ ॥	
ਦਯਾਰਾਮ ਇਕ ਮਨਸਾ ਰਾਮੂੰ।	
ਪੂਰਬੀਏ ਕੁੰਦਲ-ਪੁਰਿ ਧਾਮੂੰ।	
ਥੇ ਵਹਿ ਮਨਸਬਦਾਰ[1] ਹਜਾਰੀ।	[1]ਅਹੁਦੇਦਾਰ।
ਸੂਰਬੀਰ ਜੰਗੀ ਬਲਕਾਰੀ ॥ ੧੪੪ ॥	
ਵਹਿ ਭੀ ਮੋਮਨ ਪ੍ਰੇਰ ਝੁਕਾਏ।	
ਗਿਰਜੋ ਅਮਰ ਸਿੰਘ ਦੁਹਿਨਿ ਖਪਾਏ।	
ਪੀਠੈਂ ਜੋਰ ਦਈਂ ਤਬਿ ਸਿੰਘਨ।	
ਬਲ ਧਰਿ ਕਰਜੋ ਜੰਗ ਵਡ ਧਿੰਗਨ[1] ॥ ੧੪੫ ॥	[1]ਜ਼ੋਰਾਵਰਾਂ ਨੇ।
ਤੇਗ ਸਿੰਘਨ ਕੀ ਐਸੀ ਚਾਲੀ।	
ਲੱਜਤ ਗੱਜਤ ਜਿਹ ਪਿਖਿ ਕਾਲੀ[1]।	[1]ਜਿਸ ਨੂੰ ਵੇਖ ਕੇ ਕਾਲੀ ਤੇ (ਗੱਜਤ) ਬਿਜਲੀ ਸ਼ਰਮਸਾਰ ਹੁੰਦੀ ਹੈ।
ਪਰਜੋ ਦੁੱਜਨ ਦਲ ਮੈਂ ਥਰਥੱਲਾ[1]।	[1]ਹਲਚਲੀ।
ਤੀਨਕ ਸੌ ਕਟ ਸੁਟਜੋ ਮੁਸੱਲਾ ॥ ੧੪੬ ॥	
ਜਿਸ ਪਰ ਤੇਗ ਸਿੰਘ ਬਢਿ ਬਾਹੈਂ।	
ਕਾਟਿ ਕਵਚ ਸਿਰ ਧਰ ਧਰ ਲਾਹੈਂ[1]।	[1](ਸਿੰਘਾਂ ਦੀ ਤਲਵਾਰ) ਸੰਜੋਅ, ਸਿਰ ਤੇ ਧੜ ਨੂੰ ਕਟ ਕੇ ਧਰਤੀ 'ਤੇ ਛੇਤੀ ਜਾ ਲੱਗਦੀ ਹੈ।
ਕਟਿ ਧਰ ਅਤਲ ਬਿਤਲ ਪਾਤਾਲੈਂ।	
ਕੋਲ ਕੰਡ ਪਰ ਲਗਤ ਉਤਾਲੈਂ[1] ॥ ੧੪੭ ॥	[1]ਧਰਤੀ ਨੂੰ ਕੱਟ ਕੇ ਅਤਲ ਬਿਤਲ ਤੇ ਪਾਤਾਲ ਨੂੰ ਕੱਟ ਕੇ ਸੂਰ ਦੀ ਪਿੱਠ 'ਤੇ ਛੇਤੀ ਜਾ ਲੱਗਦੀ ਹੈ।
ਝਟਕਨ ਸੂਰਨ ਕੋ ਥੀ ਗੀਧੀ[1]।	[1]ਗਿੱਝੀ ਸੀ।
ਯਾਂ ਤੈ ਜਾਤ ਕੋਲ ਲੌ ਸੀਧੀ।	

ਭਈ ਸਿੰਘਨ ਗਿਰਦੇ ਬਹੁ ਭੀਰਾ।
ਆਵਤ ਘੱਤੇ ਤੁਰਕ ਵਹੀਰਾਂ ॥੧੪੮॥
ਪਿਛਲੇ ਦੌਰਿ ਅਗਲਜੋਂ ਪਰ ਚਰੁ ਹੈਂ[1]। — [1]ਚੜ੍ਹ ਜਾਂਦੇ ਹਨ।
ਆਪਸ ਮੈਂ ਦਰੜੀਂਦੇ ਮਰ ਹੈਂ।
ਮਰੇ ਤਹਾਂ ਘੋੜੇ ਬਹੁ ਜ੍ਵਾਨਾ।
ਖੂੰਨ ਮਿੱਝ ਕਾ ਮਚ ਗਜੋ ਘਾਨਾ[1] ॥੧੪੯॥ — [1]ਗਾਰਾ ਹੋ ਗਿਆ।
ਘਾਇਲ ਭੇ ਜਬਿ ਸਿੰਘ ਘਨੇਰੇ।
ਭੇ ਸ਼ਹੀਦ ਕਟਿ ਬੇਰੇ ਬੇਰੇ[1]। — [1]ਟੁਕੜੇ ਟੁਕੜੇ ਕੱਟ ਕੇ।
ਜੂਝ ਜੂਝਿ[1] ਸਭਿ ਸੰਮੁਖ ਪਰੇ। — [1]ਲੜ ਲੜ ਕੇ।
ਹੂਰਨ ਆਇ ਸੂਰ ਸਿੰਘ ਬਰੇ ॥੧੫੦॥
ਤੁਰਕੈਂ ਕਾਟਿ ਸੀਸ ਤਿਨ ਲਏ।
ਪਿਖਿ ਕਰਨੀ, ਨਖ ਮੁਖ ਮੈਂ ਦਏ[1]। — [1]ਸਿੰਘਾਂ ਦੀ ਕਰਨੀ ਦੇਖ ਕੇ ਤੁਰਕਾਂ ਆਪਣੇ ਮੂੰਹ ਵਿੱਚ ਨਹੁੰ ਦਿੱਤੇ ਭਾਵ ਮੂੰਹ 'ਚ ਉਂਗਲਾਂ ਦੇ ਕੇ ਹੈਰਾਨ ਹੋਏ।
ਦੇਖਹੁ ਕੂਕਰ ਪਤਿਤਨਿ ਪਾਜੀ[1]। — [1]ਦੇਖੋ ਕੁੱਤਿਆਂ, ਪਾਪੀਆਂ ਤੇ ਕਾਇਰਾਂ ਨੇ।
ਮੁਰਦਨ ਪਰ ਕੀ ਦਸਤ ਦਰਾਜੀ[1] ॥੧੫੧॥ — [1]ਹੱਥ ਲੰਬਾ ਕੀਤਾ ਭਾਵ ਵਧੀਕੀ ਕੀਤੀ।
ਸਿੰਘਨ ਕੇ ਸਿਰ ਗਏ ਲਹੌਰੈਂ।
ਤੁਰਕ ਗਏ ਦਾਬੇ ਤਿਸ ਠੌਰੈਂ।
ਤਾਰਾ ਸਿੰਘ ਕਿਯ ਭਾਰਾ ਸਾਕਾ[1]। — [1]ਵੱਡਾ ਕਾਰਨਾਮਾ ਕੀਤਾ।
ਦੀਨ ਦਯਾਲ ਰਖ੍ਯੋ ਪ੍ਰਣ ਵਾਂ ਕਾ ॥੧੫੨॥
ਪਿਖਿ ਸੁਨਿ ਹਿੰਮਤ ਸਿੰਘਨ, ਖਾਨੂੰ[1]। — [1]ਖ਼ਾਨ ਬਹਾਦਰ।
ਮੋਦ ਅਮੋਦ ਭਯੋ ਹੈਰਾਨੂੰ[1]। — [1]ਖ਼ੁਸ਼ ਤੇ ਨਾਖ਼ੁਸ਼ ਤੇ ਹੈਰਾਨ ਹੋਇਆ।
ਸਜਾਪੇ ਪਰਗੇ ਤੁਰਕਨ ਘਰਿ ਘਰਿ।
ਮੋਦ ਭਏ ਸਿੰਘ ਜਹਿਂ ਤਹਿਂ ਸੁਨ ਕਰਿ ॥੧੫੩॥
ਕਹੈਂ ਧੰਨਜ ਤਾਰਾ ਸਿੰਘ ਧੰਨਜ।
ਲਈ ਸ਼ਹੀਦੀ ਹਤਿ ਤੁਰਕੰਨਜ।
ਕਰਨੀ ਜੋ ਸਿੰਘਨ ਕੀ ਵਰਨੀ[1]। — [1]ਕਹੀ ਹੈ।
ਕਾਯਰਤਾ ਕਾਨਨ ਹਿਤ ਕਰਨੀ[1] ॥੧੫੪॥ — [1]ਕਾਇਰਤਾ ਰੂਪ ਜੰਗਲ ਨੂੰ (ਨਾਸ ਕਰਨ ਵਾਲੀ) ਹਥਣੀ ਹੈ।
ਕਰਨੀ ਰੌਦਰ ਰਸ ਜਸ ਅਰਨੀ[1]। — [1]ਰੌਦ੍ਰਰਸ ਨੂੰ ਪੈਦਾ ਕਰਨ ਵਾਲੀ ਤੇ ਜਸ ਦੀ (ਅਰਨੀ) ਨਦੀ ਹੈ।

ਅਰਨੀ ਸੰਸੇ ਸੋ ਕਹਿੰ ਹਰਨੀ[1]। — [1]ਸੰਸੇ ਤੇ ਸੋਗਾਂ ਨੂੰ ਨਾਸ ਕਰਨ ਲਈ ਅਰਨੀ ਹੈ। (ਅਰਨੀ=ਕਾਠ ਦਾ ਉਹ ਯੰਤ੍ਰ ਹੈ ਜਿਸ ਤੋਂ ਜੱਗ ਲਈ ਅੱਗ ਪੈਦਾ ਕੀਤੀ ਜਾਂਦੀ ਹੈ।)

ਹਰਨੀ ਬਨ ਮਦ ਪੰਥ ਵਿਚਰਨੀ[1]। — [1]ਪੰਥ ਰੂਪ ਜੰਗਲ ਵਿੱਚ ਹਰਨੀ ਵਾਂਗ ਵਿਚਰਨ ਵਾਲੀ ਹੈ।

ਚਰਨੀ ਧਰੋਂ ਸੀਸ ਤਿਨ ਧਰਨੀ[1] ॥੧੫੫॥ — [1](ਉਸ ਕਰਨੀ ਦੇ) (ਧਰਨੀ) ਧਾਰਨ ਵਾਲੇ ਤਿੰਨਾਂ ਸਿੰਘਾਂ ਦੇ ਚਰਨਾਂ 'ਤੇ ਸੀਸਰੱਖਦਾ ਹਾਂ।

ਧਰਨੀ ਦੇਗ ਤੇਗ ਜਿਨ ਪਜਾਰਨ[1]। — [1]ਜਿਨ੍ਹਾਂ ਦਾ ਦੇਗ ਤੇਗ਼ ਦੇ ਧਾਰਨ ਵਿੱਚ ਪਿਆਰ ਹੈ।

ਜੇ ਜੁਝੇ ਹਿਤ ਧਰਮ ਉਬਾਰਨ[1]। — [1]ਬਚਾਉਣ ਵਾਸਤੇ।

ਬਾਰ ਨ ਕੀਨੀ ਸੀਸ ਲਗਾਤੈਂ[1]। — [1]ਸਿਰ ਲਾਉਣ ਲਗਿਆਂ ਦੇਰ ਨਹੀਂ ਕੀਤੀ।

ਗਾਤੈਂ ਜਸ ਤਿਨ ਸ੍ਰਤ ਬਖਜਾਤੈਂ[1] ॥੧੫੬॥ — [1]ਤਿਨ੍ਹਾਂ ਦਾ ਪ੍ਰਗਟ ਹੀ ਜਸ (ਸ੍ਰੁਤਿ) ਵੇਦ ਗਾਉਂਦੇ ਹਨ।

ਦੋਹਰਾ:

ਧੰਨ ਜਨਮ ਤਿਨ ਸਿੰਘਨ ਕੇ,
ਹੋਏ ਜਗਤ ਮਝਾਰ।
ਜੇ ਲਰਿ ਅਰਿ ਸੋਂ ਸੰਮੁਖ ਹ੍ਵੈ,
ਮਰੇ ਸੱਤ੍ਰ ਬਹੁ ਮਾਰਿ ॥੧੫੭॥
ਸਿਰਰ ਦਯੋ ਨਹਿਂ[1], ਸਿਰ ਦਯੋ, — [1]ਹਠ ਨਹੀਂ ਛੱਡਿਆ।
ਰਾਖਜੋ ਧਰਮ ਉਦਾਰ।
ਯਾਂ ਤੇ ਕਵਿ ਦੀ ਬੰਦਨਾ,
ਤਿਨ ਕੋ ਬਾਰੰ ਬਾਰ ॥੧੫੮॥
ਸੱਤ੍ਰਾਂ ਸਏ ਪਚਾਸੀਏ,
ਭਈ ਗਾਥ ਯਹਿ ਜਾਨ।
ਅਬਿ ਅਧਜਾਇ ਪੂਰਨ ਭਯੋ,
ਸਿੰਘਨ ਸਿਦਕ ਬਖਾਨ ॥੧੫੯॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਤਾਰਾ ਸਿੰਘ ਸ਼ਹੀਦੀ ਪਾਈ', ਬਰਨਨੰ ਨਾਮ ਇਕੀਸਮੋਂ ਬਿਸ੍ਰਾਮ ॥੨੧॥

੨੨. {ਘਣੀਏ ਤੇ ਚਮੁੰਡੇ ਆਦਿ ਪਿੰਡਾਂ ਦੇ ਜੰਗ, ਮੁਲਕ ਦੀ ਤਬਾਹੀ}

ਸ੍ਵੈਯਾ:

ਧਾਰਿ ਕੁਵੰਡ ਪ੍ਰਚੰਡ ਜਿਨੈ
ਬਲਵੰਡ ਸੁਟੇ ਅਰਿ ਖੰਡ ਲਰੈ ਕੈ[1]।

[1](ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਜਿਨ੍ਹਾਂ ਨੇ ਤਿੱਖਾ ਧਨੁਸ਼ ਧਾਰ ਕੇ ਬਲਵਾਨ ਵੈਰੀਆਂ ਨਾਲ ਲੜ ਕੇ ਉਨ੍ਹਾਂ ਨੂੰ ਟੁਕੜੇ ਟੁਕੜੇ ਕਰ ਸੁੱਟਿਆ।

ਹਿੰਦੂ ਧਰਮ ਰਖ੍ਯੋ ਧਰ ਹੈ,
ਕਰ ਪੈ ਸਰਸੋਂ ਦਿਖਰਾਈ ਜਮੈ ਕੈ[1]।

[1]ਧਰਤੀ ਉੱਤੇ ਹਿੰਦੂ ਧਰਮ ਨੂੰ (ਕਾਇਮ) ਰੱਖਿਆ, ਹੱਥ 'ਤੇ ਸਰ੍ਹੋਂ ਜਮਾ ਕੇ ਦਿਖਾ ਦਿੱਤੀ ਭਾਵ ਇਹ ਅਨੋਖਾ ਚਮਤਕਾਰ ਕਰ ਵਿਖਾਇਆ।

ਮੀਰ ਸੁ ਪੀਰ ਭਏ ਬਖ੍ਯਾਤ,
ਸਖ੍ਯਾਤ ਸਰੂਪ ਹਰੀ ਜਗਿ ਐ ਕੈ[1]।

[1]ਪ੍ਰਤੱਖ ਹੀ ਹਰੀ ਸਰੂਪ ਸਤਿਗੁਰੂ ਜਗਤ ਵਿੱਚ ਆ ਕੇ ਮੀਰੀ ਪੀਰੀ ਦੇ ਮਾਲਕ ਪ੍ਰਗਟ ਹੋਏ।

ਪਾਦ ਗੁਰੂ ਹਰਿਗੋਬਿੰਦ ਕੇ ਉਰਿ
ਧਾਰਿ ਅਪਾਰਹਿਂ ਦ੍ਵੰਦ ਮਿਟੈ ਕੈ[1] ॥੧॥

[1]ਬਹੁਤੇ (ਦ੍ਵੰਦ) ਝਗੜਿਆਂ ਨੂੰ ਮਿਟਾ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਨੂੰ ਹਿਰਦੇ ਵਿੱਚ ਧਾਰਦਾ ਹਾਂ।

ਸ੍ਵੈਯਾ:

ਜੰਗ ਭਯੋ ਘਨੀਏ ਪਿੰਡ ਪੈ ਜਿਮ,
ਸੰਗ ਸਿਖਾਂਨ ਮਹਾਂਨ ਜੁ ਐ ਕੈ।
ਮੁਰਤਜ਼ਾ ਖਾਨ ਸੁਦਾਗਰ ਲੂਟਿਓ,
ਫੌਜ ਚਢੈ ਜਿਮ ਰੋਸ ਬਢੈ ਕੈ।
ਗ੍ਰਾਮ ਚਮੁੰਡੇ ਕੀ ਗਾਥ ਕਹੋਂ,
ਸੁਨਹੋ ਮਿਤ ਦੈ ਚਿੱਤ ਸੋ ਹਿਤ ਕੈ ਕੈ[1]।
ਸਾਦਿਕ[1] ਸਿੰਘ ਚਮੁੰਡੇ ਗਰਾਮ,
ਹੁਤੇ ਬਸਤੇ ਬਹੁ ਧਾਮ ਰਚੈ ਕੈ ॥੨॥

[1]ਹੇ ਮਿਤ੍ਰ ! ਉਹ ਕਥਾ ਚਿੱਤ ਦੇ ਕੇ ਤੇ ਹਿਤ ਕਰ ਕੇ ਸੁਣੋ।

[1]ਸਿਦਕ ਵਾਲੇ।

ਆਯੁਧ ਅੰਗ ਹੁਤੇ ਸਭਿ ਧਾਰਤ,
ਮਾਰਤ ਦੁੱਜਨ ਕੇ ਧਨੁ ਭਾਵੈਂ[1]।

[1](ਦੁੱਜਨ) ਵੈਰੀਆਂ ਦੇ (ਸ਼ਰੀਰਾਂ ਵਿੱਚ) (ਭਾਵੈਂ) ਮਨ-ਭਾਉਂਦੇ (ਧਨੁ) ਧਨੁਸ਼ (ਰਾਹੀਂ ਤੀਰ ਆਦਿ ਸ਼ਸਤ੍ਰ) ਮਾਰਦੇ ਹਨ।

ਤੁੱਕਨ ਕੇ ਬਹੁ ਗ੍ਰਾਮਨ ਤੈ,
ਨਿਤ ਲੂਟ ਰੁ ਕੂਟ ਘਨੀ ਜਰ[1] ਲ੍ਯਾਵੈਂ।
ਬਾਰ ਕਈ ਉਨ ਜਾਇ ਲਹੌਰ,
ਬਜ਼ਾਰ ਲੁਟ੍ਯੋ ਨਹਿਂ ਸ਼ੋਕ ਮਨਾਵੈਂ।

[1]ਬਹੁਤੀ ਮਾਇਆ।

ਕਾਨਨ ਮਾਹਿਂ[1] ਧਸੈਂ ਤਬਿ ਹੀ,
ਜਬਿ ਹਾਕਮ ਤ੍ਰੁੱਕਨ ਕੇ ਚਢਿ ਆਵੈਂ ॥੩॥
ਸ਼ਾਹੀ ਖਜ਼ਾਨਾ ਲੁਟਜੋ ਇਕ ਰੋਜ਼ਹਿ,
ਜੋ ਮੁਲਤਾਨ ਤੈ ਦਿੱਲੀ ਕੋ ਜਾਈ।
ਜਾਂ ਹਿਤ ਖੀਝ ਨੁਵਾਬ ਬਹਾਦਰ
ਖਾਨ, ਸਿੰਘਾਨ ਪੈ ਫੌਜ ਚੜ੍ਹਾਈ।
ਛੋਡਿ ਗਰਾਮਨ ਧਾਮਨ ਕੋ,
ਵਹਿ ਸਿੰਘ ਧਸੇ ਮਧ ਕਾਨਨ ਧਾਈ।
ਨਾਹਿਂ ਲਗੇ ਜਬਿ ਹਾਥ ਤਿਨੈ,
ਤਬਿ ਟੌਂਡੀ ਕੇ ਯਾ ਬਿਧਿ ਡੌਂਡੀ ਫਿਰਾਈ[1] ॥੪॥

ਜੋ ਪਕਰਾਵਹਿ ਸਿੰਘਨ ਕੋ,
ਵਹਿ ਪਾਵਹਿ ਦਾਮ[1] ਇਨਾਮ ਮਹਾਨੈ।
ਯਾ ਹਿਤ ਲੋਕ ਲਗੇ ਪਕਰਾਵਨ,
ਪਾਪਹਿਂ ਬਾਪਹਿਂ ਜੋਊ ਪਲਾਨੈ[1]।

ਕੇਤਿਕ ਸਿੰਘ ਦਏ ਪਕਰਾਇ,
ਇਨਾਮ ਲਏ ਦੁਸ਼ਟੈਂ ਮੁਦ ਮਾਨੈ।
ਮੁੱਸਲਮਾਨ ਹਤਜੋ ਚਹਿਂ ਸਿੰਘਨ,
ਸਿੰਘ ਕਰੈਂ ਛਪ ਕੈ ਗੁਜਰਾਨੈ ॥੫॥
ਦੋਹਰਾ:
ਕਹੈਂ ਸਿੰਘ ਵਹਿ ਵਖਤ ਕਬਿ,
ਆਵੈ ਹਮ ਪੈ ਨੀਕ।
ਹੰਨੇ ਹੰਨੇ ਹੋਇਗੀ,
ਪਤਿਸ਼ਾਹੀ[1] ਹਮ ਠੀਕ ॥੬॥
ਆਪੋ ਅਪਣਾ ਮੁਲਕ ਸਭਿ,
ਛਕੈਂ ਸਿੰਘ ਉਗਰਾਹਿ।
ਪੰਥ ਖ਼ਾਲਸਾ ਬਢੈਗੋ,
ਤੁਰਕ ਤੇਜ ਘਟ ਜਾਹਿ ॥੭॥
ਚੌਪਈ:
ਯਾ ਬਿਧਿ ਸਿੰਘ ਮਨੋਰਥ ਧਾਰੈਂ।

[1]ਜੰਗਲਾਂ ਵਿੱਚ।

[1]ਮੁਸਲੀ ਦੇ ਪੁੱਤਰ ਨੇ ਇਸ ਤਰ੍ਹਾਂ (ਡੌਂਡੀ) ਢੰਡੋਰਾ ਫਿਰਾਇਆ।

[1]ਰੁਪਏ।

[1]ਜਿਨ੍ਹਾਂ ਦਾ ਪਾਪ ਹੀ ਬਾਪ ਹੈ ਉਹ (ਪਲਾਨੈ) ਦੌੜ ਦੌੜ ਕੇ (ਸਿੰਘਾਂ ਨੂੰ) ਫੜਾਉਣ ਲਗ ਪਏ।

[1]ਭਾਵ ਹਰ ਘੋੜ ਸਵਾਰ ਬਾਦਸ਼ਾਹ ਹੋਵੇਗਾ।

ਦਸਮ ਗੁਰੂ ਕੇ ਬਚਨ ਸੰਭਾਰੈਂ।
ਸਿੱਖੀ ਸਿਦਕ ਨਿਬਾਹਤ ਸਿਰ ਸੋਂ।
ਲੂਟ ਕੂਟ ਕਰਿ ਖਾਵਤ ਫਿਰ ਸੋ ॥ ੮ ॥
ਜੰਗਲ ਮੈਂ ਨਿਸ ਦਜ਼ੋਸ ਬਤਾਵੈਂ।
ਮਨੋ ਦੂਸਰੇ ਭੀਲ ਸੁਹਾਵੈਂ[1]।
[1]ਜਾਣੋ ਦੂਜੇ (ਭੀਲ) ਜਾਂਗਲੀ ਸੋਂਹਦੇ ਹਨ।
ਕਬੀ ਕਬੀ ਨਿਜ ਨਿਜ ਘਰ ਆਵੈਂ।
ਰਸਿ ਬਸਿ[1] ਰੈਨ ਕਾਟਿ ਫਿਰ ਜਾਵੈਂ ॥ ੯ ॥
[1]ਅਨੰਦ ਨਾਲ ਵਸ ਕੇ।
ਮੋਰੀ ਨਾਮ ਗ੍ਰਾਮ ਕੇ ਜੱਟਨ।
ਹਿਤ ਇਨਾਮ ਰਾਖੀ ਕਿੜ[1] ਦੁਸ਼ਟਨ।
[1]ਖ਼ਬਰ।
ਇਕ ਨਿਸ ਫਿਰ ਜਬਿ ਸਿੰਘ ਘਰ ਆਏ।
ਦੁਗਲ ਚੁਗਲ[1] ਮੁਗਲਨ ਕੋ ਲਜਾਏ ॥ ੧੦ ॥
[1]ਦੋਗਲੇ ਚੁਗਲ।
ਘੇਰੇ ਸਿੰਘ ਤੁਰਕੈਂ ਜਬਿ ਆਈ।
ਮਰੇ ਦਸਕ ਦਸ ਦਸ ਕੋ ਘਾਈ[1]।
[1]ਮਾਰ ਕੇ।
ਮਰਤ ਬਘਜਾੜ ਸ੍ਵਾਨ ਬਹੁ ਹਰ ਜਜੋਂ[1]।
[1]ਜਿਵੇਂ ਬਘਿਆੜ ਬਹੁਤੇ ਕੁੱਤਿਆਂ ਨੂੰ ਮਾਰ ਕੇ ਮਰਦਾ ਹੈ।
ਭਏ ਸ਼ਹੀਦ ਜੂਝ ਸਿੰਘ ਬਰ ਤਜੋਂ[1] ॥ ੧੧ ॥
[1]ਤਿਵੇਂ ਸ੍ਰੇਸ਼ਟ ਸਿੰਘ।
ਸਿੱਖਣੀਆਂ ਪਰ ਤੁਰਕਨ ਪਾਜੀ[1]।
[1]ਕਾਇਰ।
ਕਰਨ ਚਹੀ ਜਬਿ ਦਸਤ ਦਰਾਜੀ[1]।
[1]ਵਧੀਕੀ।
ਉਨ ਭੀ ਕੀਨੀ ਅਧਿਕ ਦਲੇਰੀ।
ਜਜੋਂ ਬਾਘਨਿ ਚਮਕਤਿ ਗਜ ਹੇਰੀ[1] ॥ ੧੨ ॥
[1]ਹਾਥੀ ਨੂੰ ਦੇਖ ਕੇ ਜਿਵੇਂ ਸ਼ੇਰਨੀ ਕ੍ਰੋਧਵਾਨ ਹੁੰਦੀ ਹੈ।
ਜੋ ਜੋ ਤੁਰਕ ਉਨ ਕੇ ਘਰ ਘੁੱਸੇ[1]।
[1]ਵੜੇ।
ਹ੍ਵੈ ਗੁੱਸੇ ਕੁੱਸੇ ਤਿਨ ਜੁੱਸੇ[1]।
[1]ਗੁੱਸੇ ਹੋ ਕੇ ਉਨ੍ਹਾਂ ਤੁਰਕਾਂ ਦੇ ਸ਼ਰੀਰਾਂ ਨੂੰ ਕੋਹਿਆ।
ਫਿਰ ਉਨਹੀ ਕੇ ਸ਼ਸਤਰ ਫੜ ਕੈ।
ਦਸ ਦਸ ਦੁਸ਼ਟਨ ਕੇ ਸਿਰ ਦੜ ਕੈ[1] ॥ ੧੩ ॥
[1]ਦਲ ਕੇ ਭਾਵ ਕੱਟ ਕੇ।
ਮਾਰਿ ਘਨਜੋਂ ਕੋ ਜੂਝਿ[1] ਸੁ ਮਰੀਆਂ।
[1]ਲੜ ਕੇ।
ਜੀਵਤ ਨਹਿਂ ਤੁਰਕਨ ਬਸ ਪਰੀਆਂ।
ਪਰੀਆਂ ਬਨਿ ਨਿਜ ਪਤੀਅਨਿ ਬਰ ਕੈ[1]।
[1]ਵਰ ਕੇ।
ਸੱਚ ਖੰਡ ਮੈਂ ਬਸੀਆਂ ਘਰ ਕੈ[1] ॥ ੧੪ ॥
[1]ਘਰ ਬਣਾ ਕੇ।
ਜ਼ਾਲਮ ਮੁਸਲੇ ਗੀਦੀ ਗਾਦਰ[1]।
[1]ਕਾਇਰ, ਗਿੱਦੜ।
ਮੁਰਦਨ ਪਰ ਫਿਰ ਭਏ ਬਹਾਦਰ।

ਸਿੰਘਨ ਕੇ ਜ਼ਨ ਬੱਚਨ ਕੇਰੇ[1]।
ਸਿਰ ਕਟਿ ਲਵਪੁਰ ਲੇ ਜਾ ਗੇਰੇ ॥ ੧੫ ॥
ਸੱਤਰਾਂ ਸੈ ਪਚਾਸੀਏ* ਸਾਲੈਂ।
ਭਈ ਗਾਥ ਯਹਿ ਲਖੋ ਕਰਾਲੈਂ*।
ਇੱਤਯਾਦਿਕ ਦੰਗੇ[1] ਬਹੁ ਠੌਰੈਂ।
ਭਏ ਸਿੰਘਨ ਕੇ ਤਬਿ ਜਗ ਔਰੈਂ ॥ ੧੬ ॥

ਦੋਹਰਾ:

ਸਿੱਖ ਸਿੱਖਣੀ ਧੰਨ ਵਹਿ
ਭਏ, ਰਖ੍ਯੋ ਜਿਨ ਦੀਨ[1]।
ਤਿਨ ਕੀ ਕੁਲ ਮੈਂ ਬਚ੍ਯੋ ਇਕ,
ਸਾਹਿਬ ਸਿੰਘ ਪ੍ਰਬੀਨ ॥ ੧੭ ॥
ਅੰਮ੍ਰਿਤ-ਸਰ ਦਰਬਾਰ ਤਿਨ,
ਸੇਵਾ ਕੀਨੀ ਆਇ।
ਭਯੋ ਪੁਨਾ ਅਰਦਾਸੀਆ,
ਇਜੈ ਬਿਜੈ ਪਦ ਪਾਇ[1] ॥ ੧੮ ॥
ਅਬਿ ਲੌ ਸੰਤਤਿ[1] ਤਾਂਹਿ ਕੀ,
ਗੰਗਾ ਸਿੰਘ ਲੌ ਆਹਿ।
ਕਹਿਲਾਵਤ ਅਰਦਾਸੀਏ,
ਰਹਿਤ ਸੁਧਾਸਰ ਮਾਂਹਿ ॥ ੧੯ ॥

ਸੋਰਠਾ:

ਤਿਸੀ ਸਮੇਂ ਇਕ ਔਰ,
ਸੁਨਨ ਜੋਗ ਗਾਥਾ ਭਈ।
ਕਹੋਂ ਵਰੈ ਤਿਸ ਤੌਰ,
ਜਯੋਂ ਹਮ ਬ੍ਰਿੱਧਨ ਤੈ ਸੁਨੀ ॥ ੨੦ ॥

ਸ੍ਵੈਯਾ:

ਬੀਸਕ ਸਿੰਘ ਪਹਾੜਨ ਤੈ ਉਤਰੈ,
ਦਿਸ ਦੇਸ ਸੁਧਾਸਰ ਆਹੀਂ।

[1]ਇਸਤ੍ਰੀਆਂ ਦੇ ਬੱਚਿਆਂ ਦੇ।

*ਦਿੱਲੀ ਐਡੀਸ਼ਨ 'ਚ ਸੰਮਤ ੧੭੮੬ ਦਿੱਤਾ ਹੈ: ਸੱਤ੍ਰਾਂ ਸੈ ਛਯਾਸੀਏ ਸਾਲ। ਭਈ ਗਾਥ ਯਹਿ ਲਖੋ ਕਰਾਲ।

*ਅੰਕ ਨੰ. ੧੬ ਦੀ ਇਹ ਤੀਜੀ ਤੁਕ ਅੰਮ੍ਰਿਤਸਰ ਐਡੀਸ਼ਨ 'ਚੋਂ ਲਈ ਹੈ।

[1]ਫ਼ਸਾਦ।

[1]ਧਰਮ।

[1]ਅਰਦਾਸੀਆ ਹੋ ਕੇ ਵਿਸ਼ਨੂੰ ਦੇ ਦੁਆਰਪਾਲਾਂ ਜਯ ਵਿਜਯ ਵਾਂਗ ਪਦਵੀ ਪਾ ਲਈ ਭਾਵ ਇਹ ਕਿ ਸਚ-ਖੰਡ ਦਾ ਦੁਆਰ-ਪਾਲ ਬਣ ਗਿਆ।

[1]ਉਲਾਦ।

ਆਵਨ ਨਾ ਵਹਿ ਗ੍ਰਾਮਨ ਕੇ ਢਿਗ,
ਜਾਵਨ ਜੰਗਲ ਜੰਗਲ ਮਾਹੀਂ।
ਆਯੁਧ ਅੱਸ੍ਰ ਹੁਤੇ ਤਿਨ ਕੇ ਢਿਗ,
ਲੂਟ ਜਰਾਇਤ[1] ਖਾਇਤ ਜਾਹੀਂ। — [1]ਖੇਤੀਆਂ।
ਰੈਨ ਪਰੈ ਜਿਹ ਠਾਂ ਉਤਰੈਂ ਤਹਿਂ,
ਤਾਲਨ ਤੀਰ ਬਰਿੱਛਨ ਛਾਹੀਂ[1] ॥੨੧॥ — [1]ਤਲਾਵਾਂ ਦੇ ਕਿਨਾਰੇ ਦਰੱਖ਼ਤਾਂ ਦੀ ਛਾਵੇਂ।
ਪਾਵਤ ਜੋ ਮਗ ਮੈਂ, ਤੁਰਕਾਨ ਕੇ
ਧਾਮਨ ਕੋ, ਕਬਿ ਹੀ ਕਬਿ ਲੂਟੈਂ।
ਲੋਗ ਚਹੈਂ ਤਿਨ ਕੋ ਜਬਿ ਮਾਰਨ,
ਕਾਨਨ ਮਾਹਿਂ ਧਸੈਂ ਕਰਿ ਛੂਟੈਂ[1]। — [1]ਹੱਲਾ ਕਰਕੇ।
ਦੇਸ ਰੰਧਾਵਨ ਕੇ ਘਣੀਏ ਪਿੰਡ,
ਆਇ ਥਿਰੇ ਤਰ[1] ਬੋਹੜ ਬੂਟੈਂ। — [1]ਥੱਲੇ, ਹੇਠਾਂ।
ਰਾਮਹਿਂ ਨਾਮਹਿਂ ਪੈਂਚ ਨਿਕਾਮਹਿਂ
ਖਾਮਹਿਂ ਕੀਨ ਖੁਦਾਇ ਕਿ ਪੂਟੈਂ[1] ॥੨੨॥ — [1]ਰਾਮੇ ਨਾਮ ਦੇ ਨਿਕੰਮੇਂ ਪੈਂਚ, ਰੱਬ ਦੇ ਪੁੱਟੇ ਹੋਏ ਨੇ ਕੱਚਾ ਕੰਮ ਕੀਤਾ।

ਜਾਇ ਚਢਾਇ ਲਯਾਇ ਤੁਕਾਨ ਕੋ,
ਦੀਨ ਦਿਖਾਇ ਸੁ ਸਿੰਘਨ ਤਾਂਏਂ।
ਕਾਂਨਨ ਮੱਧ ਅਲੱਗ ਜਹਾਂ,
ਧਰਮਗਜ[1] ਰਹੇ ਵਹਿ ਸਿੰਘ ਥਿਰਾਏ[2]। — [1]ਧਰਮ ਦੇ ਗਿਆਤੇ। [2]ਠਹਿਰੇ ਹੋਏ ਸਨ।
ਲੋਗ ਗਰਾਂਮਨ ਤੈ ਬਹੁ ਲੈ ਕਰਿ,
ਧੈ ਕਰਿ[1] ਘੇਰ ਲਏ ਸਿੰਘ ਆਏ। — [1]ਹੱਲਾ ਕਰਕੇ।
ਸਿੰਘਨ ਭੀ ਤਬਿ ਜਾਨ ਲਯੋ,
ਅਬਿ ਜਾਨ ਇਥਾਨ ਬਚਾਨ ਨ ਪਾਏਂ[1] ॥੨੩॥ — [1]ਏਥੇ ਹੁਣ ਜਾਨ ਬਚ ਨਹੀਂ ਸਕੇਗੀ।
ਤਾਲ ਨਿਹਾਲ[1] ਬਿਸਾਲ ਤਹਾਂ, — [1]ਤਲਾਅ ਦੇਖ ਕੇ।
ਇਕ ਠੌਰ ਥਿਰੇ ਮਨਿ ਧਾਰਿ ਦਲੇਰੀ।
ਬਾਂਧ ਲਈਂ ਕਮਰੈਂ ਸਮਰੈਂ ਹਿਤ[1], — [1]ਜੰਗ ਵਾਸਤੇ।
ਹੋਨ ਸ਼ਹੀਦ ਚਹਜੋ ਇਕ ਬੇਰੀ[1]। — [1]ਇੱਕੋ ਵਾਰ।
ਝਾਰਨ ਓਟਹਿਂ[1] ਲੋਗ ਹਜ਼ਾਰਨ, — [1]ਝਾੜਾਂ ਦੀ ਓਟ ਲੈ ਕੇ।
ਮਾਰਨ ਹੇਤ ਢੁਕੇ ਜਬਿ ਨੇਰੀ।
ਸਿੰਘਨ ਬਾਰ ਬੰਦੂਖਨ ਕੀ[1], — [1]ਬੰਦੂਕਾਂ ਦਾ ਇਕੱਠਾ ਵਾਰ।

ਇਕ ਬਾਰਹਿ ਛੋਡ ਦਈ ਬਨ ਬੇਰੀ ॥੨੪॥
ਥੀ ਇਕ ਏਕ ਬੰਦੂਕ ਵਿਖੈ ਗੁਲਕਾ ਜੁਗ[1],

[1]ਦੋ ਗੋਲੀਆਂ।

ਸੋਉ ਅਚੂਕ ਲਗਾਨੀਂ[1]।

[1]ਠੀਕ ਨਿਸ਼ਾਨੇ 'ਤੇ ਲੱਗੀਆਂ।

ਚਾਲੀ ਕੁ ਸੱਤ੍ਰੁ ਤੱਤ੍ਰ ਗਿਰੇ,
ਅਲਵੱਤ੍ਰ ਦੂਸਰ ਔਰ ਕਸਾਨੀ[1]।

[1]ਚਾਲੀ ਕੁ ਵੈਰੀ ਉੱਥੇ ਡਿੱਗ ਪਏ ਤੇ (ਅਲਵੱਤ੍ਰ) ਨਿੱਡਰ ਹੋ ਕੇ ਹੋਰ ਗੋਲੀਆਂ ਬੰਦੂਕਾਂ ਵਿੱਚ (ਕਸਾਨੀ) ਭਰ ਲਈਆਂ।

ਫੇਰ ਢੁਕੇ ਢਿਗ ਹੀ ਜਬਿ ਆਇ,
ਘਨੀ ਜਟਵਾਧ ਮਿਲੀ ਤੁਰਕਾਨੀ[1]।

[1]ਫੇਰ ਜਦੋਂ ਆ ਕੇ ਨੇੜੇ ਢੁੱਕੇ ਤਾਂ ਤੁਰਕਾਂ ਦੀ (ਫ਼ੌਜ) ਨਾਲ (ਪਿੰਡਾਂ ਦੇ) ਜੱਟ ਮੁਸਲਮਾਨਾਂ ਦੀ ਭੀੜ ਆ ਮਿਲੀ।

ਜੋਰਿ ਸੁ ਛੋਰ ਦਈ ਫਿਰ ਸਿੰਘਨ,
ਬੀਸਕ ਔਰ ਧਰੇ ਕਰਿ ਫਾਨੀ[1] ॥੨੫॥

[1]ਨਾਸ ਕਰ ਸੁੱਟੇ।

ਆਖਰ ਆਨ ਪਰੇ ਅਰ ਕੈ ਬਹੁ,
ਬਾਰ-ਇਕੈ ਬਡ ਹੂਲ ਮਚੈ ਕੈ[1]।

[1]ਅਖ਼ੀਰ ਨੂੰ ਬਹੁਤੇ ਅੜ ਕੇ ਇੱਕੋ ਵਾਰ ਡੰਡਰੌਲਾ ਪਾ ਕੇ ਆ ਪਏ।

ਸਿੰਘਨ ਛੱਟ ਕੈ ਗੱਟ ਸਘੱਟ,
ਸੁਟੇ ਬਹੁ ਫੱਟਰੁ ਕੱਟ ਅਰੈਂ ਕੈ[1]।

[1]ਸਿੰਘਾਂ ਨੇ (ਸਘੱਟ) ਜੱਥਿਆਂ ਦੀਆਂ (ਗੱਟ) ਕਤਾਰਾਂ (ਠਣ ਕੈ) ਬਣਾਕੇ ਬਹੁਤੇ ਵੈਰੀ ਜ਼ਖ਼ਮੀ ਕੀਤੇ ਤੇ ਕੱਟ ਸੁੱਟੇ।

ਤੁੱਪਕ ਤੀਰ ਤਜੇ ਬਹੁ ਬੀਰਨ,
ਚੀਰਨ ਕੀਨ ਸਰੀਰਨ ਤੈ ਕੈ[1]।

[1]ਸ਼ਰੀਰਾਂ ਦੇ ਤਾਈਂ ਚੀਰਨਾ ਕੀਤਾ।

ਲੈ ਸ਼ਮਸ਼ੇਰਨ ਧੈ ਸਮ ਸ਼ੇਰਨ,
ਕੀਨ ਨਿਬੇਰਨ ਬੇਰ ਤਜੈ ਕੈ[1] ॥੨੬॥

[1]ਤਲਵਾਰਾਂ ਲੈ ਕੇ ਸ਼ੇਰਾਂ ਵਾਂਗ ਹੱਲਾ ਕਰ ਕੇ ਦੇਰੀ ਛੱਡ ਕੇ ਨਿਬੇੜਨਾ ਕੀਤੇ।

ਆਨ ਪਰਯੋ ਦਿਸ ਚਾਰਨ ਤੈ,
ਤੁਰਕੀ ਦਲ ਕੈ ਬਲ ਰੋਸ ਅਪਾਰੈਂ।
ਮਾਰ ਮਚੀ ਤਰਵਾਰਨ ਕੀ,
ਜੁਗ ਓਰਨ ਜੋਰਨ ਥੋਰ ਨ ਪਾਰੈਂ[1]।

[1]ਦੋਹਾਂ ਪਾਸਿਆਂ ਤੋਂ ਥੋੜਾ ਜ਼ੋਰ ਨਹੀਂ ਪਾਉਂਦੇ ਭਾਵ ਬਹੁਤਾ ਜ਼ੋਰ ਲਾਉਂਦੇ ਹਨ।

ਕੀਚ ਮਚਯੋ ਧਰ ਵੀਚ ਮਹਾਂ,
ਘਮਸਾਨ ਪਰਯੋ ਪਲ ਸ੍ਰੋਣਤ ਭਾਰੈਂ[1]।

[1]ਜਦੋਂ ਜੰਗ ਪਿਆ ਭਾਵ ਹੋਇਆ ਤਾਂ ਮਾਸ ਤੇ ਲਹੂ ਦਾ ਧਰਤੀ ਵਿੱਚ ਭਾਰਾ ਚਿੱਕੜ ਹੋ ਗਿਆ।

ਰੋਸ ਬਢਾਇ ਚਢਾਇ ਕੈ ਭੌਂਹ,
ਬਢਾਇ ਕੈ ਬਾਹੈਂ ਕਰੈਂ ਸਿੰਘ ਬਾਰੈਂ[1] ॥੨੭॥

[1]ਵਾਰ।

ਹੱਥ ਫੁਲੱਥਨ ਕੇ ਕਰਿ[1] ਸਿੰਘਨ,	[1]ਗਤਕੇ ਦੀ ਖੇਡ ਦੇ ਹੱਥ ਕੱਢ ਕੇ।
ਲੋਥਨ ਊਪਰ ਲੋਥ ਚਢਾਈ।	
ਲਾਗ ਅੰਬਾਰ ਗਏ ਚਹੁਂ ਘਾ[1],	[1]ਚਹੁੰ ਤਰਫੀਂ।
ਅਰਿ ਫੱਟ ਸੁਟੇ ਬਹੁ ਕੱਟ ਮਹਾਂਈ[1]।	[1]ਬਹੁਤੇ ਵੈਰੀ ਜ਼ਖਮੀ ਕਰ ਦਿੱਤੇ ਅਤੇ ਬਹੁਤੇ ਕੱਟ ਸੁੱਟੇ।
ਹ੍ਵੈ ਟੁਕੜੇ ਟੁਕੜੇ ਸਭਿ ਸੰਮੁਖ,	
ਜੂਝ ਪਰੇ ਸਿੰਘ ਲਾਜ ਨਿਭਾਈ।	
ਹੋਇ ਸ਼ਹੀਦ ਰਸੀਦ ਲਈ	
ਭਵ ਤੈ[1], ਪਹੁੰਚੇ ਸੱਚਖੰਡਹਿਂ ਜਾਈ ॥੨੮॥	[1]ਸੰਸਾਰ ਤੋਂ (ਰਸੀਦ) ਛੁੱਟੀ ਭਾਵ ਮੁਕਤੀ ਲੈ ਲਈ।
ਹਤ ਬੀਸ ਪਚੀਸਕ ਕੋ ਇਕ ਏਕ,	
ਪਰੇ ਜਬਿ ਬੀਸਕ ਹੀ ਧਰਨੀ[1]।	[1]ਇਕ ਇਕ ਸਿੰਘ ਵੀਹਾਂ ਵੀਹਾਂ ਤੇ ਪੰਝੀਆਂ ਪੰਝੀਆਂ ਨੂੰ ਮਾਰ ਕੇ ਵੀਹ ਦੇ ਵੀਹ ਸਿੰਘ ਹੀ ਧਰਤੀ 'ਤੇ ਪੈ ਗਏ ਭਾਵ ਸ਼ਹੀਦ ਹੋ ਗਏ।
ਧਰਕੀ ਛਤੀਆਂ[1] ਸਭਿ ਹਿੰਦੁ ਅਹਿੰਦੁਨ,	[1]ਛਾਤੀਆਂ ਧੜਕ ਉਠੀਆਂ।
ਸਿੰਘਨ ਕੀ ਪਿਖ ਕੈ ਕਰਨੀ।	
ਗੁਰ ਮਾਤ ਪਿਤਾ ਧੰਨ ਹੈਂ ਇਨ ਕੈ,	
ਸਦ ਆਫਰੀਂ ਬੈਰਿਨ ਯੌਂ ਬਰਨੀ[1]।	[1]ਵੈਰੀਆਂ ਨੇ ਇਉਂ ਕਿਹਾ ਕਿ ਸੌ ਵਾਰ ਸ਼ਾਬਾਸ਼ ਹੈ।
ਕਰਿ ਖੇਤ[1] ਜੁ ਦੇਤ ਧਰੰਮ ਹਿਤੈਂ ਸਿਰ,	[1]ਜੰਗ।
ਮੈਂ ਧਰਹੋਂ ਸਿਰ ਤਾਂ ਚਰਨੀ ॥੨੯॥	
ਸਿੰਘਨ ਕੇ ਸਿਰ ਲੈ ਕਟ ਦੁੱਜਨ[1],	[1]ਦੁਸ਼ਟਾਂ ਨੇ।
ਜਾਇ ਲਹੌਰ ਨਵਾਬੈਂ ਦਿਖਾਰੇ।	
ਰਾਮੇ ਰੰਧਾਵੇ ਤੇ ਆਦਿ ਬਖੀਲਨ[1],	[1]ਚੁਗ਼ਲਾਂ ਨੇ।
ਲੀਨ ਹਰਾਮ[1] ਇਨਾਮ ਸੁ ਭਾਰੇ।	[1]ਬਿਨਾਂ ਹੱਕ ਤੋਂ।
ਸੁਨ ਕੈ ਯਹਿ ਕਾਨਨਿ ਲੋਗ ਸਜਾਨਨਿ,	
ਹਿੰਦੁ ਤੁਕਾਨਨਿ ਦੂਤ ਧਿਕਾਰੇ[1]।	[1]ਚੁਗ਼ਲਾਂ ਨੂੰ ਲਾਹਨਤਾਂ ਪਾਈਆਂ।
ਲੋਗ ਬਿਪੱਖਨ[1] ਦੇਖ ਕੈ ਅੱਖਨਿ,	[1]ਵਿਰੋਧੀ ਲੋਕਾਂ ਨੇ।
ਧੰਨਿ ਗੁਰੂ ਸਿਖ ਧੰਨਿ ਉਚਾਰੇ ॥੩੦॥	
ਤਾਹਿਂ ਸਮੇਂ ਇਕ ਮੁਰਤਜ਼ਾ ਖਾਨ	
ਸੁਦਾਗਰ, ਲੈ ਕਰਿ ਅੱਸ੍ਵ ਅਪਾਰਾ।	
ਕਾਬੁਲ ਕੀ ਦਿਸ ਤੈ ਸੁ ਅਯੋ ਚਲਿ,	
ਹਿੰਦੁਸਤਾਨਹਿਂ ਜਾਤ ਸਿਧਾਰਾ[1]।	[1]ਚਲਿਆ ਜਾ ਰਿਹਾ ਸੀ।

ਪਾਰ ਬਿਆਸ ਦੁਯਾਇ ਭਯੋ ਜਬਿ,
ਸਿੰਘਨ ਕੋ ਪਹੁੰਚੀ ਤਬਿ ਸਾਰਾ[1]। [1]ਖ਼ਬਰ।
ਧਾਇ ਪਰੇ ਨਿਸ ਕੋ ਦਿਸ ਚਾਰ ਤੈ,
ਡੇਰਾ ਲੁਟਯੋ ਤਿਸ ਕੋ ਬਿਨ ਬਾਰਾ[1] ॥੩੧॥ [1]ਦੇਰੀ ਤੋਂ ਬਿਨਾਂ।
ਬੀਸ ਪਚੀਸਕ ਪੀਸ ਧਰੇ[1] ਤੁਕ, [1]ਮਾਰ ਦਿੱਤੇ।
ਔਰ ਕਰੇ ਜ਼ਖਮੀ ਕੁਛ ਭਾਗੇ।
ਤਾਜਰ ਖਾਨ[1] ਭਯੋ ਜਖਮੀ ਖੁਦ, [1]ਵਪਾਰੀ ਮੁਰਤਜ਼ਾ ਖ਼ਾਨ।
ਪੇਸ਼ ਚਲੀ ਨਹਿਂ ਸਿੰਘਨ ਆਗੇ।
ਆਯੁਧ ਅੱਸੂ ਸਬਾਬ ਸਭੀ[1] ਲੁਟਿ, [1]ਸ਼ਸਤ੍ਰ, ਘੋੜੇ ਤੇ ਸਾਰਾ ਸਾਮਾਨ।
ਸਿੰਘ ਧਸੇ ਝਟ ਝੱਲ ਸਭਾਗੇ।
ਤਾਜਰ ਹਾਜਰ ਆਇ ਲਹੌਰਹਿਂ,
ਰੌਰਹਿਂ ਕੀਨ ਮਹਾਂ ਦੁਖ ਪਾਗੇ[1] ॥੩੨॥ [1]ਬਹੁਤ ਦੁਖੀ ਹੋ ਕੇ।
ਬੇਗ[1] ਚਢਯੋ ਤਕੀ ਬੇਗ ਲੈ ਫੌਜ, [1]ਛੇਤੀ।
ਫਿਰਯੋ ਇਤਹੀ ਉਤ ਦੇਸ ਮਝਾਰੇ।
ਸਿੰਘ ਮਿਲੇ ਤਿਸ ਕੋ ਅਠ ਸਾਤਕ,
ਜੂਝ ਮਰੇ ਸੁ ਪਚਾਸਕ ਮਾਰੇ।
ਕਾਟਿ ਤਿਨੈਂ ਸਿਰ, ਡਾਂਟਿ[1] ਸੁ ਪੈਂਚਨ, [1]ਤਾੜ ਕੇ।
ਲੌਟਿ ਲਹੌਰ ਅਯੋ ਫਿਰ ਹਾਰੇ।
ਹੋਤ ਘਨੀ ਵਾਰਦਾਇਤ[1] ਐਸੀ, [1]ਬਹੁਤੀਆਂ ਘਟਨਾਵਾਂ।
ਰਵਾਇਤ[1] ਕੋ ਲਿਖ ਸਕੈ ਅਪਾਰੇ ॥੩੩॥ [1]ਪ੍ਰਸੰਗਾਂ ਨੂੰ।

ਸ੍ਵੈਯਾ:

ਔਰਹਿ ਏਕ ਉਨੀ ਦਿਨ ਮੈਂ,
ਬਦਕਾਮ[1] ਕਰਯੋ ਤੁਰਕੈਂ ਅਤਿ ਭਾਰੈ। [1]ਬੁਰਾ ਕੰਮ।
ਮਾਲਵ ਦੇਸ ਤੈ ਸੰਗਤ ਵੇਸ[1], [1]ਸ੍ਰੇਸ਼ਟ।
ਸੁਧਾਸਰ ਨ੍ਹਾਵਣ ਜਾਤ ਅਪਾਰੈ।
ਏਕ ਹੁਤੋ ਮਨੀ ਸਿੰਘ ਕਾ ਬੀਰ
ਸਕਾ[1], ਪੁਨਿ ਔਰਹਿ ਥਾ ਭਾਈਚਾਰੈ। [1]ਸਕਾ ਭਰਾ।
ਗੋਇੰਦਵਾਲ ਖਡੂਰ ਗੁਰੂ ਥਲ,
ਪੂਜ ਨਿਹਾਰਿ ਚਲੇ ਜੋ ਅਗਾਰੈ ॥੩੪॥
ਬਾਦ-ਨੁਰੰਗਾ ਸਰਾਇਂ ਢਿਗੈ,

ਵਹਿ ਘਰੇ ਲਏ ਤੁਰਕੈਂ ਗਹਿ ਸਾਰੈਂ।
ਜੀਵ ਪਚਾਸਕ ਥੇ ਨਰ ਨਾਰਿ,
ਸੁ ਆਸ਼ਕ[1] ਭੀ ਗੁਰ ਦ੍ਵਾਰ ਦਿਦਾਰੈਂ। — [1]ਪ੍ਰੇਮੀ ਸਨ।
ਜੋਰਿ ਉਭੈ ਕਰ ਭੂਰ ਨਿਹੋਰਿ[1], — [1]ਦੋਨੋਂ ਹੱਥ ਜੋੜ ਕੇ ਬਹੁਤ ਬੇਨਤੀਆਂ ਕਰਕੇ।
ਕਹਜੋ ਦਿਹੁ ਛੋਰ ਤੁ ਜਾਹਿਂ ਅਗਾਰੈਂ।
ਨਾਹਿਂ ਸੁਨੀ ਤੁਰਕੈਂ ਤਿਨ ਕਾਹਿਂ,
ਤੁ ਸਿੱਖਨ ਹੋਇ ਦਲੇਰ ਕਰਾਰੈਂ[1] ॥੩੫॥ — [1]ਤਕੜੇ।
ਔਰ ਉਪਾਇ ਨ ਪਾਇ ਜਬੈ,
ਤਬਿ ਹਾਥ ਮਰੱਦ ਧਰੇ ਸ਼ਮਸ਼ੇਰੇ[1]। — [1]ਤਦੋਂ ਸੂਰਮਿਆਂ ਨੇ ਤਲਵਾਰਾਂ 'ਤੇ ਹੱਥਰੱਖੇ।
ਮਾਨਿ ਇਹੈ ਗੁਰਵਾਕ ਹਕਾਯਤ,
ਠਾਨ ਇਕਾਯਤ ਸਾਇਤ ਹੇਰੇ[1]। — [1]ਹਕਾਯਤਾਂ ਵਿੱਚ ਲਿਖੇ ਹੋਏ ਗੁਰਾਂ ਦੇ ਇਹ ਬਚਨ ਮੰਨ ਕੇ (ਕਿ:-ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ। ਹਲਾਲਸਤ ਬੁਰਦਨ ਬ ਸ਼ਮਸ਼ੇਰ ਦਸਤ। ਅਰਥਾਤ ਜਦੋਂ ਕੋਈ ਕੰਮ ਹੋਰ ਸਾਰੇ ਢੰਗਾਂ ਤੋਂ ਲੰਘ ਜਾਵੇ ਤਾਂ ਤਲਵਾਰ 'ਤੇ ਹੱਥ ਲੈ ਜਾਣਾ ਹੱਕ ਬਣਦਾ ਹੈ) ਏਕਾ ਕਰ ਕੇ ਤੇ ਸਮਾਂ ਵੇਖ ਕੇ।
ਹੋਨ ਸ਼ਹੀਦ ਸਹੀ ਮਨ ਮੈਂ ਠਟ,
ਵੱਟ ਕਸੀਸ ਪਰੇ ਇਕ ਬੇਰੇ[1]। — [1]ਸ਼ਹੀਦ ਹੋਣਾ ਠੀਕ ਮਨ ਵਿੱਚ ਧਾਰ ਕੇ ਕਚੀਚੀ ਵੱਟ ਕੇ ਇੱਕੋ ਵਾਰ (ਹੱਲਾ ਕਰਕੇ) ਪੈ ਗਏ।
ਖੈਂਚ ਕ੍ਰਿਪਾਨਨ ਮਜਾਨਨ ਤੈ ਉਨ,
ਬੀਸਕ ਈਸ ਕ੍ਰਿਪਾ ਤੇ ਨਿਬੇਰੇ ॥੩੬॥
ਆਯੁਧ ਛੀਨ ਲਏ ਤਿਨ ਕੇ,
ਜੁ ਗਿਰੇ ਧਰ ਪੈ ਮਰਿ ਘਾਯਲ ਥਾਏ।
ਸੋ ਸਿਖ ਸਿੱਖਨੀਐ ਗਹਿ ਕੈ ਚਹਿ ਕੈ[1], — [1]ਉਤਸ਼ਾਹ ਨਾਲ ਪਕੜ ਕੇ।
ਮੁਸਲਜੋਂ ਦਿਸ ਪੈਰ ਉਠਾਏ।
ਦੌਰ ਗਏ ਕਿਛ ਠੌਰ ਰਖੇ[1], — [1]ਥਾਂਰੱਖੇ ਭਾਵ ਮਾਰ ਦਿੱਤੇ।
ਤਿਨ ਕੇ ਅਸ੍ਰ ਆਯੁਧ ਲੀਨ ਇਨਾਏਂ[1]। — [1]ਇਨ੍ਹਾਂ (ਸਿੰਘਾਂ) ਨੇ।
ਯਦਪਿ ਤੀਨਕ ਸਿੱਖ ਮਰੇ,
ਪਰ ਪਾਇ ਫਤੇ ਗੁਰਦ੍ਵਾਰ ਸਿਧਾਏ ॥੩੭॥
ਦਰਸਜੋ ਗੁਰਦ੍ਵਾਰ ਸਿਰੀ ਤ੍ਰਨ-ਤਾਰਨ,
ਤੀਰਥ ਕੇ ਇਸ਼ਨਾਨ ਕਰੈ ਕੈ।
ਪਾਇ ਕੈ ਸਾਰ ਘਨੇਂ ਸਿੰਘ ਔਰਹਿਂ,

ਸੰਗ ਮਝੈਲ ਮਿਲੇ ਤਿਨ ਐ ਕੈ।
ਯੱਦਪਿ ਫੇਰ ਅਏ ਮਿਲ ਕੈ ਤ੍ਰੁਕ,
ਪੈ ਉਲਟੇ ਗਏ ਜ਼ੋਰ ਪਿਖੈ ਕੈ[1]। — [1]ਸਿੰਘਾਂ ਦਾ ਜ਼ੋਰ ਦੇਖ ਕੇ ਪਿੱਛੇ ਮੁੜ ਗਏ।
ਆਇ ਸੁਧਾਸਰ ਨ੍ਹਾਇ, ਦੁਬਾਰ
ਨਿਹਾਰ, ਮਨਿੱਛਤ ਪਾਇ ਰਹੈ ਕੈ[1] ॥੩੮॥ — [1]ਰਹਿ ਕੇ।
ਮਿਲ ਕੈ ਮਨੀ ਸਿੰਘ ਬਿਰਾਦਰ ਕੋ[1], — [1]ਮਨੀ ਸਿੰਘ ਭਰਾ ਨੂੰ ਮਿਲ ਕੇ।
ਮੁਦ ਸਾਦਰ ਪਾਇ ਸੁਧਾ ਛਕਿ ਤਾਂ ਤੈ।
ਕੇਤਿਕ ਦਯੋਸ ਰਹਾਇ ਤਹਾਂ,
ਫਿਰ ਪਾਇ ਖੁਸ਼ੀ ਗਏ ਦੇਸ ਤਹਾਂ ਤੈ।
ਏਹੁ ਬਹਾਦਰੀ ਨਾਦਰੀ[1] ਸਿੰਘਨ ਕੀ — [1]ਅਣੋਖੀ।
ਸੁਨਿ, ਪੰਥ ਭਯੋ ਮੁਦ ਸਾ ਤੈਂ[1]। — [1]ਪੰਥ (ਸਾ) ਉਨ੍ਹਾਂ ਸਿੰਘ (ਤੈਂ) ਉਪਰ ਖ਼ੁਸ਼ ਹੋਇਆ।
ਔਰ ਅਨੇਕਹਿਂ ਠੌਰ ਇਸੀ ਬਿਧਿ,
ਗੌਰ ਭਏ ਤਬਿ ਰੌਰ ਬਖ੍ਯਾਤੈਂ[1] ॥੩੯॥ — [1]ਪ੍ਰਤੱਖ ਹੀ ਬਹੁਤੇ ਰੌਲੇ ਹੋਏ।
ਯਾ ਬਿਧਿ ਔਰ ਤਬੈ ਬਹੁ ਠੌਰ,
ਭਯੋ ਜਬਿ ਰੌਰ ਸੁ ਗੌਰ ਮਹਾਨੈ।
ਚਢ ਕੈ ਤੁਰਕੀ ਦਲ ਨੈ ਬਢ ਕੈ,
ਮਢ ਕੈ ਰਨ[1] ਔ ਕਢ ਕੈ ਕਿਰਪਾਨੈ। — [1]ਜੰਗਰਚ ਕੇ।
ਜੋਰਿ ਘਨੇ ਫਰਿ ਸਿੰਘ ਹਨੇ,
ਪਰ ਦੈ ਕਰਿ ਬੀਸ ਗੁਨੀ ਨਿਜ ਜਾਨੈਂ[1]। — [1]ਜ਼ੋਰ ਦੇ ਕੇ ਬਹੁਤੇ ਸਿੰਘਾਂ ਨੂੰ ਫੜ ਕੇ ਮਾਰ ਦੇਂਦੇ ਹਨ ਪਰ ਸਿੰਘਾਂ ਨਾਲੋਂ ਵੀਹ ਗੁਣਾਂ ਆਪਣੀਆਂ ਜਾਨਾਂ ਦੇ ਕੇ।
ਸਭਿ ਸ਼ਾਹਿ ਸਿਪਾਹਿ[1] ਤਬਾਹਿ ਭਈ, — [1]ਬਾਦਸ਼ਾਹ ਦੀ ਫ਼ੌਜ।
ਨਿਤ ਆਹਿ ਮੁਹਿੰਮ ਰਹੇ ਬਹੁਤਾਨੈਂ[1] ॥੪੦॥ — [1]ਨਿਤ ਬਹੁਤੀ ਲੜਾਈ ਰਹਿੰਦੀ ਹੈ।
ਸਿੰਘਨ ਮਾਰ ਅਪਾਰ ਖੁਆਰ,
ਲਚਾਰ ਕਰੀ ਤੁਰਕੀ ਜਬਿ ਸੈਨਾ।
ਦੇਸ ਅਸੇਸ ਹਮੇਸ਼ ਕਲੇਸ਼
ਬਿਸ਼ੇਸ਼ ਰਹੈ, ਸੁ ਸਹੇ ਦੁਖ ਐਨਾ[1]। — [1]ਸਾਰੇ ਦੇਸ਼ ਵਿੱਚ ਹਮੇਸ਼ਾਂ ਬਹੁਤਾ ਕਲੇਸ਼ ਰਹਿੰਦਾ ਹੈ (ਇਸ ਲਈ ਲੋਕਾਂ ਨੇ) ਬਹੁਤੇ ਦੁਖ ਸਹਾਰੇ।
ਕਬਿ ਚੈਨ ਨ ਲੈਨ ਮਿਲੈ ਦਿਨ ਰੈਨ,
ਪਰੈ ਨਹਿਂ ਪੈ ਨ ਨੈਨਨ ਸੈਨਾ[1]। — [1]ਪੈਣਾ ਨਹੀਂ ਮਿਲਦਾ ਤੇ ਅੱਖਾਂ 'ਚ (ਸੈਨਾ) ਨੀਂਦ ਨਹੀਂ ਪੈਂਦੀ।
ਸੁਖ ਖਾਨਰੁ ਪਾਨ ਪਹਿਰਾਨ ਜਹਾਨ ਕੇ,

ਹਾਨ ਭਏ[1] ਸਭਿ ਹੀ ਬਿਧਿ ਐਨਾ* ॥੪੧॥

[1]ਨਾਸ ਹੋ ਗਏ। *ਅੰਕ ਨੰ. ੪੧ ਦੀਆਂ ਤੀਜੀ ਤੇ ਚੌਥੀ ਤੁਕਾਂ ਦਾ ਪਾਠ ਦਿੱਲੀ ਐਡੀਸ਼ਨ ਦਾ ਸ਼ੁੱਧ ਜਾਣ ਕੇ ਛਾਪਿਆ ਹੈ।

ਚੌਪਈ:

ਲੂਟ ਬਿੱਤ[1] ਘਰ ਤੇ ਸਿੰਘ ਲੈਹੈਂ।
[1]ਧਨ।
ਬਾਹਰ ਖੇਤੀ ਹੋਨ ਨ ਦੈਹੈਂ।
ਗਊ ਭੈਂਸ ਸੁਠ[1] ਘੋੜਾ ਘੋੜੀ।
[1]ਸੁੰਦਰ।
ਕਾਹੂੰ ਢਿਗ ਨ ਲੁਟੇਰਨਿ ਛੋੜੀ ॥੪੨॥
ਨਿਸ ਦਿਨ ਰਹਿਤ ਕਲੇਸ਼ ਅਪਾਰੀ।
ਰੱਯਤ ਹੋਈ ਦੁਖੀ ਵਿਚਾਰੀ।
ਕੁਛ ਸਿੰਘਨ ਕੁਛ ਫੌਜ ਤੁਕਾਨੈਂ।
ਰੱਯਤ ਕੀਨੀ ਲੂਟ ਹਿਰਾਨੈ ॥੪੩॥
ਪਿੰਡਨ ਮੈਂ ਨਿਤ ਫਿਰੈਂ ਸਿਪਾਹੀ।
ਬੇਟੀ ਬਹੂ ਨ ਛੋਡੈਂ ਕਾਂਹੀਂ।
ਦਾਣਾ ਘਾਸ ਦੂਧ ਘੀ ਦਹੀਂ।
ਛੋਡੈਂ ਨਾਹਿੰ ਸਿਪਾਹੀ ਕਹੀਂ ॥੪੪॥
ਗਊਆਂ ਭੇਡ਼ੀਂ[1] ਬਕਰੀ ਬਕਰੇ।
[1]ਭੇਡਾਂ।
ਖੈ ਹੈਂ ਮਾਰਿ ਤੁਰਕ ਬੇਫਿਕਰੇ।
ਲੋਕ ਬਿਗਾਰ[1] ਮਾਹਿੰ ਰਹਿੰ ਪਕਰੇ।
[1]ਬਿਨਾਂ ਮਜ਼ਦੂਰੀ ਤੋਂ ਕੰਮ।
ਟਕੇ[1] ਨਵਾਬ ਲਯੋ ਚਹਿ ਅਕਰੇ[2] ॥੪੫॥
[1]ਮਾਮਲੇ ਦੇ ਰੁਪਏ। [2]ਮਹਿੰਗੇ ਭਾਵ ਬਹੁਤੇ।
ਮਾਲ-ਗੁਜ਼ਾਰ[1] ਪੈਂਚ ਸਰਦਾਰੇ।
[1]ਸਰਕਾਰੀ ਜ਼ਮੀਨ ਦੇ ਠੇਕੇਦਾਰ।
ਮੁਖਬਰ[1] ਭਏ ਅਧਿਕ ਧਨਵਾਰੇ।
[1]ਚੁਗ਼ਲ।
ਪੇਖਿ ਜਹਾਂ ਸਿੰਘਨ ਕੋ ਆਵੈਂ।
ਤੁਰਕੀ ਫੌਜ ਚਢਾਇ ਲਿਜਾਵੈਂ ॥੪੬॥
ਖਬਰ ਪਾਇ ਸਿੰਘ ਕਾਨਨ ਧਸ ਹੈਂ[1]।
[1]ਜੰਗਲਾਂ ਵਿੱਚ ਚਲੇ ਜਾਂਦੇ ਹਨ।
ਤੁਰਕੀ ਸੈਨ ਰੈਨ ਜਹਿੰ ਬਸ ਹੈ।
ਸਿੰਘ ਦੂਰ ਤੈ ਧਾਵਾ ਕਰ ਕੈ।
ਬਿਜਰੀ ਜਯੋਂ ਤੁਰਕੋਂ ਪਰ ਪਰ ਕੈ ॥੪੭॥
ਦਾਰੂ ਸਿੱਕਾ ਸ਼ਸਤਰ ਤਾਜੀ[1]।
[1]ਬਰੂਦ, ਗੋਲੀਆਂ, ਹਥਿਆਰ ਤੇ ਘੋੜੇ।
ਲੂਟ ਮਾਰਿ ਲੈ ਜੈਹੈਂ ਭਾਜੀ[1]।
[1]ਭੱਜ ਜਾਂਦੇ ਹਨ।
ਤੁਰਕ ਜਬੈ ਤਿਨ ਪੀਛੈ ਲਾਗੈਂ।

ਕਾਨਨ ਸਘਨ ਧਸੈਂ ਸਿੰਘ ਆਗੈਂ ॥੪੮॥
ਫੌਜ ਹਾਰ ਹਟ ਫਿਰੈ ਪਿਛਾਰੈ।
ਆਵਤ ਜਾਵਤ ਮੁਲਖ ਉਜਾਰੈ।
ਪੈਹੈਂ ਮੁਖਬਰ ਲੋਗ ਇਨਾਮਾ।
ਖਲਕਤ ਭਈ ਤਬਾਹ ਤਮਾਮਾ ॥੪੯॥
ਅਰ ਉਤ ਫੌਜ ਨਵਾਬੀ ਜੇਤੀ।
ਅਤਿਸੈ ਦੁਖੀ ਭਈ ਵਹੁ ਤੇਤੀ।
ਸਿੰਘਨ ਪੈ ਨਿਤ ਰਹੇ ਚਢਾਈ।
ਲੂਟ ਕੂਟ ਜਖਮੀ ਕਰਿ ਜਾਈਂ ॥੫੦॥
ਕਬੀ ਕਬੀ ਜੋ ਹ੍ਵੈ ਭਟ-ਭੇਰੈਂ[1]। [1]ਸੂਰਮਿਆਂ ਦੇ ਭੇੜ, ਜੰਗ।
ਸਿੰਘ ਭੰਨ ਹੈਂ ਮੁਖ ਤਿਨ ਕੇਰੈਂ।
ਮਰੈਂ ਕਿਤਿਕ ਜਖਮੀ ਹ੍ਵੈ ਭਾਰੈਂ।
ਸਿੰਘ ਭਗਾਇ ਲਹੌਰੈਂ ਬਾਰੈਂ[1] ॥੫੧॥ [1]ਵਾੜ ਦੇਂਦੇ ਹਨ।
ਕਬੀ ਨ ਕੁਛ ਇਨਾਮ ਜ਼ਖਮਾਨਾ[1]। [1]ਜ਼ਖ਼ਮੀਆਂ ਨੂੰ ਮਿਲਣ ਵਾਲਾ ਇਨਾਮ।
ਮਿਲੈ ਫੌਜ ਕੋ ਨਾਹਿਂ ਮਹਾਨਾ।
ਬਲਿਕੈ ਤਲਬ[1] ਸਾਲ ਇਕ ਕੇਰੀ। [1]ਤਨਖ਼ਾਹ।
ਚੜ੍ਹੀ ਨਵਾਬ ਤਰਫ ਬਹੁਤੇਰੀ ॥੫੨॥
ਫੌਜ ਭਈ ਯੌਂ ਸਭਿ ਦੁਖਜਾਰੀ।
ਬਿਨਾ ਤਲਬ ਅਰ ਜੰਗਨ ਮਾਰੀ।
ਤਲਬ ਫੌਜ ਮਾਂਗੇ ਜਬਿ ਸਾਰੀ।
ਕੁਛ ਕੁਛ ਕਹਿ ਨੁਵਾਬ ਦੈ ਟਾਰੀ ॥੫੩॥
ਟਕਾ ਨ ਰਹਜੋ ਹੁਤੋ ਤਿਸ ਪਾਸੈਂ।
ਆਵੈ ਨਹਿਂ ਉਗਰਾਹੀ ਰਾਸੈਂ[1]। [1]ਬਹੁਤੀ।
ਅਰ ਨੁਵਾਬ ਕੁਛ ਲਖ ਹੈ ਥੋਰਾ।
ਸਿੰਘਨ ਕੀ ਮੁਹਿੰਮ ਕਾ ਜੋਰਾ[1] ॥੫੪॥ [1]ਨਵਾਬ, ਸਿੰਘਾਂ ਦੇ ਜੰਗ ਦਾ ਜ਼ੋਰ ਥੋੜ੍ਹਾ ਜਾਣਦਾ ਹੈ।
ਪਰ ਜੋ ਤੁਰਕ ਸਿੰਘਨ ਕੇ ਹਾਥੈਂ।
ਪਿਖ ਆਵਤ ਸੋ ਧੁਨ ਹੀ ਮਾਥੈਂ[1]। [1]ਸਿਰਾਂ ਨੂੰ ਹਿਲਾਉਂਦੇ ਹਨ।
ਸਿੰਘਨ ਫੌਜ ਜਰਜਰੀ[1] ਕੀਨੀ। [1]ਬੋਡੀ, ਕਮਜ਼ੋਰ।
ਘੋੜੇ ਜ੍ਵਾਨ ਨ ਛਾਡੇ ਪੀਨੀ[1] ॥੫੫॥ [1]ਤਕੜੇ।
ਫੌਜ ਨੌਕਰੀ ਤਜਿ ਬਹੁ ਗਈ।

ਰਹੀ ਜੁ ਵਹਿ ਭੀ ਤਨ ਨਹਿਂ ਦਈ[1]। — [1]ਸ਼ਰੀਰ ਨਹੀਂ ਦੇਂਦੀ ਭਾਵ ਜ਼ੋਰ ਨਹੀਂ ਲਾਉਂਦੀ।
ਜੌਂ ਕਬਹੁਂ ਸਿੰਘਨ ਪਰ ਜਾਵੈ।
ਲਰੈ ਨ ਤਨ ਦੈ ਫਿਰ ਘਿਰ ਆਵੈ[1] ॥੫੬॥ — [1]ਫੇਰ ਮੁੜ ਕੇ ਆ ਜਾਂਦੀ ਹੈ।
ਯੌਂ ਜਬਿ ਭਈ ਨੁਵਾਬੀ ਢਿੱਲੀ।
ਸਿੰਘੈਂ ਡਾਰੀ ਅਧਿਕੈਂ ਜਿੱਲੀ[1]। — [1]ਡੰਡਰੌਲੀ।
ਲੂਟ ਦੁਸ਼ਮਨੋ ਕੇ ਬਹੁ ਗ੍ਰਾਮੂੰ।
ਕਰੇ ਹਿਰਾਨ ਵਿਰਾਨ ਤਮਾਮੂੰ ॥੫੭॥
ਬਹਜੋ[1] ਨੁਵਾਬ ਹਾਰ ਮਨਿ ਮਾਨੈਂ। — [1]ਬੈਠ ਗਿਆ।
ਸਿੰਘਨ ਕੀ ਪਿਖਿ ਚਢੀ ਕਮਾਨੈਂ।
ਤਬਿ ਬਹੁ ਹਿੰਦੁਨ ਦਿਢ ਦਿਲਿ ਜਾਨੀ।
ਅਬਿ ਤੁਰਕਨ ਕੀ ਹ੍ਵੈ ਹੈ ਹਾਨੀ ॥੫੮॥

ਦੋਹਰਾ:
ਸਿੰਘਨ ਕੀ ਚੜ੍ਹਤੀ ਕਲਾ,
ਦਿਨ ਦਿਨ ਹੋਤ ਨਿਹਾਰਿ[1]। — [1]ਹੁੰਦੀ ਵੇਖ ਕੇ।
ਲੋਗ ਹਜਾਰਹੁਂ ਸਿੰਘ ਸਜਿ,
ਮਿਲੇ ਪੰਥ ਕੇ ਨਾਰ[1] ॥੫੯॥ — [1]ਨਾਲ।
ਚਾਮੁੰਡੇ ਘਣੀਏਂ ਢਿਗੈਂ,
ਖਾਨ ਮੁਰਤਜ਼ਾ ਕੇਰ।
ਵਾਰਦਾਤ[1] ਇੱਤਜਾਦਿ ਕਹਿ, — [1]ਘਟਨਾਵਾਂ।
ਧਜਾਇ ਭਯੋ ਇਤਿ ਹੇਰਿ[1] ॥੬੦॥ — [1]ਵੇਖ ਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਚਮੁੰਡੇ ਆਦਿ ਮੁਕਾਮੋਂ ਕੇ ਜੰਗ, ਮੁਲਕ ਕੀ ਤਬਾਹੀ', ਬਰਨਨੰ ਨਾਮ ਬਾਈਸਮੋਂ ਬਿਸ੍ਰਾਮ ॥੨੨॥

੨੩. {ਸਿੰਘਾਂ ਨੇ ਸ਼ਾਹੀ ਖਜ਼ਾਨਾ ਲੁੱਟਣਾ, ਸੂਬੇ ਤੇ ਪੰਥ ਦੀ ਬਹਿਸ}

ਸ੍ਵੈਯਾ:

ਸਰ ਲੈ ਕਰ ਮਾਂਹਿ ਕੁਵੰਡ ਪ੍ਰਚੰਡ,
ਸੁਟੇ ਬਲਵੰਡ ਸੁ ਖੰਡ ਅਰੈਂ[1]। — [1]ਹੱਥ ਵਿੱਚ ਧਨਸ਼ ਤੇ ਤਿੱਖੇ ਤੀਰ ਲੈ ਕੇ ਬਲਵਾਨ ਵੈਰੀਆਂ ਨੂੰ ਟੁਕੜੇ ਕਰ ਸੁੱਟਿਆ।

ਹੱਦ ਹਿੰਦੁ ਧਰੰਮਹਿਂ ਜਿੰਦੁ ਰਖੀ,
ਹਰਿ ਬਿੰਦ ਗੁਬਿੰਦ ਮ੍ਰਿਗਿੰਦ ਵਰੈਂ[1]। — [1]ਵਾਹਿਗੁਰੂ ਨੂੰ (ਬਿੰਦ) ਜਾਨਣ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ (ਹੱਦ) ਅੰਤ ਨੂੰ ਹਿੰਦੂ ਧਰਮ ਦੀ ਜਾਨ ਬਚਾ ਲਈ।

ਜਗਿ ਪੰਥ ਪ੍ਰਚਾਰ ਉਦਾਰ ਕਰਜੋ,
ਭਵ ਭਾਰ ਉਤਾਰਨ ਹੇਤ ਭਰੈਂ[1]। — [1]ਭਲੀ ਪ੍ਰਕਾਰ ਸੰਸਾਰ ਦਾ ਭਾਰ ਉਤਾਰਨ ਵਾਸਤੇ ਜਗਤ ਵਿੱਚ ਸ੍ਰੇਸ਼ਟ (ਖਾਲਸਾ) ਪੰਥ ਪ੍ਰਚਲਤ ਕੀਤਾ।

ਅਬਿ ਸੋ ਸਮਰੱਥ ਗੁਰੂ ਧਰਿ ਹੱਥ,
ਸੁ ਮੱਥਹਿਂ ਪੰਥਹਿਂ ਰੱਖ ਕਰੈਂ[1] ॥੧॥ — [1]ਹੁਣ ਉਹ ਸਰਬ ਸ਼ਕਤੀਮਾਨ ਸਤਿਗੁਰੂ ਮੱਥੇ 'ਤੇ ਕਿਰਪਾ ਦਾ ਹੱਥ ਰਖ ਕੇ ਪੰਥ ਦੀ ਰੱਖਿਆ ਕਰਨਗੇ।

ਸ਼ਾਹਿ ਦਿਲੇਸ ਵਿਸ਼ੇਸ਼ ਟਕੇ ਚਹਿ,
ਜੈਸ ਨੁਵਾਬ ਲਹੌਰਹਿਂ ਤੈਹੈਂ[1]। — [1]ਤੋਂ, ਪਾਸੋਂ।
ਧੌਂਸ ਪਠੈ[1] ਫਿਰ ਸਿੰਘ ਲੁਟੈਂ — [1](ਬਾਦਸ਼ਾਹ) ਫ਼ੌਜ ਭੇਜੇਗਾ।
ਪਤਿਸ਼ਾਹੀ ਖਜਾਨਾਂ ਬਹਾਨਾ ਬਨੈ ਹੈਂ।
ਫੌਜ ਚਢਾਇ ਨੁਵਾਬ ਜਿਮੈਂ,
ਸਿੰਘ ਲੂਟ ਮਚਾਇ ਤਬਾਹਿ ਕਰੈ ਹੈਂ।
ਸੋ ਅਬਿ ਗਾਥ ਸੁਨੋ ਹਿਤ ਸਾਥ,
ਮਨਾ ਗੁਰੁ ਨਾਥ ਅਧਜਾਇ ਕਥੈਂ ਹੈਂ ॥੨॥
ਨਾਹਿਂ ਗਏ ਪਤਿਸ਼ਾਹਿ ਢਿਗੈਂ ਜਬਿ,
ਯਾਹਿ ਟਕੇ ਸੁ ਲਹੌਰਹਿਂ ਵਾਰੇ।
ਸ਼ਾਹਿ ਪਠੈ ਫੁਰਮਾਨ ਘਨੇ ਕਰਿ,
ਭੂਰ ਬਨਾਵ[1] ਨੁਵਾਬ ਦੈ ਟਾਰੇ। — [1]ਬਹੁਤੀਆਂ ਬਨਾਵਟਾਂ (ਬਹਾਨੇ)।
ਤੀਨਕ ਸਾਲ ਬਿਤੇ ਜਬਿ ਯੌਂ,
ਤਬਿ ਸ਼ਾਹਿ ਮੁਹੰਮਦ ਕੋਪ ਅਪਾਰੇ।
ਧੌਂਸ ਪਠੀ, ਹਿਤ ਲੈਨ ਖਿਰਾਜ[1] — [1]ਮਾਮਲਾ।
ਦਰਾਜ[1], ਸੁ ਜੋਰ ਜਨਾਇ ਵਿਚਾਰੇ ॥੩॥ — [1]ਬਹੁਤਾ।
ਹੈਬਤ ਖਾਨ ਸਲਾਵਤ ਖਾਨ,

ਰੁਹੇਲੇ[1] ਬਘੇਲੇ[2] ਹੁਤੇ ਸਰਦਾਰੇ।

[1]ਖ਼ੈਬਰ ਦੇ ਪਠਾਣਾਂ ਦੀ ਇਕ ਜਾਤੀ। [2]ਰਾਜਪੂਤਾਂ ਦੀ ਇਕ ਜਾਤੀ।

ਦੋਇ ਹਜ਼ਾਰ ਅਸਵਾਰ ਦਯੋ ਸੰਗ,
ਜੋ ਅਤਿ ਜਾਹਲ ਜ਼ਾਲਮ ਖਾਰੇ[1]।

[1]ਮੂਰਖ ਤੇ ਤਿੱਖੇ ਜ਼ਾਲਮ।

ਆਇ ਲਹੌਰ ਨਵਾਬ ਤਈਂ,
ਉਨ ਤੰਗ ਕਰਜੋ ਲਹਿੰ ਦਸਤਕ ਭਾਰੇ[1]।

[1]ਵੱਡੇ (ਦਸਤਕ) ਜੁਰਮਾਨੇ ਲੈਂਦੇ ਹਨ।

ਏਕ ਹਜ਼ਾਰ ਨਿਤਾ ਪ੍ਰਤਿ ਲੇਤ,
ਨੁਵਾਬ ਤਬੈ ਅਤਿ ਹੋਇ ਲਚਾਰੇ ॥੪॥

ਦੋਹਰਾ:

*ਮੁਲਕ ਲੂਟ ਸਿੰਘਨ ਕਰਜੋ,

*ਇਹ ਅੰਕ ਨੰ. ੫ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ। ਮੂਲ 'ਚ ਨਹੀਂ ਹੈ।

ਤਬਿ ਸਭਿ ਐਨ ਤਬਾਹਿ।
ਢਿਗ ਨੁਵਾਬ ਕਿਛੁ ਮਾਮਲਾ,
ਆਵਨ ਦੈਹੈਂ ਨਾਹਿੰ ॥੫॥
ਆਵਤ ਟਕੇ ਨੁਵਾਬ ਪੈ,
ਜੋ ਉਗਰਾਹੀ ਕੇਰ।
ਮਸਹੀਂ ਖਰਚ ਨੁਵਾਬ ਕਾ,
ਚਾਲੈ ਤਬਿ ਲਿਹੁ ਹੇਰ ॥੬॥

ਚੌਪਈ:

ਜਾਤਿ ਬਘੇਲੇ ਥੇ ਸੁ ਰੁਹੇਲੇ।
ਖੇਲ ਬਘੇਲਨ ਕੇ ਉਨ ਖੇਲੇ[1]।

[1]ਬਘੇਲੇ ਤੇਰੁਹੇਲੇ ਜੋ ਸੁੰਦਰ ਜਾਤੀਆਂ ਦੇ ਸਨ, ਉਨ੍ਹਾਂ ਸ਼ੇਰਾਂ ਵਾਲੇ ਖੇਲ ਖੇਲੇ।

ਬਾਦਸ਼ਾਹਿ ਕਾ ਜ਼ੋਰ ਜਨਾਵੈਂ।
ਤੀਨ ਕਰੋੜ ਰੁਪਜਾ ਚਹਾਵੈਂ[1] ॥੭॥

[1]ਲੈਣਾ ਚਾਹੁੰਦੇ ਹਨ।

ਸੋ ਕਰੋੜ ਚਹਿੰ ਇਹਾਂ ਨ ਲਾਖੋਂ[1]।

[1]ਉਹ ਕ੍ਰੋੜਾਂ ਚਾਹੁੰਦੇ ਹਨ ਪਰ ਏਥੇ ਲੱਖਾਂ ਵੀ ਨਹੀਂ ਹਨ।

ਕਰਜ਼ਾ ਮਿਲੈ ਇਤਿਕ ਨਹਿੰ ਲਾਖੋ[1]।

[1]ਜਾਣੋ।

ਬਾਰ ਬਾਰ ਸ਼ਾਹ ਦਿਸ ਤੈ ਤੱਦੀ[1]।

[1]ਤਾੜਨਾ।

ਆਵੈ ਲਿਖੀ ਤਾਹਿੰ ਬੇਹੱਦੀ[1] ॥੮॥

[1]ਬਹੁਤੀ।

ਨਾਜ਼ਮ ਹ੍ਵੈ ਕੈ ਤੰਗ ਮਹਾਂਈ।
ਸਿੰਘਨ ਕੀ ਤਕਲੀਫ ਭੁਲਾਈ।
ਪਰਜੋ ਦੂਖ ਪਰ ਦੂਖ ਮਹਾਂਨੈ।

ਮੁਲਕ ਲੂਟ ਕਿਯ ਸਿੰਘਨ ਵਿਰਾਨੈ ॥ ੯ ॥
ਨਾਹਿਂ ਰੁਪਯਾ ਖਜ਼ਾਨੇ ਮਾਹੀਂ।
ਬਾਹਰ ਤੈ ਨ ਆਇ ਉਗਰਾਹੀ।
ਆਖਰ ਨਾਜ਼ਮ ਹੋਇ ਹਿਰਾਨੈ।
ਕਰੀ ਜ਼ਮਾਨੇ-ਸਾਜੀ ਵਾ ਨੈ[1] ॥ ੧੦ ॥ — [1]ਉਸ ਨੇ।
ਥੇ ਸਰਦਾਰ ਰੁਹੇਲੇ ਜੇਈ।
ਤਮਾ ਤੇਲ[1] ਦੈ ਨਰਮ ਕਰੇਈ। — [1]ਲੋਭ ਰੂਪ ਤੇਲ।
ਜਯੋਂ ਤਯੋਂ ਕਰਿ ਕੈ ਚਾਰਕ ਲਾਖੈਂ।
ਕਿਛੁ ਕਰਜ਼ਾ ਕਿਛੁ ਜ਼ੇਵਰਰਾਖੈਂ[1] ॥ ੧੧ ॥ — [1]ਕਿਸੇ ਪਾਸ ਗਹਿਣੇਰੱਖ ਕੇ।
ਪਾਇ ਪੇਟੀਅਨ ਕਰਯੋ ਹਵਾਲੇ।
ਤਬੈ ਰੁਹੇਲੇ ਲੈ ਕਰਿ ਚਾਲੇ।
ਘਰੋਂ ਰੁਹੇਲੇ ਕਢੇ ਬਲਾਈਂ।
ਕਿਛੁਕ ਫੌਜ ਨਿਜ ਦਈ ਸੰਗਾਈ ॥ ੧੨ ॥
ਨਬੀ ਬਖਸ਼ ਇਕ ਨਿਜ ਸਰਦਾਰੈਂ।
ਪਠਯੋ ਸੰਗ ਸੋ ਐਸ ਸਿਖਾਰੈਂ[1]। — [1]ਸਿਖਾ ਕੇ।
ਜੇ ਕਰਿ ਸਿੰਘ ਲੂਟਨੇ ਐਹੈਂ[1]। — [1]ਆਉਣ।
ਤੌ ਤੁਮ ਦੱਈਓ ਭਾਜ ਪਵੈ ਹੈਂ ॥ ੧੩ ॥
ਏਹੁ ਖਜਾਨਾਂ ਜੇ ਕਿਮ ਲੁਟ ਹੈ।
ਤੌ ਬਾਕੀ ਮਮ ਜ਼ੁੰਮਯੋ ਛੁਟ ਹੈ।
ਫੇਰ ਨ ਮੁਝ ਤੈ ਸ਼ਾਹਿ ਮੰਗੈ ਹੈ।
ਮਨ ਭਾਵਤ ਲਿਖ ਤਾਹਿਂ ਸੁਨੈ ਹੈਂ ॥ ੧੪ ॥
ਯੌਂ ਸਿਖਰਾਇ ਤੋਰ ਸੋ ਦਯੋ।
ਫੇਰ ਸਬੇਗ ਸਿੰਘ ਬੁਲਵਯੋ।
ਤਿਸ ਕੋ ਪਠਯੋ ਪੰਥ ਕੇ ਪਾਹੀਂ।
ਕਹਯੋ ਖਜਾਨਾ ਲੂਟੋ ਸ਼ਾਹੀ ॥ ੧੫ ॥
ਖੁਸ਼ ਹ੍ਵੈ ਤਬਿ ਸਬੇਗ ਸਿੰਘ ਆਯੋ।
ਪੰਥਹਿਂ ਜਬੈ ਸੰਦੇਸ਼ ਸੁ ਪਾਯੋ।
ਇਨਸ਼ਾ ਵਾਹਿਗੁਰੂ ਕਹਿ ਪੰਥੈਂ[1]। — [1]ਪੰਥ ਨੇ ਕਿਹਾ ਕਿ ਵਾਹਿਗੁਰੂ ਦੀ (ਇਨਸ਼ਾ) ਲਿਖਤ (ਇਸੇ ਤਰ੍ਹਾਂ ਹੀ ਹੈ)।
ਮਾਨ ਲਈ ਏਹੀ ਦਿਢ ਸੰਥੈਂ[1] ॥ ੧੬ ॥ — [1]ਸਿੱਖਿਆ।

ਇਹੁ ਤੋ ਸਿੰਘ ਪਹਿਲੇ ਹੀ ਚਹਿਤੇ।
ਸੀਖਜੋ ਦੀਪ ਜਗਜੋ ਲਹਿ ਲਹਿਤੇ[1]।

[1]ਜਿਵੇਂ ਦੀਵੇ ਦੀ ਬੱਤੀ ਉੱਪਰ ਚੁੱਕਣ ਨਾਲ ਦੀਵਾ ਲਟ ਲਟ ਕਰ ਕੇ ਜਗਦਾ ਹੈ।

ਇਤ ਉਤ ਤੈ ਝਟ-ਪਟ ਸਭਿ ਕੱਠੇ।
ਹੋਇ, ਹਜ਼ਾਰ ਦੁ ਤੀਨਕ ਨੱਠੇ ॥੧੭॥
ਘਨੇ ਮਝੈਲ, ਲੁਟੇਰੇ ਔਰੈਂ।
ਸੁਨਿ ਗੁਨਿ ਮਿਲੇ ਪੰਥ ਸੈਂ ਗੌਰੈਂ।
ਪੱਤਣ ਗੋਇੰਦ-ਵਾਲ ਨਜ਼ੀਕੈਂ।
ਬੈਠੇ ਜਾਇ ਝੱਲ ਮੈਂ ਨੀਕੈਂ ॥੧੮॥
ਜਬਿ ਪੱਤਣ ਪਰ ਪੁਗਜੋ[1] ਖਜਾਨਾ।

[1]ਪੁੱਜ ਗਿਆ।

ਲਖਿ[1] ਸਿੰਘਨ ਤਬਿ ਕੀਓ ਉਠਾਨਾ[2]।

[1]ਜਾਣ ਕੇ। [2](ਝੱਲ ਵਿੱਚੋਂ) ਉੱਠ ਪਏ।

ਮਾਰਜੋ ਛਾਪਾ ਧਾਇ ਚੁਫੇਰਜੋਂ।
ਮੁਸਲਜੋਂ ਪਰ ਡੰਡਾ ਭਲ ਫੇਰਜੋ ॥੧੯॥
ਨਬੀ ਬਖਸ਼ ਤਬਿ ਭਾਜੜ ਪਾਈ।
ਗਏ ਰੁਹੇਲੇ ਸੰਗਹਿ ਧਾਈ[1]।

[1]ਭੱਜ ਗਏ।

ਮਰੇ ਕਿਛੁਕ ਬਹੁ ਜਖਮੀ ਥੀਏ।
ਗਏ ਲਹੌਰੈਂ ਓਰ ਭਗੀਏ ॥੨੦॥
ਰਿਸ਼ਵਤ ਦਸਤਕ ਥੀ ਜੋ ਲਈ[1]।

[1](ਦਸਤਕ) ਚੱਟੀ ਵਜੋਂ ਜੋ ਵੱਢੀ ਲਈ ਸੀ।

ਗੱਡੇ ਮਗਰ ਕੁਹਾੜਾ ਗਈ।
ਤੋੜਿ ਪੇਟੀਆਂ ਸਿੰਘਨ ਸਾਰੀ।
ਖਾਲੀ ਕਰਿ ਇਕਠੀ ਸਭਿ ਜਾਰੀ[1] ॥੨੧॥

[1]ਸਾੜ ਦਿੱਤੀਆਂ।

ਦੌਲਤ ਲਾਦਿ ਘੋੜਜੋਂ ਪਰ ਹੈ।
ਪਹੁੰਚੇ ਆਇ ਸੁਧਾਸਰ ਭਰ[1] ਹੈਂ।

[1]ਚੰਗੀ ਤਰ੍ਹਾਂ।

ਚੌਥਾ ਹਿੱਸਾ ਲੰਗਰ ਪਾਯੋ।
ਬਾਕੀ ਸਭਿ ਤਕਸੀਮ ਕਰਾਯੋ[1] ॥੨੨॥

[1]ਵੰਡ ਲਿਆ।

ਨਿਜ ਨਿਜ ਘਰ ਮੈਂ ਦਯੋ ਪੁਚਾਹੈ।
ਹੋਇ ਦਜਾਲ ਤੋ ਦੇਤੁ ਬੁਲਾ ਹੈ।
ਭਏ ਅਸੂਦੇ ਹਾਲ[1] ਸਿੰਘਾਂ ਕੇ।

[1]ਸਿੰਘਾਂ ਦੇ ਹਾਲ ਚੰਗੇ ਹੋ ਗਏ।

ਸੁੱਖੇ ਮਿੱਠੇ ਛਕੇ ਸਜਾ ਕੇ ॥੨੩॥
ਪੰਚਾਂਮ੍ਰਿਤ ਕਰਿ ਬਹੁ ਬਰਤਾਏ।

ਸਾਜ ਅਸ੍ਵਨ[1] ਨਿਜ ਨਏ ਬਨਾਏ। — [1]ਘੋੜਿਆਂ ਦਾ ਸਾਮਾਨ ਕਾਠੀਆਂ ਆਦਿ।
ਦਸ ਬਰਦਸ[1] ਰਹਿਂ ਤਜਾਰ ਬ੍ਰ ਤਜਾਰੈਂ। — [1]ਕਮਰ ਬੰਨ੍ਹ ਕੇ। (ਅ) ਹਰ ਵਕਤ।
ਕਰੈਂ ਦੁਰਾਸੀ ਕੇਰ ਸ਼ਿਕਾਰੈਂ[1] ॥੨੪॥ — [1]ਭਾਵ ਮਾੜੇ ਲੋਕਾਂ ਨੂੰ ਮਾਰਦੇ ਹਨ।

ਦੋਹਰਾ:
ਅਬਿ ਸੁਨ ਲਿਹੁ ਤੁਰਕਾਨ ਕੀ,
ਪਹੁਂਚੇ ਦੌਰਿ ਲਹੌਰ।
ਸ਼ਾਹੀ ਟਕਾ ਲੁਟਾਇ ਕੈ,
ਤੱਟੀ ਕਰਿ ਗਏ ਚੌਰ[1] ॥੨੫॥ — [1]ਬਾਦਸ਼ਾਹ ਦਾ (ਤੱਟੀ) ਪੜਦਾ (ਚੌਰ) ਚੌੜ ਭਾਵ ਤਬਾਹ ਕਰ ਗਏ।

ਚੌਪਈ:
ਮਾਰ ਖਾਇ ਕਰਿ ਤੋਵਾ ਤੋਵਾ[1]। — [1]ਤੋਬਾ-ਪਸਚਾਤਾਪ ਨਾਲ ਅੱਗੋਂ ਮੰਦਾ ਕਰਮ ਤਿਆਗਣ ਦਾ ਪ੍ਰਣ।
ਇੱਜ਼ਤ ਮਾਲ ਜਿਨੈਂ ਸਭਿ ਖੋਵਾ।
ਕਹੈਂ ਮਿਲੇ ਸਿੰਘ ਹਮ ਕੋ ਲੂਚੇ[1]। — [1]ਲੁੱਚੇ।
ਹਮ ਜਾਂਨਾਂ ਲੈ ਮਸਾਂ ਪਹੂੰਚੇ ॥੨੬॥
ਸਿੰਘਨ ਖਜ਼ਾਨਾ ਲੂਟਜੋ ਸ਼ਾਹੀ।
ਕਜਾਮਤ ਮੇਲੀ ਹਮੈਂ ਤਬਾਹੀ।
ਐਸੇ ਨਾ-ਮੁਰਾਦ ਬਦ-ਜਾਤੈਂ।
ਤਈਂ, ਹਤਨ ਚਹੀਏ[1] ਬਖਯਾਤੈਂ ॥੨੭॥ — [1]ਮਾਰਨਾ ਚਾਹੀਦਾ ਹੈ।
ਸੁਨਿ ਨੁਵਾਬ ਊਪਰ ਤੈ ਝੁਰਿਓ।
ਮਨ ਮੈਂ ਸ਼ੁਕਰ ਸਿੰਘਨ ਕਾ ਕੁਰਿਓ[1]। — [1]ਕੀਤਾ।
ਬਾਦਸ਼ਾਹਿ ਦਿਸ ਲਿਖਯੋ ਇਹਾਹੀ[1]। — [1]ਇਸ ਤਰ੍ਹਾਂ।
ਟਕਾ ਪਠਯੋ ਥਾ ਹਮ ਸਭਿ ਸ਼ਾਹੀ ॥੨੮॥
ਸੰਗ ਰੁਹੇਲੇ ਦੋਇ ਹਜ਼ਾਰੈਂ।
ਔਰ ਫੌਜ ਨਿਜ ਬਹੁ ਰਖਵਾਰੈਂ।
ਸਿੰਘ ਕੌਮ ਬਡ ਆਹਿ ਲੁਟੇਰੀ।
ਮਗ ਮੈਂ ਲੂਟਯੋ ਤਿਨ ਬਿਨ ਦੇਰੀ ॥੨੯॥
ਦੇਸੀ ਰਾਹਜ਼ਨ[1] ਚੋਰ ਲੁਟੇਰੇ। — [1]ਰਾਹ ਮਾਰ।
ਮਿਲੇ ਸਿੰਘਨ ਕੇ ਸੰਗ ਬਧੇਰੇ।
ਕਈ ਹਜ਼ਾਰਨ ਹ੍ਵੈ ਕਰਿ ਕੱਠਾ।
ਜੰਗ ਫੌਜ ਕੇ ਸੰਗੈਂ ਠੱਟਾ ॥੩੦॥

ਦੁਹੂੰ ਦਿਸਾਂ ਤੇ ਮਰੇ ਅਪਾਰੈਂ।
ਆਖਰ ਫੌਜ ਆਈ ਭਗਿ ਹਾਰੈਂ।
ਥੇ ਜੁ ਰੁਹੇਲੇ ਅਏ ਬਗੇਰੇ[1]। [1]ਬਘੇਲੇ ਜਾਤੀ ਦੇ।
ਬੁਜੋ[1] ਭਏ ਸੋ ਸਿੰਘਨ ਅਗੇਰੇ ॥ ੩੧ ॥ [1]ਬਕਰੇ।
ਜੋ ਅਬਿ ਹੋਵੈ ਹੁਕਮ ਹਜੂਰੈਂ।
ਸੋ ਹਮ ਬਰਤੈਂ ਤੈਸ ਜਰੂਰੈਂ।
ਸਿੰਘ ਰਹੇ ਕਰਿ ਅਧਿਕ ਖਰਾਬੀ।
ਫੌਜ ਪਠੋ ਨਿਜ ਬਹੁਤ ਸ਼ਿਤਾਬੀ[1] ॥ ੩੨ ॥ [1]ਛੇਤੀ।
ਹਮ ਨੈ ਰੱਖੀ ਕਸਰ ਨ ਕਾਹੈਂ।
ਦੁਜ਼ਦ[1] ਦਿਨੋ ਦਿਨ ਬਢਤੇ ਜਾਹੈਂ। [1]ਚੋਰੀ।
ਮੁਲਕ ਲੂਟਿ ਸਭਿ ਕਰਜੋ ਤਬਾਹੈ।
ਉਗਰਾਹੀ ਕਾ ਟਕਾ ਨ ਆਹੈ[1] ॥ ੩੩ ॥ [1]ਆਉਂਦਾ।
ਅਬਿ ਹਮ ਨਿਜ ਬਹੁ ਫੌਜ ਪਠਾਈ।
ਪਕਰਨ ਹਿਤ ਸਿੰਘਨ ਕੇ ਤਾਂਈਂ।
ਸ਼ਾਹੀ ਧੌਂਸ[1] ਥਿਰੀ ਮਮ ਦ੍ਵਾਰੈਂ। [1]ਫ਼ੌਜ।
ਦਸਤਕ[1] ਲਹਿਂ ਨਿਤ ਏਕ ਹਜ਼ਾਰੈਂ ॥ ੩੪ ॥ [1]ਚੱਟੀ (ਦੰਡ)।
ਕੁਛ ਦਿਨ ਮੈਂ ਕਰਿ ਔਰ ਉਗਰਾਹੀ।
ਪਠੋਂ ਰੁਹੇਲਜੋਂ ਕੋ ਦੈ ਚਾਹੀ[1] ॥ ੩੫ ॥ [1]ਉਤਸ਼ਾਹ ਨਾਲ ਦੇ ਕੇ।

ਦੋਹਰਾ:
ਯੌਂ ਲਿਖਿ ਪਠਜੋ ਨੁਵਾਬ ਜਬਿ,
ਸੁਨਿ ਪਤਿਸ਼ਾਹਿ ਵਿਚਾਰਿ।
ਭਯੋ ਹਿਰਾਨ ਮਹਾਨ ਅਤਿ,
ਸਰਪ ਚਚੂੰਧਰ ਕਾਰ[1] ॥ ੩੬ ॥ [1]ਸੱਪ ਦੇ ਮੂੰਹ 'ਚ ਪਕੜੀ ਚਚੂੰਧਰ ਵਾਲੀ ਕਾਰ ਹੈ ਭਾਵ ਨਾ ਛੱਡ ਸਕਦਾ ਹੈ ਤੇ ਨਾ ਜੰਗ ਹੀ ਕਰ ਸਕਦਾ ਹੈ।

ਉਤ ਮਰ੍ਹਟੇ ਬਲ ਪਾਇ ਬਹੁ,
ਦੇਸ ਦਬਾਵਤ ਆਇਂ।
ਫੌਜ ਤਹਾਂ ਥੀ ਸਭਿ ਗਈ,
ਰਹਜੋ ਮੋਨ[1] ਦੁਖ ਪਾਇ ॥ ੩੭ ॥ [1]ਚੁੱਪ।
ਹੁਕਮ ਪਠਜੋ ਸੂਬੇ ਤਈਂ,
ਬਾਦਸ਼ਾਹਿ ਤਬਿ ਐਸ।

ਬੰਦੋਬਸਤ ਤੁਮਹੂੰ ਕਰੋ,
ਸਿੰਘਨ ਕਾ ਹੋਇ ਜੈਸ ॥ ੩੮ ॥
ਇਤ ਮਰ੍ਹਟੇ ਉਤ ਸਿੰਘ ਹੈਂ,
ਦੋਨੋਂ ਕੌਮਿ ਖਰਾਬ।
ਹਮ ਇਤ ਮਰ੍ਹਟਜੋਂ ਕੋ ਹਤੈਂ,
ਤੂੰ ਹਤ ਸਿੰਘਨ ਸ਼ਿਤਾਬ ॥ ੩੯ ॥
ਬਾਦਸ਼ਾਹਿ ਕਾ ਹੁਕਮ ਯਹਿ,
ਸੁਨਿ ਨੁਵਾਬ ਧਰਿ ਚੈਨ।
ਕਹਯੋ ਕੀਨ ਉਪਕਾਰ ਬਡ,
ਸਿੰਘਨ ਹਮ ਪਰ ਐਨ ॥ ੪੦ ॥
ਚੌਪਈ:
ਟਕੇ ਸ਼ਾਹਿ ਨਿਤ ਮੁਝ ਤੈ ਚਹਿਤੋ।
ਗਲੋਂ ਨ ਇਤਨ ਬਿਨਾ ਥਾ ਲਹਿਤੋ।
ਟਕੇ ਨ ਸ਼ਾਹਿ ਕਬੀ ਫਿਰ ਚੈਹੈ।
ਦਸਤਕੀਏ ਭੀ ਬਲ ਨ ਜਨੈ ਹੈਂ[1] ॥ ੪੧ ॥ — [1]ਚੱਟੀਦਾਰ ਵੀ ਜ਼ੋਰ ਨਹੀਂ ਜਿਤਾਉਣਗੇ।
ਹਮਰੇ ਗਲੋਂ ਬਲਾਇ ਉਤਾਰੀ।
ਸਿੰਘਨ ਕੀਨ ਬਡੀ ਇਹੁ ਕਾਰੀ।
ਪੈ ਜੇ ਕਰਿ ਅਬਿ ਹਮ ਚੁਪ ਰੈਹੈਂ।
ਤੌ ਸਿੰਘ ਹਮਰੇ ਸਿਰ ਚਢ ਜੈਹੈਂ ॥ ੪੨ ॥
ਬੈਠਨ ਨਹਿਂ ਲਹੌਰ ਮੈ ਦੈਹੈਂ।
ਤਾਂ ਤੇ ਬੰਦੋਬਸਤ ਇਨ ਕੈਹੈਂ[1]। — [1]ਕਰਦੇ ਹਾਂ।
ਯਹਿ ਸਲਾਹਿ ਕਰਿ ਦੁਸ਼ਟ ਨੁਵਾਬੈਂ।
ਮਿੱਥਜਾ-ਵਾਦੀ[1] ਅਧਿਕ ਖਰਾਬੈਂ ॥ ੪੩ ॥ — [1]ਝੂਠੇ।
ਸਿੰਘਨ ਪੈ ਯਾ ਬਿਧਿ ਕਹਿ ਪਠਯੋ।
ਦੇਹੁ ਖਜ਼ਾਨਾਂ ਜੋ ਤੁਮ ਲੁਟਯੋ।
ਨਾਹਿਂ ਤ ਜਰ ਤੁਮਰੀ ਮੈਂ ਧਰ ਤੈਂ[1]। — [1]ਤੁਹਾਡੀ ਜੜ੍ਹ ਧਰਤੀ ਤੋਂ।
ਦੈਹੁਂ ਉਖੇਰ, ਲਖੋ ਇਹੁ ਸ਼ਰਤੈਂ[1] ॥ ੪੪ ॥ — [1]ਇਹ ਮੇਰਾ ਪ੍ਰਣ ਜਾਣੋਂ।
ਸਿੰਗਨ ਇਹੁ ਜਵਾਬ ਤਿਹਿਂ ਦੀਆ।
ਕਯਾ ਤੁਮ ਮਸਲਾ[1] ਨਾਹਿਂ ਸੁਨੀਆ। — [1]ਅਖਾਣ।
ਦੂਧ ਡੂੰਮਨੀ ਕੇਰ ਸਿਰ੍ਹਾਨੈਂ।

ਬਾਲਕ ਡਾਇਣ ਗੋਦ ਨਿਦਾਨੈਂ ॥ ੪੫ ॥
ਗਿਰ ਕੇ ਸਿਰ ਪਰ ਜਿਉਂ ਜਲ ਗਹਿਰੈਂ।
ਤੈਸ ਲੁਟੇਰਨ ਢਿਗ ਦਨ ਠਹਿਰੈਂ[1]।

[1]ਜਿਵੇਂ ਮਿਰਾਸਣ ਦੇ ਸਿਰਹਾਣੇ ਦੁੱਧ, ਡਾਇਣ ਦੀ ਗੋਦ ਵਿੱਚ (ਨਿਦਾਨ) ਛੋਟਾ ਬੱਚਾ ਤੇ ਪਹਾੜ ਦੀ ਚੋਟੀ 'ਤੇ ਡੂੰਘੇ ਪਾਣੀ ਦਾ ਠਹਿਰਣਾ ਹੈ ਤਿਵੇਂ ਹੀ ਲੁਟੇਰਿਆਂ ਕੋਲ ਧਨ ਦਾ ਠਹਿਰਨਾ ਹੈ ਭਾਵ ਇਹ ਸਾਰੀਆਂ ਚੀਜ਼ਾਂ ਇਨ੍ਹਾਂ ਥਾਵਾਂ 'ਤੇ ਨਹੀਂ ਠਹਿਰਦੀਆਂ।

ਅਰ ਸ਼ੇਰਨ ਕੀ ਦਾੜ੍ਹਨ ਮਾਹੈਂ।
ਆਯੋ ਮਾਸ ਨ ਕਿਸੈ ਮਿਲਾ ਹੈ ॥ ੪੬ ॥
ਨਾਹਿਂ ਮਰਯੋ ਜੀਵਤ ਸਭਿ ਕੂਕੈਂ[1]।

[1]ਸਾਰੇ ਕਹਿੰਦੇ ਹਨ ਪਰ ਜੀਉਂਦਾ ਕੋਈ ਨਹੀਂ ਮਰਿਆ।

ਨਿਜ ਫੂਕਯੋ ਜਿਨ ਸੋ ਪਰ ਫੂਕੈਂ[1]।

[1]ਜਿਨ੍ਹਾਂ ਨੇ ਆਪਣੇ ਆਪ ਨੂੰ ਸਾੜ ਲਿਆ ਹੈ ਉਹ ਪਰਾਏ ਨੂੰ ਵੀ ਸਾੜ ਦਿੰਦੇ ਹਨ।

ਅਰ ਤੁਮ ਭਾਖਯੋ ਜੋ ਜਰ ਖੋਨੀ[1]।

[1]ਜੜ੍ਹ ਪੁੱਟਣੀ ਹੈ।

ਇਹੁ ਤੋ ਨਾਹਿਂ ਕਦੀ ਭੀ ਹੋਨੀ ॥ ੪੭ ॥
ਅਮਰ ਬੇਲ ਸਮ ਹਮਰੀ ਜਰ[1] ਹੈ।

[1]ਜੜ੍ਹ।

ਲਾਗੀ ਸਭਿ ਨਰ ਬਿਰਛਨ ਪਰ ਹੈ।
ਅੰਬਰ ਮੈਂ ਹੀ ਲੰਭਰ ਰਹੀ[1]।

[1]ਅਕਾਸ਼ ਵਿੱਚ ਹੀ (ਲੰਭਰ) ਫੈਲ ਰਹੀ ਹੈ।

ਜਹਾਂ ਪਿਗੰਬਰ ਲੰਬਰ ਨਹੀ[1] ॥ ੪੮ ॥

[1]ਜਿੱਥੇ ਕਿਸੇ ਪੈਗ਼ੰਬਰ ਦਾ ਨਿਸ਼ਾਨ ਨਹੀਂ ਭਾਵ ਹਰ ਮਜ਼ਹਬ ਦਾ ਬੰਦਾ ਸਿੰਘ ਸਜ ਜਾਂਦਾ ਹੈ।

ਜਵਾਨ ਥਏ[1] ਹੀ ਹਮ ਮੈਂ ਐਹੈਂ।

[1]ਹੁੰਦਿਆਂ ਹੀ।

ਨਹਿਂ ਨਿਪੁਜਾਨੇ ਪਾਲਨ ਪੈਹੈਂ[1]।

[1]ਨਾ ਪੈਦਾ ਕਰਨੇ ਤੇ ਨਾ ਹੀ ਪਾਲਣੇ ਪੈਂਦੇ ਹਨ।

ਅਰ ਤੁਮ ਜਰਾਂ ਉਖੇਰਨ ਵਾਰੇ।
ਜੰਮੇ ਕਿਤ ਤੇ ਕਹੋ ਵਿਚਾਰੇ ॥ ੪੯ ॥
ਸੁਤ ਅਕਾਲ ਕੇ ਪੰਥ ਪ੍ਰਚਾਰਾ[1]।

[1]ਅਕਾਲ ਦੇ ਪੁੱਤ੍ਰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਨੇ ਪੰਥ ਪ੍ਰਚਲਤ ਕੀਤਾ ਹੈ।

ਰੱਖਕ ਯਾਂ ਤੈ ਪ੍ਰਭੁ ਹਮਾਰਾ।
ਸਾਹਿਬ ਰੱਖਕ ਥੈਹੈ ਜਿਸ ਕਾ।
ਬਾਲ ਨ ਬਿੰਗਾ ਹੋਵਤ ਤਿਸ ਕਾ ॥ ੫੦ ॥
ਧ੍ਰੂ ਪ੍ਰਹਿਲਾਦ ਕ੍ਰਿਸ਼ਨ ਕੋ ਹੇਰੋ।
ਪ੍ਰਭੈਂ ਬਚਾਏ ਕੈਸ ਕੁਫੇਰੋਂ[1]।

[1]ਖੋਟੇ ਗੇੜ ਭਾਵ ਬਿਪਤਾ 'ਚੋਂ।

ਅਰ ਪਿਖ ਤੂੰ ਨਿਜ ਬਡਿਅਨ ਤਾਂਈਂ।
ਕਿਸ਼ਤੀ ਜਿਸ ਨੈ ਨੂਹ[1] ਬਚਾਈ ॥ ੫੧ ॥

[1]ਇਕ ਪੈਗ਼ੰਬਰ।

ਇਬਰਾਹੀਮ ਅਗਨਿ ਮੈਂ ਰਾਖਾ।
ਫਿਰ ਤਿਹ ਸੁਤ ਹਿਤ ਦੁੰਬਾ ਚਾਖਾ।
ਮੂਸਾ ਵੀਚ ਸਮੁੰਦਰ ਰੱਖਜੋ।
ਫਿਰਾਹੂੰਨ ਸਹਿ ਸੈਨਾ ਭੱਖਜੋ[1] ॥੫੨॥

[1]ਮਿਸਰ ਦੇ ਮਸ਼ਹੂਰ ਬਾਦਸ਼ਾਹ ਫਰਊਨ ਨੂੰ ਸਣੇ ਫ਼ੌਜ ਨਸ਼ਟ ਕੀਤਾ।

ਕਰਿ ਸੰਗਸਾਰ[1]* ਮਾਰ ਕੈ ਬੈਰੀ।

[1]ਪੱਥਰ ਮਾਰ ਕੇ। *ਏਥੇ ਮੂਲ ਵਿੱਚ ਪਾਠ ਸੰਸਾਰ ਛਪਿਆ ਹੋਇਆ ਹੈ। ਅਸਾਂ ਸੰਗਸਾਰ ਸ਼ੁੱਧ ਕਰ ਦਿੱਤਾ ਹੈ।

ਗਏ ਮੁਹੰਮਦ ਕੋ ਸਿੱਟ ਸੈਰੀ[1]।

[1]ਜੰਗ ਦੇ ਮੈਦਾਨ ਵਿੱਚ।

ਤੂਟੇ ਦੰਦ, ਜਿੰਦ ਜਿਨ ਰਾਖੀ।
ਸੋ ਹਮਰਾ ਰਖਕ ਪ੍ਰਭ ਸਾਖੀ[1] ॥੫੩॥

[1]ਗਵਾਹ ਹੈ।

ਸਾਬਰ[1] ਪੈਕੰਬਰ ਕੀ ਤੌਰੈਂ[2]।

[1]ਇਕ ਪੈਗ਼ੰਬਰ। [2]ਤਰ੍ਹਾਂ।

ਪਰਖਤ ਹੈ ਹਮ ਕੌਂ ਪ੍ਰਭੁ ਗੌਰੈਂ[1]।

[1]ਬਹੁਤਾ।

ਹਜ਼ਰਤ ਈਸਾ ਕੇ ਜਨੋਂ ਚੇਲੇ।
ਕਸ਼ਟ ਸਹਿਤ ਅਤਿ ਰਹੇ ਦੁਹੇਲੇ[1] ॥੫੪॥

[1]ਦੁਖੀ।

ਹਰੀ ਚੰਦ ਨ੍ਰਿਪ ਤਈਂ ਪਰੇਖੋ[1]।

[1]ਪਰਖੋ।

ਤੈਸ ਹਵਾਲ ਹਮਾਰਾ ਲੇਖੋ[1]।

[1]ਜਾਣੋ।

ਤੁਮ ਤੇ ਕਿਸ ਕੋ ਪਾਨੀਹਾਰੈਂ[1]।

[1]ਪਾਣੀ ਭਰਨ ਵਾਲਾ ਨੌਕਰ।

ਜੌਂ ਚਢਿ ਆਇ ਤੁਕਾਨੀ ਸਾਰੈਂ ॥੫੫॥
ਤੌ ਭੀ ਹਮ ਨਹਿਂ ਨਿਜ ਹਠ ਤਜ ਹੈਂ।
ਬਿਨ ਅਕਾਲ ਨਹਿਂ ਔਰਹਿਂ ਭਜ ਹੈਂ।
ਪੀਛੇ ਭੀ ਨਹਿਂ ਕਸਰ ਰਖਾਈ।
ਅਬਿ ਤੁਮ ਨਿਜ ਬਲ ਲੈਹੋ ਲਾਈ ॥੫੬॥
ਮਜਾਂਕੇ ਚਜਾਂਕੇ[1] ਛੁਟੈ ਨ ਬਕਰੀ।

[1]ਮਿਆਂਕਣ ਤੇ ਚਿਆਂਕਣ ਕਰਕੇ।

ਮਾਂ ਮਾਂ ਕਹੇ ਨ ਮਿਲ ਹੈ ਕਕਰੀ[1]।

[1]ਖੱਖੜੀ ਫਲ।

ਹਮਰੇ ਕਹੇ ਹਟਜੋ ਤੂੰ ਕਬਿ ਹੈਂ।
ਜੋ ਕਰਨਾ ਚਹਿਂ ਕਰਿ ਲੈ ਸਭਿ ਹੈ ॥੫੭॥
ਤੁਮਰੀ ਜਿੰਦ ਨ ਹਮ ਭੀ ਛੋਰੈਂ।
ਮਾਰੈਂ ਤੋਹਿ ਸਾਂਝ ਕੈ ਭੋਰੈਂ[1]।

[1]ਸ਼ਾਮ ਨੂੰ ਜਾਂ ਸਵੇਰ ਨੂੰ।

ਰਾਜ ਲੈਹਿਂਗੇ ਬਲ ਤਰਵਾਰੈਂ।
ਹਮ ਹੀ ਤੁਮਰੀ ਜਰਾਂ ਉਖਾਰੈਂ ॥੫੮॥

ਦੋਹਰਾ:
ਇਤਯਾਦਿਕ ਸੁਨਿ ਸਿੰਘਨ ਕੀ,
ਮੁਨਿ ਨੁਵਾਬ ਰਿਸ ਠਾਨ।
ਲਾਇ ਕਚਹਿਰੀ ਮਸ਼ਵਰਾ[1], — [1]ਸਲਾਹ।
ਕੀਨੋ ਐਸ ਮਹਾਨ ॥੫੯॥
ਹਾਕਲਾ ਛੰਦ:
ਜਬਿ ਲੌ ਹਮ ਸਿੰਘਨ ਚੁਨ ਕੈ।
ਨਹਿਂ ਮਾਰਤ ਇਕ ਇਕ ਗੁਨ ਕੈ[1]। — [1]ਵਿਚਾਰ ਕੇ।
ਤੌ ਲੌ ਇਹ ਦੁਜ਼ਦ ਨ[1] ਚੈਨਾ[2]। — [1]ਚੋਰਾਂ ਨੇ। [2]ਅਰਾਮ।
ਹਮ ਕੋ ਕਬਿ ਦੀਨੋ ਲੈਨਾ ॥੬੦॥
ਅਬਿ ਫੌਜ ਚਢਾਇਨ ਚੱਯੇ[1]। — [1]ਚਾਹੀਦੀ ਹੈ।
ਜਯੋਂ ਤਯੋਂ ਕਰਿ ਨੇਸਤ ਕੱਯੇ[1]। — [1]ਨਾਸ ਕਰੀਏ।
ਜਬਿ ਏਕ ਦੁਜ਼ਦ[1] ਨਹਿਂ ਰੈਹੈ। — [1]ਚੋਰ ਭਾਵ ਸਿੰਘ।
ਤਬਿ ਹੀ ਸੁਖ ਹਮ ਕੋ ਥੈਹੈ[1] ॥੬੧॥ — [1]ਹੋਵੇਗਾ।
ਇਹ ਸੋਚ ਚਢਾਈ ਸੈਨਾ।
ਹਿਤ ਮਾਰਨ ਸਿੰਘਨ ਐਨਾ[1]। — [1]ਚੰਗੀ ਤਰ੍ਹਾਂ।
ਸਭਿ ਲੰਬਰਦਾਰਨ ਤਾਂਈਂ।
ਭਾਖਯੋ ਦਿਹੁ ਸਿੰਘਨ ਫਰਾਈ ॥੬੨॥
ਜਿਸ ਗਾਮ ਸੀਮ ਕੇ ਮਾਹੀਂ[1]। — [1]ਜਿਸ ਪਿੰਡ ਦੀ ਹੱਦ ਵਿੱਚ।
ਸਿੰਘ ਰਹਿਤ ਸਹੀ ਹ੍ਵੈ ਜਾਹੀਂ।
ਤਿਸ ਹੀ ਕੀ ਛੀਨ ਪੈਂਚਾਈ।
ਦੈਹੈਂ ਹਮ ਮੁਖਬਰ[1] ਤਾਂਈਂ ॥੬੩॥ — [1]ਖ਼ਬਰ ਦੇਣ ਵਾਲੇ ਨੂੰ।
ਇਹੁ ਸੁਨਿ ਸਭਿ ਲੰਬਰਦਾਰਨ।
ਸਿੰਘਨ ਕੋ ਚਾਹਯੋ ਮਾਰਨ।
ਸਿੰਘਨ ਭੀ ਅਧਿਕ ਰਿਸੈ ਕੈ।
ਸਮ ਚਪੇ ਚੋਰ[1] ਬਲ ਕੈ ਕੈ ॥੬੪॥ — [1]ਖਿਝੇ ਚੋਰ ਵਾਂਗ।
ਸੱਤ੍ਰੁਨ ਕੋ ਚਨੇ ਚਬਾਏ।
ਨਹਿਂ ਚੈਨ ਲੈਨ ਤਿਨ ਦਾਏ।
ਬਾਹਰ ਤੈ ਖੇਤ ਖਸੋਟੇ[1]। — [1]ਖੋਹੇ।
ਘਰ ਮਾਰੇ ਧਾਰੇ[1] ਮੋਟੇ ॥੬੫॥ — [1]ਧਾੜੇ, ਡਾਕੇ।

ਜਿਨ ਅੱਗਜੋਂ ਹੱਥ ਉਠਾਯਾ।
ਸੋ ਫੱਟਜਾ[1], ਕੋਉ ਮੁਕਾਯਾ। — [1]ਜ਼ਖ਼ਮੀ ਕੀਤਾ।
ਕਰਿ ਸੱਤ੍ਰਨ ਤਈਂ ਕੰਗਾਲੈਂ।
ਖੁਦ ਝਾੜ ਪਹਾੜ ਸਮ੍ਹਾਲੈਂ ॥ ੬੬ ॥
ਨਹਿੰ ਹਾਥ ਕਿਸੀ ਕੇ ਐਹੈਂ।
ਲਰ ਕੈ ਹਰ ਕੈ ਅਰਿ ਤੈਹੈਂ[1]। — [1]ਲੜ ਕੇ ਵੈਰੀਆਂ ਨੂੰ ਮਾਰ ਕੇ।
ਇਮ ਗਦਰ ਜਦ ਰਰਹਿ ਮਾਚਾ[1]। — [1]ਹਲਚਲੀ ਤੇ ਜੰਗ ਹੁੰਦਾ ਰਹਿੰਦਾ ਹੈ।
ਨਹਿੰ ਗਾਮ ਗਨੀ ਕੋ ਬਾਚਾ[1] ॥ ੬੭ ॥ — [1]ਧਨੀ ਪਿੰਡ ਕੋਈ ਨਹੀਂ ਬਚਿਆ।
ਫਿਰ ਸਿੰਘਨ ਕਰਿ ਏਕਾਯਤ[1]। — [1]ਏਕਾ।
ਕਰਿ ਕੋਪ ਸੁ ਜ਼ਿੱਦ ਨਿਹਾਇਤ[1]। — [1]ਬਹੁਤੀ।
ਮਿਲ ਕੈ ਸਭ ਨੈਂ ਇਕ ਠੌਰੈਂ।
ਬਨ ਕੈ ਬਡ ਲਸਕਰ ਤੌਰੈਂ[1] ॥ ੬੮ ॥ — [1]ਤਰ੍ਹਾਂ, ਵਾਂਗ।
ਇਤ ਜੇਹਲਮ ਉਤ ਸਤਲੁਜ ਲੌਂ।
ਮੁਲਤਾਨ ਪਹਾੜਨ ਮਝਲੌਂ[1]। — [1]ਵਿਚਲਾ।
ਸਭਿ ਦੇਸ ਖੂਬ ਹੀ ਗਾਹਜੋ।
ਛੈ ਮਾਸਕ ਐਸ ਨਿਬਾਹਜੋ ॥ ੬੯ ॥
ਜੇ ਤੁਰਕ ਧਨੀ ਥੇ ਦ੍ਵੈਸ਼ੀ।
ਤੇ ਮਾਰੇ ਲੁਟੇ ਰ੍ਵੈਸ਼ੀ[1]। — [1]ਰੋਂਦੇ ਹਨ।
ਤਬਿ ਹਾਰਿ ਨੁਵਾਬ ਵਿਚਾਰਾ।
ਨਹਿੰ ਚਲਤ ਸਿੰਘਨ ਸੋਂ ਚਾਰਾ[1] ॥ ੭੦ ॥ — [1]ਜ਼ੋਰ।
ਫਿਰ ਸਿੰਘ ਸਬੇਗ ਬੁਲਾਯੋ।
ਸਾਦਰ[1] ਨਿਜ ਪਾਸ ਬਿਠਾਯੋ। — [1]ਆਦਰ ਨਾਲ।
ਮਨ ਮੈਂ ਰਖਿ ਕਪਟ ਬਧੇਰੀ।
ਉਨ ਤਾਰ ਐਸ ਬਿਧਿ ਛੇਰੀ ॥ ੭੧ ॥
ਤੁਮ ਬਡ ਸਿੰਘਨ ਢਿਗ ਜਾਹੋ।
ਹਮ ਸੰਗੈਂ ਸੁਲ੍ਹਾ ਕਰਾਹੋ।
ਨਹਿੰ ਸੋ ਇਹੁ ਮੁਲਕ ਉਜਾਰੈਂ।
ਹੈ ਉਨ ਕਾ ਭਾਈਚਾਰੈਂ ॥ ੭੨ ॥
ਇਕ ਹਮਰੀ ਮਸਲਤ[1] ਮਾਨੈਂ। — [1]ਸਲਾਹ।
ਹਮ ਸੈਂ ਕਰਿ ਅਹਿਦ-ਪਿਮਾਨੈ[1]। — [1]ਇਕਰਾਰ-ਨਾਮਾ।

ਹਮ ਅਰ ਸਿੰਘ ਇੱਕ ਥੈਹੈਂ[1]। — [1]ਇਕ ਹੋ ਜਾਵਾਂਗੇ।
ਚਢਿ ਦੇਸ ਔਰ ਮਲ ਲੈਹੈਂ ॥ ੭੩ ॥
ਉਤ ਦਿੱਲੀ ਇਤੈ ਪਿਸ਼ੌਰੈਂ।
ਕਸ਼ਮੀਰ ਸਿੰਧ ਲੌ ਗੌਰੈਂ[1]। — [1]ਬਹੁਤਾ।
ਹੈ ਪਰੋ ਦੇਸ ਇਹੁ ਭਾਰੋ।
ਬਿਨ ਮਾਲਕ ਬਲੀ ਕਰਾਰੋ[1] ॥ ੭੪ ॥ — [1]ਤਕੜੇ ਬਲਵਾਨ ਮਾਲਕ ਤੋਂ ਬਿਨਾਂ।
ਜੋ ਆਹਿ ਲਹੌਰ ਨਜ਼ਾਮਤ[1]। — [1]ਸੂਬੇਦਾਰੀ।
ਇਹੁ ਲਖਿ ਮਮ ਮੁਲਕ ਕਦਾਮਤ[1]। — [1]ਪੁਰਾਣਾ, ਮੁੱਢ ਦਾ।
ਇਹੁ ਰਹਿ ਹੈ ਮਮ ਢਿਗ ਖਾਸੈਂ[1]। — [1]ਆਪਣੇ ਪਾਸ।
ਜੋ ਔਰ ਰੋਕ ਹੈਂ ਪਾਸੈਂ[1] ॥ ੭੫ ॥ — [1]ਹੋਰ ਪਾਸਿਆਂ ਤੋਂ ਜੋ ਮੁਲਕਰੋਕਾਂਗੇ।
ਸੋ ਅਰਧੋ ਅਰਧ[1] ਕਰੈ ਹੈਂ। — [1]ਅੱਧੋ ਅੱਧ।
ਇਮ ਸਿੰਘ ਭੂਪ[1] ਬਨ ਜੈਹੈਂ। — [1]ਰਾਜੇ।
ਜਬਿ ਹਮ ਤੁਮ ਮੇਲ ਇਮ ਰਖ ਹੈਂ।
ਤਬਿ ਔਰ ਨ ਕੋ ਤਕ ਸਕ ਹੈਂ ॥ ੭੬ ॥
ਇਹ ਦਿੱਲੀ ਢਿੱਲੀ ਹੋਈ।
ਚਢਿ ਆਇ ਸਕਤ ਨਹਿਂ ਕੋਈ।
ਪੱਛਮ ਕੇ ਤੁਰਕ ਜੁ ਸ਼ਾਹੈਂ[1]। — [1]ਬਾਦਸ਼ਾਹ।
ਯਹਿ ਸੁਨਿ ਸੋ ਭੀ ਨਹਿਂ ਆਹੈਂ[1] ॥ ੭੭ ॥ — [1]ਨਹੀਂ ਆਉਣਗੇ।
ਹਮ ਤੁਮ ਇਸ ਭਾਂਤਿ ਸੁਤੰਤਰ[1]। — [1]ਆਜ਼ਾਦ।
ਮਿਲਿ ਕਰਿ ਹੈਂ ਰਾਜ ਨਿਰੰਤਰ[1]। — [1]ਲਗਾਤਾਰ।
ਮਮ ਮਸਲਤ ਇਹੁ, ਤੁਮ ਜਾਏ।
ਸਿੰਘਨ ਕੋ ਲਿਹੁ ਮਨਵਾਏ ॥ ੭੮ ॥
ਫਿਰ ਜੱਥੇਦਾਰ ਹੈਂ ਜੇਤੇ।
ਸਿੰਘ ਮੁਝ ਢਿਗ ਆਵੈਂ ਤੇਤੇ।
ਕਰਿ ਕਸਮ ਨੇਮ ਤਹਿਰੀਰੈਂ[1]। — [1]ਲਿਖਤਾਂ।
ਫਿਰ ਕਰੈਂ ਉਪਾਇ ਗੰਭੀਰੈਂ ॥ ੭੯ ॥
ਇਸ ਭਾਂਤਿ ਤੁਰਕ, ਸਿਖਰੈ ਕੈ[1]। — [1]ਸਿਖਾ ਕੇ।
ਕਾਬੂ ਕਿਯ ਚਹਿਂ ਦਮ ਦੈ ਕੈ[1]। — [1]ਰੁਪਏ ਦੇ ਕੇ। (ਅ) ਸਾਹ ਦੇ ਕੇ।
ਤਬਿ ਸਿੰਘ ਸਬੇਗ ਸਬੇਗੈਂ[1]। — [1]ਛੇਤੀ।

ਇਹੁ ਲੈ ਪੈਗਾਮ[1] ਅਭੇਗੈਂ[2] ॥੮੦॥

[1]ਸੁਨੇਹਾ। [2](ਹਰ ਗੱਲ ਨੂੰ) ਚੰਗੀ ਤਰ੍ਹਾਂ ਜਾਨਣ ਵਾਲਾ (ਸੁਬੇਗ ਸਿੰਘ)।

ਚਲਿ ਪੰਥ ਪਾਸ ਪਾਹੂੰਚੇ।
ਗੁਰੁ ਫਤੇ ਬੁਲਾਈ ਊਚੇ।
ਤਬਿ ਪੰਥ ਬਟਾਲੇ ਪਾਸੈਂ।
ਥਾ ਥਿਰਜੋ ਅਧਿਕ ਹੀ ਖਾਸੈਂ[1] ॥੮੧॥

[1](ਪੰਥ) ਆਪ ਬਹੁਤ ਗਿਣਤੀ ਵਿੱਚ ਠਹਿਰਿਆ ਹੋਇਆ ਸੀ।

ਬੁਢਾ ਸਿੰਘ ਹਰਿ ਦਰਵਾਰਾ।
ਸਿੰਘ ਫਤੇ, ਦੀਪ ਸਿੰਘ ਭਾਰਾ।
ਇਤਜਾਦਿਕ ਥੇ ਸਰਦਾਰਾ।
ਤਬਿ ਮਾਨੀ[1] ਪੰਥ ਮਝਾਰਾ ॥੮੨॥

[1]ਮੰਨੇ ਹੋਏ ਭਾਵ ਮੁਖੀ।

ਉਨ ਪੈ ਜਬਿ ਜਾਇ ਵਕੀਲੈਂ।
ਸਭਿ ਬਾਤ ਕਹੀ ਬਿਨ ਢੀਲੈਂ।
ਫਿਰ ਪੰਥ ਦਿਵਾਨ ਲਗਾਯੋ।
ਗੁਰੁਮਤਾ ਕੀਨ ਭਲ ਭਾਯੋ[1] ॥੮੩॥

[1]ਬਹੁਤ ਚੰਗਾ।

ਤਬਿ ਸਿੰਘ ਨਗਾਹੀਆ ਬੋਲਾ।
ਵਹਿ ਦੈਹੈ ਧੋਖਾ ਭੋਲਾ[1]।

[1]ਹੇ ਭੋਲੇ ਪੰਥ।

ਇਮ ਤੋੜ ਹਮਾਰਾ ਜੋਰਾ।
ਨਿਜ ਸੰਗ ਮਿਲਾਇ ਬਹੋਰਾ ॥੮੪॥
ਕਿਤ ਲੈ ਕੈ ਕਾਬੂ ਮਾਹੀਂ।
ਸਭਿ ਹੀ ਕੋ ਦੈਹ ਮੁਕਾਹੀ।
ਆਗੇ ਜੋ ਪੰਥਹਿ ਮਰਜੀ।
ਹੈ ਤੁਰਕ ਛਲੀ ਖੁਦਗਰਜ਼ੀ ॥੮੫॥
ਅਬਿ ਡਰਤ ਕਰਤ ਹੈ ਮੇਲੈਂ।
ਫਿਰ ਕਰਿ ਕਰਿ ਹਤੈ ਦੁਹੇਲੈਂ[1]।

[1]ਦੁਖੀ ਕਰ ਕਰ ਕੇ ਮਾਰੇਗਾ।

ਜੋ ਦੁਸ਼ਮਨ ਜਾਨੀ ਭਾਰੋ।
ਪਾਯੋ ਚਹਿ ਭਾਈਚਾਰੋ ॥੮੬॥
ਸੋ ਥੈਹੈ ਜ਼ਹਿਰ ਅਮੇਜੈ[1]।

[1]ਉਹ ਭਾਈਚਾਰਾ ਜ਼ਹਿਰ ਨਾਲ ਮਿਲਿਆ ਹੋਇਆ ਹੋਵੇਗਾ।

ਛਕਿ ਜੈਹੈ ਅੰਤ ਕਰੇਜੈ[1]।

[1](ਜੇ ਤੁਸੀਂ ਉਸ ਜ਼ਹਿਰ ਨੂੰ) ਛਕ ਜਾਵੋਗੇ (ਤਾਂ ਤੁਹਾਡਾ) ਅੰਤ ਕਰ ਦੇਵੇਗੀ।

ਇਸ ਹੀ ਤੈ ਸਤਿਗੁਰ ਵਰਨਾ[1]।
ਨ ਵਿਸਾਹੁ ਤੁਰਕ ਕਾ ਕਰਨਾ ॥੮੭॥

[1]ਕਿਹਾ ਹੈ।

ਜੇ ਸਾਚਾ ਤਿਸ ਕਾ ਦਿਲ ਹੈ।
ਅਰ ਏਕ ਬਨਨ ਹਿਤ ਮਿਲ ਹੈ।
ਤੌ ਤੋਪ ਗੁਬਾਰੇ[1] ਜੇਤੇ।
ਸਿੰਘਨ ਕੋ ਸੌਂਪੇ ਤੇਤੇ ॥੮੮॥
ਜੇ ਇਹੁ ਸਲੂਕ[1] ਨਹਿਂ ਕਰਿ ਹੈ।
ਤਬਿ ਜੋਰ ਕੈਸ ਹਮ ਪਰ ਹੈ।
ਫਿਰ ਹਿੰਦੂ ਤੁਰਕ ਹਮਾਰੇ।
ਬੈਰੀ ਹੈਂ ਦਿਲ ਸੈਂ ਸਾਰੇ ॥੮੯॥
ਤੁਰਕੋਂ ਸੇ ਮਿਲਿ ਪਤਿਸ਼ਾਹੀ।
ਹਮ ਸਕ ਹੈਂ ਕੈਸ ਕਰਾਹੀ।
ਇਨ ਕੀ ਅਰ ਹਮਰੀ ਪ੍ਰੀਤੀ।
ਸਮ ਛੁਰੀ ਕਾਕਰੀ ਨੀਤੀ[1] ॥੯੦॥
ਤਮ ਤੇਜ[1] ਨ ਇਕਠੇ ਥੈਹੈਂ।
ਜਲ ਅਗਨੀ ਸਮ ਹਮ ਏਹੈਂ।
ਵਹਿ ਦਾਉ ਚਹਿਤ ਹੈ ਮਾਰਾ।
ਦੈ ਧੋਖਾ ਇਸ ਪਰਕਾਰਾ ॥੯੧॥
ਜੋ ਉਨ ਦਿਲ ਦਗਾ ਉਪਾਯਾ।
ਗੁਰ ਹਮ ਕੋ ਪਹਿਲ ਬਤਾਯਾ।
ਇਹੁ ਬਿਨਤੀ ਰਾਇ ਹਮਾਰੀ।
ਹੈ ਸਭਿ ਹੀ ਪੰਥ ਅਗਾਰੀ ॥੯੨॥
ਆਗੇ ਜੋ ਸਭਿ ਕੀ ਮਰਜ਼ੀ।
ਹਮ ਹੈਂ ਉਸ ਹੀ ਕੇ ਗਰਜ਼ੀ[1]।
ਇਹੁ ਸੁਨਿ ਸਭਿ ਸਿੰਘਨ ਉਵਾਚਾ[1]।
ਇਨ ਕਹਯੋ ਸਿੰਘ ਸਭਿ ਸਾਚਾ ॥੯੩॥
ਹਮ ਕਰੈਂ ਬਿਸਾਹੁ ਨ ਤੁਰਕੈਂ।
ਰੈਹੈਂ ਭਾਰੋਸੇ ਗੁਰੁ ਕੈ।
ਜੇ ਮੇਲ ਕਰਯੋ ਸੋ ਚੈਹੈ।
ਤੌ ਤੋਪੈਂ ਹਮ ਕੋ ਦੈਹੈ ॥੯੪॥
ਦੋਹਰਾ:
ਇਹੁ ਉੱਤਰ ਲੈ ਪੰਥ ਤੈ,

[1]ਗੁਬਾਰਾ, ਚੌੜੇ ਮੂੰਹ ਵਾਲੀ ਲੰਬਾਈ ਵਿੱਚ ਬਹੁਤ ਛੋਟੀ ਤੋਪ।
[1]ਵਰਤਾਉ।
[1]ਖੱਖੜੀ ਤੇ ਛੁਰੀ ਦੇ ਮੇਲ ਵਰਗੀ ਨੀਤੀ ਹੈ।
[1]ਅਨ੍ਹੇਰਾ ਤੇ ਚਾਨਣ।
[1]ਚਾਹਵਾਨ।
[1]ਕਿਹਾ।

ਤਬਿ ਸਬੇਗ ਸਿੰਘ ਜਾਇ।
ਖਾਨ ਬਹਾਦਰ ਢਿਗ ਸਭੀ,
ਦੀਨੀ ਬਾਤ ਸੁਨਾਇ ॥ ੯੫ ॥

ਸ੍ਵੈਯਾ:

ਸੁਨ ਕੈ ਇਮ ਨਾਜ਼ਮ[1] ਜਾਨ ਲਯੋ,
[1]ਸੂਬੇ ਨੇ।
ਇਹੁ ਆਜ਼ਮ ਸਿੰਘ ਸਿਆਨੇ ਮਹਾਂ[1]।
[1]ਇਹ ਸਿੰਘ ਬਹੁਤ (ਆਜ਼ਮ) ਵੱਡੇ ਸਿਆਣੇ ਹਨ।
ਕਬਿ ਆਵਤ ਹੈਂ ਮਮ ਪੇਚ ਵਿਖੇ[1],
[1]ਦਾਉ ਵਿੱਚ, ਧੋਖੇ ਵਿੱਚ।
ਜਿਨਿ ਲੂਟਿ ਖਯੋ ਸਭਿ ਏਹ ਜਹਾਂ।
ਕਹਿੰ ਚਾਤੁਰ ਲੋਗ ਸੁਨਾਰ ਤਈਂ,
ਤਿਸ ਤੈ ਬਧ ਯਾਰ ਸੁ ਚੋਰ ਕਹਾ[1]।
[1]ਸੁਨਾਰੇ ਨਾਲੋਂ ਯਾਰ ਤੇ ਚੋਰ ਨੂੰ ਵੱਧ (ਚਤੁਰ) ਕਹੀਦਾ ਹੈ।
ਤਿਗਨੋ ਤਿਨ ਤੈ ਬਟ-ਪਾਰ ਡਕੈਤ[1],
[1]ਤਿੰਨ੍ਹਾਂ ਨਾਲੋਂ ਤਿੰਨ ਗੁਣਾ ਚਤੁਰਰਾਹ ਮਾਰ ਤੇ ਡਾਕੂ ਹੁੰਦੇ ਹਨ।
ਲੁਟੇਰਨ ਕਾ ਕਿਨ ਅੰਤ ਲਹਾ ॥ ੯੬ ॥
ਅਤਿ ਹੈਂ ਯਹਿ ਚੋਰ ਮਹਾਂ ਚਤੁਰੇ,
ਹਮਰੇ ਕਬਿ ਦਾਮਨ ਫੰਧ ਫਸੈਂ[1]।
[1]ਸਾਡੀ ਚਤੁਰਾਈ ਦੀਰੱਸੀ ਦੀ ਫਾਹੀ ਵਿੱਚ ਕਦੋਂ ਫਸਦੇ ਹਨ।
ਇਕ ਸਾਂਪ, ਮਨੀ ਯੁਤ, ਪੰਖ ਲਗੇ
ਫਿਰ ਮੰਤਰ ਸੋਂ ਕਿਮ ਹੋਇ ਵਸੈਂ।
ਜਿਮ ਸਿੰਘ ਛੁਧਾਤਰ ਔ ਹਲਕਯੋ,
ਇਕ ਬੰਦਰ ਕਾਟਯੋ ਬਿਛੂ ਪਸੈਂ[1]।
[1]ਜਿਵੇਂ ਇਕ ਭੁੱਖਾ ਸ਼ੇਰ ਅਤੇ (ਦੂਜਾ) ਹਲਕਿਆ ਹੋਇਆ। ਇਕ ਬਾਂਦਰ ਤੇ ਦੂਜਾ ਬਿੱਛੂ ਦੇ (ਪਸੈਂ) ਪਾਸੋਂ ਕੱਟਿਆ ਹੋਇਆ।
ਇਕ ਜਾਟ, ਪੁਨਾ ਖਫਖਾਨ ਥਯੋ,
ਮਦਰਾ ਛਕਿ ਮੌਨ ਹਾਇ ਕਸੈਂ[1] ॥ ੯੭ ॥
[1]ਇਕ ਜੱਟ ਹੋਵੇ ਅਤੇ (ਦੂਜਾ) ਦਿਲ ਦੇ ਹੌਲ ਦਾ ਰੋਗ ਹੋ ਗਿਆ ਹੋਵੇ ਅਤੇ ਸ਼ਰਾਬ ਪੀ ਕੇ (ਦਸੋ) ਕਿਵੇਂ ਚੁੱਪਰਹਿ ਸਕਦਾ ਹੈ?
ਤਿਮ ਹੀ ਇਹੁ ਕੌਮ ਸਿਖਾਨ ਅਹੇ,
ਵਿਹੁ ਮਾਤ ਗੁਰੂ ਜਿਹ ਪਾਟੀ ਪਢਾਈ[1]।
[1]ਗੁਰੂ ਰੂਪ ਵਿਹੁ-ਮਾਤਾ ਨੇ ਇਨ੍ਹਾਂ ਨੂੰ ਪੱਟੀ ਪੜ੍ਹਾਈ ਹੈ।
ਇਹੁ ਆਵਤ ਨਾ ਬਸ ਕਾਹਿੰ ਬਿਧਾਹਿੰ[1],
[1]ਕਿਸੇ ਬਿਧੀ ਨਾਲ।
ਖੁਦਾਇ ਦਫਾ ਕਰਿ ਹੈ ਇਨ ਤਾਂਈਂ।
ਇਮ ਝੂਰਤ ਧੂਰਤ[1] ਧਾਮ ਬਿਖੈ,
[1]ਛਲੀਆ।
ਨਹਿੰ ਲੇਸਕ ਬੇਸਕ ਪੇਸ਼ ਚਲਾਈ[1]।
[1]ਥੋੜ੍ਹੀ ਬਹੁਤ ਵੀ ਵਾਹ ਨਹੀਂ ਚਲਦੀ।
ਅਭਿ-ਬੰਦਨ ਕੈ[1] ਗੁਰ ਪੰਥ ਤਈਂ,
[1]ਦਿੱਲੋਂ ਨਮਸ਼ਕਾਰ ਕਰਕੇ।

ਇਹੁ ਧਜਾਇ ਖ਼ਿਰਜੋ ਭਲ ਠੌਰ ਤਕਾਈ ॥ ੯੮ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਸ਼ਾਹੀ ਖਜ਼ਾਨਾ ਲੂਟਨ, ਨੁਵਾਬ ਔਰ ਪੰਥ ਕੀ ਬਹਿਸ', ਬਰਨਨੰ ਨਾਮ ਤੇਈਸਮੋਂ ਬਿਸ੍ਰਾਮ ॥ ੨੩ ॥

੨੪. {ਦੀਨੀਆਂ ਦਾ ਸਿੰਘਾਂ ਨਾਲ ਜੰਗ, ਪੰਥ ਦੀ ਫਤਹ}

ਸ੍ਵੈਯਾ:

ਦੂਧ ਪਿਲਾਇ ਖਵਾਇ ਖਟੈਂ ਰਸ,
ਸੇਵਨ ਕੈ ਮਧੁ ਮੇਵਨ ਤੰਥੈਂ[1]।

[1](ਹੇਰਸਨਾ) (ਤੰਥੈਂ) ਤੈਨੂੰ ਦੁੱਧ ਪਿਆਏ, ਛੇਰਸਾਂ (ਦੇ ਪਦਾਰਥ) ਖੁਆਏ ਅਤੇ ਮਿੱਠੇ ਮੇਵੇ ਛਕਾਏ।

ਰਾਖ ਤੁਝੈ ਮੁਖ ਮੰਡਲ ਮੈਂ,
ਚਤੁਰਾਈ ਸਿਖਾਈ ਅਨੇਕ ਸੁ ਗ੍ਰੰਥੈਂ[1]।

[1]ਤੈਨੂੰ (ਮੰਡਲ) ਗੋਲ ਮੂੰਹ ਵਿੱਚਰੱਖ ਕੇ ਅਨੇਕਾਂ ਗ੍ਰੰਥਾਂ ਦੀ ਚਤੁਰਾਈ ਸਿਖਾਈ।

ਦੋ ਕਰਿ ਜੋਰਿ ਕਰੋਂ ਬਿਨਤੀ,
ਗਿਨਤੀ ਤਜਿ ਮਾਨ ਇਹੀ ਮਮ ਸੰਥੈਂ[1]।

[1]ਤੇਰੇ ਅੱਗੇ ਦੋਨੋਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ (ਤੂੰ) ਗਿਣਤੀਆਂ ਨੂੰ ਛੱਡ ਕੇ ਮੇਰੀ ਇਹ ਸਿੱਖਿਆ ਮੰਨ।

ਹੇ ਰਸਨਾ ਬਸਨਾ ਦਸਨਾ,
ਕਸ ਨਾ ਜਸ ਨਾਰਟ ਹੈਂ ਗੁਰੁ ਪੰਥੈਂ[1] ॥੧॥

[1]ਹੇ ਦੰਦਾਂ ਵਿੱਚ ਵਸਣ ਵਾਲੀਰਸਨਾ ਤੂੰ ਗੁਰੂ ਪੰਥ ਦਾ (ਜਸਨਾ) ਜਸ (ਕਸ ਨਾ) ਕਿਉਂ ਨਹੀਂ ਉਚਾਰਨ ਕਰਦੀ।

ਦੋਹਰਾ:

ਸਾਵਨ ਪਾਵਨ ਮਨੁਜ ਤਨ,
ਗੁਨ ਰਸਾਲ ਸਿੰਘਾਨ।
ਪਾਇ, ਜੀਹ ਕੋਕਿਲ, ਕਹੋ
ਰਹੈ ਮੌਨ ਕਿਮ ਠਾਨ[1] ॥੨॥

[1]ਮਨੁੱਖਾ ਸ਼ਰੀਰ ਰੂਪ ਪਵਿੱਤ੍ਰ ਸਾਉਣ ਦੇ ਮਹੀਨੇ ਵਿੱਚ ਸਿੰਘਾਂ ਦੇ ਗੁਣਾਂ ਰੂਪ (ਰਸਾਲ) ਅੰਬਾਂ ਨੂੰ ਪਾ ਕੇ ਮੇਰੀ ਜ਼ਬਾਨ ਰੂਪ ਕੋਇਲ, ਕਹੋ ਖਾਂ ਕਿਸ ਤਰ੍ਹਾਂ ਚੁੱਪ ਕਰ ਰਹੇ।

ਸ੍ਵੈਯਾ:

ਸ੍ਰੀ ਹਰਿਰਾਇ ਗੁਰੂ ਸੁਖਦਾਇ ਕੇ,
ਧਜਾਇ ਮਨਾਇ ਸੁ ਪਾਦਰਬਿੰਦੂ[1]।

[1]ਸ੍ਰੇਸ਼ਟ ਚਰਨ ਕਮਲ।

ਮਿਲ ਕੈ ਮੁਲਕੱਯਨ ਦੀਨ ਹਿਤੈ,
ਜਿਮ ਆਨਿ ਤੁਕਾਨ ਜਹਾਨ ਬੁਲਿੰਦੂ[1]।

[1]ਜਿਵੇਂ ਜਹਾਨ ਦੇ ਬਹੁਤੇ ਤੁਰਕਾਂ ਦੇ ਮੁਲਖੱਈਏ (ਮੁਲਕ ਦੀ ਪਰਜਾ) ਆਪਣੇ (ਦੀਨ) ਮਜ਼ਹਬ ਦੇ ਵਾਸਤੇ ਆ ਕੇ ਇਕੱਠੇ ਹੋ ਕੇ।

ਸਿੰਘਨ ਕੇ ਹਤਨੇ ਹਿਤ ਜਜੋਂ,
ਕਿਯ ਜੰਗ ਸਹਾਇਕ ਪਾਇ ਤੁਕਿੰਦੂ[1]।

[1]ਦਿੱਲੀ ਦੇ ਬਾਦਸ਼ਾਹ ਨੂੰ ਸਹਾਇਕ ਬਣਾ ਕੇ।

ਸੋ ਸਭਿ ਗਾਥ ਕਹੋਂ ਹਿਤ ਸਾਥ,
ਸੁਨੋ ਗੁਰੁ ਪਾਥ ਸੁ ਭ੍ਰਾਤ ਮ੍ਰਿਗਿੰਦੂ[1] ॥੩॥

[1]ਗੁਰੂ ਪੰਥ ਦੇ ਸ੍ਰੇਸ਼ਟ ਸਿੰਘ ਭਰਾਵੋ।

ਹੋਇ ਖਰਾਬ ਨੁਵਾਬ ਬਹਜੋ ਜਬਿ,

ਹਾਰਿ ਲਹੌਰਹਿਂ ਬੀਚ, ਲਜੈ ਕੈ[1]। — [1]ਸ਼ਰਮਿੰਦਾ ਹੋ ਕੇ।
ਸਿੰਘਨ ਮਾਰਿ ਉਜਾਰ ਕਰੇ,
ਤੁਰਕਾਨ ਕੇ ਗਾਉਂ ਹਜ਼ਾਰਹੁਂ ਧੈ ਕੈ[1]। — [1]ਧਾਵਾ ਕਰਕੇ।
ਬੰਦ ਕਰਯੋ ਉਗਰਾਹੀ ਟਕਾ ਸਭਿ,
ਹਾਰ ਰਹੇ ਤੁਰਕੁ ਬਲ ਕੈ ਕੈ।
ਫੌਜ ਨੁਵਾਬ ਕੀ ਪਾਇ ਅਜਾਬ[1], — [1]ਦੁੱਖ।
ਗਈ ਦੈ ਜੁਵਾਬ ਸ਼ਿਤਾਬ ਤਜੈ ਕੈ ॥ ੪ ॥
ਧੁੰਮ[1] ਮਚਾਇ ਦਈ ਵਡ ਸਿੰਘਨ, — [1]ਡੰਡਰੌਲਾ।
ਲੋਗ ਲੁਟੇਰਨ ਦੇਰ ਨ ਛੋਰੀ[1]। — [1]ਦੇਰ ਨਹੀਂ ਕੀਤੀ।
ਲੂਟ ਗਰਾਮ ਤੁਰਕਾਨਨ ਕੇ ਬਹੁ,
ਮਾਰਿ ਉਜਾਰ ਕਰੇ ਨਹਿਂ ਥੋਰੀ[1]। — [1]ਥੋੜ੍ਹੇ ਨਹੀਂ ਭਾਵ ਬਹੁਤੇ।
ਲੰਬਰਦਾਰਨ ਮਾਲ-ਗੁਜਾਰਨ[1] — [1]ਸਰਕਾਰੀ ਜ਼ਮੀਨ ਦੇ ਠੇਕੇਦਾਰਾਂ।
ਜਾਟ ਅਜਾਰਨ-ਦਾਰਨ ਹੋਰੀ[1]। — [1]ਤੇ ਹੋਰ ਜੱਟ ਠੇਕੇਦਾਰਾਂ ਨੇ।
ਬੈਠ ਮਤਾ ਕਰਿਓ ਸਭਿ ਨੈ,
ਹਮਰੀ ਜਿੰਦ ਯੌਂ ਕਬਿ ਸਿੰਘਨ ਟੋਰੀ[1] ॥ ੫ ॥ — [1]ਤੁਰਨ ਫਿਰਨ ਦਿੱਤੀ ਭਾਵ ਕਾਇਮ ਰਹਿਣ ਦਿੱਤੀ।

ਚੌਪਈ:

ਮੁਲਕੱਯਨ ਸਭਿ ਹੋਇ ਇਕੱਤ੍ਰੈਂ।
ਕਰਯੋ ਮਸ਼ਵਰਾ[1] ਐਸ ਬਚਿੱਤ੍ਰੈਂ[2]। — [1]ਸਲਾਹ। [2]ਅਨੋਖੀ।
ਦਿਨ ਦਿਨ ਸਿੰਘਨ ਬਾਢਤ ਠਾਟੈਂ[1]। — [1]ਤੇਜ ਪ੍ਰਤਾਪ।
ਹਾਕਮ ਤੈ ਨ ਖੁਸੀ ਇਨ ਝਾਟੈਂ[1] ॥ ੬ ॥ — [1]ਹਾਕਮਾਂ ਤੋਂ ਇਨ੍ਹਾਂ ਦਾ (ਝਾਟੈਂ) ਇਕਰੋਮ ਵੀ ਨਹੀਂ ਖੁੱਸਿਆ।
ਹਾਰਿ ਨੁਵਾਬ ਬਹਯੋ ਦਬਿ ਘਰ ਪੈ।
ਦਸਤਕ[1] ਉਤਰ ਰਹੀ ਤਿਸ ਦਰ ਪੈ। — [1]ਚੱਟੀ ਉਗ੍ਰਾਹੁਣ ਵਾਲੀ ਫ਼ੌਜ।
ਪਠਯੋ ਖਜਾਨਾ ਥਾ ਕਿਛੁ ਜੋਈ।
ਲੂਟ ਲਯੋ ਤਿਹ ਸਿੰਘਨ ਸੋਈ ॥ ੭ ॥
ਯੌਂ ਅਬਿ ਹਮਰਾ ਦੀਨ ਇਮਾਨੈ।
ਸਿੰਘਹਿ ਛਾਡਯੋ ਕਬਿ ਲਿਹੁ ਜਾਨੈ।
ਤਾਂ ਤੇ ਅਬਿ ਸਭਿ ਮਿਲਿ ਤੁਰਕਾਨੀ।
ਲਰ ਕਰਿ ਕਰੋ ਸਿੰਘਨ ਕੋ ਫਾਨੀ[1] ॥ ੮ ॥ — [1]ਨਾਸ।
ਚਹੀਅਤ ਕਰਨ ਦਿਢ ਉਪਰਾਲਾ।
ਦੀਨ ਹੇਤ ਲਿਹੁ ਚੀਨ ਬਿਸਾਲਾ।

ਯਹਿ ਸਲਾਹਿ ਕਰਿ ਦੇਸ ਮਝਾਰੇ।	
ਤੁਰਕਨ ਫੇਰ ਦਏ ਖਤ[1] ਸਾਰੇ ॥ ੯ ॥	[1]ਚਿੱਠੀਆਂ।
ਨਾਮੀ ਗ੍ਰਾਮੀ[1] ਮੁੱਸਲਮਾਨੈਂ।	[1]ਪਿੰਡਾਂ ਚੋਂ ਮਸ਼ਹੂਰ।
ਭਏ ਇਕੱਠੇ ਲਵ ਪੁਰ ਆਨੈਂ।	
ਸੱਯਦ ਪੀਰ ਫਕੀਰਨ ਹਾਜੀ।	
ਮਿਲਿ ਮਲੰਗ[1] ਮੁੱਲਾਂ ਹੂੰ ਕਾਜੀ ॥ ੧੦ ॥	[1]ਮੁਸਲਮਾਨਾਂ ਦਾ ਇਕ ਫ਼ਿਰਕਾ।
ਸ਼ਹਿਰੀ ਲਏ ਕਚਹਿਰੀ ਵਾਰੇ।	
ਢਿਗ ਨੁਵਾਬ ਸਭਿ ਜਾਇ ਪੁਕਾਰੇ।	
ਭੋ ਨੁਵਾਬ ! ਹਮ ਹੋਇ ਦੁਖਾਰੇ।	
ਤੁਮ ਢਿਗ ਆਏ ਕਰਨ ਪੁਕਾਰੇ ॥ ੧੧ ॥	
ਬਢਤ ਜਾਤ ਸਿੰਘ ਚਾਂਦ ਸਮਾਨੈ।	
ਦਿਨ ਦਿਨ ਦਹ ਗੁਨ, ਹਮ ਹ੍ਵੈਂ ਹਾਨੈ[1]।	[1]ਨਾਸ।
ਭਈ ਉਮੈਦ ਹਮੈਂ ਅਬਿ ਐਸੀ।	
ਕੁਛ ਦਿਨ ਰਹੀ ਜੁ ਅਬਿ ਹੀ ਜੈਸੀ ॥ ੧੨ ॥	
ਸਿੰਘ ਨ ਛਾਡੈਂ ਹਮਰਾ ਦੀਨੈ।	
ਮਾਰੈਂਗੇ ਕਰਿ ਦੀਨ ਅਧੀਨੈ[1]।	[1]ਦੁਖੀ ਕਰ ਕੇ ਤੇ ਗ਼ੁਲਾਮ ਬਣਾ ਕੇ।
ਉਨ ਕੋ ਪਿਖਿ ਅਰ ਸੁਨਿ ਉਨ ਬੋਲੇ[1]।	[1]ਉਨ੍ਹਾਂ ਦੇ ਬਚਨ।
ਉਠਤ ਹੌਲ ਹਮਰੇ ਦਿਲ ਸ਼੍ਹੋਲੇ[1] ॥ ੧੩ ॥	[1]ਲਾਟਾਂ।
ਮੁਸਲਮੀਨ ਕੋ ਕਾਫਰ ਟੇਰੈਂ[1]।	[1]ਕਹਿੰਦੇ ਹਨ।
ਕਾਬਾ ਕਹਿਂ ਖਤਰੇ ਕੀ ਬੈਰੈਂ[1]।	[1]ਟੱਟੀ ਜਾਣ ਦੇ ਵੇਲੇ ਨੂੰ ਕਾਬੇ ਜਾਣਾ ਕਹਿੰਦੇ ਹਨ।
ਪਰਜੋ ਹੋਇ ਜਹਂ ਜਾਇ-ਜਰੂਰਾ[1]।	[1]ਜਿਥੇ (ਜਾਇ ਜਰੂਰਾ) ਵਿਸ਼ਟਾ ਪਿਆ ਹੋਵੇ।
ਤਾਂ ਕੋ ਭਾਖਤ ਮੁਗਲ ਜਰੂਰਾ[1] ॥ ੧੪ ॥	[1]ਉਸ ਨੂੰ (ਜਰੂਰਾ) ਪੱਕੀ ਤਰ੍ਹਾਂ ਮੁਗ਼ਲ ਪਿਆ ਕਹਿੰਦੇ ਹਨ।
ਕੋਰ ਚਸ਼ਮ ਕੋ ਕਹੇਂ ਪੰਜੱਖਾ[1]।	[1](ਕੋਰ-ਚਸ਼ਮ) ਕਾਣੇ ਨੂੰ ਪੰਜਾਂ ਅੱਖਾਂ ਵਾਲਾ ਕਹਿੰਦੇ ਹਨ।
ਇਸਮ ਨਬੀਨੇ ਸੂਰਜ ਰੱਖਾ[1]।	[1](ਨਬੀਨੇ) ਅੰਨ੍ਹੇ ਦਾ (ਇਸਮ) ਨਾਮ ਸੂਰਜ ਰੱਖਿਆ ਹੈ।
ਹਾਥ ਹੀਨ ਕੋ ਕਹਿਂ ਲਖ-ਬਾਹਾਂ[1]।	[1]ਇਕ ਬਾਂਹ ਵਾਲੇ ਨੂੰ ਲੱਖ ਬਾਹਾਂ ਕਹਿੰਦੇ ਹਨ।
ਗੰਜੇ ਕੋ ਭਾਖਤ ਕਲਗਾਹਾਂ[1] ॥ ੧੫ ॥	[1]ਕਲਗਾ ਕਹਿੰਦੇ ਹਨ।
ਟੁੱਟੀ ਟਾਂਗ ਸੁਚਾਲਾ ਭਾਖੈਂ।	
ਇਕ ਕੋ ਸਵਾ ਲਾਖ ਸੋ ਆਖੈਂ।	
ਖੁਰਪਾ ਬਾਜ, ਕੁਹੀ ਕਹਿਂ ਦਾਤੀ[1]।	[1]ਰੰਬੇ ਨੂੰ ਬਾਜ ਤੇ ਦਾਤੀ ਨੂੰ ਕੁਹੀ ਆਖਦੇ ਹਨ।

ਅਨਿਕ ਕਲਾਮ ਅਵਰ ਅਜਬਾਤੀ[1] ॥੧੬॥ — [1]ਹੋਰ ਅਨੇਕਾਂ ਅਸਚਰਜ ਬੋਲੀਆਂ ਹਨ।
ਭੁਖੇ ਮਰਤੇ ਸ਼ਾਹੀ ਦਾਵਾ[1]। — [1]ਭੁੱਖੇ ਮਰਦੇ ਹਨ ਪਰ ਦਾਵਾ ਬਾਦਸ਼ਾਹੀ ਦਾ ਕਰਦੇ ਹਨ।
ਚਾਹਿਤ ਫਿਰਕਾ ਅਪਨ ਫਿਰਾਵਾ[1]। — [1]ਆਪਣਾ ਮਜ਼ਹਬ ਫੈਲਾਉਣਾ ਚਾਹੁੰਦੇ ਹਨ।
ਵਡ ਹੌਸਲ ਕੀ ਜਿਨ ਮਨ ਬੋ[1] ਹੈ। — [1]ਗੰਧ।
ਐਸਾ ਮਜ਼ਬ ਔਰ ਨਹਿਂ ਕੋ ਹੈ ॥੧੭॥
ਦੀਨ ਦੁਹਨ ਮਧ[1] ਜੋ ਗਲ ਆਛੀ। — [1]ਦੋਹਾਂ ਮਜ਼ਹਬਾਂ ਹਿੰਦੂ ਤੇ ਮੁਸਲਮਾਨਾਂ ਵਿੱਚ।
ਸੋ ਉਨ ਆਪ ਰਖੀ ਗਹਿ ਕਾਛੀ[1]। — [1]ਗ੍ਰਹਿਣ ਕਰ ਕੇ ਸਜਾ ਰੱਖੀ ਹੈ।
ਹਿੰਦੁਨ ਅੰਧੇ ਤੁਰਕੈਂ ਕਾਨੇਂ।
ਕੈਹੈਂ ਰੈਹੈਂ ਆਪ ਅਲਗਾਨੇ[1] ॥੧੮॥ — [1]ਆਪ ਦੋਹਾਂ ਤੋਂ ਵੱਖਰੇ ਰਹਿੰਦੇ ਹਨ।
ਤਾਂ ਤੇ ਅਬਿ ਹੀ ਤੈ ਉਨ ਕੇਰਾ।
ਚਹੀਐ ਧਰ ਤੈ ਬੀਜ ਉਖੇਰਾ।
ਫੌਜ ਤੁਮਾਰੀ ਭਾਰੀ ਚਢਿ ਚਢਿ।
ਮਾਰੇ ਬਿਨ, ਆਈ ਉਨ ਛਡਿ ਛਡਿ ॥੧੯॥
ਅਬਿ ਹਮ ਕੋ ਕੁਛ ਮੱਦਦ ਦੀਜੈ।
ਹਾਥ ਪੇਖ ਹਮਰੇ ਭੀ ਲੀਜੈ।
ਮਿਲਿ ਆਈ ਤੁਮ ਢਿਗ ਤੁਰਕਾਨੀ।
ਕਰਨ ਹੇਤ ਸਿੰਘਨ ਕੋ ਫਾਨੀ ॥੨੦॥
ਮਾਂਗਤ ਨਹਿਂ ਕੁਛ ਤੁਮ ਸੈਂ ਖਾਣਾ।
ਸੁਣਿ ਨਵਾਬ ਅਲਹਮਦ ਵਖਾਣਾ[1]। — [1]ਉਨ੍ਹਾਂ ਦੀ ਉਸਤਤਿ ਕੀਤੀ।
ਕਹਜੋ ਜਾਹੁ ਤੁਮ ਸਿੰਘਨ ਮਾਰੋ।
ਮੈਂ ਭੀ ਮੱਦਦ ਦੈਹੋਂ ਭਾਰੋ ॥੨੧॥
ਦੋਹਰਾ:
ਲੈ ਕਰਿ ਹੁਕਮ ਨੁਵਾਬ ਤੈ,
ਤੁਰਕਨ ਧਰਿ ਉਤਸ਼ਾਹ।
ਝੰਡਾ ਕਾਢਜੋ ਹੈਦਰੀ[1], — [1]ਹੈਦਰ (ਅਲੀ) ਦੇ ਨਾਉਂ ਦਾ ਝੰਡਾ, ਅਲੀ ਦਾ ਨਿਸ਼ਾਨ, ਮਜ਼ਹਬੀ ਜੰਗ (ਜਹਾਦ) ਕਰਨ ਲਈ ਮੁਸਲਮਾਨਾਂ ਦਾ ਖੜਾ ਕੀਤਾ ਨਿਸ਼ਾਨ।
ਗਾਡਜੋ ਈਦ ਜੁ ਗਾਹ[1] ॥੨੨॥ — [1]ਜੋ ਈਦ ਪੜ੍ਹਨ ਵਾਲੀ ਜਗ੍ਹਾ ਤੇ ਗੱਡਿਆ।
ਚੌਪਈ:
ਯੌਂ ਫਿਰ ਸਭਿ ਦੇਸਨ ਲਿਖਿ ਪਠਜੋ।

ਦੀਨ ਮਜ਼ਬ ਕਾ ਜੁੱਧ ਹਮ ਠਠਜੋ[1]। [1]ਰਚਿਆ ਹੈ।
ਜੋ ਜੋ ਕਾਯਮ ਦੀਨ[1] ਕਹਾਵੈ। [1]ਮਜ਼ਹਬ ਵਿੱਚ ਪੱਕਾ।
ਸੋ ਸੋ ਹਮ ਸੋਂ ਆਇ ਮਿਲਾਵੈ ॥੨੩॥
ਸੁਨਜੋ ਢੰਡੋਰਾ ਜਬਿ ਅਖਬਾਰੈਂ[1]। [1]ਖ਼ਬਰਾਂ।
ਕੋ ਪਜਾਦੋ[1] ਕੋ ਹ੍ਵੈ ਅਸਵਾਰੈਂ। [1]ਪੈਦਲ।
ਅਏ ਬਲੋਚ ਪਚਾਧੇ ਸ਼ੇਖਾ।
ਸੱਯਦ ਮੁਗਲ ਪਠਾਨ ਬਿਸੇਖਾ ॥੨੪॥
ਭੱਟੀ ਜੱਟ ਰੰਘੜ ਰਜਪੂਤ।
ਆਏ ਸਭਿ ਬਨਿ ਬਨਿ ਮਜ਼ਬੂਤ।
ਤੇਲੀ ਪੀਂਜੇ[1] ਡੂੰਮ ਜੁਲਾਹੇ। [1]ਰੂੰ ਪਿੰਜਣ ਵਾਲੇ।
ਆਏ ਊਤ[1] ਮੌਤ ਜੋ ਚਾਹੇ ॥੨੫॥ [1]ਮੂਰਖ।
ਅਟੜੇ ਕੇ ਗਠੜੇ[1] ਧਰਿ ਸਿਰ ਪਰ। [1]ਆਟੇ ਦੀਆਂ ਪੰਡਾਂ।
ਟੁਟੜੇ ਫੁਟੜੇ ਸ਼ਸਤਰ ਲੈ ਕਰਿ।
ਦੁਇ ਦੁਇ ਕੋਸ ਲਹੌਰ ਚੁਫੇਰੈਂ।
ਪਰਜੋ ਜਹਾਨ ਆਨਿ ਬਿਨ ਬੇਰੈਂ ॥੨੬॥
ਕਈ ਲਾਖ ਭੇ ਤੁਰਕ ਇਕੱਤ੍ਰੇ।
ਜਨੁ ਜਮ ਕੇ ਜਲਸੇ ਕੇ ਬੱਕ੍ਰੇ।
ਪਿਖਿ ਨੁਵਾਬ ਹ੍ਵੈ ਖੁਸ਼ੀ ਹਿਰਾਨਾ।
ਕਹਜੋ ਅਧੋ ਯਹਿ ਦੁਤੀ ਜਹਾਨਾ ॥੨੭॥
ਤਕੀ ਮੁਹੰਮਦ, ਇਨਾਇਤ ਖਾਨੈਂ।
ਝੰਡਾ ਦੀਗਰ[1] ਗਡਜੋ ਮਦਾਨੈਂ। [1]ਦੂਜਾ।
ਕਹਜੋ ਤਿਨੈ ਤਬਿ ਊਚੇ ਟੇਰੇ[1]। [1]ਬੋਲ ਕੇ।
ਹੋਇ ਬਿਖਰਚ[1] ਰਲੈ ਮਮ ਡੇਰੇ ॥੨੮॥ [1]ਬਿਨਾਂ ਖ਼ਰਚ ਤੋਂ।
ਮਿਲਜੋ ਮੁਰਤਜਾ ਖਾਨ ਸੁਦਾਗਰ।
ਹਿਤ ਸੁਦਾਗਰੀ ਮੌਤ ਉਜਾਗਰ[1]। [1]ਪ੍ਰਗਟ ਹੀ ਮੌਤ ਦੇ ਖ਼ਰੀਦਣ ਵਾਸਤੇ।
ਬਾਬਰ ਬੇਗ ਸੁ ਹਾਜੀ ਬੇਗੈਂ।
ਮਿਲੇ, ਗਿਲੈਂ ਜਿਨ ਸਿੰਘਨ ਤੇਗੈਂ[1] ॥੨੯॥ [1]ਜਿਨ੍ਹਾਂ ਨੂੰ ਸਿੰਘਾਂ ਦੀਆਂ ਤੇਗਾਂ ਹੀ ਨਿਗਲਣਗੀਆਂ।
ਹਾਜੀ ਯਾਰ ਮੁਹੰਮਦ ਕਾਜੀ।
ਪਾਜੀ ਭਵੈਂ[1] ਕਾਲ ਕੀ ਭਾਜੀ। [1]ਕਾਇਰ ਹੋ ਜਾਣਗੇ।
ਚਿਸ਼ਤੀ[1] ਫਕਰ ਮਲੰਗ[2] ਮਦਾਰੀ[3]। [1]ਖੁਰਾਸਾਨ ਦੇਸ਼ ਦੇ ਨਗਰ ਚਿਸ਼ਤ ਦੇ ਰਹਿਣ ਵਾਲੇ ਅਬੂ

ਇਸ਼ਾਕ ਦੀ ਔਲਾਦ ਅਤੇ ਸੰਪ੍ਰਦਾਯ, ਇਹ ਸੂਫੀਆਂ ਦੀ ਭਾਰੀ ਜਮਾਤ ਹੈ। [2]ਮੁਸਲਮਾਨ ਫ਼ਕੀਰਾਂ ਦਾ ਇਕ ਫ਼ਿਰਕਾ। [3]ਸ਼ਾਹ ਮਦਾਰ ਫ਼ਕੀਰ ਦੀ ਸੰਪ੍ਰਦਾਯ, ਇਸ ਦਾ ਅਸਲ ਨਾਉਂ ਬਦੀਉੱਦੀਨ ਸੀ।

ਨਕਸ-ਬੰਦ[1] ਕਾਲੰਦ੍ਰ ਕਾਰੀ[2]* ॥੩੦॥

[1]ਯੰਤ੍ਰ ਲਿਖ ਕੇ ਦੇਣ ਵਾਲੇ। [2]ਚੰਗੇ ਕਲੰਦਰ (ਕਲੰਦਰ-ਫ਼ਕੀਰਾਂ ਦੀ ਇਕ ਸੰਪ੍ਰਦਾਯ)। *ਅੰਕ ਨੰ. ੩੦ ਦਾ ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ।

ਪੀਰ ਮੁਹੰਮਦ ਮੁੱਲਾਂ ਚੁਗਲੁ।
ਔਰ ਜਲੰਧਰੀਏ ਵਡ ਮੁਗਲੁ।
ਏਨਾਯਤੁੱਲਾ ਰਜਪੂਤੈਂ।
ਥਾ ਤਿਰਾਵੜੀ ਕੇਰ ਗਦੂਤੈਂ[1] ॥੩੧॥

[1]ਫੋੜਾ ਭਾਵ ਦੁਖਦਾਈ।

ਟੋਡਰ-ਮੱਲ ਦਿਵਾਨ ਕਾ ਪੌਤ੍ਰਾ।
ਮਿਲਜੋ ਪਹਾੜ-ਮੱਲ ਵਡ ਔਤ੍ਰਾ।
ਰਾਜ ਮੁਰਾਤਬ[1] ਭਾਖੈਂ ਜਿਸ ਕਾ।
ਜੋਗਨਿ ਲੋਹੁ ਚਾਖੈਂ ਤਿਸ ਕਾ ॥੩੨॥

[1]ਜਿਸ ਦਾ ਦਰਜਾ 'ਰਾਜਾ' ਕਹਿੰਦੇ ਸਨ।

ਤਿਨ ਯੌਂ ਦਯੋ ਢੰਡੋਰਾ ਫੇਰੀ।
ਖਰਚ ਲੇਹੁ ਮੁਝ ਤੈ ਬਿਨ ਦੇਰੀ।
ਦਸਤਕੀਏ[1] ਥੇ ਜੋ ਅਸਵਾਰੈਂ।
ਤੇ ਭੀ ਮਿਲੇ ਦੀਨ ਕੇ ਨਾਰੈਂ[1] ॥੩੩॥

[1]ਸ਼ਾਹੀ ਫ਼ੌਜ।

[1]ਅਪਣੇ ਮਜ਼ਹਬ ਵਾਲਿਆਂ ਨਾਲ।

ਤੋਪ ਜੰਬੂਰੇ[1] ਦਏ ਨੁਵਾਬੈਂ।
ਜਾਹੁ ਹਤੋ ਕਹਿ ਸਿੰਘਨ ਸ਼ਿਤਾਬੈਂ।
ਕੇਤਿਕ ਝੰਡੇ ਕਿਤਿਕ ਨਿਸ਼ਾਨੈਂ।
ਚਢਜੋ ਇਕੱਤਰ ਹੋਇ ਜਹਾਨੈ ॥੩੪॥

[1]ਛੋਟੀਆਂ ਤੋਪਾਂ।

ਢੋਲ ਨੌਬਤਾਂ ਧੌਂਸ ਨਗਾਰੇ।
ਬੱਜਤ ਲੱਜਤ ਮੇਘ ਨਿਹਾਰੇ[1]।
ਚੜ੍ਹੀ ਮਹਾਨੀ ਸਭਿ ਤੁਰਕਾਨੀ।
ਥਰਥੱਲ ਪਰਜੋ ਵੀਚ ਜਹਾਨੀ ॥੩੫॥

[1]ਵਜਦੇ ਦੇਖ ਕੇ ਬੱਦਲ ਸ਼ਰਮਿੰਦਾ ਹੁੰਦਾ ਹੈ।

ਘਟਾਂ ਮਨੋ ਸਾਵਨ ਉਮਡਾਨੀ[1]।
ਪੰਥ ਪਵਨ ਕਰਿਹੈ ਜਿਹ ਫਾਨੀ।
ਲਾਈ ਮਹਿੰਦੀ ਬੰਧੇ ਗਾਨੇਂ।
ਚਲੇ ਮ੍ਰਿਤੁ ਤਿਯ ਜਨੁ ਮੁਕਲਾਨੇਂ ॥੩੬॥

[1]ਉੱਛਲ ਕੇ ਆਈ।

ਪਾਨ ਚਬੈਂ ਕਰਿ ਹਾਸ ਬਿਲਾਸਕ।
ਜਨੁ ਬਹੁ ਮੌਤ ਪਰੀ ਕੇ ਆਸ਼ਕ।
ਬਾਤੈਂ ਸਹਿਤ ਮਜਾਖੈਂ[1] ਭਾਖੈਂ। [1]ਮਸਖ਼ਰੀਆਂ।
ਜਨੁ ਮ੍ਰਿਤੁ ਤਿਯ ਕੋ ਮਾਰਤ ਆਂਖੈਂ ॥੩੭॥
ਸ਼ਾਲਾਮਾਰ ਬਾਗ ਕੇ ਨੇਰੇ।
ਕੋਸ ਛੇ ਸਾਤਕ ਮੈਂ ਕਿਯ ਡੇਰੇ ॥੩੮॥
ਸ਼ੰਕਰ ਛੰਦ:
ਇਸ ਭਾਂਤਿ ਸਿੰਘੈ ਹਰਨ ਹਿਤ,
ਜਬਿ ਚਢੀ ਸਭਿ ਤੁਰਕਾਨਿ।
ਇਹੁ ਸਾਰ[1] ਦੇਸ ਬਿਦੇਸ ਮੈਂ, [1]ਖ਼ਬਰ।
ਜਬਿ ਸੁਨੀ ਸਿੰਘਨ ਕਾਨਿ।
ਕਰਿ ਗੁਰਮਤੇ ਠਟ ਜਥੇ ਆਏ,
ਧਰਮ ਜੁੱਧ ਵਿਚਾਰ।
ਕਿਛੁ ਦੜਪ[1] ਦਿਸ ਮੁਲਤਾਨ ਤੈ, [1]ਰਾਵੀ ਤੇ ਝਨਾਂ ਦੇ ਮੱਧ ਦਾ ਦੇਸ।
ਮਾਝੈਲ ਸਿੰਘ ਅਪਾਰ ॥੩੯॥
ਬੈਰਾੜ[1] ਸਾਬੋ ਕੇਰ, ਸਿੱਧੂ [1]ਗੋਤ।
ਫੂਲ ਕੇ ਸਰਦਾਰ।
ਬੰਗੇਰੀਏ ਤੈ ਕਾਲੇ ਕੇ
ਔ ਗਰੇਵਾਲ ਉਦਾਰ।
ਮਿਲਿ ਦੁੱਲਟ[1] ਕੈਬੋਵਾਲੀਏ, [1]ਗੋਤ।
ਅਰ ਮਾਨ ਧਾਲੀ-ਵਾਰ।
ਇਮ ਮਾਲਵੇ ਤੈ ਹੜ੍ਹ[1] ਜਯੋਂ, [1]ਹੜ੍ਹ ਵਾਂਗ।
ਦੋਆਬਿਯੋਂ ਸਿੰਘ ਸਾਰ[1] ॥੪੦॥ [1]ਸ੍ਰੇਸ਼ਟ।
ਬਹੁ ਸਿੰਘ ਮਾਝੇ ਕੇ ਮਿਲੇ,
ਚਲਿ ਬਡੇ ਦਲ ਕੇ ਸੰਗ।
ਢਿਗ ਤਰਣ-ਤਾਰਣ ਭਏ ਇਕਠੇ,
ਦਸਕ ਸਹਿਸ ਉਮੰਗ[1]। [1]ਦਸ ਹਜ਼ਾਰ ਉਤਸ਼ਾਹ ਸਹਿਤ।
ਉਤ ਤੁਰਕ ਲਾਖੋਂ ਭਏ ਇਕਠੇ,
ਦੇਸ ਦੇਸੋਂ ਆਇ।
ਸਭਿ ਕਹੈਂ ਹਤ ਕੈ ਸਿੰਘਨ ਕੋ,

ਫਿਰ ਹਿੰਦੁ ਦੈਹੁ ਮੁਕਾਇ ॥ ੪੧ ॥
ਨਹਿਂ ਰਹੈ ਔਰੈਂ ਦੀਨ ਕੋਊ,
ਹੋਹਿਂ ਸਭਿ ਇਸਲਾਮ।
ਜੋ ਨਾਹਿਂ ਮਾਨੈਂ ਦੀਨ ਕਾਫਰ,
ਹੋਇ ਸੋ ਕਤਲਾਮ।
ਜਯੋਂ ਅਰਬ ਆਦਿ ਵਲਾਯਤੋਂ ਮੈਂ,
ਔਰ ਮਜ਼ਬ ਨ ਕਾਇਂ।
ਤਯੋਂ ਹੀ ਹਮ* ਹਿੰਦੁਸਤਾਨ ਕੋ,

*'ਹੀ ਹਮ' ਪਾਠ ਮੂਲ 'ਚ ਨਹੀਂ ਹੈ, ਅਸਾਂ ਮਾਤ੍ਰਾਂ ਪੂਰੀਆਂ ਕਰਨ ਲਈ ਆਪਣੇ ਕੋਲੋਂ ਪਾਇਆ ਹੈ।

ਅਬਿ ਏਕ ਰੂਪ ਬਨਾਇਂ ॥ ੪੨ ॥
ਜੋ ਹਤੈ ਜਿਤਿਨੇਂ ਕਾਫਰੋਂ ਕੋ,
ਭਿਸ਼ਤ ਤਿਤਿਨੀ ਪਾਇ।
ਇਹੁ ਅਮਰ[1] ਵੀਚ ਕੁਰਾਨ ਕੇ ਹੈ,

[1]ਹੁਕਮ।

ਕਹਯੋ ਆਪ ਖੁਦਾਇ।
ਇਮ ਠਾਨ ਕੈ ਤੁਰਕਾਨ ਕਾ,
ਇਕ ਜਹਾਨ ਚਢਯੋ ਆਨਿ।
ਇਤ ਸਿੰਘ ਜੋ ਮਸ਼ਹੂਰ ਥੇ,
ਮਿਲਿ ਗੁਰਮਤਾ ਤਿਨ ਠਾਨ ॥ ੪੩ ॥
ਗੁਰ ਪਾਸ ਕਰਿ ਅਰਦਾਸ, ਛੋਡੀ
ਆਸ ਜੀਵਨ ਕੇਰ।
ਚਲਿ ਛੰਭ ਕਾਨੂੰਆਣ ਕੇ ਮਧ,
ਥਿਰੇ ਹੋਇ ਦਲੇਰ।
ਤਹਿਂ ਮ੍ਰਿਗ ਮੱਛੀ ਸੂਰ ਪਾੜ੍ਹੇ[1],

[1]ਪਾੜ੍ਹਾ-ਇਕ ਪ੍ਰਕਾਰ ਦਾ ਹਰਨ ਜੋ ਭੂਰੇਰੰਗ ਦਾ ਦੋ ਫੁੱਟ ਉੱਚਾ ਹੁੰਦਾ ਹੈ।

ਮਾਰਿ ਖੈਂਹ ਸ਼ਿਕਾਰ।
ਬਹੁ ਲੂਟ-ਕੂਟ ਜ਼ਰਾਇਤੈਂ[1],

[1]ਖੇਤੀਆਂ।

ਕਰਿ ਛੂਟ ਲਯਾਵੈਂ ਭਾਰ[1] ॥ ੪੪ ॥

[1]ਵੱਡਾ ਹੱਲਾ ਕਰ ਕੇ ਲਿਆਉਂਦੇ ਹਨ।

ਸਿੰਘ ਸਭਿ ਸ਼ਹੀਦੀ ਚਾਹਿਂ,
ਆਪਸ ਮਾਹਿਂ ਰਾਖੈਂ ਪਯਾਰ।
ਮੁਖਿ ਚਢੀ ਲਾਲੀ ਮਨਿ ਖੁਸ਼ਾਲੀ,
ਪਢੈਂ ਬਾਨੀ ਸਾਰ[1]।

[1]ਸਾਰੇ।

ਕਰਿ ਤਜਾਰਰ ਸਭਿ ਹਥਜਾਰ ਬੈਠੇ,
ਨੈਨ ਐਂਠੈਂ ਭੌਂਹ[1]। — [1]ਅੱਖਾਂ ਤੇ ਭ੍ਰਵੱਟੇ ਚੜ੍ਹਾ ਕੇ।
ਧਰਿ ਹੱਥ ਮੁਛਨ ਤਾਊ ਦੈਂ,
ਕਹਿ ਮਾਰ ਮਰ ਹੈਂ ਸੌਂਹ[1] ॥੪੫॥ — [1]ਸਾਹਮਣੇ।
ਯਹਿ ਸੁਨਿ ਮੁਸੱਲੇ ਬੋਲਿ ਹੱਲੇ,
ਬਾਂਧਿ ਪੱਲੇ ਧਾਇ[1]। — [1]ਕਤਾਰਾਂ ਬੰਨ੍ਹ ਕੇ ਦੌੜੇ।
ਸਭਿ ਦੇਸ ਮਾਝੇ ਮੈਂ ਧਸੇ,
ਕਿਯ ਮੁਲਕ ਮਾਰਿ ਸਫਾਇ।
ਉਸ ਕਾਲ ਮਾਹਿਂ ਕਮਾਲ[1] ਦੁਖ, — [1]ਬਹੁਤ।
ਜੋ ਸਹਜੋ ਮਾਝੇ ਦੇਸ।
ਨਹਿਂ ਕੋਟ ਰਸਨਾ ਕਹਿ ਸਕੈ,
ਜੋ ਬਕੈਂ ਸਾਰਦ ਸੇਸ[1] ॥੪੬॥ — [1]ਜੋ ਸੁਰਸਤੀ ਤੇ ਸ਼ੇਸ਼ਨਾਗ ਵੀ ਭਾਵੇਂ ਕਹਿਣ।
ਫਿਰ ਸਿੰਘਨ ਕੇ ਸਨਬੰਧੀਆਂ ਕੋ,
ਦਯੋ ਦੁੱਖ ਜਬਿ ਭੂਰ[1]। — [1]ਬਹੁਤਾ।
ਪਿਤ ਮਾਤ ਤੀਰਥ ਦੇਵ ਗੁਰੁ ਕੀ,
ਸੁਨਿ ਬਿਅਦਬੀ ਸੂਰ[1]। — [1]ਸੂਰਮਾ।
ਸਹਿ ਸਕਤ ਨਹਿਂ ਨਰ ਮਰਦ ਜੋ
ਦਬ ਰਹਿਤ ਗੀਦੀ ਬੈਸ।
ਜਿਨ ਧਰਮ ਹਿਤ ਸਿਰ ਦੈਨ ਚਾਹੇ,
ਸਿੰਘ ਦਬ ਹੈਂ ਕੈਸ ॥੪੭॥
ਯਹਿ ਸੁਨਿ ਮੁਛੈਲੇ ਅਤਿ ਗੁਸੈਲੇ
ਭਏ, ਸਿੰਘ ਸੁ ਬੀਰ।
ਢਿਗ ਛੰਭ ਕਾਨੂੰਆਣ ਕੇ,
ਜਬਿ ਢੁਕੀ ਤੁਰਕਨ ਭੀਰ।
ਸਿੰਘ ਪਰੇ ਤਰਕੇ[1] ਪਹਿਰ ਕੇ, — [1]ਪਹਿਰ ਦੇ ਤੜਕੇ ਭਾਵ ਅੰਮ੍ਰਿਤ ਵੇਲੇ।
ਤੁਰਕਾਨ ਪਰ ਇਕ ਵਾਰ।
ਜਯੋਂ ਪਰਤ ਚੀਤੇ ਮ੍ਰਿਗਨ ਪਰ,
ਮਧ ਅਜਾ ਗਨ[1] ਬਘਜਾਰ ॥੪੮॥ — [1]ਬਹੁਤੀਆਂ ਬੱਕਰੀਆਂ ਵਿੱਚ।

ਸ੍ਰੈਯਾ:

ਪਰਗੀ ਹਲਚਾਲ ਕਰਾਲ ਬਿਸਾਲ[1], — [1]ਬਹੁਤੀ ਭਿਆਨਕ।

ਧਸੇ ਸਿੰਘ ਜੋ ਤੁਰਕਾਨ ਮਝਾਰੀ।
ਅਕੁਲਾਇ ਉਠਯੋ[1] ਘਬਰਾਇ ਮਹਾਂ, — [1]ਵਿਆਕੁਲ ਹੋ ਉੱਠਿਆ।
ਤੁਰਕੀ ਦਲ ਹਾਇ ਸੁ ਹਾਇ ਪੁਕਾਰੀ।
ਰਿਤੁ ਜੇਠ ਬਿਸਾਖ ਸਵੇਰ ਹੁਤੀ ਤਬਿ,
ਨੀਂਦ ਰਹੀ ਭਰ ਨੈਨਨ ਭਾਰੀ।
ਕਿਛੁ ਨਾਹਿਂ ਸੰਭਾਰਨ ਕਾਹਿਂ ਮਿਲਯੋ,
ਅਪਨੋ ਪਰ ਸੁਝੈ ਨ[1] ਰੈਨ ਅੰਧਾਰੀ ॥੪੯॥ — [1]ਆਪਣਾ ਤੇ ਪਰਾਇਆ ਦਿਸਦਾ ਨਹੀਂ।
ਤਬਿ ਕੋਸ ਛਿ ਸਾਤਕ ਮਾਹਿਂ, ਪਰੀ
ਤੁਰਕਾਨਨ ਭੀਰ ਹੁਤੀ ਉਤਰੀ।
ਕਰਿ ਰੌਰੇ ਗਦੌਰੇ ਸੇ ਬੌਰੇ ਬਨੇ ਸਭਿ[1], — [1]ਰੌਲੇ ਗੌਲੇ ਕਰ ਕੇ ਸਾਰੇ ਸ਼ੁਦਾਈਆਂ ਵਰਗੇ ਬਣੇ ਹੋਏ ਹਨ।
ਦੌਰੇ ਫਿਰੈਂ ਇਤ ਤੈ ਉਤਰੀ[1]। — [1]ਏਧਰ ਤੇ ਓਧਰ।
ਨਹਿਂ ਕਾਹੂੰ ਕੀ ਕੋਇ ਸੁਨੈ ਬਤੀਆਂ,
ਛਤੀਆਂ ਧਰਕੈ ਘਰਕੈਂ ਸ਼ਤੁਰੀ[1]। — [1]ਛਾਤੀਆਂ ਧੜਕਦੀਆਂ ਹਨ ਤੇ ਉਠਾਂ ਵਾਂਗ ਘਰਕਦੀਆਂ ਹਨ।
ਇਤ ਸਿੰਘਨ ਮਾਰਿ ਸਥਾਨ ਕਰੇ[1], — [1]ਢੇਰ ਕਰ ਦਿੱਤੇ।
ਜਿਮ ਜੁਵਾਰ ਕ੍ਰਿਸਾਨਨਿ ਹੈ ਕੁਤਰੀ[1] ॥੫੦॥ — [1]ਕੱਟੀ ਹੁੰਦੀ ਹੈ।
ਲੁਟ ਗੋਲੀ ਬਰੂਦ ਹਥਜਾਰ ਅਪਾਰ
ਤੁਰੰਗ, ਧਸੇ ਬਨ ਮੈਂ ਸਿੰਘ ਧਾਈ।
ਵਹਿ ਬਿੱਧਣ[1] ਰਾਤ ਬਿਤੀ ਤੁਰਕੈਂ, — [1]ਦੁੱਖਦਾਈ।
ਜਬਿ ਦਯੋਸ ਚਢਯੋ ਫਿਰ ਬਯੋਂਤ ਬਨਾਈ।
ਬਨ-ਬਾਸਿ ਮਵਾਸਨ ਸਿੰਘਨਿ ਘੇਰਿ[1], — [1]ਜੰਗਲ 'ਚ ਵਸਣ ਵਾਲੇ ਆਕੀ ਸਿੰਘਾਂ ਨੂੰ ਘੇਰ ਕੇ।
ਥਿਰੈਂ ਚਹੁ ਪਾਸਨ ਆਸਨ ਲਾਈ।
ਨਿਸ ਕੌ ਕਿਸ ਹੀ ਨ ਕਿਸੀ ਦਿਸ, ਸਿੰਘ
ਪਰੈਂ ਤੁਕਾਨ ਪੈ ਆਨਿ ਨਿਤਾਈ ॥੫੧॥
ਬਨ ਮ੍ਰਿਗਨ ਜਯੋਂ ਬਨ ਮਾਹਿਂ ਫਿਰੈਂ ਸਿੰਘ,
ਥੇ ਸਭਿ ਕਾਨਨ ਕੇਰ[1] ਖਿਲਾਰੀ। — [1]ਜੰਗਲ ਦੇ।
ਝੁੰਡਨ ਝੱਲਨ ਝਾਰਨ ਬੇਰਨ[1], — [1]ਬਹੁਤੇ ਝੱਲਾਂ ਅਤੇ ਝਾੜਾਂ ਬੇਰੀਆਂ ਦੇ।
ਕਾਂਟੇ ਚੁਭੈਂ ਨਹਿਂ ਸਿੰਘਨ ਭਾਰੀ$।
ਤੁਰਕਾਨ ਨ ਕਾਨਨ ਮਾਹਿਂ ਧਸੈਂ,
ਤਿਨ ਤੰਬੇ ਫਸੈਂ ਕਪਰੇ ਮੱਧ ਝਾਰੀ।
ਇਸ ਹੇਤ ਨ ਪੇਸ਼ ਚਲੈ ਉਨ ਕੀ,

ਸਭਿ ਘੇਰ ਕੈ ਬੈਠ ਰਹੇ ਚਹੁਂ ਘਾਰੀ[1] ॥ ੫੨ ॥ — [1]ਚਹੁੰ ਪਾਸੀਂ।
ਨਹਿਂ ਖਾਨ ਕੇ ਹੇਤ ਮਿਲੈ ਕੁਛ ਸਿੰਘਨ,
ਮਾਰਿ ਛਕੇ ਬਨ ਕੇ ਮ੍ਰਿਗ ਸਾਰੇ।
ਤਰੁ ਪਾਤ[1] ਜੜੀ ਫਲ ਫੂਲ ਰੁ ਘਾਸ, — [1]ਦਰੱਖਤਾਂ ਦੇ ਪੱਤੇ।
ਉਬਾਲ ਛਕੈਂ ਕਹਿਂ ਸੁਵਾਦ ਅਪਾਰੇ।
ਨਾਹਿਂ ਧਸੈਂ ਬਨ ਮੈਂ ਡਰਤੇ ਤੁੱਰਕ,
ਆਖਰ ਆਗ ਲਗਾ ਦਈ ਹਾਰੇ।
ਜਾਹਿਂ ਦਿਸਾ ਨਹਿਂ ਆਗ ਦਈ,
ਤਿਸ ਹੀ ਦਿਸ ਤੁਰਕ ਭਏ ਇਕਠਾਰੇ* ॥ ੫੩ ॥ — *ਅੰਕ ਨੰ. ੫੨ ਦੀ ਦੂਜੀ ਤੁਕ ਅਤੇ ਅੰਕ ਨੰ. ੫੩ ਦੀ ਦੂਜੀ ਤੇ ਚੌਥੀ ਤੁਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਸ਼ੁੱਧ ਸਮਝ ਕੇ ਛਾਪਿਆ ਹੈ।

ਬਨ ਕੀ ਤਜਿ ਟੇਕ ਅਨੇਕ ਜਥੇ ਠਟ[1], — [1]ਬਣਾ ਕੇ।
ਸਿੰਘ ਜਬੈ ਸਭਿ ਬਾਹਰ ਆਏ।
ਘੇਰ ਲਏ ਤੁਰਕਾਨ ਜਹਾਨਿ ਨੈ[1], — [1]ਤੁਰਕੀ ਪਰਜਾ ਨੇ।
ਆਨ ਮਚਯੋ ਤਹਿਂ ਜੰਗ ਮਹਾਂਏ।
ਸਿੰਘ ਸ਼ਹੀਦ ਭਏ ਸਤ ਦੋਇਕੁ[1], — [1]ਦੋ ਕੁ ਸੌ।
ਚਾਰ ਹਜਾਰਕ ਸੱਤ੍ਰੁਨਿ ਘਾਏ[1]। — [1]ਵੈਰੀਆਂ ਨੂੰ ਮਾਰ ਕੇ।
ਚੂਨ ਮੈਂ ਨੂਨ ਬਰੋਲੇ ਤੁਫਾਨ ਮੈਂ[1], — [1]ਆਟੇ ਵਿੱਚ ਲੂਣ ਤੇ ਤੂਫ਼ਾਨ ਵਿੱਚ ਵਾ-ਵਰੋਲੇ।
ਤਯੋਂ ਤੁਰਕਾਨ ਮੈਂ ਸਿੰਘ ਦਿਸਾਏਂ ॥ ੫੪ ॥
ਜੋਰ ਕਰੋਰ ਕਰੇ ਤੁਰਕੈਂ ਅਤਿ,
ਘੋਰਹਿਂ[1] ਸ਼ੋਰ ਮਚਾਇ ਅਪਾਰੈਂ। — [1]ਭਿਆਨਕ।
ਸਿੰਘ ਜੁਝਾਰ[1] ਅਪਾਰ ਲਰੈਂ — [1]ਸੂਰਮੇਂ।
ਬਲ ਧਾਰਿ, ਟਰੈਂ ਪਗ ਨਾਹਿਂ ਪਿਛਾਰੈਂ।
ਮਾਰਹਿਂ ਮਾਰਿ ਉਚਾਰ ਕਰੈਂ,
ਬਹੁ ਬਾਹਤ ਤੁੱਪਕ ਤੀਰ ਤੁਵਾਰੈਂ।
ਸਾਰ ਸੋਂ ਸਾਰ[1] ਅਪਾਰ ਬਜਯੋ ਤਹਿਂ, — [1]ਲੋਹੇ ਨਾਲ ਲੋਹਾ ਭਾਵ ਸ਼ਸਤ੍ਰ ਨਾਲ ਸ਼ਸਤ੍ਰ।
ਘਾੜ[1] ਘੜੈਂ ਜਯੋਂ ਬਹੁ ਠਠਜਾਰੈਂ ॥ ੫੫ ॥ — [1]ਭਾਂਡੇ।
ਕਿਤ ਤੁੱਪਕ[1] ਤੋਮਰ[2] ਤੀਰ ਚਲੈਂ, — [1]ਬੰਦੂਕਾਂ। [2]ਬਰਛੇ।
ਕਿਤ ਸੇਲ ਗੁਲੇਲ ਜੰਜੈਲ[1] ਛੁਟੈਂ। — [1]ਲੰਬੀ ਨਾਲੀ ਦੀਆਂ ਬੰਦੂਕਾਂ।
ਕਿਤ ਤੋਪ ਜੰਬੂਰ[1] ਗੁਬਾਰਨ ਸੋਂ[2], — [1]ਛੋਟੀਆਂ ਤੋਪਾਂ। [2]ਚੌੜੇ ਮੂੰਹਾਂ ਵਾਲੀਆਂ ਲੰਬਾਈ ਵਿੱਚ ਬਹੁਤ ਛੋਟੀਆਂ ਤੋਪਾਂ ਨਾਲ।

ਕਰਿ ਚੂਰਨ ਧੂਰਨ ਮਾਹਿਂ ਸੁਟੈਂ।
ਦਰਸੈਂ ਫਰਸੇ ਕਿਤ ਚੱਕਰ ਬੱਕਰ,
ਗੀਧਨ ਮਾਲ ਸੀ ਜਾਲ ਪੁਟੈਂ[1]।

[1]ਕਿਤੇ (ਫਰਸੇ) ਕੁਹਾੜੇ ਦਿਸਦੇ ਹਨ ਤੇ ਕਿਤੇ ਟੇਢੇ ਚੱਕ੍ਰ, ਗਿਰਝਾਂ ਦੀ ਡਾਰ ਵਾਂਗ (ਜਾਲ) ਸਮੂੰਹ ਨੂੰ (ਪੁਟੈਂ) ਨਾਸ਼ ਕਰਦੇ ਹਨ।

ਕਿਤ ਭੈਰਵ ਭੂਤ ਪਿਸਾਚਨਿ ਜੋਗਨਿ,
ਖੱਪਰ ਖੂਨ ਸੁ ਪੂਰ ਘੁਟੈਂ[1] ॥੫੬॥

[1]ਭਰ ਕੇ ਪੀਂਦੀਆਂ ਹਨ।

ਤਰਫੈਂ ਕਿਤ ਅੰਗ ਕਟੇ ਧਰ ਪੈ,
ਸਰਪੈਂ ਸਮ ਤੀਰ ਫਿਰੈਂ ਕਿਤ ਰਾਸੈਂ[1]।

[1]ਬਹੁਤੇ।

ਲਰ ਕੈ ਕਿਤ ਸੂਰ ਉਭੈ[1] ਮਰ ਕੈ,
ਬਰ ਕੈ ਫਿਰ ਹੂਰ ਸੁ ਜਾਤ ਅਕਾਸੈਂ।

[1]ਦੋਹਾਂ ਪਾਸਿਆਂ ਦੇ ਸੂਰਮੇਂ।

ਫਰਕੈਂ ਕਿਤ ਢਾਲ ਕਮਾਂ ਕਰਕੈਂ,
ਧਰਕੈਂ ਉਰ ਕਾਯਰ ਸੁਕਤ ਸ੍ਵਾਸੈਂ[1]।

[1]ਕਿਤੇ ਢਾਲਾਂ ਫੜਕਦੀਆਂ ਹਨ ਤੇ ਕਮਾਣਾਂ ਕੜਕਦੀਆਂ ਹਨ, ਕਾਇਰਾਂ ਦੇ ਹਿਰਦੇ ਧੜਕਦੇ ਤੇ ਸਾਹ ਸੁਕਦੇ ਹਨ।

ਗਰਜੈਂ ਬਰ ਬੀਰ ਅਰੈਂ ਤਰਜੈਂ,
ਕਰਜੈਂ ਨਰਜੈਂ ਭਰ, ਜੈ ਪਰ ਆਸੈਂ[1] ॥੫੭॥

[1]ਸ੍ਰੇਸ਼ਟ ਸੂਰਮੇਂ ਗੱਜਦੇ ਹਨ, ਵੈਰੀਆਂ ਨੂੰ ਤਾੜਦੇ ਹਨ (ਭਰ) ਜੰਗ (ਕਰਜੈਂ) ਕਰਦੇ ਹੋਏ ਨਹੀਂਰਜਦੇ (ਜੈ) ਜਿੱਤ ਉਪਰ ਆਸ ਹੈ।

ਅਤਿ ਹੋਇ ਕ੍ਰੁੱਧਤ ਉੱਧਤ ਸੁੱਧਤ,
ਜੁੱਧ ਅਰੁੱਧਤ ਕੀਨ ਮਹਾਂਹੀ[1]।

[1]ਬਹੁਤੇ ਕ੍ਰੋਧਵਾਨ (ਉੱਧਤ) ਪ੍ਰਬਲ (ਸੁੱਧਤ) ਚੰਗਾ (ਅਰੁੱਧਤ) ਬੇਰੋਕ ਹੋ ਕੇ ਬਹੁਤਾ ਯੁੱਧ ਕੀਤਾ।

ਕਢਿ ਹੱਥ ਫੁਲੱਥ ਅਕੱਥ ਸਿੰਘਾਨ,
ਕਟੇ ਹੱਥ ਮੱਥਰੁ ਸੱਥਲ ਬਾਹੀਂ[1]।

[1]ਸਿੰਘਾਂ ਨੇ ਗਤਕੇ ਦੇ ਅਕਹ ਹੱਥ ਕੱਢ ਕੇ (ਤੁਰਕਾਂ ਦੇ) ਹੱਥ, ਮੱਥੇ, ਪੱਟ ਤੇ ਬਾਹਾਂ ਕੱਟ ਦਿੱਤੀਆਂ।

ਲੁੱਥਨ ਊਪਰ ਲੁੱਥ ਚਢੀ ਬਹੁ,
ਆਮਿਖ ਭੱਛਕ[1] ਆਮਿਖ ਖਾਹੀਂ।

[1]ਮਾਸ ਖਾਣੇ।

ਨੱਚਤ ਭੈਰਵਿ ਅੱਚਤ ਸ੍ਰੋਨਤ,
ਤੱਚਤ ਹਾਂਕਨ ਮੱਚਤ ਚਾਹੀਂ[1] ॥੫੮॥

[1]ਭੈਰਵੀ ਨਚਦੀ ਤੇ ਲਹੂ ਪੀਂਦੀ ਹੈ, ਹਾਕਾਂ ਮਾਰਦੀ ਹੈ ਖੁਸ਼ੀ ਵਿੱਚ (ਮੱਚਤ) ਫੁੱਲ ਰਹੀ ਹੈ।

ਇਕ ਜਾਮ ਅਤੀ ਤਹਿਂ ਜੰਗ ਭਯੋ,
ਧਰ ਲਾਲ ਗੁਲਾਲ ਬਿਸਾਲ ਕਈ[1]।
ਸਭਿ ਸਿੰਘ ਛਿ ਸਾਤ ਹਜ਼ਾਰ ਹੁਤੋ,

[1]ਧਰਤੀ ਗੁਲਾਲ ਵਾਂਗ ਬਹੁਤੀ ਲਾਲ ਕਰ ਦਿੱਤੀ।

ਤੁਰਕਾਂਨ ਕਈ ਲਖ ਆਨ ਠਈ[1]।
ਅਤਿ ਥੋਰਨ ਕੀ ਅਤਿ ਭੂਰਨ ਸੋਂ,
ਕਿਸ ਕੀ ਲਰ ਕੈ ਫਿਰ ਸੈਨ ਗਈ[1]।
ਇਕ ਸੀਸ ਸਹਾਇ ਕਰੈ ਜਿਸ ਕੀ,
ਤਿਸ ਕੀ ਕਿਸ ਤੈ ਕਬਿ ਹਾਨਿ ਭਈ ॥੫੯॥

[1]ਆ ਇਕੱਠਾ ਹੋਇਆ।

[1]ਬਹੁਤ ਥੋੜ੍ਹਿਆਂ ਦੀ ਬਹੁਤ ਜ਼ਿਆਦਾ ਬੰਦਿਆਂ ਨਾਲ ਲੜ ਕੇ ਫੇਰ ਕਿਸ ਦੀ ਫ਼ੌਜ (ਬਚ ਕੇ ਵਾਪਸ) ਗਈ ਹੈ।

ਕਬਿੱਤ:

ਭੀਖਮ ਦ੍ਰੋਣ ਕਰਣ ਭਾਰਥ ਮੈਂ ਪਾਰਥ ਸੇ,
ਖੜਕ ਸਿੰਘ ਜਰਾ-ਸਿੰਧ ਜੈਸੇ ਜੰਗ ਥੀਸ ਕੌਂ[1]।

[1]ਜਿਵੇਂ ਮਹਾਂ-ਭਾਰਤ ਦੇ ਜੰਗ ਵਿੱਚ ਭੀਸ਼ਮ, ਦ੍ਰੋਣਾ-ਚਾਰਯ, ਕਰਣ, ਖੜਗ ਸਿੰਘ ਤੇ ਜਰਾ-ਸਿੰਧ ਵਰਗੇ ਜੰਗ ਦੇ ਮਾਹਰਾਂ ਨੂੰ ਅਰਜਨ ਤੇ ਉਸ ਵਰਗੇ (ਸੂਰਮਿਆਂ ਨੇ ਮਾਰਿਆ)।

ਅੰਗਦ ਔ ਹਨੂਮਾਨ ਸੁਗਰੀਵ ਜਾਮਵਾਨ[1],
ਠਾਨ ਘਮਸਾਨ ਹਾਨਿ ਕੀਨ ਭੁਜ ਬੀਸ ਕੌਂ[1]।

[1]ਜਾਮਾਵੰਤ।

[1]ਰਾਵਣ ਨੂੰ ਜੰਗ ਕਰ ਕੇ ਮਾਰਿਆ।

ਗਜਾਨ ਸਿੰਘ ਤਜੋਂ ਘਮੰਡ ਸਿੰਘਨ ਪ੍ਰਚੰਡ ਮੰਡਿ,
ਖੰਡਜੋ ਬਲਵੰਡ ਦਲ ਖਲ ਤੁਰਕੀਸ ਕੌਂ[1]।

[1]ਗਿਆਨ ਸਿੰਘ (ਕਹਿੰਦਾ ਹੈ) ਤਿਵੇਂ ਸਿੰਘਾਂ ਨੇ ਤਿੱਖਾ ਜੰਗ ਰਚ ਕੇ ਤੁਰਕਾਂ ਦੇ ਬਾਦਸ਼ਾਹ ਦੇ ਮੂਰਖ ਦਲ ਦਾ ਨਾਸ਼ ਕੀਤਾ।

ਮਸ਼ਕ ਗਿਰੀਸ ਕੌਂ, ਸਸਕ ਮ੍ਰਿਗੀਸ ਕੌਂ,
ਬਿਦਾਰੇ ਬਿਸਵੇ ਬੀਸ ਸੋ, ਜੋ ਭਾਵੈ ਇਕ ਈਸ ਕੋ[1] ॥੬੦॥

[1]ਜੇ ਇਕ ਈਸ਼੍ਵਰ ਨੂੰ ਭਾ ਜਾਵੇ ਤਾਂ ਮੱਛਰ ਵੱਡੇ ਪਹਾੜ ਨੂੰ, ਸਹਿਆ ਸ਼ੇਰ ਨੂੰ ਯਕੀਨ ਜਾਣੋ ਨਾਸ਼ ਕਰ ਦੇਂਦਾ ਹੈ।

ਸਿੰਘ ਦਰਬਾਰਾ, ਹਰੀ ਸਿੰਘ, ਹਰਿ[1] ਪਜਾਰਾ, ਰਾਮ[2],
ਸਿੰਘ ਗੁਲਜ਼ਾਰਾ, ਹਰਿ ਮਦਨ ਪ੍ਰਮਾਨੀਏ।
ਦੇਵ ਸਿੰਘ, ਅਤਰ ਸਿੰਘ, ਨੰਦ ਸਿੰਘ, ਗ੍ਰੂਜਾ ਸਿੰਘ,
ਚੋਲਾ ਹਰਿ ਸੱਜਣ, ਗੁਰਬਖਸ਼ ਹਰੀ ਮਾਨੀਏ।
ਇਕਸਠ[1] ਸਾਖੀ ਰਤਨ ਮਾਲਾ ਮੈਂ ਹਵਾਲਾ ਇਨੈ,
ਬਾਘ ਸਿੰਘ, ਕੇਹਰ, ਕਪੂਰ ਹਰੀ, ਜਾਨੀਏ।
ਬੇਲਾ ਸਿੰਘ, ਸੂਬਾ, ਸਜਾਮ ਸਿੰਘ, ਗੁਰਦਜਾਲ ਹਰਿ,
ਬੁੱਢਾ ਸਿੰਘ ਦੇਸੀ, ਸੁੱਖਾ ਸਿੰਘ, ਗਜਾਨ ਠਾਨੀਏ ॥੬੧॥

[1]ਸਿੰਘ। [2](ਸਿੰਘ)।

[1]ਇਕਾਹਟਵੀਂ।

ਆਲਾ ਸਿੰਘ, ਭਾਗ ਸਿੰਘ, ਭੋਮਾ ਸਿੰਘ ਨੱਥਾ ਹਰਿ,
ਸਾਹਿਬ, ਹਮੀਰ ਸਿੰਘ, ਆਲਮ, ਹਜ਼ਾਰਾ ਹੈਂ।
ਇੱਤਜਾਦਿ ਸਿੰਘ ਥੇ ਅਪਾਰ ਜਥੇਦਾਰ ਤਬਿ,
ਸਾਤਕ ਹਜਾਰ ਥੋ ਬਰਜਾਰ ਬੀਰ ਸਾਰਾ ਹੈਂ[1]। [1]ਸਾਰੇ ਸੂਰਮੇਂ ਲੜਾਕੇ ਸਨ।
ਕੀਨ ਘਮਸਾਨ ਭਲ ਠਾਨ ਬਲ ਰੋਸ ਹੋਸ਼[1], [1]ਬਲ ਕਰਕੇ, ਗੁੱਸੇ ਤੇ ਹੋਸ਼ ਨਾਲ ਚੰਗਾ ਜੰਗ ਕੀਤਾ।
ਰੁੰਡ ਮੁੰਡ ਧਰਾ ਪੈ ਵਿਥਾਰੇ ਸੁ ਹਜਾਰਾਂ ਹੈਂ[1]। [1]ਹਜ਼ਾਰਾਂ ਹੀ ਧੜ ਤੇ ਸਿਰ ਧਰਤੀ ਦੇ ਉੱਤੇ ਖਿੰਡਾ ਦਿੱਤੇ।
ਦੇ ਕੇ ਫੇਰ ਜੋਰ ਏਕ ਓਰ[1] ਦੌਰ ਗਏ ਸਿੰਘ, [1]ਤਰਫ਼।
ਹਾਥ ਰਹੇ ਮੀਂਜ[1] ਤਹੀਂ ਸੱਤ੍ਰੁ ਅਪਾਰਾ ਹੈਂ ॥ ੬੨ ॥ [1]ਹੱਥ ਮਲਦੇ ਰਹੇ।
ਤ੍ਰੁਕਨ ਕੋ ਬਨੀ ਨਿਜ ਲੋਥਨ ਸੰਭਾਰਨੇ ਕੀ,
ਸਿੰਘ ਧਸੇ ਧਾਇ ਚੱਲਿ ਝੱਲ ਤੀਰ ਬਜਾਸ ਕੇ।
ਸਿੱਖ ਦੇਸ ਵਾਰੇ[1] ਜੇਊ ਸਿਦਕੀ ਅਪਾਰੇ ਹੁਤੇ, [1]ਪਿੰਡਾਂ ਵਾਲੇ।
ਸੁਨਿ ਭਰਿ ਮੋਦ ਭਾਰੇ ਆਏ ਦਰਸਾਸ ਕੇ[1]। [1]ਦਰਸ਼ਨਾਂ ਦੀ ਆਸਾ ਕਰਕੇ।
ਕੋਊ ਦਾਨਾ ਘ੍ਰਿੱਤ ਮੀਠਾ ਕੋਊ ਚੂਨ[1] ਲਜਾਯੋ ਪੀਠਾ, [1]ਆਟਾ।
ਦੈ ਗਏ ਪੁਸ਼ੀਦਾ[1], ਮਾਰੇ ਤੁਰਕਨ ਤ੍ਰਾਸ ਕੇ। [1]ਗੁਪਤ।
ਮਾਂਦਗੀ[1] ਉਤਾਰ ਤਬਿ ਸਿੰਘਨ ਵਿਚਾਰਿ ਫਿਰ, [1]ਥਕਾਵਟ।
ਹੋਏ ਠੌਰ ਚਾਰ, ਧਸੇ ਦੇਸ ਮੱਧ ਖਾਸ ਕੇ ॥ ੬੩ ॥

ਸੋਰਠਾ:
ਉਤ ਤੁਰਕਾਨ ਜਹਾਨਿ,
ਕਰੀ ਬਜੋਂਤ ਜੋ ਸੋ ਸੁਨੋ।
ਮਰੇ ਜੁ ਮੁੱਸਲਮਾਨ,
ਤਿਨ ਕੋ ਦਿਯ ਦਫਨਾਇ[1] ਤਿਨ ॥ ੬੪ ॥ [1]ਦੱਬ ਦਿੱਤੇ।

ਚੌਪਈ:
ਸਿੰਘ ਮਰੇ ਥੇ ਜੋ ਤਿਸ ਥਾਏਂ।
ਤਿਨ ਕੇ ਸੀਸ ਲਹੌਰ ਪੁਚਾਏ।
ਪਹਲੇ ਰੋਜ ਸਿੰਘਨ ਜੋ ਹੱਲਾ।
ਕੀਨੋ ਥਾ ਨਿਸ ਕੋ ਝਕ-ਝੱਲਾ[1] ॥ ੬੫ ॥ [1]ਜ਼ੋਰ ਨਾਲ।
ਕਿਤਿਕ ਤੁਰਕ ਥੇ ਉਸ ਦਿਨ ਮਾਰੇ।

ਡਰਤ ਗਏ ਥੇ ਬਹੁਤ ਪਧਾਰੇ।
ਦੂਸਰ[1] ਨਿਕਸ ਝੱਲ ਤੈ ਜਿਸ ਦਿਨ। — [1]ਦੂਜੀ ਵਾਰ।
ਕਾਟੇ ਤੁਰਕ ਮਾਂਡਿ ਰਣ ਅਨਗਿਨ[1] ॥੬੬॥ — [1]ਜੰਗ ਰਚ ਕੇ ਅਣਗਿਣਤ ਤੁਰਕ ਕੱਟੇ।
ਉਸ ਦਿਨ ਭੀ ਬਹੁਤੇ ਭਗ ਗਏ।
ਤੁਰਕਨ ਘਰਿ ਘਰਿ ਸਜਾਪੇ ਪਏ।
ਬਾਕੀ ਰਹਜੋ ਜੁ ਸਾਠ ਹਜ਼ਾਰਕ।
ਸ਼ਾਹੀ ਸੈਨ ਸਮੇਤ ਅਪਾਰਕ ॥੬੭॥
ਬੀੜੇ ਚੁਕਿ ਚੁਕਿ ਜੋ ਥੇ ਆਏ।
ਤਿਨ ਕੋ ਮੁੜਨ ਭਯੋ ਔਖਾਏ[1]। — [1]ਔਖਾ ਹੋ ਗਿਆ।
ਸੋ ਸਭਿ ਲਾਗੇ ਸਿੰਘਨ ਪਾਛੇ।
ਇਤ ਉਤ ਫਿਰੈਂ ਖੋਜਤੇ ਆਛੇ ॥੬੮॥
ਨਿਸ ਕੋ ਪਾਇ ਸਿੰਘ ਤਿਨ ਊਤੈਂ[1]। — [1]ਰਾਤ ਨੂੰ ਸਿੰਘ ਉਨ੍ਹਾਂ (ਊਤੈਂ) ਮੂਰਖਾਂ ਨੂੰ ਲੱਭ ਕੇ।
ਲੂਟ ਕੂਟ ਕਰਿ ਜਾਹਿਂ ਅਛੂਤੈਂ[1]। — [1]ਛੁਹਣ ਤੋਂ ਬਿਨਾ ਚਲੇ ਜਾਂਦੇ ਹਨ, ਭਾਵ ਪਕੜੇ ਨਹੀਂ ਜਾਂਦੇ।
ਸਿੰਘਨ ਹੋਇ ਤਬੈ ਬਹੁ ਠੌਰੈਂ।
ਦਯੋ ਮਚਾਇ ਰੌਰ ਅਤਿ ਗੌਰੈਂ ॥੬੯॥
ਜਥੇ ਦੁ ਤੀਨਕ ਗਿਰਦ ਲਹੌਰੈਂ।
ਸਜਾਲਕੋਟ ਦਿਸ ਨੀਹਲ[1] ਔਰੈਂ। — [1]ਪਹਾੜ ਦੀ ਜੜ੍ਹ ਦਾ ਇਲਾਕਾ।
ਕੋਊ ਦੜਪ ਮੈਂ ਦੜਪੈਂ ਤੁਰਕੈਂ[1]। — [1]ਕੋਈ ਦੜਪ ਦੇ ਦੇਸ਼ ਵਿੱਚ ਤੁਰਕਾਂ ਨੂੰ ਦਬਾਉਂਦੇ ਹਨ। (ਦੜਪ-ਰਾਵੀ ਤੇ ਝਨਾਂ ਦੇ ਮੱਧ ਦਾ ਦੇਸ਼।)
ਕੋਊ ਰਹੈਂ ਗਿਰਦੈ ਚੱਕ ਗੁਰੁ ਕੈ[1] ॥੭੦॥ — [1]ਅੰਮ੍ਰਿਤਸਰ ਦੇ ਨੇੜੇ ਤੇੜੇ।
ਕੁਛਕ ਜਥੇ ਰਹਿਂ ਤੁਰਕਨ ਗਿਰਦੇ।
ਬੀਸ ਤੀਸ ਕੋਸਨ ਮੈਂ ਫਿਰਦੇ।
ਸਿੰਘ ਅਸਵਾਰ ਹੁਤੇ ਤਬਿ ਸਾਰੈਂ[1]। — [1]ਸਾਰੇ।
ਯਾਂ ਤੇ ਦੂਰ ਦੂਰ ਲੌਂ ਮਾਰੈਂ ॥੭੧॥
ਨਿਸ ਕੋ ਪਰੈਂ ਆਇ ਕਰਿ ਧਾਈ।
ਸ਼ਸਤ੍ਰ ਅੱਸ੍ਰ ਲੈ ਜੈਂਹ ਬਰਜਾਈ[1] ॥੭੨॥ — [1]ਬਦੋ-ਬਦੀ।
ਸ੍ਵੈਯਾ:
ਯੌਂ ਜਬਿ ਤੀਸ ਕਰੋਜ ਬਿਤੇ,
ਨਹਿਂ ਸਿੰਘਨ ਕਾ ਹਰਜਾ[1] ਕੁਛ ਹੋਵਤ। — [1]ਨੁਕਸਾਨ।
ਲੁਟਿ ਰੁ ਮਾਰਿ ਛਕੈਂ ਦਿਸ ਚਾਰ,

ਫਿਰੈਂ ਇਤ ਤੈ ਉਤ ਸੱਤ੍ਰੁਨ ਖੋਵਤ[1]। [1]ਵੈਰੀਆਂ ਨੂੰ ਮਾਰਦੇ।
ਹਾਰਿ ਹਿਰਾਨ ਭਈ ਤੁਰਕਾਨਿ,
ਪੁਨਾ ਖਰਚਾ ਨਿਜ ਗਾਠ ਤੇ ਹੋਵਤ।
ਦੇਸ ਵਿਰਾਨ ਮਹਾਨ ਭਯੋ ਸਭ,
ਸਿੰਘਨ ਕੋ ਨਿਜ ਸੱਤਰੂ ਜੋਵਤ[1] ॥੭੩॥ [1]ਆਪਣਾ ਵੈਰੀ ਵੇਖਦੇ ਹਨ।

ਚੌਪਈ:
ਸਿੰਘ ਕਹੂੰ ਛਿਨ ਟਿਕਨ ਨ ਪਾਵੈਂ।
ਨਿਸ ਦਿਨ ਮੁਸ਼ਕਲ ਫਿਰਤ ਬਿਤਾਵੈਂ।
ਭੋਜਨ ਛਕਯਾਂ ਭਏ ਮਹੀਨੇ।
ਕੱਚੇ ਦਾਣੇ ਕਰੈਂ ਚਬੀਨੇ ॥੭੪॥
ਸੋ ਭੀ ਕਬੀ ਕਬੀ ਕਿਤ ਮਿਲਹੀਂ।
ਨਹੀਂ ਤ ਸਾਗ ਪਾਤ ਕੁਛ ਗਿਲਹੀਂ[1]। [1]ਛਕਦੇ ਹਨ।
ਵਹਿ ਭੀ ਮਿਲੈਂ ਨ ਕਈ ਕਈ ਦਿਨ।
ਕਈ ਮਹੀਨੇ ਬਿਤੇ ਨੀਂਦ ਬਿਨ ॥੭੫॥
ਜਤੀ ਸਤੀ ਰਹਿਂ ਸਭਿ ਪ੍ਰਕਾਰੈਂ।
ਪ੍ਰਗਟੇ ਲਛਮਨ ਮਨੋ ਹਜ਼ਾਰੈਂ।
ਸਾਤਕ ਸੌ ਸਿੰਘ ਤੁਰਕਨ ਘੇਰਾ।
ਕਰਜੋ ਲਚਾਰ ਜਬੈ ਬਹੁਤੇਰਾ ॥੭੬॥
ਰਾਵੀ ਤਟੈਂ[1] ਭਰਤ-ਗਢ ਗ੍ਰਾਮੂੰ। [1]ਰਾਵੀ ਨਦੀ ਦੇ ਕਿਨਾਰੇ।
ਤਹਿਂ ਭਗਵੰਤ ਖੱਤਰੀ ਨਾਮੂੰ।
ਹੁਤੋ ਹਵੇਲੀ ਨਈ ਬਨਾਈ।
ਧਸੇ ਸਿੰਘ ਤਿਸ ਮੈਂ ਬਰਿਆਈ[1] ॥੭੭॥ [1]ਬਦੋ-ਬਦੀ।
ਪੇਸ਼ ਨ ਚਲੀ ਤਾਂਹਿ ਕੀ ਕਾਈ।
ਐਪਰ ਫਿਰ ਉਨ ਕਰੀ ਦਨਾਈ[1]। [1]ਸਿਆਣਪ।
ਲੈ ਨਿਜ ਟੱਬਰੀ ਯੁਤ ਅਸਵਾਬੈਂ[1]। [1]ਸਣੇ ਸਾਮਾਨ ਦੇ।
ਸਾਥ ਸਲਾਹੈਂ ਸਿੰਘਨ ਸ਼ਿਤਾਬੈਂ[1] ॥੭੮॥ [1]ਸਿੰਘਾਂ ਦੀ ਸਲਾਹ ਨਾਲ ਛੇਤੀ।
ਔਰ ਗ੍ਰਾਮ ਮੈਂ ਠਹਿਰਜੋ ਜਾਏ।
ਸਿੰਘ ਮਵਾਸ[1] ਭਏ ਤਿਸ ਠਾਂਏ। [1]ਆਕੀ।
ਕੋਠੇ ਤੁੜੀ ਦਾਨਜੋਂ ਕੇਰੇ।
ਭਰੇ ਮਿਲੇ ਖੱਤ੍ਰੀ ਕੇ ਹੇਰੇ ॥੭੯॥

ਸਿੰਘਨ ਖੁਸ਼ ਹ੍ਵੈ ਘੋੜਜੋਂ ਤਾਂਈ।
ਪਾਏ ਔਰ ਛਕੇ ਮਨ ਭਾਈ।
ਘੁੰਗਣੀ[1] ਕਣਕ ਚਣਜੋਂ ਕੀ ਕੈ ਕੈ। — [1]ਉਬਲੇ ਹੋਏ ਕਣਕ ਤੇ ਛੋਲੇ।
ਛਕੈਂ ਮੋਦ ਹ੍ਵੈ ਗੁਰੂ ਮਨੈ ਕੈ ॥੮੦॥
ਗਾਮ ਛੋਰਿ ਨਰ ਦੌਰ ਗਏ ਸਭਿ।
ਆਕੀ ਗਾਮ ਕੀਓ ਸਿੰਘਨ ਤਬਿ।
ਹ੍ਵੈ ਮਵਾਸ ਜਬਿ ਤਹਾਂ ਥਿਰਾਏ।
ਲੰਗਰ ਬਹੁ ਦਿਨ ਬਾਦ ਕਰਾਏ[1] ॥੮੧॥ — [1]ਬਹੁਤ ਦਿਨਾਂ ਮਗਰੋਂ ਲੰਗਰ ਛਕਿਆ।
ਜਾਇ ਜਸੂਸਨ ਦੀਨੀ ਖਬਰੈਂ।
ਦੀਨੀ ਦੌਰੇ ਆਏ ਜਬਰੈਂ[1]। — [1]ਜ਼ਬਰਦਸਤ ਤੁਰਕ ਦੌੜੇ ਆਏ।
ਬਾਂਧਿ ਮੋਰਚੇ ਗ੍ਰਾਮ ਚੁਫੇਰੇ।
ਸਿੰਘਨ ਕੋ ਮੱਧ ਲੀਨੋ ਘੇਰੇ ॥੮੨॥
ਬੇਸ਼ੁਮਾਰ ਤੁਰਕਾਨੀ ਬਾਹਰ।
ਸਾਤਕ ਸੌ ਸਿੰਘ ਅੰਦਰ ਜ਼ਾਹਰ।
ਤੀਰ ਤੁਪਕ ਕੀ ਲਗੀ ਲਰਾਈ।
ਗੁਜਰੇ ਕਈ ਦਜੋਸ ਇਸ ਭਾਈ* ॥੮੩॥ — *ਇਸ ਤਰ੍ਹਾਂ।
ਸਿੰਘ ਢੁਕਨ ਢਿਗ ਤੁਕੈਂ ਨ ਦੈਹੈਂ।
ਬਾੜ ਬੰਦੂਕਨ ਝਾੜਿ ਹਟੈ ਹੈਂ[1]। — [1]ਬੰਦੂਕਾਂ ਦਾ ਇਕੱਠਾ ਵਾਰ ਕਰ ਕੇ ਪਿੱਛੇ ਹਟਾ ਦਿੰਦੇ ਹਨ।
ਤੁਰਕ ਨ ਨਿਕਸਨ ਬਾਹਰ ਦੇਵੈਂ।
ਚੌਕਸ[1] ਨਿਸ ਦਿਨ ਖੜ੍ਹੇ ਰਹੇਵੈਂ ॥੮੪॥ — [1]ਹੁਸ਼ਿਆਰ ਹੋ ਕੇ।
ਜਥੇ ਦੂਸਰੇ ਸਿੰਘਨ ਜੋਈ।
ਹੁਤੇ ਦੂਰ ਕਿਤ ਖਬਰ ਨ ਹੋਈ।
ਤਬਿ ਲੌਂ ਤੁਰਕੈਂ ਤੋਪ ਮੰਗਾਈ।
ਲੌਪੁਰ ਤੈ ਲੈ ਸੈਨਾ ਆਈ ॥੮੫॥
ਤੁਰਕੈਂ ਜ਼ਾਹਰ ਕੀਨ ਇਹਾਹੀ[1]। — [1]ਇਹੋ ਹੀ (ਗੱਲ)।
ਅਏ ਸਿੰਘ ਸਭਿ ਘੇਰੇ ਮਾਂਹੀ।
ਸੁਨਿ ਸੁਨਿ ਤੁਰਕੂ ਚਾਰ ਓਰ ਤੈਂ।
ਸਿੰਘਨ ਹਤਨ ਹਿਤ[1] ਆਇ ਜੋਰ ਤੈਂ ॥੮੬॥ — [1]ਮਾਰਨ ਵਾਸਤੇ।
ਕੈਹੈਂ ਲੈਹੈਂ ਅਬਿ ਹਮ ਬਦਲੇ।
ਰਖਜੋ ਮਚਾਇ ਕਾਫਰੈਂ ਗਦਲੇ[1]। — [1]ਗ਼ਦਰ, ਹਲਚਲ।

ਤੋਪ ਹਵੇਲੀ ਓਰ ਲਗਾਈ।
ਲਗੇ ਚਲਾਵਨ ਕਰਿ ਚੁਕਸਾਈ ॥੮੭॥
ਕੈਹੈਂ, ਸਿੰਘ ਅਬਿ ਬਾਹਰ ਐਹੈਂ।
ਸਭਿ ਕੋ ਮਾਰਿ ਕਲੇਸ਼ ਮੁਕੈ ਹੈਂ।
ਅਰੇ ਕੁਥਾਂਇੰ ਸਿੰਘ ਕਹਿੰ ਆਏ।
ਤੋਪਨ ਆਗੇ ਪੇਸ਼ ਨ ਜਾਏ ॥੮੮॥
ਛੁਟਤ ਤੋਪ ਅਤਿ ਹੋਤ ਅਵਾਜੈਂ।
ਮਾਨੋ ਪ੍ਰਲਯ ਕਾਲ ਘਨ ਗਾਜੈਂ।
ਚਲਤ ਬੰਦੂਕ, ਜੰਬੂਰੇ ਤਰਜੈਂ[1]। [1]ਛੋਟੀਆਂ ਤੋਪਾਂ ਤਾੜਦੀਆਂ ਹਨ।
ਜਨੁ ਸਾਵਨ ਕੀ ਤੜਤਾ ਲਰਜੈਂ[1] ॥੮੯॥ [1]ਬਿਜਲੀਆਂ ਕੰਬਦੀਆਂ ਹਨ।
ਦਿਵਸ ਮੱਧ ਭਈ ਆਧੀ ਰੈਨਾ[1]। [1]ਦੋਪਹਿਰ ਦਾ ਸਮਾਂ ਅੱਧੀ ਰਾਤ ਬਣ ਗਈ।
ਸੂਰਜ ਨਜਰ ਨ ਆਵੈ ਗਾਨੈ[1]। [1]ਅਕਾਸ਼ ਵਿੱਚ।
ਮਾਸ ਮ੍ਰਿਤ[1] ਕੀ ਭਈ ਲੜਾਈ। [1]ਮਿੱਟੀ।
ਜਾਤ ਪੇਸ਼ ਨਹਿ ਤੁਰਕੈਂ ਕਾਈ ॥੯੦॥
ਜਬਿ ਹੱਲਾ ਕਰਿ ਜਾਵੈਂ ਨਿਕਟੈਂ।
ਮਾਰੈਂ ਸਿੰਘ ਬੰਦੂਖਾਂ ਬਿਕਟੈਂ[1]। [1]ਭਿਆਨਕ।
ਬੀਸ ਪਚਾਸਨ ਰਾਖੈਂ ਥਾਂਈਂ।
ਚਹੁੰ ਓਰ ਤਬਿ ਲੋਥ ਦਿਖਾਈ ॥੯੧॥
ਬਾਰ ਬਾਰ ਜਬਿ ਕੀਨੋ ਹੱਲਾ।
ਆਯੋ ਯਾਦ ਉਨੈ ਤਬਿ ਅੱਲਾ।
ਤੁਰਕ ਸਿੰਘਨ ਪ੍ਰਤਿ ਇਮ ਚਿਪ[1] ਲਾਵੈਂ। [1]ਚਿੜ, ਖਿਝ।
ਅਬਿ ਤੁਮ ਮਿਲਨ ਨ ਪੈਹੋ ਮਾਂਵੈਂ[1] ॥੯੨॥ [1]ਮਾਵਾਂ ਨੂੰ।
ਯਹਿ ਸੁਨਿ ਉੱਤਰ ਸਿੰਘ ਸੁਣਾਵੈਂ।
ਮਨੋਂ ਜਖਮ ਪਰ ਨਿਮਕ ਲਗਾਵੈਂ।
ਮਾਤ ਪਿਤਾ ਹਮਰਾ ਗੁਰੁ ਐਹੈ।
ਤੁਮ ਜਰੂਰ ਜੋਰੂ ਕੋ ਪੈਹੈਂ[1] ॥੯੩॥ [1]ਇਸਤ੍ਰੀਆਂ ਨੂੰ ਪਾ ਲਵੋਗੇ।
ਡਾਹਿ[1] ਤੋਪ ਜਬਿ ਭੀਤ[2] ਗਿਰਾਈ। [1]ਮਾਰ ਕੇ। [2]ਕੰਧ।
ਬਨੀ ਸਿੰਘਨ ਤਬਿ ਮੁਸ਼ਕਲ ਆਈ।
ਅਵਰ ਖਾਲਸੇ ਮਿਲੀਂ ਨ ਖਬਰੈਂ।
ਭਏ ਲਚਾਰ ਸਿੰਘ ਜਬਿ ਜਬਰੈਂ[1] ॥੯੪॥ [1]ਬਹੁਤੇ।

ਕਰੀ ਸਿੰਘਨ ਮਿਲਿ ਤਬਿ ਅਰਦਾਸੈਂ।
ਹੇ ਸਤਿਗੁਰੁ ਕਟ ਹਮਰੋ ਤ੍ਰਾਸੈਂ[1] ॥੯੫॥

[1]ਡਰ।

ਕਬਿੱਤ:
ਜੈਸੇ ਪ੍ਰਹਿਲਾਦ ਹੇਤ ਫਾਰਯੋ ਹੈ ਕਰਾਰੋ ਖੰਭ,
ਧਾਰਯੋ ਨਰ-ਕੇਸਰੀ ਬਿਦਾਰਯੋ ਦੈਤ-ਰਾਜ ਕੋ[1]।

[1]ਜਿਵੇਂ ਪ੍ਰਹਿਲਾਦ (ਦੀਰੱਖਿਆ) ਵਾਸਤੇ ਤਕੜਾ ਥੰਮ੍ਹ ਪਾੜ ਦਿੱਤਾ ਸੀ, ਨਰ ਸਿੰਘ ਰੂਪ ਧਾਰ ਕੇ ਹਰਨਾਕਸ਼ ਨੂੰ ਮਾਰ ਦਿੱਤਾ ਸੀ।

ਨਾਂਗੇ ਪਾਂਇ ਧਾਇ ਚੱਕ੍ਰ ਛੋਰਿ ਨੱਕ੍ਰ ਬੱਕ੍ਰ ਚੀਰਯੋ,
ਬਾਰ ਨ ਲਗਾਈ ਜਰਾ ਬਾਰਨ ਕੇ ਕਾਜ ਕੋ[1]।

[1]ਨੰਗੇ ਪੈਰੀਂ ਦੌੜ ਕੇ ਸੁਦਰਸ਼ਨ ਚੱਕ੍ਰ ਛੱਡ ਕੇ ਟੇਢਾ (ਚੱਕ੍ਰ) ਤੰਦੂਆ ਚੀਰ ਦਿੱਤਾ, (ਬਾਰਨ) ਹਾਥੀ ਦੇ ਕੰਮ ਨੂੰ ਦੇਰ ਨਹੀਂ ਲਾਈ।

ਭਾਰਥ ਮੈਂ ਪਾਰਥ ਕੇ ਹੇਤ ਭਏ ਸਾਰਥੀ ਜਯੋਂ,
ਦ੍ਰੁਪਤ ਦੁਲਾਰੀ ਕੀ ਅਪਾਰੀ ਸਾਰੀ ਸਾਜ ਕੇ[1]।

[1]ਜਿਵੇਂ ਮਹਾਂ-ਭਾਰਤ ਦੇ ਜੰਗ ਵਿੱਚ ਅਰਜਨ ਦੇ ਵਾਸਤੇ (ਸਾਰਥੀ) ਰਥਵਾਹੀ ਹੋਏ, ਦ੍ਰੋਪਤੀ ਦੀਆਂ ਬਹੁਤੀਆਂ ਸਾੜ੍ਹੀਆਂ (ਕੋ) ਨੂੰ (ਸਾਜ) ਬਣਾ ਕੇ (ਲਾਜਰੱਖੀ)।

ਤੈਸੇ ਦੀਨ ਬੰਧੁ ਦਯਾ ਸਿੰਧੁ[1] ਸ੍ਰੀ ਗੁਬਿੰਦ ਸਿੰਘ,
ਰਾਖੋ ਅਬਿ ਪੰਥ ਕੀ ਵਡਾਈ ਫਤੇ ਲਾਜ ਕੋ ॥੯੬॥

[1]ਸਮੁੰਦਰ।

ਸ੍ਵੈਯਾ:
ਹੰਸ ਸੁ ਅੰਸ ਬਿਖੈ ਅਵਤੰਸ,
ਸੁਢੀਸ ਪ੍ਰਮੰਸ ਪ੍ਰਸੰਸ ਕੁਨਿੰਦੂ[1]।

[1](ਹੇ ਗੁਰੂ ਗੋਬਿੰਦ ਸਿੰਘ ਜੀ ਆਪ) (ਹੰਸ) ਸੂਰਜ ਦੀ (ਅੰਸ) ਕੁਲ ਵਿੱਚ (ਅਵਤੰਸ) ਮੁਕਟ ਰੂਪ ਸੋਢੀਆਂ ਦੀ (ਪ੍ਰਸੰਸ) ਉੱਚੀ ਕੁਲ ਦੇ ਈਸ਼ਰ ਉਪਮਾ ਕਰਨ ਯੋਗ ਹੋ।

ਪੰਥ ਪ੍ਰਚਾਰ ਕਿਯੋ ਪੁਹਮੀ ਪਰ,
ਪਾਵਨ ਪੁੰਜ ਪ੍ਰਤਾਪ ਪੁਰਿੰਦੂ[1]।

[1](ਪੁਹਮੀ) ਧਰਤੀ ਉੱਪਰ ਖਾਲਸਾ ਪੰਥ ਪ੍ਰਚਲਤ ਕੀਤਾ ਜੋ ਬਹੁਤਾ ਪਵਿੱਤ੍ਰ ਤੇ (ਪੁਰਿੰਦੂ) ਇੰਦ੍ਰ ਵਰਗੇ ਤੇਜ ਪ੍ਰਤਾਪ ਵਾਲਾ ਹੈ।

ਤੋਰਨ ਕੋ ਤਰੁ ਤੇਜ ਤੁਰਕਾਨ
ਤਲਾਤਲ ਤੈ, ਸਮ ਮੱਤ ਗਜਿੰਦੂ[1]।

[1](ਤਲਾਤਲ ਤੈ) ਧਰਤੀ ਦੇ ਤਲੇ ਤੋਂ ਤੁਰਕਾਂ ਦੇ ਤੇਜ ਰੂਪ ਬ੍ਰਿੱਛ ਦੇ ਤੋੜਨ ਨੂੰ (ਜੋ ਪੰਥ) ਮਸਤ ਹਾਥੀ ਵਾਂਗ ਹੈ।

ਸੰਕਟ ਬੰਕਟ ਕਾਟਹੁ ਦਾਸਨਿ,
ਹੇ ਗੁਰ ਈਸ ਗੁਬਿੰਦ ਮ੍ਰਿਗਿੰਦੂ[1] ॥੯੭॥

[1]ਹੇ ਈਸ਼ਰ ਸਰੂਪ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾਸਾਂ ਦੇ (ਬੰਕਟ) ਟੇਢੇ (ਸੰਕਟ) ਕਸ਼ਟ ਕੱਟੋ।

ਤਾਰਨ ਹੇਤ ਭਏ ਅਵਤਾਰ,
ਭਵਾਂਬੁਧ ਪਾਰ ਕਰੇ ਜਨ ਬ੍ਰਿੰਦੂ[1]।

[1]ਆਪ (ਦੁਨੀਆਂ ਨੂੰ) ਤਾਰਨ ਵਾਸਤੇ ਅਵਤਾਰ ਹੋਏ ਹੋ, (ਬ੍ਰਿੰਦੂ) ਸਾਰੇ (ਜਨ) ਸੇਵਕਾਂ ਨੂੰ ਸੰਸਾਰ ਸਮੁੰਦਰ ਤੋਂ ਪਾਰ ਕੀਤਾ ਹੈ।

ਦੈ ਪਰਮਾਤਮ ਆਤਮ ਗਜਾਨ,
ਅਨਾਤਮ ਭਾਵ ਤਜਾਇ ਬੁਲਿੰਦੂ[1]।

[1]ਪਰਮਾਤਮਾ ਦਾ ਆਤਮ ਗਿਆਨ ਦੇ ਕੇ ਤੇ ਬਹੁਤਾ ਆਤਮਾ ਤੋਂ ਉਲਟ ਖ਼ਿਆਲ ਛੁਡਾ ਕੇ।

ਆਦਿ ਮ੍ਰਯਾਦ ਸਥਾਪਨ ਹੇਤ,
ਸਹੇਤ ਰਚਜੋ ਇਹੁ ਪੰਥ ਮ੍ਰਿਗੰਦੂ[1]।

[1]ਮੁੱਢਲੀ ਮਰਯਾਦਾ ਕਾਇਮ ਕਰਨ ਵਾਸਤੇ ਪਿਆਰ ਨਾਲ ਇਹ ਸਿੰਘਾਂ ਦਾ ਪੰਥ ਸਾਜਿਆ ਹੈ।

ਲਾਜ ਰਖੋ ਇਸ ਕੀ ਅਬਿ ਹੇ ਗੁਰੁ,
ਪੂਰਨ ਬ੍ਰਹਮ ਗੁਬਿੰਦ ਮ੍ਰਿਗਿੰਦੂ[1] ॥੯੮॥

[1]ਹੇ ਪੂਰਨ ਬ੍ਰਹਮ ਸਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ! ਹੁਣ ਇਸ ਪੰਥ ਦੀ ਲੱਜਾ ਰੱਖੋ।

ਖੰਡਨ ਦੰਭ ਪਖੰਡਨ ਚੰਡਨ,
ਖੰਡ ਨਵੋਂ ਮਧ ਮੰਡਨ ਹਿੰਦੂ[1]।

[1]ਤਿੱਖੇ ਪਖੰਡ ਤੇ ਦੰਭ ਨੂੰ ਖੰਡਨ ਵਾਸਤੇ ਤੇ ਨੌਆਂ ਖੰਡਾਂ ਵਿੱਚ ਹਿੰਦੂ ਧਰਮ ਨੂੰ ਕਾਇਮਰੱਖਣ ਲਈ।

ਜਾਪਕ ਏਕ ਅਕਾਲ ਦਯਾਲ,
ਉਥਾਪਨ ਸੇਵਨ ਬੁਤ ਸਨਿੰਦੂ[1]।

[1]ਇਕ ਦਿਆਲੂ ਅਕਾਲ ਪੁਰਖ ਦੇ ਜਪਾਉਣ ਲਈ ਅਤੇ ਨਿੰਦਣ ਯੋਗ ਬੁੱਤਾਂ ਦੀ ਪੂਜਾ ਨੂੰ ਪੁੱਟਣ ਲਈ।

ਭੇਛ ਮਲੇਛਨ ਸਾਂਪਨ, ਕਾਪਨ
ਕੇ ਹਿਤ, ਥਾਪਨ ਕੀਨ ਖਗਿੰਦੂ[1]।

[1]ਤੁਰਕਾਂ ਦੇ ਮਜ਼ਹਬ ਰੂਪ ਸੱਪਾਂ ਦੇ ਕੱਟਣ ਵਾਸਤੇ ਖਾਲਸਾ ਪੰਥ ਰੂਪ (ਖਗਿੰਦੂ) ਗਰੜ ਨੂੰ ਕਾਇਮ ਕੀਤਾ ਹੈ।

ਦਾਝਤ ਆਜ ਦਰਾਜ ਅਰੀ ਪ੍ਰਭੁ,
ਰਾਖਹੁ ਲਾਜ ਗੁਬਿੰਦ ਮ੍ਰਿਗਿੰਦੂ[1] ॥੯੯॥

[1]ਹੇ ਪ੍ਰਭੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ! ਅੱਜ ਬਹੁਤੇ ਵੈਰੀ ਸਾੜ ਰਹੇ ਹਨ (ਸਾਡੀ ਆਪ) ਲਾਜ ਰੱਖੋ।

ਜਜੋਂ ਪ੍ਰਹਿਲਾਦ ਰਖਜੋ ਅਹਿਲਾਦ,
ਮ੍ਰਯਾਦ ਦਰੋਪਤਿ ਆਦਿ ਰਖਿੰਦੂ[1]।

[1]ਜਿਵੇਂ ਪ੍ਰਹਿਲਾਦ ਨੂੰ ਅਨੰਦ 'ਚਰੱਖਿਆ ਤੇ ਮੁੱਢਲੀ ਮਰਯਾਦਾ ਅਨੁਸਾਰ ਦਰੋਪਤੀ ਦੀ ਰੱਖਿਆ ਕੀਤੀ।

ਬਾਰਨ ਜੈਸ ਉਬਾਰਨ ਕਾਰਨ,
ਬਾਰ ਨ ਕੀਨ ਕਟੇ ਝਟ ਤਿੰਦੂ[1]।

[1]ਜਿਵੇਂ (ਬਾਰਨ) ਹਾਥੀ ਨੂੰ ਬਚਾਉਣ ਵਾਸਤੇ ਦੇਰੀ ਨਹੀਂ ਕੀਤੀ, ਬਹੁਤ ਛੇਤੀ ਹੀ ਤੰਦੂਏ (ਦੀਆਂ ਤਾਰਾਂ ਨੂੰ) ਕੱਟ ਦਿੱਤਾ।

ਜੌ ਸਧਨਾਂ ਅਦਨਾ ਬਦਨਾ ਕਿਯ,
ਤੌ ਕਦਨਾ ਤੁਮ ਧਾਮ ਤ੍ਰਕਿੰਦੂ[1]।

[1]ਜਦੋਂ (ਅਦਨਾ) ਗ਼ਰੀਬ ਸਧਨੇ ਨੇ (ਬਦਨਾ) ਕਿਹਾ ਤਾਂ ਤੁਸਾਂ

ਨੇ ਤੁਰਕ ਬਾਦਸ਼ਾਹ ਦਾ ਘਰ ਭਾਵ ਬੁਰਜ (ਕਦਨਾ) ਕੱਟ ਦਿੱਤਾ ਭਾਵ ਢਾਹ ਦਿੱਤਾ।

ਤਜੋਂ ਅਬਿ ਸੰਕਟ ਬੰਕਟ[1] ਕਾਟਹੁ,
[1]ਭਿਆਨਕ।

ਹੇ ਗੁਰਦੇਵ ਗੁਬਿੰਦ ਮ੍ਰਿਗਿੰਦੂ ॥੧੦੦॥

ਯੌਂ ਜਬਿ ਆਰਤ ਹੋਇ[1], ਪੁਕਾਰਤ
[1]ਬਹੁਤ ਦੁਖੀ ਹੋ ਕੇ।

ਸਿੰਘ ਭਏ, ਨਹਿੰ ਬਾਰ ਲਗਾਈ[1]।
[1](ਗੁਰੂ ਸਾਹਿਬ ਨੇ ਸਹਾਇਤਾ ਕਰਨ ਲਗਿਆਂ) ਦੇਰ ਨਹੀਂ ਲਾਈ।

ਮੇਂਹ ਤੁਫਾਨ ਮਹਾਨ ਅਯੋ,
ਤੁਰਕਾਨ ਕੇ ਡੇਰੇ ਉਖੇਰੇ ਤਦਾਈ।
ਤੋਪ ਜੰਜੈਲ[1] ਜਮੂਰ[2] ਭਏ ਬੰਦ,
[1]ਲੰਬੀ ਨਾਲੀ ਦੀਆਂ ਬੰਦੂਕਾਂ। [2]ਛੋਟੀਆਂ ਤੋਪਾਂ।

ਦੌਰਿ ਧਸੇ ਪੁਰਿ ਮੈਂ ਅਰਿ[1] ਜਾਈ।
[1]ਵੈਰੀ ਭਾਵ ਤੁਰਕ।

ਸਿੰਘਨ ਕਾ ਤਬਿ ਦਾਉ ਲਗਯੋ,
ਸਭਿ ਹੋਇ ਹਵੇਲੀ ਤੈ ਬਾਹਰ ਧਾਈ ॥੧੦੧॥
ਦੇਰੈਂ ਬਿਨਾ[1] ਲੁਟ ਡੇਰੇ ਤੁਰਕਾਂਨਹਿੰ,
[1]ਦੇਰੀ ਤੋਂ ਬਿਨਾਂ।

ਫੇਰੈ[1] ਸੁ ਕਾਨਨ ਮਾਹਿੰ[2] ਧਸਾਏ।
[1]ਫੇਰ। [2]ਜੰਗਲ ਵਿੱਚ।

ਪੀਟਤ ਹੀ ਰਹਿ ਗੇ ਮੁਸਲੇ, ਹੱਥ
ਹ੍ਵੈ ਖੁਸਲੇ ਨਿਜ ਦੁੰਦਭਿ ਵਾਏ[1]।
[1]ਖ਼ਾਲੀ ਹੱਥ ਹੋ ਕੇ ਆਪਣੇ ਧੌਂਸੇ ਵਜਾਏ।

ਲੋਥ ਦਈ ਸਭਿ ਭੂਮਿ ਤਰੇ ਨਿਜ,
ਸਿੰਘਨ ਕੇ ਸਿਰ ਕਾਟਿ ਲਦਾਏ।
ਹੋਇ ਅਭੀਤ[1] ਸੁ ਜੀਤ ਮਨਾਇ,
[1]ਨਿੱਡਰ ਹੋ ਕੇ।

ਲਹੌਰਹਿੰ ਓਰ ਅਏ ਮੁਦ ਪਾਏ ॥੧੦੨॥

ਚੌਪਈ:

ਕਰਤ ਕਲੋਲ[1] ਖੁਸ਼ੀ ਹ੍ਵੈ ਚਾਲੇ।
[1]ਮਨ ਦੀਆਂ ਮੌਜਾਂ ਕਰਦੇ।

ਨਿਜ ਨਿਜ ਖੂਬੀ ਬਕੈਂ[1] ਬਿਸਾਲੇ।
[1]ਕਹਿੰਦੇ ਹਨ।

ਕੋਊ ਕਹੇ ਸਿੰਘ ਬੀਸਕ ਭਾਗੇ।
ਕੋ ਕਹਿ ਵਹਿ ਮਾਰੇ ਜਾ ਆਗੇ ॥੧੦੩॥
ਕੋ ਕਹਿ ਸਿੰਘ ਏਕ ਨਹਿੰ ਰਹੋ[1]।
[1]ਰਿਹਾ।

ਸਰਬ ਧਰਾ ਪਰ ਖੋਜੋ ਚਹੋ[1]।
[1]ਭਾਵੇਂ।

ਖਬਰ ਲਹੌਰ ਐਸ ਪਠ ਦੀਨੀ।
ਪਾਇ ਫਤੈ ਵਡ ਆਏ ਦੀਨੀ[1] ॥੧੦੪॥
[1]ਤੁਰਕ।

ਫੌਜ ਸ਼ਾਹਿ ਜਿਨ ਸਿੰਘਨ ਗਾਰੀ।
ਤੇ ਚਢਿ ਆਏ ਸਕਟ ਸਵਾਰੀ[1]।
[1]ਗੱਡਿਆਂ ਦੀ ਸਵਾਰੀ 'ਤੇ ਚੜ੍ਹ ਕੇ ਆਏ ਹਨ ਭਾਵ ਉਨ੍ਹਾਂ ਦੇ ਸਿਰ ਗੱਡਿਆਂ 'ਤੇ ਲੱਦ ਕੇ ਲਿਆਂਦੇ ਹਨ।

ਜਥੇਦਾਰ ਸਿੰਘ ਥੇ ਬਡ ਜੇਈ।
ਹਮ ਨੈ ਕਟੇ ਮੂੰਡ ਉਨ ਕੇਈ[1] ॥੧੦੫॥
[1]ਉਨ੍ਹਾਂ ਦੇ ਸਿਰ ਹੀ।
ਬਾਕੀ ਖਾਤੇ ਖੋਦ[1] ਦਬਾਏ।
[1]ਟੋਏ ਪੁੱਟ ਕੇ.
ਸਿੰਘ ਨਾਮ ਅਬਿ ਰਹਯੋ ਨ ਕਾਏ।
ਬੀਜ ਨ ਚੁਜ਼ਦਨਿ[1] ਧਰ ਪਰ ਛੋਰਾ।
[1]ਚੋਰਾਂ ਭਾਵ ਸਿੰਘਾਂ ਦਾ।
ਸੁਨਿ ਨਵਾਬ ਭੋ ਔਰੈਂ ਤੌਰਾ[1] ॥੧੦੬॥
[1]ਹੋਰ ਤਰ੍ਹਾਂ ਦਾ।
ਅੰਗੇ ਕੀ[1] ਤਬਿ ਤਣੀਆਂ ਤੂਟੀਂ।
[1]ਚੋਲੇ ਭਾਵ ਕੁੜਤੇ ਦੀਆਂ।
ਆਨਨ ਹੋਯੋ ਬੀਰ ਬਧੂਟੀ[1]।
[1]ਮੂੰਹ ਚੀਚ ਵਹੁਟੀਆਂ ਵਰਗਾ ਲਾਲ ਹੋ ਗਿਆ।
ਮੋ ਪਰ ਨਜ਼ਰ[1] ਕਰੀ ਅਬਿ ਨਬੀ[2]।
[1](ਮਿਹਰ ਦੀ) ਨਿਗਾਹ। [2]ਪੈਗ਼ੰਬਰ।
ਐਸੀ ਫਤੇ ਨ ਪਾਈ ਕਬੀ ॥੧੦੭॥
ਅਬਿ ਹਮ ਭਏ ਨਿਚੀਤ[1] ਸਿੰਘਨ ਤੈ।
[1]ਚਿੰਤਾ ਤੋਂ ਬਿਨਾਂ।
ਹਿੰਦੂ ਤੁਰਕ ਕਰਿ ਲੈਂਹ ਧਿੰਗਣ ਤੈ[1]।
[1]ਧੱਕੇ ਨਾਲ।
ਉਤ ਲਵਪੁਰਿ ਢਿਗ ਭੀਲੋ-ਵਾਲੈਂ[1]।
[1]ਪਿੰਡ।
ਉਤਰਯੋ ਲਸ਼ਕਰ ਆਇ ਬਿਸਾਲੈਂ ॥੧੦੮॥
ਸੁਣੋ ਕਥਾ ਅਬਿ ਸਿੰਘਨ ਕੇਰੀ।
ਦੌਰਿ ਧਸੇ ਜੋ ਬਨਿ ਬਿਨ ਦੇਰੀ।
ਸਿੰਘਨ ਜਥੇ ਔਰ ਥੇ ਜੇਤੇ।
ਇਕਠੇ ਭਏ ਖਬਰ ਸੁਨਿ ਤੇਤੇ ॥੧੦੯॥
ਗਾਥ ਭਰਥ-ਗਢ ਕੀ ਸੁਨਿ ਕੋਪੇ।
ਸੂਰਨ ਚਢੀ ਸੂਰ ਸਮ ਓਪੇ[1]।
[1]ਸੂਰਮਿਆਂ ਨੂੰ ਸੂਰਜ ਵਾਂਗ ਉਪਮਾ ਚੜ੍ਹੀ।
ਨਨਕਾਣੇ ਦੀ ਬਾਰ ਮਝਾਰਾ।
ਥਿਰਿ ਸਿੰਘਨ ਫਿਰ ਐਸ ਵਿਚਾਰਾ ॥੧੧੦॥
ਲਸ਼ਕਰ ਦੀਨੀ ਕੋ ਇਕ ਵਾਰੀ।
ਹਾਥ ਦਿਖਾਵਨ ਚਹੀਐ ਕਾਰੀ[1]।
[1]ਤਕੜੇ।
ਸ਼ਹਰ ਲਹੌਰ ਜਬੈ ਵਹਿ ਬਰ ਹੈਂ[1]।
[1]ਵੜ ਜਾਣਗੇ।
ਫਿਰ ਉਨ ਪਰ ਹਮ ਬਲ ਨਹਿਂ ਪਰ ਹੈ ॥੧੧੧॥
ਇਤਨੇ ਮਾਹਿਂ ਸਿੰਘ ਇਕ ਆਯੋ।

ਉਨ ਤੁਰਕਨ ਕਾ ਭੇਤ ਬਤਾਯੋ।
ਭੀਲੋਵਾਲ ਪਰਾ ਉਨ ਡੇਰਾ।
ਵਕਤ ਉਡੀਕਤ ਵੜਨ ਭਲੇਰਾ ॥੧੧੨॥
ਲਵਪੁਰਿ ਵੜ ਹੈਂ ਨੇਕ ਤਰੀਕੈਂ[1]। — [1]ਚੰਗੇ ਦਿਨ।
ਚਾਰ ਪਾਂਚ ਦਿਨ ਵੜੈਂ ਨ ਠੀਕੈਂ।
ਤਬੈ ਖਾਲਸੇ ਹੋਇ ਇਕੱਤ੍ਰੈਂ।
ਕਰੀ ਐਸ ਅਰਦਾਸ ਪਵਿੱਤ੍ਰੈਂ ॥੧੧੩॥
ਅਹੋ ਅਕਾਲ ! ਗਰੀਬ ਨਿਵਾਜੂ।
ਰੱਖਕ ਧਰਮ, ਗਨੀਮ ਗੁਦਾਜੂ[1]। — [1]ਦੁਸ਼ਮਣਾਂ ਨੂੰ ਗਾਲਣ ਵਾਲੇ।
ਹੇ ਮਾਤਾ ! ਤੂੰ ਸ਼ਕਤਿ ਅਕਾਲੈਂ[1]। — [1]ਤੂੰ ਅਕਾਲ ਪੁਰਖ ਦੀ ਸ਼ਕਤੀ ਹੈਂ।
ਨਿਜ ਪੁੱਤ੍ਰਨ ਕੀ ਕਰਿ ਪ੍ਰਿਤਪਾਲੈਂ ॥੧੧੪॥
ਹੇ ਕਰਤਾਰ ! ਗਉ ਜੋ ਕਰੀ।
ਜਗਤ ਕਾਜ ਸਭਿ ਇਸ ਤੈ ਸਰੀ[1]। — [1]ਪੂਰੇ ਹੁੰਦੇ ਹਨ।
ਦੂਧ ਹਿੰਦੂਐ, ਤੁਰਕੈਂ ਮੂਤੈਂ।
ਦੇਤ ਨਹੀਂ, ਲਖਿ ਪੂਤ ਕੁਪੂਤੈਂ[1] ॥੧੧੫॥ — [1]ਹਿੰਦੂਆਂ ਨੂੰ ਪੁੱਤਰ ਤੇ ਤੁਰਕਾਂ ਨੂੰ ਕੁਪੁੱਤ੍ਰ ਜਾਣ ਕੇ।
ਹਿੰਦੂ ਪੂਤ ਪਾਲਨਾ ਕਰਹੀਂ।
ਤੁਰਕ ਕਪੂਤ ਗਲਾ ਕਟ ਧਰਹੀਂ।
ਮੂਰਖ ਪਾਪੀ ਬੇਈਮਾਨੈ।
ਉਪਕਾਰੀ ਕੀ ਕਰਿ ਹੈਂ ਹਾਨੈ ॥੧੧੬॥
ਹਿੰਦੁ ਧਰਮ, ਗੋ ਰੱਖਯਾ ਹੇਤੈਂ।
ਕਸ਼ਟ ਉਠਾਇ ਰਹੇ ਹਮ ਏਤੈਂ।
ਹੇ ਗੁਰ ਨਾਨਕ ਕਰਤਾ ਪੁਰਖੈਂ।
ਕਰੋ ਨਾਸ ਕਿ ਨ[1] ਐਸੇ ਤੁਰਕੈਂ ॥੧੧੭॥ — [1]ਕਿਉਂ ਨਹੀਂ।
ਕਲਾ ਅਕਾਲ ਗੁਬਿੰਦ ਮ੍ਰਿਗਿੰਦੂ[1]। — [1]ਹੇ ਅਕਾਲ ਪੁਰਖ ਦੀ ਸ਼ਕਤੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ।
ਦੁਸ਼ਟ ਹਨਨ ਕਿਮ ਦੇਰ ਕੁਨਿੰਦੂ[1]। — [1]ਕਿਉਂ ਦੇਰ ਕੀਤੀ ਹੈ।
ਦੁਸ਼ਟ ਦਮਨ ਪ੍ਰਭ ਤੋਰ ਖਤਾਬੈਂ।
ਤੁਰਕ ਦੁਸ਼ਟ ਬਹੁ ਭਏ ਖਰਾਬੈਂ ॥੧੧੮॥
ਚਹੀਅਤ ਨਾਸ ਦੁਸ਼ਟ ਕਾ ਕੀਨਾ।
ਗੋ ਗਰੀਬ ਤਬਿ ਸੀਤਲ ਸੀਨਾ[1] ॥੧੧੯॥ — [1]ਹਿਰਦਾ ਠੰਢਾ ਹੋਵੇਗਾ।
ਦੋਹਰਾ:

ਐਸੀ ਬਿਧਿ ਬਹੁ ਬਿਨੈਂ ਕਰਿ, ਪੁਨ ਪੁਨ ਗੁਰੈਂ ਜੁਹਾਰਿ[1]।
ਅੰਤ ਜਾਪੁ ਕੋ ਛੰਦ ਪਢਿ, ਹੋਏ ਸਭੈ ਤਯਾਰ ॥੧੨੦॥

[1]ਨਮਸ਼ਕਾਰ ਕਰਕੇ।

ਯਥਾ- ਛੰਦ ॥
ਚੱਤ੍ਰ ਚੱਕ੍ਰ ਵਰਤੀ ਚੱਤ੍ਰ ਚੱਕ੍ਰ ਭੁਗਤੇ ॥
ਸੁਯੰਭਵ ਸੁਭੰ ਸਰਬਦਾ ਸਰਬ ਜੁਗਤੇ ॥
ਦੁਕਾਲੰ ਪ੍ਰਣਾਸੀ ਦਇਆਲੰ ਸਰੂਪੇ ॥
ਸਦਾ ਅੰਗ ਸੰਗੇ ਅਭੰਗੰ ਬਿਭੂਤੇ ॥੧੯੯॥
ਔਰ-
ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ॥
ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥
ਅਹੰਕਾਰੀਆ ਨਿੰਦਕਾ ਪਿਠਿ ਦੇਇ ਨਾਮਦੇਉ ਮੁਖਿ ਲਾਇਆ ॥
ਜਨ ਨਾਨਕ ਐਸਾ ਹਰਿ ਸੇਵਿਆ ਅੰਤਿ ਲਏ ਛਡਾਇਆ ॥੪॥੧੩॥੨੦॥

ਦੋਹਰਾ:
ਝਟਪਟ ਚਢ ਕਰਿ ਖਾਲਸੇ, ਰਾਵੀ ਤਟ ਪਰ ਆਇ।
ਭੇਟਾ ਗੁਰ ਦਰਜਾਵ ਦੈ*, ਨਾਖੇ ਗਾਹਣ ਪਾਇ[1] ॥੧੨੧॥

[1]ਦਰਿਆ ਰੂਪ ਸਤਿਗੁਰਾਂ ਨੂੰ ਭੇਟਾ ਦੇ ਕੇ, ਪੈਰੀਂ (ਗਾਹਣ) ਥੋੜੇ ਡੂੰਘੇ ਪਾਣੀ ਵਿੱਚ ਦੀ (ਨਾਖੇ) ਲੰਘੇ। *ਸਿੰਘਾਂ ਦਾ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੈ, ਦਰਿਆ ਗੁਰੂ ਨਹੀਂ ਹੈ, ਇਸ ਲਈ ਦਰਿਆ ਨੂੰ ਗੁਰੂ ਜਾਣ ਕੇ ਭੇਟਾ ਦੇਣੀ ਗੁਰਮਤਿ ਵਿਰੁੱਧ ਹੈ, ਦਰਿਆ ਨੂੰ ਗੁਰੂ ਜਾਣ ਕੇ ਭੇਟਾ ਦਿੱਤੀ ਅਰਥ ਕਰੀਏ ਤਾਂ ਇਹ ਗੱਲ ਹਿੰਦੂ ਸੰਸਕ੍ਰਿਤੀ ਦੇ ਅਸਰ ਹੇਠ ਹੀ ਕਵੀ ਜੀ ਨੇ ਲਿਖ ਦਿੱਤੀ ਜਾਪਦੀ ਹੈ ਜਾਂ ਆਖੇਪ ਹੋ ਸਕਦੀ ਹੈ। ਹਾਂ, ਦਰਿਆ ਦੇ ਕੰਢੇ ਤੇ ਆਪਣੇ ਗੁਰੂ ਸਾਹਿਬ ਨੂੰ ਭੇਟਾ ਦੇ ਕੇ ਦਰਿਆ ਦੇ ਗਾਹਣ ਨੂੰ ਸਿੰਘਾਂ ਦਾ ਪੈਦਲ ਲੰਘਣਾ ਤਾਂ ਮੰਨਣ ਵਿੱਚ ਆ ਸਕਦਾ ਹੈ।

ਰਾਤ ਰਾਤ ਚਲਿ ਤਹਾਂ ਤੈ, ਢੁੱਕ ਢਿਗ ਭੀਲੋਵਾਲ।

ਪਾਂਚ ਕੋਸ ਪਰ ਥਿਰਿ ਭਲੇ, ਪਿਛਲੇ ਲਏ ਸੰਭਾਲ
॥੧੨੨॥
ਦਿਸ ਦੁਸ਼ਮਨ ਖੁਫੀਆ ਪਠਜੋ, ਤੁਰਕ ਵੇਸ ਸਿੰਘ ਧਾਰਿ।
ਬ੍ਰਹਮ ਮਹੂਰਤ[1] ਆਇ ਉਨ ,ਫੇਰ ਦਈ ਸਭਿ ਸਾਰ[2] ॥੧੨੩॥
ਸ਼ਸਤਰ ਬਸਤਰ ਸਿੰਘਨ ਕਸਿ, ਟਾਂਕ[1] ਅਫੀਮਾਂ ਭੰਗ*।
ਤਜਾਰ ਭਏ ਸਭਿ ਹੀ ਤਬੈ, ਹਿਤ ਧਾਵੇ ਕੇ ਜੰਗ
॥੧੨੪॥
ਚੌਪਈ ॥
ਹਮਰੀ ਕਰੋ ਹਾਥ ਦੈਰੱਛਾ ॥
ਪੂਰਨ ਹੋਇ ਚਿੱਤ ਕੀ ਇੱਛਾ ॥
ਇਹੁ ਗੁਰੁ ਬਚਨ ਕਵਚ[1] ਸਿੰਘ ਪਢ ਕੈ।
ਧਾਏ ਸੱਤ੍ਰਨ ਦਿਸ ਤਬਿ ਚਢ ਕੈ ॥੧੨੫॥
ਇਤ ਤੁਰਕਨ ਕੀ ਦੈਂਹੁ ਬਤਾਈ।
ਵੜੇ ਨ ਲਵਪੁਰਿ ਜਜੋਂ ਵਹਿ ਜਾਈ।
ਇਕ ਤੋ ਮਿਲੀ ਤਰੀਕ ਨ ਸਾਰੈਂ[1]।
ਦੂਸਰ ਭਯੋ ਜਲੂਸ ਨ ਤਜਾਰੈਂ ॥੧੨੬॥
ਰਾਗ ਰੰਗ ਅਰ ਮੁਜਰੇ[1] ਸੰਗੈਂ।
ਚਲੈਂ ਅਗਾਰੀ ਸਹਿਤ ਉਮੰਗੈਂ।
ਆਤਸ਼ ਬਾਜ਼ੀ ਸ਼ਹਿਰ ਰੌਸ਼ਨੀ।
ਤੋਪ ਜੰਬੂਰਨ ਸ਼ਲਕ ਜੋਸ਼ਨੀ[1] ॥੧੨੭॥
ਸ਼ਾਹੀ ਸਭਿ ਜਲੂਸ ਲੈ ਸੰਗੈ।
ਆਵੈ ਜਬੈ ਨੁਵਾਬ ਉਮੰਗੈ।
ਕਰਿ ਜਲਸਾ ਵਡ ਵੜੈਂ ਲਹੌਰੈਂ।
ਰਹੈ ਸੁ ਤਜਾਰੀ ਕਰਿ ਇਸ ਤੌਰੈਂ ॥੧੨੮॥
ਭਈ ਮੁਕਰਰ ਨ ਏਕ ਤਰੀਕੈਂ।
ਕੋ ਕਹਿ ਯਹਿ ਨਹਿਂ, ਫਲਾਂ ਤਰੀਕੈਂ[1]।
ਤਬਿ ਫਲਾਨ[1] ਤੁਰਕਨ ਮੁਖ ਰਹਾ।

[1]ਅੰਮ੍ਰਿਤ ਵੇਲੇ। [2]ਖ਼ਬਰ।
[1]ਛਕ ਕੇ। *ਦੇਖੋ ਪੰਨਾ ੨੦੫੨ ਤੇ ਅੰਕ ਨੰ. ੯੪ ਤੇ * ਦੀ ਪੈਰ ਟੂਕ।
[1]ਰੱਖਿਆ ਮੰਤ੍ਰ।
[1]ਚੰਗੀ ਤ੍ਰੀਕ।
[1]ਨਾਚ।
[1]ਤੋਪਾਂ ਤੇ ਛੋਟੀਆਂ ਤੋਪਾਂ ਦਾ ਇਕੱਠਾ ਵਾਰ ਜੋਸ਼ ਨਾਲ ਹੋਵੇ।
[1]ਅਮੁਕੀ ਤ੍ਰੀਕ।
[1]ਲਿੰਗ।

ਸਿੰਘਨ ਧਾਵਾ ਤਿਨ ਪਰ ਚਹਾ ॥੧੨੯॥
ਦੂਤੈਂ ਲੌਟ[1] ਸਿੰਘਨ ਢਿਗ ਜਾਈ।
[1]ਜਸੂਸ ਨੇ ਮੁੜ ਕੇ।
ਦਈ ਖਬਰ ਸਿੰਘ ਆਏ ਧਾਈ।
ਇਤ ਤੁਰਕਨ ਕੋ ਭਈ ਨ ਸਾਰੈਂ।
ਬੈਠੇ ਥੇ ਵਹਿ ਸਿੰਘਨ ਵਿਸਾਰੈਂ ॥੧੩੦॥
ਕੋਈ ਪ੍ਰਭਾਤੈਂ ਚੜ੍ਹੇ ਸ਼ਿਕਾਰੈਂ।
ਕੋਊ ਗੜ੍ਹੀ ਮਧ ਵੜੇ ਬਜਾਰੈਂ।
ਕਿਤਿਕ ਰੰਡੀਓਂ ਕੇ ਘਰ ਪਰੇ।
ਕੋਊ ਹਵਾ ਖੋਰੀ ਫਿਰ ਕਰੇ[1] ॥੧੩੧॥
[1]ਫਿਰ ਕੇ ਹਵਾ ਖਾਂਦੇ ਹਨ।
ਕੋਊ ਨਿਵਾਜਾਂ ਦੇਵਤ ਬਾਂਗਾਂ।
ਬਧਰ[1] ਖੁਦਾ ਕੋ ਮਾਰਤ ਚਾਂਗਾਂ।
[1]ਬੋਲੇ।
ਕੇਤਿਕ ਉਜਮੁਖ ਸਾਜੈਂ ਉਜੂ[1]।
[1]ਕਈ (ਉਜਮੁਖ) ਲੋਟਿਆਂ ਨਾਲ (ਉਜੂ) ਹੱਥ ਮੂੰਹ ਪੈਰ ਧੋਂਦੇ ਹਨ।
ਕੇਤਿਕ ਖਤਰੇ ਹੋਏ ਰੁਜੂ[1] ॥੧੩੨॥
[1](ਖਤਰੇ) ਟੱਟੀ ਜਾਣ ਨੂੰ (ਰੁਜੂ) ਤਿਆਰ ਹੋਏ।
ਕਿਤ ਅਸਤੰਜਾ ਢੇਲਾ ਕਰਹੀਂ[1]।
[1]ਕਿਤੇ ਮਿੱਟੀ ਦੇ ਡਲੇ ਨਾਲ (ਅਸਤੰਜਾ) ਲਿੰਗ ਦੀ ਸਫਾਈ ਕਰਦੇ ਹਨ।
ਕੇਤਿਕ ਲਵਪੁਰਿ ਮਗ ਪਗ ਧਰਹੀਂ।
ਹੁੱਕੇ ਪਰ ਝੁੱਕੇ ਹ੍ਵੈ ਬੋਟੈਂ[1]।
[1]ਹੁੱਕੇ ਉਪਰ ਚਿੜੀ ਦੇ ਬੱਚੇ ਵਾਂਗ ਹੋ ਕੇ ਝੁਕੇ ਹੋਏ ਹਨ।
ਪੋਸਤ ਮਲੈਂ ਭੰਗ ਕਿਤ ਘੋਟੈਂ ॥੧੩੩॥
ਖਾਇ ਅਫੀਮਾਂ ਕੇਈ ਪਰੇ।
ਅਮਲ ਨ ਚਰ੍ਹੇ[1] ਪਰੇ ਅਧਮਰੇ।
[1]ਅਮਲ ਚੜ੍ਹਿਆ ਨਹੀਂ।
ਕੇਤਿਕ ਪਰੇ ਖਰੇ ਕਰਿ ਗੋਡੇ।
ਕਿਨਹੂੰ ਸ਼ੁਤਰ[1] ਚਰਾਵਨ ਛੋਡੇ ॥੧੩੪॥
[1]ਊਠ।
ਯੌਂ ਨਿਜ ਨਿਜ ਕੰਮਨ ਮਸ਼ਗੂਲੇ[1]।
[1]ਕੰਮਾਂ 'ਚਰੁੱਝੇ ਹੋਏ ਸਨ।
ਹੋਇ ਰਹੇ ਥੇ, ਸਿੰਘਨਿ ਭੂਲੇ।
ਚਾਰ ਹਜ਼ਾਰਕ ਸਿੰਘ ਅਚਾਨਕ।
ਆਇ ਪਰਜੋ ਬਿਜਰੀ ਸਮ ਭਜਾਨਕ ॥੧੩੫॥
ਰਾਮਜੰਗੇ[1] ਸਭਿ ਸਿੰਘਨ ਦਾਗੇ।
[1]ਬੰਦੂਕਾਂ।
ਜਾਗੇ ਤਬੈ ਮਲਨ ਦ੍ਰਿਗ ਲਾਗੇ।
ਸੁੱਤੇ ਉੱਠੇ ਇਤ ਉਤ ਭਾਗੇ।

ਤੜਫ ਤੜਫ ਬਹੁ ਮਰੇ ਅਭਾਗੇ ॥੧੩੬॥
ਹੁਤੀ ਦੁਗਾੜਾ[1] ਕਸੀ ਬੰਦੂਕੈਂ। [1]ਦੋ ਦੋ ਗੋਲੀਆਂ।
ਤਾਂ ਮੈਂ ਗਈ ਨ ਏਕ ਅਚੂਕੈਂ[1]। [1]ਨਿਸਫਲ।
ਖਰਭਰ[1] ਹਾਹਾਕਾਰ ਮਚਯੋ ਹੈ। [1]ਰੌਲਾ।
ਤੁਰਕ ਉਠੇ ਘਬਰਾਇ ਸਚਯੋ ਹੈ ॥੧੩੭॥
ਪਰੇ ਬਿਖਬਰ ਸਿੰਘ ਉਨ ਪੈ ਹੈਂ।
ਲੈਣੀ ਮਿਲੀ ਸੰਭਾਲ ਨ ਤੈਹੈਂ।
ਇਤ ਉਤ ਦੌਰੈਂ ਬੌਰੈਂ ਤੌਰੈਂ[1]। [1]ਸ਼ੁਦਾਈਆਂ ਵਾਂਗ।
ਤੋਵਾ ਤੋਵਾ ਮਾਚੀ ਗੌਰੈਂ[1] ॥੧੩੮॥ [1]ਬਹੁਤੀ।
ਚਹੁੰ ਓਰ ਤੈ ਯੌ ਸਿੰਘ ਪਰੇ।
ਜੈਸੇ ਕੁਹੀ ਮਾਰ ਪਰ ਢਰੇ[1]। [1]ਜਿਵੇਂ ਕੁਹੀ (ਸ਼ਿਕਾਰੀ ਜਾਨਵਰ) ਮਾਰ ਉੱਤੇ ਪੈਂਦਾ ਹੈ।
ਧਰ ਪਰ ਝੂੰਮ ਝੂੰਮ ਯੌਂ ਪਰਹੀਂ।
ਮਨੋ ਨਿਵਾਜਾਂ ਫਿਰ ਫਿਰ ਪੜ੍ਹਹੀਂ[1] ॥੧੩੯॥ [1]ਪੜ੍ਹਦੇ ਹਨ।
ਕੇਤਿਕ ਪਰੇ ਧਰਣ ਯੌਂ ਲੇਟੈਂ।
ਮਾਨੋ ਮ੍ਰਿਗੀਂ ਸੂਲ ਸਮੇਟੈਂ[1]। [1]ਜਾਣੋਂ ਮ੍ਰਿਗੀਆਂ ਦੁੱਖ ਦੇ ਸਹਿਤ ਹਨ।
ਸ੍ਰੋਣਤ ਧਾਰ ਬਹੀ ਇਸ ਭਾਵੈ[1]। [1]ਇਸ ਤਰ੍ਹਾਂ।
ਖੂੰਨ ਆਬ ਜਨੁ ਹਿਯ ਅਸਤਾਵੈਂ[1] ॥੧੪੦॥ [1]ਜਾਣੋ ਹਿਰਦੇ ਰੂਪ ਲੋਟੇ ਚੋਂ ਖ਼ੂਨ ਰੂਪ ਪਾਣੀ ਵਗਦਾ ਹੈ।
ਬੰਦ ਕਰਨ ਹਿਤ ਹਾਥ ਜੁ ਮਾਰੈਂ।
ਹਿਤ ਨਿਵਾਜ ਜਨੁ ਉਜੂ ਸੁਧਾਰੈਂ[1]। [1]ਪੰਜ ਇਸ਼ਨਾਨਾ ਕਰਦੇ ਹਨ।
ਹਾਲਚਾਲ ਦਈ ਡਾਲ ਕਰਾਲੈਂ[1]। [1]ਭਿਆਨਕ।
ਜਨੁ ਗਨ ਮਿਰਗਨ ਬਾਘ ਬਿਸਾਲੈਂ[1] ॥੧੪੧॥ [1]ਜਾਣੋ ਬਹੁਤੇ ਹਰਨਾਂ 'ਤੇ ਬਹੁਤੇ ਸ਼ੇਰ ਪੈ ਗਏ ਹਨ।
ਦੌਰੇ ਤੁਰਕ ਅਧਿਕ ਘਬਰਾਏ।
ਸ਼ਸਤ੍ਰ ਨਹਿਂ ਸੰਭਾਰਨੇ ਪਾਏ।
ਪਗਰੀ ਪਨਹੀ[1] ਨਾਹਿਂ ਸੰਭਾਰੀ। [1]ਜੁੱਤੀ।
ਤੋਬਾ ਤੋਬਾ ਕਰੈਂ ਪੁਕਾਰੀ ॥੧੪੨॥
ਜੌਨ ਹਾਲ ਮੈਂ ਥਾ ਤਬਿ ਜੋਈ।
ਭਾਗਯੋ ਭੈ ਕਰਿ ਤੈਸੇ ਸੋਈ।
ਕੋਊ ਨਗਨ ਕੋ ਤਹਿਮਤ[1] ਲੈ ਕੈ। [1]ਤੰਬਾ, ਚਾਦਰਾ।
ਸੋ ਭੀ ਗਿਰ ਗਿਰ ਪਰਹੀਂ ਭੈ ਕੈ ॥੧੪੩॥
ਉਨ ਕੋ ਲਾਖੋਂ ਸਿੰਘ ਦਿਸਾਵੈਂ।

ਹਾਇ ਹਾਇ ਕਰਿ ਮਨ ਮੁਰਝਾਵੈਂ।
ਭਈ ਤੁਫੰਗ ਸਿੰਘਨ ਖਾਲੀ ਜਬਿ।
ਗਹੀ ਕ੍ਰਿਪਾਨੈਂ ਜ੍ਵਾਨੈਂ ਫਿਰ ਤਬਿ ॥ ੧੪੪ ॥
ਉਛਰਿ ਉਛਰਿ ਚੀਤੇ ਸਮ ਪਰ ਕੈ।
ਰਿਦੈ ਕੋਪ ਕੇਹਰ ਜਿਮ ਭਰ ਕੈ।
ਮਾਰੈਂ ਤੇਗ ਬੇਗ ਸਿਰਿ ਤੁਰਕਨ।
ਧਰੈਂ ਉਤਾਰ ਮੁੰਡ ਸਮ ਬੁਰਕਨ[1] ॥ ੧੪੫ ॥
[1]ਬੁਰਕਿਆਂ (ਪੜਦਿਆਂ) ਵਾਂਗ।

ਸਿੰਘ ਪਰੇ ਜਬਿ ਝੁਕਿ ਸਮ ਬਾਜਨ।
ਮੁਗਲ ਚੁਗਲ ਸਮ ਲੱਗੇ ਭਾਜਨ।
ਜੈਸ ਕਪੋਤਨ ਧਾਮ ਮਝਾਰੂ[1]।
[1]ਜਿਵੇਂ ਕਬੂਤਰਾਂ ਦੇ ਘਰ ਵਿੱਚ ਬਿੱਲੇ।

ਅਜਾ ਬ੍ਰਿੰਦ ਮੈਂ ਜੈਸ ਬਘਜਾਰੂ[1] ॥ ੧੪੬ ॥
[1]ਜਿਵੇਂ ਬਹੁਤੀਆਂ ਬਕਰੀਆਂ ਵਿੱਚ ਬਘਿਆੜ।

ਜਯੋਂ ਬਹੁ ਬਾਢੀ ਬਨ ਮੈਂ ਪੈਠਨ[1]।
[1]ਜਿਵੇਂ ਬਹੁਤੇ ਤਰਖਾਣ ਜੰਗਲ 'ਚ ਵੜ ਜਾਣ।

ਸਿੰਘ ਧਸੇ ਤਯੋਂ ਤੁਰਕੈਂ ਐਂਠਨ[1]।
[1]ਮਰੋੜਨ ਭਾਵ ਮਾਰਨ ਲਈ।

ਮੌਲਵਿ ਮੁੱਲਾਂ ਮੁਫਤੀ[1] ਕਾਜੀ।
[1]ਫਤਵਾ ਦੇਣ ਵਾਲੇ।

ਭੇਡਨ ਸਮ ਦਿਹੰ ਜਾਨੈਂ ਪਾਜੀ[1] ॥ ੧੪੭ ॥
[1]ਕਾਇਰ।

ਆਇ ਸੁਦਾਗਰ ਮੁਰਤਜ਼ਾ ਖਾਨੈ।
ਕਰੀ ਤਜਾਰਤ[1] ਮੌਤ ਮਹਾਨੈ।
[1]ਵਪਾਰ।

ਟੋਡਰ ਪੌਤਰ ਟੋਟਰ[1] ਭੰਨਾਂ।
[1]ਮੋਨਾ ਸਿਰ।

ਨਮਕ ਸਰਤ ਸਿਰ ਕੀਨੋ ਬੰਨ੍ਹਾਂ[1] ॥ ੧੪੮ ॥
[1](ਸਰਤ) ਵਗਦੇ ਸਿਰ ਭਾਵ ਸਿਰ ਦੇ ਜ਼ਖਮ ਵਿੱਚ ਲੂਣ ਬੰਨ੍ਹਿਆ।

ਬਾਬਰ ਬੇਗ ਹਾਜੀ ਕੋ ਹੱਜੈਂ।
ਖਤਮ ਭਯੋ ਰਣ ਮੱਕਾ ਅੱਜੈਂ[1]।
[1]ਜੰਗ ਰੂਪ ਮੱਕੇ ਦਾ ਹੱਜ ਅੱਜ ਮੁਕ ਗਿਆ ਹੈ।

ਮੀਰ ਬੇਗ ਲਖਿ[1] ਭਾਗਯੋ ਬੇਗਾ[2]।
[1]ਜਾਣ ਕੇ। [2]ਛੇਤੀ।

ਬਗਿ ਪਾਛੇ[1] ਸਿੰਘ ਬਖਸ਼ਯੋ ਤੇਗਾ ॥ ੧੪੯ ॥
[1]ਪਿੱਛੇ ਤੇਜ਼ ਚਲ ਕੇ।

ਸਨਮੁਖ ਭਯੋ ਜੁ ਖਾਨ ਇਨਯਾਤ।
ਇਕ ਸਿੰਘ ਕੀਨੀ ਸਾਂਗ ਇਨਾਯਤ[1]।
[1]ਬਰਛੀ ਬਖ਼ਸ਼ ਦਿੱਤੀ ਭਾਵ ਮਾਰ ਦਿੱਤੀ।

ਸੈਫ ਖਾਨ ਇਕ ਖਾ ਕਰਿ ਸੈਫੈਂ[1]।
[1]ਸਿੱਧੀ ਤਲਵਾਰ।

ਪਰਯੋ ਮਸਤ ਹ੍ਵੈ ਜਨੁ ਛਕਿ ਕੈਫੈਂ[1] ॥ ੧੫੦ ॥
[1]ਸ਼ਰਾਬ।

ਹਰਫ ਕਹਤ ਸਿੰਘ, ਆ ਇਤ ਤਰਫੈਂ[1]।
[1]ਸਿੰਘ ਨੇ ਇਹ ਲਫ਼ਜ਼ ਕਹੇ-ਤੂੰ ਇਸ ਤਰਫ ਆ।

ਸਰਫ ਖਾਨ ਝਟ ਸਿਰ ਕਿਯ ਸਰਫੈਂ[1]।
[1]ਸਿਰ ਖ਼ਰਚ ਕਰ ਦਿੱਤਾ ਭਾਵ ਦੇ ਦਿੱਤਾ।

ਜ਼ੁਲਫ ਕਾਰ ਖਾਂ ਜ਼ੁਲਫ ਖਿਲਾਰੀ[1]। — [1]ਸਿਰ ਦੀਆਂ ਲਿਟਾਂ ਖਿਲਾਰ ਲਈਆਂ ਭਾਵ ਮਰ ਗਿਆ।
ਮੁਹੱਬਤ ਖਾਨ ਮੁਹਬਤ ਪਾਰੀ[1] ॥੧੫੧॥ — [1]ਪਾਲੀ ਭਾਵ ਖ਼ਤਮ ਹੋ ਗਿਆ।
ਹੈਬਤ ਖਾਂ ਹੈਬਤ ਖਾ[1] ਮਰਯੋ। — [1]ਭੈ ਖਾ ਕੇ।
ਪੀਰ ਬਖਸ਼ ਤਨ ਬਖਸ਼ਨ ਕਰਯੋ।
ਮੁਹੰਮਦ ਖਾਂ ਅਲਹਮਦ[1] ਉਚਾਰਜੋ। — [1]ਉਸਤਤ।
ਕੰਮ ਸਿੰਘ ਕਿਯ, ਦੰਮ ਨ ਮਾਰਜੋ[1] ॥੧੫੨॥ — [1]ਸਿੰਘ ਨੇ (ਮਾਰਨ ਦਾ) ਕੰਮ ਕਰ ਦਿੱਤਾ, ਉਸ ਨੇ ਸਾਹ ਨਹੀਂ ਲਿਆ ਭਾਵ ਮਰ ਗਿਆ।

ਅਲੀਯਾਰ ਖਾਂ ਅਲਾ ਸੰਭਾਰਾ[1]। — [1]ਅੱਲਾ ਨੇ ਸੰਭਾਲ ਲਿਆ ਭਾਵ ਮਰ ਗਿਆ।
ਭਾਲਾ ਆਲਾ ਸਿੰਘ ਕਿਯ ਪਾਰਾ[1]। — [1]ਬਰਛਾ ਪਾਰ ਲੰਘਾ ਦਿੱਤਾ।
ਹਸਨ ਹੁਸੈਨ ਖਾਨ ਹਸ ਹਸ ਕੈ।
ਬਾਨ੍ਹੇ ਥੇ[1] ਗਾਨੇ ਜੋ ਕਸ ਕੈ ॥੧੫੩॥ — [1]ਬੰਨ੍ਹੇ ਸਨ।
ਜਾਨੇਂ ਦੀਨੀ ਦੀਨੀ ਬਨ ਕੈ[1]। — [1]ਇਸਲਾਮ ਧਰਮ ਦੇ ਮੰਨਣ ਵਾਲੇ ਬਣ ਕੇ।
ਮਰੇ ਏਕ ਇਕ ਸਿੰਘ ਕੋ[1] ਹਨ ਕੈ। — [1]ਇੱਕ ਇੱਕ ਸਿੰਘ ਨੂੰ ਮਾਰ ਕੇ ਮਰੇ।
ਸਾਦਕ ਅਲੀ ਸਿਦਕ ਨੇਬਾਹਜੋ।
ਲਈ ਰਸੀਦ[1] ਸ਼ਹੀਦ ਥਵਾਹਜੋ[2] ॥੧੫੪॥ — [1]ਮੁਕਤੀ। [2]ਹੋ ਗਿਆ।
ਖਾਨ ਸਲਾਮਤ, ਜਾਂਨ ਸਲਾਮਤ।
ਰਾਖੀ, ਇਕ ਹੇਤੈ ਕਹਿਨਾਵਤ[1]। — [1](ਸਿਰਫ਼ ਇਹ) ਕਹਿਣ ਵਾਸਤੇ ਕਿ ਇਕ ਤਾਂ ਬਚ ਗਿਆ ਹੈ।
ਖਾਨ ਬੁਲੰਦ, ਬੁਲੰਦ[1] ਅਵਾਜੈਂ। — [1]ਉੱਚੀ।
ਦੈ, ਜਿੰਦ ਦੀਨ, ਦੀਨ ਕੇ ਕਾਜੈਂ ॥੧੫੫॥
ਪੀਰ ਸਿਕੰਦਰ ਸ਼ਾਹਿ ਮਲੰਗੈਂ[1]। — [1]ਮਲੰਗ ਨੇ। (ਮਲੰਗ-ਮੁਸਲਮਾਨ ਫ਼ਕੀਰਾਂ ਦਾ ਇਕ ਫ਼ਿਰਕਾ।)

ਖੇਤ ਅੰਦਰਰਹਿ ਪਾਲਜੋ ਅੰਗੈਂ[1]। — [1]ਜੰਗ ਦੇ ਅੰਦਰਰਹਿ ਕੇ ਪੱਖ ਕੀਤਾ।
ਕਾਜੀ ਹਾਜੀ, ਸ਼ਾਹ ਰਜ਼ਾਕੈਂ।
ਪਾਜੀ ਬਾਜੀ ਕੀਨ ਹਲਾਕੈਂ[1] ॥੧੫੬॥ — [1]ਕਾਇਰ ਦਾ ਘੋੜਾ ਮਾਰ ਦਿੱਤਾ।
ਅਏ ਰੁਹੇਲੇ ਥੇ ਜੁ ਬਘੇਲੈਂ[1]। — [1]ਸ਼ੇਰ ਬਣਕੇ ਜੋਰੁਹੇਲੇ ਆਏ ਸਨ।
ਹੇਲੈ ਪਹਿਲ ਮਰੇ ਸਮ ਛੇਲੈਂ[1]। — [1]ਉਹ ਪਹਿਲੇ ਹੱਲੇ ਹੀ ਬਕਰਿਆਂ ਵਾਂਗ ਮਰ ਗਏ।
ਖਾਂ ਜਲਾਲ ਹ੍ਵੈ ਮਰਜੋ ਜ਼ਲੀਲੈਂ[1]। — [1]ਖੁਆਰ ਹੋ ਕੇ, ਬੇਇਜ਼ਤ ਹੋ ਕੇ।
ਇਸਮਾ ਭਾਗਜੋ ਇਸਮਾਈਲੈਂ[1] ॥੧੫੭॥ — [1]ਇਸਮਾਈਲ ਦਾ (ਇਸਮਾ) ਨਾਮ ਹੀ ਭਜ ਗਿਆ ਭਾਵ ਮਰ ਗਿਆ।

ਦੋਹਰਾ:
ਮੁੱਲਾਂ ਪੀਰ ਮੁਹੰਮਦੈਂ,

ਉੱਲਾਂ ਉੱਠੀ ਜੋਇ[1]।
[1]ਜੋ ਐਸੀਆਂ ਉੱਲਾਂ ਦੇ (ਰੋਗ ਦੀਆਂ ਪੀੜਾਂ) ਉੱਠੀਆਂ।
ਗੋਲੀ ਪੁੜਪੁੜਿ ਮੈਂ ਲਗੀ,
ਸੁਖ ਸੋਂ ਪਰਯੋ ਸੋਇ ॥ ੧੫੮ ॥

ਚੌਪਈ:

ਅਤਾਉਲਾ-ਖਾਂ ਜੋ ਰਜਪੂਤਾ।
ਭਾਗਜੋ ਰਣ ਤੇ ਹੋਇ ਕਪੂਤਾ।
ਜਿਤਿਕ ਤੁਰਕ ਥੇ ਤਾਂ ਮਧ ਮੀਰਾ[1]।
[1]ਤਿਨ੍ਹਾਂ ਵਿੱਚ ਜਿਹੜੇ ਤੁਰਕ (ਮੀਰਾਂ) ਸੈਨਾਪਤੀ ਸਨ।
ਮਾਰੇ ਸਿੰਘਨ ਕਰਿ ਵਡ ਲੀਰਾਂ ॥ ੧੫੯ ॥
ਜਿਨ ਜਿਨ ਦੰਤ ਘਾਸ ਮੁਖ ਲੀਨਾ।
ਤਜਜੋ ਸਿੰਘਨ ਸੋ ਜਾਨਿ ਕਮੀਨਾ[1]।
[1]ਨੀਚ।
ਨਾਕ ਬਿਨਾ ਇਕ ਮਿਰਜਾ ਨੱਕੀ।
ਸੋ ਬਚਿ ਭਾਗਜੋ ਲਵਪੁਰਿ ਤੱਕੀ ॥ ੧੬੦ ॥
ਜੇ ਜੇ ਤੁਰਕ ਅਗਾੜੀ ਅਕੜੇ।
ਤਿਨ ਕੇ ਕੁਟੇ ਸਿਰ ਵਡ ਤਕੜੇ।
ਹਾਥ ਲੀਏ ਜੇ ਭਾਗੇ ਬਧਨੇ[1]।
[1]ਲੋਟੇ।
ਤਿਨ ਕੋ ਮਾਰਜੋ ਕਰਿ ਵਡ ਅਦਨੇ[1] ॥ ੧੬੧ ॥
[1]ਤੁੱਛ, ਕਮੀਨੇ।
ਜੇ ਜੇ ਕਰਤ ਹੁਤੇ ਅਸਤੰਜੇ[1]।
[1]ਲਿੰਗ ਦੀ ਸਫ਼ਾਈ।
ਤੇ ਸਭਿ ਚੜ੍ਹਗੇ ਮੌਤ ਸ਼ਿਕੰਜੇ।
ਜਿਤਿਕ ਕਰਤ ਪਾਏ ਤਬਿ ਢੇਲਾ[1]।
[1]ਮਿੱਟੀ ਦੇ ਡਲੇ ਨਾਲ ਸਫ਼ਾਈ।
ਤਿਨ ਕੋ ਕਾਲ ਨਦੀ ਮਧ ਠੇਲਾ[1] ॥ ੧੬੨ ॥
[1]ਰੋੜ੍ਹ ਦਿੱਤਾ।
ਜੇ ਜੇ ਝੁਕਿ ਝੁਕਿ ਪੜ੍ਹਤ ਨਿਵਾਜਾਂ।
ਤਿਨ ਕੋ ਤੇਗਨ ਬੇਗ ਨਿਵਾਜਾ[1]।
[1]ਭਾਵ ਛੇਤੀ ਨਾਸ਼ ਕੀਤਾ।
ਜੇਤਿਕ ਥੇ ਬੈਠੇ ਕਿਤ ਖਤਰੇ[1]।
[1]ਟੱਟੀ।
ਤਿਨ ਕੋ ਬਜਾਪੇ ਜਾਂਨਨ ਖਤਰੇ ॥ ੧੬੩ ॥
ਜਾਰਬੰਦ ਭਜਿ ਕਸਨ ਨ ਪਾਵੈਂ[1]।
[1]ਦੌੜਦਿਆਂ ਨਾਲੇ ਚੰਗੀ ਤਰ੍ਹਾਂ ਕੱਸੇ ਨਹੀਂ ਜਾਂਦੇ।
ਫਸਿ ਫਸਿ ਤੰਬੇ[1] ਟਾਂਗਨ ਜਾਵੈਂ।
[1]ਤੇੜ ਦੀਆਂ ਚਾਦਰਾਂ।
ਔਰ ਨਹੀਂ ਤਿਨ ਤੈ ਕੁਛ ਹੋਵਾ।
ਗਿਰੇ ਧਰਨ ਕਰਿ ਤੋਵਾ ਤੋਵਾ ॥ ੧੬੪ ॥
ਜਿਤਿਕ ਜਾਇ ਢਿਗ ਰਾਂਡਨ ਪਰੇ[1]।
[1]ਵੇਸਵਾਵਾਂ ਪਾਸ ਪਏ ਸਨ।
ਤੇ ਡਾਂਡਨ ਸੋਂ ਡਾਂਡਨ ਕਰੇ[1]।
[1]ਉਹ ਡੰਡਿਆਂ ਨਾਲ ਡੰਨਣਾ ਕੀਤੇ।

ਮਲਤ ਹੁਤੇ ਜੇ ਬੈਠੇ ਪੋਸਤ।
ਪੀਨਕ ਤੇਗ ਮਿਲੀ ਤਿਨ ਦੋਸਤ[1] ॥੧੯੫॥

[1]ਉਨ੍ਹਾਂ ਨੂੰ ਦੋਸਤਾਂ ਵਾਂਗ ਤਲਵਾਰ ਰੂਪ (ਪੀਨਕ) ਊਂਘ ਦਾ ਝੂਟਾ ਮਿਲਿਆ।

ਭੰਗ ਰਹੇ ਥੇ ਜੇ ਕਰਿ ਤਜਾਰੇ।
ਤਿਨ ਕੋ ਮਿਸਰੀ ਮਿਲੀ ਉਦਾਰੇ।
ਪਰੇ ਹੁਤੇ ਜੇ ਖਾ ਕਰਿ ਫੀਮਾਂ।
ਫਿਰ ਨਹਿਂ ਫਰਕਯੋ ਅੰਗ ਯਤੀਮਾਂ[1] ॥੧੯੬॥

[1]ਅਨਾਥਾਂ ਦਾ।

ਹੁਤੇ ਕਿਲੇ ਮੱਧ ਜੇਤਿਕ ਆਕੀ।
ਤਿਨ ਜਬਿ ਯਹਿ ਸਭਿ ਸੁਨੀ ਹਲਾਕੀ[1]।

[1]ਮੌਤ।

ਨਿਕਸੇ ਵਹਿ ਕਰਿ ਚਿੱਤ ਕਰਾਰੇ[1]।

[1]ਤਕੜੇ।

ਔਰ ਮਿਲੇ ਤਿਨ ਸੰਗ ਅਪਾਰੇ ॥੧੯੭॥
ਦਹਿ-ਗੁਨ[1] ਸੰਮੁਖ ਹੋਏ ਖਰੇ।

[1](ਸਿੰਘਾਂ ਨਾਲੋਂ) ਦਸ ਗੁਣਾਂ (ਵੱਧ)।

ਆਗੇ ਆਇ ਰੁਹੇਲੇ ਲਰੇ।
ਇਤ ਤੈ ਸਿੰਘਨ ਭੀ ਬਲ ਧਰ ਕੈ।
ਕੀਨੋ ਜੰਗ ਸੰਗ ਤਿਨ ਅਰ ਕੈ[1] ॥੧੯੮॥

[1]ਅੜ ਕੇ।

ਕਬਿੱਤੁ:
ਬੋਲ ਕੇ ਅਕਾਲ ਸਿੰਘ ਪਰੇ ਏਕ-ਨਾਲ[1],

[1]ਇੱਕੋ ਵਾਰ।

ਡਾਲ ਦਈ ਹਾਲ ਚਾਲ, ਮਾਨੋ ਮਹਾਂ-ਕਾਲ[1] ਪਰਯੋ ਹੈ।

[1]ਜਾਣੋ ਪਰਲੋ ਆ ਪਈ ਹੈ।

ਮਾਰ ਮਾਰਿ ਏਕ ਸਾਰ ਦਯੋ ਹੈ ਸਥਾਰ ਡਾਰ[1],

[1]ਇੱਕੋ ਜਿਹੇ ਸੱਥਰ (ਢੇਰ) ਪਾ ਦਿੱਤੇ।

ਕਾਟਤ ਜਮਾਰ ਜਿਮੀਂਦਾਰ ਜਿਮ ਭਰਯੋ[1] ਹੈ।

[1]ਚੰਗੀ ਤਰ੍ਹਾਂ।

ਪੈਠਤ ਮ੍ਰਿਗਿੰਦ ਮ੍ਰਿਗ ਬ੍ਰਿੰਦ ਜਯੋਂ ਗਜਿੰਦਨ ਮੈਂ,
ਕੂੰਜਨ ਪੈ ਬਹਿਰੀ ਜਯੋਂ ਕਹਿਰੀ ਗੁੱਜਰਯੋ ਹੈ[1]।

[1]ਜਿਵੇਂ ਸ਼ੇਰ ਬਹੁਤੇ ਹਰਨਾਂ ਤੇ ਹਾਥੀਆਂ ਵਿੱਚ ਵੜ ਜਾਵੇ, ਅਤੇ ਜਿਵੇਂ (ਬਹਿਰੀ) ਸ਼ਿਕਾਰੀ ਜਾਨਵਰ ਕੂੰਜਾਂ ਉਪਰ ਕਹਿਰ ਗੁਜ਼ਾਰਦਾ ਹੈ।

ਤੈਸੇ ਰੀਸ ਰੀਸ[1] ਦਾਂਤ ਪੀਸ ਪੀਸ ਏਕ ਸਿੰਘ,

[1]ਤਿਵੇਂ ਗ਼ੁੱਸੇ ਹੋ ਹੋ ਕੇ।

ਬੀਸ ਬੀਸ ਤੀਸ ਤੀਸ ਸੱਤ੍ਰੁਨ ਕੋ ਹਰਯੋ ਹੈ ॥੧੯੯॥
ਸਿੰਘਨ ਬਿਦਾਰ ਦਯੋ ਦੀਹ ਦਲ ਦੁੱਜਨ ਕਾ[1],

[1]ਸਿੰਘਾਂ ਨੇ ਦੁਸ਼ਮਣਾਂ ਦਾ ਵੱਡਾ ਦਲ ਨਾਸ਼ ਕਰ ਦਿੱਤਾ।

ਪਾਏ ਨਾ ਸੰਭਾਰਨੇ ਹਥਜਾਰ ਤੁਰਕਾਨ ਕੋ।
ਕੀਨ ਕਤਲਾਮ ਦੀਨ ਅਹਿਲੇ ਸਲਾਮ,

ਬਹੁਤ ਫਰਕ ਗਰਾਮ ਆਮ, ਧਾਏ ਲੈ ਲੈ ਜਾਂਨ ਕੋ[1]।	[1]ਤੁਰਕ ਮਜ਼ਹਬ ਦੇ (ਅਹਲੇ) ਲੋਕਾਂ ਨੂੰ ਕਤਲ ਕੀਤਾ, ਆਮ ਮੁਸਲਮਾਨ ਬਹੁਤੀ ਵਿਥ 'ਤੇ ਵਸਦੇ ਪਿੰਡਾਂ ਵਲ ਜਾਨਾਂ ਲੈ ਲੈ ਕੇ ਦੌੜ ਗਏ।
ਪਗੀਆ ਬਿਹਾਇ ਪਾਇਂ ਪਨਹੀਂ ਨ ਸਾਕੈਂ ਪਾਇ[1]	[1]ਪੱਗਾਂ ਸੁੱਟ ਗਏ ਤੇ ਪੈਰਾਂ 'ਚ ਜੁੱਤੀਆਂ ਨਹੀਂ ਪਾ ਸਕੇ।
ਯਾ ਖੁਦਾਇ ਯਾ ਖੁਦਾਇ ਗਾਇ ਧਾਇ ਜਾਨ ਕੋ[1]।	[1]ਕਹਿੰਦੇ ਨੱਸੇ ਜਾਂਦੇ ਹਨ।
ਕੇਈ ਹੋਇ ਖਰੇ ਅਰੇ ਲਰੇ ਭਰੇ[1] ਰੋਸ ਧਰੇ,	[1]ਚੰਗੀ ਤਰ੍ਹਾਂ।
ਸੰਮੁਖ ਹ੍ਵੈ ਮਰੇ ਮਾਰਿ ਸਿੰਘਨ ਜ੍ਵਾਨ ਕੋ ॥੧੭੦॥	
ਚੌਪਈ:	
ਸਿੰਘਨ ਭਗਾਈ ਮਾਰਿ ਤੁਰਕਾਨੀ।	
ਰਨ ਮੈਂ ਅਨਗਨ ਕੀਨੇ ਫਾਨੀ[1]।	[1]ਨਾਸ਼।
ਜਿਹ ਜਿਹ ਓਰ[1] ਹੁਤੋ ਜਿਹ ਆਨਨ[2]।	[1]ਤਰਫ਼। [2]ਮੂੰਹ।
ਤਿਹ ਤਿਹ ਓਰ ਕਰਜੋ ਭਜਿ ਜਾਨਨ ॥੧੭੧॥	
ਏਕ ਸਿੰਘ, ਸੌ ਤੁਰਕ ਪਿਛਾਰੀ[1]।	[1]ਪਿੱਛੇ।
ਭੇਡ ਚਰਾਵਤ ਜੈਸ ਇਆਰੀ[1]।	[1]ਅਜਾਲੀ, ਭੇਡਾਂ ਚਾਰਨ ਵਾਲਾ।
ਸਿੰਘ ਜੁ ਪੀਛਾ ਗਏ ਦਬਾਈ।	
ਜਾਇ ਪੁਚਾਏ ਲਵਪੁਰਿ ਤਾਂਈਂ ॥੧੭੨॥	
ਜਿਤਿਕ ਲੋਗ ਥੇ ਨਾਮੀ ਗ੍ਰਾਮੀ[1]।	[1]ਬਹੁਤੇ ਮਸ਼ਹੂਰ।
ਤਿਨ ਮੋਂ ਤੀਨ ਕੁ ਬਚੀ ਅਸਾਮੀ[1]।	[1]ਅਸਾਮੀਆਂ ਭਾਵ ਅਹੁਦੇਦਾਰ, ਸੈਨਾਪਤੀ।
ਜਖਮ ਸ੍ਵਾਦ ਰਣ ਖਾਣਾ ਅੱਖੇ।	
ਸਾਬਤ ਗਯੋ ਨ ਇਕ ਬਿਨ ਚੱਖੇ[1] ॥੧੭੩॥	[1]ਆਖੀਦਾ ਹੈ ਕਿ ਜੰਗ ਦੇ ਖਾਣੇ ਵਿਚੋਂ ਜ਼ਖ਼ਮ ਦਾ ਸੁਆਦ ਚੱਖੇ ਬਿਨਾਂ ਇਕ ਵੀ ਤੁਰਕ ਸਾਬਤ ਨਹੀਂ ਗਿਆ।
ਸਿਰਖਿੰਡੀ ਛੰਦ:	
ਪਾ ਪਾ ਨਮਕ ਜੋ ਲੋਟੇ ਖੋਟੇ ਹੌਸਲੇ।	
ਆਏ ਮਿਲਿ ਮਿਲਿ ਛੋਡੇ ਮੋਟੇ ਰੌਸਲੇ[1]।	[1]ਵੱਡੇ ਛੋਟੇ ਘੱਟ ਹੌਂਸਲੇ ਵਾਲੇ ਤੁਰਕ (ਰੌਸਲੇ) ਗ਼ੁੱਸਾ ਖਾ ਕੇ ਇਕੱਠੇ ਹੋ ਹੋ ਕੇ (ਨਮਕ) ਨੇਮ ਪਾ ਪਾ ਕੇ ਭਾਵ ਕਸਮਾਂ ਖਾ ਖਾ ਕੇ ਜਿਹੜੇ ਮੁੜ ਕੇ ਆਏ।
ਮਾਰਿ ਸਲੋਤਰ ਸਿੰਘਾਂ ਮਿੱਝਾਂ ਕੁੱਟੀਆਂ[1]।	[1]ਸਿੰਘਾਂ ਨੇ ਸੋਟੇ ਮਾਰ ਕੇ ਕੁੱਟ ਕੇ ਮਿੱਝਾਂ (ਕੱਢ ਦਿੱਤੀਆਂ)।
ਟਿੰਡਾਂ ਜਜੋਂ ਖਰਬੂਜੇ ਫੁੱਟਾਂ ਫੁੱਟੀਆਂ[1] ॥੧੭੪॥	[1]ਉਨ੍ਹਾਂ ਦੇ ਟਿੰਡਾਂ ਤੇ ਖਰਬੂਜਿਆਂ ਵਰਗੇਰੋਡੇ ਸਿਰ ਫੁੱਟਾਂ ਵਾਂਗ ਫੁੱਟ ਗਏ।
ਹੇਤ ਇਨਾਮ ਜੁ ਆਏ ਖੱਟਣ ਖੱਟੀਆਂ[1]।	[1]ਖੱਟੀਆਂ ਖੱਟਣ ਤੇ ਇਨਾਮ ਲੈਣ ਵਾਸਤੇ ਜਿਹੜੇ ਆਏ ਸਨ।
ਕੱਟੇ ਖੇਤ ਅਰੜਾਏ ਕੱਟੇ ਕੱਟੀਆਂ[1]।	[1]ਜੰਗ ਵਿੱਚ (ਕੱਟੇ) ਵੱਢੇ ਹੋਏ ਕੱਟੇ ਤੇ ਕੱਟੀਆਂ ਵਾਂਗ ਅਰੜਾਉਂਦੇ ਹਨ।

ਤੜਫ ਤੜਫ ਬਿਨ ਪਾਣੀ, ਜਾਨਾਂ ਦਿੱਤੀਆਂ* ॥੧੭੫॥
*ਅੰਕ ਨੰ. ੧੭੫ ਦੀਆਂ ਕੇਵਲ ਤਿੰਨ ਹੀ ਤੁਕਾਂ ਹਨ, ਚੌਥੀ ਛਪਣ ਸਮੇਂ ਰਹਿ ਗਈ ਜਾਪਦੀ ਹੈ।

ਕਹਿਰ ਤਰੀਕ ਬਿਹਾਣੀ[1], ਸਿਰ ਤੁਰਕਾਨ ਸੋ।
[1]ਕਹਿਰ ਦਾ ਦਿਨ ਲੰਘਿਆ।

ਦੀਨ ਬਢਾਵਣ ਆਏ, ਗਏ ਗਵਾਇ ਕੈ।

ਭਾਈਆਂ ਮਾਈਆਂ, ਜਾਈਆਂ[1] ਮਿਲਣੇ ਨਾ ਮਿਲੇ।
[1]ਧੀਆਂ।

ਸੱਯਦਾਣੀ ਮੁਗਲਾਨੀ, ਤੁਰਕਨ ਜੋਰੂਆਂ[1] ॥੧੭੬॥
[1]ਇਸਤ੍ਰੀਆਂ।

ਤੇਲ ਫੁਲੇਲਣ[1] ਮੱਖਣ* ਪਾਲੀ ਪੱਟੀਆਂ।
[1]ਫੁੱਲਾਂ ਦਾ ਤੇਲ ਭਾਵ ਅਤਰ ਜਾਂ ਸੈਂਟ। *'ਮੱਖਣ' ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ। ਏਥੇ ਮੂਲ 'ਚ ਪਾਠ 'ਲਾਏ' ਹੈ।

ਪਟ ਪਟ ਰੇਤ ਰੁਲਾਈਆਂ, ਚਾਂਗਾਂ ਮਾਰ ਕੈ।

ਖੁਸ਼ੀਆਂ ਦੇ ਵਿਚ ਲਾੜੇ ਜਿਨ ਪਰ ਲੇਟਦੇ।

ਪਿਟ ਪਿਟ ਪੱਟ ਸੁਜਾਏ ਸੋਈ ਛਾਤੀਆਂ ॥੧੭੭॥

ਚੁੰਮਣ ਜੋਗ ਕਪੋਲ[1], ਪੱਕੇ ਸੇਉ ਸੀ।
[1]ਗੱਲ੍ਹਾਂ।

ਮਾਰਿ ਤਮਾਚੇ[1] ਤਿਨ ਤੈ, ਰੱਤ ਬਹਾਇਯੋ।
[1]ਲਫੇੜੇ, ਥੱਪੜ।

ਘਰ ਘਰ ਪਰੇ ਸਯਾਪੇ, ਤੁਰਕਨ ਕੇ ਤਬੈ।

ਸਮਰ ਸਮੁੰਦਰ[1], ਬੇੜਾ ਤੁਰਕਨ ਡੂਬਯੋ ॥੧੭੮॥
[1]ਜੰਗ ਦੇ ਸਮੁੰਦਰ ਵਿੱਚ।

ਸਿੰਘਨ ਸੋਂ ਹਿਤ ਲੜਨੇ ਕਸਮਾਂ ਪਾਈਆਂ।

ਲੋਥਨ ਊਪਰ ਲੋਥਾਂ ਚਢੀਆਂ ਖੇਤ ਮੈਂ।

ਮਖਮਲ ਸੇਜਾਂ ਸੌਂਦੇ ਰੁਲਹੀਂ ਰੇਤ ਮੈਂ।

ਸ਼ੀਸ਼ੇ[1] ਸ਼ਰਬਤ ਅਰਕਨ[2], ਖਾਲੀ ਕਰਿ ਤਜੇ ॥੧੭੯॥
[1]ਬੋਤਲਾਂ। [2]ਅਰਕਾਂ ਦੀਆਂ।

ਮੰਗ ਮੰਗ ਮਰ ਗੇ ਪਾਣੀ, ਤਿਨ ਕੋ ਨਾ ਮਿਲਯੋ।

ਚੀਲਾਂ[1] ਕਾਗਾਂ[2] ਗਿਰਝਾਂ[3], ਖਾਧੇ ਕੁੱਤਿਆਂ।
[1]ਇੱਲਾਂ। [2]ਕਾਵਾਂ। [3]ਗਿਲ੍ਹਜਾਂ।

ਕਾਲੀ ਖੱਪਰ ਪੀਤੇ, ਭਰਿ ਭਰਿ ਰੱਤ ਦੇ।

ਕੱਟੇ ਸੱਥਲ[1] ਹੱਥ, ਤੜਫਨ ਮੱਛੀਆਂ[2] ॥੧੮੦॥
[1]ਪੱਟ। [2]ਮੱਛੀਆਂ ਵਾਂਗ।

ਧਰਾ ਤਰਾ ਤਰ[1] ਹੋਈ, ਲੋਹੂ ਸੋਂ ਭਿਗੀ।
[1]ਬਹੁਤ ਗਿੱਲੀ।

ਸਾਰੀ ਮਨੋ ਸੁਹਾਗ ਉਢਾਈ ਪੰਥ ਨੈ[1]।
[1]ਮਾਨੋ ਪੰਥ ਨੇ ਸੁਹਾਗ ਦੀ ਸਾੜ੍ਹੀ ਪਹਿਨਾਈ ਹੈ।

ਰੁਲੇ ਸਕੀਰਣ ਅੰਗ, ਮਾਸਰੱਤ ਗੱਤਲੇ[1]।
[1]ਲਹੂ ਵਿੱਚ (ਸੰਕੀਰਣ) ਮਿਲੇ ਹੋਏ ਅੰਗ ਤੇ ਮਾਸ ਦੇ (ਗਤਲੇ)

	ਟੁਕੜੇ ਰੁਲ ਰਹੇ ਹਨ।
ਪੋਸਤ ਫੂਲ ਹਜਾਰੋਂ, ਕੇਸੂ ਜਨ ਝੜੇ[1] ॥੧੮੧॥	[1]ਮਾਨੋ ਪੋਸਤ ਤੇ ਕੇਸੂ ਦੇ ਹਜ਼ਾਰਾਂ ਫੁੱਲ ਝੜੇ ਹੋਏ ਹਨ।
ਚੌਪਈ:	
ਗੀਧਰੁ ਗੀਦਰੁ[1] ਖੈਂਚਤ ਤਾਹਾਂ[2]।	[1]ਗਿਰਝਾਂ ਅਤੇ ਗਿੱਦੜ। [2]ਤਿਨਾਂ ਨੂੰ।
ਪਕਰਿ ਜਗਾਵਤ ਜਨੁ ਕੋ ਬਾਹਾਂ।	
ਐਂਚਤ ਆਂਦ ਗਈਂ ਗਰਿ ਫਸਬੀ[1]।	[1]ਖਿਚਦਿਆਂ ਗਲ਼ ਵਿੱਚ ਆਂਦਰਾਂ ਫਸ ਗਈਆਂ।
ਡਾਰਤ ਮਨੋ ਪਰਾਜੈ ਤਸਬੀ[1] ॥੧੮੨॥	[1]ਮਾਨੋ ਹਾਰ ਦੀ ਮਾਲਾ ਪਾਉਂਦੇ ਹਨ।
ਇਤ ਉਤ ਸਿਰ ਕੂਕਰ[1] ਲੈ ਜਾਹੀਂ।	[1]ਕੁੱਤੇ।
ਮਾਨੋ ਬਾਲਕ ਗੇਂਦ ਖਿਲਾਹੀਂ।	
ਸਜਾਰ ਟਟੋਰਤ ਯਾ ਬਿਧਿ ਟੰਗਾਂ[1]।	[1]ਗਿੱਦੜ ਇਸ ਤਰ੍ਹਾਂ ਲੱਤਾਂ ਨੂੰ ਟੋਂਹਦਾ ਹੈ।
ਜਨੁ ਭ੍ਰਿਤ ਚਾਪ ਸੁਲਾਵਤ ਅੰਗਾਂ[1] ॥੧੮੩॥	[1]ਮਾਨੋ ਨੌਕਰ ਅੰਗਾਂ ਨੂੰ (ਚਾਪ) ਮੁੱਠੀ ਚਾਪੀ ਕਰ ਕੇ ਸੁਲਾ ਰਿਹਾ ਹੈ।
ਸ੍ਰੋਣਤ ਭੀਗੀ ਯਾ ਬਿਧਿ ਅਵਨੀ[1]।	[1]ਧਰਤੀ।
ਤੇਜ ਸਿੰਘਨ ਲਖਿ ਗ੍ਰੀਖਮ ਦਵਨੀ[1]।	[1]ਸਿੰਘਾਂ ਦੇ ਤੇਜ ਨੂੰ ਜਾਣ ਕੇ ਗਰਮੀ ਵੀ ਦਬ ਗਈ ਹੈ।
ਜਿਤਿਨਕ ਜ਼ਖਮੀ ਸੱਤ੍ਰੂ ਸੱਕੇ।	
ਜ਼ਖਮ ਮਸ਼ਕ ਸੋਂ ਛਿਰਕ ਨ ਥੱਕੇ[1] ॥੧੮੪॥	[1]ਜ਼ਖਮੀ ਵੈਰੀਆਂ ਰੂਪ ਜਿਤਨੇ ਮਾਸ਼ਕੀ (ਸਨ ਉਹ) ਜ਼ਖ਼ਮਾਂ ਰੂਪ ਮਸ਼ਕਾਂ ਨਾਲ (ਲਹੂ ਰੂਪ ਪਾਣੀ) ਛਿੜਕਦੇ ਥੱਕੇ ਨਹੀਂ।
ਮਾਲਕ ਬਿਨ ਭੇ ਅੱਸ੍ਰ ਹਜ਼ਾਰੇ।	
ਮਨ ਭਾਵਤ ਸਭਿ ਪੰਥ[1] ਸੰਭਾਰੇ।	[1]ਖ਼ਾਲਸਾ ਪੰਥ ਨੇ।
ਔਰ ਅਸਬਾਬ ਜੁ ਤੁਰਕਨ ਕੇਰਾ।	
ਲੂਟਨ ਜੋਗ ਸੁ ਲੁਟਜੋ ਘਨੇਰਾ ॥੧੮੫॥	
ਅਨਿਕ ਭਾਂਤਿ ਕੇ ਸ਼ਸਤਰ ਭਾਰੇ।	
ਦਾਰੂ ਸਿੱਕਾ[1] ਲੀਨ ਅਪਾਰੇ।	[1]ਬਰੂਦ ਤੇ ਗੋਲੀਆਂ।
ਤਬੈ ਖਾਲਸੇ ਉਤ ਮੁਖ ਫੇਰਾ।	
ਸੁਧਾ ਸਰੋਵਰ ਚਲਿ ਕਿਯ ਡੇਰਾ ॥੧੮੬॥	
ਤਖਤ ਅਕਾਲ ਹਰਿਮੰਦਰ ਜਾਏ।	
ਕੁਣਕੇ ਕਰਿ ਬਹੁ ਛਕੇ ਛਕਾਏ।	
ਸੁਣਿ ਸੁਣਿ ਆਏ ਸਿੰਘ ਅਨੇਕੈਂ।	
ਰਾਜ ਕਾਜ ਕਾ ਕੀਨ ਬਿਬੇਕੈਂ[1] ॥੧੮੭॥	[1]ਵਿਚਾਰ।
ਦੋਹਰਾ:	
ਯਹਿ ਕਹਿਨਾਵਨ[1] ਜੰਗ ਕੀ,	[1]ਕਹਾਵਤ, ਅਖਾਣ।

ਅਬਿ ਲੌ ਕਹਿਤ ਬਿਸਾਲ।
ਨੰਗੋ ਨੰਗ ਚੁਤਾਲ ਸੌ,
ਡੇਰਾ ਭੀਲੋਵਾਲ[1] ॥੧੮੮॥

[1]ਜਿਨ੍ਹਾਂ ਤੁਰਕਾਂ ਦਾ ਡੇਰਾ ਭੀਲੋਵਾਲ ਪਿੰਡ ਸੀ, ਉਹ ਸਿਰਾਂ ਤੇ ਪੈਰਾਂ ਤੋਂ ਨੰਗੇ ਚੁਤਾਲੀ ਸੌ (੪੪੦੦) ਸਨ।

ਚੌਪਈ:
ਅਬਿ ਹਮ ਤੁਰਕਨ ਹਾਲ ਬਖਾਨੈ।
ਗਏ ਦੌਰ ਜੋ ਲੈ ਨਿਜ ਜਾਨੈਂ।
ਕੀਨੀ ਜ਼ਜਾਰਤ[1] ਜਾਇ ਲਹੌਰੈਂ।
ਮੰਦੇ ਹਾਲ ਸੁ ਗੰਦੇ ਤੌਰੈਂ[1] ॥੧੮੯॥

[1]ਯਾਤ੍ਰਾ।
[1]ਗੰਦਿਆਂ ਦੀ ਤਰ੍ਹਾਂ।

ਬੀਚ ਬਜਾਰਨ ਰੋਵਤ ਜਾਹੀਂ।
ਪਾਏ ਜ਼ਖਮੀ ਮੰਜਯੋ ਮਾਹੀਂ।
ਕਟੀ ਜੰਘ ਭੁਜ ਅੰਗ ਅਪਾਰੈਂ[1]।
ਜਾਵਤ ਲਹੂ ਚੁਚਾਵਤ ਧਾਰੈਂ[1] ॥੧੯੦॥

[1]ਕੱਟੀਆਂ ਹੋਈਆਂ ਲੱਤਾਂ ਬਾਹਾਂ ਤੇ ਬਹੁਤੇ ਅੰਗਾਂ ਵਿੱਚੋਂ।
[1]ਲਹੂ ਦੀਆਂ ਧਾਰਾਂ ਚੁਆਉਂਦੇ ਜਾਂਦੇ ਹਨ।

ਖੇਲ ਫਾਗ ਜਨੁ ਭਾਗਿ ਸੁ ਆਏ[1]।
ਚਿੱਤ੍ਰਤ ਭੀਗੇ ਸੁਰਖ ਸੁਹਾਏ[1]।

[1]ਜਾਣੋ ਹੋਲੀ ਖੇਲਦੇ ਨੱਸ ਕੇ ਆਏ ਹਨ।
[1]ਲਹੂ ਨਾਲ ਭਿੱਜੇ ਕਪੜੇ (ਸੁਰਖ) ਲਾਲਰੰਗ ਦੀ ਚਿੱਤ੍ਰਕਾਰੀ ਦੇ ਸਹਿਤ ਸੋਹਣੇ ਲਗਦੇ ਹਨ।

ਦੁਰਗ ਦ੍ਵਾਰਨ ਲੋਗ ਹਜ਼ਾਰਨ।
ਗੇਰੇ ਜ਼ਖਮੀ ਹੇਤ ਦਿਖਾਰਨ[1] ॥੧੯੧॥

[1]ਕਿਲ੍ਹੇ ਦੇ ਦਰਵਾਜ਼ੇ ਅੱਗੇ ਹਜ਼ਾਰਾਂ ਜ਼ਖ਼ਮੀਂ ਲੋਕਾਂ ਨੂੰ ਦਿਖਾਉਣ ਵਾਸਤੇ ਸੁੱਟੇ।

ਪਾਇ ਸਾਰ[1] ਢਿਗ ਆਇ ਅਧੀਰਾ[2]।
ਪਿਖਿ ਨੁਵਾਬ ਬਡ ਭਯੋ ਤਗੀਰਾ[1]।
ਖੈਂਚਿ ਸ੍ਵਾਸ ਲਾਹੌਲ[1] ਉਚਾਰਾ।
ਪਰਯੋ ਹੌਲ ਮਨ ਖੌਲਤ ਭਾਰਾ[1] ॥੧੯੨॥

[1]ਖ਼ਬਰ। [2]ਘਬਰਾ ਕੇ।
[1]ਦੁਖੀ।
[1]ਇਹ ਸ਼ਬਦ ਸੰਖੇਪ ਹੈ-'ਲਾਹੌਲ ਵਲਾ ਕੁੱਵਤ ਇੱਲਾ ਬਿੱਲਾਹ', ਜਿਸ ਦਾ ਅਰਥ ਹੈ ਨਹੀਂ ਫੇਰਨ ਦੀ ਤਾਕਤ ਔਰ ਨ ਬਲ, ਬਿਨਾਂ ਅੱਲਾ ਦੇ।
[1]ਡਰ ਪਿਆ ਤੇ ਮਨ ਰਿੱਝਣ ਲਗ ਪਿਆ।

ਹਾਹਾਕਾਰ ਸੁ ਲੋਗ ਪੁਕਾਰੈਂ।
ਰੋਵਨ ਧਾਂਈਂ ਚਾਂਗਾਂ ਮਾਰੈਂ।
ਆਈ ਕਜਾਮਤ ਕਹਿਂ ਇਸਲਾਮਾਂ।
ਏਤਿਕ ਆਦਮ ਬਚਯੋ ਨਿਨਾਮਾਂ[1] ॥੧੯੩॥

[1]ਏਨੇ ਆਦਮੀਆਂ (ਦੇ ਇਕੱਠ) 'ਚੋਂ (ਨਿਨਾਮਾ) ਨਾਮ ਮਾਤ੍ਰ ਭਾਵ ਥੋੜੇ ਹੀ ਬਚੇ ਹਨ।

ਜੇ ਬਚ ਅਏ ਸੁ ਐਸ ਹਵਾਲੈਂ।
ਇਹੁ ਭੀ ਮਰ ਹੈਂ ਆਜ ਕਿ ਕਾਲੈਂ।

ਢਿਗ ਨੁਵਾਬ ਸਭਿ ਐਸੇ ਟੇਰੇ[1]।
ਸਿੰਘ ਕਰੋੜੈਂ ਹਮ ਨੈ ਹੇਰੇ[1] ॥੧੯੪॥
ਯਹਿ ਤੋ ਕੋਊ ਦਿਗਰ ਜਹਾਨੈਂ[1]।
ਮਾਰਨ ਆਯੋ ਮੁੱਸਲਮਾਨੈਂ।
ਜਾਨੀ ਪਰੈ ਖਲਕ ਅਸਮਾਨੀ[1]।
ਕਸਮ ਖੁਦਾਇ ਅਈ ਹਿਤ ਫਾਨੀ[1] ॥੧੯੫॥
ਪੀਤਾਂਨਨ[1] ਸਭਿ, ਹੋਸ਼ ਉਡੇਊ।
ਬੋਲ ਨ ਸਾਕੈਂ ਤਾਕੈਂ ਕੇਊ।
ਜਿਨੈ ਬੂਝਯੋ ਤਿਨੈ ਬਖਾਨਾ।
ਧੀਰ ਅਧੀਰਨ ਏਕ ਸਮਾਨਾ[1] ॥੧੯੬॥
ਜੋ ਕਿਛ ਹਮਰੇ ਸਾਥ ਬਿਤਾਨਾ।
ਕਹਾ ਪਰਤ ਨਹਿਂ ਰਹਾ ਠਿਕਾਨਾ[1]।
ਸੰਗ ਹਮਾਰੇ ਜੋ ਉਨ ਕੀਨਾ।
ਸੋ ਸਭਿ ਕਹਿਨੋ ਭਯੋ ਸੰਗੀਨਾ[1] ॥੧੯੭॥
ਆਜ ਇਲਾਹੀ ਹਮ ਪਗ ਤੋਰੇ[1]।
ਹਮਰੇ ਖੋਸ, ਦੀਨ ਉਨ ਘੋਰੇ[1]।
ਕੈਸੋ ਹ੍ਵੈ ਇਨਸਾਨ ਅਵੱਲਾ[1]।
ਜਾਤ ਪੇਸ਼ ਨਹਿਂ ਕੁਛ ਸੰਗ ਅੱਲਾ ॥੧੯੮॥
ਰੱਬ ਸਬੱਬ ਉਨੈਂ ਸਭਿ ਦਿੰਦਾ।
ਕਿਸਮਤ ਸਾਡੀ ਲਜਾਈ ਜਿੰਦਾਂ।
ਮੁੱਸਲਮਾਨ ਹਿੰਦੁ ਥੀਂ ਨਜਾਰਾ।
ਤੀਸਰ ਮਜਬ ਰਚਾ ਕਰਤਾਰਾ ॥੧੯੯॥
ਹੈ ਹਰਾਮ ਉਨ ਕੀ ਔਸਾਫਤ[1]।
ਸਾਂਪ ਚੰਚੂਧਰ ਕੀ ਸੀ ਬਾਬਤ[1]।
ਦੁਹੂੰ ਭਾਂਤਿ ਅਬਿ ਭਈ ਖਰਾਬੀ।
ਰਹੇ ਪਰਤ ਨਹਿਂ ਕਰੇ ਫਿਰਾਬੀ[1] ॥੨੦੦॥
ਸੁਣੀ ਬਾਤ ਜਬਿ ਦੀਨ ਮਬੂਬਾ[1]।
ਸੋਚ ਨਦੀ ਮੱਧ ਡੂਬਾ ਸੂਬਾ।

[1]ਕਹਿੰਦੇ ਹਨ।
[1]ਦੇਖੇ।
[1]ਦੂਜੇ ਸੰਸਾਰ ਚੋਂ।
[1]ਇਹ ਗੱਲ ਜਾਣੀ ਜਾਂਦੀ ਹੈ ਕਿ ਅਕਾਸ਼ੀ ਖ਼ਲਕਤ ਭਾਵ ਦੇਵਤੇ ਜਾਂ ਸ਼ਹੀਦ।
[1]ਸਾਡੇ ਨਾਸ਼ ਵਾਸਤੇ।
[1]ਪੀਲੇ ਮੂੰਹ।
[1]ਧੀਰਜਵਾਨਾਂ ਤੇ ਘਬਰਾਇਆਂ ਹੋਇਆਂ ਨੇ ਇੱਕੋ ਜੇਹਾ ਕਿਹਾ।
[1]ਕਿਹਾ ਨਹੀਂ ਜਾਂਦਾ ਕੋਈ ਟਿਕਾਣਾ ਨਹੀਂ ਰਿਹਾ।
[1]ਔਖਾ ਹੈ।
[1]ਅੱਜ ਅੱਲਾਹ ਨੇ ਹੀ ਸਾਡੇ ਪੈਰ ਤੋੜ ਦਿੱਤੇ ਹਨ।
[1]ਸਾਡੇ ਘੋੜੇ ਖੋਹ ਕੇ ਉਨ੍ਹਾਂ ਨੂੰ ਦੇ ਦਿੱਤੇ।
[1]ਅਣੋਖਾ।
[1]ਉਨ੍ਹਾਂ ਦੀਆਂ ਸਿਫ਼ਤਾਂ ਕਰਨੀਆਂ ਸਾਡੇ ਲਈ ਹਰਾਮ ਹਨ।
[1]ਸਿੰਘਾਂ ਬਾਬਤ ਕਹਿਣਾ ਸੱਪ ਦੇ ਮੂੰਹ 'ਚ ਆਈ ਚਚੂੰਧਰ ਵਾਂਗ ਹੈ। ਨਾ ਕਹਿ ਸਕਦੇ ਹਾਂ, ਨਾ ਛੱਡ ਸਕਦੇ ਹਾਂ।
[1](ਜੇ ਹਮਲਾ ਕਰ ਕੇ ਇਨ੍ਹਾਂ ਤੇ) ਪੈਂਦੇ ਰਹੀਏ (ਤਾਂ ਵੀ ਠੀਕ) ਨਹੀਂ ਤੇ ਜੇ (ਫਿਰਾਬੀ) ਟਾਲਾ ਕਰੀਏ ਤਾਂ ਵੀ ਠੀਕ ਨਹੀਂ।
[1]ਇਸਲਾਮ ਧਰਮ ਦੇ ਪਿਆਰੇ (ਸੂਬੇ) ਨੇ।

ਰਿਸੈ ਕਬੀ ਸਿੰਧੁ ਸੋਚ ਬੀਚ ਬਹਿ[1]। — [1]ਕਦੇ ਗੁੱਸੇ 'ਚ ਤੇ ਕਦੇ ਸੋਚ ਦੇ ਸਮੁੰਦਰ 'ਚਰੁੜ੍ਹਦਾ ਹੈ।

ਦੀਪ ਅੰਤ ਸਮ[1] ਦਸਾ ਭਈ ਤਿਹ ॥੨੦੧॥ — [1]ਬੁੱਝਣ ਲੱਗੇ ਦੀਵੇ ਵਾਂਗ।

ਜੇ ਨੁਵਾਬ ਅੰਗੇ ਕੀ[1] ਤਣੀਆਂ। — [1]ਚੋਲੇ ਦੀਆਂ।

ਤੁਟਿ ਤੁਟਿ ਜਾਤੀ ਥੀਂ ਤਬਿ ਘਣੀਆਂ।

ਅਬਿ ਤਿਨ ਲੀਨੀ ਅਧਿਕ ਫਰਾਕੀ[1]। — [1]ਖੁੱਲ੍ਹ।

ਖਰਸੀ ਟੱਟੂ ਜਿਵੇਂ ਫਰਾਕੀ[1] ॥੨੦੨॥ — [1]ਖੁਰਕ ਵਾਲੇ ਟੱਟੂ ਦਾ ਜਿਵੇਂ ਤੰਗ ਖੁਲ੍ਹਾ ਹੋ ਜਾਂਦਾ ਹੈ।

ਜੋ ਆਨਨ ਥਾ ਬੀਰ ਬਧੂਟੀ[1]। — [1]ਜਿਹੜਾ ਮੂੰਹ ਚੀਚ ਵਹੁਟੀ ਵਰਗਾ ਲਾਲ ਸੀ।

ਤਾਂ ਪਰ ਜਰਦੀ ਜਰਦੀ ਫੂਟੀ[1]। — [1]ਉਸ ਉਤੇ (ਜਰਦੀ) ਛੇਤੀ ਹੀ (ਜਰਦੀ) ਪੀਲੱਤਣ (ਫੂਟੀ) ਛਾ ਗਈ।

ਹੁਤੇ ਤੁਰਕ ਜੇ ਬੀਰ ਕਹਾਵਤ।

ਤਿਨ ਕਾਯਰਤਾ ਚਾਪ ਸੁਲਾਵਤ[1] ॥੨੦੩॥ — [1]ਮੁੱਠੀ ਚਾਪੀ ਕਰ ਕੇ ਸੁਵਾ ਰਹੀ ਹੈ।

ਭੌਹੈਂ ਨੈਨ ਰਹਿਤ ਜਿਨ ਚਢੇ।

ਤਿਨ ਕੇ ਸਿਰ ਗੋਡਨ ਮੈਂ ਗਡੇ।

ਥੀ ਜਿਨ ਬਾਂਕੀ ਕੁੰਢੀ ਮੁਛੈਂ।

ਡਰੇ ਸ੍ਵਾਨ ਕੀ ਭਈ ਸੁ ਪੂਛੈਂ ॥੨੦੪॥

ਤੁਰਕਨ ਘਰ ਕਰਣਾ-ਰਸ ਛਯੋ[1]। — [1]ਰੋਣਾ ਫੈਲ ਗਿਆ।

ਜਨੁ ਮਸਾਣ[1] ਸਭਿ ਕੈ ਸਿਰ ਪਯੋ। — [1]ਮੁਰਦੇ ਦੀ ਸੁਆਹ।

ਘਰ ਘਰ ਪਿੰਡ ਪਿੰਡ ਦੇਸ ਤਮਾਮੂੰ।

ਮਿਲਿ ਮਿਲਿ ਲੋਗ ਖਾਸ ਕਿਤ ਆਮੂੰ ॥੨੦੫॥

ਬਾਤੈਂ ਏਸ ਜੰਗ ਕੀ ਕਰਿਹੀਂ।

ਉਝਕ ਉਝਕ ਖਾਬਨ ਮੈਂ ਪਰਹੀਂ[1]। — [1]ਸੁਪਨਿਆਂ ਵਿੱਚ ਤ੍ਰੱਬਕ ਤ੍ਰੱਬਕ ਪੈਂਦੇ ਹਨ।

ਇਕ ਦੂਸਰ ਕੋ ਐਸ ਸੁਨੈ ਹੈਂ।

ਸਿੰਘ ਨਾਮ ਕਾਨੋ ਕੌ ਖੈਹੈਂ ॥੨੦੬॥

ਵੇ ਕਾਫਰ ਨਹਿੰ ਹਮ ਕੋ ਭਾਵੈਂ।

ਜਿਨੈ ਮਾਰਤਜੋਂ ਰਹਿਮ ਨ ਆਵੈ[1]। — [1](ਮੁਸਲਮਾਨਾਂ ਨੂੰ) ਮਾਰਦਿਆਂ ਜਿਨ੍ਹਾਂ ਨੂੰ ਤਰਸ ਨਹੀਂ ਆਉਂਦਾ।

ਮੁਸਲਮਾਨ ਕੋ ਜੋਉ ਮਾਰੈ।

ਤਾਂਹਿ ਖੁਦਾਇ ਨਰਕ ਮੈਂ ਡਾਰੈ ॥੨੦੭॥

ਮਾਰਨ ਤੇ ਕਾਫਰ ਕਾ ਭਲਾ।

ਜਾਂਤੈ ਖੁਸ਼ੀ ਹੋਤ ਭੀ ਅੱਲਾ।

ਇਹੁ ਜੋ ਮਸਲਾ[1] ਹਮੈ ਸੁਨਾਯੋ। — [1]ਅਖਾਣ।
ਵੀਚ ਕੁਰਾਨ ਖੁਦਾ ਫੁਰਮਾਯੋ ॥੨੦੮॥
ਬੈਠਿ ਬੈਠਿ ਭੀਤਨ ਧਰ ਛਾਂਹੀਂ[1]। — [1]ਕੰਧਾਂ ਦੀਆਂ ਛਾਵਾਂ ਦੇ ਆਸਰੇ।
ਝੁਰਤ ਤੁਰਕ ਬਿਸੂਰਤ ਯਾਹੀਂ[1]। — [1]ਇਸ ਤਰ੍ਹਾਂ ਦੁਖੀ ਹੋ ਕੇ।
ਘਰ ਘਰ ਹੋਤ ਰਾਗ ਜਸ ਸੁਰ ਸੋਂ[1]। — [1]ਸੁਰ ਨਾਲ ਰੋਣ ਰੂਪ ਰਾਗ ਹੋ ਰਿਹਾ ਹੈ ਤੇ ਗੱਲਾਂ ਵਿੱਚ ਸਿੰਘਾਂ ਦਾ ਜਸ ਹੋ ਰਿਹਾ ਹੈ।
ਕਹੈਂ ਸਿੰਘ ਕਯੋਂ ਜੰਮੈ ਭਰ ਸੋ[1] ॥੨੦੯॥ — [1]ਸੰਸਾਰ ਵਿੱਚ ਉਹ ਸਿੰਘ ਕਿਉਂ ਜੰਮਦੇ ਹਨ ਭਾਵ ਨਾ ਜੰਮਣ।
ਸਭਿ ਤੁਰਕਨੀਆਂ ਬੱਚਯੋਂ ਤਾਂਈਂ[1]। — [1]ਬੱਚਿਆਂ ਨੂੰ।
ਆਇ ਸਿੰਘ ਕਹੈਂ, ਐਸ ਡਰਾਹੀਂ।
ਵਹਿ ਡਰਤੇ ਰੋਦਨ ਤੇ ਚੁਪ ਹ੍ਵੈਂ।
ਦੌਰਿ ਧਾਮ ਕੋਨੇ ਮੈਂ[1] ਛਪ ਹੈਂ ॥੨੧੦॥ — [1]ਖੂੰਜੇ ਵਿੱਚ।
ਬਲਿਕੈ ਕੋਊ ਜੇ ਯੌਹੀਂ ਕੈਹੈਂ।
ਆਜ ਸਿੰਘ ਇਸ ਪਿੰਡ ਪਰ ਪੈਹੈਂ।
ਭਾਜੜ ਪਰੈ ਤੁਰਕਾਨੀ ਤਾਂਈਂ।
ਲੁਟੈਂ ਹਿੰਦੂਯੋਂ ਕੇ ਘਰ ਜਾਈਂ ॥੨੧੧॥
ਪੜਦੇ ਮੈਂ ਜੋ ਤੁਰਕਨੀ ਰੈਹੈਂ।
ਤੇ ਆਪਸ ਮੈ ਮਿਲਿ ਯੌਂ ਕੈਹੈਂ।
ਸੁਨਯੋ ਸਿੰਘ ਨਹਿਂ ਪੈਦਾ ਥੈਹੈਂ।
ਗੋਯਾ[1] ਜਯੋਂ ਅਸਮਾਨੋ ਐਹੈਂ ॥੨੧੨॥ — [1]ਮਾਨੋਂ।
ਖਾਵਤ ਕਾਚੇ ਹੀ ਤੁਰਕੈਂ ਹੈਂ।
ਸਿਰ ਪਰ ਲੋਹੇ ਕੇ ਸਿੰਗ ਥੈਹੈਂ[1]। — [1]ਸਿਰ 'ਤੇ ਲੋਹੇ ਦੇ ਸਿੰਗ (ਰਖਦੇ) ਹੁੰਦੇ ਹਨ।
ਕੋਊ ਗਾਮ ਨ ਧਾਮ ਤਿਨੈ ਹੈ।
ਮਿਰਗਿਨ ਸਮ ਜੰਗਲ ਮੈਂ ਰੈਹੈਂ ॥੨੧੩॥
ਯਾਹੀ ਤੇ ਉਨ ਕੋ ਸਿੰਘ[1] ਕੈਹੈਂ। — [1]ਸ਼ੇਰ।
ਕਾਂਟਾ[1] ਸ਼ਸਤ੍ਰ ਤਿਨ ਨ ਚੁਭੈ ਹੈ। — [1]ਕੰਡਾ।
ਸਾਗ ਪਾਤ ਫਲ ਫੂਲ ਖਵੈ ਹੈਂ।
ਗਰਮੀ ਸਰਦੀ ਬਿਆਪਤ ਨੈਹੈਂ ॥੨੧੪॥
ਦੁਤੀ ਤਿਯਾ ਫਿਰ ਤੈ ਇਮ ਟੇਰਯੋ।
ਮੈਂ ਉਨ ਕੋ ਨਿਜ ਨੈਨਨ ਹੇਰਯੋ।
ਗ੍ਰਾਮ ਲੁਟਯੋ ਥਾ ਉਨੈ ਹਮਾਰਾ।

ਪੇਖਨ ਤੇ ਹਹਿਰਤ ਤਨ ਸਾਰਾ[1] ॥੨੧੫॥
ਲੋਹੇ ਜਿਮ ਚਮਕਤ ਥੇ ਸਿੰਗ।
ਬੋਲਤ ਥੇ ਭੈਂਸੇ ਸਮ ਰਿੰਗ।
ਕੜਿ ਕੜਿ ਕੱਚੇ ਚਨੇ ਚਬਾਏ।
ਫੜਿ ਫੜਿ ਮੁੱਸਲਮਾਨ ਖਪਾਏ ॥੨੧੬॥
ਆਦਮ ਜ਼ਾਦ[1] ਜਿਨੈ ਨਾ ਖੈਹੈਂ।
ਖਾਇ ਸੂਰ ਸੁ ਤਿਨ ਭੁਨ ਕੈ ਹੈਂ।
ਇਹੁ ਸੁਨਿ ਹਾਇ ਹਾਇ ਕਰਿ ਕਹਿਂ ਸਭਿ।
ਖਏ ਸੂਰ ਜਿਨ ਹਮੈ ਤਜੈਂ ਕਬਿ ॥੨੧੭॥
ਐਸ ਭਾਂਤਿ ਬਹੁ ਸਿੰਘਨ ਬਾਤੈਂ।
ਹੋਵਨ ਤੂੰਨੀ[1] ਘਰਿ ਘਰਿ ਖਜਾਤੈਂ[2] ॥੨੧੮॥

ਦੋਹਰਾ:
ਉਤ ਨੁਬਾਬ ਬਹੁ ਸ਼ੋਕ ਕਰਿ,
ਫਿਰ ਕਿਛ ਕ੍ਰੋਧ ਉਪਾਇ।
ਕਹੇ ਕਾਜੀਅਨ ਕੇ, ਕਰੀ
ਤਜਾਰੀ ਜੰਗ ਧੁਮਾਇ[1] ॥੨੧੯॥

ਚੌਪਈ:
ਕੀਨੀ ਇਕਠੀ ਸਿਪਹਾ[1] ਸਾਰੀ।
ਤੁਰਕ ਬੁਲਾਏ ਸਭਿ ਦਰਬਾਰੀ[1]।
ਤਾਬੇ[1] ਥੇ ਰਈਸ ਤਿਹ ਜੇਤੇ।
ਮੱਦਦ ਹੇਤ ਬੁਲਾਏ ਤੇਤੇ ॥੨੨੦॥
ਕ੍ਰੋਧ ਅਨਲ ਜਬਿ ਦੀਨਾ ਲਰਜ਼ਾ[1]।
ਤਬਿ ਦਨਾਵ[1]* ਇਕ ਪਾਸੋਂ ਬਰਜਾ[2]।
ਅੱਵਲ[1] ਕਸਰ ਨ ਅਬਿ ਕਿਛ ਰਾਖੀ।
ਵੱਲਾਲਮ[1] ਕੁਛ ਹੈ ਜੇ ਬਾਕੀ ॥੨੨੧॥
ਤਉ ਜਰੂਰ ਚਲਿ ਚਹੀਅਤ ਲਰਨਾ।
ਵਰਨਹਿ[1] ਔਰਹਿਂ ਮਸਲਤ[2] ਕਰਨਾ।
ਸੁਣੋ ਨਵਾਬ ਆਪ ਵਡ ਦਾਨੇ।
ਅਬਿ ਲੌ ਤੁਮ ਕੁਛ ਸਿੰਘ ਨ ਜਾਨੇ ॥੨੨੨॥

215: [1]ਦੇਖਣ ਨਾਲ ਸਾਰਾ ਸਰੀਰ ਕੰਬ ਗਿਆ।
216: [1]ਆਦਮ ਦੀ ਉਲਾਦ ਭਾਵ ਮੁਸਲਮਾਨ।
218: [1]ਬਹੁਤੀਆਂ। [2]ਪ੍ਰਗਟ।
219: [1]ਧੁਮ ਧਾਮ ਨਾਲ।
220: [1]ਫੌਜ। [1]ਦਰਬਾਰ ਵਿੱਚ ਬੈਠਣ ਵਾਲੇ। [1]ਅਧੀਨ।
221: [1]ਕ੍ਰੋਧ ਅੱਗ ਨੇ ਜਦੋਂ ਕਾਂਬਾ ਦਿੱਤਾ। [1]ਸਿਆਣੇ ਬੰਦੇ ਨੇ। [2]ਰੋਕਿਆ। *ਮੂਲ 'ਚ ਪਾਠ ਦਵਾਨ ਛਪਿਆ ਹੋਇਆ ਹੈ, ਔਂ. ਐ. 'ਚ 'ਦਨਾਵ' ਹੈ। [1]ਪਹਿਲਾਂ ਹੀ। [1]ਖ਼ੁਦਾ ਹੀ ਜਾਣਦਾ ਹੈ।
222: [1]ਨਹੀਂ ਤਾਂ। [2]ਸਲਾਹ।

ਜਿਨ ਕੀ ਮੱਦਦ ਆਪ ਇਲਾਹੀ[1]।	[1]ਖ਼ੁਦਾ।
ਕੋ ਕਰਿ ਸਕ ਹੈ ਤਿਨੈ ਤਬਾਹੀ।	
ਅਦਨਾ[1] ਏਕ ਫਕੀਰ ਵਿਰਾਗੀ।	[1]ਤੁੱਛ।
ਗਈ ਪੇਸ਼ ਨਾ ਤਿਨ ਕੇ ਆਗੀ ॥੨੨੩॥	
ਜਿਸ ਗੁਰ ਨੇ ਤਿਹ ਥਾ ਬਰ ਦੀਨਾ।	
ਖੋਸ ਲੀਨ ਜਬਿ ਕੀਨ ਕਮੀਨਾ[1]।	[1]ਜਦੋਂ ਬੰਦੇ ਨੇ ਨੀਵਾਂ ਪਨ ਕੀਤਾ ਤਾਂ ਗੁਰਾਂ ਨੇ ਵਰ ਖੋਹ ਲਿਆ।
ਤਬਿ ਤੁਮ ਜਾਨਾ ਹਮ ਵਹਿ ਪਕਰਾ।	
ਪਕਰਨ ਵਾਲਾ ਗੁਰ ਇਨ ਤਕਰਾ ॥੨੨੪॥	
ਆਗੇ ਬੰਦਾ ਥਾ ਇਕ ਬੰਦਾ।	
ਰੋਜ਼ ਬਰੋਜ਼ਹਿ ਅਬਿ ਦਹਿ ਚੰਦਾ[1]।	[1]ਹੁਣ ਦਿਨ ਬਦਿਨ ਦਸ ਗੁਣਾਂ ਹੋ ਰਹੇ ਹਨ।
ਤਸਦੀਏ ਥੇ ਜੇਤਿਕ ਸ਼ਾਹੀ।	
ਦੀਨ[1], ਰਖੀ ਨਹਿਂ ਕੁਛ ਪਰਵਾਹੀ[2] ॥੨੨੫॥	[1]ਬਾਦਸ਼ਾਹ ਵਲੋਂ (ਸਿੰਘਾਂ ਨੂੰ) ਜਿੰਨੇ ਕੁ ਤਸੀਹੇ ਦਿੱਤੇ ਸਨ। [2](ਸਿੰਘਾਂ ਨੇ ਉਸ ਦੀ) ਕੋਈ ਪ੍ਰਵਾਹ ਨਹੀਂਰੱਖੀ।
ਤੁਮ ਭੀ ਕਸਰ ਨ ਰਾਖੀ ਕੋਈ।	
ਫੌਜ ਦਬਾਗਤ ਅਪਨੀ ਖੋਈ[1]।	[1]ਤੁਸਾਂ ਆਪਣੀ ਫ਼ੌਜ ਦਾ (ਦਬਾਗਤ) ਰੁਅਬ ਦਾਬ ਗਵਾ ਲਿਆ ਹੈ।
ਇਕ ਤਜਵੀਜ ਹਮੈਂ ਭਲ ਭਾਈ।	
ਚਹੀਅਤ ਉਨ ਸੰਗ ਸੁਲ੍ਹਾ ਸਫਾਈ ॥੨੨੬॥	
ਅਵਰ ਕੀਨ ਇਕ ਉਨ ਉਪਕਾਰੇ।	
ਦਸਤਕੀਏ[1] ਜੋ ਤੁਮਰੇ ਮਾਰੇ।	[1]ਚੱਟੀ ਉਗ੍ਰਾਹੁਣ ਵਾਲੇ।
ਟਰੀ ਬਲਾਇ ਸਿਰੋਂ ਸੋ ਭਾਰੀ।	
ਮਾਂਗਤ ਥੇ ਨਿਤ ਏਕ ਹਜਾਰੀ ॥੨੨੭॥	
ਸ੍ਵਰਨ ਕਾਨ ਜਜੋਂ[1] ਥੇ ਦੁਖਦਾਈ।	[1]ਕੰਨਾਂ 'ਚ ਪਾਏ ਸੋਨੇ ਦੇ ਗਹਿਣੇ ਵਾਂਗ।
ਆਪ ਨਮੋਸ਼ੀ ਦੀਨ[1] ਬਤਾਈ।	[1]ਦੀਨ ਦੀ ਸ਼ਰਮਿੰਦਗੀ।
ਭਲੀ ਭਈ ਸਬਿ ਤੁਰਕ ਜੋ ਹਾਰੇ।	
ਰਹੇ ਨ ਤਾਨ੍ਹੇ ਲਾਵਨ ਹਾਰੇ[1] ॥੨੨੮॥	[1]ਮਿਹਣੇ ਦੇਣ ਵਾਲੇ ਨਹੀਂ ਰਹੇ।
ਸਿੰਘ ਭਏ ਹੈਂ ਬਹੁ ਬਲਵਾਰੇ।	
ਮਰਹਿਂ ਨਹੀਂ ਅਬਿ ਤੁਮਰੇ ਮਾਰੇ।	
ਤਾਂ ਤੇ ਮੇਲ ਕਰੋ ਤਿਨ ਸੰਗੈਂ।	
ਮੇਲ ਸਰਬਦਾ ਸੁਖਦ ਨਿਸੰਗੈ[1] ॥੨੨੯॥	[1]ਮਿਲਾਪ, ਬਿਨਾਂ ਸੰਸੇ ਤੋਂ ਹਮੇਸ਼ਾਂ ਸੁਖ ਦੇਣ ਵਾਲਾ ਹੈ।

ਤਿਨ ਕੋ ਅਪਨੇ ਦੋਸਤ ਕਰਿ ਕੈ।
ਜੀਤੋ ਮੁਲਕ ਔਰ ਕੋਊ ਚਰ ਕੈ[1]। — [1]ਚੜ੍ਹਾਈ ਕਰਕੇ।
ਹੈ ਏਹ ਕੌਮ ਲੜਾਕੀ ਭਾਰੀ।
ਲੈ ਦੈਹੈਂ ਤੁਹਿ ਮੁਲਕ ਅਪਾਰੀ ॥੨੩੦॥
ਮੁਲਕ ਬਾਂਟ ਵਹਿ ਇਨ ਕੋ ਦੀਜੋ।
ਨੀਤ ਸਾਫ ਸੋਂ ਮਿਲੇ ਰਹੀਜੋ।
ਜਬਿ ਕੋਊ ਤੁਮ ਪਰ ਚੜ੍ਹ ਐਹੈਂ।
ਇਨੈ ਲੜੱਯੋ, ਮਾਰਿ ਹਰੈ ਹੈਂ[1] ॥੨੩੧॥ — [1](ਉਸ ਨੂੰ) ਮਾਰ ਕੇ ਹਰਾ ਦੇਣਗੇ।
ਹੋਇ ਸੁਤੰਤਰ ਯੌਂ ਤੁਵ ਸ਼ਾਹੀ।
ਜੇ ਮਮ ਬਾਤ ਧਰੋ ਮਨ ਮਾਹੀਂ।
ਆਗੇ ਮਰਜ਼ੀ ਜਵਨ ਹਜੂਰੈਂ[1]। — [1]ਅੱਗੇ ਜਿਵੇਂ ਆਪ ਦੀ ਮਰਜ਼ੀ ਹੈ।
ਕਰਣੀ ਸਭਿ ਨੈ ਵਹਿ ਮਨਜੂਰੈਂ ॥੨੩੨॥
ਜਬਿ ਦਨਾਵ ਕੀ ਸੁਣੀ ਨਸੀਹਤ[1]। — [1]ਸਿੱਖਿਆ।
ਛੋਰੀ ਤਬਿ ਸਭਿ ਕ੍ਰੋਧ ਫਜ਼ੀਹਤ[1]। — [1]ਕ੍ਰੋਧ ਵਾਲੀ ਮਾੜੀ ਹਾਲਤ।
ਖੂਬ ਖੂਬ ਬਹੁ ਬਾਰ ਅਲਾਈ।
ਕਰੀ ਪਸੰਦ ਦਨਾਵ ਦਨਾਈ ॥੨੩੩॥
ਸਿੰਘਨ ਖੂਬੀ ਜ਼ਾਹਰ ਜੇਤੀ।
ਲਾਗਜੋ ਭਾਖਨ ਨਿਜ ਮੁਖ ਸੇਤੀ।
ਕਹਿ ਇਕ ਤੱਜਬ ਵਡ ਹਮ ਹੱਯੇ।
ਅੱਵਲ ਤੋ ਵਹਿ ਦਿਖਨ ਨ ਪੱਯੇ[1] ॥੨੩੪॥ — [1]ਪਹਿਲੀ (ਗੱਲ ਤਾਂ ਇਹ ਕਿ) ਉਹ ਸਿੰਘ ਦੇਖਣ ਨੂੰ ਨਹੀਂ ਲੱਭਦੇ।
ਵਡੇ ਤਰੱਦਦ[1] ਵਡੀ ਤਲਾਸ਼ੈਂ[2]। — [1]ਜਤਨ। [2]ਖੋਜ, ਢੂੰਡ।
ਕਰੇ, ਮਿਲਤ ਸਿੰਘ ਬੀਸ ਪਚਾਸੈਂ।
ਅੱਵਲ ਨਿਬਲੇ ਦੁਬਲੇ ਪਿਖੀਏ[1]। — [1]ਪਹਿਲਾਂ ਤਾਂ ਕਮਜ਼ੋਰ ਤੇ ਲਿੱਸੇ ਦਿਸਣਗੇ।
ਜੰਗ ਵੀਚ ਸਮ ਸ਼ੇਰਨ ਦਿਖੀਏ ॥੨੩੫॥
ਕਿਬਲ ਜੰਗ ਵਹਿ ਲਖੀ ਅਤਿ ਥੋਰੇ[1]। — [1]ਜੰਗ ਤੋਂ ਪਹਿਲਾਂ ਉਹ ਥੋੜ੍ਹੇ ਜਾਣੀਦੇ ਹਨ।
ਜੰਗ ਸਮੈਂ ਵਹਿ ਹੋਤ ਕਰੋਰੇ।
ਯਾ ਤੋ[1] ਨਿਕਸ ਜਿਮੀ ਤੈ ਲਰਹੀਂ। — [1]ਜਾਂ ਤਾਂ।
ਯਾ ਅੰਬਰ[1] ਊਪਰ ਤੈ ਗਿਰਹੀਂ ॥੨੩੬॥ — [1]ਅਕਾਸ਼।
ਕਿਤ ਤੈ ਆਵਤ ਹੋਤ ਨ ਮਾਲਮ[1]। — [1]ਮਲੂਮ ਨਹੀਂ ਹੁੰਦਾ, ਪਤਾ ਨਹੀਂ ਲੱਗਦਾ।

ਸੂਰਬੀਰ ਸਭਿ ਬਨ ਹੈਂ ਆਲਮ[1]।
[1](ਸੰਸਾਰ ਵਿੱਚ ਆ ਕੇ)।

ਜਿਨ ਕੇ ਪੈਰਨ ਕੇਰ ਚਲਾਕੀ।
ਪਾਇ ਤੁਰੰਗ ਕੁਰੰਗ ਨ ਸਾਕੀ[1] ॥੨੩੭॥
[1]ਘੋੜੇ ਤੇ ਹਰਨ (ਉਸ ਚਲਾਕੀ ਦੀ ਬਰਾਬਰੀ, ਨਹੀਂ ਪਾ ਸਕਦੇ।

ਜਿਸ ਬਨ ਮੈਂ ਮ੍ਰਿਗ ਸਕਤ ਨ ਘੁੱਸੈਂ[1]।
[1]ਵੜ ਨਹੀਂ ਸਕਦੇ।

ਵਹਿ ਬਰ ਹੈਂ ਫਰ ਹੈਂ ਨਹਿੰ ਜੁੱਸੈਂ[1]।
[1](ਉਸ ਜੰਗਲ ਵਿੱਚ) ਉਹ ਸਿੰਘ ਵੜ ਜਾਂਦੇ ਹਨ, ਉਨ੍ਹਾਂ ਦੇ ਸ਼ਰੀਰਾਂ ਨੂੰ ਕੋਈ ਫੜ ਨਹੀਂ ਸਕਦਾ।

ਬਿਜਲੀ ਸਮ ਅਬਿ ਚਮਕਤ ਸਾਰੇ।
ਜਹਾਂ ਤਹਾਂ ਵਹਿ ਫਿਰਤ ਕਰਾਰੇ ॥੨੩੮॥
ਗੋਸ਼ੇ ਮਧ[1] ਯਹਿ ਬਾਤੈਂ ਕੀਨੀ।
[1]ਕਮਰੇ ਦੇ ਖੂੰਜੇ ਵਿੱਚ ਭਾਵ ਬਹੁਤ ਗੁਪਤ।

ਬਿਨ ਦਿਲ-ਜਾਨੀ ਅਵਰ ਨ ਚੀਨੀ[1]।
[1]ਦਿਲ ਦੇ ਪਿਆਰੇ ਤੋਂ ਬਿਨਾਂ ਹੋਰ ਕਿਸੇ ਨੇ ਨਹੀਂ ਜਾਣੀਆਂ।

ਖਾਸ ਆਮ ਜੋ ਯਹਿ ਸੁਨ ਪਾਤੀ[1]।
[1]ਸੁਣ ਲੈਂਦੇ।

ਤਬੈ ਦਬਾਗਤ ਤਿਨ ਉਠ ਜਾਤੀ[1] ॥੨੩੯॥
[1]ਰੁਅਬ ਦਾਬ ਚੁੱਕਿਆ ਜਾਂਦਾ।

ਆਗੇ ਜਸੋਂ ਵਹਿ ਪਠਹਿੰ ਨਵਾਬੀ।
ਸੋ ਪ੍ਰਸੰਗ ਫਿਰ ਲਿਖੋਂ ਸ਼ਿਤਾਬੀ।
ਸਤਰਾਂ ਸੈ ਅਠਾਸੀਏ ਸਾਲੈਂ।
ਭਈ ਗਾਥ ਯਹਿ ਲਖੋ ਬਿਸਾਲੈਂ ॥੨੪੦॥
ਅਬਿ ਅੱਧਜਾਇ ਇਸੁ ਕਿਯ ਬਿਸ੍ਰਾਮਾ।
ਕਲਗੀਧਰ ਕੌਂ ਕਰਿ ਪ੍ਰਣਾਮਾ ॥੨੪੧॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਦੀਨੀਯੋਂ ਕਾ ਜੰਗ, ਪੰਥ ਕੀ ਫਤੇ ਹੋਵਨ', ਬਰਨਨੰ ਨਾਮ ਚੌਬੀਸਮੋਂ ਬਿਸ੍ਰਾਮ ॥੨੪॥

੨੫. {ਨਵਾਬ ਨੇ ਬਾਦਸ਼ਾਹ ਵਲ ਅਰਜ਼ੀ ਅਤੇ ਪੰਥ ਵਲ ਨਵਾਬੀ ਦੀ ਖ਼ਿੱਲਤ ਭੇਜਣੀ, ਪੰਥ ਨੇ ਕਪੂਰ ਸਿੰਘ ਨੂੰ ਨਵਾਬੀ ਬਖ਼ਸ਼ਣੀ}

ਕਬਿੱਤ:

ਲੋਚਨ ਕਮਲ ਤੈ ਕਮਲ ਦੁਤਿ ਮੰਦ ਹੋਤ,
ਚੰਦ ਛਬਿ ਮੰਦ ਮੁਖ ਚੰਦ ਕੋ ਨਿਹਾਰੇ ਹੈਂ[1]।

[1](ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ) ਕੰਵਲ ਵਰਗੇ ਨੇਤ੍ਰਾਂ ਨੂੰ ਦੇਖ ਕੇ ਕੰਵਲਾਂ ਦੀ ਚਮਕ (ਮੰਦ) ਫਿੱਕੀ ਹੋ ਜਾਂਦੀ ਹੈ, ਮੁਖ ਰੂਪ ਚੰਦ੍ਰਮਾਂ ਨੂੰ ਦੇਖ ਕੇ ਚੰਦ ਦੀ ਸ਼ੋਭਾ ਮਧਮ ਪੈ ਜਾਂਦੀ ਹੈ।

ਦਸਨ ਦਮਕ ਦੇਖਿ ਦਾਮਨੀ ਲਜਾਇ ਜਾਤ,
ਨਾਸਕਾਂ ਨਿਹਾਰਿ ਕੀਰ ਧੁਰ ਹੂੰ ਬਿਸਾਰੇ ਹੈਂ[1]।

[1]ਦੰਦਾਂ ਦੀ ਚਮਕ ਦੇਖ ਕੇ ਬਿਜਲੀ ਵੀ ਸ਼ਰਮਸਾਰ ਹੋ ਜਾਂਦੀ ਹੈ, ਨਾਸਾਂ ਨੂੰ ਦੇਖ ਕੇ ਤੋਤਾ (ਧੁਰ) ਆਪਣੇ ਰਹਿਣ ਦੇ ਮੁਖ ਸਥਾਨ ਨੂੰ ਹੀ ਭੁੱਲ ਜਾਂਦਾ ਹੈ।

ਤੇਜ ਕੀ ਮਯੂਖ ਤੈ ਮਯੂਖ ਰਵਿ ਦਵ ਜਾਤ,
ਅਧਰ ਪਯੂਖ ਤੈ ਪਯੂਖ ਹਮ ਹਾਰੇ ਹੈਂ[1]।

[1](ਗੁਰੂ ਸਾਹਿਬ ਦੇ) ਤੇਜ (ਪ੍ਰਤਾਪ) ਦੀਆਂ (ਮਯੂਖ) ਕਿਰਨਾਂ ਦੇ ਸਾਹਮਣੇ, ਸੂਰਜ ਦੀਆਂ ਕਿਰਨਾਂ ਦਬ ਜਾਂਦੀਆਂ ਹਨ, (ਗੁਰੂ ਸਾਹਿਬ ਦੇ) ਬੁਲ੍ਹਾਂ ਦੇ ਅੰਮ੍ਰਿਤ ਤੋਂ (ਹਮ) ਸਾਰੇ (ਪਯੂਖ) ਅੰਮ੍ਰਿਤ ਹਾਰ ਜਾਂਦੇ ਹਨ।

ਕੋਕਿਲ, ਕਪੋਤ, ਕਰੀ, ਕੇਹਰ, ਬੇਹਰ ਪੈਸੇ,
ਐਸੇ ਗੁਰੁ ਹਰਿ ਕ੍ਰਿਸ਼ਨ ਜੀ ਕੋ ਹਮ ਧਾਰੇ ਹੈਂ[1]।

[1]ਕੋਇਲ, ਕਬੂਤਰ, ਹਾਥੀ ਤੇ ਸ਼ੇਰ ਨੂੰ ਜਿਵੇਂ (ਬੇਹਰ) ਜੰਗਲ ਵਿੱਚ ਬੇਲਾਂ ਨਾਲ ਲੱਦੇ ਸੰਘਣੇ ਬ੍ਰਿਛਾਂ ਦਾ ਝੁੰਡ ਆਪਣੇ ਵਿੱਚ ਵਾੜ ਲੈਂਦਾ ਹੈ ਏਸੇ ਤਰ੍ਹਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਅਸੀਂ (ਆਪਣੇ ਹਿਰਦੇ ਅੰਦਰ) ਧਾਰਨ ਕਰਦੇ ਹਾਂ।

ਦੋਹਰਾ:

ਕੋਮਲ ਅਤਿ ਨਵ ਨੀਤਿ ਤੈ,
ਮੰਜ ਕੰਜ ਤੈ ਜਾਨ[1]।

[1](ਜੋ ਚਰਨ) ਮੱਖਣ ਤੋਂ ਬਹੁਤ ਕੂਲੇ ਤੇ ਕੰਵਲ ਤੋਂ ਬਹੁਤ ਉਜਲ ਜਾਣੋ।

ਕ੍ਰਿਸ਼ਨ ਰੂਪ ਹਰਿ ਕ੍ਰਿਸ਼ਨ ਕੇ,
ਧਰਿ ਪਦ ਪੰਕਜ ਧਿਆਨ[1] ॥੨॥

[1](ਕ੍ਰਿਸ਼ਨ) ਪ੍ਰਮੇਸ਼ਰ ਸਰੂਪ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਚਰਨ ਕੰਵਲਾਂ ਦਾ ਧਿਆਨ ਧਾਰਕੇ (ਮੈਂ ਇਹ ਬਿਸ੍ਰਾਮ ਅਰੰਭ ਕਰਦਾ ਹਾਂ)।

ਅਰਜ਼ੀ ਜੈਸ ਨਵਾਬ ਲਿਖਿ,
ਪਠ ਹੈ ਪਾਸ ਦਿਲੇਸ।
ਨਕਲ ਕਰਾ ਕਰਿ ਸਿੰਘਨ ਕੀ,
ਸ਼ਾਹਿ ਪੇਖ ਹੈ ਵੇਸ[1] ॥੩॥

[1]ਚੰਗੀ।

ਖਿਲਤ[1] ਨਵਾਬੀ ਕਾ ਮਿਲੈ,

[1]ਬਾਦਸ਼ਾਹ ਵਲੋਂ ਮਿਲੀ ਪੋਸ਼ਾਕ।

ਹਰਿ ਕਪੂਰ[1] ਕੋ ਜੈਸ। — [1]ਕਪੂਰ ਸਿੰਘ ਨੂੰ।
ਇਤਿਕ ਗਾਥ ਇਸ ਧਜਾਇ ਮੈ,
ਕਹੋਂ ਸੁਨੋ ਸਭਿ ਬੈਸਿ[1] ॥੪॥ — [1]ਬੈਠ ਕੇ।

ਕਬਿੱਤ:

ਹਾਰੇ ਜਬਿ ਦੀਨੀਏ ਬਿਵਾਸ ਤੇ ਕਮੀਨੀਏ[1], — [1]ਜੋ ਕਮੀਨੇ (ਨੀਚ) ਤੁਰਕ ਬੇਵਸ ਹੋ ਕੇ ਹਾਰ ਗਏ।
ਸੁ ਹੋਇ ਬੈਠੇ ਖੀਨੀਏ[1] ਸਿਆਪੇ ਪਰੇ ਹੋਵਹੀਂ। — [1]ਕਮਜ਼ੋਰ।
ਮਾਦਰ ਪਦਰ ਆਇ ਕੈਹੈਂ ਪਿਸਰਾਨ ਤਾਂਇ[1], — [1]ਮਾਂ ਪਿਉ ਆ ਕੇ ਪੁੱਤਰਾਂ ਨੂੰ ਕਹਿੰਦੇ ਹਨ।
ਕਾਹੇ ਬਿਨ ਆਈ ਜਾਇ[1] ਜਾਂਨ ਤੁਮ ਖੋਵਹੀਂ। — [1]ਜਾ ਕੇ।
ਖੇਤੀ ਕਰਿ ਖਾਵੋ ਲੱਖ ਲਾਨ੍ਹਤ ਪਰਾਵੋ
ਇਸ ਦੀਨ ਪਰ[1], ਆਵੋ ਬਾਜ[2], ਚਲੌ ਘਰ ਕੋ ਸਹੀ। — [1]ਇਸ ਦੀਨ ਨੂੰ ਲੱਖਾਂ ਲਾਹਨਤਾਂ ਪਾਓ। [2]ਮੁੜ ਆਓ।
ਤੁਮ ਤੈ ਨ ਸਿੰਘ ਧਿੰਗ[1] ਮਰੈਂ ਕਾਹੇ ਮਰੋ ਤਿੰਗ[2], — [1]ਜ਼ੋਰਾਵਰ। [2]ਜ਼ੋਰ ਲਾ ਕੇ, ਆਕੜ ਕੇ।
ਜ਼ਖਮੀ ਹ੍ਵੈ ਫੇਰ ਰਿੰਗ ਹਿੰਗਹਿਂ ਗਹੌਂ ਸਹੀ[1] ॥੫॥ — [1]ਜ਼ਖ਼ਮੀ ਹੋ ਕੇ ਫੇਰ (ਰਿੰਗ ਕੇ) ਅਰੜਾ ਕੇ (ਸਹੀ) ਚੰਗੀ ਤਰ੍ਹਾਂ ਹਿੰਗ ਨੂੰ ਫੜੋਗੇ।

ਸਿੰਘਨ ਕੇ ਗੁਰੂ ਬਿਨ ਕੋਊ ਨਾਹਿਂ ਮਾਈ ਬਾਪ,
ਹੈ ਜੁ ਕੋਊ ਸੋਊ ਦੇਤ ਸੀਖਜਾ ਯੌਂ ਇਨ ਕੌਂ[1]। — [1]ਜੇ ਕੋਈ ਹੈ ਤਾਂ ਉਹ ਇਨ੍ਹਾਂ ਨੂੰ ਇਸ ਤਰ੍ਹਾਂ ਸਿੱਖਿਆ ਦਿੰਦਾ ਹੈ।

ਬੈਰਿਨ ਕੋ ਬੱਧੋ ਬੱਧ ਲੇਹੁਗੇ ਪਰਮਪਦ,
ਜੀਤ ਹ੍ਵੈ ਹੈ ਜਦ ਕਦ ਇਨ ਪਰਮਿਨ ਕੌਂ[1]। — [1]ਵੈਰੀਆਂ ਨੂੰ ਮਾਰੋ ਤੇ ਮਾਰ ਕੇ ਮੁਕਤੀ ਲੈ ਲਉਗੇ। (ਤੁਰਕ ਕਹਿੰਦੇ ਹਨ) ਜਦੋਂ ਕਦੋਂ ਇਨ੍ਹਾਂ ਧਰਮੀਆਂ (ਸਿੰਘਾਂ) ਦੀ ਹੀ ਜਿੱਤ ਹੋਵੇਗੀ।

ਤੁਮ ਨਾ ਨਿਹਰਹੋ ਨਬੀਨੇ ਹੋਇ ਮਰਹੋ,
ਪਤੰਗਨ ਜਜੋਂ ਪਰਹੋ ਸੁ ਪਿਖਿ ਦੀਪ ਦਿਨ ਕੌਂ[1]। — [1]ਤੁਸੀਂ ਨਹੀਂ ਦੇਖਦੇ (ਨਬੀਨੇ) ਅੰਨ੍ਹੇ ਹੋ ਕੇ ਮਰਦੇ ਹੋ, ਆਪਣੇ (ਦਿਨ) ਦੀਨ ਰੂਪ ਦੀਵੇ ਨੂੰ ਦੇਖ ਕੇ ਭਮੱਕੜਾਂ ਵਾਂਗ ਪੈਂਦੇ ਹੋ।
ਆਪ ਤੈ ਹਜ਼ਾਰ ਗੁਨ, ਮਾਰੇ ਜਿਨ ਖੇਤ ਖਿਨ[1]*, — [1]ਜਿਨ੍ਹਾਂ ਸਿੰਘਾਂ ਨੇ ਆਪਣੇ ਨਾਲੋਂ ਹਜ਼ਾਰ ਗੁਣਾਂ ਤੁਰਕ (ਖੇਤ) ਜੰਗ ਕਰ ਕੇ (ਖਿਨੈ) ਇਕ ਛਿਨ ਮਾਰੇ ਹਨ। *ਅੰਕ ਨੰ. ੬ ਦੀ ਪਹਿਲੀ ਤੁਕ ਦਾ ਪਿਛਲਾ ਅੱਧ ਤੇ ਚੌਥੀ ਤੁਕ ਦਾ ਪਾਠ 'ਮਾਰੇ ਜਿਨ ਖੇਤ ਖਿਨ' ਅੰਮ੍ਰਿਤਸਰ ਤੇ ਦਿਲੀ ਐਡੀਸ਼ਨਾਂ 'ਚੋਂ ਲਿਆ ਹੈ।

ਬਢਜੋ ਜਾਤ ਦਿਨੋ ਦਿਨ, ਦੀਨ ਤੇਜ ਜਿਨ ਕੌਂ ॥੬॥

ਚੌਪਈ:

ਮੱਦਦ ਜਿਨ ਕੀ ਕਰਤ ਖੁਦਾ ਹੈ।	
ਤਿਨ ਕੌ ਸਾਕੈ ਕੌਨ ਗਵਾ ਹੈ[1]।	[1]ਨਾਸ਼ ਕਰ ਸਕਦਾ ਹੈ।
ਯਾਹੀ ਤੈ ਨਵਾਬ ਦਬਿ ਰਹਜੋ।	
ਤੁਮ ਕਜੋਂ ਨਾਹਕ[1] ਮਰਨਾ ਚਹਜੋ ॥੭॥	[1]ਐਵੇਂ, ਬਿਨਾਂ ਮਤਲਬ।
ਐਸੀ ਐਸੀ ਬਾਤੈਂ ਕਹਿ ਸੁਨਿ।	
ਗਏ ਲੋਗ ਨਿਜ ਨਿਜ ਘਰ ਸਭਿ ਗੁਨਿ[1]।	[1]ਵਿਚਾਰ ਕੇ।
ਬੈਠਤ ਪਾਂਚ ਸਾਤ ਮਿਲਿ ਜਹਾਂ।	
ਬਾਤਾਂ ਕਰੈਂ ਐਸ ਤਬਿ ਤਹਾਂ ॥੮॥	
ਅਬਿ ਸਿੰਘਨ ਕਾ ਨੇਕ ਸਤਾਰਾ[1]।	[1]ਚੰਗੀ ਕਿਸਮਤ।
ਦਿਨ ਦਿਨ ਚਮਕਤ ਜਾਤ ਅਪਾਰਾ।	
ਕਾਮਲ[1] ਭਈ ਉਮੈਦ ਹਮੈਂ ਯਹਿ।	[1]ਪੂਰਨ।
ਰਾਜ ਚੁਕੱਤਨ[1] ਛੋਡੈਂਗੇ ਨਹਿਂ ॥੯॥	[1]ਚੁਗੱਤੇ ਮੁਗ਼ਲਾਂ ਦਾ।
ਕੁਛ ਦਿਨ ਮਾਹਿਂ ਲਾਹੌਰੈਂ ਲੈ ਕੈ।	
ਫਿਰ ਦਿੱਲੀ ਪਹੁਂਚੈਂਗੇ ਧੈ ਕੈ[1]।	[1]ਦੌੜ ਕੇ, ਧਾਵਾ ਕਰਕੇ।
ਨਹਿਂ ਮੁਕਾਬਲਾ ਇਨ ਕਾ ਕੋਊ।	
ਕਰਨਵਾਰ ਦੀਸਤ ਹੈ ਲੋਊ[1] ॥੧੦॥	[1]ਲੋਕਾਂ ਵਿੱਚ।
ਬੁਰੀ ਭਈ ਯਹਿ ਭਾਰੀ[1] ਬਾਤੈਂ।	[1]ਬਹੁਤ।
ਦੀਨ ਹਮਾਰਾ ਹ੍ਵੈ ਹੈ ਘਾਤੈਂ[1]।	[1]ਨਾਸ਼।
ਘਰਿ ਘਰਿ ਬਾਤ ਤੁਰਕ ਯੌਂ ਕਰਿਹੀਂ।	
ਕਰਿ ਕਰਿ ਯਾਦ ਸਿੰਘਨ ਕੋ ਝੁਰਹੀਂ ॥੧੧॥	
ਬਲਕਿਨ[1] ਨਾਮ ਸਿੰਘ ਲੈ ਤਬਿ ਹੀ।	[1]ਸਗੋਂ।
ਨਿਜ ਲਰਕਨ ਡਰ ਪਾਵੈਂ ਸਭਿ ਹੀ।	
ਤੁਰਕਨ ਕੇ ਮਰ ਗਏ ਉਸਾਣੈਂ[1]।	[1]ਹੋਸ਼।
ਜਨੁ ਸਭਿ ਕੇ ਸਿਰ ਪਰਜੋ ਮਸਾਣੈਂ[1] ॥੧੨॥	[1]ਮੁਰਦੇ ਦੀ ਸੁਆਹ।
ਖ਼੍ਵਾਬ ਵੀਚ[1] ਸਿੰਘਨ ਤੈ ਡਰਿ ਡਰਿ।	[1]ਸੁਪਨੇ ਵਿੱਚ।
ਉਝਕ ਉਝਕਿ ਗਿਰ ਪਰਹੀਂ ਧਰ ਪਰ[1]।	[1]ਤ੍ਰੱਬਕ ਤ੍ਰੱਬਕ ਕੇ ਧਰਤੀ 'ਤੇ ਡਿੱਗ ਪੈਂਦੇ ਹਨ।
ਕਾਮ ਧਾਮ ਕੇ ਕਹੈਂ ਨ ਕੈਹੀਂ[1]।	[1]ਕੋਈ ਵੀ।
ਸੋਚ ਨਦੀ ਮਧ ਡੂਬੇ ਰਹਿਹੀਂ ॥੧੩॥	
ਦਸ਼ਾ ਦੀਨ ਕੀ[1] ਸੁਨਿ ਨੁਵਾਬ ਤਬਿ।	[1]ਆਪਣੇ ਮਜ਼ਹਬ ਦੀ ਹਾਲਤ।

ਬੋਲਿ ਦਨਾਵ[1] ਲਏ ਨਿਜ ਢਿਗ ਸਭਿ।	[1]ਸਿਆਣੇ।
ਕਰਿ ਮਨਸੂਬੇ ਸੂਬੇ ਖੂਬੈਂ[1]।	[1]ਸੂਬੇ ਨੇ ਚੰਗੀ ਤਰ੍ਹਾਂ ਵਿਉਂਤਬੰਦੀ ਕਰਕੇ।
ਕਰਨੀ ਸੁਲ੍ਹਾ ਠਰ੍ਹਾਈ ਖੂਬੈਂ ॥੧੪॥	
ਦੋਹਰਾ:	
ਗਰਜ਼ੀ ਹ੍ਵੈ[1] ਅਰਜ਼ੀ ਲਿਖੀ,	[1]ਲੋੜਵੰਦ ਹੋ ਕੇ।
ਬਾਦਸ਼ਾਹ ਕੀ ਓਰ।	
ਲਰਜ਼ੀ[1] ਮਤਿ ਤੁਰਕਾਨ ਕੀ,	[1]ਕੰਬ ਗਈ, ਡਰ ਗਈ।
ਮਰਜ਼ੀ ਪਿਖਿ ਗੁਰੁ ਜ਼ੋਰ[1] ॥੧੫॥	[1]ਗੁਰਾਂ ਦੀ (ਮਰਜ਼ੀ) ਇੱਛਾ ਤੇ ਸਿੰਘਾਂ ਦਾ ਜ਼ੋਰ ਦੇਖ ਕੇ।
ਨਾਜ਼ਮ ਕੇ ਆਜ਼ਮ ਬਢੇ,	
ਹਰਖ ਸ਼ੋਕ ਇਕ ਕਾਲ[1]।	[1]ਇੱਕੋ ਸਮੇਂ ਸੂਬੇ ਦੇ ਖ਼ੁਸ਼ੀ ਤੇ ਸੋਗ ਬਹੁਤੇ ਵਧ ਗਏ।
ਮਰੇ ਤਲਬੀਏ[1] ਹਰਖ ਭੌ,	[1]ਚੱਟੀ ਉਗ੍ਰਾਹੁਣ ਵਾਲੇ।
ਸ਼ੋਕ ਦੀਨ[1] ਪਿਖਿ ਹਾਲ ॥੧੬॥	[1]ਮਜ਼ਹਬ ਦਾ।
ਧਰਿ ਤਰਾਸ ਉਰਿ ਸ੍ਵਾਸ ਭਰਿ[1],	[1]ਹਿਰਦੇ 'ਚ ਡਰ ਧਾਰ ਕੇ ਤੇ ਹਾਹੁਕਾ ਲੈ ਕੇ।
ਆਸ ਸੁਲ੍ਹਾ ਕੀ ਧਾਰ।	
ਅਰਜ਼ੀ ਲਿਖੀ ਨੁਵਾਬ ਜੋ,	
ਸੋ ਮੈਂ ਕਹੋਂ ਉਚਾਰ ॥੧੭॥	
ਚੌਪਈ:	
ਹਜ਼ਰਤ ਬਾਰਗਾਹ ਮਕੂਬਲੈਂ[1]।	[1](ਹੇ) {ਬਾਰਗਾਹ} ਕਚਹਿਰੀ ਘਰਾਂ ਵਿੱਚ {ਮਕਬੂਲੈਂ} ਮੰਨੇ ਹੋਏ {ਹਜ਼ਰਤ} ਬਾਦਸ਼ਾਹ।
ਰਹਿ ਦਾਇਮ ਇਕਬਾਲ ਸਤੂਲੈਂ[1]।	[1]ਆਪ ਦਾ {ਇਕਬਾਲ} ਪ੍ਰਤਾਪ {ਦਾਇਮ} ਹਮੇਸ਼ਾਂ {ਸਤੂਲੈਂ} ਲੰਬਾ ਰਹੇ ਭਾਵ ਵਧਦਾ ਰਹੇ।
ਕਿਬਲਹਿ ਆਲਮ ਜਹਾਂ ਪਨਾਹੈਂ[1]।	[1]ਆਪ {ਆਲਮ} ਦੁਨੀਆਂ ਦੇ {ਕਿਬਲਾ} ਪੂਜਨੀਕ ਤੇ {ਜਹਾਂ} ਸੰਸਾਰ ਦਾ {ਪਨਾਹ} ਆਸਰਾ ਹੋ।
ਅਰਜ ਕਰਤ ਬੰਦਾ ਦਰਗਾਹੈਂ[1] ॥੧੮॥	[1]ਆਪ ਦੀ {ਦਰਗਾਹ} ਕਚਹਿਰੀ ਵਿੱਚ ਮੈਂ (ਬੰਦਾ) ਦਾਸ ਬੇਨਤੀ ਕਰਦਾ ਹਾਂ।
ਸਿੰਘਨ ਗਰਦੀ[1] ਡਾਰਿ ਮਹਾਨੈ।	[1]ਹਲਚਲੀ।
ਕਰਜੋ ਮੁਲਕ ਯਹਿ ਕੁੱਲ ਬਿਰਾਨੈ[1]।	[1]ਉਜਾੜ।
ਕਈ ਬਾਰ ਹਮ ਜੰਗ ਸੁ ਲੀਨਾ।	
ਸਿਰ ਸਦਕੈ ਸ਼ਹਿ ਲਸ਼ਕਰ ਕੀਨਾ[1] ॥੧੯॥	[1]ਬਾਦਸ਼ਾਹ ਦਾ ਲਸ਼ਕਰ {ਸਿਰ ਸਦਕੇ} ਕੁਰਬਾਨ ਕੀਤਾ।
ਰੋਜ਼ ਬਰੋਜ਼[1] ਅਬਿ ਸਿੰਘਨ ਤੇਜੀ।	[1]ਦਿਨ-ਬਦਿਨ।
ਕੀਨ ਇਲਾਹੀ ਹਮ ਪਰ ਜੇਜੀ[1]।	[1](ਇਹ ਸਿੰਘ ਮਾਨੋ) ਸਾਡੇ 'ਤੇ ਅੱਲਾਹ ਨੇ ਜੇਜੀ (ਜੇਜ਼ੀਆ

ਟੈਕਸ) ਲਾ ਦਿੱਤਾ ਹੈ।

ਆਗੇ ਫਕਤ[1] ਏਕ ਥਾ ਬੰਦਾ। — [1]ਸਿਰ।
ਅਬਿ ਤਾਂ ਕੇ ਸਮ ਸਦਹਾ ਬੰਦਾ[1] ॥੨੦॥ — [1]ਸੈਂਕੜੇ ਭਾਵ ਬੇਅੰਤ ਬੰਦੇ ਬਹਾਦਰ ਹਨ।
ਯਹਿ ਗਨੀਮ ਅਤਿ ਹੀ ਸਿੰਘ ਬਲਿ ਹੈਂ[1]। — [1]ਇਹ ਸਿੰਘ ਸਾਡੇ ਦੁਸ਼ਮਣ ਬਹੁਤੇ ਬਲੀ ਹਨ।
ਇਨ ਪਰ ਪੇਸ਼ ਨ ਹਮਰੀ ਚਲ ਹੈ।
ਜਿਤਿਨ ਕੁ ਲਸ਼ਕਰ ਹੁਤੋ ਹਜ਼ੂਰੈਂ[1]। — [1]ਆਪ ਦਾ ਸੀ।
ਵਾਂ ਨੈ ਰਖੀ ਨ ਜ਼ਰਾ ਕਸੂਰੈਂ[1] ॥੨੧॥ — [1]ਉਨ੍ਹਾਂ ਨੇ ਜ਼ਰਾ ਵੀ ਕਸਰ (ਬਾਕੀ) ਨਹੀਂ ਰੱਖੀ।
ਵਾਂ ਪੈ ਨਾਮ ਸਿੰਘਨ ਜਬਿ ਲੇਹੀਂ।
ਜਰਦ ਹੋਇਂ ਮੁਖ ਲਰਜੈਂ[1] ਦੇਹੀਂ। — [1]ਮੂੰਹ ਪੀਲੇ ਹੋ ਜਾਂਦੇ ਹਨ ਤੇ ਦੇਹਾਂ ਕੰਬਣ ਲੱਗ ਪੈਂਦੀਆਂ ਹਨ।
ਸਭਿ ਮੁਲਖੱਯਨ ਕਰਿ ਮਨਸੂਬਾ[1]। — [1]ਇਸ ਮੁਲਕ ਵਿੱਚ ਵਸਣ ਵਾਲੇ ਸਾਰੇ ਤੁਰਕਾਂ ਨੇ ਵਿਉਂਤਬੰਦੀ ਕਰਕੇ।
ਮਿਲਿ ਕਿਯ ਜੰਗ ਸਿੰਘਨ ਸੋਂ ਖੂਬਾ ॥੨੨॥
ਕਈ ਹਜ਼ਾਰ ਕਾਮ ਨਰ ਆਯੋ[1]। — [1]ਕਈ ਹਜ਼ਾਰ ਆਦਮੀ ਕੰਮ ਆਏ ਭਾਵ ਮਾਰੇ ਗਏ।
ਸਿੰਘਨ ਪਰ ਕੁਛ ਬਸ ਨ ਬਸਾਯੋ[1]। — [1]ਜ਼ੋਰ ਨਹੀਂ ਚਲਿਆ।
ਹਜੂਰ ਅਨਵਰ ਜੁ ਦਸਤਕ ਪਠੀ[1]। — [1](ਅਨਵਰ) ਹੇ ਬਹੁਤੇ ਪ੍ਰਤਾਪ ਵਾਲੇ ਬਾਦਸ਼ਾਹ ਜੀ (ਹਜ਼ੂਰ) ਆਪ ਨੇ ਜੋ (ਦਸਤਕ) ਚੱਟੀ ਉਗ੍ਰਾਹੁਣ ਵਾਲੇ ਭੇਜੇ ਸਨ।
ਦੋਇ ਹਜ਼ਾਰ ਰੁਹੇਲਾ[1] ਹਠੀ ॥੨੩॥ — [1]ਜ਼ਾਤੀ ਦਾ ਪਠਾਣ।
ਕਈ ਲਾਖ ਦੈ ਟਕਾ ਹਮਾ ਨੈ[1]। — [1]ਅਸਾਂ ਨੇ।
ਜਬਿ ਦਿੱਲੀ ਦਿਸ ਕਰੇ ਰਵਾਨੈ[1]। — [1]ਤੋਰੇ।
ਰਸਤੇ ਮੈਂ ਸਿੰਘਨ ਸੋ ਛੀਨੇ।
ਮਾਰ ਕੂਟ ਵਹਿ ਕਰੇ ਕਮੀਨੇ ॥੨੪॥
ਹਟ ਕਰਿ ਫਿਰ ਲਾਹੌਰ ਸੋ ਆਏ।
ਹਮ ਤਾਦਾਰਕ[1] ਕਰੀ ਮਹਾਂਏ*। — [1]ਸਿੰਘਾਂ ਨੂੰ ਰੋਕਣ ਦਾ ਪ੍ਰਬੰਧ। *ਅੰਕ ਨੰ. ੨੪ ਦੀਆਂ ਤੀਜੀ ਤੇ ਚੌਥੀ ਤੁਕ ਅਤੇ ਅੰਕ ਨੰ. ੨੫ ਦੀਆਂ ਪਹਿਲੀ ਤੇ ਦੂਜੀ, ਇਹ ਚਾਰ ਤੁਕਾਂ ਦਾ ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ।
ਫਿਰ ਮੈਂ ਚਹਯੋ ਥਾ ਕਿਛ ਦੈਹੈਂ[1]। — [1]ਦਿਆਂਗਾ।
ਪਠੋਂ ਹਜੂਰ ਪਾਸ ਇਨ ਕੈਹੈਂ[1] ॥੨੫॥ — [1]ਇਨ੍ਹਾਂ ਦਸਤਕੀਆਂ ਨੂੰ ਆਪ ਪਾਸ ਭੇਜ ਦਿਆਂਗਾ।
ਦਸਤਕ[1] ਲੇਤ ਰਹੇ ਸੁ ਹਮੇਸ਼ੈਂ। — [1]ਚੱਟੀ।
ਔਰੈਂ ਦਯਾ ਰੁਪਜਾ ਬਿਸ਼ੇਸ਼ੈਂ[1]। — [1]ਹੋਰ ਵੀ ਬਹੁਤਰੁਪਇਆ ਉਨ੍ਹਾਂ ਨੂੰ ਦਿੱਤਾ ਸੀ।
ਸੋ ਦਿੱਲੀ ਦਿਸ ਯੁੱਧ ਭਏ ਜੌਂ।
ਮਿਲਿ ਬਹੁ ਦੀਨੀ ਲੋਗ[1] ਅਏ ਤੌਂ ॥੨੬॥ — [1]ਤੁਰਕ ਮਜ਼ਹਬ ਦੀ ਆਮ ਜਨਤਾ।

ਵਹਿ ਭੀ ਮਿਲੇ ਦੀਨੀਯੋਂ ਸਾਥੈਂ।	
ਜਾਇ ਪੜੇ ਮਧ ਸਿੰਘਨ ਹਾਥੈਂ।	
ਕਈ ਹਜ਼ਾਰ ਮਰਜੋ ਅਬਿ ਦੀਨੀ।	
ਫੌਜ ਜਰਜਰੀ[1] ਸਿੰਘਨ ਕੀਨੀ ॥੨੭॥	[1]ਬੋਡੀ, ਕਮਜ਼ੋਰ।
ਹਮ ਜਬਿ ਕਰਤ ਲਰਨ ਤਜਵੀਜ਼ੈਂ[1]।	[1]ਫ਼ੈਸਲਾ, ਨਿਰਣਾ।
ਸੁਨਿ ਸਭਿ ਸਿਪਹਾ ਹੋਤ ਮਰੀਜ਼ੈਂ[1]।	[1]ਫ਼ੌਜ ਬੀਮਾਰ ਹੋ ਜਾਂਦੀ ਹੈ।
ਅਬਿ ਜੋ ਹੋਵੈ ਹੁਕਮ ਹਜੂਰੈਂ।	
ਵਹੀ ਕਰੈਂ ਹਮ ਬਿਨਾਂ ਕਸੂਰੈਂ[1] ॥੨੮॥	[1]ਕਸਰ ਭਾਵ ਦੇਰੀ ਤੋਂ ਬਿਨਾਂ।
ਜੌ ਸਿੰਘਨ ਕੋ ਚਹਿਹੌ ਮਾਰਾ।	
ਤੌ ਲਸ਼ਕਰ ਪਠ ਦੈਹੁ ਅਪਾਰਾ।	
ਕੈ ਹ੍ਵੈ ਹੁਕਮ ਸੁਲ੍ਹਾ ਹਮ ਕਰੈਂ।	
ਜੰਗ ਜੂਪ ਕੀ ਖੇਲ ਨਿਹਰੈਂ[1] ॥੨੯॥	[1]ਜੰਗ ਨੂੰ ਜੂਏ ਦੀ ਖੇਡ ਦੇਖਦੇ ਹਾਂ।
ਯੇ ਗਨੀਮ[1] ਹੈਂ ਬੁਰੀ ਬਲਾਇ।	[1]ਦੁਸ਼ਮਣ।
ਕਰਨੀ ਸੁਲ੍ਹਾ ਭਲੀ ਮਮ ਰਾਇ।	
ਗੁੜ ਦੀਨੇ ਜੋ ਦੁਸ਼ਮਨ ਮਰ ਹੈ।	
ਤਾਂ ਕੋ ਜ਼ਹਿਰ ਦੈਨ ਨਹਿਂ ਭਰ ਹੈ[1] ॥੩੦॥	[1]ਚੰਗਾ ਨਹੀਂ ਹੈ।
ਤਮਾ[1] ਤੇਲ ਜਾਂ ਕੋ ਮਿਲ ਜਾਵੈ।	[1]ਲਾਲਚ।
ਕਠਨ ਚਰਮ ਨਰ ਨਰਮ ਬਨਾਵੈ[1]।	[1]ਕਰੜੇ ਚੰਮ ਨੂੰ ਤੇਲ ਤੇ ਮਨੁੱਖ ਨੂੰ ਲਾਲਚ ਨਰਮ ਬਣਾ ਦੇਂਦਾ ਹੈ।
ਲੋਹਾ ਨਰਮ ਹੋਤ ਪਾ ਜਰ ਕੋ[1]।	[1]ਜ਼ੰਗਾਲ ਨੂੰ ਪਾ ਕੇ।
ਜਰ ਸੈਂ ਨਰਮ ਹੋਤ ਨਹਿਂ ਨਰ ਕੋ[1] ॥੩੧॥	[1]ਕੌਣ ਆਦਮੀ ਹੈ ਜੋ (ਜਰ) ਧਨ ਨੂੰ ਪਾ ਕੇ ਨਰਮ ਨਾ ਹੋਵੇ।
ਹਾਥ ਸਾਥ ਜੋ ਗਾਂਠ ਖੁਲੈ ਹੈਂ।	
ਤਾਹਿਂ ਦਨਾਵ ਨ ਦਾਂਤ ਲਗੈ ਹੈਂ।	
ਸਾਮ ਦਾਮ ਭਿਦ ਤੈ ਜੋ ਕਾਮੂ।	
ਬਨੈ, ਤੁ ਕਰਨੋ ਦੰਡ ਨਿਕਾਮੂ[1] ॥੩੨॥	[1]ਜੋ ਕੰਮ (ਸਾਮ) ਸੁਲ੍ਹਾ (ਦਾਮ) ਰੁਪਇਆਂ ਨਾਲ ਤੇ (ਭਿਦ) ਫੁੱਟ ਪਾਣ ਨਾਲ ਬਣ ਜਾਵੇ ਤਾਂ (ਦੰਡ) ਜੰਗ ਕਰਨਾ ਨਿਕੰਮਾ ਹੈ।
ਇਨ ਕੋ ਦਿਹੁ ਜਗੀਰ ਕੁਛ ਅਬੈ।	
ਫਿਰ ਥਿਰ ਹੋਇ ਬੈਠ ਹੈਂ ਸਭੈ।	
ਜਯੋਂ ਕੂਕਰ[1] ਕੁਛ ਟੁਕੜਾ ਪਾਏ।	[1]ਕੁੱਤਾ।
ਭੌਂਕਨ ਕਾਟਨ ਤੇ ਹਟ ਜਾਏ ॥੩੩॥	

ਅਬਿ ਕਰਿ ਇਨ ਸੋਂ ਸੁਲ੍ਹਾ ਸਫਾਈ।
ਲੇਟ ਪੇਟ ਪਰ[1] ਰਖੈਂ ਟਿਕਾਈ। — [1]ਪੇਟ ਉਪਰ ਲਿਟਾ ਕੇ ਭਾਵ ਆਪ ਨੀਵੇਂ ਹੋ ਕੇ।
ਫਿਰ ਕਰਿ ਦਾਵ ਘਾਵ ਕੁਛ ਛਲ ਬਲ।
ਕਰਿ ਦੈਹੈਂ ਨੇਸਤ[1] ਹਮ ਦਲ ਮਲ ॥੩੪॥ — [1]ਨਾਸ਼ ਕਰ ਦਿਆਂਗੇ।
ਇਤਯਾਦਿਕ ਲਿਖਿ ਬਾਤਾਂ ਔਰਨ।
ਅਰਜ਼ੀ ਪਠੀ ਸ਼ਾਹਿ ਢਿਗ ਫੌਰਨ[1]। — [1]ਛੇਤੀ।
ਇਤ ਸਿੰਘਨ ਕੇ ਹੇਤ ਟਿਕਾਵੈਂ[1]। — [1]ਟਿਕਾਉਣ ਵਾਸਤੇ।
ਝਟ ਪਟ ਯਾ ਬਿਧਿ ਕੀਨ ਬਨਾਵੈਂ[1]* ॥੩੫॥ — [1]ਬਨਾਵਟ, ਵਿਉਂਤ। *ਲਾਹੌਰ ਐਡੀਸ਼ਨ 'ਚ ਏਥੇ ਪਾਠ 'ਨੁਵਾਵੈਂ' ਤੇ ਦਿੱਲੀ ਐਡੀਸ਼ਨ 'ਚ ਪਾਠ 'ਨੁਵਾਬ' ਹੈ ਪਰ ਅੰਮ੍ਰਿਤਸਰ ਐਡੀਸ਼ਨ 'ਚ ਪਾਠ 'ਬਨਾਵੈਂ' ਹੈ ਜੋ ਸ਼ੁੱਧ ਸਮਝ ਕੇ ਛਾਪਿਆ ਹੈ।

ਹੁਤੋ ਸਬੇਗ ਸਿੰਘ ਸਿਖ ਏਕੈਂ।
ਸਾਕਨ ਮੌਜ਼ੇ ਜੰਬਰ ਨੇਕੈਂ[1]। — [1]ਜੰਬਰ (ਮੌਜ਼ੇ) ਪਿੰਡ ਦੇ (ਸਾਕਨ) ਰਹਿਣ ਵਾਲਾ ਨੇਕ ਪੁਰਸ਼ ਸੀ।

ਪਾਸ ਨੁਵਾਬ ਸੁ ਰਹਿਤ ਹਮੇਸ਼ੈਂ।
ਪਢਯੋ ਫਾਰਸੀ ਆਹਿ ਬਿਸ਼ੇਸ਼ੈਂ ॥੩੬॥
ਕਾਮ ਬਕਾਲਤ[1] ਦੇਤ ਰਹਿਤ ਵਹਿ। — [1]ਵਿਚੋਲਗੀ ਦਾ।
ਗ੍ਰਾਮ ਅਜਾਰੇ[1] ਬਹੁਤ ਲੇਤ ਰਹਿ ॥੩੭॥ — [1]ਪਿੰਡਾਂ ਦੇ ਠੇਕੇ।

ਸ੍ਵੈਯਾ:

ਬੋਲਿ ਨੁਵਾਬ ਕਹਯੋ ਤਿਹ ਕੋ,
ਤੁਮ ਸਿੰਘਨ ਕੇ ਢਿਗ ਜਾਹੁ ਅਬੈ ਹੀ[1]। — [1]ਹੁਣੇ ਹੀ।
ਮੇਲ ਬਨੈ ਭਲ ਜੈਸ ਹਮੈਂ ਉਨ,
ਤੈਸ ਕਰੋ ਬਿਨ ਦੇਰ ਅਬੈ ਹੀ।
ਦੇਸ ਬਿਰਾਨ ਕਰੈਂ ਨਹਿਂ ਵੈ ਅਬਿ,
ਲੈਹਂ ਗੁਜਾਰੇ ਜਗੀਰ ਸਬੈ ਹੀ।
ਖਾਲਕ ਕੀ ਲਖ ਕੈ ਮਖੂਲਕ,
ਨ ਦੇਵਹਿਂ ਦੂਖ ਸਲੂਕ ਫਬੈ ਹੀ[1] ॥੩੮॥ — [1]ਖ਼ੁਦਾ ਦੀ (ਮਖਲੂਕ) ਪਰਜਾ ਜਾਣ ਕੇ ਦੁੱਖ ਨਾ ਦੇਣ (ਪਰਜਾ ਨਾਲ) ਚੰਗਾ ਵਰਤਾਉ ਹੀ ਫਬਦਾ ਹੈ।

ਦੇਸ ਅਸੇਸ[1] ਅਹੇ ਯਹਿ ਜੇਤਿਕ, — [1]ਸਾਰਾ।
ਆਹਿ ਬਿਰਾਦਰ ਸਾਦਰ ਥਾਰਯੋ[1]। — [1]ਤੁਹਾਡੇ (ਸਾਦਰ) ਆਦਰ ਕਰਨ ਯੋਗ ਭਰਾ ਹਨ।
ਆਪਨ ਕੋ ਚਹੀਏ ਦੁਖ ਦੈਨ ਨ,

ਔ ਬਲਕੈ ਕਰੀਏ ਪ੍ਰਿਤਪਾਰਜੋ।
ਮੋ ਪਰ ਕੀਨ ਉਪਕਾਰ ਬਡੋ,
ਜੋਉ ਦਸਤਕ ਦਾ ਫਸਤਾ ਕਟ ਡਾਰਜੋ[1]। — [1]ਚੱਟੀ ਉਗ੍ਰਾਹੁਣ ਵਾਲਿਆਂ ਦਾ ਫਾਹਾ ਕਟ ਸੁੱਟਿਆ।
ਔ ਮੁਲਖੱਯਨ ਕੋ ਕਰਿ ਖੈ[1], ਯਹਿ — [1]ਨਾਸ਼ ਕਰਕੇ।
ਮੋ ਸਿਰ ਤੈ ਰਿਣ ਜੂੰ ਜਿਮ ਟਾਰਜੋ[1] ॥੩੯॥ — [1]ਮੇਰੇ ਸਿਰ ਤੋਂ ਕਰਜ਼ੇ ਨੂੰ ਜੂੰ ਵਾਂਗ ਦੂਰ ਕਰ ਦਿੱਤਾ।
ਖਾਨ ਬਹਾਦਰ ਔ ਅਸਲੇਮ ਖਾਂ,
ਬਾਤ ਕਹੀ ਮਿਲ ਕੈ ਜਬਿ ਯੌਹੈਂ[1]। — [1]ਇਸ ਤਰ੍ਹਾਂ।
ਸਿੰਘ ਸਬੇਗ ਕਹਜੋ, ਕਰ ਖਾਲੀ
ਕਹੋ ਕਬਹੂੰ ਮੁਖ ਓਰ ਗਯੋ ਹੈ[1]। — [1]ਕਹੋ ਖ਼ਾਂ ਕਦੇ ਖ਼ਾਲੀ ਹੱਥ ਵੀ ਮੂੰਹ ਵਲ ਨੂੰ ਗਿਆ ਹੈ ?
ਚਹੀਯੇ ਕੁਛ ਤੋਫਾ[1] ਦਯੋ ਉਨ ਕੋ, — [1]ਸੁਗਾਤ।
ਅਰ ਭੰਗ ਮਿਠੀ ਪ੍ਰਸ਼ਾਦ ਕਯੋ ਹੈ[1]। — [1]ਕੜਾਹ ਪ੍ਰਸ਼ਾਦ ਕਰਾਉਣਾ ਚਾਹੀਦਾ ਹੈ।
ਲੈ ਕਰਿ ਪੰਥ ਜੋ ਹੋਇ ਖੁਸ਼ੀ,
ਅਰ ਮੈਂ ਭੀ ਜੁ ਦੈ ਚਹੌਂ ਕਾਮ ਲਯੋ ਹੈ[1] ॥੪੦॥ — [1]ਅਤੇ ਮੈਂ ਵੀ ਜੋ ਇਹ ਚੀਜ਼ਾਂ ਦੇ ਕੇ ਕੰਮ ਲੈਣਾ ਚਾਹੁੰਦਾ ਹਾਂ।

ਚੌਪਈ:

ਸੁਨਿ ਨੁਵਾਬ ਮਨਿ ਠੀਕੈ ਠਟਯੋ[1]। — [1]ਚੰਗੀ ਤਰ੍ਹਾਂ ਧਾਰ ਲਿਆ।
ਖਿਲਤ[1] ਜੁ ਸ਼ਾਹਿ ਤਾਂਹਿ ਹਿਤ ਪਠਯੋ। — [1]ਸ਼ਾਹੀ ਪੋਸ਼ਾਕ।
ਮਏ ਬਹੁਤ ਨਕਦੀ ਵਹਿ ਖਿਲਤੈ[1]। — [1]ਬਹੁਤ ਨਕਦ ਮਾਇਆ ਦੇ (ਮਏ) ਸਣੇ ਉਹ ਸ਼ਾਹੀ ਪੁਸ਼ਾਕ।
ਦਯੋ, ਕਹਜੋ ਪੁਨ ਯੌਂ ਹਿਤ ਮਿਲਤੈ[1] ॥੪੧॥ — [1]ਮਿਲਾਪ ਵਾਸਤੇ।
ਖਿਲਤ ਨਹੀਂ ਯਹਿ ਆਹਿ ਨੁਵਾਬੀ।
ਯਾ ਸੰਗ ਮੁਲਕ ਜਗੀਰ ਮਿਲਾਬੀ[1]। — [1]ਮਿਲੇਗੀ।
ਕੁਛ ਦਿਨ ਮਾਹਿਂ ਜਗੀਰਨ ਕੇਰਾ।
ਸ਼ਾਹੀ ਪੱਟੋ[1] ਪਠਹੋਂ ਫੇਰਾ ॥੪੨॥ — [1]ਪਟਾ, ਸਨਦ, ਅਧਿਕਾਰ ਪੱਤ੍ਰ।
ਸ਼ਾਹੀ ਪੱਟੋ ਜਬਿ ਸਿੰਘ ਸੁਣਾ।
ਹੋਇ ਖੁਸ਼ੀ ਤਬਿ ਮਨ ਮੈਂ ਗੁਣਾ।
ਭਯੋ ਸ਼ਕੁਨ ਯਹਿ ਨੀਕੀ ਬਾਨੀ[1]। — [1]ਇਹ ਚੰਗੀ ਬਾਣੀ ਚੰਗਾ ਸ਼ਗਨ ਹੋਇਆ ਹੈ।
ਤੁਰਕਨ ਸ਼ਾਹੀ ਪੱਟੋ ਬਖਾਨੀ[1] ॥੪੩॥ — [1]ਜੋ ਕਿਹਾ ਹੈ ਕਿ ਤੁਰਕਾਂ ਦੀ ਬਾਦਸ਼ਾਹੀ ਪੱਟੀ ਗਈ ਹੈ।
ਰੁਖਸਦ ਹ੍ਵੈ[1] ਸਿੰਘ ਚਲ ਕਰਿ ਨੀਕੈ। — [1]ਵਿਦਾ ਹੋ ਕੇ।
ਪਹੁੰਚ ਸੁਧਾਸਰ ਪੰਥ ਨਜੀਕੈ।
ਪਿਖਜੋ ਪੰਥ ਕਾ ਲਗਜੋ ਦੀਵਾਨੈਂ।

ਝੂਲਤ ਝੰਡੇ ਬਜਤ ਨਿਸ਼ਾਨੈਂ[1] ॥੪੪॥	[1]ਧੌਂਸੇ।
*ਲਾਗ ਰਹੀ ਧੁਨਿ ਬਾਨੀ ਕੇਰੈਂ।	*ਏਥੋਂ ਕਵੀ ਜੀ ਖਾਲਸੇ ਦੀ ਨਿਤ ਕ੍ਰਿਆ ਦਾ ਵਰਣਨ ਕਰਨ ਲੱਗੇ ਹਨ।
ਪ੍ਰੇਮ ਨੇਮ ਸੁਰ ਸੋਂ ਸਿੰਘ ਟੇਰੈਂ[1]।	[1]ਉਚਾਰ ਰਹੇ ਹਨ।
ਚਾਤ੍ਰਕ ਮੋਰ ਕੋਕਲਾ ਦਾਦਰ[1]।	[1]ਪਪੀਹੇ, ਮੋਰ, ਕੋਇਲਾਂ ਤੇ ਡੱਡੂ।
ਜਨੁ ਪਾਵਸ ਮੈਂ ਬੋਲਤ ਸਾਦਿਰ[1] ॥੪੫॥	[1]ਮਾਨੋਂ ਬਰਖਾਰੁੱਤ ਵਿੱਚ (ਸਾਦਿਰ) ਬੇਫ਼ਿਕਰ ਹੋ ਕੇ ਬੋਲ ਰਹੇ ਹਨ।
ਢਾਢੀ ਗਾਵਤ ਗੁਰੂਅਨ ਵਾਰੈਂ।	
ਜਿਨ ਕੋ ਸੁਨਿ ਕਾਯਰਰਣ ਪਾਰੈਂ[1] ॥੪੬॥	[1]ਜੰਗ ਪਾ ਲੈਂਦੇ ਹਨ।
ਕਬਿੱਤੁ:	
ਕੋਊ ਅੱਸ੍ਰ ਆਯੁਧਨ ਮਾਲਸ਼ ਕਰਤ ਸਿੰਘ,	
ਤਾੜਤ ਸੁਚੇਤੇ ਕਛੁ ਦਾਤਨਾ ਸਵਾਰ ਹੈਂ[1]।	[1]ਕੋਈ ਸਿੰਘ ਘੋੜਿਆਂ ਦੀ ਮਾਲਸ਼ ਕਰਦੇ ਹਨ ਤੇ ਕੋਈ ਸ਼ਸਤ੍ਰ ਮਾਂਜਦੇ ਹਨ, ਕੋਈ ਟੱਟੀ ਫਿਰਦੇ ਹਨ ਤੇ ਕੋਈ ਦਾਤਣਾਂ ਕਰ ਰਹੇ ਹਨ।
ਕੇਈ ਪਢੈਂ ਬਾਣੀ ਕੇਈ ਲਜਾਵੈਂ ਭਰਿ ਪਾਣੀ,	
ਕਰੈਂ ਗੁਰੁ ਕੀ ਕਹਾਣੀ ਬਿਨਾਂ ਛਾਣੀ ਭੰਗ ਚਾਰ ਹੈਂ[1]।	[1]ਛਕ ਰਹੇ ਹਨ।
ਕੋਊ ਘੋਟੈਂ ਛਾਣੈਂ ਭੰਗ ਬਾਂਛਤ ਨਿਸ਼ੰਗ ਜੰਗ,	
ਨੁਗਦੇ[1] ਚਲਾਇ ਸਿਰ ਤੁਰਕਨ ਕੇ ਮਾਰ ਹੈਂ।	[1]ਨੁਗਦਾ=ਪੁਣੀ ਹੋਈ ਸ਼ਰਦਾਈ ਜਾਂ ਭੰਗ ਦਾ ਫੋਗ।
ਕਾਹੂ ਕੇ ਨ ਦ੍ਵੈਤ ਭਾਵ ਮਤਸਰ[1] ਮਾਨ ਆਵ[2],	[1]ਈਰਖਾ। [2](ਹਿਰਦੇ ਵਿੱਚ) ਨਹੀਂ ਆਉਂਦਾ।
ਸਾਥ ਉਤਸ਼ਾਹਿ ਚਾਵ ਟਹਿਲੇ ਸੁਧਾਰ ਹੈਂ[1] ॥੪੭॥	[1]ਸੇਵਾ ਕਰਦੇ ਹਨ।
ਛੇੜ ਕੈ ਤੁਰੰਗ ਕਹੂੰ ਤੀਰ ਔ ਤੁਫੰਗ ਸੰਗ,	
ਚੱਕ੍ਰ ਨਿਸੰਗ ਛੋਡਿ ਖਾਕ ਤੋਦੇ ਕਰ ਹੈਂ[1]।	[1]ਮਿੱਟੀ ਦੇ ਢੇਰ ਬਣਾ ਕੇ ਨਿਸ਼ਾਨੇ ਫੁੰਡਦੇ ਹਨ।
ਫੇਰੈਂ ਨਿਤ ਤਾਜੀ[1] ਮਾਨੋ ਖੇਲਤ ਕਪੋਤ ਬਾਜੀ[2],	[1]ਘੋੜੇ। [2]ਕਬੂਤਰ ਬਾਜ਼ੀਆਂ ਲਾਉਂਦੇ ਹਨ।
ਕਹੂੰ ਪਟੇਬਾਜੀ ਸਾਜੀ ਕੇਤਿਕ ਨਿਹਰ ਹੈਂ[1]।	[1]ਕਿਤੇ ਗਤਕੇ ਦੀ ਖੇਡ ਖੇਡਦੇ ਹਨ ਤੇ ਕਿਤਨੇ ਹੀ ਦੇਖ ਰਹੇ ਹਨ।
ਸਾਜਤ ਦੁਮਾਲੇ[1] ਕਿਤ ਕਵਚ ਬਿਸਾਲੇ,	[1]ਕਿਤੇ ਦਸਤਾਰੇ ਸਜਾਉਂਦੇ ਹਨ, ਬਹੁਤੇ ਸੰਜੋਆਂ ਸਜਾਉਂਦੇ ਹਨ।
ਅਰ ਚੱਕ੍ਰ ਕਰਦ ਤੋੜੇ[1] ਥੋੜੇ ਨਾਹਿੰ ਧਰ ਹੈਂ।	[1]ਕ੍ਰਿਪਾਨਾਂ ਤੇ ਤੋੜੇ। (ਤੋੜਾ=ਸਿਰ ਤੇ ਸਜਾਏ ਹੋਏ ਸ਼ਸਤ੍ਰਾਂ ਦੇ ਉਤੋਂ ਦੀ ਸਜਾਉਣ ਵਾਲਾ ਬਰੀਕ ਲੋਹੇ ਦੀਆਂ ਤਾਰਾਂ ਦਾ ਬੁਣਿਆ ਜਾਂ ਵੱਟਿਆ ਹੋਇਆ ਡੋਰਾ।)

ਝਕਾ-ਝੱਕ ਝਮਕਤ ਦਮਕਤ ਦਾਮਨੀ ਜਜੋਂ,
ਭਮਕਤ ਬੈਰਿਨ ਪੈ ਗਮਕਤ ਕਰਿ ਹੈਂ[1] ॥੪੮॥

[1](ਝਕਾ ਝਕ) ਝਲਮਲ ਝਲਮਲ ਕਰ ਕੇ (ਝਮਕਤ) ਪ੍ਰਕਾਸ਼ਦੇ ਹਨ, ਬਿਜਲੀ ਵਾਂਗ ਚਮਕਦੇ ਹਨ, ਵੈਰੀਆਂ ਉਪਰ (ਭਮਕਦ) ਬੁੱਕਦੇ ਹੋਏ। (ਗਮਕਤ) ਗੰਭੀਰ ਧੁਨੀ ਕਰਦੇ ਹਨ। (ਅ) (ਗਮ ਕਤ ਕਰ ਹੈਂ) ਫ਼ਿਕਰ ਨਹੀਂ ਕਰਦੇ।

*ਬਾਂਕੁਰੇ ਬਨੈਤ ਬੀਰ ਛੱਤ੍ਰੀ ਛਬੀਲੇ ਧੀਰ,
ਛੈਲ ਛਕੇ ਰਸ ਬੀਰ ਜ੍ਵਾਨ ਖਾਂਨ ਸੀਲੇ ਹੈਂ[1]।

*ਕਵੀ ਜੀ ਏਥੋਂ ਸਿੰਘਾਂ ਦੀ ਸੁੰਦਰਤਾ, ਸਜ ਧਜ ਤੇ ਮਹਿਮਾਂ ਦਾ ਜ਼ਿਕਰ ਕਰਨ ਲੱਗੇ ਹਨ।

[1](ਬਾਂਕਰੇ) ਬਹਾਦਰ (ਬਨੈਤ) ਸਜ ਕੇ ਰਹਿਣ ਵਾਲੇ, (ਬੀਰ) ਸੂਰਮੇ (ਛੱਤ੍ਰੀ) ਸ਼ਸਤ੍ਰ ਧਾਰੀ, (ਛਬੀਲੇ) ਛਬ ਵਾਲੇ, ਧੀਰਜਵਾਨ (ਛੈਲ) ਸੁੰਦਰ ਜਵਾਨ ਬੀਰਰਸ 'ਚ (ਛਕੇ) ਸ਼ਸਤ੍ਰ ਧਾਰੀ, (ਛਬੀਲੇ) ਛਬ ਵਾਲੇ, ਧੀਰਜਵਾਨ (ਛੈਲ) ਸੁੰਦਰ ਜਵਾਨ ਬੀਰਰਸ 'ਚ (ਛਕੇ) ਭਰੇ ਹੋਏ (ਖਾਨ ਸੀਲੇ) ਸ੍ਰੇਸਟਾਚਾਰ ਦੀ ਖਾਣ ਹਨ।

ਸੋਹਿਤ ਸਮੱਸ੍ਰ ਸਫਾਬਿ ਸੂਧੇ ਸਜਾਮ ਸਿਤ,
ਐਂਠਦਾਰ ਬਾਂਕੁਰੇ ਮੁਛਹਿਰੇ ਸਮੀਲੇ ਹੈਂ[1]।

[1]ਸਿੰਘਾਂ ਦੇ ਦਾਹੜੇ ਸਾਫ, ਸਿੱਧੇ ਕਾਲੇ ਤੇ ਚਿੱਟੇ ਹਨ, ਆਕੜਿਆਂ ਹੋਇਆਂ ਤੇ ਕੁੰਢਿਆਂ ਮੁਛਹਿਰਿਆਂ ਨਾਲ ਮਿਲੇ ਹੋਏ ਸੋਂਹਦੇ ਹਨ।

ਲੋਚਨ ਹਸੌਹੇਂ ਔ ਰਿਸੌਹੇਂ ਰੈਹੈਂ ਬੈਰਿਨ ਪੈ,
ਭੌਹੈਂ ਬੰਕ ਚਢੀ ਛੌਹੈਂ ਭਾਲ ਖੀਲੇ ਹੈਂ[1]।

[1]ਨੇਤ੍ਰ ਹਸਾਉਣੇ ਹਨ ਪਰ ਵੈਰੀਆਂ ਉਪਰ ਗ਼ੁੱਸੇ ਰਹਿੰਦੇ ਹਨ, ਭ੍ਰਵੱਟੇ ਗ਼ੁੱਸੇ ਨਾਲ ਟੇਢੇ ਚੜ੍ਹੇ ਰਹਿੰਦੇ ਹਨ, ਮੱਥੇ ਲਾਲ ਤੇ ਖਿੜੇ ਹੋਏ ਹਨ।

ਬਾਨਕ ਸਮੀਲੇ ਸੇਤ ਪੀਤ ਲਾਲ ਨੀਲੇ ਸਭਿ,
ਸੋਹਿਤ ਸਜੀਲੇ ਲਾਲ ਗੁਰੂ ਕੇ ਰੰਗੀਲੇ ਹੈਂ[1] ॥੪੯॥

[1]ਸਾਰੇ ਸਿੰਘਾਂ ਦੇ ਚਿੱਟੇ, ਪੀਲੇ ਤੇ ਨੀਲੇ (ਸਮੀਲੇ) ਮਿਲਵੇਂ (ਬਾਨਕ) ਪੁਸ਼ਾਕੇ (ਬਣੇ ਹੋਏ) ਹਨ, ਗੁਰੂ ਕੇਰੰਗੀਲੇ ਲਾਲ (ਸਿੰਘ) ਸਜੇ ਹੋਏ ਸੋਂਹਦੇ ਹਨ।

ਹੇਰ ਕੈ ਸਬੇਗ ਸਿੰਘ ਪੰਥ ਕੀ ਉਦਾਰ ਰੀਤਿ,
ਪਾਇ ਮਹਾਂ ਮੋਦ ਕਰਿ ਕੁੰਨਸ ਅਪਾਰੀ ਹੈ[1]।
ਅਦਬ ਅਦਾਬ ਸਾਥ[1] ਆਇ ਕੈ ਦਿਵਾਨ ਢਿਗ,
ਗੁਰੂ ਕੀ ਗਜਾਈ ਫਤੇ ਪੰਥ ਭੀ ਉਚਾਰੀ ਹੈ।
ਹਾਥ ਜੋਰਿ ਮਾਥ ਨਾਇ[1] ਪ੍ਰੇਮ ਸਾਥ ਖੜ੍ਹੇ ਹੋਇ,
ਪੰਥ ਸ੍ਵੈ ਅਗਾਰੀ[1] ਕਰੀ ਬਿਨੈ ਐਸ ਭਾਰੀ ਹੈ।
ਹਮ ਹੈਂ ਗ੍ਰੇਹੀ ਸਦਾ ਭਰੇ ਤਨਖਾਹ ਦੇਹੀਂ[1],
ਬਖਸ਼ਨ ਜੋਗ ਗੁਰੂ ਖਾਲਸਾ ਹਮਾਰੀ ਹੈ ॥੫੦॥

[1]ਬਹੁਤ ਅਨੰਦ ਹੋ ਕੇ (ਕੁੰਨਸ) ਨਮਸ਼ਕਾਰ ਕੀਤੀ।

[1]ਆਦਰ ਸਤਿਕਾਰ ਨਾਲ।

[1]ਸਿਰ ਨਿਵਾ ਕੇ।

[1]ਆਪਣੇ ਪੰਥ ਅੱਗੇ।

[1]ਅਸੀਂ ਗ੍ਰਹਸਤੀ ਹਮੇਸ਼ਾਂ (ਗ਼ਲਤੀਆਂ ਦੇ) ਭਰੇ ਹੋਏ (ਤਨਖ਼ਾਹ) ਧਰਮ ਦੰਡ ਦੇਂਦੇ ਹਾਂ।

ਪਾਰਜਾਤ ਕੀ ਸੀ ਛਬਿ ਦੇਖ ਕੈ ਛਬੀਲੀ ਜਾਹਿਂ,
ਔਰ ਭੇਖ ਭਾਸੈਂ ਜਯੋਂ ਕਰੀਰ ਜਾਂਡ ਫਾਲਸਾ[1]।

[1]ਜਿਸ ਖਾਲਸਾ ਪੰਥ ਕੀ ਕਲਪ ਬ੍ਰਿੱਛ ਵਰਗੀ ਸ਼ੋਭਾ ਦੇਖ ਕੇ ਹੋਰ ਭੇਖ ਜੰਡ, ਕਰੀਰ ਤੇ ਫ਼ਾਲਸੇ ਵਰਗੇ ਪ੍ਰਤੀਤ ਹੁੰਦੇ ਹਨ।

ਦੀਹ ਦੁਤਿ ਦੇਖੀਅਤ ਦੇਵਨ ਤੈ ਦੂਨਾ ਦੂਨ,
ਗੂਨਾ ਗੂਨ ਗਹਿਰੇ ਮਰਾਲਨ ਕੀ ਮਾਲਸਾ[1]।

[1]ਦੇਵਤਿਆਂ ਤੋਂ (ਦੂਨਾ ਦੂਨ) ਚਉਗਣੀ ਅਤੇ (ਗੂਨਾ ਗੂਨ) ਰੰਗ ਬਰੰਗੇ ਹੰਸਾਂ ਦੀਆਂ ਬਹੁਤੀਆਂ ਡਾਰਾਂ ਵਾਂਗ (ਦੀਹ) ਭਾਰੀ ਸ਼ੋਭਾ ਦੇਖੀਦੀ ਹੈ।

ਬਾਮੀ ਮਤਿ ਖਾਮੀ ਅਤਿ ਕੁਟਲ ਕਠੋਰ ਕਾਮੀ,
ਹੋਇ ਬਦਨਾਮੀ ਜੋ ਹਰਾਮੀ ਭਰਜੋ ਲਾਲਸਾ[1]।

[1]ਟੇਢੀ ਤੇ ਕੱਚੀ ਮਤ ਵਾਲੇ ਬਹੁਤੇ ਟੇਢੇ, ਕਠੋਰ, ਕਾਮੀ ਤੇ ਬਦਨਾਮ ਹੋਏ ਹੋਏ ਹਰਾਮੀਆਂ ਤੇ ਲਾਲਚ ਨਾਲ ਭਰਿਆ ਹੋਇਆਂ (ਵਿਚੋਂ)।

ਆਵੈ ਜੋ ਸ਼ਰਨ ਤਾਹਿਂ ਜਨਮ ਮਰਨ ਮੇਟੈਂ,
ਤਾਰਨ ਤਰਨ ਐਸੋ ਪੰਥ ਗੁਰੂ ਖਾਲਸਾ ॥੫੧॥
ਪਾਤਕੀ ਮਲੇਛ ਜੇਤੇ ਘਾਤਕੀ ਗਰੀਬ ਧੇਨੁ,
ਮਾਤ ਕੀਏ ਮੂਢ ਤੇ ਅਗੂਢ ਜੀਵ ਜਾਲਸਾ[1]।

[1]ਜਿਤਨੇ ਗਰੀਬਾਂ ਤੇ (ਧੇਨ) ਗਊਆਂ ਨੂੰ (ਘਾਤਕੀ) ਮਾਰਨ ਵਾਲੇ ਪਾਪੀ ਤੁਰਕ ਸਨ, ਉਨ੍ਹਾਂ (ਜਾਲਸਾ) ਸਾਰੇ (ਅਗੂਢ) ਪ੍ਰਤੱਖ ਮੂਰਖ ਜੀਵਾਂ ਨੂੰ (ਮਾਤਕੀਏ) ਨਾਸ਼ ਕਰ ਦਿੱਤਾ।

ਗਾਹਕ ਗੁਨੀਨ ਕੇ ਅਨਾਹਕ ਨ ਬੋਲੈਂ ਬੋਲ,
ਦਾਹਕ ਹੈਂ ਬੈਰੀ ਬਨ ਚਾਹਕ ਅਨਾਲਸਾ[1]।

[1]ਗੁਣੀਆਂ ਦੇ ਕਦਰਦਾਨ ਹਨ, ਬਹੁਤੇ ਬਿਅਰਥ ਬਚਨ ਨਹੀਂ ਬੋਲਦੇ, ਵੈਰੀਆਂ ਰੂਪ ਜੰਗਲ ਦੇ ਸਾੜਨ ਵਾਲੇ ਹਨ, (ਅਨਾਲਸਾ) ਉੱਦਮ ਦੇ ਚਾਹੁਣ ਵਾਲੇ ਹਨ।

ਦੀਨਨ ਕੇ ਪਾਲਕ ਔ ਗਾਲਕ ਗਨੀਮਨ ਕੇ,
ਮਾਲਕ ਯਤੀਮਨ ਕੇ ਪੂਰੈਂ ਪੁੰਜ ਲਾਲਸਾ[1]।

[1]ਗਰੀਬਾਂ ਦੀ ਪਾਲਣਾ ਕਰਨ ਵਾਲੇ ਅਤੇ ਵੈਰੀਆਂ ਦੇ ਗਾਲਣ ਵਾਲੇ ਅਨਾਥਾਂ ਦੇ ਮਾਲਕ ਤੇ ਸਾਰੀਆਂ ਇੱਛਾ ਪੂਰੀਆਂ ਕਰਨ ਵਾਲੇ ਹਨ।

ਭੇਦ ਬਾਦ ਖੰਡਨ ਕੋ ਬੇਦ ਬਾਦ ਮੰਡਨ ਕੋ,
ਦੁੱਜਨ ਕੇ ਦੰਡਨ ਕੋ ਯੇਹੀ ਪੰਥ ਖਾਲਸਾ[1] ॥੫੨॥

[1]ਦ੍ਵੈਤ ਦੇ ਕਥਨ ਦੀ ਨਿਖੇਧੀ ਕਰਨ ਨੂੰ ਗਿਆਨ ਦੇ ਕਥਨ ਦੀ ਪੁਸ਼ਟੀ ਕਰਨ ਨੂੰ ਦੁਸ਼ਟਾਂ ਦੇ ਦੰਡ ਦੇਣ ਨੂੰ ਏਹੀ ਖਾਲਸਾ ਪੰਥ ਹੈ।

*ਕੀਨੀ ਦੈਵ ਅਰਚਾ ਨ ਸੰਤਨ ਸੋਂ ਪਰਚਾ ਮੈਂ,

*ਇਸ ਅੰਕ ਨੰ. ੫੩ ਵਿੱਚ ਸਬੇਗ ਸਿੰਘ ਦੀ ਨਿੰਮ੍ਰਤਾ ਦਾ ਵਰਣਨ ਹੈ।

ਜਾਨੋ ਬ੍ਰਹਮ ਚਰਚਾ ਨ ਠਾਨੋ ਤਪ ਤਾਪਨੀ[1]।

[1]ਮੈਂ ਪ੍ਰਮੇਸ਼ਰ ਦੀ (ਅਰਚਾ) ਪੂਜਾ ਵੀ ਨਹੀਂ ਕੀਤੀ, ਨਾ ਹੀ ਸੰਤਾਂ ਨਾਲ (ਪਰਚਾ) ਮੇਲ ਕੀਤਾ ਹੈ, ਬ੍ਰਹਮ ਚਰਚਾ ਨਹੀਂ ਜਾਣਦਾ ਤੇ ਤਪ ਵੀ ਤਪਣਾ ਨਹੀਂ ਕੀਤਾ।

ਲੋਭ ਕੀ ਲਹਿਰ ਮਾਨ ਮਦ ਕੀ ਗਹਿਰ[1] ਮਾਹਿਂ,

[1]ਗਰਦ, ਗੁਬਾਰ, ਸੰਘਣਾ ਅਨ੍ਹੇਰਾ।

ਚਢੀ ਹੈ ਜ਼ਹਿਰ ਕਾਮ ਕੋਹ ਕੀ ਅਮਾਪਨੀ[1]।
ਏ ਜੁ ਦੀਨ ਦਜਾਲ ਪੰਥ ਖਾਲਸਾ ਨਿਹਾਲ ਕਰੋ,
ਬਿਰਦ[1] ਸੰਭਾਲ ਕੈ ਕੁਚਾਲ ਕਰੋ ਕਾਪਨੀ[2]।
ਮੇਰੀ ਓਰ ਹੇਰੇ ਤੈ ਘਨੇਰੇ ਦੋਖ ਦੀਖ ਪੈਹੈਂ,
ਕੀਜੀਏ ਉਬਾਰ ਤੌ ਨਿਹਾਰ ਓਰ ਆਪਨੀ[1] ॥ ੫੩ ॥

[1]ਕਾਮ ਕ੍ਰੋਧ ਦੀ (ਅਮਾਪਨੀ) ਬਹੁਤੀ ਜ਼ਹਿਰ ਚੜ੍ਹੀ ਹੈ।
[1]ਧਰਮ, ਸੁਭਾਵ। [2]ਖੋਟੀ ਚਾਲ ਨੂੰ ਕੱਟੋ।
[1]ਮੇਰੀ ਤਰਫ਼ ਦੇਖਣ ਤੋਂ ਬਹੁਤੇ ਦੋਸ਼ ਦਿਸ ਪੈਣਗੇ, (ਤੁਸੀਂ) ਤਾਂ ਆਪਣੀ ਤਰਫ਼ ਦੇਖ ਕੇ ਮੈਨੂੰ ਬਚਾਉ।

ਨੀਤ ਪ੍ਰੀਤਿ ਸਾਨੀ ਸੁਨਿ ਬੇਨਤੀ ਪੁਨੀਤ ਰੀਤਿ,
ਪਰਤੀਤ ਦੇਖਿ ਪੰਥ ਭਯੋ ਮੋਦਮਾਨ ਕੈ[1]*।

[1]ਨੀਤੀ ਤੇ ਪ੍ਰੀਤੀ ਨਾਲ ਮਿਲੀ ਹੋਈ ਪਵਿੱਤ੍ਰਰੀਤੀ (ਨਾਲ ਕੀਤੀ) ਬੇਨਤੀ ਸੁਣ ਕੇ ਤੇ ਭਰੋਸਾ ਦੇਖ ਕੇ ਪੰਥ ਪ੍ਰਸੰਨ ਹੋਇਆ ਤੇ (ਬੇਨਤੀ) ਮੰਨ ਲਈ। *ਅੰਕ ਨੰ. ੫੪ ਦੀ ਪਹਿਲੀ ਤੁਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ।

ਲਾਇਕ ਲਗਾਯ ਤਨਖਾਹਿ ਅਰਦਾਸ ਕਰਿ,
ਸਾਦਰ ਬਿਠਾਇ ਕੁਸਲਾਨੰਦ ਬਖਾਂਨ ਕੈ[1]।
ਫੇਰ ਹਾਥ ਜੋਰ ਕੈ ਨਿਹੋਰ ਕੈ[1] ਸਬੇਗ ਸਿੰਘ,
ਕਹਯੋ ਯੌਂ ਸੁਨਾਇ ਸਭਿ ਪੰਥ ਪੈ ਅਮਾਨ ਕੈ[1]।
ਚਹਿਤ ਨੁਵਾਬ ਮੇਲ ਕਰਯੋ ਅਬਿ ਪੰਥ ਸੰਗ,
ਅਧਿਕ ਜਗੀਰ ਦੇਤ ਬੈਰ-ਭਾਵ ਹਾਨ ਕੈ[1] ॥ ੫੪ ॥

[1]ਸੁਖ ਅਨੰਦ ਪੁੱਛ ਕੇ।
[1]ਨਿਉਂ ਕੇ। (ਅ) ਬੇਨਤੀ ਕਰਕੇ।
[1]ਮਾਣ ਤੋਂ ਬਿਨਾਂ ਹੋ ਕੇ।
[1]ਵੈਰ ਦਾ ਖ਼ਿਆਲ ਛੱਡ ਕੇ।

ਖਿਲਤ ਨੁਵਾਬੀ ਮਏ ਨਕਦੀ[1] ਸ਼ਿਤਾਬੀ ਸਿੰਘ,
ਧਰਯੋ ਪੰਥ ਆਗੇ ਕਰਿ ਬਾਤੈਂ ਭਲ ਹੂੰ ਜਬੈ।
ਪੇਖਿ ਸਿਰੇਪਾਵ ਔ ਬਨਾਵ ਲਖਿ ਤੁਰਕਾਨ[1],
ਬੋਲ ਉਠੇ ਸਿੰਘ ਜੋ ਨਿਹੰਗ ਹੁਤੇ ਯੌਂ ਤਬੈ।
ਤੁਰਕ ਸੋਂ ਰਸਾਈ[1] ਹਮ ਕਰੈਂ ਨ ਕਦਾਈ ਭਾਈ*,

[1]ਸਣੇ ਨਕਦੀ।
[1]ਤੁਰਕਾਂ ਦਾ ਛਲ ਜਾਣ ਕੇ।
[1]ਮੇਲ। *ਅੰਕ ਨੰ. ੫੫ ਦੀ ਤੀਜੀ ਤੁਕ ਦਾ ਪਾਠ 'ਹਮ ਕਰੈਂ ਨ ਕਦਾਈ ਭਾਈ' ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ, ਮੂਲ 'ਚ ਛਪਣ ਸਮੇਂ ਰਹਿ ਗਿਆ ਜਾਪਦਾ ਹੈ।

ਲੈਂਹ ਨ ਜਗੀਰ ਕਾਈ ਦੀਨੀ ਤਿਸ ਕੀ ਕਬੈ।
ਕੋਊ ਕੈਹੈ ਪਾਰ ਦੇਹੁ[1] ਕੋਊ ਕੈਹੈ ਜਾਰ ਦੇਹੁ,
ਲੂਟ ਲੇਹੁ ਕੋਊ ਕੈਹੈ ਫੇਰ ਦੇਹੁ ਤਾਂ ਅਬੈ[1] ॥ ੫੫ ॥

[1]ਪਾੜ ਦਿਉ।
[1]ਹੁਣ ਤਾਂ ਵਾਪਸ ਮੋੜ ਦਿਉ।

ਦੀਓ ਰਾਜ ਕਾਹੂੰ ਕਾ ਨ ਲੀਨ ਹਮ ਚੈਹੈਂ ਕਬੀ,
ਲੈਹੈਂ ਪਤਿਸ਼ਾਹੀ ਸਭਿ ਜੋਰ ਤਰਵਾਰ ਕੈ।
ਫੇਰ ਹਾਥ ਜੋਰ ਕੈ ਸਬੇਗ ਸਿੰਘ ਕਹਯੋ,

ਤੁਮ ਅਬਿ ਤੋ ਜਾਗੀਰ ਲੇਹੁ ਦੇਤ ਜੇਤੀ ਹਾਰ ਕੈ।
ਫੇਰ ਪਤਿਸ਼ਾਹੀ ਭੀ ਸੁ ਲੀਜੀਓ ਵਲਾਇਤ ਕੀ,
ਗੁਰੂ ਕੇ ਬਚਨ ਪਰ ਤੁੱਕਨ ਕੋ ਮਾਰ ਕੈ।
ਮਾਨ ਕਰਿ ਪੰਥ ਦਰਬਾਰਾ ਸਿੰਘ ਆਗੈ ਧਰਜੋ,
ਤਾਂਹਿ ਭੀ ਸੁਨਾਯੋ ਤਬਿ ਐਸਹੂੰ ਉਚਾਰ ਕੈ ॥ ੫੬ ॥
ਹਮ ਪਤਿਸ਼ਾਹੀ ਸਭਿ ਲੀਓ ਚੈਹੈਂ ਤੁੱਕਨ ਕੀ,
ਲੈਹੈਂ ਕਜੋਂ ਨੁਵਾਬੀ ਹੈ ਖਰਾਬੀ ਜਾ ਮੈਂ ਭਾਰੀਆ।
ਐਸੀ ਭਾਂਤਿ ਰਾਖਜੇ ਕਈ ਸਿੰਘਨ ਕੇ ਆਗੇ ਵਹਿ,
ਕਾਹੂੰ ਨੈ ਕਬੂਲ ਨਾਹਿਂ ਕੀਨ ਯੌਂ ਉਚਾਰੀਆ।
ਖਿੱਲਤ ਲੈ ਏਹੋ ਕਰਿ ਮਿੱਲਤ ਤੁਰਕਾਨ ਸੰਗ,
ਜ਼ਿੱਲਤ ਸਹੇੜੈ ਕੌਨ, ਇੱਲਤ ਖੁਆਰੀਆ[1]*।

[1]ਹੁਣ ਇਹ ਖਿਲਤ ਲੈ ਕੇ ਤੇ ਤੁਰਕਾਂ ਨਾਲ ਮੇਲ ਕਰ ਕੇ (ਜ਼ਿੱਲਤ) ਨਿਰਾਦਰੀ ਕੌਣ ਸਹੇੜੇ (ਤੁਰਕਾਂ ਵਲੋਂ ਕੀਤੀ ਇਹ) ਸ਼ਰਾਰਤ ਖ਼ਰਾਬ ਕਰੇਗੀ। *ਅੰਕ ਨੰ. ੫੭ ਦੀ ਤੀਜੀ ਤੁਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਸ਼ੁੱਧ ਜਾਣ ਕੇ ਛਾਪਿਆ ਹੈ।

ਮੇਲ ਹੋਨ ਖਾਲਸੇ ਔ ਤੁੱਕਨ ਕਾ ਐਸੇ, ਜੈਸੇ
ਕਾਕਰੀ[1] ਛੁਰੀ ਕਾ ਜਲ ਅਗਨੀ ਵਿਚਾਰੀਆ ॥ ੫੭ ॥

[1]ਖੱਖੜੀ।

ਚੌਪਈ:
ਤਬੈ ਸਿੰਘ ਇਕ ਐਸੇ ਬੋਲਾ।
ਲੇਵੋ ਲੂਟ ਨ ਯਾ ਮੈਂ ਰੌਲਾ।
ਢਿਗ ਤੈ ਤਿਖਣ ਧਿਖਣ[1] ਸਿੰਘ ਬਰਜਾ।
ਸਿੰਘ ਸਬੇਗ ਕਾ ਯਾ ਮੈਂ ਹਰਜਾ[1] ॥ ੫੮ ॥

[1]ਕੋਲੋਂ ਤਿੱਖੀ (ਧਿਖਣ) ਬੁੱਧੀ ਵਾਲੇ ਸਿੰਘਾਂ ਨੇ ਰੋਕਿਆ।
[1]ਨੁਕਸਾਨ।

ਜਬਿ ਨਹਿਂ ਕਿਸ ਹੀ ਸਿੰਘ ਕਬੂਲੋ।
ਸਿੰਘ ਸਬੇਗ ਕਹਜੋ ਮਤੁ ਭੂਲੋ।
ਨਿਜ ਹਾਥਨ ਵਹਿ ਦੇਤ ਨੁਵਾਬੀ।
ਸੋ ਤੁਮ ਚਾਹਤ ਕੀਨ ਖਰਾਬੀ ॥ ੫੯ ॥
ਯਾ ਮਧ ਥਾਰਾ[1] ਕਜਾ ਕੁਛ ਹਰਜਾ।
ਬਲਕਿਨ ਉੱਦਮ ਦੇਗ ਉਪਰਜਾ[1]।
ਪ੍ਰਥਮ ਸਾਗ ਨਹਿਂ ਹੋਤ ਮਿਅੱਸਰ[1]।

[1]ਤੁਹਾਡਾ।
[1]ਸਗੋਂ ਏਸ ਉੱਦਮ ਨਾਲ (ਦੇਗ) ਲੰਗਰ ਦਾ (ਉਪਰਜਾ) ਪ੍ਰਬੰਧ ਹੋ ਗਿਆ।
[1]ਪ੍ਰਾਪਤ।

ਭਾਗ ਲਗਾਵਤ ਅਬਿ ਗੁਰੁ ਅਕਸਰ[1] ॥੬੦॥	[1]ਬਹੁਤੇ।
ਦੇਸ ਕੋਸ਼[1] ਸਭਿ ਤੁਮ ਕੋ ਮਿਲਤੇ।	[1]ਖ਼ਜ਼ਾਨਾ।
ਤੁਮ ਕਿਮ ਜਾਵਤ ਯਾਂ ਤੈ ਟਿਲਤੇ[1]।	[1]ਟਲਦੇ।
ਜੁਤਨ ਸੰਗ ਜੁ ਸ਼ਾਹਤ[1] ਲੈਨੀ।	[1]ਬਾਦਸ਼ਾਹੀ।
ਜੋ ਤੁਮ ਕਹਿਤ ਸੋ ਫਿਰ ਕਰਿ ਲੈਨੀ ॥੬੧॥	
ਆਪਨ ਜਾਨ[1] ਲਜਾਯਾ ਗੱਫਾ।	[1]ਮੈਂ ਤੁਹਾਨੂੰ ਆਪਣਾ ਜਾਣ ਕੇ।
ਸਤਿਗੁਰੁ ਬਖਸ਼ੈ ਇਸ ਮੈਂ ਵੱਫਾ[1]।	[1]ਵਾਧਾ।
ਅਸ ਸੁਨਿ ਸਿੰਘਨ ਮੰਤ੍ਰ ਸਾਧਾ[1]।	[1]ਸਲਾਹ ਕੀਤੀ।
ਯਾ ਮਧ ਹਾਨ ਨ ਬਲਕਿਨ ਬਾਧਾ[1] ॥੬੨॥	[1]ਇਸ ਵਿੱਚ ਨੁਕਸਾਨ ਨਹੀਂ ਸਗੋਂ ਫ਼ਾਇਦਾ ਹੈ।
ਜੰਗ ਪਸਿੰਦ ਵਸਤੁ ਇਕ ਆਈ[1]।	[1]ਸੂਬੇ ਨੂੰ ਸਾਡੀ ਜੰਗ ਰੂਪ ਵਸਤੂ ਪਸੰਦ ਆਈ ਹੈ।
ਤਾਂ ਕੀ ਪਠੀ ਨੁਵਾਬੀ ਸਾਈ[1]।	[1]ਕਿਸੇ ਸੌਦੇ ਦੇ ਪੱਕਾ ਕਰਨ ਲਈ ਪੇਸ਼ਗੀ ਦਿੱਤੀਰਕਮ।
ਪਾਛੇ ਕੀਮਤ ਸ਼ਾਹੀ ਦੈਹੈ[1]।	[1]ਬਾਦਸ਼ਾਹੀ ਰੂਪ ਕੀਮਤ ਪਿਛੋਂ ਦੇਵੇਗਾ।
ਔਰ ਭਾਵ[1] ਇਕ ਮੋ ਮਨਿ ਐਹੈ ॥੬੩॥	[1]ਖ਼ਿਆਲ।
ਸ਼ਹਿਨਸ਼ਾਹਿ ਗੁਰੂ ਨਾਨਕ ਆਹੀ।	
ਦਯੋ ਕਰਜ਼ ਬਾਬਰ ਕੋ ਸ਼ਾਹੀ।	
ਵਾਰਸ[1] ਪੰਥ ਗੁਰੂ ਕਾ ਚੀਨਾ।	[1]ਮਾਲਕ।
ਸੂਦ ਨੁਵਾਬੀ ਪਠ ਜਨੁ ਦੀਨਾ[1] ॥੬੪॥	[1]ਜਾਣੋ ਨਵਾਬੀ ਰੂਪ ਵਿਆਜ ਭੇਜ ਦਿੱਤਾ ਹੈ।
ਤੇਜ ਸਿੰਘਨ ਪੁਨ ਹਾਕਮ ਭਾਰਾ[1]।	[1]ਪੁਨਾ ਸਿੰਘਾਂ ਦਾ ਤੇਜ ਇਕ ਭਾਰਾ ਹਾਕਮ ਹੈ।
ਨਜ਼ਰ ਨੁਵਾਬੀ ਅਵਰ ਵਿਚਾਰਾ[1]।	[1]ਹੋਰ (ਖ਼ਿਆਲ) ਵਿਚਾਰਿਆ ਹੈ ਕਿ ਨਵਾਬੀ ਰੂਪ ਭੇਟਾ ਦਿੱਤੀ ਹੈ।
ਹਿੰਦੁਸਤਾਨ ਹਿੰਦੂਅਨ ਗੇਹਾ[1]।	[1]ਹਿੰਦੂਆਂ ਦਾ (ਘਰ ਹੈ)।
ਘਰ ਕਾ ਮਾਲ ਸੁ ਸ਼ਾਹਤ ਏਹਾ[1] ॥੬੫॥	[1]ਇਹ ਹਿੰਦੁਸਤਾਨ ਦੀ ਬਾਦਸ਼ਾਹੀ ਹਿੰਦੂਆਂ ਦੇ ਘਰ ਦਾ ਮਾਲ ਹੈ।
ਤੁਰਕ ਚੋਰ ਫੁਟ ਫਾੜ ਸੁ ਦੀਨਾ[1]।	[1]ਤੁਰਕਾਂ ਰੂਪ ਚੋਰਾਂ ਨੇ ਹਿੰਦੂਆਂ 'ਚ ਫੁੱਟ ਪਾਉਣ ਰੂਪ ਪਾੜ ਦਿੱਤਾ ਹੈ ਭਾਵ ਸੰਨ੍ਹ ਲਾਈ ਹੈ।
ਸ਼ਾਹਤ ਮਾਲ ਸੁ ਸਭਿ ਹਰ ਲੀਨਾ[1]।	[1]ਬਾਦਸ਼ਾਹੀ ਰੂਪੀ ਸਾਰਾ ਮਾਲ ਚੁਰਾ ਲਿਆ ਹੈ।
ਤੇਜ ਦਰੋਗਾ ਧਰਮ ਪੁਲਿਸ ਕਾ[1]।	[1]ਸਿੰਘਾਂ ਦੇ ਧਰਮ ਰੂਪ ਪੁਲਸ ਦਾ ਤੇਜ ਰੂਪ ਦਰੋਗਾ ਹੈ।
ਜੰਗ ਤਲਾਸ਼ ਰਖਤ ਨਿਤ ਤਿਸ ਕਾ[1] ॥੬੬॥	[1]ਨਿੱਤ ਜੰਗ ਕਰਨ ਰੂਪ ਤਿਸ ਬਾਦਸ਼ਾਹੀ ਰੂਪ ਮਾਲ ਦੀ (ਤਲਾਸ਼) ਢੂੰਡ ਕਰਦਾ ਰਹਿੰਦਾ ਹੈ।
ਸਦਰ ਦਬਾਗਤ ਸਿੰਘਨ ਕਰਿ ਕੈ।	
ਖਾਂਨ ਬਹਾਦਰ ਭਰੁਵਾ ਡਰ ਕੈ[1]।	[1]ਸਿੰਘਾਂ ਦੇ (ਦਬਾਗਤ) ਰੁਅਬ ਦਾਬ ਰੂਪ (ਸਦਰ) ਵੱਡੇ

ਅਫ਼ਸਰ ਦੇ ਡਰ ਕਰ ਕੇ (ਭਰੁਵਾ) ਭੜੂਆ (ਬੇਸ਼ਰਮ) ਖਾਨ ਬਹਾਦਰ ਸੂਬਾ ਡਰ ਕੇ।

ਮੁੱਦਾ ਮਾਨੋ ਦੇਤ ਨੁਵਾਬੀ[1]।

[1]ਮਾਨੋ ਬਾਦਸ਼ਾਹੀ ਰੂਪ ਮਾਲ ਦਾ ਨਵਾਬੀ ਰੂਪ ਮੁੱਦਾ ਦੇ ਰਿਹਾ ਹੈ। (ਮੁੱਦਾ=ਚੋਰੀ ਹੋਏ ਮਾਲ ਦਾ ਕੁਝ ਹਿੱਸਾ।)

ਸ਼ਾਹਿਤ ਖਾਰਜ ਦੰਡ ਸੁ ਪਾਬੀ[1] ॥੬੭॥

[1]ਬਾਦਸ਼ਾਹੀ ਤੋਂ ਖ਼ਾਰਜ ਹੋਣ ਰੂਪ ਸਜ਼ਾ ਪਾਵੇਗਾ।

ਫਿਰ ਸਭਿ ਸਿੰਘਨ ਏਹੁ ਉਚਾਰਾ।
ਲੇਹੁ ਨੁਵਾਬੀ ਜਿਸ ਦਰਕਾਰਾ[1]।

[1]ਲੋੜ ਹੈ।

ਦੇਖਹੁ ਗੁਰੁ ਭਾਣਾ ਕਜਾ ਭਯੋ।
ਇਤਿਕ ਮਰਾਤਬ ਦੁਰ ਦੁਰ ਕਯੋ[1] ॥੬੮॥

[1]ਏਡੇ ਵੱਡੇ ਅਹੁਦੇ (ਨਵਾਬੀ) ਨੂੰ (ਜਦੋਂ) (ਦੁਰ ਦੁਰ) ਦੂਰਰਹੁ ਦੂਰਰਹੁ (ਕਿਹਾ) ਭਾਵ ਨਿਰਾਦਰ ਕੀਤਾ।

ਨੌਧ ਸਿੰਘ ਸ਼ੁੱਕ੍ਰਚਕ ਵਾਲਾ।
ਪੰਥ ਮਾਹਿਂ ਥਾ ਬੀਰ ਬਿਸਾਲਾ।
ਪੰਥ ਖਿਲਤ ਚਹਿ ਤਿਸ ਕੋ ਦੀਨਾ।
ਤਿਨ ਨਹਿਂ ਲਯੋ ਕਯੋ ਹਠ ਪੀਨਾ[1] ॥੬੯॥

[1]ਬਹੁਤਾ।

ਆਖਰ ਉਨ ਯਹਿ ਉੱਤਰ ਦੀਨਾ।
ਪਾਤਿਸ਼ਾਹਿ ਸਤਿਗੁਰੁ ਮੁਹਿ ਕੀਨਾ।
ਬਲਕਿਨ[1] ਸ਼ਾਹਿਤ[2] ਸਭਿ ਕੋ ਬਖਸ਼ੀ।

[1]ਸਗੋਂ। [2]ਬਾਦਸ਼ਾਹੀ।

ਜੰਨਾ ਨਹਿਂ ਹੰਨਾ ਜੋ ਰਖਸੀ[1] ॥੭੦॥

[1]ਉਹ ਗੁਰੂ ਦਾ (ਜੰਨਾ) ਸੇਵਕ ਨਹੀਂ ਹੈ ਜੋ (ਮਨ ਵਿੱਚ) (ਹੰਨਾ) ਹੰਕਾਰ ਰੱਖਦਾ ਹੈ।

ਜੀਵਤ ਲੈਹੈਂ[1] ਯਾ ਜਗ ਭਾਈ।

[1]ਬਾਦਸ਼ਾਹੀ ਲੈ ਲਵਾਂਗੇ।

ਮਰਯਾਂ ਮਿਲ ਹੈ ਸ੍ਵਰਗ ਸਿਧਾਈ।
ਜੋ ਜੋ ਮੌਜ ਨੁਰੰਗੇ ਕੀਨੀ।
ਸੋ ਸੋ ਔਜ[1] ਖਾਲਸੇ ਦੀਨੀ ॥੭੧॥

[1]ਤਰੱਕੀ, ਉਚਿਆਈ।

ਬਾਲ ਗੇਂਦ ਜਬਿ ਭਈ ਨੁਵਾਬੀ।
ਸੋਚ ਵਕੀਲੈਂ ਕਹਜੋ ਸ਼ਿਤਾਬੀ।
ਅਰਜ਼ ਦੀਨ ਪਰ ਗੌਰ ਸੁ ਕਰੀਏ[1]।

[1]ਮੈਂ ਗ਼ਰੀਬ ਦੀ ਬੇਨਤੀ ਉਪਰ ਵਿਚਾਰ ਕਰੋ।

ਕਿਸੀ ਟਹਲੂਏ ਕੇ ਸਿਰਿ ਧਰੀਏ ॥੭੨॥
ਤਬੈ ਸਿੰਘ ਇਕ ਪਢਤੋ ਬਾਣੀ।
ਆਈ ਤੁਕ ਤਬਿ ਯਹਿ ਮਨ ਭਾਣੀ।
ਯਥਾ
ਟਹਲ ਮਹਲ ਤਾ ਕਉ ਮਿਲੈ[1] ਜਾ ਕਉ ਸਾਧ

[1]ਸੇਵਾ ਕਰ ਕੇ ਤਿਸ ਨੂੰ (ਮਹਲ) ਰੁਤਬਾ (ਪਦਵੀ) ਅਧਿਕਾਰ ਮਿਲਦਾ ਹੈ।

ਕ੍ਰਿਪਾਲ ॥
ਸਾਧੂ ਸੰਗਤਿ ਤਉ ਬਸੈ ਜਉ ਆਪਨ ਹੋਹਿ ਦਇਆਲ ॥ *
ਤਬੈ ਸਿੰਘ ਇਕ ਬੋਲਜੋ ਐਸੇ।
ਸ਼ਬਦ ਗੁਰੂ ਯਹਿ ਭਾਖਤ ਜੈਸੇ ॥ ੭੩ ॥
ਟਹਿਲ ਕਰਤ ਕੋ ਮਹਲ ਪੁਚਾਵੋ[1]।
ਮਾਨੋ ਹੁਕਮ ਨ ਦੇਰ ਲਗਾਵੋ।
ਵਾਹਿ ਵਾਹਿ ਤਬਿ ਸਭਿਨਿ ਅਲਾਯੋ।
ਟਹਲ ਕਰਤ ਕਪੂਰ ਹਰਿ ਪਾਯੋ[1] ॥ ੭੪ ॥
ਤਰਣ ਤਾਰਣ ਪਰਗਣੇ[1] ਗੁਰੁ ਕਾ।
ਸਾਕਨ ਗ੍ਰਾਮ ਫਜ਼ੁੱਲਾ ਪੁਰਿ ਕਾ[1]।
ਬ੍ਰਿਕ ਗੋਤ ਜਟ ਸਿੱਖ ਸਚਾ ਥਾ।
ਸਿੰਘ ਬਿਨੋਦ ਤੈ ਸੁਧਾ ਅਚਾ[1] ਥਾ ॥ ੭੫ ॥
ਬੀਚ ਦਿਵਾਨ ਤਬੈ ਵਹਿ ਬਲ ਧਰਿ।
ਪੱਖਾ ਕਰਤ ਹੁਤੋ ਇਤ ਉਤ ਫਿਰਿ।
ਅਵਰ ਟਹਿਲ ਵਹਿ ਬਹੁਤ ਕਮਾਤੋ।
ਦੇਗ ਹੇਤ[1] ਜਲ ਲਕਰੀ ਲਜਾਤੋ ॥ ੭੬ ॥
ਬਰਤਨ ਜੂਠੇ ਮਾਂਜਤ ਸਭਿ ਕੇ।
ਕੱਛਾ ਧੋਇ ਨੁਲ੍ਹਾਵਤ ਲਭ ਕੇ।
ਲੀਦ[1] ਹਟਾਵਤ ਅਸ੍ਵਨ ਸਾਰੀ।
ਔਰ ਟਹਲ ਇਤਜਾਦਿਕ ਭਾਰੀ ॥ ੭੭ ॥
ਕਰਤ ਰਹਿਤ ਨਿਸ ਦਿਨ ਧਰਿ ਸ਼ਰਧਾ।
ਕਬੀ ਨ ਕਰਹੀ ਕਾਹਿੰ ਸਮਰਧਾ[1]।
ਜਤੀ ਸਤੀ ਦਾਤਾ ਵਡ ਸੂਰਾ।
ਥਾ ਫਲ ਇਸ ਤੇ ਮਿਲਯੋ ਪੂਰਾ ॥ ੭੮ ॥
ਅਵਰ ਜਖਮ ਥਾ ਤਿਸ ਮੁਖ ਅੱਲਾ[1]।
ਸੋਭਤ ਜਨੁ ਸ਼ਿਵ ਸਸਿ ਕੀ ਕਲਾ[1]।
ਤੇਗ ਘਾਵ ਨਹਿੰ ਮੁਖ ਪਰ ਚੀਨਾ[1]।
ਯਹਿ ਉਪਾਵ ਕਛੁ ਕਰਤਾ ਕੀਨਾ ॥ ੭੯ ॥
ਭੁਲਿ ਭਾਲ[1] ਜੋ ਲਿਖੀ ਗਰੀਬੀ।

*ਇਹ ਦੋ ਤੁਕਾਂ ਗਉੜੀ ਬਾਵਨ ਅੱਖਰੀ ਮਹਲਾ ੫ ਦੇ ੨੭ਵੇਂ ਸਲੋਕ ਵਿੱਚੋਂ ਹਨ (ਪੰਨਾ ੨੫੫)।

[1]ਨਵਾਬੀ ਦੀ ਉੱਚੀ ਪਦਵੀ 'ਤੇ।

[1]ਲੱਭਾ, ਦੇਖਿਆ।

[1]ਇਲਾਕੇ ਦਾ।

[1]ਫਜ਼ੁੱਲਾ ਪੁਰ ਪਿੰਡ ਦੇ ਰਹਿਣ ਵਾਲਾ।

[1]ਅੰਮ੍ਰਿਤ ਛਕਿਆ ਸੀ।

[1]ਲੰਗਰ ਵਾਸਤੇ।

[1]ਲਿੱਦ।

[1]ਈਰਖਾ।

[1]ਕੱਚਾ।

[1]ਮਾਨੋ ਸ਼ਿਵ ਦੇ ਮੱਥੇ 'ਤੇ ਚੰਦ ਦੀ ਕਲਾ ਸੋਹ ਰਹੀ ਹੈ।

[1]ਮੁਖ ਉੱਪਰ ਤਲਵਾਰ ਦਾ ਜ਼ਖ਼ਮ ਨਹੀਂ ਜਾਣੀਦਾ।

[1]ਮੱਥੇ 'ਤੇ।

ਛੇਕਨ ਹਿਤ ਜਨੁ ਰੇਖਾ ਦੀਬੀ[1]।
ਉਪਮਾ ਔਰ ਮੋਰ ਮਨਿ ਆਈ।
ਸੋ ਸਭਿ ਸੁਨੋ ਲਖੋ ਗੁਨਿ[1] ਭਾਈ ॥੯੦॥
ਫੁਰੈਂ ਵਾਕ ਜੌ ਕਹੈ ਸਰਾਸਰ[1]।
ਯਾਂ ਤੇ ਦਿਯ ਬਿਧਿ ਬਾਸ ਸੁਧਾਸਰ[1]।
ਖਾਂਨ ਬਹਾਦਰ ਮੁਨਸ਼ੀ ਥਟਾ[1]।
ਤਿਨ ਲਿਖ ਦੀਨ ਨੁਵਾਬੀ ਪਟਾ ॥੯੧॥
ਤੇਗ ਕਲਮ ਸੰਗ ਭਾਲ ਪਟਾ ਪਰ[1]।
ਘਾਵ ਰੇਖ ਨਹਿਂ, ਦਸਖਤ ਸਤਿਗੁਰੁ[1]।
ਤਬੈ ਖਾਲਸੇ ਮਿਲ ਕਰਿ ਸਾਰੇ।
ਭਾਖਯੋ ਗੁਰੁ-ਬਚ ਮਾਨ ਪਯਾਰੇ ॥੯੨॥
ਸੱਤ ਬਚਨ ਜਬਿ ਹੀ ਉਨ ਭਾਖਾ।
ਸਿਰੇਪਾਉ ਤਬਿ ਉਸ ਸਿਰਿ ਰਾਖਾ।
ਯਹਿ ਅਕਰਾਰ ਸਿੰਘ ਤਬਿ ਕੀਆ।
ਮੈਂ ਨੁਵਾਬ ਸਿੰਘਨ ਕਾ ਥੀਆ ॥੯੩॥
ਤੁਰਕਨ ਕੀ ਜੋ ਕਹੋ ਨੁਵਾਬੀ।
ਸੋ ਮਨਜ਼ੂਰ ਨ ਮੋ ਕਹਿ ਫਾਬੀ[1] ॥੯੪॥

ਸ੍ਵੈਯਾ:

ਨਾਈ ਨੁਵਾਬ, ਸਬੇਗ[1] ਪਰੋਹਤ, ਬੋਲਿ ਦਿਲੇਸ[2] ਦੁਹੂੰਨ ਕੋ ਭਾਖਾ।
ਸ਼ਾਹਿਤ ਹੈ ਤਨੁਜਾ ਯਹਿ ਮੋਰ, ਮੁਨਾਸਬ ਹੈ ਪਤਿ ਚਹੀਏ ਲਾਖਾ[1]।
ਜਾਇ ਸੁਧਾਸਰ ਸਿੰਘਨ ਕੋ ਸੁਤ, ਸਿੰਘ ਕਪੂਰ ਪਸਿੰਦਹਿੰਰਾਖਾ[1]।
ਦੇਤ ਸ਼ੁਗੁਨ ਨੁਵਾਬ ਤ ਉਨਹਿ, ਸਿੰਘ ਦਮਾਦ ਭਯੋ ਸ਼ਹਿ ਸ਼ਾਖਾ[1] ॥੯੫॥

ਚੌਪਈ:

ਦੀਨ ਹੁਕਮ ਜਬਿ ਸਿੰਘਨ ਸਾਰੇ।

[1]ਮਾਨੋ ਕੱਟਣ ਵਾਸਤੇ ਇਹ ਨਵੀਂਰੇਖਾ (ਕਰਤੇ ਨੇ) ਦਿੱਤੀ ਹੈ।
[1]ਵਿਚਾਰ ਕੇ ਜਾਣੋ।
[1]ਜੋ ਵਾਕ ਕਹੇ ਉਹ (ਸਰਾਸਰ) ਸਾਰੇ ਦੇ ਸਾਰੇ (ਫੁਰੈਂ) ਪੂਰੇ ਹੋਣ।
[1]ਇਸੇ ਕਰ ਕੇ ਅਕਾਲ ਪੁਰਖ ਨੇ ਅੰਮ੍ਰਿਤਸਰ ਵਾਸ ਦਿੱਤਾ ਹੈ।
[1]ਬਣਾਇਆ।
[1]ਤਲਵਾਰ ਰੂਪ ਕਲਮ ਨਾਲ ਮੱਥੇ ਰੂਪ ਪਟੇ ਉਪਰ।
[1]ਇਹ ਜ਼ਖ਼ਮ ਦੀ ਲਕੀਰ ਨਹੀਂ ਇਹ ਤਾਂ ਸਤਿਗੁਰਾਂ ਦੇ ਦਸਤਖ਼ਤ ਹਨ।
[1]ਮੈਨੂੰ ਨਹੀਂ ਫਬਦੀ।
[1](ਸਿੰਘ)। [2]ਦਿੱਲੀ ਦੇ ਬਾਦਸ਼ਾਹ ਨੇ ਬੁਲਾ ਕੇ।
[1]ਇਹ ਬਾਦਸ਼ਾਹੀ ਮੇਰੀ ਲੜਕੀ ਹੈ ਇਸ ਲਈ ਯੋਗ ਪਤੀ (ਲਾਖਾ) ਦੇਖਣਾ ਚਾਹੀਦਾ ਹੈ।
[1]ਪਸੰਦ ਕਰ ਲਿਆ ਹੈ।
[1](ਤਉਨਹਿ) ਤਿਸ ਕਪੂਰ ਸਿੰਘ ਨੂੰ ਨੁਵਾਬ ਖਾਨ ਬਹਾਦਰ ਨੇ ਸ਼ਗਨ ਦਿੱਤਾ, ਹੁਣ ਕਪੂਰ ਸਿੰਘ (ਸ਼ਹਿ) ਬਾਦਸ਼ਾਹ ਦੀ (ਸ਼ਾਖਾ) ਕੁਲ ਦਾ (ਦਾਮਾਦ) ਜਵਾਈ ਹੋ ਗਿਆ।

ਲੇਹੁ ਸੰਭਾਰ ਨੁਵਾਬ ਹਮਾਰੇ[1]।	[1]ਨੁਵਾਬੀ ਸੰਭਾਲ ਲਵੋ, ਤੁਸੀਂ ਅੱਜ ਤੋਂ ਸਾਡੇ ਨੁਵਾਬ ਹੋਏ।
ਪਾਂਚ ਭੁਜੰਗਨ[1] ਚਰਨ ਲਗੈ ਕੈ।	[1]ਪੰਜਾ ਸਿੰਘਾਂ ਦੇ।
ਪਾਛੇ ਪਹਿਰਜੋ ਖਿਲਤ[1] ਉਠੈ ਕੈ ॥੮੬॥	[1]ਬਾਦਸ਼ਾਹੀ ਪੁਸ਼ਾਕ।
ਜਬਿ ਦਸਤਾਰ ਨੁਵਾਬੀ ਸਾਜੀ।	
ਕਲਾ[1] ਅਧਿਕ ਤਬਿ ਮੁਖ ਪਰਰਾਜੀ[2]।	[1]ਸ਼ਕਤੀ। [2]ਚਮਕਣ ਲੱਗ ਪਈ।
ਕੰਕਣ[1] ਕੰਠੇ ਅਵਰ ਦੁਸ਼ਾਲੈਂ।	[1]ਕੜੇ।
ਕਲਗੀ ਜਿਗਾ ਜਵਾਹਰ ਮਾਲੈਂ ॥੮੭॥	
ਬਾਜੂ-ਬੰਦ ਅੰਗੂਠੀ ਹੀਰਾ[1]।	[1]ਹੀਰਿਆਂ ਸਣੇ।
ਅਨਿਕ ਜਵਾਹਰ ਉਮਦੇ ਚੀਰਾ[1]।	[1]ਵਧੀਆ ਚੀਰੇ ਹੋਏ।
ਸਿੰਘਨ ਸਭਿ ਤਿਸ ਕੋ ਪਹਰਾਯੋ।	
ਰਾਈ ਤੈ ਕਰਿ ਮੇਰੁ ਦਿਖਾਯੋ ॥੮੮॥	
ਭਈ ਖਾਲਸੇ ਕੀ ਜਬਿ ਮੇਹਰ।	
ਚਿਰੀ ਬਾਜ ਕਿਯ ਸਸ ਤੇ ਕੇਹਰ[1]।	[1]ਚਿੜੀ ਤੋਂ ਬਾਜ਼ ਤੇ ਸਹੇ ਤੋਂ ਸ਼ੇਰ ਕਰ ਦਿੱਤਾ।
ਭੇਖ ਅਲੇਖ[1] ਅੰਤ ਨਹੀਂ ਪਾਯਾ।	[1](ਅਲੇਖ) ਪ੍ਰਮੇਸ਼ਰ ਦੇ ਭੇਖ) ਸਰੂਪ ਦਾ।
ਔਜ ਮੌਜ ਸੰਗ ਸੌਜ ਸਵਾਯਾ[1] ॥੮੯॥	[1]ਇਸ (ਮੌਜ) ਖ਼ੁਸ਼ੀ ਨਾਲ (ਪੰਥ ਦੀ) (ਔਜ) ਤਾਕਤ ਤੇ (ਸੌਜ) ਸਮੱਗ੍ਰੀ ਸਵਾਈ ਹੋ ਗਈ।
ਕਰਿ ਪ੍ਰਸ਼ਾਦਿ ਤਿਹਾਵਲ ਭਾਰੈਂ।	
ਛਕਜੋ ਬ੍ਰਤਾਇ ਗਜਾਇ ਜਿਕਾਰੈਂ।	
ਸੱਤ੍ਰਾਂ ਸੈ ਤਬਿ ਹੁਤੋ ਅਠਾਸੀ।	
ਮਿਲੀ ਨੁਵਾਬੀ ਜਨੁ ਸੁਖ-ਰਾਸੀ[1] ॥੯੦॥	[1]ਮਾਨੋ ਸੁਖਾਂ ਦਾ ਸਮੂੰਹ।
ਸਿੰਘ ਸਬੇਗ ਮੋਦ ਮਨਿ ਭਰ ਲੈ[1]।	[1]ਮਨ ਵਿੱਚ ਖ਼ੁਸ਼ੀ ਭਰ ਕੇ।
ਸਿੱਖੀ ਦਾਨ ਪੰਥ ਤੈ ਬਰ ਲੈ।	
ਰੁਖਸਦ ਹ੍ਵੈ[1] ਲਵਪੁਰਿ ਮੈਂ ਗਯੋ।	[1]ਵਿਦਾ ਹੋ ਕੇ।
ਢਿਗ ਨੁਵਾਬ ਸਭ ਹਾਲ ਸੁਨਯੋ ॥੯੧॥	
ਸੁਨਿ ਤੁਰਕਨ ਵਡ ਤੱਜਬ[1] ਮਾਨਾ।	[1]ਹੈਰਾਨੀ।
ਆਪਸ ਮੈਂ ਇਮ ਕੀਨ ਬਖਾਨਾ।	
ਇਤਿਕ ਗਨੀਮਤ ਜੋਊ ਨੁਵਾਬੀ[1]।	[1]ਬਿਨਾਂ ਮਿਹਨਤ ਮਿਲੀ ਨੁਵਾਬੀ।
ਸੋ ਵਡ ਸਿੰਘੈਂ ਨੈਕੁ ਨ ਭਾਬੀ[1] ॥੯੨॥	[1]ਥੋੜੀ ਵੀ ਚੰਗੀ ਨਹੀਂ ਲੱਗੀ।
ਕਹੈਂ ਸ਼ਾਹ ਹਮ ਕੋ ਗੁਰੁ ਕੀਆ।	
ਦਰਜਾ ਨਹਿਂ ਏਤਿਕ ਵਡ ਲੀਯਾ[1]।	[1]ਏਡਾ ਵਡਾ ਨੁਵਾਬੀ ਦਾ ਅਹੁਦਾ (ਸਿੰਘਾਂ ਨੇ) ਨਹੀਂ ਲਿਆ।

ਕੁੱਤੇ ਸਮ ਸੋ ਪੁਰ ਦੁਰ ਕਰਿ ਕੈ[1]। — [1](ਪੁਰ) ਬਹੁਤਾ (ਦੁਰ) ਨਿਰਾਦਰ ਕਰਕੇ।
ਦਯੋ ਟਹਿਲੂਏ ਕੇ ਸਿਰਿ ਧਰ ਕੈ ॥੯੩॥
ਤਬਿ ਦਨਾਵ[1] ਇਕ ਐਸ ਉਚਾਰਾ। — [1]ਸਿਆਣੇ ਨੇ, ਵਿਚਾਰਵਾਨ ਨੇ।
ਇਨ ਕੋ ਕੋਇ ਨ ਪਾਵਤ ਪਾਰਾ।
ਮਗਜ ਬੋਇ[1] ਵਡ ਜੋਧੇ ਸੂਰੇ। — [1](ਇਨ੍ਹਾਂ ਦੇ) ਦਿਮਾਗ਼ ਵਿੱਚ (ਹੰਕਾਰ ਦੀ) ਬੋ ਹੈ।
ਸਾਹਿਬ ਅਕਲ ਨ ਜਰਾ ਕਸੂਰੇ[1] ॥੯੪॥ — [1]ਅਕਲ ਦੇ ਮਾਲਕ ਹਨ ਇਸ ਵਿੱਚ ਜ਼ਰਾ ਵੀ ਕਸਰ ਨਹੀਂ।
ਮਿਹਰਵਾਨ ਜਿਸ ਦੋਸਤ ਹੋਵੈ।
ਸਕਤ ਨ ਸੱਤ੍ਰ ਤਿਸ ਤਨ ਜੋਵੈ[1]। — [1]ਉਸ ਦੇ ਸਰੀਰ ਵਲ ਵੈਰੀ ਤੱਕ ਨਹੀਂ ਸਕਦਾ।
ਕਾਮ ਨੁਵਾਬ ਖੂਬ ਯਹਿ ਕੀਨਾ।
ਮੇਲ ਖਾਲਸੇ ਸੋਂ ਕਰਿ ਲੀਨਾ ॥੯੫॥
ਦਰਜਾ ਦੈ ਹਰਜਾ ਹਰ ਲੀਨਾ[1]। — [1]ਨੁਵਾਬੀ ਦਾ ਅਹੁਦਾ ਦੇ ਕੇ ਆਪਣਾ ਨੁਕਸਾਨ ਦੂਰ ਕਰ ਲਿਆ।
ਕੀਲ ਮਖੀਰ ਡੂਮਣਾ ਲੀਨਾ[1]। — [1]ਸ਼ਹਿਦ ਦਿਆਂ ਵੱਡਿਆਂ ਮੱਖਾਂ ਵਰਗੇ ਸਿੰਘਾਂ ਨੂੰ (ਕੀਲ) ਵਸ ਕਰ ਲਿਆ ਹੈ।
ਸਰਪ ਸਯਾਮ ਸਭਿ ਸਿੰਘ ਭੁਜੰਗੀ[1]। — [1]ਕਾਲੇ ਸੱਪਾਂ ਤੇ ਸਾਰੇ ਸਿੰਘਾਂ ਨੂੰ ਭੁਜੰਗੀ (ਕਹਿੰਦੇ ਹਨ)।
ਹੈਂ, ਯਹਿ ਨਾਮ ਦੁਹਨ ਕਾ ਸੰਗੀ[1] ॥੯੬॥ — [1]ਇਹ ਭੁਜੰਗੀ ਨਾਮ ਸੱਪਾਂ ਤੇ ਸਿੰਘਾਂ ਦੋਹਾਂ ਦਾ ਸਾਥੀ ਹੈ।
ਬਚਨੋਂ ਪਰ ਰਹਿਂ ਦੋਊ ਕਾਇਮ।
ਜਾਨਤ ਲੋਗ ਸਯਾਨੇ ਦਾਇਮ[1]। — [1]ਹਮੇਸ਼ਾਂ।
ਬਿਨ ਸੰਤਾਏ[1] ਕਟਤ ਨ ਕਿਸਹੀ। — [1]ਦੁੱਖ ਦਿੱਤੇ ਬਿਨਾਂ।
ਤਜਤ ਫੁੰਕਾਰੇ ਰਹਿਂ ਦਿਨ ਨਿਸ ਹੀ[1] ॥੯੭॥ — [1]ਰਾਤ ਦਿਨ ਫੁੰਕਾਰੇ (ਜੈਕਾਰੇ) ਛੱਡਦੇ ਰਹਿੰਦੇ ਹਨ।
ਭਲੋ ਕੀਨ ਤੁਮ ਪਾਇ ਪਿਟਾਰੀ[1]। — [1]ਨੁਵਾਬੀ ਰੂਪ ਪਿਟਾਰੀ ਵਿੱਚ।
ਲੀਨੇ, ਸਿੰਘ ਸਾਂਪ ਬਲਕਾਰੀ[1]। — [1]ਬਲਵਾਨ ਸੱਪਾਂ ਵਰਗੇ ਸਿੰਘ।
ਬੋਲ ਤੋਲ ਕੇ ਹੈਂ ਯਹਿ ਪੂਰੇ।
ਜਵਾਂ-ਮਰਦ[1] ਜੋਧੇ ਵਡ ਸੂਰੇ ॥੯੮॥ — [1]ਬਹਾਦਰ ਆਦਮੀ।

ਦੋਹਰਾ:
ਐਸ ਦਨਾਵਨ ਜਬਿ ਕਹਯੋ,
ਸੁਨਿ ਨੁਵਾਬ ਖੁਸ਼ ਹੋਇ।
ਐਸ ਦਨਾਵਨ ਜਬਿ ਕਹਯੋ,
ਵਡੋ ਇਨਾਮ ਸੰਜੋਇ[1] ॥੯੯॥ — [1](ਬਹੁਤ) ਵੱਡਾ ਇਨਾਮ ਤੇ ਇਕ ਸੰਜੋਅ।
ਔਰ ਅਜਾਰੇ ਪਰ ਚਹੈ,

ਜੇਤਿਕ ਸਿੰਘ ਗਰਾਮ[1]।
ਤੇਤਿਕ ਦਏ ਨੁਵਾਬ ਨੈ,
ਕਹਜੋ ਕਰਜੋ ਵਡ ਕਾਮ ॥ ੧੦੦ ॥
ਤੇਜ ਬਢਜੋ ਜਿਮ ਪੰਥ ਕਾ,
ਆਗੇ ਕਹਿਹੌਂ ਤੈਸ।
ਅਬਿ ਬੰਦਨ ਕਰਿ ਪੰਥ ਕੋ,
ਧਜਾਇ ਗਯੋ ਯਹਿ ਬੈਸ[1] ॥ ੧੦੧ ॥

[1]ਬੈਠ ਗਿਆ ਭਾਵ ਸਮਾਪਤ ਹੋ ਗਿਆ।

[1]ਬੈਠ ਗਿਆ ਭਾਵ ਸਮਾਪਤ ਹੋ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਕਪੂਰ ਸਿੰਘ ਨੁਵਾਬੀ ਪਾਈ', ਬਰਨਨੰ ਨਾਮ ਪੱਚੀਸਮੋਂ ਬਿਸ੍ਰਾਮ ॥ ੨੫ ॥

੨੬. {ਸੂਬੇ ਲਾਹੌਰ ਦੀ ਅਰਜ਼ੀ ਪੜ੍ਹ ਕੇ ਦਿੱਲੀ ਦੇ ਬਾਦਸ਼ਾਹ ਨੇ ਸਿੰਘਾਂ ਦੀ ਨਕਲ ਦੇਖਣੀ ਤੇ ਸਿੰਘਾਂ ਨਾਲ ਸੁਲ੍ਹਾ ਕਰਨੀ}

ਕਬਿੱਤ:

ਬੇਦ ਕੇ ਬਰਨ ਭਵ ਖੇਦ ਕੇ ਹਰਨ,
ਭ੍ਰਮ ਭੇਦ ਕੇ ਦਰਨ ਛੇਦ ਜਰਨ ਮਰਨ ਹੈਂ[1]।

[1]ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਚਰਨ (ਬੇਦ) ਗਿਆਨ ਦੇ (ਬਰਨ) ਸਰੂਪ ਹਨ, (ਭਵ) ਸੰਸਾਰ ਦੇ ਦੁਖਾਂ ਨੂੰ (ਹਰਨ) ਨਾਸ਼ ਕਰਨ ਵਾਲੇ, ਭਰਮ ਤੇ ਭੇਦ ਨੂੰ ਦਲਣ ਵਾਲੇ ਤੇ ਜੰਮਣ ਮਰਨ ਨੂੰ (ਛੇਦ) ਕੱਟਣ ਵਾਲੇ ਹਨ।

ਪੁਟਕਾ ਪਰੇਮ ਕੇ ਹੈਂ ਗੁਟਕਾ ਸੁ ਛੇਮ ਨੇਮ,
ਛੁਟਕਾ ਕੁਬੰਧਨ ਕੇ ਖੁਟਕਾ ਹਰਨ ਹੈਂ[1]*।

[1]ਪ੍ਰੇਮ ਦੇ (ਪੁਟਕਾ) ਕਮਲ ਹਨ, (ਛੇਮ) ਕਲਿਆਣ ਦੇ ਨਿਯਮਾਂ ਦੀਆਂ (ਗੁਟਕਾ) ਗੋਲੀਆਂ ਹਨ, ਖੋਟੇ ਬੰਧਨਾਂ ਤੋਂ ਛੁਡਾਉਣ ਵਾਲੇ (ਖੁਟਕਾ) ਖੋਟੇਪਨ ਭਾਵ ਦੋਸ਼ਾਂ ਨੂੰ ਮੇਟਣ ਵਾਲੇ ਹਨ। *ਹਰਨ ਹੈਂ ਪਾਠ ਮੂਲ 'ਚ ਨਹੀਂ, ਤੁਕ ਦਾ ਵਜ਼ਨ ਪੂਰਾ ਕਰਨ ਲਈ ਅਸਾਂ ਆਪਣੇ ਕੋਲੋਂ ਪਾਇਆ ਹੈ। ਇਸ ਤੁਕ ਤੋਂ ਅੱਗੇ ਬਰੀਕ ਅੱਖਰਾਂ ਵਿੱਚ ਇਕ ਤੁਕ ਛਪੀ ਹੋਈ ਹੈ ਜੋ ਇਸ ਪੁਸਤਕ ਦੇ ਆਖੇਪਕਾਰ ਘਸੀਟਾ ਸਿੰਘ ਕਵੀਸ਼ਰ ਲਾਹੌਰ ਦੀ ਬਣਾਈ ਹੋਈ ਹੈ ਤੇ ਉਸ ਨੇ ਭੁਲੇਖੇ ਨਾਲ ਛਾਪ ਦਿੱਤੀ ਹੈ। ਕਿਉਂਕਿ ਇਸ ਨਾਲ ਕਬਿੱਤ ਛੰਦ ਦੀਆਂ ਪੰਜ ਤੁਕਾਂ ਬਣ ਜਾਂਦੀਆਂ ਹਨ, ਇਸ ਆਖੇਪ ਤੁਕ ਨੂੰ ਵਾਧੂ ਜਾਣ ਕੇ ਅਸਾਂ ਛੱਡ ਦਿੱਤਾ ਹੈ।

ਕਾਮਧੇਨੁ ਚਿੰਤਾਮਨਿ ਪਾਰਜਾਤ ਹੂੰ ਕੀ ਪਤਿ,
ਸਾਤ ਦੀਪ ਦੀਪਕ ਮਹੀਪਤਿ ਕਰਨ ਹੈਂ[1]।

[1](ਖਾਤਮ) ਨਾਸ਼ ਹੋਣ ਵਾਲੇ ਸੰਸਾਰ (ਸਮੁੰਦਰ ਤੋਂ ਤਾਰਨ ਲਈ) (ਪੋਤ) ਜਹਾਜ਼ ਰੂਪ, ਆਤਮਾ ਦੇ ਗਿਆਨ ਨੂੰ (ਦੋਤ) ਪ੍ਰਗਟ ਕਰਨ ਵਾਲੇ, ਜੋਤੀ ਸਰੂਪ ਸਤਵੇਂ ਗੁਰਾਂ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ) ਦੇ ਚਰਨ (ਬੰਦਨੀਂ) ਨਮਸ਼ਕਾਰ ਕਰਨ ਯੋਗ ਹਨ।

ਪੋਤ ਭਵ ਖਾਤਮ ਕੇ ਦੋਤ ਗਜਾਨ ਆਤਮ ਕੇ,
ਜੋਤਿ ਗੁਰੁ ਸਾਤਮ ਕੇ ਬੰਦਨੀਂ ਚਰਨ ਹੈਂ[1] ॥੧॥

[1](ਖਾਤਮ) ਨਾਸ਼ ਹੋਣ ਵਾਲੇ ਸੰਸਾਰ (ਸਮੁੰਦਰ ਤੋਂ ਤਾਰਨ ਲਈ) (ਪੋਤ) ਜਹਾਜ਼ ਰੂਪ, ਆਤਮਾ ਦੇ ਗਿਆਨ ਨੂੰ (ਦੋਤ) ਪ੍ਰਗਟ ਕਰਨ ਵਾਲੇ, ਜੋਤੀ ਸਰੂਪ ਸਤਵੇਂ ਗੁਰਾਂ (ਸ੍ਰੀ ਗੁਰੂ ਹਰਿਰਾਇ ਸਾਹਿਬ ਜੀ) ਦੇ ਚਰਨ (ਬੰਦਨੀਂ) ਨਮਸ਼ਕਾਰ ਕਰਨ ਯੋਗ ਹਨ।

ਦੋਹਰਾ:

ਸੱਤਿ ਸਿਰੀ ਆਕਾਲ ਕਹਿ,
ਗੁਰੁ ਵਰ ਕਰੇ ਉਚਾਰ[1]।

[1]ਉਸ ਦੇ ਬਿਘਨ ਤੇ ਭਿਆਨਕ ਦੁੱਖ ਨਾਸ਼ ਹੋ ਜਾਂਦੇ ਹਨ ਜਿਵੇਂ

ਸੂਰਜ ਹਨੇਰੇ ਨੂੰ ਖਿੱਚਦਾ ਭਾਵ ਦੂਰ ਕਰਦਾ ਹੈ।

ਬਿਘਨ ਦੁੰਦ ਦੁਖ ਨਸਤ ਸਭਿ,
ਜਯੋਂ ਰਵਿ ਕਸਤ ਅੰਧਾਰਿ[1] ॥੨॥

[1]ਉਸ ਦੇ ਬਿਘਨ ਤੇ ਭਿਆਨਕ ਦੁੱਖ ਨਾਸ਼ ਹੋ ਜਾਂਦੇ ਹਨ ਜਿਵੇਂ ਸੂਰਜ ਹਨੇਰੇ ਨੂੰ ਖਿੱਚਦਾ ਭਾਵ ਦੂਰ ਕਰਦਾ ਹੈ।

ਅਰਜ਼ੀ ਨਾਜ਼ਮ ਕੀ ਕਰੀ,
ਜੈਸ ਸ਼ਾਹਿ ਮਨਜ਼ੂਰ।
ਨਕਲ ਪੇਖ ਹੈ ਸਿੰਘਨ ਕੀ,
ਸ਼ਾਹਿ ਚਾਹਿ ਜਿਮ ਭੂਰ[1] ॥੩॥

[1]ਜਿਵੇਂ ਬਹੁਤ ਚਾਅ ਕਰਕੇ।

ਗੁਰੂ ਖਾਲਸਾ ਜੀ ਸੁਨੋ,
ਗਾਥ ਇਤਿਕ ਸੁਖ ਦਾਨ।
ਇਸ ਅਧਿਆਇ ਮੈਂ ਕਹਿਤ ਹੋਂ,
ਧਰਿ ਕਲਗੀਧਰ ਧਯਾਨ ॥੪॥

ਚੌਪਈ:

ਹਰਿ ਕਪੂਰ ਜਬਿ ਭਈ ਨੁਵਾਬੀ।
ਤੇਜ ਸਿੰਘਨ ਨਿਤ ਬਢਿ ਬਢਿ ਜਾਬੀ[1]।
ਜਥੇ ਸਿੰਘਨ ਕੇ ਦੂਰ ਦੂਰ ਸੋਂ।
ਫਿਰਤ ਕਰਤ ਲੁਟ ਮਾਰ ਘੁਰ ਸੋਂ ॥੫॥

[1]ਜਾਂਦਾ ਹੈ।

ਜਬਿ ਉਨ ਸੁਨ ਪਾਈ ਇਹੁ ਗਾਥਾ।
ਮੁਦ ਹ੍ਵੈ ਗੁਰੈਂ ਝੁਕਾਇਓ ਮਾਥਾ।
ਲੂਟ ਕੂਟ ਕਰਿ ਲੈ ਬਹੁ ਖਰਚਾ।
ਅਏ ਸੁਧਾਸਰ ਦਿਸ ਹਿਤ ਪਰਚਾ[1] ॥੬॥

[1](ਪੂਰਨ) ਜਾਣਕਾਰੀ ਵਾਸਤੇ।

ਧਨ ਅਸਵਾਬ ਜਿਤਿਕ ਵਹਿ ਲਯਾਏ।
ਪੰਥਾਗੇ ਸਭਿ ਦੀਨ ਚਢਾਏ।
ਕਿਸੀ ਸਿੰਘ ਕਛੁ ਜੁਦਾ ਨ ਰਾਖਯੋ।
ਜਯੋਂ ਰਹਿ ਮੇਲ ਬਨੈ ਅਭਿਲਾਖਯੋ ॥੭॥
ਹੁਤੇ ਸਿੰਘ ਤਬਿ ਸਿਦਕੀ ਪੂਰੇ।
ਬਾਕ ਇਤਫਾਕ ਸੁਰਖਤ ਜਰੂਰੇ[1]।
ਯਾਹੀ ਤੈ ਨਿਤਜੰ ਪ੍ਰਤਿ ਬ੍ਰਿੱਧੀ[1]।
ਹੋਤ ਰਹੀ ਤਿਨ ਕੀ ਸਮ੍ਰਿੱਧੀ[1] ॥੮॥

[1]ਬਚਨਾਂ ਰਾਹੀਂ ਜ਼ਰੂਰ ਏਕਾ ਰੱਖਦੇ ਸਨ।
[1]ਤ੍ਰੱਕੀ, ਉੱਨਤੀ।
[1]ਵੱਡੀ ਬਿਭੂਤੀ, ਵੱਡੀ ਸਮੱਗ੍ਰੀ।

*ਬੇਇਤਫਾਕ ਬਾਕ ਕੇ ਕਾਦਰ[1]।

[1](ਅਜ ਕਲ ਦੇ ਸਿੰਘ) ਬੇਇਤਫ਼ਾਕੀ ਵਾਲੇ ਬਚਨਾਂ ਦੇ (ਕਾਦਰ) ਮਾਲਕ ਹਨ। *ਏਥੋਂ ਹੁਣ ਕਵੀ ਜੀ ਅੱਜ ਕਲ ਦੇ

ਨਾਮ ਸਿੰਘ ਕਰਨੀ ਕੇ ਗਾਦਰ[1]।
ਖਾਨ ਪਾਨ, ਇੰਦ੍ਰਯ ਆਰਾਮੀ[1]।
ਕਾਮੀ ਕੁਟਲ ਸੁਰਾਪੀ ਬਾਮੀ[1] ॥ ੯ ॥
ਬੇਮੁਖ ਸੰਤ ਸੇਵ ਤੈ ਹੁਏ।
ਪਰੇ ਮੋਹ ਮਤਸਰ ਕੇ ਕੂਏ[1]।
ਮੁਖ ਤੇ ਕਹਿਤ ਸਿੰਘ ਹਮ ਸਾਚੇ।
ਸ਼ਰਮ ਧਰਮ ਕਰਮਨ ਕੇ ਕਾਚੇ ॥ ੧੦ ॥
ਹਿਤ ਕੁਟੰਬ ਪਾਲਨ ਨਿਤ ਨਾਚੈਂ।
ਮਾਨਤ ਨਾਹਿਂ ਬਚਨ ਗੁਰੁ ਬਾਚੈਂ[1]।
ਦੇਗ ਤੇਗ ਤੇ ਬੇਗ ਭਗੇ ਹੈਂ[1]।
ਜ਼ਿੱਦ ਬਾਦ ਮੈਂ ਅਧਿਕ ਪਗੇ ਹੈਂ[1] ॥ ੧੧ ॥
ਜਿਤਿਕ ਜਗੀਰਦਾਰ ਸਿੰਘ ਅਬਿ ਹੈਂ।
ਚਾਲੈਂ ਚਾਲ ਕੁਚਾਲੈਂ[1] ਸਭਿ ਹੈਂ।
ਕਾਗਨ ਕੋ ਮੋਤੀ ਚੁਗਵੈਹੈਂ[1]।
ਹੰਸਨ ਕੋ[1] ਦਰਸਜੋ ਨਹਿਂ ਚੈਹੈਂ ॥ ੧੨ ॥
ਬਿਭਚਾਰਨਿ ਬੇਸਜਾ ਕੋ ਦੈ ਹੈਂ।
ਦੇਤ ਸ੍ਵਰਨ ਕੇ ਚੂੜ[1] ਘੜੈ ਹੈਂ।
ਸੀਲ[1], ਰੂਪ, ਗੁਨ ਯੁਤ ਨਿਜ ਨਾਰੈਂ।
ਰੋਟੀ ਕਪੜਾ ਦੇਤ ਦੁਖਾਰੈਂ[1] ॥ ੧੩ ॥
ਦੇਖਤ ਨਾਹਿਂ ਕਬੀ ਤਿਨ ਓਰੈਂ।
ਕੁਲਿਟਾ ਸੰਗਰਮੈਂ ਨਿਸ ਭੋਰੈਂ[1]।

ਅਭਜਾਗਤ[1] ਜਾਚਕ ਦਿਜ ਸਾਧੈਂ।
ਦਰ ਪਰ ਹੇਰ ਰਰੈਂ ਸਸਿ ਬਜਾਧੈਂ[1] ॥ ੧੪ ॥

ਲੁੱਚ ਮੰਡਲੀ ਮੁੰਡੇ ਲੰਡੇ[1]।
ਖਾਵੈਂ ਤਿਨ ਤੇ ਘ੍ਰਿੱਤ ਸੁ ਖੰਡੇ[1]।
ਕਰਜਾਈ ਤਕ ਕੈਦ ਪੁਚੈ ਹੈਂ[1]।
ਪੈ ਨ ਖਰਚ ਕਮ ਮੰਦ ਕਰੈ ਹੈਂ[1] ॥ ੧੫ ॥

ਸਿੰਘਾਂ ਦਾ ਹਾਲ ਵਰਣਨ ਕਰਨ ਲੱਗੇ ਹਨ।
[1]ਗਿੱਦੜ ਹਨ।
[1]ਅੰਗਾਂ ਨੂੰ ਆਰਾਮ ਦੇਣ ਵਾਲੇ ਭਾਵ ਆਰਾਮ ਪ੍ਰਸਤ।
[1]ਕਾਮੀ, ਛਲੀ, ਸ਼ਰਾਬੀ ਤੇ (ਬਾਮੀ) ਟੇਢੇ ਹਨ।
[1]ਮੋਹ ਤੇ ਈਰਖਾ ਦੇ ਖੂਹ ਵਿੱਚ।
[1]ਗੁਰਾਂ ਦੇ ਕਹੇ ਹੋਏ ਬਚਨ।
[1]ਲੰਗਰ ਚਲਾਉਣ ਤੇ ਜੰਗ ਕਰਨ ਤੋਂ ਛੇਤੀ ਨੱਠਦੇ ਹਨ।
[1]ਹਠ ਤੇ ਝਗੜਿਆਂ ਵਿੱਚ ਬਹੁਤ ਲੀਨ ਹੋਏ ਹੋਏ ਹਨ।
[1]ਖੋਟੀਆਂ ਚਾਲਾਂ ਦੀ (ਚਾਲ) ਰੀਤੀ ਵਿੱਚ ਚਲਦੇ ਹਨ।
[1]ਵਿਕਾਰੀ ਬੰਦਿਆਂ ਨੂੰ ਚੰਗੇ ਪਦਾਰਥ ਛਕਾਉਂਦੇ ਹਨ।
[1]ਮਹਾਤਮਾਂ ਨੂੰ।
[1]ਸੋਨੇ ਦੇ ਚੂੜੇ।
[1]ਜਤ ਸਤ ਵਾਲੀਆਂ।
[1]ਦੁੱਖੀ ਹੋ ਕੇ।
[1]ਵਿਭਚਾਰਨ ਇਸਤ੍ਰੀਆਂ ਨਾਲਰਾਤ ਦਿਨ ਵਿਭਚਾਰ ਕਰਦੇ ਹਨ।
[1]ਤਿਆਗੀ।
[1]ਦਰਵਾਜ਼ੇ ਉਪਰ ਦੇਖ ਕੇ ਕਹਿੰਦੇ ਹਨ ਕਿ ਇਹ ਚੰਦ੍ਰਮਾ ਨੂੰ ਭਾਵ ਅਸਾਨੂੰ ਰੋਗ ਭਾਵ ਕਲੰਕ ਲੱਗੇ ਹੋਏ ਹਨ।
[1]ਲੁੱਚੇ।
[1]ਘਿਉ ਖੰਡ।
[1]ਕਰਜ਼ਾਈ ਹੋ ਕੇ ਕੈਦ ਹੋਣ ਤੱਕ ਪਹੁੰਚ ਜਾਂਦੇ ਹਨ।
[1](ਪਰ) ਬੁਰੇ ਕੰਮਾਂ 'ਤੇ ਖ਼ਰਚ ਘੱਟ ਨਹੀਂ ਕਰਦੇ।

ਐਸ ਜਮਾਨੇ ਕੇ ਸਿੰਘ ਸਾਰੇ।
ਹੈਂ ਐਸੇ ਹਮ ਜੈਸ ਉਚਾਰੇ।
ਸੌ ਮੈਂ ਸੇ ਹੈਂ ਪਾਂਚ ਹਛੇਰੇ।
ਨਿਜ ਨੈਨਨ ਹਮ ਫਿਰਿ ਸਭਿ ਹੇਰੇ ॥੧੬॥
ਬਲਕੈ[1] ਕਿਰਤੀ ਸਿੰਘ ਗਰੀਬੈਂ। — [1]ਸਗੋਂ।
ਜੇਉ ਨੌਕਰੀ ਬਨਜ ਕਰੀਬੈਂ[1]। — [1]ਕਰਦੇ ਹਨ।
ਤਿਨ ਮੈਂ ਨੇਕ ਬਹੁਤ, ਮੰਦ ਥੋਰੈਂ।
ਹੈਂ, ਹਮ ਲਿਖੇ ਪਰਖਿ ਭਲ ਤੌਰੈਂ[1] ॥੧੭॥ — [1]ਅਸੀਂ ਚੰਗੀ ਤਰ੍ਹਾਂ ਪਰਖ ਕੇ ਲਿਖੇ ਹਨ।
ਅਰ ਬੇਹੰਗਮ ਸਿੰਘ ਪੁਜਾਰੀ।
ਇਨ ਸੌ ਮੈਂ ਸੇ ਭਲ ਦੋ ਚਾਰੀ।
ਬਾਕੀ ਸਭਿ ਨਰਕਨ ਅਧਿਕਾਰੀ।
ਪੂਜਾ ਖਾਇ ਗਈ ਮਤਿ ਮਾਰੀ।
ਭਏ ਮੰਗਤੇ ਔ ਦੁਰਚਾਰੀ[1]* ॥੧੮॥ — [1]ਖੋਟੇ ਕਰਮ ਕਰਨ ਵਾਲੇ। *ਅੰਕ ਨੰ. ੧੮ ਦੀਆਂ ਪੰਜ ਤੁਕਾਂ ਬਣ ਗਈਆਂ ਹਨ, ਮੂਲ 'ਚ ਛਪਣ ਸਮੇਂ ਹੀ ਇਕ ਤੁਕ ਜਾਂ ਤਿੰਨ ਤੁਕਾਂ ਰਹਿ ਗਈਆਂ ਜਾਪਦੀਆਂ ਹਨ।

ਸਤਿਗੁਰੁ ਪੂਜਾ ਜ਼ਹਿਰ ਬਤਾਈ।
ਸਿੰਘਨ ਹਿਤ[1], ਸੋਊ ਇਨ ਖਾਈ। — [1]ਸਿੰਘਾਂ ਵਾਸਤੇ ਸਤਿਗੁਰਾਂ ਨੇ ਪੂਜਾ ਜ਼ਹਿਰ ਦੱਸੀ ਹੈ।
ਸਿੰਘ ਨਾਮ ਕਛ ਕਰਦ ਧਰੈ ਕੈ।
ਬਾਣਾ ਛੱਤ੍ਰਿਨ ਕਾ[1] ਇਹੁ ਕੈ ਕੈ ॥੧੯॥ — [1]ਛੱਤ੍ਰੀਆਂ (ਸੂਰਮਿਆਂ) ਦਾ।
ਕਰਮ ਫਕੀਰਨ ਬਿਪ੍ਰੋਂ ਕੇਰੇ।
ਗਹੇ, ਅਧਰਮ ਯਹੇ ਬਾਧੇਰੇ[1]। — [1]ਇਹ ਹੀ ਵੱਡਾ ਪਾਪ ਹੈ।
ਧਰਮ ਦੁਤੀ ਕਾ ਦੁਤੀ ਜੁ ਧਾਰੈਂ।
ਕੋਵਿਦ[1] ਯਹੀ ਅਧਰਮ ਉਚਾਰੈਂ ॥੨੦॥ — [1]ਵਿਦਵਾਨ।
ਦਾਨ ਪੁੰਨ ਲੈਣੋ ਜਗਿ ਜੋ ਹੈ।
ਧਰਮ ਫਕੀਰਨ ਬਿੱਪ੍ਰਨ ਕੋ ਹੈ।
ਸੋ ਸਿੰਘੋ ਨੈ ਜਬਿ ਤੇ ਗਹ੍ਯੋ।
ਤੇਜ ਪ੍ਰਤਾਪ ਤਬੀ ਤੈ ਬਹ੍ਯੋ[1] ॥੨੧॥ — [1]ਰੁੜ੍ਹ ਗਿਆ ਹੈ।
ਦੋਹਰਾ:
ਸਦੀ ਬੀਸਮੀ ਲਗੀ ਤੈ,
ਥਏ ਸਿੰਘ ਜੇ ਆਹਿ।

ਤਿਨ ਕੀ ਦਸਾ ਸੁ ਭਵੰ ਕੈ,
ਕਹੀ ਤਨਕ ਪਿਖਿ ਯਾਹਿ[1] ॥੨੨॥

[1]ਤਿਨਾਂ ਸਿੰਘਾਂ ਦੀ ਹਾਲਤ (ਭਵੰ ਕੈ) ਫਿਰ ਤੁਰ ਕੇ ਇਸ ਤਰ੍ਹਾਂ ਦੀ ਵੇਖ ਕੇ ਥੋੜ੍ਹੀ ਜਿਹੀ ਕਹੀ ਹੈ।

ਅਬਿ ਪ੍ਰਸੰਗ ਸਿੰਘਾਨ ਕਾ
ਪਿਛਲਾ ਸੁਨੋ ਉਦਾਰ।
ਅੰਮ੍ਰਿਤਸਰ ਇਕਠਾ ਭਯੋ,
ਪੰਥ ਆਇ ਮੁਦ ਧਾਰਿ ॥੨੩॥

ਚੌਪਈ:

ਗੋਲਕ ਹੁਤੀ ਪੰਥ ਕੀ ਏਕਾ।
ਜਮ੍ਹਾ ਰਹਿਤ ਤਹਿਂ ਵਸਤੁ ਅਨੇਕਾ।
ਕਹੈਂ ਗੁਰੂ ਕਾ ਤਾਹਿਂ ਖਜਾਨਾ।
ਹੁਤੇ ਸਿੰਘ ਸਭਿ ਦਾਰ-ਇਮਾਨਾ[1] ॥੨੪॥

[1]ਈਮਾਨਦਾਰ।

ਜੋ ਕਿਛੁ ਜੋ ਸਿੰਘ ਲਯਾਵਤ ਖਟ ਕੈ।
ਗੋਲਕ ਮਾਹਿਂ ਦੇਤ ਬਿਨ ਅਟਕੈ[1]।

[1]ਰੋਕ ਤੋਂ ਬਿਨਾਂ।

ਲੱਖ ਕੱਖ ਸਭਿ ਸਮ ਹੀ ਲਖਤੇ[1]।

[1]ਜਾਣਦੇ।

ਪਯਾਰ ਬਿਹਾਰ ਸਕਯੋਂ ਸਮ ਰਖਤੇ ॥੨੫॥
ਟਹਿਲ ਏਕ ਕੀ ਦੂਸਰ ਚਾਹੈ।
ਕਰਨੀ, ਸਾਥ ਪਰੇਮ ਉਮਾਹੈ।
ਆਲਸ ਮਤਸਰ[1] ਜ਼ਿੱਦ ਸ਼ਰੀਕਤ।

[1]ਈਰਖਾ।

ਲੋਭ ਕਪਟ ਕਿਛੁ ਥੀ ਨ ਹਕੀਕਤ[1] ॥੨੬॥

[1]ਅਸਲੀਅਤ ਨਹੀਂ ਸੀ। ਭਾਵ ਕੋਈ ਵੀ ਅਉਗਣ ਉਨ੍ਹਾਂ ਅੰਦਰ ਨਹੀਂ ਸੀ।

ਜੋ ਮੁਖੀਏ[1] ਕੇ ਮੁਖ ਤੇ ਨਿਕਸੈ।

[1]ਜਥੇਦਾਰ।

ਤਾਂ ਮੈਂ ਕੋਊ ਨ ਕਰਤੋ ਰਿਕਸੈ[1]।

[1]ਟਾਲਾ।

ਅੱਖਰ ਪਢੇ ਹੁਤੇ ਸਿੰਘ ਥੋਰੇ।
ਬਾਣੀ ਕੰਠ ਕਰਤ ਨਿਸ ਭੋਰੇ ॥੨੭॥
ਲੰਗਰ ਏਕ ਠੌਰ ਹ੍ਵੈ ਸਾਰਾ।
ਬਰਤਤ ਸਭਿ ਕੋ ਸਮ ਬਰਤਾਰਾ।
ਅਠ-ਪਹਿਰਾ ਭੋਜਨ ਨਿਤ ਮਿਲ ਹੈ।
ਪੰਚਾਂਮ੍ਰਿਤ ਸਮ ਲਖਿ ਸਭਿ ਗਿਲ ਹੈਂ[1] ॥੨੮॥

[1]ਕੜਾਹ ਪ੍ਰਸ਼ਾਦ ਵਾਂਗ ਜਾਣ ਕੇ ਸਾਰੇ ਛਕਦੇ ਹਨ।

ਦੀਪ ਸਿੰਘ, ਨੱਥਾ ਸਿੰਘ, ਹਰੀ[1]।

[1](ਸਿੰਘ)।

ਦਰਵਾਰਾ ਸਿੰਘ, ਬੁੱਢਾ ਵਰੀ[1]। [1]ਸ੍ਰੇਸ਼ਟ।
ਭੋਮਾ ਸਿੰਘ, ਸੱਦਾ ਸਿੰਘ, ਦਜਾਲਾ।
ਇੱਤਜਾਦਿਕ ਸਿੰਘ ਹੁਤੇ ਬਿਸਾਲਾ ॥੨੯॥
ਇੰਤਜ਼ਾਮ ਇਨ ਕੇ ਹਥ ਮਾਹੀਂ।
ਦੈ ਰਾਖਯੋ ਥਾ ਪੰਥ ਸ-ਚਾਹੀ[1]। [1]ਉਤਸ਼ਾਹ ਨਾਲ।
ਦੋ ਦੋ ਕੱਛਾਂ ਇਕ ਦਸਤਾਰਾ।
ਭੂਰਾ ਚਾਦਰ ਪਰਣਾ ਸਾਰਾ[1] ॥੩੦॥ [1]ਲੰਬਾ ਪਰਨਾ।
ਏਤਿਕ ਬਸਤਕ ਮਿਲਤੋ ਸਭਿ ਕੋ।
ਕਮ ਜ਼ਜਾਦੇ ਨਹਿਂ ਚਹਿਤੋ ਕਬਿ ਕੋ[1]। [1]ਕਦੇ ਵੀ ਕੋਈ ਘੱਟ ਵੱਧ ਨਹੀਂ ਸੀ ਚਾਹੁੰਦਾ।
ਦਾਣਾਂ ਘਾਸ ਤੁਰੰਗਨ ਹੇਤੈਂ।
ਬਰਤਤ ਸਭਿ ਕੋ ਸਮ ਨਿਤ ਨੇਤੈਂ[1] ॥੩੧॥ [1]ਹਰਰੋਜ਼ ਹਮੇਸ਼ਾਂ।
ਭਯੋ ਪੰਥ ਅਬਿ ਜਬਿ ਬਹੁ ਕੱਠਾ।
ਚਾਰ ਠੌਰ ਤਬਿ ਲੰਗਰ ਠੱਟਾ[1]। [1]ਬਣਾ ਲਿਆ।
ਨਿਤ ਦਿਵਾਨ ਦਿਨ ਢਰੈ ਲਗੈ ਹੈਂ।
ਬੈਠਤ ਸਿੰਘ ਆਇ ਸਭਿ ਤੈਹੈਂ[1] ॥੩੨॥ [1]ਓਥੇ।
ਮਨੀ ਸਿੰਘ ਜੀ ਕਥਾ ਸੁਨਾਵੈਂ।
ਗੁਰੁ ਸਿੱਖੀ ਮੈਂ ਸਿਦਕ ਬਢਾਵੈਂ।
ਢਾਡੀ ਵਾਰਾਂ ਬੀਰਨ ਕੇਰੀ।
ਗਾਇ ਸੁਨਾਹਿਂ ਬਢਾਹਿਂ ਦਲੇਰੀ ॥੩੩॥
ਨਿਜ ਨਿਜ ਘਰੈਂ ਮਿਲਨ ਕੇ ਹੇਤੈਂ।
ਗਏ ਸਿੰਘ ਬਹੁ ਕਰਿ ਸੰਕੇਤੈਂ[1]। [1]ਦਿਨ ਮੁਕੱਰਰ ਕਰਕੇ।
ਦਰਵਾਰਾ ਸਿੰਘ ਤੈ ਪੂਛ ਜਾਵੈਂ।
ਮਿਲਿ ਗਿਲਿ ਫੇਰ ਬਿਨਾ ਢਿਲਿ ਆਵੈਂ ॥੩੪॥
ਦਰਵਾਰਾ ਸਿੰਘ ਸਭਿ ਕੋ ਖਰਚੈਂ।
ਜੈਸੋ ਦੇਤ ਤੈਸ ਸਭਿ ਸਰਚੈਂ[1]। [1]ਸੰਤੁਸ਼ਟ (ਖੁਸ਼) ਹੋ ਜਾਂਦੇ ਹਨ।
ਕਮ ਜ਼ਜਾਦੇ ਕੀ ਹਸਦ[1] ਨ ਕੈਹੈਂ। [1]ਈਰਖਾ।
ਜਿਤੋ ਦੇਤ ਸੋ ਖੁਸ਼ਿ ਹ੍ਵੈ ਲੈਹੈਂ ॥੩੫॥
ਸਿੰਘ ਜੀ ਕੋ ਗੁਰੁ ਰੂਪ ਲਖੈ ਹੈਂ।
ਸਾਥ ਇਤਫਾਕ ਪਾਕ ਦਿਲ[1] ਰੈਹੈਂ ॥੩੬॥ [1]ਪਵਿੱਤ੍ਰ ਦਿਲ ਨਾਲ।
ਦੋਹਰਾ:

ਪੰਥ ਥਿਰਯੋ ਇਮ ਸੁਧਾਸਰ,
ਕਿਛ ਕਿਛ ਮੁਲਕ ਮਝਾਰ।
ਲੂਟ ਮਾਰ ਕਰਿ ਖਾਵਹੀਂ,
ਨਾਹਿੰ ਖਾਵਹੀਂ ਮਾਰ[1] ॥੩੭॥ — [1](ਆਪ ਕਿਸੇ ਤੋਂ) ਮਾਰ ਨਹੀਂ ਖਾਂਦੇ।

ਚੌਪਈ:
ਨਾਜ਼ਮ ਅਰਜ਼ੀ ਥੀ ਜੋ ਭੇਜੀ।
ਭੀ ਮਨਜ਼ੂਰ ਸਿੰਘਨ ਲਖਿ ਤੇਜੀ[1]। — [1]ਸਿੰਘਾਂ ਦਾ ਤੇਜ ਪ੍ਰਤਾਪ ਜਾਣ ਕੇ।
ਜਿਸ ਹਿਤ ਕਰੀ ਸ਼ਾਹਿ ਮਨਜੂਰੈਂ।
ਸੋ ਕਾਰਣ ਅਬਿ ਲਿਖੋਂ ਜਰੂਰੈਂ ॥੩੮॥
ਸ਼ਾਹਿ ਮੁਹੰਮਦ ਥਾ ਪਤਿਸ਼ਾਹੂ।
ਦਿੱਲੀ ਮੈਂ ਤਬਿ ਨੇਕ ਮਹਾਂਹੂ[1]। — [1]ਬਹੁਤਾ ਨੇਕ।
ਲਵਪੁਰਿ ਨਾਜ਼ਮ ਕੀ ਜਬਿ ਅਰਜ਼ੀ।
ਗਈ ਸ਼ਾਹਿ ਢਿਗ ਰਹੀ ਨ ਬਰਜੀ[1] ॥੩੯॥ — [1]ਰੋਕੀ ਨਾ ਰਹੀ।
ਭਰੀ ਕਚਹਿਰੀ ਗਹਿਰੀ[1] ਥੀ ਤਬਿ। — [1]ਬਹੁਤੀ।
ਨ੍ਰਿਪ ਅਮੀਰ ਵਜੀਰ ਥਿਰੇ ਸਭਿ।
ਮੁਨਸ਼ੀ-ਮੀਰ ਹੋਇ ਤਬਿ ਗਰਜ਼ੀ[1]। — [1]ਵੱਡੇ ਮੁਨਸ਼ੀ ਨੇ ਲੋੜਵੰਦ ਹੋ ਕੇ।
ਅਰਜ਼ ਗੁਜ਼ਾਰ ਸੁਨਾਈ ਅਰਜ਼ੀ ॥੪੦॥
ਬਾਦਸ਼ਾਹਿ ਸੁਨਿ ਭਯੋ ਮੁੱਤਾਜਬ[1]। — [1]ਹੈਰਾਨ।
ਕਹਯੋ ਅਯੋ ਯਹਿ ਕਜਾ ਅਬਿ ਗਾਜਬ[1]। — [1]ਕਹਿਰ।
ਸਿੰਘਨ ਕੀਨੋ ਮੁਲਕ ਵਿਰਾਨੈ।
ਨਾਜ਼ਮ ਕੋ ਕਰਿ ਰਖਯੋ ਹਿਰਾਨੈ ॥੪੧॥
ਨਾਜ਼ਮ ਪਠਯੋ ਖਜ਼ਾਨਾ ਜੋਈ।
ਲੂਟ ਲਯੋ ਸਿੰਘੋਂ ਨੈ ਸੋਈ।
ਥੇ ਰਖਵਾਰੇ ਬੀਰ ਰੁਹੇਲੇ।
ਤੇ ਭੀ ਕਾਲ ਨਦੀ ਮਧ ਠੇਲੇ[1] ॥੪੨॥ — [1]ਰੋੜ੍ਹ ਦਿੱਤੇ।
ਕਈ ਹਜ਼ਾਰ ਖਪਾਯੋ ਦੀਨੀ।
ਸ਼ਾਹੀ ਫੌਜ ਜਰਜਰੀ[1] ਕੀਨੀ। — [1]ਬੋਡੀ, ਕਮਜ਼ੋਰ।
ਗਦਾਗੀਰ[1] ਇਕ ਭਯੋ ਫਕੀਰੈਂ। — [1]ਮੰਗਤਾ।
ਹੈ ਉੱਮਤ ਵਹਿ ਤਿਸ ਕੀ ਕੀਰੈਂ[1] ॥੪੩॥ — [1]ਇਹ (ਕੀਰੈਂ) ਕੰਗਾਲ ਉਸ ਦੀ (ਉੱਮਤ) ਕੌਮ ਹਨ।
ਨਹਿੰ ਸਮਾਜ[1] ਹੈ ਊਨ ਢਿਗ ਕੋਊ। — [1]ਸਾਮਾਨ।

ਜੋਰ ਕਾਹਿਂ ਕੋ ਲਰ ਹੈਂ ਸੋਊ।
ਨਾਜ਼ਮ ਅਰਜ਼ੀ ਲਿਖ ਹੈ ਐਸੇ।
ਸਿੰਘ ਪ੍ਰਬਲ ਹਮ ਪਰ ਹ੍ਵੈ ਬੈਸੇ ॥੪੪॥
ਇਸ ਕਾ ਬਾਇਸ[1] ਲਖ੍ਯੋ ਨ ਜਾਈ। — [1]ਕਾਰਨ।
ਵੱਲਾਲਮ ਵਹਿ ਕੌਨ ਬਲਾਈਂ[1]। — [1]ਖ਼ੁਦਾ ਜਾਣੇ ਉਹ ਕੌਣ ਬਲਾਵਾਂ ਹਨ।
ਕਹੋ ਵਜ਼ੀਰ ਬਾਤ ਯਹਿ ਕਜਾ ਹੈ।
ਸਿੰਘ ਕੌਮ ਬਢ ਕੈਸ ਗਯਾ ਹੈ[1] ॥੪੫॥ — [1]ਕਿਸ ਤਰ੍ਹਾਂ ਵਧ ਗਿਆ ਹੈ।
ਦਸਤ ਬਸਤ[1] ਤਬਿ ਹੋਇ ਬਜ਼ੀਰੈਂ। — [1]ਹੱਥ ਬੰਨ੍ਹ ਕੇ।
ਇਲਤਮਾਸ[1] ਯੋਂ ਕੀਨ ਸਧੀਰੈਂ। — [1]ਬੇਨਤੀ।
ਭਏ ਪੇਸ਼ਵਾ[1] ਉਨ ਕੇ ਜੋਈ। — [1]ਆਗੂ, ਮੁਖੀ।
ਵਲੀ[1] ਪੀਰ ਗੁਰੁ ਪ੍ਰਗਟੇ ਸੋਈ ॥੪੬॥ — [1]ਕਰਾਮਾਤੀ।
ਉਨ ਨਿਜ ਉੱਮਤ ਹੇਤ[1] ਬਖਯਾਤੈਂ। — [1]ਕੌਮ ਵਾਸਤੇ।
ਲਯਾਇ ਅਰਸ਼ ਤੇ ਆਬ-ਹਯਾਤੈਂ[1]। — [1](ਅਰਸ਼) ਸਚਖੰਡ ਤੋਂ ਅੰਮ੍ਰਿਤ ਲਿਆਏ।
ਕੁਛ ਤੋ ਸਿੰਘਨ ਤਈਂ ਪਿਲਾਯੋ।
ਬਾਕੀ ਵੀਚ ਤਲਾਵੈ[1] ਪਾਯੋ ॥੪੭॥ — [1]ਸਰੋਵਰ ਵਿੱਚ।
ਤਾਂਹੀਂ ਤੈ ਤਿਸ ਤਾਲਹਿ ਕੇਰੈਂ।
ਨਾਮ ਅੰਮ੍ਰਿਤਸਰ ਸਭਿ ਜਨ ਟੇਰੈਂ।
ਕਲਮਾਂ ਏਕ ਬਤਾਯੋ ਐਸਾ।
ਜਗ ਮੈਂ ਨਹੀਂ ਦੂਸਰੋ ਵੈਸਾ[1] ॥੪੮॥ — [1]ਉਸ ਵਰਗਾ।
ਜਿਸ ਮੰਤਰ ਕੇ ਸਾਥ ਬਖਯਾਤੈਂ।
ਆਬ ਜਾਤ ਬਨ ਆਬਹਯਾਤੈਂ[1]। — [1]ਪਾਣੀ ਅੰਮ੍ਰਿਤ ਬਣ ਜਾਂਦਾ ਹੈ।
ਯਾਹੀਂ ਤੈ ਅਬਿ ਲੌਂ ਸਿੰਘ ਸਾਰੇ।
ਉਸ ਕੋ ਅੰਮ੍ਰਿਤ ਕਹਿਤ ਉਦਾਰੇ ॥੪੯॥
ਉਨ ਕੇ ਦੀਨ ਮਾਹਿਂ ਜਬਿ ਕੋਊ।
ਆਵਤ, ਤਾਹਿਂ ਪਿਲਾਵਤ ਸੋਊ।
ਆਬ-ਹਯਾਤ ਬਨਾਵਤ ਜੈਸੇ।
ਸੁਨੋ ਰੀਤਿ ਕਹਿ ਹੋਂ ਮੈਂ ਤੈਸੇ ॥੫੦॥
ਅੰਮ੍ਰਿਤਸਰ ਕਾ ਜਲ ਅਨੁਵਾ ਕੈ[1]। — [1]ਮੰਗਵਾ ਕੇ।
ਪਾਕ[1] ਸਾਫ ਬਰਤਨ ਮੈਂ ਪਾ ਕੈ। — [1]ਪਵਿੱਤ੍ਰ।
ਜਤੀ ਸਤੀ ਸਿੰਘ ਆਲਮ ਆਮਲ[1]। — [1]ਵਿਦਵਾਨ ਤੇ ਕਰਣੀ ਵਾਲੇ।

ਜੇਉ ਇਬਾਦਤ ਮੈਂ ਹ੍ਵੈਂ ਕਾਮਲ[1] ॥੫੧॥ — [1]ਜਿਹੜੇ ਬੰਦਗੀ ਵਿੱਚ ਪੂਰਨ ਹੁੰਦੇ ਹਨ।
ਸੁਪਨੇ ਜਿਨ ਪਰ-ਤੀਯ[1] ਨ ਹੇਰੀ। — [1]ਪਰਾਈ ਇਸਤ੍ਰੀ।
ਝੂਠੀ ਬਾਤ ਕਬੀ ਨਹਿਂ ਟੇਰੀ।
ਕਾਮ ਕ੍ਰੋਧ ਲੋਭ ਮੋਹ ਮਤਸਰ[1]। — [1]ਈਰਖਾ।
ਇਨ ਤੈ ਰਹਿਤ ਹੋਤ ਜੋ ਅਕਸਰ[1] ॥੫੨॥ — [1]ਜੋ (ਅਕਸਰ) ਬਹੁਤ ਕਰ ਕੇ ਇਨ੍ਹਾਂ ਅਉਗੁਣਾਂ ਤੋਂ (ਰਹਿਤ) ਬਿਨਾਂ ਹੁੰਦੇ ਹਨ।

ਅਰਿ ਕੋ ਪੀਠ, ਜਵਾਬ ਮੰਗਤੈਂ[1]। — [1]ਵੈਰੀ ਨੂੰ ਪਿੱਠ ਤੇ ਮੰਗਤੇ ਨੂੰ ਜਵਾਬ।
ਦਯੋ ਨ ਜਿਨ ਕਬਿ ਹੀ ਕੁਢੰਗ ਤੈਂ।
ਐਸੇ ਪਾਂਚ ਸਿੰਘ ਮਿਲਿ ਪੂਰੇ।
ਗੁਰੁ ਨਾਨਕ ਕੇ ਗ੍ਰੰਥ ਹਜੂਰੇ ॥੫੩॥
ਸਾਫ ਪਾਕ ਧਰਿ ਸੇਤ[1] ਪੁਸ਼ਾਕੈਂ। — [1]ਚਿੱਟੀਆਂ।
ਨ੍ਹਾਇ ਸਕੇਸ[1] ਤੇਗ ਗਰਿ ਪਾ ਕੈ। — [1]ਸਣੇ ਕੇਸੀਂ ਨ੍ਹਾ ਕੇ।
ਉਸ ਬਰਤਨ ਕੈ ਥਿਰਿ ਚਹੁਂ ਪਾਸੇ।
ਕਿਤਿਕ ਤਾਂਹਿਂ ਮੈਂ ਡਾਰਿ ਪਤਾਸੇ ॥੫੪॥
ਖੰਡਾ ਲੇਤ ਆਹਨੀ[1] ਹਾਥੈਂ। — [1]ਲੋਹੇ ਦਾ।
ਨਿਜ ਗੁਰੁ ਮੰਤ੍ਰ ਪਢ ਹੈਂ ਸਾਥੈਂ।
ਧਾਰਿ ਭਾਰਿ ਖੰਡਾ ਬਰਤਨ ਮੈਂ[1]। — [1]ਭਾਰੀ ਖੰਡਾ ਬਰਤਨ ਵਿੱਚਰੱਖ ਕੇ।
ਫੇਰਤ, ਹੇਰਤ ਨਹਿਂ ਕਿਤ ਅਨ ਮੈਂ[1] ॥੫੫॥ — [1]ਹੋਰ ਕਿਸੇ ਵੱਲ ਨਹੀਂ ਦੇਖਦੇ।
ਧਜਾਨ ਅਕਾਲ ਪੁਰਖ ਕਾ ਧਰਿ ਕੈ।
ਮਨ ਇੰਦ੍ਰੀਂ ਕੋ ਰੋਕਨ ਕਰਿ ਕੈ।
ਬਾਰੀ ਬਾਰੀ ਪਾਂਚੋ ਫੇਰੈਂ।
ਬਿਨ ਕਲਾਮ-ਗੁਰੁ[1] ਔਰ ਨ ਟੇਰੈਂ[2] ॥੫੬॥ — [1]ਗੁਰਬਾਣੀ। [2]ਕਹਿੰਦੇ ਭਾਵ ਪੜ੍ਹਦੇ।
ਜਿਨ ਕੋ ਅੰਮ੍ਰਿਤ ਹੋਇ ਪਿਲਾਨੋ।
ਤਿਨ ਕੋ ਸੰਮੁਖ ਕਰੈਂ ਥਿਰਾਨੋਂ[1]। — [1]ਖੜ੍ਹੇ ਕਰ ਲੈਂਦੇ ਹਨ।
ਸੋ ਭੀ ਨ੍ਹਾਇ ਸਕੇਸ ਥਿਰਾਵੈਂ।
ਸੇਤ ਪੁਸ਼ਾਕ ਪਾਕ ਪਹਿਰਾਵੈਂ ॥੫੭॥
ਗਰ ਮੈਂ ਤੇਗ, ਜੋਰਿ ਕਰ ਖਰ ਹੈਂ[1]। — [1]ਹੱਥ ਜੋੜ ਕੇ ਖੜ੍ਹਦੇ ਹਨ।
ਧਜਾਨ ਖੁਦਾ ਕਾ, ਨਾਮ ਉਚਰ ਹੈਂ।
ਜਬਿ ਵਹਿ ਅੰਮ੍ਰਿਤ ਹੋਵਤ ਤਜਾਰੋ।
ਸਭਿ ਮੈਂ ਨੇਕ ਸਿੰਘ ਜੋ ਭਾਰੋ ॥੫੮॥

ਸੋਊ ਪੰਥ ਕੀ ਆਗਜਾ ਲੈ ਕੈ।
ਸੁਧਾ ਗਾਹਕੋਂ ਕੇ ਢਿਗ ਜੈ ਕੈ[1]।
ਤਿਨ ਤੈ ਦੋਊ ਕਰ ਜੁਰਵੈ ਹੈ।
ਮਨ ਤਨ ਧਨ, ਹਿਤ ਹਰਿ ਅਰਪੇ ਹੈ ॥੫੯॥
ਪਾਂਚ ਚੁਲੇ ਭਰਿ ਇਕ ਕੋ ਪਜਾਵੈ।
ਪਾਂਚ ਵੇਰ ਗੁਰੁ ਫਤੇ ਬੁਲਾਵੈ।
ਪਾਂਚ ਬੇਰ ਆਂਖਨ ਮੈਂ ਛਿਰਕੈ।
ਪਾਂਚ ਬੇਰ ਮਧ ਦੇਵਤ ਸਿਰ ਕੈ[1] ॥੬੦॥
ਯੌਂ ਹੀ ਸਭਿ ਕੇ ਤਈਂ ਛਕਾਵੈ।
ਜਾਤਿ ਭੇਦ ਨਹਿਂ ਕੋਊ ਰਖਾਵੈ।
ਇਕ ਬਰਤਨ ਮੈਂ ਸਭਿਨਿ ਪਿਲਾਵੈਂ।
ਸਕੇ ਬਿਰਾਦਰ[1] ਬਨੇ ਬਤਾਵੈਂ ॥੬੧॥
ਗੁਰੂ ਗੁਬਿੰਦ ਸਿੰਘ ਕੇ ਬੇਟੇ।
ਸੋਢੀ ਛੱਤ੍ਰੀ ਭਏ ਅਮੇਟੇ[1]।
ਪਿਛਲੀ ਜਾਤਿ ਪਾਤਿ ਤਜਵੈ ਹੈਂ।
ਕਰਮ ਧਰਮ ਸਭਿ ਭਰਮ ਮਿਟੈ ਹੈਂ ॥੬੨॥
ਏਕ ਰੂਪ ਸਭਿ ਭਏ ਬਤਾਵੈਂ।
ਬਗਲ-ਗੀਰ ਹ੍ਵੈ[1] ਪਜਾਰ ਬਢਾਵੈਂ।
ਫੇਰ ਹਦਾਯਤ[1] ਐਸੇ ਦੈਹੈਂ।
ਬਨੇ ਸਿੰਘ ਤੁਮ ਗੁਰੈਂ ਅਬੈ ਹੈਂ ॥੬੩॥
ਤੁਰਕਨ ਕਾ ਵਿਸਾਹੁ ਨਹਿਂ ਕਰਨੋ।
ਤੁਰਕਾਨੀ ਪਰ ਹਾਥ ਨ ਧਰਨੋ।
ਮਾਸ ਤੁਰਕ ਕਾ ਕਟਜੋ ਨ ਖਾਨਾ।
ਛੁਹਿਨਾ ਨਾਹਿਂ ਤਮਾਕੂ ਖਾਨਾ[1] ॥੬੪॥
ਤੁਰਕ ਮਲੇਛੈਂ ਸਦ ਹੀ ਮਾਰੋ।
ਬਖਸ਼ੈ ਪ੍ਰਭੂ ਗੁਨਾਹ ਤੁਮਾਰੋ।
ਆਬ-ਹਯਾਤ ਜੁ ਏਹੁ ਬਨੈ ਹੈਂ।
ਸੋ ਤਾਸੀਰ[1] ਬਡੀ ਤਿਸ ਮੈਂ ਹੈ ॥੬੫॥
ਹਮ ਕੋ ਪਿਖਿ ਜੇ ਨਰ ਡਰਪੈ ਹੈਂ।
ਪੀਵਤ ਹੀ ਨਿਰਭੈ ਅਤਿ ਥੈਹੈਂ।

[1]ਅੰਮ੍ਰਿਤ ਛਕਣ ਵਾਲਿਆਂ ਦੇ ਕੋਲ ਜਾ ਕੇ।
[1]ਸਿਰ ਦੇ ਵਿੱਚ ਪਾਉਂਦਾ ਹੈ।
[1]ਭਰਾ।
[1]ਪੱਕੇ।
[1]ਜੱਫੀਆਂ ਪਾ ਕੇ।
[1]ਸਿੱਖਿਆ।
[1]ਤਮਾਕੂ ਨਾ ਛੋਹਣਾ ਤੇ ਨਾ ਹੀ ਖਾਣਾ।
[1]ਅਸਰ, ਪ੍ਰਭਾਵ।

ਔਰਹਿਂ ਸ਼ਕਲ ਅਕਲ ਉਪਜੈ ਹੈ।
ਕਾਯਰ ਮੂਢ ਦਲੇਰ ਬਨੈ ਹੈ ॥ ੬੬ ॥
ਗਹਿ ਸ਼ਮਸ਼ੇਰ ਸ਼ੇਰ ਸਮ ਐਹੈਂ।
ਠੀਕ ਬੁਜੋ ਤੈ ਬਾਘ ਥਵੈ ਹੈਂ[1]। [1]ਠੀਕ ਬੱਕਰੇ ਤੋਂ ਸ਼ੇਰ ਬਣ ਜਾਂਦੇ ਹਨ।
ਬੀਰ ਪੀਰ ਜੇ ਬਲੀ ਬਹਾਦਰ।
ਤੁਰਕ, ਬਨੈਂ ਉਨ ਆਗੈ ਗਾਦਰ[1] ॥ ੬੭ ॥ [1]ਗਿੱਦੜ।
ਸਰਦੀ ਗਰਮੀ ਉਨੈਂ ਨ ਬਜਾਪੈ।
ਨਾਹਿਂ ਸ਼ਸਤ੍ਰ ਸ਼ੀਘਰ ਕੋਊ ਕਾਪੈ[1]। [1]ਛੇਤੀ ਨਹੀਂ ਕੱਟਦਾ।
ਨੀਂਦ ਭੂਖ ਤ੍ਰਿਖਾ ਦੁਖ ਰੋਗੈਂ।
ਉਨੈਂ ਨ ਬਜਾਪਤ ਕਬਿ ਹੀ ਸੋਗੈਂ ॥ ੬੮ ॥
ਮਿਰਗਨ ਜਜੋਂ ਜੰਗਲ ਮੈਂ ਧਸ ਹੈਂ।
ਕੰਕਰ ਕਾਂਟੇ ਤਿਨੈਂ ਨ ਕਸ ਹੈਂ[1]। [1]ਖੁੱਭਦੇ ਨਹੀਂ।
ਅੱਬਲ ਜ਼ਖਮ ਨ ਤਿਨ ਕੋ ਐਹੈਂ।
ਜੇ ਐਹੈਂ ਤੋ ਕਿਛੁ ਨ ਜਨੈ ਹੈਂ[1] ॥ ੬੯ ॥ [1]ਕੁਝ ਨਹੀਂ ਸਮਝਦੇ।
ਬਿਨ ਮੱਲਮ ਪੱਟੀ ਭਲ ਥੈਹੈਂ।
ਨਹਿਂ ਬਿਮਾਰ ਹ੍ਵੈ ਪੜੇ ਰਹੈਂ ਹੈਂ।
ਯਾਂਹੀਂ ਤੇ ਵਹਿ ਮਰਤ ਨ ਮਾਰੇ।
ਦਿਨ ਦਿਨ ਜਾਵਤ ਬਢਤ ਅਪਾਰੇ ॥ ੭੦ ॥
ਅਰ ਵਹਿ ਕਰਤ ਬੰਦਗੀ ਰੈਹੈਂ।
ਹਰ ਦਮ ਬਾਣੀ ਗੁਰੈਂ ਪਢੈ ਹੈਂ।
ਸੂਧੇ ਸਾਦੇ ਦਯਾ ਨਿਧਾਨੈਂ[1]। [1]ਕਿਰਪਾ ਦੇ ਖ਼ਜ਼ਾਨੇ।
ਦੇਖਨ ਕੋ ਜਨੁ ਸੰਤ ਮਹਾਨੈਂ ॥ ੭੧ ॥
ਅਰ ਲੰਗਰ ਸਭਿ ਕੋ ਸਮ[1] ਦੈਹੈਂ। [1]ਇੱਕੋ ਜੇਹਾ।
ਹਿੰਦੂ ਤੁਰਕ ਨ ਭੇਦ ਲਖੈ ਹੈਂ।
ਭੂਖਾ ਕਿਸੈ ਜਾਨ ਨਹਿਂ ਦੈਹੈਂ।
ਜਬਿ ਲੌਂ ਕੁਛ ਉਨ ਪਾਸ ਰਹੈ ਹੈ ॥ ੭੨ ॥
ਦੋਹਰਾ:
ਨਾਮ ਗੁਰੂ ਕੇ ਪਰ ਉਨੈਂ,
ਕਰੈ ਜੇ ਕੋਊ ਸ੍ਵਾਲ।
ਤਨ ਧਨ ਲੌਂ ਤਿਹ ਦੈਨ ਮੈਂ,

ਕਰਤ ਜਰਾ ਨਹਿਂ ਟਾਲ ॥੨੩॥

ਚੌਪਈ:

ਅਜਬ ਤਰੀਕੇ ਹੈਂ ਉਨ ਭਾਰੇ।
ਸਭਿ ਹਿੰਦੂ ਤੁਰਕਨ ਤੈ ਨਜਾਰੇ।
ਬੋਲ ਚਾਲ ਢੰਗ ਪਹਿਰਨ ਖਾਣਾ।
ਲਖੇ ਬਨਤ, ਨਹਿਂ ਜਾਤ ਬਖਾਣਾ[1] ॥੨੪॥
[1]ਕਹਿਆ ਨਹੀਂ ਜਾਂਦਾ (ਲਖੇ) ਦੇਖਣਾ ਹੀ ਬਣਦਾ ਹੈ।
ਪਿਖੀਯਤ ਪਹਿਲੇ ਸੋ ਗਰੀਬ ਸੇ।
ਅਰ ਥੋੜੇ ਸੇ ਲਗਤ ਜੀਵ ਸੇ[1]।
[1]ਤੁੱਛ ਜੇਹੇ।
ਰੰਗ ਜੰਗ ਮੈਂ ਔਰੈਂ ਤੌਰੈਂ[1]।
[1]ਜੰਗ ਦੇ (ਰੰਗ) ਮੈਦਾਨ ਵਿੱਚ ਹੋਰ ਹੀ ਤਰ੍ਹਾਂ ਦੇ ਹੋ ਜਾਂਦੇ ਹਨ।
ਬਦਲ ਜਾਤ ਕਾਲਬ ਝਟ ਗੌਰੈਂ[1] ॥੨੫॥
[1]ਝੱਟ ਹੀ ਵੱਡੇ (ਕਾਲਬ) ਸਰੀਰਾਂ ਵਿੱਚ ਬਦਲ ਜਾਂਦੇ ਹਨ।
ਹੋਤ ਅਪਾਰੈਂ ਰੂਪ ਡਰਾਰੈਂ[1]।
[1]ਬਹੁਤੇ ਡਰਾਉਣੇ ਰੂਪ ਹੋ ਜਾਂਦੇ ਹਨ।
ਭੁਖੇ ਸ਼ੇਰਨ ਜਯੋਂ ਭਬਕਾਰੈਂ।
ਮਰਨੇ ਤੈ ਡਰਨੋ ਨਹਿਂ ਜਾਨੈ।
ਲਰ ਹੈਂ ਜ਼ੋਰਿ ਤੋਰ ਕਰਿ ਜਾਨੈਂ[1] ॥੨੬॥
[1]ਜਾਨਾਂ ਤੋੜ ਕੇ ਜ਼ੋਰ ਨਾਲ ਲੜਦੇ ਹਨ।
ਤੇਗ ਜਾਂਹਿ ਕੇ ਸਿਰ ਪੈ ਬਾਹੈਂ।
ਸਿਰ ਪਰ ਅੱਸ੍ਵ ਕਾਟਿ ਧਰ ਲਾਹੈਂ[1]।
[1]ਸੂਰਮੇਂ ਦੇ ਸਿਰ ਧੜ ਤੇ ਘੋੜੇ ਨੂੰ ਕੱਟ ਕੇ ਧਰਤੀ 'ਤੇ ਸੁੱਟ ਦੇਂਦੇ ਹਨ।
ਅਰ ਟੂਟੇ ਫੂਟੇ ਉਨ ਸ਼ਸਤਰ।
ਕਟਤ ਫੁਲਾਦੀ ਪੇਟੀ ਬਖਤਰ[1] ॥੨੭॥
[1]ਸੰਜੋਅ।
ਲੈਨ ਸ਼ਹੀਦੀ ਸਭਿ ਹੀ ਚੈਹੈਂ।
ਇਕ ਤੇ ਆਗੇ ਹ੍ਵੈ ਇਕ ਐਹੈਂ।
ਹੈਂ ਲਾਯਕ ਪੇਖਨ ਕੇ ਸੋਈ।
ਐਪਰ ਮੌਕਾ ਜੰਗ ਜਿ ਹੋਈ ॥੨੮॥
ਕਸਮ ਖੁਦਾ ਮੈਂ ਕੂਰ ਨ ਕੈਹੋਂ।
ਅਸਲ ਨ ਪਿਖੋ ਤੁ ਨਕਲ ਪਿਖੈ ਹੋ[1]।
[1]ਦੇਖ ਲਉ।
ਜਹਾਂ-ਪਨਾਹਿ[1] ਨਾਹਿਂ ਕਿਛੁ ਹਰਜਾ[2]।
[1]ਜਗਤ ਦਾ ਆਸਰਾ ਭਾਵ ਹੇ ਬਾਦਸ਼ਾਹ। [2]ਨੁਕਸਾਨ।
ਬਲਿਕੈ ਵਾਕਫੀਯਤ ਹ੍ਵੈ ਪਰਜਾ ॥੨੯॥
ਸੁਨਿ ਵਜੀਰ ਤੈ ਐਸੀ ਬਾਤੈਂ।
ਤੱਜਬ ਹ੍ਵੈ ਪਤਿਸ਼ਾਹ ਬਖਜਾਤੈਂ।
ਬੋਲਜੋ ਇਨਸਾਫ ਅੱਲਾ ਤਾਲਾ[1]।
[1](ਬਾਦਸ਼ਾਹ) ਬੋਲਿਆ ਕਿ ਖ਼ੁਦਾ ਦੀ (ਇਨਸ਼ਾ) ਮਰਜ਼ੀ ਇਵੇਂ

	ਹੀ ਹੈ।
ਕਿਆ ਮੁਜਾਕਾ ਨਕਲ ਦਿਖਾਲਾ[1] ॥੮੦॥	[1]ਨਕਲ ਦੇਖਣ ਵਲੋਂ ਕੀ (ਮੁਜਾਕਾਂ) ਤੰਗਦਿਲੀ ਕਰਨੀ ਹੈ।
ਪਿਖਿ ਵਜ਼ੀਰ ਮਰਜੀ ਪਤਿਸ਼ਾਹੈਂ।	
ਭਾਂਡ ਨਕਲੀਏ ਲਏ ਬੁਲਾ ਹੈਂ।	
ਤਿਸ ਹੀ ਸਮੇਂ ਨਕਲੀਏ ਲਹਿਰੀ[1]।	[1]ਮੌਜੀ।
ਅਏ ਸ਼ਾਹ ਢਿਗ ਵੀਚ ਕਚਹਿਰੀ ॥੮੧॥	
ਬਹੁ-ਰੂਪਨਿ ਭਾਂਡਨਿ ਹ੍ਵੈ ਹਾਜ਼ਰ[1]।	[1]ਬਹੁਤੇ ਰੂਪ ਬਣਾਉਣ ਵਾਲੇ (ਭਾਂਡਨ) ਨਕਲੀਆਂ ਨੇ ਹਾਜ਼ਰ ਹੋ ਕੇ।
ਸ਼ਾਹਿ ਕਰਜੋ ਖੁਸ਼ ਨਕਲ ਲਿਜਾ ਕਰਿ[1]।	[1](ਹੋਰ ਕਿਸੇ ਦੀ) ਨਕਲ ਲਿਜਾ ਕੇ ਭਾਵ ਦਿਖਾ ਕੇ।
ਭਾਂਡਨ ਸੋਂ ਤਬਿ ਸ਼ਾਹਿ ਅਲਾਵੇ[1]।	[1]ਬਾਦਸ਼ਾਹ ਨੇ ਕਿਹਾ।
ਸਿੰਘਨ ਕੀ ਮੁਹਿ ਨਕਲ ਦਿਖਾਵੋ ॥੮੨॥	
ਉਨ ਚੋਰਨ ਕੇ ਜੈਸ ਤਰੀਕੇ।	
ਸਹੀ ਦਿਖਾਵੋ ਕਰਿ ਅਬਿ ਠੀਕੇ।	
ਸੁਨਿ ਭਾਂਡਨ ਮਨਿ ਖੌਫ ਸੁ ਕੀਨਾ।	
ਸ਼ਾਹਿ ਹੁਕਮ ਯਹਿ ਫਿਰੈ ਕਬੀ ਨਾ ॥੮੩॥	
ਨਕਲ ਅਸਲ ਬਿਨ ਅਸਲ ਫਬਤ ਨਾ।	
ਅਸਲ ਕਰੈਂ ਤਬਿ ਜਾਨ ਬਚਤ ਨਾ।	
ਪੇਖਿ ਸ਼ਾਹਿ ਜੋ ਹ੍ਵੈ ਕੁਛ ਤੁਰਸੀ[1]।	[1]ਗੁੱਸੇ।
ਤੌ ਹਮ ਭਾਂਡਨਿ ਪਾਟੈ ਕੁਰਸੀ[1] ॥੮੪॥	[1]ਤਾਂ ਸਾਡੇ ਭੰਡਾਂ ਦੀ ਕੁਰਸੀ ਪਾਟ ਜਾਵੇਗੀ ਭਾਵ ਸਾਡਾ ਪੁਸ਼ਤਾਂ ਤੋਂ ਚਲਿਆ ਆਉਂਦਾ ਕੰਮ ਬੰਦ ਹੋ ਜਾਵੇਗਾ।
ਕਹੋ ਕੌਨ ਅਸ, ਜਸ ਸੁਨਿ ਸੱਤ੍ਰੂ[1]।	[1]ਵੈਰੀ ਦਾ।
ਕਰੇ ਕੋਪ ਨਹਿਂ ਹੋਤ ਅਬੱਤ੍ਰੂ[1]।	[1]ਵਿਰੁੱਧ ਨਾ ਹੋਵੇ।
ਬਨੀ ਹਮੈਂ ਅਸਮੰਜਸ[1] ਭਾਰੀ।	[1]ਅਣਬਣ।
ਸਰਪ ਚਚੂੰਧਰ ਬਾਤ ਵਿਚਾਰੀ ॥੮੫॥	
ਡਰਤ ਅਰਜ਼ ਤਿਨ ਯੌਂ ਫਿਰ ਕੀਨਾ।	
ਨਕਲ ਨੇਕ[1] ਉਨ ਬਨਤ ਕਬੀ ਨਾ।	[1]ਚੰਗੀ।
ਪੇਖਿ ਸ਼ਾਹਿ ਮਤੁ ਕਿਤ ਕਰਿ ਕੀਨੈਂ[1]।	[1]ਵੈਰ ਕਰਕੇ।
ਬਾਲ ਬਚੇ ਸਹਿ ਹਮੈਂ ਪੜੀਨੈਂ[1] ॥੮੬॥	[1]ਬਾਲ ਬੱਚੇ ਸਣੇ ਸਾਨੂੰ (ਘਾਣੀ 'ਚ) ਪੀੜ ਦੇਵੇ।
ਬਦ-ਅੰਦੇਸ਼ ਕਿਬਲ ਜਾ ਓਟੈਂ।	
ਨਕਲ ਕਰਣ ਮੱਧ ਤਿਨ ਵਡ ਖੋਟੈਂ[1]।	[1]ਹੇ (ਜਾ) ਜਹਾਨ ਦੇ (ਕਿਬਲ) ਪੂਜਯ ਤੇ (ਓਟ) ਆਸਰਾ ਰੂਪ (ਬਾਦਸ਼ਾਹ) ਤਿਨਾ (ਬਦ-ਅੰਦੇਸ਼) (ਤੁਹਾਡਾ) ਬੁਰਾ ਚਿਤਵਨ

ਵਾਲੇ ਸਿੰਘਾਂ ਦੀ ਨਕਲ ਕਰਨ ਵਿੱਚ ਇਹ ਵੱਡੇ ਖੋਟ ਹਨ।

ਸੁਨਤ ਸ਼ਾਹਿ ਪੁਨ ਕਹਿ ਯਹਿ ਦੀਨਾ।
ਮਾਫ ਕਸੂਰ ਤੁਮੈਂ ਸਭਿ ਕੀਨਾ ॥੮੭॥

ਦੋਹਰਾ:
ਹੁਕਮ ਪਾਇ ਪਤਿਸ਼ਾਹਿ ਕਾ,
ਸਭਿ ਭਾਂਡਨ ਤਬਿ ਆਇ।
ਮੁਹਲਤ[1] ਲੈ ਤ੍ਰੈਰੋਜ਼ ਕੀ, — [1]ਸਮਾਂ।
ਕਰਿ ਸਮਾਨ ਸਭਿ ਭਾਇ[1] ॥੮੮॥ — [1]ਸਭ ਤਰ੍ਹਾਂ ਦਾ ਸਾਮਾਨ (ਇਕੱਠਾ) ਕਰ ਲਿਆ।

ਚੌਪਈ:
ਮਿਲ ਬਹੁ ਭਾਂਡਨ ਰਚੀਆਂ ਨਕਲਾਂ।
ਲਗੇ ਸਜਨ ਤਬਿ ਸਿੰਘਨ ਸ਼ਕਲਾਂ।
ਕੇਤਿਕ ਰਚੀਆਂ ਨੀਲ ਨਿਹੰਗਾਂ[1]। — [1]ਕਿਤਨੀਆਂ ਕੁ ਨੀਲੇ ਬਾਣੇ ਵਾਲਿਆਂ ਨਿਹੰਗਾਂ ਦੀਆਂ ਸ਼ਕਲਾਂ ਬਣਾਈਆਂ।
ਕੇਤਿਕ ਸਜੀਆਂ ਸ੍ਵੇਤ ਭੁਜੰਗਾਂ[1] ॥੮੯॥ — [1]ਚਿੱਟੇ ਪੁਸ਼ਾਕੇ ਵਾਲਿਆਂ ਸੂਰਮਿਆਂ ਦੀਆਂ (ਸ਼ਕਲਾਂ) ਬਣਾਈਆਂ।
ਛੁਟੇ ਦੁਮਾਲੇ[1] ਯਾ ਬਿਧਿ ਝੂਲੈਂ। — [1]ਫਰਰੇ।
ਮਨੋ ਲੰਗੂਲ ਸੁ ਕੇਹਰ ਤੁਲੈਂ[1]। — [1]ਮਾਨੋ ਸ਼ੇਰ ਦੀ (ਲੰਗੂਲ) ਪੂਛ ਦੇ ਤੁੱਲ ਹਨ।
ਕਮਰ[1] ਕਛਹਿਰੇ ਪਹਿਰੇ ਪਾਟੇ। — [1]ਲੱਕ ਨਾਲ।
ਲਟਕਤ ਮਨੋਂ ਸੁ ਕੇਹਰ ਸਾਂਟੇ[1] ॥੯੦॥ — [1]ਸ਼ੇਰ ਦੀ ਗਰਦਨ ਦੇ ਵਾਲ।
ਭੁਰੇ ਚਾਦਰ ਫਾਟੇ ਬਸਤਰ।
ਟੂਟੇ ਫੂਟੇ ਜਰਖਲ[1] ਸ਼ਸਤਰ। — [1]ਜ਼ੰਗਾਲ ਦੇ ਖਾਧੇ ਹੋਏ।
ਸਿਰ ਪਰ ਚੱਕਰ ਖੰਡੇ ਤੋੜੇ[1]। — [1]ਤੋੜਾ=ਗੁੰਦੀ ਹੋਈ ਲੋਹੇ ਦੀ ਤਾਰ ਜਿਸ ਨਾਲ ਸੀਸ ਦੇ ਸ਼ਸਤ੍ਰ ਬੰਨ੍ਹੇ ਹੁੰਦੇ ਹਨ।
ਸਜੇ, ਨ ਔਰੈਂ ਸ਼ਸਤਰ ਥੋੜੇ ॥੯੧॥
ਇਕ ਇਕ ਚੁੱਕਜੋ ਮਣ ਮਣ ਲੋਹਾ।
ਪਹੁੰਚੇ ਸ਼ਾਹਿ ਨਜੀਕ ਸਰੋਹਾ[1]। — [1]ਗੁੱਸੇ ਨਾਲ।
ਫਤੇ ਅਕਾਲ ਅਕਾਲ ਗਜਾਈ।
ਧੂਮ[1] ਕਚਹਿਰੀ ਵੀਚ ਮਚਾਈ ॥੯੨॥ — [1]ਡੰਡਰੌਲੀ।
ਨਾਮ ਸੁਨਾਵਨ ਲਾਗੇ ਅਪਨੇ।
ਸੁਨੇ ਨ ਕਬੀ ਜੁ ਥੇ ਉਨ ਸੁਪਨੇ।
ਅਯੋ ਬਖੇੜਾ ਸਿੰਘ, ਦੁਤੇੜਾ[1]। — [1](ਸਿੰਘ)।

ਤਕੜਾ ਸਿੰਘ, ਲਕੜਾ ਸਿੰਘ, ਝੇੜਾ ॥ ੯੩ ॥
ਬਾਘੜ ਸਿੰਘ, ਖਾਘੜ ਸਿੰਘ, ਫੌੜ੍ਹਾ।
ਅਘੜ, ਝਗੜ ਸਿੰਘ, ਭਗੜ, ਭਗੌੜਾ।
ਧਰਤਿ ਧਕੇਲ ਸਿੰਘ, ਪਾਹਾੜਾ।
ਦਿੱਲੀ ਤੋੜ ਸਿੰਘ ਸ਼ਾਹੰ ਲਾੜਾ[1] ॥ ੯੪ ॥ — [1]ਸ਼ਾਹੰ ਲਾੜਾ ਸਿੰਘ।
ਗੜ੍ਹਪੁਟ ਸਿੰਘ, ਪਹਾੜ ਉਪਾੜਾ।
ਮੁਗਲ ਮਾਰ ਸਿੰਘ, ਕਾਜੀ ਮਾਰਾ।
ਖਾਨ ਮਾਰ ਸਿੰਘ, ਸੱਯਦ ਗਾਰਾ।
ਬਾੜ ਝਾੜ ਸਿੰਘ, ਫਾੜ, ਲੜਾਕਾ ॥ ੯੫ ॥
ਬੱਜ੍ਰ ਸਿੰਘ, ਗੱਜਣ ਸਿੰਘ, ਲੋਹਾ।
ਡਾਢਾ ਸਿੰਘ, ਖੁਦਾਇ, ਅਛੋਹਾ।
ਸਿੰਘ ਕਲੇਸ਼, ਉਪੱਦ੍ਰਵ, ਜੰਗੀ।
ਧਾੜ ਮਾਰ ਸਿੰਘ, ਤੇਗ, ਕੁਢੰਗੀ ॥ ੯੬ ॥
ਤੁਰਕ ਮਾਰ ਸਿੰਘ, ਨਾਮ ਇਤਜਾਦੀ।
ਸਭਿਨਿ ਸੁਨਾਏ ਕਰਿ ਕਰਿ ਤਾਦੀ[1]। — [1]ਕਾਹਲੀ ਕਰਕੇ।
ਸੁਨ ਕੈ ਨਾਮ ਰਹੇ ਸਭਿ ਤੱਜਬ[1]। — [1]ਹੈਰਾਨ।
ਕਹਿ ਨ ਸਕੈਂ ਕਿਛ ਠਾਂਨੈ ਗੱਜਬ[1] ॥ ੯੭ ॥ — [1]ਗੁੱਸਾ ਕਰਦੇ ਹਨ।
ਪੈ ਸਰੂਪ ਪਿਖਿ ਬਾਤੈਂ ਸੁਨਿ ਸੁਨਿ।
ਹਸ ਹਸ ਪਰਤ ਲੋਗ ਸਭਿ ਪੁਨ ਪੁਨ।
ਅਰੁਨ ਨੈਨ ਸਿੰਘ, ਲੋਹਤ ਆਨਨ[1]। — [1]ਸਿੰਘਾਂ ਦੇ ਨੇਤ੍ਰ ਲਾਲ ਤੇ ਮੁਖ ਵੀ ਲਾਲ ਹਨ।
ਨਰ ਸਰੂਪ ਜਨੁ ਬਨੇ ਪੰਚਾਨਨ[1] ॥ ੯੮ ॥ — [1]ਮਾਨੋਂ ਸ਼ੇਰਾਂ ਨੇ ਮਨੁੱਖਾਂ ਦੇ ਸਰੂਪ ਬਣਾ ਲਏ ਹਨ।
ਰਚੇ ਸੁਚਾਲੇ[1] ਬਹੁ ਲਖ-ਬਾਹੇਂ[2]। — [1]ਲੰਞੇ। [2]ਇਕ ਬਾਂਹ ਵਾਲੇ।
ਸੂਰਬੀਰ ਜੇ ਪਰਮ ਸਰਾਹੇਂ[1]। — [1]ਜਿਨ੍ਹਾਂ ਨੂੰ ਵੱਡੇ ਬਹਾਦਰ ਸੂਰਮੇਂ ਕਹਿ ਕੇ ਸਲਾਹੁੰਦੇ ਹਨ।
ਜੇਤਿਕ ਥੇ ਸਿੰਘਨ ਕੇ ਬੋਲੇ।
ਸਭੀ ਸੁਨਾਏ ਕਰਤ ਠਠੋਲੇ[1] ॥ ੯੯ ॥ — [1]ਮਖੌਲ।
ਕੈਹੈਂ ਮੁਗਲਾਂ ਦੀਏ ਮਾਏ।
ਤੇਰੇ ਸਿੰਘ ਜਮਾਈ ਆਏ।
ਸੁਣ ਤੂੰ ਹੇ ਤੁਰਕਾਂ ਦੀਏ ਭੈਣੇ।
ਤੇਰੇ ਸਿੰਘਾਂ ਗਹਿਣੇ ਲੈਣੇ ॥ ੧੦੦ ॥
ਸੁਣ ਨੀ ਸਯਦਾਣੀ ਮੁਗਲਾਣੀ।

ਤੈਥੋਂ ਚੱਕੀ ਸਿੰਘਾਂ ਪਿਹਾਣੀ।
ਭਾਬੀ ਸੇਖਾਣੀ ਪਾਠਾਣੀ।
ਤੁਮ ਨੈ ਘੋੜਨਾਂ ਲੀਦ ਹਟਾਣੀ ॥੧੦੧॥
ਤੁਮ ਸੋਂ ਸਿੰਘ ਅਨੰਦ ਪਵੈ ਹੈਂ।
ਪਹਿਲੇ ਅੰਮ੍ਰਿਤ ਸੂਰ ਛਕੈ ਹੈਂ।
ਨੀ ਹਮ ਗੁਰੁ ਕੇ ਸਿੰਘ ਅਕਾਲੀ।
ਜਿਨ ਕੀ ਸਭਿ ਤੇਂ ਰੀਤਿ ਨਿਰਾਲੀ ॥੧੦੨॥
ਤੋੜੈਂ ਸੱਤ੍ਰੁ ਕੁਫਰ ਕੇ ਜੰਦੇ[1]।
ਰੱਖੈਂ ਤੁਰਕਨ ਕੋ ਕਰਿ ਬੰਦੇ[1]।
ਹਮ ਅਬਿ ਦਿੱਲੀ ਤਖਤ ਸੰਭਾਲੈਂ।
ਤੁਮ ਕੋ ਖੁੱਲੀ ਮੌਜ ਦਿਖਾਲੈਂ ॥੧੦੩॥
ਹਮਰਾ ਨਿਹਕਲੰਕ ਹੈ ਪੰਥਾ।
ਮਾਨੈਂ ਸ਼ਰ੍ਹਾ ਨ ਕਿਸ ਕੀ ਸੰਥਾ[1]।
ਹਿੰਦੂ ਅੰਧੇ ਤੁਰਕੂ ਕਾਣੇ।
ਹਮ ਅਲਗਾਨ[1] ਦੁਹੂੰ ਤੈ ਸਜਾਣੇ ॥੧੦੪॥
ਅਬਿ ਹਮ ਸਾਤ ਬਲਾਯਤ ਲੈਹੈਂ।
ਹਿੰਦੂ ਤੁਰਕੈਂ ਸਿੰਘ ਸਜੈ ਹੈਂ।
ਏਕੈ ਦੀਨ ਅਕਾਲ ਸਜੈ ਹੈਂ[1]।
ਦੂਜਾ ਕੋਊ ਰਹਿਨ ਨ ਪੈਹੈ ॥੧੦੫॥
ਅਬਿ ਨਹਿਂ ਕਰੋ ਖਾਲਸਾ ਢਿੱਲੀ[1]।
ਸੁੱਖੇ ਛਕੋ ਮਾਰ ਲਿਹੁ ਦਿੱਲੀ।
ਪਕੜਿ ਸਲੋਤ੍ਰ[1] ਵੀਚ ਸੁਨਹਿਰੇ[2]।
ਰਗੜਜੋ ਸੁੱਖਾ ਸਿਖਰ ਦੁਪਹਿਰੇ ॥੧੦੬॥
ਛਾਣਜੋ, ਮਾਰਜੋ ਤਕਿ ਤਕਿ ਨੁਗਦਾ[1]।
ਕਹੈਂ ਜਾਹ ਤੁਰਕਨਿ ਜੜ ਚੁਗਦਾ।
ਢੱਕੋ ਪੜਦੇ ਰੱਖੋ ਬਾਜੀ[1]।
ਨਿੱਘਰੈ ਮੁੱਲਾਂ ਉਜੜੈ ਕਾਜੀ ॥੧੦੭॥
ਮਾਰੇ ਮੁਗਲ ਚੁਗਲ ਗਏ ਭਾਜੀ[1]।
ਗੁਰੂ ਖਾਲਸਾ ਸਦ ਹੀਰਾਜੀ ॥੧੦੮॥
ਦੋਹਰਾ:

[1]ਵੈਰੀਆਂ ਦੇ ਝੂਠ ਦੇ ਜਿੰਦੇ ਤੋੜਾਂਗੇ।
[1]ਦਾਸ, ਨੌਕਰ।
[1]ਸਿੱਖਿਆ।
[1]ਅਲੱਗ, ਵੱਖਰੇ।
[1]ਇਕ ਅਕਾਲ ਦਾ ਮਜ਼ਹਬ ਸਜਾਵਾਂਗੇ।
[1]ਦੇਰੀ।
[1]ਡੰਡਾ, ਘੋਟਣਾ। [2]ਕੂੰਡੇ।
[1]ਸੁੱਖੇ ਦਾ ਫੋਗ।
[1]ਘੋੜੇ ਰੱਖੋ ਤੇ ਪੜਦੇ ਢੱਕੋ।
[1]ਭੱਜ ਗਏ।

ਰਾਜ ਕਰੇਗਾ ਖਾਲਸਾ, ਆਕੀਰਹੈ ਨ ਕੋਇ ॥
ਖੁਆਰ ਹੋਇ ਸਭਿ ਮਿਲੈਂਗੇ, ਬਚੇ ਸ਼ਰਣ ਜੋ ਹੋਇ* ॥੩੫॥ — *ਇਹ ਦੋਹਰਾ ਭਾਈ ਨੰਦ ਲਾਲ ਜੀ ਦੇ ਤਨਖ਼ਾਹ-ਨਾਮੇ ਵਿਚ ੩੫ ਨੰ. ਅੰਕ 'ਤੇ ਹੈ।

*ਬਿਦਿਹ ਸਾਕੀਆ ਸਾਗਰੇ ਸਬਜ਼ਰੰਗ[1]। — [1]ਹੇ (ਸਾਕੀ) ਸਤਿਗੁਰੂ ਹਰੇਰੰਗ (ਭਾਵ ਸੁੱਖੇ ਦਾ) (ਸਾਗਰ) ਪਿਆਲਾ ਦੇਹ। *ਇਹ ਸ਼ਿਅਰ ਦਸਮ ਗ੍ਰੰਥ ਦੇ ਪੰਨਾ ੧੩੯੯ 'ਤੇ ਹਕਾਯਤ ੨ ਦਾ ਅੰਕ ਨੰ. ੫੬ ਹੈ।

ਕਿ ਮਾਰਾ ਬਕਾਰਸਤ ਦਰ ਵਕਤੇ ਜੰਗ[1] ॥੫੬॥ * — [1]ਕਿ (ਮਾਰਾ) ਮੈਨੂੰ ਜੰਗ ਦੇ ਵਕਤ ਵਿੱਚ ਇਸ ਨਾਲ (ਬਕਾਰਸਤ) ਕੰਮ ਹੈ।

ਚੌਪਈ:

ਅਹੋ ਸੁੱਖਿਆ ਸੁਖ ਬਰਤਾਈਂ।
ਅੰਧਾ ਕਾਣਾ ਨਜਰ ਨ ਆਂਈਂ[1]। — [1]ਆਵੇ।
ਲੈਣਾ ਸੁਝੇ ਦੇਣਾਂ ਨਾਹੀ[1]। — [1]ਲੈਣਾ ਹੀ ਦਿਸੇ ਦੇਣਾ ਨਾ ਦਿਸੇ।
ਪਰਬਤ ਰਾਈ ਸਮ ਦਰਸਾਹੀਂ[1] ॥੧੦੯॥ — [1]ਪਹਾੜ ਰਾਈ ਵਾਂਗ ਦਿਸੇ।
ਦੇਗ[1] ਤਜਾਰ ਕਰਿ ਕਰੈਂ ਅਵਾਜੈਂ। — [1]ਸੁੱਖੇ ਦੀ ਦੇਗ।
ਜਿਨ ਕੋ ਸੁਨਿ ਸੁਨਿ ਤੁਰਕ ਸੁ ਲਾਜੈਂ[1]। — [1]ਸ਼ਰਮਿੰਦੇ ਹੁੰਦੇ ਹਨ।
ਚਲੋ ਮਦਾਨੀ ਕਾਬੇ ਹੁੱਈਏ[1]। — [1](ਮਦਾਨੀ) ਟੱਟੀ ਜਾਣ ਨੂੰ ਕਹਿੰਦੇ ਹਨ ਕਿ ਚਲੋ ਕਾਬੇ ਹੋ ਆਈਏ।
ਰਸਦ ਕਾਜੀਆਂ ਕੋ ਦੈ ਅੱਈਏ[1] ॥੧੧੦॥ — [1]ਕਾਜ਼ੀਆਂ ਨੂੰ ਰਸਦ ਦੇ ਆਈਏ ਭਾਵ ਟੱਟੀ ਫਿਰ ਆਈਏ।
ਛਿੱਤਰ ਪੌਲਾ ਮੁੱਲਾਂ ਤਾਂਈਂ[1]। — [1]ਮੁੱਲਾਂ ਨੂੰ ਛਿੱਤ੍ਰ ਪੌਲਾ ਮਾਰੋ ਭਾਵ ਟੱਟੀ ਤੋਂ ਬਾਦ ਹੱਥ ਧੋ ਲਵੋ।
ਟਾਂਕ ਬੇਗਮਾਂ ਕਰੋ ਸਬਾਈ[1]। — [1]ਸਾਰੇ (ਬੇਗਮਾਂ) ਅਫੀਮ ਦੀਆਂ ਗੋਲੀਆਂ ਖਾ ਕੇ (ਟਾਂਕ) ਅਮਲ ਦਾ ਸਿਲਸਿਲਾ ਨਾ ਟੁੱਟਣ ਦਿਉ।
ਜੂਤੇ ਝਾੜ ਤਲੇ ਫੜਕਾਵੈਂ[1]। — [1]ਜੁੱਤੇ ਝਾੜ ਕੇ ਉਨ੍ਹਾਂ ਦੇ ਤਲੇ ਇਕ ਦੂਜੇ ਨਾਲ ਮਾਰਦੇ ਹਨ।
ਕਹੈਂ ਪਠਾਨਨ ਮੂੰਡ[1] ਭਿੜਾਵੈਂ ॥੧੧੧॥ — [1]ਸਿਰ।
ਪਾਦ[1] ਮਾਰਿ ਵਡ ਸ਼ਬਦ ਸੁਨਾਵਾ। — [1]ਪੱਦ=ਹਵਾ ਸਰਨ ਦੀ ਅਵਾਜ਼।
ਮਾਰਜੋ ਮੁਗਲ ਸੁ ਭੈਣ ਯਹਾਵਾ।
ਖਤਰਾ ਪੜਾ ਸੁ ਮੁਗਲ ਬਤਾਯਾ[1]। — [1]ਵਿਸ਼ਟਾ ਪਏ ਨੂੰ ਮੁਗਲ ਪਿਆ ਕਹਿੰਦੇ ਹਨ।
ਜਮਜਮ ਆਬ ਪਿਸ਼ਾਬ ਦਿਖਾਯਾ[1] ॥੧੧੨॥ — [1]ਪੇਸ਼ਾਬ ਨੂੰ ਜ਼ਮਜ਼ਮ ਦਾ ਪਾਣੀ ਦੱਸਿਆ (ਜ਼ਮਜ਼ਮ-ਕਾਬੇ ਪਾਸ ਇਕ ਖੂਹ ਜੋ ਪਵਿੱਤ੍ਰ ਮੰਨਿਆ ਹੈ)।
ਗੜ੍ਹ ਚਿਤੌੜ ਤੋੜੈਂ ਤਜਿ ਧਾਰਾ[1]। — [1]ਪੇਸ਼ਾਬ ਦੀ ਧਾਰ ਛੱਡਣ ਨੂੰ ਚਿਤੌੜ ਦਾ ਕਿਲ੍ਹਾ ਤੋੜਨਾ ਕਹਿੰਦੇ ਹਨ।
ਕਹੈਂ ਪਰਤ ਤੁਰਕਨ ਮੁਖ ਸਾਰਾ।
ਰੁੱਪੇ ਭੰਨ ਕਹੈਂ ਸਿਰ ਮੁਗਲੈਂ[1]। — [1]ਗੰਢੇ ਭੰਨਣ ਨੂੰ ਮੁਗ਼ਲਾਂ ਦੇ ਸਿਰ ਭੰਨਣੇ ਕਹਿੰਦੇ ਹਨ।

ਪੋਸਤ ਡੋਡੇ ਮਲਹੀਂ ਚੁਗਲੈਂ[1] ॥੧੧੩॥

[1]ਪੋਸਤ ਦੇ ਡੋਡੇ ਮਲਣ ਨੂੰ ਕਹਿੰਦੇ ਹਨ ਕਿ ਚੁਗਲਾਂ ਨੂੰ ਮਲਦੇ ਹਾਂ।

ਭਾਖੈਂ ਤੁਰਕਨ ਕੋ ਕਰਿ ਬੰਨੇ[1]।

[1]ਮਾਰ ਕੇ।

ਲਿਹੁ ਪਤਿਸ਼ਾਹੀ ਹੱਨੇ ਹੱਨੇ[1]।

[1]ਹਰ ਘੋੜ ਸਵਾਰ।

ਅੱਗਜੋਂ ਖੈਚੈਂ ਪਿੱਛੋਂ ਧੱਕੈਂ।
ਅੱਸ੍ਰ ਦਿਖਾਏ ਵਹੀ ਅਥੱਕੈਂ[1] ॥੧੧੪॥

[1]ਉਨ੍ਹਾਂ ਘੋੜਿਆਂ ਨੂੰ ਅਥੱਕ ਦਿਖਾਇਆ।

ਸਾਗ ਪਾਤਰਚਿ ਦੇਗ ਅਲੂਣੀ[1]।

[1]ਸਾਗ ਤੇ ਪੱਤੇ (ਰਿੰਨ੍ਹ ਕੇ ਲੂਣ ਤੋਂ ਬਿਨਾਂ ਸਬਜ਼ੀ) ਬਣਾਉਣ ਨੂੰ ਦੇਗ ਕਹਿੰਦੇ ਹਨ।

ਰੁੱਖੀ ਮਿੱਸੀ ਘ੍ਰਿੱਤ ਵਿਹੂਣੀ[1]।

[1]ਘਿਉ ਤੋਂ ਬਿਨਾਂਰੋਟੀ ਨੂੰ ਰੁੱਖੀ ਮਿੱਸੀ ਕਹਿੰਦੇ ਹਨ।

ਅੰਮ੍ਰਿਤ ਸ੍ਵਾਦ ਬਨਜੋ ਕਹਿਂ ਭਾਈ।
ਇੰਦ੍ਰਾਦਿਕ ਯਾ ਸਮ ਨਹਿਂ ਪਾਈ ॥੧੧੫॥
ਦੇਗ ਮਸਤ ਦਿਨ ਕਿਤਿਕ ਦਿਖਾਵੈਂ[1]।

[1]ਕਿਤਨੇ ਦਿਨਾਂ ਦੇ ਫਾਕੇ ਨੂੰ ਦੇਗ ਮਸਤ ਦਿਖਾਉਂਦੇ ਭਾਵ ਦੱਸਦੇ ਹਨ।

ਚਨੇ ਬਦਾਮ ਚਬਾਇ ਬਤਾਵੈਂ[1]।

[1]ਛੋਲੇ ਚੱਬਣ ਨੂੰ ਬਾਦਾਮ ਚੱਬਣੇ ਕਹਿੰਦੇ ਹਨ।

ਮੀਰੀ ਪੀਰੀ ਸ਼ਾਹਤ ਹੰਨਾ[1]।

[1]ਘੋੜੇ ਦੀ ਕਾਠੀ ਦੇ ਹੰਨੇ ਨੂੰ ਮੀਰੀ ਪੀਰੀ ਦੀ ਪਾਤਿਸ਼ਾਹੀ ਕਹਿੰਦੇ ਹਨ।

ਮਿਲੀ ਸੁਣਾਈ ਦਰਗਹਿ ਕੰਨਾ[1] ॥੧੧੬॥

[1]ਵਾਹਿਗੁਰੂ ਦੀ ਦਰਗਾਹ (ਕੰਨਾ) ਵਲੋਂ ਮਿਲੀ ਸੁਣਾਉਂਦੇ ਹਨ।

ਖੜ੍ਹੇ ਸੌਣ ਅਰ ਚਲਤੇ ਖਾਣਾ[1]।

[1]ਖੜ੍ਹੇ ਸੌਣ ਨੂੰ ਅਤੇ ਤੁਰਦਿਆਂ ਫਿਰਦਿਆਂ ਖਾਣਾ ਖਾਣ ਨੂੰ।

ਸ਼ੁਕਰ ਇਬਾਦਤ ਸਤਿਗੁਰ ਭਾਣਾ[1]।

[1]ਸਤਿਗੁਰਾਂ ਦੇ ਭਾਣੇ ਵਿੱਚ ਸ਼ੁਕਰ ਮੰਨਦੇ ਤੇ ਬੰਦਗੀ ਕਰਦੇ ਹਨ।

ਚੱਕੀ ਪੀਸ ਫਿਰਨਿ ਅਸਵਾਰੀ[1]।

[1]ਚੱਕੀ ਪੀਹਣ ਨੂੰ ਫਿਰਨੀ ਦੀ ਅਸਵਾਰੀ।

ਲਾਠੀ ਫਤੇ ਕੁਮੈਤ ਦਿਖਾਰੀ[1] ॥੧੧੭॥

[1]ਤੇ ਸੋਟੇ ਨੂੰ ਫਤੇ ਕਮੈਤ ਦਿਖਾਇਆ।

ਬੀਆਬਾਨ[1] ਮੈਂ ਕੀਆ ਸੁ ਡੇਰਾ।

[1]ਉਜਾੜ।

ਟਾਂਗੂ[1] ਬੈਠਾ ਕਰਿ ਇਮ ਟੇਰਾ[2]।

[1]ਬ੍ਰਿੱਛ ਤੇ ਟੰਗਿਆ (ਚੜ੍ਹਾਇਆ) ਆਦਮੀ ਜੋ ਦੂਰੋਂ ਆਉਂਦੇ ਦੁਸ਼ਮਣ ਨੂੰ ਦੇਖ ਕੇ ਖ਼ਬਰ ਦੇਵੇ। [2]ਇਉਂ ਕਿਹਾ।

ਹਿੰਦੂ ਮੁਸਲਾ ਜੋ ਚਢਿ ਆਈ।
ਤਾਂ ਕੀ ਤੂੰ ਝਟ ਖਬਰ ਬਤਾਈਂ ॥੧੧੮॥
ਗਾਫਲਤਾ ਨਹਿਂ ਭਾਵ ਬਤਾਯਾ[1]।

[1]ਸੁਸਤੀ ਦਾ ਭਾਵ ਨਹੀਂ ਦੱਸਿਆ ਭਾਵ ਸਾਰੇ ਸਾਵਧਾਨਰਹੋ।

ਕੁਹੀ ਬਾਜ ਸ਼ਿਕਾਰ ਦਿਖਾਯਾ[1]।

[1]ਦਾਤੀ ਦੇ ਕੰਮ ਨੂੰ ਕੁਹੀ ਦਾ ਸ਼ਿਕਾਰ ਤੇਰੰਬੇ ਦੇ ਕੰਮ ਨੂੰ ਬਾਜ਼ ਦਾ ਸ਼ਿਕਾਰ ਵਿਖਾਇਆ।

ਸਾਲੋਤ੍ਰ ਸੁੱਨਹਿਰੇ ਲੈ ਕੈ।
ਸਿਰ ਤੁਰਕਨ ਰਗੜੈਂ ਭੰਗ ਕੈ ਕੈ[1] ॥੧੧੯॥

[1]ਘੋਟਣੇ ਤੇ ਕੂੰਡੇ ਲੈ ਕੇ ਭੰਗਰਗੜਦੇ ਹਨ ਤੇ ਕਹਿੰਦੇ ਹਨ ਕਿ

ਤੁਰਕਾਂ ਦੇ ਸਿਰਰਗੜਦੇ ਹਾਂ।

ਮਾਲਸ਼ ਕਰਨ ਲਗੇ ਬਹੁ ਅੱਸ੍ਰਨ।
ਬਾਤੈਂ ਕਰਿ ਕਰਿ ਤੁਰਕਨਿ ਹੱਸਨ।
ਦੇਖੋ ਭੈਣ ਯਹਾਵੇ ਕਾਜੀ।
ਜੜ ਖੋਵਨ ਚਹਿਂ ਮੁਗਲਨ ਪਾਜੀ[1] ॥੧੨੦॥

[1]ਝੂਠੇ ਕਾਜ਼ੀ।

ਕਹਿਤ ਰਹਿਤ ਤੁਮ ਸਿੱਖੈਂ ਮਾਰੋ।
ਜਾਨਤ ਨਹਿਂ ਜੋ ਗੁਰੂ ਉਚਾਰੋ।
ਕਾਬਲ ਤੇ ਕੁੱਤਾ[1] ਬੁਲਵੈਹੈਂ।
ਮੁਗਲ ਮਿਰਗ ਤਿਨ ਤੈ ਤੁੜਵੈਹੈਂ ॥੧੨੧॥

[1]ਅਹਿਮਦ ਸ਼ਾਹ ਅਬਦਾਲੀ।

ਇਹੁ ਦੋਨੋਂ ਲਰ ਕਰਿ ਮਰ ਜੈਹੈਂ।
ਪੰਥ ਖਾਲਸਾ ਭੂਪਤਿ ਥੈਹੈ[1]।
ਸੋ ਦਿਨ ਅਬਿ ਹੀ ਆਯੋ ਚੈਹੈ।
ਮੁਗਲ ਮਦਾਂਧ ਮਲੇਛਨ ਲੈਹੈਂ[1] ॥੧੨੨॥

[1]ਬਾਦਸ਼ਾਹ ਹੋ ਜਾਵੇਗਾ।

[1]ਹੰਕਾਰ ਕਰ ਕੇ ਅੰਨ੍ਹੇ ਹੋਏ ਮੁਗ਼ਲ ਮਲੇਛਾਂ ਨੂੰ ਮਾਰ ਲਵਾਂਗੇ।

ਬਾਤੈਂ ਕਰਤ ਲੰਗਰ ਭਯੋ ਤਯਾਰੇ।
ਲਗੇ ਛਕਨ ਸਿੰਘ ਅਤਿ ਮੁਦ ਧਾਰੇ।
ਸਬਜ਼ ਪਲਾਉ ਸਾਗ ਦਿਖਰਾਯਾ[1]।
ਬਿਨਾ ਨਿਮਕ ਕਹਿਂ ਕੁਣਕਾ ਪਾਯਾ[1] ॥੧੨੩॥

[1]ਸਾਗ ਨੂੰ ਸਬਜ਼ ਪਲਾਉ ਦਿਖਾਇਆ।

[1]ਬਿਨਾਂ ਲੂਣ ਤੋਂ ਸਾਗ ਨੂੰ ਕਹਿੰਦੇ ਹਨ ਕੜਾਹ ਪ੍ਰਸ਼ਾਦ ਮਿਲਿਆ।

ਚਣੇ ਉਬਾਲੇ ਬੂੰਦੀ ਲੇਬੀ[1]।

[1]ਉਬਲੇ ਛੋਲਿਆਂ ਨੂੰ ਲੱਡੂਆਂ ਦੀ ਬੂੰਦੀ (ਲੇਬੀ) ਲੈਣੀ ਕਹਿੰਦੇ ਹਨ।

ਟੀਂਡੇ ਲਡੂ ਜੰਡ ਫਲੀ ਜਲੇਬੀ[1]।

[1]ਟਿੰਡਵਾਂ ਨੂੰ ਲੱਡੂ ਤੇ ਜੰਡ ਦੀਆਂ ਫਲੀਆਂ ਨੂੰ ਜਲੇਬੀਆਂ ਕਹਿੰਦੇ ਹਨ।

ਪੀਂਝੂ ਪੀਲ ਬਿਦਾਣ ਮਿਠਾਈ[1]।

[1](ਕਰੀਰਾਂ ਦੇ ਫਲ) ਪੀਂਝੂਆਂ ਤੇ (ਵਣਾਂ ਦੇ ਫਲ) ਪੀਲੂਆਂ ਨੂੰ ਬਿਦਾਣੇ ਦੀ ਮਿਠਾਈ ਕਹਿੰਦੇ ਹਨ।

ਪੱਤ ਗਲੋਟਨ ਪੂਰੀ ਪਾਈ[1] ॥੧੨੪॥

[1]ਗਲੋ ਜਾਂ ਪਾਨਾਂ ਦੇ ਪੱਤਿਆਂ ਨੂੰ ਪੂਰੀਆਂ ਮਿਲੀਆਂ ਕਹਿੰਦੇ ਹਨ।

ਭਾਖੈਂ ਖੁਰਮੇਂ ਖਾਇ ਕੰਦੂਰੀ[1]।

[1]ਕੰਦ ਮੂਲ ਨੂੰ ਖਾ ਕੇ ਖੁਰਮੇਂ ਖਾਣੇ ਕਹਿੰਦੇ ਹਨ।

ਕੌਲ ਗਟੇ ਭਿਸ ਸੇਉ ਸਪੂਰੀ[1]।

[1]ਕੌਲ ਡੋਡਿਆਂ ਨੂੰ ਸੇਉ ਤੇ ਭੇਆਂ ਨੂੰ (ਸਪੂਰੀ) ਬਿਜੌਰੇ ਦਾ ਫਲ ਕਹਿੰਦੇ ਹਨ। (ਬਿਜੌਰਾ=ਨਿੰਬੂ ਦੀ ਜਾਤਿ ਦਾ ਇਕ ਬੂਟਾ ਜਿਸ ਦੇ ਫਲ ਸੰਗਤਰੇ ਜੇਹੇ ਦਲਦਾਰ ਛਿਲਕੇ ਵਾਲੇ ਹੁੰਦੇ ਹਨ।)

ਗੰਠਾਂ ਸਰਨਾਲੀ ਕੀ ਖਾਵੈਂ[1]।
ਅੰਮ੍ਰਿਤ ਸ੍ਵਾਦ ਮਿਠਾਈ[1] ਗਾਵੈਂ ॥੧੨੫॥

[1]ਸਰਨਾਲੀ ਨਾਮ ਦੀ ਵੇਲ ਦੀਆਂ ਗੰਢਾਂ ਖਾਂਦੇ ਹਨ।

[1]ਅੰਮ੍ਰਿਤ ਵਰਗੇ ਸੁਆਦ ਵਾਲੀ ਮਿਠਿਆਈ ਕਹਿੰਦੇ ਹਨ।

ਕਬੀ ਨ ਬੈਠਤ ਸੋਵਤ ਪੈਹੈਂ।
ਨਿਸ ਦਿਨ ਬਾਣੀ ਗੁਰੈਂ ਰਟੈ ਹੈਂ[1]। — [1]ਉਚਾਰਦੇ ਹਨ।
ਚਾਲ ਚਲਨ ਪਿਖਿ ਸੁਨਿ ਸੁਨਿ ਬਾਤੈਂ।
ਸਿੰਘਨ ਕੀ ਪਿਖਿ ਨਕਲ ਬਖ਼ਜਾਤੈਂ ॥੧੨੬॥
ਸ਼ਾਹਿ ਸਮੇਤ ਕਚਹਿਰੀ ਸਭਿਹੀ।
ਹਸ ਹਸ ਪਰਤ, ਕੋਪ ਹ੍ਵੈ ਕਬਹੀ।
ਫਿਰ ਤੁਰਕਨ ਕੀ ਰਚੀਆਂ ਨਕਲਾਂ।
ਲਗੇ ਦਿਖਾਵਨ ਵਡ ਕੱਦ ਸ਼ਕਲਾਂ ॥੧੨੭॥
ਤੁਰਕਸਤਾਨੀ ਹਿੰਦੁਸਤਾਨੀ।
ਮੁਗਲ ਪਠਾਣ ਸੁ ਬਨੇ ਦੁਰਾਨੀ।
ਸੱਯਦ ਸ਼ੇਖ ਬਨੇ ਬਹੁ ਭਾਏ[1]। — [1]ਬਹੁਤ ਤਰ੍ਹਾਂ ਦੇ।
ਮੇਵੇ ਮਾਸ ਜਿਨੈਂ ਸਦ[1] ਖਾਏ ॥੧੨੮॥ — [1]ਹਮੇਸ਼ਾਂ।
ਦੇਸ ਦੇਸ ਕੇ ਰਚੇ ਸਿਪਾਹੀ।
ਘੋੜਾ ਤਿਨ ਪੈ ਤਿਸ ਦਿਸ ਕਾ ਹੀ[1]। — [1]ਉਸੇ ਤਰਫ ਦਾ ਭਾਵ ਉਸੇ ਦੇਸ਼ ਦਾ ਹੀ ਉਸ ਪਾਸ ਘੋੜਾ।
ਪਸ਼ਮੀਨੇ ਲੌਂ ਉਮਦੇ[1] ਬਸਤਰ। — [1]ਵਧੀਆ।
ਬਾਢ ਚਢੇ[1] ਬਹੁ ਉੱਜਲ ਸ਼ਸਤਰ ॥੧੨੯॥ — [1]ਸਾਣ ਚੜ੍ਹੇ ਭਾਵ ਤਿੱਖੀਆਂ ਧਾਰਾਂ ਵਾਲੇ।
ਸੈਫ[1] ਸੰਜੋਏ ਸਿਪਰ[2] ਚਿਰਾਨੇ[3]। — [1]ਸਿੱਧੀਆਂ ਤਲਵਾਰਾਂ। [2]ਢਾਲਾਂ। [3]ਫੱਟੀਦਾਰ ਸੰਜੋਆਂ।
ਆਹਨਿ ਟੋਪ ਸੰਗ ਦਸਤਾਨੇ[1]। — [1]ਲੋਹੇ ਦੇ ਟੋਪ ਤੇ ਨਾਲ ਲੋਹੇ ਦੇ ਹੀ ਦਸਤਾਨੇ।
ਅੱਸ੍ਵ ਸਿਪਾਹੀ ਆਹਨ ਸੰਪਟ।
ਮਢੇ ਮਨੋ ਹਿਤ ਸੱਤ੍ਰੁਨਿ ਝੰਪਟ[1] ॥੧੩੦॥ — [1]ਘੋੜੇ ਤੇ ਸਿਪਾਹੀ ਵੈਰੀਆਂ ਨੂੰ (ਝੰਪਟ) ਮਾਰਨ ਵਾਸਤੇ ਜਾਣੋ (ਆਹਨਿ) ਲੋਹੇ ਦੇ (ਸੰਪਟ) ਡੱਬਿਆਂ ਵਿੱਚ ਮੜ੍ਹੇ ਹੋਏ ਹਨ।
ਐਸੀ ਅਨੀ ਘਨੀ[1] ਚਢਿ ਧਾਈ। — [1]ਬਹੁਤੀ ਫ਼ੌਜ।
ਟਾਂਗੂ ਸਿੰਘਨ ਕਹਯੋ ਸੁਨਾਈ।
ਉਡੀ ਗਰਦ ਕਹਿੰ ਤੁਰਕ ਸੁ ਆਏ।
ਸੁਨਿ ਸਿੰਘਨ ਕੇ ਮਨ ਹਰਖਾਏ[1] ॥੧੩੧॥ — [1]ਖ਼ੁਸ਼ ਹੋਏ।
ਊਰਧ ਕੇਸ ਭਏ ਅਤਿ ਠਾਢੇ[1]। — [1]ਰੋਮ ਬਹੁਤ ਉੱਚੇ ਹੋ ਕੇ ਖੜ੍ਹੇ ਹੋ ਗਏ।
ਇਸ ਮਿਸ ਦਿਸ ਨਭ ਜਨੁ ਮਨ ਬਾਢੇ[1]। — [1]ਇਸ ਬਹਾਨੇ ਜਾਣੋ ਅਕਾਸ਼ ਦੀ ਤਰਫ਼ ਮਨ ਵਧ ਗਏ।
ਚਢਯੋ ਬੀਰਰਸ ਜਸਦ[1] ਅਪਾਰੀ। — [1]ਛੇਤੀ।
ਭਯਾਨਕ ਰੂਪ ਭਏ ਸਭਿ ਭਾਰੀ ॥੧੩੨॥
ਫੂਲ ਗਏ ਤਨ ਥੂਲ ਡਰਾਰੇ[1]। — [1]ਫੁੱਲ ਕੇ ਸ਼ਰੀਰ ਮੋਟੇ ਤੇ ਡਰਾਉਣੇ ਹੋ ਗਏ।

ਬਨੇ ਦੇਉ ਜਨੁ ਇੱਛਜਾ-ਚਾਰੇ[1]।	[1]ਮਾਨੋ ਆਪਣੀ ਇੱਛਾ ਨਾਲ ਵਿਚਰਨ ਵਾਲੇ ਦੇਉ ਬਣ ਗਏ।
ਚਿਤੈਂ ਉਤੈ ਚਖ ਲਾਲ ਕਰਾਲੈਂ[1]।	[1]ਲਾਲ ਤੇ ਡਰਾਉਣੀਆਂ ਅੱਖਾਂ ਨਾਲ ਉਸ ਪਾਸੇ ਵੇਖਦੇ ਹਨ।
ਜਨੁ ਗਜ ਗਨ ਦਿਸ ਸ਼ੇਰ ਬਿਸਾਲੈਂ[1] ॥੧੩੩॥	[1]ਜਾਣੋ ਹਾਥੀਆਂ ਦੇ ਇਕੱਠ ਵੱਲ ਬਹੁਤੇ ਸ਼ੇਰ (ਦੇਖਦੇ ਹਨ)।
ਬਾਜੀ ਗਜੈਂ ਸੁੰਬ ਧਰ ਪਾਰੈਂ[1]।	[1](ਬਾਜ਼ੀ) ਘੋੜੇ (ਗਜੈਂ) ਹਿਣਕਦੇ ਹਨ ਤੇ ਸੁੰਮਾਂ ਨਾਲ ਧਰਤੀ ਪੁਟਦੇ ਹਨ।
ਦੁਬਲੇ ਸੇ ਸਬਲੇ ਬਣੇ ਤਜਾਰੈਂ[1]।	[1]ਕਮਜ਼ੋਰ ਜਿਹੇ ਬਲਵਾਨ ਬਣ ਕੇ ਤਿਆਰ ਹੋ ਗਏ।
ਚਢਜੋ ਰੰਗ ਸੁਨਿ ਜੰਗ ਤਦਾਏ[1]।	[1]ਤਦੋਂ ਜੰਗ ਦਾ ਨਾਮ ਸੁਣਕੇ ਬੀਰ-ਰਸ ਦਾ ਰੰਗ ਚੜ੍ਹ ਗਿਆ।
ਸਿੰਘਨ ਝਟਪਟ ਪਾਖਰ[1] ਪਾਏ ॥੧੩੪॥	[1]ਹਾਥੀਆਂ ਘੋੜਿਆਂ ਦਾ ਜ਼ੰਜੀਰਦਾਰ ਲੋਹੇ ਦਾ ਝੁੱਲ।
ਫਾਟੇ ਤਹਿਰੂ[1] ਟੂਟੀ ਕਾਠੀ।	[1]ਕਾਠੀ ਦੇ ਹੇਠ ਪਾਇਆ ਨਮਦਾ ਜਾਂ ਬਸਤ੍ਰ।
ਕਿਨਹੂੰ ਆਰ ਰੰਬੀ ਕਢਿ ਸਾਂਠੀ[1]।	[1](ਸਾਂਠੀ) ਗੰਢ ਲਈ।
ਠੌਰ ਲਗਾਮਨ ਦੀਨੀਂ ਖੱਬੀ[1]।	[1]ਲਗਾਮਾਂ ਦੀ ਥਾਂ ਖੱਭੀਆਂ ਦੇ ਲਈਆਂ।
ਜਗ੍ਹਾ ਰਕਾਬਨ[1] ਰੱਸੀ ਫੱਬੀ ॥੧੩੫॥	[1]ਪੈੜਿਆਂ ਦੀ ਥਾਂ।
ਸਾਖਤ[1] ਪੁਜੀ[2] ਤੰਗ[3] ਫਰਾਕੀ[11]।	[1]ਦੁੱਮਚੀ, ਘੋੜੇ ਦੀ ਦੁੰਮ (ਪੂਛ) ਵਿੱਚ ਪਹਿਨਾਇਆ ਸਾਜ ਜੋ ਕਾਠੀ ਨਾਲ ਬੱਧਾ ਹੁੰਦਾ ਹੈ। [2]ਘੋੜੇ ਦੇ ਪੂਲ (ਮੂੰਹ) ਦਾ ਬੰਧਨ ਜੋ ਨੱਕ ਉਪਰ ਦੀ ਹੋ ਕੇ ਗਲ ਹੇਠ ਆਉਂਦਾ ਹੈ। [3]ਘੋੜੇ ਦੀ ਕਾਠੀ ਕਸਣ ਦੀ ਪੇਟੀ। [11]ਘੋੜੇ ਦੀ ਫਰਾਕ (ਪਿੱਠ) ਉੱਪਰ ਬੰਨ੍ਹਣ ਦਾ ਤਸਮਾ।
ਟੂਟੇ ਫੂਟੇ ਸਾਜ ਇਰਾਕੀ[1]।	[1]ਘੋੜਿਆਂ ਦੇ ਸਾਜ਼।
ਪਾਟੀ ਚਾਦਰ ਭੂਰੇ ਗਲਿਤੀ[1]।	[1]ਗਾਤੀਆਂ ਜਾਂ ਗਿਲਤੀਆਂ ਮਾਰਨ ਵਾਲੇ ਭੂਰੇ ਤੇ ਚਾਦਰਾਂ ਫਟੀਆਂ ਹੋਈਆਂ ਹਨ। (ਗਲਿਤੀ-ਗਲਵਲਿਤ ਭਾਵ ਗਲ ਨਾਲ ਲਪੇਟਣ ਵਾਲਾ ਬਸਤ੍ਰ।
ਸੋਊ ਲਪੇਟੇ ਸਿੰਘਨ ਜਲਤੀ[1] ॥੧੩੬॥	[1]ਛੇਤੀ।
ਲੀਰਨ ਸੀਰਨ[1] ਵੱਟੀ ਰੱਸੀ।	[1](ਸੀਰਨ) ਟੁੱਟੀਆਂ ਫੁੱਟੀਆਂ ਲੀਰਾਂ ਦੀ।
ਕਮਰ ਸਮਰ ਹਿਤ ਭੁਖਜੋਂ ਕੱਸੀ[1]।	[1]ਭੁੱਖਿਆਂ ਨੇ ਜੰਗ ਵਾਸਤੇ ਕਮਰ ਕਸ ਲਈ।
ਤਬਿ ਤਰਵਾਰੈਂ ਲਾਗੇ ਖੈਂਚਨ।	
ਜਰ ਕੀ ਭਰੀ ਨ ਸਾਕੈਂ ਐਂਚਨ[1] ॥੧੩੭॥	[1]ਜ਼ੰਗਾਲ ਦੀਆਂ ਭਰੀਆਂ ਨੂੰ ਖਿੱਚ ਨਹੀਂ ਸਕਦੇ।
ਦੁਹਿ ਚਹੁੰ ਮਿਲਿ ਬਲ ਕਰਿ ਨਿਕਸਾਈ।	
ਪਾਹਨ[1] ਰੇਤੇ ਸੰਗ ਘਸਾਈ।	[1]ਪੱਥਰ।
ਬਹੁ ਅਜਾਨ ਸਿਦਕੀ ਯਹਿ ਕੀਨਾ।	
ਗੋਰੀ ਡਾਰ ਬਰੂਦ ਡਰੀਨਾ[1] ॥੧੩੮॥	[1](ਚਾਹੀਦਾ ਤਾਂ ਇਹ ਸੀ ਕਿ ਪਹਿਲਾਂ ਬਰੂਦ ਪਾ ਕੇ ਫੇਰ ਗੋਲੀਆਂ ਪਾਉਂਦੇ ਪਰ ਉਨ੍ਹਾਂ ਨੇ ਪਹਿਲਾਂ ਗੋਲੀਆਂ ਪਾ ਕੇ ਮਗਰੋਂ ਬਰੂਦ ਪਾ ਦਿੱਤਾ।

ਜਾਨਕਾਰ ਲਖਿ ਤਿਨੈਂ ਬੁਲਾਯਾ[1]।
ਕੌਨ ਸਕੈ ਅਬਿ ਯਾਹਿੰ ਚਲਾਯਾ।
ਤਬਿ ਤਿਨ ਭਾਖਯੋ ਗੁਰੂ ਚਲਾਊ।
ਉਲਟਿ ਮੁਹਰ ਸਮ ਸੁਲਟਿ ਕਰਾਊ[1] ॥੧੩੯॥

[1]ਜਾਣਕਾਰਾਂ ਨੇ ਦੇਖ ਕੇ ਉਨ੍ਹਾਂ ਨੂੰ ਬੁਲਾ ਕੇ (ਕਿਹਾ)।

[1]ਜਿਵੇਂ ਮੁਹਰ ਦੇ ਲਾਉਣ ਲਗਿਆਂ ਉਸਦੇ ਅੱਖਰ ਸਿੱਧੇ ਹੋ ਜਾਂਦੇ ਹਨ ਤਿਵੇਂ ਸਾਡੀਆਂ ਪੁੱਠੀਆਂ ਗੋਲੀਆਂ ਨੂੰ ਗੁਰੂ (ਸੁਲਟ) ਸਿਧੀਆਂ ਕਰ ਦੇਵੇਗਾ।

ਦੁਹੂੰ ਦਲਨ ਕਾ ਪਰਯੋ ਮਕਾਬਲ।
ਤੁਰਕਨ ਪਰ ਸਿੰਘ ਕੀਨੇ ਕਾਬਲ[1]।
ਸਾਂਣ ਚਢੀ ਤੁਰਕਨ ਤਰਵਾਰੈਂ।
ਮਾਰਤ ਸਿੰਘੈਂ ਨ ਕਾਟੈਂ ਬਾਰੈਂ[1] ॥੧੪੦॥
ਜਯੋਂ ਜਯੋਂ ਘਾਵ ਚੀਰ ਸਮ ਲਾਗੈਂ।
ਤਯੋਂ ਤਯੋਂ ਰੋਸ ਕੇਹਰੈਂ[1] ਜਾਗੈਂ।
ਜਰ ਕੀ ਭਰੀ ਕਿਨੈਂ ਯੁਤ ਮਯਾਨੈਂ[1]।
ਮਾਰੀ ਉਛਰਿ ਉਛਰਿ ਸਿੰਘ ਜ੍ਵਾਨੈਂ ॥੧੪੧॥
ਸਹਿਤ ਸੰਜੋਇਨ ਤੁਰਕਨ ਕਟ ਕੈ।
ਜੀਨ ਕਾਟਿ ਘੋਰਨ ਮਧ ਸਟਕੈਂ[1]।
ਮੁਰਦੇ ਸੇ ਜੋ ਸਿੰਘਨ ਘੋੜੇ।
ਦੌੜਤ ਨਾਹਿੰ ਜੰਗ ਮੈਂ ਥੋੜੇ[1] ॥੧੪੨॥
ਕੂਦ ਕੂਦ ਤੁਰਕਨ ਪਰ ਚਰਹੀਂ[1]।
ਪਾਉਂ ਜਾਇ ਫੀਲਨ ਸਿਰ ਧਰਹੀਂ[1]।
ਗਜ ਗੱਟਾ ਕਹਿ ਲੈਂ ਸਿੰਘ ਛਾਲੀਂ[1]।
ਮਾਰਿ ਤੇਗ ਕਰਿ ਹੌਦਾ ਖਾਲੀ ॥੧੪੩॥
ਤੁਰਕਨ ਬਾਰ ਜਾਇੰ ਜਬਿ ਫੇਟੇ[1]।
ਮਾਰਿ ਗਿਰਾਵਤ ਸਿੰਘ ਜਟੇਟੇ[1]।
ਲਗੈਂ ਘਾਉ[1] ਸਿੰਘਨ ਤਨ ਜੇਤੇ।
ਗੈਂਡੇ ਚਰਮ ਸਮਾਨ ਸੁ ਤੇਤੇ[1] ॥੧੪੪॥
ਬੂੰਦੈਂ ਨਿਕਸ ਲਹੂ ਕਿਛ ਜਮ ਹੈ।
ਗਿਰੈਂ ਸਿੰਘ, ਨਹਿੰ ਮਾਨੈਂ ਗਮ ਹੈਂ।
ਤੇਗਾਂ ਤੁਰਕਨ ਤਨ ਯੌਂ ਧਸ ਹੈਂ।

[1]ਲਾਇਕ ਕਰ ਦਿੱਤੇ ਭਾਵ ਤੁਰਕਾਂ ਉਪਰ ਭਾਰੂ ਕਰ ਦਿੱਤੇ।
[1]ਰੋਮ ਨਹੀਂ ਕਟਦੀਆਂ।
[1]ਸਿੰਘਾਂ ਨੂੰ।
[1]ਜ਼ੰਗਾਲ ਦੀਆਂ ਭਰੀਆਂ ਹੋਈਆਂ ਤਲਵਾਰਾਂ ਮਿਆਨਾਂ ਦੇ ਸਣੇ ਹੀ।
[1]ਕਾਠੀਆਂ ਨੂੰ ਕੱਟ ਕੇ ਘੋੜਿਆਂ ਵਿੱਚ ਦੀ ਨਿਕਲ ਜਾਂਦੀਆਂ ਹਨ।
[1]ਭਾਵ ਬਹੁਤੇ ਦੌੜਦੇ ਹਨ।
[1]ਚੜ੍ਹਦੇ ਹਨ।
[1]ਆਪਣੇ ਪੈਰ ਹਾਥੀਆਂ ਦੇ ਸਿਰਾਂ 'ਤੇ ਜਾ ਰੱਖਦੇ ਹਨ।
[1]ਸਿੰਘ ਹਾਥੀ ਨੂੰ ਕੱਟਾ ਕਹਿ ਕੇ ਛਾਲਾਂ ਮਾਰਦੇ ਹਨ।
[1]ਜਦੋਂ ਤੁਰਕਾਂ ਦੇ ਵਾਰ ਫੇਟੇ (ਟੇਢੇ-ਵਿੰਗੇ) ਜਾਂਦੇ ਹਨ।
[1]ਜੱਟ ਸਿੰਘ (ਤੁਰਕਾਂ ਨੂੰ) ਮਾਰ ਕੇ ਸੁੱਟ ਦੇਂਦੇ ਹਨ।
[1]ਜ਼ਖ਼ਮ।
[1]ਉਤਨੇ ਹੀ ਉਹ ਗੈਂਡੇ ਦੇ ਚੰਮ ਵਾਂਗ (ਛੇਤੀ ਮਿਲ ਜਾਂਦੇ ਹਨ)।

ਛੁਰੀ ਤੂਬੂਜ਼ ਖ਼ੂਬੂਜ਼ੈਂ ਕਸ ਹੈਂ[1] ॥੧੪੫॥	[1](ਜਿਵੇਂ) ਛੁਰੀ ਮਤੀਰੇ ਦੇ ਖ਼ਰਬੂਜ਼ੇ ਨੂੰ ਕੱਟ ਦੇਂਦੀ ਹੈ (ਚੀਰ ਦੇਂਦੀ ਹੈ)।
ਧਾਰੈਂ ਛੁਟੈਂ ਖ਼ੂਨ ਪਰਨਾਰੈਂ[1]।	[1]ਪ੍ਰਨਾਲਿਆਂ ਵਾਂਗ ਖ਼ੂਨ ਦੀਆਂ ਧਾਰਾਂ ਛੁੱਟਦੀਆਂ ਹਨ।
ਗਿਰ ਗੇਰੂ ਜਯੋਂ ਝਰਤ ਅਪਾਰੈਂ[1]।	[1]ਜਿਵੇਂ ਗੇਰੂ ਦਾ ਪਹਾੜ ਬਹੁਤਾ ਝੜ ਰਿਹਾ ਹੁੰਦਾ ਹੈ।
ਜਰਾ ਕੁ ਜ਼ਖਮ ਜਾਹਿਂ ਕਿਛ ਲਾਗੈਂ।	
ਗਿਰਤ ਬੇਹੋਸ਼ ਹੋਸ਼ ਸਭਿ ਭਾਗੈਂ ॥੧੪੬॥	
ਦਸਕ ਤਾਹਿਂ ਸੰਭਾਰਨ ਕਰਿ ਹੈਂ।	
ਦਿਲ ਦੈ ਦਲ ਤੁਰਕੀ ਨਹਿਂ ਲਰ ਹੈ।	
ਜੇਉ ਬੰਦੂਖ ਕਸੀ ਥੀ ਉਲਟੀ।	
ਤੁਰਕਨ ਪਰ ਚਾਲੀ ਹ੍ਵੈ ਸੁਲਟੀ[1] ॥੧੪੭॥	[1]ਸਿੱਧੀ ਹੋ ਕੇ।
ਹਾਥ ਹੀਨ ਥੇ ਜੇ ਸਰਦੂਲਾ[1]।	[1]ਸਿੰਘ।
ਹਾਥ ਦਿਖਾਏ ਬਹੁ ਕਰਿ ਹੂਲਾ[1]।	[1]ਬਹੁਤ ਹੱਲੇ ਕਰਕੇ।
ਅਵਰ ਹੀਨ ਥੇ ਜੇਤਿਕ ਪੈਰਾ[1]।	[1]ਪੈਰਾਂ ਤੋਂ ਬਿਨਾਂ।
ਸੱਤ੍ਰ ਨਦੀ ਹਿਤ ਭਏ ਸੁਪੈਰਾ[1] ॥੧੪੮॥	[1]ਵੈਰੀਆਂ ਰੂਪ ਨਦੀ ਨੂੰ ਤਰਨ ਵਾਸਤੇ (ਸੁਪੈਰਾ) ਚੰਗੇ ਤਾਰੂ ਹੋ ਗਏ।
ਨਾਈ ਝੀਵਰ ਛੀਪੇ ਖਾਤੀ[1]।	[1]ਤਰਖਾਣ।
ਬ੍ਰਾਹਮਣ ਬਣੀਏਂ ਜੱਟ ਸੁਜਾਤੀ[1]।	[1]ਚੰਗੀਆਂ ਜ਼ਾਤਾਂ ਦੇ।
ਸੈਣੀ ਸੂਦ[1] ਸੁਨਾਰ ਕਮੀਨੇ[2]।	[1]ਸ਼ੂਦਰ। [2]ਨੀਵੀਆਂ ਜ਼ਾਤਾਂ ਦੇ।
ਸਜਾਰਨ ਸੇ ਸੁ ਮ੍ਰਿੱਗ-ਪਤਿ ਚੀਨੇ[1] ॥੧੪੯॥	[1]ਗਿੱਦੜਾਂ ਵਰਗੇ ਉਹ ਸ਼ੇਰ ਜਾਣੇ ਗਏ।
ਗਾਲਬ[1] ਸਿੰਘ ਤੁਰਕ ਮਗਲੂਬੈਂ[2]।	[1]ਪ੍ਰਬਲ, ਜ਼ੋਰਾਵਰ, ਵਿਜਈ। [2]ਅਧੀਨ, ਕਮਜ਼ੋਰ, ਹਾਰੇ ਹੋਏ।
ਭਏ ਜਬੈ, ਯੌਂ ਲੜ ਕਰਿ ਖ਼ੂਬੈਂ[1]।	[1]ਚੰਗੀ ਤਰ੍ਹਾਂ।
ਮਰੇ ਦਸਕ ਬਹੁ ਜ਼ਖਮੀ ਹੋਏ।	
ਤੁਰਕ ਨ ਸਿੰਘੈਂ ਸਮੁਖ ਖਰੋਏ ॥੧੫੦॥	
ਜਖਮੀ ਛੇ ਕੁ, ਮਰੇ ਸਿੰਘ ਦੋ ਹੀ।	
ਤੌਂ ਭੀ ਘੋੜੇ ਤੁਰਕਨ ਖੋਹੀ[1]।	[1]ਖੋਹ ਕੇ।
ਬਨ ਮੈਂ ਧਸੇ ਸਿੰਘ ਤਬਿ ਧਾਈ।	
ਕੈਹੈਂ ਸਤਿਗੁਰੁ ਫਤੇ ਦਿਲਾਈ ॥੧੫੧॥	
ਪਿਖਿ ਪਤਿਸ਼ਾਹਿ ਲਗੀ ਚਟਪਾਟੀ[1]।	[1]ਚਟਪਟੀ, ਬੇਚੈਨੀ।
ਹੈਰਤ ਅੰਗੁਰੀ ਦਾਂਤਨ ਕਾਟੀ[1]।	[1]ਹੈਰਾਨ ਹੋ ਕੇ ਦੰਦਾਂ 'ਚ ਉਂਗਲ ਕੱਟੀ।
ਊਰਧ ਸ੍ਵਾਸ[1] ਖੈਂਚਿ ਇਕ ਬਾਰਾ।	[1]ਹਾਹੁਕਾ, ਲੰਮਾ ਸਾਹ।

ਕੀਨ ਬਜੀਰਨ ਤਰਫ ਇਸ਼ਾਰਾ ॥੧੫੨॥
ਦੇਖੋ ਕੁਦਰਤ ਅਜਬ ਖੁਦਾ ਕੀ।
ਕਹੀ ਨ ਜਾਤ ਬਾਤ ਕੁਛ ਤਾਂ ਕੀ।
ਚਿਰੀਅਨ ਤੈ ਕਰਿ ਬਾਜ ਦਿਖਾਵਤ।
ਉਨ ਤੈ ਬਾਜਨ ਤਈਂ ਤੁੜਾਵਤ ॥੧੫੩॥
ਭਾਂਡਨ ਕੇ ਘਰ ਰਾਂਡਨ ਸਜਾਪੇ।
ਕਰੇ, ਮਰੇ ਬਹੁ ਜਖਮੀ ਆਪੇ[1]।

[1]ਨਕਲੀਆਂ ਦੇ ਘਰਰੰਡੀਆਂ ਨੇ ਆਪ ਸਿਆਪੇ ਕੀਤੇ, ਜਿਨ੍ਹਾਂ ਦੇ ਬਹੁਤੇ ਬੰਦੇ ਮਰ ਗਏ ਤੇ ਕੁਝ ਜ਼ਖ਼ਮੀਂ ਹੋ ਗਏ।

ਪਿਖਿ ਤੁਰਕਾਨੀ ਸਭਿ ਲਰਜ਼ਾਨੀ[1]।
ਜਨੁ ਸਭਿ ਕੇ ਸਿਰਿ ਪਰੀ ਮਸਾਨੀ[1] ॥੧੫੪॥
ਪਢ਼ਯੋ ਲਹੌਲ, ਬਢ਼ਯੋ ਦਿਲ ਹੌਲਾ[1]।

[1]ਕੰਬ ਗਈ, ਡਰ ਗਈ।
[1]ਮਸਾਣਾਂ 'ਚ ਰਹਿਣ ਵਾਲੀ ਇਕ ਦੇਵੀ।
[1]ਦਿਲ ਵਿੱਚ (ਹੌਲਾ) ਸਹਮ ਵਧ ਗਿਆ ਤੇ ਲਾਹੌਲ (ਵਲਾ ਕੁੱਵਤ-ਇੱਲਾ ਬਿਲਾਹ ਅਰਥਾਤ ਨਹੀਂ ਫੇਰਨ ਦੀ ਤਾਕਤ ਔਰ ਬਲ, ਬਿਨਾਂ ਪ੍ਰਮੇਸ਼ਰ ਦੇ) ਪੜ੍ਹਿਆ।

ਕਹਯੋ ਸਮੇਟੈ ਇਨ ਕੋ ਮੌਲਾ।
ਖੁਦਾ ਨਖਾਸਤੈ ਜੇ ਇਹੁ ਥੈਹੈਂ[1]।
ਖੀਨ ਖਰਾਬ ਦੀਨ ਹਮ ਕੈਹੈਂ[1] ॥੧੫੫॥

[1]ਖੁਦਾ ਨਾ ਚਾਹੇ ਜੇ ਇਹ (ਬਾਦਸ਼ਾਹ) ਹੋ ਜਾਣ।
[1]ਸਾਡੇ ਮਜ਼ਹਬ ਨੂੰ ਨਾਸ ਤੇ ਖ਼ਰਾਬ ਕਰ ਦੇਣਗੇ।

ਦੋਹਰਾ:
ਰੌਦ੍ਰ ਹਾਸ ਬਿਭੀਤਿ ਰਸ,
ਏਕ ਕਾਲ ਇਕ ਠੌਰ।
ਨਕਲੈਂ ਪੇਖਿ ਸਿੰਘਾਨ ਕੀ,
ਭੇ ਤੁਰਕਨ ਮਧ ਗੌਰ[1] ॥੧੫੬॥

[1]ਸਿੰਘਾਂ ਦੀਆਂ ਨਕਲਾਂ ਵੇਖ ਕੇ ਤੁਰਕਾਂ ਦੇ (ਮਨਾਂ) ਵਿੱਚ (ਰੌਦ੍ਰ) ਭਿਆਨਕਰਸ, ਹਾਸਰਸ ਤੇ (ਬੀਭੱਤਸ) ਗਿਲਾਨੀਰਸ ਤਿੰਨੇ ਹੀ ਇੱਕੋ ਸਮੇਂ ਇਕ ਜਗ੍ਹਾ (ਗੌਰ) ਬਹੁਤ ਉਤਪਨ ਹੋ ਗਏ।

ਚੌਪਈ:
ਬਾਦਸ਼ਾਹ ਚਿਤ ਚੱਕ੍ਰਿਤ[1] ਭਯੋ।
ਸੋਚ ਨਦੀ ਮਧ ਗਰਕ ਸੁ ਗਯੋ।
ਤਬਿ ਬਜੀਰ ਸਭਿ ਭਾਖ ਸੁਨਾਈ।
ਲਵ-ਪੁਰਿ ਤੈ ਰਪੋਟ[1] ਜੋ ਆਈ ॥੧੫੭॥
ਜਿਤਿਕ ਬਾਤ ਨਾਜ਼ਮ ਨੈ ਲਿੱਖੀ।
ਇਸ ਤੇ ਦਹ-ਗੁਨ ਹੈ ਤਹਿਂ ਤਿੱਖੀ[1]।

[1]ਹੈਰਾਨ।
[1]ਖ਼ਬਰ।
[1]ਤਿਸ ਨਾਲੋਂ ਸਿੰਘਾਂ ਦੀ ਦਸ ਗੁਣਾ (ਤਿੱਖੀ) ਬਹੁਤੀ ਤਾਕਤ ਹੈ।

ਚਹੀਏ ਉਨ ਕੋ ਅਪਨੇ ਕੀਨਾ।
ਦੈਹੈਂ ਕਾਮ ਕਬੀ ਵਡ ਪੀਨਾ[1] ॥੧੫੮॥ — [1]ਤਕੜਾ।
ਨਾਦਰ ਸੁਨਜੋ ਜੁ ਚਹਿ ਇਤ ਆਵਨ।
ਮਿਟੈ ਧੁਕਧੁਕੀ[1] ਆਇ ਨ ਪਾਵਨ[2]। — [1]ਦਿਲ ਦੀ ਧੜਕਣ ਭਾਵ ਚਿੰਤਾ। [2]ਆਉਣਾ ਨਹੀਂ ਪਾਵੇਗਾ, ਭਾਵ ਨਹੀਂ ਆ ਸਕੇਗਾ।

ਐਸੀ ਕੌਮ ਬਹਾਦਰ ਭਾਰੀ।
ਅਰ ਅਜਾਟ ਜਾਹਲ ਬਲਕਾਰੀ[1] ॥੧੫੯॥ — [1]ਅਤੇ ਉਜੱਡ ਤੇ (ਜਾਹਲ) ਅਨਪੜ੍ਹ ਪਰ ਬਲਵਾਨ ਹਨ।
ਨਾਟ ਪਾਟ ਕਰਿ ਲੇਹੁ ਲਪੇਟੀ[1]। — [1]ਵਲ ਛਲ ਕਰ ਕੇ ਇਨ੍ਹਾਂ ਨੂੰ ਕਾਬੂ ਕਰ ਲਵੋ।
ਫਿਰ ਕਿਤ ਝੋਕ ਦੈਂਹ ਕਲ ਮੇਟੀ[1]। — [1]ਕਿਸੇ ਜੰਗ 'ਚ ਝੋਕ ਦਿਆਂਗੇ, ਆਪੇ (ਕਲ) ਲੜਾਈ ਮਿਟ ਜਾਵੇਗੀ।

ਬੋਲਜੋ ਢਿਗ ਤੈ ਦਾਨਾ ਭੇਤੀ।
ਇਹੁ ਤੋ ਬਸ ਹ੍ਵੈ ਜੈਹੈਂ ਛੇਤੀ ॥੧੬੦॥
ਮੀਠੀ ਭੰਗ ਜਬੈ ਇਹੁ ਪੀਵੈਂ।
ਹਲੂਆ[1] ਖਾਇ ਖੁਸ਼ੀ ਅਤਿ ਥੀਵੈਂ। — [1]ਕੜਾਹ ਪ੍ਰਸ਼ਾਦ।
ਔਰ ਲੋਭ ਕੇ ਨਹਿਂ ਇਹੁ ਗਰਜ਼ੀ[1]। — [1]ਲੋੜਵੰਦ।
ਲੇਹੁ ਮਨਾਇ ਫੇਰ ਜੋ ਮਰਜ਼ੀ ॥੧੬੧॥
ਇਨ ਕੋ ਅਪਨੇ ਕਰ ਪੁਰ[1] ਲੈ ਕੈ। — [1]ਹੱਥ ਉੱਪਰ।
ਮਿੱਠੀ ਭੰਗ ਹਮੇਸ਼ ਪਿਲੈ ਕੈ।
ਕਾਮ ਲੇਹੁ ਫਿਰ ਨਿਜ ਮਨ ਭਾਏ।
ਜੰਗ ਜਦਲ ਮੈਂ[1] ਖੁਸ਼ੀ ਰਹਾਂਏਂ ॥੧੬੨॥ — [1]ਜੰਗ ਜੁੱਧ ਵਿੱਚ।
ਬਿਗੜ ਰਹੇ ਜੋ ਤੁਮ ਸੋਂ ਸੂਬੇ।
ਸੀਧੇ ਕਰਿ ਦੈਹੈਂ ਇਹੁ ਖੂਬੇ।
ਸੁਨ ਕੈ ਬਾਦਸ਼ਾਹਿ ਖੁਸ਼ ਥੀਆ।
ਹੁਕਮ ਮੇਲ ਕਰਨੇ ਹਿਤ ਦੀਆ ॥੧੬੩॥
ਖਾਨ ਬਹਾਦਰ ਕੋ ਲਿਖਿ ਪਠਜੋ।
ਬੈਰ ਸਿੰਘਨ ਸੋਂ ਕਬੀ ਨ ਠਟਜੋ[1]। — [1]ਕਰਿਓ।
ਜਜੋਂ ਤਜੋਂ ਰਖੋ ਇਨੈਂ ਪਰਚਾਈ।
ਦੇਸ ਵਿਰਾਨ ਨ ਹੋਵਨ ਪਾਈ ॥੧੬੪॥
ਸੂਬੇਦਾਰੀ ਖਿਲਤ[1] ਘਲਾਯਾ। — [1]ਸ਼ਾਹੀ ਪੋਸ਼ਾਕ।
ਦ੍ਵਾਦਸ ਗ੍ਰਾਮਨ ਪਟਾ ਪਠਾਯਾ[1]। — [1]ਬਾਰਾਂ ਪਿੰਡਾਂ ਦਾ ਅਧਿਕਾਰ ਪੱਤ੍ਰ ਭੇਜਿਆ।

ਰੋਕੜ[1] ਖਰਚ ਜਿਤਿਕ ਇਹੁ ਚੈਹੈਂ। — [1]ਨਕਦ।
ਦੈ ਕਰਿ ਲੇਹੁ ਇਨੈ ਕਰ ਪੈਹੈਂ[1] ॥੧੬੫॥ — [1]ਇਨ੍ਹਾਂ ਨੂੰ ਆਪਣੇ ਹੱਥਾਂ ਉਪਰ ਲੈ ਲਵੋ।
ਦਾਮ ਮੁਹੱਬਤ ਮਾਹਿਂ[1] ਫਸਾਵੋ। — [1]ਪਿਆਰ ਦੀਰੱਸੀ ਵਿੱਚ।
ਹਲੂਆ ਮੀਠੀ ਭੰਗ ਪਿਲਾਵੋ।
ਅਵਰ ਦੀਨ ਤੁਮ ਕੋ ਇਖਤਜਾਰਾ।
ਦੇਹੁ ਲੇਹੁ ਕਰਿ ਕਾਰ ਸੁਖਾਰਾ[1] ॥੧੬੬॥ — [1]ਦੇ ਲੈ ਕੇ ਸੁਖਾਲਾ ਕੰਮ ਕਰ ਲਵੋ।
ਨਹਿਂ ਮਨਜ਼ੂਰੀ ਕਿਛੁ ਜ਼ਰੂਰਤ।
ਤੁਮ ਦਨਾਵ ਹੋ ਸਭ ਹੀ ਸੂਰਤ[1]। — [1]ਸਭ ਤਰ੍ਹਾਂ ਕਰਕੇ।
ਕਰੋ ਖੁਸ਼ੀ ਸਿੰਘਨ ਕੋ ਆਛੇ।
ਲੈਹੈਂ ਕਾਮ ਫੇਰ ਬਡ ਪਾਛੇ ॥੧੬੭॥
ਜਬਿ ਦਿਲੇਸ ਲਿਖ ਯਾ ਬਿਧਿ ਭੇਜਾ।
ਤਬਿ ਨਵਾਬ ਭੋ ਸੀਤ ਕਰੇਜਾ[1]। — [1]ਹਿਰਦਾ ਠੰਢਾ ਹੋ ਗਿਆ।
ਪੱਟਾ ਜਬਿ ਨੁਵਾਬ ਢਿਗ ਆਯਾ।
ਸਾਹੇ ਚਿੱਠੀ ਜਿਮ ਪਹੁੰਚਾਯਾ[1] ॥੧੬੮॥ — [1]ਵਿਆਹ ਦੀ ਚਿੱਠੀ ਵਾਂਗ ਪੁਚਾਇਆ।
ਦ੍ਵਾਦਸ ਨਗਰ ਸਗਰ ਭਲ ਤੌਰੈਂ[1]। — [1]ਸਾਰੇ ਬਾਰਾਂ ਪਿੰਡ ਚੰਗੀ ਤਰ੍ਹਾਂ।
ਬਗਰ ਗੁਰੂ ਚਕ ਦੀਨੇ ਗੌਰੈਂ[1]। — [1]ਅੰਮ੍ਰਿਤਸਰ ਦੇ (ਬਗਰ) ਨੇੜੇ (ਗੌਰੈਂ) ਵੱਡੇ (ਪਿੰਡ) ਦੇ ਦਿੱਤੇ।
ਰੋਕੜ ਖਰਚ ਅਵਰ ਪਠ ਦੀਨਾ।
ਸਿੰਘਨ ਮੋਦ ਮਾਨ ਕਰਿ ਲੀਨਾ ॥੧੬੯॥
ਬੀੜ ਗੁਰੂ ਕਾ ਬਾਸਰ ਕੇਰਾ[1]। — [1]ਬਾਸਰ ਕੇ (ਪਿੰਡ) ਦਾ।
ਅੱਸ੍ਵਨ ਹਿਤ ਦਿਯ ਤਬੈ ਬਧੇਰਾ।
ਇਤ ਦਿਸ ਸਿੰਘਨ ਭੀ ਸੁਖ ਪਾਯਾ।
ਉਤ ਨੁਵਾਬ ਮਨਿ ਸ਼ੁਕਰ ਮਨਾਯਾ ॥੧੭੦॥
ਮੁਲਕੀ ਲੋਗ[1] ਸੁਖੀ ਸਭਿ ਹੂਏ। — [1]ਪਰਜਾ ਦੇ ਲੋਕ।
ਗਦਰ ਜਦਰ ਸਭਿ ਮਿਟੇ ਬਕੂਏ[1]। — [1]ਹਲਚਲ, ਜੰਗ ਤੇ ਹੋਰ (ਬਕੂਏ) ਘਟਨਾਵਾਂ ਆਦਿ ਸਭ ਮਿਟ ਗਏ।
ਸੱਤ੍ਰਾਂ ਸੈ ਨਮਾਸੀਏ ਸਾਲੈਂ[1]। — [1]੧੭੮੯ ਬਿ. ਸਾਲ ਵਿੱਚ।
ਭਈ ਗਾਥ ਯਹਿ ਸਭੀਰਸਾਲੈਂ[1] ॥੧੭੧॥ — [1]ਸੁੰਦਰ।

ਦੋਹਰਾ:
ਸ਼ਾਹੀ ਉਗਰਾਹੀ ਤਬੈ,
ਆਈ ਨਾਜ਼ਮ ਪਾਸ।

ਕਛੁ ਖਰਚਾ ਦੈ ਸਿੰਘਨ ਕੋ,
ਕੁਛ ਖਰਚੈ ਰਖਿ ਪਾਸ ॥੧੭੨॥
ਸਿੰਘਨ ਸੋਂ ਕੀਨੀ ਸੁਲ੍ਹਾ,
ਤੁਰਕੇਸ੍ਵਰ ਜਿਸ ਤੌਰ।
ਸੋ ਗਾਥਾ ਕਹਿ ਧਜਾਇ ਇਹੁ,
ਠਹਿਰ ਗਯੋ ਇਸ ਠੌਰ ॥੧੭੩॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਸੂਬੇ ਕੀ ਅਰਜ਼ੀ ਪਰ ਗਰਜ਼ੀ ਹੋਇ, ਨਕਲ ਦੇਖਣ, ਸੁਲ੍ਹਾ ਕਰਨ', ਬਰਨਨੰ ਨਾਮ ਛੱਬੀਸਮੋਂ ਬਿਸ੍ਰਾਮ ॥੨੬॥

੨੭. {ਪੰਥ ਦਾ ਅੰਮ੍ਰਿਤਸਰ ਠਹਿਰਨਾ, ਸਿੰਘਾਂ ਦੇ ਜੱਥੇ ਬਣਾਉਣੇ}

ਕਬਿੱਤ:

ਬਿਸਦ ਨਵਲ ਚਾਰੁ* ਕੋਮਲ ਹੂੰ ਤੈ,
ਪਰਮ ਸਰਸ ਮੋਖ ਭੋਗ ਦਾ ਦਰਾਜ ਹੈਂ[1]।
ਅਵਨੀ ਕੇ ਅਵਤੰਸ ਹੰਸ ਮਾਨ ਸਰਵਰ,
ਸੰਪਟ ਸੁਧਾ ਕੇ ਬਸੁਧਾ ਕੇ ਦਾਇ ਸਾਜ ਹੈਂ[1]।
ਪਰਮ ਪ੍ਰਸੰਨਤਾ ਕੇ ਜੱਨਤਾ ਸਦੈਵ ਕਾਲ,
ਗਤਿ ਅਨੰਨਜ ਜੋਗ ਮੰਨਤਾ ਕੇ ਤਾਜ ਹੈਂ[1]।
ਹਿੰਦੁ ਜਿੰਦੁ ਰੱਖਕ ਪਦਾਰਬਿੰਦ ਨੌਮ ਗੁਰੁ,
ਹੁਜੀਏ ਮਲਿੰਦ ਭਵ ਸਿੰਧੁ ਕੇ ਜਹਾਜ ਹੈਂ[1] ॥੧॥

*ਅੰਕ ਨੰ. ੧ ਦੀ ਪਹਿਲੀ ਤੁਕ ਵਿੱਚ 'ਬਿਸਦ ਨਵਲ ਚਾਰੁ' ਪਾਠ ਅਸਾਂ ਆਪਣੇ ਕੋਲੋਂ ਪਾਇਆ ਹੈ। ਇਸ ਤੁਕ ਦਾ ਵਜ਼ਨ ਪੂਰਾ ਕਰਨ ਲਈ ਐਸਾ ਕੀਤਾ ਹੈ, ਮੂਲ 'ਚ ਇੰਨੇ ਅੱਖਰ ਘਟ ਹਨ, ਕਿਤੇ ਛਪਣ ਸਮੇਂ ਹੀ ਰਹਿ ਗਏ ਜਾਪਦੇ ਹਨ।

[1]ਉੱਜਲ, ਨਵੇਂ ਤੇ ਸੁੰਦਰ ਕੰਵਲ ਤੋਂ ਵੀ ਕੋਮਲ ਹਨ, ਬਹੁਤ ਅਨੰਦ-ਦਾਇਕ, ਮੁਕਤੀ ਤੇ ਵੱਡੇ ਪਦਾਰਥਾਂ ਦੇ ਦੇਣ ਵਾਲੇ ਹਨ।

[1]ਧਰਤੀ ਦੇ ਸੂਰਜ ਤੇ ਮਾਨ-ਸਰੋਵਰ ਦੇ ਹੰਸ ਹਨ, ਅੰਮ੍ਰਿਤ ਦੇ (ਸੰਪਟ) ਡੱਬੇ ਤੇ (ਬਸੁਧਾ) ਧਰਤੀ ਦੇ ਸਾਰੇ (ਸਾਜ) ਸਾਮਾਨ ਦੇਣ ਵਾਲੇ ਹਨ।

[1]ਹਮੇਸ਼ਾਂ ਵੱਡੀ ਖ਼ੁਸ਼ੀ ਨੂੰ ਪੈਦਾ ਕਰਨ ਵਾਲੇ ਹਨ, ਅਨੰਨਜ-ਭਗਤੀ, ਜੋਗ ਤੇ ਪੂਜਾ ਦੇ (ਤਾਜ) ਸ਼ਰੋਮਣੀ ਹਨ।

[1]ਹਿੰਦੂਆਂ ਦੀ ਜਾਨ ਦੇਰਾਖੇ, ਨੌਵੇਂ ਗੁਰੂ (ਸ੍ਰੀ ਗੁਰੂ ਤੇਗ਼ ਬਹਾਦਰ ਜੀ) ਦੇ ਚਰਨ ਕਮਲਾਂ ਦੇ ਭੌਰੇ ਹੋਵੋ, ਜੋ ਸੰਸਾਰ ਸਮੁੰਦਰ (ਤੋਂ ਤਾਰਨ ਲਈ) ਜਹਾਜ਼ ਰੂਪ ਹਨ।

ਦੋਹਰਾ:

ਰਹਯੋ ਪੰਥ ਜਯੋਂ ਸੁਧਾਸਰ,
ਜਥੇ ਬਨਾਏ ਪਾਂਚ।
ਸੋ ਗਾਥਾ ਅਬਿ ਸਾਥ ਹਿਤ,
ਸੁਨੋ ਸਰੋਤਾ ਸਾਚ ॥੨॥

ਚੌਪਈ:

ਜਬਿ ਤੈ ਸਿੰਘ ਨੁਵਾਬ ਟਿਕਾਏ।
ਭਯੋ ਅਮਨ ਮਧ ਦੇਸ ਮਹਾਏ[1]।
ਤੁਰਕ ਸੀਰਨੀ[1] ਪੀਰਨ ਦੈਹੈਂ।
ਖੀਰ ਫਕੀਰਨ ਤਈਂ ਖੁਲੈ ਹੈਂ ॥੩॥
ਲਿਖੈ ਨੁਵਾਬ ਸ਼ਾਹਿ ਦਿਸ ਐਸੇ।
ਸ਼ਾਹਿ ਨ ਚਾਹਿ ਟਕੇ ਫਿਰ ਜੈਸੇ।
ਸਿੰਘਨ ਕੇ ਦਾਬੇ ਬਹੁ ਲਿਖ ਕੈ।

[1]ਬਹੁਤਾ।

[1]ਸੁੱਖਣਾ ਦੀ ਮਿਠਿਆਈ।

ਪਠੈ ਐਸ ਬਿਧਿ ਕਾਸਦ ਸਿਖ ਕੈ[1] ॥੪॥
[1]ਹਲਕਾਰੇ ਨੂੰ ਸਿਖਾ ਕੇ।

ਸਿੰਘ ਸਭੈ ਯਹਿ ਬੁਰੀ ਬਲਾਈਂ।
ਮੈਂ ਰਾਖੇ ਜਯੋਂ ਤਯੋਂ ਪਰਚਾਈ।
ਟਕੇ ਮਹੀਨਾ ਪਹਲੇ ਲਹਿ ਹੈਂ।
ਨਹਿਂ ਦੈਹੋਂ ਤਬਿ ਮੁਲਕ ਲੁਟੈਂ ਹੈਂ ॥੫॥
ਸਿੰਘ ਡੁਮਣੇ ਬੁਰੇ ਮਖੀਰੈਂ[1]।
[1]ਸਿੰਘ ਮਖਿਆਲ ਦੇ ਬੁਰੇ ਡੂੰਮਣੇ ਮੱਖ ਹਨ।

ਮਰਣ ਮਾਰਣੋ ਕਰੈਂ ਨ ਧੀਰੈਂ।
ਕਿਬਲਹਿ ਆਲਮ ਕੀ ਜੋ ਮਨਸਾ[1]।
[1]ਹੇ ਜਗਤ ਦੇ ਪੂਜਕ ਬਾਦਸ਼ਾਹ ਜੀ, ਜੋ ਆਪ ਜੀ ਦੀ ਇੱਛਾ ਹੈ।

ਸੋਈ ਰਹਯੋ ਸਦਾ ਮੈਂ ਗਨਸਾ[1] ॥੬॥
[1]ਵਿਚਾਰਦਾ ਰਿਹਾ ਹਾਂ।

ਪੈ ਹਜ਼ੂਰ ਅਨਵਰ ਇਹੁ ਸਾਚੀ[1]।
[1]ਹੇ (ਅਨਵਰ) ਬਹੁਤ ਹੀ ਪ੍ਰਕਾਸ਼ਕ (ਹਜ਼ੂਰ) ਬਾਦਸ਼ਾਹ ਜੀ ਇਹ ਸੱਚੀ ਗੱਲ ਹੈ।

ਕੌਮ ਨ ਥੋ ਸਿੰਘਨ ਇਹੁ ਕਾਚੀ[1]।
[1]ਇਹ ਸਿੰਘਾਂ ਦੀ ਕੌਮ ਕੱਚੀ ਨਹੀਂ ਸੀ।

ਜੋ ਹਮਰੇ ਕਾਬੂ ਮੈਂ ਐਹੈਂ।
ਯੇ ਸਭਿ ਚੋਰ ਚਤੁਰ ਅਤਸੈ[1] ਹੈਂ ॥੭॥
[1]ਬਹੁਤੇ।

ਜੈਸੇ ਜਿਹਵਾ ਛਕਿ ਚਿਕਨਾਈ[1]।
[1]ਜਿਵੇਂ ਜ਼ਬਾਨ ਥਿੰਧੇ ਪਦਾਰਥ ਛਕ ਕੇ।

ਨਹਿਂ ਚਿਕਨੀ ਹ੍ਵੈ ਰਹਿਤ ਰੁਖਾਈ[1]।
[1]ਉਹ ਥੁੱਧੀ ਨਹੀਂ ਹੁੰਦੀ, ਰੁੱਖੀ ਹੀ ਰਹਿੰਦੀ ਹੈ।

ਅਗਨੀ ਜੈਸ ਵਸਤੁ ਸਭਿ ਦਾਹੈ[1]।
[1]ਸਾੜਦੀ ਹੈ।

ਪੈ ਨਿਰਲੇਪੈ ਰਹਿਤ ਸਦਾ ਹੈ ॥੮॥
ਦੂਧ ਸਾਂਪ ਕੇ ਜਦੀ ਪਿਲੈ ਹੈਂ।
ਡੰਕ ਮਾਰਨੇ ਤੈ ਨਹਿਂ ਰੈਹੈਂ।
ਤਯੋਂ ਸੁਭਾਵ ਸਿੰਘਨ ਕਾ ਹੱਯੇ।
ਬਨਤ ਨ ਕਬੀ ਹਮਾਰੇ ਭੱਯੇ[1] ॥੯॥
[1]ਭਰਾ।

ਹਮਰੀ ਇਨ ਕੀ ਹੈ ਇਮ ਪ੍ਰੀਤੀ।
ਜਲ ਅਗਨੀ ਕਾਤੀ ਪੱਟ ਰੀਤੀ[1]।
[1]ਕੈਂਚੀ ਤੇ ਕਪੜੇ ਦੀ ਰੀਤੀ ਵਾਂਗ।

ਮੈਂ ਜੋ ਖਿਲਤ ਨੁਵਾਬੀ ਦਯੋ[1]।
[1]ਦਿੱਤੀ ਹੈ।

ਹੇਤ ਧਿਜਾਵਨ[1] ਬਜੋਂਤ ਬਨਯੋ ॥੧੦॥
[1]ਸਿੰਘਾਂ ਦਾ ਆਪਣੇ 'ਤੇ ਇਤਬਾਰ ਜਮਾਉਣ ਵਾਸਤੇ।

ਜਬਿ ਐਹੈਂ ਯਹਿ ਮੇਰੇ ਦਾਏ[1]।
[1]ਦਾਅ ਹੇਠ।

ਬੰਦੇ ਜਯੋਂ ਦਿਹੁਂ ਅਲਕ ਚੁਕਾਏ[1] ॥੧੧॥
[1]ਮਾਰ ਕੇ ਮੁਕਾ ਦਿਆਂਗਾ।

ਦੋਹਰਾ:

ਸ਼ਾਹਿ ਕਹੇ ਜਿਮ ਹ੍ਵੈ ਭਲੀ,
ਤਜੋਂ ਤੁਮ ਲੇਹੁ ਬਨਾਇ।
ਮੈਂ ਮੁਖਤਜਾਰੀ ਤੁਹਿ ਦਈ,
ਤੁਝ ਥੀਂ ਕੌਨ ਦਨਾਇ[1] ॥ ੧੨ ॥ — [1]ਤੇਰੇ ਨਾਲੋਂ ਕੌਣ ਸਿਆਣਾ ਹੈ।

ਦ੍ਵੈਯਾ ਛੰਦ:
ਬਾਤ ਸੁਨੋਂ ਅਬਿ ਸਿੰਘਨ ਕੇਰੀ,
ਥਿਰੇ ਜੁ ਗੁਰੁ-ਚਕ[1] ਮਾਹੀਂ। — [1]ਅੰਮ੍ਰਿਤਸਰ ਵਿੱਚ।
ਭੀਲੋਵਾਲ ਕਤਲ ਮੁਲਖੱਯੇ[1], — [1]ਤੁਰਕ ਪਰਜਾ।
ਕੀਨੇ ਜਬਿ ਤੈ ਚਾਹੀ[1]। — [1]ਉਤਸ਼ਾਹ ਨਾਲ।
ਆਯੁਧ ਅੱਸ੍ਵ ਲੂਟ ਬਹੁ ਤਹਿਂ ਤੇ,
ਪੰਥ ਸਖੀਮੀ ਖੋਈ[1]। — [1]ਭੁੱਖ, ਗ਼ਰੀਬੀ ਦੂਰ ਕਰ ਲਈ।
ਮਕਰ ਬਿਤੇ ਜਿਮ ਬਢਤ ਤੇਜ ਦਿਨ,
ਭਈ ਪੰਤ ਗਤਿ ਸੋਈ[1] ॥ ੧੩ ॥ — [1]ਮਕਰਰਾਸ਼ੀ ਭਾਵ ਮਾਘ ਦੇ ਮਹੀਨੇ ਦੇ ਮੁੱਕਣ ਤੋਂ ਜਿਵੇਂ ਸੂਰਜ ਦਾ ਤੇਜ ਤੇ ਦਿਨ ਵਧਦੇ ਹਨ ਤਿਵੇਂ ਪੰਥ ਦੀ ਹਾਲਤ ਹੋਈ।

ਪੁਨਾ ਨੁਵਾਬੀ ਜਬਿ ਤੇ ਪਾਈ,
ਦਿਨ ਦਿਨ ਆਬੀ ਫਾਬੀ[1]। — [1]ਤਰਾਵਤ ਫਬ ਗਈ।
ਦਾਣਾ ਘਾਸ ਗਰਾਮਨ ਤੈ ਬਹੁ,
ਛਕਨ ਜੋਗ ਨਿਤ ਆਬੀ[1]। — [1]ਆਉਂਦਾ ਹੈ।
ਟਕੇ ਮਾਸ ਪ੍ਰਤਿ ਪਾਂਚ ਸਹਿਸ ਜੋ[1], — [1]ਹਰ ਮਹੀਨੇ ਜੋ ਪੰਜ ਹਜ਼ਾਰ ਰੁਪਏ।
ਪਠਤ ਨੁਵਾਬ ਲਹੌਰੋਂ।
ਸਭਿ ਕੋ ਬਾਂਟ ਨੁਵਾਬ[1] ਦੇਤ ਸਮ[2], — [1]ਕਪੂਰ ਸਿੰਘ। [2]ਇੱਕੋ ਜਿਹਾ।
ਕਰੈ ਨ ਕੋਊ ਰੌਰੋ ॥ ੧੪ ॥
ਉਸ ਪਰ ਪੰਥ ਸਭੀ ਨਿਤ ਖੁਸ਼ ਰਹਿ,
ਆਗਜਾ ਉਸ ਕੀ ਮਾਨੈ।
ਵਹਿ ਭੀ ਖਾਤਰ[1] ਟਹਿਲ ਪੰਥ ਕੀ, — [1]ਆਦਰ।
ਨਿਸ ਦਿਨ ਰਖੈ ਮਹਾਨੈ।
ਪਾਇ ਅਧਿਕ ਫਲ ਬ੍ਰਿੱਛ ਝੁਕਤ ਜਯੋਂ,
ਮੇਘ ਦੇਤ ਝੁਕ ਬਾਰੀ[1]। — [1]ਪਾਣੀ।
ਤਜੋਂ ਨੁਵਾਬ ਨੈ ਗਹੀ ਗਰੀਬੀ,
ਸਦ-ਗੁਨ ਔਰ ਹਜ਼ਾਰੀ[1] ॥ ੧੫ ॥ — [1]ਹੋਰ ਹਜ਼ਾਰਾਂ ਸ੍ਰੇਸ਼ਟ ਗੁਣ।

ਮਾਨਤ ਪੰਥ ਹੁਕਮ ਸਭਿ ਤਿਸ ਕਾ,
ਵਹਿ ਦਿਵਾਨ ਨਿਤ ਲਾਵੈਂ।
ਬੁੰਗੇ ਤਖਤ ਅਕਾਲ ਅਗਾਰੀ,
ਦੇਵਨ ਜਯੋਂ ਛਬਿ ਛਾਵੈਂ[1]। [1]ਸ਼ੋਭਾ ਪਾਉਂਦੇ ਹਨ।
ਰਾਗੀ ਔਰ ਰਬਾਬੀ ਕੀਰਤਨ,
ਗੰਧ੍ਰਬਨ ਕੇ ਸਮ ਕਰਹੀਂ।
ਢਾਡੀ ਬੀਰਨ[1] ਵਾਰਾਂ ਗਾਵੈਂ, [1]ਸੂਰਮਿਆਂ ਦੀਆਂ।
ਜੋ ਸੁਨਿ ਕਾਇਰ ਲਰਹੀਂ ॥੧੬॥
ਸਿੰਘ ਜੁ ਰਹੇ ਰਾਤ ਇਕ ਬਾਹਿਰ,
ਕੈ ਬਿਨ ਪੂਛੈ ਜਾਵੈ।
ਬਿਨ ਤਨਖਾਹ ਦਏ, ਨਾ ਕੋਊ
ਮਿਲਣ ਪੰਥ ਮੈਂ ਪਾਵੈ।
ਦਰਬਾਰਾ ਸਿੰਘ ਥਾ ਦਿਵਾਨ ਵਡ[1], [1]ਵੱਡਾ ਵਜ਼ੀਰ।
ਸ਼ਯਾਮ ਸਿੰਘ ਕਰਵਾਰੀ[1]। [1]ਕਾਰੋਬਾਰੀ, ਮੁੱਖ ਪ੍ਰਬੰਧਕ।
ਸਿੰਘ ਥਰਾਜ, ਦੀਪ ਸਿੰਘ, ਭੌਮਾ[1], [1](ਸਿੰਘ)।
ਹੁਤੇ ਸੁਖਈ ਉਦਾਰੀ ॥੧੭॥
ਜੱਸਾ ਸਿੰਘ ਆਲੂ ਬਯ ਬਾਲਕ[1], [1]ਆਹਲੂ ਪਿੰਡ ਦਾ ਬਾਲਕ ਉਮਰ।
ਦਾਣਾ ਯਹਿ ਵਰਤਾਵੈ।
ਤੋਪ ਜੰਬੂਰਨ[1] ਕੀ ਸਰਦਾਰੀ, [1]ਛੋਟੀਆਂ ਤੋਪਾਂ।
ਸਿੰਘ ਗੁਰਬਖਸ਼ ਕਮਾਵੈ।
ਹਰੀ ਸਿੰਘ ਲੰਗਰ ਵਰਤਾਵੈ,
ਪਦਮ[1] ਹਾਥ ਥਾ ਜਾਂ ਕੈ। [1]ਕੰਵਲ ਦਾ ਚਿੰਨ੍ਹ ਸੀ।
ਜੋ ਕੁਛ ਵਸਤੁ ਸੋਊ ਵਰਤਾਵੈ,
ਨਹਿੰ ਨਿਖੁਟਨੋਂ ਸਾਕੈ[1] ॥੧੮॥ [1]ਭਾਵ ਮੁਕਦੀ ਨਹੀਂ ਸੀ।
ਬੁੱਢਾ ਸਿੰਘ ਨੌਧ ਸਿੰਘ ਚੜ੍ਹ ਸਿੰਘ,
ਚੰਦਾ ਸਿੰਘ, ਸੁਜਾਨਾ।
ਹਰੀ ਸਿੰਘ ਭੰਗੀ, ਦੇਵਾ ਸਿੰਘ,
ਕਰਮ ਅਤਰ ਸਿੰਘ, ਖਾਨਾ।
ਫਤੇ ਸਿੰਘ ਮਲਵਈ ਪ੍ਰੇਮ ਸਿੰਘ,
ਧਰਮ ਸਿੰਘ, ਗੁਰਦਿੱਤਾ।

ਦੀਪ ਸਿੰਘ ਸ਼ਹੀਦ, ਨਥਾ ਸਿੰਘ,
ਕਰਮ ਸਿੰਘ, ਆਜਿੱਤਾ ॥੧੯॥
ਇੱਤਯਾਦਿਕ ਸਿੰਘ ਥੇ ਬਹੁ ਮੁਖੀਏ,
ਇਕ ਮੁੱਠੀ[1] ਸਭਿ ਰੈਹੈਂ। — [1]ਇਕ ਮੁੱਠ ਭਾਵ ਏਕਤਾ ਨਾਲ।
ਮੱਜਨ ਕਰੈਂ ਸੁਧਾਸਰ ਜੱਜਨ,
ਭਜਨ ਸਜਨਤਾ ਗੈਹੈਂ[1]। — [1]ਅੰਮ੍ਰਿਤ ਸਰੋਵਰ 'ਚ ਇਸ਼ਨਾਨ ਕਰ ਕੇ ਹਰਿਮੰਦਰ ਸਾਹਿਬ ਦੀ ਪੂਜਾ ਕਰਦੇ ਹਨ ਅਤੇ ਭਜਨ ਤੇ ਮਿੱਤ੍ਰਤਾ ਨੂੰ ਗ੍ਰਹਿਣ ਕਰਦੇ ਹਨ।

ਬਾਣੀ ਪਢੈਂ, ਸੇਵ ਅਸ੍ਵ ਆਯੁਧ,
ਦੇਗਨ ਕੀ ਬਹੁ ਕਰਹੀਂ[1]। — [1]ਘੋੜਿਆਂ, ਸ਼ਸਤ੍ਰਾਂ ਤੇ ਲੰਗਰਾਂ ਦੀ ਬਹੁਤ ਸੇਵਾ ਕਰਦੇ ਹਨ।
ਕਾਹੂ ਸੰਗ ਸ਼ਰੀਕਤ[1] ਕੋਊ, — [1]ਵੈਰ ਵਿਰੋਧ।
ਕਬੀ ਨ ਕਿੰਚਤ ਧਰਹੀਂ ॥੨੦॥
ਏਕ ਵਖਤ ਵਰਤੈ ਨਿਤ ਲੰਗਰ,
ਸਭਿ ਕੋ ਬਾਂਛਿਤ[1] ਮਿਲਹੀਂ। — [1]ਮਨ-ਭਾਉਂਦਾ।
ਅਸਟ ਪਹਿਰ ਮੈਂ ਰੁੱਖਾ ਮਿੱਸਾ,
ਪੰਚਾਮ੍ਰਿਤ ਕਰਿ ਗਿਲਹੀਂ[1]। — [1]ਕੜਾਹ ਪ੍ਰਸ਼ਾਦ ਜਾਣ ਕੇ ਛਕਦੇ ਹਨ।
ਆਪਸ ਮਾਹਿਂ ਪਜਾਰ ਸਭਿ ਰਾਖੈਂ,
ਜੈਸ ਸਹੋਦਰ ਭਾਈ[1]। — [1]ਸਕੇ ਭਰਾ।
ਪੇਖਿ ਸਿੰਘ ਕੋ ਸਿੰਘ ਖੁਸ਼ੀ ਹ੍ਵੈਂ,
ਕਰੈਂ ਸੇਵ ਅਧਿਕਾਈ ॥੨੧॥

ਦੋਹਰਾ:
ਦਰਬ ਕਹੀਂ ਤੈ ਜੋ ਕੋਊ,
ਲਜਾਵੈ ਸਿੰਘ ਕਮਾਇ।
ਸੋ ਨਿਜ ਢਿਗ ਨਹਿਂ ਰਾਖਹੀ,
ਦੇਤ ਖਜਾਨੇ ਪਾਇ ॥੨੨॥

ਚੌਪਈ:
ਅਸਨ ਬਸਨ ਜੇਤਿਕ ਬਰਤਾਰੇ[1]। — [1]ਭੋਜਨ ਤੇ ਬਸਤ੍ਰ ਜਿੰਨਾ ਕੁ ਆਪਣੇ ਹਿੱਸੇ ਦਾ।
ਮਿਲੈਂ ਖਜਾਨਜੋਂ ਲਹਿਂ ਮੁਦ ਧਾਰੇ।
ਹੁਤੀ ਰੀਤਿ ਸਿੰਘਨ ਕੀ ਤਬਿ ਯਹਿ।
ਦੁਇ ਦੁਇ ਕੱਛਾਂ ਸਭਿ ਕੇ ਲਘੁ[1] ਰਹਿਂ ॥੨੩॥ — [1]ਛੋਟੀਆਂ।

ਖੱਦਰ ਚੌਸੀ ਕੇਰ ਦੁਮਾਲੇ[1]। — [1]ਚੌਸੀ ਦੇ ਖੱਦਰ ਦੇ ਦਸਤਾਰੇ (ਚੌਸੀ=ਉਹ ਖੱਦਰ ਜਿਸ ਦੀ ਤਾਣੀ ਵਿੱਚ ਚਾਰ ਸੌ ਤੰਦ ਹੁੰਦਾ ਹੈ)।

ਸਾਫੇ ਉਭੈ ਹਜੂਰੀ[1] ਨਾਲੇ। — [1]ਦੋ ਹਜ਼ੂਰੀਏ ਸਾਫੇ (ਪਰਨੇ)।

ਇਕ ਇਕ ਭੂਰਾ ਗਾਤੀ ਹੇਤੈਂ[1]। — [1]ਗਿਲਤੀ ਵਾਸਤੇ।

ਦੂਸਰ ਭੂਰਾ ਸਭਿ ਕੰਮ ਦੇਤੈਂ ॥੨੪॥

ਇਤਿਕ ਪੁਸ਼ਾਕੀ ਬਾਰੋਂ ਮਾਸੈਂ।

ਰਾਖਤ ਥੇ ਤਬਿ ਸਭਿ ਸਿੰਘ ਖਾਸੈਂ[1]। — [1]ਆਪਣੇ ਪਾਸ।

ਇਸ ਤੇ ਅਧਿਕ ਨਰਖਤ ਕਦਾਈ।

ਰਹਿਤ ਭਜਨ ਮੈਂ ਲੀਨ ਸਦਾਈ ॥੨੫॥

ਜਿਸ ਕਾ ਦਿਲ ਚਾਹਿਤ ਥਾ ਜੇਤਿਕ।

ਸ਼ਸਤ੍ਰ ਰਖਤ ਹੁਤੋ ਸਿੰਘ ਤੇਤਿਕ।

ਕਮ ਸੈਂ ਕਮ ਮਣ ਮਣ ਭਰ ਭਾਰੈਂ।

ਰਾਖਤ ਥੇ ਸਭਿ ਹੀ ਮੁਦ ਧਾਰੈਂ ॥੨੬॥

ਪੇਟੀ[1] ਟੋਪ ਸੰਜੋਇ ਫੁਲਾਦੀ। — [1]ਪੇਟ ਉਪਰ ਬੰਨ੍ਹਣ ਦਾ ਤਸਮਾ।

ਪਹਿਰਤ ਥੇ ਬਹੁ ਧਰਿ ਮਨਿ ਸ਼ਾਦੀ[1]। — [1]ਮਨ ਵਿੱਚ ਖੁਸ਼ੀ ਧਾਰ ਕੇ।

ਹੁਤੋ ਸੁਭਾਵ ਪੰਥ ਕਾ ਤਬਿ ਯਹਿ।

ਲੂਟ ਮਾਰ ਤੇ ਜੋ ਕੁਛ ਮਿਲ ਜਹਿ[1] ॥੨੭॥ — [1]ਮਿਲ ਜਾਂਦਾ ਸੀ।

ਜਥੇਦਾਰ ਕੋ ਲਜਾਇ ਸਭਿ ਦੈਹੀਂ।

ਜੋ ਵਹਿ ਦੇਤ ਮੋਦ ਭਰਿ ਲੈਹੀਂ।

ਅਤਿਸਹਿਤਾ[1] ਮਤਸਰ[2] ਨਹਿਂ ਰਖਤੇ। — [1]ਦੂਜੇ ਦੀ ਮਾਣ ਵਡਿਆਈ ਵੇਖ ਕੇ ਨਾ ਸਹਾਰਨ ਦਾ ਸੁਭਾਵ। [2]ਈਰਖਾ।

ਬਲਕਿਨ[1] ਦੂਸਰ ਕੋ ਦੈ ਖੁਸ਼ ਥੇ ॥੨੮॥ — [1]ਸਗੋਂ।

ਏਕ ਦੂਸਰੇ ਕੋ ਅਤਿ ਪਜਾਰਾ।

ਮਾਨਤ ਹੁਤੇ ਪ੍ਰਾਨ ਤੈ ਭਾਰਾ।

ਗੁਰੁ ਰੂਪ ਲਖਿ ਪੰਥ ਖਾਲਸੈਂ।

ਕਰਤੇ ਸੇਵਾ ਟਾਲ ਆਲਸੈਂ ॥੨੯॥

ਕਿਸੀ ਵਸਤੁ ਮੈਂ ਸ੍ਵੱਤ[1] ਨਰਖਤੇ। — [1]ਅਪਣੱਤ।

ਵਸਤੂ ਸਭੈ ਗੁਰੂ ਕੀ ਲਖਤੇ[1]। — [1]ਜਾਣਦੇ।

ਸਿਰੋਂ ਪਰੇ ਰਖਤੇ ਨਿਤ ਡੇਰੇ[1]। — [1]ਭਾਵ ਮੌਤ ਤੋਂ ਬੇਪ੍ਰਵਾਹਰਹਿੰਦੇ ਸਨ।

ਸਿਦਕੀ ਇਕ ਤੈ ਏਕ ਬਧੇਰੇ ॥੩੦॥

ਅਰ ਸਭਿ ਕੋ ਨਿਸਚਾ ਥਾ ਏਹੈ।
ਸਭਿ ਕੋ ਗੁਰੁ ਪਤਿਸ਼ਾਹੀ ਦੇਹੈ।
ਹੱਨੇ ਹੱਨੇ ਹ੍ਵੈ ਪਤਿਸ਼ਾਹੀ[1]। [1]ਭਾਵ ਹਰ ਘੋੜ-ਸਵਾਰ ਬਾਦਸ਼ਾਹ ਹੋਵੇਗਾ।
ਬਚਨ ਗੁਰੂ ਕਾ ਬਜਰਥ ਨ ਜਾਈ ॥੩੧॥
ਯਾਹੀ ਤੈ ਦ੍ਰਿਢ ਸ਼ਾਹੀ ਦਾਵਾ[1]। [1]ਬਾਦਸ਼ਾਹੀ ਦਾ ਦਾਅਵਾ।
ਸਿੰਘਨ ਰਖਿ ਦਿਢ ਪੰਥ ਬਢਾਵਾ।
ਥਾ ਇਤਫਾਕ[1] ਇਕਾਯਤ ਭਾਰਾ। [1]ਏਕਾ।
ਅੰਗਰੇਜ਼ਨ ਤੈ ਅਧਿਕ ਅਪਾਰਾ ॥੩੨॥
ਕੁੱਕੜ ਕਾਕ[1] ਕਲਾਲ[2] ਸੁਕਾਇਤ[3]। [1]ਕਾਂ। [2]ਇਕ ਜਾਤੀ। [3]ਤੋਤੇ।
ਇਨ ਤੇ ਦਹਿ ਗੁਨ ਥਾ ਅਪਨਾਇਤ[1]। [1]ਅਪਣੱਤ ਸੀ ਭਾਵ ਏਕਾ ਸੀ।
ਜਵਾਂ-ਮਰਦ ਥੇ ਸੂਰਬੀਰ ਅਤਿ।
ਸਤਵਾਦੀ ਇਤਕਾਦੀ ਗੁਰਮਤਿ[1] ॥੩੩॥ [1]ਸੱਚ ਬੋਲਣ ਵਾਲੇ ਤੇ ਗੁਰਮਤਿ 'ਤੇ ਭਰੋਸਾਰੱਖਣ ਵਾਲੇ।
ਕਾਮ ਪਰਤ ਥਾ ਜੋ ਕੁਛ ਕਬਿ ਹੀ।
ਕਰਤ ਗੁਰਮਤਾ ਮਿਲ ਕਰਿ ਸਭਿ ਹੀ।
ਜਥੇਦਾਰ ਜੋ ਕੁਛ ਕਹਿ ਦੇਤਾ।
ਸੋਈ ਪੰਥ ਮਾਨ ਸਭਿ ਲੇਤਾ ॥੩੪॥
ਮਨ ਤਨ ਧਨ ਸਭਿ ਗੁਰੁ ਕਾ ਲਖਤੇ[1]। [1]ਜਾਣਦੇ।
ਦਾਈਯੇ[1] ਸੀਸ ਦੈਨ ਲੌ ਰਖਤੇ। [1]ਇਰਾਦੇ, ਸੰਕਲਪ।
ਸਿੰਘ ਮਿਲਨ ਜੋ ਨਿਜ ਘਰਿ ਜਾਵੈ।
ਆਵਤ ਅਵਰਨ ਸੰਗ ਲਯਾਵੈ ॥੩੫॥
ਔਰ ਦਾਰਦੀ[1] ਲੋਗ ਸੁ ਜੇਤੇ। [1]ਸੁਸਤ।
ਧਾਮ ਕਾਮ ਕੇ ਯੋਗ ਨ ਜੇ ਥੇ।
ਆਇ ਪਾਨ ਜਬਿ ਅੰਮ੍ਰਿਤ ਕਰਿਹੀਂ।
ਸਜਾਰ ਸਸਕ ਤੈ ਹ੍ਵੈ ਸਿੰਘ ਚਰਹੀਂ[1] ॥੩੬॥ [1]ਗਿਦੜ ਤੇ ਸਹੇ ਤੋਂ ਸ਼ੇਰ ਹੋ ਕੇ ਵਿਚਰਦੇ ਸਨ।
ਕਾਕਨ ਤੈ ਕੋਕਿਲ ਕਲ ਹੋਏ[1]। [1]ਕਾਵਾਂ ਤੋਂ ਸੁੰਦਰ ਕੋਇਲਾਂ ਹੋ ਗਏ।
ਬਗੁਲੇ ਹੰਸ ਭਏ ਹਮ ਜੋਏ[1]। [1]ਅਸਾਂ ਦੇਖੇ ਹਨ।
ਖੁੰਢੀ ਤੇਗ ਦਰਿੱਦ੍ਰੀ ਜੇਹਾ[1]। [1]ਦਲਿਦ੍ਰੀ ਆਦਮੀ ਖੁੰਢੀ ਤਲਵਾਰ ਵਰਗਾ ਹੈ।
ਟਹਿਲ ਮਸਕਲਾ ਸੰਗ ਸਨੇਹਾ[1] ॥੩੭॥ [1]ਸਿੰਘਾਂ ਦੀ ਟਹਿਲ ਨਾਲ ਪਿਆਰ ਕਰਨਾ (ਮਸਕਲਾ) ਨਿਕਲ ਕਰਨ ਦਾ ਸੰਦ ਹੈ।
ਸਿੰਘਨ ਦ੍ਰਿਸ਼ਟ ਸਾਨ ਜਬਿ ਲਾਗੀ[1]। [1]ਸਿੰਘਾਂ ਦੀ ਮਿਹਰ ਦੀ ਨਿਗਾਹ ਰੂਪ ਸਾਣ 'ਤੇ ਜਦੋਂ ਉਹ

ਦਲਿਦ੍ਰੀ ਰੂਪ ਖੁੰਢੀ ਤੇਗ ਲੱਗੀ।
ਅੰਮ੍ਰਿਤ ਪਾਨ ਓਪਨੀ ਪਾਗੀ[1]। — [1]ਅੰਮ੍ਰਿਤ ਛਕਣ ਰੂਪ ਓਪਨੀ ਨਾਲ (ਪਾਗੀ) ਰੰਗਿਆ ਗਿਆ। (ਓਪਨੀ-ਚਮਕਾਉਣ (ਲਿਸ਼ਕਾਉਣ) ਦਾ ਸੰਦ, ਇਕ ਨਰਮ ਸਾਣ, ਜਿਸ ਉੱਪਰ ਸ਼ਸਤ੍ਰ ਨੂੰ ਲਾ ਕੇ ਚਮਕ ਦਿੱਤੀ ਜਾਂਦੀ ਹੈ।)
ਸੁੱਧਿ ਬੁੱਧਿ ਜਿਨ ਐਸੀ ਭਾਰੈਂ।
ਕਜੋਂ ਨਹਿਂ ਦੁਵਿਧਾ ਅਸੁਰਹਿਂ[1] ਮਾਰੈਂ ॥੩੮॥ — [1]ਦੁਬਿਧਾ ਨੂੰ ਅਤੇ ਦੈਂਤਾਂ ਭਾਵ ਜ਼ਾਲਮ ਤੁਰਕਾਂ ਨੂੰ।
ਬਹੁਤ ਪੰਥ ਤਬਿ ਬਾਧਾ[1] ਹੂਆ। — [1]ਵਾਧਾ।
ਤੇਜ ਤੁਰਕ ਰਹਿ ਨਿਤ ਪ੍ਰਤਿ ਮੂਆ।
ਭਯੋ ਦੂਰ ਜਬਿ ਖੌਫ ਕਸਾਲਾ[1]। — [1]ਕਸ਼ਟ ਦਾ ਡਰ।
ਰਚਿ ਬੈਠੇ ਸਿੰਘ ਬਹੁ ਧ੍ਰਮ-ਸਾਲਾ ॥੩੯॥
ਬਹੁ ਸਿੰਘਨ ਤਬਿ ਯਹਿ ਪ੍ਰਣ ਪਕੜੇ।
ਖੇਤੀ ਕਰੈਂ ਸੁ ਹ੍ਵੈ ਕਰਿ ਤਕੜੇ।
ਦੈ ਕਰਿ ਕਰੁ[1] ਜੋ ਕੁਛ ਬਚ ਜਾਵੈ। — [1]ਹਾਲਾ, ਮਾਮਲਾ।
ਸੋਊ ਪੰਥ ਕੇ ਪਾਸ ਪਠਾਵੈਂ ॥੪੦॥

ਦੋਹਰਾ:

ਕਿਤਿਕ ਕਾਲ ਜਬਿ ਯੋਂ ਬਿਤਯੋ,
ਬਢਗੋ ਪੰਥ ਬਿਸਾਲ।
ਕਰਿ ਨੁਵਾਬ[1] ਫਿਰ ਗੁਰਮਤਾ, — [1]ਕਪੂਰ ਸਿੰਘ ਨੇ।
ਜਥੇ ਪਾਂਚ ਕਿਯ ਭਾਲ[1] ॥੪੧॥ — [1](ਸਿੰਘਾਂ ਨੂੰ) ਟੋਲ ਕੇ।

ਚੌਪਈ:

ਇਕ ਦਿਨ ਲਾਇ ਨੁਵਾਬ ਦਿਵਾਨੈ।
ਕਰਿ ਸਲਾਹਿ ਸੰਗ ਪੰਥ ਮਹਾਨੈ।
ਪਾਂਚ ਨਿਸ਼ਾਨ ਤੁਰਤ ਮੰਗਵਾਏ।
ਆਗੇ ਤਖਤ ਅਕਾਲ ਝੁਲਾਏ ॥੪੨॥
ਪੰਥ ਖਾਲਸੇ ਕਾ ਰਚਿ ਠਾਟੈ[1]। — [1]ਬਣਾਏ ਹੋਏ ਸਾਮਾਨ ਦੀ।
ਪਾਂਚ ਠੌਰ ਕੀਨੀ ਪੁਨ ਬਾਂਟੈ[1]। — [1]ਵੰਡ ਕੀਤੀ।
ਦੀਪ ਸਿੰਘ ਸ਼ਹੀਦ, ਕਰਮ ਹਰਿ[1]। — [1]ਸਿੰਘ।
ਦਯੋ ਜਥਾ ਇਕ ਇਨੈਂ ਮੋਦ ਭਰਿ ॥੪੩॥
ਕਰਮ[1], ਧਰਮ ਸਿੰਘ ਅੰਮ੍ਰਿਤ-ਸਰੀਏ। — [1](ਸਿੰਘ)।
ਦੀਨੋ ਦੂਜਾ ਜਾਤਿ ਖਤਰੀਏ।

ਕਾਨ੍ਹ, ਬਿਨੋਦ ਸਿੰਘ ਦੁਇ ਬਾਵੇ।
ਤੇਹਣ ਭੱਲਾ ਗੋਤ ਸਦਾਵੇ ॥੪੪॥
ਤੀਸਰ ਕਰਜੋ ਸਪੁਰਦ ਸੁ ਇਨ ਕੇ।
ਸਤਿਗੁਰੁ ਅੰਸ ਕਹੈਂ ਗੁਨਿ ਜਿਨ ਕੇ[1]।

[1]ਵਿਚਾਰ ਲਉ ਕਿ ਜਿਨ੍ਹਾਂ ਨੂੰ ਸਤਿਗੁਰਾਂ ਦੀ ਅੰਸ (ਉਲਾਦ) ਕਹਿੰਦੇ ਹਨ।

ਸਿੰਘ ਦਸੋਂਧੈ ਚਤਰਥ ਦੀਨਾ।
ਗਿੱਲ ਗੋਤ ਜਟ ਜਾਤਿ ਪ੍ਰਬੀਨਾ ॥੪੫॥
ਬੁੱਢੇ-ਕੋਟ[1] ਸੁ ਗਹਿਨੇ ਵਾਰਾ।

[1]ਪਿੰਡ ਦਾ।

ਪੰਚਮ ਕੀ ਅਬਿ ਸੁਣੋ ਵਿਚਾਰਾ।
ਬਾਲਮੀਕ ਜੋ ਲਿਯ ਅਵਤਾਰੈ।
ਜੀਵਣ ਸਿੰਘ, ਬੀਰ ਸਿੰਘ ਧਾਰੈ[1] ॥੪੬॥

[1]ਉਸ ਬਾਲਮੀਕ ਨੇ ਜੀਵਨ ਸਿੰਘ ਤੇ ਬੀਰ ਸਿੰਘ ਦਾ ਸਰੂਪ ਧਾਰਿਆ।

ਪੁਨਰਵਿਦਾਸ ਭਗਤ ਅਵਤਾਰੀ।
ਮਦਨ ਸਿੰਘ, ਸੂਰਾ ਸਿੰਘ ਭਾਰੀ[1]।

[1]ਭਾਰੀ ਅਵਤਾਰ ਹੋਏ ਹਨ।

ਸਤਿਗੁਰੁ ਢਿਗ ਜਿਨ ਸੇਵ ਕਰੀ ਬਹੁ।
ਬ੍ਰਿਧ ਭਏ ਥੇ ਜੰਗ ਕਰਤ ਵਹੁ ॥੪੭॥
ਪੰਚਮ ਜਥਾ ਦੀਨ ਇਨ ਤਾਈਂ।
ਥਾ ਅਸਵਾਰ ਹਜਾਰ ਤਦਾਈਂ[1]।

[1]ਤਦੋਂ (ਇਨ੍ਹਾਂ ਪਾਸ)।

ਜਿਸ ਮੈਂ ਬਹੁ ਰਵਿਦਾਸੀਏ ਮਜ਼ਬੀ।
ਜੰਗ ਜਦਲ ਹਿਤ ਜੋਧੇ ਗਜ਼ਬੀ[1] ॥੪੮॥

[1]ਲੜਨ ਭਿੜਨ ਨੂੰ (ਗਜ਼ਬੀ) ਅਸਚਰਜ ਜੋਧੇ ਸਨ।

ਔਰ ਸਿੰਘ ਵੈਸੇ ਥੇ ਜੋਈ[1]।

[1]ਇਨ੍ਹਾਂ ਤੋਂ ਵੱਖਰੇ ਜੋ ਹੋਰ ਉਸੇ ਤਰ੍ਹਾਂ ਦੀਆਂ ਜ਼ਾਤਾਂ ਦੇ ਸਿੰਘ ਸਨ।

ਦਏ ਪੂਰ ਉਨਹੀਂ ਮੈਂ ਸੋਈ[1]।

[1]ਉਹ ਉਨ੍ਹਾਂ ਭਾਵ ਪੰਜਵੇਂ ਜੱਥੇ ਵਿੱਚ ਭਰ ਦਿੱਤੇ।

ਬੀਰ ਸਿੰਘ ਮਜ਼ਬੀ ਕੀ ਸਾਖੀ।
ਤਿਵੈਂ ਸੁਨੈਹੋਂ ਜਸੋਂ ਸੁਨ ਰਾਖੀ ॥੪੯॥
ਇਕ ਦਿਨ ਦਸਮ ਗੁਰੂ ਦਮਦਮੇਂ।
ਬੈਠੇ ਥੇ ਦਿਵਾਨ ਮਧ ਜਮੇਂ[1]।

[1]ਟਿਕੇ।

ਏਕ ਬੰਦੂਕ ਦੁਨਾਲੀ ਆਈ।
ਸਤਿਗੁਰੁ ਭਰਿ ਗੁਲਕਾ ਸੰਧਾਈ[1] ॥੫੦॥

[1]ਗੋਲੀ ਭਰ ਕੇ (ਬੰਦੂਕ) ਸਿੰਨ੍ਹੀ।

ਕਹਜੋ ਨਿਸ਼ਾਨਾ ਸਿੰਘ ਅਬਿ ਕੋਈ।
ਹਮਰੀ ਇਸ ਬੰਦੂਖ ਕਾ ਹੋਈ।

ਸੁਨਿ ਯਹਿ ਸਭਿ ਹੀ ਨੈ ਚੁਪ ਲੀਨੀ।
ਕਿਨੈ ਨ ਜੁਰਤ[1] ਦੇਨ ਸਿਰ ਕੀਨੀ ॥੫੧॥
[1]ਦਲੇਰੀ।
ਫਿਰ ਡੱਲੇ ਪ੍ਰਤਿ ਐਸ ਉਚਾਰਾ।
ਨਿੱਡਰ ਸੂਰਬੀਰ ਜੋ ਥਾਰਾ।
ਖੜ੍ਹਾ ਕਰੋ ਤਿਹ ਸੰਮੁਖ ਏਖੈਂ[1]।
[1]ਅੱਖਾਂ ਦੇ ਸਾਹਮਣੇ।
ਹਮ ਬੰਦੂਖ ਕੀ ਮਾਰ ਪਰੇਖੈਂ[1] ॥੫੨॥
[1]ਪਰਖੀਏ।
ਸੁਨ ਕੈ ਪਿਖਯੋ ਪਿਛਾਹਾਂ ਡੱਲੇ।
ਤਾਂ ਕੇ ਬੀਰ ਖਿਸਕ ਸਭਿ ਚੱਲੇ।
ਤੀਨ ਬਾਰ ਗੁਰੁ ਐਸ ਬਖਾਨਾ।
ਨਾਹਿੰ ਨਿਸ਼ਾਨਾਂ ਕੋਊ ਥਿਰਾਨਾ[1] ॥੫੩॥
[1]ਨਿਸ਼ਾਨੇ ਵਾਲੀ ਥਾਂ ਕੋਈ ਖੜ੍ਹਾ ਨਾ ਹੋਇਆ।
ਦੂਰ ਦ੍ਰਖਤ ਹੇਠ ਸਿੰਘ ਔਰੈਂ।
ਹੁਤੇ ਰਹਿਤੀਏ[1] ਮਜ਼ਬੀ ਗੌਰੈਂ[2]।
[1]ਰਵਿਦਾਸੀਏ। [2]ਬਹੁਤੇ।
ਇਹੀ ਬਾਤ ਜਬਿ ਉਨ ਸੁਨ ਪਾਈ।
ਸ਼ੀਘਰ ਅਏ ਦੁਇ ਸਿੰਘ ਧਾਈ ॥੫੪॥
ਜੀਵਣ ਸਿੰਘ ਬੀਰ ਸਿੰਘ ਦੋਏ।
ਇਕ ਕੇ ਆਗੇ ਇਕ ਚਹਿ ਹੋਏ।
ਸਤਿਗੁਰੁ ਪੇਖਿ ਤਿਨੈ ਇਮ ਕਹਾ।
ਤੁਮ ਕਯੋਂ ਉਭੈ ਮਰਨਿ ਮਨ ਚਹਾ ॥੫੫॥
ਬੀਰ ਸਿੰਘ ਤਬਿ ਸਿੰਘ ਰੰਘੜੇਟੇ[1]।
[1]ਮਜ਼ਹਬੀ ਸਿੰਘ ਨੇ।
ਕਰੀ ਅਰਜ਼ ਇਮ ਸਿਦਕ ਲਿਪੇਟੇ।
ਹੇ ਪ੍ਰਭੁ ਕਬੀ ਮਰੈਂ ਹਮ ਨਾਂਹੀ।
ਤਨ ਤਜਿ ਗੁਰੂ ਲੋਕ ਮੈਂ ਜਾਹੀਂ ॥੫੬॥
ਇਕ ਰਸ ਜਹਿੰ ਅਨੰਦ ਸਦ ਰੈਹੈ।
ਕਾਲ ਕਰਾਲ[1] ਨ ਪਹੁੰਚ ਸਕੈ ਹੈ।
[1]ਭਿਆਨਕ।
ਅਰ ਹਮ ਸਿਰ ਉਸ ਹੀ ਦਿਨ ਦੀਏ।
ਜਾਂ ਦਿਨ ਸਿੱਖ ਆਪ ਕੇ ਥੀਏ ॥੫੭॥
ਦਾਸਨਿ ਦਾਸ ਨਿਸ਼ਾਨਾ ਏਹੈਂ[1]।
[1]ਇਨ੍ਹਾਂ (ਆਪ ਦੇ) ਦਾਸਾਂ ਦੇ ਦਾਸਾਂ ਨੂੰ।
ਸ਼ੀਘਰ ਕਰੋ ਬੰਦੂਖ ਨਿਜੈ ਹੈਂ[1]।
[1]ਛੇਤੀ ਆਪਣੀ ਬੰਦੂਕ ਦਾ ਨਸ਼ਾਨਾ ਬਣਾਉ।
ਕਹਯੋ ਗੁਰੂ ਹ੍ਵੈ ਆਗੈ ਪਾਛੈ।
ਥਿਰੋ ਕਵੈਂ ਦੁਹਿ ਮੈਂ ਸੇ ਆਛੈ ॥੫੮॥

ਸੁਨਿ ਵਹਿ ਸਿਦਕੀ ਸਮੁਖ ਥਿਰਾਏ।
ਗੁਰੁ ਕਰਿ ਊਪਰਿ ਦਈ ਚਲਾਏ।
ਪਰ ਵਹਿ ਸਿਦਕੀ ਜਰਾ ਨ ਡੋਲੇ।
ਦੇਖਿ ਸਿਦਕ ਗੁਰੁ ਖੁਸ਼ ਹ੍ਵੈ ਬੋਲੇ ॥੫੯॥
ਅਹੋ ਸਿੱਖ ! ਤੁਮ ਰਾਖੀ ਸਿੱਖੀ।
ਖੰਡਜੋਂ ਤਿੱਖੀ ਵਾਲਹੁਂ ਨਿੱਕੀ।
ਤੁਮ ਰੰਘੜੇਟੇ ਗੁਰੁ ਕੇ ਬੇਟੇ।
ਰਹੋ ਪੰਥ ਕੇ ਸੰਗ ਅਮੇਟੇ[1] ॥੬੦॥

[1]ਲਗਾਤਾਰ, ਇਕਰਸ।

ਤਬਿ ਗੁਰੁ ਤਿਨੈਂ ਸੁਧਾ ਛਕਵਾਯੋ*।

*ਮਜ਼੍ਹਬੀ, ਰਵਿਦਾਸੀਏ ਜਾਂ ਹੋਰ ਜ਼ਾਤਾਂ ਦੇ ਸਿੱਖਾਂ ਨੂੰ ਬਿਨਾਂ ਜਾਤਿ ਪਾਤਿ ਦੇ ਵਿਤਕਰੇ ਤੋਂ ਸਤਿਗੁਰਾਂ ਨੇ ਅੰਮ੍ਰਿਤ ਅਨੰਦਪੁਰ ਸਾਹਿਬ ਜੀ ਤੋਂ ਹੀ ਛਕਾਉਣਾ ਅਰੰਭ ਕੀਤਾ ਸੀ, ਜਦੋਂ ਕਿ ਹੋਰ ਸਾਰੇ ਖਾਲਸੇ ਨੂੰ ਅੰਮ੍ਰਿਤ ਛਕਾਇਆ ਸੀ।

ਤਿਨ ਤੈ ਆਗੇ ਔਰੈਂ ਪਾਯੋ।
ਤਬਿ ਤੈ ਮਜ਼ਬੀ ਸਿੰਘ ਹਠੀਲੇ।
ਅਰ ਰਵਦਾਸੀਏ ਥਏ ਰੰਗੀਲੇ[1] ॥੬੧॥

[1]ਸੁੰਦਰ (ਸਿੰਘ) ਸਜ ਗਏ।

ਅੰਮ੍ਰਿਤਸਰ ਪੂਰਬ ਦਿਸ ਹੇਰੋ।
ਹੈ ਅਬਿ ਲੌ ਬੁੰਗਾ ਤਿਨ ਕੇਰੋ।
ਮਾਲਕ ਚੌਥੇ ਪੌੜੈ ਕੇਰੈਂ।
ਯਾਹੀ ਤੈ ਸਭਿ ਜਨ ਤਿਨ ਟੇਰੈਂ[1] ॥੬੨॥

[1]ਸਰੋਵਰ ਦੀ ਚੌਥੀ ਬਾਹੀ ਦੇ ਮਾਲਕ ਭਾਵ ਚੌਥੀ ਬਾਹੀ ਦੀ ਸੇਵਾ ਸੰਭਾਲ ਦੀ ਜ਼ਿਮੇਂਵਾਰੀ ਇਨ੍ਹਾਂ ਕੋਲ ਸੀ, ਇਸੇ ਕਰ ਕੇ ਸਾਰੇ ਲੋਕ ਇਨ੍ਹਾਂ ਨੂੰ ਚੌਥੇ ਪੌੜੇ ਦੇ ਸਿੰਘ ਕਹਿੰਦੇ ਹਨ।

ਯਾ ਬਿਧਿ ਜਥੇ ਪਾਂਚ ਤਬਿ ਠਾਨੇ[1]।

[1]ਕਰਕੇ, ਬਣਾ ਕੇ।

ਪਾਂਚਨ ਕੋ ਦਿਯ ਪਾਂਚ ਨਿਸ਼ਾਨੇ।
ਇਕ ਇਕ ਦਯੋ ਨਗਾਰਾ ਸਭਿ ਕੈ।
ਜਿਹ ਸੁਨਿ ਦਲ ਤੁਰਕਨ ਕਾ ਦਬਕੈ[1] ॥੬੩॥

[1]ਦਬ ਜਾਵੇ।

ਅਵਰ ਖਜ਼ਾਨਾ ਪੈਸਾ ਜੇਤਾ।
ਦਿਯ ਬਰਤਾਇ ਸਭਿਨਿ ਕਹਿ ਤੇਤਾ।
ਪ੍ਰਥਮ ਬੀਜ ਜਯੋਂ ਪਾਂਚ ਭੁਜੰਗੀ[1]।

[1]ਪਹਿਲਾਂ ਬੀਜ ਵਾਂਗ ਪੰਜ ਸਿੰਘ ਭਾਵ ਪੰਜ ਪਿਆਰੇ (ਸਾਜ ਕੇ)।

ਤਾਂ ਪਰ ਸਜੀ ਰੀਤਿ ਗੁਰੁ ਚੰਗੀ[1] ॥੬੪॥

[1]ਅੱਗੋਂ ਤਿਨ੍ਹਾਂ (ਪੰਜਾਂ ਪਿਆਰਿਆਂ) ਉੱਪਰ ਗੁਰਾਂ ਨੇ ਚੰਗੀ ਮਰਯਾਦਾ ਬਣਾਈ।

ਪਾਂਚ ਜਥੇ ਤਯੋਂ ਪੰਥ ਰਚਾਏ।

ਗੁਰੁ ਕੇ ਬਚਨ ਇਹੀ ਥੇ ਆਏ[1]।
[1]ਗੁਰਬਾਣੀ ਵਿੱਚ ਗੁਰਾਂ ਦੇ ਬਚਨ ਵੀ ਏਹੋ ਹੀ ਆਏ ਸਨ।

ਤਥਾ ਹੀ

*ਪੰਚ ਪਰਵਾਨ ਪੰਚ ਪਰਧਾਨ[1] ॥
[1]ਪੰਜ ਸਿੱਖ ਹੀ ਪ੍ਰਵਾਣੀਕ ਹਨ ਅਤੇ ਪੰਜ ਸਿੱਖ ਹੀ ਪ੍ਰਧਾਨ ਹੋਣਗੇ। *ਇਹ ਤੁਕਾਂ ਜਪੁਜੀ ਸਾਹਿਬ ਦੀ ੧੫ਵੀਂ ਪਉੜੀ 'ਚੋਂ ਹਨ।

ਪੰਚੇ ਪਾਵਹਿ ਦਰਗਹਿ ਮਾਨ[1] ॥
[1]ਪੰਜੇ ਹੀ ਸਿੱਖ (ਦਰਗਾਹ) ਸੰਸਾਰ ਵਿੱਚ ਆਦਰ ਪਾਉਣਗੇ।

ਪੰਚੇ ਸੋਹਹਿ ਦਰਿਰਾਜਾਨ[1] ॥
[1]ਰਾਜ ਕਾਜ ਵਿੱਚ ਵੀ ਪੰਜੇ ਸਿੱਖ ਹੀ ਸਭਾਇਮਾਨ ਹੋਣਗੇ।

ਪੰਚਾ ਕਾ ਗੁਰੁ ਏਕ ਧਿਆਨ[1] ॥
[1](ਸਫਲਤਾ ਤਾਂ ਹੀ ਹੋਵੇਗੀ) ਜੇ ਪੰਜਾਂ ਦਾ ਇਕ ਗੁਰੂ 'ਚ ਧਿਆਨ ਹੋਵੇਗਾ।

ਇਨ ਪਾਂਚੋਂ ਜਥਜੋਂ ਤੈ ਔਰੈਂ।
ਜਥੇ ਪੰਥ ਕੇ ਥੀਏ ਗੌਰੈਂ[1] ॥੬੫॥
[1]ਵੱਡੇ।

ਰਚਿ ਨੁਵਾਬ ਇਮ ਪਾਂਚੋ ਠੌਰੈਂ।
ਦਏ ਉਤਾਰ ਛਾਵਨੀ ਤੌਰੈਂ[1]।
[1]ਫੌਜ ਦੀ ਛਾਉਣੀ ਦੇ ਢੰਗ ਨਾਲ।

ਮਰਜ਼ੀ ਮਿਲੀ ਜਾਹਿੰ ਦਿਸ ਜਾਹੂੰ।
ਗਏ ਸਿੰਘ ਸੋ ਤਿਸ ਹੀ ਮਾਹੂੰ ॥੬੬॥
ਪਾਂਚਕ ਸਹਿਸ, ਸਿੰਘ ਇਮ ਮੁਦਾ[1]।
[1](ਮੁਦਾ) ਮਤਲਬ (ਇਹ ਕਿ) ਇਸ ਤਰ੍ਹਾਂ ਪੰਜ ਹਜ਼ਾਰ ਸਿੰਘ।

ਕਰਜੋ ਨੁਵਾਬ ਆਪ ਤੈ ਜੁਦਾ।
ਆਖ ਰਹਜੋ ਬਨ ਸਭਿ ਕਾ ਮਾਲਕ।
ਸਭਿ ਬਿਵਹਾਰ ਰਖਜੋ ਨਿਜ ਤਾਲਕ[1] ॥੬੭॥
[1]ਸਾਰੇ ਕੰਮ ਨਾਲ ਆਪਣਾ ਸਬੰਧਰੱਖਿਆ।

ਪੰਥ ਹੁਕਮ ਸਭਿ ਤਿਸ ਕਾ ਮਾਨੈ।
ਸੋ ਭੀ ਸਭਿ ਕੋ ਸਮ ਹੀ ਜਾਨੈ।
ਪਾਂਚ ਜਥਜੋਂ ਤੈ ਬਾਕੀ ਜੇਈ।
ਰਹੇ ਨੁਵਾਬ ਪਾਸ ਬਹੁਤੇਈ ॥੬੮॥
ਸੋ ਤੋ ਬੁੱਢਾ-ਦਲ ਬਿਦਤਾਯੋ।
ਜਥੇ ਪਾਂਚ ਦਲ-ਤਰਣ[1] ਕਹਾਯੋ।
[1]ਤਰਣਾ-ਦਲ ਭਾਵ ਜਵਾਨ ਸਿੰਘਾਂ ਦਾ ਦਲ।

ਸ਼ਜਾਮ ਸਿੰਘ ਨਾਰੋਕਜਾ[1] ਵਾਲਾ।
[1]ਪਿੰਡ।

ਗੁਰਬਖਸ਼ ਸਿੰਘ ਇਕਰੋੜਾਂ ਵਾਲਾ ॥੬੯॥
ਹਰਿ ਗੁਰੁਬਖਸ਼ ਦੁਤੀ ਥਾ ਝੀਤਾ।
ਬਾਘ ਸਿੰਘ, ਹੱਲੋ ਕਾ ਮੀਤਾ[1]।
[1]ਮਿੱਤ੍ਰਤਾ ਵਾਲਾ।

ਡਲੇ ਵਾਲੀਆ ਸਿੰਘ ਗੁਰੁਦਜਾਲੈਂ।
ਕੁਵਰ ਸਿੰਘ, ਨਕਈ[1] ਬਿਸਾਲੈਂ ॥੭੦॥
[1]ਨੱਕੇ ਦੇਸ ਦਾ ਰਹਿਣ ਵਾਲਾ। (ਨੱਕਾ=ਲਾਹੌਰ ਤੋਂ ਦੱਖਣ

ਵੱਲਰਾਵੀ ਤੇ ਸਤਲੁਜ ਦੇ ਵਿਚਕਾਰ ਦਾ ਦੇਸ)।

ਭੋਮਾਂ ਸਿੰਘ, ਜੱਸਾ ਸਿੰਘ ਆਲੂ[1]।

[1]ਅਸਲ ਨਾਮ ਆਹਲੂ ਹੈ, ਇਹ ਪਿੰਡ ਲਾਹੌਰ ਤੋਂ ਪੰਜ ਕੋਹ ਪੂਰਬ ਵਲ ਹੈ।

ਨੌਧ ਸਿੰਘ ਚੜ੍ਹ ਸਿੰਘ ਬਿਸਾਲੂ।
ਇੱਤਜਾਦਿਕ ਸਿੰਘ ਨਾਮੀ ਗ੍ਰਾਮੀ[1]।
ਬੁਢੇ ਦਲ ਮੈਂ ਰਹੇ ਮੁਦਾਮੀ[1] ॥ ੭੧ ॥

[1]ਬਹੁਤ ਮਸ਼ਹੂਰ।
[1]ਹਮੇਸ਼ਾਂ।

ਇਨ ਸਭਿ ਸਿੰਘਨ ਕੀ ਸਭਿ ਗਾਥਾ।
ਨਿਰਨੈਂ ਕਰਿਹੋਂ ਤਹਾਂ ਬਿਖਜਾਤਾ।
ਇਨ ਕੀ ਮਿਸਲਾਂ ਜਹਾਂ ਲਿਖੈ ਹੈਂ।
ਇਨ ਕੇ ਹਾਲ ਤਹਾਂ ਸਭਿ ਕੈਹੈਂ ॥ ੭੨ ॥
ਮਨੀ ਸਿੰਘ ਦਰਬਾਰ ਪੁਜਾਰੀ।
ਸੂਰਬੀਰ ਥਾ ਬਜਾਸ-ਵਤਾਰੀ।
ਹਠੀ ਸਤੀ ਜਪ ਤਪ ਕੀ ਮੂਰਤਿ।
ਸਤੋ ਗੁਨੀ ਗਜਾਨੀ ਗੁਨ ਪੂਰਤ[1] ॥ ੭੩ ॥

[1]ਗੁਣਾਂ ਨਾਲ ਭਰਿਆ ਹੋਇਆ।

ਸੋ ਸਿੰਘਨ ਕੋ ਕਥਾ ਸੁਨਾਵੈ।
ਬੈਠਿ ਦਿਵਾਨ ਬੀਚ ਛਬਿ ਪਾਵੈ।
ਮਰਯਾਦਾ ਸਭਿ ਰਹਿਤ ਬਤਾਵੈ।
ਸਾਖੀ ਅਨਿਕ ਸੁਨਾਇ ਰਿਝਾਵੈ ॥ ੭੪ ॥
ਸਿੰਘ ਕਪੂਰ ਨੁਵਾਬ ਅਗਾਰੀ।
ਜੱਸਾ ਸਿੰਘ ਥਾ ਕਾਰ-ਗੁਜ਼ਾਰੀ[1]।

[1]ਮੁੱਖ ਪ੍ਰਬੰਧਕ।

ਬਾਲਕ ਰੂਪ ਅਨੂਪ ਹੁਤੋ ਯਹਿ।
ਦਾਣਾ ਬਰਤਾਵਤ ਸਭਿ ਕੋ ਰਹਿ ॥ ੭੫ ॥
ਇਕ ਦਿਨ ਸਿੰਘਨ ਬਹੁਤ ਅਕਾਯਾ[1]।

[1]ਤੰਗ ਕੀਤਾ।

ਰੋਵਤ ਚਲਿ ਨੁਵਾਬ ਢਿਗ ਆਯਾ।
ਦੈ ਕਰਿ ਪਜਾਰ ਪਾਸ ਬੈਠਾਰਾ।
ਵੀਚ ਦਿਵਾਨ ਨੁਵਾਬ ਉਚਾਰਾ ॥ ੭੬ ॥
ਪੰਥ ਨੁਵਾਬੀ ਦੀਨੀ ਮੋ ਕੋ।
ਪਾਤਿਸ਼ਾਹ ਕੀਨਾ ਮੈਂ ਤੋ ਕੋ।
ਕਰੋ ਪੰਥ ਕੀ ਸੇਵ ਕਮਾਲੈਂ[1]।
ਮਿਲੈ ਟਹਲ ਤੈ ਮਹਲ ਬਿਸਾਲੈਂ[1] ॥ ੭੭ ॥

[1]ਬਹੁਤੀ।
[1]ਸੇਵਾ ਤੋਂ ਹੀ ਵੱਡੀ (ਮਹਲ) ਪਦਵੀ ਪ੍ਰਾਪਤ ਹੋਵੇਗੀ

ਬਾਰਾਂ ਸਹਸ ਅੱਸ੍ਰ ਕੋ ਦਾਨਾ।
ਹਮ ਨੈ ਤੁਮ ਤੇ ਹੈ ਬ੍ਰਤਵਾਨਾ।
ਜਬਿ ਯਹਿ ਵਰ ਨੁਵਾਬ ਨੈ ਰਰਯੋ[1]। [1]ਕਿਹਾ।
ਵਾਹ ਵਾਹ ਸਭਿ ਪੰਥ ਉਚਰਯੋ ॥ ੭੮ ॥
ਜੱਸਾ ਸਿੰਘ ਕੋ ਉਸ ਦਿਨ ਤੈ ਤਬਿ।
ਲਗਜੋ ਕਹਨ ਪਤਿਸ਼ਾਹ ਪੰਥ ਸਭਿ।
ਅਸਲ ਹਾਲ ਜੱਸਾ ਸਿੰਘ ਕੇਰੋ।
ਆਗੇ ਚਲ ਕਰਿ ਲਿਖੋਂ ਵਧੇਰੋ ॥ ੭੯ ॥
ਜਹਾਂ ਮਿਸਲ ਲਿਖਹੋਂ ਤਿਸ ਕੇਰੈਂ।
ਔਰ ਸਭਿਨਿ ਕਾ ਤਹਿਂ ਹੀ ਟੇਰੈਂ ॥ ੮੦ ॥

ਦੋਹਰਾ:
ਯਾ ਬਿਧਿ ਸਭਿ ਬਿਵਹਾਰ ਤਬਿ,
ਚਲਤ ਪੰਥ ਕਾ ਨੀਕ।
ਦਿਨ ਦਿਨ ਹ੍ਵੈ ਪਰਤਾਪ ਵਡ,
ਦਬੇ ਤੁਰਕ ਰਹਿਂ ਠੀਕ ॥ ੮੧ ॥
ਪਾਂਚ ਹਜ਼ਾਰ ਰੁਪਯਾ ਜੋ,
ਆਇ ਮਾਸ ਦਰ ਮਾਸ[1]। [1]ਮਹੀਨੇ ਦੇ ਮਹੀਨੇ।
ਸੋ ਨੁਵਾਬ ਵਰਤਾਵਹੀ,
ਸਭਿ ਸਿੰਘਨ ਕੋ ਖਾਸ[1] ॥ ੮੨ ॥ [1]ਆਪ।
ਸੱਤਰਾਂ ਸਏ ਨਮਾਸੀਏ[1], [1]ਸੰ: ੧੭੯੯ ਬਿ: ਵਿੱਚ।
ਭਈ ਗਾਥ ਯਹਿ ਸਾਰ[1]। [1]ਸ੍ਰੇਸ਼ਟ।
ਅਬਿ ਅਧਜਾਇ ਪੂਰਨ ਭਯੋ,
ਗੁਰੁ ਪਦ ਪਦਮ ਜੁਹਾਰ[1] ॥ ੮੩ ॥ [1]ਗੁਰਾਂ ਦੇ ਚਰਨਾਂ ਕੰਵਲਾਂ 'ਤੇ ਨਮਸ਼ਕਾਰ ਕਰਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਸੁਧਾਸਰ ਖਿਰਾਵਨ, ਪੰਥ ਕੇ ਜਥੇਰਚਾਵਨ', ਬਰਨਨੰ ਨਾਮ ਸਤਾਈਸਮੋਂ ਬਿਸ੍ਰਾਮ ॥ ੨੭ ॥

੨੮. {ਤੁਰਕਾਂ ਤੇ ਸਿੰਘਾਂ ਦਾ ਵਿਰੋਧ, ਪੰਥ ਦਾ ਮਾਲਵੇ ਵਿੱਚ ਠਹਿਰਨਾ ਅਤੇ ਸਰਹੰਦ ਲੁੱਟਣੀ}

ਕਬਿੱਤੁ:

ਬਾਘਨੀ ਸੀ ਬਡਿਆਈ ਨਾਗਨੀ ਸੀ ਹੈ ਨਿਕਾਈ,
ਕਾਗਨੀ ਸੀ ਕੁਨਿਆਈ ਆਗਨੀ ਸੀ ਆਮਨਾ[1]।

[1](ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਆਪਣੀ) ਵਡਿਆਈ ਸ਼ੇਰਨੀ ਵਰਗੀ, ਆਪਣੀ ਚੰਗਿਆਈ ਸੱਪਣੀ ਵਰਰਗੀ, (ਕੁਨਿਆਈ) ਬੇਇਨਸਾਫ਼ੀ ਕਾਂ ਦੀ ਇਸਤ੍ਰੀ (ਕਾਉਣੀ) ਵਰਗੀ ਤੇ ਆਪਣੀ (ਆਮਨਾ) ਆਉ ਭਗਤ ਅੱਗ ਵਰਗੀ (ਲਗਦੀ) ਹੈ।

ਕਾਲ ਸੀ ਕੁਲੀਤਾਈ ਸਾਲ ਸੀ ਸੁਘਰਤਾਈ,
ਜਾਲ ਸੀ ਜਵਾਨੀ ਜਲ-ਜਾਮ ਸੀ ਜਿਤਾਮਨਾ[1]।

[1](ਜਿਨ੍ਹਾਂ ਨੂੰ) ਆਪਣੀ (ਕੁਲੀਨਤਾਈ) ਕੁਲ ਦੀ ਚੰਗਿਆਈ ਕਾਲ ਵਰਗੀ, ਚਤੁਰਾਈ ਸੱਲ (ਦੁੱਖ) ਵਰਗੀ, ਜਵਾਨੀ (ਜਾਲ) ਤੰਦੂਏ ਵਰਗੀ ਤੇ ਆਪਣੇ ਆਪ ਨੂੰ ਜਿਤਾਉਣਾ ਜਮਾਂ ਦੇ ਜਾਲ ਵਰਗਾ (ਲਗਦਾ ਸੀ)।

ਬਿਖ ਸੋਂ ਬਿਖੇ ਬਿਲਾਸ ਚਿਖ ਸੋਂ ਚਪਲ ਹਾਸ,
ਧਿਕ ਸੋਂ ਧਵਲ ਬਾਸ ਸੂਲ ਸੇਜ ਰਾਮਨਾ[1]।

[1](ਜਿਨ੍ਹਾਂ ਨੂੰ) ਵਿਸ਼ਿਆਂ ਦੇ ਕੌਤਕ ਜ਼ਹਿਰ ਵਰਗੇ, ਚੰਚਲ ਹਾਸਾ ਚਿਖਾ ਵਰਗਾ, ਮੰਦਰਾਂ ਦਾ ਵਸਣਾ ਫਿਟਕਾਰ ਵਰਗਾ, ਸੇਜਾ ਦਾ ਅਨੰਦ ਮਾਨਣਾ ਸੂਲਾਂ ਵਰਗਾ (ਲਗਦਾ ਸੀ)।

ਕਹਿਰ ਸੀ ਕਰਾਮਾਤ ਜ਼ਹਿਰ ਸੀ ਹੈ ਜਮਾਤ,
ਧੰਨ ਗੁਰੁ ਨੌਮ ਜਾਂ ਕੇ ਐਸੀ ਹੀ ਭਾਵਨਾ[1] ॥੧॥

[1]ਕਰਾਮਾਤ ਦਿਖਾਉਣੀ ਕਹਿਰ ਵਰਗੀ, (ਜਮਾਤ) ਬਹੁਤਾ ਇਕੱਠ ਜ਼ਹਿਰ ਵਰਗਾ (ਲਗਦਾ ਸੀ)। ਧੰਨ ਹਨ ਨੌਵੇਂ ਗੁਰੂ (ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ) ਜਿਨ੍ਹਾਂ (ਦੇ ਮਨ) ਦੀ ਐਸੀ ਭਾਵਨਾ ਰਹੀ ਹੈ।

ਦੋਹਰਾ:

ਪੂਰਨ ਪ੍ਰਭਤਾ ਬਿਭੌ ਜਿਮ,
ਸ਼ਕਤਿ ਈਸ਼ ਸਮ ਪਾਇ[1]।

[1]ਜਿਵੇਂ ਪੂਰਨ (ਪ੍ਰਭਤਾ) ਵਡਿਆਈ, (ਬਿਭੌ) ਬਿਭੂਤੀ ਤੇ ਈਸ਼ਰ ਵਾਂਗ ਸ਼ਕਤੀ ਪਾਈ ਹੈ।

ਤਿਮ ਪੂਰਨ ਵੈਰਾਗ ਧਰਿ,
ਰਹੇ ਕੰਜ ਜਲ ਭਾਇ[1] ॥੨॥

[1]ਤਿਵੇਂ ਪੂਰਨ ਵੈਰਾਗ ਧਾਰ ਕੇ ਪਾਣੀ ਵਿੱਚ ਕੰਵਲ ਦੇ ਰਹਿਣ ਵਾਂਗ ਨਿਰਲੇਪ ਰਹੇ।

ਤਯਾਗ ਬਹਾਦਰ ਗੁਰੂ ਕੇ,
ਪਦ ਅਰਬਿੰਦ ਧਿਯਾਇ[1]।

[1]ਤੇਗ਼ ਬਹਾਦਰ ਸਤਿਗੁਰੂ ਜੀ ਦੇ ਚਰਨ ਕੰਵਲਾਂ ਦਾ ਧਿਆਨ ਕਰਕੇ।

ਸੁਨੋ ਸਰੋਤਾ ਸੁਮਤਿ ਸਭਿ,
ਕਥੋਂ ਕਥਾ ਮੁਦ ਦਾਇ[1] ॥੩॥

[1]ਮੈਂ ਅਨੰਦ ਦੇਣ ਵਾਲੀ ਕਥਾ ਉਚਾਰਨ ਕਰਦਾ ਹਾਂ, ਹੇ ਚੰਗੀ

ਮੱਤ ਵਾਲੇ ਸਾਰੇ ਸ੍ਰੋਤਾ ਜਨੋ (ਤੁਸੀਂ) ਸੁਣੋ।

ਫਿਰ ਬਿਰੋਧ ਜਿਮ ਪੰਥ ਸੈਂ,
ਤੁਰਕੈਂ ਕੀਨ ਬੁਲੰਦ[1]।
ਪੰਥ ਮਾਲਵੇ ਜਾ ਰਹਜੋ,
ਲੂਟੀ ਜੈਸ ਸਰ੍ਹੰਦ ॥ ੪ ॥
ਸੋ ਗਾਥਾ ਇਸ ਧਜਾਇ ਮੈਂ,
ਬਰਨਨ ਕਰੋਂ ਵਿਚਾਰ।
ਸੁਨੋ ਖਾਲਸਾ ਜੀ ਭਲੇ,
ਸਿਦਕ ਰਖੈ ਕਰਤਾਰ ॥ ੫ ॥

[1]ਬਹੁਤਾ।

ਗੀਆ ਛੰਦ:
ਜਬਿ ਜਥੇ ਬਨਿ ਸਿੰਘਾਨ ਕੇ,
ਪੁਨਿ ਗਏ ਦੇਸ ਬਿਦੇਸ ਹੈਂ।
ਕਰਿ ਪੁਰੀ ਆਨੰਦ ਹੋਲਾ ਮੇਲਾ,
ਖੇਲ ਝੇਲ ਬਿਸੇਸ[1] ਹੈਂ।

[1]ਬਹੁਤੇ ਖੇਲ (ਝੇਲ) ਕਰਦੇ ਹੋਏ।

ਗੁਰਬਖਸ਼ ਸਿੰਘ ਨਿਜ ਜਥੇ ਯੁਤ,
ਚਲਿ ਦੇਸ ਦੂਾਬੇ ਮੈਂ ਧਸਜੋ।
ਸਿੰਘ ਮਜ਼ਬੀਓਂ ਕਾ ਜਥਾ,
ਪੁਰਿ-ਗੁਰਦਾਸ ਓਰੈਂ ਥਾ ਰਸਜੋ[1] ॥ ੬ ॥

[1](ਰਸਜੋ) ਖ਼ੁਸ਼ੀ ਨਾਲ (ਜਾ ਰਿਹਾ) ਸੀ।

ਸਿੰਘ ਹਰੀ ਭੰਗੀ, ਕੌਰ ਸਿੰਘ,
ਇਹੁ ਚੂਹਣੀਆਂ ਕੀ ਦਿਸ ਗਏ।
ਜੁਗ[1] ਜਥੇ ਮਾਲਵ ਦੇਸ ਮੈਂ,
ਇਮ ਬਿਥਰਤੇ ਹੀ ਸਭਿ ਭਏ[1]।
ਤਬਿ ਦੀਪ ਸਿੰਘ ਸ਼ਹੀਦ ਪਹੁੰਚਜੋ,
ਦੇਸ ਸਾਬੋ ਕੇ ਵਿਖੈ[1]* ॥ ੭ ॥

[1]ਦੋ।
[1]ਇਸ ਤਰ੍ਹਾਂ ਸਾਰੇ ਜੱਥੇ ਖਿੰਡ ਗਏ।
[1]ਸਾਬੋ ਕੇ ਬੈਰਾੜਾਂ ਦੇ ਦੇਸ ਵਿੱਚ ਭਾਵ ਸ੍ਰੀ ਦਮਦਮਾ ਸਾਹਿਬ ਦੇ ਇਲਾਕੇ ਵਿੱਚ। *ਅੰਕ ਨੰ: ੭ ਦੀਆਂ ਤਿੰਨ ਹੀ ਤੁਕਾਂ ਹਨ। ਮੂਲ 'ਚ ਛਪਣ ਸਮੇਂ ਹੀ ਇਕ ਤੁਕ ਰਹਿ ਗਈ ਜਾਪਦੀ ਹੈ।

ਤਬਿ ਹੁਤੋ ਜੰਗਲ ਦਾਇ-ਮੰਗਲ[1],
ਸਿੰਘ ਉਦੰਗਲ ਕਰਿ ਘਨੇ[1]।
ਰਹਿਂ ਵੀਚ ਬਨ ਮਨ ਭਾਵਤੇ,
ਸ਼ਿੱਕਾਰ ਦੁਵਿਧਾ ਹੀ ਹਨੇਂ[1]।

[1]ਖ਼ੁਸ਼ੀ ਦੇਣ ਵਾਲਾ।
[1]ਸਿੰਘ ਬਹੁਤੇ (ਉਦੰਗਲ) ਇਕੱਠੇ ਹੋ ਕੇ।
[1]ਦੋ ਤਰ੍ਹਾਂ ਦਾ ਹੀ (ਅਉਗਣਾਂ ਤੇ ਜਾਨਵਰਾਂ ਦਾ) ਸ਼ਿਕਾਰ ਮਾਰਦੇ ਹਨ।

ਬਹੁ ਸਿੰਘ ਔਰੈਂ ਐਸ ਤੌਰੈਂ
ਗਏ ਠੌਰੈਂ ਠੌਰ ਹੈਂ।
ਕਿਛੁ ਬਨਜ ਖੇਤੀ ਨੌਕਰੀ ਕਰਿ,
ਖਾਣ ਲਾਗੇ ਗੌਰ[1] ਹੈਂ ॥੮॥
ਇਸ ਭਾਂਤਿ ਜਬਿ ਬਹੁ ਬਿਥਰਗੇ,
ਸਿੰਘ ਸੁਧਾਸਰ ਥੋਰੇ ਰਹੇ।
ਤਬਿ ਲਖਯੋ ਤੁਰਕੈਂ ਅਬਿ ਨਿਬੇਰੈਂ,
ਫੇਰ ਮਿਲਨੇਂ ਨਹਿਂ ਦਹੇਂ[1]।
ਅਬਿ ਸਿੰਘ ਮੁਖੀਏ ਜਿਤਿਕ ਸੋ ਤੋ,
ਗੁਰੂ-ਚੱਕ ਮੈਂ ਹੀ ਥਿਰੇ।
ਇਨ ਤਈਂ ਤਰਫ ਪਿਸ਼ੌਰ ਪਠਿ,
ਮਰਵਾਈਏ ਮਧ ਲੈ ਘਿਰੇ[1] ॥੯॥
ਇਹੁ ਮਥੈਂ ਮੂਢ ਨ ਲਖੈਂ ਗੂਢ,
ਕਿ ਪੰਥ ਏਹੁ ਅਪਾਰ ਹੈ[1]।
ਅਰ ਗੁਰੂ ਸੰਗ ਸਹਾਇ ਰੱਖਕ,
ਸਦਾ ਮਾਲਕ ਭਾਰ ਹੈ[1]।
ਤਬਿ ਮਰਯੋ ਅਸਲਮ-ਖਾਨ,
ਤਾਂ ਕੀ ਠੌਰ ਸਮਦੂ[1] ਖਾਂ ਭਯੋ।
ਇਕ ਖੱਤ੍ਰੀ ਦੀਵਾਨ ਲਖੂ,
ਬਾਦ ਏਮਨ ਕਾ ਥਯੋ[1] ॥੧੦॥
ਵਹਿ ਮਲਕ ਭਾਗੋ ਕੀ, ਹੁਤੋ
ਸੰਤਾਨ ਮੈਂ ਸੇ ਜਾਨੀਯੇਂ।
ਜਿਨ ਆਦਿ ਗੁਰੁ ਸੋਂਰਾਰ[1] ਕਰਿ, ਥਾ
ਲਹਯੋ ਦੂਖ ਮਹਾਨੀਯੇਂ।
ਅਰ ਖਾਨ ਸਮਦੂ ਕਾ, ਹਤਯੋ ਥਾ
ਭ੍ਰਾਤ[1], ਸਿੰਘੈਂ ਜੰਗ ਮੈਂ।
ਇਸ ਹੇਤ ਰਖਿ ਮਨਿ ਖੋਰ[1] ਉਨਹੈਂ,
ਮੇਲ ਕਾਜੀ ਸੰਗ ਮੈਂ[1] ॥੧੧॥
ਸਿਖਰਾਇ ਖਾਨ ਬਹਾਦਰੈਂ

[1]ਬਹੁਤੇ।
[1]ਇਨ੍ਹਾਂ ਨੂੰ ਫੇਰ ਮਿਲਣ ਨਾ ਦੇਈਏ।
[1]ਘੇਰੇ ਵਿੱਚ ਲੈ ਕੇ।
[1]ਮੂਰਖ ਇਹ ਸਲਾਹ ਕਰਦੇ ਹਨ ਪਰ ਇਹ ਗੁਪਤ ਗੱਲ ਨਹੀਂ ਜਾਣਦੇ ਕਿ ਪੰਥ ਬੇਅੰਤ (ਸ਼ਕਤੀ ਦਾ ਮਾਲਕ) ਹੈ।
[1]ਭਾਰਾ ਮਾਲਕ ਹੈ।
[1]ਸਮੁੰਦ ਖ਼ਾਂ।
[1]ਏਮਨਾਬਾਦ ਦਾ ਲੱਖੂ ਖੱਤ੍ਰੀ ਦੀਵਾਨ ਹੋਇਆ।
[1]ਝਗੜਾ।
[1]ਭਰਾ ਮਾਰਿਆ ਸੀ।
[1]ਵੈਰ ਭਾਵ।
[1]ਆਪਣੇ ਨਾਲ ਕਾਜ਼ੀਆਂ ਨੂੰ ਮੇਲ ਕੇ।

ਬਹੁ ਸਿੰਘਨ ਦਿਸ ਤੈ ਖੋਟ ਹੈ[1]।

[1]ਖ਼ਾਨ ਬਹਾਦਰ ਨੂੰ ਸਿੰਘਾਂ ਦੀ ਤਰਫ਼ੋਂ ਬਹੁਤ ਖੋਟੀ ਸਿੱਖਿਆ ਦਿੱਤੀ।

ਅਬਿ ਹਈ ਵੇਲਾ ਹਤਨ ਕਾ,
ਸਿੰਘਾਨ ਕੇਰੋ ਮੋਟ ਹੈ[1]।

[1]ਸਿੰਘਾਂ ਨੂੰ ਮਾਰਨ ਦਾ (ਮੋਟ) ਚੰਗਾ ਸਮਾਂ ਹੈ।

ਗੁਰੁ ਚੱਕ ਮੈਂ ਸਿੰਘ ਰਹੇ ਥੋਰੇ,
ਖਿੰਡੇ ਦੇਸ ਬਿਦੇਸ ਹੈਂ।
ਇਹੁ ਲੈਤ ਖਰਚ ਜਗੀਰ ਤੁਮ ਤੈ,
ਫੇਰ ਲੂਟਤ ਦੇਸ ਹੈਂ ॥ ੧੨ ॥
ਉਨ ਕੇ ਸੁ ਮੁਖੀਏ ਜਿਤਿਕ ਹੈਂ,
ਅਬਿ ਸੁਧਾਸਰ[1] ਤੈ ਬੋਲ ਕੈ[2]।

[1]ਅੰਮ੍ਰਿਤਸਰ। [2]ਬੁਲਾ ਕੇ।

ਪਠ ਦੇਹੁ ਤਰਫ ਪਿਸ਼ਾਵਰੈਂ,
ਮਰਵਾਹੁ ਉਤ ਹੀ ਰੋਲ ਕੈ।
ਇਨ ਬਿਨਾ ਫਿਰ ਕਿਨ ਜੰਗ ਕਰਨੋ,
ਹੋਣ ਇਕਠੇ ਨਾ ਦਿਵੈਂ।
ਇਸ ਕੌਮ ਕੇ ਬਿਨ ਕੀਏ ਨੇਸਤ[1]
ਬੰਦੋਬਸਤੀ ਨਾ ਥਿਵੈ[1] ॥ ੧੩ ॥

[1]ਨਾਸ਼।
[1]ਪ੍ਰਬੰਧ ਨਹੀਂ ਹੋ ਸਕਦਾ।

ਸੁਨਿ ਐਸ ਸੂਬੇ ਮਾਨਿ ਖੂਬੇ[1],
ਸਿੰਘ ਸਬੇਗ ਬੁਲਾਇਓ।

[1]ਚੰਗੀ ਗੱਲ ਮੰਨ ਕੇ।

ਤੁਮ ਜਾਹੁ, ਸਿੰਘਨ ਤਈਂ ਲੌਪੁਰ[1]
ਲਜਾਉ, ਐਸ ਸੁਨਾਇਓ।

[1]ਲਾਹੌਰ।

ਅਰ ਕਹਜੋ ਹਾਜ਼ਰ ਰਹੈਂ ਸਦਹੀ,
ਕਾਮ ਹਮ ਕੋ ਜੋ ਪਰੈ।
ਸੋ ਕਰੈਂ, ਤੋ ਜਾਗੀਰ ਖਰਚਾ
ਮਿਲੈ, ਨਾਹਿੰ ਤ ਹਮ ਹਰੈਂ[1] ॥ ੧੪ ॥

[1]ਅਸੀਂ ਖੋਹ ਲਵਾਂਗੇ।

ਸੁਨਿ ਹੁਕਮ ਇਹੁ ਸਬੇਗ ਸਿੰਘ,
ਮਨਿ ਸ਼ੁਕਰ ਸਿਜਦਾ ਹੈ ਕਰਜੋ[1]।

[1](ਗੁਰੂ ਨੂੰ) ਨਮਸ਼ਕਾਰ ਕੀਤੀ।

ਇਸ਼ਨਾਨ ਦਰਸ਼ਨ ਸੁਧਾਸਰ ਹ੍ਵੈ,
ਪੰਥ ਪਗ ਪਰਸੈਂ ਭਰਜੋ[1]।

[1]ਚੰਗੀ ਤਰ੍ਹਾਂ ਪੰਥ ਦੇ ਚਰਨ ਛੋਹਾਂਗਾ।

ਚਲਿ ਬੇਗ[1], ਸਿੰਘ ਸਬੇਗ ਆਯੋ,
ਪੰਥ ਮੈਂ ਮੁਦ ਮਾਨ ਕੈ।

[1]ਛੇਤੀ।

ਇਸ਼ਨਾਨ ਕਰਿ ਦਰਵਾਰ ਦਰਸ਼ਨ,
ਪੰਥ ਪੈ ਪੁਨ ਆਨ ਕੈ ॥ ੧੫ ॥
ਪਿਖਿ ਦੂਰ ਤੈ ਦੀਵਾਨ ਲਾਗਯੋ,
ਖਿਲੀ ਜਨ ਫੁਲਵਾਰੀਆ।
ਕਰਿ ਰਹਯੋ ਗਾਥਾ ਮਨੀ ਸਿੰਘ,
ਜਿਮ ਸੂਤ[1] ਰਿਖਨ ਮਝਾਰੀਆ।

[1]ਬਿਆਸ ਦਾ ਚੇਲਾ, ਲੋਮ ਹਰਖਣ ਜੋ ਰਿਖੀਆਂ ਨੂੰ ਪੁਰਾਣਾਂ ਦੀ ਕਥਾ ਸੁਣਾਇਆ ਕਰਦਾ ਸੀ।

ਕਰਿ ਦੰਡਵਤ ਸਿੰਘ ਜੋਰਿ ਕਰ[1],
ਗੁਰੂ ਫਤੇ ਊਚ ਗਜਾਈਆ।
ਦਰਵਾਰਾ ਸਿੰਘ ਲੌ ਸਿੰਘਨ, ਸਾਦਰ
ਲੀਨ ਨਿਕਟ ਬਿਠਾਈਆ[1] ॥ ੧੬ ॥

[1]ਨਮਸ਼ਕਾਰ ਕਰ ਕੇ ਤੇ ਹੱਥ ਜੋੜ ਕੇ।

[1]ਦਰਬਾਰਾ ਸਿੰਘ ਤੇ ਹੋਰ ਸਿੰਘਾਂ ਨੇ ਆਦਰ ਨਾਲ ਲੈ ਕੇ ਕੋਲ ਬਿਠਾਇਆ।

ਜੋ ਕਹਯੋ ਤੁਰਕ ਨੁਵਾਬ ਥਾ,
ਸੋ ਨਿਜ ਨੁਵਾਬੈਂ ਪੈ[1] ਕਹਾ।
ਸੁਨਿ ਗੁਰੁਮਤਾ ਕਰਿ ਪੰਥ ਨੈ,
ਫਿਰ ਦਯੋ ਉੱਤਰ ਯੌਂ ਤਹਾਂ।
ਨਹਿੰ ਹੁਕਮ ਮਾਨੈਂ ਤੁਰਕ ਕਾ,
ਹਮ ਤਜੈਂ ਨਹਿੰ ਮਰਯਾਦ ਹੈਂ।
ਰਖ ਹਮੈਂ ਹਾਜਰ ਲੌਂਪੁਰੈਂ,
ਵਹਿ ਕਰਯੋ ਚਹਿ ਬਰਬਾਦ ਹੈ ॥ ੧੭ ॥
ਅਜ ਭੇਜ ਹੈ ਮੋਹਿੰਮ ਪੈ[1],
ਕਲ ਔਰ ਕਾਮ ਕਰਾਇਗੋ।
ਹੈ ਦਿਲੀ ਦੁਸ਼ਮਨ ਸੋ ਹਮਾਰਾ,
ਮੇਲ ਕੈਸ ਰਹਾਇਗੋ।
ਬਦਨੀਤ ਤੁਰਕੈਂ ਜੋ ਠਟੀ[1],
ਇਹੁ ਏਕ ਦਿਨ ਗੁਲ ਖਿਰੇਗੋ[1]।
ਜਗਿ ਜਾਹਰੈ ਜੋ ਇਹੁ ਕਹਾਵਤ,
ਗਰ ਹਮਾਰੇ ਪਰੈਗੋ[1] ॥ ੧੮ ॥
ਅਜ ਨਿਪੂਤੀ ਕਲ ਨਿਪੂਤੀ,
ਕੇਸੂ ਫੂਲੈ ਤੌਂ ਮਰੈ[1]।

[1]ਆਪਣੇ ਨਵਾਬ ਭਾਵ ਨਵਾਬ ਕਪੂਰ ਸਿੰਘ ਪਾਸ।

[1]ਜੰਗ ਉੱਪਰ।

[1]ਧਾਰੀ ਹੈ।

[1]ਫੁੱਲ ਖਿੜ ਪਵੇਗਾ ਭਾਵ ਬਦਨੀਤੀ ਪ੍ਰਗਟ ਹੋ ਜਾਵੇਗੀ।

[1]ਇਹ ਸੂਬਾ ਸਾਡੇ ਗੱਲ ਜ਼ਰੂਰ ਪਵੇਗਾ।

[1](ਜਿਸ ਮਾਂ ਦੇ ਪੁੱਤਰ ਨੇ) ਕੇਸੂਆਂ ਦੇ ਫੁੱਲਣ (ਖਿੜਣ) ਨਾਲ ਮਰ ਜਾਣਾ ਹੈ ਉਹ ਮਾਂ ਤਾਂ ਅੱਜ ਵੀ ਨਿਪੁਤੀ ਹੈ ਤੇ ਕਲ੍ਹ ਵੀ

ਨਿਪੁੱਤੀ ਹੈ ਭਾਵ ਸੂਬੇ ਨਾਲ ਅੱਜ ਜਾਂ ਕਲ੍ਹ ਵਿਗਾੜੀ ਹੀ ਪੈਣੀ ਹੈ।

ਇਸ ਹੇਤ ਦੇਹੁ ਜੁਵਾਬ ਅਬਿ ਹੀ,
ਫੇਰ ਦੈਨੋ ਜੋ ਪਰੈ।
ਨਹਿਂ ਸਦਾ ਹਾਜਰ ਰਹਿ ਸਕੈਂ ਹਮ,
ਹੋਇ ਤਾਬੇਦਾਰ[1] ਹੈਂ। — [1]ਅਧੀਨ ਹੋ ਕੇ।
ਜਬਿ ਇਹੀ ਬਾਤ ਸਬੇਗ ਸਿੰਘ ਨੈ,
ਕਹੀ ਜਾਇ ਉਚਾਰ ਹੈ ॥੧੯॥
ਸੁਨਿ ਖਾਂ ਬਹਾਦਰ ਆਦਿ ਤੁਰਕੈਂ,
ਦੇਰ ਬਿਨ ਰਿਸ ਠਾਨ ਕੈ।
ਕਰਿ ਲੀਨ ਬੰਦ ਗਰਾਮ ਖਰਚਾ,
ਤੁਰਕ ਓਨ ਸਿੰਘਾਨ ਕੈ।
ਇਹੁ ਮਥਯੋ ਮਨ ਤੁਰਕਾਨ ਥਾ ਦਿੜ,
ਸਿੰਘ ਬਹੁ ਅਬਿ ਨਾ ਰਹੇ।
ਜੋ ਬੁੱਢੇ ਦਲ ਮੈਂ ਰਹੇ ਬੂਢੇ,
ਤਿਨੈਂ ਯੌਂ ਹੀ ਹਮ ਗਹੇਂ ॥੨੦॥
ਇਤ ਸਿੰਘ ਭੀ ਨਹਿਂ ਬੈਠ ਰਹਿਨੇ
ਮਾਹਿਂ ਥੇ ਖੁਸ਼ ਪਹਿਲ ਹੀ।
ਨਿਤ ਚਾਹਿਂ ਦੰਗਾ ਮਰਨ ਮਾਰਨ,
ਲੂਟ ਕੂਟਨ ਸਹਿਲ ਹੀ[1]। — [1]ਸੁਖਾਲਾ ਹੀ।
ਜਿਮ ਦਿਯ ਸੁਨੇਹਾ ਕਿਸੀ ਕੋ, ਕਿਨ
ਮਰਯੋ ਤੋਹਿ ਦਮਾਦ[1] ਹੈ। — [1]ਜਵਾਈ।
ਉਨ ਕਹਯੋ ਮੇਰੀ ਸੁਤਾ, ਬਸਨੋ
ਪਹਿਲ ਹੀ ਨ ਚਹਾਦ ਹੈ[1] ॥੨੧॥ — [1]ਨਹੀਂ ਚਾਹੁੰਦੀ ਸੀ।
ਜਿਮ ਸ਼ੇਰ ਚਿੱਤ੍ਰੇ ਬ੍ਰਿੱਕ[1] ਬਾਜ, — [1]ਬਘਿਆੜ।
ਸ਼ਿਕਾਰ ਹੀ ਮੈਂ ਖੁਸ਼ਿ ਥਵੈਂ।
ਪਲ[1] ਮਿਲੈ ਜੱਦਪਿ ਦੁਗਨ ਬੈਠਜੋਂ, — [1]ਮਾਸ।
ਮੋਦ ਤੌ ਭੀ ਨਾ ਭਵੈਂ।
ਜਿਮ ਸ਼ੇਰ ਛੁਟੈਂ ਪਿੰਜਰੇ ਤੈ,
ਸਿੰਘ ਛੁਟੇ ਤੈਸ ਹੀ।

ਸਭਿ ਲਗੇ ਲੂਟ ਖਸੂਟ ਕਰਨੇ,
ਕਰਤ ਪਹਿਲੇ ਜੈਸ ਹੀ ॥੨੨॥
ਮਚ ਗਯੋ ਰੌਰਾ ਫੇਰ ਗੌਰਾ[1], — [1]ਬਹੁਤਾ।
ਠੌਰ ਠੌਰ ਪੰਜਾਬ ਹੈ।
ਹਿਤ ਬੰਦੋਬਸਤ ਲਾਹੌਰ ਤੈ,
ਫਿਰ ਚਢੀ ਫੌਜ ਸ਼ਿਤਾਬ[1] ਹੈ ॥੨੩॥ — [1]ਛੇਤੀ।

ਦੋਹਰਾ:
ਸਿੰਘ ਹੁਤੇ ਥੋੜੇ ਤਹਾਂ,
ਆਏ ਤੁਰਕ ਅਪਾਰ।
ਹੋਏ ਜੰਗ ਜਦਾਲ[1] ਬਹੁ, — [1]ਜੰਗ ਜੁੱਧ।
ਲਰੇ ਸਿੰਘ ਬਹੁ ਬਾਰ ॥੨੪॥

ਰਸਾਵਲ ਛੰਦ:
ਠੌਰ ਠੌਰ ਸਭਿ ਦੇਸ ਵੀਚ, ਤੁਰਕਾਨ ਬਖਾਨਾ।
ਜੋ ਸਿੰਘਨ ਕੋ ਗਹੇ, ਲਹੇ ਸੁ ਇਨਾਮ ਮਹਾਨਾ।
ਲੋਗ ਲਗੇ ਪਕਰਾਵਨ ਜੌ, ਤਬਿ ਸਿੰਘਨ ਤਾਂਈਂ।
ਫਿਰਨਾ ਬਨਜੋ ਮੁਹਾਲ[1], ਦੇਸ ਮੈਂ ਏਸ ਬਿਧਾਈ[2] ॥੨੫॥ — [1]ਮੁਸ਼ਕਲ। [2]ਇਸ ਬਿਧੀ ਨਾਲ।
ਅਰ ਸਭਿ ਸਿੰਘ ਥੇ, ਦੇਸ ਮਾਲਵੇ ਆਦਿ ਠਿਕਾਨੀਂ।
ਖਬਰ ਨ ਤਿਨ ਕੋ ਭਈ, ਜੋਰ ਬਹੁ ਦਿਯ ਤੁਰਕਾਨੀ।
ਆਖਰ ਹੋਇ ਲਚਾਰ, ਸਿੰਘਨ ਦਲ-ਬੁੱਢਾ ਤਬਿਹੀ।
ਦੇਸ ਮਾਲਵੇ ਧਸਜੋ, ਛੋਡਿ ਪੰਜਾਬੈਂ ਸਭਿਹੀ ॥੨੬॥
ਹੁਤੇ ਸਿੰਘ ਮਲਵਈ ਬਹੁਤ, ਤਬਿ ਪੰਥ ਸੰਗਾਨੇ।
ਨਿਜ ਨਿਜ ਨਗਰ ਲਿਜਾਇ, ਕਰੀ ਤਿਨ ਸੇਵ ਮਹਾਂਨੇ।
ਜੈਤੋ, ਭੁੱਚੋ, ਚੱਕ, ਮਾਣੂ-ਕੇ, ਫੂਲ, ਮਰਾੜੇ।
ਧੌਲੇ, ਤੱਪੇ, ਦਰਾਜ[1], ਸੰਘੇੜੇ, ਕੁਛ ਦਿਨਰਾਜੇ[2] — [1]ਪਿੰਡ ਦਾ ਨਾਮ। [2]ਬਿਰਾਜੇ, ਠਹਿਰੇ।

॥੨੭॥
ਫਿਰੇ ਦਮਦਮੇ ਓਰ, ਚਲੇਰੇ* ਲੌਟ ਥਿਰਾਏ[1]। — [1]ਮੁੜ ਕੇ ਚਲੇਰੇ ਪਿੰਡ ਠਹਿਰੇ। *ਦਿੱਲੀ ਐਡੀਸ਼ਨ 'ਚ ਪਾਠ 'ਚੁਲੇਰੇ' ਤੇ ਅੰਮ੍ਰਿਤਸਰ ਐਡੀਸ਼ਨ 'ਚ 'ਚੌਤਰੇ' ਛਪਿਆ ਹੋਇਆ ਹੈ।
ਬਰਨਾਲਾ ਆਬਾਦ ਕਰਯੋ ਥਾ, ਨਯੋ ਤਦਾਏ।
ਆਲਾ ਸਿੰਘ ਨੈ ਤਹਾਂ, ਕੁਛਕ ਦਿਨ ਪੰਥ ਟਿਕਾਯੋ।
ਝੱਲ ਝੂਡ ਲੌ ਗਾਮ, ਲੁਟੇ ਸੱਤ੍ਰਨ ਕੇ ਭਾਯੋ[1] ॥੨੮॥ — [1]ਮਨ-ਭਾਉਂਦੇ।
ਆਲਾ ਸਿੰਘ ਤੈ ਆਦਿ, ਪੁਨਾ ਸਿੱਖਨ ਮਲਵਈਅਨ।
ਕਰੀ ਪੰਥ ਕੀ ਸੇਵ, ਲਾਇ ਮਨ ਤਨ ਧਨ ਭਈਅਨ[1]। — [1]ਭਰਾਵਾਂ ਨੇ।
ਹੁਤੋ ਨੁਵਾਬ ਕਪੂਰ ਸਿੰਘ, ਵਡ ਪੰਥ ਮਾਹਿੰ ਤਬਿ।
ਜਤੀ ਸਤੀ ਹਠਿ ਤਪੀ, ਬੀਰ ਪੂਰਨ ਸਦਗੁਨ ਸਭਿ ॥੨੯॥
ਸਿੱਖ ਗੁਰੂ ਕੇ ਗੁਰੂ ਸਮ, ਤਾ ਮੈਂ ਰਖਤੇ ਸ਼ਰਧਾ।
ਹੁਕਮ ਤਾਹਿੰ ਕਾ ਰਹਿਤ ਮਾਨਤੇ, ਬਿਨਾ ਸਪਰਧਾ[1]। — [1]ਈਰਖਾ।
ਜਹਿੰ ਜਹਿੰ ਥਿਰਯੋ ਕਪੂਰ ਸਿੰਘ, ਤਬਿ ਦੇਸ ਮਝਾਰੇ।
ਵਹਿ ਵਹਿ ਜਾਗਾ ਪੂਜ, ਰਹੀ ਬਨ ਅਬਿ ਲੌ ਸਾਰੇ[1] ॥੩੦॥ — [1]ਉਹ ਉਹ ਜਗ੍ਹਾ ਹੁਣ ਤੱਕ ਸਾਰੇ ਲੋਕਾਂ ਵਿੱਚ ਪੂਜਨੀਕ ਬਣ ਰਹੀ ਹੈ।
ਆਲਾ ਸਿੰਘ ਨੇ ਏਕ ਦਿਵਸ, ਨਿਜ ਮਹਿਲੋਂ ਮਾਹੀਂ।
ਸਭੀ ਪੰਥ ਕੋ ਲਜਾਇ, ਕਰਾਯੋ ਭੋਜਨ ਚਾਹੀਂ[1]। — [1]ਉਤਸ਼ਾਹ ਨਾਲ।
ਗੁਰੂ ਗ੍ਰੰਥ ਕਾ ਪਾਠ, ਔਰ ਪ੍ਰਸ਼ਾਦ ਕਰਾਯੋ।
ਕਪੂਰ ਸਿੰਘ ਤੈ ਆਪ, ਛਕਯੋ ਅੰਮ੍ਰਿਤ ਮਨ ਭਾਯੋ ॥੩੧॥
ਨਜ਼ਰ ਭੇਟ ਦੈ ਬਹੁਤ, ਪੰਥ ਕੀ ਖੁਸ਼ੀ ਲਈ ਫਿਰ।
ਗਿਰਦ ਠੀਕਰੀ-ਵਾਲ[1], ਪੰਥ ਬਹੁ ਦਿਵਸ ਰਹਯੋ — [1]ਪਿੰਡ ਦਾ ਨਾਮ।

ਥਿਰਿ।
ਮਿਲੇ ਜਥੇ ਤਬਿ ਆਇ, ਪੰਥ ਬਹੁ ਭਯੋ ਇਕੱਠਾ।
ਇਕ ਦਿਨ ਸਿੰਘਨ ਬੈਸਿ, ਐਸ ਗੁਰਮੱਤਾ ਠੱਟਾ[1] ॥ ੩੨ ॥ [1]ਕੀਤਾ।
ਗਾਮ ਜੁ ਬਡ ਬਡ, ਦੇਸ ਏਸ ਮੈਂ ਤੁਰਕਨ ਕੇਰੈਂ।
ਲੂਟ ਮਾਰਿ ਸਭਿ ਛਕੋ, ਕਰੋ ਨਹਿਂ ਕਿੰਚਤ ਡੇਰੈਂ[1]। [1]ਥੋੜ੍ਹੀ ਜਿਹੀ ਵੀ ਦੇਰ ਨਾ ਕਰੋ।
ਗਾਮ ਕਾਕੜਾ ਏਕ ਦਿਵਸ, ਤਹਿਂ ਤੈ ਚਢਿ ਲੂਟਯੋ।
ਛਕਯੋ ਬੈਠਿ ਸਭਿ ਪੰਥ, ਫੇਰ ਜਬਿ ਖਰਚ ਨਿਖੁਟਯੋ ॥ ੩੩ ॥
ਇਕ ਦਿਨ ਫੇਰ, ਮਲੇਰ ਕੋਟਲਾ ਲੂਟਯੋ ਆਛੇ।
ਆਲਾ ਸਿੰਘ ਜਿਤ ਚਢੈ, ਸਿੰਘ ਚਢਹੀਂ ਤਿਸ ਪਾਛੇ।
ਜੋ ਜੋ ਆਲਾ ਸਿੰਘ ਸੰਗ, ਮੁਸਲੇ ਥੇ ਅੜਤੇ।
ਕਰਯੋ ਪੰਥ ਨੇ ਲੂਟ ਮਾਰ ਸੀਧੇ ਸੋ ਫੜਤੇ[1] ॥ ੩੪ ॥ [1]ਫੜ ਕੇ।

ਚੌਪਈ:
ਕੁਛ ਦਿਨ ਬਾਦ ਮਤਾ ਫਿਰ ਕਰਿ ਕੈ।
ਲੂਟਨ ਚਢੇ ਸਿਰ੍ਹੰਦ ਵਿਚਰ ਕੈ[1]। [1]ਵਿਚਾਰ ਕੇ।
ਕਹੈਂ ਸਿੰਘ ਜੋ ਲੁਟੈ ਸਰ੍ਹੰਦੈਂ।
ਤਿਸ ਕੋ ਮਰਤਬ ਮਿਲੈ ਬੁਲੰਦੈਂ[1] ॥ ੩੫ ॥ [1]ਉੱਚਾ ਦਰਜਾ ਮਿਲੇਗਾ।
ਤਹਿਂ ਠਾਂ ਸਿੰਘ ਸੀਸ ਜੋ ਲਾਵੈ।
ਪਾਸ ਸਜ਼ਾਦਯੋਂ ਕੇ[1] ਸੋ ਜਾਵੈ। [1]ਸਾਹਿਬਜ਼ਾਦਿਆਂ ਦੇ ਪਾਸ।
ਸਤਿਗੁਰੁ ਭੀ ਯੌਂ ਬਚਨ ਉਚਾਰੇ।
ਸੋ ਮਮ ਸਿਖ ਜੋ ਯਾਹਿ ਉਜਾਰੇ ॥ ੩੬ ॥
ਇਕ ਦਿਨ ਥੇਹ ਯਾਹਿ ਕਾ ਥੈਹੈ।
ਲਾਭ ਯਹੀ ਜੋ ਅਬਿ ਲੁਟ ਲੈਹੈਂ।
ਯੌਂ ਬਾਤੈਂ ਕਰਤੇ ਮਗ ਮਾਹੀਂ।
ਪਹੁੰਚੇ ਢਿਗ ਸਰ੍ਹੰਦ ਜਬਿ ਜਾਹੀਂ ॥ ੩੭ ॥
ਦਾਵ ਲਗਾਵਨ ਕੌ ਛਪ ਬਹੇ।

ਤਰਫ ਬੁਲਾੜੇ[1] ਜੰਗਲ ਮਹੇ[2]।
ਨੱਥੂ ਨਾਮ ਮਿਸਤਰੀ ਸ਼ਾਹੀ।
ਅੱਲੇ ਵਾਲੀ ਕੇ ਬਡ ਆਹੀ ॥੩੮॥
ਹੁਤੋ ਏਕ ਸੌ ਅਹਰਣ ਤਹਾਂ।
ਸ਼ਸਤਰ ਬਣਤੇ ਸ਼ਾਹੀ ਮਹਾਂ।
ਸੌ ਗਾਡਾ ਭਰਿ ਸ਼ਸਤ੍ਰਨ ਕੇਰਾ।
ਦਿਸ ਸਰ੍ਹੰਦ ਲੈ ਚਲ੍ਯੋ ਬਧੇਰਾ ॥੩੯॥
ਇਤਫਾਕਨ[1] ਇਕ ਸਿੰਘ ਨੈ ਹੇਰਾ*।

[1]ਪਿੰਡ। [2]ਵਿੱਚ।

[1]ਅੱਚਣਚੇਤ। *ਅੰਕ ਨੰ: ੪੦ ਦੀਆਂ ਤਿੰਨ ਹੀ ਤੁਕਾਂ ਮੂਲ 'ਚ ਹਨ, ਪਰ ਉੱਥੇ ਪਹਿਲੀ ਤੁਕ ਤੋਂ ਬਾਅਦ ਇਕ ਤੁਕ ਦੀ ਤਾਂ ਖ਼ਾਲੀ ਛੱਡੀ ਹੋਈ ਹੈ।

ਦਈ ਬਖਸ਼ ਤਿਨ ਔਰਨ ਤਾਂਈਂ।
ਲੂਟੇ ਸ਼ਸਤਰ ਸਿੰਘਨ ਤਹਾਂਈਂ ॥੪੦॥
ਜਾਇ ਲੁਹਾਰ ਸਾਰ[1] ਇਹੁ ਦਈ।

[1]ਖ਼ਬਰ।

ਸੁਨਿ ਨਾਜ਼ਮ[1] ਨਿਜ ਫੌਜ ਚਢਈ।

[1]ਸੂਬੇ ਨੇ।

ਤੁਰਕ ਵੇਸ ਧਰਿ ਸਿੰਘ ਜੁ ਖੁਫੀਆ।
ਥੇ ਸਰ੍ਹੰਦ ਮੈਂ ਗਏ ਉਨ ਭੀ ਆ[1] ॥੪੧॥

[1]ਉਨ੍ਹਾਂ ਨੇ ਭੀ ਆ ਕੇ।

ਖਬਰ ਦਈ ਇਹੁ ਪੰਥਹਿ ਤਾਂਈਂ।
ਸਿਘ ਸੌ ਕੁ ਤਿਨ ਕੋ ਦਿਖਰਾਈ।
ਦੈ ਕਰਿ, ਲੈ ਗੈ ਦੂਰ ਭਗਾਈ[1]* ॥੪੨॥

[1]ਸੌ ਕੁ ਸਿੰਘ ਤੁਰਕਾਂ ਨੂੰ ਦਿਖਾਲੀ ਦੇ ਕੇ ਦੂਰ ਭਜਾ ਕੇ ਲੈ ਗਏ। *ਮੂਲ ਵਿੱਚ ਅੰਕ ੪੨ ਦੀਆਂ ਤਿੰਨ ਹੀ ਤੁਕਾਂ ਹਨ, ਚੌਥੀ ਛਪਣ ਸਮੇਂ ਹੀ ਰਹਿ ਗਈ ਜਾਪਦੀ ਹੈ।

ਦੁਤੀ ਦਿਸਾ ਤੈ ਪੰਥਹਿਂ ਹੱਲਾ।
ਮਿਲ ਕੈ ਕਰਿ ਕੈ ਕਟੇ ਮੁਸੱਲਾ।
ਕੁਛ ਦਰਵਾਜਯੋਂ ਪਰੈ ਖਲ੍ਹਾਰੇ[1]।

[1]ਦਰਵਾਜ਼ਿਆਂ ਉਪਰ ਖੜ੍ਹੇ ਕਰ ਦਿੱਤੇ।

ਬਾਕੀ ਧਸੇ ਸਰ੍ਹੰਦ ਮਝਾਰੇ ॥੪੩॥
ਲੁਟੇ ਬਜ਼ਾਰ ਮਹੱਲੇ ਦੋ ਇਕ।
ਫੱਟੇ ਅਧਿਕ ਹਤਜੋ ਦਿਢ ਕੋ ਇਕ[1]।

[1]ਬਹੁਤੇ ਜ਼ਖ਼ਮੀ ਕੀਤੇ ਤੇ ਪੱਕੀ ਤਰ੍ਹਾਂ ਕੋਈ ਇਕ ਅੱਧਾ ਹੀ ਮਰਿਆ।

ਤਾਕ[1] ਕੁਹਾੜਨ ਸੈਂ ਕਟ ਡਾਰੇ।

[1]ਤਖ਼ਤੇ।

ਸ਼ਹਿਰੀ ਚਲੇ ਭਾਜ ਡਰ ਧਾਰੇ ॥੪੪॥
ਹੁਤੇ ਅਧਿਕ ਤਹਿਂ ਬਨੀਏਂ ਖੱਤ੍ਰੀ।

ਮਿਲੇ ਤਿਨੈ ਸਿੰਘ ਜ਼ਾਲਮ ਅੱਤ੍ਰੀ[1]।
[1]ਬਹੁਤੇ ਸਖ਼ਤ ਹੋ ਕੇ।
ਫੜਿ ਫੜਿ ਬਾਂਧਿ ਬਾਂਧਿ ਦੈ ਚੋਕੈਂ[1]।
[1]ਹੁੱਜਾਂ ਮਾਰ ਮਾਰ ਕੇ।
ਕਢਵਾਏ ਧਨ ਜ਼ੇਵਰਰੋਕੈਂ[1] ॥੪੫॥
[1]ਰੋਕੜ, ਨਕਦ।
ਭੇਤੀ ਲੋਗਨ ਭੇਤ ਬਤਾਯਾ।
ਜਿਨ ਜਿਨ ਕੀ ਲੂਟੀ ਤਿਨ ਮਾਯਾ।
ਦੂਧ ਉਬਾਲ ਨਿਆਈ ਤਿਖਸੇ[1]।
[1]ਦੁੱਧ ਦੇ ਉਬਾਲ ਵਾਂਗ ਤਿੱਖੇ ਸਿੰਘ।
ਝਟਪਟ ਲੂਟ ਮਾਰਿ ਸਿੰਘ ਨਿਕਸੇ ॥੪੬॥
ਜਬਿ ਲੌ ਨਾਜਮ ਫੌਜ ਬਟੋਰੀ।
ਤਬਿ ਲੌ ਦੌਰ ਗਏ ਸਿੰਘ ਜੋਰੀ[1]।
[1]ਜ਼ੋਰ ਨਾਲ।
ਬਹੁਤ ਠੌਰ ਹ੍ਵੈ ਧਸੇ ਮਾਲਵੇ।
ਤ੍ਰੁੱਕ ਇਤ ਉਤ ਫਿਰ ਕੈ ਉਤਾਲਵੇ[1] ॥੪੭॥
[1]ਛੇਤੀ।
ਬੀਸ ਪਚਾਸਕ ਗਹੇ ਮੁਸਾਫਰ।
ਫੜੇ ਪੈਂਚ ਪਿੰਡਨ ਕੇ ਕਾਫਰ[1]।
[1]ਹਿੰਦੂ।
ਚੀਕ ਚਿੰਘਾਰਾ ਔਰਹਿਂ ਪਰਯੋ।
ਸਿੰਘ ਨ ਏਕ ਤਿਨੈ ਹਥ ਚਰ੍ਹਯੋ ॥੪੮॥
ਜਿਤਿਕ ਲੂਟਿ ਧਨ ਸਿੰਘ ਲਿਆਏ।
ਛਕਯੋ ਠੀਕਰੀ-ਵਾਲ ਥਿਰਾਏ।
ਪੰਥ ਦਿਵਸ ਬਹੁ ਤਹਾਂ ਗੁਜਾਰੇ।
ਭਏ ਸੁਧਾਸਰ ਕੋ ਫਿਰ ਤਯਾਰੇ ॥੪੯॥
ਮੇਲਾ ਦੀਪ ਮਾਲ ਕਾ ਆਯੋ।
ਪੰਥ ਚਲਯੋ ਚਢਿ ਮੋਦ ਬਢਾਯੋ।
ਸੁਨਿ ਸਭਿ ਸਿੰਘ ਅਏ ਮਲਵਈ।
ਭੇਟਾ ਬਹੁਤ ਪੰਥ ਕੋ ਦਈ ॥੫੦॥
ਡੱਬੇ ਖੇਸ, ਲੁੰਙੀਆਂ, ਘੋੜੇ।
ਆਲੇ ਸਿੰਘ ਦਏ ਨਹਿਂ ਥੋੜੇ।
ਹਾਥ ਜੋੜਿ ਫਿਰ ਐਸ ਅਲਾਯੋ।
ਮੇਲਾ ਕਰਿ ਇਸ ਹੀ ਦਿਸ ਆਯੋ ॥੫੧॥
ਹਮ ਪਰ ਤੁਰਕ ਜੋਰ ਜੇ ਪੈਹੈਂ।
ਖਬਰ ਲਯੋ ਹਮਰੀ ਇਤ ਐਹੈਂ।
ਕਹਯੋ ਪੰਥ ਹਮ ਆਵਹਿਂ ਧਾਈ।

ਖਬਰ ਕਰਜੋ ਤੁਮ ਹਮ ਢਿਗ ਭਾਈ ॥ ੫੨ ॥
ਦੁਹੂੰ ਓਰ ਤੈ ਫਤੈ ਗਜੈ ਕੈ।
ਪਹੁੰਚਜੋ ਪੰਥ ਸੁਧਾਸਰ ਜੈ ਕੈ।
ਤੁਰਕ ਦੁਸ਼ਟ ਜਬਿ ਯਹਿ ਸੁਨ ਪਾਈ।
ਖਾਂ ਸਮੁੰਦ ਬਹੁ ਫੌਜ ਚਢਾਈ ॥ ੫੩ ॥
ਪਰਜੋ ਸੁਧਾਸਰ ਨਿਕਟ ਅਖਾਰਾ[1]। — [1]ਜੰਗ ਪਿਆ।
ਮਰੇ ਸਿੰਘ ਬਹੁ ਸੱਤ੍ਰੁਨ ਮਾਰਾ।
ਤੁਰਕਨ ਕੇ ਮੁਖ ਪੀਛੇ ਮੋਰੇ।
ਧਾਇ ਧਸੇ ਬਨ ਸਿੰਘ ਬਹੋਰੇ[1] ॥ ੫੪ ॥ — [1]ਫੇਰ।
ਕਈ ਬੇਰ ਤੁਰਕਨ ਸੋਂ ਲਰੇ।
ਮਾਰੇ ਮਰੇ ਸਿੰਘ ਨਹਿਂ ਟਰੇ।
ਸਿੰਘ ਮਰੈਂ ਜੰਗਨ ਮੈਂ ਜੇਤੇ।
ਚੌਗੁਨ ਮਿਲੈਂ ਆਇ ਸੰਗ ਤੇਤੇ ॥ ੫੫ ॥
ਹੁਤੋ ਸੁਭਾਵ ਪੰਥ ਤਬਿ ਐਸੇ।
ਸੁੱਮੋਵਾਣੀ ਜਲ ਹ੍ਵੈ ਜੈਸੇ[1]। — [1]ਜਿਵੇਂ ਸੋਮੇਂ ਦਾ ਪਾਣੀ
ਪੰਥ ਕਟਾਹਲ ਅੰਬ ਸਮਾਨੈ[1]। — [1]ਪੰਥ ਕਟਹਲ ਤੇ ਅੰਬ ਦੇ ਬ੍ਰਿੱਛ ਵਰਗਾ ਹੈ।
ਬਨਜੋ ਰਹਿਤ ਸਦਹੀ ਅਧਿਕਾਨੈ[1] ॥ ੫੬ ॥ — [1]ਹਮੇਸ਼ਾਂ (ਗਿਣਤੀ ਵਿੱਚ) ਬਹੁਤਾ ਬਣਿਆ ਰਹਿੰਦਾ ਹੈ।
ਬੀਸਕ ਤੁਰਕ ਜਹਾਂ ਥੇ ਮਰਤੇ।
ਜੀਵਨ ਆਸ ਪਚਾਸਕ ਛਰਤੇ[1]। — [1]ਛੱਡ ਦੇਂਦੇ।
ਮਹਾਂ-ਮਰੀ ਜਜੋਂ ਪਰਤ ਅਜਾ ਮੈਂ[1]। — [1]ਜਿਵੇਂ ਬੱਕਰੀਆਂ ਵਿੱਚ (ਮਹਾਂ-ਮਰੀ) ਬੀਮਾਰੀ ਪੈ ਜਾਵੇ।
ਏਕ ਮਰੇ ਦਸ ਹੋਤ ਕਜ਼ਾਮੈਂ[1] ॥ ੫੭ ॥ — [1]ਇਕ ਦੇ ਮਰਨ ਨਾਲ ਦਸਾਂ ਦੀ ਮੌਤ ਹੋ ਜਾਂਦੀ ਹੈ।
ਜਥੇ ਬਾਂਧਿ ਸਿੰਘ ਫਿਰਹੀਂ ਦੇਸੈਂ।
ਤੁਰਕੈਂ ਦੇਤ ਕਲੇਸ਼ ਹਮੇਸ਼ੈਂ ॥ ੫੮ ॥
ਦੋਹਰਾ:
ਝੱਲ ਸਘਨ ਬਨ ਹੋਇ ਜਹਿਂ,
ਤਹਿਂ ਸਿੰਘ ਦਿਵਸ ਬਤਾਇਂ।
ਨਿਸ ਕੋ ਤੁਰਕਨ ਪਰ ਪਰੈਂ,
ਬੀਸ ਕੋਸ ਤੈ ਧਾਇ ॥ ੫੯ ॥
ਬਹੁਤ ਸਿੰਘ ਤਜਿ ਦੇਸ ਪੁਨ,
ਗਏ ਬਿਦੇਸਨ ਮਾਹਿਂ।

ਇਕਠੇ ਹੋਵਨ ਨਹਿਂ ਮਿਲੈਂ,
ਸਿੰਘ ਕਬੀ ਕਿਸ ਠਾਂਹਿਂ ॥੬੦॥
ਸਾਲ ਦੁ ਤੀਨਕ ਇਸੀ ਬਿਧਿ,
ਪੰਥ ਬਿਤਾਏ ਆਮ।
ਦੂਰ ਦੂਰ ਲੌਂ ਤ੍ਰੁੱਕਨ ਕੇ,
ਲੂਟੇ ਧਾਮ ਗਰਾਮ ॥੬੧॥
ਝਾੜ ਪਹਾੜਨ ਨਦਿਨ ਤਟ[1],
ਦੇਸ ਬਿਰਾੜਨ ਮਾਹਿਂ।
ਰਹੈਂ ਸਿੰਘ ਮਨਿ ਮੋਦ ਧਰਿ,
ਲੂਟ ਕੂਟ ਨਿਤ ਖਾਹਿਂ ॥੬੨॥
ਬਹੁਤ ਸਿੰਘ ਰਾਜਾਨ ਕੇ,
ਨੌਕਰ ਹੁਏ ਜਾਇ।
ਯੌਂ ਗਾਥਾ ਕਹਿ ਪੰਥ ਕੀ,
ਪੂਰਨ ਭਯੋ ਧਯਾਇ ॥੬੩॥

[1]ਨਦੀਆਂ ਦੇ ਕਿਨਾਰੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਯਾਨ ਸਿੰਘ ਵਿਰਚਿਤੇ 'ਪੰਥ ਕਾ ਮਾਲਵੇ ਥਿਰਾਵਨ, ਸਰ੍ਹੰਦ ਲੂਟਨ', ਬਰਨਨੰ ਨਾਮ ਅਠਾਈਸਮੋਂ ਬਿਸ੍ਰਾਮ ॥੨੮॥

੨੯. {ਭਾਈ ਮਨੀ ਸਿੰਘ ਜੀ ਦੀ ਕਥਾ}

ਦੋਹਰਾ:

ਹਿੰਦੁ ਹੱਦ ਕੀ ਮੱਦ ਜਿਨ,
ਰਾਖੀ ਜਿੰਦ ਨਿਜ ਲਾਇ[1]।

[1]ਜਿਸ (ਸ੍ਰੀ ਗੁਰੁ ਤੇਗ਼ ਬਹਾਦਰ ਜੀ ਨੇ) ਆਪਣੀ ਜਾਨ ਲਾ ਕੇ ਹਿੰਦੂ (ਮੱਦ) ਧਰਮ ਦੀ ਹੱਦਰੱਖੀ ਭਾਵ ਨਿਸ਼ਾਨ (ਕਾਇਮ) ਰਖਿਆ।

ਨੌਮ ਗੁਰੁ ਸੌਮ ਸਦ,
ਭੌਮ ਕੌਮ ਨਿਜ ਦਾਇ[1] ॥੧॥

[1]ਉਨ ਨੌਵੇਂ ਸਤਿਗੁਰੂ ਆਪਣੀ ਕੌਮ ਨੂੰ ਚੰਦ੍ਰਮਾਂ ਦੀ ਤਰ੍ਹਾਂ ਸਦਾ (ਭੌਮ) ਖ਼ੁਸ਼ੀ ਦੇਣ ਵਾਲੇ ਹਨ।

ਸ੍ਵੈਯਾ:

ਜਿਨ ਕੇ ਚਿਤ ਮੈਂ ਹਿਤ ਨਾਂ ਦੁਨੀਆਂ,
ਕਿਤ ਕੂਰਮ ਰੋਮ ਸਮਾਨ ਜਰਾ[1]।

[1]ਜਿਨ੍ਹਾਂ ਦੇ ਚਿੱਤ ਵਿੱਚ ਕੱਛੂ ਦੇਰੋਮ ਵਾਂਗ ਕਿਤੇ ਜਰਾ ਭਰ ਵੀ ਦੁਨੀਆਂ ਦਾ ਮੋਹ ਨਹੀਂ।

ਇਕ ਬੈਦਕ ਹਿੰਦੁ ਧਰੰਮ ਰਖ੍ਯੋ ਚਹਿਂ,
ਜੈਸ ਰਿਖੀ ਸਭਿ ਏਸੁ ਪੁਰਾ[1]।

[1]ਜਿਸ ਤਰ੍ਹਾਂ ਇਸ (ਭਾਰਤ ਵਰਸ਼ ਦੇ) ਪੁਰਾਣੇ ਰਿਖੀ ਹੋਏ ਹਨ ਤਿਵੇਂ ਵੇਦਾਂ ਅਨੁਸਾਰ ਚਲਣ ਵਾਲੇ ਇੱਕ ਹਿੰਦੂ ਧਰਮ ਨੂੰ (ਕਾਇਮ) ਰਖਣਾ ਚਾਹੁੰਦੇ ਹਨ।

ਤਿਨ ਸੋਂ ਜਨ ਬਾਦ ਬਿਬਾਦ ਬਿਖਾਦ
ਕਰੈਂ, ਤਿਨ ਕੀ ਕਿ ਨ ਜਾਹਿਂ ਜਰਾ[1]?।

[1]ਤਿਨ੍ਹਾਂ ਨਾਲ ਜਿਹੜੇ ਆਦਮੀ (ਬਾਦ) ਬਿਅਰਥ (ਬਿਬਾਦ) ਤਰਕਾਂ ਤੇ (ਬਿਖਾਦ) ਝਗੜਾ ਕਰਦੇ ਹਨ ਉਨ੍ਹਾਂ ਦੀਆਂ ਜੜ੍ਹਾਂ ਕਿਉਂ ਨਾ ਜਾਣ ਭਾਵ ਉਨ੍ਹਾਂ ਦੀਆਂ ਜੜ੍ਹਾਂ ਜ਼ਰੂਰ ਪੁੱਟੀਆਂ ਜਾਣਗੀਆਂ।

ਅਬਿ ਤਾਂ ਗੁਰੁ ਸਿੱਖ ਮਨੀ ਸਿੰਘ ਕੋ,
ਹਮ ਬੰਦਨ ਬਾਰਹਿਂ ਬਾਰ ਕਰਾ ॥੨॥

ਦੋਹਰਾ:

ਮਨੀ ਸਿੰਘ ਜਿਮ ਤਨ ਦਯੋ,
ਕਥੈਂ ਕਥਾ ਅਬਿ ਸੋਇ।
ਜੋ ਸੁਨ ਕੈ ਨਿਜ ਧਰਮ ਮੈਂ,
ਸਿਦਕ ਹਠਿਗ੍ਹੈ ਹੋਇ[1] ॥੩॥

[1]ਆਪਣੇ ਧਰਮ ਵਿੱਚ ਭਰੋਸੇ, ਹਠ ਤੇ ਹੌਂਸਲੇ ਵਾਲਾ ਹੋ ਜਾਂਦਾ ਹੈ।

ਚੌਪਈ:

ਮਨੀ ਸਿੰਘ ਕੀ ਕੈਹੋਂ ਗਾਥਾ।
ਸੁਨੋਂ ਖਾਲਸਾ ਜੀ ਹਿਤ ਸਾਥਾ।

ਬਹੁ ਬ੍ਰਿੱਧਨ ਤੈ[1] ਜਸੋਂ ਹਮ ਸੁਨੀ।	[1]ਵੱਡਿਆਂ ਤੋਂ।
ਲਿਖੀ ਪਿਖੀ ਜੇਤਿਕ ਸੋ ਗੁਨੀ[1] ॥੪॥	[1]ਵਿਚਾਰੀ ਹੈ।
ਕੀਨੋ ਕਲਿ ਮੈਂ ਜਿਨ ਬਡ ਸਾਕਾ[1]।	[1]ਇਤਿਹਾਸ ਦੀ ਪ੍ਰਸਿੱਧ ਘਟਨਾ।
ਕਬੀ ਨ ਕਿਨੈ ਕਰਯੋ ਅਸ ਬਾਂਕਾ[1]।	[1]ਚੰਗਾ।
ਪੂਰਬ ਰਿਖੀ ਮੁਨੀ ਬਹੁ ਭਏ।	
ਧਰਮ ਹੇਤ ਤਨ ਭੀ ਉਨ ਦਏ ॥੫॥	
ਪੈ ਐਸੋ ਹਠ ਕਰਯੋ ਨ ਕਾਹੂੰ।	
ਨਰ ਦੇਹੀ ਸੁਰ ਅਸੁਰਨ ਮਾਹੂੰ।	
ਜੱਦਪਿ ਰਾਵਨ ਮੂੰਡ[1] ਚਢਾਏ।	[1]ਸਿਰ।
ਕਟ ਕੈ ਨਿਜ ਲਾਲਚ ਹਿਤ ਸਾਏ[1] ॥੬॥	[1]ਉਹ ਵੀ ਆਪਣੇ ਲਾਲਚ ਵਾਸਤੇ।
ਇੰਦ੍ਰਜੀਤ ਤਨ ਪਲ ਕਟਿ ਹੋਮਯੋ।	
ਕਿੰਚਿਤ, ਨਹਿੰ ਸਭਿ ਹੀ ਤਿਨ ਤੋਮਯੋ[1]।	[1](ਇੰਦ੍ਰਜੀਤ) ਰਾਵਣ ਦੇ ਪੁੱਤਰ ਮੇਘਨਾਦ ਨੇ ਆਪਣੇ ਸ਼ਰੀਰ ਦਾ (ਕਿੰਚਤ) ਥੋੜਾ ਜਿਹਾ (ਪਲ) ਮਾਸ ਕੱਟ ਕੇ (ਹੋਮਯੋ) ਹਵਨ ਕੀਤਾ ਸੀ, ਸਾਰਾ ਮਾਸ (ਤੋਮਯੋ) ਜੱਗ ਵਿੱਚ ਹਵਨ ਨਹੀਂ ਸੀ ਕੀਤਾ।
ਸ਼ਿਵੀ* ਦਧੀਚ** ਪ੍ਰਸੰਗ ਲਿਖੇ ਹੈਂ।	*ਸ਼ਿਵੀ-ਗਾਂਧਾਰ ਦੇ ਰਾਜੇ ਉਸ਼ੀਨਰ ਦਾ ਪੁੱਤਰ। ਮਹਾਂ-ਭਾਰਤ ਅਨੁਸਾਰ ਇਸ ਦੇ ਦਯਾ ਦਾਨ ਦੀ ਪਰਖ ਲਈ ਇੰਦ੍ਰ ਬਾਜ ਤੇ ਅਗਨੀ ਕਬੂਤਰ ਬਣ ਕੇ ਆਏ। ਕਬੂਤਰ ਰਾਜੇ ਦੀ ਗੋਦੀ 'ਚ ਲੁਕ ਗਿਆ, ਬਾਜ ਨੇ ਆਪਣਾ ਸ਼ਿਕਾਰ ਮੰਗਿਆ, ਰਾਜੇ ਨੇ ਬਾਜ ਨੂੰ ਹੋਰ ਮਾਸ ਲੈਣ ਲਈ ਕਿਹਾ। ਬਾਜ ਦੇ ਕਹਿਣ ਅਨੁਸਾਰ ਕਬੂਤਰ ਨੂੰ ਤੱਕੜੀ 'ਚ ਰੱਖ ਕੇ ਦੂਜੇ ਪਾਸੇ ਆਪਣਾ ਮਾਸ ਕਟ ਕੇ ਪਾਇਆ, ਪਰ ਕਬੂਤਰ ਭਾਰਾ ਰਿਹਾ, ਅੰਤ ਨੂੰ ਰਾਜਾ ਆਪ ਤੱਕੜੀ 'ਚ ਚੜ੍ਹ ਬੈਠਾ, ਇਸ ਤੋਂ ਪ੍ਰਸੰਨ ਹੋ ਕੇ ਇੰਦ੍ਰ ਤੇ ਅਗਨੀ ਲੋਪ ਹੋ ਗਏ। **ਦਧੀਚਿ-ਸ਼ਾਂਤੀ ਦੇ ਗਰਭ ਤੋਂ ਅਥਰਵਾ ਦਾ ਪੁੱਤਰ ਇਕ ਵੈਦਕ ਰਿਸ਼ੀ ਸੀ। ਇੰਦ੍ਰ ਨੇ ਇਸ ਨੂੰ ਮਧੁ ਵਿੱਦਿਆ ਇਸ ਸ਼ਰਤ 'ਤੇ ਸਿਖਾਈ ਸੀ ਕਿ ਜੇ ਇਸ ਨੇ ਕਿਸੇ ਹੋਰ ਨੂੰ ਇਹ ਵਿੱਦਿਆ ਸਿਖਾਈ ਤਾਂ ਸਿਰ ਕੱਟ ਦਿੱਤਾ ਜਾਊ। ਅਸ਼ੁਨੀ ਕੁਮਾਰਾਂ ਨੇ ਦਧੀਚਿ ਨੂੰ ਵਿੱਦਿਆ ਸਿਖਾਉਣ ਲਈ ਮਨਾ ਲਿਆ ਅਤੇ ਇੰਦ੍ਰ ਦੇ ਕ੍ਰੋਪ ਤੋਂ ਬਚਾਉਣ ਲਈ ਦਧੀਚਿ ਦੇ ਸਿਰ ਦੀ ਥਾਂ ਘੋੜੇ ਦਾ ਸਿਰ ਧੜ ਨਾਲ ਜੜ ਦਿੱਤਾ। ਜਦ ਇੰਦ੍ਰ ਨੇ ਉਸ ਦਾ ਘੋੜੇ ਦਾ ਸਿਰ ਵੱਢ ਦਿੱਤਾ ਤਾਂ ਅਸ਼ੁਨੀ ਕੁਮਾਰਾਂ ਨੇ ਦਧੀਚਿ ਦਾ ਅਸਲ ਸਿਰ ਇਸ ਨੂੰ ਦੇ ਦਿੱਤਾ।
ਸੋ ਭੀ ਭਏ ਨ ਐਸ ਤਿਖੇ ਹੈਂ ॥੭॥	

ਜਨਕ ਬਿਦੇਹੀ[1] ਭਏ ਉਦਾਰਾ।
[1]ਜਿਸ ਦਾ ਦੇਹ ਅਭਿਮਾਨ ਦੂਰ ਹੋ ਗਿਆ ਹੈ।

ਤਿਨ ਭੀ ਏਕ ਪਾਉਂ ਥਾ ਜਾਰਾ[1]।
[1]ਇਕ ਪੈਰ ਹੀ ਸਾੜਿਆ ਸੀ।

ਸ਼ੱਮਸਤ੍ਰੇਜ ਔਰ ਮਨਸੂਰੈਂ।
ਇਕ ਇਕ ਅੰਗ ਕਟਜੋ ਜਾਰੂਰੈਂ ॥ ੮ ॥
ਕਰਨੀ ਜੈਸ ਮਨੀ ਸਿੰਘ ਕੀਨੀ।
ਐਸੀ ਕਰੀ ਨ ਕਿਨਹੂੰ ਪੀਨੀ[1]।
[1]ਵੱਡੀ।

ਬੈਠਿ ਕਟਾਏ ਨਿਜ ਸਭਿ ਅੰਗਾ।
ਜਰਾ ਸਿਦਕ ਨਹਿਂ ਕੀਨ ਵਿਭੰਗਾ[1] ॥ ੯ ॥
[1]ਨਾਸ਼।

ਰਾਖਜੋ ਹਠ, ਨਹਿਂ ਵੱਟਜੋ ਅੰਗਾ।
ਜਗ ਮੈਂ ਜਸ ਭਰ ਗਯੋ ਅਭੰਗਾ[1]।
[1]ਲਗਾਤਾਰ।

ਮਾਤ ਕਰਜੋ ਜਿਨ ਜਨਕ ਬਿਦੇਹੀ।
ਕਰੀ ਪਿਤਾਮਾ ਭੀਸ਼ਮ ਜੇਹੀ[1] ॥ ੧੦ ॥
[1]ਭੀਸ਼ਮ ਪਿਤਾਮੇ ਵਰਗੀ, ਜੋ ਬਾਣਾਂ ਦੀ ਸੇਜਾ ਤੇ ਪਿਆ ਰਿਹਾ।

ਸੀਤ[1] ਦਸਮ ਗੁਰੁ ਕਾ ਉਨ ਛਕਯੋ।
[1]ਸੀਤ ਪ੍ਰਸ਼ਾਦ।

ਯਾਂ ਤੈ ਨਾਹਿਂ ਧਰਮ ਤੈ ਥਕਯੋ।
ਗੁਰੂ ਕ੍ਰਿਪਾ ਤੈ ਬੁੱਧਿ ਪਵਿੱਤ੍ਰ।
ਭਈ ਤਾਹਿਂ ਕੀ ਅਧਿਕ ਬਿਚਿੱਤ੍ਰ[1] ॥ ੧੧ ॥
[1]ਅਸਚਰਜ।

ਗੁਰੁ ਢਿਗ ਬਾਲ ਅਵਸਥਾ ਆਯੋ।
ਨਾਹਿਂ ਬਜਾਹਿ ਫਿਰ ਤਾਹਿਂ ਕਰਾਯੋ।
ਬਾਲ ਜਤੀਰਹਿ ਸਤੀ[1] ਸਦਾਯਾ।
[1]ਸੱਚ ਬੋਲਣ ਵਾਲਾ।

ਜਪੀ ਤਪੀ ਹਠ ਅਤੀ ਰਖਾਯਾ ॥ ੧੨ ॥
ਬਿੱਦਜਾ ਪਠੀ ਦਸਮ ਗੁਰੁ ਪੈਹੈਂ[1]।
[1]ਪਾਸੋਂ।

ਨਿਪੁਨ ਭਯੋ ਗਜਾਨੀ ਗੁਨ ਮੈਂਹੈਂ[1] ॥ ੧੩ ॥
[1]ਗੁਣਾਂ ਵਿੱਚ ਚਤੁਰ ਹੋ ਕੇ ਗਿਆਨੀ ਹੋ ਗਿਆ।

ਦੋਹਰਾ:

ਰਹਜੋ ਸਦਾ ਗੁਰੁ ਦਸਮ ਢਿਗ,
ਕੈ ਫਿਰ ਮਾਤਾ ਪਾਸ।
ਮਨ ਤਨ ਤੈ ਸੇਵਾ ਕਰੀ,
ਭਯੋ ਮਾਤਬਰ ਖਾਸ[1] ॥ ੧੪ ॥
[1]ਖ਼ਾਸ ਇਤਬਾਰ ਵਾਲਾ।

ਚੌਪਈ:

ਅਬਿ ਸਾਖੀ ਉਤਪਤਿ ਯੁਤ[1] ਤਾਂ ਕੀ।
[1]ਉਤਪਤੀ ਸਹਿਤ ਭਾਵ ਜਨਮ ਤੋਂ ਲੈ ਕੇ।

ਸੁਨੀ ਜੈਸ ਤਜੋਂ ਲਿਖਹੋਂ ਬਾਂਕੀ[1]। [1]ਸੁੰਦਰ।
ਆਹਿ ਮਾਲਵੇ ਦੇਸ ਮਝਾਰੀ।
ਦੁੱਲਟ ਗੋਤ ਜਾਟ ਭਲ ਭਾਰੀ ॥੧੫॥
ਕੈਬੋਵਾਲ, ਉੱਪਲੀ, ਚੱਠੇ।
ਆਦਿ ਗਾਮ ਹੁਤੇ ਤਿੰਨ ਕੱਠੇ।
ਨਾਦਰ ਜਬਿ ਬਡ ਜੁਲਮੀ[1] ਆਯੋ। [1]ਜ਼ਾਲਮ।
ਗਦਰ ਜਦਰ[1] ਤਬਿ ਮਚਯੋ ਮਹਾਂਯੋ ॥੧੬॥ [1]ਹਲਚਲੀ ਤੇ ਜੰਗ।
ਮਾਰ ਲੂਟ ਕਰਿ ਕਤਲ ਅਪਾਰੀ।
ਗਾਮ ਸੈਂਕੜੇ ਗਯੋ ਉਜਾਰੀ।
ਸੋ ਭੀ ਕਾਲ ਚਾਲ ਕੇ[1] ਮਾਰੇ। [1]ਸਮੇਂ ਦੀ ਚਾਲ ਦੇ।
ਗਏ ਉਜੜ ਇਤ ਉਤ ਕਿਤ ਸਾਰੇ ॥੧੭॥
ਫਿਰਤ ਰਹੇ ਚਕਰੈਲ[1] ਵਿਚਾਰੇ। [1]ਪੱਖੀ ਵਾਸ ਹੋ ਕੇ।
ਮਾਰ ਧਾੜ ਕਰਿ ਦਿਵਸ ਗੁਜਾਰੇ।
ਆਲਾ ਸਿੰਘ ਨਿਰਪ ਸੋਂ ਚੰਗੈਂ[1]। [1]ਚੰਗੇ ਸੰਬੰਧ ਬਣਾ ਕੇ।
ਕਿਨਹੂੰ ਪੰਥ ਖਾਲਸੇ ਸੰਗੈਂ ॥੧੮॥
ਮਿਲ ਕੈ ਚਲ ਕੈ ਦੇਸ ਬਿਦੇਸੈਂ।
ਦਿਵਸ ਗੁਜਾਰੇ ਐਸ ਬਿਸੇਸੈਂ।
ਅਬਿ ਲੌਂ ਉਨ ਕੇ ਪਿੰਡਨ ਕੇਰੇ।
ਥੇਹ ਪੜੇ ਹੈਂ ਬਿਦਿਤ[1] ਉਚੇਰੇ ॥੧੯॥ [1]ਪ੍ਰਗਟ।
ਫਿਰ ਜਬਿ ਆਲਾ ਸਿੰਘ ਬਸਾਯੋ।
ਲੌਂਗੋਵਾਲ, ਸੋ ਬਸੇ ਤਹਾਂਯੋ।
ਲੌਂਗਾ ਸਿੰਘ ਨਾਮ ਥਾ ਜੋਧਾ।
ਤਬੈ ਦੁੱਲਟੋਂ ਮਾਹਿਂ ਸਬੋਧਾ[1] ॥੨੦॥ [1]ਚੰਗੀ ਸਮਝ ਵਾਲਾ।
ਹੁਤੋ ਧਾੜਵੀ ਬੀਰ ਬਹਾਦਰ।
ਲੰਗਰ ਲਾਇ ਰਖਯੋ ਤਿਹ ਸਾਦਰ।
ਤਾਂ ਤੇ ਨਾਮ ਤਾਹਿਂ ਕੋ ਪਰ ਹੈ।
ਪਰਗਟ ਭਯੋ ਪਿੰਡ ਸੋ ਤਰ[1] ਹੈ ॥੨੧॥ [1]ਬਹੁਤਾ।
ਥੀ ਬਿਰਾਦਰੀ[1] ਤਾਹਿਂ ਅਪਾਰੀ। [1]ਭਾਈਚਾਰਾ।
ਬਸਯੋ ਗਾਮ ਸੋ ਯਾਂ ਤੈ ਭਾਰੀ।
ਅਬਿ ਲੌਂ ਭੀ ਦੁੱਲਟ ਤਿਸ ਠੌਰੈਂ।

ਜਿਮੀਂਦਾਰ ਹੈਂ ਸਭਿ ਸੈਂ ਗੌਰੈਂ[1] ॥੨੨॥ — [1]ਬਹੁਤੇ।
ਉਨੈਂ ਦੁਲੱਟੋਂ ਕੇਰ ਬਡੇਰੇ।
ਕੈਬੋਵਾਲ ਬਸਤ ਥੇ ਜੇਰੇ[1]। — [1]ਜਿਹੜੇ।
ਤਿਨ ਮੈਂ ਸੇ ਚੂਹੜ ਅਰ ਭੱਲਨ।
ਭਏ ਬਹਾਦਰ ਅਰਿ ਘਰਿ ਘੱਲਨ[1] ॥੨੩॥ — [1]ਵੈਰੀਆਂ ਨੂੰ ਘਰਾਂ ਵੱਲ ਨੂੰ ਘੱਲਣ ਵਾਲੇ।
ਖਸ਼ਟਮ ਗੁਰੁ ਜਬਿ ਅਏ ਮਾਲਵੇ।
ਭਏ ਸਿੱਖ ਇਹੁ ਤਬਿ ਉਤਾਲਵੇ[1]। — [1]ਛੇਤੀ।
ਜੰਗਨ ਮੈਂ ਗੁਰੁ ਸੰਗ ਰਹਾਏ।
ਸੱਤ੍ਰੂ ਅਨਗਨ ਮਾਰਿ ਖਪਾਏ ॥੨੪॥
ਭੱਲਨ ਕਾ ਪੌਤਰ ਫਿਰ ਕਾਲਾ।
ਭਯੋ ਬੀਰ ਬਰ ਬਲੀ ਬਿਸਾਲਾ।
ਦਸਮ ਗੁਰੂ ਕਾ ਸੋ ਸਿੱਖ ਥੀਆ।
ਸਭਿ ਜੰਗਨ ਮੈਂ ਸੰਗ ਰਹੀਆ ॥੨੫॥
ਕਾਲੂ ਸਿੰਘ ਨਾਮ ਗੁਰੁ ਰਾਖਾ।
ਸੱਤ੍ਰੂਹਿਂ ਦੁਤੀ ਭੀਮ ਥਾ ਲਾਖਾ[1]। — [1]ਵੈਰੀਆਂ ਨੇ ਦੂਜਾ ਭੀਮ-ਸੈਨ ਜਾਣਿਆ ਸੀ।
ਦੋਇ ਪੂਤ ਤਾਂ ਕੇ ਘਰ ਥਏ।
ਉਭੈ ਓਰ[1] ਸੋ ਅਤਿ ਬਿਦਤਏ ॥੨੬॥ — [1]ਦੋਂਹ ਤਰਫਾਂ ਤੋਂ।
ਬਡੋ ਨਿਗਾਹੀਆ ਸਿੰਘ ਬਹਾਦਰ।
ਸੋ ਗ੍ਰਿਸਤੀ ਹੋਯੋ ਬਡ ਨਾਦਰ[1]। — [1]ਅਨੋਖਾ।
ਸਾਤ ਪੂਤ ਤਾਂ ਕੇ ਘਰ ਭਏ।
ਆਗੇ ਕਥਾ ਤਿਨੋਂ ਕੀ ਅਏ ॥੨੭॥
ਲਘੁ ਸੁਤ[1] ਕਾਲੇ ਸਿੰਘ ਕਾ ਜੋਈ। — [1]ਛੋਟਾ ਪੁੱਤਰ।
ਮਨੀ ਸਿੰਘ ਬਿਦਤਯੋ ਜਗ ਸੋਈ।
ਪੂਰਬ ਪੁੰਨਜ ਪੁੰਜ ਪ੍ਰਭਾਵੈਂ[1]। — [1]ਪੂਰਬਲੇ ਬਹੁਤੇ ਪੁੰਨਾਂ ਦੇ ਪ੍ਰਭਾਵ ਕਰਕੇ।
ਥਾ ਸੁਠ ਚਤੁਰ ਸੁਸ਼ੀਲ ਸੁਭਾਵੈਂ[1] ॥੨੮॥ — [1]ਸੁੰਦਰ, ਚਤੁਰ ਤੇ ਸ਼ਾਂਤ ਸੁਭਾਵ ਵਾਲਾ ਸੀ।
ਸਾਤ ਬਰਸ ਸਤਿਗੁਰੁ ਤੈ ਛੋਟਾ।
ਹੁਤੋ, ਭਾਗ ਤਿਹ ਜਾਗਯੋ ਮੋਟਾ।
ਪੁਰਿ-ਅਨੰਦ ਸੰਗਤ ਸੰਗ ਆਯੋ।
ਪਿਤਾ ਤਾਹਿਂ ਕਾ ਥਾ ਸੰਗ ਲਜਾਯੋ ॥੨੯॥
ਗੁਰੁ ਦਰਸ਼ਨ ਕਰਿ ਮਨ ਫਿਰ ਗਯੋ।

ਗੁਰਿ ਮੁਖ ਚੰਦ ਚਕੋਰੈਂ ਥਯੋ[1]।	[1]ਗੁਰਾਂ ਦੇ ਮੁਖ ਰੂਪ ਚੰਦ੍ਰਮਾਂ (ਦੇ ਦਰਸ਼ਨਾਂ) ਦਾ ਚਕੋਰ ਹੋ ਗਿਆ।
ਰਚਨਾ ਪੇਖੈ ਮਨ ਹੁਲਸਾਵੈ[1]।	[1]ਖ਼ੁਸ਼ ਹੁੰਦਾ ਹੈ।
ਨਿਸ ਦਿਨ ਆਨੰਦ ਮਾਹਿਂ ਬਿਤਾਵੈ ॥੩੦॥	
ਅਰ ਕੁਣਕਾ ਮੇਵਾ ਮਿਠਜਾਈ।	
ਗੁਰੁ ਢਿਗ ਰੋਜ ਛਕਨ ਕੋ ਥਜਾਈ[1]।	[1]ਮਿਲਦਾ ਹੈ।
ਯਾਂ ਤੈ ਪਰਚ ਰਹਯੋ ਸੋ ਤਹਾਂ।	
ਘਰ ਆਵਨ ਪਿਤ ਸੰਗ ਨ ਚਹਾ ॥੩੧॥	
ਪਿਤਾ ਤਾਹਿਂ ਜਬਿ ਜੋਰ ਜਨਯੋ।	
ਰੋਵਤ ਦੌਰਿ ਗੁਰੂ ਢਿਗ ਗਯੋ।	
ਕਾਲੇ ਸਿੰਘ ਕੋ ਗੁਰੁ ਤਬਿ ਕਹਾ।	
ਰਹਿਨ ਦੇਹੁ ਬਾਲਕ ਕੋ ਯਹਾਂ ॥੩੨॥	
ਤਿਸ ਨੇ ਹੁਕਮ ਗੁਰੂ ਕਾ ਧਾਰਾ।	
ਸੌਂਪਿ ਗੁਰੈਂ ਨਿਜ ਘਰੈਂ ਪਧਾਰਾ।	
ਹੁਤੋ ਬਰਸ ਪੰਦ੍ਰਾਂ ਕਾ ਤਦੋਂ।	
ਗੁਰੁ ਢਿਗ ਰਹਯੋ ਮਨੀ ਸਿੰਘ ਜਦੋਂ ॥੩੩॥	
ਸੇਵਾ ਸਤਿਗੁਰੁ ਕੀ ਨਿਤ ਕਰੈ।	
ਸ੍ਵਾਸ ਸ੍ਵਾਸ ਸਤਿਨਾਮੁ ਉਚਰੈ।	
ਭਾਗ ਉਦੇ ਜਬਿ ਜਾਂ ਕਾ ਹੋਈ[1]।	[1]ਜਦੋਂ ਜਿਸ ਦਾ ਚੰਗਾ ਭਾਗ ਪ੍ਰਗਟ ਹੁੰਦਾ ਹੈ।
ਭਾਵਤ ਬਡਿਅਨ ਕੇ ਮਨਿ ਸੋਈ ॥੩੪॥	
ਪਢਨ ਗੁਰਮੁਖੀ ਗੁਰੈਂ ਲਗਾਯਾ।	
ਭਾਂਜਨ[1] ਮਾਂਜਨ ਸੇਵਾ ਲਾਯਾ।	[1]ਭਾਂਡੇ।
ਸ੍ਰੀ ਮੁਖ ਤੈ ਫੁਰਮਾਯੋ ਐਸੇ।	
ਤੂੰ ਬਰਤਨ ਮਾਂਜੋਗੇ ਜੈਸੇ ॥੩੫॥	
ਤੈਸ ਬੁੱਧਿ ਹ੍ਵੈ ਸੁੱਧਿ ਤੁਮਾਰੀ।	
ਪੈਹੈਂ ਬਿੱਦਯਾ ਸੁਖਦ ਉਦਾਰੀ।	
ਮਾਨਿ ਬਚਨ ਇਹੁ ਧਰਿ ਅਤਿ ਪ੍ਰੇਮੈਂ।	
ਲਗਯੋ ਕਰਨ ਬਹੁ ਸੇਵ ਸਨੇਮੈਂ[1] ॥੩੬॥	[1]ਨੇਮ ਨਾਲ।
ਦਯਾ ਸੰਤ ਗੁਰੁ ਜਾਂ ਪਰ ਕਰਿ ਹੈਂ।	
ਟਹਿਲ ਸਪੁਰਦ ਤਾਹਿਂ ਕੋ ਕਰਿ ਹੈਂ[1]।	[1]ਤਿਸ ਨੂੰ ਸੇਵਾ ਸੌਂਪਣਾ ਕਰਦੇ ਹਨ।

ਜਾਂ ਤੈ ਮਹਿਲ ਸਹਿਲ ਜਨ ਪੈਹੈਂ[1]।
ਤਿਨ ਕੋ ਗੁਰੁ ਨਿਜ ਦਿਸ ਖਿਚ ਲੈਹੈਂ ॥ ੩੭ ॥
ਬੱਤਕ ਕੋਕਿਲ ਨ੍ਰਿਪਨਿ ਜਾਏ।
ਮੁਰਗੀ ਕਾਕ ਪਾਲ ਹੈਂ ਦਾਏ[1]।
ਪੈ ਵਹਿ ਜਾਤਿ ਪਿਤਾ ਕੀ ਰੈਹੈਂ।
ਸੁਰਤਿ ਸੰਭਾਲ ਪਿਤਾ ਢਿਗ ਐਹੈਂ ॥ ੩੮ ॥
ਤੈਸੇ ਪਜਾਰੋ ਪ੍ਰਭੁ ਕਾ ਜੋਈ।
ਜਗ ਤਜਿ ਆਇ ਸੰਤ ਢਿਗ ਸੋਈ।
ਮੱਨੀ[1] ਸਤਿਗੁਰੁ ਪਾਸ ਰਹਾਯੋ।
ਭਯੋ ਮਾਤਬਰ[1] ਗੁਰੁ ਮਨਿ ਭਾਯੋ ॥ ੩੯ ॥
ਬਿਦਜਾ ਪਢਜੋ ਭਲੈ ਇਹੁ ਜੌਂਪੀ[1]।
ਟਹਿਲ ਪੁਸਤਕੋਂ ਕੀ ਗੁਰੁ ਸੌਂਪੀ।
ਜੋ ਸਤਿਗੁਰੁ ਉਪਦੇਸ਼ ਦਿਢਾਯੋ।
ਮਨ ਤਨ ਕਰਿ ਦਿਢ ਸੋਊ ਕਮਾਯੋ ॥ ੪੦ ॥
ਰਹਿ ਇਕੰਤ ਸਦ ਸੰਤ ਸੁਭਾਏ।
ਸ਼ਸਤ੍ਰ ਗਹਜੋ ਨ ਉਮਰ ਭਰਾਏ[1]।
ਬਾਣੀ ਨੌਮ ਗੁਰੂ ਕੀ ਜੇਤੀ।
ਪਢੈ ਜਰੂਰ ਨਿਤਾ-ਪ੍ਰਤਿ ਤੇਤੀ ॥ ੪੧ ॥
ਬਿੱਦਜਾ ਕਾ ਅੱਭਜਾਸ ਬਿਸ਼ੇਸ਼ੈ।
ਕਰੈ ਆਪ ਔਰੈਂ ਉਪਦੇਸ਼ੈ।
ਸੇਵੀ ਦੇਵੀ* ਜਬੈ ਅਭੇਵੀ[1]।
ਪੰਥ ਖਾਲਸਾ ਰਚਜੋ ਹਛੇਵੀ[1] ॥ ੪੨ ॥
ਤਬਿ ਅੰਮ੍ਰਿਤ ਇਸ ਕੋ ਗੁਰੁ ਦੀਨਾ।
ਮਨੀ ਸਿੰਘ ਮੱਨੀ ਤੇ ਕੀਨਾ।
ਧਰਮ ਸਿੰਘ, ਸੈਣਾ ਸਿੰਘ, ਰਾਮਾ[1]।
ਕਰਮ ਸਿੰਘ, ਗੰਡਾ, ਹਰਿਨਾਮਾ ॥ ੪੩ ॥
ਰਾਮ ਕੌਰ, ਭਾਈ ਨੰਦ ਲਾਲ।

[1]ਜਿਸ ਕਰ ਕੇ ਸੇਵਕ ਸੌਖਿਆਂ ਹੀ (ਮਹਿਲ) ਪਦਵੀ ਪ੍ਰਾਪਤ ਕਰ ਲੈਂਦਾ ਹੈ।

[1]ਬੱਤਕ ਦੇ ਬੱਚੇ ਮੁਰਗੀ, ਕੋਇਲ ਦੇ ਬੱਚੇ ਕਾਂ ਤੇ ਰਾਜਿਆਂ ਦੇ ਬੱਚੇ ਦਾਏ ਪਾਲਦੇ ਹਨ।

[1]ਮਨੀ ਸਿੰਘ।

[1]ਇਤਬਾਰ ਵਾਲਾ।

[1]ਜਦੋਂ ਇਹ ਚੰਗੀ ਵਿੱਦਿਆ ਪੜ੍ਹ ਗਿਆ।

[1]ਉਮਰ ਭਰ, ਸਾਰੀ ਉਮਰ।

[1]ਜਦੋਂ (ਅਭੇਵੀ) ਇਕਰਸ (ਦੇਵੀ) ਚੰਡੀ ਦੀ ਸੇਵਾ ਕੀਤੀ।
*ਦੇਵੀ ਪ੍ਰਗਟ ਕਰਨ ਬਾਰੇ ਦੇਖੋ ਪੂਰਬਾਰਧ ਬਿਸ੍ਰਾਮ ਨੰ: ੬੦ ਦੇ ਅੰਕ ਨੰ: ੨੮ ਤੇ * ਨਿਸ਼ਾਨ ਦੀ ਪੈਰ ਟੂਕ।

[1]ਅੱਛਾ, ਚੰਗਾ।

[1](ਸਿੰਘ)।

ਚੰਦਨ ਸਿੰਘ, ਬੀਰ ਸਿੰਘ, ਬਾਲ।
ਹਰੀ ਸਿੰਘ, ਗਜਰਾ ਸਿੰਘ, ਭਾਰਾ।
ਇੱਤਜਾਦਿਕ ਸਿੰਘ ਥੇ ਜੁ ਅਪਾਰਾ ॥੪੪॥
ਫੇਰਤ ਮਾਲਾ ਪਢਤੇ ਰਹਿਤੇ।
ਨਹਿਂ ਸ਼ਸਤਰ ਗਹਿ ਜੰਗਹਿਂ ਚਹਿਤੇ।
ਸਤੋ ਗੁਨੀ ਏਕੰਤ ਨਿਵਾਸੀ।
ਆਤਮ ਗਜਾਨੀ ਸ਼ਬਦ ਅਭਜਾਸੀ ॥੪੫॥
ਸਿੰਘ ਨਿਰਮਲੇ ਜੇ ਅਭਿਰਾਮੀ[1]। — [1]ਸੁੰਦਰ।
ਤਿਨ ਮੈਂ ਭਯੋ ਮਨੀ ਸਿੰਘ ਨਾਮੀ[1]। — [1]ਮਸ਼ਹੂਰ।
ਕਰੈਂ ਕਾਰ ਜੋ ਸਤਿਗੁਰੁ ਕੈਹੈਂ।
ਗੁਰੂ ਮਾਤਬਰ ਤਾਂਹਿ ਲਖੈ ਹੈਂ ॥੪੬॥
ਜਬਿ ਫਿਰ ਗੁਰੁ ਪੁਰਿ-ਆਨੰਦ ਛੋਰਾ।
ਕਰਿ ਕੈ ਰਣ ਹਰ ਕੈ ਅਰਿ ਜੋਰਾ[1]। — [1]ਜੰਗ ਕਰ ਕੇ ਤੇ ਜ਼ੋਰ ਨਾਲ ਵੈਰੀਆਂ ਨੂੰ ਮਾਰ ਕੇ।
ਮਨੀ ਸਿੰਘ, ਗਰਜਾ ਸਿੰਘ ਆਦੀ।
ਮਹਿਲੋਂ ਸੰਗ ਕਰੇ ਸੁਤ ਨਾਦੀ[1] ॥੪੭॥ — [1](ਨਾਦ) ਉਪਦੇਸ਼ ਦੁਆਰਾ ਬਣਿਆ ਹੋਇਆ ਪੁੱਤਰ।
ਜਬਿ ਸਰਸੇ ਤਟ[1] ਪਰ ਭਟ-ਭੇਰਾ[2]। — [1]ਕਿਨਾਰੇ। [2]ਜੰਗ।
ਪਰਜੋ ਅਧਿਕ ਪਿਖਿ ਵਕਤ ਉਖੇਰਾ[1]। — [1]ਔਖਾ।
ਤਬਿ ਇਹੁ ਗੁਰੁ ਮਹਿਲੋਂ ਕੇ ਤਾਂਈਂ।
ਲਖਿ ਨਿਜ ਮਾਤ ਬਖਜਾਤ ਮਹਾਂਈਂ[1] ॥੪੮॥ — [1]ਪ੍ਰਗਟ ਹੀ ਆਪਣੀਆਂ ਮਹਾਨ ਮਾਤਾਵਾਂ ਜਾਣ ਕੇ।
ਮਰਦਾਨੇ ਬਾਗੇ[1] ਪਹਿਰੈ ਕੈ। — [1]ਮਰਦਾਵੇਂ ਪੁਸ਼ਾਕੇ।
ਤਰ ਕਰਿ ਪਾਰ ਨਦੀ ਤੇ ਲੈ ਕੈ।
ਚਲੇ ਅਗਾਰੀ ਜਬਿ ਹੀ ਧੈ ਕੈ।
ਅੱਸ੍ਰਨ ਪਰ ਅਸਵਾਰ ਕਰੈ ਕੈ ॥੪੯॥
ਨਿਜ ਬਾਨੇ ਤੁਰਕਨ ਸਮ ਕੀਨੇ।
ਰੋਕੋ ਨਾਹਿਂ ਕਿਨੇ ਇਹੁ ਚੀਨੇ[1]। — [1]ਜਾਣ ਕੇ।
ਦਿਲਵਾਲੀ[1] ਸਿੱਖ ਥੇ ਇਨ ਸੰਗੈਂ। — [1]ਦਿੱਲੀ ਦੇ।
ਤਾਂ ਤੇ ਦਿੱਲੀ ਗਏ ਨਿਸੰਗੈਂ ॥੫੦॥
ਰਹੇ ਤਹਾਂ ਬਹੁ ਦਿਨ ਮੁਦ ਪਾਹੈਂ[1]। — [1]ਅਨੰਦ ਪਾ ਕੇ।
ਦਿਲਵਾਲੀ ਸਿੱਖ ਸੇਵ ਕਮਾਹੈਂ।
ਮਨੀ ਸਿੰਘ ਮਾਈਂ ਢਿਗ ਰਹਾ।

ਸੇਵਾ ਕਰੈ ਧੀਰ ਦੈ ਮਹਾਂ ॥੫੧॥
ਗਰਜਾ ਸਿੰਘ ਕੋ ਗੁਰੁ ਦਿਸ ਪਠਯੋ।
ਇਤ ਗੁਰੁ ਜੰਗ ਮੁਕਤਿ-ਸਰ ਠਟਯੋ[1]। [1]ਕੀਤਾ।
ਗੁਰੁ ਢਿਗ ਆਇ ਖਬਰ ਉਨ ਦੀਨੀ।
ਮੁਕਤਿ ਭੁਗਤਿ ਉਨ ਗੁਰੁ ਤੈ ਲੀਨੀ ॥੫੨॥
ਦੇਸ ਮਾਲਵੈ ਪੁਨ ਗੁਰੁ ਫਿਰ ਕੈ।
ਬੈਠੇ ਜਬੈ ਦਮਦਮੇ ਥਿਰ ਕੈ।
ਮਨੀ ਸਿੰਘ ਤਬਿ ਮਾਈਓਂ ਤਾਂਈਂ।
ਲ੍ਯਾਯੋ ਸਤਿਗੁਰੁ ਪਾਸ ਤਹਾਂਈਂ ॥੫੩॥
ਪੁਨ ਗੁਰੁ ਜਬਿ ਦਿਸ ਦੱਖਨ ਗਏ।
ਸ਼ਾਹਿ ਬਹਾਦਰ ਬੋਲ ਪਠਏ[1]। [1]ਬੁਲਾ ਭੇਜੇ।
ਮਨੀ ਸਿੰਘ ਕੋ ਮਹਿਲੈਂ ਸਾਥੈ।
ਪਠਯੋ ਫੇਰ ਗੁਰੁ ਕਰ[1] ਧਰਿ ਮਾਥੈ ॥੫੪॥ [1]ਹੱਥ।
ਦਿੱਲੀ ਮੈਂ ਫਿਰ ਜਾਇ ਥਿਰਾਏ[1]। [1]ਜਾ ਟਿਕੇ।
ਮਾਤਾ ਕੋ ਸੇਵ੍ਯੋ ਮਨ ਲਾਏ।
ਜਬਿ ਗੁਰੁ ਸ਼ਾਹਿ ਬਹਾਦਰ ਤਾਂਈਂ।
ਆਏ ਰਾਜ ਦਿਲਾਇ ਤਹਾਂਈਂ ॥੫੫॥
ਤਹਿਂ ਤੈ ਪੁਨ ਦੱਖਨ ਮਗ ਲੀਆ।
ਚਾਲਹਿਂ ਮਹਿਲ ਹੁਕਮ ਗੁਰੁ ਦੀਆ।
ਮਾਤ ਸੁੰਦਰੀ ਤਹਾਂ ਰਹਾਈ।
ਸਾਹਿਬ ਦੇਵੀ ਸੰਗ ਸਿਧਾਈ ॥੫੬॥
ਮਾਤਾ ਕੀ ਖਿਜਮਤ ਹਿਤ[1] ਸੰਗੈਂ। [1]ਸੇਵਾ ਵਾਸਤੇ।
ਮਨੀ ਸਿੰਘ ਕੋ ਲ੍ਯੋ ਨਿਸੰਗੈਂ।
ਸਤਿਗੁਰੁ ਜਾਇ ਨਦੇੜ ਥਿਰਾਏ।
ਬੰਦਾ ਪਠਯੋ ਪੰਜਾਬ ਦਿਸਾਏ[1] ॥੫੭॥ [1]ਤਰਫ਼।
ਸਾਹਿਬ-ਜਾਦਯੋਂ ਕਾ ਉਨ ਬੈਰੈਂ[1]। [1]ਵੈਰ।
ਤੁਰਕਨ ਤੈ ਲੀਨੋਂ ਬਿਨ-ਧੈਰੈਂ[1]। [1]ਛੇਤੀ।
ਸੋ ਖੁਸ਼ਿ-ਖਬਰੀ ਜਬਿ ਗੁਰੁ ਪਾਈ।
ਭਏ ਮੋਦ ਪਰਮੋਦ ਮਹਾਂਈ[1] ॥੫੮॥ [1]ਬਹੁਤ ਤੋਂ ਬਹੁਤ ਅਨੰਦ ਹੋਏ।
ਅਬਿਚਲ-ਨਗਰ ਤਬੈ ਗੁਰੁ-ਰਾਈ[1]। [1]ਰਾਜਾ ਰੂਪ ਸਤਿਗੁਰੂ।

ਰਹੇ ਨਿਵਿਰਤੀ ਸੰਤ ਸੁਭਾਈ।
ਆਦਿ ਗ੍ਰੰਥ ਜੀ ਕੀ ਗੁਰੁ ਗਾਥਾ[1]*।

[1]ਕਥਾ। *ਸੰਪ੍ਰਦਾਈ ਗਿਆਨੀ ਇਹ ਕਥਾ ਸ੍ਰੀ ਦਮਦਮਾ ਸਾਹਿਬ ਗੁਰੂ ਕਾਸ਼ੀ (ਜ਼ਿਲਾ ਬਠਿੰਡਾ) ਵਿਖੇ ਤਖ਼ਤ ਵਾਲੀ ਥਾਂ ਤੇ ਸੁਣਾਈ ਕਹਿੰਦੇ ਹਨ।

ਸਿੱਖੈਂ ਸੁਨਾਵੈਂ ਨਿਤ ਹਿਤ ਸਾਥਾ ॥੫੯॥
ਸੁਨੈਂ ਸਿੰਘ ਸਭਿ ਮੋਦ ਬਢਾਈ।
ਮੁਕਤਿ ਭੁਗਤਿ ਦਾ ਅਤਿ ਸੁਖਦਾਈ।
ਜੋ ਸੁਨ ਕੈ ਬਹੁ ਸਿੰਘ ਸੁਜਾਨੀ।
ਜੀਵਨ ਮੁਕਤਿ ਭਏ ਤਤ੍ਵ ਗਜਾਨੀ[1] ॥੬੦॥

[1]ਤੱਤ ਸਰੂਪ ਦੇ ਗਿਆਨ ਵਾਲੇ।

ਤਾਰਕ ਦੁਨੀਯਾ ਸੰਤ ਉਦਾਰੈਂ[1]।

[1]ਦੁਨੀਆਂ ਨੂੰ ਤਾਰਨ ਵਾਲੇ ਸ੍ਰੇਸ਼ਟ ਸੰਤ।

ਬਨਿ ਬਿਚਰੇ ਨਿਰਬੰਧ ਵਿਚਾਰੈਂ[1]।

[1](ਸੰਤ) ਬਣ ਕੇ ਫਿਰੇ ਤੇ ਮੁਕਤ ਹੋਣ ਦੀ ਵਿਚਾਰ ਕਰਦੇ ਰਹੇ।

ਤਿਨ ਤੈ ਸੰਤ ਭਏ ਬਹੁ ਆਗੇ।
ਸਾਧੁ ਨਿਰਮਲੇ ਸੋ ਬਡ ਭਾਗੇ ॥੬੧॥
ਮਨੀ ਸਿੰਘ ਭੀ ਸੁਨੈ ਤਹਾਂਈਂ।
ਗੁਰਬਾਨੀ ਕੇ ਅਰਥ ਮਹਾਂਈਂ।
ਦਸਮ ਗੁਰੂ ਥੇ ਜੈਸ ਸੁਨਾਏ।
ਰਾਖੇ ਉਨ ਦਿਲ ਮਾਹਿਂ ਬਸਾਏ ॥੬੨॥
ਗੁਰੂ ਗ੍ਰੰਥ ਕੇ ਅਰਥਨ ਕੇਰੀ।
ਤਿਸ ਤੇ ਚਾਲੀ ਰੀਤਿ ਅਗੇਰੀ।
ਮਨੀ ਸਿੰਘ ਕੀ ਸੰਪ੍ਰਦਾਇ* ਹੈ।

*ਭਾਈ ਮਨੀ ਸਿੰਘ ਜੀ ਸ਼ਹੀਦ ਤੋਂ ਚਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥਾਂ ਦੀ ਸੰਪ੍ਰਦਾਇ (ਟਕਸਾਲ) ਦੀਆਂ ਅਗੋਂ ਕਈ ਸ਼ਾਖਾਂ ਹੋ ਗਈਆਂ, ਜਿਨ੍ਹਾਂ 'ਚੋਂ ਇਸ ਸਮੇਂ ਦੋ ਸ਼ਾਖਾਂ ਬਹੁਤ ਪ੍ਰਸਿੱਧ ਹਨ- ੧. ਸ੍ਰੀ ਅੰਮ੍ਰਿਤਸਰ ਵਿਖੇ ਸੰਤ ਅਮੀਰ ਸਿੰਘ ਜੀ ਗਲੀ ਸੱਤੋ ਵਾਲੀ, ਜਿਨ੍ਹਾਂ ਦੇ ਬਾਦ ਉਨ੍ਹਾਂ ਦੇ ਉੱਤ੍ਰਾਧਿਕਾਰੀ, ਸੰਤ ਗਿਆਨੀ ਕ੍ਰਿਪਾਲ ਸਿੰਘ ਜੀ ਅੱਜ ਕਲ ਉਸੇ ਅਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰਥ ਪੜ੍ਹਾਉਣ ਦੀ ਸੇਵਾ ਕਰ ਰਹੇ ਹਨ। ੨. ਭਿੰਡਰਾਂ ਵਾਲੀ ਸੰਪ੍ਰਦਾਇ, ਜੋ ਸੰਤ ਗਿਆਨੀ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਤੋਂ ਪ੍ਰਸਿੱਧ ਹੋਈ। ਉਨ੍ਹਾਂ ਤੋਂ ਬਾਦ ਉਨ੍ਹਾਂ ਦੇ ਉੱਤ੍ਰਾਧਿਕਾਰੀ ਸੰਤ ਗਿਆਨੀ ਗੁਰਬਚਨ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ੧੫੦ ਦੇ ਲਗਭਗ ਵਿਦਿਆਰਥੀ ਸਿੰਘਾਂ ਦਾ ਜਥਾ ਨਾਲ ਲੈ ਕੇ ਭਾਰਤ ਭਰ ਦੇ ਵੱਡੇ ਵੱਡੇ ਸ਼ਹਿਰਾਂ, ਕਸਬਿਆਂ ਤੇ ਪਿੰਡਾਂ ਵਿੱਚ ਵਿਚਰ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਤੇ ਹੋਰ ਗੁਰਮਤਿ ਤੇ ਅਨਜ

ਮੱਤਾਂ ਦੇ ਗ੍ਰੰਥ ਪੜ੍ਹਾਂਦੇ ਰਹੇ। ਦਾਸ ਨੂੰ ਵੀ ਉਨ੍ਹਾਂ ਮਹਾਂ-ਪੁਰਖਾਂ ਪਾਸ ਰਹਿ ਕੇ ਗੁਰਬਾਣੀ ਤੇ ਗੁਰਮਤਿ ਦੇ ਹੋਰ ਗ੍ਰੰਥ ਪੜ੍ਹਨ ਦਾ ਮੌਕਾ ਮਿਲਿਆ ਹੈ। ਹੁਣ ਇਸ ਸਮੇਂ ਉਨ੍ਹਾਂ ਦੀ ਥਾਂ ਸੰਪ੍ਰਦਾਇ ਭਿੰਡਰਾਂ ਦੇ ਮੁਖੀ, ਉਨ੍ਹਾਂ ਦੇ ਸੁਯੋਗ ਵਿਦਿਆਰਥੀ ਸੰਤ ਗਿਆਨੀ ਮੋਹਣ ਸਿੰਘ ਜੀ ਭਿੰਡਰਾਂ ਵਾਲੇ ਥਾਪੇ ਗਏ ਹਨ, ਜੋ ਵੱਡੇ ਮਹਾਂ-ਪੁਰਖਾਂ ਵਾਂਗ ਹੀ ੭੦-੮੦ ਸਿੰਘਾਂ ਦਾ ਜੱਥਾ ਨਾਲ ਲੈ ਕੇ ਭਾਰਤ ਭਰ ਵਿੱਚ ਵਿਚਰ ਕੇ ਗੁਰਬਾਣੀ ਦੇ ਅਰਥਾਂ ਅਤੇ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਵਿਸਥਾਰ ਲਈ ਦੇਖੋ ਸੰਪ੍ਰਦਾਇ ਪ੍ਰਣਾਲੀ ਪੁਸਤਕ 'ਗੁਰਬਾਣੀ ਪਾਠ ਦਰਸ਼ਨ' ਦੇ ਪੰਨਾ ੨੫੩ 'ਤੇ।

ਅਰਥ ਗਯਾਨੀ ਸਭੀ ਗਾਇ ਹੈਂ[1] ॥ ੬੩ ॥

[1]ਗੁਰਬਾਣੀ ਦੇ ਅਰਥ ਕਰਨ ਵਾਲੇ ਸਾਰੇ ਗਿਆਨ ਕਹਿੰਦੇ ਹਨ।

ਗੁਰੁ ਹਜੂਰ ਸੋ ਬਹੁ ਦਿਨ ਰਹਾ।
ਸੇਵਾ ਕਰਿ ਮੇਵਾ ਬਡ ਲਹਾ।
ਹੁਤੋ ਚਤੁਰ ਵਹਿ ਪੁਰਖ ਬਿਵੇਕੀ।
ਵਿਸ਼ੇ ਵਾਸ਼ਨਾ ਜਿਨ ਦਿਢ ਛੇਕੀ[1] ॥ ੬੪ ॥

[1]ਪੱਕੀ ਤਰ੍ਹਾਂ ਤਿਆਗੀ ਸੀ।

ਸੁੱਧਿ ਬੁੱਧਿ ਗੁਰੁ ਭਗਤਿ ਬਿਸੇਖੈਂ।
ਬ੍ਰਹਮਾਤਮ ਨਿਜ ਸਭਿ ਮੈਂ ਲੇਖੈਂ[1]।

[1]ਬ੍ਰਹਮ ਨੂੰ ਆਪਣਾ ਆਤਮਾ ਜਾਣ ਕੇ ਸਾਰਿਆਂ 'ਚ ਦੇਖਦੇ ਹਨ।

ਜਬਿ ਗੁਰੁ ਦਸਮ ਖਸਮ ਜਗ ਸੇਤੈਂ।
ਹੇਤੈਂ ਰਸਮ ਸੋਢੀ ਕੁਲਕੇਤੈਂ[1] ॥ ੬੫ ॥

[1]ਜਦੋਂ ਜਗਤ ਦੇ ਮਾਲਕ ਤੇ (ਸੇਤੈਂ) ਪੁਲ ਰੂਪ ਅਤੇ ਸੋਢੀਆਂ ਦੀ ਕੁਲ ਦੇ ਨਿਸ਼ਾਨ ਰੂਪ ਦਸਮ ਸਤਿਗੁਰੂ ਜੀ (ਸੰਸਾਰ ਦੀ) (ਰਸਮ) ਮਰਯਾਦਾ ਨੂੰ (ਕਾਇਮ ਰੱਖਣ) ਵਾਸਤੇ।

ਤਨ ਤਜਿ ਜੋਤੀ ਜੋਤਿ ਸਮਾਏ।
ਇਤ ਉਤ ਬਿਥਰੇ[1] ਸਿੱਖ ਤਦਾਂਏ।

[1]ਖਿੰਡ ਗਏ।

ਮਹਿਲਾ ਗੁਰੁ ਕੀ ਸਾਹਿਬ ਦੇਵੀ।
ਥੀ ਜੋ ਤਹਿਂ ਗੁਰੁ ਪਾਸ ਅਭੇਵੀ[1] ॥ ੬੬ ॥

[1]ਲਗਾਤਾਰ ਗੁਰਾਂ ਪਾਸ ਰਹਿੰਦੀ ਸੀ।

ਮਨੀ ਸਿੰਘ ਲੌ ਸਿੰਘਨ ਤਾਂਈ।
ਲੈ ਸੰਗੈ ਸੋ ਦਿੱਲੀ ਆਈ।
ਬਡੀ ਸਮਾਣੀ[1] ਗੁਰੁ ਕੀ ਜੋਈ।

[1]ਮਹਲ।

ਹੁਤੀ ਸੁੰਦ੍ਰੀ ਤਹਾਂ ਤਦੋਈ ॥ ੬੭ ॥
ਤਾਂ ਕੇ ਢਿਗ ਸੋ ਆਇ ਥਿਰਾਈ।
ਮਨੀ ਸਿੰਘ ਰਹਿ ਸੇਵ ਕਮਾਈ।

ਸਿੱਖ ਗੁਰੂ ਕੇ ਦੇਸ ਦੇਸ ਤੈ।
ਪਠਹਿਂ ਭੇਟ ਰਹਿਹੀਂ ਬਿਸੇਸ ਤੈ[1] ॥੬੮॥ — [1]ਖ਼ਾਸ ਤੌਰ 'ਤੇ ਭੇਟਾ ਭੇਜਦੇਰਹਿੰਦੇ ਸਨ।
ਮਨੀ ਸਿੰਘ ਸਭਿ ਸੇਵ ਕਮਾਵੈ।
ਗਜਾਨ ਦਿਢਾਵੈ ਕਥਾ ਸੁਨਾਵੈ ॥੬੯॥

ਦੋਹਰਾ:
ਸਿੰਘ ਬੰਦੱਯਨ ਕਾ ਜਬੈ,
ਪੰਥ ਸੰਗ ਤਕਰਾਰ[1]। — [1]ਝਗੜਾ।
ਅੰਮ੍ਰਿਤਸਰ ਪੂਜਾ ਪਰੈਂ[1] — [1]ਉੱਪਰ।
ਪਰਜੋ, ਮਚੀ ਬਡ ਰਾਰ[1] ॥੭੦॥ — [1]ਲੜਾਈ।
ਮਾਤਾ ਸਾਹਿਬ ਸੁੰਦਰੀ,
ਰਾਰ ਨਿਬੇਰਨ ਹੇਤ।
ਮਨੀ ਸਿੰਘ ਕੋ ਤਹਿਂ ਪਠਜੋ,
ਲਖ ਕੈ ਬਡੋ ਸੁਚੇਤ[1] ॥੭੧॥ — [1]ਵੱਡਾ ਹੁਸ਼ਿਆਰ ਜਾਣ ਕੇ।

ਚੌਪਈ:
ਮਾਤ ਸੁੰਦਰੀ ਸਾਹਿਬ ਦੇਵੀ।
ਹੇਤ ਨਿਬੇਰਨ ਝਗਰਾ ਏਵੀ[1]। — [1]ਇਸ ਤਰ੍ਹਾਂ।
ਨਿਜ ਸੁਤ ਕਾ ਖਤਾਬ ਦੈ ਤਾਂ ਕੋ।
ਪਠਜੋ ਹੁਕਮ-ਨਾਵੇਂ ਯੁਤ ਵਾਂ ਕੋ ॥੭੨॥
ਆਇ ਮਨੀ ਸਿੰਘ ਬਹੁ ਸਮਝਾਏ।
ਦੁਹੂੰ ਓਰ ਸਭਿ ਦਏ ਟਿਕਾਏ।
ਪਠਜੋ ਹੁਕਮਨਾਮਾਂ ਜੋ ਮਾਤਾ।
ਸਭਿਨਿ ਸੁਨਾਯੋ ਸੋਊ ਬਖਜਾਤਾ ॥੭੩॥
ਮਾਤ ਸੁੰਦਰੀ ਥਾ ਇਮ ਲਿਖਿਓ।
ਮਨੀ ਸਿੰਘ ਕੋ ਮਮ ਸੁਤ ਪਿਖਿਓ।
ਜੱਦਜਪਿ ਪੰਥ ਖਾਲਸਾ ਸਾਰਾ।
ਪੁੱਤ੍ਰ ਹਮਾਰਾ ਅਹੇ ਉਦਾਰਾ ॥੭੪॥
ਤਥਾਪਿ ਮਮ ਦਿਸ ਤੈ ਇਹੁ ਆਯੋ।
ਜੋ ਕਿਛ ਕੈਹੈ ਸੋਊ ਕਮਾਯੋ।
ਪੂਜਾ ਭੇਟ ਸੌਂਪੀਓ ਯਾਂ ਕੋ।
ਸੋ ਪਹੁੰਚੇ ਮਮ ਢਿਗ ਸਭਿ ਬਾਂਕੋ[1] ॥੭੫॥ — [1]ਚੰਗੀ ਤਰ੍ਹਾਂ।

ਹੁਕਮ ਮਾਤ ਕਾ ਐਸੇ ਸੁਨ ਕੈ।
ਮਾਨਯੋ ਮਨਿ ਸਭਿ ਸਿੰਘਨ ਗੁਨ ਕੈ।
ਤੱਤ ਖਾਲਸੇ ਔਰ ਬੰਦੱਯਨ।
ਮਾਨਯੋ ਹੁਕਮ ਮਾਤ ਕਾ ਭੱਯਨ ॥੭੬॥
ਦੋਇ-ਕੁ ਸਾਲ ਬਿਤੈ ਕੈ ਐਸੇ।
ਫੇਰ ਬਖੇਰਾ ਬਾਢਯੋ ਤੈਸੇ।
ਮੇਲੇ ਬੈਸਾਖੀ ਪਰ ਆਏ।
ਸਿੰਘ ਇਕੱਠੇ ਜਬਿ ਸਭਿ ਥਾਏ[1] ॥੭੭॥
ਬੋਲੀ ਠੋਲੀ[1] ਆਪਸ ਮਾਂਹੀਂ।
ਕਰੈਂ ਏਕ ਦੂਸਰ ਕੋ ਚਾਹੀਂ[1]।
ਬੰਦੱਯਨ ਸੁਨਿ ਤਾਨ੍ਹੇ[1] ਭਾਰੇ।
ਪਿਖ ਕੈ ਪੂਜਾ ਚਢੀ ਅਪਾਰੇ ॥੭੮॥
ਚਹਯੋ ਬੰਦੱਯਨ ਤਾਂ ਮੈਂ ਹਿੱਸਾ।
ਤਾਂ ਪਰ ਬਢਯੋ ਅਧਿਕ ਫਿਰ ਕਿੱਸਾ[1] ॥੭੯॥

[1]ਥਾਵਾਂ ਦੇ।
[1]ਮਖ਼ੌਲ ਦੀ ਬੋਲੀ।
[1]ਉਤਸ਼ਾਹ ਨਾਲ।
[1]ਮਿਹਣੇ।
[1]ਭਾਵ ਝਗੜਾ।

ਦੋਹਰਾ:
ਚਹੀ ਚਲਨ ਤਰਵਾਰ ਜਬਿ,
ਤਬਿ ਸਜਾਨਯੋਂ ਵਿਚ ਆਇ।
ਮਨੀ ਸਿੰਘ ਨੈਂ ਯਾਹਿ ਬਿਧਿ,
ਝਗਰਾ ਦਯੋ ਮਿਟਾਇ ॥੮੦॥

ਚੌਪਈ:
ਦੁਹੂੰ ਓਰ ਤੈ ਲਿਖਿ ਦੁਇ ਚਿੱਠੀ।
ਅੰਮ੍ਰਿਤ-ਸਰ ਮੈਂ ਪਾਈਂ ਇੱਠੀ[1]।
ਨਿਕਸੀ ਤੱਤ ਖਾਲਸੇ ਕੇਰੀ।
ਡੁਬੀ ਬੰਦਯਨ ਕੀ ਬਿਨ ਦੇਰੀ ॥੮੧॥
ਫਿਰ ਭੀ ਆਪਸ ਮੈਂ ਵਡ ਜੰਗੈਂ।
ਭਯੋ ਦੁਹੂੰ ਕਾ ਤਹਾਂ ਕੁਢੰਗੈਂ[1]।
ਮਨੀ ਸਿੰਘ ਨੈਂ ਬੀਚ ਆਇ ਕੈ।
ਝਗੜਾ ਕੀਚੜ ਦੂਖ ਦਾਇਕੈ[1] ॥੮੨॥
ਸਾਫ ਇਨਸਾਫ ਜੁਗਤਿ* ਸੈਂ ਕਰਾ।

[1]ਪਿਆਰ ਨਾਲ।
[1]ਖੋਟੇ ਢੰਗ ਨਾਲ।
[1]ਝਗੜੇ ਦਾ ਦੁਖਦਾਈ ਚਿੱਕੜ।
*ਇਹ 'ਜੁਗਤਿ' ਪਾਠ, ਤੁਕ ਦਾ ਵਜ਼ਨ ਪੂਰਾ ਕਰਨ ਲਈ ਅਸਾਂ ਆਪਣੇ ਕੋਲੋਂ ਪਾਇਆ ਹੈ, ਮੂਲ 'ਚ ਨਹੀਂ ਹੈ।

ਜਲ ਦੁੱਧ ਹੰਸ ਸਮਾਨ ਨਿਤਰਾ[1]।
[1]ਹੰਸ ਵਾਂਗ ਦੁੱਧ ਤੇ ਪਾਣੀ ਨਿਤਾਰ ਦਿੱਤਾ।
ਰੌਣਕ ਕਰੀ ਸ੍ਰੀ ਦਰਵਾਰੈਂ।
ਬਿਦਤ ਭਯੋ ਭਲ ਪੰਥ ਮਝਾਰੈਂ ॥੮੩॥
ਬਹੁ ਦਿਨ ਤਿਨ ਤਹਿਂ ਸੇਵ ਕਮਾਈ।
ਬੰਦੋਬਸਤਰਖਯੋ ਸੁਖਦਾਈ।
ਨੇਕ ਨਾਮ ਜਗ ਮੈਂ ਬਿਦਤਾਯੋ।
ਬਹੁ ਲੋਗਨ ਕੋ ਸਿੰਘ ਬਨਾਯੋ ॥੮੪॥
ਸੁਨ ਕੈ ਸੁਜਸ ਤਾਂਹਿਂ ਕਾ ਭਾਈ।
ਸਿੰਘ ਨਿਗਾਹੀਆ ਅਯੋ ਤਹਾਂਈਂ।
ਸਾਤ ਪੂਤ ਥੇ ਤਾਂ ਕੇ ਚੰਗੇ।
ਯੁਤ ਪਰਵਾਰ ਲਯਾਯੋ ਸੰਗੇ ॥੮੫॥
ਮਨੀ ਸਿੰਘ ਤੈ ਸੁਧਾ ਛਕਾਯੋ।
ਤ੍ਰੈ ਕੋ ਤਿਸ ਕੇ ਪਾਸ ਤਜਾਯੋ।
ਸਿੰਘ ਥਰਾਜ, ਅਘੜ[1], ਦਰਗਾਹਾ।
[1](ਸਿੰਘ)।
ਰਹੇ ਮਨੀ ਸਿੰਘ ਪਾਸ ਅਚਾਹਾ[1] ॥੮੬॥
[1]ਨਿਰਿੱਛਤ ਹੋ ਕੇ।
ਰੁੱਘਾ ਸਿੰਘ, ਬਖਤਾ ਸਿੰਘ ਜੇਊ।
ਸਿੰਘ ਮਰਾੜ, ਸੁਜਾਨਾ ਏਊ।
ਸੰਗ ਨਿਗਾਹੀਏ ਸਿੰਘ ਕੇ ਗਏ।
ਲੌਂਗੋਵਾਲ ਵਸੇ ਬਿਰਧਏ[1] ॥੮੭॥
[1](ਉਲਾਦ ਨਾਲ) ਵਧੇ।
ਇਨ ਚਾਰੋਂ ਕੀ ਸੰਤਤਿ[1] ਤਹਾਂ।
[1]ਉਲਾਦ।
ਹੈ ਅਬਿ ਲੌਂ ਅਧਿਕੈਂ ਸੋ ਮਹਾਂ[1]।
[1]ਬਹੁਤ ਜ਼ਿਆਦਾ।
ਮਨੀ ਸਿੰਘ ਢਿਗ ਤੀਨ ਜੁ ਰਹੇ।
ਸੂਰਬੀਰ ਜੋਧੇ ਬਡ ਲਹੇ[1] ॥੮੮॥
[1]ਜਾਣੇ ਗਏ।
ਮਨੀ ਸਿੰਘ ਕਾ ਉਨ ਉਪਦੇਸ਼ੈਂ।
ਗਹਿ ਕੈ ਕਟੇ ਕਲੇਸ਼ ਅਸ਼ੇਸ਼ੈਂ[1]।
[1]ਸਾਰੇ।
ਢਿਗ ਕਪੂਰ ਸਿੰਘ, ਸਿੰਘ ਥਰਾਜੈਂ।
ਰਹਿ ਕਰਿ ਕੀਨੀ ਸੇਵ ਦਰਾਜੈਂ[1] ॥੮੯॥
[1]ਬਹੁਤੀ।
ਟਹਿਲ ਦੇਗ ਸੁੱਖੇ ਕੀ ਲਈ[1]।
[1]ਸੁੱਖੇ ਦੇ ਲੰਗਰ ਦੀ ਸੇਵਾ ਲਈ।
ਯਾਂ ਤੇ ਬਿਦਤਜੋ ਸੋਊ ਸੁਖੱਈ।
ਸਦਾ ਨੁਵਾਬ ਸੰਗ ਸੋ ਰਹਜੋ।

ਬਹੁ ਸੱਤ੍ਰੁਨ ਕੋਰਣ ਮੈਂ ਦਹਯੋ[1] ॥੯੦॥ — [1]ਸਾੜਿਆ ਭਾਵ ਮਾਰਿਆ।
ਜੰਗ ਵੀਚ ਹ੍ਵੈ ਸਭਿ ਤੈ ਆਗੈ।
ਤੀਰ ਚਲਾਵੈ ਤੁੱਪਕ ਦਾਗੈ[1]। — [1]ਬੰਦੂਕ ਚਲਾਉਂਦਾ ਹੈ।
ਰੋਪੜੀਏ ਪਠਾਨਨ ਸੰਗੈਂ।
ਲਰਯੋ ਖੁਸ਼ਾਲ ਸਿੰਘ ਜਬਿ ਚੰਗੈਂ ॥੯੧॥
ਬਹੁ ਪਠਾਨ ਤਬਿ ਉਸ ਨੈਂ ਘਾਏ[1]। — [1]ਮਾਰੇ।
ਗ੍ਰਾਮ ਘਨੌਲੀ ਆਦਿ ਛੁਡਾਏ।
ਆਖਰ ਤਹਾਂ ਸ਼ਹੀਦੀ ਪਾਈ।
ਪੁਰਜੇ ਪੁਰਜੇ ਕਟਿ, ਅਰਿ ਘਾਈ[1] ॥੯੨॥ — [1]ਵੈਰੀਆਂ ਨੂੰ ਮਾਰ ਕੇ।
ਤਹਾਂ ਸ਼ਹੀਦ ਗੰਜ ਅਬਿ ਤਾਂ ਕਾ[1]। — [1]ਤਿਸ (ਥਰਾਜ ਸਿੰਘ) ਦਾ।
ਅਹੇ ਪੂਜ ਹੈ ਸਭਿ ਜਗ ਬਾਂਕਾ[1]। — [1]ਚੰਗੀ ਤਰ੍ਹਾਂ।
ਜਾਂਨ ਖੁਸ਼ਾਲ ਸਿੰਘ ਕੀ ਇਕ ਦਿਨ।
ਅਰਿ-ਹਰ[1] ਠੀਕ ਬਚਾਈ ਥੀ ਇਨ[2] ॥੯੩॥ — [1]ਵੈਰੀ ਮਾਰ ਕੇ। [2]ਇਸ (ਥਰਾਜ ਸਿੰਘ) ਨੇ।
ਗ੍ਰਾਮ ਲੰਡਜਾਲੀ ਆਦਿਕ ਤੀਨੈਂ।
ਦਏ ਖੁਸ਼ਾਲ ਸਿੰਘ ਨੈਂ ਪੀਨੈਂ[1]। — [1]ਵੱਡੇ (ਪਿੰਡ)।
ਸੌ ਅਸਵਾਰ ਮਗਰ ਥਾ ਲਾਯੋ।
ਪੈ ਵਹਿ ਜਤੀ ਅਚਾਹਿ ਰਹਾਯੋ ॥੯੪॥
ਬਾਦ ਗੁਜਰਣੇਂ ਤਾਹਿਂ ਜਗੀਰਾ।
ਜਪਤੀ ਅਰਧ ਸੂਦਾਰ ਗਹੀਰਾ[1]। — [1]ਵੱਡੇ ਸਰਦਾਰਾਂ ਨੇ।
ਬਾਕੀ ਤਾਹਿਂ ਬਿਰਾਦਰ ਤਾਂਈ[1]। — [1]ਭਰਾ ਨੂੰ।
ਰੁੱਘਾ ਸਿੰਘ ਕੋ, ਦਈ ਬੁਲਾਈ ॥੯੫॥
ਸੁਰਤਾ-ਪੁਰਿ ਕੀ ਠਾਣੇਦਾਰੀ।
ਰੁੱਘਾ ਸਿੰਘ ਕਰੀ ਬਡ ਭਾਰੀ।
ਬੁਧ ਸਿੰਘ, ਸਿੰਘ ਪੁਰੀਏ ਕੇ ਪਾਸੈਂ।
ਰਹਯੋ ਬਨਯੋ ਮੁਖਤਾਰ ਸੁ ਖਾਸੈਂ[1] ॥੯੬॥ — [1]ਖ਼ਾਸ ਮੁਖਤਾਰ।
ਅਬਿ ਉਲਾਦ ਰੁੱਘਾ ਸਿੰਘ ਕੇਰੀ।
ਲੌਂਗੋਵਾਲ ਅਹੇ ਬਹੁਤੇਰੀ।
ਅਰ ਥਰਾਜ ਸਿੰਘ ਕਾ ਜੋ ਪਾਲਕ[1]। — [1]ਪਾਲਕ (ਪੁੱਤਰ)।
ਥਾ ਦਿਦਾਰ ਸਿੰਘ ਆਛੋ ਸਾਲਕ[1] ॥੯੭॥ — [1]ਚੰਗਾ ਗਿਆਨਵਾਨ।
ਤਿਸ ਕੋ ਭੀ ਜਗੀਰ ਕੁਛ ਤਿਸ ਕੀ।

ਮਿਲੀ, ਉਲਾਦ ਅਹੇ ਅਬਿ ਜਿਸ ਕੀ।
ਗਾਮ ਬਹੇੜ ਬਸਤ ਹੈ ਸੋਈ।
ਕਥਾ ਥਰਾਜ ਸਿੰਘ ਕੀ ਹੋਈ ॥੯੯॥
ਦੋਹਰਾ:
ਦੁਤੀ ਭਤੀਜਾ ਮਨੀ ਸਿੰਘ
ਕੇਰ, ਅਘੜ ਸਿੰਘ ਔਰ।
ਬਿਦਤਯੋ ਜੋਧਾ ਪੰਥ ਮੈਂ,
ਸੱਤ੍ਰ ਹਤੇ ਤਿਨ ਗੌਰ ॥੯॥
ਚੌਪਈ:
ਤ੍ਰਿਤੀ ਸਿੰਘ ਦਰਗਾਹਾ ਜੋਈ।
ਮਨੀ ਸਿੰਘ ਤੈ ਪਢਿਓ ਸੋਈ।
ਭਯੋ ਅਤੀਤ[1] ਤੀਰਨ ਚਲਵੱਯਾ। — [1]ਤਿਆਗੀ।
ਹਤੇ ਓਨ ਅਧਿਕੈਂ ਤੁਰਕੱਯਾ ॥੧੦੦॥
ਇਕ ਦਿਨ ਉਨ ਬਹੁ ਤੁਰਕ ਸੰਘਾਰੇ।
ਮਰੇ ਸੰਮੁਖ ਵਹਿ ਤੜਫ ਅਪਾਰੇ।
ਤਿਸ ਦਿਨ ਭਈ ਗਿਲਾਨੀ ਤਾਂ ਕੋ।
ਤਾਰਕ ਦੁਨੀਆਂ ਬਨ ਕੈ ਬਾਂਕੋ[1] ॥੧੦੧॥ — [1]ਦੁਨੀਆਂ ਨੂੰ ਤਾਰਨ ਵਾਲਾ ਚੰਗਾ ਬਣ ਕੇ।
ਧਰਿ ਵੈਰਾਗ ਸੰਤ ਬਨਿ ਆਛੇ।
ਜਾਇ ਗੰਗ ਤਟ ਥਿਰਿਓ ਕਾਛੇ[1]। — [1]ਚੰਗੀ ਤਰ੍ਹਾਂ।
ਸੰਤ ਨਿਰਮਲਾ ਸੋ ਬਿਦਤਾਯੋ।
ਡੇਰਾ ਕਨਖਲ ਮਾਹਿਂ ਬਨਾਯੋ ॥੧੦੨॥
ਸੋ ਅਬਿ ਲੌ ਹੈ ਬਿਦਿਤ ਅਬਾਧੂ[1]। — [1]ਸੁਖ ਨਾਲ।
ਸਹਿਤ ਜਗੀਰ, ਰਹਿਤ ਬਹੁ ਸਾਧੂ।
ਮਨੀ ਸਿੰਘ ਕੇ ਥੇ ਜੁ ਸਬੰਧੀ।
ਸੋ ਭੀ ਭਏ ਪ੍ਰਗਟ ਜਗਿ ਪੰਧੀ[1] ॥੧੦੩॥ — [1]ਜਗਤ ਨੂੰ (ਪੰਧੀ=ਪੰਦੀ) ਸਿੱਖਿਆ ਦੇਣ ਵਾਲੇ।
ਪਰਜੋ ਪ੍ਰਸੰਗ ਏਹ ਜੌ ਆਈ।
ਯਾਂ ਤੈ ਤਿਨ ਕੀ ਗਾਥ ਸੁਨਾਈ।
ਅਬਿ ਸੁਨ ਲੇਹੁ ਮਨੀ ਸਿੰਘ ਕੇਰੀ।
ਦਾਇਕ ਸਿੱਖੀ ਸਿਦਕ ਉਚੇਰੀ ॥੧੦੪॥
ਜਬਿ ਤੈ ਹੁਕਮ ਮਾਤ ਕੈ ਸੰਗੈਂ।

ਰਹਜੋ ਸੁਧਾਸਰ ਸੋਊ ਸੁਰੰਗੈਂ[1]।
ਅੰਮ੍ਰਿਤਸਰ ਦਰਬਾਰ ਪੁਜਾਰੀ।
ਸੂਰਾ ਪੂਰਾ ਮਹਾਂ ਵਿਚਾਰੀ ॥੧੦੫॥
ਬੇਦ ਬਜਾਸ ਜਨੁ ਥਾ ਅਵਤਾਰੀ।
ਨਾਮ ਮਹਾਤਮ ਰਚਜੋ ਸੁਧਾਰੀ।
ਜਪੁ ਜੀ ਆਸਾ ਵਾਰਹਿਂ ਜੀ ਕਾ।
ਕਰਜੋ ਗਜਾਨ ਰਤਨਾਵਲਿ ਟੀਕਾ* ॥੧੦੬॥
ਪੁਨਾ ਜਨਮ ਸਾਖੀ ਗੁਰੁ ਆਦੈਂ।
ਔਰ ਸਾਖੀਆਂ* ਹਿਤ ਮਰਯਾਦੈਂ।
ਰਚੀ ਤਾਹਿਂ ਨੈਂ ਬਹੁ ਗੁਨ-ਖਾਨੀ।
ਗਜਾਨ ਵਿਰਾਗ ਭਗਤਿ ਨੈਸਾਨੀ[1] ॥੧੦੭॥
ਅਬਿ ਲੌ ਸਿੱਖ ਪਢਿਤ ਜਗ ਜਾਹੈਂ[1]।
ਲੇਤ ਚਾਰ ਫਲ ਜਤਨ ਬਿਨਾ ਹੈਂ।
ਅੰਮ੍ਰਿਤਸਰ ਬਹੁ ਬਰਸ ਰਹਾਯੋ।
ਮੇਲ ਹਾਕਮੋਂ ਸੰਗ ਰਖਾਯੋ ॥੧੦੮॥
ਜਬਿ ਜਬਿ ਪੰਥ ਸੁਧਾਸਰ ਆਵੈ।
ਤਖਤ ਅਕਾਲ ਦਿਵਾਨ ਲਗਾਵੈ।
ਜੈਸ ਸੂਤ[1] ਜੀ ਰਿਖਿ-ਗਨ ਮਾਹੀਂ।
ਦੇਵਨ ਮਾਹਿਂ ਬ੍ਰਿਹਸਪਤਿ[1] ਆਹੀ ॥੧੦੯॥
ਤੈਸ ਮਨੀ ਸਿੰਘ ਕਥਾ ਸੁਨਾਵੈ।
ਵੀਚ ਦਿਵਾਨ ਬੈਠਿ ਛਬਿ ਪਾਵੈ।
ਰੁਚਿਰ[1] ਸਾਖੀਆਂ ਗੁਰੁ ਕੀਂ ਲਾਵੈ।
ਪਰਾਚੀਨ ਕਿਛ ਨਈ ਅਲਾਵੈ[1] ॥੧੧੦॥
ਅੰਮ੍ਰਿਤ ਸਮ ਬਰਖਾ ਬਰਖਾਵੈ।
ਸੁਨਿ ਸੁਨਿ ਪੰਥ ਅਧਿਕ ਮੁਦ ਪਾਵੈ।
ਮਰਯਾਦਾ ਗੁਰੁ ਘਰ ਕੀ ਜੇਤੀ।
ਸਿੱਖਨ ਕੋ ਉਪਦੇਸ਼ੈ ਤੇਤੀ ॥੧੧੧॥

[1]ਚੰਗੇ ਅਨੰਦ ਨਾਲ।

*ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦਾ ਟੀਕਾ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਸਾਖੀ, ਹੋਰ ਵੱਖਰੀ ਜਨਮ-ਸਾਖੀ ਨਹੀਂ ਹੈ।

*ਹੋਰ ਸਾਖੀਆਂ ਵਾਲੀ ਪੁਸਤਕ ਅਜੇ ਤੱਕ ਦੇਖਣ ਵਿੱਚ ਨਹੀਂ ਆਈ।

[1]ਨਿਸ਼ਾਨੀਆਂ।

[1]ਜਿਨ੍ਹਾਂ (ਪੁਸਤਕਾਂ) ਨੂੰ।

[1]ਬਿਆਸ ਦਾ ਚੇਲਾ, ਲੋਮ ਹਰਖਣ ਜੋ ਰਿਖੀਆਂ ਨੂੰ ਵੇਦ ਕਥਾ ਸੁਣਾਇਆ ਕਰਦਾ ਸੀ।

[1]ਦੇਵਤਿਆਂ ਦਾ ਗੁਰੂ।

[1]ਸੁੰਦਰ।

[1]ਕੁਝ ਪੁਰਾਣੀਆਂ ਤੇ ਕੁਝ ਨਵੀਆਂ ਉਚਾਰਦਾ ਹੈ।

ਸਭਿਨਿ ਦਿਢਾਵਤ ਬ੍ਰਹਮ ਗਿਆਨਾ।
ਤਨਖਾਹੀਅਨ ਕੇ ਐਂਠਤ ਕਾਨਾ[1]। — [1]ਕੰਨ ਖਿੱਚਦਾ ਹੈ, ਭਾਵ ਦੰਡ ਦਿੰਦਾ ਹੈ।
ਤਾਂ ਕੇ ਬਚਨ ਊਪਰ ਸਭਿ ਸ਼ਰਧਾ।
ਪੰਥ ਰਖਤ ਥਾ, ਤਜਾਗ ਸਪ੍ਰਧਾ[1] ॥ ੧੧੨ ॥ — [1]ਈਰਖਾ।
ਯਾਹੀ ਤੇ ਅਬਿ ਲੌ ਹੈ ਤਾਂ ਕਾ।
ਬਚਨ ਪ੍ਰਮਾਨ ਪੰਥ ਮੈਂ ਬਾਂਕਾ[1]। — [1]ਸੁੰਦਰ।
ਬਲਕਿਨ ਅੰਮ੍ਰਿਤਸਰ ਦਰਬਾਰੈਂ।
ਹੈ ਜੇਤਿਕ ਮਰਯਾਦ ਉਦਾਰੈਂ ॥ ੧੧੩ ॥
ਯਹਿ ਸਭਿ ਹੈ ਉਸ ਹੀ ਕੀ ਰਾਚੀ[1]। — [1]ਰਚੀ, ਬਣਾਈ ਭਾਵ ਪ੍ਰਚਲਤ ਕੀਤੀ ਹੋਈ ਹੈ।
ਅਬਿ ਲੌ ਚਲੀ ਜਾਤ ਦਿਢ ਸਾਚੀ।
ਗੁਰੁ ਗ੍ਰੰਥ ਕੇ ਅਰਥਨ ਵਾਲੀ।
ਸੰਪ੍ਰਦਾਯ ਭੀ ਤਿਸ ਤੇ ਚਾਲੀ* ॥ ੧੧੪ ॥ — *ਦੇਖੋ ਇਸੇ ਬਿਸ੍ਰਾਮ ਦੇ ਅੰਕ ਨੰ. ੬੩ ਤੇ *ਨਿਸ਼ਾਨ ਦੀ ਪੈਰ ਟੂਕ।

ਮਨੀ ਸਿੰਘ ਥਾ ਪੁਰਖ ਬਿਵੇਕੀ।
ਗਜਾਨੀ ਗੁਨੀ ਸਾਂਤਕੀ ਏਕੀ[1]। — [1]ਏਕਾ ਕਰਾਉਣ ਵਾਲਾ।
ਕਵਿ ਕੋਵਿਦ[1] ਜਪਿ ਤਪੀ ਅਪਾਰੇ। — [1]ਵਿਦਵਾਨ।
ਰਹਿਤ ਬਿਰਕਤ ਨਿਵਿਰਤੀ ਧਾਰੇ[1] ॥ ੧੧੫ ॥ — [1]ਤਿਆਗੀ ਹੋ ਕੇ।
ਕਈ ਬਾਰ ਜਬਿ ਪੰਥ ਅਸੇਸੈਂ[1]। — [1]ਸਾਰਾ।
ਤੁਰਕਨ ਦਯੋ ਨਿਕਾਰ ਸੁ ਦੇਸੈਂ।
ਦੈ ਅਜ਼ਾਬ[1] ਸਿੰਘ ਦੇਸ ਪੰਜਾਬੋਂ। — [1]ਦੁੱਖ।
ਕਰਿ ਖਰਾਬ ਬਹੁ ਕਢੇ ਸ਼ਿਤਾਬੋਂ[1] ॥ ੧੧੬ ॥ — [1]ਛੇਤੀ।
ਤੌ ਭੀ ਮਨੀ ਸਿੰਘ ਬਹੁ ਹਠ ਧਰਿ।
ਜੀਵਤ ਕਬੀ ਨ ਤਜਜੋ ਸੁਧਾਸਰ।
ਹੁਤੋ ਜਮਾਨੇ ਸਾਜ ਸਯਾਨਾ।
ਆਕਲ[1] ਆਲਮ[2] ਆਮਲ[3] ਦਾਨਾ[11] ॥ ੧੧੭ ॥ — [1]ਅਕਲ ਵਾਲਾ। [2]ਵਿਦਵਾਨ। [3]ਕਰਨੀ ਵਾਲਾ। [11]ਚਤੁਰ, ਸਿਆਣਾ।

ਗਜ਼ਲ[1] ਰੁਬਾਈ ਬੈਂਤ ਅਪਾਰੈਂ। — [1]ਛੰਦ ਦਾ ਨਾਮ।
ਯਾਦ ਫਾਰਸੀ ਰਖੈ ਉਦਾਰੈਂ।
ਜੋ ਜੈਸਾ ਜਨ ਤਹਿਂ ਚਲਿ ਆਵੈ।
ਤਾਂ ਕੋ ਤੈਸੀ ਬਾਤ ਸੁਨਾਵੈ ॥ ੧੧੮ ॥

ਲੇਤ ਅਪਨਾਇ ਸਰਬ ਕੇ ਤਾਂਈਂ।
ਦੁਸ਼ਮਨ ਆਇ ਸਜਨ ਹ੍ਵੈ ਜਾਈ।
ਸਾਧੂ ਗੁਰੁ ਘਰ ਕੇ ਗੁਨਰਾਸੀ[1]। [1]ਬਹੁਤੇ ਗੁਣਾਂ ਵਾਲੇ।
ਪਾਸ ਨਿਰਮਲੇ ਰਖੈ ਉਦਾਸੀ ॥੧੧੯॥
ਬਲਿਕੈ ਹਿੰਦੂ ਮੁਸਲਮਾਨੈ।
ਦੇਵਤ ਲੰਗਰ ਸਭਿਨਿ ਸਮਾਨੈ।
ਸਿੱਖ ਸਹਿਜਧਾਰੀ ਗੁਰੁ ਘਰ ਕੇ।
ਰਖੈ ਟਿਕਾਇ ਅਨਿਕ ਬਿਧਿ ਕਰਿ ਕੇ ॥੧੨੦॥
ਸਾਧੁ ਸੁਭਾਵ, ਸਾਧੂਅਨ ਬਾਨਾ।
ਰਖੈ ਆਪ ਭੀ, ਸਦਾ ਮਹਾਨਾ।
ਚਾਲ ਚਲਨ ਸਭਿ ਸੰਤਨ ਵਾਲਾ।
ਹੇਰੈ ਗ੍ਰੰਥ ਕਿ ਫੇਰੈ ਮਾਲਾ ॥੧੨੧॥
ਦੇਖਿ ਤੁਰਕ ਕਰਿ ਜਾਹਿਂ ਸਲਾਮੈਂ।
ਇਨ ਕੋ ਲਖੈਂ ਫਕੀਰ ਲਲਾਮੈਂ[1]। [1]ਸੁੰਦਰ।
ਤੁਰਕ ਬਿਅਦਬੀ ਕਰਨ ਜੁ ਆਵਤ।
ਜਯੋਂ ਤਯੋਂ ਕਰਿ ਇਹੁ ਰਹਯੋ ਟਲਾਵਤ ॥੧੨੨॥
ਦੋਇ ਵਖਤ ਦੀਵਾਨ ਲਗਾਵੈ।
ਗੁਰਬਾਨੀ ਕੀ ਕਥਾ ਸੁਨਾਵੈ।
ਪੱਖ ਪਾਤ ਨਹਿਂ ਕਾਹੂੰ ਰਾਖੈ।
ਨੇਕ ਹਦਾਯਤ[1] ਸਭਿ ਪ੍ਰਤਿ ਭਾਖੈ ॥੧੨੩॥ [1]ਚੰਗੀ ਸਿੱਖਿਆ।
ਮੁਸਲਮਾਨ ਹਿੰਦੂ ਸੁਨਿ ਜਿਸ ਕੋ।
ਖੁਸ਼ੀ ਹੋਇ ਮਾਨੈਂ ਫਿਰ ਇਸ ਕੋ।
ਕਾਹੂੰ ਕੋ ਸੁਨਾਇ ਭਲ ਬਾਤੈਂ।
ਕਾਹੂ ਦੈ ਕਿਛੁ ਦਰਬ ਬਖਸ਼ਾਤੈਂ ॥੧੨੪॥
ਜਯੋਂ ਤਯੋਂ ਕਰਿ ਤੁਰਕਨ ਕੋ ਟਾਰਤ।
ਰਹਯੋ ਦਰਬਾਰ ਬਚਾਵਤ ਪਾਰਤ[1]। [1]ਸੇਵਾ ਕਰਦਾ ਰਿਹਾ।
ਆਪ ਲਵਾਸ[1] ਰਖਤ ਬਿਧਿ ਤਿਸ ਕੋ। [1]ਪੁਸ਼ਾਕ।
ਤੁਰਕ ਨ ਲਖੈਂ ਸਿੰਘ ਜਯੋਂ ਇਸ ਕੋ ॥੧੨੫॥
ਸੰਮਤਿ ਬਿਪਤਿ ਮਾਹਿਂ[1] ਦਰਬਾਰੈਂ। [1]ਸੁੱਖ ਤੇ ਦੁੱਖ ਵਿੱਚ।
ਯਹਿ ਸੇਵਤ ਸਦ ਰਹਯੋ ਅਪਾਰੈਂ।

ਅਬਿ ਸੁਨਿ ਜਜੋਂ ਸਿੰਘ ਅੰਗ ਕਟਾਏ।
ਸੋ ਕਾਰਨ ਸਭਿ ਦੈਂਹੁ ਸੁਨਾਏ ॥੧੨੬॥
ਭੂਲਤ ਨਾਹਿਂ ਗੁਰੂ ਕਰਤਾਰਾ।
ਔਰ ਜਗਤ ਸਭਿ ਭੂਲਨ-ਹਾਰਾ।
ਇਕ ਦਿਨ ਮਨੀ ਸਿੰਘ ਮਨਿ ਆਈ।
ਗੁਰੂ ਗ੍ਰੰਥ ਕੀ ਜਿਲਦ ਖੁਲ੍ਹਾਈ ॥੧੨੭॥
ਚਾਹਜੋ ਸ਼ਬਦ ਜੁ ਆਗੇ ਪਾਛੇ।
ਆਹਿਂ, ਪ੍ਰਸੰਗ ਮੇਲੀਏ ਆਛੇ।
ਕਰਮ ਉਪਾਸ਼ਨ ਇਕਠੇ ਕਰੀਏ।
ਗਜਾਨ ਬਿਗਜਾਨ[1] ਦੁਤੀ ਠਾਂ ਧਰੀਏ ॥੧੨੮॥ [1]ਪ੍ਰਤੱਖ ਗਿਆਨ।
ਜੋਗ ਕਲਾ ਕੇ ਸਭਿ ਇਕ ਠਾਏਂ।
ਹਰਿ ਚਰਚਾ ਪਰਚਾ[1] ਇਕ ਥਾਂਏ। [1]ਜਾਣਕਾਰੀ ਦੇ ਸ਼ਬਦ।
ਸਤਿ-ਸੰਗਤ ਗੁਰ ਮਹਿਮਾਂ ਗੌਰੈਂ[1]। [1]ਬਹੁਤੀ।
ਅੰਗ ਕਰੈਂ ਸਭਿ ਇਸ ਹੀਂ ਤੌਰੈਂ[1] ॥੧੨੯॥ [1]ਇਸ ਤਰ੍ਹਾਂ ਸਾਰੇ (ਅੰਗ) ਹਿੱਸੇ ਕਰ ਦੇਈਏ।
ਜਿਸ ਤੈ ਕਥਾ ਪ੍ਰਸੰਗ ਉਦਾਰਾ।
ਕਥਨ ਸੁਨਨ ਬਨ ਜੈਹ ਸੁਖਾਰਾ।
ਜੈਸ ਬੇਦ ਕੇ ਅੰਗ ਸੁਹਾਏ।
ਤ੍ਰੈਈ ਕਾਂਡ ਲੌ ਹੈਂ ਬਿਬਿਧਾਏ[1] ॥੧੩੦॥ [1]ਤਿੰਨਾਂ ਕਾਂਡਾਂ (ਕਰਮ, ਉਪਾਸ਼ਨਾ, ਗਿਆਨ) ਤੱਕ ਅਨੇਕ ਤਰ੍ਹਾਂ ਦੇ ਹਨ।
ਕਰੀ ਬਿਵਸਥਾ ਮੁਨੀ ਬਿਆਸੈਂ[1]। [1]ਬਿਆਸ ਮੁਨੀ ਨੇ ਉਸ ਨੂੰ ਪੱਕਿਆਂ ਕਰ ਦਿੱਤਾ।
ਆਹਿਂ ਉਪਨਿਸ਼ਦ ਬਹੁ ਪਰਕਾਸ਼ੈਂ[1]। [1]ਜੋ ਬਹੁਤੀਆਂ ਉਪਨਿਸ਼ਦਾਂ ਦੇ ਰੂਪ ਵਿੱਚ ਪ੍ਰਗਟ ਹਨ।
ਰਾਵਣਾਦਿਕੋਂ ਨੇ ਭੀ ਟੀਕੇ।
ਕਰੇ ਅਨੇਕੋਂ ਨੈ ਭਲ ਨੀਕੇ ॥੧੩੧॥
ਜਜੋਂ ਕਬੀਰ ਦਾਦੂ ਕੀ ਬਾਨੀ।
ਮਾਹਿਂ, ਅੰਗ[1] ਹੈਂ ਰਖੇ ਮਹਾਨੀ। [1]ਹਿੱਸੇ, ਭਾਗ।
ਤਜੋਂ ਬਾਣੀ ਗੁਰੁ ਗ੍ਰੰਥਹਿਂ ਕੇਰੈਂ।
ਅੰਗ ਪ੍ਰਸੰਗ ਬਨਾਹਿਂ ਬਧੇਰੈ[1] ॥੧੩੨॥ [1]ਪ੍ਰਸੰਗਾਂ ਅਨੁਸਾਰ ਬਹੁਤੇ (ਅੰਗ) ਹਿੱਸੇ ਬਣਾਈਏ।
ਇਹੁ ਮਨਸ਼ਾ ਉਨ ਦਿਢ ਮਨਿ ਧਾਰੀ।
ਗੁਰੂ ਗ੍ਰੰਥ ਕੀ ਬੀੜ ਖੁਲ੍ਹਾਰੀ[1]*। [1]ਖੋਲ੍ਹੀ। *ਉਪ੍ਰੋਕਤ ਕਿਸਮ ਦੀ ਬੀੜ ਤਾਂ ਹੁਣ ਤੱਕ ਕਿਸੇ ਵੀ ਵਿਦਵਾਨ ਜਾਂ ਖੋਜੀ ਨੂੰ ਨਹੀਂ ਮਿਲੀ। ਇਕ ਬੀੜ ਜੋ ਭਾਈ ਮਨੀ ਸਿੰਘ ਜੀ ਦੀ ਲਿਖੀ ਹੋਈ ਪੰਥ ਵਿਚ ਆਮ ਪ੍ਰਸਿੱਧ ਹੈ,

ਉਸ ਦੇ ਪ੍ਰਸੰਗਾਂ (ਵਿਸ਼ਿਆਂ) ਅਨੁਸਾਰ ਹਿੱਸੇ ਨਹੀਂ ਕੀਤੇ ਸਗੋਂ ਉਸ ਵਿੱਚ ਹਰੇਕ ਸਤਿਗੁਰੂ ਦੀ ਬਾਣੀ ਸਾਰੇ ਰਾਗਾਂ ਵਿਚੋਂ ਚੁਣ ਕੇ ਇਕ ਇਕ ਥਾਂ ਲਿਖ ਦਿੱਤੀ ਹੈ। 'ਮਹਲਾ' ਦੀ ਥਾਂ 'ਪਾਤਸ਼ਾਹੀ' ਲਿਖਿਆ ਹੈ। ਨੌਵੇਂ ਸਤਿਗੁਰਾਂ ਦੀ ਬਾਣੀ ਤੋਂ ਬਾਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਾਣੀ ਲਿਖੀ ਹੋਈ ਹੈ। ਇਸ ਤਰ੍ਹਾਂ ਹੀ ਹਰ ਇਕ ਭਗਤ ਦੀ ਬਾਣੀ ਵੀ ਇਕ ਇਕ ਥਾਂ ਕਰ ਦਿੱਤੀ ਹੈ। ਇਵੇਂ ਹੀ ਭੱਟਾਂ ਦੇ ਸ੍ਵੈਯਾਂ 'ਚੋਂ ਪੰਜਵੇਂ ਸਤਿਗੁਰਾਂ ਦੇ ਸ੍ਵੈਯੇ ਪੰਜਵੇਂ ਪਾਤਸ਼ਾਹ ਜੀ ਦੀ ਬਾਣੀ ਦੇ ਨਾਲ ਹਨ। ਇਕ ਇਕ ਭੱਟ ਦੀ ਰਚਨਾ ਅੱਡ ਅੱਡ ਲਿਖ ਦਿੱਤੀ ਹੈ। ਅੰਤ ਵਿੱਚ ਫ਼ਾਰਸੀ ਅੱਖਰਾਂ ਵਿੱਚ ਜ਼ਫਰਨਾਮਹ ਲਿਖਿਆ ਹੋਇਆ ਹੈ, ਜੋ ਪੂਰਾ ਨਹੀਂ ਹੈ। ਇਹ ਬੀੜ ਪਹਿਲਾਂ ਸ੍ਰੀ ਹਜ਼ੂਰ ਸਾਹਿਬ ਵਿੱਚ ਇਕ ਮਾਮੂਲੀ ਜਿਹੇ ਘਰ ਵਿਚ ਰਹੀ ਹੈ। ਉਥੋਂ ਰਾਜਾ ਗੁਲਾਬ ਸਿੰਘ ਸੇਠੀ ਹਨੂਮਾਨ ਰੋਡ ਦਿੱਲੀ ਵਾਲਿਆਂ ਨੇ ਉਨ੍ਹਾਂ ਨੂੰ ਕੁਝ ਮਾਇਆ ਭੇਟਾ ਦੇ ਕੇ ਆਪਣੇ ਕੋਲ ਲੈ ਆਂਦੀ ਹੈ। ਹੁਣ ਉਨ੍ਹਾਂ ਦੇ ਘਰ ਇਹ ਬੀੜ ਬਿਰਾਜਮਾਨ ਹੈ, ਜਿਥੋਂ ਇਸ ਦੇ ਦਰਸ਼ਨ ਕੀਤੇ ਜਾ ਸਕਦੇ ਹਨ।

ਜੱਦਜਪਿ ਥੀ ਉਨ ਭਲ ਠਹਿਰਾਈ।
ਪੈ ਬਹੁ ਸਿੱਖਨ ਕੋ ਨਹਿਂ ਭਾਈ ॥੧੩੩॥
ਮਤਲਬ ਬੇਇਲਮਨ ਨਹਿਂ ਚੀਨਾ[1]।
ਪਿਖਿ ਉਰਿ ਅਧਿਕ ਬਢਾਯੋ ਕੀਨਾ[1]।
ਜਬਿ ਸੰਗਤ ਅੰਮ੍ਰਿਤਸਰ ਆਈ।
ਤਿਨੈਂ ਸਿਖਾਇ ਅਧਿਕ ਕੋਪਾਈ[1] ॥੧੩੪॥
ਸਭਾ ਲਾਇ ਕਰਿ ਇਸੈ ਬੁਲਾਯੋ।
ਕਰਿ ਤਨਖਾਹੀਆ ਦੂਰ ਖੜ੍ਹਾਯੋ।
ਕਹਜੋ ਜੋਗ ਤੂੰ ਹੈਂ ਤਨਖਾਹੈਂ।
ਤੈਂ ਮਨ ਮਤਿ ਕੀਨੀ ਅਧਿਕਾਹੈਂ[1] ॥੧੩੫॥
ਜੱਦਪਿ ਠੀਕ ਠਾਟ ਤੈਂ ਠੱਟਾ[1]।
ਸ਼ਬਦਨ ਕਾ ਪ੍ਰਸੰਗ ਕਿਯ ਕੱਠਾ।
ਪੈ ਇਹੁ ਸੰਗਤ ਕੋ ਨਹਿਂ ਭਾਵੈ।
ਬੇਅਦਬੀ ਬਾਣੀ ਕੀ ਥਾਵੈ[1] ॥੧੩੬॥
ਕਜਾ ਤੂੰ ਗੁਰੁ ਅਰਜਨ ਤੈ ਜਜਾਦੈ[1]।
ਭਯੋ, ਕੀਨ ਗੁਰੁ ਅੰਗ ਅਲਾਦੈ[1]।
ਜੋ ਯੌਂ ਹੀਂ ਗੁਰੁ ਤਈਂ ਸੁਹਾਤੇ[1]।

[1]ਅਨਪੜ੍ਹਾਂ ਨੇ ਮਤਲਬ ਨਹੀਂ ਜਾਣਿਆ।
[1]ਵੈਰ ਭਾਵ।
[1]ਗ਼ੁੱਸੇ ਕਰ ਦਿੱਤੀ।
[1]ਬਹੁਤੀ।
[1]ਭਾਵੇਂ ਤੈਂ ਠੀਕ ਰਚਨਾ ਕੀਤੀ ਹੈ।
[1]ਹੋਵੇਗੀ।
[1]ਵੱਡਾ।
[1]ਵੱਖਰੇ।
[1]ਚੰਗੇ ਲੱਗਦੇ।

ਗੁਰੁ ਪੰਚਮ ਤੇ ਕਜੋਂ ਨ ਬਨਾਤੇ ॥੧੩੭॥
ਗੁਰੁ ਕਰਤਾਰ ਨ ਕਬੀ ਭੁਲੈਂ ਹੈਂ।
ਯੌਂ ਤੇ ਭੂਲ ਸਿੱਧ ਉਨ ਥੈਹੈ[1]। — [1]ਇਸ ਤਰ੍ਹਾਂ ਤਾਂ ਉਨ੍ਹਾਂ (ਗੁਰੂਆਂ ਦੀ) ਭੁੱਲ ਸਿੱਧ ਹੁੰਦੀ ਹੈ।
ਆਜ ਗੁਰੁ ਕੀ ਬਾਣੀ ਕੇਰੇ।
ਤੁਮ ਹੂੰ ਬਾਂਧੇ ਅੰਗ ਬਧੇਰੇ[1] ॥੧੩੮॥ — [1]ਬਹੁਤੇ ਹਿੱਸੇ ਬਣਾ ਲਏ।
ਥੈਹੈ ਫੇਰ ਸਿੱਖ ਕੋਊ ਔਰੈਂ।
ਸੋ ਕਿਛ ਕਰਿ ਹੈ ਔਰੈ ਤੌਰੈਂ[1]। — [1]ਹੋਰ ਤਰ੍ਹਾਂ।
ਗੁਰੁਬਾਣੀ ਕੀ ਜੋ ਮਰਯਾਦਾ।
ਜੈਹੈ ਬਿਗਰ ਤਿਗਰ ਬੇਹਾਦਾ[1] ॥੧੩੯॥ — [1]ਬਹੁਤੀ ਵਿਗੜ ਤਿਗੜ ਜਾਵੇਗੀ।

ਦੋਹਰਾ:
ਗੁਰੁ ਅਰਜਨ ਪੈ ਏਕ ਦਿਨ,
ਸਿੱਖਨ ਬਿਨਤੀ ਕੀਨ।
ਟੀਕਾ ਬਾਣੀ ਕਾ ਰਚੋ,
ਸਮਝ ਪਰੈ ਜਜੋਂ ਪੀਨ[1] ॥੧੪੦॥ — [1]ਬਹੁਤੀ।

ਚੌਪਈ:
ਤਬਿ ਗੁਰੁ ਪੰਚਮ ਐਸ ਅਲਾਯਾ।
ਅੱਖਰ ਜੋਊ ਬੀੜ ਮੈ ਆਯਾ।
ਤਾਂਹਿ ਨ ਕੋਊ ਹਿਲਾਇ ਚਲਾਏ।
ਸ਼ੁੱਧ ਅਸ਼ੁੱਧ ਨ ਯਾਹਿ ਅਲਾਏ ॥੧੪੧॥
ਪਾਰਬ੍ਰਹਮ ਨਾਨਕ ਕੀ ਬਾਣੀ।
ਪਰ, ਟੀਕਾ ਕੋ ਸਕੈ ਬਖਾਣੀ।
ਸਿੱਖਨ ਕੀ ਰਸਨਾ ਪਰ ਟੀਕਾ।
ਗੁਰੁ ਬਾਨੀ ਕਾ ਰਹੈ ਅਲੀਕਾ[1] ॥੧੪੨॥ — [1]ਲਿਖਣ ਤੋਂ ਬਿਨਾਂ। (ਅਲੀਕ-ਬਿਨਾਂ ਲੀਕ, ਅਰੇਖ, ਚਿੰਨ੍ਹਰਹਿਤ, ਭਾਵ ਲਿਖਣ ਤੋਂ ਬਿਨਾਂ)।
ਕਾਮਧੇਨੁ ਸਮ ਹੈ ਫਲ ਦਾਏ।
ਅਰਥ ਜੈਸ ਚਹਿ ਤੈਸ ਅਲਾਏ।
ਜਬਿ ਪੰਚਮ ਗੁਰੁ ਐਸ ਬਖਾਨਾ।
ਤਬਿ ਤੁਮ ਕਜੋਂ ਕੁਕ੍ਰਿਤ[1] ਇਹੁ ਠਾਨਾਂ[2]* ॥੧੪੩॥ — [1]ਪਾਪ। [2]ਕੀਤਾ।

*ਕਵਿ ਜੀ ਦਾ ਇਹ ਲਿਖਣਾ- ੧. ਗੁਰਬਾਣੀ ਦਾ ਟੀਕਾ ਕੋਈ ਕਰ ਹੀ ਨਹੀਂ ਸਕਦਾ। ੨. ਇਹ ਟੀਕਾ ਗੁਰਸਿੱਖਾਂ ਦੀ ਰਸਨਾ 'ਤੇ ਹੀ ਰਹੇਗਾ। ੩. ਇਸ ਦੇ ਅਰਥਾਂ ਨੂੰ ਜਿਵੇਂ ਕੋਈ ਚਾਹੇ ਕਰ ਲਵੇ। ਇਹ ਤਿੰਨੇ ਹੀ ਗੱਲਾਂ ਮੰਨਣ ਯੋਗ ਨਹੀਂ ਹਨ।

ਪਹਿਲੀ ਗੱਲ ਇਹ ਹੈ ਕਿ ਜੇ ਗੁਰਬਾਣੀ ਦਾ ਟੀਕਾ ਕੋਈ ਕਰ ਹੀ ਨਹੀਂ ਸਕਦਾ ਤਾਂ ਗੁਰਸਿੱਖਾਂ ਦੀ ਰਸਨਾ 'ਤੇ ਕਿਵੇਂ ਆ ਗਿਆ? ਰਸਨਾ 'ਤੇ ਤਦ ਹੀ ਆਵੇਗਾ ਜੇ ਪਹਿਲਾਂ ਕਿਸੇ ਅਚਾਰਜ ਤੋਂ ਅਰਥ ਪੜ੍ਹ ਕੇ ਯਾਦ ਕਰੇਗਾ। ਅਰਥ ਭੁੱਲ ਜਾਣ ਦੇ ਡਰ ਤੋਂ ਉਨ੍ਹਾਂ ਅਰਥਾਂ ਨੂੰ ਲਿਖਣਾ ਹੀ ਪਵੇਗਾ। ਜੇ ਰਸਨਾ ਤੇ ਟੀਕਾ ਆ ਜਾਣ ਨਾਲ ਗੁਰਬਾਣੀ ਦੀ ਕੋਈ ਬੇਅਦਬੀ ਨਹੀਂ ਹੁੰਦੀ ਤਾਂ ਟੀਕਾ ਲਿਖ ਲੈਣ ਨਾਲ ਵੀ ਸਤਿਕਾਰ ਵਿੱਚ ਕੋਈ ਫ਼ਰਕ ਨਹੀਂ ਪੈਂਦਾ। ਜਿਵੇਂ ਆਦਿ ਕਾਲ ਵਿੱਚ ਵੇਦ ਵੀ ਰਿਸ਼ੀਆਂ ਦੇ ਕੰਠ ਹੁੰਦੇ ਸਨ, ਬਾਦ ਵਿੱਚ ਭੁੱਲ ਜਾਣ ਦੇ ਡਰ ਤੋਂ ਉਨ੍ਹਾਂ ਨੂੰ ਲਿਖਤ ਰੂਪ ਵਿੱਚ ਲਿਆਉਣਾ ਪਿਆ। ਅਗੋਂ ਜਾ ਕੇ ਵਿਦਵਾਨਾਂ ਨੇ ਵੇਦਾਂ ਦੇ ਕਠਨ ਸ਼ਬਦਾਂ ਦੇ ਅਰਥਾਂ ਲਈ ਨਿਘੰਟੂ (ਕੋਸ਼) ਤੇ ਨਿਰੁਕਤ ਤੇ ਭਾਸ਼ਜ (ਵਿਆਖਿਆ ਸਹਿਤ ਟੀਕੇ) ਲਿਖੇ। ਅੰਜੀਲ ਤੇ ਕੁਰਾਨ ਆਦਿ ਅਨਜ ਮੱਤਾਂ ਦੇ ਧਾਰਮਕ ਗ੍ਰੰਥਾਂ ਸੰਬੰਧੀ ਵੀ ਇਹੋ ਗੱਲ ਹੀ ਕਹੀ ਜਾ ਸਕਦੀ ਹੈ। ਤੀਜੀ ਗੱਲ ਨੂੰ ਜੇ ਠੀਕ ਮੰਨ ਲਿਆ ਜਾਏ ਕਿ ਗੁਰਬਾਣੀ ਦੇ ਅਰਥਾਂ ਨੂੰ ਜਿਵੇਂ ਕੋਈ ਚਾਹੇ ਕਰ ਸਕਦਾ ਹੈ ਤਾਂ ਅਨਜ-ਮਤੀ ਲੋਕ ਗੁਰਮਤਿ ਵਿਰੋਧੀ ਅਰਥ ਵੀ ਕਰ ਸਕਦੇ ਹਨ, ਪਰ ਉਨ੍ਹਾਂ ਗ਼ਲਤ ਅਰਥਾਂ ਨੂੰ ਗੁਰਸਿਖ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਣਗੇ, ਇਸ ਤਰ੍ਹਾਂ ਕਰਨਾ ਗੁਰਬਾਣੀ ਦੀ ਬੇਅਦਬੀ ਹੋਵੇਗੀ।

ਅਨਜ-ਮੱਤਾਂ ਦੇ ਧਾਰਮਕ ਗ੍ਰੰਥਾਂ ਵਾਂਗ ਹੀ ਗੁਰਬਾਣੀ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਸਮੇਂ ਤੋਂ ਹੀ ਲਿਖਤ ਰੂਪ ਵਿੱਚ ਲਿਆਂਦਾ ਗਿਆ ਹੈ। ਗੁਰਬਾਣੀ ਦੇ ਕਈ ਪਦਾਂ, ਤੁਕਾਂ ਤੇ ਸ਼ਬਦਾਂ ਦੇ ਅਰਥ, ਆਪ ਹੀ ਸਤਿਗੁਰਾਂ ਨੇ ਗੁਰਬਾਣੀ ਰਾਹੀਂ ਹੋਰ ਥਾਵਾਂ 'ਤੇ ਕੀਤੇ ਹਨ। ਭਾਈ ਗੁਰਦਾਸ ਜੀ ਦੀ ਬਾਣੀ, ਜਨਮ-ਸਾਖੀਆਂ, ਗੁਰ ਬਿਲਾਸਾਂ, ਸ੍ਰੀ ਗੁਰੂ ਨਾਨਕ ਪ੍ਰਕਾਸ਼, ਸ੍ਰੀ ਗੁਰ ਪ੍ਰਤਾਪ ਸੂਰਜ ਆਦਿ ਗ੍ਰੰਥਾਂ ਵਿੱਚ ਗੁਰਬਾਣੀ ਦੀਆਂ ਤੁਕਾਂ ਤੇ ਸ਼ਬਦਾਂ ਦੇ ਅਰਥ ਵਿਦਵਾਨਾਂ ਦੇ ਲਿਖੇ ਮਿਲਦੇ ਹਨ। ਮਿਹਰਵਾਨ, ਅਨੰਦ ਘਨ ਤੇ ਸੰਤੋਖ ਸਿੰਘ ਆਦਿ ਵਿਦਵਾਨਾਂ ਦੇ ਗੁਰਬਾਣੀ ਦੇ ਟੀਕੇ ਕਵੀ ਜੀ ਦੇ ਇਸ ਪ੍ਰਸੰਗ ਨੂੰ ਲਿਖਣ ਤੋਂ ਪਹਿਲਾਂ ਦੇ ਲਿਖੇ ਮਿਲਦੇ ਹਨ। ਗਿਆਨੀ ਜੀ ਦੀਆਂ ਆਪਣੀਆਂ ਰਚਨਾਵਾਂ ਸ੍ਰੀ ਗੁਰੂ ਪੰਥ ਪ੍ਰਕਾਸ਼ ਅਤੇ ਤਵਾਰੀਖ਼ ਗੁਰੂ ਖ਼ਾਲਸਾ ਵਿਖੇ ਉਨ੍ਹਾਂ ਨੇ ਗੁਰਬਾਣੀ ਦੀਆਂ ਤੁਕਾਂ ਜਾਂ ਸ਼ਬਦਾਂ ਦੇ ਅਰਥ ਖ਼ੁਦ ਆਪ ਲਿਖੇ ਹਨ ਤਾਂ ਫਿਰ ਕਿਵੇਂ ਲਿਖਦੇ ਹਨ ਕਿ ਗੁਰਬਾਣੀ ਦਾ ਟੀਕਾ ਨਹੀਂ ਹੋਣਾ ਚਾਹੀਦਾ। ਹੋ ਸਕਦਾ ਹੈ ਕਿ ਅਣਜਾਣੇ ਹੀ ਉਨ੍ਹਾਂ ਤੋਂ ਐਸਾ ਲਿਖਿਆ ਗਿਆ ਹੋਵੇ। ਅਰਥਾਂ ਬਿਨਾਂ ਗੁਰਬਾਣੀ ਦਾ ਪੜ੍ਹਨਾ ਐਉਂ ਸਮਝੋ ਜਿਵੇਂ ਅਨ੍ਹੇਰੇ ਕਮਰੇ ਵਿੱਚੋਂ ਕੋਈ ਗੁਆਚੀ ਵਸਤੂ ਲੱਭਣੀ ਹੋਵੇ ਅਤੇ ਅਰਥਾਂ ਸਹਿਤ ਪਾਠ ਕਰਨਾ ਚਾਨਣੇ ਕਮਰੇ 'ਚੋਂ ਵਸਤੂ ਲੱਭਣ ਦੇ ਤੁੱਲ ਹੈ। ਇਸ ਲਈ ਗੁਰਬਾਣੀ ਦਾ ਟੀਕਾ ਲਿਖਣਾ ਕੋਈ ਬੇਅਦਬੀ ਨਹੀਂ ਸਗੋਂ ਇਕ ਮਹਾਨ ਪੁੰਨ ਹੈ।

ਤੈਂ ਮਨ ਮਤਿ ਬੇਅਦਬੀ ਭਾਰੀ।
ਕਰੀ ਕਾਹਿ ਜੋ ਰੀਤਿ ਬਿਗਾਰੀ।
ਯਾਂ ਤੇ ਤੈਂ ਜਯੋਂ ਅੰਗ ਹਿਲਾਏ।
ਗੁਰੂ ਗ੍ਰੰਥ ਕੇ ਜੁਦੇ ਕਰਾਏ ॥੧੪੪॥
ਬੰਦ ਬੰਦ ਤੇਰਾ ਜਬਿ* ਜੁਦਾ।
ਥੈਹੈ, ਤਬਿ ਪੈਹੈਂ ਤੂੰ ਮੁਦਾ[1]।
ਏਸ ਬੇਅਦਬੀ ਕਾ ਫਲ ਏਹੈ।
ਤੁਮ ਕੋ ਸਾਚਾ ਸਤਿਗੁਰੁ ਦੇਹੈ ॥੧੪੫॥
ਦੇਖਹੁ ਵਾਹਿਗੁਰੂ ਕੀ ਮਰਜੀ।
ਭਾਵੀ ਰਹਿਤ ਨ ਕਿਸ ਤੈ ਬਰਜੀ।
ਮਨੀ ਸਿੰਘ ਜੋ ਔਰਨ ਤਾਂਈਂ।
ਲਾਵਤ ਥੋ ਤਨਖਾਹੈਂ ਭਾਈ ॥੧੪੬॥
ਅਰ ਕੋਵਿਦ ਦਾਨਾਂ ਕਹਿਲਾਤੋ।

*'ਜਬਿ' ਪਾਠ ਛੰਦ ਦਾ ਵਜ਼ਨ ਪੂਰਾ ਕਰਨ ਲਈ ਅਸਾਂ ਪਾਇਆ ਹੈ, ਮੂਲ ਵਿੱਚ ਇਹ ਪਾਠ ਨਹੀਂ ਹੈ ਜੋ ਛਪਣ ਸਮੇਂ ਰਹਿ ਗਿਆ ਜਾਪਦਾ ਹੈ।

[1]ਫਲ।

ਅਨਿਕ ਸਾਖੀਆਂ ਮਨੋਂ ਬਨਾਤੋ।
ਸਿੱਖਨ ਤਈਂ ਸੁਨਾਇ ਰਿਝਾਤੋ।
ਅੱਗ੍ਰਣੀਯ ਸੋ ਪੰਥ ਸਦਾਤੋ[1] ॥੧੪੭॥ — [1]ਪੰਥ ਦਾ ਆਗੂ ਸਦਾਉਂਦਾ ਸੀ।
ਭਾਵੀ ਐਸੀ ਅਕਲ ਭੁਲਾਈ।
ਭਯੋ ਅਦ੍ਰਿਸ਼ਟ ਉਦੈ ਦੁਖਦਾਈ[1]। — [1]ਦੁਖਦਾਈ ਕਰਮ ਆ ਪ੍ਰਗਟ ਹੋਇਆ।
ਪਾਂਧੇ ਭੂਲਤ ਤਾਰੂ ਡੂਬੈਂ।
ਸਾਚੀ ਕਰਿ ਦਿਖਰਾਈ ਖੂਬੈਂ ॥੧੪੮॥
ਸੰਗਤ ਨੈਂ ਜੋ ਸ੍ਰਾਪ ਬਖਾਨਾ।
ਸੁਨਿ ਸਿੰਘ ਜੀ ਥਰਿ ਥਰਿ ਕੰਪਾਨਾ ॥੧੪੯॥
ਸੋਰਠਾ:
ਸੁਨਿ ਸੰਗਤ ਕਾ ਸ੍ਰਾਪ,
ਮਨੀ ਸਿੰਘ ਬਿਸਮੈਂ ਭਯੋ।
ਹਾਥ ਜੋਰਿ ਫਿਰ ਆਪ,
ਕਹਯੋ ਅਨੁਗ੍ਰਹਿ[1] ਕਰੋ ਅਬਿ ॥੧੫੦॥ — [1]ਕਿਰਪਾ।
ਚੌਪਈ:
ਬਚਨ ਤੁਮਾਰਾ ਟਲੈ ਨ ਕਬਿਹੀ।
ਸੁਰ ਸਸੀ ਧਰ[1] ਟਰ ਹੈਂ ਜਬਿਹੀ। — [1]ਸੂਰਜ, ਚੰਦ ਤੇ ਧਰਤੀ।
ਗੁਰੁ ਸੰਗਤ ਸੰਗਤ ਗੁਰੁ ਆਹੀ।
ਭੇਦ ਦੁਹਿਨ ਮੈਂ ਹੈ ਕਿਛੁ ਨਾਹੀ ॥੧੫੧॥
ਬਚਨ ਤੁਮਾਰ ਭਵੈ[1] ਅਬਿ ਸਾਚੋ। — [1]ਹੋਵੇਗਾ।
ਪਰ ਮੈਂ ਦਾਨ ਏਕ ਯਹਿ ਜਾਚੋਂ[1]। — [1]ਮੰਗਦਾ ਹਾਂ।
ਸਿੱਖੀ ਸਿਦਕ ਨਿਭੈ ਸਿਰ ਸੰਗੈ।
ਕਟੇ ਜਾਹਿੰ ਮਮ ਅੰਗ ਨਿਸੰਗੈ ॥੧੫੨॥
ਇਹੁ ਤਨ ਤੋ ਪੁਨ ਭੀ ਮਿਲ ਜੈਹੈ।
ਗੁਰੁਸਿੱਖੀ ਫਿਰ ਹਾਥ ਨ ਐਹੈ।
ਵਸਤੁ ਅਮੋਲਕ ਹੈ ਗੁਰੁਸਿੱਖੀ।
ਜਾਂ ਤੈ ਕਟਤ ਚੁਰਾਸੀ ਲਿੱਖੀ ॥੧੫੩॥
ਖੁਸ਼ਿ ਹ੍ਵੈ ਝੱਲਣ ਭਾਣਾ ਪ੍ਰਭ ਕਾ।
ਮਨ ਤੈ ਭਲਾ ਮਨਾਵਣ ਸਭਿ ਕਾ।
ਸੁਖ ਦੁਖ ਲਾਭ ਹਾਨਿ ਸਮ ਸਹਿਣਾ।

ਸਦਾ ਪ੍ਰਸੰਨ ਬਦਨ[1] ਹੀਰਹਿਣਾ ॥ ੧੫੪ ॥ — [1]ਪ੍ਰਸੰਨ ਮੁੱਖ।
ਜਿਨ ਬ੍ਰਹਮਾਤਮ ਸਭਿ ਮੈਂ ਪਿਖਣਾ।
ਏਹੀ ਗੁਰੁਸਿਖ ਹ੍ਵੈ ਕੈ ਸਿਖਣਾ।
ਖੰਡਜੋਂ ਤਿੱਖੀ ਵਾਲਹੁਂ ਨਿੱਕੀ।
ਹੈ ਸਿੱਖੀ ਐਸੀ ਗੁਰੁਸਿੱਖੀ[1] ॥ ੧੫੫ ॥ — [1]ਐਸੀ ਗੁਰਸਿੱਖੀ ਸਿੱਖੀ ਹੈ।
ਸੋ ਸਿੱਖੀ ਜਿਸ ਸਿੱਖ ਨਿਬਾਹੀ।
ਤਾਂ ਕੋ ਪੁਨ ਭਵ[1] ਦੁਖ ਹ੍ਵੈ ਨਾਹੀਂ। — [1]ਸੰਸਾਰ ਦਾ। (ਅ) ਜੰਮਣ (ਮਰਣ) ਦਾ।
ਸੋ ਬਰ ਦਾਨ ਦੇਹੁ ਮੁਹਿ ਖਾਸੈਂ[1]। — [1]ਆਪ।
ਸਿੱਖੀ ਸਿਦਕ ਨਿਭੈ ਸੰਗ ਸ੍ਵਾਸੈਂ ॥ ੧੫੬ ॥
ਯਹਿ ਸੁਨਿ ਸੰਗਤ ਮੁਦ[1] ਹ੍ਵੈ ਕਹਜੋ। — [1]ਪ੍ਰਸੰਨ ਹੋ ਕੇ।
ਸਿੱਖੀ ਸਿਦਕ ਤੁਮਾਰਾ ਰਹਜੋ[1]। — [1](ਕਾਇਮ) ਰਹੇਗਾ।
ਮਨੀ ਸਿੰਘ ਯਹਿ ਸੁਨਿ ਮੁਦ ਧਾਰੀ।
ਕਹਜੋ ਧੰਨਜ ਸੰਗਤ ਗੁਰੁ ਪਜਾਰੀ ॥ ੧੫੭ ॥
ਜੋਉ ਬੀੜ ਥੀ ਤਾਹਿਂ ਹਿਲਾਈ।
ਫੇਰ ਵੈਸ ਹੀ ਜਿਲਦ ਬੰਧਾਈ।
ਨਿਤ ਪ੍ਰਤਿ ਜਜੋਂ ਸੇਵੈ ਦਰਵਾਰੈਂ।
ਕਥਾ ਸੁਨਾਵੈ ਤਿਸ ਹੀ ਢਾਰੈਂ[1] ॥ ੧੫੮ ॥ — [1]ਉਸੇ ਢੰਗ ਨਾਲ।
ਏਕ ਸਾਲ ਜਬਿ ਐਸ ਬਿਤਾਯੋ।
ਸਮਾਂ ਸਰਾਪ ਕੇਰ ਨਿਯਰਾਯੋ[1]। — [1]ਨੇੜੇ ਆਇਆ।
ਹੋਨਹਾਰ ਫਿਰ ਅਕਲ ਭੁਲਾਈ।
ਇਕ ਦਿਨ ਮਨ ਮੈਂ ਇਮ ਠਹਿਰਾਈ ॥ ੧੫੯ ॥
ਕਈ ਸਾਲ ਅਬਿ ਗਏ ਬਿਤਾਈ।
ਮੇਲਾ ਪੰਥ ਕਰਜੋ ਨਹਿਂ ਆਈ।
ਤਾਰਨ ਤਰਨ ਸੁਧਾਸਰ ਮਾਹੀਂ।
ਮੇਲੇ ਤੁਰਕ ਲਗਨ ਦਿਹਂ ਨਾਹੀਂ ॥ ੧੬੦ ॥
ਪੰਥ ਨ ਇਕਠਾ ਹੋਵਨ ਪਾਵੈ।
ਤੁਰਨ ਖਬਰ ਰਾਖੈਂ ਸਭਿ ਥਾਵੈਂ।
ਬਲਕਿਨ[1] ਦਸਕ ਸਿੱਖ ਭੀ ਔਰੈਂ[2]। — [1]ਸਗੋਂ। [2]ਹੋਰ (ਕਿਸੇ ਥਾਂ ਵੀ)।
ਨਹਿਂ ਦੈਹੈਂ ਮਿਲਨੇਂ ਕਿਸ ਠੌਰੈਂ ॥ ੧੬੧ ॥
ਮੇਲਾ ਦੀਪਮਾਲ ਕਾ ਲਾਈਏ।

ਦਰਸ਼ਨ ਸਭੀ ਪੰਥ ਕਾ ਪਾਈਏ।
ਮਨੀ ਸਿੰਘ ਯਹਿ ਮਨਿ ਦਿਢ ਧਾਰੀ।
ਮੌਤ ਪਰੇਰ ਕਰਾਈ ਕਾਰੀ[1] ॥ ੧੬੨ ॥
ਹੋਣਹਾਰ ਹੋਯੋ ਚਹਿ ਜੈਸੀ।
ਮਿਲਤ ਸਹਾਯ ਬੁੱਧਿ ਤਿਹ ਤੈਸੀ।
ਹਾਕਮ ਹੁਤੋ ਜੁ ਤਬੈ ਤਹਾਂਈਂ।
ਤਿਸ ਸੋਂ ਕਰਿ ਸਿੰਘ ਮੇਲ ਮਹਾਂਈ[1] ॥ ੧੬੩ ॥
ਮੇਲਾ ਦੀਪਮਾਲ ਕਾ ਲਾਵਨ।
ਹੇਤੈਂ, ਠੇਕਾ ਕੀਨ ਚੁਕਾਵਨ।
ਪਾਂਚ ਹਜ਼ਾਰ ਰੁਪੱਯਾ ਦੈਨਾ।
ਮੇਲਾ ਦਸ ਦਿਨ ਲਾਇ ਸੁ ਲੈਨਾ ॥ ੧੬੪ ॥
ਪੈ ਇਹੁ ਸ਼ਰਤ ਬੀਚ ਮੈਂ ਹੋਈ।
ਜਥਾ ਸਿੰਘਨ ਕਾ ਆਇ ਨ ਕੋਈ।
ਦੁਨੀਆਂਦਾਰ ਸਿੱਖ ਸਭਿ ਆਵੈਂ।
ਮੇਲਾ ਕਰਿ ਨਿਜ ਘਰ ਪਰ ਜਾਵੈਂ ॥ ੧੬੫ ॥
ਲਿਖਤ ਦੁਹੂੰ ਦਿਸ ਤੈ ਯਹਿ ਭਈ।
ਮਨੀ ਸਿੰਘ ਥੀ ਯਹਿ ਮਨਿ ਠਈ।
ਆਵਗੁ ਸੰਗਤ ਯਹਾਂ ਅਪਾਰੈਂ।
ਪੂਜਾ ਚਢ ਹੈ ਕਈ ਹਜ਼ਾਰੈਂ ॥ ੧੬੬ ॥
ਤੁਰਕੈਂ ਦੈ ਕੈ ਪਾਂਚ ਹਜ਼ਾਰੈਂ।
ਬਾਕੀ ਟਹਿਲ ਭਵੇ ਦਰਵਾਰੈਂ।
ਸੰਗਤ ਦਰਸ਼ਨ ਗੁਰੁ ਕਾ ਕਰਿ ਹੈ।
ਨ੍ਹਾਇ ਸੁਧਾਸਰ ਭਵਨਿਧ ਤਰ ਹੈ ॥ ੧੬੭ ॥
ਬਨੀ ਰਹੈ ਮੇਲੇ ਕੀ ਰੀਤੀ।
ਯਹਿ ਵਿਚਾਰ ਨੀਤੀ ਤਿਨ ਕੀਤੀ।
ਦੇਸ ਦੇਸ ਮੈਂ ਚਿੱਠੀ ਫੇਰੀ।
ਸੰਗਤ ਮੁਦ ਹ੍ਵੈ ਅਈ ਬਧੇਰੀ ॥ ੧੬੮ ॥
ਭਈ ਸੁਧਾਸਰ ਜਬਿ ਬਹੁ ਭੀਰਾ।
ਹਾਕਮ ਤੁਰਕਨ ਕਰਿ ਤਤਬੀਰਾ[1]।
ਬੰਦੋਬਸਤ ਮੇਲੇ ਕੇ ਕਾਰਨ।

[1]ਦੁਰਘਟਨਾ ਭਾਵ ਸ਼ਹੀਦੀ ਦਾ ਸਾਕਾ।

[1]ਮਨੀ ਸਿੰਘ ਨੇ ਬਹੁਤਾ ਮੇਲ ਕਰਕੇ।

[1]ਵਿਉਂਤ ਕਰਕੇ, ਜਤਨ ਕਰਕੇ।

ਫੌਜ ਲਹੌਰੋਂ ਕਰੀ ਹਕਾਰਨ[1] ॥੧੬੯॥ — [1]ਬੁਲਾ ਲਈ।
ਜਬਿ ਸੋ ਸੈਨ ਸੁਧਾਸਰ ਆਈ।
ਸੰਗਤ ਦੇਖਿ ਸੇਖ ਦਹਿਲਾਈ[1]। — [1]ਬਹੁਤ ਡਰ ਗਈ।
ਸਿੱਖੈਂ ਜਾਨਜੋ ਹਮ ਕੋ ਫਰ ਹੈ।
ਆਈ ਫੌਜ ਜੋ ਤੁਰਕੀ ਚਰ੍ਹ ਹੈ ॥੧੭੦॥
ਡਰ ਧਰਿ ਨਿਸ ਕੋ ਸਭਿ ਹੀ ਦੌਰੇ।
ਮਗ ਮੈਂ ਆਵਤ ਹੁਤੇ ਜੁ ਔਰੇ।
ਵਹਿ ਭੀ ਸੁਨਿ ਭਗ ਗਏ ਪਿਛਾਹੀਂ।
ਰਹਜੋ ਨ ਏਕ ਸੁਧਾਸਰ ਮਾਹੀਂ ॥੧੭੧॥
ਭਾਣਾ ਗੁਰੁ ਕਾ ਐਸਾ ਭਯੋ।
ਨਹਿੰ ਦਰਵਾਰ ਦਰਬ ਕਿਛ ਅਯੋ।
ਤੁਰਕ ਦੁਸ਼ਟ ਜੁਲਮੀਂ ਅਨਿਆਂਈਂ[1]। — [1]ਜ਼ਾਲਮਾਂ ਤੇ ਬੇਇਨਸਾਫ਼ਾਂ ਨੇ।
ਕਰੀ ਅਨੀਤੀ ਜੁਰਮ ਮਹਾਂਈਂ[1] ॥੧੭੨॥ — [1]ਬੇ-ਇਨਸਾਫ਼ੀ ਤੇ ਵੱਡਾ ਕੁਕਰਮ ਕੀਤਾ।
ਭਯੋ ਨ ਜਬਿ ਯੌਂ ਠੇਕਾ ਪੂਰਨ।
ਮਨੀ ਸਿੰਘ ਕੋ ਪਕਰਜੋ ਤੂਰਨ[1] ॥੧੭੩॥ — [1]ਛੇਤੀ।

ਲਲਿਤ ਪਦ ਛੰਦ:

ਔਰ ਸਿੱਖ ਭੀ ਕੇਤਿਕ ਤਿਸ ਕੇ,
ਸੰਗ ਗਏ ਤਬਿ ਪਕਰੇ।
ਜਾਇ ਲਹੌਰ ਨੁਵਾਬ ਅਗਾਰੀ,
ਖਰੇ ਕਰੇ ਸਭਿ ਜਕਰੇ[1]। — [1]ਬੰਨ੍ਹ ਕੇ।
ਸਿੰਘਨ ਫਤੇ ਗਜਾਈ ਸਨਮੁਖ,
ਸੁਨਿ ਨੁਵਾਬ ਮਨਿ ਜਰਯੋ।
ਸਜਾ ਕੌਨ ਇਨ ਕੋ ਅਬਿ ਦੱਈਏ,
ਯਹਿ ਕਾਜੀ ਪ੍ਰਤਿ ਰਰਯੋ[1] ॥੧੭੪॥ — [1]ਕਿਹਾ।
ਕੁੱਤੇ ਕੋਲ ਕੁਪੱਤੇ ਕਾਜੀ,
ਪਾਜੀ[1] ਖੋਲਿ ਕਿਤਾਬੈਂ। — [1]ਝੂਠੇ।
ਬਾਦੀ[1] ਹਾਸਦ[2] ਪ੍ਰਮਾਦੀ ਨੈਂ[3], — [1]ਝਗੜਾਲੂ। [2]ਈਰਖਾਲੂ। [3]ਪਾਗ਼ਲ ਨੇ।
ਭਾਖਜੋ ਐਸ ਸ਼ਿਤਾਬੈਂ[1]। — [1]ਛੇਤੀ।
ਔਰੈਂ ਲੈ ਜ਼ਮਾਨਤਾਂ ਛੋਰੋ,
ਫਿਰ ਨ ਗੁਰੂ ਚਕ ਆਵੈਂ।

ਕਰੈਂ ਫਸਾਦ ਨ ਹੋਇ ਇਕੱਠੇ,
ਨਾਹਿੰ ਤਾਂ ਕੈਦ ਰਹਾਵੈਂ ॥੧੭੫॥
ਮਨੀ ਸਿੰਘ ਇਹੁ ਸਿੰਘ-ਪੰਥ ਕਾ,
ਆਹਿ ਮੌਲਵੀ[1] ਕਾਦੀ[2]।

[1]ਜਿਸ ਦਾ ਮਉਲਾ (ਪ੍ਰਮੇਸ਼ਰ) ਨਾਲ ਸੰਬੰਧ ਹੈ, ਕਰਤਾਰ ਨਾਲ ਜੁੜਿਆ ਸਾਧੂ। (ਅ) ਆਲਮ, ਵਿਦਵਾਨ। [2](ਕਜ਼ਾ) ਫ਼ੈਸਲਾ ਕਰਨ ਵਾਲਾ, ਝਗੜਾ ਨਿਬੇੜਨ ਵਾਲਾ, ਜੱਜ।

ਦੇਤ ਤਲੀਮ ਮਜ਼ਬ ਕੀ ਗਜ਼ਬੈਂ,
ਏਹੁ ਗ੍ਰੰਥੀ ਹਾਦੀ[1]।

[1]ਹਦਾਇਤ ਕਰਨ ਵਾਲਾ (ਧਰਮ ਦਾ ਉਪਦੇਸ਼ਟਾ) ਗ੍ਰੰਥੀ ਸਿੰਘ ਆਪਣੇ ਮਜ਼ਹਬ ਦੀ (ਗਜ਼ਬ) ਅਸਚਰਜ (ਤਲੀਮ) ਸਿੱਖਿਆ ਦੇਂਦਾ ਹੈ।

ਬੰਦ ਬੰਦ ਇਸ ਕਾ ਛੁਡਵਾਵੋ,
ਕੈ ਯਹਿ ਦੀਨ ਕਬੂਲੈ।
ਸੁਨਿ ਮਨਿ ਮਨੀ ਸਿੰਘ ਮੁਦ ਮਾਨਜੋਂ,
ਕਹਜੋ ਬਨੀ ਅਨਕੂਲੈਂ[1] ॥੧੭੬॥

[1](ਮੇਰੇ ਖ਼ਿਆਲ) ਅਨੁਸਾਰ ਹੀ (ਗੱਲ) ਬਣੀ ਹੈ।

ਸੰਗਤ ਕਾ ਸਰਾਪ, ਕਾਜੀ ਕੇ
ਮੁਖ ਚਢਿ ਬੋਲਜੋ ਨੀਕੈ।
ਮਨੀ ਸਿੰਘ ਕੋ ਹੁਕਮ ਸੁਨਾਯੋ,
ਫਿਰ ਨੁਵਾਬ ਯੌਂ ਠੀਕੈ।
ਕੈ ਦਿਹੁ ਪੈਸਾ, ਤੁਰਕ ਬਨੋ ਕੈ,
ਕੈ ਨਿਜ ਬੰਦ ਕਟਾਵੋ।
ਕਹਜੋ ਮਨੀ ਸਿੰਘ ਦੁਇ ਨ ਕਬੂਲੋਂ,
ਬੰਦ ਬੰਦ ਛੁਡਵਾਵੋਂ ॥੧੭੭॥
ਸੰਗਤ ਇਤਨੇਂ ਮਾਹਿੰ ਲਹੌਰੀ,
ਢਿਗ ਨੁਵਾਬ ਜੁਰਿ ਆਈ।
ਕਹਜੋ ਲੇਹੁ ਪੈਸਾ ਸਭਿ ਹਮ ਸੈਂ,
ਛੋਡਹੁ ਸਿੰਘਨ ਤਾਂਈਂ।
ਯਹਿ ਸੁਨਿ ਮਨੀ ਸਿੰਘ ਫਿਰ ਬੋਲਜੋ,
ਸੰਗਤ ਪਰਤੀ ਐਸੇ।
ਹਮ ਕੋ ਭਯੋ ਜੁ ਸ੍ਰਾਪ ਪੰਥ ਕਾ,
ਤੁਮ ਫੇਰਜੋ ਚਹੁ ਕੈਸੇ ॥੧੭੮॥
ਟਲੈ ਹੁਕਮ ਈਸ਼੍ਵਰ ਨ੍ਰਿਪ ਗੁਰੂ ਕਾ,

ਸੰਗਤ ਕਾ ਨਹਿਂ ਟਰ ਹੈ।
ਘੋਰ ਸਰਾਪ ਪਰੈ ਤਿਸ ਪਰ ਫਿਰ,
ਜੋ ਮੁਹਿ ਅਬੈ ਉਬਰ ਹੈ[1]। [1]ਬਚਾਵੇਗਾ।
ਧਰਮ ਹੇਤ ਜਯੋਂ ਗੁਰੂਅਨ ਦਿਯ ਸਿਰ,
ਤਯੋਂ ਹਮ ਨਿਜ ਸਿਰ ਦੈਹੈਂ।
ਸਿਰ ਸਿੱਖਨ ਕੇ ਜਬਿ ਯੌਂ ਲਗ ਹੈਂ,
ਤੁਰਕਨ ਜਰ[1] ਤਬਿ ਜੈਹੈ ॥੧੭੯॥ [1]ਜੜ੍ਹ।
ਯਹਿ ਸੁਨਿ ਖਾਨ ਬਹਾਦਰ ਜਰ ਕਰਿ[1], [1]ਸੜ ਕੇ।
ਕਹਯੋ ਜਲਾਦਨ ਤਾਂਈਂ।
ਜਾਇ ਨਿਖਾਸ ਚੌਂਕ ਮੈਂ[1] ਇਸ ਕੇ, [1]ਮੰਡੀ ਦੇ ਚੌਕ ਵਿੱਚ।
ਦਿਹੁ ਬੰਦ ਬੰਦ ਛੁਡਾਈ[1]। [1]ਜੋੜ ਜੋੜ ਨੂੰ ਛੁਡਾ ਦਿਉ ਭਾਵ ਹਰ ਜੋੜ ਨੂੰ ਕੱਟੋ।
ਤਬਿ ਹੀ ਪਕਰਿ ਜਲਾਦਨ ਸਿੰਘ ਕੋ,
ਚੌਕ ਨਿਖਾਸ ਲਜੈ ਕੈ।
ਦਸਕ ਠੌਰ ਤੈ ਕਟਨਾ ਚਹਯੋ,
ਕਹਯੋ ਸਿੰਘ ਹਠ ਕੈ ਕੈ ॥੧੮੦॥
ਸੁਨੋ ਜਲਾਦ ਖੁਦਾ ਕੇ ਪਜਾਰੇ,
ਹ੍ਵੈ ਸਵਾਬ[1] ਤੁਮ ਤਾਂਈਂ। [1]ਪੁੰਨ।
ਜਯੋਂ ਮੈਂ ਕਹੋਂ ਅੰਗ ਤੁਮ ਮੇਰੇ,
ਕਾਟਹੁ ਤੈਸ ਬਨਾਈ।
ਛੋਟੇ ਬਡੇ ਬੰਦ[1] ਜੋ ਤਨ ਕੇ, [1]ਜੋੜ।
ਜੁਦੇ ਜੁਦੇ ਸਭਿ ਕੀਜੋ।
ਭਲਾ ਖੁਦਾਇ ਤੁਮਾਰਾ ਕਰਿ ਹੈ,
ਹਮ ਸੋਂ ਤੁਮ ਇਮ ਸੀਝੋ[1] ॥੧੮੧॥ [1]ਵਰਤੋ।
ਬੇਸ਼ਕ ਹੋਇ ਬਿਦਰਦ ਕਟੋ ਤੁਮ,
ਹਮ ਨਾਹੀ ਦੁਖ ਮਨਤੇ।
ਮੈ ਹੂੰ ਆਰਫ[1] ਬ੍ਰਹਮ-ਗਯਾਨੀ, [1]ਗਿਆਨਵਾਨ।
ਨਜਾਰਾ ਸਦ ਤ੍ਰੈ ਤਨ ਤੇ[1]। [1]ਤਿੰਨ ਸ਼ਰੀਰਾਂ (ਸੁਖਮ, ਸਥੂਲ ਤੇ ਕਾਰਨ) ਤੋਂ ਸਦਾ ਵੱਖਰਾ।
ਮਾਨਿ ਜਲਾਦਨ ਲਯੋ ਜਬੈ ਯਹਿ,
ਵਾਹਿ ਵਾਹਿ ਸਿੰਘ ਕੈ ਕੈ[1]। [1]ਮਨੀ ਸਿੰਘ ਨੇ ਜਲਾਦਾਂ ਨੂੰ ਸ਼ਾਬਾਸ਼ ਸ਼ਾਬਾਸ਼ ਕਰਕੇ।
ਵਾਹਿਗੁਰੂ ਕਹਿ ਭੁਜਾ ਦਾਹਿਨੀ[1], [1]ਸੱਜੀ ਬਾਂਹ।

ਦਈ ਪਸਾਰ ਸੁ ਚਹਿ ਕੈ[1] ॥੧੯੨॥
ਪ੍ਰਿਥਮ ਆਂਗੁਰੀ ਫੂਲ[1] ਕਟਾਯੋ,
ਫਿਰ ਮੱਧ ਜੋੜ ਛੁਡਾਯੋ*।

ਪੁਨ ਅੰਗੁਰੀ ਜੜ ਤੈ ਕਟਵਾਈ,
ਜਰਾ ਨ ਖੇਦ[1] ਜਨਾਯੋ।
ਇਸੀ ਭਾਂਤਿ ਕਰ ਕੀ[1] ਸਭਿ ਅੰਗੁਰੀ,
ਇਕ ਇਕ ਕਰਿ ਕਟਵਾਈ।
ਪੁਨ ਪਹੁੰਚਾ ਕੂੰਣੀ ਅਰ ਮੋਢਾ,
ਕਟਵਾਏ ਮੁਦ ਪਾਈ ॥੧੯੩॥
ਯੌਂ ਹੀ ਬਾਈਂ ਭੁਜ[1] ਕਟਵਾਈ,
ਫਿਰ ਜੁਗ ਜੰਘ[1] ਕਟਾਈ।
ਜਨਕ ਬਿਦੇਹੀ ਮਾਤ ਕਰਜੋ ਸਿੰਘ,
ਜਾਨੀ ਦੇਹ ਪਰਾਈ।
ਗਜਾਨੀ ਸੰਤ ਹੁਤੋ ਵਹਿ ਪੂਰਨ,
ਰਹਜੋ ਦੇਹ ਕਾ ਸਾਖੀ[1]।
ਆਤਮ ਸਦਾ ਅਸੰਗ[1] ਪਛਾਨਜੋ,
ਬ੍ਰਿਤਿ ਬ੍ਰਹਮ ਮੈਂ ਰਾਖੀ ॥੧੯੪॥
ਯਹਿ ਸੁਨਿ ਜੁਰਮ ਜ਼ਹਿਰ ਅਤਿ ਭਾਰੀ
ਕਹਿਰ, ਸ਼ਹਿਰ ਘਬਰਾਯੋ[1]।

ਭਯੋ ਹਜੂਮ[1] ਆਨਿ ਸਿੰਘ ਗਿਰਦੈ,
ਨਰ ਨਾਰਿਨ ਬਹੁਤਾਯੋ।
ਪੇਖਿ ਖਾਇ ਗਸ਼[1] ਗਿਰੇ ਕਿਤਿਕ ਜਨ,
ਕਿਨ ਅੰਗੁਰੀ ਮੁਖ ਧਾਰੀ।
ਹਾਲ ਸਿੰਘ ਕਾ ਦੇਖ ਨ ਸਾਕੈਂ,
ਦੇਵਹਿੰ ਤੁਰਕੈਂ ਗਾਰੀ ॥੧੯੫॥
ਹਿੰਦੂ ਤੁਰਕ ਨਾਰਿ ਨਰ ਜੇਤਿਕ,
ਥੇ ਤਬਿ ਸ਼ਹਿਰ ਮਝਾਰੀ।
ਹਠ ਸਤ ਸਿਦਕ ਨਿਹਾਰਿ ਸਿੰਘ ਕਾ,

[1]ਉਤਸ਼ਾਹ ਕਰਕੇ, ਲੰਬੀ ਕਰ ਦਿੱਤੀ।
[1]ਉਂਗਲ ਦਾ ਫੁੱਲ।
*ਫਿਰ ਮੱਧ ਜੋੜ ਛੁਡਾਯੋ'। ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ। ਲਾਹੌਰ ਐਡੀਸ਼ਨ ਵਿੱਚ ਇਹ ਪਾਠ ਛਪਣ ਸਮੇਂ ਰਹਿ ਗਿਆ ਜਾਪਦਾ ਹੈ।
[1]ਦੁੱਖ।
[1]ਹੱਥ ਦੀਆਂ।
[1]ਖੱਬੀ ਬਾਂਹ।
[1]ਦੋਵੇਂ ਲੱਤਾਂ।
[1]ਦੇਹ ਤੋਂ ਵੱਖਰਾ ਰਿਹਾ।
[1]ਨਿਰਲੇਪ।
[1]ਇਹ ਜ਼ਹਿਰ ਵਰਗਾ ਬਹੁਤ ਭਾਰੀ ਕਹਿਰ ਦਾ (ਜੁਰਮ) ਗੁਨਾਹ ਸੁਣ ਕੇ ਸ਼ਹਿਰ (ਲਾਹੌਰ) ਘਬਰਾ ਗਿਆ।
[1]ਇਕੱਠ।
[1]ਬੇਹੋਸ਼ ਹੋ ਕੇ।

ਜਾਵਹਿਂ ਸਭਿ ਬਲਿਹਾਰੀ।
ਕਠ-ਪੁਤਰੀ ਸਮ[1] ਸਿੰਘ ਕਟਾਵੈ, — [1]ਲੱਕੜ ਦੀ ਪੁਤਲੀ ਵਾਂਗ।
ਅੰਗ ਆਪਨੇ ਬੈਠਾ।
ਹਾਇ ਨ ਤੋਬਾ ਕਰੀ ਨ ਹੱਲਜੋ,
ਜਰਾ ਨੱਕ ਨਹਿਂ ਐਂਠਾ[1] ॥੧੯੬॥ — [1]ਮਰੋੜਿਆ, ਵੱਟਿਆ।
ਜਪੁਜੀ ਪਾਠ ਰਹਜੋ ਵਹਿ ਕਰਤੋ,
ਤਨਿ ਪੀੜਾ ਨਹਿਂ ਮਾਨੀ।
ਹਾਹਾਕਾਰ ਲੋਗ ਸਭਿ ਕਰਿਹੀਂ,
ਰਹੇ ਜਲਾਦ ਹਰਾਨੀ।
ਦੇਵ ਸਿੱਧ ਗੰਬ੍ਰਧ[1] ਕਿੰਨਰ[2] ਜਛ[3], — [1]ਦੇਵਤਿਆਂ ਦੇ ਗਵੱਈਏ। [2]ਦੇਵਤਿਆਂ ਦੇ ਨਾਚੇ ਜਿਨ੍ਹਾਂ ਦਾ ਧੜ ਮਨੁੱਖ ਦਾ ਤੇ ਮੂੰਹ ਘੋੜੇ ਦਾ ਹੁੰਦਾ ਹੈ। [3]ਦੇਵਤਿਆਂ ਦੀ ਇਕ ਖ਼ਾਸ ਜਾਤੀ ਜੋ ਕੁਬੇਰ ਦੀ ਸੇਵਾ 'ਚ ਰਹਿੰਦੇ ਹਨ।
ਚਢੇ ਬਿਵਾਨਨਿ ਹੇਰੈਂ।
ਐਸੋ ਭਯੋ ਨ ਜਨਕ ਬਿਦੇਹੀ,
ਆਪਸ ਮੈਂ ਸਭਿ ਟੇਰੈਂ[1] ॥੧੯੭॥ — [1]ਕਹਿੰਦੇ ਹਨ।
ਧੰਨ ਸਿੰਘ ਇਹੁ ਧੰਨ ਸਿਦਕ ਇਸ,
ਇਮ ਕਹਿ ਫੂਲ ਬਸਾਵੈਂ।
ਨਿਜ ਨਿਜ ਪੁਰੀ ਲਿਜਾਵਨ ਚੈਹੈਂ,
ਸਭਿ ਹੀ ਦੈਵ[1] ਮਨਾਵੈਂ। — [1]ਪ੍ਰਮੇਸ਼ਰ ਨੂੰ।
ਬਰ ਸੁਰੰਗਨ ਚਹੈਂ ਅਲਿੰਗਨ,
ਨਿਜ ਤਨ ਜਾਨ ਸ਼ਿੰਗਾਰੈਂ[1]। — [1]ਦੇਵਤਿਆਂ ਦੀਆਂ ਸ੍ਰੇਸ਼ਟ ਇਸਤ੍ਰੀਆਂ (ਅਲਿੰਗਨ) ਸਪਰਸ਼ ਕਰਨ ਵਾਸਤੇ ਆਪਣੇ ਸ਼ਰੀਰਾਂ ਤੇ (ਜਾਨ) ਸਵਾਰੀਆਂ ਨੂੰ ਸ਼ਿੰਗਾਰਦੀਆਂ ਹਨ।
ਅਰ ਸ਼ਹੀਦ ਸਿੰਘ ਦਸਮ ਗੁਰੂ ਕੇ,
ਇਕ ਦਿਸ ਖੜ੍ਹੇ ਨਿਹਾਰੈਂ ॥੧੯੮॥
ਨਜ਼ਰ ਮਨੀ ਸਿੰਘ ਕੋ ਸਭਿ ਆਵੈਂ,
ਹ੍ਵੈ ਖੁਸ਼ਿ ਅੰਗ ਕਟਾਵੈ।
ਇਕ ਟਿਕ ਲਾਇ ਰਹਜੋ ਗੁਰੁ ਪਗ ਦਿਸ[1], — [1]ਇਕ ਗੁਰਾਂ ਦੇ ਚਰਨਾਂ ਦੀ ਤਰਫ਼ ਨਿਗਾਹ ਗੱਡਰੱਖੀ ਹੈ।
ਜਾਵਨ ਤਹੀਂ ਚਹਾਵੈ।
ਸ਼ਾਹ ਰਜ਼ਾਕ ਕਾਦਰੀ, ਸੱਯਦ
ਹਸਨ ਪਸ਼ੌਰੀ ਦੋਊ।

ਹੁਤੇ ਫਕੀਰ ਅਜ਼ਮਤੀ ਪੂਰੇ,
ਤਬਿ ਮਸ਼ਹੂਰੇ ਸੋਊ ॥ ੧੮੯ ॥
ਪੇਖਿ ਹਜੂੰਮ[1] ਚੌਂਕ ਸ਼ਾਹੀ ਮੈਂ, — [1]ਇਕੱਠ।
ਸੋ ਭੀ ਪਹੁੰਚੇ ਆਈ।
ਮਨੀ ਸਿੰਘ ਕੀ ਦਸ਼ਾ ਦੇਖਿ,
ਸੋ ਤੱਜਬ ਰਹੇ ਮਹਾਂਈ[1]। — [1]ਬਹੁਤ ਹੈਰਾਨ ਰਹੇ।
ਕਹੈਂ ਨ ਐਸੋ ਬ੍ਰਹਮ ਗਯਾਨੀ,
ਭਯੋ ਨ ਹੋਇ ਅਗਾਰੀ।
ਤੀਨ ਦੇਹ ਤੈ ਸਾਖੀ[1] ਨਜਾਰਾ, — [1]ਗਵਾਹ ਭਾਵ ਵੱਖਰਾ।
ਇਨ ਹ੍ਵੈ ਸਾਚ ਦਿਖਾਰੀ ॥ ੧੯੦ ॥
ਐਸੇ ਕਹਿਤ ਸੁਨਤ ਵਹਿ ਸ਼ੀਘਰ,
ਪਹੁੰਚੇ ਪਾਸ ਨੁਵਾਬੈਂ।
ਕਹਯੋ ਸਿੰਘ ਕੇ ਕਦਮ ਗਹੋ[1] ਤੁਮ, — [1]ਚਰਨ ਪਕੜੋ।
ਨਹੀਂ ਤ ਹੋਇ ਖਰਾਬੈਂ।
ਏਹੁ ਸਿੰਘ ਜਿਮ ਅੰਗ ਕਟਾਵਤ,
ਸਾਵਧਾਨ ਦਿਢ ਬੈਸਾ।
ਪੀਰ ਪਿਕੰਬਰ ਆਰਫ[1] ਜ਼ਾਹਿਦ[2], — [1]ਗਿਆਨਵਾਨ। [2]ਤਪੱਸਵੀ।
ਭਯੋ ਨ ਕੋ ਹ੍ਵੈ ਐਸਾ ॥ ੧੯੧ ॥
ਜੈਸ ਵਜੂਦ ਕਿਸੀ ਕਾ ਕੋਊ,
ਕਾਟਤ ਹੇਰਤ ਔਰੈਂ[1]। — [1]ਜਿਵੇਂ ਕਿਸੇ ਦੇ ਸਰੀਰ ਨੂੰ ਕੱਟੀਦਾ ਦੂਜਾ ਕੋਈ (ਆਦਮੀ ਪਾਸੇ ਖੜ੍ਹਾ) ਦੇਖਦਾ ਹੈ।
ਤਿਸ ਕੋ ਪੀੜ ਸਘੀੜ[1] ਨ ਹੋਵਤ, — [1]ਪੀੜ ਦਾ ਦੁੱਖ।
ਪਿਖਯੋ ਸਿੰਘ ਇਹੁ ਤੌਰੈਂ।
ਐਸਾ ਸੱਮ੍ਰਥ ਚਹੈ ਤੁ ਪਲਟੈ,
ਤਬਕ ਤਲੈ ਕੇ ਊਪਰ[1]। — [1]ਥੱਲੇ ਦੇ (ਤਬਕ) ਲੋਕ ਉਪਰ ਉਲਟਾ ਦੇਵੇ।
ਜੇ ਇਹੁ ਚਹੇ ਤੁ ਤੁਰਕਨ ਕਾ ਅਬਿ,
ਨਾਮ ਨ ਛੋਡੈ ਭੂ ਪਰ[1] ॥ ੧੯੨ ॥ — [1]ਧਰਤੀ ਉੱਤੇ।
ਕਾਂਟਾ ਏਕ ਚੁਭਤ ਜਿਸ ਜਨ ਕੋ,
ਬਜਾਕੁਲ ਹੋਤ ਅਸ਼ਕ ਹੈ[1]। — [1]ਸ਼ਕਤੀ ਤੋਂ ਬਿਨਾਂ ਹੋ ਕੇ ਬੇਹੋਸ਼ ਹੋ ਜਾਂਦਾ ਹੈ।
ਜਿਮ ਇਨ ਸਿੰਘ ਅੰਗ ਕਟਵਾਏ,

ਕੌਨ ਬਲੀ ਕਰਿ ਸਕ ਹੈ।
ਇਕ ਅੰਗੁਰੀ ਸਰਮੱਦ[1] ਕਟਾਈ,
ਹੱਥ ਮਨਸੂਰ[1] ਕਟਾਏ।
ਜਰਣਾ ਕਰ ਮਰਣਾ ਨ ਚਹਾਨਾ,
ਅਜਮਤ ਦਈ ਦਿਖਾਏ[1] ॥੧੯੩॥
ਹੋਇ ਦੁਖੀ ਜਿਮ ਰਿਖੀ ਧੁੰਧਲੀ,
ਨਗਰ ਗਰਕ ਕਰਿ ਦੀਨੋ।
ਸ਼ਾਹਿ ਫਰੂੰਨ ਸੈਨ ਸਹਿ ਗਰਕਯੋ[1],
ਦੁਖੀ ਜੁ ਮੂਸਾ ਕੀਨੋ।
ਤਜੋ ਯਹਿ ਸਿੰਘ ਚਹੈ ਤੋ ਅਬਿ ਹੀ,
ਕਰੈ ਗਰਕ ਤੁਵ ਦੇਸੈਂ।
ਇਸ ਸਮ ਵਲੀ[1] ਨ ਜਗ ਮੈਂ ਕੋਈ,
ਪਿਖੇ ਸੁਨੇ ਹਮ ਵੇਸੈਂ[1] ॥੧੯੪॥
ਡਰਯੋ ਨੁਵਾਬ ਏਹੁ ਸੁਨ ਅਤਿ ਹੀ,
ਤਬਿ ਹੀ ਹੁਕਮ ਪਠਾਯੋ।
ਬਨਯੋ ਉਪਾਵ ਨ ਫਿਰ ਕੁਛ ਸ਼ੀਘਰ,
ਉਤ ਸਿੰਘ ਤਨ ਕਟਵਾਯੋ।
ਭੁਜਾਂ ਜੰਘ ਮੋਢੇ ਜਬਿ ਕਟਗੇ,
ਜਪੁਜੀ ਜਪਤ ਰਹਾਯੋ।
ਪੜ੍ਹ ਸੋਦਰ ਕੀ ਪੌੜੀ ਸਿੰਘ ਜੀ,
ਵਾਹਿ ਵਾਹਿ ਆਲਾਯੋ ॥੧੯੫॥
ਸੀਸ ਉਤਾਰ ਜਲਾਦ ਦਯੋ ਤਬਿ,
ਬਾਕੀ ਰਹਯੋ ਜੁ ਪਾਠੈਂ।
ਸੋ ਸਭਿ ਸੀਸ ਸਿੰਘ ਕੇ, ਜਪੁਜੀ
ਪੂਰਾ ਕੀਨੋ ਠਾਠੈ[1]*।
ਉਚ ਅਵਾਜ ਸੁਨਯੋ ਸਭਿ ਲੋਗੈਂ,
ਪੂਰਨ ਪਾਠ ਕਰੈ ਕੈ।

[1]ਇਕ ਸੂਫ਼ੀ ਫ਼ਕੀਰ ਜੋ ਫ਼ਾਰਸ ਦੇਸ ਦੇ ਕਾਸ਼ਾਨ ਨਗਰ ਦਾ ਵਸਨੀਕ ਸੀ। ਇਸ ਨੂੰ ਔਰੰਗਜ਼ੇਬ ਨੇ ਕਤਲ ਕਰਾਇਆ।
[1]ਇਕ ਪ੍ਰਸਿੱਧ ਸੂਫ਼ੀ ਫ਼ਕੀਰ।
[1](ਕਸ਼ਟ) ਸਹਾਰ ਕੇ ਮਰਨਾ ਨਾ ਚਾਹਿਆ ਕਰਾਮਾਤ ਦਿਖਾ ਦਿੱਤੀ।
[1]ਸਣੇ ਫ਼ੌਜ ਫਰਊਨ ਸ਼ਾਹ (ਸਮੁੰਦਰ ਵਿਚ) ਗ਼ਰਕ ਹੋ ਗਿਆ।
[1]ਕਰਾਮਾਤੀ।
[1]ਬਹੁਤੇ।
[1]ਠਾਟ ਨਾਲ, ਅਨੰਦ ਨਾਲ। *ਠਾਠੈਂ ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ। ਲਾਹੌਰ ਐਡੀਸ਼ਨ 'ਚ 'ਪਾਠੈਂ' ਹੀ ਪਾਠ ਸੀ।

ਵਾਹਿ ਵਾਹਿ ਕਹਿ ਫਿਰ ਇਮ ਗਾਯੋ,
ਉਚੇ ਧੁਨੀ ਸੁਨੈ ਕੈ ॥੧੯੬॥
ਅਪਨੇ ਚਲਿਤ ਆਪ ਹੀ ਕਰ ਹੈ,
ਮਰੈ ਨ ਜਨਮੈ ਕੋਈ।
ਘਾਲਕ ਪਾਲਕ ਚਾਲਕ ਏਕੋ,
ਮਾਲਕ ਚੋਜ ਕਰੋਈ[1]।

[1]ਨਾਸ਼ ਕਰਨ ਵਾਲਾ, ਪਾਲਣਾ ਕਰਨ ਵਾਲਾ ਅਤੇ ਚਲਾਉਣ ਵਾਲਾ ਮਾਲਕ ਆਪੇ ਕੌਤਕ ਕਰ ਰਿਹਾ ਹੈ।

ਮਾਨੁਖ ਕੇ ਕਿਛੁ ਹਾਥ ਨਹੀ ਹੈ,
ਕਰੈ ਕਰਾਵੈ ਆਪੇ*।

*ਉਪ੍ਰੋਕਤ ਦੋਹਾਂ ਤੁਕਾਂ ਵਿੱਚ ਕਵੀ ਜੀ ਨੇ ਸੁਖਮਨੀ ਸਾਹਿਬ ਦੀਆਂ ਹੇਠ ਲਿਖੀਆਂ ਤੁਕਾਂ ਅਤੇ ਜਾਪ ਸਾਹਿਬ ਦੀ ਇਕ ਤੁਕ ਦਾ ਅਨੁਵਾਦ ਕੀਤਾ ਹੈ-ਨਹ ਕਿਛੁ ਜਨਮੈ ਨਹ ਕਿਛੁ ਮਰੈ॥ ਆਪਨ ਚਲਿਤ ਆਪ ਹੀ ਕਰੈ॥ (ਪੰਨਾ ੨੮੧)। ਅਪੁਨੇ ਚਲਿਤ ਆਪਿ ਕਰਣੈਹਾਰ॥ ਕਉਤਕ ਕਰੈ ਰੰਗ ਆਪਾਰ॥ (ਪੰਨਾ ੨੭੯)। ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨ ਕਾਲ॥ (ਜਾਪੁ ਸਾਹਿਬ)। ਮਾਨੁਖ ਕੈ ਕਿਛੁ ਨਾਹੀ ਹਾਥਿ॥ (ਪੰਨਾ ੨੮੧) ਕਰਨ ਕਰਾਵਨ ਆਪੇ ਆਪਿ॥ (ਪੰਨਾ ੨੭੯)।

ਇਮ ਕਹਿ ਫਤੇ ਗਜਾਇ ਜਾਇ ਸਿੰਘ,
ਮਿਲ੍ਯੋ ਸ਼ਹੀਦਨ ਥਾਂ ਪੈ[1] ॥੧੯੭॥

[1]ਸ਼ਹੀਦਾਂ ਦੀ ਜਗ੍ਹਾ ਉੱਪਰ।

ਚਢਿ ਬਿਵਾਨ ਪਰ ਚਾਲ੍ਯੋ ਨਭ ਮਗ,
ਸੁਰ ਸਭਿ ਫੂਲ ਬਸਾਵੈਂ।
ਬਜੈਂ ਨਿਸ਼ਾਨ[1] ਬਿਵਾਨ ਚਮਕਹੀਂ,
ਨਚਤ ਨਟੀ-ਸੁਰ[1] ਜਾਵੈਂ।
ਨਭ ਮੈਂ ਪਯੋ ਕੁਲਾਹਲ[1] ਭਾਰੀ,
ਸੁਨ੍ਯੋ ਪਿਖ੍ਯੋ ਸਭਿ ਕਾਹੀਂ।
ਧਰ ਪੈ ਹਾਹਾਕਾਰ ਮਚ੍ਯੋ ਤਬਿ,
ਜੈ ਜੈ ਜੈ ਨਭ ਮਾਹੀਂ ॥੧੯੮॥

[1]ਧੌਂਸੇ ਵਜਦੇ ਹਨ।
[1]ਦੇਵਤਿਆਂ ਦੀਆਂ ਨਾਚੀਆਂ।
[1]ਖੁਸ਼ੀ ਦਾ ਡੰਡਰੌਲਾ।

ਸੱਚਖੰਡ ਆਖੰਡ ਮੰਡਲੈਂ[1],
ਦਸ ਗੁਰੁ ਦਰਸੇ ਜਾਈ।
ਬੰਦਨ ਕਰੀ, ਦਸਮ ਗੁਰੁ ਸਾਦਰ[1],
ਨਿਜ ਢਿਗ ਲਯੋ ਬਿਠਾਈ।
ਪਰਮਾਨੰਦ ਜਹਾਂ ਸਦ ਰੈਹੈ,

[1]ਅਖੰਡ ਅਸਥਾਨ ਵਿੱਚ।
[1]ਆਦਰ ਨਾਲ।

ਮਾਯਾ ਮੋਹ ਨ ਪੋਹੈ।
ਮਿਲੀ ਮੁਕਤਿ ਸਾਰੂਪ[1] ਸਿੰਘ ਕੋ,
ਦੁਲਭ ਜੁਗੀਸਨ ਜੋ ਹੈ ॥੧੯੯॥
ਇਤ ਸਿੱਖਨ ਸਭਿ ਅੰਗ ਸਿੰਘ ਕੇ,
ਲੈ ਮਿਸਕਾਰ ਕਰੈ ਹੈਂ।
ਜਹਾਂ ਸਿੰਘ ਥੇ ਅੰਗ ਕਟਾਏ,
ਦਬੀ ਬਿਭੂਤ ਤਹੈ ਹੈਂ।
ਤਹਾਂ ਸ਼ਹੀਦ ਗੰਜ ਅਬਿ ਉਨ ਕਾ,
ਜਗਤ ਪੂਜ ਭਲ ਹੈ ਸੋ[1]।
ਜੈਸੀ ਮੰਨਤ ਕਰਿ ਹੈ ਕੋਊ,
ਆਵਤ ਬਰ[1] ਤਿਸ ਤੈਸੋ ॥੨੦੦॥
ਅਬਿ ਦਰਵਾਜਾ ਜੋਊ ਕਿਲੇ ਕਾ,
ਬੰਦ ਸ਼ਹਿਰ ਦਿਸ ਤੈ ਹੈ।
ਹੁਤੋ ਚੌਂਕ ਤਬਿ ਤਿਸ ਕੇ ਆਗੇ,
ਨਾਮ ਨਿਖਾਸ ਜੁ ਕੈਹੈਂ।
ਤਹਿਂ ਮਸੀਤ ਢਿਗ ਕੂਪ ਕਿਨਾਰੇ,
ਸਿੰਘ ਕਤਲ ਥੇ ਹੋਤੇ।
ਤਿਸੀ ਕੂਪ ਮੈਂ ਸਿਰ ਥੇ ਪਰਤੇ,
ਬੰਦ ਰਖਾਤੇ ਓਤੇ[1] ॥੨੦੧॥
ਮਸਤੀ ਦਰਵਾਜੇ ਕੇ ਅੰਦਰ,
ਗੰਜ-ਸ਼ਹੀਦ ਸੁ* ਸੋਹੀ।
ਭਾਈ ਭਗਤ ਸਿੰਘ ਪੂਜਾਰੀ,
ਲਾਇਕ ਤਹਾਂ ਅਤੋਹੀ[1]।
ਭਾਈ ਮਨੀ ਸਿੰਘ ਨੈ ਸਾਕਾ,
ਕੀਨੋ ਸਭਿ ਤੈ ਚਢ ਕੈ।
ਸਿੱਖੀ ਸਿਦਕ ਬਚਨ ਸੰਗਤ ਕਾ,
ਠੀਕ ਨਿਬਾਹਜੋ ਬਢ ਕੈ[1] ॥੨੦੨॥
ਰੋਜ ਉਮੱਸਜਾ ਕਾ ਥਾ ਸੋਊ,
ਸਿੰਘ ਸਰੀਰ ਬਖੇਰਾ[1]।

[1]ਸਰੂਪ ਮੁਕਤੀ, ਆਪਣੇ ਇਸ਼ਟ ਵਰਗਾ ਸਰੂਪ ਹੋ ਜਾਣਾ।

[1]ਉਸ ਨੂੰ ਜਗਤ ਦੇ ਲੋਕ ਚੰਗੀ ਤਰ੍ਹਾਂ ਪੂਜਦੇ ਹਨ।

[1]ਪੂਰੀ ਹੋ ਜਾਂਦੀ ਹੈ।

[1]ਉਤੋਂ।

*ਗੰਜ-ਸ਼ਹੀਦ ਸੁ' ਪਾਠ ਅਸਾਂ ਆਪਣੇ ਕੋਲੋਂ ਪਾਇਆ ਹੈ, ਮੂਲ 'ਚ ਇੰਨਾ ਪਾਠ ਕਿਤੇ ਛਪਣ ਸਮੇਂ ਹੀ ਰਹਿ ਗਿਆ ਹੈ।

[1]ਬਹੁਤਾ।

[1]ਵਧ ਕੇ।

[1]ਖਿੰਡਾਇਆ ਭਾਵ ਤਿਆਗਿਆ।

ਤਾਂ ਤੇ ਜੋੜ ਮੇਲ ਉੱਛਵ ਤਹਿਂ,
ਹੋਤ ਉਮੱਸਜਾ ਕੇਰਾ ॥੨੦੩॥
ਦੋਹਰਾ:
ਮਰਨ ਸਭਿਨਿ ਕੇ ਮੂੰਡ ਪਰ,
ਸਫਲ ਮਰਨ ਹੈ ਤਾਂਹਿ।
ਤਨਕ ਵਿਖੈ ਤਨ ਕੋ ਤਜੈ,
ਪ੍ਰਿਯ ਸੋਂ[1] ਪ੍ਰੀਤਿ ਨਿਬਾਹਿ ॥੨੦੪॥
ਜਬਿ ਲੌਂ ਯਹਿ ਜਗ ਰਹੈਗੋ,
ਜਲ ਅਗਨੀ ਸਸਿ ਸੂਰ।
ਮਨੀ ਸਿੰਘ ਕਾ ਰਹੈਗੋ,
ਤਬਿ ਲੌਂ ਜਸ ਭਰਪੂਰ ॥੨੦੫॥
ਸਰਬ ਸ਼ਹੀਦਨ ਕਾ ਬਨਜੋ,
ਮਨੀ ਸਿੰਘ ਸਰਦਾਰ।
ਸਾਹਬਜ਼ਾਦਜੋਂ ਕਾ ਭਯੋ,
ਅੱਵਲ ਡਿਉਢੀਦਾਰ[1] ॥੨੦੬॥
ਧੰਨਜ ਧੰਨਜ ਸਭਿ ਜਨ ਕਹੋ,
ਮਨੀ ਸਿੰਘ ਕੇ ਤਾਂਇਂ।
ਆਪ ਤਰਜੋ ਤਾਰੀ ਜਿਸੈ,
ਇੱਕੀ ਕੁਲ ਬਿਦਤਾਇ ॥੨੦੭॥
ਤਿਮ ਸਮ ਕਰਨੀ ਕਠਨ ਅਤਿ,
ਕਨੀ ਕਿਨ ਜਗ ਮਾਹਿਂ।
ਅਧਿਕ ਬਿਦੇਹੀ ਜਨਕ ਤੈ,
ਭਯੋ ਬਿਦੇਹੀ ਵਾਹਿ[1] ॥੨੦੮॥
ਮਨੀ ਸਿੰਘ ਕੀ ਗਾਥ ਯਹਿ,
ਪਢੈ ਸੁਨੈ ਸਿਖ ਜੋਇ।
ਸਿਦਕ ਨਿਭੈ ਸੰਗ ਸ੍ਵਾਸ ਤਿਸ,
ਸਿੱਖੀ ਪ੍ਰਾਪਤਿ ਹੋਇ ॥੨੦੯॥

[1]ਪਿਆਰੇ ਨਾਲ।

[1]ਮਹਾਰਾਜਿਆਂ ਦੇਰਾਜ ਮਹਲਾਂ ਦੇ ਸਾਰੇ ਕਰਮਚਾਰੀਆਂ ਉਪਰ ਹੁਕਮਰੱਖਣ ਵਾਲਾ ਅਤੇ ਜਿਸ ਦੀ ਆਗਿਆ ਬਿਨਾਂਰਾਜ-ਭਵਨ ਦੀ ਡਿਓੜੀ ਵਿੱਚ ਕੋਈ ਦਾਖਲ ਨਹੀਂ ਹੋ ਸਕਦਾ, ਮਹਾਰਾਜੇ ਨਾਲ ਮੁਲਾਕਾਤ ਇਸੇ ਅਹਿਲਕਾਰ ਦੀ ਮਾਰਫ਼ਤ ਹੋਇਆ ਕਰਦੀ ਸੀ (CHAMBER LAIN)।

[1]ਉਹ ਬਹੁਤਾ ਦੇਹ ਦੇ ਮੋਹ ਤੋਂ ਪਰੇ ਹੋਇਆ।

ਬਚਨ ਨ ਸੰਗਤ ਕਾ ਟਲਜੋ,
ਭਲੋ ਨਿਬਾਹਜੋ ਤਾਂਹਿ।
ਸੱਤ੍ਰਾਂ ਸਏ ਪਚਾਨਵੇਂ,
ਗਾਥ ਭਈ ਥੀ ਯਾਂਹਿ ॥੨੧੦॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਭਾਈ ਮਨੀ ਸਿੰਘ ਕਾ ਪ੍ਰਸੰਗ', ਬਰਨਨੰ ਨਾਮ ਉਣੱਤੀਸਮੋਂ ਬਿਸ੍ਰਾਮ ॥੨੯॥

੩੦. {ਅਹਿਮਦ ਸ਼ਾਹ ਦੁਰਾਨੀ ਦਾ ਆਉਣਾ}

ਕਬਿੱਤ:

ਤੇਜ ਮਾਰਤੰਡ ਹੈ ਪ੍ਰਚੰਡ ਮੰਡ ਖੰਡ ਖੰਡ,
ਚੰਡ ਬਲਵੰਡ ਅਰਿ ਪੰਡ ਮੁਖ ਹੈਂ ਕਏ[1]।

[1](ਜਿਸ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ) (ਪ੍ਰਚੰਡ) ਬਹੁਤ ਤਿੱਖਾ ਤੇਜ (ਮਾਰਤੰਡ) ਸੂਰਜ ਵਾਂਗ ਖੰਡਾਂ ਖੰਡਾਂ ਵਿੱਚ (ਮੰਡ) ਸਜ ਰਿਹਾ ਹੈ (ਜਿਸ ਤੇਜ ਨੇ) (ਚੰਡ) ਤਿੱਖੇ ਤੇ ਬਲਵਾਨ ਵੈਰੀਆਂ ਦੇ ਮੂੰਹ (ਪੰਡ) ਪੀਲੇ ਕਰ ਦਿੱਤੇ ਹਨ।

ਕਾਮਧੇਨ ਚਿੰਤਾਮਨਿ ਕਾਮਤਰ ਹੂੰ ਤੇ ਤਰ,
ਦਾਸਨ ਕੀ ਆਸਨ ਕਰੱਯਾ ਪੂਰ ਹੈਂ ਭਏ[1]।

[1](ਜੋ ਸਤਿਗੁਰੂ) ਕਾਮਧੇਨ, ਚਿੰਤਾਮਨੀ ਤੇ ਕਲਪ-ਬ੍ਰਿਛ ਤੋਂ ਵੀ (ਤਰ) ਵੱਧ, ਦਾਸਾਂ ਦੀਆਂ ਆਸਾਂ ਪੂਰੀਆਂ ਕਰਨ ਵਾਲੇ ਹੋਏ ਹਨ।

ਸਾਹਿਬੀ ਅਖੰਡਲ ਤੈ ਅੰਡ ਪੈ ਅਖੰਡ ਮੰਡ,
ਕਰਿ ਕੈ ਘਮੰਡ ਅਰਿ ਨੀਚ ਮੀਚ ਹੈਂ ਦਏ[1]।

[1](ਅੰਡ) ਬ੍ਰਹਮੰਡ ਦੀ (ਸਾਹਿਬੀ) ਪਾਤਸ਼ਾਹੀ (ਅਖੰਡਲ) ਇੰਦ੍ਰ ਤੋਂ ਵੀ (ਜ਼ਿਆਦਾ) (ਅਖੰਡ) ਅਟੁੱਟ (ਮੰਡ) ਸਜ ਰਹੀ ਹੈ, (ਘਮੰਡ) ਜੰਗ ਕਰ ਕੇ ਨੀਚ ਵੈਰੀ ਮਾਰ ਦਿੱਤੇ ਹਨ।

ਪਾਦ ਅਰਬਿੰਦ ਹਰਿਗੋਬਿੰਦ ਗੁਰੁ ਕੇ ਬੰਦ,
ਗਜਾਨ ਹਰਿ ਅਗਯਾਨ ਦੁੰਦ ਦੋਖ ਹੈਂ ਹਏ[1] ॥੧॥

[1]ਗਿਆਨ ਸਿੰਘ (ਕਹਿੰਦਾ ਹੈ ਉਸ) ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨ ਕੰਵਲਾਂ 'ਤੇ ਮੇਰੀ ਨਮਸ਼ਕਾਰ ਹੈ (ਜਿਨ੍ਹਾਂ ਨੇ ਮੇਰਾ) ਅਗਿਆਨ ਤੇ (ਦੁੰਦ) ਭਿਆਨਕ ਦੋਸ਼ ਨਾਸ਼ ਕੀਤੇ ਹਨ।

ਦੋਹਰਾ:

ਨਾਮ ਸੁਨਤ ਜਿਨ ਕਾ ਭਗੈਂ,
ਦੁਵਿਧਾ ਸੱਤ੍ਰ ਸਭੀਤ[1]।

[1]ਜਿਨ੍ਹਾਂ ਸਤਿਗੁਰਾਂ ਦਾ ਨਾਮ ਸੁਣ ਕੇ ਦੋ ਤਰ੍ਹਾਂ ਦੇ (ਅੰਦਰਲੇ ਤੇ ਬਾਹਰਲੇ) ਵੈਰੀ ਡਰ ਕੇ ਭਜ ਜਾਂਦੇ ਹਨ।

ਨਸ਼ਟ ਕਸ਼ਟ ਸ਼ਾਮਸ਼ਟ ਕ੍ਵੈ,
ਖਸ਼ਟ ਇਸ਼ਟ ਗੁਰੁ ਪ੍ਰੀਤਿ[1] ॥੨॥

[1](ਉਨ੍ਹਾਂ) ਛੇਵੇਂ (ਇਸ਼ਟ) ਪਿਆਰੇ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ) ਪ੍ਰੀਤੀ ਸਾਰੇ ਕਸ਼ਟਾਂ ਨੂੰ ਨਸ਼ਟ ਕਰ ਦੇਂਦੀ ਹੈ।

ਧਰਿ ਉਰਿ ਗੁਰੁ ਪਦ ਫੁਰ[1] ਕਥੋਂ,
ਫੁਰ[1] ਗੁਰੁ ਸਿੱਖਨ ਗਾਥ।
ਬਿਨੈ ਸਿੰਘਨ ਸੁਨਿ ਪ੍ਰਭੁ ਜਿਮ,
ਪਠਜੋ ਪਠਾਨਨ ਨਾਥ[1] ॥੩॥
ਨਾਦਰ ਨਾਦਰ[1] ਆਇ ਹੈ,
ਸਾਦਰ[1] ਸਿੰਘ ਲੁਟਾਇ।

[1]ਫੌਰਨ, ਛੇਤੀ।

[1]ਖ਼ੁਸ਼ ਹੋ ਕੇ।

[1]ਪਠਾਣਾਂ ਦਾ ਬਾਦਸ਼ਾਹ।

[1]ਅਨੋਖਾ ਨਾਦਰ ਸ਼ਾਹ।

[1]ਨਿੱਡਰ ਹੋ ਕੇ।

ਹਤੈਂ ਚੁਕਤਨ ਕੁਪਤਨ ਕੋ,
ਕਥਾ ਸੁਨੋ ਅਬਿ ਸਾਇ[1] ॥ ੪ ॥ — [1]ਉਹ।

ਚੌਪਈ:

ਜਬਿ ਤੈ ਮਨੀ ਸਿੰਘ ਤਨ ਤਜਾਗਾ।
ਦੁਖ ਬਡ ਲਘੁ ਨਾਜ਼ਮ ਕੋ ਲਾਗਾ[1]। — [1](ਲਘੁ) ਛੋਟੇ ਸੂਬੇ ਨੂੰ ਵੱਡਾ (ਦੁਖ) ਰੋਗ ਲੱਗ ਗਿਆ।
ਬਾਦ ਫਰੰਗ[1] ਐਸ ਤਿਹ ਭਯੋ। — [1]ਆਤਸ਼ਕ, ਇਕ ਸਪਰਸ਼ਰੋਗ।
ਗਰ ਕਰਿ ਲਿੰਗ ਤਾਂਹਿ ਝਰ ਗਯੋ ॥ ੫ ॥
ਡਰਿ ਡਰਿ ਉਠੈ ਗਿਰੈ ਧਰ ਮਾਂਹੀਂ।
ਨਿਸ ਦਿਨ ਚੈਨ ਪਰੈ ਕਿਤ ਨਾਂਹੀਂ।
ਹਾਇ ਹਾਇ ਸੋ ਅਧਿਕ ਪੁਕਾਰੈ।
ਕਹੈ ਸਿੰਘ ਮੁਝ ਕੋ ਬਹੁ ਮਾਰੈਂ ॥ ੬ ॥
ਕਰੈਂ ਹਕੀਮ ਮੁਲਾਨੇ ਲਾਜਾ[1]। — [1]ਇਲਾਜ।
ਨਹਿਂ ਕੁਛ ਸਰੈ ਕਿਸੀ ਤੇ ਕਾਜਾ।
ਦੁਖੀ ਹੋਇ ਯੋਂ ਖਾਨ ਸਮੁੰਦਾ।
ਦੁਇ ਕੁ ਮਾਸ ਮੈਂ ਮਰਯੋ ਗੰਦਾ ॥ ੭ ॥
ਖਾਨ ਬਹਾਦਰ ਮਰਜੋ ਨ ਪਾਪੀ।
ਚਹਿਤ ਰਹਿਤ ਜੋ ਸਿੰਘਨ ਖਾਪੀ[1]। — [1]ਖਪਾਉਣਾ, ਨਾਸ਼ ਕਰਨਾ।
ਸਿੰਘ ਭੀ ਤਿਸ ਸੋਂ ਕਰੈਂ ਨ ਖੈਰੈਂ[1]। — [1]ਭਲਿਆਈ, ਨੇਕੀ।
ਬਢਜੋ ਦੁਹੂੰ ਦਿਸ ਅਤਿਸੈ ਬੈਰੈਂ ॥ ੮ ॥
ਲੂਟ ਮੁਲਕ ਸਿੰਘ ਤਿਸ ਕਾ ਖਾਵੈਂ।
ਮਿਲੈ ਜੁ ਦੁਸ਼ਮਨ ਤਿਸ ਕੋ ਘਾਵੈਂ[1]। — [1]ਮਾਰਦੇ ਹਨ।
ਮਨੀ ਸਿੰਘ ਕੀ ਜਬੈ ਕਹਾਨੀ।
ਸੁਨੀ ਸਿੰਘਨ ਬਰਤੀ ਹੈਰਾਨੀ ॥ ੯ ॥
ਹੁਤੇ ਜਥੇ ਤਬਿ ਦੂਰੈਂ ਦੂਰੈਂ।
ਫਿਰਤੇ ਲੂਟ ਮਾਰਤੇ ਭੂਰੈਂ[1]। — [1]ਬਹੁਤੀ।
ਅਧਿਕ ਸਿੰਘ ਥੇ ਨੌਕਰ ਥਏ।
ਰਾਜਜੋਂ ਕੇ, ਕਿਛੁ ਘਰ ਮੈਂ ਬਹੇ ॥ ੧੦ ॥
ਮਨੀ ਸਿੰਘ ਪਰ ਜੁਲਮ ਜੁ ਥਯੋ।
ਸੁਨ ਕੈ ਕੋਪ ਸਿੰਘਨ ਮਨ ਭਯੋ।
ਇਤ ਉਤ ਤੈ ਸਿੰਘਨ ਕੇ ਜਥੇ।

ਧਸੇ ਪੰਜਾਬ ਆਇ ਪੁਨ ਤਥੇ[1] ॥੧੧॥
ਅੰਗ ਸਾਕ ਜੋ ਥੇ ਨੁਵਾਬ ਕੇ।
ਲੂਟੇ ਮਾਰੇ ਕਰਿ ਖਰਾਬ ਤੇ।
ਸੱਤ੍ਰੁਨ ਕੇ ਗਰਾਮ ਥੇ ਜੇਤੇ।
ਮਾਰਿ ਉਜਾਰ ਲੂਟ ਕਿਯ ਤੇਤੇ ॥੧੨॥
ਫਿਰ ਨੁਵਾਬ ਨੈ ਫੌਜ ਚਢਾਈ।
ਸਿੰਘਨ ਕੋ ਬਹੁ ਕਰੀ ਉਖਾਈ[1]।
ਮਾਰਿ ਨਿਕਾਰ ਦੇਸ ਤੈ ਦਏ।
ਬਿਥਰ[1] ਮਾਲਵੇ ਲੌ ਸਭਿ ਗਏ ॥੧੩॥
ਦੁਸ਼ਟ ਨੁਵਾਬ ਕੀਨ ਯੌਂ ਤਬਿ ਹੀ।
ਲੰਬਰਦਾਰ ਬੁਲਾਏ ਸਭਿ ਹੀ।
ਕਹਜੋ ਸਿੰਘ ਜੋ ਤੁਮ ਕਿਤ ਪਾਵੋ।
ਲਿਹੁ ਇਨਾਮ ਤਿਸ ਕੋ ਪਕਰਾਵੋ ॥੧੪॥
ਸਿੰਘ ਗਾਮ[1] ਜਿਸ ਮੈਂ ਰਹਿ ਜਾਵੈ।
ਲੰਬਰਦਾਰ ਨ ਜੇ ਪਕਰਾਵੈ।
ਛੀਨ ਤਾਹਿੰ ਕੀ ਲੰਬਰਦਾਰੀ।
ਦੈਹੋਂ ਤਿਸੈ ਜੁ ਦੈਹੈ ਸਾਰੀ[1] ॥੧੫॥
ਯਹੀ ਹੁਕਮ ਸਭਿ ਮੁਲਕ ਮਝਾਰੀ।
ਦੀਨੋ ਮੁਲਖੱਯਨ ਕੋ[1] ਭਾਰੀ।
ਸੁਨਿ ਬਹੁ ਲੋਗ ਦੁਸ਼ਟ ਭਏ ਸੁਖੀ।
ਹੁਤੇ ਸਿੰਘਨ ਪੈ ਪਹਲੇ ਦੁਖੀ ॥੧੬॥
ਹਿੰਦੂ ਤੁਰਕ ਪੰਜਾਬੀ ਸਭਿ ਹੀ।
ਦੁਸ਼ਟਨ, ਗਹੀ ਰੀਤਿ ਯਹਿ ਤਬਿ ਹੀ।
ਸਿੰਘਨ ਕੋ ਲਾਗੇ ਪਕਰਾਵਨ।
ਇੱਜ਼ਤ ਵਡ ਇਨਾਮ ਪੁਨ ਪਾਵਨ ॥੧੭॥
ਦੱਸ ਪਾਇ ਦਸ ਪਾਵੈ ਸੋਈ[1]।
ਬੀਸ ਪਾਇ ਪਕਰਾਵੈ ਜੋਈ।
ਪਾਇ ਪਚੀਸ ਸੀਸ ਜੋ ਲਜਾਵੈ।
ਕੋਊ ਜਗੀਰ ਖਿਲਤ[1] ਕੋ ਪਾਵੈ ॥੧੮॥
ਲੋਭ ਪਾਪ ਕਾ ਬਾਪ ਕਹਾਵੈ।

[1]ਤਦੋਂ।
[1]ਤੰਗੀ।
[1]ਖਿੰਡ ਗਏ।
[1]ਪਿੰਡ।
[1]ਖ਼ਬਰ।
[1]ਤੁਰਕੀ ਪਰਜਾ ਨੂੰ।
[1]ਜਿਹੜਾ (ਦੱਸ) ਖ਼ਬਰ ਦੇਵੇ ਉਹ ਦਸ ਰੁਪਏ ਪਾ ਲੈਂਦਾ ਹੈ।
[1]ਸ਼ਾਹੀ ਪੁਸ਼ਾਕ।

ਤਿਸ ਬਸ ਹ੍ਵੈ ਜਨ ਪਾਪ ਕਮਾਵੈਂ।
ਮਿਲੈ ਕੇਸ-ਵਾਰੋ ਜਗਿ ਜੋਈ।
ਚਾਹੋ ਸਿੱਖ ਹੋਇ ਕਿ ਨ ਹੋਈ ॥੧੯॥
ਨਿਰਦੈ ਲੋਗ ਤਾਂਹਿ ਪਕਰਾਵੈਂ।
ਯਾ ਕਟ ਕਰਿ ਤਿਹ ਸੀਸ ਪੁਚਾਵੈਂ।
ਲੈਂਹ ਇਨਾਮ ਰੁਪੱਯੇ ਮੁਹਰਾਂ।
ਸ਼ੰਕੈ ਨਾਹਿਂ ਪਾਪ ਤੇ ਜੁ ਹਿਰਾ[1] ॥੨੦॥ — [1]ਹਿਰਦਾ, ਦਿਲ।
ਬਲਿਕੈ[1] ਮੂੰਡ ਤ੍ਰੀਮਤਨ ਕੇਰੇ[2]। — [1]ਸਗੋਂ। [2]ਔਰਤਾਂ ਦੇ।
ਲੈ ਜੈਹੈਂ ਕਟਿ ਦੁਸ਼ਟ ਵਧੇਰੇ।
ਕੇਸਨ-ਵਾਰੋ ਸਿਰ ਦਿਖਰੈ ਕੈ।
ਖੈਂਹ ਇਨਾਮ ਖੈਰ-ਖ੍ਵਾਹ ਥੈ ਕੈ[1] ॥੨੧॥ — [1]ਭਲਾ ਚਾਹੁਣ ਵਾਲੇ ਹੋ ਕੇ।
ਨਾਹਿਂ ਸਮਝ ਹੈਂ ਦੁਸ਼ਟ ਕਨਿਸ਼ਟ[1]। — [1]ਨੀਚ, ਦੁਸ਼ਟ।
ਐਸੋ ਖਾਣਾ ਹੈ ਸਮ ਬਿਸ਼ਟ[1]। — [1]ਵਿਸ਼ਟਾ ਦੇ ਤੁੱਲ।
ਖਾਨ ਬਹਾਦਰ ਜ਼ਿੱਦੀ ਸੂਬਾ।
ਸਿਰ ਪਿਖਿ ਦੇਤ ਇਨਾਮ ਅਜੂਬਾ[1] ॥੨੨॥ — [1]ਅਸਚਰਜ।
ਦੁਸ਼ਟ ਜਾਨਨ ਯਹਿ ਪੇਸ਼ਾ ਪਕਰਾ।
ਲਗਯੋ ਅਨਰਥ ਹੋਨ ਅਤਿ ਤਕਰਾ।
ਗਿਰਫਤਾਰ ਹ੍ਵੈ ਕਰਿ ਸਿਖ ਜੋਈ।
ਜਾਵੈ ਢਿਗ ਨੁਵਾਬ ਜਬਿ ਕੋਈ ॥੨੩॥
ਅੱਵਲ ਤੁਰਕ ਚਹੈ ਵਹਿ ਕਰਨਾ।
ਜੌ ਨਹਿਂ ਬਨੈ ਚਹੈ ਨਿਜ ਮਰਨਾ।
ਤਿਨ ਕੋ ਫਾਂਸੀ ਚਰਕ[1] ਚਢਾਵੈਂ। — [1]ਚਰਖੜੀ 'ਤੇ।
ਬਾਂਧਿ ਤੋਪ ਸੋਂ ਕਿਸੈ ਉਡਾਵੈਂ ॥੨੪॥
ਕਿਨ ਕੇ ਹਾਥ ਮਾਥ ਪਗ ਕਾਟੈਂ।
ਤਸਮੇਂ ਕਿਸੀ ਕਿਸੀ ਕੇ ਛਾਂਟੈਂ[1]। — [1]ਕਿਸੇ ਕਿਸੇ ਦੇ ਤਸਮੇ (ਮਾਸ ਦੇ ਵੱਧਰ) (ਛਾਂਟੈਂ) ਖਿਚਦੇ ਹਨ।
ਕਿਨ ਕੋ ਹਾਥੀ ਤੈ ਤੁੜਵਾਵੈਂ।
ਥੋਥੇ[1] ਤੀਰਨ ਕਿਹ ਮਰਵਾਵੈਂ ॥੨੫॥ — [1]ਖ਼ਾਲੀ।
ਦੈ ਅਜ਼ਾਬ[1] ਬਹੁ ਬਿਧਿ ਕੇ ਮਾਰੈਂ। — [1]ਦੁੱਖ।
ਲੋਗ ਕਰੈਂ ਪਿਖਿ ਹਾਹਾਕਾਰੈਂ।

ਸਿੰਘ ਦੇਤ ਤਨ ਹਾਇ ਨ ਕਰਿ ਹੈਂ।
ਤੁਰਕ ਨ ਹੋਵਹਿਂ ਨਹਿਂ ਮਨਿ ਡਰ ਹੈਂ$ ॥੨੬॥
ਬਲਿਕੈ ਹ੍ਵੈ ਹੈਂ ਖੁਸ਼ੀ ਅਪਾਰੈਂ।
ਸਿਰ ਅਪਨੇ ਤੁਰਕਨ ਸਿਰਿ ਚਾਰ੍ਹੈਂ[1]।
[1]ਤੁਰਕਾਂ ਦੇ ਸਿਰ ਚਾੜ੍ਹਦੇ ਹਨ।
ਹੁਕਮ ਹਾਕਮੀ ਦੀਪ ਬਖਜਾਤੈਂ[1]।
[1]ਹਾਕਮਾਂ ਦਾ ਹੁਕਮ ਪ੍ਰਤੱਖ ਦੀਵਾ ਹੈ।
ਕਰੇ ਪਤੰਗ ਸਿੰਘਨ ਤਬਿ ਮਾਤੈਂ[1] ॥੨੭॥
[1]ਸਿੰਘਾਂ ਨੇ ਭਮੱਕੜਾਂ ਨੂੰ ਮਾਤ ਕਰ ਦਿੱਤਾ ਹੈ।
ਜਨਕ ਭੂਪ ਸਭਹਨਿ ਕਿਯ ਮਾਤੈਂ।
ਭਏ ਬਿਦੇਹੀ[1] ਸਭੈ ਬਖਜਾਤੈਂ।
[1]ਜਨਕ ਬਿਦੇਹੀ।
ਕਿਤ ਮਨਸੂਰ ਭਰਤ-ਜੜ[1] ਚੰਗੇ।
[1]ਇਕ ਮਹਾਤਮਾ ਰਿਖੀ।
ਦੀਪ ਸ਼ਹੀਦੀ ਕੇਰ ਪਤੰਗੇ ॥੨੮॥
ਗੁਰਬਾਨੀ ਪਢਿ ਹੱਸ ਹੱਸ ਦੈਹੀਂ।
ਸੀਸ ਸਿੰਘ, ਯਾਂ ਤੈ ਸੁਰ ਥੈਹੀਂ[1]।
[1]ਦੇਵਤੇ ਬਣ ਜਾਂਦੇ ਹਨ।
ਸੱਚ ਖੰਡ ਮੈਂ ਜਾਇ ਬਸੈਹੀਂ।
ਦੁਲਭ ਜੁਗੀਸਨ ਪਦ ਸੋ ਲੈਂਹੀ* ॥੨੯॥
*ਅੰਕ ੨੬ ਦੀ ਚੌਥੀ ਤੁਕ, ੨੮ ਤੇ ੨੯ ਅੰਕਾਂ ਦੀਆਂ ਅੱਠ ਤੁਕਾਂ ਦਾ ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ।

ਦੁਸ਼ਟ ਤੁਰਕ ਸਿਰ ਸਿੰਘਨ ਕੇਰੇ।
ਕੂਪਨ ਮੈਂ ਕਟਵਾ ਨਿਤ ਗੇਰੇਂ।
ਧੜ ਰਾਵੀ ਕੇ ਬੀਚ ਗਿਰਾਵੈਂ।
ਹੋਵਤ ਭੇਟਾ ਗੁਰੁ ਦਰਯਾਵੈਂ ॥੩੦॥
ਪਿਖਿ ਸਿਖ ਤਿਨ ਪ੍ਰਤਿ ਧੰਨ ਅਲੈ ਹੈਂ।
ਗੁਰੁ ਅਰਜਨ ਢਿਗ ਗਏ ਬਤੈ ਹੈਂ।
ਸਿੰਘ ਬਿਦੇਹੀ ਹ੍ਵੈ ਤਨ ਦੈਹੈਂ।
ਯਾਂ ਤੈ ਸੱਚਖੰਡ ਮੈਂ ਜੈਹੈਂ ॥੩੧॥
ਸਜਾਨੇ ਜਨ ਪਿਖਿ ਸਿੰਘਨ ਕਰਨੀ।
ਅਚਰਜ ਹੋਇ ਜੁਹਾਰੈਂ ਧਰਨੀ[1]।
[1]ਧਰਤੀ 'ਤੇ ਨਮਸ਼ਕਾਰ ਕਰਦੇ ਹਨ।
ਮਿਲਿ ਮਿਲਿ ਆਪਸ ਮੈਂ ਯੌਂ ਕੈਹੈਂ।
ਜੜ੍ਹ ਤੁਰਕਨ ਕੀਂ ਅਬਿ ਨਾ ਰੈਹੈਂ ॥੩੨॥
ਲੋਭੀ ਪਾਪੀ ਥੇ ਜਨ ਜੋਈ।
ਬਦੀ ਕਰੈਂ ਸਿੰਘਨ ਸੋਂ ਸੋਈ।
ਸੋਂ ਸੋਂ ਛਲ ਬਲ ਬਜੋਂਤ ਬਨੈ ਕੈ।

ਤੁਰਕਨ ਢਿਗ ਸਿੰਘੈਂ ਪਕਰੈ ਕੈ ॥ ੩੩ ॥
ਲੈਂਹ ਇਨਾਮ ਹਰਾਮ ਸੁ ਖੈਹੈਂ।
ਸੋ ਖਾਣਾ ਬਿਸਟਾ ਸਮ[1] ਤੈਹੈਂ[2]। [1]ਬਰਾਬਰ ਹੈ। [2]ਤਿਨ੍ਹਾਂ ਨੂੰ।
ਤੁਰਕੈਂ ਸੂਰ ਹਿੰਦੂਅਨ ਗਾਹੈਂ[1]। [1]ਗਾਂ।
ਉਭੈ ਭ੍ਰਿਸ਼ਟ ਤਬਿ ਭਏ ਮਹਾਂਹੈਂ ॥ ੩੪ ॥
ਲਾਣ-ਤਾਣ[1] ਤਿਨ ਕੋ ਬਹੁ ਲੋਗੂ। [1]ਲਾਹਨਤਾਂ, ਫਿਟਕਾਰਾਂ।
ਕਰੈਂ, ਰਰੈਂ[1] ਧ੍ਰਿਗ ਤੁਮਰਾ ਹੋਗੂ[2]। [1]ਕਹਿੰਦੇ ਹਨ। [2]ਹੋਣਾ।
ਮੁਖਬਰ[1] ਚੁਗਲ ਦੁਸ਼ਟ ਹੱਤਯਾਰੇ। [1]ਖ਼ਬਰ ਦੇਣ ਵਾਲੇ।
ਨਾਮ ਪਰਯੋ ਤਿਨ ਜਗਤ ਮਝਾਰੇ ॥ ੩੫ ॥
ਬਦ ਇਨਸਾਫੀ ਜੁਲਮ ਕਮਾਲੈਂ[1]। [1]ਬਹੁਤੇ।
ਤੁਰਕਨ ਕੇ ਪਿਖਿ ਲੋਗ ਬਿਸਾਲੈਂ।
ਨਿਸ ਦਿਨ ਦੇਤ ਗਾਲੀਯਾਂ ਰਹੈਂ।
ਨਾਸ ਹੋਇ ਤੁਰਕਨ ਕਾ ਕਹੈਂ ॥ ੩੬ ॥
ਸਿੰਘਨ ਪਰ ਬੀਤੈ ਅਤਿ ਕਹਿਰੈਂ।
ਛਪਨੇ ਨਾਹਿਂ ਮਿਲੈਂ ਕਿਤ ਡਹਿਰੈਂ[1]। [1]ਜੰਗਲਾਂ ਵਿੱਚ।
ਸ਼ਹਿਰ ਲਹੌਰ ਪਰਯੋ ਅਤਿ ਕਹਿਰੈਂ[1]। [1]ਡਰ, ਕਾਂਬਾ।
ਆਠ ਪਹਿਰ ਰਹਿ ਬਰਤਤ ਜ਼ਹਿਰੈਂ[1] ॥ ੩੭ ॥ [1]ਜ਼ੁਲਮ ਰੂਪ ਜ਼ਹਿਰ।
ਸਿੱਖਨ ਕੇ ਜ਼ਨ ਬੱਚੇ ਲਯਾਮੈਂ[1]। [1]ਇਸਤ੍ਰੀਆਂ ਤੇ ਬੱਚੇ ਲਿਆਉਂਦੇ ਹਨ।
ਕਤਲ ਕਰਾ ਲਹਿਂ ਲੋਗ ਇਨਾਮੈਂ।
ਬਲਿਕੈ ਕੇਸਨ-ਵਾਰੋ ਜੋਊ।
ਦੁਸ਼ਟੈਂ ਮਿਲੈ ਕਿਤੈ ਜੋ ਕੋਊ ॥ ੩੮ ॥
ਸਿਰ ਤਿਸ ਕਾ ਕਟਿ ਲੌਪੁਰਿ[1] ਦੈਹੈਂ। [1]ਲਾਹੌਰ ਵਿੱਚ।
ਪਾਪੀ ਪਾਪ ਇਨਾਮ ਲਭੈ ਹੈਂ[1]। [1]ਪ੍ਰਾਪਤ ਕਰਦੇ ਹਨ।
ਤਿਨ ਤੈ ਡਰਤੇ ਬਹੁ ਜਨ ਤਬੈ।
ਸਿਰ ਮੁੰਡਵਾਨੇ ਲਾਗੈ ਸਭੈ ॥ ੩੯ ॥
ਲੜਕਾ ਲੜਕੀ ਔਰਤ ਜੋਈ।
ਮਿਲੈ ਜੁ ਕਹੀਂ ਤਾਹਿਂ ਕਟਿ ਸੋਈ[1]। [1]ਤਿਨ੍ਹਾਂ ਦੇ (ਸਿਰ) ਕਟ ਕੇ (ਸੋਈ) ਉਨ੍ਹਾਂ (ਸਿਰਾਂ) ਨੂੰ।
ਸਿੱਖਨ ਕੇ ਬੇਟੇ ਕਹਿ ਥਾਪੀ[1]। [1]ਸਿੱਖਾਂ ਦੇ ਪੁੱਤਰ (ਥਾਪੀ) ਬਣਾ ਕੇ ਦੱਸਦੇ ਹਨ।
ਪਾਵੈਂ ਯੌਂ ਇਨਾਮ ਬਹੁ ਪਾਪੀ ॥ ੪੦ ॥
ਅੰਧ ਧੁੰਧ ਜਬਿ ਐਸੇ ਮਾਚੀ।

ਪਰਜੋ ਰੌਰ ਸਭਿ ਠੌਰੈਂ ਸਾਚੀ।
ਹਾਹਾਕਾਰ ਮਚਜੋ ਜਗਿ ਭਾਰੀ।
ਕਾਂਪ ਉਠੀ ਧਰ[1] ਹੋਇ ਦੁਖਜਾਰੀ ॥੪੧॥
ਹੋਵਨ ਲਗੇ ਰੋਜ ਭੁਚਾਲਾ।
ਧਰ ਪਰ ਪਾਪੀ ਬਢੇ ਕਰਾਲਾ[1]।
ਅਤੀ ਬਿਪਤਿ ਜਬਿ ਸਿੱਖੈਂ ਪਰੀ।
ਹਰਿ ਗੁਰੁ ਆਗੇ ਬਿਨਤੀ ਕਰੀ ॥੪੨॥

[1]ਧਰਤੀ।

[1]ਭਿਆਨਕ ਪਾਪੀ ਵਧ ਗਏ।

ਸ੍ਵੈਯਾ:

ਦਾਸਨ ਆਸਨ ਪੂਰਨਹਾਰ,
ਨਿਰਾਸ ਨ ਦ੍ਵਾਰ ਤੈ ਕੋਇ ਜਵੰਦੂ[1]।

[1](ਹੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ !) ਆਪ ਦਾਸਾਂ ਦੀਆਂ ਆਸਾਂ ਪੂਰੀਆਂ ਕਰਨ ਵਾਲੇ ਹੋ, ਤੁਹਾਡੇ ਦੁਆਰੇ ਤੋਂ ਕੋਈ ਨਿਰਾਸ਼ਾ ਨਹੀਂ ਜਾਂਦਾ।

ਸਿੱਖ ਅਸਿੱਖ ਸਦਾ ਸਮ ਪਿੱਖਿ,
ਤਰਾ ਵਰ ਲਿੱਖਤ ਬੇਦ ਅਨਿੰਦੂ[1]।

[1]ਸਿੱਖ ਤੇ ਗ਼ੈਰ ਸਿੱਖ ਨੂੰ ਸਦਾ ਇੱਕੋ ਜਿਹਾ ਦੇਖਦੇ ਹੋ ਆਪ ਦੀ (ਤਰਾ) ਇਸ ਤਰ੍ਹਾਂ ਵੇਦ (ਵਰ) ਸ੍ਰੇਸ਼ਟ (ਅਨਿੰਦੂ) ਉਸਤਤ ਲਿਖਦਾ ਹੈ।

ਪਾਲਕ ਬਾਲਕ ਜਜੋਂ ਸ਼ਰਨਾਗਤ,
ਘਾਲਕ ਗਾਲਕ ਬੈਰਿਨ ਬਿੰਦੂ[1]।

[1]ਸ਼ਰਨ ਆਇਆਂ ਦੀ (ਬਾਲਕ) ਪੁੱਤਰਾਂ ਵਾਂਗ ਪਾਲਣਾ ਕਰਦੇ ਹੋ, ਵੈਰੀਆਂ ਨੂੰ (ਘਾਲਕ) ਮਾਰ ਕੇ ਗਾਲਣ ਵਾਲੇ (ਬਿੰਦੂ) ਜਾਣੀ ਦੇ ਹੋ।

ਲਾਜ ਰਖੋ ਗੁਰੁ ਆਜੁ ਸੁ ਪੰਥਹਿ,
ਕਾਰਜ ਸਾਜ ਗੁਬਿੰਦ ਮ੍ਰਿਗਿੰਦੂ[1] ॥੪੩॥

[1]ਹੇ ਗੁਰੂ ਗੋਬਿੰਦ ਸਿੰਘ ਜੀ ! ਅੱਜ ਪੰਥ ਦੀ ਲਾਜਰੱਖ ਕੇ ਕੰਮ ਪੂਰਾ ਕਰੋ।

ਤੇਗ ਬਹਾਦਰ ਨੰਦਨ ਨਾਦਰ,
ਸਾਦਿਰ ਚਾਦਰ ਹਿੰਦੁ ਰਖਿੰਦੂ[1]।

[1]ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ (ਨਾਦਰ) ਅਨੋਖੇ ਸਪੁੱਤਰ (ਸਾਦਿਰ) ਨਿੱਡਰ ਹੋ ਕੇ ਹਿੰਦੂਆਂ ਦੀ (ਚਾਦਰ) ਇੱਜ਼ਤਰੱਖਣ ਵਾਲੇ ਹੋ।

ਪਾਪਨ ਭਾਰ ਅਪਾਰ ਪਹਾਰ,
ਬਿਦਾਰਕ ਤੋ ਅਵਤਾਰ ਭਵਿੰਦੂ[1]।

[1]ਭਾਰੀ ਪਹਾੜਾਂ ਵਰਗਾ ਪਾਪਾਂ ਦਾ ਭਾਰ ਨਾਸ ਕਰਨ ਨੂੰ ਤੁਸਾਂ ਦਾ ਅਵਤਾਰ (ਭਵਿੰਦੂ) ਹੋਇਆ ਹੈ।

ਨੀਚ ਮਲੇਛ ਅਨੀਤ ਕਰੈਂ,
ਬਿਪਰੀਤ ਸਹੀਤ ਹਤਜੋ ਚਹਿੰ ਹਿੰਦੂ[1]।

[1]ਨੀਚ ਤੁਰਕ (ਅਨੀਤ) ਬੇਇਨਸਾਫ਼ੀ ਕਰਦੇ ਹਨ, ਉਲਟੀਰੀਤੀ (ਸਹੀਤ) ਨਾਲ ਹਿੰਦੂਆਂ ਨੂੰ ਖ਼ਤਮ ਕਰਨਾ

ਚਾਹੁੰਦੇ ਹਨ।

ਆਨਿ ਬਨੀ ਕਠਨਾਈ ਸਭੈ,
ਅਬਿ ਰਾਖਹੁ ਲਾਜ ਗੁਵਿੰਦ ਮ੍ਰਿਗਿੰਦੂ[1] ॥੪੪॥

[1]ਹੇ ਗੁਰੂ ਗੋਬਿੰਦ ਸਿੰਘ ਜੀ! ਸਾਰੀਆਂ ਔਖਿਆਈਆਂ ਆ ਬਣੀਆਂ ਹਨ, ਹੁਣ (ਪੰਥ ਦੀ) ਲਾਜ ਰੱਖੋ।

ਪੰਥਨ ਕੇ ਸਿਰਿ ਪੰਥ ਸੁਪੰਥ
ਰਚਯੋ ਜਿਮ, ਰੱਦ ਕੁਪੰਥ ਕਹਿੰਦੂ[1]।

[1]ਜਿਵੇਂ ਖੋਟੇ ਪੰਥਾਂ ਨੂੰ ਰੱਦ ਕੇ ਪੰਥਾਂ 'ਚੋਂ ਸ਼੍ਰੋਮਣੀ ਪੰਥ (ਸੁਪੰਥ) ਖ਼ਾਲਸਾ ਪੰਥਰਚਿਆ (ਕਹਿੰਦੂ) ਕਹੀਦਾ ਹੈ।

ਦੈ ਨਿਜ ਸੰਥ ਸੁਪੰਥਹਿਂ ਕੀ,
ਜਢ ਚੇਤਨ ਗ੍ਰੰਥਿ ਭਿਦੀ ਸੁਖ ਸਿੰਧੁ[1]।

[1]ਹੇ ਸੁਖਾਂ ਦੇ ਸਮੁੰਦਰ (ਸਤਿਗੁਰੂ ਜੀ!) ਤੁਸਾਂ ਨੇ ਚੰਗੇ ਮਾਰਗ ਦੀ (ਸੰਥਾ) ਸਿੱਖਿਆ ਦੇ ਕੇ ਜੜ੍ਹ ਚੇਤਨ ਦੀ ਗੰਢ (ਭਿਦੀ) ਨਾਸ਼ ਕਰ ਦਿੱਤੀ।

ਹਾਨ ਅੱਗਜਾਨ ਕਰਜੋ ਭਵ-ਦਾਨਕ,
ਗਜਾਨ ਦਯੋ ਬ੍ਰਹਮਾਤਮ ਚਿੰਦੂ[1]।

[1]ਹੇ (ਭਵ) ਕਲਿਆਣ ਦੇ (ਦਾਨਕ) ਦਾਤੇ (ਸਤਿਗੁਰੂ ਜੀ! ਤੁਸਾਂ ਨੇ ਸਾਨੂੰ) ਅਗਿਆਨ ਨਾਸ਼ ਕਰਕੇ, ਬ੍ਰਹਮ ਆਤਮਾ ਦੇ ਜਾਨਣ ਵਾਲਾ ਗਿਆਨ ਦਿੱਤਾ ਹੈ।

ਤਜੋਂ ਨਿਜ ਪੰਥ ਪਛਾਨ, ਰਖੋ
ਹਮਰੀ ਅਬਿ ਲਾਜ, ਗੁਬਿੰਦ ਮ੍ਰਿਗਿੰਦੂ[1] ॥੪੫॥

[1]ਹੇ ਗੁਰੂ ਗੋਬਿੰਦ ਸਿੰਘ ਜੀ! ਤਿਵੇਂ ਹੁਣ (ਸਾਨੂੰ) ਆਪਣਾ ਪੰਥ ਪਛਾਣ ਕੇ (ਸਾਡੀ) ਲਾਜ ਰੱਖੋ।

ਸੀਸ ਜਿਗਾ ਕਲਗੀ ਛਬਿ ਦੇਤ,
ਜਟੀ ਰਤਨੈਂ ਸਮ ਸੋਹਿ ਨਿਸੰਦੂ[1]।

[1]ਆਪ ਦੇ ਸਿਰ ਉਪਰ ਜਿਗ੍ਹਾ ਤੇ ਕਲਗੀਰਤਨਾਂ ਨਾਲ ਜੜੀ ਹੋਈ (ਛਬਿ ਦੇਤ) ਚਮਕ ਰਹੀ ਹੈ ਤੇ (ਨਿਸਿੰਦੂ) ਚੰਦ੍ਰਮਾਂ ਵਾਂਗ ਸੋਭ ਰਹੀ ਹੈ।

ਮਾਲ ਬਿਸਾਲ ਗਰੇ ਗਜ ਮੋਤਿਨ,
ਜੋਤਿ ਨ ਥੋਰਿ ਨਖੱਤ ਅਨਿੰਦੂ[1]।

[1]ਗਲ ਵਿੱਚ ਹਾਥੀ ਦੇ ਮੋਤੀਆਂ ਦੀ (ਬਿਸਾਲ) ਲੰਬੀ ਮਾਲਾ ਹੈ ਜਿਨ੍ਹਾਂ ਮੋਤੀਆਂ ਦੀ (ਜੋਤਿ) ਚਮਕ (ਅਨਿੰਦੂ) ਸ਼ਲਾਘਾ ਯੋਗ (ਨਖੱਤ) ਤਾਰਿਆਂ ਤੋਂ ਘੱਟ ਨਹੀਂ।

ਤੇਜ ਪ੍ਰਤਾਪ ਅਮਾਪ ਦਿਪੈ
ਨਿਸ-ਪਾਪ, ਉਥਾਪ ਬਿਥਾਪ ਕਰਿੰਦੂ[1]।

[1](ਆਪ ਦਾ) (ਅਮਾਪ) ਮਿਣਤੀ ਤੋਂ ਰਹਿਤ ਤੇ (ਨਿਸ-ਪਾਪ) ਦੋਸ਼ਾਂ ਤੋਂ ਰਹਿਤ ਤੇਜ ਪ੍ਰਤਾਪ ਚਮਕ ਰਿਹਾ ਹੈ, (ਆਪ ਸੰਸਾਰ ਨੂੰ) (ਬਿਥਾਪ) ਰਚ ਕੇ ਫੇਰ (ਉਥਾਪ) ਨਾਸ਼ ਕਰ ਦੇਂਦੇ ਹੋ।

ਔਰ ਨ ਆਸ ਨਿਰਾਸ ਅਬੈ ਹਮ,
ਪੂਰਹੁ ਆਸ ਗੁਬਿੰਦ ਮ੍ਰਿਗਿੰਦੂ[1] ॥੪੬॥

[1]ਹੋਰ (ਕਿਸੇ ਦੀ) ਆਸ ਨਹੀਂ (ਰਹੀ) ਅਸੀਂ (ਸਭ ਪਾਸਿਆਂ ਤੋਂ) ਨਿਰਾਸ਼ ਹਾਂ। ਹੇ ਗੁਰੂ ਗੋਬਿੰਦ ਸਿੰਘ ਜੀ ! ਸਾਡੀ ਆਸ ਪੂਰੀ ਕਰੋ।

ਕਾਨਨ ਕੁੰਡਲ ਲੋਲ ਕਪੋਲਨ

ਡੋਲਨ, ਜਗੋਂ ਰਵਿ ਦ੍ਵੈ ਪਰ ਇੰਦੁ[1]।

[1]ਕੰਨਾਂ ਵਿਚਲੇ ਦੋ ਕੁੰਡਲ ਗੱਲ੍ਹਾਂ ਉੱਤੇ ਚੰਚਲ ਹੋ ਕੇ ਐਉਂ (ਡੋਲਨ) ਹਿਲਦੇ ਹਨ ਜਿਵੇਂ ਚੰਦ੍ਰਮਾਂ ਉੱਪਰ ਦੋ ਸੂਰਜ (ਹਿਲਦੇ ਹਨ)।

ਕੰਠ ਜਰਾਵ ਜਰਜੋ ਕਠਲਾ,
ਕਰ ਕੰਕਨ ਕਯੂਰ ਸੁਹਾਵ ਬੁਲਿੰਦੁ[1]।

[1]ਗਲ੍ਹ ਵਿੱਚ ਜੜਾਊ ਜੜਿਆ (ਕਠਲਾ) ਕੰਠਾ, ਹੱਥਾਂ ਵਿੱਚ ਕੜੇ ਤੇ ਬਾਹਾਂ ਵਿੱਚ (ਕਯੂਰ) ਬਾਜ਼ੂਬੰਦ ਬਹੁਤੇ ਸ਼ੋਭ ਰਹੇ ਹਨ।

ਤਜੋਂ ਛਬਿ ਛਾਪ ਛਲਾਯਨ ਭਾਯਨ,
ਰੂਪ ਸੁਹਾਯਨ ਜਾਇ ਹਤਿੰਦੁ[1]।

[1]ਤਿਵੇਂ ਹੀ ਛਾਪਾਂ ਤੇ ਛੱਲਿਆਂ ਦੀ ਸ਼ੋਭਾ ਚੰਗੀ ਲਗਦੀ ਹੈ, (ਸੁਹਾਯਨ) ਸ਼ੋਭਨੀਕ ਰੂਪ (ਇੰਦੁ) ਚੰਦ੍ਰਮਾਂ ਨੂੰ (ਹਤ) ਨਾਸ਼ ਕਰਦਾ ਭਾਵ ਮਾਤ ਪਾਉਂਦਾ ਜਾਂਦਾ ਹੈ।

ਮੰਦ ਅਮੰਦ, ਤੁਮਾਰਿ ਹਮੈਂ
ਕਹਿਲਾਵਤ, ਰੱਖ ਗੁਬਿੰਦ ਮ੍ਰਿਗਿੰਦੁ[1] ॥੪੭॥

[1]ਹੇ ਗੁਰੂ ਗੋਬਿੰਦ ਸਿੰਘ ਜੀ ! ਅਸੀਂ ਮਾੜੇ (ਅਮੰਦ) ਚੰਗੇ ਤੁਹਾਡੇ ਹੀ ਅਖਵਾਉਂਦੇ ਹਾਂ (ਇਸ ਲਈ ਸਾਡੀ ਲਾਜ) ਰੱਖ ਲਉ।

ਲੈ ਕਰ ਬਾਜ ਬਿਰਾਜ ਸੁ ਬਾਜ,
ਬਜਾ ਕਰਿ ਬਾਜ ਸੁ ਬਾਜਨ ਇੰਦੁ[1]।

[1]ਹੱਥ ਉੱਪਰ ਬਾਜ਼ ਲੈ ਕੇ, (ਬਾਜ) ਘੋੜੇ 'ਤੇ ਚੜ੍ਹ ਕੇ ਤੇ (ਬਾਜ) ਵਾਜੇ (ਧੌਂਸੇ) ਵਜਾ ਕੇ, ਹੇ ਬਾਜਾਂ ਦੇ ਮਾਲਕ! (ਬਾਜਾਂ ਵਾਲੇ ਸਤਿਗੁਰੂ !)।

ਜੈਸ ਸ਼ਿਕਾਰ ਮ੍ਰਿਗਾਨ ਕਰੇਂ,
ਤੁਰਕਾਨ ਹਰੇਂ ਕਿ ਨ ਆਜ ਨਰਿੰਦੁ[1]।

[1]ਜਿਸ ਤਰ੍ਹਾਂ ਹਰਨਾਂ ਦਾ ਸ਼ਿਕਾਰ ਕਰਦੇ ਸੌ ਹੇ (ਨਰਿੰਦੁ) ਰਾਜਾ ਰੂਪ ਸਤਿਗੁਰੂ ! ਅੱਜ ਤੁਰਕਾਂ ਨੂੰ ਕਿਉਂ ਨਹੀਂ ਮਾਰਦੇ ?

ਰੁਸਤਮ ਬਾਲਾ ਰਖੇ ਮਰ੍ਹਟੇ ਜਿਮ,
ਸ਼ਾਹਿ ਬਹਾਦਰ ਕੀਨ ਤੁਕਿੰਦੁ[1]।

[1]ਜਿਵੇਂ ਰੁਸਤਮ ਤੇ ਬਾਲਾ ਮਰਹੱਟਿਆਂ ਦੀ ਰੱਖਿਆ ਕੀਤੀ ਅਤੇ ਬਹਾਦਰ ਸ਼ਾਹ ਨੂੰ ਤੁਰਕਾਂ ਦਾ ਬਾਦਸ਼ਾਹ ਬਣਾਇਆ।

ਮਾਹਿਂ ਢੁੰਢਾਰਾ ਸੁਨਾਰਾ ਉਬਾਰਾ,
ਤਿਉਂ ਬਾਰਾ ਹਮਾਰਾ ਗੁਬਿੰਦ ਮ੍ਰਿਗਿੰਦੁ[1] ॥੪੮॥

[1]ਜਿਵੇਂ ਢੁੰਡਾਰ ਦੇ ਇਲਾਕੇ ਦੇ ਸੁਨਾਰੇ ਨੂੰ ਬਚਾਇਆ ਸੀ ਤਿਵੇਂ ਹੇ ਗੁਰੂ ਗੋਬਿੰਦ ਸਿੰਘ ਜੀ! (ਹੁਣ) ਸਾਡੇ (ਬਚਾਉਣ ਦਾ) (ਬਾਰਾ) ਸਮਾਂ ਹੈ। (ਢੁੰਡਾਰਾ-ਜੈ ਪੁਰ ਦੇ ਆਸ ਪਾਸ ਦਾ ਇਲਾਕਾ)।

ਛਾਨ ਛਿਵਾਇ ਜਿਵਾਇ ਗਊ,
ਸਿਹਜਾ ਨਿਕਸਾਇ ਫਿਰਾਇ ਘਰਿੰਦੁ[1]।

[1](ਜਿਵੇਂ ਨਾਮਦੇਵ ਨੂੰ) ਛੱਪਰੀ ਬੰਨ੍ਹਵਾ ਕੇ, ਗਊ ਜਿਵਾ ਕੇ ਤੇ ਸੇਜ (ਦਰਿਆ 'ਚੋਂ) ਕਢਵਾ ਕੇ ਫੇਰ ਲਿਆ ਕੇ (ਉਸ ਨੂੰ) ਘਰ ਦਾ ਮਾਲਕ ਬਣਾਇਆ।

ਨਾਮਾ ਸੁਦਾਮਾ ਮੁਦਾਮਾ ਰਖੇ ਜਿਮ,

ਹੈ ਜਸ ਦਾਮਾ ਧਰਾਇ ਅਨਿੰਦੂ[1]।

[1]ਜਿਵੇਂ ਨਾਮਦੇਵ ਤੇ ਸੁਦਾਮੇ ਦੀ (ਮੁਦਾਮਾ) ਹਮੇਸ਼ਾਂਰੱਖਿਆ ਕੀਤੀ ਅਤੇ (ਦਾਮਾ) ਹਮੇਸ਼ਾਂ ਲਈ ਆਪਣਾ (ਅਨਿੰਦੂ) ਉਸਤਤ ਯੋਗ ਜਸਰਖਾਇਆ ਹੈ।

ਲਾਜ ਕਬੀਰ ਰਖੀ ਬਨਿ ਨਾਯਕ,
ਦਾਇਕ ਭੋਜਨ ਬਿੱਪਨ ਚਿੰਦੂ[1]।

[1](ਜਿਵੇਂ) (ਨਾਯਕ) ਸੇਠ ਬਣ ਕੇ ਬ੍ਰਾਹਮਣਾਂ ਨੂੰ ਮਨ-ਇੱਛਤ ਭੋਜਨ ਦੇ ਕੇ ਕਬੀਰ ਦੀ ਲਾਜਰੱਖੀ।

ਮੋਚਨ ਕੀਨ ਤਿਲੋਚਨ ਕੋ ਦੁਖ,
ਤਿਉਂ ਕਟਿ ਸੋਚ ਗੁਬਿੰਦ ਮ੍ਰਿਗਿੰਦੂ[1] ॥੪੯॥

[1](ਜਿਵੇਂ) ਤ੍ਰਿਲੋਚਨ ਭਗਤ ਦੇ ਦੁਖ ਨੂੰ (ਮੋਚਨ ਕੀਨ) ਕੱਟਿਆ ਤਿਵੇਂ ਹੇ ਗੁਰੂ ਗੋਬਿੰਦ ਸਿੰਘ ਜੀ! ਸਾਡੀ ਚਿੰਤਾ ਨੂੰ ਕੱਟੋ।

ਜਯੋਂ ਅਮਰੀਕ ਰਖਯੋ ਪਠਿ ਚੱਕਰ,
ਬੱਕਰ ਨੱਕਰ ਕੀ ਕਟਿ ਤਿੰਦੂ[1]।

[1]ਜਿਵੇਂ ਸੁਦਰਸ਼ਨ ਚੱਕ੍ਰ ਭੇਜ ਕੇ ਅਮਰੀਕ ਭਗਤ ਦੀ ਅਤੇ (ਨੱਕਰ) ਤੰਦੂਏ ਦੀਆਂ (ਬੱਕਰ) ਟੇਢੀਆਂ (ਤਿੰਦੂ) ਤਾਰਾਂ ਕੱਟ ਕੇ।

ਬੂਡਤ ਆਪ ਗਜਿੰਦ ਰਖਯੋ,
ਪ੍ਰਹਿਲਾਦ ਹਿਤੈ ਨਰ ਭੇ ਮਿਰਗਿੰਦੂ[1]।

[1]ਡੁੱਬਦੇ ਹੋਏ ਹਾਥੀ ਨੂੰ ਆਪਰਖਿਆ ਅਤੇ ਪ੍ਰਹਿਲਾਦ ਵਾਸਤੇ ਨਰ (ਮ੍ਰਿਗਿੰਦੂ) ਸਿੰਘ ਰੂਪ ਹੋਏ।

ਬਾਨਿ ਤੁਮਾਰਿ ਦਯਾਰ ਹੁਤੀ,
ਅਬਿ ਕਾਹਿੰ ਬਿਸਾਰ ਬਹੇ ਜਗਿ-ਜਿੰਦੂ[1]।

[1]ਤੁਹਾਡੀ ਆਦਤ ਦਇਆ ਕਰਨ ਵਾਲੀ ਸੀ, ਹੇ ਜਗ ਦੀ ਜਿੰਦ ਰੂਪ (ਉਹ ਆਪਣੀ ਆਦਤ) ਭੁਲਾ ਕੇ ਕਿੱਥੇ ਬੈਠ ਰਹੇ ਹੋ।

ਬੂਡਤ ਆਜ ਜਹਾਜ ਸੁ ਪੰਥਹਿ,
ਲਾਜ ਰਖੈਹੁ ਗੁਬਿੰਦ ਮ੍ਰਿਗਿੰਦੂ[1] ॥੫੦॥

[1]ਅੱਜ ਖ਼ਾਲਸਾ ਪੰਥ ਦਾ ਜਹਾਜ਼ ਡੁੱਬ ਰਿਹਾ ਹੈ, ਹੇ ਗੁਰੂ ਗੋਬਿੰਦ ਸਿੰਘ ਜੀ! ਲੱਜਿਆ ਰੱਖੋ।

ਦੋਹਰਾ:
ਦੁਖੀ ਹੋਇ ਸਭਿ ਸਿੰਘਨ ਤਬਿ,
ਯੌਂ ਬਿਨਤੀ ਜਬਿ ਕੀਨ।
ਗੁਰੂ ਦਿਦਾਰ ਨੁਵਾਬ ਕੋ,
ਦਯੇ ਤਬੈ ਮੁਦ ਭੀਨ[1] ॥੫੧॥

[1]ਕਪੂਰ ਸਿੰਘ ਨੂੰ ਅਨੰਦ 'ਚ ਭਿੱਜ ਕੇ ਗੁਰਾਂ ਨੇ ਦਰਸ਼ਨ ਦਿੱਤੇ।

ਕਹਯੋ ਕਸੌਟੀ ਕਸਤ[1] ਪ੍ਰਭੁ,
ਰਖੋ ਸਿਦਕ ਤੁਮ ਹੋਰ।

[1]ਪਰਖਦੇ ਹਨ।

ਨਾਦਰ ਹਾਦਰ ਆਇ ਅਬਿ[1],
ਜਾਇ ਮੁਗਲ ਬਲ ਤੋਰਿ[1] ॥੫੨॥

[1]ਨਾਦਰ ਹੁਣ (ਹਾਦਰ) ਛੇਤੀ ਆਵੇਗਾ।

[1]ਤੋੜ ਕੇ।

ਪ੍ਰੇਰਯੋ ਨਾਦਰ ਸ਼ਾਹਿ ਤਬਿ,

ਫੇਰਜੋ ਇਤ ਮੁਖ ਤਾਂਹਿ।
ਜੀਤ ਹਿਰਾਤ[1], ਕੰਧਾਰ ਕੋ, — [1]ਸ਼ਹਿਰ।
ਅਯੋ ਸਿੰਧ[1] ਹਿੰਦ ਮਾਹਿਂ ॥੫੩॥ — [1]ਅਟਕ ਦਰਿਆ (ਲੰਘ ਕੇ)।

ਤੋਟਕ ਛੰਦ:

ਵਹਿ ਸ਼ਾਹਿ[1] ਇਰਾਨ ਵਲਾਇਤ ਸੈਂ। — [1]ਉਹ ਨਾਦਰ ਸ਼ਾਹ।
ਚਢਿ ਆਵਤ ਭਯੋ ਇਕਾਇਤ ਸੈਂ[1]। — [1]ਇਤਫ਼ਾਕ ਨਾਲ ਭਾਵ ਅਚਣਚੇਤ।
ਵਡ ਬੀਰ ਬਹਾਦਰ ਥਾ ਸੁ ਬਲੀ।
ਦੁਇ ਲਾਖ ਕਟੀਲੀ[1] ਫੌਜ ਭਲੀ ॥੫੪॥ — [1]ਲੜਾਕੀ।
ਨਿਜ ਸੰਗ ਲਈ ਅਸਵਾਰਨ ਕੀ।
ਮਨਸਾ ਕਰਿ ਦਿੱਲੀ ਮਾਰਨ ਕੀ।
ਚਲ ਕੈ ਜਬਿ ਸਿੰਧ ਅਬੂਰ ਕਯੋ[1]। — [1]ਅਟਕ ਦਰਿਆ ਪਾਰ ਕੀਤਾ।
ਹਲਚਾਲ ਸੁ ਦੇਸਨ ਭੂਰ ਪਯੋ ॥੫੫॥
ਪਿਖਿ ਜੋਰ ਜੁਲੱਮ ਦੁਰਾਨਿਨ ਕੇ।
ਨਿਜ ਹੇਤ ਬਚਾਵਨ ਜਾਂਨਨ ਕੇ।
ਤਜਿ ਧਾਮ ਗਰਾਂਮਨ ਲੋਗ ਸਭੈ।
ਭਜ ਗਏ ਇਤੈ ਉਤ ਕਿਤੈ ਤਬੈ ॥੫੬॥
ਕਰੀ ਗਾਰਤ ਮਾਰਤ ਜਾਰਤ ਸੋ[1]। — [1]ਉਹ ਮਾਰ ਕੇ, ਸਾੜ ਕੇ (ਗਾਰਤ) ਨਸ਼ਟ ਕਰ ਦਿੱਤੇ ਹਨ।
ਬਹੁ ਦੇਸ ਬਿਸੇਸ ਉਜਾਰਤ ਸੋ।
ਬਡ ਦੇਤ ਅਜਾਬ[1] ਪੰਜਾਬ ਤਈਂ। — [1]ਦੁੱਖ, ਕਸ਼ਟ।
ਗਹਿ ਨਾਜ਼ਮ[1] ਲਿਯ ਮੁਲਤਾਨ ਅਈ[2] ॥੫੭॥ — [1]ਸੂਬੇ ਨੂੰ। [2]ਆ ਕੇ।
ਸਭਿ ਦੇਸ ਹਿਰਾਨ ਬਿਰਾਨ ਕਯੋ।
ਕਿਸ ਦੀਨ ਇਮਾਨ ਨਰਹਿਨ ਦਯੋ।
ਜਿਨ ਕੋ ਗਿਲਜੇ ਸਭਿ ਲੋਕ ਕਹੈਂ।
ਸਮਰਾਖਸ਼ ਕੇ ਜਿਨ ਡੀਲ[1] ਅਹੈਂ ॥੫੮॥ — [1]ਕੱਦ।
ਇਕ ਏਕ ਬੁਜੋ[1] ਇਕ ਏਕ ਛਕੈਂ। — [1]ਬੱਕਰਾ।
ਚਲਤੇ ਨਹਿਂ ਕੋਸ ਅਸੀ ਕੁ ਥਕੈਂ[1]। — [1]ਅੱਸੀ (੮੦) ਕੋਹ ਤੱਕ ਚਲਦੇ ਥਕਦੇ ਨਹੀਂ ਸਨ।
ਪੁਨ ਊਂਟ ਗਊ ਜਹਿਂ ਭੈਂਸ ਮਿਲੈਂ।
ਤਿਸ ਕੋ ਸਮ ਬ੍ਰਿੱਕਨ ਮਾਰਿ ਗਿਲੈਂ[1] ॥੫੯॥ — [1]ਮਾਰ ਕੇ ਬਘਿਆੜਾਂ ਵਾਂਗ ਖਾਂਦੇ ਹਨ।
ਸੁਨਿ ਪੇਖਿ ਹਾਲ ਤਿਨ ਕੇਰ ਤਬੈ।
ਬਹੁ ਕਾਂਪਜੋ ਹਿੰਦੁਸਤਾਨ ਸਭੈ।

ਜਬਿ ਨਾਦਰ, ਪਾਸ ਲਹੌਰ ਅਯੋ।
ਤਬਿ ਖਾਨ ਬਹਾਦਰ ਮੇਲ ਕਯੋ ॥੬੦॥
ਬਹੁ ਦੀਨ ਜੁਵਾਹਰ ਆਹਰ ਕੈ[1]। — [1]ਉੱਦਮ ਕਰਕੇ।
ਦਿਸ ਦਿੱਲੀ ਪਠਿਓ ਮਾਹਰ ਕੈ[1]। — [1]ਉਸਤਾਦੀ ਕਰਕੇ।
ਫਿਰ ਨਾਦਰ ਕਾਦਰ ਫੌਜ ਯੁਤੈਂ[1]। — [1]ਤਾਕਤਵਰ ਫ਼ੌਜ ਸਮੇਤ।
ਚਢਿ ਚਾਲਜੋ ਦੈ ਕਰਿ ਜੋਰ ਉਤੈਂ ॥੬੧॥
ਸੁਨ ਕੈ ਤਬਿ ਕੋਪ ਦਿਲੇਸ ਧਰਾ।
ਨਿਜ ਫੌਜਨ ਕੋ ਇਕ ਠੌਰ ਕਰਾ।
ਮਰ੍ਹਟੇ ਤਿਹ ਮੱਦਦ ਹੇਤ ਝੁਕੇ।
ਢਿਗ ਪਾਨੀਪਤ ਕਰਨਾਲ ਢੁਕੇ[1] ॥੬੨॥ — [1]ਆਹਮੋਂ ਸਾਹਮਣੇ ਹੋਏ।
ਦਿਨ ਦੋਇ ਕੁ ਜੰਗ ਅਭੰਗ[1] ਭਯੋ। — [1]ਲਗਾਤਾਰ।
ਲਗ ਖੂੰਨ ਤੁਰੰਗਨ ਤੰਗ[1] ਗਯੋ। — [1]ਘੋੜਿਆਂ ਦੇ ਤੰਗਾਂ ਨਾਲ।
ਚਢਿ ਲੋਥਨ ਉਪਰ ਲੋਥ ਗਈ।
ਫਿਰ ਨਾਦਰ ਕੀ ਵਡ ਜੀਤ ਭਈ ॥੬੩॥
ਚਢਿ ਨਾਦਰ ਦਿੱਲੀ ਜਾਇ ਧਸਜੋ।
ਫੜਿ ਖੂਬ ਚੁਕੱਤਨ ਤਾਂਹਿ ਕਸਜੋ[1]। — [1]ਮਾਰਿਆ।
ਇਕ ਦਜੋਸਹਿਂ ਲੂਟ ਕਤਾਲ[1] ਕਰੀ। — [1]ਕਤਲਾਮ।
ਗਿਲਜਜੋਂ ਤਬਿ ਦਿੱਲੀ ਭਾਂਤਿ ਭਰੀ[1] ॥੬੪॥ — [1]ਚੰਗੀ ਤਰ੍ਹਾਂ।
ਧਨ ਲੂਟ ਲਯੋ ਕਰਿ ਜੋਰ ਸਭੀ।
ਦੁਖ ਦੀਨ ਅਤੀ ਸਭਿ ਕਾਹਿਂ ਤਬੀ।
ਤਬਿ ਤੈ ਚਵਕੱਤਨ ਜੋਰ ਟੁਟਾ।
ਧਨ ਨਾ ਕਨ ਮਾਤਰ ਤਾਂਹਿ ਛੁਟਾ[1] ॥੬੫॥ — [1]ਕਿਣਕਾ ਮਾਤ੍ਰ ਵੀ ਧਨ ਉਨ੍ਹਾਂ ਪਾਸ ਨਾ ਰਿਹਾ।

ਦੋਹਰਾ:

ਧਨ ਲੂਟਜੋ ਤਿਨ ਤਬੈ ਜੋ,
ਕਹਿਂ ਲੌ ਕਰੈਂ ਵਖਾਨ।
ਤ੍ਵਾਰੀਖਨ ਮੈਂ ਲਿਖਜੋ ਹੈ,
ਸਾਠ ਕੋਟਿ ਪਰਮਾਨ[1] ॥੬੬॥ — [1]ਸੱਠ ਕਰੋੜ ਦੇ (ਪਰਮਾਨ) ਬਰਾਬਰ।

ਚੌਪਈ:

ਤੋਫੇ ਪਤਿਸ਼ਾਹੀ ਕੇ ਸਾਰੇ।
ਲੂਟੇ ਤਾਂਹਿਂ ਜੋਰ ਕਰਿ ਸਾਰੇ।

ਤਖਤ ਤਾਊਸੀ ਇਕ ਨੌਕੋਟੀ[1]।	[1](ਤਾਊਸ) ਮੋਰ ਦੀ ਸ਼ਕਲ ਦਾ ਇਕ ਤਖ਼ਤ ਜੋ ਨੌਂ ਕ੍ਰੋੜ ਦੀ ਲਾਗਤ ਨਾਲ ਸ਼ਾਹ ਜਹਾਨ ਨੇ ਬਣਾਇਆ ਸੀ।
ਪੁਨ ਜੁਗ ਲਾਲਨ ਕੀ ਵਡ ਜੋਟੀ[1] ॥੬੭॥	[1]ਦੋ ਵੱਡੇ ਲਾਲਾਂ ਦੀ ਜੋੜੀ।
ਜਿਨ ਕੀ ਜੋਤਿ ਸੰਗ[1] ਪਤਿਸ਼ਾਹੂ।	[1]ਚਾਨਣ ਨਾਲ।
ਪਢਿਤ ਕੁਰਾਨ ਨਿਸਾ ਮੈਂ ਚਾਹੂ[1]।	[1]ਰਾਤ ਨੂੰ ਉਤਸ਼ਾਹ ਨਾਲ।
ਸਹਿਨਿਕੂਰ[1] ਇਕ ਮੱਛੀ ਅੱਛੈਂ[2]।	[1]ਮੱਛੀ ਦਾ ਨਾਮ। [2]ਚੰਗੀ।
ਲਾਇ ਛੁਰੀ ਜਿਸ ਆਮਿਖ ਭੱਛੈਂ[1] ॥੬੮॥	[1]ਜਿਸ ਮੱਛੀ 'ਤੇ ਛੁਰੀ ਤਿੱਖੀ ਕਰ ਕੇ ਬਾਦਸ਼ਾਹ ਮਾਸ ਖਾਂਦਾ ਸੀ।
ਹੀਰਾ ਔਰ ਪਾਂਡਵਨ ਵਾਰਾ।	
ਜਾਂ ਸਮ ਦੂਸਰਿ ਨਹਿਂ ਸੰਸਾਰਾ।	
ਐਨ ਚੈਂਨ[1] ਕੀ ਮਾਲਾ ਜੋਈ।	[1]ਨਾਮ ਦੀ।
ਨੈਨ ਛੁਹੇ ਰੁਜ[1] ਰਹੈ ਨ ਕੋਈ ॥੬੯॥	[1]ਰੋਗ।
ਹੀਰਾ ਹੁਤੋ ਗੁਲਾਬੀ ਏਕੈਂ।	
ਵਜ਼ਨ ਸਤਾਸੀ ਰੱਤੀ ਟੇਕੈਂ[1]।	[1]ਨਿਸ਼ਚੇ ਕੀਤਾ ਹੋਇਆ ਸੀ।
ਪਰੈ ਦਮਕ[1] ਜਹਿਂ ਲੌ ਤਿਸ ਜਬਿ ਹੀ।	[1]ਚਮਕ।
ਸਭਾ ਗੁਲਾਬੀ ਹੋਵੈ ਸਭਿ ਹੀ ॥੭੦॥	
ਮੋਤੀ ਮੁਰਗ ਅੰਡ ਸਮ ਔਰੈਂ[1]।	[1]ਹੋਰ ਮੋਤੀ ਮੁਰਗ਼ੀ ਦੇ ਆਂਡਿਆਂ ਵਰਗੇ ਸਨ।
ਚੌਸਠ ਰੱਤੀ ਤੋਲ ਸੁ ਗੌਰੈਂ[1]।	[1]ਭਾਰੀ।
ਜ਼ੇਵਰ ਔਰ ਬੇਗਮਨ ਕੇਰੇ।	
ਵਡੇ ਮੋਲ ਕੇ ਲੁਟੇ ਵਧੇਰੇ ॥੭੧॥	
ਜੌਰਾ ਭੌਰਾ ਰਾਕੀ ਲੀਏ[1]।	[1]ਜੌਰਾ ਭੌਰਾ ਨਾਮ ਦੇ ਦੋ (ਰਾਕੀ) ਘੋੜੇ ਲਏ।
ਜੇ ਦਰਿਆਈ ਪਰਸਿੱਧ ਥੀਏ[1]।	[1]ਜਿਹੜੇ ਦਰਿਆਈ ਘੋੜੇ ਮਸ਼ਹੂਰ ਹੋਏ।
ਬੀਸ ਕਰੋੜ ਖਰਚ ਫਿਰ ਲਹਜੋ।	
ਤੀਨ ਕੋਟਿ[1] ਜਿਸ ਮੈਂ ਸੇਰਹਜੋ ॥੭੨॥	[1]ਤਿੰਨ ਕ੍ਰੋੜ।
ਅਹਿਮਦ ਸ਼ਾਹਿ ਆਇ ਜੋ ਫੇਰੈਂ।	
ਲੀਓ ਜੋਰ ਸੰਗ ਕਰਿਕੈ ਜੇਰੈਂ[1]।	[1]ਅਧੀਨ ਕਰਕੇ।
ਸੱਤੀ ਬੀਹੀਂ ਸੌ ਸ਼ਕਤੇ ਕਾ[1]।	[1]ਬਲ ਵਾਲੇ ਦਾ ਸੱਤਾਂ ਵੀਹਾਂ ਦਾ ਸੌ ਹੁੰਦਾ ਹੈ, ਭਾਵ ਬਹੁਤੀ ਚੀਜ਼ ਲੈ ਕ ਥੋੜ੍ਹੀ ਦੱਸਦਾ ਹੈ।
ਜੁਲਮ ਇਨਸਾਫ ਇਹੁ ਲਗਤੇ ਕਾ[1] ॥੭੩॥	[1](ਲਗਤੇ) ਦੁਸ਼ਮਣ ਦਾ ਇਨਸਾਫ਼ ਹੀ ਜ਼ੁਲਮ ਕਰਨਾ ਹੈ।

ਦੋਹਰਾ:

ਲੁਟਜੋ ਆਗਰੇ ਲੌ ਤਬੈ, ਗਿਲਜਜੋਂ ਨੈ ਸਭਿ ਦੇਸ।

ਲੜਕੀ ਲੜਕਾ ਅਰਧ ਲਖ,
ਪਕੜਿ ਲਿ-ਗਏ ਬਿਸੇਸ[1] ॥੭੪॥

[1]ਅੱਧੇ ਲੱਖ (੫੦੦੦੦) ਤੋਂ ਵੀ ਬਹੁਤ ਪਕੜ ਕੇ ਲੈ ਗਏ।

ਲਲਿਤ ਪਦ ਛੰਦ:
ਹਿੰਦੁਸਤਾਨ ਮਾਹਿਂ ਤਬਿ ਪਰਜੋ,
ਗਦਲ ਜਦਲ[1] ਅਤਿ ਭਾਰੈਂ।

[1]ਹਲਚਲ ਤੇ ਜੰਗ।

ਸਿੰਘਨ ਕਾ ਤਬਿ ਦਾਉ ਲਗਜੋ ਫਿਰ,
ਲੂਟੈਂ ਨਿਤ ਬਹੁ ਮਾਰੈਂ।
ਜਜੋਂ ਜਲ ਹੜ੍ਹ ਲੋਗਹਿਂ ਦੁਖ ਦੈ ਹੈ,
ਜਲ ਜੰਤੂ ਸੁਖ ਪੈਹੈਂ।
ਅਰ ਮੂਸੇ ਮਕਰੀ ਅਧਿਕਾਈ,
ਔਰ ਸਭਿਨਿ ਦੁਖ ਦੈਹੈਂ[1] ॥੭੫॥

[1]ਹੋਰ ਚੂਹੇ ਤੇ ਮੱਕੜੀਆਂ ਆਦਿ ਸਾਰਿਆਂ ਨੂੰ ਬਹੁਤਾ ਦੁਖ ਦਿੰਦਾ ਹੈ।

ਚੀਲਾਂ ਬਾਇਸ ਬਿਹੰਗ ਬਿਲਾਈਂ[1],
ਇਨ ਕੋ ਆਨੰਦ ਦਾਈ।

[1]ਇੱਲਾਂ, ਕਾਂ ਆਦਿ ਪੰਛੀ ਤੇ ਬਿੱਲੀਆਂ।

ਤਜੋਂ ਹਲਚਾਲ ਗਦਲ[1] ਸਿੰਘਨ ਕੋ,
ਅਧਿਕ ਹੋਤ ਸੁਖਦਾਈ।

[1]ਬਗ਼ਾਵਤ।

ਜਾਤਿ ਗੋਤ ਸਿੰਘਨ ਕੀ ਦੰਗਾ,
ਚਹਿਤ ਰੈਨ ਦਿਨ ਸੋਈ।
ਜਜੋਂ ਜਜੋਂ ਗਦਲ ਮਚੈਂ ਬਹੁ ਜਗ ਮੈਂ,
ਜੋਰ ਸਿੰਘਨ ਕਾ ਹੋਈ ॥੭੬॥
ਤੁਰਕ ਲਰੈਂ ਆਪਸ ਮੈਂ ਜਜੋਂ ਜਜੋਂ,
ਚੌਕੱਤੇ ਦੌਰਾਨੀ।
ਸਿੰਘਨ ਕੀ ਤਜੋਂ ਤਜੋਂ, ਪਗ ਬਾਰਾਂ
ਪੜੈਂ[1], ਮੋਦ ਮਨਿ ਠਾਨੀ।

[1]ਪਉਂ ਬਾਰਾਂ ਪੈਂਦੇ ਹਨ, ਭਾਵ ਬਾਜ਼ੀ ਜਿੱਤ ਲੈਂਦੇ ਹਨ।

ਦੌਲਤ ਲੈ ਦਿੱਲੀ ਕੀ ਤਰਫੋਂ,
ਹਟੈਂ ਦੁਰਾਨੀ ਜੇਹੀ[1]।

[1]ਜਿਹੜੇ।

ਤਿਨੈਂ ਸਿੰਘ ਰਸਤ ਮੈਂ ਲੂਟੈਂ,
ਸਾਬਤ ਜਾਨ ਨ ਦੇਹੀਂ ॥੭੭॥
ਪੁਨ ਨਾਦਰ ਕਾ ਲੁਟਜੋ ਖਜਾਨਾ,
ਆਯੁਧ ਅਸ੍ਵ ਅਪਾਰੈਂ।

ਭਈ ਮੌਜ ਸਿੰਘਨ ਕੋ ਫਿਰ ਵਡ,
ਥਏ ਅਸੂਦੇ ਭਾਰੈਂ[1]। [1]ਬਹੁਤ ਖ਼ੁਸ਼ਹਾਲ ਹੋ ਗਏ।
ਮਾਰ ਲੂਟ ਕਰਿ ਸਿੰਘ ਝੱਲ ਮੈਂ,
ਧਸੈਂ ਫੇਰ ਕਰਿ ਧਾਈ।
ਪੇਸ਼ ਨ ਲੇਸ ਚਲੈ ਗਿਲਜਜੋਂ ਕੀ,
ਸਿੰਘਨ ਪਰ ਤਬਿ ਕਾਈ ॥ ੭੮ ॥
ਚੌਪਈ:
ਸਿੰਘ ਕਹੈਂ ਯਹਿ ਮੁਗਲ ਦੁਰਾਨੀ।
ਆਪਸ ਮੈਂ ਲਰਿ ਥੈਂ ਜਬਿ ਫਾਨੀ[1]। [1]ਜਦੋਂ ਨਾਸ਼ ਹੋ ਜਾਣਗੇ।
ਜਜੋਂ ਖੇਤੀ ਕੋ ਜਾਲੇ ਜਾਲੈਂ[1]। [1](ਜਾਲੇ) ਗੜੇ (ਜਾਲੈਂ) ਨਾਸ ਕਰ ਦੇਂਦੇ ਹਨ। (ਜਾਲੇ-ਫਾ: ਜ਼ਾਲਹ=ਓਲਾ, ਗੜਾ)
ਚੁਗੈਂ ਅੰਨ ਫਿਰ ਬਿਹੰਗ ਬਿਸਾਲੈਂ ॥ ੭੯ ॥
ਹਮ ਅਬਿ ਲੈਹੈਂ ਸਭਿ ਪਤਿਸ਼ਾਹੀ।
ਬਚਨ ਫੁਰੇ ਗੁਰੁ ਕਾ ਜਬਿ ਯਾਹੀ।
ਕਾਬੁਲ ਤੈ ਕੁੱਤਾ[1] ਮੰਗਵਾਊਂ। [1]ਨਾਦਰ ਸ਼ਾਹ ਦੁਰਾਨੀ ਰੂਪ ਕੁੱਤਾ।
ਉਸ ਤੈ ਇਨ ਕਾ ਨਾਸ ਕਰਾਊਂ ॥ ੮੦ ॥
ਦਿੱਲੀ ਤਖਤ ਲਹੌਰ ਪੁਟਾਊਂ।
ਸਾਤੋਂ ਧਾਰਾ[1] ਧੂਰਿ ਮਿਲਾਊਂ। [1]ਪਹਾੜਾਂ ਦੀਆਂ ਸੱਤੇ ਧਾਰਾਂ।
ਤੁਰਕ ਨਗਾਰਾ ਬਜਨ ਹਟਾਊਂ।
ਜਾਪ ਅਕਾਲ ਅਕਾਲ ਜਪਾਊਂ ॥ ੮੧ ॥
ਯਹਿ ਬਾਨੀ ਜੋ ਸਤਿਗੁਰੂ ਭਾਖੀ।
ਸੋ ਅਬਿ ਸੱਤ ਹੋਇ ਹੈ ਸਾਖੀ[1]। [1]ਬਾਣੀ ਰੂਪ ਗਵਾਹੀ।
ਯੌਂ ਸਭਿ ਸਿੰਘਨ ਮਨਿ ਠਹਿਰਾਈ।
ਲੂਟ ਮਾਰ ਮੁਦ ਹ੍ਵੈ ਬਹੁ ਪਾਈ ॥ ੮੨ ॥
ਦੋਹਰਾ:
ਸਿੰਘਨ ਕੀ ਫਰਿਯਾਦ ਜਬਿ, ਸੁਨਿ ਆਪ ਕਰਤਾਰ।
ਚਾਇ[1] ਤੁਫਾਨ[2] ਇਰਾਨ ਤੈ, ਦਿਯ ਦਿੱਲੀ ਪਰ ਡਾਰ ॥ ੮੩ ॥ [1]ਚੁੱਕ ਕੇ। [2]ਉਪੱਦ੍ਰਵ, ਆਫ਼ਤ।
ਚੌਪਈ:

ਦਿੱਲੀ ਤੈ ਮਥਰਾ ਲੌਂ ਸਾਰੇ।
ਦੇਸ ਲੂਟ ਕਰਿ ਕਤਲ ਅਪਾਰੇ।
ਅਰਧ ਲਾਖ ਲੌਂ ਲੜਕੀ ਲੜਕੇ।
ਪਕੜਿ ਤੁਰਕ ਲੈ ਗਏ ਸੁ ਬੜ ਕੇ[1] ॥੮੪॥ [1](ਘਰਾਂ ਵਿੱਚ) ਵੜ ਕੇ।
ਫਿਰ ਪਾਛੇ ਹਟਿ ਨਾਦਰ ਸ਼ਾਹੂ।
ਆਯੋ ਜਬਿ ਲਹੌਰ ਕੇ ਮਾਹੂੰ।
ਬੂਝਯੋ ਖਾਨ ਬਹਾਦਰ ਤਾਂਈਂ।
ਉਨੈਂ ਹਮੈਂ ਦਿਹੁ ਦੇਸ ਬਤਾਈ ॥੮੫॥
ਲੂਟ ਖਯੋ ਜਿਨ ਹਮਰਾ ਰਸਤਾ।
ਮੈਂ ਕਟਹੋਂ ਅਬਿ ਉਨ ਕਾ ਫਸਤਾ[1]। [1]ਫਾਹਾ ਵੱਢ ਦਿਆਂਗਾ।
ਦੇਸ ਉਨ ਕੇ ਕੀ ਖਾਕ ਉਡਾਊਂ।
ਉਨ ਤੈ ਧਨ ਚੌਗੁਨ ਕਢਵਾਊਂ ॥੮੬॥
ਤਬਿ ਨੁਵਾਬ ਮਨਿ ਐਸ ਵਿਚਾਰਾ।
ਜੇ ਮੈਂ ਭੇਤ ਬਤੈਹੋਂ ਸਾਰਾ।
ਚਢਿ ਗਿਲਜੇ ਸਿੰਘਨ ਪਰ ਜੈਹੈਂ।
ਸੋ ਇਨ ਕੋ ਭੀ ਗੂਠ[1] ਦਿਖੈਹੈਂ ॥੮੭॥ [1]ਅੰਗੂਠਾ, ਠੁੱਠ।
ਹਾਥ ਇਨੋਂ ਕੇ ਨਹਿੰ ਸੋ ਐਹੈਂ।
ਮੁਲਕ ਵਿਰਾਨ ਹਮਾਰ ਥਵੈ ਹੈ[1]। [1]ਹੋ ਜਾਵੇਗਾ।
ਅਰ ਮੁਝ ਕੋ ਭੀਰਹੈ ਖਰਾਬੀ।
ਜਬਿ ਲੌਂ ਸ਼ਾਹਿ ਲਹੌਰ ਥਿਰਾਬੀ[1] ॥੮੮॥ [1]ਠਹਿਰੇਗਾ।
ਤਾਂ ਤੇ ਤਿਨ ਕਾ ਪਤਾ ਨ ਦੇਵੋਂ।
ਬਾਦਸ਼ਾਹਿ ਕੋ ਬਿਦਾ ਕਰੇਵੋਂ।
ਪਾਛੇ ਸਿੰਘਨ ਕੋ ਮੈਂ ਗੈਹੋਂ[1]। [1]ਪਕੜ ਲਵਾਂਗਾ।
ਜੋ ਉਨ ਲੁਟਯੋ ਸੁ ਧਨ ਕਢਵੈਹੋਂ ॥੮੯॥
ਇਹੁ ਵਿਚਾਰ ਕਰਿ ਖਾਨ ਬਹਾਦਰ।
ਨਾਦਰ ਪ੍ਰਤਿ ਬੋਲਯੋ ਇਮ ਸਾਦਰ[1]। [1]ਆਦਰ ਨਾਲ।
ਜੋ ਤੁਮ ਸਿੰਘਨ ਬਾਤ ਬਖਾਨੀ।
ਕਿਤੈ ਨ ਉਨ ਕੀ ਮੁਲਕ ਨਿਸ਼ਾਨੀ ॥੯੦॥
ਨਹੀਂ ਕਿਸੀ ਵਹਿ ਨਗਰ ਬਸਾਹੀਂ।
ਨਿਸਾ ਕਹੀਂ ਦਿਨ ਕਹੀਂ ਬਿਤਾਹੀਂ।

ਸੋਵਤ ਖੜ੍ਹੇ, ਖੜ੍ਹੇ ਹੀ ਰੈਹੈਂ।
ਫਿਰਤੇ ਟੁਰਤੇ ਖਾਣਾ ਖੈਹੈਂ ॥੯੧॥
ਖਟਰਸ ਕਾ[1] ਨਹਿਂ ਸ੍ਵਾਦ ਪਛਾਨੈਂ। — [1]ਛੇਰਸਾਂ ਦਾ।
ਕਪੜੇ ਤਨ ਪਰ ਓਢ[1] ਨ ਜਾਨੈਂ। — [1]ਪਹਿਨਣ।
ਘਾਸ ਫੂਸ ਫਲ ਫੂਲ ਅਪਾਰੇ।
ਖੈਹੈਂ ਕੱਚੇ ਹੀ ਮ੍ਰਿਗ ਮਾਰੇ ॥੯੨॥
ਹਮ ਦੁਖ ਦੇਵੈਂ ਸੋ ਸੁਖ ਮਾਨੈਂ।
ਮਾਨ ਅਪਮਾਨ[1] ਕਿਛੁ ਨਹਿਂ ਜਾਨੈਂ। — [1]ਆਦਰ ਤੇ ਨਿਰਾਦਰ।
ਬਰਖਾ ਹੇਤ ਨ ਛੱਪਰ ਛਾਵੈਂ[1]। — [1]ਬਣਾਉਂਦੇ।
ਬਨ ਪਰਬਤ ਮੈਂ ਸਮਾਂ ਬਿਤਾਵੈਂ ॥੯੩॥
ਜੰਗਲ ਮੈਂ ਮੰਗਲ[1] ਮਨਿ ਮਾਨੈਂ। — [1]ਖੁਸ਼ੀ।
ਕਰੈਂ ਉਦੰਗਲ ਢੰਗ ਲਗਾਨੈਂ[1]। — [1]ਜਦੋਂ ਮੌਕਾ ਲਗਦਾ ਹੈ ਇਕੱਠ ਕਰ ਲੈਂਦੇ ਹਨ।
ਕਾਨ ਆਨ[1] ਨਹਿਂ ਕਾਹਿਂ ਮਨੈ ਹੈਂ। — [1]ਹੋਰ ਕਿਸੇ ਦੀ ਕਨੌਡ।
ਬੇਪਰਵਾਹਿ ਸਦੈਵ ਰਹੈ ਹੈਂ ॥੯੪॥
ਖਾਣ ਪੀਣ ਕੀ ਰਖਤ ਨ ਚਾਹੈਂ।
ਮਿਲੈਂ ਤੁ ਕੱਚੇ ਚਨੇ ਚਬਾਹੈਂ।
ਬਜਾਪਤ ਦੁਖ ਸੁਖ ਰੋਗ ਨ ਤਿਨ ਕੋ।
ਗਰਮੀ ਸਰਦੀ ਧੁਪ ਛਾਹਿ[1] ਨ ਕੋ ॥੯੫॥ — [1]ਛਾਂ।
ਕੰਕਰ ਕਾਂਟੇ[1] ਦੁਖ ਨ ਲਗ ਹੈ। — [1]ਰੋੜਾਂ ਤੇ ਕੰਡਿਆਂ।
ਸੌ ਸੌ ਕੋਸ ਅੱਸ੍ਵ ਤਿਨ ਵਗ ਹੈਂ[1]। — [1]ਚਲਦੇ ਹਨ।
ਦੇਖਨ ਕੋ ਮੁਰਦੇ ਸਮ ਦੀਸੈਂ।
ਜੰਗ ਵਕਤ ਸਮ ਹੋਤ ਖਵੀਸੈਂ[1] ॥੯੬॥ — [1]ਦੇਉਆਂ ਵਾਂਗ।
ਔਰ ਨ ਕੋਊ ਕਰਿ ਹੈਂ ਕਾਜੈਂ।
ਲਰ ਹੈਂ ਭਿਰ ਹੈਂ ਅਰ ਹੈਂ ਗਾਜੈਂ[1]। — [1]ਅੜਦੇ ਤੇ ਗੱਜਦੇ ਹਨ।
ਪੈ ਵਹਿ ਸੰਮੁਖ ਹੋਇ ਨ ਲਰ ਹੈਂ।
ਅੱਗਜੋਂ ਪੀਛਜੋਂ ਨਿਸ ਕੋ ਹਰ ਹੈਂ[1] ॥੯੭॥ — [1]ਰਾਤ ਨੂੰ ਮਾਰਦੇ ਹਨ।
ਬਦਨ ਆਹਨੀ ਹੈਂ ਤਿਨ ਕੇਰੇ[1]। — [1]ਸਰੀਰ ਉਨ੍ਹਾਂ ਦੇ ਲੋਹੇ ਦੇ ਹਨ।
ਸ਼ਸਤਰ ਘਾਇ ਨ ਸਕਤ ਬਧੇਰੇ[1]। — [1]ਸ਼ਸਤ੍ਰ ਬਹੁਤਾ ਜ਼ਖ਼ਮ ਨਹੀਂ ਕਰ ਸਕਦੇ।
ਗਾਨੇ ਬੰਨ੍ਹ ਖੁਸ਼ੀ ਹ੍ਵੈ ਐਹੈਂ।
ਹੋਨ ਸ਼ਹੀਦ ਮਹੀਦ[1] ਚਹੈ ਹੈਂ ॥੯੮॥ — [1]ਬਹੁਤਾ।

ਸੰਗ ਹਜਾਰਨ ਬੀਸਕ ਲਰ ਹੈਂ।	
ਮਰਨ ਮਾਰਨੋਂ ਕਬੀ ਨ ਡਰ ਹੈਂ।	
ਮਰੈਂ ਬੀਸ ਮਿਲ ਹੈਂ ਤੀਸਾਨੈਂ[1]।	[1]ਤੀਹ ਹੋਰ ਆ ਮਿਲਦੇ ਹਨ।
ਮਨ ਮੈਂ ਚਾਉ ਮਰਨ ਕਾ ਠਾਨੈਂ ॥੯੯॥	
ਦੀਨ ਮਜ਼ਬ ਕਾ ਜੰਗ ਮਚਾਵੈਂ।	
ਇਕ ਇਕ ਬੀਸ ਬੀਸ ਕੋ ਘਾਵੈਂ।	
ਚਾਹੈਂ ਨਿਸ ਦਿਨ ਲੈਨ ਸ਼ਹੀਦੀ।	
ਟਰੈਂ ਨਰਣ ਤੈ ਹ੍ਵੈ ਕਬਿ ਗੀਦੀ[1] ॥੧੦੦॥	[1]ਕਾਇਰ।
ਹਮ ਉਨ ਕੋ ਮਾਰਤ ਥਕ ਗਏ।	
ਵਹਿ ਅਤਿ ਬਢਤ ਜਾਤ ਨਿਤ ਨਏ।	
ਮੁਰਸ਼ਦ[1] ਇਨ ਕਾ ਵਲੀ[2] ਕਹਾਯੋ।	[1]ਗੁਰੂ। [2]ਕਰਾਮਾਤੀ।
ਇਨ ਕੋ ਆਬ-ਹਯਾਤ[1] ਪਿਲਾਯੋ ॥੧੦੧॥	[1]ਅੰਮ੍ਰਿਤ।
ਤਿਸੀ ਸੁਧਾ ਕੇ ਬਲ ਤੈ ਏਹੂ।	
ਮਰਤ ਨਹੀਂ ਦੁਖ ਗਨਤ ਨ ਕੇਹੂ।	
ਗੋਬਿੰਦ ਸਿੰਘ ਕੀ ਉੱਮਤ[1] ਹੈ ਯਹਿ।	[1]ਕੌਮ।
ਭਯੋ ਪੇਸ਼ਵਾ[1] ਨਾਨਕ ਜਿਨ ਕਹਿ[2] ॥੧੦੨॥	[1]ਆਗੂ। [2]ਜਿਨ੍ਹਾਂ ਦਾ।
ਜਾਹਲ[1] ਜਾਲਮ ਏਹੁ ਮਜ਼ਬ ਹੈ।	[1]ਅਨਪੜ੍ਹ।
ਹਿੰਦੁ ਤੁਰਕ ਤੇ ਜੁਦਾ ਅਜਬ ਹੈ।	
ਲਰਨ ਭਿਰਨ ਕੋ ਕਰਤ ਗਜਬ[1] ਹੈਂ।	[1]ਕਹਿਰ, ਲੋਹੜਾ।
ਖੋਜੇ ਮਿਲਤ ਨ ਕਹੂੰ ਕਜਬ[1] ਹੈਂ ॥੧੦੩॥	[1]ਕਿਜਬ, ਝੂਠੇ।
ਹਿੰਦੁਨ ਅੰਧੇ ਤੁਰਕਨ ਕਾਣੇਂ।	
ਕਹਿਤ ਰਹਿਤ ਦੁਹ ਤੈ ਹਮ ਸਜਾਣੇ।	
ਮੁਸਲਮਾਨ ਹਿੰਦੁਨ ਤੈ ਨਜਾਰੀ।	
ਰੀਤਿ ਅਹੇ ਇਨ ਮੈਂ ਭਲ ਸਾਰੀ ॥੧੦੪॥	
ਬੁੱਤ ਪਰਸਤੀ ਨਾ ਇਹੁ ਠਾਨੈ[1]।	[1]ਇਹ ਬੁੱਤ ਪੂਜਾ ਨਹੀਂ ਕਰਦੇ।
ਗੰਗਾਦਿਕ ਤੀਰਥ ਨਹਿੰ ਮਾਨੈਂ।	
ਸੂਤਕ[1] ਪਾਤਕ[2] ਸ਼ਾਦੀ ਗਮੀ।	[1]ਬੱਚੇ ਦੇ ਜੰਮਣ ਸਮੇਂ ਦੀ ਅਪਵਿੱਤ੍ਰਤਾ। [2]ਪ੍ਰਾਣੀ ਦੇ ਮਰਨ ਕਰ ਕੇ ਹੋਈ ਅਪਵਿੱਤ੍ਰਤਾ।
ਜੰਞੂ ਤਿਲਕ ਨ ਮਾਲਾ ਲਮੀ[1] ॥੧੦੫॥	[1]ਲੰਮੀ।
ਪੱਤਲ[1] ਪਿੰਡ[2] ਸ਼ਰਾਧ[3] ਨ ਖਜਾਹੈਂ[11]।	[1]ਪੱਤਿਆਂ ਦੀ ਥਾਲੀ। [2]ਪਿਤਰਾਂ ਨਮਿੱਤ ਅਰਪੇ ਹੋਏ ਜੌਂ ਦੇ

ਆਟੇ ਆਦਿ ਦੇ ਪਿੰਨੇ (ਗੋਲੇ)। [3]ਪਿਤਰਾਂ ਵਾਸਤੇ ਸ਼ਰਧਾ ਨਾਲ ਕੀਤਾ ਅੰਨ ਬਸਤ੍ਰ ਆਦਿ ਦਾ ਦਾਨ। [11]ਬਰਸੀ (ਮਰਨ) ਵਾਲੇ ਦਿਨ ਕੀਤਾ ਪੁੰਨ-ਦਾਨ।

ਹਿੰਦੁਨ ਸਮ ਕੁਛ ਕਰਤ ਨ ਯਾਹੈਂ।
ਕਿਸੀ ਠੌਰ ਤੈ ਕੇਸ ਕਬੀ ਹੀ।
ਨਾਹਿਂ ਮੁੰਡਾਵਤ ਰਖਤ ਸਭੀ ਹੀ ॥੧੦੬॥
ਰਾਮ ਕ੍ਰਿਸ਼ਨ ਸ਼ਿਵ ਸ਼ਕਤਿ[1] ਗਨੇਸ਼ੈਂ। — [1]ਪਾਰਬਤੀ।
ਤਜਿ ਇਨ ਕੋ ਭਜਿ ਹੈਂ ਇਕ ਏਸ਼ੈਂ[1]। — [1]ਵਾਹਿਗੁਰੂ ਨੂੰ।
ਰਾਮਰਹੀਮ ਨਾਮ ਨਹਿਂ ਲੈਹੈਂ।
ਵਾਹਿਗੁਰੂ ਸਤਿਨਾਮੁ ਜਪੈ ਹੈਂ ॥੧੦੭॥
ਨਿਜ ਗੁਰੂਅਨ ਕੀ ਬਾਨੀ ਬਿਨਾ।
ਅਵਰ ਨ ਪਵਿਤ ਕਬੀ ਕਿਛੁ ਸੁਨਾ।
ਨਿਜ ਗੁਰੁਦ੍ਵਾਰਨ ਗ੍ਰੰਥ ਬਿਨਾ ਹੈ।
ਸਿਜਦਾ[1] ਕਰਤ ਨ ਕਬੀ ਕਿਥਾਂ[2] ਹੈ ॥੧੦੮॥ — [1]ਨਮਸ਼ਕਾਰ। [2]ਕਿਸੇ ਥਾਂ ਵੀ।
ਕਮਰ ਜਾਂਘੀਆ[1] ਭੂਰੇ ਗਲਿਤੀ[2]। — [1]ਲੱਕ 'ਚ ਕੱਛਾ। [2]ਗਲ-ਵਲਿਤ, ਗਲ ਨੂੰ ਲਪੇਟੀ ਹੋਈ ਚਾਦਰ, ਕੁੜਤੇ ਦੀ ਥਾਂ ਸ਼ਰੀਰ ਉੱਪਰ ਲਪੇਟੀ ਹੋਈ ਚਾਦਰ।
ਸਿਰ ਦਸਤਾਰੇਰਖ ਹੈਂ ਕਲਤੀ[1]। — [1]ਸੁੰਦਰ।
ਬਸਤਰ ਔਰ ਨ ਜ਼ਜਾਦੇ ਪਹਿਰੈਂ।
ਏਕ ਠੌਰ ਨਾਹੀਂ ਕਿਤ ਠਹਿਰੈਂ ॥੧੦੯॥
ਔਰਤ ਕੋਇ ਨਰਖ ਹੈਂ ਕਬਿ ਹੀ।
ਜ੍ਵਾਨ ਥਏ ਹੀ ਮਿਲ ਹੈਂ[1] ਸਭਿਹੀ। — [1]ਜਵਾਨ ਹੁੰਦਿਆਂ ਹੀ (ਦਲ ਵਿੱਚ) ਆ ਮਿਲਦੇ ਹਨ।
ਪਵਿਤ ਅਨੰਦ ਮਨਿੰਦ[1] ਨਕਾਹੈਂ। — [1]ਵਾਂਗ।
ਮਰੈ ਤ ਹਲੂਆ[1] ਕਰਿ ਬਰਤਾਹੈਂ ॥੧੧੦॥ — [1]ਕੜਾਹ ਪ੍ਰਸ਼ਾਦ।
ਖੈਹੈਂ, ਮਾਤਮ[1] ਤੁਰਤ ਉਠੈ ਹੈਂ। — [1]ਅਫ਼ਸੋਸ, ਸ਼ੋਕ।
ਸੋਗ ਨ ਸਜਾਪਾ ਕਿਛੁ ਕਰੈ ਹੈਂ।
ਜੰਮਣ ਮਰਣਾ ਆਵਣ ਜਾਨੈਂ।
ਇਕ ਅਕਾਲ ਕਾ ਭਾਣਾ ਮਾਨੈਂ ॥੧੧੧॥
ਬਿਨਾ ਵਾਹਿਗੁਰੂ ਨਾਮ ਉਚਾਰੇ।
ਕਬੀ ਨ ਕਿਛੁ ਮੁਖ ਮੈਂ ਯਹਿ ਡਾਰੇਂ।
ਰਾਮ ਰਾਮ ਅਰ ਠੌਰ ਸਲਾਮੈਂ।
ਵਾਹਿਗੁਰੂ ਕੀ ਫਤੇ ਬੁਲਾਮੈਂ[1] ॥੧੧੨॥ — [1]ਬੁਲਾਉਂਦੇ ਹਨ।

ਸਵਾ ਲਾਖ ਕਹਿਂ ਏਕ ਤਨੇ ਕੋ[1]। — [1]ਇਕ ਸ਼ਰੀਰ ਨੂੰ।
ਪਾਂਚ ਲਾਖ ਕਹਿਂ ਪਾਂਚ ਜਨੇ ਕੋ।
ਸੁਖ ਮਾਨੈਂ ਦੁਖ ਆਇ ਬਨੇ ਕੋ।
ਪੀਲੂ ਦਾਖ[1], ਬਦਾਮ ਚਨੇਂ ਕੋ ॥੧੧੩॥ — [1]ਵਣ ਬ੍ਰਿੱਛ ਦੇ ਫਲਾਂ ਨੂੰ ਅੰਗੂਰ ਕਹਿੰਦੇ ਹਨ।
ਜਾਂਡ ਫਲੀ ਕੋ ਕਹੈਂ ਜਲੇਬੀ।
ਬੇਰੀ ਫਲ ਕੋ ਖੁਰਮੇਂ ਲੇਬੀ[1]। — [1](ਖੁਰਮੇ) ਛੁਹਾਰੇ ਦਾ ਨਾਮ (ਲੇਬੀ) ਲੈਂਦੇ ਹਨ।
ਲੱਡੂ ਟੀਂਡ, ਬਿਦਾਨਾਂ ਬਾਟਾ[1]। — [1]ਟੀਂਡਿਆਂ ਨੂੰ ਲੱਡੂ ਤੇ (ਬਾਟਾ) ਕਰੀਰ ਦੇ ਫੁੱਲਾਂ ਨੂੰ ਬਿਦਾਣਾ (ਮਿਠਿਆਈ) ਕਹਿੰਦੇ ਹਨ।
ਨਾਮ ਪਜਾਜ ਕਾਰੁੱਪਾ ਠਾਟਾ[1] ॥੧੧੪॥ — [1]ਗੰਢੇ ਦਾ ਨਾਮਰੁੱਪਾਰੱਖ ਲਿਆ ਹੈ।
ਸ਼ਲਗਮ[1] ਕੋ ਭੁਇਂ-ਸੂਰ ਬਤੈ ਹੈਂ। — [1]ਗੋਂਗਲੂ।
ਰਾਮ-ਬਟੇਰੇ ਬੈਂਗਣ ਕੈਹੈਂ।
ਜਲ ਤੋਰੀ ਮਛਰੀ ਕੋ ਭਾਨੈਂ[1]। — [1]ਮੱਛੀ ਨੂੰ ਜਲ-ਤੋਰੀ ਕਹਿੰਦੇ ਹਨ।
ਸਾਂਟ ਸੂਰ ਖਰਬੂਜਹਿਂ ਗਾਨੈਂ[1] ॥੧੧੫॥ — [1]ਸਣੇ (ਸਾਂਟ) ਖੱਲ ਦੇ ਸੂਰਾਂ ਦੇ ਮਾਸ ਨੂੰ ਖ਼ਰਬੂਜ਼ੇ ਕਹਿੰਦੇ ਹਨ।
ਪਾਨੀ ਕੋ ਪਰਸਾ ਸਿੰਘ ਗਾਵੈਂ[1]। — [1]ਪਾਣੀ ਨੂੰ ਸਿੰਘ ਪਰਸਾ ਕਹਿੰਦੇ ਹਨ।
ਖਾਣੇ ਕੋ ਪ੍ਰਸ਼ਾਦ ਆਲਾਵੈਂ।
ਦੁਖੀ ਰਹੈਂ ਤਬਿ ਸੁਖੀ ਬਤਾਵੈਂ।
ਭੁਖੇ, ਲੰਗਰ ਮਸਤ ਸੁਨਾਵੈਂ ॥੧੧੬॥
ਗੰਜੇ ਕੋ ਕਲਗਾ-ਸਿੰਘ ਭਾਖੈਂ।
ਕਾਣੇ ਕੋ ਪੰਜ-ਅੱਖਾ ਆਖੈਂ।
ਕਹੈਂ ਸੂਰਮਾਂ ਅੰਧੇ ਤਾਂਏਂ।
ਲੁੰਜੇ ਕੋ[1] ਲਖ-ਬਾਹਾਂ ਗਾਏਂ ॥੧੧੭॥ — [1]ਇਕ ਬਾਂਹ ਵਾਲੇ ਨੂੰ।
ਲੂਲੇ ਕੋ ਕਹਿਂ ਬੋਧ-ਅਵਤਾਰੈਂ[1]। — [1]ਬੁੱਧ ਅਵਤਾਰ ਕਹਿੰਦੇ ਹਨ।
ਬਧਰੇ ਕੋ ਭਿਸ਼ਤੀ ਨਿਰਧਾਰੈਂ[1]। — [1]ਨਿਰਨਾ ਕਰ ਕੇ ਬੋਲੇ ਨੂੰ ਭਿਸ਼ਤੀ ਕਹਿੰਦੇ ਹਨ।
ਲੰਗੜੇ ਕੋ ਕਹਿਂ ਸਿੰਘ ਸੁਚਾਲਾ।
ਨਕਟਹਿਂ[1] ਸ੍ਵਰਗ ਦੁਵਾਰੀ ਵਾਲਾ ॥੧੧੮॥ — [1]ਨੱਕ ਕੱਟੇ ਨੂੰ।
ਕਹਿਤ ਸੁਨਹਿਰਾ ਕੂੰਡੇ ਤਾਂਈਂ।
ਭੰਗ ਤਈਂ ਸੁੱਖਾ ਸਰਦਾਈ।
ਖੁਰਪਾ ਬਾਜ, ਕੁਹੀ ਕਹਿਂ ਦਾਤੀ।
ਕਹੀ ਪਤਾਲਪੁਰੀ ਬਖਜਾਤੀ[1] ॥੧੧੯॥ — [1]ਕਹੀ ਨੂੰ ਪ੍ਰਗਟ ਹੀ ਪਤਾਲ ਪੁਰੀ (ਕਹਿੰਦੇ ਹਨ)।
ਸਫਾਜੰਗ ਟਕੂਏ ਕੋ ਟੇਰੈਂ।

ਫਤੇ-ਕੁਮੈਤ ਛਟੀ ਕੋ ਛੇਰੈਂ[1]।
ਦੂਧ ਸਮੁੰਦਰ, ਘ੍ਰਿੱਤ ਪੰਜਵਾਂ।
ਛਿਮਾਂ ਤੇਲ ਵੈਰਾਗ ਰੰਜਮਾ[1] ॥੧੨੦॥
ਅਫਲਾ-ਤੂਨੀ ਨਾਮ ਰਜਾਈ।
ਜੋੜ-ਮੇਲਨੀ ਸੂਈ ਗਾਈ।
ਦਮੜਾ ਠਿਕਰੀ ਨਾ ਰੁਪੱਯੇ।
ਪੈਸੇ ਕੋ ਤਾਂਬਾ ਕਹਿਂ ਭੱਯੇ ॥੧੨੧॥
ਖੜਕਾ ਛੱਜ, ਸੁਜਾਖਾ ਛਲਣੀ[1]।
ਫੁਲਕ ਪ੍ਰਸ਼ਾਦਾ ਰੋਟੀ ਭਲਣੀ[1]।
ਰਾਮਜੰਗਾ ਬੰਦੂਖੈਂ ਭਾਖੈਂ।
ਸਿਰੀ-ਸਾਹਿਬ ਤਰਵਾਰੈਂ ਆਖੈਂ ॥੧੨੨॥
ਚਾਵਲ ਕੋ ਗਰੜੇ ਪੁਨ ਬਕ ਹੈਂ[1]।
ਸਾਗ-ਪਾਤ ਅੰਮ੍ਰਿਤ ਕਹਿ ਛਕ ਹੈਂ।
ਇਕ ਅਕਾਲ ਕਾ ਭਜਨ ਕਰਤ ਹੈਂ।
ਦੂਸਰ ਕੀ ਨਹਿਂ ਕਾਨ ਧਰਤ ਹੈਂ ॥੧੨੩॥
ਜੋ ਜੋ ਨਾਮ ਵਸਤੁ ਜਗ ਨੀਕੇ[1]।
ਸੋ ਗਹਿ ਰਾਖਯੋ ਇਨ ਸਭਿ ਠੀਕੇ।
ਨਰ ਕੋ ਸਿੰਘ, ਸਿੰਘਣੀਂ ਨਾਰੈਂ।
ਲੜਕੇ ਤਈਂ ਭੁਜੰਗੀ ਚਾਰੈਂ[1] ॥੧੨੪॥
ਹਮ ਮਾਰਤ ਉਨ ਕੋ ਥਕ ਗਏ।
ਬਢਤ ਜਾਤ ਵਹਿ ਨਿਤ ਪ੍ਰਤਿ ਨਏ।
ਔਰ ਸਭੈ ਇਨ ਮਾਹਿਂ ਭਲਾਈ।
ਤੁਰਕੈਂ ਹਤ ਹੈਂ ਇਹੈ ਬੁਰਾਈ ॥੧੨੫॥
ਜਾ-ਜਰੂਰ ਕੋ ਕਾਬਾ ਭਾਖੈਂ[1]।
ਖਤਰੇ ਕੋ ਯਹਿ ਮੁਗਲ ਸੁ ਆਖੈਂ[1]।
ਜਬਿ ਖਤਰੇ ਹੋਵਨ ਸੋ ਜੈਹੈਂ।
ਕਹੈਂ ਰਸਦ ਕਾਜੀ ਕੋ ਦੈਹੈਂ ॥੧੨੬॥
ਔਰ ਬੋਲੀਆਂ ਬਹੁ ਬਿਧਿ ਜੇਤੀ।
ਬੋਲਤ ਯਹਿ ਸਭਿ ਨਿਜ ਸੰਕੇਤੀ[1]।
ਖਾਨ ਬਹਾਦਰ ਨੈ ਯਹਿ ਸਬਿਹੀ।

[1]ਸੋਟੇ ਨੂੰ ਫਤੇ-ਕੁਮੈਤ (ਜਾਣ ਕੇ) (ਛੇਰੈਂ) ਹਿਲਾਉਂਦੇ ਹਨ।
[1]ਸੋਗ ਨੂੰ ਵੈਰਾਗ ਕਹਿੰਦੇ ਹਨ।
[1]ਛਾਨਣੀ ਨੂੰ।
[1]ਰੋਟੀ ਤੇ ਫੁਲਕੇ ਨੂੰ ਭਲੀ ਤਰ੍ਹਾਂ ਪ੍ਰਸ਼ਾਦਾ ਕਹਿੰਦੇ ਹਨ।
[1]ਕਹਿੰਦੇ ਹਨ।
[1]ਜੋ ਜੋ ਜਗਤ ਵਿੱਚ ਚੰਗੀਆਂ ਵਸਤਾਂ ਦੇ ਨਾਮ ਹਨ।
[1]ਸੁੰਦਰ।
[1]ਟੱਟੀ ਵਾਲੀ ਜਗ੍ਹਾ ਨੂੰ ਕਾਬਾ ਕਹਿੰਦੇ ਹਨ।
[1]ਟੱਟੀ ਨੂੰ ਮੁਗ਼ਲ ਕਹਿੰਦੇ ਹਨ।
[1]ਆਪਣੇ ਨਿਯਮਾਂ ਨਾਲ।

ਗਾਥ ਕਹੀ ਨਾਦਰ ਢਿਗ ਜਬਿਹੀ ॥੧੨੭॥
ਦੋਹਰਾ:
ਯਾ ਬਿਧਿ ਬੋਲਤ ਬੋਲੀਆਂ,
ਸਮਝਤ ਆਪਸ ਮਾਹਿਂ।
ਦੁਨੀਆਂ-ਦਾਰ ਫਕੀਰ ਵਹਿ,
ਨਹਿਂ ਕਿਛੁ ਜਾਨੇ ਜਾਹਿਂ ॥੧੨੮॥
ਹਠੀ ਤਪੀ ਸੂਰੇ ਸਤੀ,
ਜਵਾਂ-ਮਰਦ ਬਲਵਾਨ।
ਬੇਮੁਤਾਜ ਜਾਹਲ[1] ਜਤੀ,
ਇਨ ਸਮ ਕੋਇ ਨ ਆਨ ॥੧੨੯॥
ਪੁਨ ਗੁਰੂਅਨ ਕੀ ਗਾਥ ਸਭਿ,
ਅਰ ਬੰਦੇ ਕੇ ਜੰਗ*।
ਸਿੰਘਨ ਸਿਰ ਜੇਤਿਕ ਬਿਤੀ,
ਸਭਿ ਜਬਿ ਕਹੀ ਨਿਸੰਗ ॥੧੩੦॥
ਸੁਨਿ ਹਵਾਲ ਸਿੰਘਾਨ ਕਾ,
ਨਾਦਰ ਸ਼ਹ ਬਿਸਮਾਇ।
ਅੰਗੁਰੀ ਦਾਂਤਨ ਮੈਂ ਲਈ,
ਗੈਰਤ ਹੈਰਤ ਖਾਇ[1] ॥੧੩੧॥
ਨਾਦਰ ਕਾਦਰ[1] ਸੋਚ ਪੁਨ,
ਕਹਜੋ ਨੁਵਾਬੈਂ ਐਸ।
ਜੇ ਕਰਿ ਹੈਂ ਵਹਿ ਐਸ ਹੀ,
ਭਾਖਤ ਹੋ ਤੁਮ ਜੈਸ ॥੧੩੨॥
ਤੌਂ ਯਹਿ ਮਾਰੇ ਨਹਿਂ ਮਰੈਂ,
ਜੀਤਿ ਸਕੈ ਇਨ ਕੌਨ।
ਨਾਹੱਕ ਸਹਿਤ ਕਲੇਸ਼ ਤੁਮ,
ਦੁਖ ਦੇਤ ਇਨ ਜੌਨ[1] ॥੧੩੩॥
ਮਾਰਤ ਹੋ ਤੁਮ ਆਪ ਹੀ,
ਅਪਨੇਂ ਪਾਉਂ ਕੁਠਾਰ[1]।

[1]ਅਨਪੜ੍ਹ।

*ਅਰ ਬੰਦੇ ਕੇ ਜੰਗ' ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਸ਼ੁੱਧ ਕੀਤਾ ਹੈ, ਲਾਹੌਰ ਐਡੀਸ਼ਨ 'ਚ ਪਾਠ ਛਪਿਆ ਹੋਇਆ ਹੈ, 'ਅਰ ਬ=ਦੇਸ ਕੇ ਜੰਗ' ਜੋ ਬਿਲਕੁਲ ਹੀ ਅਸ਼ੁੱਧ ਹੈ।

[1](ਹੈਰਤ) ਹੈਰਾਨ ਹੋ ਕੇ (ਗ਼ੈਰਤ) ਸ਼ਰਮ ਖਾ ਗਿਆ।

[1]ਬਲਵਾਨ।

[1]ਜਿਹੜੇ ਤੁਸੀਂ ਇਨ੍ਹਾਂ ਨੂੰ ਦੁੱਖ ਦੇਂਦੇ ਹੋ (ਨਾਹੱਕ) ਬਿਅਰਥ ਕਲੇਸ਼ ਸਹਾਰਦੇ ਹੋ।

[1]ਪੈਰੀਂ ਕੁਹਾੜਾ।

ਕੁਛ ਦਿਨ ਕੋ ਯਹਿ ਹੋਇ ਹੈਂ,
ਮਾਲਕ ਮੁਲਕ ਮਝਾਰ ॥ ੧੩੪ ॥
ਯੌਂ ਕਹਿ ਨਾਦਰ ਗਯੋ ਤਬਿ,
ਤਰਫ ਕੰਧਾਰ ਸਿਧਾਰ।
ਦਸ ਅੱਠ ਸੈ ਪਰ ਦੋਇ ਥਾ,
ਸੰਮਤ ਤਬਿ ਨਿਰਧਾਰ[1] ॥ ੧੩੫ ॥
ਗਦਰ ਜਦਰ ਕਹਿ ਨਾਦਰੀ,
ਕਤਲ ਸਦਰ ਤੁਰਕਾਨ[1]।
ਬਿਸ੍ਰਾਮ ਕੀਨ ਬਿਸ੍ਰਾਮ ਅਬਿ,
ਅਵਸਰ ਅਵਸ ਪਛਾਨਿ[1] ॥ ੧੩੬ ॥

[1]ਨਿਰਣਾ ਕਰੋ ਤਦੋਂ ਸੰਮਤ ੧੮੦੨ ਬਿ. ਸੀ।

[1]ਨਾਦਰ ਦੀ ਬਗ਼ਾਵਤ ਤੇ ਜੰਗ ਅਤੇ ਤੁਰਕਾਂ ਦੇ ਵੱਡੇ ਅਫ਼ਸਰਾਂ ਦੇ ਕਤਲ ਦਾ ਪ੍ਰਸੰਗ ਕਹਿ ਕੇ।

[1]ਧਿਆ ਨੇ (ਅਵਸ) ਚੰਗਾ (ਅਵਸਰ) ਸਮਾਂ ਪਛਾਣ ਕੇ (ਬਿਸ੍ਰਾਮ) ਟਿਕਾ ਕਰ ਲਿਆ ਹੈ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਨਾਦਰ ਸ਼ਾਹ ਕਾ ਆਵਨ', ਬਰਨਨੰ ਨਾਮ ਤੀਸਮੋਂ ਬਿਸ੍ਰਾਮ ॥ ੩੦ ॥

੩੧. {ਸਿੰਘਾਂ ਉੱਪਰ ਜ਼ੁਲਮ, ਸਿੰਘਾਂ ਦਾ ਵਿਦੇਸ਼ਾਂ ਵਿੱਚ ਜਾਣਾ, ਮਤਾਬ ਸਿੰਘ ਨੇ ਮੱਸੇ ਰੰਘੜ ਨੂੰ ਮਾਰਨਾ, ਚੌਧਰੀ ਨੱਥਾ ਖਹਿਰਾ ਤੇ ਰਾਇ ਸਿੰਘ ਦਾ ਪ੍ਰਸੰਗ}

ਕਬਿੱਤ:

ਜਾ ਕੈ ਨੈਨ ਕੋਰ ਓਰ ਦੇਵ ਕਮਲਾਸਨ ਸੇ,
ਰਹਿਤ ਨਿਹਾਰਤ ਚਹਿਤ ਅਨੁਸਾਸਨ[1]।

[1]ਜਿਸ (ਜਗਤ ਮਾਤਾ) ਦੇ ਨੇਤ੍ਰਾਂ ਦੇ (ਕੋਰ) ਕੋਇਆਂ ਦੀ ਤਰਫ਼ (ਕਮਲਾਸਨ) ਬ੍ਰਹਮਾ ਵਰਗੇ ਦੇਵਤੇ ਦੇਖਦੇ ਰਹਿੰਦੇ ਹਨ ਤੇ (ਅਨੁਸਾਸਨਾ) ਆਗਿਆ ਚਾਹੁੰਦੇ ਹਨ।

ਤਾਹਿਂ ਜਗਿ-ਜਨਨਿ ਕੇ ਬਨਨਿ ਤੈ ਦਾਸ ਖਾਸ,
ਦੁੰਦ ਦੁੱਖ ਦੂਰ ਹੋਤ ਪੂਰ ਜਾਤ ਵਾਸਨਾ[1]।

[1]ਤਿਸ ਜਗਤ ਮਾਤਾ ਦੇ ਖ਼ਾਸ ਦਾਸ ਬਣਨ ਕਰ ਕੇ (ਦੁੰਦ) ਭਿਆਨਕ ਦੁਖ ਦੂਰ ਹੋ ਜਾਂਦੇ ਹਨ ਤੇ ਇੱਛਾ ਪੂਰੀ ਹੋ ਜਾਂਦੀ ਹੈ।

ਹਾਥ ਜੋਰਿ ਮਾਥ ਨਾਇ ਮਾਤ ਕੋ ਮਨਾਇ ਅਬਿ,
ਚੈਹੋਂ ਹਿਤ ਸਾਥ ਨਾਥ ਪੰਤ ਗਾਥ ਭਾਸਨਾਂ[1]।

[1]ਹੁਣ ਹੱਥ ਜੋੜ ਤੇ ਸਿਰ ਨਿਵਾ ਕੇ ਜਗਤ ਮਾਤਾ ਨੂੰ ਮਨਾ ਕੇ ਸੁਆਮੀ ਪੰਥ ਦੀ ਪ੍ਰੇਮ ਨਾਲ ਕਥਾ (ਭਾਸਨਾ) ਕਹਿਣੀ ਚਾਹੁੰਦਾ ਹਾਂ।

ਜਾਹਿਂ ਤੈ ਸੁਪਾਥ ਪਾਇ ਆਸ ਮੈਂ ਸਨਾਥ ਥਾਇ,
ਧਾਇ ਕੈ ਅਕਾਸ-ਮਗ ਲਾਥਿ ਜਮ ਸਾਸਨਾਂ[1] ॥੧॥

[1]ਜਿਸ (ਕਥਾ) ਤੋਂ ਸ੍ਰੇਸ਼ਟਰਸਤਾ ਪਾ ਕੇ ਆਸ ਹੈ ਕਿ ਮੈਂ ਸਫਲਾ ਹੋ ਜਾਵਾਂਗਾ। (ਅਕਾਸ਼ ਮਗ) ਸਚਖੰਡ ਦੇਰਸਤੇ ਜਾ ਕੇ ਜਮਾਂ ਦੀ (ਸਾਸਨਾ) ਤਾੜਨਾ ਲੱਥ ਜਾਵੇਗੀ।

ਸਿੰਘਨ ਕੇ ਸੰਗ ਜਿਮ ਜੁਲਮੀ ਕਮੈ ਹੈ ਸੂਬਾ,
ਸਖਤ ਵਖਤ ਇਕ ਲਖਤ[1] ਦਿਖਾਇ ਹੈ।
ਜੈਹੈ ਜਸੋਂ ਬਿਦੇਸ ਮੈਂ ਨਰੇਸਨ ਪੈ ਰੈਹੈਂ ਸਿੰਘ,
ਨੌਕਰੀ ਕਰੈ ਹੈਂ ਕੇਉ ਟੋਕਰੀ ਉਠਾਇਂ ਹੈਂ।
ਭੰਗੜ ਜੰਗੜ ਸਿੰਘ[1] ਮਾਲਵੈ ਮੈਂ ਰੈਹੈਂ ਜਿਮ,
ਮਾਰੈਂ ਮੱਸੇ ਰੰਘੜ ਕੋ ਬੰਘੜ ਚਢਾਇ ਹੈਂ[1]।
ਸੁਨੋ ਪੰਥ ਖਾਲਸਾ ਜੀ ਆਲਸਾ ਤਿਆਗ ਜਰਾ,
ਸਿੰਘਨ ਕੀ ਕਰਨੀ ਨ ਬਰਨੀ ਸੁ ਜਾਇ ਹੈ ॥੨॥

[1]ਇਕ-ਦਮ।

[1]ਸੁਖੱਈ ਤੇ ਲੜਾਕੇ ਸਿੰਘ।

[1](ਬੰਗੜ) ਖ਼ਮਦਾਰ ਤਲਵਾਰ 'ਤੇ ਚੜ੍ਹਾ ਕੇ।

ਸ੍ਵੈਯਾ:

ਨਾਦਰ ਕਾ ਲੁਟ ਮਾਲ ਭਏ ਜਬਿ,
ਸਿੰਘ ਅਸੂਦੇ[1] ਸਭੈ ਬਿਧਿ ਭਾਰੇ।
ਜਾਇ ਰਹੇ ਨਿਜ ਧਾਮਨ ਮੈਂ ਕੁਛ,
ਔਰ ਬਹੇ ਗੁਰੁ-ਚੱਕ ਅਪਾਰੇ।
ਹਾਸਦ ਲੋਗ ਚਿਪੇ[1] ਪਿਖ ਕੈ,

[1]ਧੰਨ ਸੰਪਦਾ ਸਹਿਤ, ਖ਼ੁਸ਼ਹਾਲ।

[1]ਈਰਖਾਲੂ ਲੋਕ ਚਿੜ ਗਏ।

ਢਿਗ ਜਾਇ ਨੁਵਾਬ ਖਰਾਬ ਪੁਕਾਰੇ।
ਆਗ ਲਗੀ ਸੁਨਿ ਨਾਜ਼ਮ ਆਜ਼ਮ[1], [1]ਵੱਡੇ ਸੂਬੇ ਨੂੰ।
ਟੌਂਡੀ ਕੇ[1] ਡੌਂਡੀ ਫਿਰਾ ਦਈ ਸਾਰੇ ॥੩॥ [1]ਮੁਸਲੀ ਦੇ ਪੁੱਤਰ ਨੇ।
ਬੋਲਿ ਕਹਯੋ ਸਭਿ ਲੰਬਰਦਾਰਨ
ਸਿੰਘਨ ਕੋ ਤੁਮ ਦੇਹੁ ਫੜਾਈ।
ਲੇਹੁ ਇਨਾਮ ਕਰੋ ਵਹਿ ਕਾਮ,
ਜਿਮੈਂ ਕਹੂੰ ਸਿੰਘ ਕੋਰਹਿਨੋ ਨਹਿਂ ਪਾਈ।
ਲੋਭ ਪਗੇ[1] ਸੁ ਲਗੇ ਪਕਰਾਵਨ, [1]ਰੰਗੇ ਹੋਏ।
ਲੋਗ ਤਬੈ ਬਹੁ ਸਿੰਘਨ ਤਾਂਈਂ।
ਫੌਜ ਅਪਾਰ ਪਠੀ ਦਿਸ ਚਾਰਨ,
ਮਾਰਨ ਸਿੰਘ ਹੇਤ ਤਦਾਈਂ ॥੪॥
ਧਾਮ ਲਏ ਲੁਟ ਸਿੰਘਨ ਕੇ,
ਹਤਿ[1] ਬਾਲ ਬਚੇ ਬਹੁ ਕੀਨ ਖ੍ਵਾਰੇ। [1]ਮਾਰ ਕੇ।
ਛੋਰਿ ਗਰਾਮਨ ਧਾਮਨ ਕੋ ਸਿੰਘ,
ਕਾਨਨ ਮਾਹਿਂ[1] ਧਸੇ ਤਬਿ ਸਾਰੇ। [1]ਜੰਗਲਾਂ ਵਿੱਚ।
ਫੌਜ ਰਹੈ ਗਿਰਦੈ ਤੁਰਕੀ ਬਹੁ,
ਲੋਗ ਭਏ ਸਭਿ ਮਾਰਨ ਵਾਰੇ।
ਲੈਨ ਨ ਚੈਨ ਮਿਲੈ ਦਿਨ ਰੈਨ,
ਸਿੰਘੈਂਨ[1] ਪਰੀ ਬਿਪਤਾ ਅਤਿ ਭਾਰੇ ॥੫॥ [1]ਸਿੰਘਾਂ ਨੂੰ।
ਸਿੰਘ ਭਏ ਮਿਰਗਾਨ ਕੀ ਸੂਰਤ[1], [1]ਹਰਨਾਂ ਦੀ ਤਰ੍ਹਾਂ।
ਮੂਰਤਿ ਭੀਲਨ[1] ਮਾਤ ਕਰੀ। [1]ਭੀਲਾਂ ਦੀਆਂ ਸ਼ਕਲਾਂ।
ਨਹਿਂ ਖਾਨਰੁ ਪਾਨ ਮਿਲੈ ਤਿਨ ਕੋ,
ਗਿਰਦੇਰਹਿ ਦੁੱਜਨ ਭੀਰ ਅਰੀ[1]। [1]ਦੁਸ਼ਟ ਵੈਰੀਆਂ ਦੀ ਭੀੜ।
ਫਿਰ ਸਿੰਘਨ ਭੀ ਤਜਿ ਜੀਵਨ ਆਸ,
ਤੁਕਾਨਿ ਹਿਰਾਨ ਬਿਰਾਨ ਕਰੀ।
ਨਿਤ ਜੰਗ ਅਭੰਗ[1] ਨਿਸੰਗ ਲਗਯੋ ਰਹਿ, [1]ਲਗਾਤਾਰ।
ਅੰਗ ਕਟੇ ਧਰ ਰੰਗ ਭਰੀ[1] ॥੬॥ [1]ਧਰਤੀ ਖ਼ੂਨ ਨਾਲ ਭਰ ਗਈ।
ਬਹੁ ਲੋਗਨ ਸਿੰਘ ਘਨੇ ਪਕਰਾਇ,
ਇਨਾਮ ਲਏ ਸੁ ਹਰਾਮ ਖਏ।
ਕਿਨ ਖੇਸਰੁ ਲੁੰਙੀ ਦੁਸ਼ਾਲੇ ਬਿਸਾਲੇ,

ਲਈ ਨਕਦੀ ਕੋਊ ਪੈਂਚ ਭਏ।
ਵਡ ਖਾਨ ਖਰਾਬ ਨੁਵਾਬ ਅਜਾਬ ਦੈ[1], — [1]ਦੁੱਖ ਦੇ ਕੇ।
ਸਿੰਘਨ ਕੇ ਸਿਰ ਭੂਰ[1] ਲਏ। — [1]ਬਹੁਤੇ।
ਅਤਿ ਰੌਰ ਤਰਾਸ ਹਿਰਾਸ ਪਰਜੋ,
ਸਭਿ ਦੇਸ ਮਝਾਰ ਅਪਾਰ ਅਏ[1] ॥੭॥ — [1]ਬਹੁਤਾਰੌਲਾ, ਡਰ ਤੇ ਸਹਿਮ ਸਾਰੇ ਦੇਸ ਵਿੱਚ ਬਹੁਤਾ ਆ ਕੇ ਪੈ ਗਿਆ।

ਦੋਹਰਾ:
ਜਿਨ ਜਿਨ ਲੋਗਨ ਸਿੰਘ ਤਬਿ,
ਮਰਵਾਏ ਪਕਰਾਇ।
ਤਿਨ ਕੇ ਨਾਮ ਸੁ ਗ੍ਰਾਮ ਅਬਿ,
ਕੇਤਿਕ ਦੈਹੁਂ ਬਤਾਇ ॥੮॥

ਕਬਿੱਤ:
ਹੁਤੋ ਜੋ ਜੰਡਯਾਲੀਏ ਚੰਡਾਲੀਏ ਹਿੰਦਾਲੀਏ,
ਕ੍ਰਿਤਘਨ ਗੁਰੁ ਲੋਪੀ[1] ਨਿੰਦਕ ਮਹਾਨੀਏਂ। — [1]ਗੁਰਾਂ ਨੂੰ ਛੁਪਾਉਣ ਵਾਲੇ।
ਸਿੰਘਨ ਕੇ ਸੰਗ ਬਾਦ[1] ਆਦਿ ਤੇ ਰਖਤ ਵਹਿ, — [1]ਝਗੜਾ।
ਬੇਮੁਖ ਭਏ ਥੇ ਗੁਰੁ ਘਰ ਤੈ ਪਛਾਨੀਏਂ।
ਹਰਮੁਖ ਦਾਸ ਥਾ ਮਹੰਤ ਤਬਿ ਤਿਨਹੀਂ ਮੈਂ,
ਦੂਤੀ ਹਰਿ-ਭਗਤ ਨਿਰੰਜਨੀਆ ਮਾਨੀਏਂ।
ਔਰ ਥੇ ਮਜੀਠੇ ਵਾਲੇ ਗਿੱਲ ਜੱਟ ਬੈਰੀ ਭਾਰੇ,
ਚੌਧਰੀ ਰੰਧਾਵਾ ਰਾਮਾ, ਕ੍ਰਮਾ ਛੀਨਾ ਜਾਨੀਏਂ ॥੯॥
ਹਿੰਮਤਰਾ ਭੜਾਣੀਆਂ ਸਾਹਿਬ ਰਾ ਨੁਸ਼ਹਿਰੇ ਵਾਰੋ,
ਦਲਪਤ ਰਾਇ ਪੱਟੀ ਕੇਰ ਬਦਰਾਹੀਆ[1]। — [1]ਬੁਰੇਰਾਹ ਚਲਣ ਵਾਲਾ।
ਧ੍ਰਮ ਦਾਸ ਜੋਧ ਨੱਗਰ ਕੇਰੋ, ਰਾਜੇ-ਸਾਹਿੰਸੀ ਕੇ ਜੱਟ,
ਫਗਵਾੜੀਏ ਥੇ ਚੌਧਰੀ ਅਲਾਹੀਆ[1]। — [1]ਨਾਮ।
ਰੰਘੜ ਮੰਡਯਾਲੇ ਵਾਲੇ ਮੱਸੇ ਲੌਂ, ਕਮਾਲੇ ਮਧ
ਸੁਨਿਆਰੇ[1], ਔ ਬੁਤਾਲੇ ਵਾਲੇ ਗੁਮ-ਰਾਹੀਆ[2]। — [1]ਕਮਾਲੇ ਪਿੰਡ ਵਿਚਲੇ ਸੁਨਾਰੇ। [2]ਭੁੱਲੜ।
ਔਰ ਥੇ ਜਲੰਧਰੀਏ ਮੂਢ ਗੂਢ[1], — [1]ਬਹੁਤੇ ਮੂਰਖ।
ਬਸੀ ਕਾ ਹੁਸੈਨ ਖਾਨ, ਦੱਖਣੀ[1] ਕਾ ਸਾਹੀਆ — [1]ਪਿੰਡ।

॥ ੧੦ ॥

ਇੱਤਜਾਦਿ ਜਿਮੀਂਦਾਰ ਚੌਧਰੀ ਅਪਾਰ ਪੈਂਚ,
ਠੇਕੇਦਾਰ ਸਰਦਾਰ ਹਿੰਦੂ ਤੁਕ ਜਾਨ[1] ਜੇ। — [1]ਜਾਨਣਾ ਕਰੋ।
ਲੋਗ ਸੁਲਤਾਨੀਏ ਥੇ ਦੁਖਦ ਮਹਾਨੀਏਂ,
ਤਮਾਮ ਬੈਰੀ ਸਿੰਘਨ ਕੇ ਬਨ ਰਹੇ ਜਾਂਨ ਜੇ[1]। — [1]ਜਿਹੜੇ ਜਾਨ ਦੇ ਵੈਰੀ ਬਣ ਰਹੇ ਸਨ।
ਕੋਈ ਨ ਕਸੂਰ ਰਾਖੀ ਸੂਰਨ ਕਸੂਰ ਵਾਰਜੋਂ,
ਹੁਤੇ ਮਸ਼ਹੂਰ ਤਬਿ ਭੂਰ ਅਫਗਾਨ ਜੇ[1]। — [1]ਕਸੂਰ ਵਾਲਿਆਂ ਸੂਰਾਂ ਨੇ ਜਿਹੜੇ ਤਦੋਂ ਬਹੁਤੇ ਮਸ਼ਹੂਰ ਪਠਾਣ ਸਨ (ਉਨ੍ਹਾਂ ਨੇ ਵੀ) ਕੋਈ (ਕਸੂਰ) ਕਸਰ ਬਾਕੀ ਨਾਰੱਖੀ।
ਸਿੰਘਨ ਕੋ ਪਕਰਾਇ ਪਾਇਂ ਜੋ ਇਨਾਮ ਖਾਇਂ,
ਹਿੰਦੂਆਂ ਕੋ ਗਾਇਂ ਸਾਇ ਸੂਰ ਤੁਰਕਾਨ ਜੇ[1]$ — [1]ਉਹ ਹਿੰਦੂਆਂ ਨੂੰ ਗਾਂ ਤੇ ਤੁਰਕਾਂ ਨੂੰ ਸੂਰ ਦੇ ਤੁੱਲ ਸੀ।

॥ ੧੧ ॥

ਐਸੀ ਭਾਂਤਿ ਲੋਗਨ ਅਪਾਰੇ ਸਿੰਘ ਮਾਰੇ ਤਬਿ,
ਸਿੰਘਨ ਕੋ ਕਾਹੂੰ ਠੌਰ ਟਿਕਨੋ ਨ ਪਾਏ ਹੈਂ।
ਦਸ ਲੈ ਬਤਾਵੈ ਜੋਊ, ਬੀਸ ਲੈ ਦਿਖਾਵੈ ਕੋਊ[1], — [1]ਜੋ (ਸਿੰਘਾਂ ਦਾ ਪਤਾ) ਦੱਸੇ ਉਹ ਦਸ ਰੁਪਏ ਤੇ (ਜੋ) ਕੋਈ ਵਿਖਾ ਦੇਵੇ ਉਹ ਵੀਹ (੨੦) ਰੁਪਏ (ਇਨਾਮ) ਲੈ ਲੈਂਦਾ ਹੈ।
ਚਾਲੀ ਲੇਵੈ ਸੋਊ ਜੋਊ ਪਕਰਿ ਲਿਆਏ ਹੈ।
ਸੀਸ ਕੱਟ ਲਜਾਵੈ ਜੋਊ ਅੱਸੀ ਸੌ ਰੁਪੱਈਏ ਪਾਵੈ,
ਕੇਸ ਜੋ ਦਿਖਾਵੈ ਮੂੰਡ[1] ਸੋ ਪਚਾਸ ਪਾਏ ਹੈ*। — [1]ਕੇਸ ਮੁੰਨ ਕੇ ਦਿਖਾ ਦੇਵੇ। *ਅੰਕ ਨੰ. ੧੧ ਦੀ ਚੌਥੀ ਤੁਕ ਅਤੇ ਅੰਕ ਨੰ. ੧੨ ਦੀਆਂ ਦੂਜੀ ਤੇ ਤੀਜੀ ਦੋ ਤੁਕਾਂ ਅੰਮ੍ਰਿਤਸਰ ਐਡੀਸ਼ਨ 'ਚੋਂ ਲਈਆਂ ਹਨ। ਲਾਹੌਰ ਐਡੀਸ਼ਨ ਵਿੱਚ ਅੰਕ ਨੰ. ੧੧ ਦੀ ਪਹਿਲੀ ਤੇ ਅੰਕ ਨੰ. ੧੨ ਦੀ ਤੀਜੀ ਦੋਵੇਂ ਤੁਕਾਂ ਤਾਂ ਕਿਤੇ ਛਪਣ ਸਮੇਂ ਹੀ ਰਹਿ ਗਈਆਂ ਹਨ ਅਤੇ ਅੰਕ ਨੰ. ੧੩ ਦੀ ਦੂਜੀ ਤੁਕ 'ਚ ਪਾਠ ਕਾਫੀ ਬਦਲਿਆ ਹੋਇਆ ਹੈ।
ਔਰ ਪਾਪ ਗੌਰ[1] ਐਸ ਤੌਰ ਬਹੁ ਠੌਰ ਥੈਹੈਂ, — [1]ਬਹੁਤ।
ਕੇਸ-ਵਾਰੇ ਕੋਊ ਕਿਤ ਬਚਨੋ ਨ ਪਾਏ ਹੈਂ

॥ ੧੨ ॥

ਸੈਨ ਤੁਰਕਾਨ ਕੀ ਸਿੰਘਾਨ ਕੋ ਮਹਾਨ ਐਨ[1], — [1]ਚੰਗੀ ਤਰ੍ਹਾਂ।
ਖੋਜਤ ਫਿਰਤ ਦਿਨਰੈਨ ਠੌਰ ਠੌਰ ਮੈਂ।
ਹੁਕਮ ਨੁਵਾਬ ਯੌਂ ਪਠਾਵੈ ਨਿਤ ਦੇਸ ਮਾਹਿਂ,
ਰਹਿਨੋ ਨ ਪਾਵੈ ਸਿੰਘ ਕੋਈ ਕਿਸੀ ਠੌਰ ਮੈਂ।
ਸੀਮ[1] ਜਿਸ ਗ੍ਰਾਮ ਕੀ ਮੈਂ ਹ੍ਵੈ ਹੈ ਸਿੰਘ ਸਹੀ ਕਹੀਂ, — [1]ਹੱਦ ਵਿੱਚ
ਤਾਂਹੀ ਕੋ ਉਜਾਰੋ ਕਰਿ ਖ੍ਵਾਰ ਮਾਰੋਂ ਗੌਰ[1] ਮੈਂ। — [1]ਬਹੁਤਾ ਖੁਆਰ ਕਰਕੇ।

ਐਸੇ ਸੁਨਿ ਲੋਗ ਸਭਿ ਬੈਰੀ ਭਏ ਸਿੰਘਨ ਕੇ,
ਸਿੰਘਨ ਕੋ ਬੈਠਨੋ ਨ ਪਾਵੈ ਕਿਸੀ ਤੌਰ ਮੈਂ ॥੧੩॥
ਸਖਤ ਵਖਤ ਪਰਜੋ ਅਤਿ ਹੀ ਸਿੰਘਾਨ ਪਰ,
ਤਜ ਕੈ ਪੰਜਾਬ ਗਏ ਇਤ ਉਤ ਧਾਇ ਕੈ।
ਕਰੀ ਕਾਹੂੰ ਨੌਕਰੀ ਔ ਟੋਕਰੀ ਉਠਾਈ ਕਿਨ,
ਛਪੇ ਕੇਈ ਪਰਬਤੋਂ ਮੈਂ ਭੇਸ ਬਦਲਾਇ ਕੈ।
ਘਨੋ ਪੰਥ ਮਾਲਵੇ ਬੈਰਾੜਨ ਮੈਂ ਜਾਇ ਰਹਜੋ,
ਭੂਪ ਰਜਪੂਤਨ ਪੈ ਰਹੇ ਕੇਈ ਜਾਇ ਕੈ।
ਏਕ ਭੀ ਨ ਸਿੰਘਰਹਜੋ ਜਬਿ ਯੌਂ ਪੰਜਾਬ ਵੀਚ,
ਖੁਸ਼ੀ ਭਏ ਨੀਚ ਤੁਰਕ ਹਿੰਦੂ ਮੁਦ ਪਾਇ ਕੈ ॥੧੪॥

ਸ੍ਵੈਯਾ:
ਸਿੰਘ ਕਪੂਰਹਿੰ ਆਦਿ ਜਿਤੇ
ਮਸ਼ਹੂਰ ਹੁਤੇ, ਕਿਤ ਦੂਰ ਪਿਆਨੇਂ।
ਮਾਲਵ ਦੇਸ ਬਿਖੇ ਬਿਥਰੇ ਬਹੁ,
ਗ੍ਰਾਮ ਅਨੇਕਨ ਠਾਮ ਥਿਰਾਨੇ[1]। [1]ਅਨੇਕ ਪਿੰਡਾਂ ਦੇ ਟਿਕਾਣਿਆਂ ਵਿੱਚ ਜਾ ਠਹਿਰੇ।
ਸੇਵ ਕਰੈਂ ਸਿੱਖ ਮਾਲਵ ਕੇ ਸਭਿ,
ਜਾਨਿ ਗੁਰੂ ਸਿੱਖ ਭ੍ਰਾਤ ਮਹਾਨੇ[1]। [1]ਵੱਡੇ ਭਰਾ ਹਨ।
ਪੈ ਨ ਮਝੈਲ ਸੁਭਾਵ ਤਜੈਂ ਨਿਜ,
ਨਾ ਉਪਕਾਰ ਤਿਨੈਂ ਕਿਛੁ ਮਾਨੇ ॥੧੫॥
ਦੇਸ ਤਿਹਾੜ[1] ਬਿਰਾੜਨ ਮਾਹਿਂ, [1]ਇਕ ਪੁਰਾਣਾ ਸ਼ਹਿਰ ਤੇ ਉਸ ਦੇ ਆਸ ਪਾਸ ਦਾ ਇਲਾਕਾ।
ਹਰੀ ਕੈ ਗਰਾਮਨ ਮਾਹਿਂ ਰਹੇ ਹੈਂ।
ਸਾਬੋ ਕੇ, ਤਪੇ, ਝਿਲੇਰੇ ਵਿਖੇ,
ਗਿਰਦੇ ਬਰਨਾਲੇ, ਸੁਨਾਮ ਬਹੇ ਹੈਂ।
ਫੂਲ ਕੇ ਕਾਲੇ ਕੇ ਸਾਬੋ ਕੇ ਦੁੱਲਟ,
ਮਾਨ ਧਾਲੀਵਾਲ ਆਦਿ ਲਹੇ ਹੈਂ[1]। [1]ਜਾਣੀਦੇ ਹਨ।
ਦੂਧ ਦਧੀ[1] ਘ੍ਰਿਤ ਥਾ ਮੁਕਤਾ[2] ਤਬਿ, [1]ਦਹੀਂ। [2]ਖੁੱਲ੍ਹਾ ਭਾਵ ਬਹੁਤਾ।
ਅੰਨ ਰੁ ਘਾਸ ਸ਼ੁਮਾਰ ਨਹੇਂ ਹੈਂ[1] ॥੧੬॥ [1]ਭਾਵ ਬੇ-ਸ਼ੁਮਾਰ ਸੀ।
ਸਾਫ ਹੁਤੇ ਨਿਸ-ਪਾਪ ਅਮਾਪਹਿ[1], [1]ਬਹੁਤੇ ਨਿਸ-ਕਪਟ ਸਨ।

ਮਾਲਵ ਦੇਸ ਕੇ ਲੋਗ ਬਿਸੇਸੈਂ।
ਨਾ ਰਖਤੇ ਕਿਛੁ ਭੇਦ ਸਿਖਾਨ ਤੇ,
ਖੋਟ ਹੁਤੀ ਉਨ ਕੇ ਨਹਿਂ ਲੇਸੈਂ[1]। — [1]ਥੋੜੇ ਮਾਤ੍ਰ ਵੀ।
ਸਿੰਘ ਮਝੈਲ ਹੁਤੇ ਖਚਰੇ,
ਤਿਨ ਕੀ ਤਿਯ ਧੀਅਨ ਤੇ ਨ ਟਲੇਸੈਂ।
ਆਵਨ ਕੇ ਵਕਤੈਂ ਕਢਿ ਲਜਾਵਨ,
ਤੌਂ ਭਿ ਨ ਸੋ ਤਜੈਂ ਸੇਵ ਅਸੇਸੈਂ[1]* ॥ ੧੭ ॥ — [1]ਸਾਰੀ ਭਾਵ ਹਰ ਤਰ੍ਹਾਂ ਦੀ। *ਮਾਝੇ ਤੇ ਮਾਲਵੇ ਦੇ ਨਾਮ ਤੇ ਪੰਥ ਵਿੱਚ ਦੁਫੇੜ ਪਾਉਣ ਵਾਲੀਆਂ ਅਜਿਹੀਆਂ ਲਿਖਤਾਂ ਬਾਰੇ ਵਿਸਥਾਰ ਸਹਿਤ ਦੇਖੋ ਉੱਤ੍ਰਾਰਧ ਦੇ ਬਿਸ੍ਰਾਮ ਨੰ. ੩੯ ਦੇ ਅੰਕ ਨੰ. ੬੮ ਤੇ * ਨਿਸ਼ਾਨ ਦੀ ਪੈਰ ਟੂਕ।

ਆਨ ਪਰੈ ਬਿਪਤਾ ਜਬਿ ਹੀ ਜਬਿ
ਲੋਗ ਮਝੈਲ ਨ ਛ੍ਵੈਂ ਇਨ ਤਾਂਈਂ[1]। — [1]ਇਨ੍ਹਾਂ (ਮਲਵੱਈਆਂ) ਨੂੰ।
ਜਾਇ ਕਟੈਂ ਮਲਵੱਯਨ ਕੇ ਘਰ,
ਸੇਵਹਿਂ ਸੋ ਲੱਖ ਕੈ ਗੁਰੁ ਭਾਈ।
ਸਿੰਘ ਮਝੈਲ ਚਢੈਂ ਤਹਿਂ ਤੈ ਮਿਲਿ,
ਲਜਾਵਹਿਂ ਲੂਟਿ ਸੁ ਖਾਹਿਂ ਥਿਰਾਈ[1]। — [1]ਬੈਠ ਕੇ।
ਦੂਰਹਿਂ ਦੂਰ ਲਗੈਂ[1] ਪਹੁਂਚੈਂ, — [1]ਤੱਕ।
ਬਡ ਧੂੰਮ[1] ਰਖੈਂ ਜਗ ਮਾਹਿਂ ਮਚਾਈ ॥ ੧੮ ॥ — [1]ਡੰਡਰੌਲੀ।
ਕੇਚਿਤ ਨੌਕਰ ਜਾਇ ਰਹੇ ਤਬਿ,
ਜੈਪੁਰ, ਜੋਧਪੁਰਾਦਿਕ ਠੌਰੈਂ।
ਥਾ ਤਬਿ ਜਾਰਜ ਸਾਹਿਬ ਨਾਮ,
ਫਰੰਗੀ ਫਰਾਂਸੀਸ ਹਾਂਸੀ ਮਧੌਰੈਂ[1]। — [1]ਜਾਰਜ ਨਾਮ ਦਾ ਫ਼ਰਾਂਸੀਸੀ ਅੰਗ੍ਰੇਜ਼ ਹਾਂਸੀ ਸ਼ਹਿਰ ਵਿੱਚ ਸੀ।
ਔਰ ਹੁਤੋ ਸਿਮਰੂ ਫਰਾਂਸੀਸ,
ਰਿਆਸਤ ਸ੍ਰਧਨਾਂ ਥੀ ਤਿਸ ਗੌਰੈਂ[1]। — [1]ਸਰਧਨਾ ਨਾਮ ਦੀ ਉਸ ਦੀ ਵੱਡੀ ਰਿਆਸਤ ਸੀ।
ਸਿੰਘ ਰਖੇ ਉਨ ਭੀ ਬਹੁਤੇ,
ਧਨ ਆਦਰ ਦੈ ਢਿਗ ਸ੍ਵੈ ਭਲ ਤੌਰੈਂ[1] ॥ ੧੯ ॥ — [1]ਆਪਣੇ ਪਾਸ ਚੰਗੀ ਤਰ੍ਹਾਂ।
ਯੌਂ ਜਬਿ ਸਿੰਘ ਪੰਜਾਬ ਗਏ ਤਜਿ,
ਦੇਸ ਬਿਦੇਸਨ ਮਾਹਿਂ ਕਿਤੇ ਹੈਂ[1]। — [1]ਕਿਸੇ ਥਾਂ।
ਖਾਨ ਬਹਾਦਰ ਤੈ ਚੁਗਲੈਂ ਦੁਗਲੈਂ[1], — [1]ਹਰਾਮੀਆਂ ਨੇ।
ਬਹੁ ਭਾਂਤਿ ਇਨਾਮ ਲਿਤੇ ਹੈਂ।

ਤਾਂ ਪਰ ਭੀਤਰ ਧਾਰਿ ਨੁਵਾਬ[1],
[1]ਤਾਂ ਵੀ ਨਵਾਬ ਨੇ (ਹਿਰਦੇ) ਅੰਦਰ (ਸਿੰਘਾਂ ਨੂੰ ਮੁਕਾਉਣਾ) ਧਾਰ ਕੇ।

ਇਲਾਕੇ ਤਿਨੈਂ ਇਮ ਬਾਂਟ ਦਿਤੇ ਹੈਂ।
ਜਾਂ ਕੇ ਇਲਾਕੇ ਵਿਖੈ ਸਿੰਘ ਆਇ,
ਦਿਜੈ ਪਕਰਾਇ ਜਿਤੈ ਸੁ ਤਿਤੇ ਹੈਂ[1] ॥੨੦॥
[1]ਜਿੰਨੇ ਹੋਣ ਉਨੇ ਹੀ।

ਫੇਰ ਕਹਯੋ ਚੁਗਲੈਂ ਦੁਗਲੈਂ,
ਸਿੰਘ ਜੀਵਤ ਹ੍ਵੈ ਜਬਿ ਲੌ ਕਿਤ ਕੋਈ।
ਸੋ ਗੁਰੁ ਚੱਕ ਜਰੂਰ ਅਵੈ,
ਤਕਰਾਈ ਰਖਾਉ ਤਹਾਂ ਬਹੁਤੋਈ[1]।
[1]ਬਹੁਤੀ।

ਮਾਨਿ ਨੁਵਾਬ ਸਹੀ, ਗੁਰੁ ਚੱਕ
ਉਤਾਰ ਦਈ, ਕੁਛ ਫੌਜ ਤਦੋਈ[1]।
[1]ਤਦੋਂ ਹੀ।

ਸੌਂਪ ਦਯੋ ਵਹਿ ਰੰਘੜ ਮੱਸੇ ਕੋ,
ਹੁਤੋ ਚੰਡਾਲ ਕਮਾਲਹਿਂ[1] ਸੋਈ ॥੨੧॥
[1]ਬਹੁਤਾ।

ਦੋਹਰਾ:
ਮੱਸਾਰੰਘੜ ਦੁਸ਼ਟ ਤਬਿ, ਹੁਤੋ ਪੁਸ਼ਟ ਬਦਕਾਰ[1]।
[1]ਬਹੁਤਾ ਬਦ-ਚਲਣ।

ਕਰੈ ਬਿਅਦਬੀ ਅਧਿਕ ਹੀ, ਬੈਠਿ ਬੀਚ ਦਰਬਾਰ ॥੨੨॥

ਕਬਿੱਤੁ:
ਹੁਤੋ ਮੀਰਾਂ ਕੋਟੀਆ ਮਤਾਬ ਸਿੰਘ ਭੰਗੂ ਗੋਤ,
ਸੂਰਬੀਰ ਹਠੀ ਤਪੀ ਜਵਾਂ-ਮ੍ਰਦ ਬਾਂਕਰੈਂ[1]।
[1]ਸੁੰਦਰ।

ਸੋਊ ਨਿਜ ਸੰਘ ਲੈ ਨਿਸੰਗ ਬਹੁ ਸਿੰਘਨ ਕੋ,
ਰਹਯੋ ਬੀਕਾਨੇਰ ਜਾਇ ਨ੍ਰਿਪ ਢਿਗ ਚਾਕਰੈਂ।
ਹੋਰ ਜੋਊ ਸਿੰਘ ਜਾਵੈ ਤਾਹੀਂ ਕੋ ਰਖਾਵੈ ਤਹਾਂ,
ਨ੍ਰਿਪ ਸੰਗ ਬਾਤ ਭਲੀ ਬਨੀ ਤਾਹਿਂ ਆ ਕਰੈਂ[1]।
[1]ਆ ਕੇ।

ਬੀਤ ਗਏ ਕਈ ਮਾਹਿ ਜਬੈ ਇਤ ਬਿਧਿ ਤਾਂਹਿ,
ਸੱਤਰੂ ਨਿਚੀਤ ਹੋਇ[1] ਬਹੇ ਬਲ ਪਾ ਕਰੈਂ[2] ॥੨੩॥
[1]ਬੇ-ਫ਼ਿਕਰ ਹੋ ਕੇ। [2]ਜ਼ੋਰ ਪਾਕੇ।

ਦੋਹਰਾ:
ਅੰਮ੍ਰਿਤਸਰ ਦਰਬਾਰ ਮੈਂ, ਮੱਸਾਰੰਘੜ ਦੁਸ਼ਟ।
ਤੁਰਕਨ ਕੀ ਤਰਫੋਂ ਰਹੈ, ਕਰੈ ਬਿਅਦਬੀ ਪੁਸ਼ਟ[1]
[1]ਬਹੁਤੀ।

॥੨੪॥

ਸ੍ਵੈਯਾ:

ਤਾਹਿਂ ਸਮੇਂ ਫਿਰ ਕੇਤਿਕ ਸਿੰਘ,
ਪੰਜਾਬ ਦਿਸਾਨ ਤੈ ਹੋਇ ਵਿਰਾਨੇ[1]। — [1]ਉੱਜੜ ਕੇ।
ਸਿੰਘ ਮਤਾਬ ਕੇ ਪਾਸ ਗਏ,
ਤਿਨ ਦੇਸ ਕਾ ਬੂਝਨ ਕੀਨ ਬਿਆਨੇ[1]। — [1]ਹਾਲ।
ਤੋ ਉਨ ਸਿੰਘਨ ਰੋਇ ਕਹ੍ਯੋ,
ਨਹਿਂ ਬੂਝਹੁ ਬੀਰ[1] ਹਵਾਲ ਤਹਾਂਨੇ[2]। — [1]ਹੇ ਭਰਾ। [2]ਉਥੋਂ ਦਾ ਹਾਲ।
ਦੇਸ ਹਵਾਲ ਕਹ੍ਯੋ ਨਹਿਂ ਜਾਵਤ,
ਭਾਵਤ ਜੁਰਮ[1] ਕਰੈ ਤੁਰਕਾਨੇਂ ॥੨੫॥ — [1]ਮਨ-ਭਾਉਂਦੇ ਜ਼ੁਲਮ।
ਯਾਦ ਕਰੇ ਬਤੀਆਂ, ਛਤੀਆਂ
ਜਰ ਹੈਂ, ਭਰ ਹੈਂ ਅਖੀਆਂ ਥਕਿ ਬਾਨੀ[1]। — [1]ਬੋਲਣ ਸ਼ਕਤੀ ਥੱਕ ਜਾਂਦੀ ਹੈ।
ਸਿੰਘਨ ਸੰਗ ਭਈ ਜ਼ੁਲਮੀ ਅਤਿ,
ਮਾਰ ਕਰੇ ਤੁਰਕੈਂ ਬਹੁ ਫਾਨੀ[1]। — [1]ਨਾਸ਼।
ਦੇਸ ਪੰਜਾਬ ਵਿਖੈ ਪਿਖੀਏ ਅਬਿ,
ਸਿੰਘਨ ਕੀ ਕਿਤ ਨਾਹਿਂ ਨਿਸ਼ਾਨੀ।
ਵੀਚ ਦੂਬਾਰ ਸੁਧਾਸਰ ਕੇ,
ਇਕ ਹੋਵਤ ਨੀਤ ਅਨੀਤ ਮਹਾਂਨੀ[1] ॥੨੬॥ — [1]ਹਮੇਸ਼ਾਂ ਇਕ ਵੱਡੀ ਕੁਰੀਤੀ ਹੋ ਰਹੀ ਹੈ।

ਕਬਿੱਤੁ:

ਮੱਸਾ ਨਾਮ ਰੰਘੜ ਗੁਰੂ ਕੇ ਹਰਿਮੰਦਰ ਮੈਂ,
ਬੈਠ ਸੋ ਪਲੰਘ ਪਰ ਸਭਾ ਨਿਜ ਲਾਇ ਹੈ।
ਦਿਨ ਕੋ ਕਰਾਵੈ ਤਹਾਂ ਕੰਚਨੀ[1] ਕੋ ਨਾਚ ਨਿਤ, — [1]ਵੇਸਵਾ।
ਸੋਵਤ ਨਿਸਾ ਕੋ ਸੰਗ ਬੇਸਵਾ ਰਖਾਇ ਹੈ।
ਖਾਵਤ ਕਬਾਬ[1] ਔ ਸ਼ਰਾਬ ਤਹਾਂ ਤੁਰਕ ਸਭਿ, — [1]ਮਾਸ।
ਪੀਵਤ ਹੈਂ ਹੁੱਕੇ ਔਰ ਥੁੱਕੇਂ ਮਨ ਭਾਇ ਹੈਂ।
ਐਸੀ ਭਾਂਤਿ, ਹੋਵਤ ਬੇਅਦਬੀ, ਅਪਾਰ ਤਹਾਂ,
ਮੰਦਰ ਕੇ ਅੰਦਰ, ਨ ਕਹੀ ਸੁਨੀ ਜਾਇ ਹੈ ॥੨੭॥
ਬਾਤ ਏਹ ਸੁਨ ਕੈ ਮਤਾਬ ਸਿੰਘ ਚੌਕ ਉਠ੍ਯੋ[1], — [1]ਭੜਕ ਉੱਠਿਆ।
ਮਾਨੋ ਵਹਿ ਸਿੰਘ ਬਿੱਛੂ, ਬਾਕ ਡੰਗ ਲਾਯੋ ਹੈ[1]। — [1]ਮਾਨੋਂ ਉਸ ਸਿੰਘ ਰੂਪ ਬਿੱਛੂ ਨੇ ਆਪਣਾ ਬਚਨ ਰੂਪ ਡੰਗ

ਲਾਇਆ ਹੈ।

ਕਹਯੋ ਅਬਿ ਕੋਊ ਸਿੰਘ ਰਹਯੋ ਹੈ ਕਿ ਨਾਹੀਂ ਤਹਾਂ,
ਖੋਈ ਨਹਿੰ ਤਾਂ ਕੀ ਜਾਨ[1] ਜੀਵਤ ਤਜਾਯੋ ਹੈ। — [1]ਤਿਸ ਦੀ ਜਾਨ ਨਹੀਂ ਗਵਾਈ ਭਾਵ ਮਾਰਿਆ ਨਹੀਂ ?
ਕੈਧੋ ਸਤ ਤੁਟਯੋ, ਕੈਧੋ ਹੁਟਯੋ[1] ਹਠ ਸਿੰਘਨ ਤੈਂ, — [1]ਖ਼ਤਮ ਹੋ ਗਿਆ ਹੈ।
ਪੌਰਖ ਨਿਖੁਟਯੋ[1] ਕਿਧੋਂ ਜਾਨ ਦਿਨ[2] ਆਯੋ ਹੈ। — [1]ਬਲ ਨਾਸ਼ ਹੋ ਗਿਆ ਹੈ। [2](ਸਿੰਘਾਂ ਦੇ) ਜਾਣ ਦਾ ਭਾਵ ਖ਼ਤਮ ਹੋਣ ਦਾ ਦਿਨ।

ਐਸੇ ਸੁਨ ਕਰਿ ਉਨ ਸਿੰਘਨ ਬਖਾਨਯੋ ਪੁਨ,
ਸਿੰਘ ਗਏ ਦੌਰ ਜੈਸੇ ਤੂੰ ਭੀ ਦੌਰ ਆਯੋ ਹੈਂ ॥੨੮॥
ਜਾਨ ਤੈਂ ਬਚਾਈ ਜਿਮ ਦੇਸ ਤਜਿ ਆਯੋ ਭਾਈ,
ਤੈਸੇ ਸਭਿ ਔਰ ਸਿੰਘ ਗਏ ਕਿਤ ਧਾਇ ਕੈ।
ਸਿੰਘ ਕੋਊ ਰਹਿਨੋ ਨ ਪਾਯੋ ਹੈ ਪੰਜਾਬ ਵੀਚ,
ਉਪਾਲੰਭ[1] ਦੇਤ ਤੁਮ ਕਿਸ ਕੋ ਸੁਨਾਇ ਕੈ। — [1]ਉਲਾਂਭੇ।
ਜੰਗ ਜੇ ਮਚਾਵਤ ਥੇ ਲੂਟ ਕੂਟ ਖਾਵਤ ਥੇ
ਤੁਰਕਨ ਕੋ ਘਾਵਤ ਥੇ[1] ਨਿਤ ਪ੍ਰਤਿ ਧਾਇ ਕੈ। — [1]ਮਾਰਦੇ ਸਨ।
ਜਤੀ ਸਤੀ ਹਠੀ ਤਪੀ ਆਗੇ ਹੁਤੇ ਸਿੰਘ ਜੋਊ,
ਬਸੇ ਸੋਊ ਅਬਿ ਸਭਿ ਗੁਰੁ ਪੁਰਿ ਜਾਇ ਕੈ ॥੨੯॥
ਜਪਤ ਅਕਾਲ ਜੇ ਬਿਸਾਲ ਸਿੰਘ ਸੂਰੇ ਪੂਰੇ,
ਤੁਰਕਨ ਕੇ ਸੰਗ ਜੰਗ ਸੰਮੁਖ ਮਚਾਵਤੇ।
ਲੇਵਤੇ ਸ਼ਹੀਦੀ ਜਮ ਜਾਲ ਤੇ ਰਸੀਦੀ[1] ਜੋਊ, — [1]ਛੁੱਟੀ, ਮੁਕਤੀ।
ਸਿਰੋਂ ਪਰੇ ਰਾਖਤੇ ਥੇ ਡੇਰਾ, ਰਹੇ ਜਾਵਤੇ[1]। — [1]ਜਦੋਂ ਤੱਕ (ਜਿਉਂਦੇ) ਰਹੇ।
ਅਬਿ ਹਮ ਤੁਮ ਜੈਸੇ ਰਹੇ ਹੈਂ ਜਗਤ ਮਾਹਿੰ,
ਕਰਨੀ ਕੇ ਸਜਾਰ[1] ਨਾਮ ਸਿੰਘ ਹੈਂ ਕਹਾਵਤੇ। — [1]ਗਿੱਦੜ।
ਸੁਧਾ[1] ਛਕਿ ਕੀਓ ਖ੍ਵਾਰੇ[2] ਆਏ ਤਜਿ ਗੁਰੂਦ੍ਵਾਰੇ, — [1]ਅੰਮ੍ਰਿਤ। [2]ਖ਼ਰਾਬ।
ਫਿਰਤ ਲੁਕਤ ਸਾਰੇ ਜਾਨ ਕੋ ਬਚਾਵਤੇ ॥੩੦॥
ਐਸੇ ਸੁਨਿ ਚਮਕ ਭਮਕ ਉਠਯੋ ਸਿੰਘ ਫੇਰ,
ਕੇਹਰ ਸਮਾਨ[1] ਤਾਤਕਾਲ ਕਰ ਜੋਰ ਕੈ। — [1]ਗੁੱਸੇ ਨਾਲ ਸਿੰਘ ਫੇਰ ਸ਼ੇਰ ਵਾਂਗ ਗੱਜ ਉੱਠਿਆ।
ਆਗ ਜਯੋਂ ਮਤਾਬ ਕੋ ਛੁਹਿਤ ਲਗੀ ਬੋਲੀ ਤਿਮ,

ਸਾਬਨ ਕੋ ਤਾਰ ਜਿਮ ਖਾਇ ਜਾਤ ਹੋਰ ਕੈ[1]।

[1]ਜਿਵੇਂ ਮਤਾਬੀ ਨੂੰ ਛੁਹਾਉਂਦਿਆਂ ਹੀ ਅੱਗ ਲੱਗ ਜਾਂਦੀ ਹੈ ਤਿਵੇਂ ਮਤਾਬ ਸਿੰਘ ਨੂੰ ਬੋਲੀ ਲੱਗੀ ਅਤੇ ਜਿਵੇਂ ਸਾਬਣ ਨੂੰ ਤਾਰ ਖਾ ਜਾਂਦੀ ਭਾਵ ਕਟ ਜਾਂਦੀ ਹੈ ਤੇ ਹੋਰ ਤਰ੍ਹਾਂ ਭਾਵ ਟੁਕੜੇ ਟੁਕੜੇ ਕਰ ਦੇਂਦੀ ਹੈ।

ਨੈਨ ਭਏ ਲਾਲ ਭਾਲ ਚਢੀ ਹੈ ਬਿਸਾਲ ਦੁਤਿ,
ਫਰਕੇ ਅਧਰ ਰਸ ਬੀਰ ਚਢ੍ਯੋ ਘੋਰ ਕੈ[1]।

[1]ਮੱਥੇ 'ਤੇ ਬਹੁਤ ਚਮਕ ਚੜ੍ਹ ਗਈ, ਗ਼ੁੱਸੇ ਨਾਲ ਬੁਲ੍ਹ ਫਰਕੇ ਤੇ ਭਿਆਨਕ ਬੀਰ-ਰਸ ਚੜ੍ਹਿਆ।

ਆਯੁਧ[1] ਸਜਾਇ ਕੈ ਗਜਾਇ ਕੈ ਗੁਰੁ ਕੀ ਫਤੇ,
ਕਹ੍ਯੋ ਯੌਂ ਮਤਾਬ ਸਿੰਘ ਪੰਥ ਪੈ ਨਿਹੋਰ ਕੈ[1] ॥੩੧॥

[1]ਸ਼ਸਤ੍ਰ।
[1]ਝੁਕ ਕੇ।

ਖਾਲਸਾ ਜੀ ਖੁਸ਼ੀ ਹੋਇ ਦੀਜੀਏ ਹੁਕਮ ਮੋਹਿ,
ਜਾਇ ਮੱਸੇ ਰੰਘੜ ਕੋ ਮਾਰ ਕਰਿ ਆਇ ਹੌਂ।
ਸ੍ਰੀ ਗੁਰੂਦ੍ਵਾਰ ਕੀ ਬੇਅਦਬੀ ਨ ਸਾਕੋਂ ਸਹਿ,
ਮਾਰਿ ਅਰਿ[1] ਮਰਹੋਂ ਸ਼ਹੀਦੀ ਤਬਿ ਪਾਇ ਹੌਂ।
ਦੂਸਰੇ ਤਖਾਣ ਸਿੱਖ ਸੁੱਖੇ ਸਿੰਘ ਹੋਇ ਖੜ੍ਹੇ,
ਮਾੜੀ ਕੰਬੋਵਾਲੀਏ ਨੈ ਕਹ੍ਯੋ ਮੈਂ ਭੀ ਜਾਇ ਹੌਂ।
ਦਹੂੰ ਹਾਥ ਮੋਦਕ[1] ਹਮਾਰੇ ਸੁਖਕਾਰੇ ਭਾਰੇ,
ਜੀਐਂ ਜਸ ਪੈਹੈਂ ਮਰਿ ਸ੍ਵਰਗ ਸਿਧਾਇ ਹੌਂ ॥੩੨॥

[1]ਵੈਰੀ ਨੂੰ ਮਾਰ ਕੇ।
[1]ਲੱਡੂ।

ਪਾਹੁਲ ਪ੍ਰਚੰਡੇ ਜਬਿ ਖੰਡੇ ਕੀ ਅਖੰਡੇ ਛਕੀ[1],

[1]ਜਦੋਂ ਤਿੱਖੇ ਖੰਡੇ ਦਾ ਨਾ ਟੁੱਟਣ ਵਾਲਾ (ਪਾਹੁਲ) ਅੰਮ੍ਰਿਤ ਛਕਿਆ ਹੈ।

ਫੇਰ ਕਹਾਂ ਲਰਨ ਮਰਨ ਤੇ ਹੈ ਡਰਨੋ।
ਜਨਨੀ ਜਨੈਂ ਤੁ ਜਨੈਂ ਤੀਨ ਜਨ ਜਗ ਮਾਹਿਂ,
ਨਾਹਿਂ ਤੁ ਗਵਾਵੈ ਨੂਰ ਕਯੋਂ ਸ਼ਹੂਰ ਤਰਨੋ[1]।

[1]ਮਾਤਾ ਪੈਦਾ ਕਰੇ ਤਾਂ ਤਿੰਨ ਤਰ੍ਹਾਂ ਦੇ ਆਦਮੀ ਜਗ ਵਿੱਚ ਪੈਦਾ ਕਰੇ, ਨਹੀਂ ਤਾਂ (ਤਰਨੋ) ਜਵਾਨੀ ਦਾ (ਨੂਰ) ਪ੍ਰਕਾਸ਼ ਤੇ (ਸ਼ਹੂਰ) ਬੁੱਧੀ ਕਿਉਂ ਗਵਾਵੇ।

ਭਗਤ ਕ੍ਰਤਾਰ ਹੋਇ ਸੂਰਮਾ ਦਤਾਰ ਕੈਧੋ,
ਇਨ ਬਿਨਾ ਔਰ ਨਰ ਕੀਟ ਸਮ ਵਰਨੋ[1]*।

[1]ਕੀੜਿਆਂ ਵਾਂਗ ਕਹੇ ਹਨ। *ਅੰਕ ਨੰ. ੩੩ ਦੀ ਤੀਜੀ ਤੁਕ ਦਾ ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ।

ਯਾ ਬਿਧਿ ਸੁਨਾਇ ਕੈ ਗਜਾਇ ਫਤੇ ਉਭੈ[1] ਸਿੰਘ,
ਪਾਇ ਪੰਥ ਆਇਸ ਔ ਆਸਿਖਾ ਸੁਕ ਨੋ[1] ॥੩੩॥

[1]ਦੋਵੇਂ।
[1](ਆਇਸ) ਆ ਗਿਆ ਤੇ (ਸੁਕਰਨੋ) ਚੰਗਾ ਕੰਮ ਕਰਨ ਦੀ (ਆਸਿਖਾ) ਅਸੀਸ ਲੈ ਕੇ।

ਹੋਇ ਅਸਵਾਰ* ਗੁਰੁ ਧ੍ਯਾਨ ਉਰਿ ਧਾਰਿ ਤਬਿ,

*ਰਿਆਸਤ ਬੀਕਾਨੇਰ ਦੇ ਗੰਗਾ ਨੱਗਰ ਜ਼ਿਲ੍ਹੇ ਵਿੱਚ 'ਬੁੱਢਾ ਜੌਹੜ' ਨਾਮ ਦਾ ਅਸਥਾਨ ਹੈ, ਜਿਥੋਂ ਭਾਈ ਮਤਾਬ ਸਿੰਘ ਅਤੇ ਸੁੱਖਾ ਸਿੰਘ ਮੱਸੇ ਰੰਘੜ ਦਾ ਸਿਰ ਵੱਢਣ ਲਈ ਅਸਵਾਰ ਹੋ ਕੇ ਚੱਲੇ ਸਨ। ਇਸ ਥਾਂ 'ਤੇ ਭਾਈ ਮਤਾਬ ਸਿੰਘ ਅਤੇ ਸੁੱਖਾ ਸਿੰਘ ਦੀ ਯਾਦਗਾਰ ਵਿੱਚ ਸੰਤ ਫਤਹ ਸਿੰਘ ਜੀ ਅਤੇ ਸੰਤ ਚੰਨਣ ਸਿੰਘ ਜੀ ਨੇ ਬਹੁਤ ਉੱਦਮ ਕਰਕੇ ਇਕ ਬਹੁਤ ਵੱਡਾ ਗੁਰਦੁਆਰਾ, ਸਰੋਵਰ ਤੇ ਲੰਗਰ ਬਣਾਇਆ ਹੋਇਆ ਹੈ।

ਚਲ ਕਰਿ ਸੁਧਾਸਰ ਪਾਸ ਸਿੰਘ ਆਏ ਹੈਂ।
ਠੀਕਰੀ ਬਨਾਇ ਗੋਲ ਥੈਲੀ ਭਰ ਲਈ ਕੋਲ,
ਭੇਖ ਨਿਜ ਦੁਹੂੰ ਸਮ ਤ੍ਰੁੱਕਨ ਬਨਾਏ ਹੈਂ।
ਮਾਸ ਜੇਠ ਹਾੜ ਕਾ ਮੱਧ੍ਯਾਨ ਦਿਨ[1] ਹੁਤੋ ਤਬਿ,
ਚਲਤ ਪਵਨ ਅਤਿ ਧੂਰਿ ਕੋ ਉਡਾਇ ਹੈ।
ਬਾਂਧ ਲੀਏ ਮੁਖ ਤਬਿ ਸਿੰਘਨ ਗਰਦ ਮਿਸ[1],
ਦਰਸ਼ੀ ਦੂਵੱਜੇ ਢਿਗ ਜਾਇ ਕੈ ਥਿਰਾਇ ਹੈਂ[1] ॥ ੩੪ ॥

[1]ਦੋਪਹਿਰਾ।
[1]ਬਹਾਨੇ।
[1]ਠਹਿਰ ਗਏ।

ਹੁਤੇ ਤਹਾਂ ਬੇਰੀਆਂ ਕੇ ਪੇਡ[1] ਤਬਿ, ਤਿਨ ਸੰਗ*

[1]ਦਰੱਖ਼ਤ। *ਦਰਸ਼ਨੀ ਡਿਉੜੀ ਦੇ ਦੱਖਣ ਵੱਲ ਇਹ ਬੇਰੀ ਦਾ ਦਰੱਖ਼ਤ ਹੁਣ ਤੱਕ ਕਾਇਮ ਹੈ, ਜਿਸ ਨਾਲ ਸਿੰਘਾਂ ਘੋੜੇ ਬੰਨ੍ਹੇ ਸਨ, ਇਸ ਦਾ ਨਾਮ ਲਾਚੀ ਬੇਰ ਹੈ। ਇਸੇ ਬੇਰੀ ਹੇਠ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤਸਰ ਸਰੋਵਰ ਦੀ ਸੇਵਾ ਕਰਵਾਇਆ ਕਰਦੇ ਸਨ।

ਬਾਂਧ ਕੈ ਤੁਰੰਗ ਔ ਉਮੰਗ[1] ਸਿੰਘ ਧਾਰ ਕੈ।
ਕੀਨ ਪਾਨ ਸੁਧਾ ਸੁਧਾਸਰ ਤੈ ਮਹਾਨ ਫਿਰ,
ਗੁਰੂ ਕੋ ਮਨਾਇ ਗਏ ਭੀਤਰ ਪਧਾਰ ਕੈ[1]।
ਜਾਇ ਹਰਿਮੰਦਰ ਕੇ ਅੰਦਰ ਨਿਹਾਰਯੋ ਤਿਨਿ,
ਕੰਚਨੀ[1] ਨਚਤ ਰਾਗ ਸਾਰੰਗ ਉਚਾਰ ਕੈ।
ਤੁਰਕ ਬਹੁ ਬੈਠੇ ਹੁੱਕੇ ਪੀਵਤ ਨਿਹਾਰੈਂ ਨਾਚ,
ਮੰਚ ਪਰ[1] ਮੱਸਾ ਹੁੱਕਾ ਪੀਵਤ ਸੁਧਾਰ ਕੈ ॥ ੩੫ ॥

[1]ਉਤਸ਼ਾਹ।
[1]ਅੰਦਰ ਚੱਲ ਕੇ ਗਏ।
[1]ਵੇਸਵਾ।
[1]ਪਲੰਘ ਉੱਪਰ।

'ਡੁਬਜੋ ਡੁਬਜੋ' ਤਪਲੇ ਪੁਕਾਰ ਰਹੇ ਸਭਾ ਮੱਧ,
'ਕੌਣ ਕੌਣ' ਸਾਰੰਗੀ ਕੀ ਤਾਰ ਬਤਲਾਇ ਹੈ।
ਬਾਰ-ਬਧੂ ਮੱਸੇ ਵਲ ਹਾਥ ਕੋ ਪਸਾਰ ਕਹੇ,
ਡੁਬਜੋ ਯਹਿ ਜੋਊ ਇਹਾਂ ਨਿਰਤ[1] ਕਰਾਇ ਹੈ।
ਦੇਖ ਕਰਿ ਸਿੰਘਨ ਕੇ ਜਾਗ ਉਠੀ ਆਗ ਉਰਿ,

[1]ਨਾਚ।

ਧਸੇ ਹਰਿਮੰਦਰ ਮੈਂ ਗੁਰੂ ਕੋ ਮਨਾਇ ਹੈ।
ਜਾਨਯੋ ਸਭਿ ਲੋਗਨ ਤਸੀਲ ਕੇ[1] ਰੁਪੱਯੇ ਅਏ, [1](ਮਾਮਲੇ ਦੀ) ਉਗ੍ਰਾਹੀ ਦੇ।
ਥੈਲੀ ਉਭੈ ਮੱਸੇ ਢਿਗ ਧਰੀ ਤਿਨ ਜਾਇ ਹੈ ॥ ੩੬ ॥
ਝੁਕ ਕਰਿ ਝਾਤਿ ਜਬਿ ਮੱਸੇ ਪਾਈ ਥੈਲੀ ਦਿਸ,
ਤਬਿ ਹੀ ਮਤਾਬ ਸਿੰਘ ਵਖਤ ਵਿਚਾਰ ਕੈ।
ਖੈਂਚਿ ਤਰਵਾਰ ਮਾਰਿ ਮੱਸੇ ਕਾ ਉਤਾਰਿ ਸਿਰ,
ਡਾਰਯੋ ਘੁਮਿਯਾਰ ਜਿਮ ਬਧਨਾਂ[1] ਉਤਾਰ ਕੈ। [1]ਮੱਘਾ।
ਸੁੱਖੇ ਸਿੰਘ ਕੰਚੀ ਕਾ ਜ਼ੇਵਰ ਝਟਕ ਲਯੋ[1], [1]ਵੇਸਵਾ ਦਾ ਗਹਿਣਾ ਛੇਤੀ ਖਿੱਚ ਲਿਆ।
ਝਟਪਟ ਕੱਟਿ ਕੇਈ ਤੁਰਕਨ ਕੋ ਡਾਰ ਕੈ।
ਮਾਰਿ ਪਾਂਚ ਸਾਤਨ ਕੋ ਹਾਲਚਾਲ ਡਾਲ ਬਹੁ,
ਦੌਰਿ ਆਏ ਸਿੰਘ ਅਸਵਾਰ ਭਏ ਧਾਰ ਕੈ[1] ॥ ੩੭ ॥ [1](ਜੰਗਲ ਵਿੱਚ ਜਾ ਲੁਕਣਾ) ਧਾਰ ਕੇ।
ਰੌਰ ਪਰਯੋ ਤੁਰਕਨ ਕੀ ਸੈਨ ਮਾਂਹੀ ਤਾਂਹੀ ਛਿਨ,
ਹੋਇ ਅਸਵਾਰ ਪੀਛੇ ਸਿੰਘਨ ਕੇ ਧਾਏ ਹੈਂ।
ਤਬਿ ਲੌ ਧਵਾਇ ਅੱਸ੍ਵ ਨੱਸ ਗਏ ਸਿੰਘ ਕਿਤ,
ਧੱਸ ਬਨ ਮਾਹਿਂ ਨਾਹਿਂ ਤੁਰਕਨ ਕੋ ਪਾਏ ਹੈਂ[1]। [1]ਤੁਰਕਾਂ ਨੂੰ ਨਹੀਂ ਲੱਭੇ।
ਆਏ ਫੇਰ ਫਿਰ ਤੂੱਕ ਸੁਧਾਸਰ ਤਟ ਪਰ,
ਮੱਸੇ ਕਾ ਹਵਾਲ ਪੇਖਿ ਅਤਿ ਬਿਸਮਾਏ ਹੈਂ।
ਮਿਲਿ ਪਰਵਾਰ ਸਭਿ ਮੱਸੇ ਕਾ ਅਪਾਰ ਤਬਿ,
ਜਾਇ ਕੈ ਨਵਾਬ ਪੈ ਸ਼ਿਤਾਬ ਯੌਂ ਰੁਆਏ ਹੈਂ[1] ॥ ੩੮ ॥ [1]ਇਉਂ ਛੇਤੀਰੋਏ।
ਖੂੰਨੀ ਪਕਰਾਇ ਦਿਹੁ ਹਮਰੇ ਮੰਗਾਇ ਅਬਿ,
ਟੂਕ ਟੂਕ ਕਰਿ ਹਮ ਚੀਲਾਂ ਕੋ[1] ਖੁਲਾਈਏ। [1]ਇੱਲਾਂ ਨੂੰ।
ਲੀਏ ਬਿਨ ਨਿਜ ਬੈਰ ਹਮ ਨਾ ਗੁਜਾਰੈਂ ਖੈਰ,
ਕੈਸੇ ਅਬਿ ਧਰੈਂ ਧੈਰ[1] ਤੁਮਹੂੰ ਸੁਨਾਈਏ। [1]ਧੀਰਜ।
ਨਾਹੀਂ ਤੋ ਉਠੈ ਹੈਂ ਜਿੱਲੀ[1] ਅਬੀ ਹਮ ਜਾਇ ਦਿੱਲੀ, [1]ਡੰਡਰੌਲੀ ਪਾਵਾਂਗੇ।
ਕਰੀ ਤੈਂ ਨਵਾਬੀ ਢਿੱਲੀ ਖਿੱਲੀ ਨਾ ਲਖਾਈਏ[1]। [1]ਹਾਸਾ ਨਾ ਜਾਣੀ।
ਸੁਨ ਕੈ ਨੁਵਾਬ ਨੈਂ ਸ਼ਿਤਾਬ ਹੀ ਬੁਲਾਏ ਪੈਂਚ,

ਆਏ ਰਾਮੇ ਆਦਿ ਸਭਿ ਕਹਯੋ ਯੇ ਸੁਨਾਈਏ
॥ ੩੯ ॥
ਤੁਮ ਨੈ ਉਠਾਯੋ ਠੇਕਾ ਸਿੰਘਨ ਕੋ ਮਾਰਨੇ ਕਾ,
ਹਮ ਤੈ ਇਨਾਮ ਬਹੁ ਪਾਯੋ ਹਿਤ ਐਸ ਹੀ[1]। [1]ਏਸੇ ਵਾਸਤੇ ਹੀ।
ਤੁਮ ਜੋ ਕਹਯੋ ਥਾ ਯਾਹਿ ਨਾਹਿਂ ਕੋ ਪੰਜਾਬ ਮਾਹਿਂ,
ਸਿੰਘ ਹੈ ਰਹਿਨ ਦਯੋ ਹਮੈਂ ਕੋਊ ਕੈਸ ਹੀ।
ਆਏ ਤਬਿ ਕਿਤ ਤੈ ਤੁਮਾਰੇ ਯੇ ਦਮਾਦ[1] ਦੋਊ, [1]ਜਵਾਈ।
ਲਖੇ ਨਾਹਿਂ ਕਿਨਹੂੰ ਬਤਾਇ ਦੇਹੁ ਵੈ ਸਹੀ[1]। [1]ਕਿਸੇ ਨੇ ਨਹੀਂ ਦੇਖੇ, ਉਹ ਹੁਣ ਸਹੀ ਕਰ ਕੇ ਦਿਖਾ ਦਿਉ।
ਦੁਸ਼ਟ ਜੰਡਯਾਲੀਏ ਨੈਂ ਹਾਥ ਜੋਰਿ ਕਹਯੋ ਤਬਿ,
ਚੋਰ ਮੀਰਾਂ ਕੋਟੀਆ ਮਤਾਬ ਸਿੰਘ ਹੈ ਸਹੀ
॥ ੪੦ ॥
ਮੀਰ ਜੋ ਕਮਰ ਅਲੀ ਸੱਯਦ ਥਾ ਪੀਰ ਵਡ,
ਤਾਹਿਂ ਪੈ ਜਗੀਰ ਮੀਰਾਂ-ਕੋਟ ਹੁਤੋ ਜਾਨੀਏਂ।
ਤਾਂ ਹੀ ਕੋ ਬੁਲਾਇ ਕੈ ਨੁਵਾਬ ਯੌਂ ਸ਼ਿਤਾਬ ਕਹਯੋ,
ਤੁਮਰਾ ਗਰਾਮ ਜਾਨਿ ਛੋਡਹੋਂ ਪਛਾਨੀਏ।
ਤੁਮ ਨਾਹਿਂ ਡਰਤ ਅਨਰਥ[1] ਕਰਤ ਵਡ, [1]ਉਪੱਦ੍ਰਵ, ਪਾਪ।
ਸਿੰਘਨ ਕੋ ਰਾਖਤ ਨੱਗਰ ਨਿਜ ਮਾਨੀਏ।
ਐਸੇ ਕਹਿ ਤਬਿ ਹੀ ਨੁਵਾਬ ਨੈ ਚਢਾਈ ਫੌਜ,
ਨੂਰ-ਦੀਨ ਸਰਦਾਰ ਘੇਰਯੋ ਪਿੰਡ ਜਾਨੀਏ
॥ ੪੧ ॥
ਹੁਤੋ ਨੱਥਾ ਖੈਹਿਰਾ ਜੋ ਚੌਧਰੀ ਮਹਾਨ ਤਬਿ,
ਤਾਹਿਂ ਕੋ ਬੁਲਾਇ ਨੂਰ-ਦੀਨ ਯੌਂ ਸੁਨਾਯੋ ਹੈ।
ਕਰਿ ਦੇਹੁ ਹਾਜ਼ਰ ਮਤਾਬ ਸਿੰਘ ਤਾਂਈਂ ਤੁਮ,
ਨਾਂਹੀਂ ਤੋ ਤੁਮਾਰੀ ਜਾਂਨ ਜੈਹੈ ਅਬਿ ਗਾਯੋ ਹੈ[1]। [1]ਕਿਹਾ ਹੈ।
ਕਹਯੋ ਨੱਥੇ ਜਾਨ ਅਬਿ ਲੀਜੀਏ ਬੇਸ਼ੱਕ ਮੇਰੀ,
ਹਮ ਕੋ ਮਤਾਬ ਸਿੰਘ ਖੋਜਯੋ ਕਬਿ ਪਾਯੋ ਹੈ[1]। [1]ਭਾਲਿਆਂ ਕਦੋਂ ਜਾਂ ਕਿਵੇਂ ਮਿਲ ਸਕਦਾ ਹੈ।
ਕਹਯੋ ਫੇਰ ਨੂਰ-ਦੀਨ ਸੁਤ ਪਕਰਾਉ ਤਾਂਹਿ,
ਨੱਥੇ ਕਹਯੋ ਲਜਾਵੋਂ ਤਬਿ ਜੌ ਪੈ ਨਾਹਿਂ ਘਾਯੋ ਹੈ[1] [1]ਜੇ ਕਰ ਮਾਰਿਆ ਨਾ ਗਿਆ ਹੋਇਆ।
॥ ੪੨ ॥
ਹੁਤੋ ਸਾਤ ਸਾਲਕ ਕਾ ਬਾਲਕ ਮਤਾਬ ਸਿੰਘ

ਕੇਰੋ, ਰਾਇ ਸਿੰਘ ਨਾਮ ਤਾਂਹਿ ਕੋ ਉਚਾਰ ਹੈਂ।
ਗਯੋ ਨੱਥਾ ਬਾਲਕ ਪੈ ਖਾਲਕ ਕੋ ਤ੍ਰਾਸ ਕਰਿ[1], — [1]ਰੱਬ ਦਾ ਡਰ ਕਰਕੇ।
ਸਿਰ ਧੁਨ ਗੁਨਿ[1] ਮਨਿ ਕੀਨ ਯੌਂ ਵਿਚਾਰ ਹੈ। — [1](ਗੁਨਿ) ਸੋਚ ਕੇ ਸਿਰ ਹਿਲਾਇਆ।
ਜੌਂ ਮੈਂ ਅਬਿ ਯਾਹਿ ਪਕਰਾਇ ਮਰਵਾਇ ਦੈਹੁਂ,
ਤੌਂ ਪੈ ਨ ਕਲੰਕ ਮੇਰੋ ਮਿਟੈ ਕਬੀ ਭਾਰ ਹੈ[1]। — [1]ਬਹੁਤ ਵੱਡਾ।
ਪੁਨਾ ਆਪ ਬਾਪ ਯਾਂ ਕੋ ਬਾਹਿਂ ਪਕਰਾਇ ਗਯੋ,
ਤਾਂ ਤੇ ਅਬਿ ਯਾਂ ਕੇ ਪੀਛੇ ਮਰਨੋਂ ਹੀ ਸਾਰ ਹੈ[1] ॥੪੩॥ — [1]ਚੰਗਾ ਹੈ।
ਐਸੇ ਮਨਿ ਧਾਰਿ ਨੱਥੇ ਚਿੱਤ ਮੈਂ ਵਿਚਾਰਿ ਤਬਿ,
ਬਾਲਕ ਕੋ ਤਾਹਿਂ ਨਿਜ ਕੰਧ ਪੈ[1] ਉਠਾ ਲਯੋ। — [1]ਮੋਢੇ ਉੱਤੇ।
ਖਹਿਰਾ ਨ ਠਹਿਰਾ ਸੋ ਸਿਖਰ ਦੁਪਹਿਰਾ ਮੈਂ,
ਟੱਪਿ ਕੋਟ ਨਗਰਾ ਕਮੋਵੀ ਮਗ ਹੈ ਪਯੋ[1]। — [1]ਪਿੰਡ ਦੇ ਚੁਗਿਰਦੇ ਦਾ ਕੋਟ ਟੱਪ ਕੇ ਕਮੋਵੀ ਪਿੰਡ ਦੇਰਸਤੇ ਜਾ ਪਿਆ।
ਚਾਰ ਨਰ ਔਰ ਵਰ ਤਾਂਹਿ ਕੇ ਸੰਗਾਤੀ[1] ਭਏ, — [1]ਸੰਗੀ।
ਭਾਣਜਾ ਭਤੀਜਾ ਬੇਟਾ ਰੰਘੜੇਟਾ-ਤਨਯੋ[1]। — [1]ਮਜ਼੍ਹਬੀ ਸਿੱਖ ਦਾ ਪੁੱਤਰ।
ਤੀਨ ਚਾਰ ਕੋਸ ਲੌ ਨਿਕਸ ਜਬਿ ਗਏ ਵਹਿ,
ਪਾਛੇ ਪਾਇ ਸਾਰ[1] ਹਰਿਭਗਤ[2] ਬਤੈ ਦਯੋ ॥੪੪॥ — [1]ਖ਼ਬਰ। [2](ਨਿਰੰਜਨੀਏ ਨੇ)।
ਜਾਇ ਨੂਰ-ਦੀਨ ਪਾਸ ਚੁਗਲ ਜੰਡਯਾਲੀਏ ਨੈ,
ਕਹਯੋ ਨੱਥਾ ਦੌਰ ਗਯੋ ਬਾਲਕ ਕੌ ਲੈ ਕਹੀਂ।
ਹੋਇ ਅਸਵਾਰ ਤਾਤਕਾਰ[1] ਤ੍ਰਕ ਧਾਇ ਪੀਛੇ, — [1]ਛੇਤੀ।
ਜਾਇ ਮਿਲੈ ਮਗ ਮਾਹਿਂ ਨੱਥੇ ਤਾਂਈਂ ਵੈ ਸਹੀ[1]। — [1]ਉਹ ਚੰਗੀ ਤਰ੍ਹਾਂ।
ਗਰਦ ਨਿਹਾਰਿ[1] ਨੱਥੇ ਮਰਦ ਨੈ ਦਰਦ ਕੈ, — [1]ਧੂੜ (ਉਡਦੀ) ਦੇਖ ਕੇ।
ਬਾਲਕ ਛਪਾਇ ਦਯੋ ਝਾਰ ਮਧ ਮੈਂ ਤਹੀਂ।
ਆਯੁਧ ਸੰਭਾਰਿ ਮਨਿ ਲਰਨ ਮਰਨ ਧਾਰਿ,
ਤ੍ਰਕਨ ਕੇ ਸੰਮੁਖ ਭਏ ਹੈਂ ਠਾਢੇ ਤੈਸ ਹੀ ॥੪੫॥
ਤਬਿ ਹੀ ਲੌ ਧਾਇ ਆਇ ਤ੍ਰਕਨ ਲਏ ਹੈਂ ਘੇਰ,
ਛੁਟੇ ਰਾਮਜੰਗੇ ਜੁਗ ਓਰ ਤੈ ਅਭੰਗ ਹੈਂ[1]। — [1]ਦੋਹਾਂ ਪਾਸਿਆਂ ਤੋਂ ਬੰਦੂਕਾਂ ਲਗਾਤਾਰ ਛੁੱਟੀਆਂ।
ਮਾਰੇ ਨੱਥਾ ਤੀਰ ਜਾਂਹਿ ਚੀਰਤ ਸਰੀਰ ਤਾਂਹਿ,
ਧੀਰ ਬਿਨ ਗਿਰੈ ਧਰ[1] ਪਾਨੀ ਸੋ ਨ ਮੰਗ ਹੈ। — [1]ਧਰਤੀ ਉੱਪਰ।

ਛੁਟਤ ਰੁਧਰ ਧਾਰ, ਫੁਟਤ ਮਸ਼ਕ ਜਿਮ ਰੰਗ ਭਰੀ,
ਪੇਖੀਏ ਫੁਹਾਰੇ ਜਯੋਂ ਨਿਸੰਗ ਹੈ।
ਮਾਰ ਕੈ ਅਪਾਰ ਤਿਨ ਰੰਘੜ ਮੁਗਲ,
ਡਾਰ ਦਏ ਭੂਮ ਪਰ ਝਾਰਿ ਕਰਿ ਕੈ ਕੁਰੰਗ ਹੈ[1] ॥ ੪੬ ॥

[1]ਘੋਟਾਰੰਗ ਕਰ ਕੇ ਝਾੜ ਕੇ ਧਰਤੀ ਉੱਪਰ ਸੁੱਟ ਦਿੱਤੇ।

ਤਬੈ ਏਕ ਮੱਸੇ ਕੇ ਭਤੀਜੇ ਲਲਕਾਰ ਆਇ,
ਨੱਥੇ ਕੋ ਨਿਕਾਰ ਗਾਰਿ ਤੋਮਰ[1] ਚਲਾਯੋ ਹੈ।

[1]ਬਰਛਾ।

ਨੱਥੈ ਨੈ ਬਚਾਇ ਫਿਰ ਧਾਇ ਜਾਇ,
ਕਰਿ ਵਾਰ ਕਰਵਾਰ ਸੰਗ[1], ਮਾਰਿ ਤਾਂਹਿ ਕੋ ਗਿਰਾਯੋ ਹੈ।

[1]ਤਲਵਾਰ ਨਾਲ ਵਾਰ ਕਰਕੇ।

ਨੱਥੇ ਕੇ ਭਤੀਜੇ ਔ ਭਣੇਵੇਂ ਬੇਟੇ ਰੰਘੜੇਟੇ,
ਦਸ ਦਸ ਬੀਸ ਬੀਸ ਤੁਰਕਨ ਕੋ ਘਾਯੋ ਹੈ।
ਪਰਉਪਕਾਰ ਹੇਤ ਮਾਰਿ ਬਹੁ ਸੱਤ੍ਰਨ ਕੋ,
ਸੰਮੁਖ ਹ੍ਵੈ ਜੂਝ ਕੈ ਸ਼ਹੀਦੀ ਪਦ ਪਾਯੋ ਹੈ ॥ ੪੭ ॥
ਲੀਨੋਂ ਜਸ ਲੋਕ ਔ ਪ੍ਰਲੋਕ ਮੈਂ, ਸ੍ਵਰਗ ਓਕ
ਕੀਨੋਂ ਨਿਜ, ਕਾਜ ਨੱਥੇ ਸਾਜ ਉਪਕਾਰ ਕੋ[1]।

[1]ਨੱਥੇ ਨੇ ਪਰਉਪਕਾਰ ਦਾ ਕੰਮ (ਸਾਜ) ਕਰ ਕੇ ਸੁਰਗ ਵਿੱਚ ਆਪਣਾ ਘਰ ਬਣਾ ਲਿਆ।

ਹੁਤੋ ਜੋ ਮਤਾਬ ਸਿੰਘ ਕੇਰੋ ਸੁਤ ਰਾਇ ਸਿੰਘ,
ਮਰਜੋ ਜਬਿ ਨੱਥਾ, ਸੁਨੋ ਤਾਂਹਿ ਕੇ ਵਿਚਾਰ ਕੋ।
ਸੁਨ ਕੈ ਬੰਦੂਖਨ ਕਾ ਭਯਾਨਕ ਸ਼ਬਦ ਅਤਿ,
ਬਾਲਕ ਨਿਕਸ ਦੌਰਯੋ ਤਯਾਗ ਤਬਿ ਝਾਰ ਕੋ।
ਪੇਖ ਕਰਿ ਤੁਰਕਨ ਧਵਾਇ ਅੱਸ੍ਵ ਫੇਟ ਸੰਗ[1],
ਬਾਲਕ ਧਰਾ ਪੈ ਗੇਰਯੋ ਫੇਰ ਲੈ ਤ੍ਰਵਾਰ ਕੋ ॥ ੪੮ ॥

[1]ਧੱਕੇ ਨਾਲ।

ਬਾਲਕ ਚਿਲ-ਚਿਲਾਇ[1] ਰਹਯੋ ਤ੍ਰਾਹਿ ਤ੍ਰਾਹਿ ਗਾਇ[2],
ਹਾਥ ਜੋਰਿ ਦਾਂਤ ਕਾਢਿ ਦੀਨ ਹ੍ਵੈ ਪੁਕਾਰਯੋ।

[1]ਚੀਕਾਂ ਮਾਰ ਕੇਰੋਇਆ। [2]ਕਿਹਾ ਕਿ:-ਰੱਖਿਆ ਕਰੋ, ਰੱਖਿਆ ਕਰੋ।

ਤੁਰਕਨ ਕੇ ਦਿਲ ਦਯਾ ਆਈ ਨ ਵਿਚਾਰੀ ਨੀਤਿ,
ਮਾਰਿ ਤਰਵਾਰ ਤਾਂਹਿ ਕੰਧ ਏਕ ਢਾਰਯੋ[1]।

[1]ਇਕ ਮੋਢਾ ਵੱਢ ਦਿੱਤਾ।

ਦੂਸਰਿ ਗ੍ਰੀਵ ਪੈ ਪ੍ਰਹਾਰੀ[1] ਰਹੀ ਘੰਡੀ ਸੰਗ,
ਤੀਸਰਿ ਕੇ ਸੰਗ ਸੀਸ ਅਰਧ ਥਾ ਫਾਰਯੋ।
ਮਰਯੋ ਜਾਨਿ ਬਾਲਕ ਕੋ ਛੋਡਿ ਤਬਿ ਗਏ ਤੁਰਕ,
ਪਰਯੋ ਰਹਯੋ ਰਾਇ ਸਿੰਘ ਤਹਾਂ ਅਧ-ਮਾਰਯੋ[1] ॥ ੪੯ ॥

[1]ਮਾਰੀ।
[1]ਅੱਧ-ਮੋਇਆ।

ਰਾਖਯੋ ਚੈਹੈ ਰੱਬ ਜਾਂਹਿ ਮੇਲਤ ਸਬੱਬ ਲੱਖ,
ਆਈ ਏਕ ਮਾਈ ਤਹਾਂ ਸੰਝ ਕੋ ਵਿਚਾਰੀਏ।
ਜਾਤਿ ਕੀ ਕਮੋਇਣੀ ਚਲੀ ਥੀ ਸਾਗ ਬੇਚਬੇ ਕੋ,
ਪੇਖਿ ਤਾਂਹਿ ਬਾਲ ਪਾਇ ਲੀਨੋ ਮੱਧ ਖਾਰੀਏ।
ਲੈ ਕਰਿ ਰੁਟਜਾਲੇ ਨਾਮ ਗ੍ਰਾਮ ਮਾਹਿ ਆਈ ਸੋਊ,
ਨਿਜ ਘਰ ਬਾਲਕ ਕੋ ਰਾਖਯੋ ਸੁਧਾਰੀਏ।
ਤਾਈ ਏਕ ਹੁਤੀ ਰਾਇ ਸਿੰਘ ਕੀ ਤਹਾਂਈਂ,
ਤਿਨ ਜ਼ਖਮ ਜਰਾਹਿ ਤੈ[1] ਸਿਵਾਏ ਕਰੀ ਕਾਰੀਏ[2] ॥ ੫੦ ॥

[1]ਜ਼ਖ਼ਮ ਸਿਉਣ ਵਾਲੇ ਤੋਂ। [2]ਇਲਾਜ ਕਰਵਾਇਆ।

ਦੋਊ ਦਿਨ ਪਾਇ ਰਾਇ ਸਿੰਘ ਰਾਜੀ ਥਯੋ ਫਿਰ,
ਮਾਰਨੇ ਤੇ ਬਲੀ ਹੈ ਸੋ ਰੱਖਕ[1] ਪਛਾਨੀਏਂ।
ਤਾਂਹੀਂ ਕੀ ਸੰਤਾਨ ਆਹਿ ਭੜੀ ਨਾਮ ਗ੍ਰਾਮ ਮਾਹਿਂ,
ਗਾਥ ਯਾਹਿ ਬਿਦਿਤ ਕਰੀ ਹੈ ਜਾਂਹਿ[1] ਜਾਨੀਏਂ।
ਕਹੀ ਗਾਥ ਜੇਤਿਕ ਅੱਧਜਾਇ ਇਸ ਮਾਹਿਂ ਸਹੀ,
ਭਈ ਯੇ ਅਠਾਰਾਂ ਸਦ ਚਾਰ ਮੈਂ[1] ਪ੍ਰਮਾਨੀਏਂ।
ਏਤਿਕ ਸੁਨਾਇ ਗਾਥ ਇਤੀ ਭਯੋ ਧਜਾਇ ਯਾਹਿ,
ਆਗੇ ਕਥਾ ਔਰ ਹ੍ਵੈ ਹੈ ਸੁਨੀਓ ਮਹਾਨੀਏਂ ॥ ੫੦ ॥

[1]ਮਾਰਨ ਵਾਲੇ ਨਾਲੋਂਰੱਖਿਆ ਕਰਨ ਵਾਲਾ ਵਧੇਰੇ ਸ਼ਕਤੀਵਾਨ ਹੈ।
[1]ਜਿਸ (ਭਾਈਰਤਨ ਸਿੰਘ ਭੰਗੂ) ਨੇ ਇਹ ਕਥਾ ਪ੍ਰਗਟ ਕੀਤੀ ਹੈ।
[1]ਸੰਮਤ ੧੮੦੪ ਬਿਕ੍ਰਮੀ ਵਿੱਚ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਪੰਜਾਬੀ ਸਿੰਘਾਂ ਦੀ ਬਿੱਪਤੀ, ਮੱਸੇ ਕਾ ਬਧ', ਬਰਨਨੰ ਨਾਮ ਇਕੱਤੀਸਮੋਂ ਬਿਸ੍ਰਾਮ ॥ ੩੧ ॥

੩੨. {ਬੋਤਾ ਸਿੰਘ, ਸੁੱਖਾ ਸਿੰਘ, ਅਘੜ ਸਿੰਘ ਤੇ ਅਹਿਮਦ ਸ਼ਾਹ ਦੁਰਾਨੀ ਦਾ ਪ੍ਰਸੰਗ}

ਕਬਿੱਤ:

ਲਾਇਕੈਂ ਨਲਾਇਕੈਂ ਅਭਾਯ ਕੈ, ਜੋ ਜੈਹੈ ਸੁਰ-
ਤਰੁ ਤਰੈ ਰੈਹੈ ਫਲ ਸੋਈ ਸੁਭ ਪਾਇ ਕੈ[1]।

[1]ਜਿਵੇਂ (ਸੁਰ-ਤਰ) ਕਲਪ-ਬ੍ਰਿੱਛ ਦੇ ਹੇਠ ਜੋ (ਕੋਈ) ਲਾਇਕ ਜਾਂ ਨਾਲਾਇਕ (ਆਦਮੀ) (ਅਭਾਯ ਕੈ) ਬਿਨਾਂਰੁਚੀ ਤੋਂ ਜਾਂਦਾ ਹੈ (ਤਾਂ ਵੀ) ਉਹ ਚੰਗੇ ਫਲ ਪਾ ਕੇ ਰਹਿੰਦਾ ਹੈ।

ਸੀਧ ਮੂਧ ਰੀਝ ਖੀਝ ਬੀਜ ਜਜੋਂ ਸੁਖੇਤ ਡਾਰੇ,
ਪੈਹੈ ਫਲ ਭਲ ਸਮੇਂ ਸਿਰ ਸੋ ਅਘਾਯ ਕੈ[1]।

[1]ਜਿਵੇਂ (ਕੋਈ) ਚੰਗੇ ਖੇਤ ਵਿੱਚ (ਰੀਝ) ਖ਼ੁਸ਼ ਹੋ ਕੇ ਜਾਂ (ਖੀਝ) ਗ਼ੁੱਸੇ 'ਚ ਆਕੇ ਸਿੱਧਾ ਜਾਂ ਮੂਧਾ ਬੀਜ ਪਾਵੇ ਭਾਵ ਬੀਜੇ ਉਹ ਸਮੇਂ ਸਿਰ ਚੰਗਾ ਫਲ ਪਾ ਕੇਰੱਜ ਜਾਂਦਾ ਹੈ।

ਪੂਰਨ ਪਯੂਖ ਪੀਐ ਥੀਐ ਜਜੋਂ ਅਮਰ, ਤਿਮ
ਗਜਾਨ ਸਿੰਘ ਗਜਾਨ-ਬ੍ਰਹਮ ਬਾਨੀ-ਗੁਰੁ ਦਾਯ ਕੈ[1]।

[1]ਜਿਵੇਂ ਪੂਰਨ (ਪਯੂਖ) ਅੰਮ੍ਰਿਤ ਪੀ ਕੇ ਅਮਰ ਹੋ ਜਾਂਦਾ ਹੈ ਤਿਵੇਂ ਗਿਆਨ ਸਿੰਘ (ਕਹਿੰਦਾ ਹੈ) ਗੁਰਾਂ ਦੀ ਬਾਣੀ ਬ੍ਰਹਮ-ਗਿਆਨ ਨੂੰ ਦੇਣ ਵਾਲੀ ਹੈ।

ਧਜਾਨ ਗੁਰੁ ਆਦਿ ਕੋ ਉਪਾਧਿ ਬਜਾਧਿ ਆਧਿ ਕੋ,
ਬਿਖਾਧ ਕੋ ਬਿਦਾਰਕ ਸਮਾਧਿ ਕੋ ਬਿਧਾਯ ਕੈ[1] ॥੧॥

[1](ਇਵੇਂ ਹੀ) ਆਦਿ ਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਦਾ ਧਿਆਨ ਆਧੀਆਂ, ਬਿਆਧੀਆਂ, ਉਪਾਧੀਆਂ ਤੇ (ਬਿਖਾਧ) ਝਗੜਿਆਂ ਨੂੰ (ਬਿਦਾਰਕ) ਨਾਸ਼ ਕਰਨ ਵਾਲਾ ਤੇ ਸਮਾਧੀ ਨੂੰ (ਬਿਧਾਯ ਕੈ) ਪੈਦਾ ਕਰਨ ਵਾਲਾ ਹੈ।

ਬਾਰ ਬਾਰ ਮੋਖਦਾ ਵਿਚਾਰ ਕੈ ਜੁਹਾਰ ਗੁਰੈਂ,
ਔਰ ਪੰਥ ਖਾਲਸੇ ਨਿਖਾਲਸੈਂ ਕੋ ਬੰਦ ਕੈ[1]।

[1]ਗੁਰਾਂ ਨੂੰ ਮੁਕਤੀ ਦਾ ਦਾਤਾ ਵਿਚਾਰ ਕੇ ਬਾਰ ਬਾਰ ਨਮਸ਼ਕਾਰ ਕਰਦਾ ਹਾਂ ਅਤੇ ਨਿਰੋਲ ਖ਼ਾਲਸਾ ਪੰਥ ਨੂੰ ਨਮਸ਼ਕਾਰ ਕਰਕੇ।

ਬੋਤਾ ਸਿੰਘ ਭਯੋ ਜਜੋਂ ਸ਼ਹੀਦ ਤਾਂ ਕੀ ਕੈਹੋਂ ਗਾਥ,
ਫੇਰ ਸੁੱਖਾ ਸਿੰਘ ਕੀ ਸੁਨੈਹੋਂ ਦਾ-ਅਨੰਦ ਕੈ[1]।

[1]ਅਨੰਦ ਦੇਣ ਵਾਲੀ।

ਆਯੋ ਜਜੋਂ ਦੁਰਾਨੀ ਸ਼ਾਹਿ-ਅਹਿਮਦ ਮਹਾਨੀ,
ਸੰਗ ਸੈਨ ਲੈ ਕਿਤਾਨੀ ਅਭਿਮਾਨੀ ਦੇਸ ਫੰਦ ਕੈ[1]।

[1]ਫਾਹ ਕੇ, ਅਧੀਨ ਕਰਕੇ।

ਸੁੱਖਾ ਸਿੰਘ ਫੇਰ ਜਿਮ ਜੰਗ ਸੰਗ ਗਿਲਜਜੋਂ ਕੇ,
ਕੀਨੋ ਪੀਨੋ[1] ਕਹੋਂ ਗਾਥ ਏਤਿਕ ਸੁਛੰਦ ਕੈ[2] ॥੨॥

[1]ਤਕੜਾ। [2]ਚੰਗੇ ਛੰਦ ਬਣਾ ਕੇ।

ਜਾਂ ਦਿਨ ਤੈ ਸਿੰਘਨ ਬਿਦਾਰਜੋ[1] ਮੱਸੇ ਰੰਘੜ ਕੋ,

[1]ਮਾਰਿਆ।

ਤਾਂ ਦਿਨ ਤੈ ਨਾਜ਼ਮ ਲਹੌਰ ਕੇ ਨੈ ਯੌਂ ਕਯੋ[1]।

[1]ਇਉਂ ਕੀਤਾ।

ਬੋਲਿ ਸਭਿ ਪੈਂਚਨ ਕੋ ਜਥਾ ਜੋਗ ਦੀਨੋ ਦੰਡ,

ਕਹਯੋ ਤੁਮ ਸਿੰਘਨ ਕੋ ਰਹਿਨ ਜਗ ਕਯੋਂ ਦਯੋ।
ਫੇਰ ਜਾਹਿਂ ਗ੍ਰਾਮ ਮਾਂਹਿ ਸੁਨਯੋਂ ਧਾਮ ਸਿੰਘਨ ਕਾ,
ਦਯੋ ਸੋ ਉਜਾਰ ਕਰਿ ਖ੍ਵਾਰ ਦੂਖ ਹੈ ਦਯੋ।
ਦੇਸ ਯੌਂ ਪੰਜਾਬ ਮੈਂ ਅਜਾਬ ਦੈ ਖਰਾਬ ਵਡ,
ਤਹਿਦ ਨੁਵਾਬ ਨੈ ਸਿਤਾਬ ਸ੍ਵੈ ਬਿਠਾ ਲਯੋ[1] ॥੩॥

[1]ਨਵਾਬ ਨੇ ਛੇਤੀ ਹੀ ਆਪਣਾ (ਤਹਿਦ) ਦਬਦਬਾ ਬਿਠਾ ਲਿਆ।

ਬੀਤਯੋ ਏਕ ਸਾਲ ਜਬਿ ਸਿੰਘ ਏਕ ਆਯੋ ਤਬਿ,
ਬੋਤਾ ਸਿੰਘ ਨਾਮ ਸਭਿ ਭਾਂਤਿ ਸਮਰੱਥ ਸੋ।
ਨ੍ਹਾਇ ਸੁਧਾਸਰ ਗੁਰੁ-ਦ੍ਵਾਰ ਕਾ ਦਿਦਾਰ ਕਰਿ,
ਕਾਨਨ[1] ਸਘਨ ਵੀਚ ਰਹੇ ਸਿੰਘ ਤੱਬ ਸੋ[2]।

[1]ਜੰਗਲ। [2]ਉਹ ਤਦੋਂ।

ਏਕ ਦਿਨ ਜਿਮੀਂਦਾਰ ਜੰਗਲ ਮਝਾਰ ਚਾਰ,
ਮਿਲੇ ਸਿੰਘ ਤਾਂਈਂ ਤਿਨ ਕਹਯੋ ਇਮ ਸੰਥ ਸੋਂ[1]।

[1]ਵਿਚਾਰ ਨਾਲ।

ਆਜ ਬਹੁ ਦਿਨ ਪਾਛੇ ਸਿੰਘ ਯਹ ਹੇਰਯੋ ਆਛੇ[1],

[1]ਚੰਗੀ ਤਰ੍ਹਾਂ ਦੇਖਿਆ ਹੈ।

ਭਈ ਕਲਾ ਦੂਰ ਸਾਛੇ ਇਨ ਕੇ ਭੀ ਪੰਥ ਸੋਂ[1] ॥੪॥

[1](ਸਾਛੇ) ਪ੍ਰਤੱਖ ਦਿਸਦਾ ਹੈ ਕਿ ਇਨ੍ਹਾਂ ਦੇ ਪੰਥ ਦੀ ਵੀ ਕਲਾ (ਸ਼ਕਤੀ) ਦੂਰ ਹੋ ਗਈ ਹੈ।

ਦੋਹਰਾ:
ਫਿਰ ਦੂਸਰ ਜਟ ਯੌਂ ਕਹਯੋ,
ਸਿੰਘ ਨ ਹੋਵਗ ਏਹੁ।
ਗੀਦੀ ਗਾਦਰ[1] ਹੈ ਕੋਊ,

[1]ਕਾਇਰ, ਗਿੱਦੜ।

ਲੁਕਯੋ ਫਿਰਤ ਜੋ ਕੇਹੁ[1] ॥੫॥

[1]ਕਿਸੇ ਪਾਸੇ।

ਜੇਕਰਿ ਹੋਤੋ ਸਿੰਘ ਯਹਿ,
ਤੌ ਲਰਿ ਮਰਤੋ ਨੀਕ।
ਨਾਮ ਪੰਥ ਕਾ ਲੁਪਯੋ[1] ਫਿਰ,

[1]ਲੁਕਿਆ ਹੋਇਆ।

ਪਰਗਟ ਕਰਤੋ ਠੀਕ ॥੬॥
ਤਾਟੰਕ ਪਦ ਛੰਦ:
ਬੋਲੀ ਲਗੀ ਸਿੰਘ ਕੋ ਐਸੇ,
ਜਨ ਬਰੂਦ ਪਰ ਅਗਨਿ ਪਰੀ।
ਬੋਤੇ ਸਿੰਘ ਤਬਿ ਐਸ ਉਚਾਰਯੋ,
ਅਬੈ ਸ਼ਹੀਦੀ ਲੈਨ ਭਰੀ[1]।

[1]ਚੰਗੀ ਹੈ।

ਦੰਗਾ[1] ਤੁਰਕਨ ਸੋਂ ਕਰਿ ਸਨਮੁਖ,

[1]ਜੰਗ।

ਲਰਿ ਨਿਜ ਦੱਈਏ ਸੀਸ ਅਬੈ।
ਚਰਚਾ ਫੇਰ ਪੰਥ ਕੀ ਹੋਵੈ,
ਜਗਜੇ ਖਾਲਸਾ ਕਹੈਂ ਸਭੈ ॥੭॥
ਅਹੇ ਸਰਾਂਇ ਤਰਨ ਤਾਰਨ ਢਿਗ,
ਨੂਰ-ਦੀਨ ਕੀ ਏਕ ਤਹਾਂ।
ਦਿੱਲੀ ਅਰ ਲਹੌਰ ਕੇ ਮਗ ਮੈਂ,
ਧਸਜੇ ਸਿੰਘ ਤਿਸ ਵੀਚ ਵਹਾਂ।
ਰਾਹਿ ਵੀਚ ਖੰਦਕ ਖੁਦਵਾਈ[1],
[1]ਖਾਈ ਪਟਵਾਈ।
ਨਿਜ ਜਗਾਤ[1] ਸਭਿ ਪਰ ਲਾਈ।
[1]ਮਸੂਲ।
ਦੂਸਰ ਸਿੰਘ ਔਰ ਰੰਘੜੇਟਾ,
ਰਹਜੇ ਏਕ ਤਿਸ ਢਿਗ ਆਈ ॥੮॥
ਦੁਹੁੰਅਨ ਮਿਲ ਕਰਿ ਗਦਲ ਮਚਾਯੋ[1],
[1]ਹਲਚਲ ਪਾ ਦਿੱਤੀ।
ਹੁਤੇ ਸਿੰਘ ਵਹਿ ਅਤੀ ਹਠੀ।
ਪੁਨ ਬੋਤੇ ਸਿੰਘ ਯੌਂ ਲਿਖਿ ਚਿੱਠੀ,
ਖਾਨ ਬਹਾਦਰ ਪਾਸ ਪਠੀ।
ਆਨਾ ਗੱਡਾ ਪੈਸਾ ਖੋਤਾ,
ਇਹੁ ਜਗਾਤ ਮੈਂ ਲੈਹੁਂ ਖਰੋ[1]।
[1]ਖੜ੍ਹਾ ਹੋ ਕੇ।
ਕਰ ਮੈਂ ਸੋਟਾ ਰਾਖੋਂ ਮੋਟਾ,
ਅਕਬਤ[1] ਖੋਟਾ ਤੋਹਿ ਕਰੋਂ ॥੯॥
[1]ਪ੍ਰਲੋਕ।
ਹਮਰੀ ਭਾਬੀ ਖਾਨੋਂ ਨੂੰ ਤੁਮ,
ਹਮਰਾ ਇਹੁ ਪੈਗਾਮ[1] ਕਹਜੋ।
[1]ਸੁਨੇਹਾ।
ਖਾਸ ਯਾਰ ਬੋਤਾ ਸਿੰਘ ਤੇਰਾ,
ਤੁਮ ਕੋ ਠੀਕ ਉਡੀਕ ਰਹਜੋ।
ਖਾਨ ਬਹਾਦਰ ਨਾਜਮ ਕੀ ਥੀ,
ਭਗਨੀ[1] ਖਾਨੋਂ ਰੂਪਵਤੀ।
[1]ਭੈਣ।
ਯਹਿ ਚਿੱਠੀ ਡਿੱਠੀ ਜਬਿ ਖਾਨੂੰ[1],
[1]ਸੂਬਾ ਖ਼ਾਨ ਬਹਾਦਰ।
ਜਰਜੋ ਚਿੱਤ ਰਿਸ ਭਰਜੋ ਅਤੀ ॥੧੦॥
ਫੌਜ ਸਿੰਘ ਪਰ ਤੁਰਤ ਚਢਾਈ,
ਆਇ ਤੁਰਕ ਚੌਗਿਰਦ ਜੁਟੇ।
ਜੁਗਲ ਸਿੰਘ ਪਿਖਿ ਮੁਗਲਨ ਦੁਗਲਨ,

ਚੁਗਲਨ ਪੈ ਸਮ ਬਾਜ ਛੁਟੇ[1]।

[1]ਦੋਵੇਂ ਸਿੰਘ ਦੋਗਲੇ ਮੁਗਲਾਂ ਰੂਪ ਚੁਗ਼ਲਾਂ ਨੂੰ ਦੇਖ ਕੇ ਤੇ (ਉਨ੍ਹਾਂ) ਉਪਰ ਬਾਜਾਂ ਵਾਂਗ (ਛੁਟੇ) ਹੱਲਾ ਕਰ ਕੇ ਪਏ।

ਫਤੇ ਉਚਾਰ ਪਚਾਰ ਅਰਿਨ ਕੋ[1],

[1]ਵੈਰੀਆਂ ਨੂੰ ਵੰਗਾਰ ਕੇ।

ਮਹਾਂਬੀਰ ਸਮ ਕਿਲਕਾਰੇ[1]।

[1]ਹਨੂਮਾਨ ਵਾਂਗ ਗੱਜੇ।

ਨਿਕਸ ਮੈਦਾਨ ਵੀਚ ਭਏ ਠਾਢੇ,
ਜਨੁ ਰਣ-ਖੰਭੇ ਦਿਢ ਭਾਰੇ[1] ॥੧੧॥

[1]ਭਾਰੇ ਤੇ ਪੱਕੇ ਜੰਗ ਦੇ ਥੰਮ।

ਉਭੈ ਕਾਲ ਜਨੁ ਉਠੇ ਰਿਸਾਈ[1],

[1]ਮਾਨੋ ਦੋ ਕਾਲ ਗੁੱਸੇ ਹੋ ਕੇ ਉੱਠੇ।

ਤੁਰਕਨ ਕੋ ਬਹੁ ਦੁਖਦਾਏ।
ਜੁਗ ਕੇਹਰ ਸਮ ਸਿੰਘ ਦਿਸਾਵੈਂ,
ਤੁਰਕ ਨ ਸਾਕੈਂ ਢਿਗ ਜਾਏ।
ਤੁਰਕਨ ਕੇ ਸਿਰਦਾਰ ਕਹਜੋ ਤਬਿ,
ਐਸ ਉਚਾਰ ਸਿੰਘਨ ਤਾਂਈਂ।
ਸੁਨੋਂ ਸਿੰਘ ਤੁਮ ਗੁਰੁ ਕੇ ਪਜਾਰੇ,
ਲਰਿ ਨਹਿਂ ਮਰੋ ਬਿਅਰਥਾਈ[1] ॥੧੨॥

[1]ਐਵੇਂ ਹੀ।

ਢਿਗ ਨੁਵਾਬ ਕੇ ਚਲੋ ਸੰਗ ਮਮ,
ਬਨੋਂ ਤੁਰਕ ਦਿਹੁਂ ਬਖਸ਼ਾਈ।
ਸਿੰਘ ਕਹਜੋ ਹਮ ਚਹੈਂ ਨ ਜੀਵਨ,
ਲਰਿ ਮਰ ਹੈਂ ਹਮ ਅਰਿ ਘਾਈ*।

*ਇਹ ਤੁਕ ਦਿੱਲੀ ਐਡੀਸ਼ਨ 'ਚੋਂ ਲਈ ਹੈ।

ਛੁਰੀ ਕੱਕੜੀ ਕਾਕ ਮੱਕੜੀ,
ਆਗ ਲੱਕੜੀ ਮੇਲ ਜਿਮੈਂ[1]।

[1]ਛੁਰੀ ਦਾ ਤੇ ਖੱਖੜੀ ਦਾ, ਕਾਂ ਦਾ ਤੇ ਮੱਕੜੀ ਦਾ, ਅੱਗ ਦਾ ਤੇ ਲੱਕੜੀ ਦਾ ਜਿਵੇਂ ਮੇਲ ਹੈ।

ਅਸੁਰਨ ਸੁਰਨ ਨਰਨ ਸ਼ੇਰਨ ਕੋ,
ਹਮਰਾ ਤੁਮਰਾ ਮੇਲ ਇਮੈਂ ॥੧੩॥
ਪੈ ਤੁਮ ਮੇਵਾ ਮਾਸ ਖੁਵੱਯੈ,
ਸਾਗ ਪਾਤ ਹਮ ਪੇਟ ਭਰੈਂ।
ਕਾਢਹੁ ਪਾਂਚ ਸਿਪਾਹੀ ਚੁਨਮੇਂ,
ਹਮ ਦ੍ਵੈ ਉਨ ਕੇ ਸੰਗ ਲਰੈਂ।
ਯਹਿ ਸੁਨਿ ਤੁਰਕਨ ਕੇ ਨਾਇਕ ਨੈਂ[1],

[1]ਸਰਦਾਰ ਨੇ।

ਦਯੋ ਹੁਕਮ ਨਿਜ ਦਲ ਮਾਹੀਂ।
ਤੁਮ ਸਭ ਸੂਰਬੀਰ ਕਹਿਲਾਵਤ,
ਮੁਗਲ ਪਠਾਨ ਸੋ ਸਿਪਾਹੀ ॥੧੪॥

ਬਿਨ ਸ਼ਸਤਰ ਯਹਿ ਸਿੰਘ ਵਿਚਾਰੇ,
ਤੁਮ ਬਖਤਰ[1] ਸ਼ਸਤਰ ਧਾਰੀ। [1]ਸੰਜੋਆਂ।
ਅਬਿ ਦਸ ਨਿਕਸ ਸਮੁਖ ਹ੍ਵੈ ਇਨ ਸੋਂ,
ਲਰੇ ਭਿਰੋ ਸੰਗ ਤਰਵਾਰੀਂ।
ਗੋਲੀ ਤੀਰ ਨ ਕੋਊ ਚਲਾਯੋ,
ਜੁੱਧ ਧਰਮ ਕਾ ਸੁਧ ਠਾਨੋ।
ਯਹਿ ਸੁਨਿ ਤੁਰਕਨ ਕੇ ਸਿਰ ਮਾਨੋ,
ਤਬਿ ਪਾਨੀ ਪਯੋ ਮਸਾਨੋਂ ॥ ੧੫ ॥
ਨਿਕਸ ਪਿਸ਼ਾਬ ਗਏ ਤੰਬਨ ਮੈਂ, ਬਿਨ ਬਿਲੰਬ[1] ਕੰਬਨ ਲਾਗੇ। [1]ਦੇਰ ਤੋਂ ਬਿਨਾਂ।
ਫਿਰ ਸਰਦਾਰ ਕਢੇ ਚੁਨਿ ਬੀਸਕ,
ਨਹਿੰ ਨਿਕਸੇ ਜਬਿ ਦੁਖ ਆਗੇ।
ਤਿਨ ਮੈਂ ਸੇ ਦਸ ਝੁਕੇ ਸਿੰਘਨ ਦਿਸ,
ਧੀਰਜ ਆਯੁਧ ਧਰ ਹੈਂ।
ਪੈ ਧਰਕੈਂ ਛਤੀਆਂ[1] ਡਰ ਕੈ ਮਨ, [1]ਛਾਤੀਆਂ ਧੜਕਦੀਆਂ ਹਨ।
ਪੈਰ ਨ ਆਗੇ ਪਰ ਹੈਂ ॥ ੧੬ ॥

ਲਲਿਤ ਪਦ ਛੰਦ:

ਲਘੁ ਲਘੁ ਤਰੁ ਉਪਾਰ ਕਰਿ ਸਿੰਘਨ,
ਰਾਖੇ ਥੇ ਧਰਿ ਕੰਧਨ[1]। [1]ਛੋਟੇ ਛੋਟੇ ਦਰੱਖ਼ਤ ਪੁੱਟ ਕੇ ਸਿੰਘਾਂ ਨੇ ਮੋਢਿਆਂ ਉੱਤੇਰੱਖੇ ਹੋਏ ਸਨ।
ਭਬਕ ਭਬਕ ਕੇਹਰ ਜਨੋਂ ਉਛਰੈਂ,
ਤੁਰਕਨ ਕੀ ਦਿਸ ਫੰਧਨ[1]। [1]ਛਾਲਾਂ ਮਾਰਦੇ ਹਨ।
ਰੱਤੇ ਨੈਨ ਚਿਤੈਂ ਸੱਤ੍ਰੁਨ ਦਿਸ,
ਤੱਤੇ ਤਰਨ ਸਮਾਨੈਂ[1]। [1]ਲਾਲ ਅੱਖਾਂ ਨਾਲ ਵੈਰੀਆਂ ਵਲ ਤਕਦੇ ਹਨ, ਸੂਰਜ ਵਾਂਗ ਤੱਤੇ ਹਨ।
ਬਾਰ ਬਾਰ ਕਹਿੰ ਬਾਰ ਕਰੋ ਤੁਮ,
ਆਗੇ ਹੋਇ ਹਮਾਨੈਂ[1] ॥ ੧੭ ॥ [1]ਸਾਡੇ।
ਆਖਰ ਦਾਵ ਤਕਾ ਤੁਰਕੋਂ ਨੈ,
ਬਾਰ ਕਰੇ ਇਕ ਬਾਰੈਂ।
ਸਿੰਘਨ ਅੱਗਜੋਂ ਨਿਜ ਦੰਡਜੋਂ ਪਰ,
ਸ਼ਸਤ੍ਰ ਸਭਿਨਿ ਸੰਭਾਰੇ।

ਅੰਗਦ ਹਨੂਮਾਨ ਸਮ ਜੋਧੇ,
ਕਿਲਕ ਪਰੇ ਯਕ ਬਾਰੇ[1]। — [1]ਇੱਕੋ ਵਾਰ ਕਿਲਕਾਰੀਆਂ ਮਾਰ ਕੇ ਪੈ ਗਏ।
ਗਜ ਗਨ ਸਮ ਦਬ ਗਏ ਤੁਰਕ ਤਬਿ,
ਸਿੰਘ ਜਬੈ ਭਬਕਾਰੇ ॥੧੮॥
ਤਰੁ ਪਰਿਹਾਰ ਮੁੰਡ ਸੱਤ੍ਰਨ ਕੇ,
ਉਰਝਾਏ ਮਧ ਸਾਰੇ[1]। — [1]ਵੈਰੀਆਂ ਦੇ ਸਿਰਾਂ ਉਪਰ ਦਰੱਖ਼ਤ ਮਾਰ ਕੇ ਸਾਰੇ ਵਿੱਚੇ ਉਲਝਾ ਦਿੱਤੇ।
ਸੋ ਘਬਰਾਇ ਦਬਾਇ ਗਏ ਤਬਿ,
ਸਿੰਘਨ ਹੁਇ ਹੁਸ਼ਜਾਰੇ।
ਜਗਜੋ ਰੋਸ ਬਲ ਧਰਿ ਹਰ ਲੀਨੇ[1], — [1]ਖੋਹ ਲਏ।
ਸ਼ਸਤਰ ਉਨ ਹੀਂ ਕੇਰੇ।
ਝਟਪਟ ਪਟੇ-ਬਾਜ ਜਯੋਂ[1] ਕੱਟ ਕੈ, — [1]ਗਤਕੇ ਦੇ ਖਿਡਾਰੀਆਂ ਵਾਂਗ।
ਦਸ ਹੀ ਤੁਰਕ ਨਿਬੇਰੇ ॥੧੯॥
ਰਹੇ ਹਿਰਾਨ ਤੁਰਕ ਪਿਖਿ ਕੌਤਿਕ,
ਬੀਸਕ ਔਰਹਿਂ ਆਏ।
ਤਿਨ ਮੈਂ ਤੈ ਭੀ ਜਬੈ ਦਸਕ ਪੁਨ,
ਸਿੰਘਨ ਮਾਰਿ ਗਿਰਾਏ।
ਫਿਰ ਹੱਲਾ ਕਰਿ ਔਰ ਤੁਰਕ ਸਭਿ,
ਆਇ ਪਰੇ ਇਕ ਬਾਰੈਂ।
ਜੁਗ ਸਿੰਘਨ ਨਿਜ ਪੀਠ ਜੋਰਿ ਤਬਿ,
ਸ਼ਸਤਰ ਕੀਨੇਂ ਭਾਰੈਂ[1] ॥੨੦॥ — [1]ਬਹੁਤ ਸ਼ਸਤ੍ਰ ਚਲਾਏ।
ਸਿੰਘਨ ਪਰ ਸ਼ਸਤਰ ਯੌਂ ਪਰਹੀਂ,
ਜਯੋਂ ਬਿਦਾਣ[1] ਸਿਰਿ ਅਹਿਰਣ। — [1]ਵੱਡੇ ਹਥੌੜੇ।
ਨਿਜ ਰੱਖਯਾ ਹਿਤ ਸ਼ਬਦ ਗੁਰੂ ਕਾ,
ਕਵਚ[1] ਕਰਜੋ ਤਿਨ ਪਹਿਰਣ। — [1]ਸੰਜੋਅ, ਰੱਖਿਆ ਮੰਤ੍ਰ।
ਮਹਾਂ ਕਾਲ ਕੀ ਰੱਖਯਾ ਹਮ ਨੈਂ,
ਸਰਬ ਲੋਹ ਕੀ ਰੱਖਯਾ[1]। — [1]ਪ੍ਰਮੇਸ਼ਰ ਸਾਡਾ ਰਾਖਾ ਹੈ ਅਤੇ ਸਰਬ-ਲੋਹ (ਸ਼ਸਤ੍ਰ) ਸਾਡੇ ਰਾਖੇ ਹਨ।
ਯਾਹਿ ਮੰਤ੍ਰ ਤਬਿ ਸਿੰਘ ਉਚਾਰੈਂ,
ਯਾ ਤੈਂ ਅਰਿਗਨ ਭੱਖਯਾ[1] ॥੨੧॥ — [1]ਬਹੁਤ ਵੈਰੀ ਮਾਰੇ।
ਸ਼ਸਤਰ ਸਿੰਘਨ ਕੇ ਤਨ ਮਾਹੀਂ,

ਚੁਭੈਂ ਨ ਤੁਰਕਨ ਕੇਰੇ।
ਖੁਭੈਂ ਤ ਉਂਗਲ ਇਕ ਕੈ ਦੁਇ ਭਰ,
ਔਰ ਨ ਕਟੈਂ ਵਧੇਰੇ।
ਸਿੰਘਨ ਕੇ ਤਨ ਭਏ ਐਸ,
ਜਸੋਂ ਨਾਈ ਪੱਛ ਲਗਾਏ।
ਇੰਦ ਵਧੂ ਸਮ ਸੋਹਿਤ ਸ੍ਰੋਨਤ,
ਕਨ ਗਨ ਤਨ ਪਰ ਆਏ[1] ॥੨੨॥

[1]ਲਹੂ ਦੇ ਬਹੁਤੇ ਕਿਨਕੇ ਸ਼ਰੀਰ ਉਪਰ ਆਏ ਹੋਏ ਚੀਚ-ਵਹੁਟੀਆਂ ਵਾਂਗ ਸੋਂਹਦੇ ਹਨ।

ਸਿੰਘਨ ਕੇ ਸ਼ਸਤਰ, ਤੁਰਕਨ ਕੇ
ਤਨ ਕੋ ਕਾਟੈਂ ਐਸੇ।
ਕੇਲੇ ਕੋ ਕੁਠਾਰ[1] ਜਸੋਂ ਕਟ ਹੈ,
ਛੁਰੀ ਤ੍ਰਬੂਜਨ[1] ਜੈਸੇ।
ਸ਼ਸਤਰ ਸਿੰਘਨ ਪਰ ਤੁਰਕਨ ਕੇ,
ਪਰੈਂ ਚੁਤਰਫੋਂ ਭਾਰੇ।
ਬਹੁਤਨ ਸਜੋਂ ਜੁਗ ਸਿੰਘ ਕਰੈਂ ਕਿਮ,
ਲੈਨ ਨ ਮਿਲੈ ਸੰਭਾਰੇ ॥੨੩॥
ਆਖਰ ਸਿੰਘ ਮਾਰ ਬਹੁ ਤੁਰਕੈਂ,
ਜੁਝਿ[1] ਸਮੁਖ ਤਹਿਂ ਮੁਏ।
ਗੁਰੂ ਲੋਕ ਮੈਂ ਜਾਇ ਥਿਰਾਏ,
ਜਨਮ ਮਰਨ ਬਿਨ ਹੁਏ।
ਧਰਨੀ ਪੂਰ ਗਏ ਨਿਜ ਜਸ ਸੋਂ,
ਮੁਕਤਿ ਅੰਤ ਗਤਿ ਪਾਈ।
ਧੰਨ ਧੰਨ ਵਹਿ ਸਿੱਖ ਗੁਰੂ ਕੇ,
ਜਿਨ ਯਹਿ ਕਰੀ ਕਮਾਈ ॥੨੪॥
ਬੋਤਾ ਸਿੰਘ ਕੀ ਗਾਥ ਯਹਿ ਜੋ,
ਸਿੱਖ ਸੁਨੈ ਕੈ ਗਾਵੈ।
ਸਿੱਖੀ ਸਿਦਕ ਨਿਭੈ ਸੰਗ ਸ੍ਵਾਸੈਂ,
ਅੰਤ ਪਰਮ ਗਤਿ[1] ਪਾਵੈ।
ਸੁਨ ਕੈ ਜੰਗ ਉਭੈ ਸਿੰਘਨ ਕਾ,
ਬਡ ਬਹਾਦਰੀ ਕੇਰੋ।

[1]ਕੁਹਾੜਾ।

[1]ਮਤੀਰਿਆਂ ਨੂੰ।

[1]ਲੜ ਕੇ।

[1]ਸ੍ਰੇਸ਼ਟ ਮੁਕਤੀ।

ਘਰ ਘਰ ਪੁਰਿ ਪੁਰਿ ਬਾਤੈਂ ਚਾਲੀ,
ਫਿਰ ਸਿੰਘਨ ਕੀ ਹੇਰੋ[1] ॥੨੫॥ [1]ਦੇਖੋ।
ਸੁਨ ਕੈ ਲੋਗ ਅਤੀ ਅਚਰਜ ਹ੍ਵੈ,
ਪੌਰਖ[1] ਸਿੰਘਨ ਕੇਰੇ। [1]ਉੱਦਮ, ਬਲ।
ਬੀਸ ਗੁਨੈਂ ਨਿਜ ਤੈ ਬਡ ਜੋਧੇ,
ਜਿਨ ਮੈਦਾਨ ਨਿਬੇਰੇ।
ਅੰਗਦ ਹਨੂ ਭੀਮ ਅਰਜਨ ਕੀ,
ਗਾਥਾ ਥੀ ਸੁਨ ਰਾਖੀ।
ਲੋਗ ਕਹੈਂ ਤਿਮ ਇਨ ਸਿੰਘਨ ਕੀ,
ਪੇਖੀ ਹਮ ਅਬਿ ਆਖੀਂ[1] ॥੨੬॥ [1]ਅੱਖਾਂ ਨਾਲ।
ਏਹੁ ਜਰੂਰ ਰਾਜ ਲਹਿਂ ਭਾਈ,
ਹਤ ਕੈ ਤੁਰਕਨ ਤਾਂਈਂ।
ਗਜਾਨ ਸਿੰਘ ਬਲਿਹਾਰ ਸਿੰਘਨ ਪਰ,
ਚਰਚਾ ਫੇਰ ਚਲਾਈ ॥੨੭॥
ਦੋਹਰਾ:
ਏਕ ਸਾਲ ਤੈ ਬਾਦ ਫਿਰ,
ਬੋਤਾ ਸਿੰਘ ਨੈ ਆਨਿ।
ਨਾਮ ਸਿੰਘਨ ਪਰਗਟ ਕਰਜੋ,
ਵੀਚ ਪੰਜਾਬ ਪਛਾਨ ॥੨੮॥
ਚੌਪਈ:
ਉਨ ਦਿਨ ਸਿੰਘਨ ਨਾਮ ਨਿਸ਼ਾਨੋਂ।
ਰਹਜੋ ਨ ਥਾ ਪੰਜਾਬ ਮੈਂ ਜਾਨੋ।
ਤੁਰਕਨ ਜੁਰਮ[1] ਕਰੇ ਥੇ ਜੈਸੇ। [1]ਜ਼ੁਲਮ।
ਲਿਖ ਨਹਿਂ ਸਕਤ ਲੇਖਨੀ[1] ਤੈਸੇ ॥੨੯॥ [1]ਕਲਮ।
ਚਿਤਵੇ[1] ਨੈਨ ਨੀਰ ਬਰਸਾਵੈਂ। [1]ਯਾਦ ਕਰਨ ਨਾਲ।
ਛਤੀਆਂ ਜਰਤ ਨ ਬਤੀਆਂ ਆਵੈਂ।
ਸੁਨੈਂ ਤੁਰਕ ਸਿੰਘ ਨਾਮ ਜਹਾਂ ਹੀ।
ਲਾਖ ਜਤਨ ਕਰਿ ਹਤੈਂ ਤਹਾਂ ਹੀ ॥੩੦॥
ਭਲਾ ਬੁਰਾ ਕੁਛ ਨਾਹਿਂ ਨਿਹਰਤੇ।
ਨੀਤਿ ਅਨੀਤਿ[1] ਨ ਥੇ ਸੁ ਵਿਚਰਤੇ। [1]ਨਿਆਉ, ਕੁਨਿਆਉ।

ਧਾਮ ਸਿੰਘਨ ਕੇ ਆਮ ਉਜਾਰੇ।
ਸ਼ੀਰ-ਖੋਰ[1] ਬਾਲਕ ਬਹੁ ਮਾਰੇ ॥੩੧॥
[1]ਦੁੱਧ ਚੁੰਘਦੇ।
ਸਿੱਖਣੀਆਂ ਬਹੁ ਪੁੱਤ੍ਰਨ ਲੈ ਕੈ।
ਪਹੁੰਚੀ ਦੇਸ ਬਿਰਾੜਨ ਧੈ ਕੈ।
ਬਾਲ ਬ੍ਰਿੱਧ ਨਰ ਨਾਰੀ ਕੋਈ।
ਰਹ੍ਯੋ ਪੰਜਾਬ ਸਿੰਘ ਨਾ ਥੋਈ[1] ॥੩੨॥
[1]ਕੋਈ ਨਹੀਂ ਰਿਹਾ ਸੀ।
ਚਲੀ ਪੰਜਾਬ ਵੀਚ ਯਹਿ ਬਾਤੈਂ।
ਅਬਿ ਨਹਿੰ ਰਹੀ ਸਿੰਘਨ ਕੀ ਜਾਤੈਂ[1]।
[1]ਕੌਮ।
ਗੁਰੁਦ੍ਵਾਰੇ ਥੇ ਜੇਤਿਕ ਗੁਰੁ ਕੈਂ।
ਕਰੀ ਬਿਅਦਬੀ ਸਭਿ ਕੀ ਤੁਰਕੈਂ ॥੩੩॥
ਅਤਿ ਅਨੀਤਿ[1] ਜਬਿ ਤੁਰਕਨ ਫਰੀ।
[1]ਬੇ-ਇਨਸਾਫ਼ੀ।
ਇਤ ਅਰਦਾਸ ਸਿੰਘਨ ਮਿਲਿ ਕਰੀ।
ਸੁਨਿ ਪੁਕਾਰ ਸਿੰਘਨ ਕੀ ਈਸ਼੍ਵਰ[1]।
[1]ਪ੍ਰਮੇਸ਼ਰ ਨੇ।
ਪਠ੍ਯੋ ਚਢਾਇ ਦੁਰਾਨੀ-ਈਸ਼੍ਵਰ[1] ॥੩੪॥
[1]ਦੁਰਾਨੀਆਂ ਦਾ ਬਾਦਸ਼ਾਹ।
ਸਾਲ ਅਠਾਰਾਂ ਸੈ ਸਰ ਮਾਹੀਂ[1]।
[1]ਸੰ: ੧੮੦੫ ਬਿ: ਵਿੱਚ।
ਅਹਿਮਦ ਸ਼ਾਹਿ ਦੁਰਾਨੀ ਚਾਹੀ[1]।
[1]ਉਤਸ਼ਾਹ ਨਾਲ।
ਆਯੋ ਚਢ ਕਰਿ ਹਿੰਦੁ ਮਝਾਰੀ।
ਬਿਪਤਾ ਡਾਰੀ ਮੁਗਲਨ ਭਾਰੀ ॥੩੫॥
ਤਿਸ ਨੈ ਦੈ ਕਰਿ ਅਧਿਕ ਤੰਬੀਹੈ[1]।
[1]ਤਾੜਨਾ, ਸਜ਼ਾ, ਸਿੱਖਿਆ।
ਖਾਨ ਬਹਾਦਰ ਕਰ੍ਯੋ ਮਤੀਹੈ[1]।
[1]ਅਧੀਨ।
ਰੌਰ ਪਰ੍ਯੋ ਸਭਿ ਦੇਸਨ ਪੀਨਾ[1]।
[1]ਬਹੁਤਾ।
ਤੋਰ ਸਿਲਸਿਲਾ ਸ਼ਾਹੀ ਦੀਨਾ[1] ॥੩੬॥
[1]ਸ਼ਾਹੀ ਪ੍ਰਬੰਧ ਤੋੜ ਦਿੱਤਾ।
ਪਰੀ ਭਾਜੜੈਂ ਮੁਲਕ ਮਝਾਰੈਂ।
ਉਜਰ ਗਏ ਤਬਿ ਗ੍ਰਾਮ ਹਜਾਰੈਂ।
ਗਿਲਜੇ ਧਸੇ ਦੇਸ ਬਹੁ ਆਏ।
ਕੱਦ ਬਿਹੱਦ ਬੱਧ ਸਭਿ ਭਾਏ[1] ॥੩੭॥
[1]ਸਭ ਤਰ੍ਹਾਂ ਕੱਦ ਬਹੁਤੇ ਵੱਧ ਸਨ।
ਇਕ ਇਕ ਦੁੰਬਾ ਇਕ ਇਕ ਖਾਏ।
ਬਕਰੀ ਭੇਡ ਨ ਰਹਿਨੀ ਪਾਏ।
ਗਊ ਭੈਂਸ ਅਸ੍ਵ ਊਂਟ ਨ ਛੋਰਾ।
ਮਚ੍ਯੋ ਮੁਲਕ ਮੈਂ ਰੌਰਾ ਘੋਰਾ[1] ॥੩੮॥
[1]ਭਿਆਨਕ।

ਇਤ ਉਤ ਫਿਰਿ ਗਿਲਜਜੋਂ ਦੁਖ ਦੀਓ।
ਦੇਸ ਵਿਰਾਨ ਲੂਟ ਸਭਿ ਕੀਓ।
ਹਿੰਦੂ ਲੋਗ ਦਹਿਲਿ ਡਰਿ[1] ਤਬਿ ਹੀ। — [1]ਡਰ ਨਾਲ ਕੰਬ ਕੇ।
ਗਏ ਦੌਰ ਕਿਤ ਇਤ ਉਤ ਸਭਿ ਹੀ ॥ ੩੯ ॥
ਤਬਿ ਕੇ ਉਜਰੇ ਪਿੰਡ ਅਪਾਰੈਂ।
ਅਬਿ ਲੌ ਪਰੇ ਥੇਹ ਬਹੁ ਸਾਰੈਂ[1]। — [1]ਬਹੁਤ ਸਾਰੇ।
ਯੌਂ ਜਬਿ ਹਾਲਚਾਲ ਵਡ ਥਾਈ[1]। — [1]ਹੋਈ।
ਸਿੰਘਨ ਕੇ ਘਰ ਵਧੀ ਵਧਾਈ[1] ॥ ੪੦ ॥ — [1]ਖ਼ੁਸ਼ੀ।
ਤਬਿ ਫਿਰ ਸਿੰਘਨ ਲਾਗਜੋ ਦਾਵੈਂ।
ਛੇੜਿ ਅੱਸ੍ਰ ਸਭਿ ਧਸੇ ਪੰਜਾਬੈਂ।
ਸੱਤ੍ਰੁਨ ਤੈ ਪਲਟੇ ਫਿਰ ਲੀਨੇ।
ਧਾਮ ਅਬਾਦ ਆਪਨੇ ਕੀਨੇ ॥ ੪੧ ॥
ਲੂਟ ਮਾਰ ਕਰਿ ਭਏ ਅਸੂਦੇ[1]। — [1]ਖ਼ੁਸ਼ਹਾਲ, ਧਨ ਸੰਪਤਾ ਸਹਿਤ।
ਸੱਤ੍ਰੂ ਹਤੇ ਕਰਿ ਖ੍ਵਾਰ ਅਲੂਦੇ[1]। — [1]ਖ਼ਰਾਬ ਤੇ ਗੰਦੇ ਕਰਕੇ।
ਲੂਟੈਂ ਦੇਸ ਦੁਰਾਨੀ ਜੇਈ।
ਲੁਟੇ ਦੁਰਾਨੀ ਸਿੰਘੈਂ ਤੇਈ[1] ॥ ੪੨ ॥ — [1]ਉਹ ਦੁਰਾਨੀ ਸਿੰਘਾਂ ਨੇ ਲੁੱਟ ਲਏ।
ਦਿੱਲੀ ਦਿਸ ਸ਼ਾਹਿ ਚਢਿ ਗਯੋ।
ਪੀਛੇ ਅਫਸਰ ਜੋ ਤਿਸ ਰਹਜੋ।
ਬੰਦੋਬਸਤ ਹਿਤ ਵੀਚ ਪੰਜਾਬੈਂ।
ਤਿਸ ਕੋ ਕੀਨੋ ਸਿੰਘਨ ਖਰਾਬੈਂ ॥ ੪੩ ॥
ਉਨ ਭੀ ਥੇ ਸਿੰਘ ਸੁਨੇ ਲੜਾਕੇ।
ਬੀਰ ਬਨੈਤ[1] ਮਰਦ ਬਡ ਬਾਂਕੇ[2] ॥ ੪੪ ॥ — [1]ਬਣ ਕੇ ਰਹਿਣ ਵਾਲੇ। [2]ਸੁੰਦਰ।

ਦੋਹਰਾ:
ਸਿੰਘਨ ਢਿਗ ਤਬਿ ਲਿਖ ਪਠਜੋ,
ਮਿਲਿ ਗਿਲਜਜੋਂ ਨੈ ਐਸ।
ਧਰਮ ਜੰਗ ਹਮ ਸੰਗ ਲਿਹੁ,
ਲਰੋ ਖੁਸ਼ੀ ਹ੍ਵੈ ਜੈਸ ॥ ੪੫ ॥

ਚੌਪਈ:
ਤੁਮ ਭੀ ਧਨੀ ਤੇਗ ਕੇ ਭਾਰੇ।
ਬੀਰ ਬਲੀ ਹਮ ਸੁਨੇ ਅਪਾਰੇ।

ਜਿਹ ਬਿਧਿ ਮਨਸਾ ਤੁਮਰੀ ਹੋਈ।
ਲਰੋ ਸੰਗ ਹਮ ਅਬਿ ਬਿਧਿ ਸੋਈ ॥੪੬॥
ਪੁਨ ਤੁਮ ਸਿੰਘ ਨਾਮ ਓਜਾਗਰ[1]। — [1]ਮਸ਼ਹੂਰ।
ਹਮ ਭੀ ਗਿਲਜੇ ਬਲੀ ਬਹਾਦਰ।
ਹਮ ਕੋ ਕਸਮ ਕੁਰਾਨ ਖੁਦਾ ਕੀ।
ਦਗਾ ਨ ਤੁਮ ਸੋਂ ਕਰਿ ਹੈਂ ਬਾਕੀ[1] ॥੪੭॥ — [1]ਵਿੰਗੇ ਟੇਢੇ ਢੰਗ ਨਾਲ।
ਜੇ ਕਰਿ ਸਮੁਖ ਨ ਹ੍ਵੈ ਤੁਮ ਲਰਹੋ।
ਸਿੰਘ ਕਹਾਵਨ ਦੂਰੈਂ ਕਰਿਹੋ।
ਗਾਦਰ ਗੀਦੀ ਜਾਟ ਕਹਾਵੋ।
ਮੂੰਡ ਮੁੰਡਾ ਖੇਤੀ ਕਰਿ ਖਾਵੋ ॥੪੮॥
ਸਿੰਘ ਨਾਮ ਅਰ ਸ਼ਸਤਰ ਤਜੋ।
ਖਾਹੁ ਕ੍ਰਿੱਤ ਕਰਿ ਗੁਰੁ ਗੁਰੁ ਭਜੋ।
ਹਮ ਦੇਖਯੋ ਚਹਿੰ ਹਾਥ ਤੁਮਾਰੇ।
ਹਮ ਨੈ ਸੁਨੇ ਬੀਰ ਤੁਮ ਭਾਰੇ ॥੪੯॥
ਤੁਮ ਕੋ ਤੁਮਰੇ ਗੁਰੁ ਕੀ ਕਸਮੈਂ।
ਜਯੋਂ ਚੈਹੋ ਲਰ ਲਿਹੁ ਤਿਸ ਰਸਮੈਂ[1]। — [1]ਤਿਸ ਢੰਗ ਨਾਲ।
ਦੁਇ ਦੁਇ ਤੁਮ ਇਕ ਇਕ ਮੁਲਖੱਈਆ[1]। — [1]ਗਿਲਜ਼ਾ।
ਤਰਵਾਰਨ ਸੋਂ ਲਰ ਲਿਹੁ ਭੱਈਆ ॥੫੦॥
ਹਮਰੇ ਮਨ ਕੀ ਇੱਛ ਪੁਜਾਵੋ।
ਹੌਂਸ[1] ਮਿਟਾਵੋ ਹਾਥ ਦਿਖਾਵੋ*। — [1]ਇੱਛਾ। *ਅੰਕ ਨੰ: ੫੧ ਦੀ ਦੂਜੀ ਤੁਕ ਅੰਮ੍ਰਿਤਸਰ ਐਡੀਸ਼ਨ 'ਚੋਂ ਲਈ ਹੈ।

ਇੱਤਯਾਦਿਕ ਲਿਖ ਕਰਿ ਬਹੁ ਬਾਤੈਂ।
ਪਠੀ ਪੰਥ ਪੈ ਜਬਿ ਬਖਯਾਤੈਂ ॥੫੧॥
ਬੁੱਢੇ-ਕੋਟ ਗਾਮ ਢਿਗ ਸਾਰੇ।
ਬੁੱਢਾ ਦਲ ਥਾ ਉਤਰਯੋ ਭਾਰੇ।
ਯਹਿ ਚਿੱਠੀ ਪਢਿ ਗਿਲਜਯੋਂ ਕੇਰੀ।
ਸਿੰਘਨ ਕੋ ਚਿਪ[1] ਲਗੀ ਵਧੇਰੀ ॥੫੨॥ — [1]ਚਿੜ੍ਹ, ਖਿੱਝ।
ਕੇਹਰ ਸਮ ਕੇਹਰ ਸਭਿ ਭਬਕੇ[1]। — [1]ਸਾਰੇ ਸਿੰਘ ਸ਼ੇਰਾਂ ਵਾਂਗ ਗੱਜੇ।
ਜਯੋਂ ਸੁਨਿ ਸ਼ੇਰ ਗਜਿੰਦਨ ਦਬਕੇ[1]। — [1]ਹਾਥੀਆਂ ਦੇ ਦਬਕੇ ਸੁਣ ਕੇ।
ਗਿਲਜਨ ਕੋ ਕਹਿ ਪਠਯੋ ਤਬਿ ਹੀ।

ਹੈ ਬਲ ਤੋ ਚਢਿ ਆਵਹੁ ਅਬਿ ਹੀ ॥੫੩॥
ਇਕ ਇਕ ਸਿੰਘ ਭੁਜੰਗੀ[1] ਹਮਰਾ। — [1]ਸੂਰਮਾ।
ਦਸ ਦਸ ਗਿਲਜਜੋਂ ਸੋਂ ਕਰੈ ਸਮਰਾ[1]। — [1]ਜੰਗ।
ਪੈਜ ਹਮਾਰੀ ਸਤਿਗੁਰੁ ਰਾਖੇ।
ਜਿਨ ਯਹਿ ਬੈਨ ਬਾਰ ਬਹੁ ਭਾਖੇ ॥੫੪॥
ਸਵਾ ਲਾਖ ਸਿਉਂ ਏਕ ਲਰਾਊਂ।
ਚਿੜੀਆਂ ਤੈ ਬਾਜਨ ਤੁੜਵਾਊਂ।
ਸੋ ਸਤਿਗੁਰੁ ਹੈਂ ਹਮਰੇ ਰਾਖੇ।
ਹਮ ਰਹਿ ਹੈਂ ਤੁਮ ਪਰ ਸਦ ਮਾਖੇ[1] ॥੫੫॥ — [1]ਕ੍ਰੋਧ ਸਹਿਤ।
ਆਵੋ ਲਰੋ ਨ ਦੇਰ ਲਗਾਵੋ।
ਪੇਖੋ ਕਰ[1] ਅਰ ਅਪਨ ਦਿਖਾਵੋ। — [1]ਹੱਥ।
ਜੋ ਕਰਿ ਤੁਮ ਅਬਿ ਨਹਿਂ ਚਢਿ ਐਹੋ।
ਕਸਮ ਕੁਰਾਨ ਤੁਮੈਂ, ਬਦ ਖੈਹੋ[1] ॥੫੬॥ — [1]ਸੂਰ ਖਾਉਗੇ।
ਯਹਿ ਲਿਖਯੋ ਸਿੰਘਨ ਕਾ ਸੁਨ ਕੈ।
ਆਏ ਚਢਿ ਗਿਲਜੇ ਝਟ ਗੁਨ ਕੈ।
ਮਿਲੇ ਪਠਾਨ ਕਸੂਰੀ ਸੰਗੈਂ।
ਹੇਰਨ-ਹਾਰੇ[1] ਔਰ ਉਮੰਗੈਂ ॥੫੭॥ — [1]ਵੇਖਣ ਵਾਲੇ।
ਬੇਟ ਵੀਚ ਸਤਲੁਜ ਕੇ ਤੀਰੈਂ।
ਦੁਹੂੰ ਦਲਨ[1] ਕੀ ਅਰ ਗਈ ਭੀਰੈਂ ॥੫੮॥ — [1]ਭੀੜਾਂ ਅੜ ਗਈਆਂ ਭਾਵ ਦੋਵੇਂ ਦਲ ਇਕ ਦੂਜੇ ਦੇ ਨੇੜੇ ਹੋ ਗਏ।

ਸ੍ਵੈਯਾ:
ਮੋਰ ਦਬੈ ਕਿਮ ਘੋਰ ਘਟਾਂ ਸੁਨਿ,
ਸ਼ੋਰ ਅਹੀ ਪਤਿਪੰਛਿ ਦਬੈ ਨਾ[1]। — [1]ਬੱਦਲ ਦੀ (ਘੋਰ) ਗਰਜ ਸੁਣਕੇ ਮੋਰ ਕਿਸ ਤਰ੍ਹਾਂ ਦਬ ਸਕਦਾ ਹੈ ਅਤੇ (ਅਹੀ) ਸੱਪਾਂ ਦਾ ਸ਼ੋਰ ਸੁਣਕੇ (ਪਤਿ-ਪੰਛਿ) ਗਰੜ ਨਹੀਂ ਦਬਦਾ।

ਮੱਤ ਕਰਿੰਦ ਬਰਿੰਦ ਡਕਾਰਨ
ਤੈ, ਦਬ ਹੈ ਮਿਰਗਿੰਦ ਕਬੈ ਨਾ[1]। — [1](ਬ੍ਰਿੰਦ) ਬਹੁਤੇ ਮਸਤ (ਕਰਿੰਦ) ਹਾਥੀਆਂ ਦੇ (ਡਕਾਰਨ) ਗਰਜਣ ਨਾਲ ਸ਼ੇਰ ਕਦੇ ਨਹੀਂ ਦਬਦਾ।

ਜਜੋਂ ਹਰਿ ਜਾਪ, ਤ੍ਰਿਤਾਪਨ ਪਾਪਨ
ਖਾਪਨ ਤੈ ਭਿ, ਕਦਾਪਿ ਰਹੈ ਨਾ[1]। — [1]ਜਿਵੇਂ ਹਰੀ ਦਾ ਜਾਪ ਤਿੰਨਾਂ ਤਾਪਾਂ ਤੇ ਪਾਪਾਂ ਦੇ (ਖਾਪਨ) ਨਾਸ਼ ਕਰਨ ਤੋਂ ਕਦੇ ਭੀ ਨਹੀਂ ਰਹਿੰਦਾ।

ਤਜੋਂ ਛਕਿ ਸਾਰ ਸੁਧਾ[1] ਗੁਰੁ ਕੋ ਸਿੰਘ,
ਨਾਹਿਂ ਦਬੈਂ ਪਿਖ ਕੈ ਅਰਿ ਸੈਨਾਂ[1] ॥੫੯॥
ਰੈਨ ਦਬਾਇ ਸਕੈ ਰਵਿ ਕੋ ਕਬਿ?
ਚੀਤਹਿ ਕੋ ਮ੍ਰਿਗ ਜਜੋਂ ਨ ਦਬੈ ਹੈ।
ਸਿੰਧੁ ਬੁਝਾਇ ਸਕੈ ਬੜਵਾਨਲ
ਕੋ ਨਹਿਂ, ਬਜਾਰਹਿਂ ਮੇਘ ਮਲੈ ਹੈਂ[1]।

ਦੀਪਕ ਕੋ ਤਮ, ਸੰਤ ਤਈਂ ਮਮ,
ਗਜ਼ਾਨ ਤਈਂ ਗਮ ਜਜੋਂ ਨ ਨਸੈ ਹੈ[1]।

ਤਜੋਂ ਗੁਰੁ-ਸਿੰਘਨ ਕੇ ਉਰ ਕੋ ਹਠ
ਧੀਰ, ਅਰੀ ਢੁਰ ਭੀ ਨ ਛੁਡੈ ਹੈਂ[1] ॥੬੦॥

ਸੇਸ ਸੁਟੈ ਸਿਰ ਤੇ ਧਰਨੀ,
ਧ੍ਰੂਵ ਮੇਰੁ ਚਲੈ ਜਲ ਦਾਹਿ ਬਨੈ ਹੈ[1]।

ਸੀਤਲ ਸੂਰ ਜਰਾਇ ਸਸੀ,
ਬਰਖਾ ਕਿਰਖੀ ਸੁ ਸੁਕਾਇ ਧਰੈ ਹੈ[1]।

ਬਾਂਝ ਜਨੈਂ ਸੁਤ ਬੋਲਿ ਚਲੈ ਬੁਤ,
ਸੈਲ ਭਵੈ ਕੁਤ ਕੰਜ ਸਮੈ ਹੈ[1]।

ਤਾਂ ਦਿਨ ਏਹੁ ਭਵੈ ਉਲਟੀ ਸਭਿ,
ਜਾਂ ਦਿਨ ਜੰਗ ਤੈ ਸਿੰਘ ਡਰੈ ਹੈ ॥੬੧॥
ਗਜ ਕੋ ਪਿਖਿ ਕੇਹਰ ਕੈਸ ਤ੍ਰਸੈ,
ਬਰ ਬਾਜ ਬਿਲੋਕ ਬਕੈਂ ਕਿ ਡਰੈ[1]।

ਕਬਿ ਪੇਖਿ ਫਨਿੰਦ ਖਗਿੰਦ ਦਬੈ,
ਬ੍ਰਿਕ ਬੋਕਨ ਤੈ ਕਿਮ ਦੌਰਿ ਦੁਰੈ[1]।

[1]ਸ੍ਰੇਸ਼ਟ ਅੰਮ੍ਰਿਤ।

[1]ਵੈਰੀਆਂ ਦੀ ਫੌਜ।

[1]ਸਮੁੰਦਰ, ਬੜਵਾ ਅੱਗ (ਸਮੁੰਦਰ ਦੇ ਜਲ ਨੂੰ ਸਾੜਨ ਵਾਲੀ ਅੱਗ) ਨੂੰ ਨਹੀਂ ਬੁਝਾ ਸਕਦਾ ਤੇ (ਬਜਾਰਹਿਂ) ਹਵਾ ਨੂੰ ਬੱਦਲ ਨਹੀਂ ਮਲ ਸਕਦੇ ਭਾਵਰੋਕ ਨਹੀਂ ਸਕਦੇ।

[1]ਦੀਵੇ ਨੂੰ ਅਨ੍ਹੇਰਾ, ਸੰਤ ਨੂੰ (ਮਮ) ਮਮਤਾ, ਗਿਆਨ ਨੂੰ ਫ਼ਿਕਰ ਨਸਾ ਨਹੀਂ ਸਕਦਾ।

[1]ਤਿਵੇਂ ਗੁਰੂ ਦੇ ਸਿੰਘਾਂ ਦੇ ਹਿਰਦੇ ਦੇ ਹਠ ਤੇ ਧੀਰਜ ਨੂੰ ਵੈਰੀ (ਢੁਰ) ਘੇਰੇ 'ਚ ਲੈ ਕੇ ਵੀ ਨਹੀਂ ਛੁਡਾ ਸਕਦੇ।

[1]ਸ਼ੇਸ਼ਨਾਗ ਸਿਰ ਤੋਂ ਧਰਤੀ ਸੁੱਟ ਦੇਵੇ, ਧ੍ਰੂ ਲੋਕ ਤੇ ਸੁਮੇਰ ਪਰਬਤ (ਆਪਣੇ ਥਾਂ ਤੋਂ) ਹਿੱਲ ਜਾਣ, ਪਾਣੀ (ਦਾਹ) ਸਾੜਨ ਵਾਲਾ ਬਣ ਜਾਵੇ।

[1]ਸੂਰਜ ਠੰਢਾ ਹੋ ਜਾਵੇ, ਚੰਦ ਸਾੜਨ ਲਗ ਜਾਵੇ, ਬਰਖਾ (ਸੁ) ਚੰਗੀਆਂ (ਕ੍ਰਿਖੀ) ਖੇਤੀਆਂ ਨੂੰ ਸੁਕਾ ਕੇਰਖ ਦੇਵੇ।

[1]ਸੰਢ ਇਸਤ੍ਰੀ ਪੁੱਤਰ ਪੈਦਾ ਕਰ ਲਵੇ, (ਪੱਥਰ ਦਾ) ਬੁੱਤ ਬੋਲੇ ਤੇ ਚਲ ਪਵੇ, ਪਹਾੜ (ਕੁਤ) ਕਿਤੇ ਕੰਵਲ ਵਾਂਗ (ਕੋਮਲ) ਹੋ ਜਾਵੇ।

[1]ਹਾਥੀ ਨੂੰ ਦੇਖ ਕੇ ਸ਼ੇਰ ਕਿਵੇਂ (ਤ੍ਰਸੇ) ਡਰ ਸਕਦਾ ਹੈ, ਸ੍ਰੇਸ਼ਟ ਬਾਜ਼ ਬਗਲਿਆਂ ਨੂੰ ਦੇਖ ਕੇ ਕਿਵੇਂ ਡਰ ਸਕਦਾ ਹੈ।

[1](ਫਨਿੰਦ) ਸ਼ੇਸ਼ਨਾਗ ਨੂੰ ਦੇਖ ਕੇ (ਖਗਿੰਦ) ਗਰੜ ਕਦੋਂ ਦੱਬ ਸਕਦਾ ਹੈ, (ਬ੍ਰਿਕ) ਬਘਿਆੜ (ਬੋਕ) ਬੱਕਰਿਆਂ ਨੂੰ ਦੇਖ ਕੇ ਕਿਵੇਂ ਦੌੜ ਕੇ ਲੁਕ ਸਕਦਾ ਹੈ।

ਕਿਮ ਮੂਸ ਨਿਹਾਰ ਮਝਾਰ ਭਗੈ,
ਬਹਿਰੀ ਹਹਿਰੀ ਕਬਿ ਕੂੰਜ ਤਰੈ[1]।

[1]ਚੂਹੇ ਨੂੰ ਦੇਖ ਕੇ ਬਿੱਲਾ ਕਿਵੇਂ ਨਸ ਸਕਦਾ ਹੈ, ਬਹਿਰੀ (ਸ਼ਿਕਾਰੀ ਜਾਨਵਰ) ਕੂੰਜ ਤੋਂ ਕਿਵੇਂ (ਤਰੈ) ਬਹੁਤੀ (ਹਹਿਰੀ) ਡਰ ਸਕਦੀ ਹੈ।

ਕਰਿ ਪਾਨ ਸੁਧਾ ਦਸਮੇ ਗੁਰੁ ਕੋ,
ਦਲ ਦੁੱਜਨ ਤੈ ਸਿੰਘ ਕੌਣ ਟਰੈ[1] ॥ ੬੨ ॥

[1]ਤਿਵੇਂ ਦਸਵੇਂ ਗੁਰਾਂ ਦਾ ਅੰਮ੍ਰਿਤ ਛਕ ਕੇ ਵੈਰੀਆਂ ਦੇ ਦਲ ਤੋਂ ਕਿਹੜਾ ਸਿੰਘ ਟਲ ਸਕਦਾ ਹੈ।

ਸੁਨਿ ਸ਼ੋਰ ਫੁੰਕਾਰ ਫਨੀਨ ਨਿਹਾਰ,
ਭਗੈਂ ਕਬਿ ਮੋਰ ਮਹਾਂ ਡਰ ਕੈ[1]।

[1](ਫਨੀਨ) ਸੱਪਾਂ ਨੂੰ ਦੇਖ ਕੇ, ਉਨ੍ਹਾਂ ਦੀ ਫੁੰਕਾਰ ਦਾ ਸ਼ੋਰ ਸੁਣ ਕੇ ਤੇ ਬਹੁਤਾ ਡਰ ਕੇ ਮੋਰ ਕਦੋਂ ਨਸਦਾ ਹੈ ? ਭਾਵ ਨਹੀਂ ਨਸਦਾ।

ਬਡ ਮੇਚਕ ਏਣ ਬਿਖਾਣਨ ਕੋ
ਚਿਤ ਕੈ, ਚਿਤਰੇ ਚਿਤ ਨਾ ਘਰਕੈਂ[1]।

[1]ਵੱਡੇ ਤੇ (ਮੇਚਕ) ਕਾਲੇ (ਏਣ) ਹਰਨਾਂ ਦੇ (ਬਿਖਾਣਨ) ਸਿੰਗਾਂ ਨੂੰ (ਚਿਤ ਕੈ) ਦੇਖ ਕੇ ਚਿਤਰੇ ਚਿੱਤ ਵਿੱਚ ਨਹੀਂ ਘਰਕਦੇ ਭਾਵ ਡਰਦੇ।

ਕੁਲ ਕਾਕ ਬਿਲੋਕ ਕਹਾਂ ਜਿ ਕਰੈਂ
ਨਿਕਰੈਂ ਸ਼ਿਕਰੈਂ ਫਿਕਰੈਂ ਪਰ ਕੈ[1]।

[1](ਨਿਕਰੈਂ) ਸਮੂੰਹ ਸ਼ਿਕਰੇ (ਸ਼ਿਕਾਰੀ ਪੰਛੀ) ਕਾਵਾਂ ਦੀ ਕੁਲ ਨੂੰ ਦੇਖ ਕੇ ਕਿੱਥੇ ਫ਼ਿਕਰਾਂ ਵਿੱਚ ਪੈਂਦੇ ਹਨ ?

ਕਰਿ ਪਾਨ ਸੁਧਾ ਦਸਮੇਂ ਗੁਰੁ ਕੋ,
ਦਲ ਦੁੱਜਨ ਤੈ ਸਿੰਘ ਕਯੋਂ ਧਰਕੈ[1] ॥ ੬੩ ॥

[1]ਕਿਉਂ ਧੜਕੇ ਭਾਵ ਨਹੀਂ ਧੜਕਦਾ (ਡਰਦਾ)।

ਦੋਹਰਾ:
ਦੁੰਦ ਜੁੱਧ ਸੁਨਿ ਸਿੰਘਨ ਕੇ,
ਬਢੀ ਚੌਂਪ ਚਿਤ ਚਾਹਿ[1]।

[1]ਦੋਂਹ ਸੂਰਮਿਆਂ ਦਾ ਜੁੱਧ ਸੁਣ ਕੇ ਸਿੰਘਾਂ ਦੇ ਚਿੱਤ ਵਿੱਚ (ਚਾਹ) ਉਤਸ਼ਾਹ ਨਾਲ (ਚੌਂਪ) ਸ਼ੌਕ ਵਧਿਆ।

ਸ਼ਸਤਰ ਬਸਤਰ ਸਜਿ ਭਲੇ,
ਥਿਰੇ ਸਮੁਖ ਅਰਿ ਆਹਿ ॥ ੬੪ ॥
ਗਿਲਜਯੋਂ ਕਾ ਸਰਦਾਰ ਇਕ,
ਨਿਕਸਯੋ ਖੇਤ ਮਝਾਰ[1]।

[1]ਜੰਗ ਦੇ ਮੈਦਾਨ ਵਿੱਚ।

ਬਹੁ ਬਾਤੈਂ ਕਰਿ ਸਿੰਘਨ ਕੋ,
ਕੋਪ ਬਢਾਯੋ ਭਾਰ* ॥ ੬੫ ॥

*ਅੰਕ ਨੰ: ੬੫ ਦਾ ਪਾਠ ਦਿੱਲੀ ਐਡੀਸ਼ਨ ਦਾ ਸ਼ੁੱਧ ਜਾਣ ਕੇ ਛਾਪਿਆ ਹੈ।

ਲਲਿਤ ਪਦ ਛੰਦ:
ਪਿਖ ਕਰਿ ਸੈਨ ਬੈਨ ਸੁਨਿ ਤੁਰਕਨ,

ਰੋਸ ਐਨ[1] ਤਬਿ ਜਾਗਾ। — [1]ਚੰਗੀ ਤਰ੍ਹਾਂ।
ਸਿੰਘ ਚਿਤੈਂ[1] ਤੁਰਕਨ ਦਿਸ ਐਸੇ, — [1]ਦੇਖਦੇ ਹਨ।
ਜੈਸੇ ਗਜ ਦਿਸ ਬਾਘਾ[1]। — [1]ਹਾਥੀ ਵੱਲ ਸ਼ੇਰ (ਦੇਖਦਾ ਹੈ)।
ਇਤ ਤੈ ਚੜ੍ਹਤ ਸਿੰਘ ਗਹਿ ਸ਼ਸਤਰ,
ਤਜਾਰ ਰੋਸ ਧਰਿ ਹੋਯੋ।
ਸੁੱਖਾ ਸਿੰਘ ਕਹਯੋ ਫਿਰ ਤਿਸ ਕੋ,
ਤੁਮ ਬਾਲਕ ਬਪੁ ਜੋਯੋ[1] ॥੬੬॥ — [1]ਤੇਰਾ ਬਾਲਕ ਸ਼ਰੀਰ ਦੇਖੀਦਾ ਹੈ।
ਵਹਿ ਅਤਿ ਬਲੀ ਜਵਾਨ ਦੁਰਾਨੀ,
ਮਢੀ ਲੋਹ ਸੰਗ ਦੇਹੀ।
ਤੁਮ ਮ੍ਰਿਦ ਗਾਤ[1] ਕਵਚ[2] ਬਿਨ ਕੈਸੇ, — [1]ਕੋਮਲ ਸ਼ਰੀਰ ਵਾਲੇ। [2]ਸੰਜੋਅ।
ਸਕਹੋ ਤਿਸ ਕੋ ਛੇਹੀ[1]। — [1]ਨਾਸ਼।
ਕੰਦ ਮੂਲ[1] ਛਕਿ ਸਿੰਘ ਗੁਜਾਰਹਿਂ, — [1](ਕੰਦ) ਫਲ ਤੇ ਮੂਲ (ਧਰਤੀ ਦੇ ਅੰਦਰ ਪੈਦਾ ਹੋਣ ਵਾਲੀਆਂ ਸਬਜ਼ੀਆਂ ਆਦਿ।)
ਯਹਿ ਸਭਿ ਮਾਸ ਅਹਾਰੀ।
ਪੁਨ ਸਰਦਾਰ ਯਾਰ ਯਹਿ ਤੁਰਕਨ,
ਬਲੀ ਬਾਂਕੁਰੋ ਭਾਰੀ ॥੬੭॥
ਯਹਿ ਸੁਨਿ ਚੜ੍ਹਤ ਸਿੰਘ ਫਿਰ ਬੋਲਜੋ,
ਹਾਰ ਜੀਤ ਗੁਰੁ ਹਾਥੈਂ।
ਗਰਜ ਗਜਿੰਦਹਿਂ ਸੁਨਿ ਕਿਮ ਦਬ ਰਹਿ,
ਸੁਤ ਮਿਰਗਿੰਦ ਸਨਾਥੈਂ[1]। — [1]ਮਾਲਕ ਵਾਲਾ ਸ਼ੇਰ ਦਾ ਪੁੱਤਰ ਹਾਥੀਆਂ ਦੀ ਗਰਜ ਸੁਣ ਕੇ ਕਿਵੇਂ ਦੱਬ ਰਹੇਗਾ ?
ਤਨਕ ਜਾਪ ਅਗਨੀ ਜਿਮ ਖਾਪਤ,
ਕਾਸਟ ਪਾਪਨ ਪੁੰਜਾ[1]। — [1]ਜਿਵੇਂ ਥੋੜ੍ਹਾ ਜਿਹਾ ਜਾਪ ਬਹੁਤੇ ਪਾਪਾਂ ਨੂੰ ਤੇ ਥੋੜ੍ਹੀ ਜਿਹੀ ਅੱਗ ਬਹੁਤੀਆਂ ਲਕੜਾਂ ਨੂੰ ਨਾਸ਼ ਕਰ ਦੇਂਦੀ ਹੈ।
ਤਜੋਂ ਬਾਲਕ ਨਹਿਂ ਤੁਮ ਮੁਹਿ ਜਾਨਹੁਂ,
ਮੈਂ ਗੁਰੁਸਿੱਖ ਅਭੰਜਾ[1] ॥੬੮॥ — [1]ਅਜਿੱਤ।
ਯਹਿ ਸੁਨਿ ਬੈਨ ਪੰਥ ਮੁਦ ਹ੍ਵੈ ਕੈ,
ਸੁੱਖਾ ਸਿੰਘ ਬੰਗਾਰਜੋ।
ਸਾਜ ਸੰਜੋਆਂ ਆਯੁਧ ਸਿੰਘ ਜੀ,
ਕੇਹਰ ਜਜੋਂ ਭਬਕਾਰਜੋ[1]। — [1]ਗੱਜਿਆ।
ਹ੍ਵੈ ਅਸਵਾਰ ਖਾਨ ਢਿਗ ਪਹੁੰਚਜੋ,

ਕਹ੍ਯੋ ਬਾਰ ਕਰਿ ਲੇਵੋ।
ਗੋਰ[1] ਤੁਮਾਰੀ ਹ੍ਵੈ ਹੈ ਈਹਾਂ, — [1]ਕਬਰ।
ਅਬਿ ਮੈਂ ਜਾਨ ਨ ਦੇਵੋਂ ॥੬੯॥
ਯਹਿ ਸੁਨਿ ਕੋਪ ਖਾਨ ਅਸਿ ਝਾਰੀ[1], — [1]ਤਲਵਾਰੀ ਮਾਰੀ।
ਸਿੰਘ ਜੀ ਬਾਰ ਬਚਾਯੋ।
ਵਹਿ ਭੀ ਗਯੋ ਬਚਾਇ ਸਿੰਘ ਕਾ,
ਬਾਰ ਢਾਲ ਪਰ ਆਯੋ।
ਅਹਿਰਣ ਪਰ ਬਿਦਾਨ ਜਯੋਂ ਪਰਹੀਂ,
ਸਿਪਰਨ ਪਰ[1] ਤਯੋਂ ਤੇਗੈਂ। — [1]ਢਾਲਾਂ ਉੱਪਰ।
ਹੱਥ ਫੁਲੱਥੇ[1] ਕੇ ਜੁਗ ਜੋਧੇ, — [1]ਦੋਵੇਂ ਜੋਧੇ ਗਤਕੇ ਦੇ (ਖਿਡਾਰੀ ਹਨ)।
ਮਾਰਹਿਂ ਦੁਹਿ-ਦਿਸ ਬੇਗੈਂ[1] ॥੭੦॥ — [1]ਛੇਤੀ।
ਸਿਪਰਨ ਕੇ ਟੁਕੜੇ ਜਬਿ ਹੂਏ,
ਲਗੇ ਸੰਜੋਏਂ ਕਾਟਨ।
ਲੋਹੇ ਪਰ ਤੇਗਾਂ ਯੌਂ ਠਣਕੈਂ,
ਘਾੜ ਠਠਜਾਰੇ ਘਾਟਨ[1]। — [1](ਘਾੜ) ਭਾਂਡੇ ਘੜਦੇ ਹਨ।
ਤੇਗੇ ਟੂਟ ਗਏ ਜਬਿ ਦੁਂਹ ਕੇ,
ਗੱਫਮ-ਗੱਫੀ[1] ਹੋਏ। — [1]ਜੱਫੋ ਜੱਫੀ।
ਬਲ ਧਰਿ ਭਿਰੇ ਉਭੈ ਦੁਇ ਜੋਧੇ,
ਗਿਰੈ ਧਰਾ ਪੁਨ ਦੋਏ ॥੭੧॥
ਗਿਰਿ ਤਹਿਂ ਮੁਰਛਤ[1] ਭਯੋ ਦੁਰਾਨੀ, — [1]ਬੇਹੋਸ਼।
ਸਿੰਘ ਤਬਿ ਦਾਉ ਵਿਚਾਰ੍ਯੋ।
ਚੁੱਕ ਸੰਜੋਇ ਕਟਾਰ ਮਾਰ ਕਰਿ,
ਉਦਰ[1] ਖਾਨ ਕਾ ਫਾਰ੍ਯੋ ॥੭੨॥ — [1]ਪੇਟ।
ਦੋਹਰਾ:
ਯਾ ਬਿਧਿ ਬਧ[1] ਗਿਲਜੇ ਤਈਂ, — [1]ਮਾਰ ਕੇ।
ਸਿੰਘ ਜੀ ਫਤੇ ਬੁਲਾਇ।
ਦੈ ਕਿਲਕਾਰੀ ਛਾਲ ਵਡ,
ਧਸ੍ਯੋ ਪੰਥ ਮੈਂ ਆਇ ॥੭੩॥
ਚੌਪਈ:
ਨਿਕਸ੍ਯੋ ਖਾਨ ਏਕ ਪੁਨ ਭਾਰਾ।

ਲੋਹ ਮਢਜੋ ਜਨੁ ਖਢਜੋ[1] ਮੁਨਾਰਾ।
[1]ਖੜ੍ਹਾ ਹੈ।
ਪੀਸਿ ਦੰਤ ਰਿਸ ਅੰਤਕ ਕੇਸਮ[1]।
[1]ਜਮ-ਰਾਜ ਵਾਂਗ ਗ਼ੁੱਸੇ ਨਾਲ ਦੰਦ ਪੀਹ ਕੇ।
ਗੱਜਜੋ ਪਰਲੈ ਘਨ ਤੇ ਨਹਿਂ ਕਮ[1] ॥੭੪॥
[1]ਘੱਟ।
ਫਿਰਜੋ ਖੇਤ ਮੈਂ ਅੱਸ੍ਰ ਦੁੜਾਵਤ।
ਧਰੈ ਨਾਉ ਸਮ ਭਰੈ ਡੁਲਾਵਤ[1]।
[1]ਧਰਤੀ ਨੂੰ ਭਰੀ ਹੋਈ ਬੇੜੀ ਵਾਂਗ ਡੁਲਾਉਂਦਾ ਹੈ।
ਪੇਖਿ ਅਘੜ ਸਿੰਘ ਰਹਿ ਨਹਿਂ ਸਾਕਾ।
ਛੇੜਿ ਅੱਸ੍ਰ ਢਿਗ ਪਹੁੰਚਜੋ ਬਾਂਕਾ ॥੭੫॥
ਕੇਹਰ ਕੇਹਰ ਜਜੋਂ ਭਬਕਾਰਜੋ[1]।
[1]ਸਿੰਘ ਸ਼ੇਰ ਵਾਂਗ ਗੱਜਿਆ।
ਫਿਰੇ ਚੁਤਰਫੈਂ ਦੁਹੂੰ ਨਿਹਾਰਜੋ।
ਹੱਥ ਫੁਲੱਥੇ ਕੇ ਬਹੁ ਕੀਏ।
ਚਿਤੈਂ ਉਭੈ ਦ੍ਰਿਗ ਮੈਂ ਦ੍ਰਿਗ ਦੀਏ ॥੭੬॥
ਉਭੈ ਬੀਰ ਬਿੱਦਜਾ ਮੈਂ ਪੂਰੇ।
ਬਲੀ ਬਿਸਾਲ ਭਰੇ ਰਿਸ ਭੂਰੇ[1]।
[1]ਬਹੁਤੇ ਗ਼ੁੱਸੇ 'ਚ ਭਰੇ।
ਮਢੇ ਲੋਹ ਦੋਨੋਂ ਸਹਿ ਅੱਸ੍ਰੈਂ।
ਨੰਗੀ ਠੌਰ ਨ ਕੋਊ ਦਿੱਸੈ ॥੭੭॥
ਇਤ ਉਤ ਫਿਰੈਂ ਤਕਾਵਤ ਦਾਵੈਂ।
ਤਕਿ ਤਕਿ ਦੋਊ ਤੀਰ ਚਲਾਵੈਂ।
ਭਯੋ ਨ ਘਾਵ, ਦਾਵ ਕਿ ਨ ਲਾਗਾ[1]।
[1]ਕਿਸੇ ਦਾ ਦਾਅ ਨਹੀਂ ਲੱਗਿਆ।
ਅਤੀ ਰੋਸ ਸਿੰਘ ਕੋ ਤਬਿ ਜਾਗਾ ॥੭੮॥
ਨੰਗਾ ਨੈਨ ਤੁਰੰਗਹਿਂ ਹੇਰਾ।
ਖਰ ਸਰ ਜੋਰਿ ਸਜੋਰ ਬਧੇਰਾ[1]।
[1]ਤਿੱਖਾ ਤੀਰ ਜੋੜ ਕੇ ਬਹੁਤੇ ਜ਼ੋਰ ਨਾਲ।
ਮਾਰਿ ਨੈਨ ਮੈਂ ਐਨ ਕਰਾਰਾ[1]।
[1]ਚੰਗੀ ਤਰ੍ਹਾਂ (ਕਰਾਰਾ) ਤਿੱਖਾ ਤੀਰ ਅੱਖ 'ਚ ਮਾਰਿਆ।
ਸਿਰ ਗਰਦਨ ਤਨ ਫੋਰਿ ਨਿਕਾਰਾ ॥੭੯॥
ਨਿਸਰਜੋ ਦੁੰਬ ਨਿਕਟ ਸਰ ਜਾਈ[1]।
[1]ਤੀਰ ਪੂਛ ਕੋਲ ਜਾ ਨਿਕਲਿਆ।
ਗਿਰਜੋ ਅੱਸ੍ਰ ਤਬਿ ਚਿਰਕੀ[1] ਖਾਈ।
[1]ਭੁਆਟਣੀ, ਘੁਮੇਰਨੀ।
ਮਾਰਿ ਛਾਰ ਝਟਪਟ ਰਿਸਿ ਖਾਨਾ।
ਸਿੰਘ ਕੇ ਅੱਸ੍ਰ ਤਈਂ ਲਪਟਾਨਾ[1] ॥੮੦॥
[1]ਚਿੰਬੜ ਗਿਆ।
ਲਗੈ ਨ ਸ਼ਸਤਰ ਅਤੀ ਨਿਕਟ ਪੈ[1]।
[1]ਬਹੁਤਾ ਨੇੜ ਹੋਣ ਕਰ ਕੇ ਸ਼ਸਤ੍ਰ ਨਹੀਂ ਲਗਦਾ।
ਬਨੀ ਸਿੰਘ ਕੋ ਆਇ ਬਿਕਟ ਪੈ[1]।
[1]ਬਹੁਤੀ ਔਖਿਆਈ।
ਘੋੜੇ ਯੁਤ ਸਿੰਘ ਤਈਂ ਉਠਾਯੋ।

ਧਰ ਪਰ ਚਾਹਿ ਖਾਨ ਪਟਕਾਯੋ[1] ॥੮੧॥	[1]ਉਲਟਾ ਕੇ ਡੇਗਣਾ।
ਅਤਿ ਸ਼ੀਘ੍ਰਤਾ ਸਿੰਘ ਅਸ ਕਰੀ।	
ਮਾਰਿ ਛਾਰ ਉਤਰਯੋ ਤਿਸ ਘਰੀ।	
ਤੇਗੇ ਖੈਂਚ ਉਭੈ ਫਿਰ ਭਿਰੇ।	
ਪਟੇਬਾਜ ਦੋਊ ਤਹਿਂ ਫਿਰੈ ॥੮੨॥	
ਲੋਹ ਕਾਲ ਤੇਗੇ ਅਤਿ ਭਾਰੈਂ[1]।	[1]ਕਾਲ ਵਰਗੀਆਂ ਲੋਹੇ ਦੀਆਂ ਭਾਰੀਆਂ ਤੇਗਾਂ।
ਅਹਿਰਣ ਪਰ ਬਿਦਾਣ ਸਮ ਝਾਰੈਂ[1]।	[1]ਵੱਡੇ ਹਥੌੜੇ ਵਾਂਗ ਮਾਰਦੇ ਹਨ।
ਉਭੇ ਦਿਸਾ ਦਲ ਦੋਊ ਹੇਰੈਂ।	
ਵਾਹਿ ਵਾਹਿ ਧੁਨਿ[1] ਧੰਨ ਧੰਨ ਟੇਰੈਂ ॥੮੩॥	[1]ਅਵਾਜ਼।
ਜਰਾਸੰਧ ਜਨੁ ਭੀਮ ਲਰਾਹੀਂ।	
ਅੰਗਦ ਕਿਤ ਅਤਿ-ਕਾਯ ਜੁਝਾਹੀਂ[1]।	[1]ਬਾਲੀ ਦਾ ਪੁੱਤਰ ਤੇਰਾਵਣ ਦਾ ਪੁੱਤਰ ਲੜ ਰਹੇ ਹਨ।
ਕਿਧੋ ਮੱਤ ਦੰਤੀ ਜੁਗ ਸੰਢੇ[1]।	[1]ਜਾਂ ਦੋ ਮਸਤ ਹਾਥੀ ਹਨ ਜਾਂ ਦੋ ਸਾਨ੍ਹ।
ਭਿਰਹੀਂ ਕੇਹਰ ਸੇ ਹਤ ਖੰਡੇ[1] ॥੮੪॥	[1]ਖੰਡੇ ਮਾਰ ਕੇ ਸ਼ੇਰਾਂ ਵਾਂਗ ਭਿੜਦੇ ਹਨ।
ਟੂਟ ਫੂਟਗੇ ਢਾਲੇ ਤੇਗੈਂ।	
ਜਮਦਾਢੈਂ[1] ਕਾਢੀ ਫਿਰ ਬੇਗੈਂ।	[1]ਕਟਾਰਾਂ।
ਤੀਨ ਘਰੀ ਲਰਤਜੋਂ ਕੋ ਭਈ।	
ਤ੍ਰਿਖਾ ਖਾਨ ਕੋ ਅਧਿਕ ਲਗਈ ॥੮੫॥	
ਦਮਚ[1] ਉਖੜਯੋ ਗਜੋ ਘਬਰਾਹੈ।	[1]ਵਿਚੋਂ ਦਮ ਉੱਖੜ ਗਿਆ।
ਕਰੀ ਨ ਕਸਰਤ ਥੀ ਸੁ ਮਹਾਂਹੈ।	
ਭੁਖ ਤ੍ਰਿਖਾ ਸਿੰਘ ਕਸ਼ਟ ਅਪਾਰੈਂ।	
ਸਹੇ ਹੁਤੇ, ਕਸਰਤ ਯੁਤ ਭਾਰੈਂ ॥੮੬॥	
ਯਾਂ ਤੇ ਬਿਹਬਲ[1] ਸਿੰਘ ਨ ਥੀਓ।	[1]ਘਬਰਾਹਟ ਸਹਿਤ।
ਆਖਰ ਗੇਰ ਤੁਰਕ ਧਰ ਦੀਓ।	
ਕਟੀ ਸੰਜੋਇ ਹੁਤੀ ਇਕ ਠੌਰੈਂ।	
ਜਮਧਰ ਤਹਾਂ ਧਸਾਯੋ ਰੌਰੈਂ[1] ॥੮੭॥	[1]ਭਿਆਨਕ।
ਮਾਨਿ[1] ਖਾਨ ਕੇ ਪ੍ਰਾਨ ਨਿਕਾਰੇ।	[1]ਹੰਕਾਰੀ।
ਉਠਯੋ ਸਿੰਘ ਸਮ ਸਿੰਘ ਭਬਕਾਰੇ।	
ਤਬਿ ਲੌਂ ਗਿਲਜੇ ਜੁਗ ਤਹਿਂ ਔਰੈਂ।	
ਪਹੁੰਚੇ ਸਿੰਘ ਜੀ ਢਿਗ ਇਸ ਗੌਰੈਂ[1] ॥੮੮॥	[1]ਇਸ ਖ਼ਿਆਲ ਨਾਲ।
ਇਕ ਨੈਂ ਕਹਯੋ ਲਰੋ ਹਮ ਸੰਗੈਂ।	

ਹੁਤੋ ਕੱਦ ਤਿਹਂ ਅਤੀ ਉਤੰਗੈਂ[1]। — [1]ਉਨ੍ਹਾਂ ਦਾ ਬਹੁਤ ਉੱਚਾ ਕੱਦ ਸੀ।
ਇਤ ਤੈ ਸਿੰਘ ਥਰਾਜ ਤਿਹ ਭਾਈ।
ਚੜ੍ਹਤ ਸਿੰਘ ਯੁਤ ਪੁਗਜੋ[1] ਤਹਾਂਈ ॥੮੯॥ — [1]ਪਹੁੰਚ ਗਿਆ।
ਏਕ ਖਾਨ ਜੁਗ ਸਿੰਘ ਹਟਾਏ।
ਅਘੜ ਸਿੰਘ ਗਿਲਜਾ ਲਪਟਾਏ।
ਤੇਗੇ ਲੋਹ ਢਾਲ ਗਹਿ ਭਾਰੇ।
ਲਗੇ ਲਰਨ ਫਿਰ ਉਭੈ ਜੁਝਾਰੇ[1] ॥੯੦॥ — [1]ਦੋਵੇਂ ਸੂਰਮੇਂ।
ਟੂਟ ਗਈ ਤਲਵਾਰੈਂ ਜਬਹੀ।
ਗਹੀਂ ਗਦਾ ਦੋਊ ਨੈ ਤਬਹੀ।
ਏਕ ਮਹੂਰਤ[1] ਲੌ ਭਿਰ ਆਛੇ। — [1]ਦੋ ਘੜੀਆਂ।
ਹਾਰ ਗਿਰਜੋ ਗਿਲਜਾ ਫਿਰ ਪਾਛੇ ॥੯੧॥
ਮਾਰਿ ਗੁਰਜ ਸਮ ਬੁਰਜ ਗਿਰਾਯੋ।
ਰਾਮ ਮਨੋ ਕੁੰਭ-ਕਰਨ ਲੁਠਾਯੋ[1]। — [1]ਲਿਟਾ ਦਿੱਤਾ ਹੈ।
ਅਰਿ ਛਾਤੀ ਪਰ ਸਿੰਘ ਫਿਰ ਥਿਰ ਕੈ।
ਮਰਮ ਠੌਰ[1] ਤਿਸ ਨਰਮ ਨਿਹਰ ਕੈ ॥੯੨॥ — [1]ਸ਼ਰੀਰ ਦਾ ਮੱਧ ਸਥਾਨ।
ਜਮ-ਧਰ ਹਰ[1], ਜਮ ਘਰ ਪਹੁੰਚਾਯੋ। — [1]ਕਟਾਰ ਮਾਰ ਕੇ।
ਤਰਜ ਗਰਜ ਸਿੰਘ ਉਠਜੋ ਤਹਾਂਯੋ।
ਲਛਮਨਿ ਮੇਘਨਾਦ ਜਨੁ ਮਾਰਾ।
ਬਾਲੀ ਜਜੋਂ ਸੁੱਗ੍ਰੀਵ ਸੰਘਾਰਾ ॥੯੩॥

ਦੋਹਰਾ:

ਦੁਤੀ ਖਾਨ ਕੋ ਚੜ੍ਹਤ ਸਿੰਘ,
ਲਰਿ ਹਰ ਸ਼ੀਘਰ ਤੌਰ[1]। — [1]ਢੰਗ ਨਾਲ ਛੇਤੀ ਮਾਰ ਕੇ।
ਸਿੰਘ ਫਲੰਗੈਂ ਦੇਤ[1] ਝਟ, — [1]ਛਾਲਾਂ ਮਾਰਦੇ।
ਅਏ ਪੰਥ ਮੈਂ ਦੌਰਿ ॥੯੪॥

ਚੌਪਈ:

ਸਿੰਘਨ ਜੈ ਜੈਕਾਰ ਉਚਾਰੇ।
ਤੁਰਕ ਭਏ ਸ਼ਰਮਿੰਦੇ ਭਾਰੇ।
ਖਿਝ ਕਰਿ ਸਭਿ ਸਿੰਘਨ ਪਰ ਪਰੇ।
ਸਿੰਘ ਭੀ ਆਗੇ ਹੋਏ ਖਰ੍ਹੇ ॥੯੫॥
ਜੰਗ ਮਚਜੋ ਗਾਢਾ ਤਹਿਂ ਭਾਰੀ।

ਤੁਰਕ ਹਟਾਏ ਮਾਰਿ ਪਿਛਾਰੀ।
ਪੰਥ ਪਾਰ ਥੀਓ ਦਰਯਾਵੈਂ।
ਅਘੜ ਸਿੰਘ ਕੋ ਧੰਨ ਧੰਨ ਗਾਵੈਂ ॥੯੬॥
ਸੁੱਖਾ ਸਿੰਘ ਪਰ ਭੀ ਖੁਸ਼ਿ ਤਬਿਹੀ।
ਭਯੋ ਪੰਥ ਅਤਿਸੈਂ ਕਰਿ ਸਭਿਹੀ।
ਇਮ ਸੁੱਖਾ ਸਿੰਘ ਕੀ ਸਭਿ ਗਾਥਾ।
ਦੈਹੁਂ ਸੁਨਾਇ ਸੁਨੋ ਹਿਤ ਸਾਥਾ ॥੯੭॥
ਕੰਬੋ-ਮਾੜੀ ਕੋ ਤਰਖਾਨੂੰ।
ਹੁਤੋ ਬੀਰ ਯਹਿ ਬਲੀ ਮਹਾਨੂੰ।
ਬਾਲ ਉਮਰ ਇਨ ਅੰਮ੍ਰਿਤ ਛਕਯੋ।
ਸ਼ਾਦੀ ਭਈ ਰਹਯੋ ਘਰ ਥਕਯੋ[1] ॥੯੮॥
ਜਬਿ ਸਿੰਘਨ ਪਰ ਵਖਤ ਪਯੋ ਥਾ।
ਪੰਥ ਪੰਜਾਬ ਤਿਆਗ ਗਯੋ ਥਾ।
ਚੁਗਲ ਨਿਰੰਜਨੀਏਂ ਤਬਿ ਚੁਗਲੀ।
ਹਾਕਮ ਤੁਰਕ ਪਾਸ ਜਾ ਉਗਲੀ[1] ॥੯੯॥
ਸੁੱਖਾ ਸਿੰਘ ਕੇ ਹਿਤ ਪਕਰਾਨੈਂ।
ਪੁਲਸ ਚਢਾਈ ਤਿਤ ਦਿਸ ਵਾਨੈਂ[1]।
ਉਸ ਦਿਨ ਸੁੱਖਾ ਸਿੰਘ ਘਰ ਮਾਹੀਂ।
ਪਾਯੋ ਨਾਹਿਂ ਗਯੋ ਕਿਸ ਠਾਹੀਂ ॥੧੦੦॥
ਫਿਰ-ਗੀ ਪੁਲਸ ਦੇਖ ਕਰਿ ਜਬਹੀ।
ਸੁੱਖਾ ਸਿੰਘ ਅਯੋ ਘਰਿ ਤਬਿਹੀ।
ਮਾਤ ਪਿਤਾ ਭਾਈ ਤਿਹ ਟੇਰੈਂ।
ਤੂੰ ਪਕਰਯੋ ਜੈਹੈਂ ਕਿਸ ਬੇਰੈਂ ॥੧੦੧॥
ਯਹਿ ਸਿੰਘੀ, ਤੈਂ ਬੁਰੀ ਬਲਾ ਹੈ।
ਰਾਖੀ ਕਾਹੇ ਨਿਜ ਗਲ ਪਾ ਹੈ।
ਕੇਸ ਮੁੰਡਾਇ ਦੈਹੁ ਅਬਿ ਸਿਰ ਕੇ।
ਬਨੇ ਰਹੋ ਮੋਨੇ ਸਿਖ ਗੁਰੁ ਕੇ ॥੧੦੨॥
ਯਹਿ ਸੁਨਿ ਸਿੰਘ ਲਰਯੋ ਉਨ ਸੰਗੈਂ।
ਉਨ ਮਿਲ ਕੀਨੋ ਦਗਾ ਕੁਢੰਗੈਂ।
ਸਾਗ ਵੀਚ ਬਹੁ ਭੰਗ ਖੁਲਾਈ।

[1]ਟਿਕਿਆ ਰਿਹਾ।

[1]ਕਹੀ।

[1]ਉਸ ਨੇ ਤਿਸ ਸੁੱਖਾ ਸਿੰਘ ਦੀ ਤਰਫ਼।

ਬੇਸੁਧ ਕਰਿ ਸਿਰ ਦਿਯ ਮੁੰਡਵਾਈ ॥੧੦੩॥
ਜਾਗ ਜਬੈ ਸਿੰਘ ਨਿਜ ਸਿਰ ਹੇਰਾ।
ਰੋਯੋ, ਮਾਂਡੀ ਰਾਰਿ ਵਧੇਰਾ[1]। — [1]ਬਹੁਤ ਲੜਾਈ ਕੀਤੀ।
ਆਖਰ ਫਿਰ ਇਨ ਯੌਂ ਮਨਿ ਠਯੋ[1]। — [1]ਧਾਰ ਲਿਆ।
ਕੇਸਨ ਸੰਗ ਧਰਮ ਮਮ ਗਯੋ ॥੧੦੪॥
ਅਬਿ ਜੀਵਨ ਜਗਿ ਨਿਸਫਲ ਮੇਰਾ।
ਡੂਬ ਮਰਨ ਮਧ ਕੂਪ ਚੰਗੇਰਾ।
ਯਹਿ ਠਟ[1] ਗਿਰਯੋ ਕੂਪ ਮੈਂ[2] ਜਾਏ। — [1]ਧਾਰ ਕੇ। [2]ਖੂਹ ਵਿੱਚ।
ਕਾਢਨ ਗਏ ਸਬੰਧੀ ਧਾਏ ॥੧੦੫॥
ਸਿੰਘ ਕੂਪ ਮਧ ਮਰਨਾ ਚੈਹੈ।
ਨਿਕਸੈ ਨਾਹਿਂ ਨਿਕਾਸੈਂ ਵੈਹੈਂ।
ਫਿਰ ਇਕ ਗੁਰੁ ਕੇ ਸਿੱਖ ਅਲਾਈ[1]। — [1]ਕਹੀ।
ਜੇ ਤੂੰ ਮਰਨ ਚਹਿਤ ਦਿਢ ਭਾਈ ॥੧੦੬॥
ਤੌਂ ਤੁਮ ਮਿਲੋ ਪੰਥ ਮੈਂ ਜਾ ਕੇ।
ਲਰ ਕਰਿ ਮਰੋ ਤੁਰਕ ਗਨ ਘਾ ਕੈ[1]। — [1]ਮਾਰ ਕੇ।
ਸੁਜਸ ਧਰਮ ਪਦ ਲੇਹੁ ਸ਼ਹੀਦੀ।
ਯੌਂ ਕਯੋਂ ਮਰ ਹੈਂ ਹ੍ਵੈ ਕਰਿ ਗੀਦੀ[1] ॥੧੦੭॥ — [1]ਕਾਇਰ।
ਯਹੀ ਬਚਨ ਸੁੱਖਾ ਸਿੰਘ ਮਾਨਾ।
ਯਾਹੀ ਮੈਂ ਨਿਜ ਲਖੀ ਕਲਜਾਨਾ।
ਨਿਕਸ ਕੂਪ ਤੈ ਬਾਹਰ ਆਯੋ।
ਕਿਤਿਕ ਦਿਵਸ ਨਿਜ ਧਾਮ ਥਿਰਾਯੋ ॥੧੦੮॥
ਹੁਤੀ ਪੈਂਚ ਘਰ ਤਹਿਂ ਵਡ ਘੋਰੀ।
ਸੁੱਖਾ ਸਿੰਘ ਤਕਾਈ ਚੋਰੀ।
ਇਕ ਦਿਨ ਪੂਤ ਪੈਂਚ ਕਾ ਚਢ ਕੈ।
ਬਾਹਰ ਪਿੰਡ ਨਿਕਸਯੋ ਬਢ ਕੈ ॥੧੦੯॥
ਤਾਲ ਮੱਧ ਵਹਿ ਲਗਯੋ ਨੁਲ੍ਹਾਵਨ।
ਸਿੰਘ ਬਾਤਾਂ ਕਰਿ ਕਰਯੋ ਧਿਜਾਵਨ[1]। — [1]ਆਪਣੇ ਆਪ ਤੇ ਇਤਬਾਰ ਜਮਾ ਲਿਆ।
ਚੜ੍ਹਿ ਘੋਰੀ ਪਰ ਆਪ ਧਵਾਈ[1]। — [1]ਭਜਾਈ।
ਮਿਲਯੋ ਖਾਲਸੇ ਸੰਗੈਂ ਆਈ ॥੧੧੦॥
ਸ਼ਯਾਮ ਸਿੰਘ ਨਾਰੋਕਯਾਂ ਵਾਲਾ।

ਜਥੇਦਾਰ ਥਾ ਤਹਾਂ ਬਿਸਾਲਾ।
ਤਿਸ ਤੈ ਸੁਧਾ ਛਕਯੋ ਇਨ ਫੇਰੈਂ।
ਰਹਿਨ ਲਗਯੋ ਮਧ ਤਿਸ ਕੈ ਡੇਰੈਂ ॥ ੧੧੧ ॥
ਹੁਤੋ ਬਹਾਦਰ ਯਹਿ ਵਡ ਸੂਰਾ।
ਜਵਾਂ-ਮਰਦ[1] ਜਤ ਸਤ ਕਾ ਪੂਰਾ। [1]ਸੂਰਮਾਂ।
ਵਡੇ ਵਡੇ ਮਰਦਨ ਕੇ ਕਾਰੈਂ[1]। [1]ਬਹਾਦਰਾਂ ਵਾਲੇ ਕੰਮ।
ਸੁੱਖਾ ਸਿੰਘ ਨੈਂ ਕਰੇ ਅਪਾਰੈਂ ॥ ੧੧੨ ॥
ਤਿਨ ਮੈਂ ਸੇ ਇਕ ਦੁਇ ਕੰਮ ਇਸ ਕੇ।
ਦੇਹੁਂ ਸੁਨਾਇ ਮਰਦ-ਪਨ ਜਸ ਕੇ ॥ ੧੧੩ ॥

ਦੋਹਰਾ:
ਇਕ ਦਿਨ ਲੰਗਰ ਪੰਥ ਕਾ,
ਮਸਤ ਰਹਯੋ ਇਨ ਪੇਖਿ।
ਧਸਯੋ ਧਾਇ ਲਾਹੌਰ ਮੈਂ,
ਕਰਿ ਤੁਰਕਾਨੀ ਭੇਖ ॥ ੧੧੪ ॥

ਚੌਪਈ:
ਧਨੀ ਬਨਕ ਇਕ ਲਯੋ ਤਕਾਈ।
ਜਬੈ ਸਰਾਫ ਦੁਕਾਨ ਬਧਾਈ[1]। [1]ਬੰਦ ਕੀਤੀ।
ਥੈਲੀ ਦੋਇ ਰੁਪੱਯਨ ਭਰ ਕੈ।
ਘਰ ਕੋ ਚਲਯੋ ਸੁ ਕਾਂਧੇ ਧਰ ਕੈ ॥ ੧੧੫ ॥
ਗੁਰੂ ਮਨਾਇ ਸਿੰਘ ਮੁਦ ਪਾਈ।
ਘੋੜੀ ਛੇੜਿ ਬਰਾਬਰ ਲਾਈ।
ਝਟਪਟ ਥੈਲੀ ਉਭੈ ਉਠਾਈ।
ਬਨਕ ਫੇਟ ਸੋਂ ਦਯੋ ਗਿਰਾਈ[1] ॥ ੧੧੬ ॥ [1]ਬਾਣੀਏ ਨੂੰ ਧੱਕੇ ਨਾਲ ਡੇਗ ਦਿੱਤਾ।
ਬਾਗ[1] ਉਠਾਇ ਨਾਖ[2] ਦਰਵਾਜਾ। [1]ਘੋੜੇ ਦੀਆਂ ਵਾਗਾਂ। [2]ਲੰਘ ਕੇ।
ਕਾਨਨ[1] ਧਸਯੋ ਸਿੰਘ ਕਰਿ ਕਾਜਾ। [1]ਜੰਗਲ ਵਿੱਚ।
ਪਾਛੇ ਤੁਰਕ ਸੈਨ ਚਢਿ ਧਾਈ।
ਭਯੋ ਅੰਧੇਰਾ, ਫਿਰੀ ਪਿਛਾਈ[1] ॥ ੧੧੭ ॥ [1]ਪਿੱਛੇ ਮੁੜ ਗਈ।
ਸਿੰਘ ਮਿਲਯੋ ਸਿੰਘਨ ਮੈਂ ਆਏ।
ਧਨ ਦੀਨੋ ਲੰਗਰ ਮੈਂ ਪਾਏ।
ਪੈਂਚ ਤਈਂ ਘੋੜੀ ਕਾ ਮੋਲੈਂ[1]। [1]ਮੁੱਲ।

ਦਯੋ ਅਘਾਇ[1] ਨ ਰਾਖਜੋ ਰੌਲੈਂ ॥੧੧੮॥
ਕਈ ਬਾਰ ਸੁੱਖਾ ਸਿੰਘ ਐਸੇ।
ਕਰੇ ਕਾਮ ਪੰਥ ਹ੍ਵੈ ਮੁਦ ਜੈਸੇ।
ਮੱਸਾ ਰੰਘੜ ਭੀ ਇਨ ਮਾਰਾ।
ਮਿਲ ਕਰਿ ਸਿੰਘ ਮਤਾਬ ਸੰਗਾਰਾ ॥੧੧੯॥
ਨਿਤ ਪ੍ਰਤਿ ਧਾੜੇ ਮਾਰਨ ਧਾਵੈ।
ਬਿੱਤ[1] ਲਜਾਇ ਲੰਗਰ ਮੈਂ ਪਾਵੈ।
ਜਹਾਂ ਜੰਗ ਤੁਰਕਨ ਸੋਂ ਲਾਗੈ।
ਸੁੱਖਾ ਸਿੰਘ ਲਰੈ ਹ੍ਵੈ ਆਗੈ ॥੧੨੦॥
ਤੀਰ ਬੰਦੂਖ ਚਲਾਵੈ ਐਸੇ।
ਸੁਨਿਓ ਅਰਜਨ ਪਾਂਡਵ ਜੈਸੇ।
ਸੱਤ੍ਰੂ ਸਮੁਖ ਅਯੋ ਤਿਹ ਜੋਈ।
ਗਯੋ ਨ ਜੀਵਤ ਕਬਹੂੰ ਕੋਈ।
ਸੁੱਖਾ ਸਿੰਘ ਬੀਰ ਵਡ ਗਨਯੋਂ।
ਵੀਚ ਪੰਥ ਵਡ ਆਦਰ ਬਨਯੋਂ ॥੧੨੧॥

ਦੋਹਰਾ:

ਕਰੈ ਪੰਥ ਕੀ ਟਹਲ ਬਹੁ,
ਪਢੈ ਸ਼ਬਦ ਮਨ ਲਾਇ।
ਕਬੀ ਕਬੀ ਲੈ ਪੰਥ ਤੈ,
ਆਗਜਾ ਨਿਜ ਘਰ ਜਾਇ ॥੧੨੨॥

ਚੌਪਈ:

ਸਮਾਂ ਪਾਇ ਇਕ ਬੇਟੀ ਭਈ।
ਦੁਇਕ ਦਿਵਸ ਕੀ ਹ੍ਵੈ ਮਰ ਗਈ।
ਕੋਊ ਕਹੇ ਸੁੱਖਾ ਸਿੰਘ ਮਾਰੀ।
ਕੋਊ ਕਹੈ ਤਿਸ ਤਿਯਾ ਪ੍ਰਹਾਰੀ[1] ॥੧੨੩॥
ਚਰਚਾ ਯਹੀ ਪੰਥ ਮੈਂ ਭਈ।
ਬਰਤਨ ਸਿੰਘੋਂ ਨੈਂ ਤਜ ਦਈ।
ਲੰਗਰ ਮੈਂ ਤਿਹ ਬੜਨ ਨ ਦੇਵੈਂ।
ਸੋ ਭੀ ਅੰਨ ਦੂਰ ਤੇ ਲੇਵੈਂ ॥੧੨੪॥
ਜਿਤੀ ਬਾਤ ਥੀ ਤਿਸ ਕੀ ਚੜ੍ਹੀ।

[1]ਰਜਾ ਦਿੱਤਾ ਭਾਵ ਮੁੱਲ ਤੋਂ ਵਧ ਰੁਪਏ ਦੇ ਦਿੱਤੇ।

[1]ਧਨ।

[1]ਮਾਰੀ।

ਉਤਰਤ ਤਿਤੀ ਨ ਲਾਈ ਘੜੀ।
ਪੰਥ ਖਾਲਸਾ ਮੁਖ ਨਹਿੰ ਲਾਵੈ।
ਵਡ ਤਨਖਾਹੀਆ ਤਾਹਿੰ ਅਲਾਵੈ ॥੧੨੫॥
ਉਸੀ ਸਮੈਂ ਫਿਰ ਯਹਿ ਜੰਗ ਭਯੋ।
ਗਿਲਜਨ ਸੰਗ ਜੁ ਪੀਛੇ ਕਹਯੋ।
ਤਿਸ ਤੈ ਫਤੇ ਸੁੱਖਾ ਸਿੰਘ ਲਈ।
ਖੁਸ਼ੀ ਪੰਥ ਕੀ ਇਸ ਪਰ ਭਈ[1] ॥੧੨੬॥ [1]ਬਹੁਤੀ।
ਬਖਸ਼ ਦਈ ਪਿਛਲੀ ਤਨਖਾਹੈਂ।
ਜਥੇਦਾਰ ਕਿਯ ਆਗੇ ਚਾਹੈਂ।
ਚੜ੍ਹਤ ਸਿੰਘ ਸੋਂ ਬਨੀ ਪਰੀਤੀ।
ਸੁੱਖਾ ਸਿੰਘ ਕੀ ਘੀ ਦੁਧ ਰੀਤੀ[1] ॥੧੨੭॥ [1]ਘਿਉ ਦੁੱਧ ਦੀ ਤਰ੍ਹਾਂ।
ਸ਼ਜਾਮ ਸਿੰਘ ਕਾ ਸੁਤ ਕਹਿਲਾਵੈ।
ਪੰਥ ਵੀਚ ਵਡ ਆਦਰ ਪਾਵੈ।
ਸੁੱਖਾ ਸਿੰਘ ਮਿਲ੍ਯੋ ਫਿਰ ਤਬਿ ਤੈ।
ਵਡ ਬਹਾਦਰੀ ਕੀਨੀ ਜਬਿ ਤੈ ॥੧੨੮॥
ਅਘੜ ਸਿੰਘ ਸੁੱਖਾ ਸਿੰਘ ਤਏਂ।
ਸਿਰੇਪਾਉ ਸਿਰਦਾਰਨ ਦਏ।
ਅਘੜ ਸਿੰਘ ਕੀ ਗਾਥਾ ਸਾਰੀ।
ਪਾਛੇ ਆਛੇ ਮੈਂ ਦੇਖਾਰੀ ॥੧੨੯॥
ਯਾਂ ਤੇ ਈਹਾਂ ਲਿਖੀ ਨ ਗੌਰੈਂ।
ਆਗੇ ਭੀ ਕਿਛ ਕਹਿ ਹੌਂ ਔਰੈਂ ॥੧੩੦॥
ਦੋਹਰਾ:
ਤਬਿ ਲੌ ਅਹਿਮਦ ਸ਼ਾਹ ਪੁਨ,
ਦਿੱਲੀ ਦਿਸ ਤੈ ਆਇ।
ਲੌਟ ਗਯੋ[1] ਕਾਬੁਲ ਦਿਸੈਂ, [1]ਮੁੜ ਗਿਆ।
ਗਰਦੀ ਮੁਲਕ ਮਚਾਇ ॥੧੩੧॥
ਸ੍ਵੈਯਾ:
ਦਾਉ ਲਗ੍ਯੋ ਤਬਿ ਸਿੰਘਨ ਕਾ,
ਜਬਿ ਰੌਰ ਪਰ੍ਯੋ ਸਭਿ ਠੌਰ ਮਝਾਰੀ।
ਧਾਮ ਗਰਾਮ ਤਮਾਮ ਤੁਕਾਨ ਕੇ,

ਲੂਟ ਰੁ ਕੂਟ ਸੁ ਕੀਨ ਉਜਾਰੀ।
ਫੌਜ ਰਹੈ ਤੁਰਕੀ ਗਿਰਦੈ, ਨਿਸ ਬਾਸਰ ਸਿੰਘਨ
ਕੇਰ ਅਪਾਰੀ।
ਧਾਇ ਪਰੈਂ ਦਿਸ ਚਾਰਨ ਤੈ ਸਿੰਘ, ਸੱਤ੍ਰਨ ਪੈ
ਨਿਸ ਕੋ ਨਿਤ ਭਾਰੀ ॥੧੩੨॥

ਚੌਪਈ:

ਨੂਰ ਦੀਨ ਕੀ ਹੁਤੀ ਸਰਾਂ ਹੈ।
ਸਿੰਘ-ਕੋਟ ਫਿਰ ਮਾਰਯੋ ਜਾ ਹੈ।
ਕਤਲ ਕਰਯੋ ਪੁਨ ਗਾਮ ਮਜੀਠਾ।
ਕਰਯੋ ਉਜਾਰ ਜੰਡਜਾਲਾ ਨੀਠਾ[1] ॥੧੩੩॥ [1]ਚੰਗੀ ਤਰ੍ਹਾਂ।
ਕਰਮਾ ਛੀਨਾਂ ਦੁਖ ਦੈ ਮਾਰਯੋ।
ਨਗਰ ਤਾਹਿਂ ਕਾ ਲੂਟ ਉਜਾਰਯੋ।
ਰਾਮੇ ਰੰਧਾਵੇ ਕਾ ਗ੍ਰਾਮੂੰ।
ਕਰਯੋ ਖ੍ਵਾਰ ਲੁਟ ਘਣੀਆ ਨਾਮੂ ॥੧੩੪॥
ਜੋਧ ਨਗਰ ਕਰਿ ਕ੍ਰੋਧ ਸੁ ਸੋਧਾ।
ਦਯੋ ਉਜਾਰ ਮੰਡਜਾਲਾ ਓਦਾ[1]। [1]ਉਸੇ ਤਰ੍ਹਾਂ।
ਮੱਸੇ ਕੇ ਬਹੁ ਲੋਗ ਬਿਦਾਰੇ[1]। [1]ਮਾਰ ਦਿੱਤੇ।
ਪਰਯੋ ਥੇਹ ਜੋ ਕਰਯੋ ਉਜਾਰੇ ॥੧੩੫॥
ਪੁਨ ਸਠਜਾਲਾ ਔਰ ਬੁਤਾਲਾ।
ਲੂਟ ਮਾਰ ਕਿਯ ਖ੍ਵਾਰ ਕਮਾਲਾ[1]। [1]ਬਹੁਤ ਖ਼ਰਾਬ ਕੀਤਾ।
ਸਾਹਿਬ ਰਾਇ ਚੌਧਰੀ ਤਾਂਈਂ।
ਮਾਰਯੋ ਦੈ ਕੈ ਦੂਖ ਮਹਾਂਈਂ ॥੧੩੬॥
ਇਤਿਕ ਦੁਸ਼ਮਨੋਂ ਤੈ ਲਿਯ ਬਦਲੇ।
ਸਿੰਘਨ ਮਾਰ ਮਚਾਯੋ ਗਦਲੇ[1]। [1]ਗ਼ਦਰ, ਹਲਚਲ।
ਅਘੜ ਸਿੰਘ ਜੁ ਕਰੀ ਬਹਾਦਰੀ।
ਸੋ ਭੀ ਅਬਿ ਸੁਨ ਲੇਹੁ ਸਾਦਰੀ[1] ॥੧੩੭॥ [1]ਸਤਿਕਾਰ ਨਾਲ।
ਮੋਮਨ ਖਾਂ ਇਕ ਵਡ ਸਰਦਾਰਾ।
ਹੁਤੋ ਪੰਥ ਕਾ ਦੁਸ਼ਮਨ ਭਾਰਾ।
ਤਿਸ ਨੈ ਸਿੱਖ ਬਹੁਤ ਥੇ ਮਾਰੇ।
ਦੈ ਕਰਿ ਦੁਖ ਵਡ ਜ਼ੁਲਮ ਗੁਜਾਰੇ ॥੧੩੮॥

ਖਾਨ ਬਹਾਦਰ ਢਿਗ ਵਹਿ ਰਹਿਹੀ।
ਕਬੀ ਨ ਜੁਦਾ ਹੋਇ ਕਰਿ ਬਹਿਹੀ।
ਸਿੰਘਨ ਤਿਸ ਕੇ ਮਾਰਨ ਹੇਤੈਂ।
ਕਰਜੋ ਗੁਰੁਮਤਾ ਹੋਇ ਸੁਚੇਤੈਂ[1] ॥੧੩੯॥ — [1]ਸਾਵਧਾਨ।
ਸਭਿ ਸਿੰਘਨ ਮਿਲਿ ਐਸ ਉਚਾਰਾ।
ਹੈ ਕੋਊ ਸਿੰਘ ਬੀਰ ਉਦਾਰਾ।
ਯਾਹਿ ਦੁਸ਼ਟ ਕੋ ਜੋਊ ਮਾਰੈ।
ਅਘੜ ਸਿੰਘ ਤਬਿ ਉਠਜੋ ਵਿਚਾਰੈ ॥੧੪੦॥
ਖੜ੍ਹਾ ਹੋਇ[1] ਇਮ ਖਰਾ[2] ਸੁ ਬੋਲਾ। — [1]ਖੜ੍ਹਾ ਹੋ ਕੇ। [2]ਚੰਗੀ ਤਰ੍ਹਾਂ।
ਪੰਥ ਜਿ ਕਿਰਪਾ ਕਰੈ ਅਤੋਲਾ[1]। — [1]ਬਹੁਤੀ।
ਤੌ ਯਹਿ ਹੈ ਪਾਜੀ ਕਜਾ ਤੁਰਕੈਂ।
ਲੈ ਐਹੋਂ ਜਮ ਕਾ ਸਿਰ ਕੁਰਕੈਂ[1] ॥੧੪੧॥ — [1]ਕੱਟ ਕੇ।
ਪੰਥ ਕਹਜੋ ਤੁਮ ਸਾਚ ਅਲਾਵੋ।
ਪੈ ਅਬਿ ਸਿਰ ਇਸ ਹੀ ਕਾ ਲਜਾਵੋ।
ਗਯੋ ਸਿੰਘ ਤਬਿ ਆਗਜਾ ਪਾਏ।
ਧਸਜੋ ਲਹੌਰ ਸ਼ਹਿਰ ਮੈਂ ਜਾਏ ॥੧੪੨॥
ਤਨ ਪਰ ਤੁਰਕੀ ਭੇਸ ਸਜਯੋ।
ਬਨਜੋ ਅਮੀਰ ਕਚਹਿਰੀ ਗਯੋ।
ਸਾਂਝ ਸਮੇਂ ਜਬਿ ਖਾਨ ਬਹਾਦਰ।
ਮੋਮਨ ਖਾਂ ਕੋ ਲੈ ਸੰਗ ਸਾਦਰ ॥੧੪੩॥
ਹਵਾ ਖਾਨ ਕੋ[1] ਨਿਕਸਜੋ ਜਬਿ ਹੀ। — [1]ਹਵਾ ਖਾਣ ਨੂੰ ਭਾਵ ਸੈਰ ਕਰਨ ਨੂੰ।
ਸਿੰਗ ਭੀ ਚੜ੍ਹਜੋ ਸੰਗ ਤਿਨ ਤਬਿ ਹੀ।
ਤਟ ਦਰਯਾਵ ਪਹੁਚੇ ਜਬੈ।
ਦਾਉ ਪੇਖਿ ਸਿੰਘ ਢਿਗ ਢੁਕ ਤਬੈ ॥੧੪੪॥
ਬਾਤੈਂ ਕਰਨ ਲਗਜੋ ਸਿੰਘ ਐਸੇ।
ਵਹਿ ਜਾਨੈਂ ਅਪਨੋਂ ਹੀ ਜੈਸੇ।
ਦਾਉ ਤਕਾਇ ਖੈਂਚ ਤਰਵਾਰ।
ਮਾਰਿ ਮੁੰਡ ਤਿਹ ਸੁਟਜੋ ਉਤਾਰ* ॥੧੪੫॥ — *ਇਹ ਤੁਕ ਅੰਮ੍ਰਿਤਸਰ ਐਡੀਸ਼ਨ ਚੋਂ ਲਈ ਹੈ, ਮੂਲ 'ਚ ਨਹੀਂ ਹੈ।
ਗਿਰਜੋ ਮੁੰਡ ਧਰ ਪਰ ਤਿਹ ਜਬਿਹੀ।

ਸਿੰਘ ਧਸਾਇ ਪਿੱਪਲਾ[1] ਤਬਿਹੀ। — [1]ਤਲਵਾਰ ਦੀ ਨੋਕ।
ਮੂੰਡ ਉਠਾਇ ਝੱਟ ਕਰਿ ਲਯੋ।
ਘੋੜੀ ਛੇੜਿ ਝੱਲ ਧਸ ਗਯੋ ॥ ੧੪੬ ॥
ਦੁਸ਼ਮਨ ਦੌਰੇ ਮਗਰ ਵਧੇਰੋ[1]। — [1]ਬਹੁਤ।
ਹਾਥ ਨ ਅਯੋ ਭਯੋ ਅੰਧੇਰੋ।
ਥਾ ਸੋ ਸਿੰਘ ਕਾਨਨ ਕਾ[1] ਗਜਾਨੀ। — [1]ਜੰਗਲ ਦਾ।
ਪਹੁੰਚਯੋ ਪੰਥ ਪਾਸ ਬਲ ਠਾਨੀ ॥ ੧੪੭ ॥
ਦੁਸ਼ਮਨ ਕਾ ਸਿਰ ਪੰਥ ਅਗਾਰੀ।
ਲਜਾਇ ਧਰਯੋ ਸਿੰਘ ਫਤੇ ਉਚਾਰੀ।
ਪੰਥ ਖੁਸ਼ੀ ਤਿਸ ਪਰ ਬਹੁ ਭਯੋ।
ਨਿਜ ਭੁਜ ਭਰ ਨੁਵਾਬ ਨੈਂ ਲਯੋ[1] ॥ ੧੪੮ ॥ — [1]ਨਵਾਬ ਕਪੂਰ ਸਿੰਘ ਨੇ ਆਪਣੀ ਜਫ਼ੀ 'ਚ ਲੈ ਲਿਆ।
ਕੀਨੋ ਅਪਨਾ ਤਿਹ ਅਗਵਾਨੀ[1]। — [1]ਆਗੂ।
ਦੀਨੋ ਤਾਂ ਕੋ ਵਡ ਸਨਮਾਨੀ।
ਸਿਰੇਪਾਉ ਦੀਏ ਸਰਦਾਰੈਂ।
ਧੰਨ ਧੰਨ ਕਹਿ ਸੁਜਸ ਉਚਾਰੈਂ ॥ ੧੪੯ ॥
ਐਸੀ ਐਸੀ ਬਹੁ ਬਹਾਦਰੀ।
ਕਰਤੇ ਥੇ ਤਬਿ ਸਿੰਘ ਨਾਦਰੀ[1]। — [1]ਅਣੋਖੀ।
ਸੰਮਤ ਦਸ ਅਠ ਸੈ ਛੈ ਊਪੈਂ[1]। — [1]ਸੰਮਤ ਅਠਾਰਾਂ ਸੌ ਤੋਂ ਛੇ ਉਪਰ ਸੀ ਭਾਵ ੧੮੦੬ ਬਿ: ਸੀ।
ਹੁਤੋ ਤਬੈ ਲਖ ਲੀਜੈ ਖੂਪੈਂ[1] ॥ ੧੫੦ ॥ — [1]ਚੰਗੀ ਤਰ੍ਹਾਂ।
ਜੇ ਜੇ ਸਿਦਕੀ ਸਿੰਘ ਉਦਾਰੈਂ।
ਰਹੇ ਲਰਤ ਅਰਿ ਹਰਤ ਅਪਾਰੈਂ[1]। — [1]ਬਹੁਤ ਵੈਰੀਆਂ ਨੂੰ ਮਾਰਦੇ ਰਹੇ।
ਡੇਰਾ ਸਿਰੋਂ ਪਰੇ ਥੇ ਰਖਤੇ।
ਪਰਉਪਕਾਰ ਸਾਰ ਇਕ ਲਖਤੇ[1] ॥ ੧੫੧ ॥ — [1]ਇਕ ਪਰਉਪਕਾਰ ਨੂੰ ਹੀ ਸ੍ਰੇਸ਼ਟ (ਵਸਤੂ) ਜਾਣਦੇ ਸਨ।
ਐਸੀ ਐਸੀ ਵਡ ਬਹਾਦਰੀ।
ਕਰਤ ਹੁਤੇ ਸਿੰਘ ਅਧਿਕ ਸਾਦਰੀ[1] ॥ ੧੫੨ ॥ — [1]ਨਿੱਡਰ ਹੋ ਕੇ।
ਦੋਹਰਾ:
ਖਾਨ ਬਹਾਦਰ ਕਾ ਹਤਯੋ,
ਯੌਂ ਜਬਿ ਵਡ ਸਰਦਾਰ।
ਅਰ ਬਰਬਾਦੀ ਮੁਲਕ ਕੀ,
ਕੀਨੀ ਸਿੰਘਨਿ ਅਪਾਰ ॥ ੧੫੩ ॥

ਪੁਨ ਬਹੁ ਲੋਗਨਿ ਕਰੀ ਮਿਲਿ,
ਨਾਜ਼ਮ ਢਿਗ ਫਰਜਾਦ।
ਸੂਬੇ ਖੂਬੇ ਕੋਪਿ ਅਤਿ,
ਕਰੇ ਸਿੰਘ ਬਰਬਾਦ* ॥ ੧੫੪ ॥

*ਅੰਕ ਨੰ: ੧੫੩ ਤੇ ੧੫੪ ਦਾ ਪਾਠ ਦਿੱਲੀ ਐਡੀਸ਼ਨ 'ਚੋਂ ਲਿਆ ਹੈ।

ਪਰਹਾ ਛੰਦ:
ਕਈ ਬਾਰ ਉਨ ਫੌਜ ਚਢਾਈ,
ਲਰੇ ਸਿੰਘ ਭਜ ਭਜ ਕੈ।
ਪੇਸ਼ ਨ ਲੇਸ ਚਲੀ[1] ਤਿਸ ਕੇਰੀ,
ਹਾਰ ਹਟਯੋ ਫਿਰ ਲਜ ਕੈ[1]।
ਇਕ ਦਿਨ ਕਾਜੀ ਔਰ ਨਜੂਮੀ[1],
ਪੰਡਿਤ ਤਿਹ ਬੁਲਵਾਏ।
ਕਹਯੋ ਉਪਾਇ ਕਹੋ ਤੁਮ ਸੋਈ,
ਸਿੰਘ ਮਰੈਂ ਜਿਸ ਭਾਏ ॥ ੧੫੫ ॥
ਯਾਂ ਤੇ ਰੱਯਤ ਬਨ ਕਰਿ ਬੈਠੈਂ,
ਇਹ ਹਮ ਕੋ ਦੁਖ ਦੈਹੈਂ।
ਹਾਰ ਗਏ ਹਮ ਮਾਰਤ ਇਨ ਕੋ,
ਯਹਿ ਨਿਤ ਬਢਤੇ ਜੈਹੈਂ।
ਕਈ ਬਾਰ ਯਹਿ ਮਾਰ ਮੁਕਾਏ,
ਹੋਵਤ ਫੇਰ ਸੁਆਏ[1]।
ਆਵਤ ਯਹਿ ਕਿਤ ਤੈ ਫਿਰ ਇਤਨੇਂ,
ਨਹਿਂ ਕਿਛੁ ਜਾਨਯੋ ਜਾਏ ॥ ੧੫੬ ॥
ਯਹਿ ਸੁਨਿ ਫੇਰ ਨਜੂਮੀ ਬੋਲੇ,
ਕਾਜੀ ਪੰਡਿਤ ਐਸੇ।
ਆਬ-ਹਯਾਤ[1] ਸਿੰਘ ਸਭਿ ਪੀਵਤ,
ਜੀਵਤ ਥੀਵਤ[1] ਤੈਸੇ।
ਇਨ ਕੇ ਗੁਰੂ ਭਏ ਜੋ ਪੀਛੇ,
ਵਲੀ[1] ਲੋਕ ਅਤਿ ਭਾਰੇ।
ਤਿਨ ਅੰਮ੍ਰਿਤਸਰ ਤਾਲ ਅਮੀ ਕਾ[1],
ਰਚਯੋ ਠੀਕ ਉਦਾਰੇ ॥ ੧੫੭ ॥

[1]ਥੋੜ੍ਹੀ ਵੀ ਵਾਹ ਨਾ ਚੱਲੀ।
[1]ਸ਼ਰਮਿੰਦਾ ਹੋ ਕੇ।
[1]ਜੋਤਸ਼ੀ।
[1]ਬਹੁਤੇ।
[1]ਅੰਮ੍ਰਿਤ।
[1]ਜਿਊਂਦੇ ਹੋ ਜਾਂਦੇ ਹਨ।
[1]ਕਰਾਮਾਤੀ।
[1]ਅੰਮ੍ਰਿਤ ਦਾ।

ਤਹਾਂ ਨਾਵਣੋਂ ਜਬਿ ਯਹਿ ਹਟ ਹੈਂ,
ਤੌ ਪੁਨ ਮਰ ਹੈਂ ਮਾਰੇ।
ਮੂਢ ਨੁਵਾਬ ਮਾਨਿ ਯਹਿ ਸਾਚੀ,
ਪਠ ਕਰਿ ਫੌਜ ਅਪਾਰੇ।
ਅੰਮ੍ਰਿਤ-ਸਰ ਤਲਾਵ ਕੇ ਗਿਰਦੇ,
ਤਕਰੀ ਕਰਿ ਬੈਠਾਈ[1]।
ਬੁਰਜ ਬਨਾਇ ਬਿਠਾਏ ਪਹਿਰੂ,
ਕੀਨੀ ਬਹੁ ਤਕਰਾਈ ॥੧੫੮॥
ਕਾਜੀ ਅਫਸਰ ਹੁਤੋ ਫੌਜ ਮੈਂ,
ਤਿਨ ਕਰਿ ਗਰਬ ਮਹਾਂਏ।
ਸਿੰਘਨ ਪੈ ਯੌਂ ਕਹਿ ਕਰਿ ਪਠਯੋ,
ਅਬਿ ਨ੍ਹਾਵਹੁ ਤੁਮ ਆਏ।
ਸੂਰ-ਬੀਰ ਸਿਦਕੀ ਸਿੱਖ ਗੁਰੁ ਕੇ,
ਤੁਮ ਸਭਿ ਠੀਕ ਸਦਾਵਹੁ।
ਕਸਮ ਸੁਧਾ-ਸਰ ਕੀ ਹੈ ਤੁਮ ਕੋ,
ਜੇ ਤੁਮ ਆਇ ਨ ਨ੍ਹਾਵਹੁ ॥੧੫੯॥
ਯਹਿ ਸੁਨਿ ਸਿੰਘਨ ਕੋ ਚਿਪ[1] ਲਾਗੀ,
ਨਿਸ ਮੈਂ ਨ੍ਹਾਵਹਿਂ ਆਏ।
ਖੜਕਾ ਹੋਵੈ ਜਲ ਮੈਂ ਜਹਿ ਠਾਂ,
ਤੁਰਕ ਬੰਦੂਕ ਚਲਾਏਂ।
ਲੁਕ ਛਪ ਕਰਿ ਬਿਨ ਖੜਕਾ ਕੀਨੇਂ,
ਸਿੰਘ ਨ੍ਹਾਇ ਨਿਤ ਜਾਵੈਂ।
ਕਾਜੀ ਕਹਯੋ ਤਬੀ ਹਮ ਜਾਨੈਂ
ਜੇ ਤੁਮ ਦਿਨ ਮੈਂ ਨ੍ਹਾਵੈਂ ॥੧੬੦॥
ਤੁਮ ਤੋ ਸਿਦਕੀ ਸਿੱਖ ਗੁਰੂ ਕੇ,
ਕਹਿਲਾਵਤ ਵਡ ਸੂਰੇ।
ਨਹੀਂ ਤ ਕਾਇਰ ਸਜਾਰ[1] ਸਦਾਵਹੁ,
ਸਿੰਘ ਨਾਮ ਤਜਿ ਦੂਰੇ।
ਯਹਿ ਸੁਨਿ ਸੁੱਖਾ ਸਿੰਘ ਕਹਿ ਪਠਯੋ,
ਮੈਂ ਨਾਵਹੁਂ ਦਿਨਿ ਆਈ।

[1]ਤਕੜੀ (ਫੌਜ) ਇਕੱਠੀ ਕਰ ਕੇ ਬਿਠਾ ਦਿੱਤੀ।

[1]ਚਿੜ, ਖਿਝ।

[1]ਗਿੱਦੜ।

ਸੁਨਿ ਕਾਜੀ ਕੀਨੀ ਤਕਰਾਈ,
ਚਿਰੀ ਨ ਫਟਕਨ ਪਾਈ ॥ ੧੬੧ ॥
ਸੁੱਖਾ ਸਿੰਘ ਭੇਸ ਬਦਲਾ ਕੇ,
ਦਿਨ ਮੈਂ ਨ੍ਹਾਯੋ ਜੈ ਕੈ।
ਪੁਨਾ ਅਕਾਲ ਅਕਾਲ ਉਚਾਰਯੋ,
ਅੱਸ੍ਵਹਿ ਸੁਧਾ ਪਿਲੈ ਕੈ।
ਸੁਨਿ ਅਵਾਜ਼ ਸਿੰਘ ਕੀ ਤੁਰਕਾਨੀ,
ਆਈ ਧਾਇ ਚੁਫੇਰੈਂ।
ਖੈਂਚਿ ਤੇਗ ਸਿੰਘ ਸਨਮੁਖ ਹੋਯੋ,
ਭਬਕਯੋ ਮਾਨਿੰਦ ਸ਼ੇਰੈਂ[1] ॥ ੧੬੨ ॥
[1]ਸ਼ੇਰ ਵਾਂਗ।
ਪਾਂਚ ਸਾਤ ਕੋ ਮਾਰ ਵੀਚ ਤੈ,
ਨਿਕਸ ਗਯੋ ਸਿੰਘ ਐਸੇ।
ਨਿਕਸਤ ਮਾਰਤੰਡ ਪਰਚੰਡੈਂ,
ਘਨ ਘੁਮੰਡ ਤੇ ਜੈਸੇ[1]।
[1]ਜਿਵੇਂ ਗਾੜ੍ਹੇ ਬੱਦਲਾਂ ਵਿੱਚੋਂ ਤਿੱਖਾ ਸੂਰਜ ਨਿਕਲਦਾ ਹੈ।
ਕਾਜੀ ਅਫਸਰ ਨਿਜ ਸੁਤ ਮਰਯੋ,
ਸਮਝਿ ਚਢਾਈ ਸੈਨਾ।
ਗੋਲੀ ਤੀਰ ਸਿੰਘ ਪਰ ਬਰਸੇ,
ਮੇਂਹ ਸਮਾਨ ਕਿਤੈਨਾ[1] ॥ ੧੬੩ ॥
[1]ਕਿਤਨੇ ਭਾਵ ਬਹੁਤੇ।
ਅੱਸ੍ਵ ਧਵਾਇ ਧਸਯੋ ਸਿੰਘ ਬਨ ਮੈਂ,
ਲਗਯੋ ਜਖਮ ਨਹਿੰ ਏਕੈ।
ਤੁਰਕ ਮਾਰਿ ਝਖ ਹਟ ਗਏ ਪੀਛੇ,
ਸਤਿਗੁਰੁ ਰਾਖੀ ਟੇਕੈਂ[1]।
[1]ਓਟ।
ਸਿੰਘ, ਪੰਥ ਮੈਂ ਆਇ ਗਜਾਏ,
ਉਚੀ ਫਤੇ ਜਕਾਰੇ।
ਸੁੱਖਾ ਸਿੰਘ ਬਹਾਦਰ ਬਿਦਤਯੋ[1],
ਤਬਿ ਤੈ ਪੰਥ ਮਝਾਰੇ ॥ ੧੬੪ ॥
[1]ਮਸ਼ਹੂਰ ਹੋਇਆ।
ਇਸੀ ਤੌਰ ਇਕ ਔਰ ਦਿਵਸ ਮੈਂ,
ਅਘੜ ਸਿੰਘ ਕਾ ਭਾਈ।
ਸਿੰਘ ਥਰਾਜ ਇਸ਼ਨਾਨ ਅਯੋ ਕਰਿ,
ਬਹੁ ਬੈਰਿਨ ਕੋ ਘਾਈ[1]।
[1]ਮਾਰ ਕੇ।

ਕਈ ਬਾਰ ਸਿੰਘ ਬੀਸ ਪਚਾਸਕ,
ਮਿਲ ਕੈ ਮੱਜੈਂ ਜਾਈ[1]। [1]ਜਾ ਕੇ ਇਸ਼ਨਾਨ ਕਰਦੇ ਹਨ।
ਅਰੈਂ ਜੁ ਲਰੈਂ ਹਰੈਂ[1] ਸਿੰਘ ਤਿਨ ਕੋ, [1]ਮਾਰਦੇ ਹਨ।
ਮਾਰੈਂ ਮਰੈਂ ਤਹਾਂਈਂ ॥੧੯੫॥
ਟਰੈਂ ਨ ਸਿੰਘ ਬਰੈਂ ਫਿਰ ਬਨ ਮੈਂ[1], [1]ਫਿਰ ਜੰਗਲ ਵਿੱਚ ਜਾ ਵੜਦੇ ਹਨ।
ਕਰੈਂ ਨਿਤਾ-ਪ੍ਰਤਿ ਐਸੇ।
ਖਿਝ ਕੈ ਖਾਨ ਬਹਾਦਰ ਨਾਦਰ[1], [1]ਅਣੋਖੇ ਬਹਾਦਰ ਨੇ।
ਫੌਜ ਪਠੀ ਬਹੁ ਵੈਸੇ।
ਔਰ ਰਹੀਸ ਤੁਰਕ ਸਭਿ ਹਿੰਦੂ,
ਨਿਜ ਮਾਤਹਿਤ ਬੁਲਾਏ।
ਕਰੀ ਤਗੀਦ ਸਿੰਘਨ ਹਰਬੇ ਹਿਤ[1], [1]ਮਾਰਨ ਵਾਸਤੇ।
ਦੁਸ਼ਮਨ ਭਏ ਸਬਾਏ ॥੧੯੬॥

ਦੋਹਰਾ:
ਸੁੱਖਾ ਸਿੰਘ ਕੀ ਗਾਥ ਬਹੁ,
ਸ਼ਾਹਿ ਦੁਰਾਨੀ ਕੇਰ।
ਦਸ ਅਠ ਸੈ ਛੈ ਪਰ ਭਈ[1], [1]ਸੰਮਤ ੧੮੦੬ ਬਿ: ਵਿੱਚ ਹੋਈ।
ਥਿਰਜੋ ਧਜਾਇ ਯਹਿ ਟੇਰਿ ॥੧੯੭॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਬੋਤਾ ਸਿੰਘ, ਸੁੱਖਾ ਸਿੰਘ, ਅਘੜ ਸਿੰਘ ਅਤੇ ਅਹਿਮਦ ਸ਼ਾਹ ਦੁਰਾਨੀ ਕਾ ਪ੍ਰਸੰਗ', ਬਰਨਨੰ ਨਾਮ ਬੱਤੀਸਮੋਂ ਬਿਸ੍ਰਾਮ ॥੩੨॥ *

*ਉਪ੍ਰੋਕਤ ਬਿਸ੍ਰਾਮ ਨੰ: ੩੨ ਦਾ ਅੰਤਲਾ ਅੰਕ ਨੰ: ੧੯੭ ਤੇ 'ਇਤਿ ਸ੍ਰੀ' ਤੋਂ ਬਿਸ੍ਰਾਮ ॥੩੨॥' ਤੱਕ ਦਾ ਪਾਠ ਅਤੇ ਬਿਸ੍ਰਾਮ ਨੰ: ੩੩ ਦਾ ਅੰਕ ਨੰ: ੧ ਅੰਮ੍ਰਿਤਸਰ ਐਡੀਸ਼ਨ ਦੇ ਪੰਨਾ ੪੮੮ ਤੋਂ ਲਿਆ ਹੈ। ਕਾਰਨ ਇਸ ਦਾ ਇਹ ਹੈ ਕਿ ਲਾਹੌਰ ਐਡੀਸ਼ਨ ਵਿੱਚ ਏਥੇ ਉਨ੍ਹਾਂ ਦੇ ਹਿਸਾਬ ੩੧ ਨੰ: ਬਿਸ੍ਰਾਮ ਮੁਕਾਣਾ ਚਾਹੀਦਾ ਸੀ, ਪਰ ਉਸ ਦੇ ਪ੍ਰਕਾਸ਼ਕ ਨੂੰ ਬਹੁਤ ਕਾਹਲੀ ਸੀ ਇਸ ਲਈ ਐਸਾ ਨਹੀਂ ਕੀਤਾ। ਪਰ ਬਿਸ੍ਰਾਮ ਦੇ ਅੰਤ ਵਿੱਚ ਨੰ: ੩੨ ਦੇ ਦਿੱਤਾ ਹੈ। ਇਸ ਤੋਂ ਪਹਿਲੇ ਬਿਸ੍ਰਾਮ ਦੇ ਅੰਤ ਵਿੱਚ ਬਿਸ੍ਰਾਮ ਦਾ ਨੰ: ੩੦ ਦਿੱਤਾ ਹੋਇਆ ਹੈ। ਜਿਸ ਤੋਂ ਸਾਫ਼ ਸਪਸ਼ਟ ਹੈ ਕਿ ੩੧ ਨੰ: ਬਿਸ੍ਰਾਮ ਦਰਮਿਆਨ ਵਿੱਚ ਮੁਕਾਣਾ ਚਾਹੀਦਾ ਸੀ। ਅੰਮ੍ਰਿਤਸਰ ਅਤੇ ਦਿੱਲੀ ਐਡੀਸ਼ਨਾਂ ਵਿੱਚ ਏਥੇ ਬਿਸ੍ਰਾਮ ਮੁਕਾਏ ਹਨ, ਇਸ ਲਈ ਅਸਾਂ ਇਸ ਗ਼ਲਤੀ ਨੂੰ ਦਰੁੱਸਤ ਕਰ ਦਿੱਤਾ ਹੈ। ਉੱਤ੍ਰਾਰਧ ਵਿੱਚ ਬਿਸ੍ਰਾਮ ਨੰ: ਅਸਾਂ ਠੀਕ ਕਰ ਦਿੱਤੇ ਹਨ, ਇਸੇ ਲਈ ਸਾਡਾ ਇਕ ਨੰ: ਵੱਧ ਹੈ।

੩੩. {ਪੰਥ ਉੱਪਰ ਬਿਪਤਾ, ਸੁਬੇਗ ਸਿੰਘ, ਸਬਾਜ ਸਿੰਘ ਤੇ ਹਕੀਕਤਰਾਇ ਦਾ ਪ੍ਰਸੰਗ}

ਕਬਿੱਤ:

ਸ੍ਰੀ ਗੁਰੁ ਦੁੰਦ ਕੇ ਪਦਾਰਬਿੰਦ ਬੰਦਿ ਦੁੰਦ,
ਬਿਘਨ ਬਰਿੰਦ ਕੋ ਨਿਕੰਦ ਚਿੰਦ ਪਾਇ ਕੈ[1]।

[1](ਦੁੰਦ) ਦੂਜੇ (ਸਤਿਗੁਰੂ) ਸ੍ਰੀ ਗੁਰੂ (ਅੰਗਦ ਦੇਵ ਜੀ ਮਹਾਰਾਜ) ਦੇ ਦੋਹਾਂ ਚਰਨਾਂ ਤੇ ਨਮਸ਼ਕਾਰ ਕਰ ਕੇ ਆਪਣੇ ਸਾਰੇ ਬਿਘਨਾਂ ਨੂੰ (ਨਿਕੰਦ) ਕੱਟ ਕੇ ਤੇ (ਚਿੰਦ) ਮਨ-ਇੱਛਤ ਫਲ ਪਾ ਕੇ।

ਸਿੰਘਨਿ ਕੇ ਸਾਥ ਔਰ ਭਈ ਗਾਥ ਜੈਸੇ,
ਤੈਸੇ ਹਿਤ ਸਾਥ ਸਭਿ ਹੀ ਕੋ ਕਹੋਂ ਮੈਂ ਸੁਣਾਇ ਕੈ।
ਕਾਨਨ ਮਝਾਰੇ[1] ਜਿਮ ਵਖਤ ਗੁਜਾਰੇ ਪੰਥ,
ਰਹੇ ਖੱਡ ਖੋਹਨ[1] ਮੈਂ ਛਪਿ ਦੁਖ ਪਾਇ ਕੈ।
ਭਈ ਜਤੋਂ ਸਬੇਗ ਸਿੰਘ ਸੰਗ, ਤਾ ਕੇ ਪੂਤ ਸੰਗ,
ਭਾਵੀ ਸਹੀ ਸੀਸ ਧਰਮ ਰਾਖਯੋ ਬਨਾਇ ਕੈ ॥੧॥

[1]ਜੰਗਲਾਂ ਵਿੱਚ।

[1]ਗੁਫਾਂ, ਕੰਦਰਾਂ।

ਆਯੋ ਥਾ ਦੁਰਾਨੀ ਜਬਿ, ਸਿੰਘਨ ਉਮਾਹਿ ਤਬਿ,
ਲੂਟ ਕੂਟ ਸੱਤ੍ਰ ਸਭਿ ਕੀਨੇਂ ਥੇ ਹੈਰਾਨ ਹੈਂ।
ਛੀਨ ਅਸਬਾਬ ਅੱਸ੍ਰ ਆਯੁਧ ਨਕਦਿ, ਸਿੰਘ
ਥੀਏ ਥੇ ਅਸੂਦੇ[1] ਮੇਟੀ ਸਭਿ ਹੀ ਕੀ ਕਾਨ ਹੈਂ।
ਸੂਬੈਂ ਖੂਬੈਂ[1] ਜੋਰ ਲਾਯੋ ਨਿਜ ਮਹਿਬੂਬੈਂ ਯੁਤ[2],
ਖੁੰਬੈਂ ਜਿਮ ਨਿਕਸ ਅਜੂਬੈਂ ਸਿੰਘ ਆਨ ਹੈਂ[1]।
ਪਰ ਹੈਂ ਬੈਰੀ ਪੈ ਬਿਨ ਧੈਰੀ ਖੈਰੀ ਨਾਹਿਂ ਕਰੈਂ[1],
ਲੂਟ ਮਾਰ ਪੈਸੈਂ ਫੇਰ ਜੰਗਲੋਂ ਮੈਂ ਜਾਨ ਹੈਂ[1] ॥੨॥

[1]ਖ਼ੁਸ਼ਹਾਲ, ਧਨ ਸੰਪਤਾ ਸਹਿਤ।

[1]ਚੰਗਾ। [2]ਆਪਣਿਆਂ ਪਿਆਰਿਆਂ ਸਹਿਤ।

[1]ਖੁੰਬਾਂ ਵਾਂਗ ਅਸਚਰਜ ਢੰਗ ਨਾਲ ਸਿੰਘ ਆ ਨਿਕਲਦੇ ਹਨ।

[1]ਬਿਨਾਂ ਧੀਰਜ ਤੋਂ ਭਾਵ ਕਾਹਲੀ ਨਾਲ ਵੈਰੀਆਂ ਤੇ ਜਾ ਪੈਂਦੇ ਹਨ, ਖ਼ੈਰ ਨਹੀਂ ਕਰਦੇ।

[1]ਲੁੱਟ ਮਾਰ ਕਰ ਕੇ ਜੰਗਲਾਂ ਵਿੱਚ ਜਾ ਵੜਦੇ ਹਨ।

ਯਾਂਹੀ ਤੌਰ ਠੌਰ ਠੌਰ ਮਾਚਯੋ ਜਬਿ ਰੌਰ ਗੌਰ,
ਔਰ ਤਬਿ ਨਾਜ਼ਮ ਉਪਾਇ ਕੀਨ ਭਾਰ ਹੈ।
ਹੁਤੇ ਜੋਈ[1] ਚੁਗਲ ਦੁਗਲ[2] ਪੈਂਚ ਬੁਲਵਾਏ,
ਖਾਏ ਥੇ ਇਨਾਮ ਜਿਨੈਂ ਲੈ ਕਰਿ ਅਪਾਰ ਹੈ।
ਠਾਟ ਰਿਸ ਡਾਂਟ ਤਿਸੈ ਫਾਟ ਕਾਠ ਦੀਏ ਮਾਰ,
ਆਠ ਜਾਮ ਰਾਖੇ ਮਾਠ ਰਾਠ ਪਨੋ ਝਾਰ ਹੈ[1]* ॥੩॥

[1]ਜੇਹੜੇ। [2]ਦੋਗਲੇ, ਹਰਾਮੀ।

[1]ਗੁੱਸਾ (ਠਾਟ) ਕਰ ਕੇ ਡਾਟ ਫਾਟ ਕੇ ਭਾਵ ਤਾੜ ਕੇ ਉਨ੍ਹਾਂ ਨੂੰ ਅੱਠ ਪਹਿਰ ਕਾਠ ਮਾਰ ਕੇ ਰਖਿਆ। (ਮਾਠ) ਮੱਠਾ ਪਨ ਭਾਵ ਸੁਸਤੀ ਤੇ (ਰਾਠ ਪਨੋ) ਸਰਦਾਰੀ ਝਾੜ ਦਿੱਤੀ। (ਕਾਠ ਮਾਰਨਾ-ਲੱਕੜ ਦੇ ਸ਼ਿਕੰਜੇ ਵਿੱਚ ਫਸਾ ਕੇ ਜਿੰਦ੍ਰਾ ਮਾਰ ਦੇਣਾ।)

*ਇਸ ਅੰਕ ਨੰ. ੩ ਦੀਆਂ ਤਿੰਨ ਹੀ ਤੁਕਾਂ ਹਨ। ਇਕ ਤੁਕ ਛਪਣ ਸਮੇਂ ਹੀ ਮੂਲ 'ਚੋਂ ਰਹਿ ਗਈ ਜਾਪਦੀ ਹੈ।

ਖਾਟਨ ਪੈ[1] ਖਲੇ ਕੀਨ, ਦੀਨ ਚਾਬਕੋਂ ਕੀ ਮਾਰ, — [1]ਮੰਜਿਆਂ ਉੱਪਰ।
ਲੀਨ ਦੰਡ ਭਾਰ ਚੱਟੀ ਖ੍ਵਾਰ ਕਰਿ ਕੈ ਵਹੀਂ[1]। — [1]ਉਨ੍ਹਾਂ ਨੂੰ ਖੁਆਰ ਕਰ ਕੇ ਭਾਰਾ ਦੰਡ ਤੇ ਚੱਟੀ ਲਈ।
ਐਂਚ ਐਂਚ ਮੂਛੈਂ ਪੂਛੈਂ ਕੂਕਰੈਂ ਸੀ ਕੀਨ ਤੂਛੈਂ[1], — [1](ਉਨ੍ਹਾਂ ਦੀਆਂ) ਕੁੱਤੇ ਦੀ ਪੂਛ ਵਰਗੀਆਂ ਟੇਢੀਆਂ ਮੁੱਛਾਂ ਖਿੱਚ ਖਿੱਚ ਕੇ ਤੁੱਛ ਕਰ ਦਿੱਤੀਆਂ।
ਪੂਛੈ ਸੋ ਨੁਵਾਬ ਤਿਨੈਂ ਦੈ ਅਜਾਬ[1] ਯੌਂ ਤਹੀਂ। — [1]ਦੁੱਖ।
ਤੁਮ ਜੋ ਕਹਯੋ ਥਾ ਹਮ ਪਾਸ ਖਾਸ ਐਸ ਭਾਸ[1], — [1]ਖ਼ਾਸ ਇਸ ਤਰ੍ਹਾਂ (ਭਾਸ) ਬੋਲ ਕੇ।
ਸਿੰਘ ਹਮ ਕੀਨੇ ਨਾਸ ਰਹਿਨ ਦੀਨੋ ਕੋ ਨਹੀਂ।
ਫੇਰ ਯੇ ਦਮਾਦ ਥਾਰੇ, ਕਾਰਕ ਫਸਾਦ ਭਾਰੇ,
ਬੇਤਦਾਦ ਬਾਦ ਵਾਰੇ, ਆਏ ਕਿਤ ਤੈਂ ਸਹੀ[1] ॥੪॥ — [1]ਫੇਰ ਇਹ ਤੁਹਾਡੇ ਜਵਾਈ ਭਾਰੀ ਫਸਾਦ ਕਰਨ ਵਾਲੇ, (ਬਾਦ-ਵਾਰੇ) ਲੜਾਕੇ ਅਣਗਿਣਤ ਹੀ ਕਿਥੋਂ ਆਏ ਹਨ ਠੀਕ ਦੱਸੋ।

ਹੇਤ ਇਸੀ ਕਾਮ ਤੁਮ ਲੀਏ ਹਮ ਤੇ ਇਨਾਮ,
ਦੀਓ ਨ ਅਰਾਮ ਦਾਮ ਲੈ ਹਰਾਮ ਖਾ ਗਏ[1]। — [1]ਹਰਾਮ ਦੇ ਪੈਸੇ ਲੈ ਕੇ ਖਾ ਗਏ।
ਚਾਮ ਖਾਮ ਮੈਂ ਮਢੈਹੋਂ ਨਾ ਤਜੈਹੋਂ ਨਾਮ ਤੁਮੈਂ,
ਬਾਮ ਸੁਤਾ ਗੈਹੋਂ ਕਰਵੈਹੋਂ ਤੁਰਕਾਂ ਤਏਂ[1]। — [1]ਕੱਚੇ ਚਮੜੇ 'ਚ (ਤੁਹਾਨੂੰ) ਮੜ੍ਹਾ ਦਿਆਂਗਾ, ਤੁਹਾਡਾ (ਦੁਨੀਆਂ ਤੇ) ਨਾਮ ਨਹੀਂ ਛੱਡਾਂਗਾ (ਤੁਹਾਡੇ) ਇਸਤ੍ਰੀਆਂ ਤੇ ਪੁੱਤਰਾਂ ਨੂੰ ਫੜ ਲਵਾਂਗਾ (ਤਏ) ਉਨ੍ਹਾਂ ਨੂੰ ਤੁਰਕ ਬਣਾਵਾਂਗਾ।

ਨਾ ਤੋ ਅਬਿ ਸਿੰਘ ਸਭਿ ਦੇਹੁ ਪਕਰਾਇ ਹਮੈਂ,
ਏਸ ਦੇਸ ਕੇਸ ਵਾਰੋ ਰਹਿਨੋ ਨ ਕੋ ਪਏ।
ਮਾਨ ਕੈ ਹੁਕਮ ਸਭਿ ਲੋਗਨ ਫੜਾਏ ਸਿੰਘ,
ਹਾਥ ਜੋਊ ਆਏ ਮਰਵਾਏ ਤਿਨ ਹੂੰ ਵਏ[1] ॥੫॥ — [1]ਤਿਨ੍ਹਾਂ ਨੇ ਉਹ ਸਿੰਘ ਮਰਵਾ ਦਿੱਤੇ।
ਗਏ ਤਜਿ ਦੇਸ ਸਿੰਘ ਭਏ ਕੇਊ ਆਨ ਭੇਸ[1], — [1]ਕਈਆਂ ਨੇ ਹੋਰ ਭੇਸ ਬਣਾ ਲਏ।
ਰੈਹੈਂ ਕੋਊ ਕਾਨਨ ਮੈਂ ਲੁਕ ਕਰਿ ਦਿਨ ਕੋ।
ਨਿਸ ਕੋ ਨਿਕਸ ਲੂਟ ਮਾਰ ਕਰੈਂ ਸੱਤ੍ਰਨ ਕੀ,
ਡਰੈਂ ਨਾਹਿਂ ਟਰੈਂ, ਮਨ ਗਨੈ ਨਾਹਿਂ ਕਿਨ ਕੋ।
ਨਗਰ ਮਤਾਬ-ਕੋਟ ਬੇਟ[1] ਮਾਹਿਂ ਸਿੰਘ ਹੁਤੇ — [1]ਦਰਿਆ ਦੇ ਕਿਨਾਰੇ ਦਾ ਇਲਾਕਾ।
ਬਹੁ, ਦੇਖ ਆਯੋ ਮਤ ਮੰਦ ਕੋਊ ਤਿਨ ਕੋ।
ਜਾਇ ਕੈ ਨੁਵਾਬ ਪਾਸ ਦਈ ਹੈ ਸ਼ਿਤਾਬ ਸਾਰ[1], — [1]ਛੇਤੀ ਖ਼ਬਰ।
ਤਿਸ ਨੈ ਚਢਾਈ ਫੌਜ ਆਈ ਧਾਈ ਛਿਨ ਕੋ[1] ॥੬॥ — [1]ਇਕ ਛਿਨ ਵਿੱਚ।

ਬੀਜਰੀ ਸਮਾਨ ਆਨਿ ਸ਼ੱਤ੍ਰੂ ਪਰੇ ਮਹਾਨ,
ਅਚਾਚੇਤ[1] ਤਿਸ ਥਾਨ ਘਮਸਾਨ ਪਰਯੋ ਹੈ। [1]ਅੱਚਣਚੇਤ।
ਮਰੇ ਜੁਗ ਓਰ ਤੈ ਕਿਤਾਨ ਅੱਸ੍ਰ ਜ੍ਵਾਨ ਤਹਿਂ,
ਤੁੱਕਨ ਕਾ ਸਰਦਾਰ ਜਬੈ ਬਡ ਮਰਯੋ ਹੈ।
ਮੁਸਲਯੋਂ ਕੋ ਭਾਗ[1] ਪਰੀ ਪੰਥ ਕੀ ਬਲਾਇ ਟਰੀ, [1]ਭਾਜ।
ਸਿੰਘਨ ਦਰਯਾਓ ਪਾਰ ਹੋਇ ਡੇਰਾ ਕਰਯੋ ਹੈ।
ਸਿੰਘ ਮਰੈਂ ਜੇਤੇ ਤੇਤੇ ਮਿਲੈਂ ਫੇਰ ਔਰ ਆਨਿ,
ਚਸ਼ਮੇਂ[1] ਕੇ ਪਾਣੀ ਜਯੋਂ ਸੁਭਾਉ ਪੰਥ ਫਰਯੋ ਹੈ ॥੭॥ [1]ਸੋਮੇਂ।

ਬੈਰੀ ਭਯੋ ਦੇਸ ਸਭਿ ਸਿੰਘਨ ਕਾ ਵੇਸ[1] ਤਬਿ, [1]ਬਹੁਤਾ।
ਲੁਕੈਂ ਜਹਾਂ ਤਹਾਂ ਤੈ ਨਿਹਾਰ ਪਕਰਾਵਹੀਂ।
ਦੇਸ ਮਾਹਿਂ ਕੇਸ-ਵਾਰੋ ਨਾਹਿਂ ਕੋ ਰਹਿਨ ਦੀਨੋ,
ਤ੍ਰੁਕਨ ਤੈ* ਲੋਗ ਬਹੁ ਲੈ ਇਨਾਮ ਖਾਵਹੀਂ। *'ਤੁਰਕਨ ਤੈ' ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ।
ਸੀਸ ਜੋਊ ਕਾਟ ਕੈ ਲਿਜਾਵੈ ਪਾਵੈ ਤੀਸ ਸੋਊ,
ਬੀਸ ਪਕਰਾਇ ਦਸ ਬਤਰਾਇ ਪਾਵਹੀ[1]। [1]ਦਸਣ ਵਾਲੇ ਦਸ ਰੁਪਏ ਪਾ ਲੈਂਦੇ ਹਨ।
ਸਿੰਘ ਭੀ ਨ ਟਰੈਂ ਕਰੈਂ ਨਿਸਾ ਮਾਹਿਂ ਛੂਟਿ[1] ਲੂਟ, [1]ਹੱਲਾ ਕਰਕੇ।
ਸੱਤ੍ਰੂਨ ਕੋ ਕੂਟ ਫੇਰ ਕਾਨਨ ਧਸਾਵਹੀਂ ॥੮॥

ਕੇਤਿਕ ਪਹਾਰਨ ਮੈਂ ਧਸੇ ਸਿੰਘ ਦੌਰ ਜਾਇ,
ਬਸੇ ਬਹੁ ਮਾਲਵੇ ਮੈਂ ਕਸੇ ਤੁਰਕਾਨ ਕੋ[1]। [1]ਤੁਰਕਾਂ ਦੇ ਤੰਗ ਕੀਤੇ ਹੋਏ।
ਤੀਰ ਬਯਾਸ ਸਤਲੁਜ ਰਾਵੀ ਰੈਹੈਂ ਜੰਗਲੋਂ ਮੈਂ,
ਮੰਗਲ ਮਨੈ ਹੈਂ ਨਾ ਉਦੰਗਲ ਤਜਾਨ ਕੋ[1]। [1]ਜੰਗ ਕਰਨਾ ਨਹੀਂ ਛਡਦੇ।
ਤਟ ਬਯਾਸ ਪਰ ਰਾਖੀ ਕੁਟੀਆ ਅਘਟ ਠਟ[1], [1]ਬਹੁਤੀਆਂ ਕੁਟੀਆਂ ਬਣਾਰਖੀਆਂ ਹਨ।
ਜਾਵੈਂ ਝਟਪਟ ਨਿਸੈਂ ਲੂਟ ਲਯਾਵੈਂ ਖਾਨ ਕੋ।
ਰੈਹੈਂ ਖੱਡ ਖੋਹਨ ਮੈਂ ਰਾਹਿਨ ਕੇ ਖੋਹਿਨ ਮੈਂ,
ਬੈਰਿਨ ਕੇ ਜੋਹਿਨ ਮੈਂ ਪੋਹਨ ਮੈਂ ਆਨ ਕੋ[1] ॥੯॥ [1](ਪਹਾੜਾਂ ਦੀਆਂ) ਖੱਡਾਂ ਤੇ ਕੰਦਰਾਂ ਵਿੱਚ (ਜ਼ਾਲਮਾਂ ਨੂੰ) ਰਾਹਾਂ ਦੇ ਵਿੱਚ ਖੋਹਣ ਲਈ, ਵੈਰੀਆਂ ਦੇ ਤੱਕਣ ਵਿੱਚ (ਅਤੇ) (ਪੋਹਨ) ਪੋਹ (ਮਾਘ ਦੀਆਂ ਸਰਦੀਆਂ ਦੇ ਮਹੀਨਿਆਂ) ਵਿੱਚ ਕਈ ਆਣ ਕੇ ਰਹਿੰਦੇ ਹਨ।

ਕਹੂੰ ਪਾਂਚ ਸਾਤ ਦਸ ਕਹੂੰ ਬੀਸ ਤੀਸ ਬਸਿ[1], [1]ਵਸ ਕੇ।
ਦਿਨ ਕਾਟੈਂ ਲੁੱਕ ਛਿਪ ਨਿਸ ਕੋ ਨਿਕੱਸ ਕੈ।

ਬੀਸ ਤੀਸ ਕੋਸਨ ਲੌ ਖੇਤੀ ਖਲਵਾੜੇ ਪਾੜੈਂ[1],

[1]ਕਣਕਾਂ ਦੇ ਢੇਰ (ਪਾੜੈਂ) ਖੋਹ ਲਿਆਉਂਦੇ ਹਨ।

ਸੱਤ੍ਰੋਂ ਕੋ ਲਜਾਵੈਂ ਲੂਟ ਅੱਤ੍ਰੋਂ ਕੋ ਕੱਸ ਕੈ[1]।

[1]ਸ਼ਸਤ੍ਰਾਂ ਨੂੰ ਕਸ ਕੇ।

ਖਾਨ ਪਾਨ ਜੋਗ ਵਥੁ ਛੋਡ ਹੈਂ ਨ ਕੇਹੂ ਕੱਥ,
ਤੱਥ ਮਾਲ ਲਜਾਵੈਂ ਭਥ ਬਾਂਧਿ ਗਥ ਨੱਸ ਹੈਂ[1]।

[1]ਖਾਣ ਪੀਣ ਜੋਗ ਵਸਤੂ ਕਿਤੇ ਵੀ ਕੋਈ ਨਹੀਂ ਛੱਡਦੇ, (ਤੱਥ) ਚੰਗਾ ਮਾਲ ਲਿਆਉਂਦੇ ਹਨ (ਭੱਥ) ਥੈਲਿਆਂ ਤੇ (ਗਥ) ਗੰਢਾਂ ਵਿੱਚ ਬੰਨ੍ਹ ਕੇ ਨੱਸ ਜਾਂਦੇ ਹਨ।

ਸਿੰਘਨ ਤਰੀਕਾ ਗਹ੍ਯੋ ਭੀਲਨ ਨਿਸਾਚਰੈਂ
ਦਰਿੰਦਨ ਉਲੂਕਨ ਕਰਿੰਦਨ ਅਵੱਸ ਕੈ[1] ॥੧੦॥

[1]ਸਿੰਘਾਂ ਨੇ (ਅਵੱਸ ਕੈ) ਬੇਵਸ (ਮਜਬੂਰ) ਹੋ ਕੇ ਭੀਲਾਂ (ਨਿਸਾਚਰੈਂ) ਚੋਰਾਂ (ਦਰਿੰਦਨ) ਸ਼ੇਰਾਂ, (ਉਲੂਕਨ) ਉਲੂਆਂ ਤੇ (ਕਰਿੰਦਨ) ਹਾਥੀਆਂ ਵਾਲਾ ਤ੍ਰੀਕਾ ਫੜ ਲਿਆ।

ਚੁਗਲ[1] ਕੁਪੱਤੇ ਪੇਖ ਐਹੈਂ ਜੋ ਸਿੰਘਾਨਿ ਕਿਤ,

[1](ਤੁਰਕਾਂ ਨੂੰ) ਜਾ ਦੱਸਦੇ ਹਨ ਜੋ ਵੈਰੀ (ਸਿੰਘਾਂ ਨੂੰ) ਮਾਰਨ ਵਾਸਤੇ ਆ ਜਾਣ।

ਜਾਇ ਬਤਰੈਹੈਂ* ਐਹੈਂ ਸ਼ੱਤਰੂ ਜੋ ਹਰਨੈ।

*ਮੂਲ 'ਚ 'ਜਾਇ ਬਰੈਹੈ' ਪਾਠ ਛਪਿਆ ਹੋਇਆ ਹੈ। ਅਸਾਂ ਪਾਠ 'ਜਾਇ ਬਤਰੈਹੈਂ' ਕਰ ਦਿੱਤਾ ਹੈ ਜੋ ਸ਼ੁੱਧ ਹੈ।

ਪਾਇ ਸਾਰੈਂ ਸਿੰਘ ਹ੍ਵੈ ਕਿਨਾਰੈਂ ਬਿਨ ਬਾਰੈਂ ਕਿਤ,
ਤੁਰਕ ਡਰਾਰੈਂ ਹੋਇ ਹਾਰੈਂ ਜਾਹਿਂ ਘਰਨੈਂ[1]।

[1]ਸਿੰਘ ਖ਼ਬਰ ਪਾ ਕੇ ਬਿਨਾਂ ਦੇਰੀ ਤੋਂ ਕਿਤੇ ਲਾਂਭੇ ਹੋ ਜਾਂਦੇ ਹਨ, ਤੁਰਕ ਡਰਦੇ ਹੋਏ ਹਾਰ ਕੇ ਘਰਾਂ ਨੂੰ ਚਲੇ ਜਾਂਦੇ ਹਨ।

ਐਸੀ ਭਾਂਤਿ ਦਿਵਸ ਗੁਜਾਰੈਂ ਪਾਰੈਂ ਧਰਮ ਸਿੰਘ,
ਛਕ ਹੈਂ ਸ਼ਿਕਾਰੈਂ ਕਰਿ ਮਾਰੈਂ ਸੂਰ ਹਰਨੈਂ।
ਕੈਹੈਂ ਕਬਿ ਐਹੈਂ ਦਿਨ ਵੈਹੈਂ[1] ਰਾਜ ਥੈਹੈ ਪੰਥ,

[1]ਉਹ ਦਿਨ।

ਬਾਣੀਆਂ ਉਚਾਰੈਂ ਤੈ ਚਿਤਾਰੈਂ ਗੁਰ ਬਰਨੈਂ[1] ॥੧੧॥

[1]ਗੁਰਾਂ ਦੇ ਸਰੂਪ ਦਾ ਧਿਆਨ ਕਰਦੇ ਹਨ।

ਨਿਕਟ ਬਕਾਲੇ ਹੋਤੋ ਜੰਗਲ ਬਿਸਾਲੇ, ਸਿੰਘ
ਰੈਹੈਂ ਪਾਂਚ ਖੱਡ ਮਾਹਿਂ, ਚੁਗਲੈਂ ਲਖਾਏ ਹੈਂ[1]।

[1]ਦੇਖ ਲਿਆ।

ਤੁਰਕਨ ਕੋ ਲੈ ਗਏ ਚਢਾਇ ਬਤਲਾਇ ਸੋਊ,
ਰਹੇ ਜੋਰ ਲਾਇ ਸਿੰਘ ਨਾਹਿਂ ਨਿਕਸਾਏ ਹੈਂ।
ਕਈ ਰੋਜ ਰੋਕ ਰਾਖੇ ਤਾਹਿਂ ਖੱਡ ਮਾਂਹਿ ਵਾਹਿ[1],

[1]ਉਹ (ਸਿੰਘ)।

ਸਿੰਘਨ ਪੈ ਚਨੇ ਥੇ[1] ਸੋ ਕੱਚੇ ਹੀ ਚਬਾਏ ਹੈਂ।

[1]ਛੋਲੇ ਸਨ।

ਖੱਡ ਖੋਦ ਰਾਖੀ ਥੀ ਪਤਾਲ ਲੌ ਬਿਸਾਲ ਤਿਨ,
ਪਾਨੀ ਪੀਐਂ ਤਹਾਂ, ਏਕ ਓਰ ਮੈਂ ਥਿਰਾਏ ਹੈਂ ॥੧੨॥

ਸੱਤਰੈਂ ਵਿਚਾਰਿ ਫੇਰ ਖੱਡ ਮਾਹਿਂ ਧੂਆਂ ਧਾਰ[1],

[1]ਗਾੜ੍ਹਾ ਧੂੰਆਂ।

ਕੀਓ ਹੈ ਅਪਾਰ ਬਾਰ[1] ਅਗਨਿ ਜਲਾਇ ਕੈ।	[1]ਬਹੁਤ ਵਾਰ।
ਗਯੋ ਜਬਿ ਧੂੰਮ ਤਬਿ ਸਿੰਘਨ ਕੇ ਭਯੋ ਹੂੰਮ, ਘੂੰਮ ਦੀਨੋਂ ਮੁਖ ਭੂੰਮਿ ਮਾਹਿਂ ਅਕੁਲਾਇ ਕੈ[1]।	[1]ਜਦੋਂ ਧੂੰਆਂ (ਅੰਦਰ) ਗਿਆ ਤਾਂ ਸਿੰਘਾਂ ਦਾ ਸਾਹ ਘੁੱਟਣ ਲੱਗਾ, (ਤਦੋਂ) ਭੁਆਟਣੀ ਖਾ ਕੇ ਤੇ ਘਬਰਾ ਕੇ ਧਰਤੀ 'ਚ ਮੂੰਹ ਦੇ ਦਿੱਤਾ।
ਕੀਚ ਲੈ ਪਤਾਲ ਤੈ ਸੁ ਭੀਚ ਵੀਚ ਚਾਦਰੇ ਕੇ, ਸੀਂਚ ਖੱਡ ਮੁਖ ਬੰਦ ਕੀਨੋ ਹੈ ਦਬਾਇ ਕੈ[1]* ॥ ੧੩ ॥	[1]ਪਤਾਲ 'ਚੋਂ ਚਿੱਕੜ ਲੈ ਕੇ ਚਾਦਰੇ ਵਿੱਚ (ਭੀਚ) ਨਪੀੜ ਕੇ (ਸੀਂਚ) ਇਕੱਠਾ ਕਰ ਕੇ ਦਬਾ ਕੇ ਖੱਡ ਦਾ ਮੂੰਹ ਬੰਦ ਕਰ ਦਿੱਤਾ। *ਅੰਕ ਨੰ. ੧੩ ਦੀਆਂ ਮੂਲ 'ਚ ਤਿੰਨ ਹੀ ਤੁਕਾਂ ਹਨ।
ਪਾਨੀ ਖੱਡ ਮਾਹਿਂ ਲਾਗੇ ਡਾਰਨੈਂ ਮਹਾਨੀ[1],	[1]ਬਹੁਤਾ।
ਕੈਹੈਂ ਖੱਡ ਜੋ ਭਰੈਂ ਹੈਂ ਨਿਕਸੈ ਹੈਂ ਸਿੰਘ ਭੀਨ ਹੈਂ[1]।	[1]ਭਿੱਜ ਕੇ।
ਬਾਰ ਸੋ ਪਤਾਰ ਜਾਇ[1] ਖੱਡ ਨਾਂ ਭਰਾਏ,	[1]ਉਹ ਪਾਣੀ ਪਤਾਲ 'ਚ ਚਲਿਆ ਜਾਂਦਾ ਹੈ।
ਸਿੰਘ ਬੈਠੇ ਆਇ ਉਚ ਠਾਇ ਖੋਦ ਕੈ ਨਵੀਨ[1] ਹੈਂ।	[1]ਨਵਾਂ (ਥਾਂ) ਪੁੱਟ ਕੇ।
ਸਾਜਨ ਅਕਾਲ ਜੋ ਦਿਆਲ ਦਿਸਟਿ ਹੇਰੇ, ਤੌ ਬਤੇਰੇ ਹੀ ਉਪਾਵ ਰਿਪ ਕਰੇ ਪਰੇ ਹੀਨ ਹੈ[1]।	[1]ਸਜਣ ਅਕਾਲ ਪੁਰਖ ਜੇ ਦਇਆਲੂ ਹੋ ਕੇ ਕਿਰਪਾ ਦ੍ਰਿਸ਼ਟੀ ਨਾਲ ਤੱਕੇ ਤਾਂ ਵੈਰੀਆਂ ਨੂੰ ਪਰੇ ਕਰਨ ਅਤੇ (ਹੀਨ) ਨਾਸ ਕਰਨ ਦੇ (ਬਤੇਰੇ) ਬਹੁਤ ਹੀ ਉਪਾਵ ਬਣਾ ਦੇਂਦਾ ਹੈ।
ਡਾਰਿ ਬਾਰ[1] ਹਾਰ ਰਹੇ ਸ਼ੱਤ੍ਰੂ ਅਪਾਰ ਤਹਾਂ, ਨਿਕਸੇ ਨ ਸਿੰਘ ਜਬਿ ਫੇਰ ਇਮ ਕੀਨ ਹੈ ॥ ੧੪ ॥	[1]ਪਾਣੀ ਸੁੱਟ ਕੇ।
ਜੱਟ ਬੁਲਵਾਏ ਬਹੁ ਪਿੰਡਨ ਕੇ ਆਏ ਧਾਏ,	
ਕਸੀਆਂ[1] ਕੁਦਾਲ[2] ਲਜਾਏ ਲਗੇ ਸੋ ਪੁਟਾਵਨੇ।	[1]ਕਹੀਆਂ। [2]ਗੰਧਾਲੇ।
ਨਿਕਸਯੋ ਭੁਜੰਗ[1] ਅੰਗ ਡਸਯੋ ਏਕ ਪੈਂਚ ਹੂੰ ਕੋ,	[1]ਸੱਪ।
ਮਰਯੋ ਸੋ ਕੁਰੰਗ ਹ੍ਵੈ ਕੁਢੰਗ ਮੌਤ ਧਾਵਨੇ[1]।	[1]ਉਹ ਖੋਟਾਰੰਗ ਹੋ ਕੇ ਮਰਿਆ, ਖੋਟੇ ਢੰਗ ਦੀ ਮੌਤ ਦੌੜ ਕੇ ਆ ਗਈ।
ਲੋਗ ਡਰਿ ਦੱਟ[1] ਰੁੱਡ[2] ਪੁਟਨੇ ਤੇ ਗਏ ਹੱਟ,	[1]ਡਰ ਦੇ (ਦੱਟ) ਮਾਰੇ ਹੋਏ। [2]ਖੱਡ।
ਤੁੱਕ ਮਾਰ ਮਾਰਿ ਪੁਟਵਾਹਿਂ ਚਾਹਿਂ ਘਾਵਨੇ[1]।	[1]ਤੁਰਕ (ਜੱਟਾਂ ਨੂੰ) ਮਾਰ ਮਾਰ ਕੇ ਖੱਡ ਪੁਟਵਾ ਕੇ ਸਿੰਘਾਂ ਨੂੰ ਮਾਰਨਾ ਚਾਹੁੰਦੇ ਹਨ।
ਕਾਲ ਰੂਪ ਬਜਾਲ ਨੈਂ ਦਿਖਾਲ ਮੁਖ ਸ੍ਵੈ ਕਰਾਲ, ਡਸਿਓ ਦਰੋਗਾ ਫੇਰ ਕਸਯੋ ਔਰ ਭਾਵਨੇ[1] ॥ ੧੫ ॥	[1]ਕਾਲ ਰੂਪ (ਬਜਾਲ) ਸੱਪ ਨੇ ਆਪਣਾ ਭਿਆਨਕ ਮੂੰਹ ਦਿਖਾ ਕੇ ਦਰੋਗੇ ਨੂੰ ਡੰਗ ਦਿੱਤਾ ਫੇਰ ਹੋਰਾਂ ਨੂੰ ਵੀ ਏਸੇ ਖ਼ਿਆਲ ਨਾਲ ਕਸਿਆ ਭਾਵ ਡੰਗਿਆ।
ਇਸੀ ਤੌਰ ਔਰ ਚਾਰ ਪਾਂਚ ਨਰ ਮਾਰੇ,	

ਸਾਚ ਹੇਰਿ[1] ਫੇਰ ਜੱਟਨ ਸੋ ਪੁੱਟਨ ਤਜਾਯੋ ਹੈ। — [1]ਸੱਚ ਵੇਖ ਕੇ।
ਕਸੀਆਂ ਕੁਦਾਰ ਸੋ ਉਖਾਰਿ ਬਹੇ ਮਿਸ ਕਰਿ[1], — [1]ਉਹ ਕਹੀਆਂ ਤੇ ਗੰਧਾਲਿਆਂ ਦੇ ਉਖੜਿਆਂ ਦਾ ਬਹਾਨਾ ਕਰ ਕੇ ਬੈਠ ਗਏ।
ਤੁਰਕਨ ਵਿਚਾਰਿ ਤਬਿ ਈਂਧਨ ਮੰਗਾਯੋ ਹੈ।
ਰੁੱਡ ਮਾਹਿਂ ਪਾਇ ਲਾਇ ਦਈ ਅੱਗ, ਗਯੋ ਸੇਕ
ਸਿੰਘਨ ਕੋ, ਤਬੈ ਤਿਨ ਬਜੋਂਤ ਯੌਂ ਬਨਾਯੋ ਹੈ।
ਆਪ ਤੋ ਪਤਾਲ ਜਾਇ ਧਸੇ ਜਲ ਜਾਲ ਮਾਹਿਂ[1] — [1]ਬਹੁਤੇ (ਡੂੰਘੇ) ਪਾਣੀ ਵਿੱਚ।
ਖੱਡ ਬਾਰ ਵੀਚ ਕੀਚ ਭੀਚ ਕੈ ਲਗਾਯੋ ਹੈ[1] ॥੧੬॥ — [1]ਖੱਡ ਦੇ ਦਰਵਾਜ਼ੇ ਵਿੱਚ ਚਿੱਕੜ ਨਪੀੜ ਕੇ ਲਾ ਦਿੱਤਾ।

ਚੌਪਈ:

ਤਬਿ ਲੌ ਪਰੀ ਨਿਸਾ ਤਹਿਂ ਆਏ।
ਲੋਗਨ ਪਹਿਰੂ ਤੁਰਕ ਡਰਾਏ।
ਅਬੈ ਸਿੰਘ ਬਹੁ ਨਿਸ ਕੋ ਐਹੈਂ।
ਧਾਇ ਚੁਫੇਰਜੋਂ ਤੁਮੈਂ ਹਤੈਂ ਹੈਂ ॥੧੭॥
ਲੂਟ ਮਾਰ ਤੁਮ ਕੋ ਵਹਿ ਜੈਹੈਂ।
ਜੇ ਤੁਮ ਨਿਸ ਕੋ ਇਹਾਂ ਰਹੈਹੈਂ।
ਯੌਂ ਡਰਿ ਤੁਰਕ ਗਏ ਨਿਜ ਡੇਰੈਂ।
ਔਰ ਲੋਗ ਸਭਿ ਖਿੰਡੇ ਚੁਫੇਰੈਂ ॥੧੮॥
ਸਿੰਘ ਖੱਡ ਮੈਂ ਥਿਰੇ ਵਿਚਾਰੇ।
ਵਾਹਿਗੁਰੂ ਮੁਖ ਮਾਹਿਂ ਉਚਾਰੇ।
ਅਰਧ ਨਿਸਾ ਜਬਿ ਹੀਂ ਯੌਂ ਗਈ।
ਦਯਾ ਤਬੈ ਜੱਟਨ ਮਨਿ ਪਈ ॥੧੯॥
ਆਇ ਉਨੈਂ ਸਭਿ ਅਗਨਿ ਬੁਝਾਇ।
ਕੱਢ ਬਹਿਰ ਸਿੰਘ ਦਏ ਭਗਾਈ।
ਜਿਸ ਕੋ ਸਾਹਿਬ ਰੱਖਯਾ ਚੈਹੈ।
ਤਿਸ ਕੋ ਲੱਖ ਸਬੱਬ ਮਿਲੈ ਹੈ ॥੨੦॥
ਮਿਲੇ ਸਿੰਘ ਵਹਿ ਪੰਥਹਿਂ ਜਾਈ।
ਜੋ ਗੁਜਰੀ ਸੋ ਸਭੈ ਸੁਨਾਈ।
ਸਿੰਘਨ ਕਹਜੋ ਲੈਂਹਗੇ ਬਦਲੇ।
ਪ੍ਰਭੁ ਹਮਾਰਾ ਕਰਿ ਹੈ ਅਦਲੇ[1] ॥੨੧॥ — [1]ਇਨਸਾਫ਼।

ਰਾਜ ਪੰਥ ਕਾ ਜਬਿ ਦ੍ਰਿਢ ਥੈਹੈ।
ਤਬਿ ਸਭਿਹਨ ਤੇ ਪਲਟੇ[1] ਲੈਹੈਂ। [1]ਬਦਲੇ।
ਦੇਖਹੁ ਸ਼ਕਤਿ ਪ੍ਰਭੂ ਕੀ ਮਾਯਾ।
ਫਲਜੋ ਸਿਦਕ ਸਿੰਘਨ ਤਪ ਤਾਯਾ[1] ॥੨੨॥ [1]ਤਪ ਕੀਤਾ ਹੋਇਆ।
ਨਾਈ ਛੀਂਬੇ ਜੱਟ ਕਲਾਲੈਂ[1]। [1]ਗੋਤ।
ਸਿਦਕੀ ਸਿੰਘ ਗੁਰੂ ਕੇ ਲਾਲੈਂ।
ਸਭਿ ਰਖਤੇ ਥੇ ਸ਼ਾਹੀ ਦਾਵਾ।
ਧਰਮ ਹੇਤ ਚਹਿਂ ਸੀਸ ਲਗਾਵਾ ॥੨੩॥
ਭਈ ਤੈਸ ਥੀ ਜੈਸੇ ਚਾਹੀ।
ਹੰਨੇ ਹੰਨੇ ਹੋਈ ਸ਼ਾਹੀ[1] ॥੨੪॥ [1]ਭਾਵ ਹਰ ਘੋੜ ਸਵਾਰਰਾਜਾ ਹੋਇਆ।

ਦੋਹਰਾ:

ਖੱਡ ਮਾਹਿਂ ਜਜੋਂ ਦੁਖ ਸਹਜੋ,
ਉਨ ਸਿੰਘਨ ਅਤਿ ਗੌਰ[1]। [1]ਬਹੁਤ ਭਾਰਾ।
ਔਰ ਸਿੰਘ ਭੀ ਤੌਰ ਬਹੁ[1], [1]ਬਹੁਤ ਤਰ੍ਹਾਂ।
ਸਹੇ ਕਸ਼ਟ ਬਹੁ ਠੌਰ ॥੨੫॥
ਅਬਿ ਸਬੇਗ ਸਿੰਘ ਕੀ ਕਥਾ,
ਸੁਨੋਂ ਭਈ ਫਿਰ ਜੈਸ।
ਜੁਲਮੀਂ[1] ਤੁਰਕੋਂ ਨੈ ਕਰੀ, [1]ਬੇਇਨਸਾਫ਼ੀ।
ਤਿਸ ਸੋਂ ਅਤਿਹੀ ਕੈਸ[1] ॥੨੬॥ [1]ਕਿਸ ਤਰ੍ਹਾਂ।

ਮਰਹਟਾ ਛੰਦ:

ਜੰਬਰ ਗੋਤ ਸਬੇਗ ਸਿੰਘ ਇਕ,
ਸਿਦਕੀ ਹੁਤੋ ਮਹਾਨੋਂ।
ਨੌਕਰ ਤੁਰਕਨ ਢਿਗ ਲਹੌਰ ਮੈਂ,
ਰਹਿਤ ਸਦਾ ਪਹਿਚਾਨੋਂ।
ਪਢਜੋ ਪਾਰਸੀ[1] ਕਰਤ ਵਕਾਲਤ, [1]ਫ਼ਾਰਸੀ।
ਚਤੁਰ ਨੀਤਿ ਮੈਂ ਭਾਰੀ।
ਠੇਕਾ ਕਿਤਿਕ ਗਰਾਮਨ ਕੇਰਾ,
ਹੁਤੋ ਤਾਂਹਿ ਪੈ ਕਾਰੀ[1] ॥੨੭॥ [1]ਚੰਗਾ।
ਜਬਿ ਕਬਿ ਕਾਮ ਪਰੈ ਤੁਰਕਨ ਕਾ,
ਸਿੰਘਨ ਪੈ ਕਿਛ ਆਈ।

ਪਠੈ ਨੁਵਾਬ ਸ਼ਿਤਾਬ ਤਾਹਿਂ ਕੋ,
ਕਰੈ ਠੀਕ ਸੋ ਜਾਈ।
ਔਰ ਪੂਤ ਇਕ ਹੁਤੋ ਤਾਂਹਿਂ ਕਾ,
ਪਢ੍ਯੋ ਪਾਰਸੀ ਅਰਬੀ।
ਇਕ ਦਿਨ ਸ਼ਾਹੀ ਕਾਜੀ ਸੋਂ ਤਿਸ,
ਭਈ ਬਹਿਸ ਵਡ ਖਰਬੀ[1] ॥੨੮॥ — [1]ਖਰਵੀ, ਤਿੱਖੀ।
ਹਾਰ ਗਯੋ ਕਾਜੀ ਤਿਸ ਆਗੇ,
ਮਨ ਮਹਿਂ ਉਠ੍ਯੋ ਰਿਸਾਈ[1]। — [1]ਗ਼ੁੱਸਾ ਕੀਤਾ।
ਖਾਨ ਬਹਾਦਰ ਪਾਸ ਤਾਂਹਿ ਇਮ,
ਚੁਗਲੀ ਉਗਲੀ[1] ਜਾਈ। — [1]ਕੀਤੀ।
ਲਾਇਕ ਤੁਰਕ ਕਰਨ ਕੀ ਹੈ ਯਹਿ,
ਸੁਨਿ ਨੁਵਾਬ ਮਨਿ ਧਾਰ੍ਯੋ।
ਸੁਤ ਕੇ ਸਹਿਤ ਸਬੇਗ ਸਿੰਘ ਕੋ,
ਤੁਰਤੈਂ ਨਿਕਟ ਹਕਾਰ੍ਯੋ ॥੨੯॥
ਕਹ੍ਯੋ ਤੁਰਕ ਤੁਮ ਹੋਵਹੁ ਦੋਨੋਂ,
ਲੇਹੁ ਜਗੀਰ ਅਪਾਰੀ।
ਨਹੀਂ ਤ ਤੁਮ ਕੋ ਚਾੜ੍ਹਿ ਚਰਖੜੀ,
ਮਾਰੋਂ ਦੁਖ ਦੈ ਭਾਰੀ।
ਬੋਲ੍ਯੋ ਤਬੈ ਸਬੇਗ ਸਿੰਘ ਯੌਂ,
ਤੁਰਕ ਨਹੀਂ ਹਮ ਹੋਵੈਂ।
ਨਿਜ ਗੁਰੁ ਤੇਗ ਬਹਾਦਰ ਜਿਮ ਹਮ,
ਧਰਮ ਹੇਤ ਤਨ ਖੋਵੈਂ ॥੩੦॥
ਧੰਨ ਘੜੀ ਯਹਿ ਧੰਨ ਚਰਖੜੀ,
ਧੰਨ ਹੈ ਅਦਲ ਤੁਮਾਰਾ।
ਹਿੰਦੁ ਧਰਮ ਹਿਤ ਜਿੰਦ ਦੈਂਹ ਹਮ,
ਧੰਨ ਗੁਬਿੰਦ ਹਮਾਰਾ।
ਤੁਰਕ ਭਏ ਜੌਂ ਮਰੈਂ ਨ ਕਬਹੂੰ,
ਤੌਂ ਹਮ ਤੁਰਕ ਭਵੈ ਹੈਂ।
ਮਰਨਾ ਫੇਰ ਰਹੈ ਜੌਂ ਸਿਰ ਪਰ,
ਤੌਂ ਕ੍ਯੋਂ ਧਰਮ ਤਜੈ ਹੈਂ ॥੩੧॥

ਬਾਤ ਸਿੰਘ ਕੀ ਸੁਨਿ ਨੁਵਾਬ ਨੈਂ,
ਚਰਖੀ ਉਭੈ ਚੜ੍ਹਾਏ।
ਦੈ ਅਜਾਬ[1] ਵਡ ਤੁਰਕ ਕਰਜੋ ਚਹਿ, [1]ਦੁੱਖ।
ਦੀਨੋਂ ਦੂਖ ਮਹਾਂਏ।
ਸਿੰਘ ਅਕਾਲ ਅਕਾਲ ਉਚਾਰੈਂ,
ਮਰਨ ਧਰਮ ਹਿਤ ਮਾਂਡਾ[1]। [1]ਧਾਰਿਆ।
ਪੇਖਿ ਹਾਲ ਅਚਰਜ ਹ੍ਵੈ ਨਾਜ਼ਮ,
ਫਿਰ ਦੋਨੋਂ ਕੋ ਛਾਡਾ ॥ ੩੨ ॥
ਤੁਰਕ ਕਰਨ ਹਿਤ ਚਾਹਜੋ ਅਤਿਹੀ,
ਲਾਲਚ ਦੀਨੇਂ ਭਾਰੀ।
ਮਾਨੀ ਨਾਹਿੰ ਸਿੰਘ ਜਬਿ ਕੇਹੂੰ,
ਤੁਰਕ ਰਹੇ ਪਚਹਾਰੀ[1]। [1]ਖ਼ਰਾਬ ਹੋ ਕੇ ਹਾਰ ਗਏ।
ਫਿਰ ਸਬਾਜ ਸਿੰਘ ਕੋ ਲਖਿ ਬਾਲਕ,
ਨਾਜ਼ਮ ਨਿਕਟ ਬੁਲਾਯੋ।
ਕਹਜੋ, ਜਗੀਰ, ਪਰੀ ਸਮ ਔਰਤ,
ਤੂੰ ਲਿਹ ਧਨ ਮਨ ਭਾਯੋ ॥ ੩੩ ॥
ਕਰਿ ਕਬੂਲ ਤੂੰ ਦੀਨ ਹਮਾਰਾ,
ਮਨਸਬ[1] ਲੇਹੁ ਵਡੇਰਾ। [1]ਅਹੁਦਾ।
ਤੂੰ ਤੋ ਪਢਜੋ ਪਾਰਸੀ ਅਰਬੀ,
ਆਲਮ ਸ਼ਖਸ ਵਧੇਰਾ[1]। [1]ਬਹੁਤਾ ਵਿਦਵਾਨ ਆਦਮੀ ਹੈਂ।
ਖਾਇ ਪਹਿਨ ਤੁਮਰੇ ਪਿਤ ਲੀਨਾ,
ਬੂਢਾ ਮਰਨੋਂ ਚੈਹੈ।
ਖਾਣ ਪੀਣ ਕੀ ਉਮਰ ਤੁਮਾਰੀ,
ਤੂੰ ਕਜੋਂ ਜਿੰਦੜੀ ਦੈਹੈਂ ॥ ੩੪ ॥
ਜਦੀ ਨੁਵਾਬ ਬਹੁਤ ਸਮਝਾਯੋ,
ਸਿੰਘ ਏਕ ਨਹਿੰ ਮਾਨੈਂ।
ਬਾਲਕ ਦਏ ਜੁਵਾਬ ਜੁ ਐਸੇ,
ਲਾ-ਜੁਵਾਬ ਕਿਯ ਤਾਂਨੈ[1]। [1]ਤਿਨ੍ਹਾਂ (ਤੁਰਕਾਂ) ਨੂੰ ਨਿਰੁੱਤ੍ਰ ਕਰ ਦਿੱਤਾ।
ਫੇਰ ਨੁਵਾਬ ਅਜਾਬ ਦਿਵਾਏ,
ਬਾਲਕ ਕੋ ਅਤਿ ਭਾਰੇ।

ਕੇਸ ਬਾਂਧਿ ਲਟਕਾਯੋ ਊਪਰ,
ਚਾਬਕ ਤਨ ਪਰ ਮਾਰੇ ॥੩੫॥
ਚੋਕੈਂ ਦਈਂ ਸੇਲ ਕੀ ਕੇਤੀ[1], — [1]ਬਰਛੇ ਦੀਆਂ ਕਿਤਨੀਆਂ ਹੀ ਹੁੱਜਾਂ ਮਾਰੀਆਂ।
ਲੋਹਾ ਤਾਇ[1] ਲਗਾਏ। — [1]ਤਪਾ ਕੇ।
ਗਿਰੇ ਮੂਰਛਾ ਖਾਇ ਬਾਲ ਜਬਿ, ਪਾਨੀ ਛਿੜਕਿ ਜਗਾਏਂ।
ਅਤਿਹੀ ਦੁਖ ਦਯੋ ਜਬਿ ਤੁਰਕੈਂ,
ਸਹਜੋ ਗਯੋ ਨਹਿਂ ਤਾਂ ਤੈ।
ਦੀਨ ਕਬੂਲ ਕਰਜੋ ਬਾਲਕ ਨੈਂ,
ਖੁਸ਼ ਭੇ ਤੁਰਕ ਬਖਜਾਤੈਂ ॥੩੬॥

ਰਸਾਵਲ ਛੰਦ:

ਸੁਨਿ ਸਬੇਗ ਸਿੰਘ ਬਾਤ ਏਹੁ,
ਮਨਿ ਅਤਿ ਬਿਸਮਾਯੋ।
ਨਿਕਟ ਤਾਤ* ਕੇ[1] ਆਇ, — [1]ਪੁੱਤਰ ਦੇ। *ਮੂਲ 'ਚ ਪਾਠ 'ਮਾਤ' ਛਪਿਆ ਹੋਇਆ ਹੈ ਜੋ ਅਸ਼ੁਧ ਹੈ, ਅਸਾਂ 'ਤਾਤ' ਸ਼ੁੱਧ ਕਰ ਦਿੱਤਾ ਹੈ।
ਹਾਥ ਮਾਥਾ ਦਰਸਾਯੋ।
ਤੁਰਕ ਹੋਨ ਕੀ ਰੇਖ,
ਤਾਹਿਂ ਕੇ ਮਾਥੇ ਦੇਖੀ।
ਧਰਿ ਸਤਿਗੁਰੁ ਕਾ ਧਜਾਨ,
ਕਾਮ ਯਹਿ ਕੀਨ ਵਿਸੇਖੀ[1] ॥੩੭॥ — [1]ਵੱਡਾ।
ਵਾਹਿਗੁਰੂ ਕਹਿ ਚਰਨ ਅਪਨ,
ਤਿਹਿ ਮਾਥਿ ਛੁਹਾਯੋ।
ਸਤਿਨਾਮੁ ਕਹਿ ਰੇਤ ਜਰਾ,
ਮੁਖਿ ਤਾਂ ਕੇ ਪਾਯੋ।
ਮੇਖ ਰੇਖ ਮੈਂ ਮਾਰਿ[1], — [1]ਰੇਖ 'ਚ ਮੇਖ ਮਾਰ ਕੇ ਭਾਵ ਰੇਖਾ ਬਦਲ ਕੇ।
ਬਾਲ ਕੀ ਬੁੱਧਿ ਫਿਰਾਈ।
ਗੁਰਸਿੱਖਨ ਮੈਂ ਸਭਿ ਸ਼ਕਤਿ ਹੈ, ਜਾਨੋਂ ਭਾਈ ॥੩੮॥
ਰੇਖ ਲੇਖ ਕੀ ਮਿਟੀ,
ਭੁਜੰਗੀ[1] ਦਈ ਦੁਹਾਈ। — [1]ਬਾਲਕ ਨੇ।

ਮੈਂ ਨਹਿਂ ਬਨਹੋਂ ਤੁਰਕ,
ਜਾਨ ਬੇਸ਼ਕ ਮਮ ਜਾਈ।
ਸੁਨਿ ਸਬੇਗ ਸਿੰਘ ਖੁਸ਼ੀ ਹੋਇ,
ਤਬਿ ਲਗਯੋ ਉਚਾਰਨ।
ਧਰਮ ਨ ਤਜੀਓ ਕਬੀ,
ਚਾਰ ਦਿਨ ਜੀਵਨ ਕਾਰਨ ॥ ੩੯ ॥
ਤਨ ਅਵਤਾਰਨ ਕੇ ਨ ਰਹੇ,
ਜਗ ਮੈਂ ਥਿਰ ਜਾਨੋਂ।
ਆਤਮ ਮਰੈ ਨ ਜਰੈ[1], — [1]ਸੜਦਾ ਨਹੀਂ।
ਛਿਦੈ ਨਹਿਂ[1] ਨਿਸਚੈ ਮਾਨੋਂ। — [1]ਕੱਟੀਂਦਾ ਨਹੀਂ।
ਸਫਲ ਜਨਮ ਅਰ ਮਰਨ ਤਾਹਿਂ ਕਾ,
ਧਰਮ ਜੁ ਰਾਖਤ।
ਲੋਕ ਬੇਦ ਜਸ ਕਰਨ ਤਾਂਹਿ,
ਜੋ ਧਰਮ ਨ ਨਾਖਤ[1] ॥ ੪੦ ॥ — [1]ਜੋ ਧਰਮ ਨਹੀਂ ਤਿਆਗਦਾ।
ਵਹੀ ਪੁਰਖ ਹੈਂ ਅਮਰ,
ਰਹੇ ਜਗ ਮੈਂ ਜਸ ਜਿਨ ਕੇ।
ਧਰਮ ਹੇਤ ਦੁਖ ਸਹੇ,
ਤਜੇ ਨਿਜ ਤਨ ਸਮ ਤਿਨਕੇ[1]। — [1]ਕੱਖ ਵਾਂਗ।
ਹਰੀ ਚੰਦ, ਪ੍ਰਹਲਾਦ, ਸ਼ਿਵੀ,
ਦਾਧੀਚਹਿਂ ਪੇਖੋ।
ਮਨੀ ਸਿੰਘ, ਮਨਸੂਰ ਤਈਂ,
ਨਿਜ ਗੁਰਹਿਂ ਪਰੇਖੋ[1] ॥ ੪੧ ॥ — [1]ਪਛਾਣੋ।
ਛਿਨ ਭੰਗਰ[1] ਤਨ ਜਾਨਿ, — [1]ਇਕ ਛਿਨ 'ਚ ਨਾਸ਼ ਹੋ ਜਾਣ ਵਾਲਾ।
ਧਰਮ ਤੁਮ ਭਲੇ ਨਿਬਹੀਓ।
ਦੁਖ ਸੁਖ ਦੇਤ ਅਦ੍ਰਿਸ਼ਟ[1], — [1]ਕਰਮ।
ਦੋਸ਼ ਨਹਿਂ ਕਿਸਹੂੰ ਦਈਓ।
ਇਤਜਾਦਿਕ ਬਹੁ ਜਬਿ
ਸਬੇਗ ਸਿੰਘ ਬਚਨ ਉਚਾਰੇ।
ਸੁਨਿ ਨੁਵਾਬ ਮਨਿ ਜਰਯੋ,
ਉਭੈ ਪੁਨ ਚਰਖੀ ਚਾਰ੍ਹੇ ॥ ੪੨ ॥

ਦਯੋ ਅਜ਼ਾਬ ਖਰਾਬ ਨੁਵਾਬ ਸ਼ਿਤਾਬ ਅਪਾਰੇ।
ਆਖਰ ਦੈ ਦੁਖ, ਛੋਡਿ
ਕਹਜੋ ਸਿੰਘ ਤਈਂ ਹਕਾਰੇ[1]। [1]ਬੁਲਾ ਕੇ।
ਤੈਂ ਕਯੋਂ ਬਾਲਕ ਤੁਰਕ ਹੋਨ ਤੈ
ਯਾਹਿ ਹਟਾਯੋ।
ਫਿਰ ਸਬੇਗ ਸਿੰਘ ਕਹਜੋ,
ਧਰਮ ਰਹਿ ਤਨ ਚਹਿ ਜਾਯੋ[1] ॥ ੪੩ ॥ [1]ਧਰਮ ਕਾਇਮ ਰਹੇ ਸਰੀਰ ਭਾਵੇਂ ਚਲਾ ਜਾਵੇ।
ਤੁਰਕ ਹੋਨ ਕੀ ਰੇਖ ਹੁਤੀ,
ਮਮ ਸੁਤ ਕੇ ਮਾਥੈਂ।
ਸੋ ਮੈਂ ਦਈ ਮਿਟਾਇ,
ਸ਼ਬਦ ਸਤਿਗੁਰੁ ਕੇ ਸਾਥੈਂ।
ਸੁਨਿ ਨੁਵਾਬ ਯਹਿ ਕਹਜੋ,
ਸ਼ਕਤਿ ਤੁਝ ਮੈਂ ਨਹਿਂ ਏਤੀ।
ਤੂੰ ਸਭਿ ਕਹਤ ਦਰੋਗ[1], [1]ਝੂਠ।
ਬਾਤ ਰੇਖਾ ਕੀ ਜੇਤੀ ॥ ੪੪ ॥
ਤਬਿ ਸਬੇਗ ਸਿੰਘ ਕਹਜੋ,
ਕੂਰ ਨਹਿਂ ਮੈਂ ਕਿਛੁ ਭਾਖੋਂ।
ਗੁਰੁ ਕੇ ਸ਼ਬਦਨ ਮਾਹਿਂ ਸ਼ਕਤਿ,
ਇਸ ਤੈ ਗੁਨ ਲਾਖੋਂ[1]। [1]ਲੱਖਾਂ ਗੁਣਾਂ।
ਪੁਨ ਨੁਵਾਬ ਨੈ ਕਹਜੋ,
ਲੈਂਹ ਹਮ ਅਬਿ ਅਜ਼ਮਾਈ।
ਘੋੜੀ ਗੱਭਣ ਏਕ,
ਤੁਰਤ ਨਾਜ਼ਮ ਮੰਗਵਾਈ ॥ ੪੫ ॥
ਇਸ ਘੋੜੀ ਕੇ ਕਹੋ,
ਵਛੇਰਾ ਹੈ ਕਿ ਵਛੇਰੀ।
ਧਰਿ ਸਤਿਗੁਰੁ ਕਾ ਧਜਾਨ,
ਕਹਜੋ ਸਿੰਘ ਯੋਂ ਬਿਨ ਦੇਰੀ।
ਨਰ ਖਚਰਾ ਹੈ ਪੇਟ ਮਾਹਿਂ,
ਇਸ ਕੇ ਰੰਗ ਕਾਲਾ।
ਮਾਥਾ ਪਾਉਂ ਸੁਫੈਦ,

ਪੇਟ ਪਰ ਲਸਨ ਬਿਸਾਲਾ[1] ॥੪੬॥ — [1]ਵੱਡਾ ਕੁਦਰਤੀ ਦਾਗ਼ ਹੈ।
ਸੁਨਿ ਨੁਵਾਬ ਨੈਂ ਤੁਰਤ,
ਪੇਟ ਘੋੜੀ ਚਰਵਾਯੋ।
ਨਿਕਸਯੋ ਖੱਚਰ ਵੈਸ,
ਜੈਸ ਬਿਧਿ ਸਿੰਘ ਜੀ ਗਾਯੋ।
ਪਿਖਿ ਤਾਅੱਜਬ[1] ਸਭਿ ਰਹੇ, — [1]ਹੈਰਾਨ।
ਫਿਰ ਨੂਾਬ ਵਖਾਨੋਂ।
ਹਮਰੇ ਘਰ ਮੈਂ ਪੂਤ ਹੋਇ,
ਕੈ ਪੁੱਤ੍ਰੀ ਭਾਨੋਂ[1] ॥੪੭॥ — [1]ਕਹੋ।
ਅਰਧ ਨਿਸਾ ਕੋ ਆਜ,
ਕਹਯੋ ਸਿੰਘ ਲੜਕੀ ਥੈਹੈ।
ਦਿਵਸ ਚਢਨ ਤੈ ਕਿਬਲ[1], — [1]ਪਹਿਲਾਂ।
ਮਾਤ ਧੀ ਉਭੈ ਮਰੈ ਹੈਂ।
ਸੁਨਿ ਨੁਵਾਬ ਸਿੰਘ ਪਠਯੋ,
ਕੈਦ-ਖਾਨੇ ਮੈਂ ਤਬਿਹੀ।
ਭਈ ਨਿਸਾ ਤਯੋਂ ਥਈ,
ਕਹੀ ਥੀ ਜਯੋਂ ਸਿੰਘ ਸਭਿ ਹੀ ॥੪੮॥
ਇਹੁ ਨੁਵਾਬ ਅਜ਼ਮਾਇ,
ਬਿਤਾਦਿਨ ਸ਼ੋਕ ਬਖਾਨਾ[1]। — [1]ਸੋਗ ਦਾ ਦਿਨ ਲੰਘਾਕੇ ਕਿਹਾ।
ਕਹੋ ਸਿੰਘ ਕਿਮ ਹੋਇ ਮੌਤ ਮਮ,
ਕਿਸ ਢਬ ਆਨਾ[1]। — [1]ਕਦੋਂ ਤੇ ਕਿਸ ਢੰਗ ਨਾਲ ਮੇਰੀ ਮੌਤ ਆ ਕੇ ਹੋਵੇਗੀ।
ਦਿਨ ਪੈਂਤੀ ਕੇ ਬੀਚ,
ਲੇਹੁ ਕਰਿ ਜੋ ਕੁਛ ਕਰਨਾ।
ਸਿੰਘ ਜੀ ਕਹਯੋ ਸੁਨਾਇ,
ਸੂਲ ਸੋਂ ਹੈ ਤੈਂ ਮਰਨਾ ॥੪੯॥
ਢਿਗ ਤੈ ਕਾਜੀ ਕਹਯੋ,
ਕੁਫਰ ਇਨ ਸਿੱਖ ਅਲਾਯੋ।
ਚਹੀਏ ਇਸ ਕੋ ਦੀਨ ਈਨ[1], — [1]ਦੀਨ ਦੀ ਈਨ।
ਜਯੋਂ ਤਯੋਂ ਮਨਵਾਯੋ।
ਮਾਨਿ ਨੁਵਾਬ ਖਰਾਬ,

ਮੂੜ ਬੇ-ਸਿਦਕੀ ਹਾਸਦ[1]। [1]ਈਰਖਾਲੂ।
ਕਹਜੋ ਸਿੰਘ ਕੋ, ਮੁਸਲਮਾਨ
ਤੂੰ ਕਜੋਂ ਨਹਿੰ ਬਾਸ਼ਦ[1] ॥੫੦॥ [1]ਹੁੰਦਾ।
ਲੇਹੁ ਜਗੀਰ ਲਿਖਾਇ,
ਭਾਇ ਜੇਤਿਕ ਮਨਿ ਤੇਰੇ[1]। [1]ਜਿੰਨੀ ਕੁ ਤੇਰੇ ਮਨ ਵਿੱਚ ਭਾਉਂਦੀ ਭਾਵ ਚੰਗੀ ਲਗਦੀ ਹੈ।
ਹਮ ਸਭਿ ਭਵੈਂ ਮੁਰੀਦ,
ਮਾਨ ਹੈਂ ਪੀਰ ਬਧੇਰੇ।
ਨਹੀਂ ਤੁ ਦੈਹੋਂ ਮਾਰ,
ਤੁਝੈ ਦੈ ਦੂਖ ਅਪਾਰੀ।
ਸੁਨਿ ਸਬੇਗ ਸਿੰਘ ਕਹਜੋ,
ਸ੍ਰਿਸ਼ਟਿ ਪਲਟੈ ਕਿ ਨ ਸਾਰੀ[1] ॥੫੧॥ [1]ਸਾਰੀ ਸ੍ਰਿਸ਼ਟੀ ਬਦਲ ਕਿਉਂ ਨਾ ਜਾਵੇ, ਭਾਵ ਭਾਵੇਂ ਬਦਲ ਜਾਵੇ।

ਅਗਨੀ ਸੀਤਲ ਹੋਇ,
ਆਬ ਦਾਹੈ ਸਮ ਆਗੀ[1]। [1]ਪਾਣੀ ਅੱਗ ਵਾਂਗ ਸਾੜਨ ਲਗ ਜਾਵੇ।
ਸੂਰਜ ਪੱਛਮ ਉਗੈ[1], [1]ਚੜ੍ਹਨ ਲਗ ਪਵੇ।
ਗੰਗ ਬਹਿ ਉੱਤਰ ਲਾਗੀ[1]। [1]ਗੰਗਾ ਉੱਤਰ ਵਲ ਵਗਣ ਲਗ ਪਵੇ।
ਤੌ ਭੀ ਹਮ ਨਹਿੰ ਭਵੈਂ ਤੁਰਕ,
ਤੁਮ ਕਜੋਂ ਬਹੁ ਕੈਹੋ।
ਜੈਸੀ ਮਨਿ ਤੁਵ ਆਇ,
ਦੂਖ ਦੈ ਜਾਨੈਂ ਲੈਹੋ ॥੫੨॥
ਬਰ ਸਰਾਪ ਨਹਿੰ ਦੈਂਹ,
ਤਾਣ ਰਖ ਰਹੋਂ ਨਿਤਾਣਾ[1]। [1]ਬਲ ਦੇਰਖਦਿਆਂ ਨਿਰਬਲ ਹੋ ਕੇ ਕਹਾਂਗਾ।
ਜਜੋਂ ਮਮ ਗੁਰੁ ਸਿਰ ਦਯੋ,
ਤੈਸ ਮੈਂ ਮਾਨੋਂ ਭਾਣਾ।
ਸੁਨਿ ਨੁਵਾਬ ਦਿਢ ਲਖਜੋ,
ਸਿੱਖ ਨਹਿੰ ਦੀਨ ਮਨੈ ਹੈਂ।
ਸਖਤ ਕੈਦ ਮੈਂ ਰਖੋ,
ਫੇਰ ਕਬਿਹੀ ਮੰਨ ਲੈਹੈਂ ॥੫੩॥
ਸਿੰਘ ਸਬੇਗ ਸਬਾਜ ਸਿੰਘ ਕੋ
ਬੰਦੀ ਖਾਨੇ।

ਪਠ ਦੀਨੋ ਨੌਵਾਬ,
ਮੌਤ ਨਿਜ ਹਿਤ ਪਰਖਾਨੇ[1] ॥ ੫੪ ॥ — [1]ਪਰਖਣ ਵਾਸਤੇ।

ਦੋਹਰਾ:

ਤੁਰਕ ਕਰਨ ਹਿਤ ਤੁਰਕ ਖਲ,
ਰਹੇ ਅਧਿਕ ਝਖ ਮਾਰ।
ਸਤਿ ਪੁਰਖਨ ਸਿੰਘਾਨ ਕੀ,
ਪਤਿ ਰਾਖੀ ਕਰਤਾਰ ॥ ੫੫ ॥
ਵਾਹਿਗੁਰੂ ਮੁਖਿ ਜਾਪੁ, ਜੁਗ
ਸਿੰਘ ਜਪੈਂ ਮਨ ਲਾਇ।
ਬੈਠੇ ਕਾਰਾ-ਗ੍ਰਹਿ[1] ਵਿਖੇ, — [1]ਕੈਦ ਖਾਨੇ ਵਿੱਚ।
ਲੈਹੈਂ ਗੁਰੂ ਛਡਾਇ ॥ ੫੬ ॥
ਐਸੇ ਐਸੇ ਦੂਖ ਬਹੁ,
ਸਹਿ ਕੈ ਬਿਸਵੇ ਬੀਸ[1]। — [1]ਪੂਰਨ ਨਿਸ਼ਚੇ ਨਾਲ।
ਸਿਦਕ ਧਰਮ ਰਾਖ੍ਯੋ ਭਲੇ,
ਦੀਨੇ ਤ੍ਰਿਣ ਜਯੋਂ ਸੀਸ ॥ ੫੭ ॥
ਪੈ ਹਿੰਦੁਨ ਰਖਿ ਬਾਦ ਦਿਲਿ[1], — [1]ਦਿਲ ਵਿੱਚ ਈਰਖਾਰੱਖ ਕੇ।
ਸੁਜਸ ਸਿੰਘਨ ਕਾ ਨੀਕ।
ਰਾਇ-ਹਕੀਕਤ ਸਾਮ ਭੀ[1], — [1]ਵਰਗਾ ਵੀ।
ਨਹਿਂ ਫੈਲਾਯੋ ਠੀਕ ॥ ੫੮ ॥
$ਕਰਨੀ ਇਕ ਇਕ ਸਿੰਘ ਕੀ,
ਦਸ ਗੁਨ ਤਿਸ ਤੈ ਭੂਰ[1]। — [1]ਬਹੁਤੀ।
ਕੈ ਹਿੰਦੂ ਭੀ ਸਿੰਘਨ ਸੋਂ
ਰਖਤੇ ਬਾਦ ਜ਼ਰੂਰ ॥ ੫੯ ॥
ਤਾਂ ਤੇ ਹਿੰਦੁਨ ਭੀ ਕਰੀ,
ਨਹਿਂ ਖਜਾਤੀ[1] ਸਿੰਘਾਨ। — [1]ਮਸ਼ਹੂਰੀ।
ਬਲਿਕੈ[1] ਮਾਰਯੋ ਚਹਿਤ ਥੇ, — [1]ਸਗੋਂ।
ਮਜ਼ਬ ਅਜਬ ਪਹਿਚਾਨ* ॥ ੬੦ ॥

*'ਕਰਨੀ ਇਕ ਇਕ ਸਿੰਘ ਕੀ' ਤੋਂ 'ਮਜਬ ਅਜਬ ਪਹਿਚਾਨ' ਤੱਕ ਇਹ ਦੋ ਦੋਹਿਰੇ ਅੰਮ੍ਰਿਤਸਰ ਐਡੀਸ਼ਨ 'ਚੋਂ ਪੰਨਾ ੪੯੪-੯੫ ਤੋਂ ਏਥੇ ਲਿਖੇ ਹਨ, ਜੋ ਲਾਹੌਰ ਐਡੀਸ਼ਨ 'ਚ ਛਪਣ ਸਮੇਂ ਰਹਿ ਗਏ ਜਾਪਦੇ ਹਨ।

ਉਸੀ ਜਮਾਨੈ ਮੈਂ ਭਯੋ,

ਸਜਾਲਕੋਟ ਕੇ ਮਾਹਿਂ।
ਬੇਟਾ ਖੱਤ੍ਰੀ ਕਾ ਭਲੋ,
ਰਾਇ-ਹਕੀਕਤ ਆਹਿ ॥੬੧॥
ਕਾਜੀ ਢਿਗ ਵਹਿ ਪਢਤ ਥਾ
ਹੁਤੋ ਚੁਸਤ ਬੁਧਿਵਾਨ$।
ਇਕ ਦਿਨ ਕਾਜੀ ਸੋਂ ਭਈ,
ਬਹਿਸ[1] ਦੀਨ ਕੀ ਜਾਨ* ॥੬੨॥

[1]ਚਰਚਾ। *ਅੰਕ ਨੰ. ੬੨ ਦੀ ਪਹਿਲੀ ਤੁਕ ਦਾ ਪਾਠ ਤੇ ਦੂਜੀ ਤੁਕ ਦਾ ਅੰਤਮ ਪਦ 'ਜਾਨ' ਦਿੱਲੀ ਐਡੀਸ਼ਨ 'ਚੋਂ ਲਿਆ ਹੈ।

ਲਾ-ਜੁਵਾਬ ਕਾਜੀ ਕਰਜੋ,
ਜਬਿ ਲੜਕੇ ਨੈ ਨੀਕ।
ਤਬਿ ਤਿਸ ਕਾਜੀ ਦੁਸ਼ਟ ਨੈਂ,
ਮਿਲ ਹਾਕਮ ਸੋਂ ਠੀਕ ॥੬੩॥
ਕਰਨਾ ਚਾਹਜੋ ਤੁਰਕ ਤਿਹਿਂ,
ਲੜਕੇ ਮੰਨਜੋਂ ਨਾਹਿਂ।
ਸਿਰਰ ਤਜਜੋ ਨਹਿਂ[1] ਸਿਰ ਦਯੋ,
ਤਬਿ ਬਾਲਕ ਨੈਂ ਚਾਹਿ ॥੬੪॥

[1]ਹਠ ਨਹੀਂ ਛੱਡਿਆ।

ਸਿੰਘਨ ਮੈਂ ਬੇਅੰਤ ਹੀ,
ਭਏ ਦਏ ਸਿਰ ਜਾਹਿਂ।
ਪੈ ਹਿੰਦੂਓਂ ਨੈਂ ਬਾਦ ਰਖਿ,
ਤਿਸ ਸਮ ਮਾਨੇਂ ਨਾਹਿਂ ॥੬੫॥
ਕਯੋਂਕੇ ਹਿੰਦੂ ਤੁਰਕ ਕੇ,
ਨੈਨਨ ਮੈਂ ਤ੍ਰਿਣ ਆਹਿ[1]।

[1](ਖ਼ਾਲਸਾ) ਕੱਖ (ਵਾਂਗਰੜਕਦਾ) ਹੈ।

ਪੰਥ ਖਾਲਸਾ ਹੈ ਸਹੀ,
ਚਾਹਿਤ ਦੋਨੋਂ ਨਾਹਿਂ ॥੬੬॥
ਔਗੁਨ ਗੁਨ ਗੁਨ ਅਗੁਨ ਹ੍ਵੈ,
ਰਾਗ ਦ੍ਵੈਸ਼ ਕੇ ਭਾਇ[1]।

[1]ਰਾਗ ਦ੍ਵੈਖ ਦੇ (ਭਾਇ) ਹੋਣ ਨਾਲ ਔਗੁਣ ਗੁਣ ਤੇ ਗੁਣ ਔਗੁਣ ਹੋ ਜਾਂਦੇ ਹਨ।

ਦਾਹਕ ਸੀਤਲ ਸਸੀ ਕੌਂ,
ਜਯੋਂ ਬਯੋਗਨੀ ਗਾਇ[1] ॥੬੭॥

[1]ਜਿਵੇਂ ਵਿਛੋੜੇ ਵਾਲੀ ਇਸਤ੍ਰੀ ਠੰਢੇ ਚੰਦ੍ਰਮਾ ਨੂੰ ਸਾੜਨ ਵਾਲਾ ਕਹਿੰਦੀ ਹੈ।

ਕਹਿਤ ਲਾਲ ਜੀ ਗੋਪੀਆਂ,

ਕਾਲੈ ਕ੍ਰਿਸ਼ਨੈਂ ਜੈਸ।
ਕਲੂਆ ਛਲੂਆ ਕਹਿਤ ਥੇ,
ਚੋਬੇ ਗੋਪ ਸੁ ਤੈਸ[1] ॥੬੮॥

[1]ਗਊਆਂ ਨੂੰ (ਚੋਬੇ) ਚਰਾਉਣ ਵਾਲੇ ਗੋਆਲੇ ਤਿਸ ਨੂੰ ਕਾਲਾ ਤੇ ਛਲ ਕਰਨ ਵਾਲਾ ਕਹਿੰਦੇ ਸਨ।

ਜੱਦਜਪਿ ਸਿੰਘਹਿਂ ਹਿੰਦੁ ਕਾ,
ਰੱਖ ਦਿਖਾਯੋ ਧਰਮ।
ਤੌਂ ਭੀ ਸਿੰਘਨ ਤਰਫ ਤੈ,
ਰਹਯੋ ਹਿੰਦੁਨ ਉਰਿ ਬਰਮ[1] ॥੬੯॥

[1]ਹਿੰਦੂਆਂ ਦੇ ਹਿਰਦੇ 'ਚ (ਬਰਮ) ਸੋਜਾ ਹੀ ਰਿਹਾ।

ਰਾਇ ਹਕੀਕਤ ਸਮ ਦਏ,
ਸਿੰਘਨ ਹਜਾਰਨ ਸੀਸ।
ਪੈ ਜਸ ਬਹੁ ਹੈ ਰਾਇ ਕਾ,
ਕਰਯੋ ਹਿੰਦੂਅਨ ਬੀਸ[1] ॥੭੦॥

[1]ਵੀਹ ਗੁਣਾ ਭਾਵ ਬਹੁਤਾ।

ਪੂਰਬ ਦਿਸਾ ਲਹੌਰ ਤੈ,
ਸ਼ਾਹ ਬਿਲਾਵਲ ਪਾਸ[1]।

[1]ਸ਼ਾਹ ਬਿਲਾਵਲ (ਦੀ ਕਬਰ) ਪਾਸ।

ਰਚਿ ਸਮਾਧਿ ਤਿਹ ਹਿੰਦੂਅਨ,
ਮੇਲਾ ਥਾਪਯੋ ਖਾਸ ॥੭੧॥
ਹੈ ਅਫਸੋਸ ਸਿੰਘਾਨ ਪਰ,
ਪਾਇ ਰਾਜ ਤਿਸ ਠਾਂਇ।
ਫਿਰ ਨ ਸ਼ਹੀਦਨ ਸਿੰਘਨ ਕਾ,
ਮੇਲਾ ਥਾਪਯੋ ਕਾਇ[1] ॥੭੨॥

[1]ਕੋਈ ਵੀ।

ਜਿਨ ਜਿਨ ਸਿੰਘਨ ਧਰਮ ਹਿਤ,
ਦੀਨੇ ਅਪਨੇ ਸੀਸ।
ਗਜਾਨ ਸਿੰਘ ਬੰਦਤ ਚਰਨ,
ਤਿਨ ਕੇ ਬਿਸਵੇ[1] ਬੀਸ ॥੭੩॥

[1]ਪੂਰਨ ਨਿਸਚੇ ਨਾਲ।

ਖੱਡਨ ਵਾਰੇ ਸਿੱਖਨ ਕੀ,
ਅਰ ਸਬੇਗ ਸਿੰਘ ਕੇਰ।
ਕਹਿ ਕਰਿ ਗਾਥਾ ਧਜਾਇ ਯਹਿ,
ਇਤੀ ਭਯੋ ਬਿਨ ਦੇਰ ॥੭੪॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਪੰਥ ਕੀ ਬਿਪੱਤੀ, ਸਬੇਗ ਸਿੰਘ, ਸਬਾਜ ਸਿੰਘ, ਹਕੀਕਤਰਾਇ ਕਾ ਪ੍ਰਸੰਗ', ਬਰਨਨੰ ਨਾਮ ਤੇਤੀਸਮੋਂ ਬਿਸ੍ਰਾਮ ॥੩੩॥

੩੪. {ਮਤਾਬ ਸਿੰਘ ਤੇ ਭਾਈ ਤਾਰੂ ਸਿੰਘ ਦੀ ਸ਼ਹੀਦੀ ਅਤੇ ਸੂਬੇ ਖ਼ਾਨ ਬਹਾਦਰ ਦਾ ਮਰਨਾ}

ਕਬਿੱਤੁ:

ਸ੍ਰੀ ਗੁਰੁ ਤੀਸਰ ਸਰੂਪ ਜਗਦੀਸ੍ਵਰ,
ਜੁਗੀਸ੍ਵਰ ਮਨਾਇ ਕੈ ਕਵੀਸ੍ਵਰ ਅਨੰਦ ਕੈ[1]।

[1]ਪ੍ਰਮੇਸ਼ਰ ਦੇ ਸਰੂਪ ਤੇ ਜੋਗੀਆਂ ਦੇ ਈਸ਼ਰ ਤੀਜੇ ਸਤਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੂੰ ਮਨਾ ਕੇ ਕਵੀਸ਼ਰ ਅਨੰਦ ਪ੍ਰਾਪਤ ਕਰਦੇ ਹਨ।

ਹਾਥ ਜੋਰਿ ਮਾਥ ਨਾਇ ਸਾਥ ਹਿਤ ਗਾਥ ਗਾਇ,
ਹੋਇ ਹੌਂ ਸਨਾਥ ਮੈਂ ਅਨਾਥ ਪੰਥ ਬੰਦ ਕੈ[1]।

[1]ਮੈਂ ਹੱਥ ਜੋੜ ਸਿਰ ਨਿਵਾ ਬੜੇ ਪਿਆਰ ਨਾਲ ਪੰਥ ਨੂੰ ਨਮਸ਼ਕਾਰ ਕਰ ਕੇ ਤੇ ਕਥਾ ਕਹਿ ਕੇ (ਸਨਾਥ) ਸਫਲਾ ਹੋਵਾਂਗਾ।

ਸਿਦਕ ਉਦਾਰੂ ਤਾਰੂ ਸਿੰਘ ਜਿਮ ਰਾਖ ਸਾਰੂ,
ਭਯੋ ਭਵ ਪਾਰੂ ਮਾਰੂ ਜਯੋਂ ਨੁਵਾਬੈਂ ਜ਼ੰਦ ਕੈ[1]।

[1]ਤਾਰੂ ਸਿੰਘ ਜਿਵੇਂ (ਉਦਾਰੂ) ਸ੍ਰੇਸ਼ਟ ਤੇ (ਸਾਰੂ) ਪੂਰਾ ਸਿਦਕਰਖ ਕੇ ਸੰਸਾਰ ਤੋਂ ਪਾਰ ਹੋਇਆ ਤੇ ਜਿਵੇਂ ਨਵਾਬ ਨੂੰ (ਜ਼ੰਦ ਕੈ) ਨਪੀੜ ਕੇ ਮਾਰੇਗਾ।

ਏਸ ਧਜਾਇ ਮਾਹਿਂ ਯਾਹਿ[1] ਸੁਨੋਂ ਗੁਰੂ ਸਿੱਖ ਚਾਹਿ[2],

[1]ਇਹ (ਕਥਾ)। [2]ਉਤਸ਼ਾਹ ਨਾਲ।

ਸਿਦਕ ਰਹਾਹਿ ਜਾਂਹਿ, ਜਾਹਿਂ ਭਵ ਫੰਦ ਕੈ[1] ॥ ੧ ॥

[1]ਜਿਸ (ਕਥਾ ਦੇ ਸੁਣਨ ਨਾਲ) ਸਿਦਕ (ਕਾਇਮ) ਰਹੇਗਾ ਸੰਸਾਰ ਦੇ (ਫੰਦ ਕੈ) ਬੰਧਨ (ਟੁੱਟ) ਜਾਣਗੇ।

ਪੂਲਾ ਨਾਮ ਗ੍ਰਾਮ ਏਕ ਮਾਝੇ ਮੈਂ ਪਛਾਨੈਂ ਆਮ[1],
ਤਹਾਂ ਰਚਿ ਧਾਮ ਤਾਰੂ ਸਿੰਘ ਥੋ ਰਹਾਵਤੋ।
ਜਤੀ ਸਤੀ ਹਠੀ ਤਪੀ ਸੂਰਬੀਰ ਧੀਰ ਵਡ,
ਸੰਤਸੰਗੀ ਰੰਗੀ ਮਤਿ[1] ਬਾਨੀ ਗੁਰੁ ਗਾਵਤੋ।
ਤਾਂ ਪਰ ਨਿਰੰਜਨੀਏਂ ਦੁਗਲੀ ਕੇ[1] ਏਕ ਦਿਨ,
ਚੁਗਲੀ ਨੁਵਾਬ ਢਿਗ ਉਗਲੀ ਜਥਾਵਤੋ[1]।
ਪੂਲੇ ਗ੍ਰਾਮ ਮਾਹਿਂ ਏਕ ਤਾਰੂ ਸਿੰਘ ਹੈ ਰਹਾਹਿ,
ਪੰਥ ਪਾਹਿ ਚਾਹਿ[1] ਸੋਊ ਖਰਚ ਪੁਚਾਵਤੋ ॥ ੨ ॥

[1]ਸਾਰੇ।

[1]ਸਤ-ਸੰਗਤ ਦੇਰੰਗ ਵਿੱਚ ਮਤਿਰੰਗ ਹੋਈ ਹੈ।

[1]ਨਿਰੰਜਨੀਏ ਹਰਿ ਭਗਤ ਹਰਾਮੀ ਨੇ।

[1](ਜਥਾਵਤੋ) ਜਿਸ ਤਰ੍ਹਾਂ ਨਵਾਬ ਕੋਲ ਚੁਗਲੀ ਕੀਤੀ।

[1]ਲੋੜੀਂਦਾ।

ਆਪ ਸੈਹੈ ਦੂਖ ਭੂਖ ਨੰਗ ਸੀਤ ਆਤਪ[1] ਸੋ[2],
ਕਰਕੈ ਮਜੂਰੀ ਪੂਰੀ ਪੰਥ ਕੋ ਖੁਲਾਇ ਹੈ।
ਏਕ ਤਾਂ ਕੀ ਮਾਤ ਔਰ ਭਗਨੀ* ਰਹਿਤ ਧਾਮ,
ਪੀਸ ਕਰਿ ਪੀਸਣਾ[1] ਨ ਸੋ ਭੀ ਆਪ ਖਾਇ ਹੈਂ।
ਆਪ ਭੁੰਜੇ ਚਣੇਂ[1] ਖਾਹਿਂ ਕਰਤ ਗੁਜਾਰਾ ਵਾਹਿ,

[1]ਠੰਢ ਤੇ ਗਰਮੀ ਨੂੰ। [2]ਉਹ।

*ਭੈਣ।

[1]ਚੱਕੀ 'ਚ ਅੰਨ ਪੀਹ ਕੇ।

[1]ਭੁੱਜੇ ਛੋਲੇ।

ਸਿੰਘਨ ਕੀ ਸੇਵ ਸਿਰੋਂ ਪਰੇ ਹ੍ਵੈ ਕਮਾਇ ਹੈਂ।
ਔਰ ਜੇਤੇ ਸਿੰਘ ਕਰੈਂ ਨੌਕਰੀ ਔ ਖੇਤੀ ਬਣਜ,
ਜੋਊ ਜਾਂਹਿ ਮਿਲੈ ਸੋਊ ਪੰਥ ਮੈਂ ਪੁਚਾਇ ਹੈਂ ॥ ੩ ॥
ਔਰ ਮੀਰਾਂ ਕੋਟੀਆ ਮਤਾਬ ਸਿੰਘ ਭੰਗੂ ਏਕ,
ਦੇਸ ਮਾਹਿਂ ਲੂਟ ਮਾਰ ਸੋਊ ਬਹੁ ਰਾਖ ਹੈ।
ਬੀਸ ਤੀਸ ਸਿੰਘਨ ਕੋ ਸੰਗ ਨੀਤਿ ਰਖਤ ਸੋ,
ਚੋਰੀ ਧਾੜਾ ਕਰਿ[1] ਭਰ ਬੀਰਰਸ ਚਾਖ ਹੈ[2]।

[1]ਡਾਕਾ ਮਾਰ ਕੇ। [2]ਚੰਗਾ ਬੀਰ-ਰਸ ਚਖਦਾ ਹੈ ਭਾਵ ਜੰਗ ਜੁੱਧ ਕਰਦਾ ਹੈ।

ਹਾਲ-ਚਾਲ ਡਾਲ ਤਿਨ ਰਾਖੀ ਹੈ ਬਿਸਾਲ ਜਗ,
ਆਜ ਕਾਲ ਲੈਂਹਗੇ ਲਹੌਰ ਇਮ ਆਖ ਹੈਂ।
ਸੁਨ ਕੈ ਕਮਾਲੀਏ ਜੰਡਜਾਲੀਏ ਚੰਡਾਲੀਏ ਤੈ[1]

[1]ਬਹੁਤੇ ਚੰਡਾਲ ਜੰਡਿਆਲੇ ਵਾਲੇ ਨਿਰੰਜਨੀਏ ਹਰਿ ਭਗਤ ਤੋਂ ਸੁਣ ਕੇ।

ਭਾਖਿਯੋ ਨੁਵਾਬ ਫਿਰ ਐਸੇ ਮਨ ਮਾਖ ਹੈ[1] ॥ ੪ ॥

[1]ਮਨ 'ਚ ਕ੍ਰੋਧਵਾਨ ਹੋ ਕੇ।

ਤੁਮ ਬਹੁ ਸੈਨ ਲੈ ਮਤਾਬ ਸਿੰਘ ਓਹੁ ਜਾਹੁ,
ਜਹਾਂ ਤੈ ਮਿਲੈਹੈ ਲਜਾਵੋ ਤਹਾਂ ਤੈ ਪਕਰ ਕੈ।
ਹਮ ਤਾਰੂ ਸਿੰਘ ਕੋ ਮੰਗਾਇ ਹੈਂ ਪਕਰਿ ਅਬਿ,
ਮਾਰਹੋਂ ਦੁਹੂੰ ਕੋ ਫਿਰ ਦੁਖ ਦੈ ਜਕਰ ਕੈ[1]।

[1]ਜਕੜ ਕੇ, ਬੰਨ੍ਹ ਕੇ।

ਐਸੇ ਕਹਿ ਅਹਿਦੀਏ[1] ਨੁਵਾਬ ਨੈ ਪਠਾਏ ਤਬਿ,

[1]ਸਿਪਾਹੀ।

ਤਾਰੂ ਸਿੰਘ ਤਾਂਈਂ ਤੁਰਕ ਲਜਾਏ ਸੋ ਤਕਰ ਕੈ[1]।

[1]ਤਕੜੇ ਹੋ ਕੇ।

ਆਇ ਜਬਿ ਨਗਰ ਭੜਾਣੇ ਢਿਗ ਡੇਰਾ ਕੀਓ,
ਸੁਨਿ ਸਿੱਖ ਭਏ ਦੁਖੀ ਸਭਿ ਹੀ ਨਗਰ ਕੈ ॥ ੫ ॥

ਚੌਪਈ:
ਹੁਤੀ ਭੜਾਣੇ ਮੈਂ ਗੁਰੁ-ਸਿੱਖੀ।
ਤਿਨ ਮਿਲਿ ਬਾਤ ਠਟੀ ਯੌਂ ਤਿੱਖੀ।
ਤਾਰੂ ਸਿੰਘ ਕੋ ਲੇਹੁ ਛੁਡਾਈ।
ਪਾਛੇ ਜੋ ਹੋਣੀ ਹ੍ਵੈ ਜਾਈ ॥ ੬ ॥
ਤਬਿ ਤਿਨ ਤਾਰੂ ਸਿੰਘ ਕੇ ਪਾਸੈਂ।
ਆਇ ਗੁਰੁਮਤਾ ਭਾਖਜੋ ਖਾਸੈਂ[1]।

[1]ਆਪਣਾ।

ਤਾਰੂ ਸਿੰਘ ਨੈ ਸੋਊ ਹਟਾਏ।
ਕਹਜੋ ਕਲੇਸ਼ ਤੁਮੈ ਹ੍ਵੈ ਜਾਏ ॥ ੭ ॥

ਜਜੋਂ ਹਮਰੇ ਗੁਰੂਅਨ ਸਿਰ ਲਾਏ।
ਪੰਥ ਹੇਤ ਨਿਜ ਸੁਤ ਮਰਵਾਏ।
ਹਮ ਉਨ ਹੀ ਕੇ ਸਿੱਖ ਕਹਾਵੈਂ।
ਤਾਂ ਅਬਿ ਮਰਨੋ ਕਯੋਂ ਡਰ ਪਾਵੈਂ ॥੮॥
ਥਿਰ ਨਹਿਂ ਰੈਹੈ ਜਗ ਮੈਂ ਕੋਈ।
ਪੀਰ ਅਵਤਾਰ ਵਲੀ ਕਿ ਨ ਹੋਈ।
ਧਰਮ ਹੇਤ ਜੋ ਨਿਜ ਤਨ ਦੈਹੈ।
ਸੋ ਨਿਜ ਜਨਮ ਸਫਲ ਕਰਿ ਲੈਹੈ ॥੯॥
ਯੌਂ ਜਬਿ ਤਾਰੂ ਸਿੰਘ ਬਖਾਨਯੋ।
ਧੰਨ ਧੰਨ ਸਭਿ ਸਿੱਖਨ ਭਾਨਯੋ[1]। [1]ਕਿਹਾ।
ਪੁਨਾ ਅਹਦੀਏ ਲੈ ਕਰਿ ਤਬਿਹੀ।
ਗਏ ਨਵਾਬ ਪਾਸ ਵਹਿ ਜਬਿਹੀ* ॥੧੦॥ *ਅੰਕ ਨੰ. ੧੦ ਦੀ ਚੌਥੀ ਤੁਕ ਦਾ ਪਾਠ ਦਿੱਲੀ ਐਡੀਸ਼ਨ 'ਚੋਂ ਲਿਆ ਹੈ।

ਸਿੰਘ ਜੀ ਫਤੇ ਬੁਲਾਈ ਊਚੇ।
ਸੁਨ ਕੈ ਜਰੈਂ ਤੁਰਕ ਤਬਿ ਮੂਚੇ[1]। [1]ਬਹੁਤੇ।
ਉਨ ਤਾਰੂ ਸਿੰਘ ਕੈਦ ਕਰਾਯੋ।
ਦੂਖ ਤੁਰਕਿ ਦੀਨੋ ਮਨ ਭਾਯੋ ॥੧੧॥
ਸੋ ਸਿੰਘ ਜੀ ਸਭਿ ਸੀਸ ਸਹਾਰਯੋ।
ਹਾਇ ਨ ਤੋਬਾ ਮੁਖੋਂ ਉਚਾਰਯੋ।
ਖਾਨ ਪਾਨ ਤਜਿ ਗਹਿ ਸੰਤੋਖੈਂ[1]। [1]ਸੰਤੋਖ ਗ੍ਰਹਿਣ ਕਰਕੇ।
ਬੈਠਾ ਤਾਰੂ ਸਿੰਘ ਅਤੋਖੈਂ[1] ॥੧੨॥ [1]ਨਿਰਦੋਸ਼।
ਮੁਖੋਂ ਅਕਾਲ ਅਕਾਲ ਉਚਾਰੇ।
ਮਸਤਕ ਲਾਲੀ ਚਢੀ ਅਪਾਰੇ।
ਪੁਨਾ ਮਤਾਬ ਸਿੰਘ ਕੀ ਸਾਖੀ।
ਸੁਨੋ ਵੀਚ ਜੋ ਪੀਛੈ ਰਾਖੀ ॥੧੩॥
ਜਬੈ ਨਿਰੰਜਨੀਆ ਹਰਿ-ਭਗਤੂ।
ਲੈ ਕਰਿ ਸੈਨਾ ਗਯੋ ਕੁ-ਬਖਤੂ[1]। [1]ਭਾਗਹੀਣ।
ਤਿਨ ਅਪਨਾ ਸਭਿ ਹੀ ਬਲ ਲਾਯੋ।
ਕਹੂੰ ਮਤਾਬ ਸਿੰਘ ਨਹਿਂ ਪਾਯੋ ॥੧੪॥
ਹੁਤੋ ਮਤਾਬ ਸਿੰਘ ਕਿਤ ਦੂਰੈਂ।

ਤਿਨ ਸੁਨਿ ਨਿਜ ਮਨਿ ਗੁਨੀ ਜਰੂਰੈਂ[1]।
ਤਾਰੂ ਸਿੰਘ ਫੜਯੋ ਗਯੋ ਜੋਊ।
ਥਾ ਸੁਨਹਿਰੀਆ[1] ਹਮਰਾ ਸੋਊ ॥੧੫॥
ਧਰਮ ਹੇਤ ਵਹਿ ਨਿਜ ਸਿਰ ਦੈਹੈ।
ਹਲਤ ਪਲਤ ਜਸ ਸੁਖ ਵਡ ਲੈਹੈ।
ਸੋ ਗੁਰੁ ਕਾ ਭਾਣਾ ਸਿਰ ਮੰਨੂ।
ਭਾਂਡਾ ਸਿਰਿ ਤੁਰਕਨ ਤੇ ਭੰਨੂ ॥੧੬॥
ਮਨੀ ਸਿੰਘ ਜਯੋਂ ਅੰਗ ਕਟਾਏ।
ਦੁਖ ਸਬੇਗ ਸਿੰਘ ਬਹੁ ਪਾਏ।
ਜਿਨ ਜਿਨ ਧਰਮ ਹੇਤ ਸਿਰ ਦੀਏ।
ਜੋਗ ਧੰਨਯਤਾ ਸੋਈ ਥੀਏ ॥੧੭॥
ਮੈਂ ਅਭਾਗ ਅਸ ਕਰੀ ਕਮਾਈ।
ਲੁਕ ਕਰਿ ਫਿਰਹੋਂ ਜਾਨ ਬਚਾਈ।
ਕਬਿ ਲੌਂ ਹਮ ਇਮ ਜਾਨ ਬਚੈ ਹੈਂ।
ਇਕ ਦਿਨ ਆਇ ਕਾਲ ਸਿਰਿ ਗੈਹੈ[1] ॥੧੮॥
ਹੈ ਜਗਿ-ਜੀਵਨ ਸੁਪਨ ਸਮਾਨੈਂ।
ਹਮ ਸੇਂ ਅਧਮ ਨਹੀਂ ਜਗਿ ਜਾਨੈਂ[1]।
ਜੇ ਕਰਿ ਯੌਂ ਹੀ ਦੇਹ ਛੁਟੈਹੈ।
ਜਨਮ ਬਿਅਰਥ ਏਹੁ ਮਮ ਜੈਹੈ ॥੧੯॥
ਤਾਂ ਤੇ ਅਬਿ ਤਾਰੂ ਸਿੰਘ ਸੰਗੈਂ।
ਚਲ ਕਰਿ ਕਰੀਏ ਸੰਗ ਨਿਸੰਗੈਂ।
ਨਿਜ ਸਿਰ ਲਾਇ ਧਰਮ ਹਿਤ ਦੱਈਏ।
ਅਪਨੋਂ ਜਨਮ ਸਫਲ ਕਰਿ ਲੱਈਏ ॥੨੦॥
ਯੌਂ ਦਿਢ ਧਰਿ ਉਰਿ ਸਿੰਘ ਮਤਾਬੈਂ।
ਖੁਦ ਹੀ ਅਯੋ ਲਹੌਰ ਸ਼ਿਤਾਬੈਂ।
ਚੁਗਲ ਨਿਰੰਜਨੀਏਂ ਪਿਖਿ ਤਾਹੈਂ।
ਫੜਿ ਨੁਵਾਬ ਢਿਗ ਦਯੋ ਪੁਚਾਹੈ ॥੨੧॥
ਸਿੰਘ ਨੁਵਾਬ ਕੇ ਸਨਮੁਖ ਜਾਏ।
ਫਤੇ ਬੁਲਾਈ ਉਚ ਸੁਨਾਏ।
ਸੁਨਿ ਜਰ ਬਰਯੋ ਤਾਹਿਂ ਉਚਾਰੋ।

[1]ਚੰਗੀ ਤਰ੍ਹਾਂ ਵਿਚਾਰ ਕੀਤੀ।

[1]ਮੇਰੇ ਨਾਲ ਇਕ ਬਾਟੇ 'ਚ ਅੰਮ੍ਰਿਤ ਛਕਿਆ ਹੈ।

[1]ਸਿਰੋਂ ਪਕੜ ਲਵੇਗਾ।

[1]ਜਗਤ ਵਿੱਚ ਸਾਡੇ ਵਰਗੇ (ਅਧਮ) ਨੀਚ ਨਹੀਂ ਜਾਣਦੇ।

ਚਾਢਿ ਚਰਖੜੀ ਇਸ ਕੋ ਮਾਰੋ ॥੨੨॥
ਤਬਹਿ ਜਲਾਦਨ ਵਹੀ ਕਮਾਯੋ[1]। — [1]ਕੀਤਾ।
ਸਿੰਘ ਚਰਕ[1] ਢਿਗ ਜਾਇ ਖੜ੍ਹਾਯੋ। — [1]ਚਰਖੜੀ।
ਤਾਰੂ ਸਿੰਘ ਕੇ ਦਰਸ਼ਨ ਪਾਏ।
ਚਢ੍ਯੋ ਚਰਖ ਪਰ ਖੁਦ ਸਿੰਘ ਧਾਏ ॥੨੩॥
ਹੋਇ ਮੋਦ ਜਿੰਦ ਗਯੋ ਗਵਾਇ।
ਨਿਜ ਸਿਰ ਤੁਰਕਨ ਕੇ ਸਿਰ ਲਾਇ*। — *ਅੰਕ ਨੰ. ੨੪ ਦੀ ਦੂਜੀ ਤੁਕ ਦਿੱਲੀ ਐਡੀਸ਼ਨ 'ਚੋਂ ਲਈ ਹੈ।
ਯਹਿ ਸੁਨਿ ਤਾਰੂ ਸਿੰਘ ਸੁਖ ਪਾਯੋ।
ਧੰਨ ਜਨਮ ਸਿੰਘ ਭਾਖ ਸੁਨਾਯੋ ॥੨੪॥
ਹੁਤੋ ਹਮਾਰਾ ਪਜਾਰਾ ਏਹੀ।
ਆਗੇ ਕਾ ਅਬਿ ਬਨ੍ਯੋ ਸਨੇਹੀ ॥੨੫॥
ਦੋਹਰਾ:
ਜਬਿ ਮਤਾਬ ਸਿੰਘ ਧਰਮ ਹਿਤ,
ਦਯੋ ਸੀਸ ਯੌਂ ਆਨਿ।
ਤਾਰੂ ਸਿੰਘ ਪੁਨ ਸੱਦਯੋ,
ਵੀਚ ਕਚਹਿਰੀ ਖਾਨਿ ॥੨੬॥
ਚੌਪਈ:
ਆਇ ਸਿੰਘ ਤਬਿ ਫਤੇ ਗਜਾਈ।
ਸੁਨਿ ਨੁਵਾਬ ਮਨਿ ਜਰ੍ਯੋ ਮਹਾਂਈ।
ਮਨੋ ਜ਼ਖਮ ਪਰ ਜ਼ਖਮ ਲਗਾਯੋ।
ਫਿਰ ਤਾਰੂ ਸਿੰਘ ਨੈ ਯੌਂ ਗਾਯੋ ॥੨੭॥
ਸੁਨੋ ਖਾਨ ਜੀ ਬਚਨ ਹਮਾਰਾ।
ਹਮ ਨਹਿੰ ਤੁਮਰਾ ਕਿਛੁ ਬਿਗਾਰਾ।
ਯਾਰੀ ਚੋਰੀ ਠੱਗੀ ਕਾਈ।
ਜੋ ਹਮ ਕਰੀ ਸੁ ਦੇਹ ਬਤਾਈ ॥੨੮॥
ਹਮ ਤੋ ਖੇਤੀ ਕਰਿ ਨਿਤ ਖੈਹੈਂ।
ਤੁਮ ਢਿਗ ਤੁਮਰਾ ਕਰਾ[1] ਪੁਚੈ ਹੈਂ। — [1]ਮਾਮਲਾ।
ਚਾਬਿ ਚਬੀਣੀ[1] ਜੋ ਕਿਛ ਸਰ ਹੈ। — [1]ਚੱਬੀਣੀ (ਭੁੱਜੇ ਛੋਲੇ ਆਦਿ) ਚਬ ਕੇ।
ਸੋ ਹਮ ਨਿਜ ਪੰਥਾਗੈ ਧਰਿ ਹੈਂ ॥੨੯॥
ਕਹੁ ਤੁਮਰੇ ਪੱਲਯੋਂ ਕਜਾ ਜਾਏ।

ਜਿਸ ਪਰ ਤੂੰ ਮੁਹਿ ਦੇਤ ਸਜਾਏ।
ਕੌਨ ਕਨੂੰਨ ਮਾਹਿਂ ਯਹਿ ਬਾਤੈਂ।
ਲਿਖੀ, ਕਰਤ ਜੋ ਤੂੰ ਉਤਪਾਤੈਂ[1] ॥੩੦॥ — [1]ਉਪੱਦ੍ਰਵ।
ਹਾਕਮ ਹੋਇ ਜੁ ਕਰੈ ਅਨੀਤੈਂ[1]। — [1]ਬੇਇਨਸਾਫ਼ੀ।
ਦੋਜ਼ਕ ਮਾਹਿਂ ਜਰੈ ਸੋ ਨੀਤੈਂ[1]। — [1]ਨਿੱਤ, ਹਮੇਸ਼ਾਂ।
ਯਹ ਸੁਨਿ ਜਰ ਬਰ ਫੇਰ ਨੁਵਾਬੈਂ।
ਦਯੋ ਸਿੰਘ ਕੋ ਬਹੁਤ ਅਜ਼ਾਬੈਂ[1] ॥੬੧॥ — [1]ਦੁੱਖ।
ਕਹੈ ਹੋਹੁ ਤੂੰ ਮੁੱਸਲਮਾਨੈਂ।
ਤਬਿ ਛੁਟੈਗੀ ਤੇਰੀ ਜਾਨੈਂ।
ਸਿੰਘ ਕਹਯੋ ਮੈਂ ਤੁਰਕ ਨ ਥੈਹੌਂ।
ਤਜਿ ਨਿਜ ਧਰਮ ਨ ਜਾਂਨ ਬਚੈਹੌਂ ॥੩੨॥
ਸਿੱਖੀ ਕੇਸ ਸਿਦਕ ਸਿਰ ਸੰਗੈਂ[1]। — [1]ਸਿਖੀ ਦਾ ਸਿਦਕ ਸਿਰ ਤੇ ਕੇਸਾਂ ਨਾਲ।
ਮੈਂ ਨਿਜ ਚੈਹੁਂ ਨਿਭੈਹੋਂ ਚੰਗੈਂ।
ਫਿਰ ਨੁਵਾਬ ਨੈ ਲੋਭ ਦਿਖਾਯੋ।
ਕਹਯੋ ਜਗੀਰ ਲੇਹੁ ਮਨ ਭਾਯੋ ॥੩੩॥
ਬੇਟੀ ਮੁਗਲ ਪਠਾਨਨ ਕੇਰੀ।
ਲੇਹੁ ਤੁਰਕ ਬਨਿ ਅਬਿ ਬਿਨ ਦੇਰੀ।
ਯਹਿ ਸੁਨਿ ਫਿਰ ਤਾਰੂ ਸਿੰਘ ਬੋਲਯੋ।
ਮਾਨਹੁ ਤਾਕ[1] ਸਿਦਕ ਕਾ ਖੋਲਯੋ ॥੩੪॥ — [1]ਤਖਤਾ, ਬੂਹਾ।
ਤੁਰਕ ਹੋਇ ਕਜਾ ਮਰੌਂ ਨ ਫੇਰ।
ਯਾਂ ਤੇ ਤੁਰਕ ਨ ਹੋਵਹੁਂ ਹੇਰ।
ਸ੍ਵਾਰਥ[1] ਪਰਮਾਰਥ[2] ਬਿਵਹਾਰਾ[3]। — [1]ਆਪਣਾ ਮਤਲਬ। [2]ਪ੍ਰਮੇਸ਼ਰ ਦੀ ਪ੍ਰਾਪਤੀ। [3]ਕੰਮ-ਕਾਰ।
ਹਿੰਦੁ ਤੁਰਕ ਕਾ ਸਮ ਹੈ ਸਾਰਾ ॥੩੫॥
ਸੀਤ ਵਾਤ ਆਤਪ[1] ਦੁਖ ਸੁਖ ਜੋ। — [1]ਠੰਢ, ਹਵਾ ਤੇ ਧੁੱਪ।
ਲਾਭ ਹਾਨਿ ਮਰਨਾ ਤਿਸ[1] ਭੁਖ ਜੋ। — [1]ਤੇਹ।
ਇਹੁ ਸਭਿ ਸਮ ਸਭਿ ਹੀ ਕੋ ਬਜਾਪਤ[1]। — [1]ਇੱਕੋ ਜਿਹੇ ਲਗਦੇ ਹਨ।
ਹਿੰਦੁ ਤੁਰਕ ਮੈਂ ਨਾਹਿਂ ਤਫਾਵਤ[1] ॥੩੬॥ — [1]ਫ਼ਰਕ ਨਹੀਂ।
ਅਰ ਸ੍ਵਾਰਥ ਨਹਿਂ ਕਾਹੂੰ ਪੂਰੇ।
ਹੋਤ ਸਭੈ ਆਖਰ ਰਹਿਂ ਊਰੇ[1]। — [1]ਅਧੂਰੇ, ਖ਼ਾਲੀ।
ਪਰਮਾਰਥ ਮੈਂ ਭੇਦ ਨ ਜਰੈਂ।

ਜੈਸੋ ਕਰੈਂ ਤੈਸ ਸਭਿ ਭਰੈਂ ॥੩੭॥
ਏਕ ਕਿਸੀ ਕਾ ਸ਼ਾਹਿ ਬਨੈ ਹੈ।
ਜਥਾ ਕਰਮ ਫਲ ਤਥਾ ਭੁਗੈ ਹੈ।
ਜਯੋਂ ਪਰਕਾਸ਼ਤ ਹੈ ਰਵਿ ਬਿਸ੍ਵ ਕੋ[1]। — [1]ਜਿਵੇਂ ਸੂਰਜ (ਬਿਸ੍ਵ) ਸੰਸਾਰ ਨੂੰ ਚਾਨਣ ਕਰਦਾ ਹੈ।
ਜਥਾ ਨਿਗ੍ਰਾ ਹ੍ਵੈ ਪਿਖ ਹੈ ਤਿਸ ਕੋ ॥੩੮॥
ਤਯੋਂ ਜੈਸੇ ਕ੍ਰਮ ਜੀਵ ਕਰੈ ਹੈਂ।
ਦੋਜ਼ਕ ਭਿਸਤ ਖੁਦਾ ਤਿਹ ਦੈਹੈ।
ਦੁਸ਼ਮਨ ਦੋਸਤ ਨਾਹਿੰ ਕਾਹਿ ਕੋ।
ਫਿਰ ਹਮ ਥੈਹੈਂ ਤੁਰਕ ਕਾਹਿ ਕੋ ॥੩੯॥
ਬਲਿਕੈ ਹੁਕਮ ਅਦੂਲੀ[1] ਜੋਊ। — [1]ਹੁਕਮ ਦੀ ਉਲੰਘਣਾ।
ਕਰਿ ਹੈ ਪਰ ਹੈ ਦੋਜ਼ਕ ਸੋਊ।
ਲਿੰਗ ਕੇਸ ਦਾੜੀ ਮੁੱਛ ਯਾ ਹੈਂ[1]। — [1]ਇਸ (ਇਨਸਾਨ ਦੇ) ਹਨ।
ਜੈਸੇ ਪੈਦਾ ਕਰੇ ਖੁਦਾ ਹੈਂ ॥੪੦॥
ਭਾਰੀ ਹੁਕਮ ਅਦੂਲੀ ਏਹੀ।
ਜੋ ਕਟਵੈਹੈ ਸਜ਼ਾ ਲਹੇਹੀ।
ਕਿਰਤ[1] ਬਿਗਾੜਨ ਸਮ ਨ ਗੁਨਾਹੈਂ। — [1]ਖ਼ੁਦਾ ਦੇ ਕੀਤੇ ਨੂੰ।
ਤੁਮ ਬਿਗਾੜਹੋ ਦੋਜ਼ਕ ਪਾਹੈ[1] ॥੪੧॥ — [1]ਖ਼ੁਦਾ ਤੁਹਾਨੂੰ ਦੋਜ਼ਕ ਵਿੱਚ ਪਾਵੇਗਾ।
ਗੈਰ ਸ਼ਰਾ[1] ਕੋ ਸ਼ਰਾ ਬਤੈਹੋ। — [1]ਜੋ ਸ਼ਰ੍ਹਾ (ਧਰਮ ਦੀ ਮਰਯਾਦਾ) ਨਹੀਂ।
ਡੂਬੇ ਆਪ ਡੁਬਾਵਨ ਚੈਹੋ।
ਗੁਰੂਅਨ ਹਿੰਦੁ ਤੁਰਕ ਤੇ ਨਜਾਰਾ।
ਪੰਥ ਖਾਲਸਾ ਰਚਯੋ ਉਦਾਰਾ ॥੪੨॥
ਹਮ ਦਿਢ ਸ਼ਰ੍ਹਾ ਪ੍ਰਭੂ ਕੀ ਰਾਖੈਂ।
ਨਹਿੰ ਦੋਜ਼ਖ ਪੈਹੈਂ ਨਹਿੰ ਨਾਖੈਂ[1]। — [1](ਅਸੀਂ ਪ੍ਰਭੂ ਦੀ ਸ਼ਰ੍ਹਾ) (ਨਹਿੰ ਨਾਖੈਂ) ਤਿਆਗਦੇ ਨਹੀਂ।
ਕਯੋਂ ਹਮ ਦੁਇ ਨੁਕਸਾਨ ਉਠੀ ਹੈਂ।
ਆਗੇ ਦੋਜ਼ਕ ਨਿੰਦਾ ਈਹੈਂ ॥੪੩॥
ਤੁਰਕ ਹੋਨ ਮੈਂ ਹੈ ਬਡ ਹਾਨੀ।
ਨਹਿੰ ਹਮ ਕਰਿ ਹੈਂ ਬੇਈਮਾਨੀ।
ਨਿਰ ਪਰਯੋਜਨ ਪਸੁ ਨ ਪ੍ਰਵਿਰਤੈਂ[1]। — [1]ਬਿਨਾਂ ਮਤਲਬ ਤੋਂ ਪਸ਼ੂ ਵੀ ਕਿਸੇ ਕੰਮ ਵਿੱਚ ਪ੍ਰਵਿਰਤ ਨਹੀਂ ਹੁੰਦੇ।
ਕਯੋਂ ਹਮ ਗੈਹੈਂ ਦੁਖਦਾ ਕਿਰਤੈਂ[1] ॥੪੪॥ — [1]ਦੁਖਦਾਈ ਕੰਮ।

ਈਸ਼੍ਵਰ ਕੀ ਕ੍ਰਿਤ ਜੀਵ ਜੁ ਕਟ ਹੈਂ।
ਭਲਾ ਬੁਰਾ ਵਹਿ ਦੋਜ਼ਕ ਡਟ ਹੈਂ[1]।

[1]ਭਾਵੇਂ ਉਹ ਚੰਗਾ ਹੈ ਤੇ ਭਾਵੇਂ ਬੁਰਾ ਹੈ ਜ਼ਰੂਰ ਨਰਕਾਂ ਵਿੱਚ ਪੈਂਦੇ ਹਨ।

ਯਾਂ ਤੈ ਹਮ ਨ ਖਰੀਦੈਂ ਨਰਕੈਂ।
ਜਾਨ ਬੂਝ ਕਜੋਂ ਕੂਏ ਗਰਕੈਂ[1] ॥੪੫॥

[1]ਖੂਹ 'ਚ ਗ਼ਰਕ ਹੋਈਏ।

ਮਰਣਾ ਤੋ ਇਕ ਦਿਨ ਹੈ ਸਾਚੈਂ।
ਫਿਰ ਤੁਵ ਕਹੇ ਨਰਕ ਕਜੋਂ ਬਾਂਛੈਂ।
ਸਿੱਖੀ ਕੇਸ ਸਿਦਕ ਨਿਰਬਾਹੈਂ।
ਧਰਮ ਛੋਡਿ ਨਹਿਂ ਜੀਵਨ ਚਾਹੈਂ ॥੪੬॥
ਕਰੋਂ ਨ ਕਿੰਚਤ ਜਾਨ ਪਯਾਰੀ।
ਚਹੀਏ ਤੌਂ ਲਿਹੁ ਅਬੀ ਨਿਕਾਰੀ।
ਯਹਿ ਸੁਨਿ ਫਿਰ ਹ੍ਵੈ ਕੋਪ ਨੁਵਾਬੈਂ।
ਬੋਲਜੋ ਐਸ ਅਵਾਚ[1] ਖਰਾਬੈਂ ॥੪੭॥

[1]ਖੋਟਾ ਬਚਨ।

ਮੈਂ ਅਬਿ ਮਾਰਿ ਜੁਤੀਅਨ ਸਾਥੈਂ।
ਬਾਲ ਉਖੇਰਿ, ਦੈਂਹੁ ਤੁਵ ਹਾਥੈਂ।
ਸਿੱਖੀ ਖੋਵੋਂ ਸਿਰ ਮੁੰਡਵੈਹੋਂ।
ਇਸ਼ਕ ਫਿਸਕ ਅਬਿ ਤੁਮਰਾ ਕੈਹੋਂ[1] ॥੪੮॥

[1]ਤੁਹਾਡਾ ਸਿੱਖੀ ਪਿਆਰ ਢਿੱਲਾ ਕਰ ਦਿਆਂਗਾ।

ਬੁਰਾ ਹਾਲ ਕਰਿ ਮਾਰੋਂ ਤੋਹੀ।
ਨਹੀਂ ਤ ਕਹਜਾ ਮਾਨ ਅਬਿ ਮੋਹੀ ॥੪੯॥

ਦੋਹਰਾ:

ਫਿਰ ਸਿੰਘ ਜੀ ਯੌਂ ਭਾਖਯੋ,
ਕੇਸ ਰਹੈਂ ਸਿਰਿ ਸੰਗ।
ਮਾਰਿ ਜੁਤੀਓਂ ਸੋਂ ਤੁਝੈ,
ਮੈਂ ਲੈ ਜੈਂਹੁ ਨਿਸੰਗ ॥੫੦॥

ਸ੍ਵੈਯਾ:

ਯੌਂ ਸੁਨਿ ਫੇਰ ਨੁਵਾਬ ਖਰਾਬ,
ਸੁ ਕੋਪ ਸਿਤਾਬਹਿਂ ਨਾਈ ਬੁਲਾਏ।
ਮੂੰਡਹੁ ਮੂੰਡ[1] ਅਬੀ ਇਸ ਕੇ,
ਕਹਿ ਯੌਂ ਸਿੰਘ ਕੇ ਪਗ ਹਾਥ ਬੰਧਾਏ।
ਨਾਈ ਰਹੇ ਸਭਿ ਜੋਰ ਲਗਾਇ ਕੈ,

[1]ਸਿਰ ਮੁੰਨ ਦਿਉ।

ਸਿੰਘ ਕਾ ਮੂੰਡ ਨ ਮੂੰਡ ਸਕਾਏ।
ਕੇਸ ਕਟਜੋ ਨਹਿਂ ਏਕ ਗਯੋ ਤਿਨ,
ਉਸਤ੍ਰੇ ਕੈਂਚੀਆਂ ਭੂਰ[1] ਮੰਗਾਏ ॥੫੧॥
[1]ਬਹੁਤੇ।
ਪੋਚੀ[1] ਨੁਵਾਬਹਿਂ ਸੋਚੀ ਪੁਨਾ,
[1]ਨੀਚ।
ਝਟ ਮੋਚੀ ਅਸੋਚੀ[1] ਲਏ ਬੁਲਵਾਏ।
[1]ਸੋਚਣ ਤੋਂ ਬਿਨਾਂ (ਅ) ਅਪਵਿੱਤ੍ਰ।
ਖਾਨ ਕਹਜੋ ਇਸ ਸਿੰਘ ਕੇ ਸੀਸ ਤੈ,
ਕੇਸਨ ਸੋਂ ਦਿਹੁ ਚਾਮ ਉਡਾਏ।
ਖਾਲ ਲਹੈ, ਨਹਿਂ ਕੇਸ ਕਟੈਂ,
ਵਹਿ ਹਾਰ ਰਹੇ ਅਪਨੋਂ ਬਲ ਲਾਏ।
ਫੇਰ ਨੁਵਾਬ ਖਰਾਬ ਅਜਾਬ ਦੈ,
ਖੋਪਰੀ ਸਿੰਘ ਕੀ ਦੀਨ ਉਤ੍ਰਾਏ ॥੫੨॥
ਪੂਰਨ ਵਾਕ ਭਯੋ ਸਿੰਘ ਕਾ ਤਬਿ,
ਕੇਸ ਗਏ ਸਿਰ ਆਧ ਕੇ ਸੰਗੈਂ।
ਤਾਂ ਮਧ ਭੋਹ[1] ਭਰਾਇ ਨੁਵਾਬ,
[1]ਤੂੜੀ।
ਧਰਾਇ ਦਯੋ ਮਧ ਚੌਕ ਨਿਸੰਗੈਂ।
ਹੈਹਿਰ[1] ਸ਼ੈਹਿਰ ਮਾਹਿਂ ਪਰਜੋ,
[1]ਕਾਂਬਾ, ਸਹਿਮ।
ਕਹਿਂ ਕੈਹਰ[1] ਕੀਨ ਨੁਵਾਬ ਕੁਢੰਗੈਂ।
[1]ਜ਼ੁਲਮ।
ਮੱਜਤ ਸਿੰਘ ਸ੍ਰੋਣਤ ਸੋਂ[1],
[1]ਸਿੰਘ ਲਹੂ ਨਾਲ ਇਸ਼ਨਾਨ ਕਰਦਾ ਹੈ।
ਸ਼ਿਵ ਕੇ ਸਿਰ ਤੇ ਗਿਰ ਹੈ ਜਿਮ ਗੰਗੈਂ ॥੫੩॥
ਆਧ ਕਟਜੋ ਸਿੰਘ ਕਾ ਸਿਰ ਥਾ,
ਪਰ ਨੱਕ ਚਢਾਇ ਨ ਹਾਇ ਉਚਾਰੀ।
ਖਾਨ ਰਹਜੋ ਪਿਖ ਕੈ ਬਿਸਮੈਂ,
ਪੁਨ ਸਿੱਖ ਲਹੌਰੀਏ ਲੀਨ ਹਕਾਰੀ[1]।
[1]ਸੱਦ ਲਏ।
ਸੌਂਪ ਦਯੋ ਉਨ ਕੋ, ਤਿਨ ਚਾਇ[1],
[1]ਚੁੱਕ ਕੇ।
ਲਿਜਾਇ ਰਖਜੋ ਗੁਰੁਦ੍ਵਾਰ ਮਝਾਰੀ।
ਸਿੰਘ ਕੀ ਸੇਵ ਲਗੇ ਕਰਨੇਂ ਸਭਿ,
ਦੈਂਹ ਨੁਵਾਬ ਤਈਂ ਬਹੁ ਗਾਰੀ ॥੫੪॥

ਚੌਪਈ:

ਖਾਨ ਪਾਨ ਤਾਰੂ ਸਿੰਘ ਤਜਾਗਜੋ।
ਬੈਠਜੋ ਸਿਦਕ ਧਰਮ ਮੈਂ ਪਾਗਜੋ[1]।
[1]ਲੀਨ ਹੋ ਕੇ।

ਸੀਸ ਰਕਤ ਸੋਂ ਅੰਗ ਪਖਾਰੇ[1]। — [1]ਸਿਰ ਦੇ ਲਹੁ ਨਾਲ ਅੰਗ ਧੋਤੇ।
ਪਾਵਨ ਗੰਗ ਸਮਾਨ ਵਿਚਾਰੇ[1] ॥ ੫੫ ॥ — [1]ਲਹੂ ਨੂੰ ਗੰਗਾ ਦੇ ਪਾਣੀ ਵਾਂਗ ਪਵਿੱਤ੍ਰ ਵਿਚਾਰ ਕੇ।
ਜਯੋਂ ਮਨਸੂਰ ਹਾਥ ਕਟਵਾਏ।
ਉਸੀ ਰਕਤ ਸੋਂ ਵੁਜ਼ੂ ਕਰਾਏ[1]। — [1]ਪੰਜ ਇਸ਼ਨਾਨਾ ਕੀਤਾ ਭਾਵ ਹੱਥ ਮੂੰਹ ਧੋਤਾ।
ਪੜ੍ਹੀ ਨਿਵਾਜ ਤੁ ਪੜੀ ਕਬੂਲੈਂ[1]। — [1]ਪਵਾਣ ਪਈ।
ਕਾਜੀ ਮੁੱਲਾਂ ਭਏ ਰਜੂਲੈਂ[1] ॥ ੫੬ ॥ — [1]ਬੀਮਾਰ ਦੁਖੀ, ਸ਼ੋਕਾਤਰ।
ਤਯੋਂ ਨੁਵਾਬ ਕਾ ਬੰਦ ਪਿਸ਼ਾਬੈਂ।
ਭਯੋ ਤਬੈ ਵਡ ਲਹਯੋ ਅਜ਼ਾਬੈਂ।
ਤੜਫਤ ਮੀਨ ਖਲੀ ਕੇ ਵਾਂਙੈਂ।
ਰੋਵਤ ਪੀਟਤ ਮਾਰਤ ਚਾਂਙੈਂ ॥ ੫੭ ॥
ਪੇਟ ਅਫਾਰਾ ਚਢਯੋ ਬਿਸਾਲੈਂ।
ਭਯੋ ਖੇਦ ਕਿਯ ਅਧਿਕ ਬਿਹਾਲੈਂ[1]। — [1]ਵਿਆਕੁਲ।
ਜਯੋਂ ਤਯੋਂ ਨੁਸਖੇ ਦਏ ਹਕੀਮੈਂ।
ਤਯੋਂ ਤਯੋਂ ਬਢਯੋ ਰੋਗ ਅਤਿ ਭੀਮੈਂ[1] ॥ ੫੮ ॥ — [1]ਭਿਆਨਕ।
ਕਾਜੀ ਮੁੱਲਾਂ ਪੀਰ ਅਪਾਰੇ।
ਜੰਤਰ ਮੰਤਰ ਕਰਿ ਸਭਿ ਹਾਰੇ।
ਸਿਰ ਪਰ ਚੱਕਰ ਨੀਲੇ ਬਾਨੇਂ।
ਹੱਥੀਂ ਸੋਟੇ ਗਹੇ ਮਹਾਨੇ ॥ ੫੯ ॥
ਗੁਪਤ ਸ਼ਹੀਦ ਸਿੰਘ ਤਹਿਂ ਮਾਰੈਂ।
ਹਾਹਾਕਾਰ ਨੁਵਾਬ ਉਚਾਰੈ।
ਔਰ ਕਿਸੀ ਕੋ ਨਜ਼ਰ ਨ ਆਵੈਂ।
ਏਕ ਨੁਵਾਬ ਤਈਂ ਦਰਸਾਵੈਂ ॥ ੬੦ ॥
ਪੀਰ ਪਿਕੰਬਰ ਬਹੁਤ ਮਨਾਏ।
ਕਿਨੈ ਨ ਕੀਨੀ ਜਰਾ ਸਹਾਏ।
ਫਿਰ ਨੁਵਾਬ ਨਿਸਚੈ ਯਹਿ ਕੀਨਾ।
ਭਯੋ ਸ੍ਰਾਪ ਸਿੰਘ ਕਾ ਮੁਹਿ ਪੀਨਾ[1] ॥ ੬੧ ॥ — [1]ਤਕੜਾ।
ਯਾਂ ਤੈ ਮੈਂ ਅਬਿ ਤਿਸ ਕੀ ਸਾਮੈਂ[1]। — [1]ਸ਼ਰਣ।
ਜਾਇ ਪਰੋਂ ਤਬਿ ਹੋਇ ਅਰਾਮੈਂ।
ਜਯੋਂ ਕਿਰਖੀ[1] ਕੋ ਪਾਨੀ ਮਾਰੈ। — [1]ਖੇਤੀ।
ਸੋਈ ਹਰੀ ਕਰਤ ਫਿਰ ਪਾਰੈ[1] ॥ ੬੨ ॥ — [1]ਪਾਲਦਾ ਹੈ।

ਹੀਰੇ ਕੋ ਹੀਰਾ ਜਯੋਂ ਬੇਧੈ[1]।
ਸਿੰਘ ਕਾ ਸ੍ਰਾਪ ਸਿੰਘ ਤਯੋਂ ਛੇਦੈ[1]।
ਸਿੰਘ ਕੈਦ ਮੈਂ ਥੇ ਤਹਿਂ ਜੇਤੇ।
ਛੋਡੇ ਸਿਰੇਪਾਉ ਦੈ ਤੇਤੇ ॥ ੬੩ ॥
ਸਿੰਘ ਸਬੇਗ ਲੌ ਨਿਕਟ ਬੁਲਾਏ।
ਤਿਨ ਪ੍ਰਤਿ ਕਹਯੋ ਨੁਵਾਬ ਸੁਨਾਏ।
ਤਾਰੂ ਸਿੰਘ ਪਾਸ ਤੁਮ ਜਾਵੋ।
ਮੇਰੀ ਤਰਫੋਂ ਬਿਨਯ ਸੁਨਾਵੋ ॥ ੬੪ ॥
ਮੇਰਾ ਯਹਿ ਗੁਨਾਹਿ ਬਖਸ਼ਾਵੋ।
ਮੈਂ ਫਿਰ ਨਹਿਂ ਸਿੰਘਹਿਂ ਸੰਤਾਵੋਂ।
ਭੇਟ ਘਨੀ ਹਮ ਤੈ ਲੈ ਜਾਵਹੁ।
ਜਯੋਂ ਤਯੋਂ ਕਰਿ ਕੈ ਮੁਹਿ ਬਖਸ਼ਾਵਹੁ ॥ ੬੫ ॥
ਸਰਪ ਚਚੂੰਧਰ ਕੇ ਸਮ ਬਾਤੈਂ[1]।
ਬਨੀ ਆਇ ਸਿੰਘਨ ਬੱਖਜਾਤੈਂ।
ਇਤ ਹਾਕਮ ਉਤ ਸਿੰਘ ਹਠੀਲਾ।
ਡਰ ਦੁਹਿ ਦਿਸ ਤੈ ਭਯੋ ਨ ਢੀਲਾ[1] ॥ ੬੬ ॥
ਤੌ ਭੀ ਗਏ ਸਿੰਘ ਢਿਗ ਸਭਿਹੀ।
ਜਾਇ ਬਾਤ ਸਭਿ ਭਾਖੀ ਜਬਿਹੀ।
ਤਬਿ ਤਾਰੂ ਸਿੰਘ ਨੈਂ ਯੌਂ ਕਹਯੋ।
ਅਬਿ ਨੁਵਾਬ ਜੀਵਨ ਤੈ ਰਹਯੋ ॥ ੬੭ ॥
ਇਸ ਨੈਂ ਨਾਹੱਕ[1] ਪੰਥ ਦੁਖਾਯੋ।
ਨਿਜ ਕਰਮਨ ਕਾ ਫਲ ਇਨ ਪਾਯੋ।
ਬਚਨ ਸਬੇਗ ਸਿੰਘ ਜੋ ਕੀਓ।
ਵਹਿ ਭੀ ਚਹਿ ਅਬਿ ਪੂਰਨ ਥੀਓ ॥ ੬੮ ॥
ਅਬਿ ਹਮ ਮਾਰ ਜੂਤੀਓਂ ਸੰਗੈਂ।
ਇਸ ਕੋ ਲੈ ਕੈ ਚਲੈਂ ਨਿਸੰਗੈਂ।
ਯੌਂ ਜਬਿ ਸਿੰਘ ਜੀ ਦਯੋ ਜਵਾਬੈਂ।
ਸੁਨਿ ਮਨ ਕਾਂਪਯੋਂ ਤਬੈ ਨੁਵਾਬੈਂ ॥ ੬੯ ॥
ਫੇਰ ਸਬੇਗ ਸਿੰਘ ਕੇ ਤਾਂਈਂ।

[1]ਵਿੰਨ੍ਹਦਾ ਹੈ।

[1]ਤਿਵੇਂ ਸਿੰਘ ਦਾ ਸਰਾਪ ਸਿੰਘ ਹੀ ਕਟ ਸਕਦਾ ਹੈ।

[1]ਸੱਪ ਦੇ ਮੂੰਹ 'ਚ ਆਈ ਚਚੂੰਧਰ ਵਾਂਗ ਗੱਲਾਂ, ਭਾਵ ਨਾ ਕਰ ਸਕਦੇ ਹਨ ਨਾ ਛੱਡ ਸਕਦੇ ਹਨ।

[1]ਦੋਹਾਂ ਪਾਸਿਆਂ ਤੋਂ ਡਰ ਢਿੱਲਾ ਨਹੀਂ ਹੋਇਆ ਭਾਵ ਇੱਕੋ ਜਿਹਾ ਡਰ ਸੀ।

[1]ਐਵੇਂ, ਬਿਅਰਥ।

ਸਿਰੇਪਾਉ ਵਡ ਦਯੋ ਬੁਲਾਈ।
ਕਹਯੋ ਨੁਵਾਬ ਜੋਰਿ ਕਰ ਐਸੇ।
ਕਰੋ ਕਾਜ ਇਹੁ ਜੈਸੇ ਕੈਸੇ ॥੨੦॥
ਤੱਤ ਖਾਲਸੇ ਢਿਗ ਤੁਮ ਜਾਵਹੁ।
ਹਮਰੀ ਖਤਾ[1] ਏਹੁ ਬਖਸ਼ਾਵਹੁ। — [1]ਗ਼ਲਤੀ।
ਬਿਨਤੀ ਬਹੁ ਮੁਝ ਤਰਫੋਂ ਕਰੀਓ।
ਭੇਟ ਲਿਜਾਹੁ ਸੁ ਆਗੈ ਧਰੀਓ ॥੨੧॥
ਜੌ ਨਹਿਂ ਬਖਸ਼ੈਂ ਜਾਨ ਹਮਾਰੀ।
ਤੌ ਪਿਸ਼ਾਬ ਛੁਟੈ ਇਕ ਵਾਰੀ।
ਸ਼ਰਨ ਪਰਯੋ ਮੈਂ ਆਜਜ਼[1] ਆਜੈਂ। — [1]ਗ਼ਰੀਬ।
ਰਾਖੈ ਪੰਥ ਬਿਰਦ[1] ਕੀ ਲਾਜੈਂ ॥੨੨॥ — [1]ਧਰਮ, ਸੁਭਾਵ।
ਬਨੋਂ ਮੁਰੀਦ ਪੰਥ ਕਾ ਮੈਂ ਹੂੰ।
ਕਬੀ ਨ ਦੁਖੀ ਕਿਸੀ ਕੋ ਕੈਹੂੰ[1]। — [1]ਕਰਾਂਗਾ।
ਪੁਨ ਤੁਮਰੇ ਗੁਰੁ ਗ੍ਰੰਥ ਮਝਾਰੇ।
ਯਾ ਬਿਧਿ ਗੁਰੂਅਨ ਵਾਕ ਉਚਾਰੇ ॥੨੩॥
ਤਥਾ ਹੀ
*ਸੰਤ ਦੋਖੀ ਕਾ ਥਾਉ ਕੋ ਨਾਹਿ ॥ — *ਇਹ ਤੁਕਾਂ ਸੁਖਮਨੀ ਸਾਹਿਬ ਦੀ ਤੇਰ੍ਹਵੀਂ ਅਸ਼ਟਪਦੀ ਵਿੱਚੋਂ ਹਨ।
ਨਾਨਕ ਸੰਤ ਭਾਵੈ ਤਾ ਓਇ ਭੀ ਗਤਿ ਪਾਹਿ ॥
ਸੰਤ ਕੇ ਦੋਖੀ ਕਉ ਅਵਰ ਨਰਾਖਨਹਾਰ ॥
ਨਾਨਕ ਸੰਤ ਭਾਵੈ ਤਾ ਲਏ ਉਬਾਰਿ[1] ॥ — [1]ਬਚਾ ਲਵੇ।

ਦੋਹਰਾ:
ਸੰਤ ਨਹੀਂ ਕੋਊ ਪੰਥ ਸਮ,
ਦੋਖੀ ਮੁਹਿ ਨ ਸਮਾਨ।
ਪਰਯੋ ਪੰਥ ਕੀ ਸ਼ਰਨ ਅਬਿ,
ਮੈਂ ਹ੍ਵੈ ਦੀਨ ਮਹਾਨ[1] ॥੨੪॥ — [1]ਵੱਡਾ ਦੁੱਖੀ।

ਸ਼ੰਕਰ ਛੰਦ:
ਇਮ ਔਰ ਕਰਿ ਬਹੁ ਦੀਨਤਾ[1], — [1]ਅਧੀਨਗੀ।
ਦੈ ਖਿਲਤ[1] ਖਰਚਾ ਬੇਗ[2]। — [1]ਸ਼ਾਹੀ ਪੁਸ਼ਾਕ। [2]ਛੇਤੀ।
ਬਹੁ ਭੇਟ ਦੈ ਢਿਗ ਪੰਥ ਕੇ,

ਪਠ ਦਯੋ ਸਿੰਘ-ਸਬੇਗ।
ਤਬਿ ਪੰਥ ਥਾ ਬਹੁ ਕੋਟ-ਨੈਣੇ
ਕੇ ਸੁ ਥਿਰਯੋ ਪਾਸ।
ਤਹਿਂ ਜਾਇ ਸਿੰਘ ਜੀ ਦਰਸ ਦੂਰੋਂ[1], — [1]ਦੂਰੋਂ ਦੇਖ ਕੇ।
ਉਤਰਿ ਘੋੜਯੋਂ ਖਾਸ[1] ॥ ੭੫ ॥ — [1]ਆਪ।
ਢਿਗ ਜਾਇ ਪੰਥਹਿਂ ਜੋਰਿ ਕਰ,
ਸਿੰਘ ਫਤੇ ਊਚ ਉਚਾਰ।
ਦੀਵਾਨ ਯੁਤ ਨੀਸ਼ਾਨ ਕੀ[1], — [1]ਨਿਸ਼ਾਨ ਸਾਹਿਬ ਦੀ।
ਪਰਕ੍ਰਮਾਂ ਕਰਿ ਕੈ ਚਾਰ।
ਪਰਸ਼ਾਦ ਧਰਿ ਸਿੰਘ ਮਾਥ ਧਰਿ ਧਰ,
ਚਹਯੋ ਥਿਰਨ ਸੁ ਚਾਇ[1]। — [1]ਸਿੰਘ ਨੇ ਧਰਤੀ ਤੇ ਪ੍ਰਸ਼ਾਦਰਖ ਕੇ ਤੇ ਮੱਥਾਰਖ ਕੇ ਚਾਅ ਨਾਲ ਬੈਠਣਾ ਚਾਹਿਆ।

ਦੈ ਮਾਨ ਸਿੰਘ ਕੋ ਪੰਥ ਨੈ,
ਲਿਯ ਸਭਾ ਮੱਧ ਬਿਠਾਇ ॥ ੭੬ ॥
ਕਪੂਰ ਸਿੰਘ ਨੁਵਾਬ ਨੈਂ,
ਫਿਰ ਪੂਛਯੋ ਸਭਿ ਹਾਲ।
ਸਬੇਗ ਸਿੰਘ ਨੈਂ ਪ੍ਰਥਮ ਅਪਨਾ,
ਹਾਲ ਭਾਖਿ ਬਿਸਾਲ।
ਫਿਰ ਕਹਯੋ ਤਾਰੂ ਸਿੰਘ ਕਾ,
ਬਰਤੰਤ ਵਰਤਯੋ ਜੈਸ।
ਪੁਨ ਹਾਲ ਖਾਨੂੰ ਦੁਸ਼ਟ ਕਾ,
ਜਬਿ ਪੰਥ ਬੂਝਯੋ ਤੈਸ[1] ॥ ੭੭ ॥ — [1]ਤਿਸ (ਸਬੇਗ ਸਿੰਘ) ਨੂੰ।
ਸੁਨਿ ਨਾਮ ਖਾਨੂੰ ਕਾ ਤਬੈ,
ਸਾਬੇਗ ਸਿੰਘ ਬਿਨ ਦੇਰ।
ਭਰਿ ਸਾਤ ਮੁਸਟੀ ਧੂਰ ਕੀ[1], — [1]ਮਿੱਟੀ ਦੀਆਂ ਸੱਤ ਮੁੱਠਾਂ ਭਰ ਕੇ।
ਸਿਰ ਦਈ ਖਾਨੂੰ ਕੇਰ।
ਪੁਨ ਧ੍ਰਿੱਗ ਧ੍ਰਿੱਗ ਉਚਾਰ,
ਤਿਸ ਕੇ ਲਾਤ ਦੈ ਸਿਰਿ ਸਾਤ।
ਢਿਗ ਪੰਥ ਕੇ ਤਿਸ ਤਰਫ ਤੈ,
ਪੁਨ ਕਰੀ ਅਰਜ਼ ਬਖਜਾਤ ॥ ੭੮ ॥

ਸੁਨਿ ਅਰਜ਼ ਖਾਨੂੰ ਦੁਸ਼ਟ ਤਰਫੋਂ,
ਉਠਯੋ ਪੰਥ ਰਿਸਾਇ[1]। — [1]ਗੁੱਸੇ 'ਚ ਆ ਕੇ।
ਸਭਿ ਕਹੈਂ ਲੈਂਹ ਲਹੌਰ,
ਮਰਨੇਂ ਦੇਹੁ ਤਿਹ ਦੁਖ ਪਾਇ।
ਤਿਸ ਦੁਸ਼ਟ ਨੈ ਜੋ ਜ਼ੁਲਮ ਕੀਨੇਂ,
ਮਿਲਯੋ ਫਲ ਤਿਹ ਸੋਇ।
ਧਨ ਧੰਨ ਤਾਰੂ ਸਿੰਘ ਹਠੀਆ,
ਨਾਹਿੰ ਤਿਹ ਸਮ ਕੋਇ ॥ ੭੯ ॥
ਵਹਿ ਠੀਕ ਮਾਰਿ ਲਿਜਾਇਗੋ,
ਦੈ ਦੁਸ਼ਟ ਕੋ ਦੁਖ ਭਾਰ[1]। — [1]ਬਹੁਤਾ, ਵੱਡਾ।
ਵਡ ਕਰੇ ਖਾਨੂੰ ਜ਼ੁਲਮ ਥੇ ਜਯੋਂ,
ਮਿਲਯੋ ਦੁੱਖ ਤਯੋਂ ਸਾਰ।
ਸਭਿ ਛਕੋ ਸੁੱਖੇ ਫੀਮ, ਹੋਵੋ
ਤਯਾਰ ਤਜਿ ਅਬਿ ਦੇਰ।
ਲਰਿ ਸੰਗ ਤੁਰਕਨ ਮਾਰਿ ਮਰਿ,
ਸ਼ਾਹੀਦ ਹੋਵੈਂ ਫੇਰ ॥ ੮੦ ॥
ਯਹਿ ਕਰਯੋ ਹੈ ਜਾਹਾਜ,
ਤਾਰੂ ਸਿੰਘ ਨੈਂ ਵਡ ਤਯਾਰ।
ਚਢਿ ਤਾਹਿੰ ਪੈ ਭਵ ਸਿੰਧੁ[1], — [1]ਸੰਸਾਰ ਸਮੁੰਦਰ ਤੋਂ।
ਤਾਂ ਕੇ ਸੰਗ ਪਈਏ ਪਾਰ।
ਤਬਿ ਕਹਯੋ ਜੱਸੇ ਸਿੰਘ ਨੈ,
ਅਬਿ ਧਰੋ ਤੁਮ ਸਭਿ ਧੀਰ।
ਇਕ ਸਿੰਘ ਤਾਰੂ ਹੀ ਹਤੈ,
ਉਸ ਤੁਰਕ* ਕੋ ਦੈ ਪੀਰ[1] ॥ ੮੧ ॥ — [1]ਪੀੜਾ। *ਇਹ 'ਤੁਰਕ' ਪਾਠ ਦਿੱਲੀ ਐਡੀਸ਼ਨ ਦਾ ਹੈ। ਏਥੇ ਮੂਲ 'ਚ ਪਾਠ 'ਸਿੰਘ' ਛਪਿਆ ਹੋਇਆ ਹੈ ਜੋ ਅਸ਼ੁੱਧ ਹੈ।

ਯਹਿ ਬਚਨ ਤਾਰੂ ਸਿੰਘ ਕਾ,
ਲਿਹੁ ਤੇਗ ਤਿੱਖੀ ਜਾਨ।
ਨਹਿੰ ਟਾਰ ਸਾਕੈ ਪੀਰ[1] ਕੋਊ, — [1]ਕਰਾਮਾਤੀ।
ਔਲੀਆ ਬਲਵਾਨ।
ਜੜ ਤੁਰਕ ਕੀ ਅਬਿ, ਸੁਟੈਂ ਖਾਰੇ

ਸਿੰਧ ਮੈਂ, ਸਿੰਘ ਕਾਟਿ।
ਫਿਰ ਰਾਜ ਕਰਿ ਹੈ ਖਾਲਸਾ,
ਸਭਿ ਦੁੰਦ ਦੁਸ਼ਮਨ ਛਾਂਟਿ[1] ॥ ੯੨ ॥
ਸੁਨਿ ਸਿੰਘ ਹੋਏ ਮੋਦ ਸਭਿ,
ਯਹਿ ਬਾਤ ਨੀਕੀ ਜਾਨਿ।
ਫਿਰ ਜੋਰਿ ਹਾਥ ਸਬੇਗ ਸਿੰਘ ਨੈ,
ਕਹਯੋ ਐਸ ਵਖਾਨ।
ਅਬਿ ਦੇਰ ਨਹਿਂ ਕਿਛੁ ਮਰਨ ਮੈਂ,
ਲਖ ਲੇਹੁ ਖਾਨੂ ਕੇਰ।
ਫਿਰ ਆਪ ਹੀ ਸਭਿ ਤੁਰਕ ਮਰ ਹੈਂ,
ਪਾਇ ਦੂਖ ਵਧੇਰ ॥ ੯੩ ॥
ਨਹਿਂ ਟਲੈ ਸੰਤ ਸਰਾਪ ਕਬਿਹੀ,
ਟਲੈ ਜੌਂ ਧਰ ਮੇਰੁ[1]।
ਯਹਿ ਬਾਤ ਜਾਹਰ ਜਗਤ ਮੈਂ,
ਸਭਿ ਕਹਤ ਕੋਵਿਦ ਟੇਰਿ[1]।
ਜੋ ਚਹੇ ਮੇਟਯੋ ਸਾਧ ਕਾ ਬਚ,
ਮਿਟੈ ਪਹਿਲੇ ਸੋਇ।
ਜਯੋਂ ਫੁਟੈ ਪਹਿਲੇ ਢਾਲ ਬੇਗੈਂ,
ਅੱਗ੍ਰ ਤੇਗੈਂ ਹੋਇ[1] ॥ ੯੪ ॥

[1]ਭਿਆਨਕ ਦੁਸ਼ਮਣਾਂ ਨੂੰ ਮਾਰ ਕੇ।
[1]ਧਰਤੀ ਤੇ ਸੁਮੇਰ ਪ੍ਰਬਤ ਹਿੱਲ ਜਾਣ।
[1]ਵਿਦਵਾਨ ਬੋਲ ਕੇ ਕਹਿੰਦੇ ਹਨ।
[1]ਜਿਵੇਂ ਪਹਿਲਾਂ ਢਾਲ, ਤਲਵਾਰ ਦੇ ਅੱਗੇ ਹੋ ਕੇ ਛੇਤੀ ਫੁਟਦੀ ਹੈ।

ਦੋਹਰਾ:
ਅਬਿ ਇਕ ਚਹੀਅਤ ਪੰਥ ਕੋ,
ਕਰੀ ਬਾਤ ਯਹਿ ਸਾਤ[1]।
ਸ਼ਰਨ ਖਾਲਸੇ ਕੀ ਗਹੀ,
ਤੁਰਕ ਦੁਸ਼ਟ ਬਖਜਾਤ ॥ ੯੫ ॥

[1]ਸੱਚੀ।

ਲਲਿਤ ਪਦ ਛੰਦ:
ਜੌਂ ਨ ਪੰਥ ਅਬਿ ਸ਼ਕਤਿ ਦਿਖਾਰੈ,
ਖਾਨ ਬਹਾਦਰ ਤਾਂਈਂ।
ਤੌ ਬਿਸਵਾਸ ਪੰਥ ਕਾ ਜਾਵੈ,
ਕੋਊ ਨ ਮਾਨੈਂ ਭਾਈ।

ਤਾਰੂ ਸਿੰਘ ਕਰਿ ਸੱਚ ਦਿਖਾਯਾ,
ਅਬਿ ਤਿਹ ਨਾਂਹੀ ਛੋੜੈ।
ਬੰਦ ਪਿਸ਼ਾਬ ਤੁਰਕ ਕਾ* ਕੀਨਾ,
ਅਪਨਾ ਬਚਨ ਨ ਮੋੜੈ ॥੯੬॥
ਤੱਤ ਖਾਲਸੇ ਕੀ ਅਬਿ ਸ਼ਰਨੀ,
ਤੁਰਕ ਦੀਨ ਹ੍ਵੈ ਪਰਯੋ।
ਹੈ ਇਸ ਪੰਥ ਮਾਹਿਂ ਸਭਿ ਸ਼ਕਤੀ,
ਹੋਵਤ ਜੋ ਚਹਿ ਕਰਯੋ।
ਹੈ ਅਲੇਖ ਕਾ ਰੂਪ ਭੇਖ ਯਹਿ[1],
ਸਾਧ ਬੇਦ ਸਭਿ ਗਾਵੈਂ।
ਬਿਧਿ ਕੇ ਅੰਕ ਸਾਧੁ ਪਲਟਾਵੈ,
ਮੇਖ ਰੇਖ ਮੈਂ ਲਾਵੈ[1] ॥੯੭॥
ਨਿਜ ਗੁਰੂਅਨ ਕਰਿ ਸਾਚੁ ਦਿਖਾਏ,
ਬਹੁ ਗ੍ਰੰਥਨ ਮੈਂ ਗਾਏ।
ਗੁਰੂ ਪੰਥ ਅਰ ਪੰਥ ਗੁਰੂ ਹੈ,
ਯਹਿ ਗੁਰੁ ਆਪ ਬਤਾਏ।
ਪੰਥ ਮਾਹਿਂ ਸਿੰਘ ਹਠੀਏ ਤਪੀਏ,
ਹੈਂ ਸਮਰੱਥ ਅਪਾਰੈਂ।
ਚਹੈ ਤੁ ਧਰਾ ਕਰੈਂ ਸਭਿ ਉਲਟੀ,
ਚਹੈਂ ਤੁ ਫੇਰ ਸੁਧਾਰੈਂ ॥੯੮॥
ਸਰਨ ਪਰੇ ਕੀ ਲਾਜ ਰਖਾਨੀ,
ਚਹੀਅਤ ਹੈ ਅਬਿ ਠੀਕੈਂ।
ਪਰਚਾ[1] ਲਗੈ ਪੰਥ ਕਾ ਜਾਨੈਂ,
ਸਭਿਹੀ ਜਗ ਫਿਰ ਨੀਕੈ।
ਜਾਨ ਦੁਸ਼ਟ ਕੀ ਨਾਹਿਂ ਬਚਾਵਹੁ,
ਛੁਟੈ ਪਿਸ਼ਾਬ ਉਚਾਰੋ।
ਤਾਰੂ ਸਿੰਘ ਨ ਛੋਡੈ ਕਬਿਹੀ,
ਜਾਨ ਤੁਰਕ ਕੀ ਧਾਰੋ[1] ॥੯੯॥

*ਕਾ' ਪਾਠ ਦਿੱਲੀ ਐਡੀਸ਼ਨ ਦਾ ਹੈ, ਮੂਲ 'ਚ ਭੁੱਲ ਨਾਲ ਛਪਣੋਂ ਰਹਿ ਗਿਆ ਹੈ।

[1]ਇਹ (ਭੇਖ) ਖ਼ਾਲਸਾ ਪੰਥ (ਅਲੇਖ) ਅਕਾਲ ਪੁਰਖ ਦਾ ਸਰੂਪ ਹੈ।

[1]ਰੇਖ ਵਿੱਚ ਮੇਖ ਮਾਰ ਕੇ ਸਾਧ (ਬਿਧਿ) ਕਿਸਮਤ ਦੇ (ਅੰਕ) ਅੱਖਰ ਬਦਲ ਦੇਂਦਾ ਹੈ।

[1]ਕਰਾਮਾਤ ਦਾ ਚਮਤਕਾਰ।

[1]ਨਿਸਚਾ ਕਰ ਲਉ।

ਬੈਰੀ ਹੋਇ ਸਰਨ ਜੋ ਆਵੈ,
ਭਲੇ ਭਲਾਈ ਕਰਿ ਹੈਂ।
ਔਰ ਬਾਤ ਭੀ ਕਸਮ ਖਾਇ ਕਰਿ,
ਖਾਨੂੰ ਪਾਪੀ ਰਰ ਹੈ[1]। [1]ਕਹਿੰਦਾ ਹੈ।
ਦ੍ਵਾਦਸ ਨਗਰ, ਗੁਰੂ-ਚੱਕ ਵਾਰੇ,
ਔਰ ਪਾਂਚ ਵਡ[1] ਦੈਹੋਂ। [1]ਪੰਜ ਵੱਡੇ (ਪਿੰਡ)।
ਰਹੋਂ ਹਮੇਸ਼ ਮੁਰੀਦ ਪੰਥ ਕਾ,
ਬੈਰ ਨਹੀਂ ਫਿਰ ਕੈਹੋਂ[1] ॥ ੯੦ ॥ [1]ਨਹੀਂ ਕਰਾਂਗਾ।
ਯਹਿ ਸੁਨਿ ਪੁਨ ਕਪੂਰ ਸਿੰਘ ਬੋਲਯੋ,
ਕੋਪ ਹੋਇ ਯੌਂ ਭਾਰੇ।
ਦਈ ਜਗੀਰ ਨ ਲੈਹਂ ਤੁਰਕ ਕੀ,
ਲੈਂਹ ਰਾਜ ਬਲ ਧਾਰੇ।
ਪੈ ਉਨ ਪਾਪੀ ਬਚਨ ਜੁ ਗੁਰੁ ਕੇ,
ਜ਼ਾਮਨ ਦੀਨੇ ਬੀਚੇ।
ਸਰਨ ਪੰਥ ਕੀ ਗਹੀ, ਵਾਸਤੇ
ਰੱਬ ਜੁ ਪਾਏ ਨੀਚੇ[1] ॥ ੯੧ ॥ [1]ਨੀਚ ਨੇਰੱਬ ਦੇ ਵਾਸਤੇ ਪਾਏ ਹਨ।
ਯਾਂ ਤੈ ਬਾਤ ਤੁਰਕ ਕੀ ਹਮ ਕੋ,
ਪਰੀ ਮਾਨਨੀ ਠੀਕੈ।
ਯੌਂ ਕਹਿ ਤਬੈ ਕਪੂਰ ਸਿੰਘ ਨੈ
ਪੰਥਾਗਜਾ ਲੈ ਨੀਕੈ।
ਪਾਂਚ ਭੁਜੰਗੀ[1] ਖੜ੍ਹੇ ਕਰੇ, [1]ਸਿੰਘ।
ਫਿਰ ਯੌਂ ਅਰਦਾਸ ਕਰਾਈ।
ਛੁਟੇ ਪਿਸ਼ਾਬ ਨਿਬਾਬ ਕੇਰ ਤਬਿ,
ਜਬਿ ਯੌਂ ਕਰੈ ਬਨਾਈ[1] ॥ ੯੨ ॥ [1]ਜਦੋਂ ਇਸ ਤਰ੍ਹਾਂ ਬਣਾ ਕੇ ਕਰੇਗਾ।
ਤਾਰੂ ਸਿੰਘ ਕੀ ਪਨਹੀ[1] ਲੈ ਕਰਿ, [1]ਜੁੱਤੀ।
ਸਿੰਘ ਕੇ ਕਰ ਪਕਰਾਵੈ।
ਸਾਤ ਬੇਰ[1] ਫਿਰ ਤਿਸ ਤੇ, ਅਪੁਨੇ [1]ਸੱਤ ਵਾਰੀਂ।
ਸਿਰ ਪਰ ਤੁਰਕ ਲਵਾਵੈ।
ਤਬੈ ਪਿਸ਼ਾਬ ਤਾਂਹਿ ਕਾ ਛੁਟੇ,
ਫਿਰ ਕਿਛ ਦਿਨ ਮੈਂ ਮਰ ਹੈ।

ਤਾਰੂ ਸਿੰਘ ਕੇ ਆਗੇ ਜਾਵੈ,
ਦੋਜ਼ਕ ਪਰ ਦੁਖ ਭਰ ਹੈ ॥੯੩॥
ਯਹਿ ਸੁਨਿ ਆਗਜਾ ਲੈ ਸੁਬੇਗ ਸਿੰਘ,
ਫਿਰ ਲਾਹੌਰ ਮੇਂ ਆਯੋ।
ਹੁਕਮ ਪੰਥ ਕਾ ਤਾਰੂ ਸਿੰਘ ਪੈ,
ਦੋ ਕਰ ਜੋਰਿ ਸੁਨਾਯੋ।
ਮਾਨ ਆਗਿਆ ਲਈ ਪੰਥ ਕੀ,
ਤਾਰੂ ਸਿੰਘ ਨੈ ਤਬਿ ਹੀ।
ਫਿਰ ਸਬੇਗ ਸਿੰਘ ਜਾਇ ਸੁਨਾਈ,
ਬਾਤ ਤੁਰਕ ਢਿਗ ਸਭਿ ਹੀ ॥੯੪॥
ਸੁਨਿ ਨਿਬਾਬ ਨੈ ਤਾਰੂ ਸਿੰਘ ਕੀ,
ਪਨਹੀ ਤੁਰਤ ਮੰਗਾਈ।
ਹਾਥ ਸਬੇਗ ਸਿੰਘ ਕੈ ਦੈ, ਨਿਜ
ਸਿਰ ਸਤ ਬਿਰ ਲਗਵਾਈ।
ਮਤਲਬ ਅਪੁਨਾ ਸਭਿਹੀ ਜਗ ਮੈਂ,
ਹੈ ਸਭਿਹੀ ਕੋ ਪਜਾਰਾ।
ਇਸ਼ਟ ਅਨਿਸ਼ਟ ਅਧਰਮ ਧਰਮ[1], ਸਭਿ
ਮਤਲਬ ਕਾ ਸੰਸਾਰਾ ॥੯੫॥
ਸਾਤ ਬੇਰ ਜਬਿ ਜੁਤਾ ਸਿੰਘ ਨੈ,
ਸਿਰ ਨਿਬਾਬ ਕੇ ਲਾਯੋ।
ਛੁਟਿਯੋ ਪਿਸ਼ਾਬ ਨਿਬਾਬ ਖੁਸ਼ੀ ਹ੍ਵੈ,
ਧੰਨ ਧੰਨ ਪੰਥ ਅਲਾਯੋ।
ਤਬਿ ਨਿਬਾਬ ਨੈਂ ਪਿਛਲੀ ਗਾਥਾ,
ਸਭਿ ਕੋ ਔਰ ਸੁਨਾਈ।
ਥਾ ਕਸ਼ਮੀਰ ਦੇਸ ਕਾ ਨਾਜ਼ਮ,
ਜਾਲਮ-ਖਾਂ ਮਮ ਭਾਈ ॥੯੬॥
ਵਖਤ ਨੁਰੰਗ-ਜ਼ੇਬ ਕੇ ਤਿਸ ਨੈ,
ਜੰਝੂ ਜਬਿ ਉਤਰਾਏ।
ਭਯੋ ਦਰਦ ਤਿਸ ਕੇ ਤਬਿ ਸਿਰ ਮੈਂ,

[1](ਆਪਣੇ ਮਤਲਬ ਵਾਸਤੇ) (ਇਸ਼ਟ) ਮਿੱਤ੍ਰ ਨੂੰ (ਅਨਿਸ਼ਟ) ਦੁਸ਼ਮਣ ਤੇ ਦੁਸ਼ਮਣ ਨੂੰ ਮਿੱਤ੍ਰ ਅਤੇ (ਅਧਰਮ) ਪਾਪ ਨੂੰ ਪੁੰਨ ਤੇ ਪੁੰਨ ਨੂੰ ਪਾਪ (ਬਣਾ ਲੈਂਦੇ ਹਨ)।

ਹਟਿਯੋ ਨ ਕਿਸੀ ਉਪਾਏ।
ਤਬਿ ਤਿਸ ਕੋ ਫਿਰ ਕਹਜੋ ਕਿਸੀ ਨੈਂ,
ਪਨਹੀ ਹਿੰਦੂ ਕੇਰੀ।
ਤੁਮ ਅਪੁਨੇ ਅਬਿ ਸਿਰ ਪੁਰ ਬਾਂਧਹੁ,
ਦਰਦ ਰਹੈ ਨਹਿਂ ਫੇਰੀ ॥੯੭॥
ਤਬਿ ਤਿਸ ਨਾਜ਼ਮ ਨੈ ਭੀ ਪਨਹੀ,
ਹਿੰਦੂ ਕੀ ਮੰਗਵੈ ਕੈ।
ਨਿਜ ਸਿਰ ਪਰ ਜਬਿਹੀ ਥੀ ਬਾਂਧੀ,
ਦਰਦ ਗਯੋ ਕਿਤ ਧੈ ਕੈ।
ਜਯੋਂ ਤਬਿ ਭਈ ਬਾਤ ਯਹਿ ਸਾਚੀ,
ਤਯੋਂ ਅਬਿ ਹਮ ਸੰਗਿ ਹੋਇ।
ਤੱਤੁ ਖਾਲਸੇ ਨੈਂ ਕਰਿ ਕਿਰਪਾ,
ਪੀੜ ਹਮਾਰੀ ਖੋਈ ॥੯੮॥
ਐਸੇ ਦੂਖ ਫੇਰ ਨਹਿਂ ਪਾਵੋਂ,
ਜਾਨ ਚਹੇ ਮਮ ਜਾਵੋ[1]। [1]ਮੇਰੀ ਜਾਨ ਭਾਵੇਂ ਚਲੀ ਜਾਵੇ।
ਮੈਂ ਅਬਿ ਤੇ ਫਿਰ ਜੁਲਮ ਨ ਕਬਹੀ,
ਸਿੰਘਨ ਸੰਗਿ ਕਮਾਵੋਂ।
ਬਾਦ[1] ਪੰਥ ਸੋਂ ਕਰੈ ਨ ਆਗੈ, [1]ਝਗੜਾ।
ਹ੍ਵੈ ਉਲਾਦ ਮਮ ਜੋਈ।
ਲਰਤ ਭਿਰਤ ਰਣ ਮੈਂ ਜੋ ਹੋਵੈ,
ਤਾਂ ਕਾ ਦੋਸ਼ ਨ ਕੋਈ ॥੯੯॥
ਅਬਿ ਸਬੇਗ ਸਿੰਘ ਤੁਮ ਕਿਛੁ ਮਾਂਗਹੁ,
ਦੈਨ ਜੋਗ ਜੋ ਮੋ ਪੈ[1]। [1]ਮੇਰੇ ਪਾਸ ਹੈ।
ਸਿੰਘ ਜੀ ਕਹਿਯੋ ਦੇਹੁ ਕੁਟਵਾਲੀ,
ਹਮ ਕੋ, ਹੈ ਯਹਿ ਤੋ ਪੈ[1]। [1]ਇਹ ਤੇਰੇ ਪਾਸ ਹੈ।
ਮਾਨ ਨਿਬਾਬ ਤਬੈ ਕੁਟਵਾਲੀ,
ਦੀਨੀ ਸਿੰਘ ਜੀ ਤਾਂਈਂ।
ਬਰਸ ਏਕ ਅਰਸਾ[1] ਕਰਿ ਲੀਨਾਂ, [1]ਸਮਾਂ।
ਵੀਚ ਲਾਹੌਰ ਤਦਾਈਂ ॥੧੦੦॥
ਹੁਕਮ ਸਬੇਗ ਸਿੰਘ ਕਾ ਹੋਯੋ,

ਦੀਨੋਂ ਜ਼ੁਲਮ ਹਟਾਈ।
ਦਿਨ ਦਿਨ ਤੇਜੀ ਕਰੀ ਧਰਮ ਕੀ,
ਚਰਖੀ ਪੁਨ ਪੁਟਵਾਈ।
ਹਤੇ ਜੁ ਸੀਸ ਸਿੰਘਨ ਕੇ ਤਹਿ ਠਾਂ,
ਤੁਰਕਨ ਭੀਤਿ[1] ਚਿਣਾਏ।
ਕੂਪ ਵੀਚ ਤੈਂ ਔਰ ਕਾਢਿ ਸਭਿ,
ਅਗਨੀ ਪਾਇ ਫੁਕਾਏ ॥੧੦੧॥
ਤਹਾਂ ਸ਼ਹੀਦ ਗੰਜ ਬਨਵਾਯੋ,
ਹੈ ਮਸਤੀ ਦਰਵਾਜੇ।
ਜ਼ਾਹਰ ਜਾਨਤ ਹੈ ਸਭਿ ਕੋਈ,
ਪੂਜਤ ਪਰਜਾ ਰਾਜੇ।
ਅਬਿ ਸੁਨਿ ਗਾਥਾ ਤਾਰੂ ਸਿੰਘ ਕੀ,
ਅਰੁ ਨਿਬਾਬ ਕੀ ਆਗੇ।
ਤਾਰੂ ਸਿੰਘ ਤਬਿ ਧਰਮ-ਸਾਲ ਮੇਂ,
ਬੈਠਾ ਨਿਸ ਦਿਨ ਜਾਗੇ ॥੧੦੨॥
ਖਾਵੈ ਅੰਨ ਨ ਪੀਵੈ ਪਾਣੀ,
ਵਾਹਿਗੁਰੂ ਮੁਖਿ ਗਾਈ।
ਬਾਈ ਦਿਵਸ ਬਿਤੇ ਜਬਿ ਐਸੇ,
ਫਿਰ ਯੌਂ ਭਈ ਤਦਾਈ।
ਖਾਨ ਬਹਾਦਰ ਨਾਜ਼ਮ ਮਰਜੋ,
ਪਰਜੋ ਸ਼ਹਿਰ ਮੈਂ ਰੌਰਾ।
ਹੈ ਹੈ ਕਾਰ ਛਯੋ[1] ਘਰਿ ਤੁਰਕਨਿ,
ਹਿੰਦੁਨ ਜੈ ਜੈ ਗੌਰਾ[1] ॥੧੦੩॥
ਕੁੱਪਾ ਰੁੜਜੋ ਲੋਗ ਕਹਿੰ ਸਾਰੇ,
ਕਾਲ ਖਾਨ ਪਰ ਢੁਰਿਯੋ[1]।
ਲੰਬੇ ਰਾਹਿ ਨਿਬਾਬ ਪਧਾਰਜੋ,
ਬਚਨ ਸਿੰਘ ਕਾ ਫੁਰਿਯੋ।
ਘਰ ਸਿੰਘਨ ਕੇ ਭਈ ਵਧਾਈ,
ਤਾਰੂ ਸਿੰਘ ਖੁਸ਼ ਹ੍ਵੈ ਕੈ।
ਅੰਮ੍ਰਿਤਸਰ ਕੇ ਸੁਧਾ ਸੰਗਿ,

[1]ਕੰਧ ਵਿੱਚ।

[1]ਫੈਲ ਗਿਆ।

[1]ਬਹੁਤਾਂ ਜੈ ਜੈਕਾਰ।

[1]ਰੁੜ੍ਹ ਕੇ ਪਿਆ ਹੈ।

ਕਰਿ ਮੱਜਨ ਭਜਨ ਸੁ ਕੈ ਕੈ[1] ॥੧੦੪॥

[1]ਅੰਮ੍ਰਿਤਸਰ ਦੇ ਅੰਮ੍ਰਿਤ ਨਾਲ ਇਸ਼ਨਾਨ ਕਰ ਕੇ ਤੇ ਭਜਨ ਕਰਕੇ।

ਪੰਚਾਮ੍ਰਿਤਿ[1] ਕਰਵਾ ਵਰਤਾਯੋ,

[1]ਕੜਾਹ ਪ੍ਰਸ਼ਾਦ।

ਆਸਨ ਕੁਸਾ[1] ਬਿਛਾਯੋ*।

[1]ਦੱਭ ਦਾ। *ਭਾਈ ਤਾਰੂ ਸਿੰਘ ਵਰਗੇ ਬ੍ਰਹਮ-ਗਿਆਨੀ ਸ਼ਹੀਦ ਸਿੰਘ ਨੂੰ ਕੁਸ਼ਾ ਦੇ ਆਸਣ ਦੀ ਲੋੜ ਨਹੀਂ। ਐਸਾ ਕਰਨਾ ਗੁਰਮਤਿ ਨਹੀਂ ਸਗੋਂ ਮਨਮਤਿ ਹੈ।

ਤ੍ਰਿਨ ਜਯੋਂ ਤਨ ਤਜਿ ਗਯੋ ਬੈਕੁੰਠਹਿ,
ਤੁਰਕ ਅਗਾਰੀ ਲਾਯੋ।
ਲੈਨ ਬਿਵਾਨ ਸਿੰਘ ਕੋ ਆਏ,
ਖਾਨੂੰ ਕੋ ਜਮ ਭਯਾਨਕ।
ਮਾਰਤ ਜਾਵੈਂ ਡੰਡੇ ਮੁਗਦਰ,
ਔਰ ਦੁੱਖ ਦਿਹੰ ਆਨਿਕ[1] ॥੧੦੫॥

[1]ਅਨੇਕਾਂ।

ਦੋਜਕ ਵੀਚ ਗਿਰਾਯੋ ਖਾਨੂੰ,
ਰੁਰੂ ਜੀਵ[1] ਜਹਿੰ ਖਾਵੈਂ।

[1]ਭਿਆਨਕ ਜੀਵ।

ਜੈਸਾ ਕਰਯੋ ਭਰਯੋ ਤਿਨ
ਤੈਸਾ ਤਰਫ ਚਿਚਲਾਵੈ[1]।

[1]ਚੀਕਾਂ ਮਾਰਦਾ ਹੈ।

ਤਾਰੂ ਸਿੰਘ ਸਿਧਾਰਯੋ[1] ਤਬਿ ਹੀ,

[1]ਪਹੁੰਚ ਗਿਆ।

ਸੱਚ-ਖੰਡ ਮੈਂ ਜਾਈ।
ਕਰਿ ਸਿਤਕਾਰ ਨਿਕਟ ਬੈਠਾਰਯੋ,
ਆਪ ਹਰੀ ਜਗੁ ਸਾਂਈਂ ॥੧੦੬॥
ਦਸਮ ਗੁਰੂ ਕੇ ਪੁਰਿ ਮੈਂ ਵਾਸਯੋ,
ਗੁਰੁ-ਸੁਤ ਥੇ ਜਿਸ ਠੌਰੈਂ।
ਡੇਉਢੀਦਾਰ[1] ਬਨਯੋ ਤਿਨ ਕੇਰਾ,

[1]ਰਾਜ ਮਹਿਲਾਂ ਦਾ ਵੱਡਾ ਅਹੁਦੇਦਾਰ ਜੋਰਾਜ ਮੰਦਰ ਦੇ ਸਾਰੇ ਕਰਮਚਾਰੀਆਂ ਤੇ ਹੁਕਮ ਕਰਦਾ ਹੈ ਅਤੇ ਜਿਸ ਦੀ ਆਗਿਆ ਬਿਨਾਂ ਕੋਈ ਆਦਮੀਰਾਜ ਡਿਉੜੀ ਵਿੱਚ ਦਾਖ਼ਲ ਨਹੀਂ ਹੋ ਸਕਦਾ, ਮਹਾਰਾਜੇ ਨਾਲ ਇਸੇ ਦੀ ਮਾਰਫ਼ਤ ਮੁਲਾਕਾਤ ਹੋਇਆ ਕਰਦੀ ਹੈ।

ਦਰਜਾ ਪਾਯੋ ਗੌਰੈਂ[1]।

[1]ਵੱਡਾ।

ਮਨੀ ਸਿੰਘ ਥਾ ਦਹਿਨੇਂ[1] ਪਾਸੇ,

[1]ਸੱਜੇ ਹੋ ਗਿਆ।

ਤਾਰੂ ਸਿੰਘ ਭੌ ਬਾਏਂ[1]।

[1]ਖੱਬੇ।

ਇਜੈ ਬਿਜੈ ਕੀ ਪਦਵੀ ਪਾਈ[1],

[1]ਜੈ ਤੇ ਬਿਜੈ ਵਾਂਗ ਸੱਚ-ਖੰਡ ਦੇ ਦੁਆਰਪਾਲਾਂ ਦੀ ਪਦਵੀ ਪਾ ਲਈ। (ਜੈ ਤੇ ਬਿਜੈ, ਬੈਕੁੰਠ ਦੇ ਦੋ ਦੁਆਰਪਾਲ ਹਨ।)

ਮਨ ਬਾਂਛਿਤ ਫਲੁ ਪਾਏ ॥ ੧੦੭ ॥
ਜਥੇਦਾਰ ਤਾਰੂ ਸਿੰਘ ਬਨਯੋ,
ਸਰਬ ਸ਼ਹੀਦਨ ਕੇਰਾ।
ਮਾਨੁਖ ਜਨਮ ਸਫਲ ਕਰਿ ਲੀਨੋਂ,
ਮਿਟਜੋ ਚੁਰਾਸੀ ਫੇਰਾ।
ਸਤਿਗੁਰੁ ਪੈਜ ਸਿੱਖ ਕੀ ਰਾਖੀ,
ਸਿੱਖੀ ਸਿਦਕ ਨਿਬਾਹਯੋ।
ਅਮਰ ਭਈ ਜਗ ਮੈਂ ਯਹਿ ਸਾਖੀ,
ਤਾਰੂ ਸਿੰਘ ਕੀ ਚਾਹਯੋ[1] ॥ ੧੦੮ ॥

[1]ਦੇਖੋ।

ਪੀਛੇ ਦੇਹ ਸਿੰਘ ਕੀ ਸਿੱਖਨਿ,
ਮੋਦ ਹੋਇ[1] ਕਰਿ ਜਾਰੀ।

[1]ਅਨੰਦ ਹੋ ਕੇ।

ਦਿੱਲੀ ਦਰਵਾਜੇ ਕੇ ਆਗੇ,
ਰਚਜੋ ਦੇਹੁਰਾ ਭਾਰੀ।
ਸ਼ਹਰ ਲਾਹੌਰ ਸਿੰਘ ਕਾ ਝੰਡਾ,
ਝੂਲਤ ਅਬਿ ਲੌ ਜ਼ਾਹਰ।
ਜੋ ਮੰਨਤਿ ਬਾਂਛਿਤ ਫਲੁ ਪਾਵਤ,
ਹੈਂ ਨਰ ਨਾਰਨ ਮਾਹਰ[1] ॥ ੧੦੯ ॥

[1]ਇਸਤ੍ਰੀ ਪੁਰਸ਼ (ਇਸ ਗੱਲੋਂ) (ਮਾਹਰ) ਪੂਰੇ ਵਾਕਫ਼ ਹਨ।

ਜੋ ਯਹਿ ਤਾਰੂ ਸਿੰਘ ਕੀ ਸਾਖੀ,
ਪਢੈ ਸੁਨੈਂ ਮਨ ਲਾਈ।
ਅੰਤ ਸਮੇਂ ਕਾ ਕਸ਼ਟ ਨਸ਼ਟ ਹ੍ਵੈ,
ਸਿੱਖੀ ਸਿਦਕ ਰਹਾਈ[1]।

[1](ਕਾਇਮ) ਰਹੇਗਾ।

ਸਠ ਪੁਰਾਨ ਸੈ ਸਾਤ ਹੁਤੋ ਤਬਿ[1],
ਜਬਿ ਯਹਿ ਵਰਤਜੋ ਭਾਣਾ।

[1]ਤਦੋਂ ਸੰ: ੧੮੦੭ ਬਿ: ਸੀ।

ਹਾਨ ਭਈ ਤਬਿ ਤੇ ਤੁਰਕਾਨੀ,
ਦਿਨ ਦਿਨ ਛੁਟਜੋ ਠਿਕਾਣਾ ॥ ੧੧੦ ॥
ਦੋਹਰਾ:
ਸਿੰਘ ਮਤਾਬ ਕੀ ਗਾਥ ਕਹਿ,
ਤਾਰੂ ਸਿੰਘ ਕੀ ਗੌਰ[1]।
ਖਾਨ ਬਹਾਦਰ ਮਰਨ ਕਹਿ,
ਧਜਾਇ ਥਿਰਜੋ ਇਸ ਠੌਰ ॥ ੧੧੧ ॥

[1]ਭਾਰੀ, ਵੱਡੀ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਮਤਾਬ ਸਿੰਘ, ਤਾਰੂ ਸਿੰਘ ਕਾ ਪ੍ਰਸੰਗ, ਖਾਨ ਬਹਾਦਰ ਮਰਨ', ਬਰਨਨੰ ਨਾਮ ਚੌਤੀਸਮੋਂ ਬਿਸ੍ਰਾਮ ॥ ੩੪ ॥

੩੫. {ਸਿੰਘਾਂ ਹੱਥੋਂ ਜਸਪਤ ਦਾ ਮਰਨਾ, ਲੱਖੂ ਵਲੋਂ ਸਿੰਘਾਂ ਤੇ ਜ਼ੁਲਮ, ਪੰਥ ਦਾ ਲੱਖੂ ਨਾਲ ਭਾਰੀ ਜੰਗ, ਛੋਟਾ ਘੱਲੂਘਾਰਾ}

ਕਬਿੱਤੁ:

ਸ੍ਰੀ ਗੁਰੁ ਰਾਮਦਾਸ ਆਸ ਤੋਸ ਦਾਸਨ ਕੀ,
ਨਾਸ ਦੁਖੁਰਾਸ ਕਰਿ ਖਾਸ ਸੁਖੁ ਦਾਇ ਕੈ[1]।

[1]ਸ੍ਰੀ ਗੁਰੁ ਰਾਮਦਾਸ ਜੀ ਦਾਸਾਂ ਦੀ ਇੱਛਾ (ਤੋਸ) ਪੂਰੀ ਕਰਨ ਵਾਲੇ, ਸਾਰੇ ਦੁੱਖ ਨਾਸ਼ ਕਰਨ ਵਾਲੇ ਤੇ ਖ਼ਾਸ ਸੁਖ ਦੇਣ ਵਾਲੇ ਹਨ।

ਦੁੰਦ ਪਾਦ ਬੰਦਹੋਂ ਅਦੁੰਦ ਕਰਿ ਤਾਂਹਿ ਅਬਿ,
ਦੁੰਦ ਕਰ ਬੰਦਿ ਸਿਰ ਧਰਨਿ ਲਗਾਇ ਕੈ[1]।

[1](ਦੁੰਦ) ਦੋਵੇਂ (ਕਰ) ਹੱਥ (ਬੰਦਿ) ਬੰਨ੍ਹ ਕੇ ਤੇ ਧਰਤੀ ਤੇ ਸਿਰ ਲਾ ਕੇ (ਅਦੁੰਦ) ਦ੍ਵੈਤ ਤੋਂ ਰਹਿਤ ਹੋ ਕੇ ਤਿੰਨਾਂ ਸਤਿਗੁਰਾਂ ਦੇ (ਦੁੰਦ) ਦੋਹਾਂ ਚਰਨਾਂ ਤੇ ਨਮਸ਼ਕਾਰ ਕਰਦਾ ਹਾਂ।

ਕਹੋਂ ਗਾਥ ਔਰ ਸਿਰਮੌਰ[1] ਸੁਨੋ ਖਾਲਸਾ ਜੀ,
[1]ਸ਼੍ਰੋਮਣੀ।

ਜਸੁਪਤਿ ਹਨਜੋ[1] ਜਿਮ ਸਿੰਘਨ ਬਨਾਇ ਕੈ।
[1]ਮਾਰਿਆ।

ਲਖਪਤ ਭਾਈ ਤਾਂ ਕਾ ਭਯੋ ਦੁਖਦਾਈ ਜਿਮ,
ਪੰਥ ਕੋ ਬਿਪੱਤੀ[1] ਤਿਨ ਪਾਈ ਬਹੁ ਆਇ ਕੈ ॥੧॥
[1]ਬਿਪਤਾ।

ਸ੍ਵੈਯਾ:

ਖਾਨ ਬਹਾਦਰ ਫੌਤ ਭਯੋ[1] ਜਬਿ,
[1]ਮਰ ਗਿਆ।

ਦੋ ਸੁਤ[1] ਔਰ ਰਹੇ ਤਿਹ ਪਾਛੇ।
[1]ਦੋ ਪੁੱਤਰ।

ਨਾਜ਼ਮ[1] ਏਕ ਲਾਹੌਰ ਭਯੋ ਤਬਿ,
[1]ਸੂਬਾ।

ਔਰ ਭਯੋ ਮੁਲਤਾਨ ਕੋ ਆਛੇ।
ਨਾਮੁ ਹੁਤੋ ਇਕ ਕੋ ਅਹੀਆ,
ਪੁਨ ਦੂਸਰ ਸ਼ਾਹ ਨਿਵਾਜ ਕਹਾਛੇ[1]।
[1]ਕਹਾਉਂਦਾ ਹੈ।

ਸ਼ਾਹਿ ਨਿਵਾਜ ਲਾਹੌਰ ਰਹੈ,
ਅਹੀਆ, ਮੁਲਤਾਨ ਰਹੈ ਸੁਖੁ ਬਾਂਛੇ[1] ॥੨॥
[1]ਸੁਖ ਨੂੰ ਚਾਹ ਕੇ।

ਕੇਤਿਕ ਦਿਵਸ ਰਹੇ ਵਹਿ ਨਾਜ਼ਮ
ਕਾਜ਼ਮ ਆਜ਼ਮ ਰਾਜ ਕਮਾਯੋ[1]।
[1](ਆਜ਼ਮ) ਵੱਡਾ (ਕਾਜ਼ਮ) ਚੰਗਾਰਾਜ ਕੀਤਾ।

ਆਪਸ ਮੈਂ ਬਿਗਰੇ, ਉਨ ਹੀ ਫਿਰ
ਜੰਗ ਮਚਾਇ ਫਤੂਰ ਉਠਾਯੋ[1]।
[1]ਡੰਡਰੌਲਾ ਪਾਇਆ।

ਸਿੰਘਨ ਕਾ ਤਬਿ ਦਾਉ ਲਗੇ,
ਯਹਿ ਭਾਖਹਿਂ ਰੱਬ ਸਬੱਬ ਬਨਾਯੋ।

ਲੂਟ ਰੁ ਕੂਟ ਪੈ ਛੂਟ ਕਰੈਂ ਬਹੁ[1],
[1]ਬਹੁਤੇ ਹੱਲੇ ਕਰਦੇ ਹਨ।
ਤੂਟ ਦਰਿਦ੍ਰ ਗਯੋ ਮਨ ਭਾਯੋ ॥ ੩ ॥

ਕਬਿੱਤ:

ਲੀਨੋਂ ਕਰਿ ਜ਼ੇਰ[1] ਅਹੀਏ ਖਾਨ ਕੋ ਨਿਵਾਜ ਸ਼ਾਹਿ,
[1]ਅਧੀਨ।
ਭਯੋ ਫੇਰ ਨਾਜ਼ਮ ਲਾਹੌਰ ਮੁਲਤਾਨ ਲੌਂ।
ਲਖਪਤ ਜਸਪਤ ਤਾਂਹਿ ਕੇ ਦਿਵਾਨ[1] ਭਏ,
[1]ਵਜ਼ੀਰ।
ਖੱਤਰੀ ਦੁਸ਼ਟ ਕਲਾਨੌਰ ਕੇ ਪਛਾਨ ਲੌਂ।
ਸਿੰਘਨ ਕਾ ਬੰਦੋਬਸਤ ਕਰਯੋ ਚਾਹੈਂ ਸੋਊ ਤਬਿ,
ਸਿੰਘ ਭੀ ਨ ਕਰੈਂ ਖੈਰ ਤਿਨ ਸੋਂ ਨਿਦਾਨ ਲੌਂ[1]।
[1]ਅੰਤ ਤੱਕ।
ਲਾਗਯੋ ਵਖੇਰਾ ਰਹੈ ਰੈਨ ਦਿਨ ਝੇਰਾ ਨਿਤ,
ਸਿੰਘਨ ਕੋ ਥਿਤ ਹੋਨੋਂ ਪਾਵੈ ਨਾਹਿਂ ਖਾਨ ਲੌਂ[1] ॥ ੪ ॥
[1]ਰੋਜ਼ਰਾਤ ਦਿਨ (ਵਿਖੇਰਾ) ਵਿਰੋਧ ਤੇ (ਝੇਰਾ) ਝਗੜਾ ਲੱਗਾ ਰਹਿੰਦਾ ਹੈ, ਸਿੰਘਾਂ ਨੂੰ ਖਾਣ ਪੀਣ ਤੱਕ ਵੀ ਬੈਠਣਾ ਨਹੀਂ ਮਿਲਦਾ।
ਹੁਤੀ ਜਸਪਤ ਕੀ ਜਾਗੀਰ ਵਾਦ-ਏਮਨਾਂ ਮੈਂ[1],
[1]ਏਮਨਾਬਾਦ (ਜ਼ਿਲਾ ਗੁੱਜਰਾਂਵਾਲਾ ਅੱਜ ਕੱਲ੍ਹ ਪਾਕਿਸਤਾਨ) ਵਿੱਚ।
ਤਹਾਂ ਏਕ ਰੋਜ ਗਯੋ ਸੋਊ ਮੋਦ ਮਾਨ ਕੈ।
ਸਿੰਘਨ ਕਾ ਦਲ ਇਤ ਉਤ ਤੈ ਫਿਰਤ ਤਹਾਂ,
ਗੁਰੂਦ੍ਵਾਰ ਦਰਸ ਹਿਤ ਪਹੁੰਚਯੋ ਅਚਾਨਕੈ[1]।
[1]ਅਚਣਚੇਤ।
ਮੇਲਾ ਗੁਰਦ੍ਵਾਰੇ ਮਿਲਿ ਪੰਥ ਨੈਂ ਅਪਾਰੇ ਕਰਯੋ,
ਸੁਨਿ ਜਸਪਤ ਜਰਯੋ ਰੋਸ ਮਨਿ ਠਾਨ ਕੈ।
ਸਿੰਘਨ ਕੀ ਸੈਨ ਮਾਹਿਂ ਬੋਲਿ ਯੌਂ[1] ਘਲਾਯੋ ਤਾਂਹਿ,
[1]ਇਸ ਤਰ੍ਹਾਂ ਕਹਿ ਕੇ।
ਸੂਝਤ ਨ[1] ਜਸਪਤ ਤੁਮ ਕੋ ਦਿਵਾਨ ਕੈ ॥ ੫ ॥
[1]ਦਿਸਦਾ ਨਹੀਂ ?
ਜਾਹੁ ਕਿਤ ਔਰ ਯਾਹਿ ਠੌਰ ਤਜਿ ਦੌਰਿ ਤੁਮ,
ਰੌਰ ਕਯੋਂ ਮਚਾਯੋ ਅਬਿ ਏਤੋ ਇਹਾਂ ਆਇ ਕੈ।
ਤੁਮ ਕੋ ਮਾਲੂਮ ਨਾਹਿਂ ਹਮਰੋ ਮੁਲਖ ਆਹਿ,
ਧਸੇ ਤੁਮ ਯਾਹਿ ਮਾਂਹਿ ਕਾਹਿ ਹਿਤ ਆਇ ਕੈ।
ਕੈਧੋ ਕਾਲ ਲਯਾਯੋ ਤੁਮੈਂ ਤੁਮਰਾ ਪ੍ਰੇਰਿ ਇਹਾਂ,
ਭਲੀ ਜੌਂ ਚਹਿਤ ਕਿਤ ਜਾਹੁ ਅਬਿ ਧਾਇ ਕੈ।
ਜੌਂ ਨ ਤੁਮੈਂ ਜੈਹੋ ਮੈਂ ਲਹੌਰ ਤੈ ਸਦੈਹੋਂ ਸੈਨ,
ਘੇਰਿ ਮਰਵੈਹੋਂ ਏਕ ਏਕ ਕੋ ਗਿਨਾਇ ਕੈ ॥ ੬ ॥
ਖਾਇ ਗਈ ਬੋਲੀ ਯਹਿ ਖੱਤਰੀ ਕੀ ਸਿੰਘਨ ਕੋ,

ਬੈਠੇ ਕਰਿ ਕੱਠ ਰੋਸ ਠੱਟ[1] ਦੜ ਬੱਟ ਕੈ। — [1]ਗੁੱਸਾ ਕਰਕੇ।
ਕਹੈਂ ਸਭਿ ਸਿੰਘ ਕਾਲ ਅਪਨੋ ਬੁਲਾਯੋ ਇਨ,
ਮੂਢ ਨੈਂ ਜਗਾਯੋ ਸੁੱਤਾ ਸ਼ੇਰ ਮੂਛ ਪੱਟ ਕੈ।
ਤਾਂਹੀਂ ਸਮੇਂ ਜਸਪਤ ਸ਼ਹਿਰ ਤੇ ਬਾਹਰ ਆਯੋ,
ਸੈਲ ਹਿਤ ਫੀਲ ਚਢਿ ਠਾਟ ਭਲ ਠੱਟ ਕੈ[1]। — [1]ਹਾਥੀ ਤੇ ਚੜ੍ਹ ਕੇ ਤੇ ਚੰਗਾ ਠਾਠ ਬਣਾ ਕੇ।
ਪੇਖਿ ਸਭਿ ਸਿੰਘਨਿ ਚੁਫੇਰਜੋਂ ਘੇਰਜੋ ਜਾਇ ਤਬਿ,
ਗਜ ਕੋ ਬਿਠਾਇ ਸੁਟਜੋ ਜਸਪਤ ਕੱਟ ਕੈ ॥੭॥
ਲੋਗ ਤਾਂਹਿ ਸੰਗਿ ਔਰ ਆਏ ਥੇ ਜੋ ਤਾਂਹੀਂ ਠੌਰ,
ਗਏ ਡਰ ਮਾਨਿ ਦੌਰ ਰੌਰ ਅਤਿਸੈ ਪਰੇ।
ਸੰਮੁਖ ਭਏ ਥੇ ਜੇਊ ਸਿੰਘਨ ਬਿਦਾਰੇ ਤੇਊ[1], — [1]ਉਹ ਮਾਰ ਦਿੱਤੇ।
ਜ਼ਖਮੀ ਬਨਾਏ ਕੇਊ ਹਾਨ ਪ੍ਰਾਨ ਤੈ ਕਰੇ[1]। — [1]ਉਨ੍ਹਾਂ ਦੇ ਪ੍ਰਾਣ ਨਾਸ਼ ਕਰ ਦਿੱਤੇ।
ਬੋਲਿ ਫਿਰ ਹੱਲਾ ਸਿੰਘ ਬਾਂਧ ਕਰਿ ਪੱਲਾ[1], — [1]ਕਤਾਰ ਬੰਨ੍ਹ ਕੇ।
ਜਾਇ ਜੱਸੂ ਕੇ ਮਹੱਲਾ ਧਸੇ ਲੋਗ ਤਾਂਹਿ ਕੇ ਫਰੇ।
ਲੂਟਯੋ ਖਜਾਨਾ ਮਨ ਭਾਵਤ ਮਹਾਨਾ ਧਨ,
ਦੂਖ ਦੈ ਹੈਰਾਨਾ ਜਨ ਔਰ ਬਹੁਧਾ ਕਰੇ[1] ॥੮॥ — [1]ਹੋਰ ਬਹੁਤ ਸਾਰੇ (ਜਸੂ ਦੇ) ਲੋਕਾਂ ਨੂੰ ਦੁੱਖ ਦੇ ਕੇ ਹੈਰਾਨ ਕੀਤਾ।

ਔਰ ਸਭਿ ਸ਼ਹਿਰ ਵੀਚ ਜ਼ਹਿਰ ਕਹਿਰ ਹਹਿਰ ਪਰਜੋ[1], — [1]ਸ਼ਹਿਰ ਵਿੱਚ ਜ਼ਹਿਰ ਵਰਗਾ ਕਹਿਰ ਦਾ (ਹਹਿਰ) ਸਹਮ ਪੈ ਗਿਆ।
ਲੂਟਬੋ ਬਜਾਰ ਔ ਅਗਾਰਨ[1] ਕੋ ਕਰਜੋ ਹੈ। — [1]ਘਰਾਂ ਨੂੰ।
ਆਯੁਧ ਅਪਾਰ ਬਾਜੀ ਬਸਨ ਬਚਿਤ੍ਰ ਚਾਰੁ[1], — [1]ਬਹੁਤੇ ਸ਼ਸਤ੍ਰ, ਘੋੜੇ ਤੇ ਅਨੇਕ ਤਰ੍ਹਾਂ ਦੇ ਸੁੰਦਰ ਬਸਤ੍ਰ।
ਲੂਟਯੋ ਬਰੁਦ ਸਿੱਕਾ ਦਾਰਦ ਬਿਦਰਜੋ ਹੈ[1]। — [1]ਆਪਣਾ ਦਲਿਦ੍ਰ ਨਾਸ਼ ਕਰ ਲਿਆ।
ਫੇਰ ਸਭਿ ਸਿੰਘ ਧਾਇ ਕਾਨਨ ਮੈਂ[1] ਧਸੇ ਜਾਇ, — [1]ਜੰਗਲਾਂ ਵਿੱਚ।
ਜੱਸੂ ਕਾ ਭਰਾਤ ਸੁਨਿ ਲੱਖੂ ਅਤਿ ਜਰਜੋ ਹੈ।
ਜਾਇ ਕੈ ਨੁਵਾਬ ਪੈ ਉਤਾਰ ਪਾਗ ਕਹਜੋ ਲੱਖੂ,
ਮੈਂ ਨ ਧਰੋਂ ਪਾਗ ਬਿਨ ਸਿੰਘਨ ਕੇ ਹਰਜੋ ਹੈ*[1] ॥੯॥ — [1]ਸਿੰਘਾਂ ਨੂੰ ਮਾਰੇ ਤੋਂ ਬਿਨਾਂ। *ਅੰਕ ਨੰ: ੯ ਦੀ ਚੌਥੀ ਤੁਕ ਦਾ ਪਾਠ ਦਿੱਲੀ ਤੇ ਅੰਮ੍ਰਿਤਸਰ ਐਡੀਸ਼ਨਾਂ ਦਾ ਸ਼ੁੱਧ ਜਾਣ ਕੇ ਛਾਪਿਆ ਹੈ, ਲਾਹੌਰ ਐਡੀਸ਼ਨ ਉੱਤ੍ਰਾਰਧ ਦੇ ਪੰਨਾ ੩੪੧ ਤੋਂ ੩੪੪ ਤੱਕ ਦੇ ਚਾਰ ਸਫ਼ਿਆਂ ਦਾ ਪਾਠ ਦਿੱਲੀ ਐਡੀਸ਼ਨ ਨਾਲ ਮਿਲਦਾ ਹੈ, ਪਰ ਸ਼ਬਦ ਜੋੜ ਘਸੀਟਾ ਸਿੰਘ ਨਾਲ ਮਿਲਦੇ ਹਨ, ਜਾਪਦਾ ਹੈ ਕਿ ਇਹ ਚਾਰ ਸਫ਼ੇ ਘਸੀਟਾ ਸਿੰਘ ਨੇ ਛਾਪੇ ਹਨ।

ਸ੍ਵੈਯਾ:

ਬੀਜ ਲਖਜੋ ਖੱਤ੍ਰੀ ਕਾ ਮੁਝੈ ਤਬਿ,
ਜੌ ਨਿਰਬੀਜ ਕਰੋਂ ਸਿੰਘ ਕੌਮੈਂ[1]। — [1]ਮੈਨੂੰ ਤਦੋਂ ਖੱਤ੍ਰੀ ਦਾ ਬੀਜ ਜਾਣਿਓਂ ਜਦੋਂ ਮੈਂ ਸਿੰਘਾਂ ਦੀ ਕੌਮ ਦਾ (ਨਿਰਬੀਜ) ਸਰਬ ਨਾਸ਼ ਕਰ ਦਿਆਂਗਾ।

ਮਾਦਰ-ਜ਼ਾਦ ਬਿਰਾਦਰ ਕਾ,
ਲਿਹੁਂ ਸਾਦਰ ਬੈਰ ਅਨਾਦਰ ਦੈਂ ਮੈਂ[1]। — [1]ਮਾਂ ਦੇ ਜੰਮੇਂ ਹੋਏ ਭਰਾ ਦਾ (ਸਾਦਿਰ) ਨਿਰਭੈ ਹੋ ਕੇ ਵੈਰ ਲਵਾਂਗਾ ਤੇ ਮੈਂ ਸਿੰਘਾਂ ਨੂੰ ਨਿਰਾਦਰੀ ਦਿਆਂਗਾ।

ਪੰਥ ਰਚਜੋ ਇਕ ਖੱਤਰੀ ਨੈਂ ਯਹਿ,
ਨਾਸ ਕਰੌਂ ਅਬਿ ਖੱਤਰੀ ਤੌ ਮੈਂ[1]। — [1]ਮੈਂ ਹੁਣ ਨਾਸ਼ ਕਰਾਂਗਾ ਤਾਂ ਖੱਤ੍ਰੀ (ਅਖਵਾਵਾਂਗਾ)।
ਖਾਨ ਕਹਜੋ ਅਬਿ ਸਾਚ ਕਰੋ,
ਸਭਿ ਮੱਦਦ ਜੋ ਚਹੀਏ ਦਿਹੁਂ ਸੋ ਮੈਂ ॥੧੦॥
ਯੌਂ ਜਬਿ ਸ਼ਾਹਿ-ਨਿਵਾਜ ਕਹਜੋ,
ਤਬਿ ਔਰ ਤੁਕਾਨਨ ਭੀ ਮਨਿ ਭਾਯੋ।
ਲਾਇ ਦਿਵਾਨ ਦਿਵਾਨ ਨਿਦਾਨ[1], — [1]ਮੂਰਖ ਦੀਵਾਨ ਲੱਖੂ ਨੇ ਸਭਾ ਲਾ ਕੇ।
ਮਿਲਾਨ ਤੁਕਾਨ ਸੁ ਬਜੋਂਤ ਬਨਾਯੋ।
ਜੇਤਿਕ ਸਿੰਘ ਲਾਹੌਰ ਵਿਖੈ,
ਤਬਿ ਥੇ ਬਸਤੇ, ਸਭਿ ਕੋ ਪਕਰਾਯੋ।
ਪਾਇ ਜੰਜੀਰ ਤੰਗੀਰ ਕਰੇ[1] ਸਭਿ, — [1]ਤੰਗ ਕੀਤੇ।
ਕੋਊ ਤਜਜੋ ਨਹਿਂ ਜੋ ਤਿਹ ਪਾਯੋ ॥੧੧॥

ਕਬਿੱਤ:

ਬੋਲ ਕੇ ਜਲਾਦਨ ਕੋ ਤਬਿ ਹੀ ਦਿਵਾਨ ਫੇਰ,
ਸਿੰਘਨ ਕੇ ਮਾਰਨੇ ਕਾ ਹੁਕਮ ਸੁਨਾਯੋ ਹੈ।
ਹੋਈ ਜਬਿ ਸਾਰ[1] ਯਾਹਿ ਸ਼ਹਿਰ ਮਝਾਰ, — [1]ਖ਼ਬਰ।
ਤਬਿ ਪਰਜੋ ਹਾਹਾਕਾਰ ਦੁਖ ਸਭਿ ਨੈਂ ਮਨਾਯੋ ਹੈ।
ਮਿਲ ਕੈ ਮਹਾਜਨ ਮਹਾਨੇ ਔ ਸਯਾਨੇ ਜਨ,
ਮੇਲਾ ਕਰਿ[1] ਲੱਖੂ ਢਿਗ ਆਏ ਬਲ ਲਾਯੋ ਹੈ। — [1]ਇਕੱਠ ਕਰਕੇ।
ਤਿਨ ਕੇ ਸੁਨੈਹੋਂ ਅਬਿ* ਨਾਮ ਕਿਛ ਸੁਨ ਲੇਹੁ, — *'ਤਿਨ ਕੇ ਸੁਨੈਹੋਂ ਅਬਿ' ਪਾਠ ਅੰਮ੍ਰਿਤਸਰ ਐਡੀਸ਼ਨ 'ਚੋਂ ਲਿਆ ਹੈ। ਮੂਲ 'ਚ ਛਪਣੋਂ ਰਹਿ ਗਿਆ ਜਾਪਦਾ ਹੈ।

ਜਿਨ ਜਿਨ ਜਾਇ ਤਬਿ ਲੱਖੂ ਸਮਝਾਯੋ ਹੈ ॥੧੨॥
ਕੌੜਾ ਮੱਲ ਕੁੰਜਾ ਮੱਲ ਦਿਲੇਰਾਮ ਹਰੀ ਮੱਲ,

ਸੁੱਖੂ-ਮੱਲ ਕਸ਼ਮੀਰੀ-ਮੱਲ ਪਹਿਚਾਨਯੋ।
ਬੈਹਲ-ਮੱਲ ਲੱਛੀ-ਰਾਮ ਸੂਰਤ ਸਿੰਘ ਦਿਵਾਨ,
ਹਰੀ ਸਿੰਘ ਗੁਲਜਾਰਾ ਸਿੰਘ ਉਰ ਆਨਯੋ।
ਭਾਈ ਦੇਸਰਾਜ ਇੱਤਜਾਦਿ ਮਿਲ ਆਏ ਬੇਸ[1], — [1]ਬਹੁਤੇ।
ਰਹੇ ਸਮਝਾਇ ਲੱਖੂ ਦੁਸ਼ਟ ਕੋ ਮਹਾਨਯੋ।
ਵੇਖ ਤੂੰ ਵਿਚਾਰ ਇਨ ਸਿੰਘਨ ਤੁਮਾਰ, ਕੌਨ
ਕੀਨੋ ਹੈ ਵਿਗਾਰ, ਜਿਨੈਂ ਚਾਹਿਤ ਤੂੰ ਹਾਨਯੋ ॥ ੧੩ ॥
ਮਾਰਯੋ ਜਿਨ ਸਿੰਘਨ ਤੁਮਾਰਾ ਭਾਈ ਜਸਪਤ,
ਤਿਨ ਕੋ ਪਕਰਿ ਮਾਰਿ ਹਮ ਨ ਹਟਾਇ ਹੈਂ।
ਨਾਂਹੀਂ ਇਨ ਮਾਹਿਂ ਦੋਸ਼ ਕਿਛੁ ਕਰਿ ਵੇਖ ਹੋਸ਼,
ਕਾਹੇ ਤੂੰ ਕਰਤ ਰੋਸ ਇਨ ਕੋ ਕੁਹਾਇ ਹੈਂ[1]। — [1]ਮਰਵਾਉਂਦਾ ਹੈ।
ਮਾਨ ਬਾਨਿ[1] ਹਮਰੀ ਦਿਵਾਨ ਜੀ ਪਛਾਨ ਭਲ, — [1]ਬਾਣੀ, ਬਚਨ।
ਹਮ ਹੇਤ ਛੋਡਿ ਏ ਤੋ ਕ੍ਰਿਤ ਕਰਿ ਖਾਇ ਹੈਂ।
ਨਾਹਕ ਦੁਖਾਏ ਜੋਊ ਕਾਹੂ ਸੋਊ ਪਾਏ ਦੁਖ,
ਐਸੋ ਕਾਮ ਕੀਏ ਤੈ ਸਕੁਲ ਨਾਸ ਪਾਇ ਹੈਂ[1] ॥ ੧੪ ॥ — [1]ਐਸਾ ਕੰਮ ਕਰਨੇ ਕਰ ਕੇ ਸਣੇ ਕੁਲ ਦੇ ਨਾਸ਼ ਹੋ ਜਾਂਦਾ ਹੈ।
ਇਤਜਾਦਿ ਬਾਤ ਵਹਿ ਰਹੇ ਬਹੁ ਭਾਂਤਿ ਕਹਿ,
ਲੱਖੂ ਕਮਜ਼ਾਤਿ[1] ਨਹਿਂ ਏਕ ਦਿਲ ਲਜਾਯੋ ਹੈ। — [1]ਨੀਚ।
ਫੇਰ ਤਿਨੈਂ ਦੱਸਯਾ ਅਮੱਸਯਾ ਹੈ ਸੋਮਵਤੀ,
ਆਜ ਨਾਹਿਂ ਮਾਰ ਕੱਲ ਕਰਜੋ ਮਨ ਭਾਯੋ ਹੈ।
ਮਾਨੀ ਨਾਹਿਂ ਕਾਈ ਤਿਨ ਸਿੰਘਨ ਕੌ ਤਾਂਹੀ ਦਿਨ,
ਪਾਪੀ ਮਹਾਂ ਬੇਰ ਬਿਨ[1] ਦੁਸ਼ਟ ਨੈ ਕੁਹਾਯੋ ਹੈ। — [1]ਦੇਰੀ ਤੋਂ ਬਿਨਾਂ।
ਰੌਰ ਸਭਿ ਠੌਰ ਪਰਯੋ ਕੈਹੈਂ ਬੁਰਾ ਗੌਰ[1] ਕਰਯੋ, — [1]ਬਹੁਤਾ।
ਪਾਪੀ ਪਾਪ ਤੈ ਨ ਡਰਯੋ ਕਹਿਰ ਕਮਾਯੋ ਹੈ ॥ ੧੫ ॥

ਸ੍ਵੈਯਾ:
ਲੋਗ ਕਹੈਂ ਨਰ ਦੋ ਵਿਧਿ ਹੈਂ ਜਗਿ,
ਚਾਤੁਰ ਮੂਰਖ ਭੇਦ ਬਤਾਏ[1]। — [1]ਫ਼ਰਕ ਦਸਦੇ ਹਨ।
ਦੀਨਨ ਕੋ ਦੁਖ ਦੇਤ ਧਨੰਤਰ,

ਪਾਇ ਸੁ ਬਿੱਦਯਾ ਬਾਦ ਉਠਾਏ[1]।

[1](ਮੂਰਖ) (ਧਨੰਤਰ) ਧਨਵਾਨ ਹੋ ਕੇ ਗ਼ਰੀਬਾਂ ਨੂੰ ਦੁੱਖ ਦੇਂਦਾ ਹੈ ਅਤੇ ਵਿੱਦਿਆ ਪਾ ਕੇ ਝਗੜੇ ਖੜ੍ਹੇ ਕਰਦਾ ਹੈ।

ਧਨ ਦਾਨ ਕਰੈ ਬਲ ਤ੍ਰਾਣ ਕਰੈ,
ਬਿੱਦਿਆ ਬਲ ਤੈ ਨਿਜਰੂਪ ਲਖਾਏ[1]।

[1](ਚਤੁਰ ਧਨਵਾਨ ਹੋ ਕੇ) ਧਨ ਦਾ ਦਾਨ ਕਰਦਾ ਹੈ ਤੇ ਬਲਵਾਨ ਹੋ ਕੇ (ਦੂਜਿਆਂ ਦੀ) (ਤ੍ਰਾਣ) ਰੱਖਿਆ ਕਰਦਾ ਹੈ ਅਤੇ ਵਿੱਦਿਆ ਦੇ ਬਲ ਨਾਲ ਆਪਣੇ ਸਰੂਪ ਨੂੰ ਜਾਣਦਾ ਹੈ।

ਚਾਤੁਰ ਯੇ, ਪਹਿਲੋ ਅਤਿ ਮੂਰਖ,
ਮਾਨਤ ਨਾ ਕਹਿਨੋ ਜੁ ਕਦਾਏ[1] ॥੧੬॥

[1](ਤੀਜੀ ਪੰਗਤੀ ਵਾਲਾ) ਇਹ ਚਤੁਰ ਹੈ ਤੇ (ਦੂਜੀ ਪੰਗਤੀ ਵਾਲਾ) ਪਹਿਲਾ ਬਹੁਤ ਮੂਰਖ ਹੈ ਜੋ ਕਹਿਆ ਹੋਇਆ ਨਹੀਂ ਮੰਨਦਾ।

ਲੋਗ ਸੰਭਾਵਤ ਗਾਇ ਰਹੇ,
ਅਰ ਦਾਇ ਰਹੇ ਅਪਨੀ ਸੁ ਜ਼ਮਾਨਤ[1]।

[1](ਸੰਭਾਵਿਤ) ਮਸ਼ਹੂਰ ਲੋਕ (ਲੱਖੂ ਨੂੰ) ਕਹਿ ਰਹੇ ਤੇ ਆਪਣੀ (ਜ਼ਮਾਨਤ) ਜ਼ਿੰਮੇਂਵਾਰੀ ਵੀ ਦੇ ਰਹੇ।

ਔ ਦਿਖਰਾਇ ਰਹੇ ਸ੍ਰੁਤਿ ਕੇ ਬਚ,
ਸੋਮਵਤੀ ਇਕ ਦੇਹੁ ਅਮਾਨਤ[1]।

[1]ਅਤੇ (ਸ੍ਰੁਤਿ) ਵੇਦਾਂ ਦੇ ਬਚਨਾਂ ਦਾ ਹਵਾਲਾ ਦੇ ਰਹੇ ਹਨ ਕਿ ਸੋਮਵਾਰ ਦੀ ਮੱਸਿਆ ਦਾ ਇਕ ਦਿਨ ਸਾਨੂੰ ਅਮਾਨਤ ਦੇ ਤੌਰ ਤੇ ਦਿਉ ਭਾਵ ਮੱਸਿਆ ਵਾਲੇ ਦਿਨ ਸਿੰਘਾਂ ਨੂੰ ਸ਼ਹੀਦ ਨਾ ਕਰੋ।

ਮਾਨੀ ਨ ਮੂਢ ਮਹਾਂ ਅਭਿਮਾਨੀ,
ਲੱਖੂ ਮਤਿ-ਫਾਨੀ ਕਰੀ ਬਡ ਖਜਾਨਤ[1]।

[1]ਮਾਰੀ ਮੱਤ ਵਾਲੇ ਲੱਖੂ ਨੇ ਵੱਡੀ (ਖਜਾਨਤ) ਬੇਈਮਾਨੀ ਕੀਤੀ।

ਯਾ ਹਿਤ ਐਸ ਕੁਲੋਗਨ ਕੇ ਕਵਿ
ਲੱਖਨ, ਦੱਖਨ ਪਾਸ ਸੁਨਾਵਤ[1] ॥੧੭॥

[1]ਇਸ ਕਰ ਕੇ ਐਹੋ ਜਿਹੇ ਖੋਟੇ ਲੋਕਾਂ ਦੇ ਲੱਛਣ ਕਵਿ (ਗਿਆਨ ਸਿੰਘ) (ਦੱਖਣ) ਚਤੁਰ ਪੁਰਸ਼ਾਂ ਪਾਸ ਸੁਣਾਉਂਦਾ ਹੈ।

ਕਬਿੱਤ:

ਸ਼ਿਵ ਕੇ ਨ ਸ਼ਕਤੀ[1] ਕੇ ਸੁੰਡੀ[2] ਸੇਸ-ਸਾਂਈ[3] ਕੇ ਨ,
[1]ਪਾਰਬਤੀ। [2]ਗਣੇਸ਼। [3]ਸ਼ੇਸ਼ਨਾਗ ਦਾ ਮਾਲਕ ਵਿਸ਼ਨੂੰ।

ਸੂਰ ਸਸਿ ਸੱਕ੍ਰ[1] ਕੇ ਨ ਸੁਰਸਰੀ[2] ਸਮੀਰ[3] ਕੇ।
[1]ਇੰਦ੍ਰ। [2]ਗੰਗਾ। [3]ਹਵਾ।

ਕਾਲੀ ਕੇ ਨ ਕ੍ਰਿਸ਼ਨ ਕੇ ਨ ਕੌਲ ਕੇ[1] ਨ ਕ੍ਰਮ ਕੇ,
[1]ਬਚਨਾਂ ਦੇ (ਪੂਰੇ ਵੀ) ਨਹੀਂ।

ਨ ਧ੍ਰਮ ਕੇ ਨਾ ਸ਼੍ਰਮ ਕੇ, ਨ ਜਾਏ ਰਾਹਗੀਰ ਕੇ[1]।
[1]ਕਿਸੇ ਨੇਕ ਪੁਰਸ਼ ਦੇ (ਜਾਏ) ਪੁੱਤਰ ਵੀ ਨਹੀਂ ਹਨ।

ਰਸਮ ਕਸਮ ਨਾਹਿਂ ਮਾਨੈਂ ਠਾਨੈਂ ਖਸਮ ਕੋ[1],
[1](ਖਸਮ) ਮਾਲਕ ਦੀਰਹੁ-ਰੀਤ ਤੇ (ਕਸਮ) ਸਹੁੰ ਨੂੰ ਵੀ ਨਹੀਂ ਮੰਨਣਾ (ਠਾਨੈਂ) ਕਰਦੇ ਭਾਵ ਨਹੀਂ ਮੰਨਦੇ।

ਧਰਮ ਪਸਮ ਜਾਨੈਂ ਪਾਤਕੀ ਸਰੀਰ ਕੇ[1]।
[1]ਸ਼ਰੀਰ ਦੇ ਪਾਪੀ ਧਰਮ ਨੂੰ (ਪਸਮ) ਪਰੇਸ਼ਾਨ ਕਰਨ ਵਾਲਾ ਜਾਣਦੇ ਹਨ।

ਅਧਿਕ ਕੁਕਾਜੇ ਸਾਜੈਂ ਹੀਨ ਗੁੱਛੀ ਰਾਜੇ ਰਾਜੈਂ,
ਬਾਜੇ ਬਾਜੇ ਬੇਈਮਾਨ* ਗੁਰੁ ਕੇ ਨ ਪੀਰ ਕੇ[1] ॥੧੮॥

[1]ਬਹੁਤੇ ਖੋਟੇ ਕੰਮ ਕਰਦੇ ਹਨ ਬਿਨਾਂ ਗੁੱਛੀ ਤੋਂ (ਰਾਜੇ) ਨਾਈ (ਰਾਜੈਂ) ਬਣੇ ਬੈਠੇ ਹਨ (ਭਾਵ ਲੋਕਾਂ ਨੂੰ ਲੁੱਟਣ ਰੂਪ ਉਨ੍ਹਾਂ ਦੇ ਸਿਰ ਮੁੰਨ ਰਹੇ ਹਨ) (ਬਾਜੇ ਬਾਜੇ) ਕੋਈ ਕੋਈ ਐਸੇ ਬੇਈਮਾਨ ਮਨੁੱਖ ਕਿਸੇ ਦੀ ਗੁਰੂ ਪੀਰ ਦੇ ਨਹੀਂ ਹਨ। *ਏਥੇ ਤੇ ਅੰਕ ਨੰ: ੧੯, ੨੨ ਤੇ ੨੩ ਦੀਆਂ ਅੰਤਲੀਆਂ ਤੁਕਾਂ ਵਿੱਚ ਅਸਲ ਪਾਠ 'ਬੇਟੀ ਚੋਦ' ਸੀ। ਅਸਾਂ ਇਸ ਨੂੰ ਅਸਭ੍ਯ ਸ਼ਬਦ ਸਮਝ ਕੇ ਬੇਈਮਾਨ ਸ਼ਬਦ ਦੀ ਵਰਤੋਂ ਠੀਕ ਸਮਝੀ ਹੈ, ਕਿਉਂਕਿ ਕਵਿ ਜੀ ਨੇ ਵੀ ਅੰਕ ਨੰ: ੨੦ ਵਿੱਚ 'ਬੇਈਮਾਨ' ਸ਼ਬਦ ਖ਼ੁਦ ਵਰਤਿਆ ਹੈ।

ਮਾਤ ਕੇ ਨ ਤਾਤ[1] ਕੇ ਨ ਜਾਤਿ ਕੇ ਨ ਭ੍ਰਾਤ ਕੇ

[1]ਪਿਤਾ।

ਨ ਮਿੱਤ੍ਰ ਪਿੱਤ੍ਰ[1] ਸੱਤ੍ਰ ਕੇ[2] ਨ ਦੇਵ ਲੋਕ ਲਾਜ ਕੇ[3]।

[1]ਵੱਡੇ ਵਡੇਰਿਆਂ ਦੇ। [2]ਵੈਰੀ ਦੇ। [3]ਪ੍ਰਲੋਕ ਵੀ ਸ਼ਰਮ ਨਹੀਂ ਕਰਦੇ।

ਮਾਨੈਂ ਪੰਚਾਯਤ ਨ ਠਾਨੈਂ ਕੋ ਇਕਾਯਤ ਨ[1],

[1]ਕੋਈ ਏਕਾ ਨਹੀਂ ਕਰਦੇ।

ਔਰ ਕੋਊ ਭਾਯਤ ਨ[1], ਆਯਤਨ ਖਾਜ ਕੇ[2]।

[1]ਹੋਰ ਕੋਈ ਚੰਗਾ ਨਹੀਂ ਲਗਦਾ। [2](ਆਯਤਨ) ਦੇਵ ਮੰਦਰਾਂ ਨੂੰ ਖਾਣ ਵਾਲੇ ਹਨ।

ਬਿੱਛੂ ਕਾ ਨ ਮੰਤ੍ਰ ਆਵੈ ਪਾਵੈਂ ਹਾਥ ਸਾਂਪਨ ਕੋ,
ਪਾਪਨ ਕੇ ਪਜਾਰੇ ਹਤਯਾਰੇ ਬੇ-ਇਲਾਜ ਕੇ[1]।

[1]ਹੱਤਿਆ ਕਰਨ ਵਾਲੇ ਹਨ ਜਿਨ੍ਹਾਂ ਦਾ ਕੋਈ ਇਲਾਜ ਨਹੀਂ।

ਨਿਮਕ ਹਰਾਮ ਬਦਕਾਮ[1] ਕਰੈਂ ਤਾਜੇ ਤਾਜੇ,

[1]ਬੁਰੇ ਕੰਮ।

ਬਾਜੇ ਬਾਜੇ ਬੇਈਮਾਨ* ਕਾਮ ਕੇ ਨ ਕਾਜ ਕੇ ॥੧੯॥

*ਦੇਖੋ ਇਸ ਬਿਸ੍ਰਾਮ ਦੇ ਅੰਕ ਨੰ: ੧੮ ਤੇ * ਨਿਸ਼ਾਨ ਦੀ ਪੈਰ ਟੂਕ।

ਰਾਮ ਕੇ ਰਹੀਮ ਕੇ ਰਸੂਲ ਕੇ[1] ਰਹਿਮੱਤ ਕੇ[2],

[1]ਪੈਗ਼ੰਬਰ ਦੇ। [2]ਦਇਆ ਦੇ।

ਦੱਤ ਕੇ[1] ਭਗੱਤ ਕੇ[2] ਨਹਿੰ ਹਨੁਮੱਤ[3] ਬੀਰ ਕੇ[11]।

[1]ਦੱਤਾ-ਤ੍ਰੇਯ ਦੇ। [2]ਭਗਤਾਂ ਦੇ ਵੀ ਨਹੀਂ। [3]ਹਨੂਮਾਨ। [11]ਮਹਾਂਬੀਰ ਦੇ। (ਮਹਾਂਬੀਰ-ਜੈਨੀਆਂ ਦਾ ਅੰਤਿਮ ਅਵਤਾਰ, ਤੀਰਥਾਂਕਰ)।

ਗੰਗ ਕੇ ਨ ਗੌਰਿ ਕੇ[1] ਗਿਰੀਸ ਕੇ[2] ਨ ਗੋਬਿੰਦ ਕੇ[3],

[1]ਪਾਰਬਤੀ ਦੇ। [2]ਸ਼ਿਵ ਦੇ। [3]ਕ੍ਰਿਸ਼ਨ ਦੇ।

ਗੁਰੁ ਕੇ[1] ਗੁਸਾਂਈਂ ਕੇ[2] ਨ ਗਜਾਨ ਗੁਨ-ਗੀਰ ਕੇ[3]।

[1]ਦਸਾਂ ਗੁਰੂਆਂ ਦੇ। [2]ਸੰਨਿਆਸੀਆਂ ਦੇ (ਅ) ਵੈਰਾਗੀਆਂ ਦੇ। [3]ਗਿਆਨ ਆਦਿ ਗੁਣਾਂ ਦੇ ਗ੍ਰਹਿਣ ਕਰਨ ਵਾਲਿਆਂ ਦੇ ਵੀ ਨਹੀਂ ਹਨ।

ਰੈਹੈਂ ਲਗੇ ਦਗੇ ਮੈਂ, ਅਲਗੇ ਹ੍ਵੈ ਨ ਵਗੈਂ ਕਬੀ[1],

[1](ਦਗ਼ੇ ਤੋਂ) ਵੱਖਰੇ ਹੋ ਕੇ ਕਦੇ ਨਹੀਂ ਚਲਦੇ।

ਜਗੇ ਜਗੇ ਕੈਹੈਂ ਹਮ ਪੂਤ ਹੈਂ ਅਮੀਰ ਕੇ।
ਭਾਜੇ ਭਾਜੇ ਕਰਿ ਹੈਂ ਅਕਾਜੇ ਪਰਪੈ ਦਰਾਜੇ[1],

[1](ਪਰਪੈ) ਗਲੀਆਂ (ਬਾਜ਼ਾਰਾਂ) ਵਿੱਚ ਨੱਠੇ ਨੱਠੇ (ਜਾਂਦੇ) (ਦਰਾਜੈ) ਬਹੁਤੇ ਖੋਟੇ ਕੰਮ ਕਰਦੇ ਹਨ।

ਬਾਜੇ ਬਾਜੇ ਬੇਈਮਾਨ ਗੁਰੁ ਕੇ ਨ ਪੀਰ ਕੇ

॥੨੦॥

ਸੁੰਦਰ ਸੁਸ਼ੀਲ ਡੀਲ ਹੈਂ ਸਮੀਲ ਢੀਲ ਬਿਨ,
ਹਿਲ ਮਿਲ ਦਿਲ ਲੇਤ ਚੋਰ ਸਮ ਚੀਰ ਕੈ[1]।

[1]ਜਿਹੜੇ (ਬੰਦੇ) ਸੁੰਦਰ ਸਰੂਪ ਤੇ ਚੰਗੇ ਨੇਕ ਸੁਭਾਵਾਂ ਤੇ ਮਿਲਵੇਂ ਕੱਦਾਂ ਵਾਲੇ ਹਨ, (ਉਨ੍ਹਾਂ ਨਾਲ) ਮਿਲ ਜੁਲ ਕੇ ਚੋਰ ਵਾਂਗ (ਉਨ੍ਹਾਂ ਦੇ) ਦਿਲ ਚੁਰਾ ਲੈਂਦੇ ਹਨ।

ਗਰਜ਼ ਬਨੀ ਪੈ ਆਇ ਲਰਜ਼ ਅਰਜ਼ ਕੈਹੈਂ,
ਤਰਜ਼ ਰਖੈ ਹੈਂ ਉਰਿ ਦੁਰ-ਤਤਬੀਰ ਕੇ[1]।

[1]ਜਦੋਂ ਕੋਈ ਲੋੜ ਆ ਬਣਦੀ ਹੈ ਤਾਂ ਆ ਕੇ ਕੰਬ ਕੇ ਬੇਨਤੀ ਕਰਦੇ ਹਨ ਪਰ (ਉਰਿ) ਦਿਲੋਂ ਖੋਟੀ ਵਿਉਂਤ ਦਾ ਢੰਗਰਖਦੇ ਹਨ।

ਪੀਠ ਪਰ ਖਾਰ ਕਰੈਂ ਢੀਠ ਦੁਰਾਚਾਰ ਧਰੈਂ,
ਵਾਤ ਬਾਤ ਹੇਤ ਰਰੈਂ*, ਹੋਤ ਸਮ ਬੀਰ ਕੇ[1]।

[1]ਪਿੱਠ ਪਿਛੇ (ਖਾਰ) ਵੈਰ ਭਾਵ ਕਰਦੇ ਹਨ, ਢੀਠ ਹੋ ਕੇ ਖੋਟੇ ਕਰਮ ਕਰਦੇ ਹਨ। (ਵਾਤ) ਮੁੱਖੋਂ (ਬਾਤ) ਗੱਲਾਂ ਪਿਆਰ ਦੀਆਂ ਕਰਦੇ (ਬੀਰ) ਭਰਾਵਾਂ ਵਾਂਗ (ਪ੍ਰਤੀਤ) ਹੁੰਦੇ ਹਨ। *ਵਾਤ ਬਾਤ ਹੇਤ ਰਰੈਂ ਪਾਠ, ਛੰਦ ਦਾ ਵਜ਼ਨ ਪੂਰਾ ਕਰਨ ਲਈ ਅਸਾਂ ਆਪਣੇ ਕੋਲੋਂ ਪਾਇਆ ਹੈ। ਮੂਲ 'ਚ ਏਨਾ ਪਾਠ ਛਪਣ ਸਮੇਂ ਹੀ ਰਹਿ ਗਿਆ ਜਾਪਦਾ ਹੈ।

ਚਾਮ ਦਾਮ ਬਾਮ ਕੇ ਪਜਾਰੇ ਬਦਨਾਮ ਭਾਰੇ[1],

[1](ਚਾਮ) ਸੁੰਦਰ ਚੰਮ ਭਾਵ ਸੁੰਦਰ ਸ਼ਕਲ, (ਦਾਮ) ਰੁਪਏ ਤੇ (ਬਾਮ) ਇਸਤ੍ਰੀਆਂ ਦੇ ਪਿਆਰੇ ਹੋਣ ਕਰ ਕੇ ਬਹੁਤੇ ਬਦਨਾਮ ਹਨ।

ਬਾਜੇ ਬਾਜੇ ਲੋਗ ਸਾਰੇ[1] ਗੁਰੁ ਕੇ ਨ ਪੀਰ ਕੇ ॥੨੧॥

[1]ਸਾਲੇ।

ਪੇਖਬੇ ਕੋ ਸਰਦਾਰ ਭਾਰੇ ਸੇ ਉਦਾਰੇ ਚਾਰੁ,
ਕਰਨੀ ਕੇ ਨੀਚ ਕਾਰੇ ਕੀਚ ਮੀਚ ਪਾਜ ਕੇ[1]।

[1]ਦੇਖਣ ਨੂੰ ਵੱਡੇ ਚੰਗੇ ਸਰਦਾਰਾਂ ਵਰਗੇ ਸੁੰਦਰ ਲਗਦੇ ਹਨ, ਕਰਨੀ ਦੇ ਨੀਚ (ਤੇ ਅੰਦਰ ਦੇ) ਕਾਲੇ ਹਨ (ਪਾਜ) ਦਿਖਾਵੇ ਦੇ (ਕੀਚ) ਚਿੱਕੜ ਵਿੱਚ (ਮੀਚ) ਫਸੇ ਹੋਏ ਹਨ।

ਜਹਾਂ ਪੇਖੈਂ ਸੁਖ ਸ੍ਵਾਦ ਤਹਾਂ ਬੋਵੈਂ ਬਿਖੋਪਾਧ[1],

[1]ਉਪਾਧੀ ਰੂਪ ਜ਼ਹਰ (ਦਾ ਬੀਜ) ਬੀਜਦੇ ਹਨ।

ਊਪਰ ਤੈ ਸਾਧੁ ਸੇ ਬਿਆਧ ਬੇਇਲਾਜ ਕੇ[1]।

[1]ਅੰਦਰੋਂ ਬੇ-ਇਲਾਜਰੋਗੀ ਹਨ।

ਕਾਹੂੰ ਕੇ ਨ ਸੰਗੀ ਰਸ-ਰੰਗੀ[1] ਭੈਣ ਭਾਣਜੀ ਕੇ,

[1]ਰਸ ਵਿੱਚ ਰੰਗੇ ਹੋਏ ਭਾਵ ਵਿਭਚਾਰੀ ਹਨ।

ਮਤਿ ਖੋਟੇ ਸੋਟੇ ਖੈਹੈਂ ਅੰਤ* ਜਮਰਾਜ ਕੇ।

*'ਅੰਤ' ਪਾਠ ਮੂਲ 'ਚ ਨਹੀਂ ਹੈ, ਵਜ਼ਨ ਪੂਰਾ ਕਰਨ ਲਈ ਅਸਾਂ ਆਪਣੇ ਕੋਲੋਂ ਪਾਇਆ ਹੈ।

ਲਾਜੈ ਕਾ ਨ ਲਾਜੈਂ ਕਾਜੈਂ, ਖਾਜੇ ਹੀ ਕੇ ਪਾਜੇ ਸਾਜੇ[1],

[1]ਕੰਮ (ਭਾਵੇਂ) ਸ਼ਰਮ ਦਾ ਹੋਵੇ ਤਾਂ ਵੀ ਸ਼ਰਮ ਨਹੀਂ ਕਰਦੇ (ਕੰਮ) ਖਾਣ ਦੇ ਤੇ (ਪਾਜੇ) ਲੋਕ ਦਿਖਾਵੇ ਦੇ ਹੀ (ਸਾਜੇ) ਕਰਦੇ ਹਨ।

ਬਾਜੇ ਬਾਜੇ ਬੇਈਮਾਨ*, ਕਾਮ ਕੇ ਨ ਕਾਜ ਕੇ

*ਦੇਖੋ ਇਸ ਬਿਸ੍ਰਾਮ ਦੇ ਅੰਕ ਨੰ: ੧੯ ਤੇ * ਨਿਸ਼ਾਨ ਦੀ ਪੈਰ

॥੨੨॥

ਟੂਕ।

ਆਪ ਤੇ ਨ ਹੋਇ ਭਲਾ ਦੂਸਰੇ ਕੋ ਦੇਤ ਖੋਇ[1],

[1]ਦੂਜੇ ਦਾ (ਲਾਭ) ਗਵਾ ਦੇਂਦੇ ਹਨ।

ਐਸੇ ਬਦ-ਖੋਇ[1] ਜੋਇ, ਜਗ ਮੈਂ ਅਕਰੌਰਾ ਹੈਂ[2]।

[1]ਬੁਰੀ ਆਦਤ ਵਾਲੇ। [2]ਬਹੁਤੇ ਨਿਰਦਈ ਹਨ।

ਪੂਠੇ ਪਗ ਪੈਹੈਂ ਮਗ, ਗੂਠੇ ਦਿਖਰੈ ਹੈਂ ਜਗਿ,
ਝੂਠੇ ਜਾਲ ਸਾਜ, ਅਗ ਲੂਠੇ ਕਰਿ ਹੌਰਾ ਹੈਂ[1]।

[1]ਰਸਤੇ ਵਿੱਚ ਪੁੱਠੇ ਪੈਰੀਂ ਚਲਦੇ ਹਨ, ਜਗਤ ਨੂੰ ਠੁੱਠ ਵਿਖਾਉਂਦੇ ਹਨ, ਝੂਠੇ ਤੇ ਛਲੀਏ ਹਨ, ਤ੍ਰਿਸ਼ਨਾ ਦੀ ਅੱਗ ਦੇ ਸੜੇ ਹੋਏ (ਹੌਰਾ) ਹੋਛੀਆਂ ਗੱਲਾਂ ਕਰਦੇ ਹਨ।

ਆਖੇ ਲਗੈਂ ਕਾਹੂੰ ਕੇ ਨ, ਕਰਤ ਮਜਾਖੇਂ[1] ਫਿਰੈਂ,

[1]ਮਖ਼ੌਲ।

ਚਾਖੇਂ ਰਸ ਰੋਸ ਲਾਖੇ, ਮਾਖੇ ਰਹੈਂ ਬੌਰਾ ਹੈਂ[1]।

[1]ਗੁੱਸੇ ਦਾ ਰਸ ਚਖਦੇ ਦੇਖੀਦੇ ਹਨ ਤੇ (ਮਾਖੇ) ਕ੍ਰੋਧ ਵਿੱਚ ਸ਼ੁਦਾਈ ਹੋਏ ਰਹਿੰਦੇ ਹਨ।

ਕਾਮ ਕੇ ਨ ਕਾਜ ਕੇ ਨ ਸੱਜਨ ਸਮਾਜ ਕੇ[1] ਨ,

[1]ਭਾਈਚਾਰੇ ਦੇ। (ਅ) ਕੌਮ ਦੇ।

ਬਾਜੇ ਬਾਜੇ ਬੇਈਮਾਨ* ਕਾਠ ਕੇ ਗਦੌਰਾ ਹੈਂ[1] ॥੨੩॥

[1]ਲੱਕੜ ਦੇ ਗਦੌੜੇ ਹਨ। (ਗਦੌੜਾ-ਪੁਰਾਣੇ ਸਮੇਂ ਵਿਆਹ ਸ਼ਾਦੀਆਂ ਸਮੇਂ ਮੈਦੇ ਦੇ ਘਿਉ 'ਚ ਤਲੇ ਹੋਏ ਮੋਟੇ ਮੋਟੇ ਗੋਲ ਗੋਲ ਕਿੰਗਰਿਆਂ ਵਾਲੇ ਮਿੱਠੇ ਮੇਵੇ ਪਾ ਕੇ ਬਣਾਏ ਹੋਏ ਪਰਾਉਂਠਿਆਂ ਜੇਹੇ ਜੋ ਪਿੰਡਾਂ ਵਿੱਚ ਘਰ ਘਰ ਵੰਡਦੇ ਸਨ।)
*ਦੇਖੋ ਇਸ ਬਿਸ੍ਰਾਮ ਦੇ ਅੰਕ ਨੰ: ੧੯ ਤੇ * ਨਿਸ਼ਾਨ ਦੀ ਪੈਰ ਟੂਕ।

ਈਸਾ ਕੇ ਨ ਮੂਸਾ ਕੇ ਨ, ਰਾਮ ਕੇ ਰਸੂਲ ਕੇ[1] ਨ,

[1]ਮੁਹੰਮਦ ਸਾਹਿਬ ਦੇ।

ਨੀਤਿ ਪਰਤੀਤਿ[1] ਕੇ ਨ ਸ੍ਵਾਰਥ ਅਕੌਰਾ ਹੈਂ[2]।

[1]ਨਾਰਾਜਨੀਤੀ ਤੇ ਨ ਭਰੋਸੇ ਦੇ (ਯੋਗ) ਹਨ। [2]ਆਪਣੇ ਮਤਲਬ ਦੇ (ਅਕੌਰਾ) ਮਿੱਠੇ ਹਨ।

ਪਹਿਨ ਪੁਸ਼ਾਕ ਪਾਕ ਉਸ਼ਨਾਕ ਹ੍ਵੈ ਕਜ਼ਾਕ,
ਬਾਂਕ ਤਾਕ ਤੀਯਾ-ਪਰ ਧਨ ਮਨਿ ਦੌਰਾ ਹੈਂ[1]।

[1](ਉਸ਼ਨਾਕ) ਚਾਲਾਕ (ਕਜ਼ਾਕ) ਲੁਟੇਰੇ ਹੋ ਕੇ (ਬਾਂਕ) ਸੁੰਦਰ ਇਸਤ੍ਰੀਆਂ ਤੇ ਪਰਾਏ ਧਨ ਦੇ ਦੇਖਣ ਵਿੱਚ ਮਨ ਦੌੜਾਉਂਦੇ ਹਨ।

ਅਕਲ ਨ ਸ਼ਕਲ ਨਕਲ ਕਰਿ ਹਾਸੈਂ ਲੋਗ,
ਗੋਬਰ ਗਨੇਸ ਬੇਸ ਚੋਬਰ ਬਟੌਰਾ ਹੈਂ[1]।

[1]ਗੋਹੇ ਦੇ ਗਣੇਸ਼ ਤੇ (ਚੋਬਰ) ਨੌਜਵਾਨਾਂ ਦਾ (ਬੇਸ) ਲਿਬਾਸ (ਬਟੌਰਾ) ਇਕੱਠਾ ਕੀਤਾ ਹੈ।

ਅੰਗਨ ਕੇ ਮਾਨੁਖ ਤੈ ਢੰਗਨ ਕੇ ਪੂਰੇ ਪਸੁ[1],

[1]ਅੰਗਾਂ ਕਰ ਕੇ ਮਨੁੱਖ ਤੇ ਢੰਗਾਂ ਭਾਵ ਕਰਮਾਂ ਕਰ ਕੇ ਪੂਰੇ ਪਸ਼ੂ ਹਨ।

ਬਾਜੇ ਬਾਜੇ ਨਿਰੇ ਪੁਰੇ ਕਾਠ ਕੇ ਗਦੌਰਾ ਹੈਂ ॥੨੪॥

ਲੱਖੂ ਨੈਂ ਲਹੌਰ ਔਰ ਡੌਂਡੀ ਫਿਰਵਾਈ ਫੇਰ,
ਸਭਿ ਹੀ ਕੋ ਯਾਹਿ ਬਿਧਿ ਹੁਕਮ ਸੁਨਾਯੋ ਹੈ।

ਕੋਊ ਨਾਹਿਂ ਪਢੈ ਸੁਨੈ ਬਾਨੀ ਅਬਿ ਨਾਨਕ ਕੀ,
ਮੰਨਬੋ ਨ ਕੋਊ ਗੁਰੁ[1], ਸਿੱਖ ਨਾ ਕਹਾਯੋ ਹੈ। — [1]ਕੋਈ ਉਨ੍ਹਾਂ ਨੂੰ ਗੁਰੂ ਨਾ ਮੰਨੋ।
ਸਿੱਖ ਜੁ ਸਦੈਹੈਂ ਹਮ ਤੁਰਕ ਬਨੈਹੈਂ ਤਾਂਹਿ,
ਵਾਹਿਗੁਰੂ ਛੋਡਿ ਨਾਮ ਔਰ ਭਜੋ ਭਾਯੋ ਹੈ[1]। — [1](ਆਪਣੇ ਮਨ) ਭਾਉਂਦਾ ਹੋਰ ਕੋਈ ਨਾਮ ਦਾ ਭਜਨ ਕਰੋ।
ਗੁੜ ਨਾਮ ਛੋਡਿ ਰੋੜੀ ਨਾਮ ਸੋਂ ਬਿਹਾਰ ਕੀਜੋ[1], — [1]ਵਰਤੋਂ ਕਰੋ।
ਗੁੜ ਕਹੇ ਗੁਰੁ ਨਾਮ ਹੋਤ ਬਿਦਤਾਯੋ ਹੈ ॥੨੫॥
ਤਬਿ ਤੈ ਲਹੌਰੀ ਲੋਗ ਗੁੜ ਕੋ ਕਹਿਤ ਰੋੜੀ,
ਬਾਤ ਬਖਯਾਤ ਸੋਈ ਚਲੀ ਜਾਤ ਅਬਿਹੀ।
ਫੇਰ ਕੋਪ ਠਾਨ ਕੈ ਦਿਵਾਨ ਲੈ ਮਹਾਨ ਸੈਨ,
ਚਢਯੋ ਬਿਨ ਚੈਨ ਐਨ ਸਿੰਘਨ ਪੈ ਤਬਿਹੀ।
ਔਰ ਮੁਲਕਨਿ[1] ਮੁਲਤਾਨੀ ਔ ਬਹਾਵਲੀਏ, — [1]ਹੋਰ ਮੁਲਕਾਂ ਦੇ।
ਪਰਬਤੀ ਪਿਸ਼ੌਰੀ ਬੁਲਵਾਏ ਨ੍ਰਿਪ ਸਭਿਹੀ।
ਆਏ ਬਿਨ ਦੇਰ ਤੈ ਕਸੂਰੀ ਔ ਜਲੰਧਰੀਏ,
ਅਨੀ ਘਨੀ[1] ਲੈ ਕੇ ਯੌਂ ਦਿਵਾਨ ਚਢਯੋ ਜਬਿਹੀ ॥੨੬॥ — [1]ਬਹੁਤੀ ਫੌਜ।
ਹਾਲ-ਚਾਲ ਪਰੀ ਸਭਿ ਦੇਸਨ ਬਿਸਾਲ ਤਬਿ,
ਧੂਰ ਸੰਗ ਪੂਰ ਰਹਯੋ ਨਭ[1] ਸੂਰ ਢਾਂਪਯੋ[2]। — [1]ਅਕਾਸ਼। [2]ਸੂਰਜ ਢੱਕਿਆ ਗਿਆ।
ਆਈ ਰੈਨ ਕਜਾਮਤ ਕੈ ਮੇਘ ਮਹਾਂ ਘੋਰਿ[1] ਉਠੇ, — [1]ਗਰਜ ਕੇ।
ਪਰਲੋ ਕਰਨ ਹੇਤ ਕੈਧੋ ਸਿੰਧ ਜਾਪਯੋ[1]। — [1]ਜਾਂ ਸਮੁੰਦਰ ਹੀ ਜਾਣਿਆਂ।
ਧਰਨੀ ਬਰ-ਬਰਾਤ ਗਿਰਿ ਗਿਰਿ ਗਿਰ ਪਾਤ,
ਦਿੱਗਜ ਚਿਲ-ਚਿਲਾਤ ਸ਼ੇਸ਼ ਕੋਲ ਕਾਂਪਯੋ[1]। — [1]ਧਰਤੀ ਕੰਬ ਰਹੀ ਹੈ, ਪਹਾੜ ਡਿੱਗ ਡਿੱਗ ਪੈਂਦੇ ਹਨ, ਦਿਸ਼ਾ ਦੇ ਹਾਥੀ ਚੀਕਾਂ ਮਾਰਦੇ ਹਨ, ਸ਼ੇਸ਼ਨਾਗ ਤੇ (ਕੋਲ) ਸੂਰ ਕੰਬ ਗਏ।
ਦਨੁਜ ਮਨੁਜ ਦੇਵ[1] ਕੈਹੈਂ ਸਭਿ ਆਪਸ ਮੈਂ, — [1]ਦੈਂਤ, ਮਨੁੱਖ ਤੇ ਦੇਵਤੇ।
ਕਹਾਂ ਹ੍ਵੈ ਹੈ ਭਾਈ ਯਾਹਿ ਕੌਨ ਕਾਲ ਆ ਪਯੋ[1] ॥੨੭॥ — [1]ਕਿਹੜਾ ਕਾਲ ਆ ਪਿਆ ਹੈ, ਭਾਵ ਕਿਹੋ ਜਿਹਾ ਸਮਾਂ ਆ ਗਿਆ ਹੈ।
ਲੋਕ ਜੇ ਪੰਜਾਬੀ ਕੈਹੈਂ ਹੋਇ ਹੈ ਖਰਾਬੀ ਅਬਿ,
ਲੱਖੁ ਲੈ ਬਿਲੱਖੁ[1] ਦਲ ਚਢਯੋ ਕੋਪ ਧਾਰ ਹੈ। — [1]ਅਣਗਿਣਤ।
ਤੁਰਕਨ ਕਾ ਦਲ ਚੂਨ[1], ਨੂਨ ਸਮ ਸਿੰਘ ਇਤ, — [1]ਆਟੇ (ਸਮਾਨ ਹੈ)।
ਮੁਸਲੇ ਤੁਫਾਨ ਔ ਬਘੂਰੇ ਸਿੰਘ ਸਾਰ ਹੈਂ[1]। — [1]ਸਿੰਘ ਵਾ-ਵਰੋਲਿਆਂ ਵਰਗੇ ਹਨ।

ਜੁਝੈਂ ਸਭਿ ਸਿੰਘ ਸੀਝਿ[1] ਚਢਜੈ ਦੁਸ਼ਟ ਲੱਖੁ ਖੀਝਿ,

[1]ਸਾਰੇ ਸਿੰਘ (ਜੁਝੈ) ਲੜ ਕੇ (ਸੀਝ) ਮੁਕਤ ਹੋ ਜਾਣਗੇ।

ਸਿੰਘਨ ਕੋ ਨਿਰਬੀਜ ਕਰਿ ਅਬਿ ਡਾਰ ਹੈ[1]।

[1]ਹੁਣ ਸਿੰਘਾਂ ਦਾ ਸਰਬ-ਨਾਸ਼ ਕਰ ਸੁੱਟੇਗਾ।

ਕੇਈ ਰਰੈਂ[1] ਭਲੀ ਕਰੈ ਰਾਮ ਸਭਿ ਸਿੰਘ ਮਰੈਂ,

[1]ਕਹਿੰਦੇ ਹਨ।

ਹਮ ਕਰਿ ਰਾਖੇ ਥੇ ਦੁਖਜਾਰੇ ਇਨ ਭਾਰ ਹੈਂ ॥੨੮॥

ਸਿੰਘਨ ਖਬਰ ਏਹੁ ਜਬਰ ਸੁਨੀ ਜੌ ਗੁਨੀ,
ਗਈ ਮਤਿ ਭਬਰ ਸਬਰ ਖੈਂਚਿ ਪੈ ਰਰਜੋ[1]।

[1]ਜਦੋਂ ਸਿੰਘਾਂ ਨੇ ਜ਼ਬਰਦਸਤ ਖ਼ਬਰ ਸੁਣ ਕੇ ਜਾਂ ਵਿਚਾਰੀ ਤਾਂ ਮਤ ਚੱਕ੍ਰਿਤ ਹੋ ਗਈ (ਪਰ) ਸਬਰ ਧਾਰ ਕੇ ਫੇਰ (ਇਸ ਤਰ੍ਹਾਂ) ਕਿਹਾ।

ਕਹਾਂ ਭੈ ਹੈ ਐਹੈ ਜੋ ਜਹਾਨਿ ਤੁਰਕਾਨ ਚਢਿ,
ਕੈਹੈ ਜੋ ਅਕਾਲ ਥੈਹੈ ਵੈਹੈ ਹਮ ਹੈ ਧਰਜੋ[1]।

[1]ਜੇ ਭਾਵੇਂ ਸੰਸਾਰ ਦੇ ਸਾਰੇ ਤੁਰਕ ਵੀ ਚੜ੍ਹ ਕੇ ਆ ਜਾਣ ਤਾਂ ਵੀ ਕਾਹਦਾ ਡਰ ਹੈ, ਅਸਾਂ ਇਹੋ (ਧਰਜੋ) ਨਿਸ਼ਚਾ ਕੀਤਾ ਹੈ ਕਿ ਜੋ ਅਕਾਲ ਪੁਰਖ ਕਰੇਗਾ ਉਹੋ ਹੋਵੇਗਾ।

ਢੀਲੀ ਸੁੱਟ ਗਰਦਨ ਸਰਦ ਨ ਸ੍ਵਾਸ ਖੈਂਚੋ,
ਮਰਦਨ ਪਰ ਭਰ ਦਿਨ ਕੈਸ ਨੈ ਪਰਜੋ[1]।

[1]ਧੌਣ ਢਿੱਲੀ ਸੁੱਟ ਕੇ ਠੰਢੇ ਸਾਹ (ਹਾਹੁਕੇ) ਨਾ ਖਿੱਚੋ (ਭਰੋ) ਮਰਦਾਂ (ਭਾਵ ਸਿੰਘਾਂ) ਦੇ ਉਪਰ ਕਿਹੜੇ ਦਿਨ (ਭਰ) ਜੰਗ ਨਹੀਂ ਪਿਆ।

ਧੀਰਜ ਨ ਹਾਰੋ ਨਿਜ ਬੀਰਜ[1] ਸੰਭਾਰੋ ਬੀਰ,

[1]ਬਲ।

ਭੀਰ ਜਬਿ ਪੈਹੈ ਬਿਨੈਂ ਗੁਰੁ ਕਨੈ ਤੌਂ ਕਰਜੋ[1] ॥੨੯॥

[1]ਤਾਂ ਗੁਰਾਂ ਦੀ (ਕਨੈ) ਤਰਫ ਭਾਵ ਗੁਰਾਂ ਅੱਗੇ ਬੇਨਤੀ ਕਰੋ।

ਸਿੰਘ ਪਦ ਲੀਤ ਮਾਰ ਲੂਟ ਨੀਤ ਕੀਤ ਜਿਨੈਂ,
ਤਿਨੈਂ ਫੇਰ ਮੀਤ ਕਜੋਂ ਸਭੀਤ ਚੀਤ ਕਰਨੋਂ[1]।

[1]ਹੇ ਮਿੱਤਰੋ ! ਉਨ੍ਹਾਂ ਨੂੰ ਫੇਰ ਭੈਅ ਦੇ ਸਹਿਤ ਚਿੱਤ ਕਿਉਂ ਕਰਨੇ ਚਾਹੀਦੇ ਹਨ, ਭਾਵ ਨਹੀਂ ਕਰਨੇ ਚਾਹੀਦੇ।

ਜਰਮ ਮਰਨ ਤੈ ਨ ਡਰਨ ਸਤੀ ਸੁ ਤੀਯਾ,
ਆਸ਼ਕ ਮਸ਼ੂਕ ਜਜੋਂ ਅਚੂਕ ਦੂਖ ਭਰਨੋਂ[1]।

[1]ਜਿਵੇਂ ਸਤੀ ਹੋਣ ਵਾਲੀਆਂ ਇਸਤ੍ਰੀਆਂ ਸੜਨ ਤੇ ਮਰਨ ਤੋਂ ਨਹੀਂ ਡਰਦੀਆਂ ਤੇ ਆਸ਼ਕ ਤੇ ਮਾਸ਼ੂਕ ਜਿਵੇਂ (ਅਚੂਕ) ਬਹੁਤੇ ਦੁਖ ਪਾਉਂਦੇ ਹਨ।

ਖੇਲਨੇ ਕਾ ਚਾਉ ਜੇ ਪ੍ਰੇਮ ਤੈਨੂੰ ਪਜਾਰੇ ਸੰਗ,
ਸਿਰ ਧਰ ਤਲੀ ਗਲੀ ਆਉ ਗੁਰੁ ਵਰਨੋ[1]।

[1]ਗੁਰਾਂ ਨੇ ਕਿਹਾ ਹੈ:-ਯਥਾ ਗੁਰਵਾਕ "ਜਉ ਤਉ ਪ੍ਰੇਮ ਖੇਲਣ ਦਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ"॥ (ਪੰਨਾ ੧੪੧੨)

ਜਮ ਕੀ ਤਗੀਦ ਤੈ ਰਸੀਦ ਚੈਹੁ ਜੇ ਮਹੀਦ[1],

[1]ਜਮਾਂ (ਪਾਸ ਪੁੱਜਣ) ਦੀ (ਤਾਗੀਦ) ਪਕਿਆਈ ਤੋਂ ਜੋ

(ਮਹੀਦ) ਵੱਡਾ (ਰਸੀਦ) ਛੁਟਕਾਰਾ ਪਾਉਣਾ ਚਾਹੁੰਦੇ ਹੋ।

ਗੀਦਿ-ਪਨੋਂ ਛੋਡਿ ਹ੍ਵੈ ਸ਼ਹੀਦ ਭਵ ਤਰਨੋਂ ॥੩੦॥

ਜੰਗ ਸੰਗ ਬੈਰਿਨ ਨਿਸੰਗ ਹੋਇ ਲੇਹੁ ਅੰਗ,
ਰੰਗ ਬਦਰੰਗ ਹਾਰ ਜੀਤ ਗੁਰੁ ਕੋ ਅਹੀ[1]।

[1]ਵੈਰੀਆਂ ਨਾਲ ਨਿਸੰਗ ਹੋ ਕੇ ਜੰਗ ਦਾ (ਅੰਗ) ਪੱਖ ਲਉ, ਚੰਗੇਰੰਗ ਤੇ ਮਾੜਾਰੰਗ ਜਿੱਤ ਤੇ ਹਾਰ ਗੁਰੂ ਦੇ ਵੱਸ ਵਿੱਚ ਹੈ।

ਜੋ ਕਰੈਹੈ ਸੋ ਕਰੈਹੁ ਰੈਹੁ ਮਨ ਮੋਦ ਸਦ,
ਲੈਹੁ ਜਦ ਕਦ ਪਦ ਮੋਖ ਭੋਗ ਕੋ ਸਹੀ[1]।

[1]ਜੋ ਗੁਰੂ ਕਰਾਉਂਦਾ ਹੈ ਉਹ ਕੰਮ ਕਰੋ ਤੇ ਅਨੰਦਰਹੋ, ਜਦੋਂ ਕਦੋਂ ਸਦਾ ਨਿਸ਼ਚੇ ਕਰ ਕੇ ਭੋਗ ਮੋਖ ਦੀ ਪਦਵੀ ਲਉ।

ਕਾਮ ਹੈ ਤਿਹਾਰੋ ਏਹੈ ਰੋਜ ਕੋ ਨਿਹਾਰੋ ਬੀਰ,
ਓਜ ਕੋ ਸੰਭਾਰੋ ਨਯੋ ਪਯੋ ਆਜ ਕੋ ਨਹੀਂ[1]।

[1]ਅੱਜ ਕੋਈ ਨਵਾਂ (ਜੰਗ ਦਾ ਕੰਮ) ਨਹੀਂ ਪਿਆ।

ਜੱਸਾ ਸਿੰਘ ਆਹਲੂਵਾਲੈਂ ਗਾਇ ਕੈ ਬਿਸਾਲੈਂ ਇਮ,
ਪੰਥ ਮੈਂ ਉਤਾਲੈਂ ਥੀ ਮਿਸਾਲੈਂ ਫਿਰ ਯੌਂ ਕਹੀਂ[1] ॥੩੧॥

[1]ਪੰਥ ਵਿੱਚ ਫੇਰ ਛੇਤੀ ਇਸ ਤਰ੍ਹਾਂ ਦੇ ਉਦਾਹਰਣ ਕਹੇ।

ਕੋਕਲਾ[1] ਕੋ ਕੌਨੈਂ ਕਹਜੋ ਬੈਨ ਕਲ[2] ਬੋਲਬੇ ਕੋ,
ਸਫਰੀ[1] ਸਿਖਾਈ ਕਿਨ ਨੀਰ-ਨਿਧ[2] ਤਰਬੋ।
ਚਾਤਕ ਨੈ[1] ਸ੍ਵਾਂਤਿ[2] ਕਾ ਮਹਾਤਮ ਕਹਾਂ ਤੈ ਸੁਨਜੋ,
ਸੂੰਮ ਕਹਾਂ ਸੀਖਜੋ ਧਨ ਸੰਚਿ[1] ਧਰਾ ਧਰਬੋ।
ਗਜਾਨ ਹਰਿ ਹੰਸ ਨਜਾਯਕਾਰੀ[1] ਹੈਂ ਪਢਾਏ ਕਿਨ,
ਨੀਰ ਛੀਰ ਸਾਚ ਕੂਰ ਭਿੰਨ ਕੈ ਦਿਖਰਬੋ[1]।

[1]ਕੋਇਲ। [2]ਸੁੰਦਰ।
[1]ਮੱਛੀ। [2]ਸਮੁੰਦਰ।
[1]ਪਪੀਹੇ ਨੇ। [2]ਸ੍ਵਾਂਤੀ ਬੂੰਦ ਦਾ।
[1]ਇਕੱਠਾ ਕਰਕੇ।
[1]ਇਨਸਾਫ਼ ਕਰਨ ਵਾਲੇ।
[1]ਪਾਣੀ ਤੇ ਦੁੱਧ ਸੱਚ ਤੇ ਝੂਠ ਨੂੰ ਵੱਖਰਿਆਂ ਕਰ ਕੇ ਦਿਖਾਉਣਾ।

ਦਾਤਾ ਦਾਨ ਦੈਨ ਕੀ ਜਜੋਂ ਪਾਧੇ ਪੈ ਨ ਪਾਟੀ[1] ਪਢੇ,
ਸਿੰਘ ਕੌਮ ਤਜੋਂ ਸੁਭਾਵ ਬੈਰਿਨ ਬਿਦਰਬੋ ॥੩੨॥

[1]ਫੱਟੀ ਭਾਵ ਵਿੱਦਿਆ।

ਸਤੀਆਂ[1] ਕੋ ਪਤੀਆਂ ਕੀ ਸੇਵ ਪਤਿਬ੍ਰਤ ਧ੍ਰਮ,
ਸਿਖਰਾਯੋ ਕੌਨੈਂ ਜਤੀਆਂ ਕੋ ਜਤ ਧਾਰਬੋ।
ਸੂਰਬੀਰ ਤਾਈ ਸੂਰਬੀਰਨ ਦਿਢਾਈ ਕਿਨ,
ਬਾਜਰਾਜ[1] ਸੀਖੇ ਕਹਾਂ ਖਗ[2] ਮ੍ਰਿਗ ਮਾਰਬੋ।
ਕੇਹਰ ਕੇ ਛੌਨੈਂ ਬੈਠਿ ਬੇਹਰ ਪਢਾਏ ਕੌਨੈ,
ਮਾਤੇ ਗਜ-ਰਾਜਨ ਕੇ ਕੁੰਭਨ ਬਿਦਾਰਬੋ[1]।

[1]ਸਤ ਵਾਲੀਆਂ ਇਸਤ੍ਰੀਆਂ।
[1]ਮ੍ਰਿਗਰਾਜ ਦਾ ਸੰਖੇਪ, ਸ਼ੇਰ। [2]ਪੰਛੀ।
[1]ਸ਼ੇਰਾਂ ਦੇ ਬੱਚਿਆਂ ਨੂੰ (ਬੇਹਰ) ਸੰਘਣੇ ਜੰਗਲ ਵਿੱਚ ਬੈਠ ਕੇ

ਮਸਤ ਹਾਥੀਆਂ ਦੇ (ਕੁੰਭਨ) ਸਿਰਾਂ ਨੂੰ ਨਾਸ਼ ਕਰਨਾ ਕਿਸ ਨੇ ਪੜ੍ਹਾਇਆ ਹੈ।

ਪਾਰਬੋ ਪਰੇਮ ਕਹਾਂ ਭਗਤ ਜਗਤਿ ਪਢੇ,
ਕਹਜੋ ਕਿਨ ਕਬਿਨਿ ਕਬਿੱਤਨ ਕੋ ਢਾਰਬੋ[1] ॥ ੩੩ ॥

[1]ਜਗਤ ਵਿੱਚ ਭਗਤ ਪ੍ਰੇਮ ਦਾ ਪਾਲਣਾ ਕਿਥੋਂ ਪੜ੍ਹੇ ਹਨ, ਕਵੀਆਂ ਨੂੰ ਕਬਿੱਤਾਂ ਦਾ (ਢਾਰਨਾ) ਬਣਾਉਣ ਦਾ ਤ੍ਰੀਕਾ ਕਿਸ ਨੇ ਕਿਹਾ ਭਾਵ ਸਿਖਾਇਆ ਹੈ।

ਮੁਕਤਾ ਕੇ ਪੁਕਤਾ ਬਨਾਨ ਕੇਰ ਬੁਕਤਾ,
ਸਿਖਾਏ ਕਿਨ ਸੁਕਤਾ ਅਰੁਕਤਾ ਨਿਹਰ ਹੈਂ[1]।

[1](ਸੁਕਤਾ) ਸਿੱਪੀਆਂ ਨੂੰ (ਮੁਕਤਾ) ਮੋਤੀਆਂ ਦੇ (ਪੁਕਤਾ) ਪੱਕੇ (ਬੁਕਤਾ) ਬੁਕਤੇ ਬਣਾਉਣੇ ਕਿਸ ਨੇ ਸਿਖਾਏ ਹਨ, (ਜੋ) ਬਿਨਾਂਰੋਕ ਤੋਂ (ਆਪਣੇ ਆਪ ਬਣਦੇ) ਦੇਖੀਦੇ ਹਨ। (ਬੁਕਤਾ-ਸਿੱਪੀ ਦੇ ਬਾਹਰਲੇ ਖਲੜ ਵਿੱਚ ਉਹ ਖਾਨਾ ਜਿਸ ਵਿੱਚ ਮੋਤੀ ਪੱਕਾ ਬਣਦਾ ਹੈ)।

ਨਿਜ ਸੁਤ ਨੈਨ ਬਾਜ ਖੋਲ੍ਹ ਹੈ ਮਮੀਰਾ ਲਜਾਇ[1],

[1]ਮਮੀਰਾ ਲਿਆ ਕੇ ਬਾਜ਼ ਆਪਣੇ ਪੁੱਤ੍ਰ ਦੀਆਂ ਅੱਖਾਂ ਖੋਲ੍ਹਦਾ ਹੈ।

ਪਾਰਸ ਕੇ ਸੰਗ ਉੱਲੂ ਆਂਡਾ ਨਿਜ ਹਰ ਹੈ[1]।

[1](ਬੱਚਾ ਕੱਢਣ ਵੇਲੇ) ਆਪਣਾ ਆਂਡਾ ਤੋੜਦਾ ਹੈ।

ਗਜਾਨ ਹਰਿ ਜਾਂ ਕੀ ਕੁਲ ਕਰੇ, ਹ੍ਵੈ ਸੁਭਾਵ ਜੈਸੋ,
ਤੈਸੋ ਭਾਵ[1] ਦਾਵ ਘਾਵ ਖੁਦ ਹੀ ਸੋ ਕਰ ਹੈ।

[1]ਖ਼ਿਆਲ।

ਢਰ ਹੈ ਕਪੋਤਨ ਪੈ[1] ਬਹਿਰੀ ਜਜੋਂ ਕੁਹੀ ਕੂੰਜ,

[1]ਕਬੂਤਰਾਂ ਤੇ ਪੈਂਦੀ ਹੈ।

ਸਿੰਘ ਕੌਮ ਜੰਗ ਮੈਂ ਤਜੋਂ ਬੈਰਿਨ ਪੈ ਪਰ ਹੈ ॥ ੩੪ ॥

ਇਤਜਾਦਿ ਬਾਤ ਭਾਂਤਿ ਬਿਬਿਧਾ[1] ਬਿਖਜਾਤ, ਭਯੋ

[1]ਅਨੇਕ ਤਰ੍ਹਾਂ ਦੀਆਂ।

ਜੱਸਾ ਸਿੰਘ ਜੋ ਸੁਨਾਤ ਨੀਤਿ[1], ਰੋਸ ਜਾਗਿਓ।

[1]ਰਾਜਨੀਤੀ ਦੀਆਂ।

ਪੱਕੇ ਸਿੱਖ ਗੌਰ ਕਰਿ[1] ਰਹੇ ਤਾਹੀਂ ਠੌਰ ਪਰ,

[1]ਖ਼ਿਆਲ ਕਰਕੇ।

ਮਨ ਜਿਨ ਭੌਰ ਭਰ ਸਿੱਖੀ ਕੰਜ ਪਾਗਿਓ[1]।

[1]ਜਿਨ੍ਹਾਂ ਦੇ ਮਨ ਰੂਪ ਭੌਰੇ ਭਲੀ ਪ੍ਰਕਾਰ ਸਿੱਖੀ ਰੂਪ ਕੰਵਲ ਵਿੱਚ ਲੀਨ ਹੋਏ ਹੋਏ ਸਨ।

ਕੱਚੇ ਗਏ ਦੌਰਿ ਦਹਿਲਾਇ[1] ਜਾਇ ਜੱਟ ਥੀਏ,

[1]ਡਰ ਕੇ।

ਕੀਏ ਪੁਰਾਰੂਪ ਨਿਜ[1], ਸਿੰਘ ਨਾਮ ਤਿਆਗਿਓ।

[1]ਆਪਣਾ ਪਹਿਲਾ ਜੱਟਾਂ ਵਾਲਾ ਰੂਪ ਬਣਾ ਲਿਆ।

ਸੁਨਿ ਦੇਸ ਦੇਸ ਤੈ ਬਿਸੇਸ ਸਿੰਘ ਸਦਕੀ,
ਅਸੇਸ[1] ਆਇ ਮਿਲੇ ਪੰਥ ਸੰਗ ਰੰਗ ਲਾਗਿਓ ॥ ੩੫ ॥

[1]ਬਹੁਤੇ।

ਦਾਰੂ ਸਿੱਕਾ ਸ਼ਸਤਰ ਬਸਤਰ ਅੱਸ੍ਰ ਚਾਰੁ[1],

[1]ਸੁੰਦਰ ਘੋੜੇ।

'ਔਰ ਭੀ'* ਸਮਾਨ ਥੇ ਮਹਾਨ ਭਏ ਲਜਾਵਤੇ।

*'ਔਰ ਭੀ' ਪਾਠ ਮੂਲ 'ਚ ਨਹੀਂ ਹੈ, ਛੰਦ ਦਾ ਵਜ਼ਨ ਪੂਰਾ ਕਰਨ ਲਈ ਅਸਾਂ ਆਪਣੇ ਕੋਲੋਂ ਪਾਇਆ ਹੈ।

ਊਂਟ ਘੋੜੇ ਲੱਦਿ ਖਰ[1] ਖੱਚਰ ਲਿਆਏ ਬੱਧ,
ਆਟਾ ਦਾਣਾ ਤੱਦ ਥੀ ਜਰੂਰਤ ਸੁ ਯਾਵਤੇ[1]।
ਕੱਠੇ ਭਏ ਸਿੰਘ ਤਬਿ ਬੀਸਕ ਹਜ਼ਾਰ ਸਭਿ,
ਕਰਿ ਗੁਰੁਮਤਾ ਪੈਠੇ ਝੱਲ ਭਬ ਭਾਵਤੇ[1]।
ਤਾਂਹੀ ਸਮੇਂ ਲੱਖੂ ਲੈ ਬਿਲੱਖੂ[1] ਸਰਦਾਰ,
ਤੁਰਕਾਨੀ ਹਿੰਦਵਾਨੀ ਲੈ ਮਹਾਨੀ ਭਏ ਆਵਤੇ ॥੩੬॥

[1]ਖੋਤੇ।
[1]ਜਿਤਨੀ ਕੁ।
[1]ਮਨ-ਭਾਉਂਦੇ (ਭੱਬ) ਸੁੰਦਰ ਝੱਲ ਵਿੱਚ ਜਾ ਵੜੇ।
[1]ਵਿਲੱਖਣ, (ਅ) ਅਨੇਕ ਤਰ੍ਹਾਂ ਦੇ।

ਕਾਨੂੰ-ਆਣ ਛੰਭ ਮਾਂਹਿਂ ਸਿੰਘ ਥਏ ਏਕ ਠਾਂਹਿ,
ਮਾਰਿ ਮ੍ਰਿਗ ਮੱਛੀ ਖਾਹਿਂ ਸੂਰ ਬਹੁ ਭਾਇ ਕੈ[1]।
ਕੇਤਿਕ ਚਢੇ ਰਹਾਹਿਂ ਮਢੇ ਲੋਹ ਰੋਹ[1] ਸਿੰਘ,
ਰਾਖੈਂ ਤਕਰਾਈ ਚਾਰ ਓਰਨ ਫਿਰਾਇ ਕੈ।
ਤਰੁਨ ਪੈ[1] ਟਾਂਗੁ ਰੈਹੈਂ ਖਬਰ ਜਸੂਸ ਦੈਹੈਂ,
ਤੁਕ ਜਿਸ ਦਿਸ ਐਹੈਂ, ਮਾਰਿ ਕਾਢੈਂ ਜਾਇ ਕੈ* ॥੩੭॥

[1]ਬਹੁਤ ਪ੍ਰੇਮ ਕਰਕੇ।
[1]ਗੁੱਸੇ ਵਿੱਚ।
[1]ਦਰੱਖ਼ਤਾਂ ਤੇ।
*ਅੰਕ ਨੰ: ੩੭ ਦੀਆਂ ਮੂਲ 'ਚ ਤਿੰਨ ਹੀ ਤੁਕਾਂ ਹਨ। ਚੌਥੀ ਤੁਕ ਛਪਣ ਸਮੇਂ ਹੀ ਰਹਿ ਗਈ ਜਾਪਦੀ ਹੈ।

ਬੈਠੇ ਇਮ ਆਸ਼ਕ ਉਪਾਸ਼ਕ ਅਕਾਲ ਬਨਿ,
ਬੀਸਕ ਪਚਾਸਕ ਜੋ ਕੋਸ ਮੈਂ ਥਾ ਤਬਿਹੀ।
ਬਰਖਾ ਅਪਾਰ ਔ ਸ਼ਿਕਾਰ ਬੇਸੁਮਾਰ ਤਹਾਂ,
ਥੀ ਸ਼ਿਕਾਰਗਾਹ ਸ਼ਾਹੀ ਜਾਨਵਰ ਸਭਿਹੀ[1]।
ਮਾਰਿ ਸੋ ਸ਼ਿਕਾਰ ਖੈਹੈਂ ਬਾਨੀ ਗੁਰੂ ਕੀ ਪਢੈ ਹੈਂ,
ਤਾਜੀ ਭਏ ਰਾਜੀ ਦੂਬ ਤਾਜੀ ਬਹੁ ਲਭਹੀ[1]।
ਸਖਤ ਵਖਤ ਆਨ ਪਰ ਹੈ ਸਿੰਘਾਨਿ ਜਬਿ,
ਕਿਲਾ ਕੋਟ ਓਟ ਮੋਟ ਕਾਨਨ ਸੁ ਫਬਹੀ[1] ॥੩੮॥

[1]ਸਾਰੇ ਜਾਨਵਰਾਂ ਦੀ ਸ਼ਾਹੀ ਸ਼ਿਕਾਰਗਾਹ ਸੀ।
[1]ਤਾਜ਼ਾ ਘਾਹ ਬਹੁਤ ਮਿਲਦਾ ਹੈ, ਇਸ ਕਰ ਕੇ ਘੋੜੇਰਾਜ਼ੀ ਹੋ ਗਏ।
[1]ਵੱਡੀ ਓਟ ਜੰਗਲ ਹੀ ਫਬਦਾ ਹੈ।

ਬੀਤੇ ਦਿਨ ਦਸਕ, ਰਸਕ ਖਾਇ[1] ਬੈਰੀਓਂ ਨੈਂ,
ਲਾਈ ਅਗ ਬਨ ਤਾਂਈਂ ਅਧਿਕੈਂ ਰਿਸਾਇਕੈ[1]।
ਮਤਾ ਕਰਜੋ ਪੰਥ ਨੀਠ[1], ਮਾਰ ਮਰੋ ਆਜ ਈਠ[2],
ਜਾਹੁ ਨਹੀਂ ਭਾਜਿ, ਪੀਠ ਕੋਊ ਦਿਖਰਾਇ ਕੈ।
ਹੁਤੇ ਜੇ ਸਯਾਨੇ ਤਹਾਂ ਦਲ ਮੈਂ ਪੁਰਾਨੇ ਸਿੰਘ,
ਫੇਰ ਤਿਨ ਕਹਜੋ ਇਮ ਸਭਿ ਕੋ ਸੁਨਾਇ ਕੈ।

[1]ਖਿਝ ਖਾ ਕੇ।
[1]ਗੁੱਸੇ ਹੋ ਕੇ।
[1]ਭਲੀ ਪ੍ਰਕਾਰ। [2]ਏਥੇ।

ਢਾਈ ਫੱਟ ਕਹਿਤ ਲੜਾਈ ਕੇ ਮਹਾਨ ਜਨ,
ਭਾਗਨ ਮਿਲਨ ਏਊ ਸਾਰੇ ਸੁਖ ਦਾਇਕੈ[1] ॥੩੯॥
ਸੰਮੁਖ ਹ੍ਵੈ ਸ਼ੱਤਰੂ ਕੇ ਲਰਨ ਮਰਨ ਮਾਰਿ,
ਯਾਹੀ ਕੋ ਅਰਧ ਨੀਤਿ ਨਿਪੁਨ ਬਤਾਏ ਹੈਂ[1]।
ਗੁਰੂ ਭੀ ਹਮਾਰੇ ਕਹਜੋ ਦੌਰ ਕੈ ਲਰਨ ਨੀਕ,
ਆਪ ਗੁਰੂ ਦੌਰਿ ਦੌਰਿ ਲਰਿ ਅਰਿ ਘਾਏ ਹੈਂ।
ਔਰ ਦੇਖ ਲੇਹੁ ਜਾਦੋਪਤਿ[1] ਨੈਂ ਅਭੰਗ ਜੰਗ,
ਕੀਏ ਹੈਂ ਨਿਸੰਗ ਭਾਗ ਖਾਇ ਖਾਇ ਗਾਏ ਹੈਂ[1]।
ਤਾਂ ਤੇ ਤੁਮ ਦੌਰਿ ਕਿਤ ਔਰ ਠੌਰ ਗੌਰਿ[1] ਚਾਲੋ,
ਈਹਾਂ ਲਰਿ ਮਰਨੋਂ ਨ ਹਮ ਕੋ ਸੁਹਾਏ ਹੈਂ ॥੪੦॥
ਬਾਤ ਯਾਹਿ ਮਾਨ ਲਈ ਪੰਥ ਨੈਂ ਮਹਾਨ ਜਾਨਿ,
ਆਧਕ ਨਿਸਾ ਮੈਂ[1] ਪਰੇ ਬੈਰਿਨ ਪੈ ਧਾਇ ਕੈ।
ਸੱਤ੍ਰੂ ਥੇ ਪਏ ਸੋਏ ਸੰਤਰੀ[1] ਸੁਸਤ ਹੋਏ,
ਬੀਜਰੀ ਸਮਾਨ ਸਿੰਘ ਪਰੇ ਔਚਕਾਇ ਕੈ[1]।
ਬੈਰੀ ਸਭਿ ਪਏ ਹੀ ਦਬਾਇ ਲਏ ਪੰਥ ਤਬਿ,
ਮਾਰਿ ਕੂਟਿ ਲੂਟਿ ਕਰਿ ਛੂਟ ਬਹੁ ਧਾਇ ਕੈ[1]।
ਸਿੰਘ ਯੌਂ ਸ਼ਗਨ ਕਰਿ ਧਸੇ ਫੇਰ ਧਾਇ ਬਨ,
ਸੁਨਿ ਪਛਤਾਯੋ ਲੱਖੂ ਮਨਿ ਦੁਖ ਪਾਇ ਕੈ ॥੪੧॥
ਕੈਹੈਂ ਭਈ ਬੁਰੀ ਬਾਤ ਬਖਯਾਤ ਸਾਤ[1] ਏਹੁ,
ਬਿਨ ਤਤਬੀਰ[1] ਘਾਤ[2] ਭਯੋ ਨਿਜ ਦਲ ਕੋ।
ਫੇਰ ਯੌਂ ਬਨਾਈ ਬਯੋਂਤ ਰੱਯਤ ਬੁਲਾਈ ਸਭਿ,
ਝਾੜੀ ਕਟਵਾਈ ਔ ਲਵਾਈ ਅੱਗ ਝੱਲ ਕੋ।
ਫੇਰ ਕਰੀ ਧਾਈ ਤਬਿ ਆਗੇ ਲਾਈ ਤੋਪ ਸਭਿ,
ਗੈਲ ਤੋ ਜੰਜੈਲ ਔ ਜੰਮੂਰੇ ਕੀਏ ਭਲ ਕੋ[1]।
ਪੀਛੇ ਕਰੀ ਪੈਦਲ ਸਿਪਾਹਿ ਅਸਵਾਰੀ ਸਭਿ,

[1] ਭੱਜ ਜਾਣਾ ਤੇ ਮੇਲ ਕਰਾ ਲੈਣਾ ਇਹ ਦੋ ਸੁਖ ਦੇਣ ਵਾਲੇ (ਸਾਰੇ) ਪੂਰੇ ਫੱਟ ਹਨ।

[1] ਇਸ ਨੂੰ ਰਾਜਨੀਤੀ ਦੇ ਚਤੁਰ ਪੁਰਖ ਅੱਧਾ ਫੱਟ ਕਹਿੰਦੇ ਹਨ।

[1] ਕ੍ਰਿਸ਼ਨ।

[1] ਭਾਂਜ ਖਾ ਖਾ ਕੇ ਕਹੀਦੇ ਹਨ।

[1] ਖ਼ਿਆਲ ਨਾਲ।

[1] ਅੱਧੀ ਕੁਰਾਤ ਨੂੰ।

[1] ਪਹਿਰੇਦਾਰ।

[1] ਅਚਣਚੇਤ ਆ ਕੇ।

[1] (ਛੂਟ) ਹੱਲਾ ਕਰ ਕੇ ਤੇ ਬਹੁਤ ਦੌੜ ਕੇ।

[1] ਸੱਚੀ।

[1] ਵਿਉਂਤ, ਜਤਨ। [2] ਨਾਸ਼।

[1] (ਤੋਪਾਂ ਦੇ) (ਗੈਲ) ਪਿੱਛੇ ਤਾਂ (ਭਲ ਕੋ) ਚੰਗੇ (ਜਮੂਰੇ) ਛੋਟੀਆਂ ਤੋਪਾਂ ਤੇ (ਜੰਜੈਲ) ਲੰਬੀ ਨਾਲੀ ਦੀਆਂ ਬੰਦੂਕਾਂ ਕਰ ਲਈਆਂ।

ਸਿੰਘਨ ਕੇ ਗੈਲ ਪਰਜੋ ਭਰਜੋ ਛਲ ਬਲ ਕੋ
॥ ੪੨ ॥
ਛੋਡਿ ਤਬਿ ਝੱਲ ਚਲੇ ਆਗੈ ਸਭਿ ਸਿੰਘ ਹੱਲ,
ਆਗੇ ਆਗੇ ਸਿੰਘ ਫਿਰੈਂ ਪੀਛੇ ਦਲ ਤੁਰਕੀ।
ਕਈ ਬਾਰ ਲਰੇ ਸਿੰਘ ਸੰਮੁਖ ਹ੍ਵੈ ਖਰੇ ਧਿੰਗ[1], — [1]ਜ਼ੋਰਾਵਰ।
ਫੇਰ ਭਰਿ ਲੰਮੀ ਡਿੰਘ[1] ਗਏ ਆਗੇ ਦੁਰਕੀ[2]। — [1]ਕਦਮ। [2]ਅੱਗੇ ਚਲੇ ਗਏ।
ਤੋਪ ਔ ਜੰਬੂਰਨ ਕੇ ਆਗੇ ਸਿੰਘ ਭਾਗੇ ਜਾਹਿਂ,
ਪੇਸ਼ ਲੇਸ ਚਾਲੈ ਨਾਹਿ ਪਰੈਂ ਲੈ ਲੈ ਘੁਰਕੀ[1]। — [1]ਝੱਈਆਂ ਲੈ ਕੇ।
ਫਿਰੈਂ ਤਟਰਾਵੀ ਕੇ ਨ ਭਾਵੀ ਮੇਟ ਸਕੈ ਕੋਊ,
ਹ੍ਵੈ ਹੈ ਘੱਲੂਘਾਰ[1] ਜੋਊ ਪਰੀ ਰੇਖ ਧੁਰ ਕੀ — [1]ਤਬਾਹੀ, ਸਰਬ ਨਾਸ਼।
॥ ੪੩ ॥
ਸਿੰਘਨ ਕੇ ਪਾਸ ਕਿਛੁ ਰਹਜੋ ਨਾ ਖਰਚ ਖਾਸ,
ਦਾਰੂ ਸਿੱਕਾ ਗਯੋ ਮੁੱਕ ਸਾਇਕ[1] ਨਿਖੁਟੇ ਹੈਂ। — [1]ਤੀਰ।
ਬਸਨ ਪੁਰਾਨੇ ਹ੍ਵੈ ਹਿਰਾਨੇਂ ਖਾਨ ਪਾਨ ਬਿਨ,
ਗਾਤ ਕ੍ਰਿਸ ਭਏ[1] ਗਏ ਬਲ ਤਨ ਟੂਟੇ ਹੈਂ। — [1]ਸਰੀਰ ਲਿੱਸੇ ਹੋ ਗਏ।
ਟੂਟ ਗਏ ਆਯੁਧ[1] ਨ ਕਾਮ ਕੋ ਹੈ ਰਹਜੋ ਕੋਊ, — [1]ਸ਼ਸਤ੍ਰ।
ਕੈਸੇ ਕਰੈਂ ਜੰਗ ਔ ਤੁਰੰਗ ਸਭਿ ਹੂਟੇ ਹੈਂ[1]। — [1]ਘੋੜੇ ਸਾਰੇ ਥੱਕ ਗਏ।
ਰੈਨ ਦਿਨ ਕਾਫਰੀ[1] ਮੁਸਾਫਰੀ ਰਹਿਤ, ਤੌ ਭੀ — [1]ਬਹੁਤੀ।
ਆਫਰੀਂ[1] ਹੈ ਸਿੰਘਨ ਕੇ, ਧੀਰਜ ਨ ਛੂਟੇ ਹੈਂ — [1]ਸ਼ਾਬਾਸ਼।
॥ ੪੪ ॥
ਸਿੰਘਨ ਵਿਚਾਰ ਕੈ ਤਕਾਏ ਹੈਂ ਪਹਾਰ ਫਿਰ,
ਉੱਤਰ ਦਿਸਾ ਮੈਂ ਧਸੇ ਪਰਬਤਾਨ ਜਾਇ ਹੈਂ।
ਨਗਰ ਬਸੌਲੀ ਨਾਮ ਨਿਕਟ ਪਹੁੰਚੇ ਜਬਿ,
ਆਗੇ ਤੈ ਗਿਰੀਸ[1] ਸੁਨਿ ਆਏ ਮਿਲਿ ਧਾਇ ਹੈਂ। — [1]ਪਹਾੜੀ ਰਾਜੇ।
ਏਕ ਓਰ ਚਢਜੋ ਦਰਯਾਉ ਖੂਨੀ ਕਹਿਰ ਸੋਂ,
ਏਕ ਓਰ ਤੁੰਗ-ਗਿਰ[1] ਕਠਿਨ ਮਹਾਂਇ ਹੈਂ। — [1]ਉੱਚੇ ਪਹਾੜੇ।
ਪੀਛੇ ਤੇ ਤੁਰਕ ਮਾਰੈਂ ਆਗੇ ਤੈ ਗਿਰੀਸ ਗਾਰੈਂ[1], — [1]ਨਾਸ਼ ਕਰਦੇ ਹਨ।
ਸਿੰਘਨ ਕੋ ਬਨੀ ਤਹਾਂ ਔਖੀ ਅਤਿ ਆਇ ਹੈ
॥ ੪੫ ॥
ਸ੍ਵੈਯਾ:

ਸਿੰਘਨ ਜਾਨ ਲਯੋ ਮਨ ਮੈਂ ਤਬਿ,
ਯੇ ਨਹਿਂ ਛੋਡਿਤ ਪ੍ਰਾਨ ਹਮਾਰੇ।
ਦੋ ਦਿਸ ਤੈ ਅਰਿ ਆਇ ਲਰੇ,
ਅਬਿ ਦੌਰਨ ਕੋ ਨਹਿਂ ਠੌਰ ਕਿਨਾਰੇ[1]। — [1]ਦਰਿਆ ਦੇ ਕਿਨਾਰੇ ਕਿਨਾਰੇ ਦੌੜਨ ਨੂੰ ਥਾਂ ਨਹੀਂ।
ਸੰਮੁਖ ਹੋਇ ਸ਼ਹੀਦ ਬਨੈਂ ਅਬਿ,
ਮਾਰ ਮਰੈਂ ਅਰਿ ਕੇ ਗਨ ਭਾਰੇ।
ਐਸ ਵਿਚਾਰ ਤਬੈ ਸਭਿ ਸਿੰਘਨ,
ਧਿੰਗਨ[1] ਕੀਨ ਸੁ ਚਿੱਤ ਕਰਾਰੇ[2] ॥੪੬॥ — [1]ਜ਼ੋਰਾਵਰਾਂ ਨੇ। [2]ਤਕੜੇ।
ਦੋ ਦਿਸ ਕੋ ਕਰਿ ਕੈ ਮੁਖ ਸਿੰਘਨ,
ਜੰਗ ਦੁਹੂੰ ਦਿਸ ਠੀਕ ਮਚਾਏ।
ਵੱਟ ਕਸੀਸ[1] ਪਰੈਂ ਜਿਤ ਧਾਇ, — [1]ਕਚੀਚੀ।
ਦਬਾਇ ਧਰੈਂ ਅਰਿ ਕੋ ਤਿਤ ਦਾਏ[1]। — [1]ਉਸੇ ਤਰਫ਼।
ਤੋਪ ਜੰਬੂਰ ਜੰਜੈਲਨ ਸੰਮੁਖ,
ਸਿੰਘਨ ਕੀ ਕਿਛੁ ਪੇਸ਼ ਨ ਜਾਏ।
ਸਾਵਨ ਮੇਂਹ ਸਮਾਨ, ਘਨੀ
ਗੁਲਕਾ ਬਰਸਾਵਨ, ਸੱਤ੍ਰੁ ਮਹਾਂਏ ॥੪੭॥

ਕਬਿੱਤ:

ਮਾਚਯੋ ਅਭੰਗ ਜੰਗ ਅੰਗ ਭੰਗ ਭਏ ਬਹੁ,
ਮਾਰ ਕੈ ਕੁਰੰਗ ਕੀਨੇਂ ਖੀਨੇਂ ਬਿਨ ਚੈਨ ਕੋ[1]। — [1]ਮਾਰ ਕੇ ਖੋਟੇਰੰਗ, (ਖੀਨੋ) ਵਿਆਕੁਲ ਤੇ ਬਿਨਾਂ ਸ਼ਾਂਤੀ ਤੋਂ ਕਰ ਦਿੱਤੇ।
ਘੱਲੂਘਾਰਾ ਭਾਰਾ ਪਰਯੋ ਪੰਥ ਬੇ-ਸ਼ੁਮਾਰਾ ਮਰਯੋ,
ਕਰਯੋ ਹੈ ਲਚਾਰਾ ਮਾਰ ਕੈ ਸਥਾਰਾ ਸੈਨ ਕੋ[1]। — [1]ਫੌਜ ਨੂੰ ਦੁਖੀ ਕਰ ਕੇ ਮਾਰ ਕੇ ਸੱਥਰ (ਢੇਰ) ਕਰ ਦਿੱਤਾ।
ਸੰਮੁਖ ਹ੍ਵੈ ਰੁਝਿ ਰੁਝਿ[1] ਜੁਝਿ ਜੁਝਿ[2] ਸਿੰਘ ਧਿੰਗ, — [1]ਰੁਕਰੁਕ ਕੇ। [2]ਲੜ ਲੜ ਕੇ।
ਮਾਰਿ ਬਹੁ ਸੱਤ੍ਰੁਨ ਕੋ ਜਾਹਿਂ ਚਢ ਗੈਨ ਕੋ[1]। — [1]ਅਕਾਸ਼ ਭਾਵ ਸੱਚ-ਖੰਡ ਨੂੰ।
ਡੋਲਤ ਕਬੰਧ[1] ਫਿਰੈਂ ਸਿੰਘਨ ਕੇ ਬੋਲਤ ਯੌਂ, — [1]ਧੜ।
ਕਹਾਂ ਲੱਖੁ ਪੁਸ਼ਟ ਦੁਸ਼ਟ[1] ਜਾਹਿਂ ਸਮ ਹੈ ਨ ਕੋ ॥੪੮॥ — [1]ਵੱਡਾ ਦੁਸ਼ਟ।
ਹੂਰਨ ਸੰਪੂਰਨ ਕੀ[1] ਕਾਮਨਾਂ ਪੂਰਨ ਭਈ, — [1]ਸਾਰੀਆਂ ਦੀ।
ਸੂਰਨ ਕੋ ਬਰ ਕੈ ਸ਼ਹੂਰ ਭੂਰ ਪਾਤ ਹੈਂ[1]। — [1]ਬਹੁਤ ਸੁਖ ਪਾਉਂਦੀਆਂ ਹਨ।
ਮੁੰਡਨ ਕੇ ਝੁੰਡ ਔ ਬਿਤੁੰਡ ਤੁੰਡ ਪਰੇ ਕਿਤ,

ਲੁੱਥਨ ਪੈ ਲੁੱਥ ਜੁੱਥ ਚਢੀਂ ਬਹੁ ਭਾਂਤਿ ਹੈਂ[1]।

[1]ਕਿਤੇ ਸਿਰਾਂ ਦੇ ਢੇਰ ਮੂੰਹਾਂ ਸਮੇਤ ਅਤੇ ਕਿਤੇ ਮੂੰਹਾਂ ਤੋਂ ਬਿਨਾਂ ਪਏ ਹਨ, ਬਹੁਤ ਤਰ੍ਹਾਂ ਦੀਆਂ ਬਹੁਤੀਆਂ ਲੋਥਾਂ ਤੇ ਲੋਥਾਂ ਚੜ੍ਹੀਆਂ ਹਨ।

ਮੇਦ ਮਾਸ ਸ੍ਰੋਣਤ ਕਾ ਕੀਚ ਮੱਚਯੋ ਔਨ ਵੀਚ,
ਸੀਂਚਿ ਸੀਂਚਿ ਲੋਹੂ ਭੂਤ ਜੋਗਨੀ ਅਨ੍ਹਾਤ ਹੈਂ[1]।

[1]ਮਿੱਝ ਮਾਸ ਤੇ ਲਹੂ ਦਾ ਧਰਤੀ ਵਿੱਚ ਚਿੱਕੜ ਹੋ ਗਿਆ, ਲਹੂ ਇਕੱਠਾ ਕਰ ਕਰ ਕੇ ਭੂਤ ਤੇ ਜੋਗਣੀਆਂ ਚੰਗੀ ਤਰ੍ਹਾਂ ਨ੍ਹਾਉਂਦੀਆਂ ਹਨ।

ਸ੍ਵਾਨ[1] ਬ੍ਰਿੱਕ ਸਜਾਲ ਗੀਧ-ਮਾਲਕਾ ਬਿਸਾਲ ਕਿਤ,
ਭੈਰਵ ਕਪਾਲਕਾ ਲੈ ਤਾਲਕਾ ਬਜਾਤ ਹੈਂ ॥੪੯॥

[1]ਕਿਤੇ ਕੁੱਤੇ, ਬਘਿਆੜ, ਗਿੱਦੜ ਤੇ ਗਿਰਝਾਂ ਦੀਆਂ ਡਾਰਾਂ ਬਹੁਤੀਆਂ (ਫਿਰਦੀਆਂ ਹਨ) ਅਤੇ ਭੈਰੋਂ (ਆਦਿਕ) (ਕਪਾਲਕਾ) ਖੋਪਰੀਆਂ ਦੇ (ਤਾਲਕਾ) ਛੈਣੇ ਵਜਾਉਂਦੇ ਹਨ।

ਪਰਯੋ ਜਬਿ ਜੰਗ ਘੋਰ ਸਿੰਘਨ ਦੈ ਜੋਰ ਤਬਿ,
ਚਪੇ[1] ਚੋਰ ਜਿਮ ਬਲ ਕੀਨੋਂ ਏਕ ਓਰ ਹੈ।

[1]ਖਿਝੇ।

ਧਾਇ ਕੈ ਗਿਰੀਸਨ ਤੈ ਮੋਰਚਾ ਛੁਡਾਇ ਲਯੋ,
ਗਯੋ ਦਲ ਭੂਪਨ ਕਾ ਦੌਰਿ ਰਨ ਛੋਰਿ ਹੈ।
ਭਾਵੀ ਕੇ ਪਰੇਰੇ ਸਿੰਘ ਝਟਪਟ ਰਾਵੀ ਤਟ,
ਗਏ ਹਠ ਠਟ ਪਾਰ ਹੋਨ ਭਟ ਜੋਰ ਹੈ[1]।

[1]ਸੂਰਮੇਂ ਹਠ ਧਾਰ ਕੇ ਜ਼ੋਰ ਨਾਲ ਪਾਰ ਹੋਣਾ ਚਾਹੁੰਦੇ ਹਨ।

ਧਸੇ ਓਤ[1] ਬਿਨਾਂ ਪੋਤ[2] ਗਏ ਬਹੁ ਖਾਇ ਗੋਤ[3],
ਖੂਨੀ ਦਰਯਾਉ ਸੋਤ[1] ਚਢਯੋ ਹੁਤੋ ਘੋਰ ਹੈ ॥੫੦॥

[1]ਓਧਰ (ਦਰਿਆ ਵਿੱਚ) ਜਾ ਧਸੇ। [2]ਜਹਾਜ਼। [3]ਗੋਤਾ ਖਾ ਗਏ ਭਾਵ ਡੁੱਬ ਗਏ।

[1]ਖ਼ੂਨੀ ਦਰਿਆ ਦਾ ਪ੍ਰਵਾਹ।

ਸ਼ੰਕਰ ਛੰਦ:

ਗੁਰਦਯਾਲ ਸਿੰਘ ਹਰਦਯਾਲ ਸਿੰਘ ਲੌਂ,
ਡੱਲੇ ਵਾਲੇ ਧੀਰ।
ਬਹੁ ਮਰੇ ਡੂਬ ਦਰਯਾਵ ਮੈਂ,
ਸਰਦਾਰ ਏਤਿਕ ਬੀਰ।
ਫਿਰ ਖਾਇ ਤਹਿਂ ਤੈ ਖੌਫ,
ਪੀਛੇ ਹਟੇ ਸਿੰਘ ਸੁਜਾਨ।
ਇਕ ਓਰ ਪਰਬਤ ਹੁਤੋ ਜੋ,
ਤਹਿਂ ਤੁੰਗ[1] ਕਠਨ ਮਹਾਨ ॥੫੧॥

[1]ਉੱਚਾ।

ਤਿਸ ਓਰ ਪਹੁੰਚੇ ਸਿੰਘ ਜਬਿ,
ਦੈ ਜੋਰ ਬਹੁ ਬਲ ਲਾਇ।

ਵਹਿ ਹੁਤੋ ਅਤਿ ਹੀ ਕਠਨ ਗਿਰ,
ਨਹਿਂ ਚਢਯੋ ਤਿਸ ਪਰ ਜਾਇ।
ਪੁਨ ਸੈਨ ਸੱਤ੍ਰੁਨ ਕੀ ਪਰੀ,
ਦੈ ਜੋਰ ਪੀਛਜੋਂ ਆਇ।
ਬਹੁ ਤੀਰ ਗੋਲੀ ਬਰਖਹੀਂ,
ਪਿਖਿ ਮੇਂਹ ਜੇਂਹ ਲਜਾਇ ॥ ੫੨ ॥
ਬਹੁ ਬਨੀ ਮੁਸ਼ਕਲ ਆਨਿ, ਸਿੰਘਨ
ਤਈਂ ਤਬਿ ਤਿਸ ਠੌਰ।
ਸਭਿ ਬੀਚ ਘਾਟੀ[1] ਕੇ ਰੁਕੇ,
ਨਹਿਂ ਚਲੇ ਤਬਿ ਕਿਛੁ ਜੋਰ।
ਬਹੁ ਮਰੇ ਜੁਾਨ ਕਿਕਾਨ[1] ਤਹਿਂ,
ਤੁਰਕਾਨ ਸਿੰਘਨ ਕੇਰ।
ਤਬਿ ਸਿੰਘ ਚਢਨੇ ਲਗੇ ਗਿਰ ਪਰ,
ਪੈਰ ਪਜਾਦੇ[1] ਫੇਰ ॥ ੫੩ ॥
ਪਗ ਫਿਸਲ ਗਿਰ ਤੈ ਪਰੈਂ ਗਿਰ ਗਿਰ[1],
ਚਢਜੇ ਨਹਿਂ ਤਹਿਂ ਜਾਇ।
ਤਿਸ ਸੈਲ ਕੇ ਥਾ ਤਲੇ ਬਹਿਤੋ[1],
ਘੋਰ ਵਡ ਦਰਯਾਇ।
ਕਿਛ ਸਿੰਘ ਤਿਸ ਦਰਯਾਵ ਮੈਂ,
ਗਿਰ ਗਏ ਗੋਤੇ ਖਾਇ।
ਕਿਛ ਗਿਰੇ ਗਿਰ ਕੀ ਕੰਦਰਾਂ ਕੇ
ਅੰਦਰੈਂ ਤਹਿਂ ਜਾਇ ॥ ੫੪ ॥
ਕਿਛ ਚਢੇ ਪਰਬਤ ਸਿਖਰ ਪੈ,
ਸਿੰਘ ਅਤਿ ਮੁਸੀਬਤ ਪਾਇ।
ਵਹਿ ਪਾਰ ਹੋਏ ਉਤਰ ਗਿਰ,
ਨਿਜ ਗਏ ਜਾਂਨ ਬਚਾਇ।
ਜਬਿ ਯੌਂ ਸਜ਼ਾਦੇ[1] ਸਿੰਘ ਬਹੁ,
ਲਖਿ[1] ਭਏ ਪਰਬਤ ਪਾਰ।
ਇਤ ਰਹੇ ਪੀਛੇ ਜੰਗ ਕਰਤੇ,
ਸਿੰਘ ਜੇ ਅਸਵਾਰ ॥ ੫੫ ॥

[1]ਪਹਾੜੀਰਾਹ, ਪਹਾੜਾਂ ਦਾ ਦੱਰਾ।
[1]ਘੋੜੇ।
[1]ਪੈਦਲ ਹੋ ਕੇ ਪੈਰਾਂ ਨਾਲ।
[1]ਪੈਰ ਦੇ ਤਿਲਕਣ ਨਾਲ ਪਹਾੜ ਤੋਂ ਡਿੱਗ ਡਿੱਗ ਪੈਂਦੇ ਹਨ।
[1]ਹੇਠਾਂ ਵਗਦਾ ਸੀ।
[1](ਗੁਰੂ ਕੇ) ਸਾਹਿਬਜ਼ਾਦੇ।
[1]ਲੰਘ ਕੇ।

ਤਿਨ ਮਾਹਿਂ ਸੁੱਖਾ ਸਿੰਘ,
ਜੱਸਾ ਸਿੰਘ ਆਲੂ ਬੀਰ[1]। — [1]ਆਹਲੂ ਵਾਲੇ ਪਿੰਡ ਦਾ ਸੂਰਮਾ।
ਪੁਨ ਚੜ੍ਹਤ ਸਿੰਘ ਔ ਹਰੀ ਸਿੰਘ,
ਕਪੂਰ ਸਿੰਘ ਵਡ ਧੀਰ।
ਸਿੰਘ ਦੀਪ ਔ ਗੁਰੁਬਖਸ਼ ਸਿੰਘ,
ਤੈ ਅਘੜ ਸਿੰਘ ਸੁਜਾਨ।
ਵਰਦਿਆਲ ਸਿੰਘ ਸ਼ਹੀਦ,
ਨੱਥਾ ਸਿੰਘ ਬੀਰ ਮਹਾਨ ॥ ੫੬ ॥
ਥਰਾਜ ਸਿੰਘ ਮਗ੍ਰਾਜ ਸਿੰਘ,
ਤਿਲੋਕ ਸਿੰਘ ਕਿਸ਼ੋਰ[1]। — [1]ਕਿਸ਼ੋਰ ਸਿੰਘ।
ਇੱਤਯਾਦਿ ਸਾਰਨ[1] ਜਥੇਦਾਰਨ, — [1]ਸਾਰਿਆਂ।
ਲੀਨ ਪੰਥ ਬਟੋਰਿ[1]। — [1]ਇਕੱਠਾ ਕਰ ਲਿਆ।
ਦੈ ਧੀਰ ਬੀਰਨ ਗੁਨਿ-ਗਹੀਰਨ,
ਭਾਂਤਿ ਬਹੁ ਸਿਤਕਾਰ।
ਇਨ ਕਹ੍ਯੋ ਯੌਂ ਸਭਿ ਖਾਲਸੇ ਕੋ,
ਹਾਥ ਜੋਰਿ ਉਚਾਰ ॥ ੫੭ ॥
ਅਬਿ ਹਟੋ ਪੀਛੇ ਖਾਲਸਾ ਜੀ,
ਬਾਂਧ ਕਰਿ ਸਭਿ ਗੋਲ[1]। — [1]ਜੱਥਾ।
ਇਕ ਬਾਰ ਬੱਟ ਕਸੀਸ,
ਬਿਸਵੇ-ਬੀਸ[1] ਹੱਲਾ ਬੋਲਿ। — [1]ਪੱਕੀ ਤਰ੍ਹਾਂ, ਦ੍ਰਿੜ੍ਹਤਾ ਨਾਲ।
ਬਲ ਧਾਰਿ ਅੱਸ੍ਰ ਧਵਾਇ ਕੈ,
ਦਲ ਲਖੋ ਤੁਰਕੀ ਧਾਇ[1]। — [1]ਦੌੜ ਕੇ ਲੰਘ ਜਾਓ।
ਜੋ ਨਿਕਸ ਜੈਹੈ ਰਾਜ ਲੈਹੈ,
ਮਰੈ ਗੁਰੁ-ਪੁਰਿ ਜਾਇ ॥ ੫੮ ॥
ਯਹਿ ਦੁਹੂੰ ਹਾਥਨ ਹੈਂ ਤੁਮਾਰੇ,
ਲਖੋ[1] ਮੋਦਕ[2] ਨੀਕ। — [1]ਜਾਣੋ। [2]ਲੱਡੂ।
ਤਬਿ ਜਥੇਦਾਰਨ ਕਾ ਕਹ੍ਯਾ,
ਮੰਨ ਲੀਨ ਪੰਥਹਿਂ ਠੀਕ।
ਬਲ ਠੱਟ ਬਾਂਧਿ ਗਰੱਟ[1], ਸਿੰਘ — [1]ਬਲ ਧਾਰ ਕੇ ਤੇ ਜੱਥਾ ਬੰਨ੍ਹ ਕੇ।
ਸੁਭੱਟ ਧਰਿ ਗੁਰੁ ਧ੍ਯਾਨ।

ਕਰਿ ਚਪੇ ਚੋਰਨ ਜੈਸ ਬਲ,
ਮਧ ਧਸੇ ਦਲ ਤੁਰਕਾਨ ॥ ੫੯ ॥
ਥੇ ਜਥੇਦਾਰ ਕਪੂਰ ਸਿੰਘ ਲੌਂ,
ਤਹਾਂ ਜੇਤਿਕ ਸਿੰਘ।
ਵਹਿ ਭਏ ਆਗੇ ਪੰਥ ਕੇ,
ਭਰ ਚਲੇ ਲੰਮੀ ਡਿੰਘ[1] ॥ ੬੦ ॥ — [1]ਕਦਮ।

ਸ੍ਵੈਯਾ:
ਸੱਤ੍ਰੁਨ ਕੇ ਦਲ ਮੈਂ ਜਬਿ ਸਿੰਘ ਧਸੇ,
ਬਲ ਕੈ ਭਲ ਕੈ ਵਡ ਹੱਲਾ[1]। — [1]ਭਲੀ ਤਰ੍ਹਾਂ ਵੱਡਾ ਹੱਲਾ ਕਰਕੇ।
ਤੋਮਰ ਤੇਗਨ ਤੀਰ ਤੁਫੰਗਨ
ਸੰਗ, ਕਰਜੋ ਬਡ ਜੰਗ ਅਚੱਲਾ[1]। — [1]ਟਿੱਕ ਕੇ, ਪੈਰ ਗੱਡ ਕੇ।
ਪੰਥਿ ਸੁਪੰਥ ਛੁਡਾਇ ਲਯੋ[1], — [1]ਪੰਥ ਨੇ ਚੰਗਾਰਾਹ ਛੁਡਾ ਲਿਆ।
ਤੁਰਕਾਨ ਮੈਂ ਠਾਨ ਦਯੋ ਥਰਥੱਲਾ[1]। — [1]ਹਲਚਲੀ।
ਸਿੰਘਨ ਮਾਂਡ ਲਯੋ ਮਰਨਾਂ[1] ਜਬਿ, — [1]ਮਰਨਾ ਧਾਰ ਲਿਆ।
ਸੱਤ੍ਰੁਨ ਯਾਦ ਅਯੋ ਤਬਿ ਅੱਲਾ ॥ ੬੧ ॥
ਦੋ ਦਿਸ ਤੈ ਬਹੁ ਸਿੰਘਨ ਪੈ,
ਗੁਲਕਾ ਸਮ ਮੇਂਹ ਅਸਾਰ[1] ਪਰੈ ਹੈਂ। — [1]ਬਹੁਤੀਆਂ, ਲਗਾਤਾਰ।
ਤੁੱਪਕ ਤੋਪ ਜੰਜੈਲ ਜੰਬੂਰਨ,
ਪੂਰ ਦਯੋ ਨਭ ਸੂਰ ਦਬੈ ਹੈਂ।
ਊਪਰ ਕੋ ਲਖ ਸਿੰਘਨ ਕੈ,
ਇਤ ਤੈ ਉਤ ਓਨ ਕੈ ਓਨ ਲਗੈ ਹੈਂ[1]। — [1]ਸਿੰਘਾਂ ਦੇ ਉਪਰੋਂ ਦੀ ਲੰਘ ਕੇ ਏਧਰੋਂ ਓਧਰ ਤੇ ਉਧਰੋਂ ਏਧਰ ਉਨ੍ਹਾਂ ਤੁਰਕਾਂ ਦੀਆਂ ਉਨ੍ਹਾਂ (ਤੁਰਕਾਂ) ਨੂੰ ਹੀ ਲਗਦੀਆਂ ਹਨ।
ਗੁਰੁ ਲਾਗਨ ਦੇਤ ਨ ਸਿੰਘਨ ਕੈ,
ਸਮ ਭੂਤਨ ਆਗ ਬਿਲਾਗ ਸੁ ਜੈਹੈਂ[1] ॥ ੬੨ ॥ — [1]ਭੂਤਾਂ ਦੀ ਅੱਗ ਵਾਂਗ ਬਿਨਾਂ ਲੱਗੇ ਤੋਂ (ਅੱਗੇ ਲੰਘ) ਜਾਂਦੀਆਂ ਹਨ।
ਕੇਹਰ ਜਯੋਂ ਭਭਕਾਰ ਇਤੈ ਉਤ,
ਸਿੰਘ ਪਰੈਂ ਬਲ ਧਾਰਿ ਰਿਸਾਈ[1]। — [1]ਗੁੱਸੇ ਹੋ ਕੇ।
ਸਿੰਘ ਸ਼ਹੀਦ ਚਹੈਂ ਸਭਿ ਹੋਵਨ,
ਤੁੱਕ ਲਰੈਂ ਨਿਜ ਜਾਨ ਬਚਾਈ।
ਮਾਰਿ ਸਥਾਰ ਕਰੈਂ ਤਰਵਾਰਨ,
ਖੋਜ ਫਿਰੈਂ ਲੱਖੂ ਦੁਸ਼ਟ ਕੇ ਤਾਂਈਂ।

ਰਾਖਤ ਸਿੰਘਨ ਕੋ ਗੁਰੁ ਯੌਂ,
ਜਿਮ ਦਾਂਤਨਿ ਪਾਂਤਿਨਿ[1] ਜੀਭ ਰਹਾਈ ॥ ੬੩ ॥ — [1]ਦੰਦਾਂ ਦੀਆਂ ਕਤਾਰਾਂ ਵਿੱਚ।
ਸਿੰਘ ਕਪੂਰ ਪਰੈ ਜਿਤ ਕੋ,
ਤਿਤ ਦੂਰ ਕਰੈ ਹਰ ਕੈ ਅਰਿ ਤੈਹੈਂ।
ਸਿੰਘ ਜੱਸਾ ਬਡ ਦੇਤ ਘੱਸਾ[1] ਕਿਤ, — [1]ਧੱਕਾ, ਹੱਲਾ।
ਸਿੰਘ ਹਰੀ ਨਹਿਂ ਥੋਰ ਕਟੈ ਹੈ।
ਸਿੰਘ ਚੜ੍ਹੱਤ ਚੜ੍ਹੱਤ ਜਿਤੈ,
ਸੁ ਅੜੱਤ ਜੜੱਤ ਲੜੱਤ ਅਖੈ ਹੈ[1]। — [1]ਜਿਸ ਪਾਸੇ ਚੜ੍ਹਦਾ ਹੈ ਉਹ ਅੜ ਕੇ (ਜੜੱਤ) ਜੰਮ ਕੇ (ਅਖੈ) ਲਗਾਤਾਰ ਲੜਦਾ ਹੈ।
ਗੈਰਤ ਖਾਇ ਕਿ ਹੈਰਤ ਮੈਂ[1], — [1]ਸ਼ਰਮ ਖਾ ਕੇ ਤੇ ਹੈਰਾਨੀ ਵਿੱਚ।
ਅੰਗਰੀ ਮੁਖ ਦੈ ਅਰਿ ਐਸ ਕਥੈ ਹੈਂ[1] ॥ ੬੪ ॥ — [1]ਵੈਰੀ ਐਉਂ ਕਹਿੰਦੇ ਹਨ।
ਬਾਘਨਿ ਭੂਖੀ ਕਿ ਨਾਗਨਿ ਰੂਖੀ,
ਕਿ ਆਗਨਿ ਸੂਖੀ ਝਰੱਪ ਅਪਾਰੈਂ[1]। — [1](ਸਿੰਘਾਂ ਦੀਆਂ ਤਲਵਾਰਾਂ) ਭੁੱਖੀਆਂ ਸ਼ੇਰਨੀਆਂ ਹਨ ਜਾਂ ਗ਼ੁੱਸੇ ਭਰੀਆਂ ਸਪਣੀਆਂ ਹਨ ਜਾਂ ਸੁੱਕੀ ਅੱਗ ਦੀਆਂ ਬਹੁਤੀਆਂ ਝੜਪਾਂ ਹਨ।
ਜ੍ਵਾਲ ਤ੍ਰਿਲੋਚਨ ਲੋਚਨ ਕੀ ਕਿਤ,
ਬੇਸ ਦਿਨੇਸਹਿਂ ਕੀ ਕਿਤ ਧਾਰੈਂ[1]। — [1]ਸ਼ਿਵ ਦੇ (ਤੀਜੇ) ਨੇਤ੍ਰ ਦੀ ਅੱਗ ਹੈ ਜਾਂ ਕਿਤੇ ਸੂਰਜ ਦੀ ਹੀ ਪੁਸ਼ਾਕ ਪਾਈ ਹੋਈ ਹੈ।
ਬੱਜਰ ਬ੍ਰਿੰਦ ਕਿ ਇੰਦਰ ਕੇ ਕਿਤ,
ਬੀਜਰੀਆਂ ਬਹੁ ਰੂਪ ਦਿਖਾਰੈਂ[1]। — [1]ਜਾਂ ਕਿਤੇ ਇੰਦ੍ਰ ਦੇ ਬਹੁਤੇ ਬੱਜ੍ਰ ਹਨ ਜਾਂ ਕਿਤੇ ਬਿਜਲੀਆਂ ਬਹੁਤੇ ਰੂਪ ਦਿਖਾ ਰਹੀਆਂ ਹਨ।
ਕਾਲ ਕੀ ਜੀਹੈਂ ਕਿ ਮੌਤ ਕੀ ਲੀਹੈਂ,
ਚਲੀ ਹੈਂ ਕਿ ਸਿੰਘਨ ਕੀ ਤਰਵਾਰੈਂ[1] ॥ ੬੫ ॥ — [1]ਕਾਲ ਦੀਆਂ ਜੀਭਾਂ ਹਨ ਜਾਂ ਮੌਤ ਦੀਆਂ ਲੀਹਾਂ ਹਨ ਜਾਂ ਸਿੰਘਾਂ ਦੀਆਂ ਤਲਵਾਰਾਂ ਚੱਲੀਆਂ ਹਨ।
ਤ੍ਰਿਖੀ ਤਿਰਸੂਲਨ ਤੈ ਤਿਗੁਨੀ,
ਚੌਗੁਨੀ ਚੱਕ੍ਰ ਤੈ ਬੱਕ੍ਰ ਭਰੀ ਹੈ[1]। — [1]ਤ੍ਰਿਸੂਲਾਂ ਤੋਂ ਤਿੰਨ ਗੁਣਾਂ ਤਿੱਖੀਆਂ ਹਨ ਅਤੇ ਚੱਕ੍ਰ ਨਾਲੋਂ ਚੌਗੁਣੀਆਂ ਟੇਢਤਾਈ ਨਾਲ ਭਰੀਆਂ ਹੋਈਆਂ ਹਨ।
ਦਾਹਿਕ ਆਠ ਗੁਨੀ ਅਗ ਤੈ,
ਖਰ ਬੱਜਰ ਤੈ ਗੁਨ ਬੀਸ ਢਰੀ ਹੈਂ[1]। — [1]ਅੱਗ ਤੋਂ ਅੱਠ ਗੁਣਾਂ ਸਾੜਨ ਵਾਲੀਆਂ ਹਨ ਅਤੇ ਬੱਜਰ ਨਾਲੋਂ ਵੀਹ ਗੁਣਾਂ ਤਿੱਖੀਆਂ ਢਾਲੀਆਂ ਭਾਵ ਬਣਾਈਆਂ ਹੋਈਆਂ ਹਨ।
ਤੀਸ ਗੁਨੀ ਤਿਰਛੀ ਤੜਤਾਨ ਤੈ,
ਹਲਾਹਲ ਤੈ ਜੁ ਹਜ਼ਾਰ ਖਰੀ ਹੈਂ[1]। — [1]ਬਿਜਲੀਆਂ ਤੋਂ ਤੀਹ ਗੁਣਾਂ ਤਿੱਖੀਆਂ ਹਨ, ਜ਼ਹਿਰ ਨਾਲੋਂ

(ਮਾਰਨ ਨੂੰ) ਹਜ਼ਾਰ ਗੁਣਾਂ ਚੰਗੀਆਂ ਹਨ।

ਕਾਲ ਤੇ ਕ੍ਰੋਰ ਗੁਨੀ ਬਿਧਨਾਂ,
ਯਹਿ ਸਿੰਘਨ ਕੀ ਤਰਵਾਰੈਂ ਖਰੀ ਹੈਂ[1] ॥੬੬॥

[1]ਬਿਧਾਤੇ ਨੇ ਕਾਲ ਨਾਲੋਂ ਕਰੋੜ ਗੁਣਾਂ (ਮਾਰਨ ਨੂੰ) ਚੰਗੀਆਂ ਸਿੰਘਾਂ ਦੀਆਂ ਤਲਵਾਰਾਂ ਘੜੀਆਂ ਹਨ।

ਆਨ ਮਚਯੋ ਘਮਸਾਨ[1] ਮਹਾਂ,
ਤਹਿਂ ਖਾਨ ਫਜ਼ੁੱਲਾ ਅਰਯੋ ਅਗਵਾਈ।
ਬਾਰਾਂ ਹਜ਼ਾਰੀ ਹੁਤੋ ਵਹਿ ਬੀਰ,
ਸੁ ਮਾਰ ਹੀ ਮਾਰ ਕੈ ਧੂੰਮ ਮਚਾਈ।
ਸਿੰਘ ਕਪੂਰ ਹ੍ਵੈ ਸੰਮੁਖ ਤਾਹਿਂ ਕੇ,
ਕਾਨ ਲੌਂ ਤਾਨ[1] ਕਮਾਨ ਚਢਾਈ।
ਬੱਜਰ ਕੇ ਸਮ ਮਾਰ ਕੈ ਬਾਨ,
ਸੁ ਖਾਨ ਧਰਾ ਪਰ ਦੀਨ ਲੁਠਾਈ[1] ॥੬੭॥

[1]ਜੰਗ।

[1]ਖਿੱਚ ਕੇ।

[1]ਲਿਟਾ ਦਿੱਤਾ।

ਕਬਿੱਤ:
ਲੜਤ ਲੜਾਕੇ ਬੀਰ ਕਮਠ ਕੜਾਕੇ ਭੀਰ[1],
ਤੀਰ ਤੇਗ ਤੋਮਰ ਸਰੀਰ ਚੀਰਿ ਧਰੇ ਹੈਂ[1]।
ਤੋਪਨ ਕੜਾਕੇ ਔ ਭੜਾਕੇ ਤੁੰਗ ਤੁੱਪਕਾਨ[1],
ਤੜਤਾ ਤੜਾਕੇ ਤੇਜ[1] ਕੋਪ ਮਨ ਭਰੇ ਹੈਂ।
ਗਜਾਨ ਹਰੀ ਲੁੱਥਨ ਪੈ ਲੁੱਥ ਜੁੱਥ ਗੁੱਥ ਧਰੀ,
ਹੱਥ ਮੱਥ ਸਥਿਲਿ ਅਕੱਥ ਫੈਲਿ ਪਰੇ ਹੈਂ[1]।
ਲੋਹੂ ਮਾਸ ਗੱਤਲਜੋਂ ਸੈਂ[1] ਧਰਾ ਲਾਲ ਹੋਇ ਪਰੀ,
ਮਾਨੋਂ ਬਨਿ ਕਿੰਸਕ ਤੈ ਸਿੰਬਲ ਬਨਿ ਝਰੇ ਹੈਂ[1] ॥੬੮॥

[1](ਭੀਰ) ਬਹੁਤੇ (ਕਮਠ) ਧਨੁੱਸ਼ ਕੜਕਦੇ ਹਨ।

[1]ਚੀਰ ਕੇਰਖ ਦੇਂਦੇ ਹਨ।

[1]ਬੰਦੂਕਾਂ ਦੇ ਉੱਚੇ ਭੜਾਕੇ।

[1]ਬਿਜਲੀਆਂ ਦੇ ਤੇਜ ਤੜਾਕੇ।

[1]ਗਿਆਨ ਸਿੰਘ (ਕਹਿੰਦਾ ਹੈ) (ਜੁੱਥ) ਬਹੁਤੀਆਂ ਲੋਥਾਂ ਤੇ ਲੋਥਾਂ ਗੁੰਦ ਕੇਰੱਖੀਆਂ ਹਨ ਕਿਤੇ ਹੱਥ ਤੇ ਸਿਰ (ਅਕੱਥ) ਬਹੁਤੇ ਖਿੰਡੇ ਪਏ ਹਨ।

[1]ਮਾਸ ਦੇ ਟੁਕੜਿਆਂ ਨਾਲ।

[1]ਮਾਨੋ ਕੇਸੂਆਂ ਦੇ ਜੰਗਲ ਤੇ ਸਿੰਬਲ ਦੇ ਜੰਗਲ ਤੋਂ (ਫੁੱਲ) ਝੜੇ ਹਨ।

ਬੀਰਨ ਸਧੀਰਨ ਸਕੀਰਨ ਕਰੀ ਹੈ ਧਰ[1],
ਜ੍ਵਾਨਨ ਕਿਕਾਨਨ ਕੇ[1] ਅੰਗ ਭੰਗ ਕਰਿ ਕਰਿ।
ਮੰਡ ਕੈ ਘਮੰਡ ਬਲਵੰਡਨ ਪ੍ਰਚੰਡ ਅਤਿ,
ਖੰਡ ਖੰਡ ਖੰਡ-ਪਤਿ ਡਾਰੇ ਪੰਥ ਧਰ ਪਰ[1]।
ਫੱਟ ਫੱਟ ਸੁੱਟਤ ਹੈਂ ਜੁੱਟਤ ਅਗਾਰੀ ਹੋਇ[1],

[1]ਧਰਤੀ ਢੱਕ ਦਿੱਤੀ ਹੈ।

[1]ਘੋੜਿਆਂ ਦੇ।

[1]ਪੰਥ ਦੇ ਬਲੀ ਸੂਰਮਿਆਂ ਨੇ ਬਹੁਤਾ ਤਿਖਾ ਜੰਗ ਰਚ ਕੇ ਖੰਡਾਂ ਦੇ ਪਤੀ ਭਾਵ ਰਾਜੇ ਟੁਕੜੇ ਟੁਕੜੇ ਕਰ ਕੇ ਧਰਤੀ ਤੇ ਸੁੱਟ ਦਿੱਤੇ।

[1]ਜ਼ਖ਼ਮੀ ਕਰ ਕਰ ਕੇ ਸੁੱਟਦੇ ਹਨ ਅੱਗੇ ਹੋ ਕੇ ਜੁਟਦੇ ਹਨ।

ਲੁੱਟਤ ਹਥਜ਼ਾਰ ਘੋਰੇ ਸਿੰਘ ਬਲ ਧਰਿ ਧਰਿ।
ਭੈਰੋਂ ਭੂਰ ਜੋਗਨੀ ਖਵੀਸ ਖੇਤਿ ਚੰਡਿ ਕਾਲੀ,
ਸਾਨੰਦ ਕਾਪਲੀ ਪੀਐਂ ਸ੍ਰੋਣ ਪਜਾਲੀ ਭਰਿ ਭਰਿ[1] ॥੬੯॥

[1]ਭੈਰੋਂ, ਬਹੁਤੀਆਂ ਜੋਗਣੀਆਂ, ਦੇਉ, ਚੰਡੀ ਕਾਲੀ ਆਦਿ (ਖੇਤਿ) ਜੰਗ ਦੇ ਮੈਦਾਨ ਵਿੱਚ ਖੋਪਰੀਆਂ ਦੀਆਂ ਪਿਆਲੀਆਂ ਲਹੂ ਨਾਲ ਭਰ ਭਰ ਕੇ ਅਨੰਦ ਨਾਲ ਪੀਂਦੀਆਂ ਹਨ।

ਰੋਕਿ ਰੋਕਿ ਪਾਉਂ ਸਿੰਘ ਠੋਕਿ ਠੋਕਿ ਬਾਂਈਂ ਭੁਜ,
ਬੈਰਿਨ ਕੇ ਥੋਕ ਪੈ ਪਰਤ[1] ਹਠ ਠਾਨ ਹੈਂ।

[1]ਇਕੱਠ ਉੱਪਰ ਪੈਂਦੇ ਹਨ।

ਬੋਲਿ ਬੋਲਿ ਹੱਲੇ ਪੱਲੇ ਬਾਂਧਿ ਸਾਂਧ ਕੈ ਕਮਾਨ[1],

[1]ਜੱਥੇ ਬੰਨ੍ਹ ਕੇ ਤੇ ਕਮਾਣਾ ਖਿੱਚ ਕੇ।

ਬਾਨ ਬਰਖਤ ਕਰਖਤ ਪ੍ਰਾਨ ਜਾਨ ਹੈਂ[1]।

[1]ਪ੍ਰਾਣਾਂ ਤੇ ਜਾਨਾਂ ਨੂੰ ਖਿੱਚ ਲੈਂਦੇ ਹਨ।

ਧਰਤ ਨ ਪਾਛੇ ਪਗ[1] ਡਰਤ ਟਰਤ ਨਾਹਿਂ,

[1]ਪੈਰ।

ਕਰਤ ਦੁ-ਵਾਰ ਜਾਹਿਂ ਧਰਿ ਕ੍ਰਿਪਾਨ ਹੈਂ[1]।

[1](ਫੇਰ) ਕ੍ਰਿਪਾਨਾਂ ਫੜ ਕੇ ਦੂਹਰੇ ਵਾਰ ਕਰਦੇ ਜਾਂਦੇ ਹਨ।

ਏਕਨ ਕੋ ਦੱਟ ਦੱਟ ਏਕਨ ਕੋ ਫੱਟ ਫੱਟ[1],

[1]ਇਕਨਾਂ ਨੂੰ ਡਾਂਟ ਡਾਂਟ ਕੇ ਤੇ ਇਕਨਾਂ ਨੂੰ ਜ਼ਖ਼ਮੀ ਕਰ ਕਰਕੇ।

ਏਕਨ ਕੋ ਕੱਟ ਕੱਟ ਸੁੱਟਤ ਮਿਦਾਨ ਹੈਂ ॥੭੦॥
ਸਿੰਘਨ ਲਰਾਈ ਹੈ ਮਚਾਈ ਅਤਿ ਤੋਰਿ ਜਾਨੈਂ[1],

[1]ਬਹੁਤ ਜਾਨਾਂ ਤੋੜ ਕੇ।

ਤੁਰਕ ਬਚਾਇ ਜਾਂਨ ਲਰਤ ਪਛਾਨ ਕੈ।
ਜੇਤਿਕ ਪਹਾਰੀ ਥੇ ਲਚਾਰੀ ਮਾਨਿ[1] ਗਏ ਦੌਰ,

[1]ਔਖਿਆਈ ਮੰਨ ਕੇ।

ਹਿੰਦੂ ਜੇ ਪੰਜਾਬੀ ਨ ਸ਼ਿਤਾਬੀ[1] ਲਰੈਂ ਆਨ ਕੈ।

[1]ਛੇਤੀ।

ਤੁੰਡ ਬਿਨ ਰੁੰਡ ਕਿਤ ਮੁੰਡ ਬਿਨ ਡੋਲੈਂ ਧਰ[1],

[1]ਕਿਤੇ ਮੂੰਹ ਤੋਂ ਬਿਨਾਂ ਧੜ ਤੇ ਕਿਤੇ ਸਿਰ ਤੋਂ ਬਿਨਾਂ ਧੜ ਫਿਰਦੇ ਹਨ।

ਮਾਰਿ ਮਾਰਿ ਰਹੇ ਹੈਂ ਪੁਕਾਰ ਸੋ ਭਯਾਨਕੈ।
ਸ੍ਰੋਣਤ ਕੇ ਕੁੰਡਨ ਮੈਂ ਰੁੰਡ ਮੁੰਡ ਝੁੰਡ ਫਿਰੈਂ,
ਭੈਰੋਂ ਭੂਤ ਭੂਤ-ਪਤਿ ਨ੍ਹਾਵੈਂ ਗੰਗ ਜਾਨ ਕੈ[1] ॥੭੧॥

[1]ਲਹੂ ਦੇ ਕੁੰਡਾਂ ਵਿੱਚ ਬਹੁਤੇ ਧੜ ਤੇ ਸਿਰ ਫਿਰਦੇ ਹਨ, ਭੈਰੋਂ, ਭੂਤ ਤੇ ਸ਼ਿਵ ਜੀ ਗੰਗਾ ਜਾਣ ਕੇ ਨ੍ਹਾਉਂਦੇ ਹਨ।

ਮੱਜਾ ਮੇਦ ਸ੍ਰੋਣਤ ਕੀ ਕੀਚਰਣ ਬੀਚ ਮੱਚੀ,
ਸੀਂਚ ਸੀਂਚ ਜੋਗਨੀ ਸੁ ਭੋਗਨੀ ਉਤਾਲਕਾ[1]।

[1]ਮਿੱਝ (ਮੇਦ) ਚਰਬੀ ਤੇ ਲਹੂ ਦਾ ਜੰਗ ਵਿੱਚ ਚਿੱਕੜ ਹੋ ਗਿਆ, ਜੋਗਣੀਆਂ (ਉਸ ਚਿੱਕੜ ਨੂੰ) ਇਕੱਠਾ ਕਰ ਕਰ ਕੇ ਛੇਤੀ ਛਕਦੀਆਂ ਹਨ।

ਖੋਪਰੀ ਬਜਾਵੈਂ ਭੂਤ ਭੈਰਵੀ ਸੁ ਗਾਵੈਂ ਗੀਤ,
ਨਾਰਦ ਨਚਾਵੈ ਡਾਰਿ ਆਂਤਨ ਕੀ ਮਾਲਕਾ[1]।

[1]ਨਾਰਦ (ਜੋਗਣੀਆਂ ਨੂੰ) ਆਂਦਰਾਂ ਦੀਆਂ ਮਾਲਾਂ ਗਲ੍ਹਾਂ 'ਚ ਪਾ ਕੇ ਨਚਾਉਂਦਾ ਹੈ।

ਗਜਾਨ ਸਿੰਘ ਖਾਲਸੇ ਬਿਸਾਲ ਸੇ ਘਮੰਡ ਮੰਡਿ[1],

[1]ਬਹੁਤਾ ਜੰਗਰਚ ਕੇ।

ਖੰਡਿ ਖੰਡਿ[1] ਬੈਰਨ ਕੋ ਮੇਲੀ ਹਾਲ-ਚਾਲਕਾ।	[1]ਟੁਕੜੇ ਟੁਕੜੇ ਕਰਕੇ।
ਕੱਟਿ ਕੱਟਿ ਝੱਟ-ਝੱਟ ਦੱਟ ਦੱਟ ਗੇਰੈਂ ਅਰਿ[1],	[1]ਡਾਂਟ ਡਾਂਟ ਕੇ ਵੈਰੀਆਂ ਨੂੰ ਸਿੱਟਦੇ ਹਨ।
ਗੱਟ ਗੱਟ ਸ੍ਰੋਣ ਮਾਸ ਗ੍ਰਾਸ[1] ਖਾਇ ਕਾਲਕਾ ॥੭੨॥	[1]ਬੁਰਕੀਆਂ।
ਚੜਿ ਚੜਿ ਆਵੈਂ ਦਲ ਦੁੱਜਨ ਕੇ ਤੜ ਤੜ[1],	[1]ਵੈਰੀਆਂ ਦੇ ਦਲ (ਤੜ ਤੜ) ਛੇਤੀ ਛੇਤੀ ਆਉਂਦੇ ਹਨ।
ਅੜਿ ਅੜਿ ਕਾਟੈਂ ਸਿੰਘ ਸੰਮੁਖ ਹ੍ਵੈ ਲੜਿ ਲੜਿ।	
ਸੜ ਸੜ ਤੇਗੇ ਤੀਰ ਬਾਹੈਂ ਬੀਰ ਖੜ ਖੜ,	
ਕੜ ਕੜ ਤੁੱਪਕ ਜੰਬੂਰੇ ਛੁੱਟੈਂ ਤੜ ਤੜ[1]।	[1]ਸਰੜ ਸਰੜ ਸ਼ਬਦ ਕਰਦੇ ਤੇਗੇ ਤੇ ਖੜ ਖੜ ਸ਼ਬਦ ਕਰਦੇ ਤੀਰਾਂ ਨੂੰ ਸੂਰਮੇਂ ਵਾਹੁੰਦੇ ਹਨ, ਕੜ ਕੜ ਸ਼ਬਦ ਕਰ ਕੇ ਬੰਦੂਕਾਂ ਤੇ ਤੜ ਤੜ ਸ਼ਬਦ ਕਰ ਕੇ ਛੋਟੀਆਂ ਤੋਪਾਂ ਛੁੱਟਦੀਆਂ ਹਨ।
ਝੜ ਝੜ ਪਰਤ ਗਿਰਤ ਅਰਿ ਦੜ ਦੜ,	
ਫੜਿ ਫੜਿ ਦਾਂਤਨ ਤਿਨੁਕੇ ਬੋਲੈਂ ਬੜ ਬੜ[1]।	[1]ਵੈਰੀ ਦੜ ਦੜ ਸ਼ਬਦ ਕਰ ਕੇ ਡਿਗਦੇ ਤੇ ਝੜ ਝੜ ਪੈਂਦੇ ਹਨ। ਦੰਦਾਂ 'ਚ ਘਾਹ ਫੜ ਫੜ ਕੇ ਬੜ ਬੜ ਸ਼ਬਦ ਬੋਲਦੇ ਹਨ।
ਹੜ ਹੜ ਹਸਤ ਕਬੰਧ ਦੌਰੈਂ ਧੜ ਧੜ,	
ਭੜ ਭੜ ਭੈਰਵ ਡਕਾਰੈ ਭੀਮ ਮੜ ਮੜ[1] ॥੭੩॥	[1]ਹੜ ਹੜ ਸ਼ਬਦ ਕਰ ਕੇ (ਕਬੰਧ) ਧੜ ਹਸਦੇ ਹਨ ਤੇ ਧੜ ਧੜ ਸ਼ਬਦ ਕਰ ਕੇ ਦੌੜਦੇ ਹਨ, ਭੈਰਵੀ ਭੜ ਭੜ ਸ਼ਬਦ ਬੋਲਦੀ ਹੈ ਤੇ (ਭੀਮ) ਸ਼ਿਵ ਮੜ ਮੜ ਸ਼ਬਦ ਕਰ ਕੇ ਡਕਾਰ ਲੈਂਦਾ ਹੈ।
ਮਾਚਯੋ ਘਮਸਾਨ ਮਹਾਂ ਮਰੇ ਅੱਸ੍ਰ ਜਵਾਨ ਤਹਾਂ,	
ਹੌਸਲਾ ਰਹਾ ਨਾਂ ਦੁਹੂੰ ਓਰ ਤੈ ਲਰਨ ਕਾ।	
ਓਜ[1] ਕੋ ਸੰਭਾਰ ਸਿੰਘ ਖੋਜ ਰਹੇ ਲੱਖੂ ਤਾਂਈਂ,	[1]ਬਲ।
ਆਯੋ ਨ ਅਗਾਰੀ ਗੀਦੀ ਪੀਛੇ ਰਹਯੋ ਕਰਨ ਕਾ[1]।	[1](ਜੋ ਜੰਗ ਦਾ ਮੁੱਖ) ਕਾਰਨ ਸੀ।
ਤੁਰਕ ਜੰਬੂਰੇ ਤੋਪ ਜੋਰ ਕੈ ਚਲਾਵੈਂ ਘਨੇ,	
ਸਿੰਘਨ ਪੈ ਜੰਗੀ ਸਾਜ ਰਹਯੋ ਨਾ ਹਰਨ ਕਾ[1]।	[1](ਵੈਰੀ ਨੂੰ) ਮਾਰਨ ਦਾ।
ਸਿੰਘ ਭਏ ਘਾਇਲ[1] ਔ ਕਾਇਲ ਬਿਹਾਲ ਘਨੇ[2],	[1]ਜ਼ਖ਼ਮੀ। [2]ਵਿਆਕੁਲ ਤੇ ਬਹੁਤੇ ਬੁਰੇ ਹਾਲ।
ਏਕ ਓਰ ਚਾਲੇ ਲਖਿ ਵਖਤ ਟਰਨ ਕਾ ॥੭੪॥	
ਭਯੋ ਘੱਲੂਘਾਰਾ ਭਾਰਾ ਕਹਿਰ ਕਰਾਰਾ ਤਹਿਂ[1],	[1]ਓਥੇ (ਕਰਾਰਾ) ਕਰੜੇ ਕਹਿਰ ਦੀ ਭਾਰੀ (ਘੱਲੂਘਾਰਾ) ਤਬਾਹੀ ਹੋਈ।
ਜੁਝੇ ਹੈਂ[1] ਹਜ਼ਾਰਾਂ ਸਿੰਘ ਤੁਰਕਨ ਕੋ ਘਾਇ ਕੈ[2]।	[1]ਸ਼ਹੀਦ ਹੋਏ ਹਨ। [2]ਮਾਰ ਕੇ।
ਯਾ ਬਿਧਿ ਕਰਤ ਜੰਗ ਲਰਤ ਭਿਰਤ ਸਿੰਘ,	
ਮਾਰਤ ਮਰਤ ਬਹੁ ਹੂਲ-ਹਾਲ[1] ਪਾਇ ਕੈ।	[1]ਹਲਚਲੀ।

ਦੁਹੂੰ ਦਿਸ ਤੁਰਕ ਪਹਾਰੀਏ ਲਰਤ ਜਾਹਿਂ,
ਮੱਧ ਦਲ ਸਿੰਘਨ ਕਾ ਚਲਤੋ ਤਬਿ ਧਾਇ ਕੈ।
ਯਾ ਬਿਧਿ ਲਰਤ ਭੂਰ[1] ਗਏ ਤੀਨ ਕੋਸ ਸੂਰ[2], [1]ਬਹੁਤਾ। [2]ਸੂਰਮੇਂ।
ਸੂਰ ਦੂਰਿ ਭਯੋ[1] ਛਯੋ ਅੰਧਕਾਰ ਆਇ ਕੈ ॥੭੫॥ [1]ਸੂਰਜ ਛਿਪ ਗਿਆ।
ਚੌਪਈ:
ਅਥਯੋ ਸੂਰ ਜਬਿ ਭਯੋ ਅੰਧੇਰਾ।
ਤੁਰਕ ਸੈਨ ਹਟਿ ਕੀਨੋ ਡੇਰਾ।
ਇਕ ਪਰਬਤ ਕੀ ਓਟ ਤਕਾਏ।
ਸਿੰਘ ਭੀ ਉਤਰ ਪਰੇ ਤਿਸ ਥਾਂਏਂ ॥੭੬॥
ਜੀਵਤ ਰਹੇ ਸਿੰਘ ਤਬਿ ਜੇਈ।
ਆਇ ਪਹੁੰਚੇ ਤਹਿਂ ਸਭਿ ਤੇਈ।
ਸੈਨ ਗਿਰੀਸਨ ਤੁਰਕਨ ਕੇਰੀ।
ਉਤਰ ਪਰੀ ਸਭਿ ਨਿਜ ਨਿਜ ਡੇਰੀਂ[1] ॥੭੭॥ [1]ਡੇਰਿਆਂ ਵਿੱਚ।
ਨਿਰਭੈ ਹੋਇ ਖਾਇ ਸਭਿ ਖਾਣੇ।
ਸੋਇ ਗਏ ਰਣ ਸ੍ਰਮ ਰਵਾਣੇ[1]। [1]ਥਕੇਵੇਂ ਦੇ ਦਬਾਏ ਹੋਏ।
ਬਿਕਟਾਂ ਪਹਿਰੂ[1] ਖੜ੍ਹੇ ਚੁਫੇਰੇ। [1]ਗੁਪਤ ਪਹਿਰੇਦਾਰ।
ਸੋ ਭੀ ਗਾਫਲ ਭਏ ਵਧੇਰੇ ॥੭੮॥
ਇਤ ਦਿਸ ਸਿੰਘਨ ਢਿਗ ਨਹਿਂ ਖਾਣਾ।
ਭੁਖੇ ਥਿਰੇ ਮਾਨਿ ਗੁਰੁ ਭਾਣਾ।
ਨੀਂਦ ਨ ਪਰੈ ਜ਼ਖਮ ਬਹੁ ਚਸਕੈਂ[1]। [1]ਜ਼ਖ਼ਮਾਂ ਵਿੱਚ ਬਹੁਤ ਚੀਸਾਂ ਪੈਂਦੀਆਂ ਹਨ।
ਪੜ੍ਹੈਂ ਬਾਣੀਆਂ ਕਮਰਾਂ ਕਸ ਕੈ ॥੭੯॥
ਇਕ ਇਕ ਸਿੰਘ ਕੇ ਦਸ ਦਸ ਘਾਵੈਂ[1]। [1]ਜ਼ਖ਼ਮ ਹਨ।
ਥੇ ਤਨ ਪਰ ਨਹਿਂ ਪੀਰ ਜਨਾਵੈਂ।
ਕਈ ਸਿੰਘ ਸੁੱਖਾ ਸਿੰਘ ਜੈਸੇ।
ਰਹੇ ਤੁਰੰਗਨ ਪਰ ਹੀ ਬੈਸੇ ॥੮੦॥
ਜਯੋਂ ਸੁੱਖਾ ਸਿੰਘ ਕੀ ਲਤ ਬਾਂਈ[1]। [1]ਖੱਬੀ ਲੱਤ ਵਿੱਚ।
ਗੋਲਾ ਲਗਯੋ ਜੰਬੂਰੇ[1] ਆਈ। [1]ਛੋਟੀ ਤੋਪ ਦਾ।
ਮੋਟਾ ਪੱਟ ਗਯੋ ਥਾ ਭੰਨੇਂ।
ਹੱਨੇ ਸਾਥ ਰਖੀ ਥੀ ਬੰਨ੍ਹੇਂ ॥੮੧॥

ਲਰਤ ਰਹ੍ਯੋ ਤੌ ਭੀ ਅਗਵਾਈ।
ਲਖੀ ਮਨੋਂ ਤਿਨ ਜਾਂਘ ਪਰਾਈ[1]।
ਪੀਰ ਨ ਕਾਹੂੰ ਜਰਾ ਜਨਾਈ।
ਐਸੇ ਔਰ ਘਨੇਂ ਥੇ ਭਾਈ ॥੮੨॥
ਤਬਿ ਸੁੱਖਾ ਸਿੰਘ ਐਸ ਵਿਚਾਰਾ।
ਇਕਠੇ ਕਰੇ ਸਭੈ ਸਰਦਾਰਾ।
ਕਰਿ ਗੁਰੁਮਤਾ ਸੁਨਾਯਾ ਸਭਿ ਕੋ।
ਧੌਲੇ ਬੀਜਨ ਹ੍ਵੈ ਰੁਤਿ ਕਬਿ ਕੋ[1] ॥੮੩॥

ਨਿਸ ਭਰ ਜੇ ਪਰ ਰਹਿਂ ਹਮ ਯਹਾਂ।
ਜ਼ਖਮ ਅਕੜ ਦਖ ਦੈਹੈਂ ਮਹਾਂ।
ਲਰਨ ਭਿਰਨ ਕੀ ਸ਼ਕਤਿ ਨ ਰਹਿ ਹੈ।
ਸੱਤ੍ਰੂ ਆਇ ਚੁਫੇਰਯੋਂ ਗਹਿ ਹੈਂ ॥੮੪॥
ਦਿਵਸ ਚੜੈਗੋ ਜਬਿ ਹੀ ਭਾਈ।
ਬੈਰੀ ਤਜੈਂ ਨ ਹਮੈਂ ਕਦਾਈ।
ਤਾਂ ਤੇ ਕਰਿ ਸ਼ਿਕਾਰ ਅਬਿ ਗੌਰੈਂ[1]।
ਤੱਤੇ ਘਾਵ[1] ਚਲੈਂ ਕਿਤ ਦੌਰੈਂ ॥੮੫॥
ਪਰੀ ਤੁਰਕ ਸੈਨਾਂ ਸਭਿ ਸੋਈ।
ਬਿਕਟਾਂ ਪਹਿਰੂ ਚੁਸਤ ਨ ਕੋਈ।
ਮਾਰਹੁ ਛਾਪਾ ਤਜ ਕਰਿ ਦੇਰੀ।
ਯਹੀ ਸਲਾਹਿ ਸਿੰਘਨ ਭਲ ਹੇਰੀ ॥੮੬॥
ਸਾਤ ਹਜ਼ਾਰ-ਕੁ ਥਾ ਅਸਵਾਰੈਂ।
ਏਤਿਕ ਹੀ ਪੈਦਲ ਥੇ ਨਾਰੈਂ[1]।
ਬੀਰ ਧੀਰ ਸਭਿ ਬਲੀ ਬਹਾਦਰ।
ਹੁਤੇ ਸਿੰਘ ਤਬਿ ਤਹਿਂ ਬਡ ਨਾਦਰ[1] ॥੮੭॥
ਏਕਹਿ ਬਾਰ ਪਰੇ ਕਰਿ ਹੱਲਾ।
ਤੁਰਕੈਂ ਯਾਦ ਕਰਾਯੋ ਅੱਲਾ।
ਹਾਹਾਕਾਰ ਮਚ੍ਯੋ ਦਲ ਮਾਂਹੀਂ।
ਉਠੇ ਸਭੈ ਘਬਰਾਇ ਮਹਾਂਹੀਂ ॥੮੮॥
ਅਜਾ ਬ੍ਰਿੰਦ ਮੈਂ ਬਜਾਘਰ ਜੈਸੇ[1]।

[1]ਮਾਨੋ ਉਸ ਨੇ ਲੱਤ ਪਰਾਈ ਜਾਣੀ ਸੀ।

[1](ਧੌਲੇ) ਚਿੱਟੇ ਭਾਵ ਚੌਲ ਬੀਜਣ ਦੀਰੁੱਤ ਕਦੋਂ ਹੋਵੇਗੀ ਭਾਵ ਤੁਰਕਾਂ ਦੇ ਘੇਰੇ 'ਚੋਂ ਨਿਕਲਣ ਦਾ ਸਮਾਂ ਕਦੋਂ ਹੋਵੇਗਾ ?

[1]ਵੱਡਾ ਸ਼ਿਕਾਰ ਕਰ ਕੇ ਭਾਵ ਤੁਰਕਾਂ ਨੂੰ ਮਾਰ ਕੇ।

[1]ਜ਼ਖਮਾਂ ਦੇ ਗਰਮ ਹੁੰਦਿਆਂ।

[1]ਨਾਲ।

[1]ਅਣੋਖੇ।

[1]ਜਿਵੇਂ ਬਹੁਤੀਆਂ ਬੱਕਰੀਆਂ ਵਿੱਚ ਸ਼ੇਰ।

ਬਾਜ ਬਿਹੰਗਨ ਪੈ ਜਯੋਂ ਪੈਸੇ[1]।	[1]ਜਿਵੇਂ ਬਾਜ਼ ਪੰਛੀਆਂ ਉੱਪਰ ਪੈਂਦਾ ਹੈ।
ਸਿੰਘ ਪਰੇ ਤਯੋਂ ਤਿਨ ਪਰ ਰਿਸ ਕੈ[1]।	[1]ਗ਼ੁੱਸਾ ਖਾ ਕੇ।
ਬਿਜਰੀ ਸਮ ਔਚਕ ਮੱਧ ਨਿਸ ਕੈ[1] ॥੮੯॥	[1]ਅੱਧੀ ਰਾਤ ਨੂੰ ਬਿਜਲੀ ਵਾਂਗ ਅਚਣਚੇਤ।
ਜਾਗਿ ਤੁਰਕ ਸਭਿ ਇਤ ਉਤ ਧਾਏ।	
ਸ਼ਸਤ੍ਰ ਨਹਿਂ ਸੰਭਾਲਨੇ ਪਾਏ।	
ਸਿੰਘਨ ਆਯੁਧ[1] ਲੁਟੇ ਅਪਾਰੇ।	[1]ਸ਼ਸਤ੍ਰ।
ਘੋਰੇ ਨੀਕ ਲਏ ਤਜਿ ਮਾਰੇ[1] ॥੯੦॥	[1]ਮਾੜੇ (ਘੋੜੇ) ਛੱਡ ਕੇ ਚੰਗੇ ਘੋੜੇ ਲੈ ਗਏ।
ਝਟ-ਪਟ ਹੱਥ ਲੂਟ ਕਾ ਮਾਰਯੋ।	
ਕਈ ਕੁ ਸੌ ਮੁਸਲਾ ਕਟ ਡਾਰਯੋ।	
ਤੁਰਕਨ ਚਾੜ੍ਹ ਮਤਾਬ[1] ਦਏ ਜਬਿ।	[1]ਗੰਧਕ ਆਦਿਕ ਪਦਾਰਥ ਮਿਲਾ ਕੇ ਬਣਾਈ ਬੱਤੀ, ਜਿਸ ਨਾਲ ਚੰਦ ਜਿਹਾ ਪ੍ਰਕਾਸ਼ ਹੁੰਦਾ ਹੈ।
ਸਿੰਘ ਏਕ ਦਿਸ ਨਿਕਸ ਗਏ ਸਭਿ ॥੯੧॥	
ਅਪਨ ਪਰਾਯਾ ਤੁਕੈਂ ਨ ਸੂਝੈ[1]।	[1]ਨਹੀਂ ਦਿਸਦਾ।
ਆਪਸ ਮੈਂ ਲਰਿ ਲਰਿ ਬਹੁ ਜੂਝੈਂ[1] ॥੯੨॥	[1]ਮਰਦੇ ਹਨ।
ਦੋਹਰਾ:	
ਦਿਵਸ ਚੜ੍ਹੇ ਫਿਰ ਤੁਰਕ ਸਭਿ,	
ਚਢੇ ਸਿੰਘਨ ਕੇ ਗੈਲ[1]।	[1]ਪਿੱਛੇ।
ਸਿੰਘ ਧਸੇ ਬਨ ਸਘਨ ਮੈਂ,	
ਧਾਇ ਨਾਖ ਸਭਿ ਸੈਲ[1] ॥੯੩॥	[1]ਸਾਰੇ ਪਹਾੜ ਲੰਘ ਕੇ।
ਚੌਪਈ:	
ਆਇ ਪਿਛਾਰੀ ਤੈ ਤੁਰਕਾਨੀ।	
ਘੇਰ ਲਯੋ ਬਨ ਚਾਰ ਦਿਸਾਨੀ[1]।	[1]ਚਹੁੰ ਤਰਫ਼ਾਂ ਤੋਂ।
ਤੁਰਕਨ ਕੀ ਕੁਛ ਪੇਸ਼ ਨ ਜਾਈ।	
ਬਨ ਮੈਂ ਧਸੈਂ ਨ ਡਰਤ ਮਹਾਂਈਂ ॥੯੪॥	
ਸਿੰਘ ਸ਼ਿਕਾਰ ਮਾਰ ਤਹਿਂ ਖਾਂਈਂ।	
ਨਿਸ ਦਿਨ ਬਾਣੀ ਗੁਰੂ ਜਪਾਂਹੀਂ।	
ਤਾਜੀ ਦੂਬ ਖਾਇ ਕਰਿ ਤਾਜੀ[1]।	[1]ਘੋੜੇ ਸੱਜਰਾ ਘਾਹ ਖਾ ਕੇ।
ਰਾਜੀ ਭਏ ਭੂਖ ਸਭਿ ਭਾਜੀ ॥੯੫॥	
ਸਖਤ ਵਖਤ ਜਬਿ ਜਬਿ ਆ ਪਰ ਹੈ।	
ਪੰਥ ਓਟ ਕਾਨਨ[1] ਕੀ ਫਰ ਹੈ[2]।	[1]ਜੰਗਲ। [2]ਫੜਦਾ ਹੈ।

ਕਿਲਾ ਕੋਟ ਖਾਈ ਰਜਧਾਨੀ।
ਬਿਨ ਬਨ ਪੰਥ ਸਹਾਇ ਨ ਆਨੀ[1] ॥੯੬॥
[1]ਬਿਨਾਂ ਜੰਗਲ ਤੋਂ ਪੰਥ ਦੀ ਹੋਰ ਕੋਈ ਵੀ ਸਹਾਇਤਾ ਨਹੀਂ ਕਰਦਾ।

ਹੁਤੋ ਨ ਪੰਥ ਕੇਰ ਤਬਿ ਕੋਈ।
ਬਨ ਹੀ ਏਕ ਸਹਾਇਕ ਹੋਈ।
ਪੰਥ ਖਾਲਸਾ ਜਬਿ ਬਨ ਮਾਂਹੀਂ।
ਬੈਠ੍ਯੋ ਹੋਇ ਮਵਾਸ[1] ਤਹਾਂਹੀਂ ॥੯੭॥
[1]ਆਕੀ।

ਲੱਖੂ ਦੁਸ਼ਟ ਕੁਪੱਤੇ ਕਸਾਈ।
ਤਬਿ ਕਾਨਨ ਕੋ ਆਗ ਲਵਾਈ।
ਪੰਥ ਛੋਡਿ ਬਨਿ ਨਿਕਸ੍ਯੋ ਬਾਹਰ।
ਪੁਨ ਇਕ ਕਹਿਰ ਭਯੋ ਵਡ ਜ਼ਾਹਰ[1] ॥੯੮॥
[1](ਕਹਿਰ) ਕਸ਼ਟ ਦਾ ਸਮਾਂ ਪ੍ਰਗਟ ਹੋਇਆ।

ਰਾਮੇ ਰੰਧਾਵੇ ਕਾ ਦੇਸੈਂ।
ਅਗੇ ਆਯੋ ਸਿੰਘਨ ਬਿਸੇਸੈਂ[1]।
[1]ਬਹੁਤਾ ਦੇਸ਼।

ਬੈਰੀ ਹੁਤੋ ਪੰਥ ਕਾ ਸੋਈ।
ਬੁਰਾ ਹਮੇਸ਼ ਬੁਰਜੋਂ ਤੈ ਹੋਈ ॥੯੯॥
ਰਾਮੇ ਕਰਿ ਬਹੁ ਜੱਟ ਇਕੱਠੇ।
ਰੋਕੇ ਅੱਗ੍ਯੋਂ ਸਿੰਘ ਗਰੱਠੇ[1]।
[1]ਕਰੜੇ ਹੋ ਕੇ।

ਪਿੰਡ ਏਕ ਸੌ ਮਾਹਿਂ ਚੁਰਾਸੀ[1]।
[1]ਇਕ ਸੌ ਚੁਰਾਸੀ ਪਿੰਡਾਂ ਵਿੱਚ।

ਰਾਮੇਂ ਕੀ ਚੌਧਰ ਥੀ ਖਾਸੀ ॥੧੦੦॥
ਕਰਤ ਵਸੂਲ ਮਾਮੁਲਾ ਸਭਿ ਕਾ।
ਹੁਕਮ ਹੁਤੋ ਸਭਿ ਪੈ ਤਿਹ ਤਬਿ ਕਾ[1]।
[1]ਤਦੋਂ ਦਾ ਭਾਵ ਪਹਿਲੋਂ ਦਾ।

ਸ਼ਾਹੀ ਬਾਜ ਗੁਜ਼ਾਰ ਬਹਾਦਰ[1]।
[1]ਠੀਕ ਸਰਕਾਰੀ ਜ਼ਮੀਨ ਦਾ ਬਹਾਦਰ ਠੇਕੇਦਾਰ ਸੀ।

ਰਾਮਾਂ ਹੁਤੋ ਚੌਧਰੀ ਨਾਦਰ[1] ॥੧੦੧॥
[1]ਅਣੋਖਾ।

ਦਗੇ ਫਰੇਬੀ ਚੁਗਲੀ ਲਾਏ[1]।
[1]ਲਾ ਕੇ।

ਕਈ ਬਾਰ ਸਿੰਘ ਥੇ ਪਕਰਾਏ।
ਰਾਮੇ ਲਏ ਇਨਾਮ ਅਪਾਰੀ।
ਖੈਰ-ਖਾਹ ਥਾ ਤੁਰਕਨਿ ਭਾਰੀ ॥੧੦੨॥
ਯਾਂ ਤੇ ਨਰ ਸਭਿ ਪਿੰਡਨ ਕੇਰੇ।
ਲਏ ਬੁਲਾਇ ਬਟੋਰਿ ਬਧੇਰੇ[1]।
[1]ਬਹੁਤੇ ਇਕੱਠੇ ਕਰ ਲਏ।

ਅਏ ਹਜ਼ਾਰੋਂ ਚਾਰੋਂ ਦਿਸ ਤੈ।

ਸ਼ਸਤਰ ਸੋਟੇ ਗਹਿ ਕੈ ਰਿਸ ਤੈ ॥੧੦੩॥
ਸਿੰਘਨ ਉਨ ਤੈ ਘਿਰਨ ਬਨਾਯੋ[1]*। — [1]ਉਨ੍ਹਾਂ ਨੇ (ਤੈ) ਤਦੋਂ ਸਿੰਘਾਂ ਨੂੰ ਘੇਰਨ ਦਾ (ਢੰਗ) ਬਣਾਇਆ। *ਮੂਲ 'ਚ ਪਾਠ ਹੈ 'ਘਿਨ ਵਨਾਇਓ', ਜਿਸ ਨਾਲ ਕੋਈ ਅਰਥ ਸਪੱਸ਼ਟ ਨਹੀਂ ਹੁੰਦਾ।

ਦੁਨੀਆਂ ਕਾਰਣ ਦੀਨ ਗਵਾਯੋ।
ਜਿਨ ਹਿੰਦੁਨ ਕੇ ਰੱਖਨ ਹੇਤੈਂ।
ਸਿੰਘ ਲਰਤ ਦੁਖ ਭਰਤ ਅਚੇਤੈਂ[1] ॥੧੦੪॥ — [1]ਅਣਗਿਣਤ।
ਸੋਈ ਮੂਰਖ ਹਿੰਦੂ ਪਾਪੀ।
ਉਲਟਾ ਸਿੰਘਨ ਕੋ ਚਹਿਂ ਖਾਪੀ।
ਨਾਮਦੇਵ ਯਾਹੀ ਤੈ ਭਾਨੇਂ[1]। — [1]ਕਹਿੰਦੇ ਹਨ।
ਹਿੰਦੂ ਅੰਧੇ ਤੁਰਕੂ ਕਾਨੇ ॥੧੦੫॥
ਜਬਿ ਸਿੰਘਨ ਕੋ ਘੇਰਜੋ ਆਏ।
ਮੰਦ ਹਿੰਦੂਅਨਿ ਢੋਲ ਬਜਾਏ।
ਤਬਿ ਸਿੰਘਨ ਕੋ ਬਨੀ ਹਿਰਾਨੀ।
ਪਾਛੇ ਆਵਤ ਦਲ ਤੁਰਕਾਨੀ ॥੧੦੬॥
ਅੱਗਜੋਂ ਭਯੋ ਦੇਸ ਸਭਿ ਬੈਰੀ।
ਫਿਰ ਸਿੰਘਨ ਭੀ ਧਰ ਕਰਿ ਧੈਰੀ[1]। — [1]ਧੀਰਜ।
ਹੱਲਾ ਕਰਿ ਜੱਟਨ ਪਰ ਪਰੇ।
ਕਿਛ ਮਾਰੇ ਕਿਛ ਜਖਮੀ ਕਰੇ ॥੧੦੭॥
ਦੇਸ ਹੁਤੋ ਰਾਮੇ ਕਾ ਜੇਤਿਕ।
ਲੂਟਜੋ ਬਹੁ ਬਿਧਿ ਸਿੰਘਨ ਤੇਤਿਕ।
ਕੱਟੇ ਫੱਟੇ[1] ਜੱਟ ਬਧੇਰੇ। — [1]ਜ਼ਖ਼ਮੀ ਕੀਤੇ।
ਕਰੇ ਦੰਦ ਖੱਟੇ ਤਿਨ ਕੇਰੇ ॥੧੦੮॥
ਜੋ ਜੋ ਆਵਤ ਗਾਮ ਅਗਾਰੀ।
ਲੂਟ ਮਾਰਿ ਸਿੰਘ ਕਰਤ ਖੁਆਰੀ।
ਲੱਖੂ ਦੁਸ਼ਟ ਸੈਨ ਲਿਯ ਪਾਛੇ।
ਆਵਤ ਮਗਰ ਦਬਾਵਤ ਆਛੇ ॥੧੦੯॥
ਦੋਹਰਾ:
ਲਰਤ ਭਿਰਤ ਮਾਰਤ ਮਰਤ,
ਕਰਤ ਜੰਗ ਬਹੁ ਭਾਂਤਿ।
ਦੇਸ ਮਾਲਵੇ ਓਰ ਤਬਿ,

ਚਲਯੋ ਪੰਥ ਬਖ਼ਜਾਤ ॥੧੧੦॥
ਚੌਪਈ:
ਇਸ ਪ੍ਰਕਾਰ ਸਿੰਘ ਦਸਕ ਹਜਾਰੈਂ।
ਜ਼ਿੱਲੇ ਪੁਰਿ-ਗੁਰਦਾਸ ਮਝਾਰੈਂ[1]। — [1]ਗੁਰਦਾਸ-ਪੁਰ ਜ਼ਿਲੇ ਵਿੱਚ।
ਲੂਟ ਕੂਟ ਤਬਿ ਕਰਤ ਬਿਸਾਲੇ।
ਸ੍ਰੀ ਹਰਿਗੋਬਿੰਦ ਪੁਰਿ ਦਿਸ ਚਾਲੇ ॥੧੧੧॥
ਪਹੁੰਚੇ ਜਾਇ ਬਜਾਸ ਜਬਿ ਤੀਰੈਂ।
ਲੱਖੂ ਦੁਸ਼ਟ ਮਿਲਯੋ ਲੈ ਭੀਰੈਂ।
ਹਿੰਦੁਵਾਨੀ ਤੁਰਕਾਨੀ ਭਾਰੀ।
ਮਾਰਨ ਚਾਹਿ ਜਹਾਨੀ[1] ਸਾਰੀ ॥੧੧੨॥ — [1]ਦੁਨੀਆਂ।
ਜੇਠ ਮਾਸ ਥਾ ਸਿਖਰ ਦੁਪਹਿਰਾ।
ਚਢਯੋ ਦਰਜਾਉ ਕਹਿਰ ਦੇ ਲਹਿਰਾਂ।
ਪੀਛੇ ਸੱਤ੍ਰੂ ਪਹੁੰਚੇ ਆਈ।
ਆਗੈ ਮਿਲੇ ਨ ਕਿਸ਼ਤੀ ਕਾਈ ॥੧੧੩॥
ਕਰਿ ਅਰਦਾਸ ਧਯਾਨ ਗੁਰੁ ਧਰਿ ਕੈ।
ਸਿੰਘ ਦਰਜਾਵ ਧਸੇ ਹਠ ਧਰਿ ਕੈ।
ਗੁਰੁ ਦਰਿਆਵ* ਉਤਰ ਤਬਿ ਗਯੋ[1]। — [1]ਗੁਰਾਂ ਦੀ ਕ੍ਰਿਪਾ ਨਾਲ ਤਦੋਂ ਦਰਿਆ ਉਤਰ ਗਿਆ। *ਦੇਖੋ ਉੱਤ੍ਰਾਰਧ ਦੇ ਬਿਸ੍ਰਾਮ ਨੰ. ੨੪ ਦੇ ਅੰਕ ਨੰ ੧੨੧ ਤੇ * ਨਿਸ਼ਾਨ ਦੀ ਪੈਰ ਟੂਕ।
ਗਾਹਣ[1] ਪੰਥ ਲੰਘ ਸਭਿ ਗਯੋ ॥੧੧੪॥ — [1]ਦਰਿਆ ਦੇ ਕਿਨਾਰੇ ਦੀ ਦਲਦਲ।
ਫੇਰ ਚਢਯੋ ਜਲ ਬਜਾਸਾ ਵੈਸੇ।
ਬਹਿਤ ਅਥਾਹਿ[1] ਪਹਿਲ ਥਾ ਜੈਸੇ। — [1]ਡੂੰਘਾ ਵਗਦਾ ਸੀ।
ਲੱਖੂ ਬਹੁ ਕਿਸ਼ਤੀ ਮੰਗਵਾਈ।
ਸਿੰਘਨ ਪੀਛੇ ਫੌਜ ਲਖਾਈ[1] ॥੧੧੫॥ — [1]ਲੰਘਾਈ।
ਸਿੰਘ ਮੁਸੀਬਤ ਪਾਇ ਅਪਾਰੇ।
ਉਤਰੇ ਜਬੈ ਦਰਜਾਓਂ ਪਾਰੇ।
ਤੀਨ ਕੋਸ ਮੈਂ ਪੜੀ ਬਰੇਤੀ।
ਆਗੈ ਤਪੈ ਭਾਠ ਜਯੋਂ ਕੇਤੀ[1] ॥੧੧੬॥ — [1]ਭੱਠ ਵਾਂਗ ਬਹੁਤੀ ਤਪਦੀ ਸੀ।
ਪਨਹੀਂ[1] ਰਹੀਂ ਨਹੀਂ ਥੀਂ ਕਾਈ। — [1]ਜੁੱਤੀਆਂ।
ਜੰਗਨ ਮੈਂ ਥੀਂ ਗਈਂ ਗਮਾਈ[1]। — [1]ਗੁੰਮ ਹੋ ਗਈਆਂ ਸਨ।

ਅਰ ਜ਼ਖ਼ਮੀ ਥੇ ਦੁਖੀਏ ਭੂਖੇ।
ਪੀਛਜੋਂ ਡਰ ਸੱਤ੍ਰੁਨ ਕਾ ਲੂਖੇ[1] ॥੧੧੭॥ [1]ਲੂੰਹਦਾ ਸੀ ਭਾਵ ਸਾੜਦਾ ਸੀ।
ਬਿਪਤਾ ਮੈਂ ਬਿਪਤਾ ਇਹੁ ਔਰੈਂ।
ਪਰੀ ਸਿੰਘਨ ਕੋ ਤਬਿ ਅਤਿ ਗੌਰੈਂ[1]। [1]ਬਹੁਤ ਜ਼ਿਆਦਾ।
ਨੰਗੇ ਚਰਨ ਸਿੰਘਨ ਕੇ ਜਰੈਂ[1]। [1]ਸੜਦੇ ਹਨ।
ਦੌਰੈਂ ਕਬੀ ਚਲੈਂ ਪੁਨ ਖਰੈਂ[1] ॥੧੧੮॥ [1]ਖੜ੍ਹ ਜਾਂਦੇ ਹਨ।
ਜੋ ਕੋਊ ਬੈਸਜੋ ਤਹਿਂ ਚੈਹੈ।
ਨੀਚਜੋਂ ਰੇਤ ਅਗਨਿ ਜਜੋਂ ਦੈਹੈ[1]। [1]ਸਾੜਦੀ ਹੈ।
ਫਾਰਿ ਫਾਰਿ ਕਪਰੇ ਤਨ ਕੇਰੇ।
ਬਾਂਧੇ ਨਿਜ ਨਿਜ ਪਗਨ ਚੁਫੇਰੇ ॥੧੧੯॥
ਤੌਂ ਭੀ ਚਰਨ ਅਧਿਕ ਹੀ ਜਰਹੀਂ।
ਚਿਲ-ਚਿਲਾਇ[1] ਸਿੰਘ ਗਿਰ ਗਿਰ ਪਰਹੀਂ। [1]ਚੀਕਾਂ ਮਾਰਦੇ ਹੋਏ।
ਭੁਖ ਤ੍ਰਿਖਾ ਕਰਿ ਭਏ ਲਚਾਰੀ[1]। [1]ਦੁਖੀ।
ਘਾਮ[1] ਪਰੈ ਉਪਰ ਤੈ ਭਾਰੀ ॥੧੨੦॥ [1]ਧੁੱਪ।
ਯਾ ਬਿਧਿ ਪਾਇ ਮੁਸੀਬਤ ਕੇਤੀ।
ਦਲ ਸਿੰਘਨ ਕਾ ਲਖਜੋ[1] ਬਰੇਤੀ। [1]ਲੰਘਿਆ।
ਦੂਾਬੇ ਦੇਸ ਮਾਹਿਂ ਤਬਿ ਆਏ।
ਤੌਂ ਭੀ ਨਾਹਿਂ ਬੈਠਨੋ ਪਾਏ ॥੧੨੧॥
ਹੁਕਮ ਲਹੌਰੀ ਹਾਕਮ ਕੇਰਾ।
ਅਰ ਲੱਖੂ ਕਾ ਲਿਖਜੋ ਬਧੇਰਾ।
ਹਾਕਮ ਦੇਸ ਦੁਆਬੇ ਤਾਂਈਂ।
ਪਹੁੰਚ ਗਯੋ ਥਾ ਸੋ ਅਗਵਾਈ[1] ॥੧੨੨॥ [1]ਪਹਿਲੋਂ ਹੀ।
ਯਾਂ ਤੈ ਦੇਸ ਦੁਵਾਬੇ ਵਾਰੇ।
ਹਿੰਦੂ ਤੁਰਕ ਅਏ ਚਢਿ ਸਾਰੇ।
ਸਿੰਘਨ ਭੀ ਲਿਹਾਜ ਤਜਿ ਹਿੰਦੈਂ।
ਤਬੈ ਰਖਨ ਹਿਤ ਅਪਨੀ ਜਿੰਦੈਂ ॥੧੨੩॥
ਲੁਟੇ ਗਾਮ ਬਹੁ ਹੋਇ ਕਰਾਰੇ[1]। [1]ਕਰੜੇ ਹੋ ਕੇ।
ਨਕਦੀ ਜ਼ੇਵਰ ਅਧਿਕ ਨਿਕਾਰੇ।
ਆਟਾ ਮੀਠਾ ਘ੍ਰਿੱਤ ਜੁ ਪਾਯਾ।
ਛਕਜੋ ਆਪ ਕਿਛ ਅਸ੍ਵਨਿ ਛਕਾਯਾ ॥੧੨੪॥

ਛਕਿ ਨਿਹਾਰੀਆਂ ਘੋੜੇ ਸਿੰਘ।
ਮਾਰਤ ਟਾਰਤ ਸੱਤ੍ਰੈਂ ਧਿੰਗ[1]।
ਰੈਨ ਦਿਵਸ ਕਰਿ ਦੌਰ ਅਪਾਰੀ।
ਭਏ ਪਾਰ ਸਤਲੁਜ ਨਦਿ ਭਾਰੀ ॥੧੨੫॥
ਲੱਖੂ ਦੁਸ਼ਟ ਲੌਟ ਤਬਿ ਗਯੋ।
ਦਾਖਲ ਜਾਇ ਲਹੌਰੈਂ ਭਯੋ।
ਸਿੰਘ ਮਾਲਵੇ ਦੇਸ ਮਝਾਰੀ।
ਧਸੇ ਜਾਇ ਕਰਿ ਸ਼ੁਕਰ ਗੁਜ਼ਾਰੀ ॥੧੨੬॥
ਮੁਲਖ ਪਠਾਂਨਨ ਅਰ ਰਜਪੂਤੈਂ।
ਕੇਰ ਛੋਡਿ, ਪਿਖਿ ਸਿੱਖਨਿ ਅਕੂਤੈਂ[1]।
ਤਾਂ ਮੈਂ ਧਸਯੋ ਪੰਥ ਦਰਹਾਲੀ[1]।
ਮਲਵੱਯਨ ਝਟ ਲੀਨ ਸੰਭਾਲੀ ॥੧੨੭॥
ਪਿਖਿ ਜਖਮੀਂ ਖਸਤਾਲ[1] ਅਪਾਰੀ।
ਦਯਾ ਧਾਰਿ ਮਲਵੱਯਨ ਭਾਰੀ।
ਨਿਜ ਨਿਜ ਘਰਿ ਉਤਾਰ ਸਭਿ ਲੀਏ।
ਲਖਿ ਗੁਰੁ-ਭਾਈ ਸੇਵ ਕਰੀਏ ॥੧੨੮॥
ਜੈਤੋ ਨਾਮ ਨਗਰ ਇਕ ਵਹਾਂ।
ਸੁੱਖਾ ਸਿੰਘ ਉੱਤਰਯੋ ਤਹਾਂ।
ਕੋਟ-ਕਪੂਰੇ[1] ਜੱਸਾ ਸਿੰਘ।
ਵਿੰਝੂ ਕੇ ਤਿਲੋਕ ਸਿੰਘ ਧਿੰਗ ॥੧੨੯॥
ਦਯਾਲ-ਪੁਰੇ ਮੈਂ ਹਰੀ ਸਿੰਘ ਪੁਨ।
ਸਿੰਘ ਨਕੱਈ[1] ਬਠਿੰਡੇ ਢਿਗ ਗੁਨਿ।
ਦੀਪ ਸਿੰਘ ਦਮਦਮੇਂ ਥਿਰਾਯੋ।
ਸਾਬੋ ਕੇ[1] ਲੋਗਨ ਸੇਵਾਯੋ[2] ॥੧੩੦॥
ਸਿੰਘ ਕਪੂਰਾਦਿਕ ਜੇ ਔਰੈਂ।
ਗਿਰਦ ਬ੍ਰਨਾਲੇ ਉਤਰੇ ਗੌਰੈਂ।
ਆਲਾ ਸਿੰਘ ਆਦਿਕ ਸਭਿ ਸੇਵੈਂ।
ਅਰ ਭਾਈ ਕੇ ਲੋਗ ਅਭੇਵੈਂ[1] ॥੧੩੧॥
ਚੜ੍ਹਤ ਸਿੰਘ ਪੱਕੇ ਪਥਰਾਲੇ।

[1]ਜ਼ੋਰਾਵਰ ਵੈਰੀਆਂ ਨੂੰ।

[1]ਬਹੁਤਾ ਸਿੱਖਾਂ ਦਾ (ਇਲਾਕਾ) ਦੇਖ ਕੇ। (ਅਕੂਤੈਂ-ਮਿਣਤੀ ਤੋਂ ਰਹਿਤ ਭਾਵ ਬਹੁਤਾ।)

[1]ਛੇਤੀ।

[1]ਖਸਤਹ-ਹਾਲ=ਬੁਰੀ ਹਾਲਤ ਵਿੱਚ।

[1]ਪਿੰਡ।

[1]ਨਕਈ ਮਿਸਲ ਦੇ, (ਅ) ਨੱਕੇ ਦੇਸ ਦੇ।

[1]ਗੋਤ ਦੇ (ਬਰਾੜਾਂ ਨੇ)। [2]ਸੇਵਾ ਕੀਤੀ।

[1]ਭਾਈ ਭਗਤੂ ਦੇ ਸੇਵਕਾਂ ਨੇ ਬਿਨਾਂ ਫ਼ਰਕ ਤੋਂ।

ਯੌਂ ਸਭਿ ਉਤਰਜੋ ਪੰਥ ਬਿਸਾਲੇ।
ਜਹਿਂ ਤਹਿਂ ਮੁਲਕ ਮਾਲਵੇ ਖਿੰਡ ਕੇ।
ਦ੍ਵਾਰੇ ਜਾਇ ਥਿਰੇ ਪਿੰਡ ਪਿੰਡ ਕੇ ॥੧੩੨॥
ਕਰੀ ਸੇਵ ਮਲਵੱਈਅਨ ਨੀਕੈ।
ਗੁਰੁ-ਸਿਖ ਜਾਨ ਬਿਰਾਦਰ[1] ਠੀਕੈਂ।
ਜ਼ਖਮੀਂ ਸਿੰਘਨਿ ਜ਼ਖਮ ਸਿਲਾਏ।
ਪਾਇ ਪਨਾਲੀ ਤੇਲ ਭਿਗਾਏ[1] ॥੧੩੩॥

[1]ਭਰਾ।

[1]ਤੇਲ ਪਾ ਕੇ ਭਿਉਂ ਕੇ (ਜ਼ਖ਼ਮਾਂ ਤੇ ਬੰਨ੍ਹਣ ਵਾਲੀਆਂ) (ਪਨਾਲੀ) ਪੱਟੀਆਂ ਬੰਨ੍ਹੀਆਂ।

ਸੁੱਖਾ ਸਿੰਘ ਲੌ ਸਿੰਘ ਥੇ ਜੇਤੇ।
ਜ਼ਖਮੀਰਾਜੀ ਭੇ ਜਬਿ ਤੇਤੇ।
ਜਹਿਂ ਤਹਿਂ ਸਿੰਘਨ ਉਤਸ਼ਵ ਕੀਨੇ।
ਪੰਚਾਂਮ੍ਰਿਤ ਕਰਵਾਏ ਪੀਨੇ ॥੧੩੪॥
ਗੁਰੂ ਗ੍ਰੰਥ ਕੇ ਪਾਠ ਕਰਾਏ।
ਕੀਰਤਨ ਸੁਨੈਂ ਮੋਦ ਮਨਿ ਪਾਏ।
ਸੌ ਸੌ ਦੋ ਦੋ ਸੌ ਚਢਿ ਜਾਵੈਂ।
ਦੂਰ ਦੂਰ ਤੈ ਲੁਟਿ ਲਿਆਵੈਂ ॥੧੩੫॥
ਇਤ ਉਤ ਫਿਰਿ ਤਬਿ ਪੰਥਿ ਮਹਾਨੈਂ[1]।
ਕਰੀ ਮਾਲਵੇ ਮੈਂ ਗੁਜਰਾਨੈਂ ॥੧੩੬॥

[1]ਬਹੁਤਾ।

ਦੋਹਰਾ:
ਏਸ ਜੰਗ ਮੈਂ ਭਯੋ ਥਾ,
ਪੰਥ ਜਰਜਰੋ ਭੂਰ[1]।
ਮੁਲਕ ਮਾਲਵੇ ਬਿਚਰਿ ਫਿਰ,
ਕਰੀ ਮਾਂਦਗੀ[1] ਦੂਰ ॥੧੩੭॥

[1]ਬਹੁਤਾ ਕਮਜ਼ੋਰ।

[1]ਥਕਾਵਟ, ਕਮਜ਼ੋਰੀ।

ਦਸ ਹਜ਼ਾਰ ਸਿੰਘ ਕੋਉ ਕਹਿਂ,
ਕੋਉ ਬੀਸ ਬਤਾਇਂ।
ਮਰੇ ਸਿੰਘ ਇਸ ਜੰਗ ਮੈਂ,
ਤੁਰਕ ਬਿਅੰਤ ਮਹਾਂਇਂ ॥੧੩੮॥
ਪੈ ਛੈ ਸਾਤ ਹਜ਼ਾਰ ਸਿੰਘ,
ਮਰਿਓ ਠੀਕ ਤਹਾਂਇਂ।
ਘੱਲੂਘਾਰਾ ਪੰਥ ਕਹਿ,

ਯਾਂ ਤੈ ਇਸ ਜੰਗ ਤਾਂਇੰ ॥ ੧੩੯ ॥

ਸੰਮਤ ਸਸ ਬਸੁ ਸੂਨ ਰਿਖ[1],
ਮਾਹਿੰ ਗਾਥ ਇਹੁ ਸਾਰਿ[1]।
ਭਈ, ਭਯੋ ਯਹਿ ਧਜਾਇ ਇਤਿ,
ਗੁਰੁ ਪਦ ਪਦਮ ਜੁਹਾਰਿ[1] ॥ ੧੪੦ ॥

[1]ਸੰਮਤ ੧੯੦੭ ਬਿ:।
[1]ਸਾਰੀ। (ਅ) ਸ੍ਰੇਸ਼ਟ।
[1]ਨਮਸ਼ਕਾਰ ਕਰਕੇ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਲੱਖੂ ਕਾ ਜੰਗ, ਛੋਟਾ ਘੱਲੂਘਾਰਾ', ਬਰਨਨੰ ਨਾਮ ਪੈਂਤੀਸਮੋਂ ਬਿਸ੍ਰਾਮ ॥ ੩੫ ॥

੩੬. {ਕਾਬਲ-ਪਤਿ ਤੇ ਦਿੱਲੀ-ਪਤਿ ਦਾ ਜੰਗ, ਮੀਰ ਮੰਨੂੰ ਨੇ ਲਾਹੌਰ ਦਾ ਸੂਬਾ ਬਣਨਾ, ਲੱਖੂ ਦੁਸ਼ਟ ਨੂੰ ਕਸ਼ਟ ਦੇ ਕੇ ਮਾਰਨਾ, ਪੰਥ ਨੇ ਰਾਮਗੜ੍ਹ ਕਿਲ੍ਹਾ ਰਚਣਾ ਤੇ ਸ਼ਾਹ ਨਿਵਾਜ਼ ਨੂੰ ਮਾਰਨਾ}

ਸ੍ਵੈਯਾ:

ਪੀਰਨ ਤੈ ਜਿਨ ਪੀਰੀ ਲਈ,
ਜਿਨ ਮੀਰਨ ਤੈ ਭਰ ਮੀਰੀ ਲਹਾਈ[1]।

[1]ਜਿਨ੍ਹਾਂ (ਸਤਿਗੁਰਾਂ ਨੇ) ਪੀਰਾਂ ਤੋਂ ਪੀਰੀ ਲੈ ਲਈ ਅਤੇ ਜਿਨ੍ਹਾਂ ਨੇ ਬਾਦਸ਼ਾਹਾਂ ਤੋਂ ਭਲੀ ਪ੍ਰਕਾਰ ਬਾਦਸ਼ਾਹੀ ਪੰਥ ਨੂੰ ਪ੍ਰਾਪਤ ਕਰਵਾਈ।

ਧੀਰ ਅਮੀਰਨ ਬੀਰਨ ਕੋ ਲਿਯ,
ਤੀਰਨ ਸੈਂ ਨਿਜ ਓਰ ਝੁਕਾਈ[1]।

[1]ਸਰਦਾਰਾਂ ਤੇ ਬਹਾਦਰਾਂ ਤੋਂ ਧੀਰਜ ਲੈ ਲਈ, ਉਨ੍ਹਾਂ ਨੂੰ ਤੀਰਾਂ ਨਾਲ ਆਪਣੇ ਵਲ ਝੁਕਾਅ ਲਿਆ।

ਪਾਵਨ ਪੰਥ ਸ਼ਿਰੋਮਣ ਪੰਥਨ
ਸਾਜਿ, ਸ਼ਰ੍ਹਾ ਹਿੰਦੁਵਾਨ ਰਖਾਈ[1]।

[1]ਪੰਥਾਂ ਚੋਂ ਸ਼੍ਰੋਮਣੀ ਤੇ ਪਵਿੱਤ੍ਰ ਪੰਥ ਸਾਜ ਕੇ ਹਿੰਦੂਆਂ ਦੀ ਧਾਰਮਕਰੀਤੀ ਦੀ ਰੱਖਿਆ ਕੀਤੀ।

ਤਾਂ ਗੁਰੁ ਗੋਬਿੰਦ ਸਿੰਘ ਤਈਂ,
ਹਰਿ ਗਜਾਨ ਜੁਹਾਰਤ ਮਾਥ ਝੁਕਾਈ ॥੧॥
ਆਇ ਜਿਮੈਂ ਪਤਿ-ਕਾਬਲ, ਜੰਗ
ਨਿਸੰਗ ਦਿਲੇਸਹਿ ਸੰਗ ਕਰੈ ਹੈ।
ਮੀਰ ਮੰਨੁ ਜਿਮ ਪਾਇ ਲਹੌਰ,
ਲਖੁ ਦੁਸ਼ਟੈਂ ਕਿਰਦਾਰ ਭੁਗੈ ਹੈਂ[1]।

[1]ਕਰਣੀ ਦਾ ਫਲ ਭੁਗਤਾਉਣਗੇ।

ਸਿੰਘ ਰਚੈਂ ਗੜ੍ਹ-ਰਾਮ ਸੁਧਾਸਰ,
ਸ਼ਾਹਿ ਨਿਵਾਜ਼ ਤਈਂ ਸਿੰਘ ਘੈਹੈਂ[1]।

[1]ਮਾਰਨਗੇ।

ਏਤਿਕ ਖਾਸ ਸੁਨੋਂ ਇਤਹਾਸ,
ਨਿਵਾਸ ਇਹੈ ਅਨਯਾਸ ਸੁਨੈ ਹੈ[1] ॥੨॥

[1]ਇਹ ਧਿਆ ਬਿਨਾਂ ਜਤਨ ਤੋਂ ਸੁਣਾਵੇਗਾ।

ਦੋਹਰਾ:

ਸ੍ਰੀ ਗੁਰੁ ਨਿਰਮਲ ਪੰਥ ਕੋ,
ਸ੍ਵੈ ਗੁਰੁ ਬੀਰ-ਮ੍ਰਿਗੇਸ*।

*ਗਿਆਨੀ ਗਿਆਨ ਸਿੰਘ ਜੀ ਦੇ ਉਪਦੇਸ਼-ਦਾਤਾ ਸੰਤ ਬੀਰ ਸਿੰਘ ਜੀ ਦੇ ਕੀਤੇ ਮੰਗਲ ਤੇ ਸ੍ਵੈ-ਗੁਰ ਸੰਬੰਧੀ ਸ੍ਰੀ ਗੁਰੁ ਪੰਥ ਪ੍ਰਕਾਸ਼ ਪੂਰਬਾਰਧ ਦੇ ਬਿਸ੍ਰਾਮ ਨੰ. ੧ ਦੇ ਅੰਕ ਨੰ. ੨੨ ਦੇ ਅਰਥ ਤੇ ਭਾਵ ਨੂੰ ਗਹੁ ਨਾਲ ਪੜ੍ਹੋ।

ਉਰਿ ਧਰਿ ਹਰ ਉਪਕਾਰ ਪੁਰ,
ਵਰਨੋਂ ਗਾਥ ਸੁਦੇਸ[1] ॥੩॥

[1]ਸ੍ਰੀ ਗੁਰੁ ਜੀ ਦੇ ਚਲਾਏ ਨਿਰਮਲ ਪੰਥ ਦੇ (ਉੱਘੇ ਮਹਾਂ-ਪੁਰਸ਼) ਆਪਣੇ ਉਪਦੇਸ਼ ਦਾਤਾ (ਸੰਤ) ਬੀਰ ਸਿੰਘ ਜੀ ਦੇ ਹਰ ਇਕ ਉਪਕਾਰ ਨੂੰ ਪੂਰੀ ਤਰ੍ਹਾਂ ਹਿਰਦੇ 'ਚ ਧਾਰ ਕੇ ਸੁੰਦਰ ਕਥਾ

ਕਹਿੰਦਾ ਹਾਂ।

ਨਿਸ਼ਾਨੀ ਛੰਦ:

ਲੱਖੂ ਦੁਸ਼ਟ ਦਿਵਾਨ ਨੈ, ਫਿਰ ਜਾਇ ਲਹੌਰੈਂ।
ਕਰਜੋ ਕੁਕਰਮ ਮਹਾਨ ਜਜੋਂ, ਸੋ ਸੁਨਿ ਅਬਿ ਔਰੈਂ।
ਯੌਂ ਤਬਿ ਸਭਿ ਨਿਜ ਦੇਸ ਮੈਂ, ਡੌਂਡੀ ਫਿਰਵਾਈ।
ਸਿੰਘ ਗੁਰੂ ਕੇ ਅਬਿ ਸਭੀ, ਹਮ ਦਏ ਖਪਾਈ ॥੪॥
ਖੱਤ੍ਰੀ ਗੋਬਿੰਦ ਸਿੰਘ ਨੈ, ਯਹਿ ਪੰਥ ਜੁ ਕੀਨਾ।
ਥਾ ਖਰਾਬ ਅਤ ਹੀ ਬੁਰੋ, ਸੋ ਹਮ ਹਰ ਦੀਨਾ[1]। [1]ਨਾਸ਼ ਕਰ ਦਿੱਤਾ ਹੈ।
ਸ਼ਾਹੀ ਫੌਜਨ ਤੈ ਮਰੇ, ਜੁ ਸਿੱਖ ਥੇ ਨਾਹੀਂ।
ਬੀਜ-ਨਾਸ ਹਮ ਸੋ ਕਰੇ, ਇਕ ਰਹਜੋ ਨ ਕਾਹੀਂ ॥੫॥
ਅਬਿ ਜੋ ਕੋਊ ਗੁਰੂ ਕਾ, ਫਿਰ ਸਿੱਖ ਸਦੈ ਹੈ।
ਜਬਤ ਕਰੌਂ ਘਰ ਤਾਹਿਂ ਕਾ, ਫੜਿ ਤੁਰਕ ਬਨੈਂ ਹੈਂ।
ਇੱਤਜਾਦਿਕ ਤਿਸ ਦੁਸ਼ਟ ਨੈਂ, ਬਹੁ ਹੁਕਮ ਸੁਨਾਏ।
ਪਢਨ ਸੁਨਨ ਗੁਰੁ-ਬਾਨਿ ਤੈ, ਸਭਿ ਲੋਗ ਹਟਾਏ ॥੬॥
ਗ੍ਰੰਥ ਪੋਥੀਆਂ ਜੋ ਮਿਲੇ, ਗੁਰੁ-ਬਾਨੀ ਕੇਰੇ।
ਖੋਜਿ ਖੋਜਿ ਤਿਸ ਦੁਸ਼ਟ ਨੈਂ, ਮਧ ਕੂਪਨ ਗੇਰੈ[1]। [1]ਖੂਹਾਂ ਵਿੱਚ ਸੁੱਟੇ।
ਸਿੱਖ ਗੁਰੂ ਕਾ ਜੋ ਮਿਲੈ, ਤਿਸ ਕੌ ਪਕਰਾਵੈ।
ਕਰੈ ਕੈਦ ਕੈ ਦੰਡ ਦੈ, ਕੈ ਤੁਰਕ ਕਰਾਵੈ ॥੭॥
ਗੁਰਦ੍ਵਾਰੇ ਧ੍ਰਮਸਾਲ ਥੇ, ਬਹੁ ਇਨ ਗਿਰਵਾਏ।
ਤਾਲ ਸੁਧਾਸਰ ਕੋ ਤਿਸੈ, ਦੀਨੋਂ ਪੁਰਵਾਏ[1]। [1]ਪੂਰ ਦਿੱਤਾ, ਭਰ ਦਿੱਤਾ।
ਹਿਤ ਇਨਾਮ ਤਬਿ ਮੁਕਬਰੈਂ[1], ਬਹੁ ਸਿੱਖ ਪਕੜਾਏ। [1]ਚੁਗ਼ਲਾਂ ਨੇ।
ਕੇਸਨ ਵਾਰਾ ਜੋ ਮਿਲੈ, ਸਿਰ ਤਾਂਹਿ ਕਟਾਏ ॥੮॥

ਤੁਰਕਨ ਕਾ ਪੜ-ਤੁਰਕ ਭਾ, ਲੱਖੁ ਬਦ-ਜ਼ਾਤੀ[1]। [1]ਲੱਖੂ ਬਦਜ਼ਾਤ ਤੁਰਕਾਂ ਦਾ ਵੱਡਾ ਤੁਰਕ ਹੋ ਗਿਆ।
ਅਤੀ ਜ਼ੁਲਮ ਤਿਸ ਨੈ ਕਰੇ, ਸੰਗ ਸਿਖਨ ਬਖਜਾਤੀ[1]। [1]ਪ੍ਰਗਟ।
ਉਨੈਂ ਖਰਾਬ[1] ਪੰਜਾਬ ਮੈਂ, ਤਬਿ ਕੇਸਨ ਵਾਰਾ। [1]ਉਸ ਖ਼ਰਾਬ ਲੱਖੂ ਨੇ।
ਰਹਿਨ ਦਯੋ ਥਾ ਕੋ ਨਹੀਂ, ਕਰਿ ਨਿਰਨੈ ਭਾਰਾ ॥ ੯ ॥
ਲੋਕ ਸਬੰਧੀ ਸਿੱਖਨ ਕੇ, ਜਬਰਨ ਤਿਨ ਫਰ ਕੈ।
ਤੁਰਕ ਕਰਾਏ ਕਿਛੁ ਹੁਤੇ, ਅਤਿ ਮਤਸਰ ਧਰ ਕੈ।
ਘਰ ਜ਼ਮੀਨ ਸਭਿ ਛੀਨ ਕੈ, ਔਰਨ ਕੋ ਦੀਨੇਂ।
ਦਾਮ ਕਾਮ ਬਿਨ ਚਾਮ ਕੇ, ਚਾਲਾਏ ਪੀਨੇ[1] ॥ ੧੦ ॥ [1]ਬਿਨਾਂ ਮਤਲਬ ਤੋਂ ਉਸ ਨੇ ਬਹੁਤੇ ਚੰਮ ਦੇ ਦਮੜੇ ਚਲਾਏ।
ਸਿੱਖਨ ਕੀ ਬਹੁ ਸਿੱਖਣੀ, ਲੈ ਬਾਲ ਬਚੇ ਕੋ।
ਜਾਇ ਮਾਲਵੇ ਮੈਂ ਧਸੀਂ, ਰਖਿ ਸਿਦਕ ਸਚੇ ਕੋ।
ਯਾ ਬਿਧਿ ਜ਼ੁਲਮ ਅਤੁਲਮ[1] ਥੇ, ਜਬਿ ਤਾਹਿੰ ਗੁਜਾਰੇ। [1]ਬਹੁਤੇ।
ਸੁਨਿ ਪਿਖਿ ਸਿੰਘਨਿ ਹਿੰਦੂਐਂ, ਅਤਿ ਹੋਇ ਦੁਖਾਰੇ ॥ ੧੧ ॥
ਕਰੀ ਫਰਜਾਦ ਅਗਾਧ ਪੈ[1], ਹ੍ਵੈ ਦੀਨ ਮਹਾਂਏਂ। [1]ਪ੍ਰਮੇਸ਼ਰ ਪਾਸ।
ਹੇ ਪ੍ਰਭੁ ਦੀਨ ਦਿਆਲ ਜੀ, ਰੱਖਕ ਭਗਤਾਏਂ[1]। [1]ਭਗਤਾਂ ਦੇਰਾਖੇ।
ਜਬਿ ਜਬਿ ਕਾਹੂ ਦੁਸ਼ਟ ਨੈਂ, ਜਨ ਅਧਿਕ ਦੁਖਾਏ।
ਤਬਿ ਤਬਿ ਭਾਂਤਿ ਅਨੇਕ ਸੈਂ, ਤੈਂ ਦੁਸ਼ਟ ਖਪਾਏ ॥ ੧੨ ॥
ਜੁਗਿ ਜੁਗਿ ਭਗਤ ਉਪਾਇ ਕੈ, ਤੈਂ ਪੈਜ ਰਖਾਈ।
ਅਬਿ ਇਸ ਲੱਖੂ ਮੂਢ ਨੈਂ, ਅਤਿ ਕਰੀ ਅਨਜਾਈ।
ਹੇ ਅਕਾਲ ਪ੍ਰਤਿਪਾਲ ਜੂ, ਇਹੁ ਪੰਥ ਤੁਮਾਰਾ।
ਆਹਿ ਖਾਲਸਾ, ਧਰਮ ਕੇ ਹਿਤ ਖੱਗ[1] ਸੰਭਾਰਾ ॥ ੧੩ ॥ [1]ਖੰਡਾ, ਤਲਵਾਰ।
ਲਾਜ ਬਿਰਦ ਕੀ ਆਪ ਕੋ, ਹੈ ਰਾਖੋ ਸਾਂਈਂ।
ਰਾਖੀ ਸਧਨੇਂ ਸੈਨ ਕੀ, ਪ੍ਰਹਿਲਾਦ ਜਥਾਈਂ[1]। [1]ਜਿਵੇਂ।
ਕਰਮਾਂ ਬਾਈ, ਬੇਸਵਾ[1], ਮੀਰਾਂ ਕੀ ਰਾਖੀ। [1]ਗਨਕਾ, ਜੋ ਤੋਤੇ ਨੂੰ ਰਾਮਰਾਮ ਜਪਾਉਂਦੀ ਉਧਰ ਗਈ ਸੀ।

ਧੰਨੇਂ, ਸੂਰ[1], ਕਬੀਰ ਕੀ, ਨਾਮੇਂ ਕੀ ਲਾਖੀ[2] ॥੧੪॥
ਸੇਸ[1] ਸਾਰਦਾ[2], ਗਨ ਸਕੈ ਨਹਿੰ, ਤੁਵ ਉਪਕਾਰਾ।
ਸਰਣਾਗਤਿ ਕੀ ਰਾਖੀਏ, ਅਬਿ ਭੀ ਇਸ ਬਾਰਾ।
ਸਿੰਘਨ ਕੀ ਬਿਨਤੀ ਇਹੈ, ਪ੍ਰਭੁ ਕਰੀ ਕਬੂਲੈਂ[1]।
ਫਲ ਕਿਰਦਾਰ, ਭੁਗਵਾਨੇਂ ਹਿਤ, ਦੁਸ਼ਟਨ ਤੂਲੈਂ[1] ॥੧੫॥
ਜਯੋਂ ਸਬੱਬ ਹਰਿ ਕਰਿ ਦਯੋ, ਅਬਿ ਸੁਨੀਓ ਸੋਈ।
ਸ਼ਾਹ ਨਿਵਾਜ ਢਿਗ ਕੈਦ ਥਾ, ਅਹੀਏ ਖਾਂ ਜੋਈ।
ਕਮਰ ਦੀਨ ਵਾਜ਼ੀਰ ਕਾ, ਥਾ ਸੋਉ ਜਮਾਈ[1]।
ਤਾਹਿੰ ਛੁਡਾਵਨ ਕੇ ਹਿਤੈ, ਉਨ ਲਿਖਯੋ ਮਹਾਂਈ ॥੧੬॥
ਨਹਿੰ ਜਬਿ ਉਸ ਨੈਂ ਛੋਡਯੋ ਸੋ ਕਿਸੀ ਬਹਾਨੇਂ।
ਦੌਰ ਗਯੋ ਦਿੱਲੀ ਵਿਖੈ, ਢਿਗ ਸਸੁਰ ਅਪਾਨੈਂ[1]।
ਤਿਸ ਤੈ ਡਰਤ ਨੁਵਾਬ ਨੈਂ, ਪਤਿ-ਕਾਬਲ ਸੰਗੈਂ।
ਕਰਿ ਸਾਜ਼ਸ਼ ਬੁਲਵਾ ਲਯੋ, ਤਿਸ ਤਈਂ ਨਿਸੰਗੈਂ ॥੧੭॥
ਲੈ ਦੈਹੋਂ ਮੈਂ ਤੋਹਿ ਕੋ, ਸਭਿ ਹਿੰਦੁਸਤਾਨੂੰ।
ਸ਼ਾਹਿ ਏਸ ਇਕਰਾਰ ਪੈ, ਚਢ ਅਯੋ ਦੁਰਾਨੂੰ[1]।
ਇਤ ਤੈ ਫੇਰ ਦਿਲੇਸ ਨੈਂ ਕਰਿ ਮਾਨ ਦਰਾਜੂ[1]।
ਕਾਬਲੇਸ ਕੀ ਤਰਫ ਸੈਂ, ਲਿਯ ਫਾੜਿ ਨਿਵਾਜੂ ॥੧੮॥
ਨਿਜ ਮੁਰਸ਼ਦ[1] ਪਤਿ-ਕਾਬਲੈਂ, ਸਾਬਰ-ਸ਼ਾਹ ਨਾਮੂੰ।
ਸ਼ਾਹ ਨਿਵਾਜ ਢਿਗ ਜਬਿ ਪਠਯੋ, ਇਨ ਕਰਯੋ ਕੁਕਾਮੂੰ।
ਦਿੱਲੀ ਪਤਿ ਕੇ ਜ਼ੋਰ ਸੈਂ, ਤਿਸ ਕੋ ਪਿਟਵਾਯੋ[1]।
ਇਹੁ ਸੁਨਿ ਅਤਿ ਹੀ ਕੋਪ ਕੈ, ਕਾਬਲ-ਪਤਿ ਆਯੋ ॥੧੯॥

[1]ਸੂਰਦਾਸ। [2](ਲਾਜਰੱਖੀ) ਜਾਣੀ ਹੈ।
[1]ਸ਼ੇਸ਼ਨਾਗ। [2]ਸੁਰਸਤੀ।
[1]ਪ੍ਰਵਾਣ।
[1]ਦੁਸ਼ਟਾਂ ਨੂੰ ਕਰਮਾਂ ਦਾ ਬਹੁਤਾ ਫਲ ਭੁਗਤਾਉਣ ਲਈ।
[1]ਜੁਆਈ।
[1]ਆਪਣੇ ਸਹੁਰੇ ਪਾਸ।
[1]ਅਹਿਮਦ ਸ਼ਾਹ ਦੁਰਾਨੀ।
[1]ਬਹੁਤਾ ਆਦਰ ਕਰਕੇ।
[1]ਆਪਣੇ ਉਸਤਾਦ।
[1]ਮਾਰ ਕਰਵਾਈ।

ਦਿੱਲੀ-ਪਤਿ ਬਹੁ ਫੌਜ ਦੈ, ਅਰ ਸੌਂਜ ਮਹਾਂਯੋ[1]। — [1]ਬਹੁਤਾ ਸਾਮਾਨ।
ਕੁੱਮਕ[1] ਸ਼ਾਹ-ਨਿਵਾਜ ਪੈ, ਵਾਜ਼ੀਰ ਪਠਾਯੋ। — [1]ਫੌਜੀ ਮਦਦ।
ਮਰ੍ਹਟਾ ਰਾਘੋ-ਰਾਵ ਜੀ ਅਰ ਸੂਰਜ-ਮੱਲੇ।
ਮਾਧੋ ਸਿੰਘ ਜੈਪੁਰ-ਪਤੀ, ਤਿਸ ਕੇ ਸੰਗ ਘੱਲੇ ॥੨੦॥
ਫੌਜੈਂ ਤੋਪ ਅਮਿੱਤ ਲੈ, ਵਾਜ਼ੀਰ ਪਿਆਨਾ।
ਪੈ ਨਿਵਾਜ ਸੈਂ ਰਖਤ ਥਾ, ਵਹਿ ਦਿਲੀ ਕਸਾਨਾ[1]। — [1]ਦਿਲੀ ਵੈਰ।
ਯਾਂ ਤੈ ਸ਼ੀਘਰ ਨਾਂ ਪੁਗਯੋ[1], ਉਤ ਤੈ ਦੌਰਾਨੀ। — [1]ਨਾ ਪੁੱਜਿਆ।
ਪਹੁੰਚਯੋ ਸ਼ੀਘਰ ਆਇ ਕੈ, ਲੈ ਫੌਜ ਮਹਾਨੀ ॥੨੧॥
ਬਾਦ[1] ਥੋਰ ਹੀ ਜੰਗ ਕੇ, ਲਹੌਰ ਉਨ ਲੀਓ। — [1]ਮਗਰੋਂ।
ਸ਼ਾਹ ਨਿਵਾਜ ਕੋ ਪਕਰ ਕੈ, ਅਤਿਸੈ ਤੰਗ ਕੀਓ।
ਟਕਾ ਲਯਾ ਇਕ ਕੋਟਿ ਹੈ, ਕਿਸ਼ਤੀ ਏਕੱਤੀ[1]। — [1]ਇਕ ਕ੍ਰੋੜਰੁਪਇਆ ਲਿਆ ਅਤੇ ਮੋਤੀਆਂ ਤੇ ਮਣੀਆਂ ਦੀਆਂ ੩੧ ਕਿਸ਼ਤੀਆਂ ਭਰ ਕੇ ਲਈਆਂ (ਕਿਸ਼ਤੀ-ਕਿਸ਼ਤੀ ਦੀ ਸ਼ਕਲ ਦਾ ਥਾਲ।)
ਮੋਤੀ ਮਨੀਆਂ ਕੀ ਲਈ, ਤਬਿ ਤਜਯੋ ਕੁਮੱਤੀ[1] ॥੨੨॥ — [1]ਖੋਟੀ ਮਤ ਵਾਲੇ ਸ਼ਾਹ ਨਿਵਾਜ਼ ਨੂੰ।
ਜੰਗੀ ਔਰ ਸਮਾਨ ਭੀ, ਬਹੁ ਲੀਨ ਉਠਾਏ।
ਕੁਹਕ-ਬਾਣ[1] ਲਾਹੌਰ ਤੈ, ਗੱਡੇ ਲਦਵਾਏ। — [1]ਇਕ ਤਰ੍ਹਾਂ ਦੇ ਤੀਰ ਜਿਸ ਦੀ ਮੁਖੀ ਵਿੱਚ ਛੇਕ ਹੁੰਦਾ ਹੈ ਤੇ ਚਲਣ ਸਮੇਂ ਸੀਟੀ ਜਿਹੀ ਆਵਾਜ਼ ਦੇਂਦਾ ਹੈ।
ਕਾਬਲੇਸ ਲਾਹੌਰ ਤੈ, ਚਢਿ ਦਿੱਲੀ ਓਰੈਂ।
ਚਾਲਯੋ ਤਬੈ ਵਜ਼ੀਰ ਭੀ, ਯੁਤ ਦਲ ਬਲਿ ਘੋਰੈਂ[1] ॥੨੩॥ — [1]ਬਹੁਤੇ ਬਲੀ ਦਲ ਦੇ ਸਹਿਤ।
ਪਹੁੰਚਯੋਂ ਆਇ ਸਰ੍ਹੰਦ ਮੈਂ, ਕਰਨੋ ਰਣ ਚਹਿਹੀ।
ਮੀਰਮੰਨੂ ਸੁਤ ਤਾਹਿੰ ਕਾ, ਸੂਬਾ ਥਾ ਤਹਿੰਹੀ।
ਦੁਹਿ-ਦਿਸ ਪਰਯੋ ਮੁਕਾਬਲਾ, ਤਿਸ ਹੀ ਠਾਂ ਆਏ।
ਢੋਲ ਨਗਾਰੇ ਬੱਜਹੀਂ, ਮਾਰੂ ਜੁਝਾਏ[1] ॥੨੪॥ — [1]ਲੜਾਈ ਦੇ ਜੰਗੀ ਵਾਜੇ।
ਮੁਗਲ ਪਠਾਨੋ ਕੀ ਪਰੀ, ਤਹਿਂ ਸਖਤ ਲਰਾਈ।
ਦਾਉ ਲਗਯੋ ਤਬਿ ਸਿੰਘਨ ਕਾ, ਲੂਟੈਂ ਦੁਹਿ ਤਾਂਈਂ[1]। — [1]ਦੋਹਾਂ ਨੂੰ।

ਦਿੱਲੀ ਅਰ ਲਾਹੌਰ ਤੈ, ਅਸਬਾਬ ਜੁ ਆਵੈ।
ਮੱਦਦ ਹਿਤ ਦੁਹਿ ਦਲਨ ਕੈ, ਜੰਗੀ ਬਹੁ ਭਾਵੈ[1] ॥੨੫॥ — [1]ਬਹੁਤ ਤਰ੍ਹਾਂ ਦਾ।

ਡਾਕੇ ਛਾਪੇ ਮਾਰ ਕੈ, ਸਿੰਘ ਦੁਹਿ ਦਿਸ ਲੂਟੈਂ।
ਘੋੜੇ ਆਯੁਧ ਅਧਿਕ ਹੀ, ਲੀਨੇ ਕਰਿ ਛੂਟੈਂ[1]। — [1]ਹੱਲਾ ਕਰਕੇ।
ਤੁਰਕ ਤੁਰਕ ਦੁਹਿ ਦਿਸਾ ਤੈ, ਲਰਿ ਲਰਿ ਕਰਿ ਮਰਹੀਂ।
ਪੇਖਿ ਪੇਖਿ ਸਿੰਘ ਮੋਦ ਹ੍ਵੈਂ, ਕਹਿੰ ਗੁਰੁ ਬਰ ਫਰਹੀਂ[1] ॥੨੬॥ — [1]ਗੁਰਾਂ ਦੇ ਵਰ ਫਲਦੇ ਹਨ।

ਸਾਤ ਦਿਵਸ ਸਰਹੰਦ ਪੈ, ਘਮਸਾਨ ਮਚਾਨਾ।
ਤੋਪੈਂ ਤੁੱਪਕ ਤੀਰ ਕਾ, ਜਨੁ ਮੇਂਹ ਬਸਾਨਾ।
ਜ੍ਵਾਨ ਕਿਕਾਨ[1] ਕਿਤਾਨ ਹੀ, ਛੈ ਕੋਸ ਮਝਾਰੇ। — [1]ਘੋੜੇ।
ਪਰੇ ਅਧਮਰੇ ਕੋ ਮਰੇ, ਧਰ ਪਰੈਂ ਅਪਾਰੇ ॥੨੭॥

ਚੀਲੈਂ ਗਿਰਝੈਂ ਬਾਇਸੈਂ, ਬਹੁ ਸ੍ਵਾਨੈਂ ਸਜਾਲੈਂ[1]। — [1]ਇੱਲਾਂ, ਗਿਲਜਾਂ, ਕਾਂਵਾਂ, ਬਹੁਤੇ ਕੁੱਤਿਆਂ ਤੇ ਗਿੱਦੜਾਂ ਨੇ।
ਮਾਸ ਖਾਸ ਮਨ ਭਾਵਤੈ, ਖਾਯੋ ਬੇਸਾਲੈਂ[1]। — [1]ਬਹੁਤਾ।
ਭੂਤ ਪਿਸਾਚੈਂ[1] ਜੋਗਨੀ, ਭੈਰਵ ਭਬਕਾਰੈਂ[2]। — [1]ਮਾਸਖਾਣੇ। [2]ਬੋਲਦੇ ਹਨ।
ਭਰਿ ਭਰਿ ਖੱਪਰ ਖੂਨ ਕੇ, ਕਰਿ ਪਾਨ ਡਕਾਰੈਂ[1] ॥੨੮॥ — [1]ਪੀ ਕੇ ਡਕਾਰ ਲੈਂਦੇ ਹਨ।

ਅਰਿ ਅਰਿ ਲਰਿ ਲਰਿ ਜੂਝਹੀਂ, ਜੋਧੇ ਬਲਕਾਰੀ।
ਮੁਗਲ ਦੁਰਾਨੀ ਬਹੁ ਮਰੇ, ਜਬਿ ਖੇਤ ਮਝਾਰੀ[1]। — [1]ਜੰਗ ਵਿੱਚ।
ਕਮਰ ਦੀਨ ਤਬਿ ਸਮਰ ਮੈਂ, ਕਸਿ ਕਮਰ ਜੁ ਆਯੋ।
ਜਹਾਂ ਦੁਰਾਨੀ ਥੇ ਬਢੇ, ਤਹਿਂ ਫੀਲ[1] ਝੁਕਾਯੋ ॥੨੯॥ — [1]ਹਾਥੀ।

ਮਾਰਿ ਮਾਰਿ ਬਕਿ[1], ਮੁਗਲੀਆ ਦਲ ਉਮਡਯੋ ਤਿਤ ਹੀ। — [1]ਬੋਲਦਿਆਂ ਹੋਇਆਂ।
ਗੋਲਾ ਛੁਟਯੋ ਜੰਜੈਲ[1] ਕਾ, ਦਿਸ ਦੁਸ਼ਮਨ ਕਿਤ ਹੀ। — [1]ਛੋਟੀ ਤੋਪ।
ਛਾਤੀ ਚੀਰ ਵਜੀਰ ਕੀ, ਸੋ ਪਰਿਓ ਪਾਰੇ[1]। — [1]ਪਾਰ ਲੰਘ ਗਿਆ।

ਪੈ ਝਟ ਮੰਨੂ-ਮੀਰ ਨੈਂ, ਤਬਿ ਲਯੋ ਸੰਬਾਰੇ ॥੩੦॥

ਦੋਹਰਾ:

ਕਮਰ ਦੀਨ ਕੀ ਕਮਰ ਤਬਿ, ਗਈ ਸਮਰ ਮੈਂ ਟੂਟ।
ਗੋਲੀ ਛਤੀਆ ਮੈਂ ਲਗੀ, ਗਏ ਪ੍ਰਾਨ ਤਿਹ ਛੂਟ ॥੩੧॥

ਕਬਿੱਤ:

ਪੂਤ ਕਮਰ ਦੀਨ ਕਾ ਥਾ ਮੰਨੂ ਜੋ ਸਮਰ ਮਾਹਿਂ,
ਧੀਰਜ ਸਬਰ ਤਾਹਿਂ ਜਬਰ ਰਖਾਯੋ ਹੈ।
ਤਾਤਕਾਲ ਤਾਤ ਕੋ[1] ਸੰਭਾਲਿ ਫੀਲ ਪੈ ਬਿਠਾਲਿ, — [1]ਪਿਤਾ ਨੂੰ।
ਬਾਂਧ ਕੈ ਜ਼ਖਮ ਨਾਲ ਜ੍ਵਾਨ ਕੈ ਬਿਠਾਯੋ ਹੈ।
ਮਨ ਮੈਂ ਵਿਚਾਰਿ, ਸਾਰ[1] ਫੌਜ ਮੈਂ ਨ ਹੋਨ ਦਈ, — [1]ਖ਼ਬਰ।
ਫੀਲ ਕੋ ਲਰਾਈ ਕੀ ਤਵਾਈ ਪੈ[1] ਝੁਕਾਯੋ ਹੈ। — [1]ਜੰਗ ਦੀ ਲਕੀਰ ਭਾਵ ਮੋਰਚੇ ਉੱਪਰ।
ਖੈਂਚਿ ਤੇਗ ਆਪ ਹ੍ਵੈ ਨਿਸੰਗ ਜੰਗ ਬੇਗ ਕੀਨ,
ਫੌਜ ਕੋ ਉਮੰਗ ਢੰਗ ਰੰਗ ਬੀਰ ਦਾਯੋ ਹੈ[1] ॥੩੨॥ — [1]ਫੌਜ ਨੂੰ ਉਤਸ਼ਾਹ, ਢੰਗ ਤੇ ਬੀਰ (ਰਸ) ਦਾ ਰੰਗ ਦਿੱਤਾ।
ਮੋਰਚਾ ਬਢਾਯੋ ਹੋਰ ਪਾਯੋ ਜੋਰ ਬੈਰਿਨ ਪੈ,
ਮੋਰ ਮੁਖ ਦਏ ਤੋਰਿ ਤੇਜ ਬੈਰੀਆਨ ਕੈ[1]। — [1]ਤਿੱਖੇ ਵੈਰੀਆਂ ਦੇ।
ਸਾਦਰੀ ਬਿਰਾਦਰੀ ਬਟੋਰ ਕੈ ਬਹਾਦਰੀ ਸੈਂ,
ਨਾਦਰੀ ਚਮੂੰ ਕੇ ਕੀਂਨ ਅੱਗਰ* ਪਲਾਨ ਕੈ[1]। — [1]ਆਦਰ ਨਾਲ ਆਪਣੇ ਭਾਈਚਾਰੇ ਨੂੰ ਇਕੱਠਾ ਕਰ ਕੇ ਬਹਾਦਰੀ ਨਾਲ ਆਪਣੀ ਅਣੋਖੀ ਫ਼ੌਜ ਨੂੰ ਅੱਗੇ ਚਲਾਉਣਾ ਕੀਤਾ। *'ਅੱਗਰ' ਸ਼ਬਦ ਮੂਲ 'ਚ ਨਹੀਂ, ਅਸਾਂ ਛੰਦ ਦਾ ਵਜ਼ਨ ਪੂਰਾ ਕਰਨ ਲਈ ਆਪਣੇ ਕੋਲੋਂ ਪਾਇਆ ਹੈ।
ਮੇਲ ਨਿਜ ਗੱਲਾ[1] ਅੱਲਾ ਅੱਲਾ ਅਲੀ ਅਲੀ ਬੋਲਿ, — [1]ਆਪਣਾ (ਗੱਲਾ) ਦਲ ਇਕੱਠਾ ਕਰਕੇ।
ਘੱਲਾ ਥਰਥੱਲਾ ਥੀ ਅਵੱਲਾ ਹੱਲਾ ਠਾਨ ਕੈ[1]। — [1](ਅਵੱਲਾ) ਅਣੋਖਾ ਹੱਲਾ ਕਰ ਕੇ ਤਰਥੱਲ ਪਾ ਦਿੱਤਾ ਸੀ।
ਕੀਨ ਘਮਸਾਨ ਹੈ ਮਰੇ ਕਿਕਾਨ ਜ੍ਵਾਨ ਹ੍ਵੈਂ,
ਚਲੀ ਕ੍ਰਿਪਾਨ ਆਨ ਹੈ[1], ਪਠਾਨ ਮੁਗਲਾਨ ਕੈ ॥੩੩॥ — [1]ਆ ਕੇ।

ਭੁਜੰਗ ਪ੍ਰਯਾਤ ਛੰਦ:

ਦੁਤੀ ਓਰ ਤੈ, ਸੁਰਜੈ ਮੱਲਰਾਜਾ।
ਲਰਜੋ ਆਨਿ ਭਾਰੀ, ਕਰਜੋ ਹੈ ਤਕਾਜਾ[1]। — [1]ਝਗੜਾ, ਜੰਗ।

ਕਿਤੈਰਾਵ-ਰਾਘੋ, ਲਿਯੇ ਸੰਗ ਮਰੁੱਟੇ[1]।
[1]ਮਰਹੱਟਿਆਂ ਨੂੰ ਨਾਲ ਲੈ ਕੇ।
ਲਰੈ ਚਾਹਿ, ਪੇਛਾਹਿਂ ਨਾ ਪੈਰ ਪੱਟੇ ॥੩੪॥
ਪਤੀ ਜੈਪੁਰੰ, ਸਿੰਘ-ਮਾਧੋ ਰਿਸੈ ਕੈ।
ਪਰਜੋਰਾਜ-ਪੁਤਾਨ ਕੋ, ਆਨਿ ਲੈ ਕੈ।
ਮਹਾਂ ਮਾਰ ਮੱਚੀ, ਕਲ੍ਹਾ[1] ਆਨਿ ਨੱਚੀ।
[1]ਲੜਾਈ ਦੀ ਦੇਵੀ।
ਦੁਹੂੰ ਓਰ ਤੈ ਨਾ ਕਿਨੈ ਧੀਰ ਤੱਚੀ[1] ॥੩੫॥
[1]ਛੱਡੀ।
ਬਜਜੋ ਸਾਰ ਸੋਂ ਸਾਰ[1], ਆਪਾਰ ਐਸੇ।
[1]ਲੋਹੇ ਨਾਲ ਲੋਹਾ ਭਾਵ ਸ਼ਸਤ੍ਰ ਨਾਲ ਸ਼ਸਤ੍ਰ।
ਘੜੈਂ ਘਾੜ[1], ਠੱਠਜਾਰ ਲੋਹਾਰ ਜੈਸੇ।
[1]ਭਾਂਡੇ।
ਮਰੇ ਜ੍ਵਾਨ ਬਾਜੀ[1], ਘਨੇ ਊਂਟ ਹਾਥੀ।
[1]ਘੋੜੇ।
ਕਟਾ ਕੁੱਟ ਹੋਈ, ਗਿਰੇ ਭੂਰ ਭਾਥੀ[1] ॥੩੬॥
[1]ਭੱਥਿਆਂ ਨੂੰ ਬੰਨ੍ਹਣ ਵਾਲੇ ਸੂਰਮੇਂ।
ਚਢੀ ਲੁੱਥ ਪੈ ਲੁੱਥ, ਹ੍ਵੈ ਤੁੱਥ ਮੁੱਥੈਂ[1]।
[1]ਗੁੱਥਮ ਗੁੱਥਾ ਹੋ ਕੇ ਲੋਥਾਂ ਤੇ ਲੋਥਾਂ ਚੜ੍ਹ ਗਈਆਂ।
ਘਨੀਂ ਭੈਰਵੀ, ਮਾਲ ਮੁੰਡਾਨ ਗੁੱਥੈਂ[1]।
[1]ਬਹੁਤੀਆਂ ਭੈਰਵੀਆਂ ਸਿਰਾਂ ਦੀਆਂ ਮਾਲਾਂ ਗੁੰਦਦੀਆਂ ਹਨ।
ਰਸੰ-ਰੁੱਦ੍ਰ ਛਾਯੋ[1], ਮਨੋ ਰੁੱਦ੍ਰ ਆਯੋ।
[1]ਭਿਆਨਕਰਸ ਫੈਲ ਗਿਆ।
ਤਬੈ ਰਾਜਪੂਤੈਂ, ਮਹਾਂਬੀਰ[1] ਧਜਾਯੋ ॥੩੭॥
[1]ਹਨੂੰਮਾਨ।
ਕਟੈਂ ਨਾ ਮਰੁੱਟੇ, ਪਟੇ ਬਾਜ ਥੋਰੇ[1]।
[1]ਮਰਹੱਟਿਆਂ ਨੂੰ ਨਹੀਂ ਕੱਟਦੇ (ਕਿਉਂਕਿ ਉਹ) ਥੋੜ੍ਹੇ (ਜੇਹੇ) ਗਤਕੇ ਬਾਜ਼ ਸਨ।
ਠਟੈਂ ਅੱਟ ਨਾਦੰ, ਮਹਾਂ ਜੱਟ ਘੋਰੇ[1]।
[1]ਜੱਟ ਵੱਡੇ ਭਿਆਨਕ ਬਹੁਤੇ ਸ਼ਬਦ ਕਰਦੇ ਹਨ।
ਸਟਾ-ਪੱਟ ਕੱਟੈਂ, ਝਟਾ-ਪੁੱਟ ਬਾਹੈਂ[1]।
[1]ਛੇਤੀ (ਸ਼ਸਤ੍ਰ) ਵਾਹ ਕੇ ਬਹੁਤ ਛੇਤੀ ਕੱਟ ਦੇਂਦੇ ਹਨ।
ਲਟਾ-ਪੱਟ ਹੋਏ, ਖਟਾ-ਖੱਟ ਲਾਹੈਂ[1] ॥੩੮॥
[1]ਕੇਸੋ ਕੇਸੀ ਹੋ ਪਏ, ਖਟਾ-ਖਟ ਸ਼ਬਦ ਨਾਲ (ਸਿਰ) ਲਾਹ ਦੇਂਦੇ ਹਨ।
ਬਜੈਂ ਬਾਜ ਮਾਰੂ[1], ਸਜੈਂ ਜੰਗ ਜੋਧੇ।
[1]ਜੰਗੀ ਵਾਜੇ ਵਜਦੇ ਹਨ।
ਰਰੈਂ[1] ਮਾਰ ਮਾਰੈਂ, ਭਰੇ ਹੈਂ ਕਰੋਧੇ।
[1]ਬੋਲਦੇ ਹਨ।
ਨਚੈਂ ਭੈਰਵੀ ਜੋਗਨੀ ਭੂਤ ਤੀਆ।
ਅਚੈਂ[1] ਮਾਸ ਲੋਹੂ, ਖੁਸ਼ੀ ਹੋਇ ਜੀਆ ॥੩੯॥
[1]ਛਕਦੀਆਂ ਹਨ।
ਡਕੀ ਡਾਕਨੀ[1] ਚਾਂਵਡੀ ਚੰਡਿ ਕਾਲੀ।
[1]ਡਾਇਣਾਂ, (ਚਾਂਵਡੀ) ਚੰਡ ਮੁੰਡ ਨੂੰ ਮਾਰਨ ਵਾਲੀ ਚੰਡੀ ਤੇ ਕਾਲੀ ਡਕਾਰ ਲੈਂਦੀਆਂ ਹਨ।
ਪੀਐਂ ਸ੍ਰੋਣ ਕੇ ਖੱਪਰੈਂ, ਪੂਰਿ ਪਜਾਲੀ[1]।
[1]ਖੋਪਰੀਆਂ ਰੂਪ ਪਿਆਲੀਆਂ ਲਹੂ ਦੀਆਂ ਭਰ ਭਰ ਕੇ ਪੀਂਦੀਆਂ ਹਨ।
ਮਹਾਂ ਮੋਦ ਮੱਤੀ, ਪਰੀ ਹੂਰ ਡੋਲੈਂ[1]।
[1]ਬਹੁਤ ਅਨੰਦ 'ਚ ਮਸਤ ਹੋਈਆਂ ਹੂਰਾਂ ਤੇ ਪਰੀਆਂ ਫਿਰਦੀਆਂ ਹਨ।
ਬਰੈਂ ਸੂਰਬੀਰਾਨ ਕੋ ਟੋਲ ਟੋਲੈਂ ॥੪੦॥

ਕਹਾਂ ਲੌ ਬਖਾਨੈਂ, ਮਚਯੋ ਜੋਰਿ ਜੰਗੈਂ।
ਭਿਗੇ ਤੰਗ ਤਾਜੀਨ ਕੇ[1] ਖੂੰਨ ਸੰਗੈਂ। — [1]ਘੋੜਿਆਂ ਦੇ।
ਤਬੈ ਦਾਉ ਸਿੰਘਾਨ ਕਾ ਆਨਿ ਲਾਗਾ।
ਅਏ ਲੂਟਬੇ ਛੂਟ ਕੈ ਚਾਇ ਬਾਗਾਂ[1] ॥੪੧॥ — [1]ਘੋੜਿਆਂ ਦੀਆਂ ਵਾਗਾਂ ਚੁੱਕ ਕੇ (ਛੂਟ) ਹੱਲਾ ਕਰ ਕੇ ਲੁੱਟਣ ਨੂੰ ਆ ਗਏ।

ਧਰੇ ਭੇਸ ਤੁਰਕਾਨ ਜਯੋਂ, ਸ਼ਾਨਿ ਚੰਗੈਂ[1]। — [1]ਚੰਗੀ ਸ਼ਾਨ ਨਾਲ।
ਬਰੇ ਆਨਿ ਨੈਸ਼ੰਗ ਮੈਦਾਨ ਜਗੈਂ।
ਹੁਤੋ ਕੋਸ ਛੇ ਸਾਤ ਮੈਂ ਖੇਤ ਖੂਬੈਂ[1]। — [1]ਚੰਗਾ ਜੰਗ ਦਾ ਮੈਦਾਨ ਸੀ।
ਲਗੇ ਥੇ ਸੁ ਡੇਰੇ ਚੁਫੇਰੇ ਅਜੂਬੈਂ[1] ॥੪੨॥ — [1]ਅਸਚਰਜ।

ਦ੍ਵੈਯਾ ਛੰਦ*:

*ਏਥੇ ਮੂਲ 'ਚ 'ਸਵੈਯਾ ਛੰਦ' ਛਪਿਆ ਹੋਇਆ ਹੈ, ਸ੍ਵੈਯੇ 'ਚ ੩੧ ਮਾਤ੍ਰਾਂ ਹੁੰਦੀਆਂ ਹਨ, ੧੬-੧੫ ਤੇ ਬਿਸ੍ਰਾਮ, ਪਰ ਇਹ ੨੮ ਮਾਤ੍ਰਾ ੧੬-੧੨ ਤੇ ਬਿਸ੍ਰਾਮ ਹੋਣ ਕਰਕੇ ਦ੍ਵੈਯਾ ਛੰਦ ਹੈ, ਇਸ ਲਈ ਅਸਾਂ ਸ਼ੁੱਧ ਕਰ ਦਿੱਤਾ ਹੈ।

ਉਭੈ ਪਾਤਿਸ਼ਾਹੋਂ ਕਾ ਲਸ਼ਕਰ,
ਬੀਸਕ ਕੋਸ ਮਝਾਰੀ।
ਉਤਰ ਰਹਯੋ ਥਾ ਬੇਸ਼ੁਮਾਰ ਹੀ,
ਆਪਨ ਪਰ ਨ ਸੰਭਾਰੀ।
ਅਰ ਘਬਰਾਇ ਰਹੇ ਥੇ ਸਭ ਹੀ,
ਪਿਖ ਕੈ ਜੰਗ ਕਰਾਲੇ[1]। — [1]ਭਿਆਨਕ।
ਘੋੜੇ ਫਿਰਤ ਛੂਛ[1] ਥੇ ਜੇਤੇ, — [1]ਖ਼ਾਲੀ।
ਤੇ ਸਭਿ ਸਿੰਘਨ ਸੰਭਾਲੇ ॥੪੩॥
ਮਰੇ ਪਰੇ ਥੇ ਜਿਤਿਕ ਸਿਪਾਹੀ,
ਜ਼ੇਰ[1] ਸ਼ਸਤ੍ਰੂੰ ਸੰਗੈਂ। — [1]ਹੇਠ (ਧਰਤੀ ਉੱਤੇ)।
ਜ਼ੇਵਰ ਦੌਲਤ ਆਯੁਧ ਤਿਨ ਕੇ,
ਸਿੰਘਨ ਲਏ ਨਿਸੰਗੈਂ।
ਤੁਰਕਨ ਕੋ ਥੀ ਬਨੀਂ ਲਰਨ ਕੀ,
ਹਾਰ ਮਾਰਿ ਡਰ ਭਾਰੀ।
ਉਡ ਹਵਾਸ[1] ਥੇ ਰਹੇ ਤ੍ਰਾਸ ਬਡ, — [1]ਗਿਆਨ ਇੰਦ੍ਰੀਆਂ ਦੀ ਸ਼ਕਤੀ।
ਭਾਵਤ ਔਰ ਨ ਕਾਰੀ[1] ॥੪੪॥ — [1]ਕੰਮ।
ਆਪ ਅਕਾਲ ਗੁਰੂ ਨੈਂ ਸਿੰਘਹਿ,
ਐਸਾ ਮੌਕਾ ਦੀਓ।

ਮਨ ਭਾਵਤ ਅਸਬਾਬ ਅਪਾਰੈਂ,
ਪੰਥ ਲੁਟੇਰੇ ਲੀਓ[1]।

[1]ਪੰਥ ਨੇ ਲੁੱਟ ਲਿਆ।

ਐਸੇ ਸਖਤ ਵਖਤ ਮੈਂ,
ਔਰੈਂ ਕੌਨ ਲੁਟੇਰਾ ਆਵੈ।
ਬਿਨਾ ਮਲਾਹ ਸੁਤਨ ਕੇ, ਹੜ੍ਹ
ਜਲ ਮਾਹਿੰ ਨ ਔਰ ਧਸਾਵੈ ॥ ੪੫ ॥
ਨਿਤ ਕੀ ਸੈਲੀ[1] ਥੀ ਇਹੁ ਸਿੰਘਨ,

[1]ਰੀਤੀ।

ਯਾਂ ਤੇ ਡਰੈਂ ਨ ਰਾਈ।
ਘੋੜੇ ਖੱਚਰ ਊਟ ਲੱਦ ਕੈ,
ਇਤ ਉਤ ਦਏ ਚਲਾਈ।
ਤਬਿ ਲੌ ਚਾਲੇ ਦੌਰ ਦੁਰਾਨੀ,
ਭਾਜ ਪਰੀ ਇਸ ਹੇਤੈਂ।
ਲਜਾਏ ਥੇ ਲਹੌਰ ਤੈ ਲਦ ਕੈ,
ਕੁਹਕ ਬਾਣ[1] ਤਬਿ ਜੇਤੈਂ ॥ ੪੬ ॥

[1]ਦੇਖੋ ਅੰਕ ਨੰ. ੨੩ ਵਿੱਚ ਟਿੱਪਣ ਨੰ. ੩ ਦਾ ਅਰਥ।

ਜਾਨਤ ਨਹੀਂ ਚਲਾਵਨ ਥੈ ਸੋ,
ਕਰਿ ਦੁਸ਼ਮਨ ਸਮੁਹਾਏ[1]।

[1]ਸਾਹਮਣੇ।

ਮੁਖ ਤਿਨ ਕੇ ਇਨਹੀਂ ਦਿਸ ਰਹਿਗੇ,
ਦਈ ਆਗ ਜਬਿ ਲਾਏ।
ਦੌਰਿ ਦੁਰਾਨਨਿ ਦਿਸ ਸੋ ਆਏ,
ਮਾਰਤ ਸ਼ੱਹਿ ਸ਼ੱਹਿ ਬੋਲਤ[1]।

[1]ਸੀਟੀ ਵਾਂਗ ਸ਼ੱਹਿ ਸ਼ੱਹਿ ਸ਼ਬਦ ਬੋਲਦੇ ਹੋਏ (ਤੀਰ) ਮਾਰ ਕਰਦੇ ਹਨ।

ਤਬਿ ਦੁਰਾਨੀਯੋਂ ਨੈ ਇਮ ਸਮਝਯੋ,
ਏਹੁ ਸ਼ਾਹਿ ਕੋ ਟੋਲਤ[1] ॥ ੪੭ ॥

[1]ਚੂੰਕਿ ਉਹ ਤੀਰ ਸ਼ੱਹਿ ਸ਼ੱਹਿ ਸ਼ਬਦ ਬੋਲਦੇ ਸਨ, ਉਨ੍ਹਾਂ ਜਾਣਿਆਂ ਇਹ (ਸ਼ਾਹ) ਬਾਦਸ਼ਾਹ ਨੂੰ ਟੋਲਦੇ ਹਨ,

ਭਾਗੇ ਜਾਂਹਿ ਅਗਾਰੀ ਬਾਨਨਿ[1],

[1]ਤੀਰਾਂ ਦੇ ਅੱਗੇ।

ਅਰ ਤਿਨ ਪ੍ਰਤਿ ਇਮ ਕੈਹੈਂ।
ਵਲੇ ਸ਼ਾਹਿ ਹਮ ਜਾਨਬ ਨੇਸਤ,
ਉਤੈ ਜਾਹੁ ਸ਼ਹਿ ਤੈਹੈਂ[1]।

[1]ਹੇ ਮਿੱਤ੍ਰ ਤੀਰ! ਬਾਦਸ਼ਾਹ ਸਾਡੀ (ਜਾਨਬ) ਤਰਫ਼ ਨਹੀਂ ਹੈ, ਉਧਰ ਜਾਉ। ਬਾਦਸ਼ਾਹ ਓਥੇ ਹੈ।

ਇਹੁ ਸੁਨਿ ਜਾਨਕਾਰ ਅਤਿ ਹਸਹੀਂ,
ਲਖਿ ਅਤਿ ਮੂਢ ਦੁਰਾਨਨਿ।

ਕਰਜੋ ਮਾਰਿ ਪੋਲਾ ਦਲ ਸਭਿ ਹੀ,
ਗਿਲਜਜੋਂ ਤਈਂ ਭਗਾਯੋ ਬਾਨਨਿ[1] ॥੪੮॥ [1]ਤੀਰਾਂ ਨੇ।
ਪਾਇ ਸ਼ਕਿਸਤ[1] ਸਖਤ ਪਤਿ-ਕਾਬਲ, [1]ਹਾਰ।
ਬਹੁ ਨੁਕਸਾਨ ਉਠੈ ਹੈ।
ਦੌਰਿ ਵਲਾਇਤ ਨਿਜ ਦਿਸ[1] ਚਾਲਜੋ, [1]ਆਪਣੇ ਦੇਸ਼ ਦੀ ਤਰਫ਼।
ਦੁਖੀ ਹੋਇ ਅਤਿਸੈ ਹੈ।
ਪਾਛੇ ਲਗਜੋ ਮੀਰ ਮੰਨੂ ਤਿਨ,
ਲੈ ਨਿਜ ਲਸ਼ਕਰ ਗੌਰੈਂ।
ਸਿੰਘਨ ਲੂਟ ਮਾਰ ਬਹੁ ਕੀਨੀ,
ਹਾਥ ਖੋਲ ਕੈ ਔਰੈਂ ॥੪੯॥

ਦੋਹਰਾ:

ਫਤੇ ਮੀਰ ਮੰਨੂ ਲਈ,
ਗਏ ਦੁਰਾਨੀ ਦੌਰ।
ਪਾਰ ਅਟਕ ਤੈ ਕਰਿ ਤਿਨੈ,
ਆਯੋ ਮੀਰ[1] ਲਹੌਰ ॥੫੦॥ [1]ਮੀਰ ਮੰਨੂ।

ਚੌਪਈ:

ਡਰ ਧਰਿ ਉਰਿ ਤਬਿ ਸ਼ਾਹਿ ਨਿਵਾਜੈਂ।
ਤਜਿ ਲਹੌਰ ਗਜੋ ਕਾਬਲ ਭਾਜੈਂ।
ਬਾਦਸ਼ਾਹਿ ਦਿੱਲੀ ਕੇ ਗੌਰੈਂ।
ਖਿਲਤ[1] ਖਿਤਾਬ ਪਠਜੋ ਲਾਹੌਰੈਂ ॥੫੧॥ [1]ਸ਼ਾਹੀ ਪੁਸ਼ਾਕ।
ਏਕ ਲਾਹੌਰ ਦੁਤੀ ਸਰਹਿੰਦੈਂ।
ਦਈ ਨਜ਼ਾਮਤ ਉਭੈ ਬੁਲੰਦੈਂ[1]। [1]ਦੋ ਵੱਡੀਆਂ ਸੂਬੇਦਾਰੀਆਂ।
ਮੀਰ ਮੁਅੱਯਨ ਦੌਲਹਿਂ ਕੇਰਾ।
ਮਿਲਜੋ ਖਿਤਾਬ ਸ਼ਿਤਾਬ ਬਡੇਰਾ ॥੫੨॥
ਪਹਿਲੇ ਮੀਰ ਮੁਨਜਮ ਖਾਂ ਨਾਮੂੰ।
ਹੁਤੋ ਤਾਂਹਿ ਮੰਨੂੰ ਕਹਿਂ ਆਮੂੰ।
ਜਜੋਂ ਯਕੂਬ ਖਾਂ ਕੋ ਕਹਿਂ ਕੂਬਾ।
ਅਤਾਉੱਲਾ ਤੌਲਾ ਖਾਂ ਖੂਬਾ ॥੫੩॥
ਯੌਂ ਮੁਨਜਮ ਖਾਂ ਤਈਂ ਸ਼ਿਤਾਬੀ।
ਉਭੈ ਠੌਰ ਕੀ ਮਿਲੀ ਨਵਾਬੀ।

ਨਾਜ਼ਮ ਆਜ਼ਮ[1] ਹੋਇ ਲਹੌਰੈਂ। — [1]ਵੱਡਾ ਸੂਬਾ।
ਤਿਸ ਨੈ ਬੰਦੋਬਸਤ ਕਿਯ ਗੌਰੈਂ ॥ ੫੪ ॥
ਨਾਜ਼ਮ ਲਘੁ[1] ਅਜ਼ੀਜ਼-ਖਾਂ ਕੀਯੋ। — [1]ਛੋਟਾ ਸੂਬਾ।
ਕੌੜਾ ਮੱਲ ਦੀਵਾਨ ਵਡ[1] ਥੀਯੋ। — [1]ਵੱਡਾ ਵਜ਼ੀਰ।
ਕੈਦ ਕਰਜੋ ਲੱਖੂ-ਮਲ ਤਾਂਈਂ।
ਚੱਟੀ[1] ਬਾਈ ਲਾਖ ਲਗਾਈ ॥ ੫੫ ॥ — [1]ਜੁਰਮਾਨਾਂ।
ਜਾਏਦਾਤ ਜਪਤਿ ਸਭਿ ਤਾਂ ਕੀ।
ਲਾਖ ਅਠਾਰਾਂ ਭਰ ਲਿਯ ਬਾਕੀ।
ਰਹਜੋ ਚਾਰ ਲਖ ਮੈਂ ਸੋ ਕੈਦੈਂ।
ਛੋਡਣ ਕੀ ਨਹਿੰ ਰਖੀ ਉਮੈਦੈਂ ॥ ੫੬ ॥
ਕੌੜਾ-ਮੱਲ ਕੇ ਭਇਓ ਹਵਾਲੈਂ।
ਦਏ ਕਸਦ ਰਖਿ ਕੈਦ ਕਮਾਲੈਂ[1]। — [1](ਕਮਾਲੈਂ) ਬਹੁਤੇ (ਕਸਦ) ਕਸ਼ਟ।
ਕੌੜਾ-ਮੱਲ ਥਾ ਗੁਰ ਕਾ ਸਿੱਖ।
ਇਕ ਦਿਨ ਤਿਨ ਫਿਰ ਮੌਕਾ ਪਿੱਖਿ ॥ ੫੭ ॥
ਲੱਖੂ ਕੋ ਨਿਜ ਨਿਕਟ ਬੁਲਾਯੋ।
ਪਿਛਲਾ ਸਭੀ ਹਵਾਲ ਸੁਨਾਯੋ।
ਲੱਖੂ ਜੁਰਮ[1] ਕਰੇ ਥੇ ਜੇਤੇ। — [1]ਪਾਪ (ਅ) ਜ਼ੁਲਮ।
ਕੌੜੇ-ਮੱਲ ਸੁਨਾਏ ਤੇਤੇ ॥ ੫੮ ॥
ਜਜੋਂ ਮੇਲਾ ਨਹਿੰ ਥਾ ਤਿਨ ਮਾਨਾ।
ਅਰ ਸਿੱਖਨ ਸੋਂ ਜ਼ੁਲਮ ਕਮਾਨਾ।
ਸਭਿ ਸੁਨਾਇ ਝੂਠਾ ਕਰਿ ਤਾਹੂੰ।
ਬੰਦ ਕਰਜੋ ਪਾਖਾਨੇ ਮਾਹੂੰ[1] ॥ ੫੯ ॥ — [1]ਟੱਟੀ ਵਿੱਚ।
ਸਭਿ ਸਿੱਖਨ ਕੋ ਕਹਜੋ ਸੁਨਾਈ।
ਖੜ੍ਹੇ ਫਿਰੋ ਦੁਸ਼ਟ ਪਰ ਆਈ[1]। — [1]ਲੱਖੂ ਦੁਸ਼ਟ ਦੇ ਉੱਪਰ ਆ ਕੇ ਟੱਟੀ ਫਿਰੋ।
ਪਲਟਾ ਖੂਬ ਦੁਸ਼ਟ ਤੈ ਲੇਵੋ।
ਜੈਸੋ ਕਰਜੋ ਤੈਸ ਫਲ ਦੇਵੋ ॥ ੬੦ ॥
ਯਹਿ ਸੁਨਿ ਸਿੱਖ ਗੁਰੂ ਕੇ ਤਬਿ ਹੀ।
ਝਾੜੇ ਫਿਰੈਂ[1] ਤਾਂਹਿ ਪਰ ਸਭਿ ਹੀ। — [1]ਟੱਟੀ ਫਿਰਦੇ ਹਨ।
ਬੀਸ ਤੀਸ ਕੋਸਨ ਤੈ ਬਲ ਕੈ[1]। — [1]ਬਲ ਕਰਕੇ।
ਸਿਦਕੀ ਸਿੱਖ ਗਏ ਤਹਿੰ ਚਲ ਕੈ ॥ ੬੧ ॥

ਕੌੜੇ ਮਲ ਕਾ ਹੁਕਮ ਕਮਾਯੋ।
ਲੱਖੂ ਦੁਸ਼ਟ ਕਰਮ ਫਲ ਪਾਯੋ।
ਚਿਲ-ਚਿਲਾਇ[1] ਰੋਵੈ ਤੜਫੈ ਹੈ।
ਅਪਨੇ ਕੀਤੇ ਕੋ ਪਛਤੈ ਹੈ ॥੬੨॥
ਆਖਰ ਮਰਜੋ ਦੁਖ ਬਹੁ ਪਾਈ।
ਘੋਰ ਨਰਕ ਮੈਂ ਪਰਯੋ ਜਾਈ।
ਜੋ ਜਨ ਜ਼ੁਲਮ ਲੱਖੂ ਸਮ ਕਰਿ ਹੈ।
ਸੋ ਦੁਖ ਭਰਿ ਮਰਿ ਨਰਕੈ ਪਰ ਹੈ ॥੬੩॥

ਦੋਹਰਾ:
ਦੁਖ ਗਹਿ ਅਤਿ ਲੱਖੂ ਮਰਜੋ,
ਪਾਛੇ ਕੌੜਾ-ਮੱਲ।
ਕਰੀ ਦਿਵਾਨੀ ਧਰਮ ਕੀ,
ਲੀਨੋ ਜਸ ਜਗਿ ਭੱਲ ॥੬੪॥
ਗਾਥ ਸੁਨੋ ਅਬਿ ਪੰਥ ਕੀ
ਸਭਹੀ ਕਹੋਂ ਸੁਨਾਇ।
ਰਹਜੋ ਮਾਲਵੇ ਬਹੁਤ ਦਿਨ,
ਪੰਥ ਮੋਦ ਮਨਿ ਪਾਇ ॥੬੫॥

ਕਬਿੱਤ:
ਘੱਲੂਘਾਰੇ ਭਾਰੇ ਮੈਂ ਬਿਹਾਲ ਹ੍ਵੈ ਅਪਾਰੇ ਸਿੱਖ,
ਪੈਦਲ ਪਹਾਰਨ ਮੈਂ ਗਏ ਥੇ ਜੋ ਧਾਇ ਕੈ।
ਬਿਪਤਾ ਅਪਾਰ ਸਹਿ ਜਹਾਂ ਤਹਾਂ ਰਹਿ ਬਹਿ,
ਦੇਸ ਚੰਬਹਿ ਆਦਕਹਿਂ ਬੇਸ[1] ਦੁਖ ਪਾਇ ਕੈ।
ਭੇਸ ਬਦਲਾਇ ਕੈ ਉਪਾਇ ਕੈ ਕਲੇਸ਼ ਬਹੁ,
ਧਾਇ ਰੈਨ ਦਿਨ ਪੁਜੇ ਕੇਸ-ਗੜ੍ਹ ਆਇ ਕੈ।
ਹਾਥ ਜੋ ਪਹਾਰੀਯੋਂ ਕੇ ਆਏ ਸੋ ਖਪਾਏ ਤਿਨ,
ਬਾਕੀ ਮਿਲੇ ਪੰਥ ਸੰਗ ਮਾਲਵੇ ਮੈਂ ਜਾਇ ਕੈ ॥੬੬॥
ਭਯੋ ਇਤ ਉਤ ਤੈ ਇਕੱਠ ਫੇਰ ਖਾਲਸੇ ਕਾ,
ਮਾਲਵੇ ਮੈਂ ਬੀਸਕ ਹਜ਼ਾਰ ਸਾਰ[1] ਪਾਇ ਕੈ।
ਤਾਂਹੀ ਸਮੈਂ ਸਿੰਘਨ ਕੀ ਸੁਨ ਕੈ ਪੁਕਾਰ ਪ੍ਰਭੁ,

[1]ਚੀਕਾਂ ਮਾਰਦਾ ਹੈ।
[1]ਬਹੁਤਾ।
[1]ਖ਼ਬਰ।

ਭੇਜਯੋ ਦੁਰਾਨੀ ਸ਼ਾਹਿ ਹਿੰਦ ਪੈ ਚੜ੍ਹਾਇ ਕੈ।
ਪਰਯੋ ਜਬਿ ਠੌਰ ਠੌਰ ਰੌਰ ਥਾ ਪੰਜਾਬ ਵੀਚ,
ਖਾਲਸੇ ਕੇ ਬਾਰਾਂ ਪੱਕੇ ਦਾਉ ਪਰੇ[1] ਆਇ ਕੈ। — [1]ਬਾਰਾਂ ਪੱਕੇ ਦਾਉ ਪੈ ਗਏ ਭਾਵ ਬਾਜ਼ੀ ਜਿੱਤ ਲਈ।
ਧਸ ਕੈ ਪੰਜਾਬ ਮਾਂਹਿ ਹਾਲ-ਚਾਲ ਦਈ ਪਾਇ,
ਸੱਤ੍ਰਨ ਕੇ ਧਾਮ ਗ੍ਰਾਮ ਲੂਟੇ ਹੈਂ ਬਨਾਇ ਕੈ
॥ ੬੭ ॥
ਮਾਰ ਬਹੁ ਖਾਇ ਮੀਰ ਮੰਨੂੰ ਤੈ ਦੁਰਾਨੀ ਸ਼ਾਹਿ,
ਫਿਰਯੋ ਜਬਿ ਕਾਬਲ ਕੀ ਓਰ ਹਾਰ ਮਾਨ ਕੈ।
ਪੀਛੇ ਲਗਯੋ ਖਾਲਸਾ ਬਿਸਾਲਸਾ[1] ਦੈ ਜੋਰ ਤਾਂ ਕੇ, — [1]ਬਹੁਤਾ।
ਲੂਟੇ ਖੂਬ ਸਿੰਘਨ ਦੁਰਾਨੀ ਬਲ ਠਾਨ ਕੈ।
ਜੇਹਲਮ ਤੈ ਪਾਰ ਕਰਿ ਪੰਥ ਬਲ ਧਾਰ ਕਰਿ,
ਬੈਰਨ ਪਛਾਰਿ ਥਿਰਯੋ ਸੁਧਾ-ਸਰ ਆਨ ਕੈ।
ਲਾਇ ਕੈ ਦਿਵਾਨ ਏਕ ਰੋਜ਼ ਪੰਥ ਮੋਦ ਮਾਨਿ,
ਕੀਨੋ ਗੁਰਮਤਾ ਬੈਠੋ ਗੜ੍ਹ ਕੋਊ ਠਾਨ ਕੈ[1] ॥ ੬੮ ॥ — [1]ਕੋਈ ਕਿਲ੍ਹਾ ਬਣਾ ਕੇ ਬੈਠੋ।

ਸ਼ੰਕਰ ਛੰਦ:

ਅਸਬਾਬ ਜਹਿ ਠਾਂ ਲੂਟ ਕਾ,
ਨਿਤ ਜਮ੍ਹਾਂ ਕਰਤ ਰਹਾਹਿਂ।
ਅਰ ਜੰਗ ਵਕਤ ਬਿਵਕਤ ਮੈਂ,
ਜਿਮ ਮਾਹਿਂ ਬੈਠਿ ਕਰਾਹਿਂ।
ਤਬਿ ਕਹਯੋ ਸੁੱਖਾ ਸਿੰਘ ਨੈਂ,
ਇਕ ਠੌਰ ਅਜ਼ਮਤ ਵਾਰ[1]। — [1]ਸ਼ਕਤੀ ਵਾਲੀ।
ਢਿਗ ਰਾਮ-ਸਰ ਕੇ ਪਿਖੀ ਮੈਂ,
ਤਹਿਂਰਚੋ ਦੁਰਗ ਸੁਧਾਰਿ[1] ॥ ੬੯ ॥ — [1]ਸਵਾਰ ਕੇ ਕਿਲ੍ਹਾ ਬਣਾਉ।
ਇਕ ਦਿਵਸ ਅੱਚਾ-ਚੇਤ[1] ਮੈਂ, — [1]ਅੱਚਣਚੇਤ।
ਤਿਸ ਠੌਰ ਪਹੁਂਚਯੋ ਜਾਇ।
ਇਕ ਅਜਾ[1] ਸਾਥ ਬਘਿਆੜ ਕੇ, — [1]ਬੱਕਰੀ।
ਥੀ ਰਹੀ ਲਰ ਭਰ ਭਾਇ[1]। — [1]ਭਲੀ ਤਰ੍ਹਾਂ।
ਮੁਹਿ ਪੇਖਿ ਸੋ ਤਜ ਗਯੋ ਤਿਹ,
ਹਮ ਰਹੇ ਅਚਰਜ ਹੋਇ।
ਤਿਸ ਠਾਂਇ ਦੁਰਗ ਬਨਾਇ ਲੇਹੁ,

ਨਹਿਂ ਜੀਤ ਸਾਕੈ ਕੋਇ ॥੨੦॥
ਤਬਿ ਕਹਜੋ ਜੱਸਾ ਸਿੰਘ ਨੈ,
ਯਹਿ ਕਹਿਤ ਸਿੰਘ ਜੀ ਠੀਕ।
ਬਿਨ ਕੋਟ ਖਾਈ ਓਟ ਕੈ,
ਨਹਿਂ ਜੰਗ ਹੋਵਤ ਨੀਕ।
ਜਿਮ ਸ਼ੇਰ ਭੀ ਰਹਿ ਓਟ ਬਨ ਕੀ,
ਘੁਰਾ ਰਚ ਹੈ ਫੇਰ।
ਤਿਮ ਦੁਰਗ ਬਿਨ, ਨਹਿਂ ਹੋਇ ਸੂਰਤ[1]
ਰਾਜਧਾਨੀ ਕੇਰ ॥੨੧॥
ਪੁਨਿ ਭੂਮਿ ਯਹਿ ਸਤਿਗੁਰੂ ਕੀ,
ਹੈ ਸ਼ਿਵ-ਪੁਰੀ ਤੈ ਨੀਕ।
ਜੋ ਚਢੈਗੋ[1] ਇਸ ਠੌਰ ਸਿੱਖ,
ਸੋ ਬਸੈ ਗੁਰ-ਪੁਰਿ ਠੀਕ।
ਔਰ ਠੌਰ ਏਹ ਅਜੀਤ ਹੈ,
ਹਮ ਸੁਨੀ ਔਰੈਂ ਸਾਖ[1]।
ਥਾ ਕਰਜੋ ਜੱਗਜ ਅਸਮੇਧ,
ਇਸ ਹੀ ਠੌਰ ਨ੍ਰਿਪ ਇਖਵਾਕ[1] ॥੨੨॥
ਪੁਨ ਲਊ ਕੁੱਸੁ ਫਤੇ ਪਾਈ,
ਰਾਮ ਪਰ ਇਸ ਠੌਰ।
ਬਰਸ੍ਹਾਇ ਅੰਮ੍ਰਿਤ ਇੰਦ੍ਰ ਤੇ,
ਫਿਰ ਕਰੇ ਜ਼ਿੰਦੇ ਗੌਰ[1]।
ਯਹਿ ਨਾਮ ਅੰਮ੍ਰਿਤਸਰ ਭਯੋ,
ਇਸ ਹੇਤ ਹੀ ਤੈਂ ਜਾਨ।
ਫਿਰ ਲੋਪ ਹ੍ਵੈ ਯੇਹ ਰਹੀ ਭੂਮੀ,
ਚਿਰੰਕਾਲ ਮਹਾਨ ॥੨੩॥
ਅਬਿ ਕਲੀ ਮੈਂ ਅਵਿਤਾਰ ਹ੍ਵੈ
ਗੁਰ, ਕੀਨ ਪਰਗਟ ਠੀਕ।
ਲਖਿ ਭੂਮ ਪਾਵਨ ਅਤੀ ਯੇਹ,
ਗੁਰਪੁਰੀ ਬਾਂਧੀ ਨੀਕ।
ਜੋ ਮਰੈ ਕਿਸ ਹੀ ਤੌਰ ਸੈਂ,

[1]ਸ਼ਕਲ।
[1]ਸ਼ਹੀਦ ਹੋਵੇਗਾ।
[1]ਉਗਾਹੀ।
[1]ਇਖਵਾਕ ਰਾਜੇ ਨੇ।
[1]ਇੰਦ੍ਰ ਤੋਂ ਅੰਮ੍ਰਿਤ ਦੀ ਵਰਖਾ ਕਰਵਾਕੇ ਬਹੁਤੇ ਜਿਊਂਦੇ ਕੀਤੇ।

ਇਸ ਪੁਰੀ ਮੈਂ ਨਰ ਨਾਰਿ।
ਵਹਿ ਜਾਇ ਸਭਿ ਹੈ ਬਿਨਾ ਸੰਸੇ,
ਸੱਚ-ਖੰਡ ਮਝਾਰ ॥ ੭੪ ॥
ਪੁਨ ਰਾਮ-ਚੰਦਰ ਗਿਰਯੋ ਥਾ,
ਜਿਸ ਠੌਰ ਮੁਰਛਾ ਖਾਇ[1]।
ਤਿਸ ਠੌਰ ਤੀਰਥ ਰਾਮ-ਸਰ,
ਗੁਰ ਰਚਯੋ ਉਸ ਹੀ ਭਾਇ।
ਫਿਰ ਗੁਰੂ ਅਰਜਨ ਬੈਠ ਤਹਿਂ,
ਲਖਿ[1] ਭੂਮ ਯਹਿ ਅਤਿ ਸਾਰ[2]।
ਰਚਿ ਸੁਖਮਨੀ, ਗੁਰ ਗ੍ਰੰਥ ਜੀ ਕੀ
ਬੀੜ, ਕੀਨੀ ਤਯਾਰ ॥ ੭੫ ॥
ਅਬਿ ਇਸੀ ਠੌਰ ਜ਼ਰੂਰ ਚਹੀਏ,
ਦੁਰਗ[1] ਰਚਬੋ ਭਾਰ।
ਸੁਨਿ ਬਾਤ ਯਹਿ ਪੁਨ ਖਾਲਸਾ,
ਗਢ ਰਚਨ ਕੋ ਭਯੋ ਤਯਾਰ।
ਲਿਖਿ ਪੰਥ ਚਿੱਠੇ ਦੇਸ ਦੇਸਨ,
ਦਏ ਤੁਰਤ ਪਠਾਇ।
ਸਭਿ ਸਿੰਘ ਦੇਸ ਬਿਦੇਸ ਤੈ,
ਸੁਨਿ ਅਏ ਫੌਰਨ[1] ਧਾਇ ॥ ੭੬ ॥
ਜਬਿ ਭਯੋ ਸਭਿ ਫਿਰ ਪੰਥ ਕੱਠਾ,
ਸੁਧਾ-ਸਰ ਤਟ[1] ਆਇ।
ਜੋ ਪੂਰਿ ਮੱਟੀ ਦੁਸ਼ਟ ਲੱਖੁ,
ਦਯੋ ਥਾ ਭਰਵਾਇ[1]।
ਸੋ ਠਾਨ ਬਲ ਸਭਿ ਕੱਢਿ ਮਿੱਟੀ,
ਸਿਟੀ ਦੂਰੈ ਦੂਰ।
ਪੁਟ ਕਰਯੋ ਤਾਲ ਸਫਾਇ ਫਿਰ,
ਥਾ ਪਹਿਲ ਜੈਸ ਜ਼ਰੂਰ ॥ ੭੭ ॥
ਪੁਨ ਪੰਥ ਥਿਰਿ ਦਰਵਾਰ ਮੈਂ,
ਅਰਦਾਸ ਕੀਨੀ ਐਸ।

[1]ਬੇਹੋਸ਼ ਹੋ ਕੇ।

[1]ਜਾਣ ਕੇ। [2]ਬਹੁਤ ਸ੍ਰੇਸ਼ਟ।

[1]ਕਿਲ੍ਹਾ।

[1]ਛੇਤੀ।

[1]ਅੰਮ੍ਰਿਤਸਰ ਦੇ ਕਿਨਾਰੇ।

[1]ਜੋ (ਸਰੋਵਰ) ਲੱਖੁ ਦੁਸ਼ਟ ਨੇ ਮਿੱਟੀ (ਪੂਰਿ) ਪਾ ਕੇ ਭਰਵਾ ਦਿੱਤਾ ਸੀ।

ਪਰਮੇਸ੍ਵਰ ਗੁਰ ਕਰਤਾਰ, ਬਰਖਾ
ਡਾਰ ਅਬਿ ਹੀ ਤੈਸ।
ਜਯੋਂ ਭਰੇ ਤੀਰਥ ਏਹ,
ਦੁਰਗ ਹਮ ਲੇਹਂ ਰਚ ਜਲ ਸੰਗਿ।
ਸੁਨਿ ਪ੍ਰਭੁ ਕੀਨ ਕਬੂਲ ਬਿਨਤੀ,
ਭਈ ਬਰਖਾ ਚੰਗਿ ॥ ੭੮ ॥
ਭਰ ਗਯੋ ਤੀਰਥ, ਔਰ ਠੌਰੈਂ,
ਭਯੋ ਜਲ ਬਹੁਤਾਇ।
ਸਿੰਘ ਲਗੇ ਬਾਤੈਂ ਕਰਨ, ਪਿਛਲੇ
ਜੰਗ ਕੀ ਬਹੁ ਭਾਇ।
ਜਯੋਂ ਮਰਯੋ ਲੱਖੂ ਦੁਸ਼ਟ ਦੁਖ ਗਹਿ,
ਘਲੂਘਾਰਾ ਡਾਰ।
ਤਿਸ ਸਮਰ ਮੈਂ[1] ਸਿੰਘ ਮਰੇ,
ਕੋਊ ਕਹੈ ਦਸਕ ਹਜਾਰ ॥ ੭੯ ॥
ਕੋ ਕਹੇ ਬਾਰਾਂ ਪੰਦਰਾਂ,
ਕੋ ਕਹੇ ਬੀਸ ਹਜ਼ਾਰ।
ਕੋ ਕਹੈ ਪੰਥ ਬਯੰਤ ਥਾ
ਤਹਿਂ ਪੈਦਲੈਂ ਅਸਵਾਰ।
ਅਨਗਿਨਤ ਪੰਥ ਬਿਦੀਨ ਥਾ
ਗਿਨ ਸਕੈ ਤਬਿ ਸਭਿ ਕੋਇ[1]।

ਜੋ ਰਹੇ ਜੀਯਤ ਸਮਰ ਤੈ,
ਸਭਿ ਭਏ ਇਕਠੇ ਸੋਇ ॥ ੮੦ ॥
ਪੁਨ ਮਰੇ ਪੀਛੇ ਜਿਤਿਕ ਥੇ,
ਸਿੰਘ ਮਿਲੇ ਦੁਗਨੇ ਆਨਿ।
ਫਿਰ ਪੰਥ ਸੋਧਿ ਅਰਦਾਸ ਸਭਿ,
ਤਬਿ ਲਗਯੋ ਦੁਰਗ ਬਨਾਨ।
ਸਿੰਘ ਆਪ ਰਾਜ ਮਜੂਰ ਆਪੇ,
ਲਗਯੋ ਕਈ ਹਜ਼ਾਰ।
ਧਰਿ ਪ੍ਰੇਮ ਉਤਸ਼ਵ ਰਾਤ ਦਿਨ,

[1]ਜੰਗ ਵਿੱਚ।

[1]ਤਦੋਂ ਬਿਨਾਂ ਈਨ ਤੋਂ ਭਾਵ ਖੁੱਲ੍ਹਾ ਖ਼ਾਲਸਾ ਪੰਥ ਅਣ-ਗਿਣਤ ਸੀ, ਉਨ੍ਹਾਂ ਸਾਰਿਆਂ ਨੂੰ ਕੌਣ ਗਿਣ ਸਕਦਾ ਹੈ।

ਲਗਿ ਦੁਰਗ ਕੀਨੋ ਤਯਾਰ ॥੯੧॥
ਤਟ ਰਾਮ-ਸਰ ਕੇ ਰਚਨ ਤੈ,
ਤਿਹ ਰਾਮਗੜ੍ਹ ਭਯੋ ਨਾਮ।
ਜਲ ਜਾਲ ਲੌਂ[1] ਫਿਰ ਗਿਰਦ ਤਿਸ ਕੇ, — [1]ਬਹੁਤੇ (ਡੂੰਘੇ) ਪਾਣੀ ਤੱਕ।
ਖਾਈ ਖੋਦੀ ਆਮ[1]। — [1]ਬਹੁਤੀ (ਚੌੜੀ)।
ਫਿਰ ਗਿਰਦ ਤਿਸ ਕੇ ਬੀਜ ਖੇਤੀ,
ਕਰੀ ਪੰਥ ਤਯਾਰ।
ਤਿਹ ਨਾਮ ਰਖ੍ਯੋ ਰਾਮ-ਰੌਣੀ,
ਬਿਦਿਤ ਅਬਿ ਲੌ ਸਾਰ[1] ॥੯੨॥ — [1]ਸਾਰੇ ਪ੍ਰਗਟ ਹੈ।
ਕਿਛ ਪੰਥ ਉਤਰ੍ਯੋ ਦੁਰਗ* ਮੈਂ[1] — [1]ਕਿਲ੍ਹੇ ਵਿੱਚ। *ਏਥੇ ਮੂਲ 'ਚ ਤੇ ਦਿੱਲੀ ਐਡੀਸ਼ਨ 'ਚ ਪਾਠ 'ਗਿਰਦ' ਸੀ, ਅਸਾਂ ਦੁਰਗ ਬਣਾ ਦਿੱਤਾ ਹੈ ਕਿਉਂਕਿ ਅੰਮ੍ਰਿਤਸਰ 'ਚ ਪਾਠ 'ਕਿਲ੍ਹਾ' ਹੈ। ਜਿਸ ਤੋਂ ਸਾਡੇ ਪਾਠ ਦੀ ਪੁਸ਼ਟੀ ਹੋ ਗਈ ਹੈ। 'ਗਿਰਦ' ਪਾਠ ਇਸੇ ਤੁਕ ਵਿੱਚ ਅੱਗੇ ਫੇਰ ਆ ਗਿਆ ਹੈ।
ਕੁਛ ਗਿਰਦ ਬੈਠ੍ਯੋ ਤਾਂਹਿ।
ਕਿਛ ਲਾਇ ਡੇਰੇ ਸੁਧਾਸਰ ਤਟ,
ਥਿਰੇ ਬੁੰਗ੍ਯੋਂ ਮਾਂਹਿਂ।
ਮਿਲਿ ਬੀਰ ਬਾਂਕੇ ਸਿੰਘ ਸੌ ਸੌ,
ਜਾਂਹਿ ਚਢਿ ਕਰਿ ਛੂਟ[1]। — [1]ਹੱਲਾ ਕਰਕੇ।
ਵਡ ਦੂਰ ਦੂਰੋਂ ਲਿਆਵਹੀਂ,
ਧਨ ਸ਼ਸਤ੍ਰ ਬਸਤ੍ਰ ਲੂਟਿ[1] ॥੯੩॥ — [1]ਲੁੱਟ ਕੇ।
ਵਹਿ ਲਯਾਇ ਧਰਹੀਂ ਪੰਥ ਆਗੈ,
ਛਕੈਂ ਸਭਿ ਮਿਲਿ ਸਿੰਘ।
ਪੁਨ ਲਗੈ ਰੋਜ਼ ਦਿਵਾਨ ਵਡ,
ਆਕਾਲ ਬੁੰਗੇ ਧਿੰਗ[1] ॥੯੪॥ — [1]ਜ਼ਬਰਦਸਤ।

ਚੌਪਈ:

ਮੇਰ ਤੇਰ ਅਰ ਰਾਗ ਦ੍ਵੈਖ ਤਬਿ।
ਕਿੰਚਿਤ ਭੀ ਨਹਿਂ ਰਖਤ ਪੰਥ ਸਭਿ।
ਬਲਕਿਨ[1] ਏਕ ਦੂਸਰੇ ਤਾਂਈਂ। — [1]ਸਗੋਂ।
ਲਖਤ[1] ਪ੍ਰਾਨ ਤੈ ਪਯਾਰੋ ਭਾਈ ॥੯੫॥ — [1]ਜਾਣਦੇ।
ਬਨੇਂ ਰਹਿਤ ਸਮ ਸਕੇ ਬਿਰਾਦਰ[1]। — [1]ਸਕੇ ਭਰਾ।

ਦੇਤੇ ਇਕ ਦੂਸਰਿ ਕੋ ਆਦਰ।
ਥਾ ਇਤਫ਼ਾਕ ਇਕਾਇਤ[1] ਭਾਰਾ। — [1]ਏਕਾ।
ਗੁਰੁ-ਸਿੱਖੀ ਪਰ ਸਿਦਕ ਅਪਾਰਾ ॥੮੬॥
ਸੂਰ ਬੀਰ ਜਪ ਤਪ ਕੀ ਮੂਰਤਿ।
ਥੇ ਸਭਿ ਏਕ ਜਾਂਨ ਬਹੁ ਸੂਰਤ[1]। — [1]ਬਹੁਤੀਆਂ ਸ਼ਕਲਾਂ।
ਹੋਵਤ ਸਿਖ ਕੋ ਸਿਖ ਪਿਖਿ ਰਾਜੀ।
ਦੇਵਤ ਸ਼ਸਤਰ ਬਸਤਰ ਤਾਜੀ[1] ॥੮੭॥ — [1]ਘੋੜੇ।
ਛਕਤੇ ਬਾਂਟਿ ਮਿਲਤ ਜੋ ਭਾਜੀ।
ਸਿੱਖੀ ਲਖਤੇ ਸਿਰ ਕੀ ਬਾਜੀ।
ਖੇਤੀ ਵਣਜ ਲੂਟ ਤੈ ਜੋਈ।
ਮਿਲਤ, ਬਾਂਟਿ ਸਭਿ ਛਕਤੇ ਸੋਈ ॥੮੮॥
ਰਹਤੇ ਬਨੇਂ ਹਕੀਕੀ ਭਾਈ।
ਦ੍ਵੈਤ-ਭਾਵ ਸਭਿ ਦਿਲੋਂ ਤਜਾਈ।
ਯਹਿ ਤੋ ਰੀਤਿ ਪੰਥ ਕੀ ਗਾਈ[1]। — [1]ਕਹੀ ਹੈ।
ਅਬਿ ਸੁਨਿ ਜਨੋਂ ਫਿਰ ਭਈ ਲਰਾਈ ॥੮੯॥

ਸ਼ੰਕਰ ਛੰਦ:

ਰਚਿ ਰਾਮਗਢ ਜਬਿ ਦੁਰਗ, ਗੁਰੁ-ਚਕ
ਬੈਠਿ ਪੰਥ ਬਿਸਾਲ।
ਲੁਟ ਧਾਮ ਗ੍ਰਾਮ ਤ੍ਰੁਕਾਨ ਕੇ,
ਦਈ ਮੇਲ ਵਡ ਹਲ-ਚਾਲ।
ਸੁਨਿ ਮੀਰ-ਮੰਨੂੰ ਨੈਂ ਪਠਜੋ,
ਚਾਢਾਇ ਖਾਨ ਅਜ਼ੀਜ਼।
ਤਿਹ ਸੰਗ ਕੌੜਾ ਮੱਲ,
ਸੈਨਾ ਦੈ ਚਢਾਯੋ ਖੀਜ[1] ॥੯੦॥ — [1]ਖਿੱਝ ਕੇ।
ਪੁਨ ਅਯੋ ਨਾਸਰ ਅਲੀ ਖਾਂ,
ਪਠਾਨ ਕੋਟੈਂ ਸੈਨ[1]। — [1]ਫੌਜ (ਲੈ ਕੇ)।
ਚਢ ਅਯੋ ਦੀਨਾ ਬੇਗ ਖਾਂ,
ਜਾਲੰਧਰੋਂ ਤਬਿ ਐਨ।
ਅਫਗਾਨ[1] ਔਰ ਕਸੂਰੀਏ ਤੈ — [1]ਪਠਾਣ।
ਆਦਿ, ਤੁਰਕ ਅਪਾਰ।

ਢਿਗ ਰਾਮਗਢ ਕੇ ਆਇ ਉਤਰੇ,
ਕਰਤ ਮਾਰੋ ਮਾਰ ॥ ੯੧ ॥
ਯਹਿ ਬਾਤ ਦੇਸ ਬਿਦੇਸ ਤੈ,
ਸੁਨਿ ਸਿੰਘ ਔਰ ਮਹਾਂਇਂ[1]। — [1]ਬਹੁਤੇ।
ਲੱਦਿ ਬੈਲ ਖੱਚਰ ਊਠ ਪਰ,
ਲੈ ਅੰਨ ਆਏ ਧਾਇ।
ਤਬਿ ਸਿੰਘ ਬੀਸ ਹਜਾਰ ਇਕਠਾ,
ਭਯੋ ਗੁਰੁ-ਚਕ ਆਨਿ।
ਕਰਿ ਦੁਰਗ ਆਕੀ ਏਕ ਦਿਸ ਪਰ,
ਥਿਰੇ ਧਰਿ ਗੁਰੁ ਧਜਾਨ ॥ ੯੨ ॥
ਦਿਢ ਮੋਰਚੇ ਰਚਿ ਪੁੱਟਿ ਛੌਹੀਆਂ[1], — [1]ਖਾਈਆਂ ਪੁੱਟ ਕੇ।
ਥਿਰੇ ਹੋਇ ਹੁਸ਼ਜਾਰ।
ਜਬਿ ਅਈ ਤੁਰਕੀ ਸੈਨ ਆਗੇ,
ਜ਼ੋਰ ਕਰਿ ਵਡ ਭਾਰ।
ਤਬਿ ਸਿੰਘ ਛੌਹੀਆਂ ਬੀਚ ਤੈ,
ਬਿਨ ਦੇਰ ਏਕਹਿਂ ਬੇਰ।
ਬਹੁ ਰਾਮਜੰਗੇ ਦਾਗ ਦੀਨੇ,
ਕਸਿ ਦੁਗਾੜੇ ਹੇਰਿ[1] ॥ ੯੩ ॥ — [1]ਦੋ ਦੋ ਗੋਲੀਆਂ ਕੱਸ ਕੇ ਤੇ ਦੇਖ ਕੇ ਬਹੁਤੀਆਂ ਬੰਦੂਕਾਂ ਚਲਾ ਦਿੱਤੀਆਂ।

ਝਟਪੱਟ ਕਸ ਕੈ ਫਿਰ ਬੰਦੂਖਾਂ,
ਝਾੜ ਦੀਨੀ ਬਾਰ[1]। — [1]ਸਾਰੀਆਂ ਬੰਦੂਕਾਂ ਦਾ ਇਕੱਠਾ ਵਾਰ ਕਰ ਦਿੱਤਾ।
ਜੋ ਅਈ ਥੀ ਬਡਿ[1] ਤੁਰਕ ਸੈਨਾਂ, — [1]ਵਧ ਕੇ।
ਦਈ ਤਹਿਂ ਬਹੁ ਢਾਰ[1]। — [1]ਹੇਠਾਂ ਡੇਗ ਦਿੱਤੀ।
ਜਬਿ ਲਗੀ ਚਲਨ ਬੰਦੂਖ, ਸਿੰਘਨ ਕੇਰ
ਦਸ ਕੁ ਹਜ਼ਾਰ।
ਹਟ ਗਏ ਪੀਛੇ ਤੁਰਕ ਸਭਿ,
ਫਿਰ ਕੋਸੁ ਤੀਨ ਕੁ ਚਾਰ ॥ ੯੪ ॥
ਸਤ ਆਠ ਸੌ ਉਸ ਰੋਜ ਹੀ,
ਥਾ ਤੁਰਕ ਆਯੋ ਕਾਮ[1]। — [1]ਕੰਮ ਆਏ ਭਾਵ ਮਾਰੇ ਗਏ।
ਇਤ ਸਿੰਘ ਬੀਸਕ ਮਰੇ ਸਭਿ,

ਕੁਛ ਭਏ ਜਖਮੀਂ ਜਾਮ[1] ॥੯੫॥
[1]ਜਾਣੋ।

ਦੋਹਰਾ:
ਹ੍ਵੈ ਸ਼ਰਮਿੰਦੇ ਤ੍ਰੁਕਨ ਫਿਰ,
ਸੈਨ ਮੰਗਾਈ ਔਰ।
ਤੋਪ ਜੰਬੂਰੇ[1] ਰਹਿਕਲੇ[2],
[1]ਛੋਟੀਆਂ ਤੋਪਾਂ। [2]ਹੌਲੀਆਂ ਤੋਪਾਂ।
ਅਏ ਲਹੌਰੋਂ ਗੌਰ[1] ॥੯੬॥
[1]ਬਹੁਤੇ।

ਸ੍ਵੈਯਾ:
ਔਰ ਘਨੀ ਮੁਲਕੀ ਤੁਰਕਾਨਿ[1]
[1]ਮੁਲਕ ਦੇ ਤੁਰਕਾਂ ਦੀ ਫੌਜ।
ਅਈ ਦਿਸ ਚਾਰਨ ਤੈ ਕਰਿ ਹੱਲਾ।
ਘੇਰ ਲਯੋ ਮਧ ਸਿੰਘਨ ਕੋ,
ਉਤਰਜੋ ਦਿਸ ਚਾਰ ਅਪਾਰ ਮੁਸੱਲਾ।
ਦੇਵਤ ਬਾਂਗਨ ਚਾਂਗਨ ਮਾਰਿ,
ਪੁਕਾਰਤ ਯਾ ਅਲੀ ਯਾ ਅਲੀ ਅੱਲਾ।
ਤੋਪ ਜੰਬੂਰਨ ਕੀ ਛਲਕੈਂ ਕਰਿ[1],
[1]ਇਕੱਠੇ ਵਾਰ।
ਮੇਲ ਦਯੋ ਧਰ ਪੈ ਥਰਥੱਲਾ ॥੯੭॥
ਸਿੰਘਨ ਭੀ ਤਬਿ ਹੋਨ ਸ਼ਹੀਦ
ਠਟਜੋ[1], ਮਿਲ ਕੈ ਕਹਿਂ ਆਪਸ ਮਾਂਹੀਂ।
[1]ਧਾਰਿਆ।
ਹੈ ਕੁਰਖੇਤਰ ਔਰ ਬਨਾਰਸ ਤੈ,
ਯਹਿ ਉੱਤਮ ਭੂਮਿ ਮਹਾਂਹੀਂ।
ਜੋ ਨਰ ਨਾਰਿ ਮਰੈ ਇਸ ਠੌਰ,
ਬਿਕੁੰਠ ਬਸੈ ਕਿਛੁ ਸੰਸੈ ਨਾਹੀਂ।
ਦੋ ਕਰ ਮੋਦਕ ਹੈਂ[1] ਹਮਰੇ,
[1]ਦੋਹਾਂ ਹੱਥਾਂ ਵਿੱਚ ਲੱਡੂ ਹਨ।
ਜੀਐਂ ਰਾਜ ਲਹੈਂ, ਮਰਿ ਬੈਕੁੰਠ ਜਾਹੀਂ ॥੯੮॥
ਯੌਂ ਮਨਿ ਮਾਨਿ ਸਿੰਘਾਨ ਦਯੋ
ਰਣ ਠਾਨ, ਤ੍ਰੁਕਾਨਨਿ ਸੰਗ ਤਦੋਈਂ।
ਤੋਪ ਜੰਬੂਰ ਜੰਜੈਲ ਬੰਦੂਖ,
ਚਲੈਂ ਤੁਰਕਾਨ ਦਿਸਾਨ ਤੈ ਸੋਈ।
ਨਾ ਨੁਕਸਾਨ ਸਕੈਂ ਕਰਿ ਸਿੰਘਨ,
ਆਇ ਧਸੈਂ ਮਧ ਕੋਟਹਿਂ[1] ਸੋਈ।
[1](ਕਿਲ੍ਹੇ ਦੀ) (ਕੋਟਹਿਂ) ਫਸੀਲ ਵਿੱਚ।
ਮਾਰਤ ਸਿੰਘ ਬੰਦੂਖ ਜਿਤੀ,

ਸੁ ਅਚੂਕ[1] ਤੁਕਾਨ ਕੇ ਪ੍ਰਾਨਹਿਂ ਖੋਈ ॥੯੯॥
ਜੰਗ ਭਯੋ ਦਿਨ ਕੇਤਿਕ ਯੌਂ,
ਤਬਿ ਮਿੱਟੀ ਰੁ ਮਾਸ ਕੋ ਭੂਰ ਮਹਾਂਹੀ[1]।
ਨਾਹਿਂ ਮਰੈਂ ਇਤ ਸਿੰਘ ਕੋਊ,
ਉਤ ਤੁਰਕ ਮਰੈਂ ਬਹੁ ਰੈਨ ਦਿਨਾਹੀਂ।
ਆਖਰ ਤੁਰਕਨ ਹੋਇ ਲਚਾਰ,
ਉਤਾਰ ਦਈ ਨਿਜ ਫੌਜ ਪਿਛਾਹੀਂ।
ਘੇਰ ਰਖ੍ਯੋ ਦਿਨ ਕੇਤਿਕ ਜੌ ਗਢ,
ਭੀਤ ਰਰਸਦ ਨ ਆਵਨ ਪਾਹੀ ॥੧੦੦॥
ਸਿੰਘਨ ਕਾ ਦਿਨ ਕੇਤਿਕ ਮਾਹਿਂ,
ਨਿਖੁਟ ਜਖੀਰਾ ਗਯੋ[1] ਸਭਿ ਹੀ।
ਫਿਰ ਤੰਗ ਭਏ ਜਬਿ ਘਾਸ ਰੁ ਅੰਨ ਤੈ,
ਹੋਇ ਦੁਖੀ ਸਭਿ ਨੈਂ ਤਬਿ ਹੀ।
ਮਨਿ ਹੋਨ ਸ਼ਹੀਦ ਚਹ੍ਯੋ ਤਹਿ ਠਾਂ,
ਜਿਨ ਧਰਮ ਨ ਤਜਾਗ ਚਹ੍ਯੋ ਕਬਿ ਹੀ।
ਤਬਿ ਧਾਇ ਪਰੇ ਨਿਸ ਕੋ ਤੁਰਕਾਨ ਪੈ,
ਹੀਲ ਕੈ ਜਾਂਨ ਨਿਜੰ ਸਭਿ ਹੀ[1] ॥੧੦੧॥
ਕਾਰੀ ਨਿਸਾ ਤਮਵਾਰੀ ਮਹਾਂ[1],
ਤਬਿ ਆਪਨ ਔ ਪਰ ਕਾ ਨ ਦਿਖਾਏ।
ਮੁੱਸਲਮਾਨ ਉਠੇ ਘਬਰਾਇ,
ਮਰੇ ਲੜਿ ਆਪਸ ਮੈਂ ਬਹੁਤਾਏ।
ਮੇਖ ਸੁ ਜੀਨ[1] ਲੁਟ੍ਯੋ ਤਬਿ ਸਿੰਘਨ,
ਤੁਰਕਨ ਕਾ ਬਹੁ ਭਾਂਤਿ ਤਦਾਏ।
ਚਾੜ੍ਹ ਮਤਾਬ[1] ਦਏ ਜਬਿ ਤੁਰਕਨ,
ਸਿੰਘ ਧਸੇ ਮਧ ਦੁਰਗ ਕੇ[1] ਆਏ ॥੧੦੨॥
ਦੋਹਰਾ:
ਕਈ ਬਾਰ ਯੌਂ ਸਿੰਘ ਤਬਿ,
ਪਰੇ ਤੁਰਕਨ ਪਰ ਧਾਇ।
ਲੂਟ ਮਾਰ ਕਰਿ ਨਿਸਾ ਕੋ,

[1]ਜੋ ਨਿਸ਼ਾਨੇ ਤੋਂ ਨਾ ਚੁੱਕੇ।
[1]ਮਿੱਟੀ ਤੇ ਮਾਸ ਦਾ ਬਹੁਤ ਜ਼ਿਆਦਾ ਜੰਗ ਹੋਇਆ।
[1]ਅੰਨ ਦਾ ਭੰਡਾਰ ਮੁੱਕ ਗਿਆ।
[1]ਸਾਰੇ ਆਪਣੀਆਂ ਜਾਨਾਂ ਨੂੰ (ਹੀਲ ਕੈ) ਖ਼ਤਰੇ ਵਿੱਚ ਪਾ ਕੇ।
[1]ਬਹੁਤੇ ਅਨ੍ਹੇਰੇ ਵਾਲੀ ਕਾਲੀ ਰਾਤ।
[1]ਮੇਗਜ਼ੀਨ-ਗੋਲੀਆਂ ਤੇ ਬਾਰੂਦ ਆਦਿ ਦਾ ਗੋਦਾਮ।
[1]ਗੰਧਕ ਆਦਿ ਪਦਾਰਥ ਮਿਲਾ ਕੇ ਬਣਾਈ ਬੱਤੀ ਜਿਸ ਦਾ ਚੰਦ ਜਿਹਾ ਚਾਨਣ ਹੁੰਦਾ ਹੈ।
[1]ਕਿਲ੍ਹੇ ਦੇ ਵਿੱਚ।

ਧਸੈਂ ਦੁਰਗ ਮੈਂ ਆਇ ॥੧੦੩॥

ਰਸਾਵਲ ਛੰਦ:

ਫਿਰ ਤੁਰਕਨ ਕਰਿ ਮਤਾ,
ਦੁਰਗ ਕੋ ਸੁਰੰਗ ਲਗਾਈ।
ਸਾਰ[1] ਸਿੰਘਨ ਕੋ ਭਈ, — [1]ਖ਼ਬਰ।
ਕਰੀ ਤਿਨ ਗਹਿਰੀ ਖਾਈ।
ਦਿੱਲੀ ਤੈ ਤਬਿ ਅਨੀ ਘਨੀ[1], ਤੁਰਕਨ ਮੰਗਵਾਈ। — [1]ਬਹੁਤੀ ਫੌਜ।
ਸੁਨਿ ਸਿੰਘਨ, ਸ਼ਾਹੀਦ ਹੋਨ ਕੀ ਠੀਕ ਠਰਾਈ[1] ॥੧੦੪॥ — [1]ਧਾਰ ਲਈ।
ਜੱਸਾ ਸਿੰਘ ਤਖਾਣ ਸਿੱਖ, ਇਕ ਥਾ ਗੁਰੁ ਕੇਰਾ।
ਨੌਕਰ ਤੁਰਕਨ ਪਾਸ, ਰਹਿਤ ਥਾ ਬਹੁ ਦਿਨ ਕੇਰਾ।
ਥਾ ਤਨਖਾਹੀਆ ਸੋਉ, ਪੰਥ ਨੈ ਤਯਾਗ ਦਯੋ ਥਾ।
ਨਿਜ ਬੇਟੀ ਕਾ ਖੂੰਨ, ਤਾਹਿੰ ਕੇ ਹਾਥ ਭਯੋ ਥਾ ॥੧੦੫॥
ਤਿਸ ਨੈਂ ਜਬਿ ਯਹਿ ਸੁਨੀਂ, ਸਿੰਘ ਸਭਿ ਲੈਂਹ ਸ਼ਹੀਦੀ।
ਫਿਰ ਮੈਂ ਭੀ ਇਕ ਦਿਵਸ, ਮਰੋਂਗੋ ਹ੍ਵੈ ਕਰਿ ਗੀਦੀ।
ਤਾਂ ਤੇ ਚਹੀਏ ਅਬੀ ਪੰਥ ਸੋਂ ਮਿਲ ਕਰਿ ਮਰਨਾ।
ਫਿਰ ਕਬਿ ਮਿਲ ਹੈ ਵਖਤ ਮੁਝੈ, ਯਹਿ ਨੀਕ ਸੁਵਰਨਾ[1] ॥੧੦੬॥ — [1]ਚੰਗਾ ਸੁਨਹਿਰੀ ਸਮਾਂ।

ਦੋਹਰਾ:

ਰਹਿਤ ਬਿਮੁਖ ਜੋ ਪੰਥ ਤੈ,
ਗੁਰੂ ਨ ਬਖਸ਼ਤ ਤਾਂਹਿਂ।
ਹਰਿ ਰੁੱਠੇ ਗੁਰੁ ਬਖਸ਼ ਹੈਂ,
ਗੁਰੁ ਰੁੱਠੇ ਹਰਿ ਨਾਹਿਂ[1] ॥੧੦੭॥ — [1]ਜੇ ਕਿਸੇ ਨਾਲ ਹਰੀਰੁੱਸਿਆ ਹੋਵੇ ਤਾਂ ਗੁਰੂ ਬਖ਼ਸ਼ ਲੈਂਦੇ ਹਨ, ਪਰ ਜਿਸ ਨਾਲ ਗੁਰੂਰੁੱਸੇ ਹੋਣ ਉਸ ਨੂੰ ਹਰੀ ਨਹੀਂ ਬਖ਼ਸ਼ਦਾ।

ਯਹਿ ਠਟ ਜੱਸਾ ਸਿੰਘ ਨੈਂ,
ਲਿਖਿ ਚਿੱਠੀ ਇਸ ਭਾਇ।

ਪੰਥ ਬਖਸ਼ ਜੇ ਲੈਹ ਮੁਹਿ,
ਤੌਂ ਮੈਂ ਮਿਲਹੌਂ ਆਇ ॥੧੦੮॥
ਪਤਿਤ ਉਧਾਰਨ ਖਾਲਸਾ,
ਸ਼ਰਨਾਗਤਿ ਸੁਖ ਦੈਨ।
ਮੇਲ ਲੈਹੁ ਮੁਹਿ ਦੀਨ ਕੋ,
ਵਖਤ ਸ਼ਹੀਦੀ ਲੈਨ ॥੧੦੯॥
ਚੌਪਈ:
ਯਹਿ ਲਿਖ ਬਾਂਧਿ ਤੀਰ ਸੰਗਾਈ।
ਪੰਥ ਪਾਸ ਮੱਧ ਕਿਲੇ ਪੁਚਾਈ।
ਵਾਚਿ[1] ਪੰਥ ਮਨਮੈਂ ਮੁਦ ਪਾਏ। — [1]ਪੜ੍ਹ ਕੇ।
ਜੱਸਾ ਸਿੰਘ ਕੋ ਲਯੋ ਬੁਲਾਏ ॥੧੧੦॥
*ਚਿੱਠੀ ਕਾ ਜਵਾਬ ਲਿਖਵਾਈ। — *ਅੰਕ ਨੰ. ੧੧੧ ਦੀਆਂ ਚਹੁੰਆਂ ਤੁਕਾਂ ਦਾ ਪਾਠ ਅੰਮ੍ਰਿਤਸਰ ਐਡੀਸ਼ਨ ਦਾ ਹੈ।
ਤੀਰ ਸੰਗ ਦਿਯ ਤਹੀਂ ਪੁਚਾਈ।
ਕਹਯੋ ਆਇ ਜਾਵਹੁ ਬਿਨ ਬਾਰੀ[1]। — [1]ਬਿਨਾਂ ਦੇਰ ਤੋਂ।
ਪੰਥ ਬਖਸ਼ ਹੈ ਖਤਾ[1] ਤੁਮਾਰੀ ॥੧੧੧॥ — [1]ਗ਼ਲਤੀ, ਭੁੱਲ।
ਜੱਸਾ ਸਿੰਘ ਹੁਤੋ ਸਰਦਾਰੈਂ।
ਸੌ ਅਸਵਾਰ ਥਾ ਤਾਬੇਦਾਰੈਂ।
ਬੀਸਕ ਥੇ ਸਿੰਘ, ਹਿੰਦੂ ਔਰੈਂ।
ਦੀਨਾ ਬੇਗ ਕੇ ਨੌਕਰ ਗੌਰੈਂ[1] ॥੧੧੨॥ — [1]ਬਹੁਤੇ।
ਪਰੀ ਨਿਸਾ ਜਬਿ ਹੀ ਵਹਿ ਆਈ।
ਲੈ ਨਿਜ ਸਭਿ ਅਸਵਾਰ ਸੰਗਾਈ।
ਲੂਟ ਮਾਰਿ ਤੁਰਕਨ ਕੇ ਡੇਰੇ।
ਪਹੁੰਚਯੋ ਕਿਲੇ ਵੀਚ ਬਿਨ ਦੇਰੇ ॥੧੧੩॥
ਬਖਸ਼ਯੋ ਤਿਹ ਕਰਿ ਪੰਥ ਅਰਦਾਸਾ।
ਮੋਦ ਖਾਲਸਾ ਭਯੋ ਮਹਾਸਾ[1]। — [1]ਬਹੁਤਾ।
ਕਰਿ ਗੁਰੁਮਤਾ ਪੰਥ ਫਿਰ ਭਾਰੀ।
ਲੈਨ ਸ਼ਹੀਦੀ ਕਰੀ ਤਯਾਰੀ ॥੧੧੪॥
ਜਬਿ ਯਹਿ ਸਭਿ ਤੁਰਕਨ ਸੁਨ ਪਾਈ।
ਲਗੇ ਕਰਨ ਅਫਸੋਸ ਮਹਾਂਈਂ।

ਪੈ ਤਕਰਾਈ ਕੀਨੀ ਐਸੇ।
ਰਸਦ ਕਿਲੇ ਮੱਧ ਜਾਇ ਨ ਜੈਸੇ ॥੧੧੫॥
ਨਿਕਸ ਕਿਲੇ ਤੈ ਸਿੰਘ ਅਬੈ ਹੀ।
ਹੋਵਨ ਚਹਿਤ ਸ਼ਹੀਦ ਸਭੈ ਹੀ।
ਯਹੀ ਬਾਤ ਤੁਰਕੀ ਦਲ ਸੁਨ ਕੈ।
ਲਗੇ ਕਹਨ ਮਿਲਿ ਮਿਲਿ ਸਿਰ ਧੁਨ ਕੈ[1] ॥੧੧੬॥ — [1]ਸਿਰ ਹਿਲਾ ਕੇ।
ਇਕ ਇਕ ਸਿੰਘ ਮਾਰਿ ਦਸ ਦਸ ਕੋ।
ਮਰਹੈਂ ਲੈਂਹ ਸ਼ਹੀਦੀ ਜਸ ਕੋ।
ਕੋਊ ਕਹੈਂ ਯਹਿ ਨਾਹਿੰ ਮੁਕੈ ਹੈਂ।
ਮਾਰਿ ਕੂਟਿ ਕਿਤ ਦਿਸ ਭਜ ਜੈਹੈਂ ॥੧੧੭॥
ਆਇ ਸੰਮੁਖ ਜਬਿ ਸਿੰਘ ਪਰੈਂਗੇ।
ਤਿਨ ਆਗੇ ਕਹੁ ਕੌਨ ਅਰੈਂਗੇ।
ਹੜ੍ਹ ਕਾ ਜਲ ਦਰਜਾਵ-ਚੜ੍ਹਾਵੈ[1]। — [1]ਹੜ੍ਹ ਦਾ ਪਾਣੀ ਜਾਂ ਦਰਿਆ ਦਾ ਚੜ੍ਹਾ ਆ ਜਾਵੇ।
ਡੌਂ ਕੀ ਅਗਨਿ ਚਹੋ ਰੁਕ ਜਾਵੈ[1] ॥੧੧੮॥ — [1]ਜੰਗਲ ਦੀ ਅੱਗ ਇਹ (ਤਿੰਨੇ) ਤਾਂ ਭਾਵੇਂ ਰੁਕ ਜਾਣ।
ਪੈ ਸਿੰਘਨ ਕਾ ਹੱਲਾ ਜੌਨ।
ਰੋਕਨ ਵਾਲਾ ਜੰਮਜੋਂ ਕੌਨ।
ਯੌਂ ਇਤ ਤੁਰਕ ਸਿੰਘਨ ਤੈ ਡਰਹੀਂ।
ਸਿੰਘ ਭੀ ਉਤ ਅਰਦਾਸੇ ਕਰਹੀਂ ॥੧੧੯॥
ਚਹੈਂ ਗੁਰੂ ਤੈ ਬੰਦ-ਖਲਾਸ[1]। — [1]ਛੁਟਕਾਰਾ।
ਭੂਖੇ ਮਰੈਂ ਭਯੋ ਬਲ ਨਾਸ ॥੧੨੦॥

ਦੋਹਰਾ:

ਅਰਜ਼ ਪੰਥ ਕੀ ਸੁਨੀ ਤਬਿ,
ਆਪ ਗੁਰੂ ਕਰਤਾਰ।
ਪੰਥ ਬਚਾਵਨ ਹੇਤ ਭਲ,
ਦਈ ਬਜੋਂਤ ਰਚ ਸਾਰ[1] ॥੧੨੧॥ — [1]ਸ੍ਰੇਸ਼ਟ।

ਚੌਪਈ:

ਚੜ੍ਹਿ ਕਾਬਲ ਤੈ ਸ਼ਾਹਿ-ਨਿਵਾਜ।
ਆਯੋ ਲੈ ਨਿਜ ਮੱਦਦ ਸਾਜ[1]। — [1]ਮਦਦ ਤੇ ਸਾਮਾਨ।
ਪਹੁੰਚਯੋ ਜਬੈ ਗਿਰਦ ਮੁਲਤਾਨ।

ਮਾਰ ਲੂਟ ਵਹਿ ਕਰਤ ਮਹਾਨ ॥੧੨੨॥
ਸੰਗ ਭੀਰ ਗਿਲਜਜੋਂ ਕੀ ਭਾਰੀ।
ਅਯੋ ਲਹੌਰ ਲੈਨ ਮਨਿ ਧਾਰੀ।
ਜਬੈ ਮੀਰਮੰਨੂ ਯਹਿ ਸਾਰ[1]। [1]ਖ਼ਬਰ।
ਪਾਈ, ਭਯੋ ਸੁ ਅਧਿਕ ਲਚਾਰ[1] ॥੧੨੩॥ [1]ਦੁਖੀ।
ਯਹੀ ਬਾਤ ਸੁਨਿ ਦਲ ਤੁਰਕਾਨੀ।
ਕੇ ਸਿਰ, ਪਰਜੋ ਮਨੋ ਬਹੁ ਪਾਨੀ[1]। [1]ਸਿਰ ਬਹੁਤਾ ਪਾਣੀ ਪੈ ਗਿਆ, ਭਾਵ ਭੈ-ਭੀਤ ਹੋ ਗਏ।
ਸੋਚਿ ਮੀਰਮੰਨੂ ਫਿਰ ਖਾਸ[1]। [1]ਆਪ।
ਕੌੜਾ-ਮੱਲ ਬੁਲਾਯੋ ਪਾਸ ॥੧੨੪॥
ਕਹਜੋ ਬਨੀ ਅਸਮੰਜਸ[1] ਬੁਰੀ। [1]ਅਣਬਣ।
ਸੱਤ੍ਰ ਸੈਨ ਦੁਹਿ ਦਿਸ ਤੈ ਢੁਰੀ[1]। [1]ਚਲ ਪਈ ਹੈ।
ਦੁਸ਼ਮਨ ਸ਼ਾਹਿ ਨਿਵਾਜ ਹਮਾਰਾ।
ਆਯੋ ਉਤ ਤੈ ਲੈ ਦਲ ਭਾਰਾ ॥੧੨੫॥
ਇਤ ਸਿੰਘਨ ਸੋਂ ਲਗ ਰਹਜੋ ਜੰਗ।
ਕਰੋ ਦੂਰ ਯਹਿ ਕਿਵੈਂ ਕੁਢੰਗ[1]। [1]ਕਿਵੇਂ ਨਾ ਕਿਵੇਂ ਇਹ ਖੋਟਾ ਤ੍ਰੀਕਾ ਦੂਰ ਕਰੋ।
ਕੌੜਾ-ਮੱਲ ਜੋਰਿ ਕਰ ਬੋਲਾ।
ਪੰਥ ਖਾਲਸਾ ਹੈ ਵਡ ਭੋਲਾ ॥੧੨੬॥
ਕਰਿ ਅਪਨੇ ਇਨ ਕੌ ਲਿਹੁ ਮੇਲ।
ਦੁਸ਼ਮਨ ਕੇ ਸੰਮੁਖ ਦਿਹੁ ਪੇਲ[1]। [1]ਸਾਹਮਣੇ ਧੱਕ ਦਿਉ ਭਾਵ ਭੇਜ ਦਿਉ।
ਤੁਮ ਤੈ ਦਸ ਗੁਨ ਹੈਂ ਯਹਿ ਸਾਰੇ।
ਸ਼ਾਹਿ ਨਿਵਾਜ ਕੇ ਦੁਸ਼ਮਨ ਭਾਰੇ ॥੧੨੭॥
ਇਸ ਕੇ ਵਾਲਦ[1] ਖਾਨ ਬਹਾਦਰ। [1]ਪਿਉ।
ਜ਼ੁਲਮ ਕਰੇ ਸਿੰਘਨ ਪਰ ਨਾਦਰ[1]। [1]ਵੱਡੇ।
ਸਿਰ ਸਿੰਘਨ ਕੇ ਕਾਟਿ ਅਪਾਰੇ।
ਭੀਤਿ ਚਿਨਾਏ ਕੂਪਨਿ ਡਾਰੇ[1] ॥੧੨੮॥ [1]ਕੰਧਾਂ 'ਚ ਚਿਣਾਏ ਤੇ ਖੂਹਾਂ 'ਚ ਸੁੱਟੇ।
ਸ਼ਹਿ ਨਿਵਾਜ਼ ਪੁਨ ਘੱਲੂਘਾਰਾ[1]। [1]ਤਬਾਹੀ, ਸਰਵ-ਨਾਸ਼।
ਕਰਵਾਯੋ ਸਿੰਘਨ ਕਾ ਭਾਰਾ।
ਇਸ ਤੇ ਸਿਖ ਮਾਰਜੋਂ ਚਹਿਂ ਤਿਸ ਕੋ।
ਨਿਜ ਦੁਸ਼ਮਨ ਸਮਝਤ ਤੁਮ ਜਿਸ ਕੋ ॥੧੨੯॥
ਯਹਿ ਸੁਨਿ ਮੀਰਮੰਨੂ ਮੁਦ ਧਾਰ।

ਕੌੜੇ-ਮਲ ਕੋ ਦਿਯ ਇਖਤਜਾਰ।
ਕਹਯੋ ਮੇਲ ਅਬਿ ਸਿੰਘਨ ਸੰਗ।
ਜੈਸ ਕੈਸ ਕਰਿ ਲਿਹੁ ਨਿਸੰਗ ॥੧੩੦॥
ਕੌੜੇ ਮੱਲ ਜੰਗ ਢਿਗ ਆਏ।
ਜੰਗ ਹਟਾਇ ਸਿੰਘ ਅਪਨਾਏ।
ਟਕੇ ਖਰਚ ਹਿਤ ਦੁਇ ਲੱਖ ਦਏ।
ਨਿਜ ਸੰਗੀ ਸਭਿ ਸਿੰਘ ਕਰਿ ਲਏ ॥੧੩੧॥
ਦ੍ਵਾਦਸ ਨਗਰ ਗੁਰੂ-ਚਕ ਵਾਰੇ।
ਲਿਖ ਦੀਨੇ ਬਿਨ ਦੇਰ ਸੁਧਾਰੇ।
ਅਰਧ ਤੱਲਕਾ[1] ਪਟੀ ਕੇਰੋ।
ਦੈਨਾ ਕਰਯੋ ਫਤੇ ਕਰਿ ਫੇਰੋ ॥੧੩੨॥
ਖਰਚ ਜਗੀਰ ਪੰਥ ਤਬਿ ਲੈ ਕੈ।
ਭਯੋ ਮੋਦ ਸਭਿ ਗੁਰੂ ਮਨੈ ਕੈ।
ਸ਼ਹਿ ਨਿਵਾਜ਼ ਕੇ ਡੇਰੇ ਕੇਰੀ।
ਲੂਟ ਮਾਫ ਕਰਵਾਈ ਫੇਰੀ ॥੧੩੩॥
ਜੱਸਾ ਸਿੰਘ ਸ੍ਰਦਾਰ ਤਰਖਾਣ।
ਛੋਡਯੋ ਕਿਲ੍ਹੇ ਵੀਚ ਭਲ ਜਾਣਿ।
ਰਹਯੋ ਰਾਮਗੜ੍ਹ ਮੈਂ ਵਹਿ ਜਬਿ ਤੇ।
ਬਿਦਤ ਰਾਮਗੜ੍ਹੀਆ ਭਯੋ ਤਬਿ ਤੇ ॥੧੩੪॥
ਉਤ ਦਿਸ ਚੜ੍ਹਯੋ ਪੰਥ ਮੁਦ ਪਾਇ।
ਹਰਿਮੰਦਰ ਅਰਦਾਸ ਕਰਾਇ ॥੧੩੫॥
ਦੋਹਰਾ:
ਨਿਜ ਦੁਸ਼ਮਨ ਕੇ ਹਰਨ ਹਿਤ,
ਕੌੜਾ ਮੱਲ ਕੇ ਸੰਗ।
ਚੜ੍ਹਯੋ ਪੰਥ ਸਭਿ ਮੋਦ ਹ੍ਵੈ,
ਕਰਿ ਨਿਜ ਕਾਜ ਸੁਰੰਗ[1] ॥੧੩੬॥
ਉਸ ਦਿਨ ਮਨੂੰ ਮੀਰ ਨੈ,
ਖੇਲਯੋ ਅਪਨਾ ਦਾਇ।
ਦੁਸ਼ਮਨ ਕੀ ਛਤੀਆਨ ਸੋਂ,
ਮਾਰਯੋਂ ਸਾਂਪ ਉਠਾਇ ॥੧੩੭॥

[1]ਇਲਾਕਾ।

[1]ਚੰਗੇ ਢੰਗ ਨਾਲ।

ਸ਼ੰਕਰ ਛੰਦ:
ਸਭਿ ਪੰਥ ਕੌੜੇ-ਮੱਲ ਕੇ ਸੰਗ,
ਦਯੋ ਮੀਰ[1] ਚੜ੍ਹਾਇ।
ਪੁਨ ਪਠਜੋ ਦੀਨਾ ਬੇਗ ਕੋ,
ਨਿਜ ਸੈਨ ਦੈ ਅਧਿਕਾਇ।
ਕਰਵਾਇ ਕੁਣਕਾ ਸੁੱਖਾ ਮਿੱਠਾ,
ਸਿੰਘਨ ਕੋ ਦੀਵਾਨਿ[1]।
ਛਕਾਇ ਖੁਸ਼ੀਆਂ ਲੇਵਹੀ,
ਨਿਤ ਪੰਥ ਤੈ ਮੁਦ ਠਾਨ ॥੧੩੮॥
ਤਨਖਾਹਿ ਹੁੱਕਾ ਪੀਣ ਕੀ,
ਨਿਤ ਦੈ ਰੁਪਯੇ ਪਾਂਚ*।

[1]ਮੀਰ ਮੰਨੂ ਨੇ।

[1]ਕੌੜਾ ਮੱਲ ਨੇ।

*ਦੀਵਾਨ ਕੌੜਾ ਮੱਲ ਨੂੰ ਸਾਰੇ ਇਤਿਹਾਸਕਾਰਾਂ ਨੇ ਨੇਕ-ਪੁਰਸ਼ ਮੰਨਿਆਂ ਹੈ ਤੇ ਉਹ ਸਿੰਘਾਂ ਦਾ ਵੀ ਖੈਰ-ਖਾਹ ਰਿਹਾ ਹੈ, ਜਿਸ ਕਰਕੇ ਸਿੰਘਾਂ ਨੇ ਉਸ ਦਾ ਨਾਮ ਮਿੱਠਾ ਮੱਲ ਰੱਖਿਆ ਹੋਇਆ ਸੀ। ਹੋ ਨਹੀਂ ਸਕਦਾ ਕਿ ਉਹ ਹੁੱਕਾ ਪੀਂਦਾ ਹੋਵੇ। ਪਰ ਜੇ ਇਹ ਗੱਲ ਮੰਨ ਲਈ ਜਾਵੇ ਤਾਂ ਇਹ ਤਨਖਾਹ ਗੁਰਮਤਿ ਦੇ ਆਸ਼ੇ ਅਨੁਸਾਰ ਦਰੁਸਤ ਨਹੀਂ ਕਿ ਕੋਈ ਆਦਮੀ ਪੰਜ ਰੁਪਏ ਰੋਜ਼ ਤਨਖਾਹ ਵਜੋਂ ਦੇ ਕੇ ਸਦਾ ਹੁੱਕਾ ਪੀਂਦਾ ਰਹੇ। ਕਿਸੇ ਪਿਛਲੀ ਭੁੱਲ ਜਾਂ ਕੁਰਹਿਤ ਦੀ ਤਨਖਾਹ ਲੁਆ ਕੇ ਅੱਗੋਂ ਤੋਂ ਉਹ ਕੁਕਰਮ ਛੱਡਣਾ ਪੈਂਦਾ ਹੈ। ਜੇ ਇਹ ਗੱਲ ਨਾ ਹੁੰਦੀ ਤਾਂ ਮਾਇਆ ਧਾਰੀ ਲੋਕ ਤਾਂ ਤਨਖ਼ਾਹ ਵਜੋਂ ਕੁਝ ਮਾਇਆ ਦੇ ਕੇ ਸਦਾ ਕੁਰਹਿਤਾਂ ਕਰਦੇ ਰਹਿੰਦੇ। ਇਸ ਲਈ ਕਵੀ ਜੀ ਦੀ ਉਕਤ ਕਥਨ ਗੁਰਮਤਿ ਦੀ ਕਸਵੱਟੀ ਤੇ ਪੂਰਾ ਨਹੀਂ ਉਤਰਦਾ ਇਸ ਲਈ ਮੰਨਣ ਯੋਗ ਨਹੀਂ ਹੈ।

ਇਸ ਭਾਂਤਿ ਢਿਗ ਮੁਲਤਾਨ ਕੇ,
ਜਬਿ ਜਾਇ ਪਹੁਂਚੇ ਸਾਚ[1]।
ਸੁਨਿ ਅਯੋ ਸ਼ਾਹਿ ਨਿਵਾਜ਼, ਲੈ
ਬਹੁ ਸੈਨ ਗਿਲਜਜੋਂ ਕੇਰ।
ਦਸ ਕੋਸ ਪਰ ਮੁਲਤਾਨ ਤੈ,
ਪਰ ਗਯੋ ਵਡ ਭਟ-ਭੇਰ[1] ॥੧੩੯॥
ਸਭਿ ਸਿੰਘਨ ਕੋ ਉਤਾਰ ਪਾਛੇ,
ਆਪ ਆਗੇ ਜਾਇ।
ਸਭਿ ਸੈਨ ਤੁਰਕੀ ਸੰਗ ਲੈ,

[1]ਠੀਕ।

[1]ਸੂਰਮਿਆਂ ਦਾ ਭੇੜ ਭਾਵ ਜੰਗ।

ਨਿਜ ਲਰੇ ਬਲ ਲਹੁ ਲਾਇ।
ਜਬਿ ਮਾਰ ਗਿਲਜਜੋਂ ਨੈ, ਦਏ
ਮੁਖ ਮੋੜ ਇਨ ਕੇ ਪੈਰ।
ਫਿਰ ਮਿਲਜੋ ਦੀਨਾ ਬੇਗ, ਸ਼ਾਹਿ
ਨਿਵਾਜ਼ ਸੋਂ ਤਜਿ ਬੈਰ ॥ ੧੪੦ ॥
ਤਬਿ ਪਿਖਜੋ ਕੌੜਾ-ਮੱਲ ਨੈਂ,
ਯਹਿ ਤੁਰਕ ਹੂਏ ਏਕ।
ਫਿਰ ਧਾਇ ਕੌੜਾ ਮਲ ਨੈ,
ਆ ਗਹੀ ਸਿੰਘਨ ਟੇਕ।
ਛਕਿ ਫੀਮ ਸੁੱਖਾ* ਸਿੰਘ ਸਭਿ,
ਵਡ ਦੁੰਦਬੀ[1] ਵਜਵਾਇ।
ਚੜ੍ਹਿ ਸੰਗ ਕੌੜਾ ਮਲ ਕੇ,
ਭਲ ਭਿਰੇ ਸਨਮੁਖ ਜਾਇ ॥ ੧੪੧ ॥

ਭੁਯੰਗ ਪ੍ਰਯਾਤ ਛੰਦ:

ਭਿਰੇ ਜਾਇ ਆਛੇ, ਮਹਾਂਬੀਰ ਬੰਕੇ[1]।
ਭਏ ਹੱਥ ਵੱਥੰ, ਜਰਾ ਨਾਹਿੰ ਸ਼ੰਕੇ[1]।
ਕੜਾ ਕਾੜਾ ਮਾਰੈਂ, ਘਨੇ ਰਾਮਜੰਗੇ[1]।
ਦੜਾ ਦਾੜ ਗੇਰੈਂ, ਕਰੈਂ ਅੰਗ ਭੰਗੇ ॥ ੧੪੨ ॥
ਸੜਾ ਸਾੜ ਤੀਰਾਨ ਕੇ ਝੁੰਡ ਚਾਲੈਂ।
ਫਿਰੈਂ ਪ੍ਰਾਨ ਲੇਤੇ, ਮਨੋ ਨਾਗ ਕਾਲੈਂ।
ਕਹੂੰ ਮਾਰ ਕੈ ਸੈਹਥੀ[1] ਪਾਰ ਕੱਢੈਂ।
ਜਲੰ ਮੰਗਣੇ ਜੋਗ, ਨਾ ਤਾਂਹਿ ਛੱਡੈਂ ॥ ੧੪੩ ॥
ਘਨੇ ਘਾਇ ਸੁੱਟੇ, ਕਰੰਵਾਰ ਸੰਗੇ[1]।
ਭਏ ਲਾਲ ਬਾਗੇ, ਭਿਗੇ ਸ੍ਰੋਨਰੰਗੇ[1]।
ਰਸੰ ਬੀਰ ਛਾਕੇ[1], ਭਿਰੈਂ ਸਿੰਘ ਸੂਰੇ।
ਮਹਾਂ ਮੋਦ ਮੱਤੇ, ਚਹੈਂ ਜੀਤ ਰੂਰੇ[1] ॥ ੧੪੪ ॥
ਕਰਾਚੋਲ[1] ਬਾਹੈਂ, ਅੱਧਾ ਅੱਧ ਲਾਹੈਂ।
ਸਿਰੰ ਜ੍ਵਾਨ ਕੋ ਕੱਟਿ, ਕੈਕਾਨ[1] ਢਾਹੈਂ।
ਦਬਜੋ ਸੂਰ ਨੂਰੰ, ਭਈ ਧੂਰ ਧਾਰਾ[1]।

*ਦੇਖੋ ਪੂਰਬਾਰਧ ਦੇ ਬਿਸ੍ਰਾਮ ਨੰ. ੧੨ ਦੇ ਅੰਕ ਨੰ. ੧੨੫ ਤੇ * ਨਿਸ਼ਾਨ ਦੀ ਪੈਰ ਟੂਕ।
[1]ਧੌਂਸੇ।
[1]ਬਹੁਤੇ ਸੁੰਦਰ ਸੂਰਮੇਂ।
[1]ਹੱਥੋ-ਪਾਈ ਹੋ ਪਏ ਜ਼ਰਾ ਵੀ ਨਹੀਂ ਡਰੇ।
[1]ਬੰਦੂਕਾਂ।
[1]ਬਰਛੀ।
[1]ਤਲਵਾਰਾਂ ਨਾਲ ਬਹੁਤੇ ਜ਼ਖ਼ਮੀਂ ਕਰ ਸੁੱਟੇ।
[1]ਲਹੂ ਦੇਰੰਗ ਨਾਲ ਭਿੱਜ ਕੇ ਪੁਸ਼ਾਕੇ ਲਾਲ ਹੋ ਗਏ।
[1]ਬੀਰ-ਰਸ ਨਾਲ ਭਰੇ ਹੋਏ।
[1]ਸੁੰਦਰ ਜਿੱਤ।
[1]ਤਲਵਾਰ।
[1]ਘੋੜੇ ਨੂੰ।
[1](ਧਾਰਾ) ਬਹੁਤੀ ਧੂੜ ਹੋ ਗਈ ਜਿਸ ਕਰ ਕੇ ਸੂਰਜ ਦਾ

ਚਾਨਣ ਦੱਬ ਗਿਆ।

ਮਚਯੋ ਜੰਗ ਜੈਸੇ, ਕਹੈ ਕੌਨ ਭਾਰਾ ॥੧੪੫॥
ਪਰਯੋ ਪੈਰ ਪੀਛੈ, ਤੁਰੰਕਾਨ ਕੇਰੋ।
ਬਢੇ ਸਿੰਘ ਸੂਰੇ, ਕਰਯੋ ਝੱਟ-ਭੇਰੋ।
ਤਬੈ ਸਿੰਘ ਕਾਪੂਰ ਨੈ, ਬੋਲਿ ਹੱਲਾ।
ਦਯੋ ਮੇਲ, ਦੌਰਾਨੀਯੋਂ ਮੈਂ ਸ਼ੂੱਥਲਾ ॥੧੪੬॥
ਲਗੇ ਕੂਕਨੇ ਯਾਇਲੀ, ਯਾਹਿ ਆਲਾ।
ਜਬੈ ਮਾਰਿ ਸਿੰਘਾਨ ਨੈ ਘਾਣ ਘੱਲਾ[1]।
ਚਲਯੋ ਸ਼ਾਹਿ ਨਿਵਾਜ਼ ਤੌ ਧਾਇ ਪੀਛੇ।
ਤਿਸੀ ਗੈਲ ਧਾਏ[1], ਘਨੇ ਸਿੰਘ ਤੀਛੇ ॥੧੪੭॥
ਤਬੈ ਭੀਮ ਸਿੰਘੰ, ਬਲੀ ਸਿੰਘ ਜੱਸਾ।
ਢਿਗੰ ਜਾਇ ਢੁੱਕੇ, ਛੋੜਿ ਅੱਸ੍ਰ ਵੱਸਾ[1]।
ਤਜੇ ਰਾਮਜੰਗੇ, ਦੁਹੂੰ ਨੈ ਸੰਧਾਈ[1]।
ਲਗੀ ਸ਼ਾਹਿ ਨਿੱਵਾਜ ਕੈ, ਦੋਇ ਜਾਈ ॥੧੪੮॥
ਗਈਂ ਚੀਰ, ਸੰਜੋਇ ਸਾਰੀਰ ਤਾਈਂ।
ਗਿਰਯੋ ਭੂਮ ਮੈਂ, ਝੂਮ ਕੈ ਘੂੰਮ ਖਾਈ[1]।
ਕਟਯੋ ਮੂੰਡ ਜੱਸੇ-ਹਰੀ, ਸਾਥ ਜੁੱਸੇ[1]।
ਜਿਮੇਂ ਬੇਲ ਤੇ ਕੱਦੂਯਾ, ਦਾਤਿ ਕੁੱਸੇ[1] ॥੧੪੯॥
ਜਬੈ ਸ਼ਾਹਿ ਨਿਵਾਜ਼ ਕੌਂ, ਯੌਂ ਨਿਵਾਜਯੋ[1]।
ਤਬੈ ਫੌਜ ਦੁਰਾਨੀਯੋ ਕੇਰ ਭਾਜਯੋ।
ਪੁਨਾ ਸ਼ਾਹਿ ਨਿਵਾਜ ਕੇ ਮੂੰਡ ਕੋ ਲੇ।
ਭੀਮ ਸਿੰਘ ਪਰੋਇ ਕੇ ਵੀਚ ਸੇਲੇ ॥੧੫੦॥
ਤਿਸੈ ਧਾਇ ਦੀਵਾਨ ਕੋ ਲਜਾਇ ਦੀਨੋ।
ਕਹਯੋ ਸਿੰਘ ਜੱਸੇ, ਕਟਯੋ ਜੱਸ ਲੀਨੋ।
ਪੁਨਾ ਔਰ ਸਿੰਘਾਨ ਭੀ ਕੀਨ ਕਾਰੀ[1]।
ਘਨੀ ਸ਼ਾਹਿ ਨਿਵਾਜ਼ ਕੀ ਸੈਨ ਮਾਰੀ ॥੧੫੧॥
ਗਏ ਕਾਬਲੀ ਕਾਬਲੈਂ ਓਰ ਧਾਈ।
ਕਰੀ ਫੇਰ ਨਾ ਸੰਮੁਖੈ ਹ੍ਵੈ ਲਰਾਈ।
ਫਤੇ ਜੰਗ ਕੀ ਔਰ ਓਮੰਗ[1] ਜੋਈ।

[1]ਜੰਗ ਪਾਇਆ।

[1]ਪਿੱਛੇ ਦੌੜੇ।

[1]ਆਪਣੇ ਘੋੜਿਆਂ ਨੂੰ (ਵੱਸਾ) ਕਾਬੂ ਕਰ ਕੇ ਛੇੜ ਕੇ ਨੇੜੇ ਜਾ ਪੁੱਜੇ।

[1]ਸਿੰਨ੍ਹ ਕੇ।

[1]ਹਿਲੋਰਾ ਤੇ ਭੁਆਟਣੀ ਖਾ ਕੇ ਧਰਤੀ 'ਤੇ ਡਿੱਗ ਪਿਆ।

[1]ਜੋਸ਼ ਨਾਲ ਜੱਸਾ ਸਿੰਘ ਨੇ ਸਿਰ ਕੱਟਿਆ।

[1]ਦਾਤੀ ਕੱਦੂ ਨੂੰ ਕੱਟ ਦੇਂਦੀ ਹੈ।

[1]ਵੱਡਾ ਕੀਤਾ ਭਾਵ ਮਾਰ ਦਿੱਤਾ।

[1]ਕੰਮ ਕੀਤਾ।

[1]ਉਤਸ਼ਾਹ।

ਕੌੜਾ ਮਲ ਦੀਵਾਨ ਕੋ ਮਿਲੀ ਸੋਈ ॥੧੫੨॥

ਦੋਹਰਾ:

ਸਿੰਘਨ ਲੂਟਜੋ ਧਾਇ ਫਿਰ,
ਸ਼ਹਿਰ ਸਗਲ ਮੁਲਤਾਨ।
ਡੇਰਾ ਸ਼ਾਹਿ ਨਿਵਾਜ ਕਾ,
ਲੂਟਜੋ ਔਰ ਮਹਾਨ ॥੧੫੩॥

ਕਬਿੱਤ:

ਧਨ ਮਨ ਇੱਛ ਲੂਟਜੋ ਪੰਥ ਕਾ ਦਰਿਦ੍ਰ ਤੂਟਜੋ,
ਫਤੇ ਕਾ ਅਨੰਦ ਘੂਟਜੋ[1] ਸੁਧਾਸਰ ਆਯੋ ਹੈ। [1]ਛਕਿਆ, ਮਾਣਿਆਂ।
ਕੌੜੇ ਮੱਲ ਆਇ ਸੁੱਖੇ ਮਿੱਠੇ ਕੀ ਕਰਾਇ ਦੇਗ,
ਕੁਣਕਾ ਬਣਾਇ ਬਹੁ ਪੰਥ ਕੋ ਛਕਾਯੋ ਹੈ।
ਧਨ ਅਨਗਨ ਦਰਵਾਰ ਮੈਂ ਚੜ੍ਹਾਯੋ ਤਿਨ,
ਕੌੜੇ-ਮੱਲ ਹੂੰ ਤੇ ਮਿੱਠਾ ਮੱਲ ਪੰਥ ਗਾਯੋ ਹੈ[1]। [1]ਕਿਹਾ ਹੈ।
ਖੁਸ਼ੀ ਲੈ ਕੈ ਖਾਲਸੇ ਤੈ ਗਯੋ ਮਿੱਠਾ ਮੱਲ ਫੇਰ,
ਲਵਪੁਰ ਮੀਰ-ਮੰਨੂੰ ਪਾਸ ਜਸ ਪਾਯੋ ਹੈ
॥੧੫੪॥

ਸ੍ਵੈਯਾ:

ਸ਼ਾਹਿ ਨਿਵਾਜ਼ ਕਾ ਮੂੰਡ[1], ਧਰਜੋ ਜਬਿ [1]ਸਿਰ।
ਜਾਇ ਦੀਵਾਨ ਨੈ ਮੀਰ ਅਗਾਰੀ।
ਮੋਦ ਨੁਵਾਬ ਭਯੋ ਪਿਖ ਕੈ ਅਤਿ,
ਕੀਨ ਦੀਵਾਨ ਕਾ ਮਨਸਬ[1] ਭਾਰੀ। [1]ਅਹੁਦਾ, ਦਰਜਾ।
ਲਾਜ ਰਖੀ ਵਡ ਆਪ ਗੁਰੂ,
ਸ਼ਰਨਾਗਤਿ ਸਿੱਖਨ ਕੀ ਤਬਿ ਕਾਰੀ[1]। [1]ਚੰਗੀ।
ਸਾਲ ਅਠਾਰਾਂ ਸੈ ਨੌ ਮੱਧ ਗਾਥ,
ਭਈ ਯਹਿ ਹੈ ਸਭਿ ਲੇਹੁ ਵਿਚਾਰੀ ॥੧੫੫॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਯਾਨ ਸਿੰਘ ਵਿਰਚਿਤੇ 'ਰਾਮਗੜ੍ਹ, ਰਾਮਰੌਣੀਰਚਨ, ਜੰਗ ਕਰਨ, ਸ਼ਾਹਿ-ਨਿਵਾਜ਼ ਕਾ ਮਾਰਨ', ਬਰਨਨੰ ਨਾਮ ਛੱਤੀਸਮੋਂ ਬਿਸ੍ਰਾਮ ॥੩੬॥

*ਏਥੋਂ ਤੱਕ ਲਾਹੌਰ ਐਡੀਸ਼ਨ ਦੇ ਉੱਤ੍ਰਾਰਧ ਦੀ ਰਚਨਾ ਨੂੰ ਛਾਪਿਆ ਹੈ।

੩੭. {ਅਹਿਮਦ ਸ਼ਾਹ ਦੁਰਾਨੀ ਦਾ ਆਉਣਾ, ਸੁੱਖਾ ਸਿੰਘ ਦੀ ਸ਼ਹੀਦੀ ਤੇ ਸਿੰਘਾਂ ਨੇ ਜਲੰਧਰ ਫ਼ਤਹ ਕਰਨਾ}

*ਦੋਹਰਾ:

*ਏਥੋਂ ਹੁਣ ਅਸੀਂ ਅੰਮ੍ਰਿਤਸਰ ਐਡੀਸ਼ਨ ਦੇ ਪੰਨਾ ਪ੩੩ ਤੋਂ ਉਸ ਦਾ ਬਿਸ੍ਰਾਮ ਨੰ: ੫੧ ਨੂੰ ਛਾਪਣਾ ਸ਼ੁਰੂ ਕਰਨ ਲੱਗੇ ਹਾਂ। ਲਾਹੌਰ ਐਡੀਸ਼ਨ ਉੱਤ੍ਰਾਰਧ ਵਿੱਚ ਛਪੀ ਬਾਕੀ ਰਚਨਾ ਦਿੱਲੀ ਐਡੀਸ਼ਨ ਦਾ ਹੀ ਗ਼ਲਤ-ਮਲਤ ਉਤਾਰਾ ਹੈ। ਪਰ ਅੰਮ੍ਰਿਤਸਰ ਐਡੀਸ਼ਨ ਵਿੱਚ ਕਵੀ ਜੀ ਨੇ ਹੋਰ ਮਸਾਲਾ ਵਧਾ ਕੇ ਦਿੱਤਾ ਹੈ, ਜਿਸ ਬਾਰੇ ਅੰਮ੍ਰਿਤਸਰ ਐਡੀਸ਼ਨ ਦੇ ਅੰਤ ਵਿੱਚ ਛਪੇ ਇਸ਼ਤਿਹਾਰ ਵਿੱਚ ਕਵੀ ਜੀ ਨੇ ਖ਼ੁਦ ਲਿਖਿਆ ਹੈ, ਦੇਖੋ ਪੰਨਾ ੧੫੪੬ ਤੇ * ਨਿਸ਼ਾਨ ਦੀ ਪੈਰ ਟੂਕ। ਲਾਹੌਰ ਐਡੀਸ਼ਨ 'ਚ ਬਾਕੀ ਰਹਿੰਦੀ ਰਚਨਾ ਦੇ ੧੮੩ ਪੰਨੇ ਦਿੱਲੀ ਐਡੀਸ਼ਨ ਦੇ ੨੦੩ ਪੰਨੇ ਹਨ, ਪਰ ਅੰਮ੍ਰਿਤਸਰ ਐਡੀਸ਼ਨ 'ਚ ਪੰਨਾ ੪੨੮ ਹਨ। ਸਭ ਤੋਂ ਵੱਧ ਮਸਾਲਾ ਹੋਣ ਤੇ ਕਵੀ ਜੀ ਦੀ ਦੇਖ ਰੇਖ ਹੇਠ ਛਪੀ ਹੋਣ ਕਰਕੇ ਹੀ ਅੱਗੋਂ ਅਸੀਂ ਇਸ ਨੂੰ ਛਾਪਣ ਲੱਗੇ ਹਾਂ।

ਰੇ ਮਨ ਤਜਾਗ ਵਿਕਾਰ ਤੂੰ,
ਹਰਿ ਗੁਬਿੰਦ ਗੁਰੁ ਧਜਾਇ।
ਚਾਰ ਪਦਾਰਥ ਸੁਜਸ ਸੁਖ,
ਪੈਹੈਂ ਬਿਨ ਜਤਨਾਇ[1] ॥੧॥
ਸੁੱਖਾ ਸਿੰਘ ਸ਼ਹੀਦ ਹ੍ਵੈ,
ਕਾਬਲੇਸ਼[1] ਜਿਮ ਆਇ।
ਲੁਟੈ ਜਲੰਧਰ ਕਤਲ ਹ੍ਵੈ,
ਸੁਨੋ ਪੰਥ ਸੁਖ-ਦਾਇ ॥੨॥

ਪਾਧਰੀ ਛੰਦ:

ਜਬਿ ਪੰਥ ਖਾਲਸਾ ਥਿਰਜੋ ਆਨ।
ਮੱਧ ਗੁਰੂ-ਚੱਕ ਮਨਿ ਮੋਦ ਠਾਨ।
ਨਿਤ ਦੋਨੋ ਵਖਤ ਦੀਵਾਨ ਲਾਇ।
ਆਕਾਲ ਬੁੰਗੇ ਕੇ ਅਗਵਾਇ[1] ॥੩॥
ਢਾਡੀ ਬਹੁ ਵਾਰਾਂ ਪਢੈਂ ਆਇ।
ਜਿਨ ਕੋ ਸੁਨਿ ਕਾਇਰ ਭੀ ਲਰਾਇੰ।
ਕਿਤ ਕਰੈਂ ਗੁਰਮਤਾ ਬੈਠਿ ਸਿੰਘ।
ਅਬਿ ਚਢ ਕਰਿ ਦਿੱਲੀ ਲਿਹੁ ਨਿਸੰਗ ॥੪॥
ਕੋ ਕਹੈਂ ਪਸ਼ੌਰ ਲਹੌਰ ਲੇਹੁ।

[1]ਜਤਨ ਤੋਂ ਬਿਨਾਂ।

[1]ਅਹਿਮਦ-ਸ਼ਾਹ ਦੁਰਾਨੀ।

[1]ਅੱਗੇ।

ਕੋ ਕਹੈਂ ਸਰੂੰਦਹਿ ਕਰੋ ਥੇਹੁ।
ਕਹਿੰ ਕੇਤਿਕ ਲੂਟਹੁ ਅਬਿ ਕਸੂਰ।
ਯੌਂ ਕਰਤ ਗੁਰਮਤੇ ਪੰਥ ਭੂਰ ॥੫॥
ਫਿਰ ਤਬੈ ਮੁਹੰਮਦ ਸ਼ਹਿ ਦਿਲੇਸ।
ਗਿਲ ਲਯੋ ਮੌਤ ਨੈ ਆਨਿ ਵੇਸ[1]।

[1]ਮੌਤ ਨੇ ਆ ਕੇ (ਵੇਸ) ਚੰਗੀ ਤਰ੍ਹਾਂ ਨਿਗਲ ਲਿਆ ਭਾਵ ਮਰ ਗਿਆ।

ਸੁਤ ਤਿਸ ਕਾ ਅਹਿਮਦ ਸ਼ਾਹਿ ਔਰ।
ਪਤਿਸ਼ਾਹਿ ਭਯੋ ਫਿਰ ਤਿਸੀ ਠੌਰ ॥੬॥
ਥੇ ਤਿਸ ਕੇ ਜੋਊ ਵਜੀਰ ਚਾਰ।
ਤਿਨ ਵੀਚ ਬਢੀ ਤਬਿ ਅਧਿਕ ਰਾਰ[1]।

[1]ਲੜਾਈ

ਥਾ ਸਫਦਰ-ਜੰਗ ਜੁ ਵਡ ਵਜ਼ੀਰ।
ਸੁਤ ਸ਼ਾਹਦਤ-ਖਾਂ ਕਾ ਬਡੋ ਧੀਰ ॥੭॥
ਵਹਿ ਥਾ ਨੁਵਾਬ ਲਖਨਊ ਕੇਰ।
ਅਸਤੀਫਾ ਦੈ[1] ਘਰ ਗਯੋ ਫੇਰ।

[1]ਤਿਆਗ ਪੱਤ੍ਰ ਦੇ ਕੇ।

ਮਨਸੂਰ ਅਲੀ ਥਾ ਜੋ ਨੁਵਾਬ।
ਵਹਿ ਭੀ ਫਿਰ ਗਯੋ ਸੁ ਕਰਿ ਅਦਾਬ[1] ॥੮॥

[1]ਸਤਿਕਾਰ ਕਰ ਕੇ ਚਲਾ ਗਿਆ ਭਾਵ ਵਜ਼ੀਰੀ ਤੋਂ ਹਟ ਕੇ ਚਲਾ ਗਿਆ।

ਵਹਿ ਥਾ ਮਖਸੂਦਾ-ਵਾਦ ਕੇਰ।
ਤਹਿ ਹੀਂ ਜਾ ਬੈਠਜੋ ਬਿਨਾ ਦੇਰ।
ਤੀਸਰ ਰੋਹੇਲ ਨਜੀਬ-ਖਾਨ।
ਵਹਿ ਗਯੋ ਨਜੀਬਾਵਾਦ ਮਾਨ ॥੯॥
ਤਿਨ ਗੜ੍ਹ-ਨਜੀਬ ਰਚਿ ਦੁਰਗ ਪੀਨ[1]।

[1]ਪੱਕਾ ਕਿਲ੍ਹਾ ਬਣਾ ਲਿਆ।

ਰੋਹੇਲ ਖੰਡ ਦਾਬਾਇ ਲੀਨ।
ਯਹਿ ਸਭਿ ਹੀ ਨਿਜ ਨਿਜ ਮੁਲਕ ਭੂਰ[1]।

[1]ਬਹੁਤੇ।

ਬੈਠੇ ਅਪਨਾਇ ਦਬਾਇ ਰੂਰ[1] ॥੧੦॥

[1]ਸੁੰਦਰ (ਇਲਾਕੇ)।

ਪੁਨ ਚਤੁਥ ਗਾਜ਼ੀਦੀਨ ਮੁਗਲ।
ਵਹਿ ਬਾਦਸ਼ਾਹਿ ਢਿਗ ਰਹਜੋ ਦੁਗਲ[1]।

[1]ਦੋਗਲਾ, ਹਰਾਮੀ।

ਫਿਰ ਵਹਿ ਹੀ ਆਜ਼ਮ ਭੌ ਵਜ਼ੀਰ[1]।

[1]ਵੱਡਾ ਵਜ਼ੀਰ ਹੋ ਗਿਆ।

ਉਨ ਕਰਜੋ ਸ਼ਾਹਿ ਕੋ ਪੁਨ ਤਗੀਰ[1] ॥੧੧॥

[1]ਦੁਖੀ।

ਫਿਰ ਸ਼ਾਹਿ ਬਹਾਨਾ ਕਰਿ ਸ਼ਿਕਾਰ।

ਜਬਿ ਚਲਯੋ ਓਰ ਲਖਨਊ ਧਾਰਿ[1]।
[1]ਮਨ 'ਚ ਧਾਰ ਕੇ।
ਮਗ ਮੈਂ ਯੌਂ ਗਾਜੀ-ਦੀਨ ਕੀਨ।
ਫੜਿ ਸ਼ਾਹਿ ਤਈਂ ਕਰਿ ਕੈਦ ਲੀਨ ॥੧੨॥
ਨੈਨਨ ਮੈਂ ਦੀਨੇ ਮੀਲ ਫੇਰਿ[1]।
[1]ਸਲਾਈਆਂ (ਗਰਮ ਕਰਕੇ) ਅੱਖਾਂ 'ਚ ਫੇਰ ਦਿੱਤੀਆਂ।
ਕਰਿ ਅੰਧਾ ਦਿੱਲੀ ਲਜਾਇ ਫੇਰ।
ਸੁਤ ਤਿਸ ਕਾ ਤਖਤ ਬਿਠਾਇ ਦੀਨ।
ਵਹਿ ਸਾਨੀ ਆਲਮ-ਗੀਰ ਚੀਨ[1] ॥੧੩॥
[1]ਦੂਜਾ ਆਲਮ-ਗੀਰ ਜਾਣੋ।
ਤਬਿ ਗਾਜੀ-ਦੀਨ ਦਿਲੇਸ ਪਾਸ।
ਵਡ ਮਾਲਕ ਹ੍ਵੈ ਕਰਿ ਰਹਯੋ ਖਾਸ[1]।
[1]ਆਪ।
ਫਿਰ ਚੜ੍ਹ ਕਰਿ ਤਿਸ ਨੈ ਖਾਂ-ਨਜੀਬ।
ਲਿਯ ਘੇਰ ਲੜਾਈ ਕਰਿ ਅਜੀਬ ॥੧੪॥
ਬਹੁ ਤੰਗ ਹੋਇ ਨਾਜੀਬ ਖਾਨ।
ਨਿਜ ਮੱਦਦ ਕੇ ਹਿਤ ਲਿਹੁ ਪਛਾਨ।
ਬੁਲਵਾਯੋ ਅਹਿਮਦ ਸ਼ਾਹ ਵੇਕ[1]।
[1]ਦੂਜਾ ਅਹਿਮਦ ਸ਼ਾਹ (ਜੋ ਕਾਬਲ ਦਾ ਬਾਦਸ਼ਾਹ ਸੀ।)
ਦੈਨਾ ਕਰਿ ਟਕਾ[1] ਕਰੋੜ ਏਕ ॥੧੫॥
[1]ਰੁਪਇਆ।
ਵਹਿ ਆਯੋ ਲੈ ਬਹੁ ਸੈਨ ਧਾਇ।
ਜਬਿ ਪਹੁੰਚਯੋ ਪਾਸ ਲਹੌਰ ਆਇ।
ਤਬਿ ਮੀਰ ਮੰਨੂ ਕੋ ਪਰਯੋ ਫਿਕਰ।
ਕਰਿ ਕੌੜੇ-ਮੱਲ ਕੇ ਪਾਸ ਜ਼ਿਕਰ ॥੧੬॥
ਫਿਰ ਪੰਥ ਖਾਲਸੇ ਤਈਂ ਤਾਂਹਿ।
ਨਿਜ ਮੱਦਦ ਹਿਤ ਬੁਲਵਯੋ ਚਾਹਿ[1]।
[1]ਲੋੜ ਸਮਝਕੇ।
ਚੜ੍ਹਿ ਪੰਥ ਅਯੋ ਸਭਿ ਬਿਨਾ ਦੇਰ।
ਕਿਯ ਡੇਰਾ ਬਣੀਏ ਗਾਮ ਹੇਰਿ[1] ॥੧੭॥
[1]ਦੇਖ ਕੇ।
ਪਠ ਦੀਨੋ ਖਰਚ ਨੁਵਾਬ ਖਾਸ।
ਬਹੁ ਦਾਰੂ ਸਿੱਕਾ ਸਿੰਘਨ ਪਾਸ।
ਥਾ ਪੰਥ ਖਾਲਸਾ ਬਿਨਾ-ਈਨ[1]।
[1]ਆਜ਼ਾਦ।
ਬਾਂਟਨ ਪਰ ਦੰਗਾ ਅਧਿਕ ਕੀਨ ॥੧੮॥
ਤਬਿ ਹਰੀ ਸਿੰਘ ਭੰਗੀ ਸੂਦਾਰ।
ਕਿਯ ਜ਼ਖਮੀ ਸਿੰਘ ਖੁਸ਼ਹਾਲ ਭਾਰ।
ਯੌਂ ਲੜਿ ਬਹੁ ਆਪਸ ਮਾਂਹਿ ਸਿੰਘ।

ਹਟਿ ਗੁਰੁ-ਚਕ ਦਿਸ ਬਹੁ ਗਏ ਧਿੰਗ[1] ॥੧੯॥ — [1]ਬਲੀ।
ਤਹਿਂ ਰਹਯੋ ਹਜ਼ਾਰ ਦੁ-ਤੀਨ ਜੋਇ।
ਜਾ ਉਤਰਯੋ ਸ਼ਾਲਾਮਾਰ ਸੋਇ।
ਤਹਿਂ ਮੱਦਦ ਮੰਨੂ-ਮੀਰ ਕੇਰ।
ਰਹਿਂ ਤਜਾਰ ਸੂਰਮੇ ਸਿੰਘ ਦਲੇਰ ॥੨੦॥

ਕਬਿੱਤ:

ਸਿੰਘਨ ਕੀ ਪਾਇ ਕੈ ਸਹਾਇਤਾ ਮਵਾਸ ਭਏ[1], — [1]ਆਕੀ ਹੋ ਗਏ।
ਕੌੜਾ ਮਲ ਮੀਰਮੰਨੂ ਵੀਚ ਮੈਂ ਲਹੌਰ ਕੈ।
ਆਇ ਢਿਗ ਢੁੱਕਯੋ ਲਹੌਰ ਕੇ ਦੁਰਾਨੀ ਜਬਿ,
ਗਯੋ ਸੁੱਖਾ ਸਿੰਘ ਆਗੇ ਪੇਖਨ ਕੌ ਦੌਰ ਕੈ।
ਸਿੰਘ ਤਾਂਹਿ ਸੰਗ ਗਏ ਸਾਠਕ ਨਿਸੰਗ ਔਰ,
ਜਾਇ ਸ਼ਾਹਦਰੇ ਪਾਸਰਾਵੀ ਤਟ ਗੌਰ ਕੈ[1]। — [1]ਖ਼ਿਆਲ ਕਰਕੇਰਾਵੀ ਦੇ ਕਿਨਾਰੇ।
ਭੰਗ ਔਰ ਫੀਮ ਖਾਇ ਹੋਇ ਕੈ ਸੁਚੇਤ ਸਭਿ,
ਬੈਠ ਕੇ ਦਮਾਲੇ ਸਜੇ ਮੋਦ ਭਰ ਤੌਰ ਕੈ[1] ॥੨੧॥ — [1]ਅਨੰਦ ਦੇ ਢੰਗ 'ਚ ਭਰ ਕੇ।
ਤਾਂਹੀਂ ਸਮੇਂ ਆਇ ਕੈ ਅਚਾਨਕ ਪਹੂੰਚੇ ਤਹਿਂ,
ਬਹੁਤ ਦੁਰਾਨੀ ਢਿਗ ਸਿੰਘਨ ਕੇ ਵਾਹਿ ਹੈਂ[1]। — [1]ਉਥੇ ਹੀ।
ਪੇਖਿ ਤਬਿ ਸੁੱਖਾ ਸਿੰਘ ਕਹਯੋ ਸਭਿ ਸਿੰਘਨ ਕੋ,
ਜਾਹੁ ਅਬਿ ਦੌਰਿ ਜੋਊ ਜੀਵਯੋ ਜਗਿ ਚਾਹਿ ਹੈ।
ਹਮ ਤੋ ਟਰੈਂਗੇ ਨਾਹਿਂ ਸੰਮੁਖ ਲਰੈਂਗੇ ਅਬਿ,
ਮਾਰ ਕੈ ਮਰੈਂਗੇ ਪੀਛੇ ਭਾਗਿ ਨਾਹਿਂ ਜਾਇ ਹੈਂ।
ਸਿੰਘਨ ਵਿਚਾਰਿ ਕਹਯੋ ਸੁਨੋ ਸਭਿ ਖਾਲਸਾ ਜੀ,
ਭਾਗ ਕੈ ਬਚੈਂਗੇ ਕਹਾਂ ਕਾਲ ਛੋਡੈ ਨਾਹਿਂ ਹੈ ॥੨੨॥

ਕਾਬਜ ਛੰਦ:

ਯੌਂ ਕਹਿ ਆਯੁਧ ਸਿੰਘਨ ਨਿਜ ਨਿਜ, ਸਭਿਨਿ ਸੰਭਾਰੇ।
ਸੁੱਖੇ ਫੀਮਾ ਛਕੇ ਹੁਏ ਥੇ, ਅਏ ਤਰਾਰੇ[1]। — [1]ਤਰਾਰਾ=ਨਸ਼ੇ ਦੀ ਅਖੰਡ ਲਹਿਰ।
ਸ਼ਮਸ਼ੇਰਨ ਕੋ ਖੈਂਚਿ,
ਸ਼ੇਰ ਸਮ ਸ਼ੇਰਨ ਗਰਜੇ[1]। — [1]ਤਲਵਾਰਾਂ ਨੂੰ ਖਿੱਚ ਕੇ (ਸ਼ੇਰ) ਸਿੰਘ, ਸ਼ੇਰਾਂ ਵਾਂਗ ਗੱਜੇ।
ਤੁਰਕਨ ਕੇ ਦਲ ਮਾਂਹਿ ਧਸੇ ਤਬਿ,

ਜਰਾ ਨ ਲਰਜੇ[1] ॥੨੩॥
ਭਯੋ ਅਧਿਕ ਭਟ-ਭੇਰ ਸਾਰ[1]
ਸੋਂ ਸਾਰ ਬਜਾਯੋ।
ਦਸ ਦਸ ਤੁਰਕਨ ਤਈਂ,
ਏਕ ਇਕ ਸਿੰਘ ਨੈ ਘਾਯੋ।
ਮਾਰਹਿਂ ਜਿਸ ਕੋ ਸਿੰਘ ਤੱਕਿ,
ਦੁਇ ਧਰ[1] ਕਰਿ ਸੁੱਟਹਿਂ।
ਭਰੇ ਬੀਰ-ਰਸ ਲਰੈਂ,
ਪੈਰ ਨਹਿਂ ਪੀਛੇ ਪੁੱਟਹਿਂ ॥੨੪॥
ਸੁੱਖਾ ਸਿੰਘ ਤਬਿ ਅਧਿਕ ਰੋਸ ਧਰਿ,
ਰਣ ਮਹਿਂ ਗਰਜਜੋ।
ਬਾਰ ਬਾਰ ਲਲਕਾਰਿ,
ਸ਼ਾਹਿ-ਅਹਿਮਦ ਕੋ ਤਰਜਜੋ[1]।
ਮਾਰਿ ਪਚਾਸਕ ਤਈਂ,
ਸੰਮੁਖ ਹ੍ਵੈ ਜੁਝਿ[1] ਸਿਧਾਯੋ।
ਸਭਿ ਸਿੰਘਨ ਕੇ ਸਹਤ,
ਗੁਰੂ-ਪੁਰਿ ਬਸਿ ਜਸ ਪਾਯੋ ॥੨੫॥
ਪੇਖਿ ਬੀਰਤਾ ਸਿੰਘਨਿ,
ਸ਼ਾਹਿ ਅੰਗੁਰੀ ਮੁਖਿ ਲੈ ਕੈ।
ਕਹਜੋ ਆਫਰੀਂ ਸਿੰਘਨਿ ਲਾਖ
ਸਦ ਰਹਮਤ ਹ੍ਵੈ ਕੈ[1]।

ਸਿੰਘ ਨਾਮ ਇਨ ਸਫਲ ਆਪਨਾ,
ਕਰਿ ਦਿਖਰਾਯੋ।
ਮਰੇ ਪਚਾਸਕ ਸਿੰਘ,
ਪਾਂਚ ਸੈ ਗਿਲਜਾ ਘਾਯੋ ॥੨੬॥
ਦੋਹਰਾ:
ਸੁੱਖਾ ਸਿੰਘ ਆਦਿਕ ਭਏ,
ਸਿੰਘ ਜੁ ਤਹਾਂ ਸ਼ਹੀਦ।
ਜਨਮ ਮਰਨ ਕੀ ਤਰਫ ਤੈ,

[1]ਥੋੜ੍ਹੇ ਵੀ ਨਹੀਂ ਕੰਬੇ।
[1]ਸ਼ਸਤ੍ਰ ਨਾਲ ਸ਼ਸਤ੍ਰ।
[1]ਦੋ ਧੜ।
[1]ਤਾੜਿਆ।
[1]ਲੜ ਕੇ। (ਅ) ਸ਼ਹੀਦ ਹੋ ਕੇ।
[1]ਸਿੰਘਾਂ ਨੂੰ ਲੱਖ ਵਾਰ ਸ਼ਾਬਾਸ਼ ਹੈ (ਤੇ ਉਨ੍ਹਾਂ ਉੱਪਰ ਰੱਬ ਦੀ) (ਸਦ ਰਹਮਤ) ਸਦਾ ਕ੍ਰਿਪਾ ਹੈ।

ਸਬਿ ਨੈ ਲਈ ਰਸੀਦ[1] ॥੨੭॥

[1]ਛੁੱਟੀ, ਮੁਕਤੀ।

ਸ਼ੰਕਰ ਛੰਦ:

ਇਤ ਸਿੰਘ ਪਾਛੇ ਰਹੇ ਜੋ ਤਿਨ,
ਪੇਖਿ ਵਡ ਉਤਪਾਤ[1]।

[1]ਉਪੱਦ੍ਰਵ।

ਇਕ ਠੌਰ ਮੈਂ ਮਿਲਿ ਬਹੁ ਕਸਾਈਯਨ,
ਕਰੀਂ ਗਊਆਂ ਘਾਤ[1]।

[1]ਕਤਲ ਕੀਤੀਆਂ।

ਪਿਖਿ ਸਿੰਘ ਨਾਹਿਂ ਸਹਾਰ ਸੱਕੇ,
ਦਏ ਬੁੱਚੜ ਮਾਰ।
ਤਬਿ ਤੁਰਕ ਸ਼ਹਿਰੀ ਭਏ ਬੈਰੀ
ਸਿੰਘਨ ਕੇ, ਪਿਖਿ ਸਾਰ[1] ॥੨੮॥

[1]ਸਾਰੇ।

ਵਹਿ ਅਏ ਮਾਰਨ ਸਿੰਘਨ ਕੋ,
ਮਿਲਿ ਸਿੰਘ ਹੋਏ ਤਯਾਰ।
ਤਬਿ ਰਾਰ ਬਢਤੀ ਦੇਖਿ,
ਕੌੜਾ-ਮੱਲ ਦੀਨੀ ਟਾਰ।
ਉਨ ਸਿੰਘ ਸਾਤਕ ਕੋਸ ਪੈ,
ਉੱਤਾਰ ਦੀਨੇ ਦੂਰ।
ਅਰ ਕਹ੍ਯੋ ਜਬ ਹ੍ਵੈ ਲੋੜ ਮੋਹਿ,
ਬੁਲਾਇ ਲੈਹੁਂ ਜ਼ਰੂਰ ॥੨੯॥
ਉਤ ਚਢਿ ਦੁਰਾਨੀ ਅਯੋ ਜਬਿ,
ਤਬਿ ਭਯੋ ਜੰਗ ਅਭੰਗ[1]।

[1]ਲਗਾਤਾਰ।

ਮਹਾਰਾਜ ਕੌੜਾ ਮੱਲ ਨੈ,
ਅਰਿ ਕਰੇ ਹਰ[1] ਅੰਗ ਭੰਗ।

[1]ਵੈਰੀ ਮਾਰ ਕੇ।

ਦੁਹਿ ਦਿਸਾ ਤੈ ਤ੍ਰੈ ਲਾਖ ਮਾਨੁਖ,
ਲੜਤ ਬੀਚ ਮਦਾਨ।
ਚਲਿ ਬੇਸ਼ੁਮਾਰ ਜੰਮੂਰ[1] ਤੁੱਪਕ,
ਤੋਪ ਰਹੀ ਮਹਾਨ ॥੩੦॥

[1]ਛੋਟੀਆਂ ਤੋਪਾਂ।

ਅਤਿ ਭਯੋ ਗਾਢਾ ਜੰਗ,
ਬਾਢਾ ਰੋਸ ਜੋਸ਼ ਅਪਾਰ।
ਢਿਗ ਬਾਗ ਸ਼ਾਲਾਮਾਰਿ,
ਤੀਨਕ ਕੋਸ ਮਾਂਹਿ ਨਿਹਾਰ।

ਕਟ ਮਰੇ ਜ੍ਵਾਨ ਕਿਕਾਨ ਹੋਈ,
ਧਰ ਸਕੀਰਣ ਸਾਰ[1]। — [1]ਸਾਰੀ ਧਰਤੀ ਢੱਕੀ ਗਈ।
ਪਗ ਹੱਥ ਸੱਥਲ[1] ਮੱਥ ਸਿਰ ਧਰ[2], — [1]ਪਟ। [2]ਧੜ।
ਰੁਲੇ ਖੇਤ ਮਝਾਰ ॥੩੧॥
ਜਨੁ ਝਰਜੋ ਬਨ ਗਨ ਕਿੰਸਕਾਂ ਕੋ[1], — [1]ਬਹੁਤੇ ਕੇਸੂਆਂ ਦਾ ਜੰਗਲ ਝੜਿਆ ਹੈ।
ਧਰਾ ਹੋਈ ਲਾਲ।
ਕਰਿ ਅਧਿਕ ਹਮਲੇ ਮੱਲ-ਕੌੜੇ,
ਜੰਗ ਕੀਨ ਕਰਾਲ।
ਦਲ ਦਯੋ ਦਲ-ਮਲ ਦੀਹ,
ਦਿਲ ਦੌਰਾਨਿ ਕਾ ਦਹਿਲਾਇ[1]। — [1]ਭਾਰੀ ਦਲ ਦਲਮਲ ਦਿੱਤਾ, ਦੁਰਾਨੀਆਂ ਦਾ ਦਿਲ ਕੰਬ ਗਿਆ।

ਤਬਿ ਥੀ ਉਮੈਦ, ਸੁ ਫਤੇ
ਕੌੜਾ ਮੱਲ ਕੀ ਅਬਿ ਥਾਇ[1] ॥੩੨॥ — [1]ਹੋਵੇਗੀ।
ਜਬਿ ਕਰਜੋ ਹਮਲਾ ਮੱਲ-ਕੌੜੇ,
ਸੱਤ੍ਰੂ ਪੈ ਦੈ ਜੋਰ।
ਪਗ ਧਸਜੋ ਗਜ ਕਾ ਗੋਰ ਮੈਂ[1], — [1]ਕਬਰ ਵਿੱਚ।
ਗਿਰ ਪਰਜੋ ਤਿਸ ਹੀ ਠੌਰ।
ਪਿਖਿ ਗਿਰਜੋ ਕੌੜੇ ਮੱਲ ਕੋ,
ਤਿਹ ਫੌਜ ਜਾਨਜੋ ਐਸ।
ਮਰ ਗਯੋ ਮਾਲਕ ਜੌ ਹਮਾਰਾ,
ਲਰੈਂ ਤੌ ਹਮ ਕੈਸ ॥੩੩॥
ਮਨ ਭੰਗ ਹ੍ਵੈ ਕਰਿ ਬਿਚਲਗੀ[1], — [1]ਖ਼ਰਾਬ ਹੋ ਗਈ।
ਤਬਿ ਤਾਰ ਜੰਗਹਿਂ ਕੇਰ।
ਝਟ ਹੇਰਿ ਮੌਕਾ ਕੀਨ ਹਮਲਾ,
ਹ੍ਵੈ ਦੁਰਾਨਿ ਦਲੇਰ।
ਨਿਜ ਛੇੜਿ ਅੱਸ੍ਵ ਜਹਾਨ-ਖਾਨ
ਪਠਾਨ ਬਖਸ਼ੀ ਸ਼ਾਹਿ[1]। — [1]ਬਾਦਸ਼ਾਹ ਦੇ ਸੈਨਾਪਤੀ ਨੇ।
ਝਟਪਟੈ ਬਿਜਲੀ ਵਾਂਗ ਪਹੁੰਚਜੋ,
ਕਟ ਕਟੈ[1] ਤਿਸ ਠਾਂਹਿ ॥੩੪॥ — [1]ਕੱਟਾ-ਵੱਢੀ ਕਰਦਾ।
ਤਹਿਂ ਥੇ ਜੁ ਸੰਗੀ ਮੱਲ ਕੌੜੇ

ਕੇਰ ਬੀਰ ਅਪਾਰ।
ਵਹਿ ਤੇਗ ਬੇਗ ਚਲਾਇ ਜੂਝੇ,
ਬਹੁ ਦੁਰਾਨੀ ਮਾਰਿ।
ਸਿਰ ਕੱਟ ਕੌੜੇ ਮੱਲ ਕਾ,
ਝਟਪੱਟ ਖਾਨ ਜਹਾਨ।
ਧਰਿ ਸੇਲ ਪੈ ਦਿਖਰਾਇਯੋ,
ਪਿਖਿ ਪਰੀ ਭਾਗਿ ਨਿਦਾਨ[1] ॥੩੫॥
[1]ਅਖ਼ੀਰ ਨੂੰ ਭਾਂਜ ਪੈ ਗਈ।
ਕਰਿ ਭੂਰ ਹਮਲਾ ਗਿਲਜਯੋਂ ਨੈਂ,
ਫਤੇ ਲੀਨੀ ਪਾਇ।
ਸਭਿ ਸ਼ਹਿਰ ਲੂਟਯੋ ਕਹਿਰ[1] ਕੀਨੇ,
[1]ਜ਼ੁਲਮ।
ਏਕ ਪਹਰ ਸੁਭਾਇ[1]।
[1]ਆਪਣੀ ਆਦਤ ਅਨੁਸਾਰ।
ਗਹਿ ਮੀਰਮੰਨੂ ਕਰਯੋ ਹਾਜ਼ਰ,
ਪਾਸ ਅਹਿਮਦ ਸ਼ਾਹਿ।
ਪਤਿਸ਼ਾਹਿ ਭਾਖਯੋ ਤਾਂਹਿ ਕੋ,
ਅਬਿ ਕਹੁ ਨੁਵਾਬ ਸਚਾਹਿ[1] ॥੩੬॥
[1]ਸੱਚ ਕਹੁ।
ਕਿਆ ਕਰੈਂ ਹਮ ਸਾਲੂਕ[1] ਤੁਮ ਸੋਂ,
[1]ਵਰਤਾਉ।
ਬਦੀ ਤੈਂ ਜੋ ਕੀਨ।
ਉਨ ਕਹਯੋ ਬਾਤੈਂ ਤੀਨ ਹੈਂ,
ਇਸ ਇਵਜ਼ ਮੈਂ[1] ਲਿਹੁ ਚੀਨ।
[1]ਬਦਲੇ ਵਿੱਚ।
[1]ਜੇ ਆਹਿਂ ਜ਼ਾਲਮ ਸ਼ਾਹਿ, ਤੌ
[1]ਜਾਣ ਲਉ।
ਤੂੰ ਮਾਰ ਜੈਸੇ ਚਾਹਿ।
ਜੇ ਹੈਂ ਬਪਾਰੀ ਲੇਹੁ ਦੌਲਤ,
ਹਿਰਸ[1] ਜੋ ਮਨ ਮਾਂਹਿਂ ॥੩੭॥
[1]ਲਾਲਚ।
ਅਰ ਜੇ ਰਹੀਮ[1] ਕਰੀਮ[2] ਤੂੰ,
[1]ਰਹਿਮ ਕਰਨ ਵਾਲਾ, ਕਿਰਪਾਲੂ। [2]ਬਖ਼ਸ਼ਸ਼ ਕਰਨ ਵਾਲਾ।
ਪਤਿਸ਼ਾਹਿ ਸਾਚੌ ਆਹਿਂ।
ਤੌ ਬਖਸ਼ ਇੱਜ਼ਤ ਔਰ ਭੀ,
ਕਿਛ ਹਮ ਨ ਕੀਨ ਗੁਨਾਹਿ।
ਮੈਂ ਸ਼ਰਤ ਪਾਲੀ ਨਿਮਕ ਕੀ,
ਨਿਜ ਪਾਤਸ਼ਾਹੈਂ ਹੇਤ।
ਇਹੁ ਸੁਨਿ ਦੁਰਾਨੀ ਸ਼ਾਹਿ ਬੋਲਯੋ,

ਹੋਇ ਖੁਸ਼ਿ ਫਿਰ ਏਤ[1] ॥੩੮॥
ਜਿਮ ਤੂੰ ਅਯੋ ਮਮ ਪਾਸ ਪਕਰਜੋ,
ਨਾ ਕਰੇ ਖੋਦਾਇ।
ਮੈਂ ਆਵਤੋ ਤੁਹਿ ਪਾਸ ਐਸੇ,
ਤੂੰਹਿੰ ਕਰਤੋ ਕਾਇ।
ਤਬਿ ਕਹਜੋ ਮੰਨੂ-ਮੀਰ ਮੈਂ ਤੋ,
ਕਾਟ ਕੈ ਸਿਰ ਤੋਹਿ।
ਪਹੁੰਚਾਵਤੋ ਨਿਜ ਸ਼ਾਹਿ ਪੈ,
ਨਹਿੰ ਲਾਵਤੋ ਛਿਨ ਕੋਹਿ ॥੩੯॥
ਤਕਰੀਰ[1] ਇਹੁ ਸੁਨ ਮੀਰਮੰਨੂ ਕੇਰ,
ਖੁਸ਼ਿ ਹ੍ਵੈ ਸ਼ਾਹਿ।
ਦੈ ਖਿਲਤ[1] ਔਰ ਖਤਾਬ ਬਖਸ਼,
ਬਹਾਦਰੀ ਕਾ ਚਾਹਿ[1]।
ਕਰਿ ਦਯੋ ਸੂਬਾ ਫੇਰ ਕਾਇਮ,
ਤਾਂਹਿ ਕੋ ਲਾਹੌਰ।
ਨਿਜ ਖਰਚ ਕਾ ਲਖ-ਬੀਸ ਲੀਨੋ,
ਟਕਾ ਤਿਸ ਤੈ ਗੌਰ[1] ॥੪੦॥
ਪਤਿਸ਼ਾਹਿ ਦਿੱਲੀ ਕੋ ਗਯੋ,
ਸਹਿ ਰੋਸ ਜੋਸ਼ ਖਰੋਸ਼[1]।
ਤਿਸ ਸੰਗ ਜੰਗੀ ਡੇਢ ਲਖ,
ਅਸਵਾਰ ਜਿਰਹਾ-ਪੋਸ਼[1]।
ਸੁਨਿ ਗਯੋ ਦਿੱਲੀ ਛੋਰਿ ਗਾਜੀ-
ਦੀਨ, ਧਰਿ ਉਰਿ ਤ੍ਰਾਸ।
ਸੁਤ ਹੁਤੋ ਬਾਜੀ-ਰਾਵ ਕਾ,
ਰਘੁਨਾਥ-ਰਾਵ ਜੁ ਖਾਸ ॥੪੧॥
ਪਤਿ-ਗ੍ਵਾਲੀਯਰ ਅਤਿ ਥਾ ਬਲੀ,
ਸੋ ਲੀਨ ਤਾਂਹਿ ਪਨਾਹਿ[1]।
ਇਤ ਜਾਇ ਦਿੱਲੀ ਧਸਜੋ,
ਕਾਬਲ-ਪਤੀ ਅਹਿਮਦ-ਸ਼ਾਹਿ।
ਬੁਲਵਾਇ ਖਾਨ ਨਜੀਬ ਕੋ,

[1]ਇਸ ਤਰ੍ਹਾਂ।
[1]ਗੱਲ ਕੱਥ।
[1]ਸ਼ਾਹੀ ਪੁਸ਼ਾਕ।
[1]ਖੁਸ਼ੀ ਨਾਲ।
[1]ਬਹੁਤਾ।
[1]ਗ਼ੁੱਸੇ, ਜੋਸ਼ ਤੇ (ਖਰੋਸ਼) ਡੰਡਰੌਲੇ ਸਹਿਤ।
[1]ਸੰਜੋਆਂ ਪਹਿਨੇ ਹੋਏ।
[1]ਸ਼ਰਨ।

ਬਾਜੀਰ ਕੀਨ ਤਹਾਂਇ।
ਕਰਿ ਜ਼ੁਲਮ ਜ਼ੋਰ ਰੁਪਜਾ ਲੀਨੋ,
ਦਿੱਲੀ ਤੈ ਮਨ-ਭਾਇ ॥੪੨॥
ਸਰ ਕੀਨ[1] ਬੱਲਮ-ਗੜ੍ਹ ਤਈਂ, [1]ਫਤਹ ਕੀਤਾ।
ਫਿਰ ਲੁਟੀ ਮਥੁਰਾ ਨੀਕ।
ਜਿੱਤਿ ਹਿੰਦ ਬਿੱਤ ਅਮਿੱਤ ਲੈ[1], [1]ਬਹੁਤਾ ਧਨ ਲੈ ਕੇ।
ਦਿਸ ਹਟਜੋ ਕਾਬਲ ਠੀਕ ॥੪੩॥
ਚੌਪਈ:
ਹਾਕਮ ਮੰਨੂ-ਮੀਰ ਨੁਵਾਬੈਂ।
ਕਾਬਲ ਦਿਸ ਤੈ ਰਹਜੋ ਪੰਜਾਬੈਂ।
ਸਾਲ ਅਠਾਰਾਂ ਸੈ ਨੌਂ ਮਾਂਹੀਂ।
ਛੁਟਜੋ ਪੰਜਾਬ ਦਿੱਲੀ ਤੇ ਤਾਂਹੀਂ[1] ॥੪੪॥ [1]ਤਿਸ ਸਮੇਂ।
ਕਾਬਲ-ਪਤਿ ਕੇ ਕਬਜੇ ਆਯੋ।
ਮਨ-ਭਾਵਤ ਉਨ ਹੁਕਮ ਚਲਾਯੋ।
ਕੌੜਾ-ਮੱਲ ਮਰਜੋ ਪੁਨ ਜਬ ਤੈ।
ਹਾਕਮ ਮੀਰਮੰਨੂ ਢਿਗ ਤਬਿ ਤੈ ॥੪੫॥
ਰਹਜੋ ਨ ਪੱਖੀ ਸਿੰਘਨ ਕੇਰਾ।
ਕੋਉ, ਯੌਂ ਫਿਰ ਬਢਜੋ ਵਖੇਰਾ।
ਸੁਖਨ[1] ਆਪਨਾ ਹਾਰ ਨੁਵਾਬੁ। [1]ਬਚਨ, ਇਕਰਾਰ।
ਲਗਜੋ ਦੈਨ ਫਿਰ ਸਿੰਘਨ ਅਜਾਬੁ[1] ॥੪੬॥ [1]ਦੁੱਖ।
ਸ੍ਵੈਯਾ:
ਸ਼ਾਹਿ-ਨਿਵਾਜ਼ ਕੇ ਮਾਰਨ ਹੇਤ,
ਦਈ ਥੀ ਜਗੀਰ ਜੁ ਸਿੰਘਨ ਤਾਂਈਂ।
ਸੋਊ ਨੁਵਾਬ ਲਈ ਫਿਰ ਛੀਨ,
ਤੌ ਸਿੰਘਨ ਲੂਟਰੁ ਮਾਰ ਮਚਾਈ।
ਫੌਜ ਤੁਕਾਨਿ ਦੁਰਾਨਿਨ ਕੀ ਬਹੁ,
ਸਿੰਘਨ ਪੈ ਤਬਿ ਤਾਂਹਿ ਚੜ੍ਹਾਈ।
ਬਾਰ ਕਈ ਬਹੁ ਜੰਗ ਭਏ,
ਲੁਟ ਮਾਰਿ ਧਸੈਂ ਸਿੰਘ ਕਾਨਨਿ ਜਾਈ ॥੪੭॥
ਯੌਂ ਜਬਿ ਮਾਸ ਛਿ ਸਾਤ ਬਿਤੇ,

ਬਹੁ ਹਾਰਿ ਹਿਰਾਨ ਭਈ ਤੁਰਕਾਨੀ।
ਰੈਨ ਦਿਨਾ ਨਹਿਂ ਚੈਨ ਮਿਲੈ ਕਿਤ,
ਲੈਨ ਸਿੰਘੈਨ ਤਈਂ ਦੁਖਦਾਨੀ।
ਸਿੰਘਨ ਭੀ ਤੁਰਕਾਨ ਕੀ ਸੈਨ,
ਕਰੀ ਅਤਿ ਖੋਖਰੀ[1] ਮਾਰਿ ਮਹਾਨੀ। [1]ਪੋਲੀ, ਕਮਜ਼ੋਰ।
ਦੇਸ ਉਜਾਰ ਵਿਸੇਸ ਕਰਜੋ ਲੁਟਿ,
ਰੋਜ਼ ਕਲੇਸ਼ ਰਖੈਂ ਮਨ ਮਾਨੀ ॥੪੮॥

ਕਬਿੱਤ:
ਫੇਰ ਬਹੁ ਰੋਸ ਕੋ ਬਢਾਇ ਜੋਸ਼ ਖਾਇ ਅਤਿ,
ਚਢਜੋ ਮੀਰਮੰਨੂ ਅਨੀ ਘਨੀ[1] ਲੈ ਸਿੰਘਾਨ ਪੈ। [1]ਬਹੁਤੀ ਫੌਜ।
ਔਰ ਬਹੁ ਲੋਕ ਭਏ ਦੇਸ ਕੇ ਬਿਸ਼ੇਸ਼ ਸੰਗ,
ਬੈਰੀ ਹੁਤੇ ਜੇਊ ਪੰਥ ਖਾਲਸੇ ਕੇ ਜਾਨ ਪੈ[1]। [1]ਜਾਨ ਦੇ।
ਪਰਜੋ ਘਮਸਾਨ ਉਭੈ ਓਰ ਤੈ ਮਹਾਨਿ ਆਨਿ,
ਜ੍ਵਾਨ ਔ ਕਿਕਾਨ[1] ਮਰੇ ਦੇਸ ਭੌ ਬਿਰਾਨ ਪੈ। [1]ਘੋੜੇ।
ਬੈਰੀ ਭਯੋ ਦੇਸ ਜੌ ਬਿਸੇਸ ਸਭ ਸਿੰਘਨ ਕੋ,
ਟਿਕਨੋ ਨ ਪਾਵੈ ਕਿਤ ਵਸਤੀ ਬਨਾਨ ਪੈ[1] ॥੪੯॥ [1]ਪਿੰਡ ਬਣਾ ਕੇ।

ਚੌਪਈ:
ਜਬਿ ਤਿਸ ਕੇ ਬਸ ਸਿੰਘ ਨ ਆਏ।
ਦਿਨ ਦਿਨ ਕਰੈਂ ਖਰਾਬ ਮਹਾਂਏ।
ਤਬਿ ਮੰਨੂ ਮੁਖਬਰ[1] ਬੁਲਵਾਏ। [1]ਖ਼ਬਰ ਦੇਣ ਵਾਲੇ, ਚੁਗਲ।
ਠਟੀ ਅਨੀਤੀ ਕਰਨ ਮਹਾਂਏ[1] ॥੫੦॥ [1]ਬਹੁਤੀ ਵਧੀਕੀ ਕਰਨੀ ਧਾਰੀ।
ਹੁਤੇ ਜਹਾਂ ਘਰ ਸਿੰਘਨ ਕੇਰੇ।
ਦੁਸ਼ਟ ਜਾਇ ਤਹਿਂ ਤਹਿਂ ਬਿਨੁ ਦੇਰੇ।
ਲੜਕੇ ਲੜਕੀ ਸਿੱਖਣੀਆਂ ਗਹਿ।
ਜਬਰਨ ਤੁਰਕਨੀਆਂ ਕੀਨੋ ਚਹਿ ॥੫੧॥
ਸਾਰ ਭਈ ਯਹ ਦੇਸ ਮਾਹਿਂ ਜਬਿ।
ਹਾਹਾਕਾਰ ਅਪਾਰ ਮਚਜੋ ਤਬਿ।
ਸਿੱਖਨ ਕੇ ਸਬੰਧੀਓਂ ਤਾਂਈਂ।
ਸਖਤ ਵਖਤ ਆ ਪਰਜੋ ਮਹਾਂਈਂ ॥੫੨॥

ਸਿੱਖਣੀਆਂ ਨਿਜ ਬੱਚਨਿ ਲੈ ਕੈ।
ਭਾਜ ਗਈਂ ਇਤ ਉਤ ਬਹੁ ਧੈ ਕੈ।
ਜੋ ਜੋ ਤੁਰਕਨ ਕੇ ਕਰ[1] ਆਈਂ। [1]ਹੱਥ।
ਕਰੀਂ ਕੈਦ ਦਿਯ ਦੂਖ ਮਹਾਂਈਂ ॥ ੫੩ ॥
ਚਹੈਂ ਕਰਨ ਜਬਰਨ ਤੁਰਕਾਨੀ।
ਏਕ ਸਿੱਖਣੀ ਭੀ ਨਹਿੰ ਮਾਨੀ।
ਕਰੇ ਜੁਰਮ[1] ਤਬਿ ਤੁਰਕਨ ਐਸੇ। [1]ਪਾਪ, ਜ਼ੁਲਮ।
ਲਿਖੇ ਜਾਤ ਨਹਿੰ ਹਮ ਸੇ ਵੈਸੇ ॥ ੫੪ ॥
ਸਿੱਖਣੀਆਂ ਕੇ ਬੱਚੇ ਗਹਿ ਕੈ।
ਉਨ ਕੈ ਸਨਮੁਖ ਉਨੈ ਦਿਖੈ ਕੈ।
ਸ਼ੀਰ ਖੋਰ[1] ਲੌ ਗਹਿ ਕਰਿ ਸਾਰੇ। [1]ਦੁੱਧ ਪੀਂਦੇ ਬੱਚੇ।
ਬਹੁ ਤੜਫਾ ਤੜਫਾ ਕਰਿ ਮਾਰੇ ॥ ੫੫ ॥
ਊਪਰ ਕੋ ਗਹਿ ਗਹਿ ਕਰਿ ਫੈਂਕੈਂ।
ਨੀਚੇ ਆਵਤ ਸੁਟੈਂ ਕਟੈ ਕੈ।
ਕਿਨ ਕੋ ਬਰਛੀ ਬੀਚ ਪਰੋਏ।
ਸੰਗ ਦਿਲਨ ਸੋਂ[1] ਮਾਰੈਂ ਸੋਏ ॥ ੫੬ ॥ [1]ਪੱਥਰ ਦਿਲਾਂ ਨਾਲ।
ਯੱਦਪਿ ਕਹਰ ਜ਼ਹਿਰ[1] ਇਤਜਾਦੈਂ। [1]ਜ਼ਹਰ ਵਰਗਾ ਭਾਵ ਬਹੁਤਾ (ਕਹਿਰ) ਜ਼ੁਲਮ।
ਕੀਨੇ ਤੁਰਕਨ ਧਰਿ ਉਰਿ ਬਾਦੈਂ[1]। [1]ਈਰਖਾ।
ਤੌ ਭੀ ਸਿਦਕ ਸਿੱਖਣੀਆਂ ਪਾਲਾ।
ਗੁਰੁ ਭਾਣਾ ਯਹਿ ਲਖਯੋ ਕਰਾਲਾ[1] ॥ ੫੭ ॥ [1]ਭਿਆਨਕ।
ਦੀਨ ਕਬੂਲ ਨ ਉਨ ਕਾ ਕੀਨਾ।
ਮੰਨੂ ਮਾਰ ਰਹਯੋ ਝਖ ਪੀਨਾ[1]। [1]ਬਹੁਤੀ।
ਆਖਰ ਸਿੱਖਣੀਆਂ ਕੋ ਕੈਦੈਂ।
ਰਖ ਕੈ ਚੜ੍ਹਯੋ ਸ਼ਿਕਾਰ ਉਮੈਦੈਂ[1] ॥ ੫੮ ॥ [1](ਸਿੱਖਣੀਆਂ ਦੇ ਮੰਨ ਜਾਣ ਦੀ) ਆਸਰੱਖ ਕੇ।
ਇਤ ਸਿੱਖਣੀਆਂ ਨੈ ਕਰਿ ਸੋਚੈਂ।
ਸਤਿਗੁਰੁ ਧਯਾਯੋ ਸੰਕਟ-ਮੋਚੈਂ[1]। [1]ਕਸ਼ਟਾਂ ਨੂੰ ਕੱਟਣ ਵਾਲੇ।
ਸਤਿਗੁਰੁ ਉਨ ਕੋ ਸੁਪਨ ਦਿਖਾਯੋ।
ਮੰਨੂ ਕੋ ਹਤਹੋਂ ਯੋਂ ਗਾਯੋ[1] ॥ ੫੯ ॥ [1]ਇਉਂ ਕਿਹਾ ਕਿ ਮੰਨੂ ਨੂੰ ਮਾਰਾਂਗਾ।
ਉਤ ਮੰਨੂ ਜੰਗਲ ਮੈਂ ਜਾਈ।
ਚਲਯੋ ਮ੍ਰਿਗ ਪਰ ਅੱਸ੍ਵ ਧਵਾਈ।

ਉਡਯੋ ਗੀਧ[1] ਇਕ ਤਿਨ ਨਿਯਰਾਈ[2]। — [1]ਗਿਲਂਝ। [2]ਨੇੜੇ।
ਚਮਕ ਅੱਸ੍ਵ ਤਿਹ ਚਿਰਕੀ ਖਾਈ[1] ॥੬੦॥ — [1]ਤਿਸ ਘੋੜੇ ਨੇ ਤ੍ਰੁੱਬਕ ਕੇ ਚੱਕ੍ਰੀ ਖਾਧੀ।
ਗਿਰਯੋ ਮੀਰਮੰਨੂ ਤਬਿ ਧਰ ਹੈ[1]। — [1]ਧਰਤੀ ਤੇ।
ਵੀਚ ਰਕਾਬ ਰਹਯੋ ਪਗ ਅਰ ਹੈ[1]। — [1]ਅੜਿਆ ਰਿਹਾ।
ਦੌਰਯੋ ਅੱਸ੍ਵ ਚੌਕ ਅਤਿ ਭਾਰੀ[1]। — [1]ਬਹੁਤ ਜ਼ਿਆਦਾ ਤ੍ਰੁੱਬਕ ਕੇ।
ਮੰਨੂ ਲਯੋ ਘਸੀਟ ਸੰਗਾਰੀ ॥੬੧॥
ਔਰ ਅਸਵਾਰ ਦੌਰਿ ਜਯੋਂ ਗਹਰੈਂ[1]। — [1]ਪਕੜਦੇ ਹਨ।
ਤਯੋਂ ਤਯੋਂ ਬਾਜ[1] ਡਰਤ ਨਹਿਂ ਠਹਰੈ ॥੬੨॥ — [1]ਘੋੜਾ।

ਦੋਹਰਾ:

ਮਾਸ ਉਡਯੋ ਸਭਿ ਬਦਨ ਤੈ,
ਅੰਗ ਗਏ ਬਹੁ ਟੂਟ।
ਕਰਯੋ ਭਰਯੋ ਮੰਨੂ ਦੁਸ਼ਟ,
ਥਿਰਯੋ ਅੱਸ੍ਵ ਜਬਿ ਹੂਟ[1] ॥੬੩॥ — [1]ਥੱਕ ਕੇ।

ਚੌਪਈ:

ਸਹਕਤ ਕੋ ਉਠਾਇ ਫਿਰ ਲ਼ਜਾਏ।
ਮੰਨੂ ਮਰਯੋ ਅਧਿਕ ਦੁਖ ਪਾਏ।
ਯਹਿ ਜਬਿ ਸਭਿ ਸਿੰਘਨ ਸੁਨ ਪਾਈ।
ਪਰੇ ਬੀਜਰੀ ਸਮ ਤਬਿ ਆਈ ॥੬੪॥
ਥੀ ਨੁਵਾਬ ਕੀ ਸੈਨਾ ਜੇਤੀ।
ਚਲੀ ਭਾਗ ਸਿੰਘਹਿਂ ਪਿਖਿ ਤੇਤੀ।
ਛੋੜਿ ਤੁਰੰਗ ਸਿੰਘ ਤਿਨ ਗੈਲੇ[1]। — [1]ਪਿੱਛੇ।
ਪਰੇ ਲਵਯੋਂ ਪਰ ਸਾਮ ਕੁਹੈਲੇ[1] ॥੬੫॥ — [1]ਬਟੇਰਿਆਂ ਤੇ, ਕੋਹੀਲਿਆਂ ਵਾਂਗ ਪਏ। (ਕੋਹੀਲਾ-ਕੁਹੀ ਦਾ ਨਰ।)

ਮਾਰੇ ਬਹੁ ਜ਼ਖਮੀ ਕਰਿ ਡਾਰੇ।
ਛੀਨ ਅੱਸ੍ਵ ਆਯੁਧ ਲਿਯ ਭਾਰੇ।
ਸਿੱਖਣੀਆਂ ਕੋ ਲੈ ਨਿਜ ਸੰਗੈਂ।
ਸਿੰਘ ਮਾਲਵੇ ਧਸੇ ਨਿਸੰਗੈਂ ॥੬੬॥
ਲੋਥ ਮੀਰਮੰਨੂ ਕੀ ਪਰੀ।
ਰਹੀ ਜਹਾਂ ਥੀ ਤਹਿਂ ਹੀਂ ਧਰੀ।
ਮੰਨੂ ਦੁਸ਼ਟ ਜ਼ੁਲਮ ਜੋ ਕੀਨੇ।

ਥੇ, ਪਾਯੋ ਫਲ ਤੁਰਤਹਿ ਪੀਨੇ[1] ॥੬੭॥
[1]ਬਹੁਤਾ।

ਕਰਤ ਅਨੀਤਿ ਅਤੀ[1] ਜੇ ਕੋਈ।
[1]ਬਹੁਤ ਜ਼ੁਲਮ।

ਮਰਤ ਦੁਖੀ ਹ੍ਵੈ ਅਤਿਸੈ ਸੋਈ।

ਹੁਤੀ ਮੀਰ ਕੀ ਜਿਤਿਕ ਸਿਪਾਹੈ[1]।
[1]ਮੀਰ ਮੰਨੂ ਦੀ ਫੌਜ।

ਤਲਬ ਛਿਮਾਹੀ[1] ਸੋਊ ਚਾਹੈ ॥੬੮॥
[1]ਛੇ ਮਹੀਨਿਆਂ ਦੀ ਤਨਖ਼ਾਹ।

ਲੋਥ ਮੀਰ ਕੀ ਦਬਨ ਨ ਦੇਵੈਂ।

ਗੁਜ਼ਰ ਗਏ ਤ੍ਰੈ ਦਿਨ ਜਬਿ ਏਵੈਂ।

ਬੇਗਮ ਮੀਰ ਮੰਨੂ ਦੁਖ ਪੈ ਕੈ।

ਜ਼ੇਵਰ ਬੇਚਿ ਰੁ ਕਰਜਾ ਲੈ ਕੈ ॥੬੯॥

ਤਲਬ ਸਿਪਾਹੈਂ ਦਈ ਛਿਮਾਹੀ।

ਤੀਨ ਦਿਵਸ ਪਾਛੇ ਇਮ ਚਾਹੀ[1]।
[1]ਦੇਖੋ।

ਹਾਰਿ ਮੀਰ ਮੰਨੂ ਦਫਨਾਯੋ[1]।
[1]ਦੱਬ ਦਿੱਤਾ।

ਪੂਤ ਤਾਂਹਿ ਲਘੁ[1] ਏਕ ਰਹਾਯੋ ॥੭੦॥
[1]ਛੋਟਾ ਜਿਹਾ।

ਕਾਬਲ ਅਰ ਦਿੱਲੀ ਦਿਸ ਤੈਹੈਂ[1]।
[1]ਤਰਫ ਤੋਂ।

ਅਏ ਖਿਲਤ ਤਿਸ ਕੋ ਜੁਗ ਤੈਹੈਂ[1]।
[1]ਉਸ ਨੂੰ ਦੋ ਖਿਲਤ (ਸਿਰੋਪਾਉ) ਉੱਥੇ ਆਏ।

ਸਰਬਰਾਹ[1] ਬੇਗਮ ਤਿਹ ਭਈ।
[1]ਸਰਪ੍ਰਸਤ, ਇੰਤਜ਼ਾਮ ਕਰਨ ਵਾਲੀ।

ਕਾਰ-ਬਾਰ ਤਿਸ ਠੀਕ ਚਲਈ ॥੭੧॥

ਖਾਨ-ਭਿਖਾਰੀ ਨਾਯਬ[1] ਤਾਂ ਕਾ।
[1]ਛੋਟਾ ਸੂਬਾ।

ਨੇਕ ਪਾਕ ਥਾ ਸੁੰਦਰ ਬਾਂਕਾ।

ਤਿਸ ਨੇ ਇਕ ਮਹਿਜਦ[1] ਬਨਵਾਈ।
[1]ਮਸੀਤ।

ਅਬਿ ਲਹੌਰ ਜੋ ਆਹਿ ਤਿਲਾਈ[1] ॥੭੨॥
[1]ਸੁਨਹਿਰੀ।

ਬੇਗਮ ਮੋਹਿਤ ਤਿਸ ਪਰ ਭਈ।

ਨਾਂਹਿ ਭਿਖਾਰੀ-ਖਾਨ ਮਨਈ।

ਕੋਪ ਹੋਇ ਬੇਗਮ ਤਿਸ ਪਰ ਹੈ।

ਮਾਰਜੋ ਬੋਲਿ ਦਗੇ ਸੋਂ ਘਰ ਹੈ ॥੭੩॥

ਭਯੋ ਅਜ਼ੀਜ਼-ਖਾਨ ਤਿਸ ਠੌਰੈਂ।

ਰੌਰਾ ਰਹਯੋ ਤਬੈ ਭੀ ਗੌਰੈਂ[1]।
[1]ਬਹੁਤਾ।

ਉਸੀ ਜਮਾਨੇ ਮੈਂ ਬਖਜਾਤੈਂ।

ਸੁਨੋ ਔਰ ਹੋਈ ਇਕ ਬਾਤੈਂ ॥੭੪॥

ਮੀਰਮੰਨੂ ਜਬਿ ਸਿੰਘਨ ਪਾਛੇ।

ਜੀਵਤ ਫਿਰਤ ਰਹਯੋ ਥਾ ਆਛੇ।
ਸ਼ੇਖੂਪੁਰੇ ਗ੍ਰਾਮ ਕੇ ਪਾਸੈਂ।
ਸਿੰਘ ਪਹੁੰਚੇ ਥੇ ਜਬਿ ਖਾਸੈਂ ॥੭੫॥
ਤਹਿ ਠਾਂ ਕੇ ਜੱਟਨਿ ਮਿਲਿ ਭਾਰੀ।
ਸਿੰਘਨ ਤਈਂ ਬੰਦੂਖਾਂ ਮਾਰੀਂ।
ਬਾਘ ਸਿੰਘ ਆਲੂ ਸਰਦਾਰੈਂ।
ਮਰਯੋ ਤਹਾਂ ਗੋਲੀ ਕੇ ਨਾਰੈਂ[1] ॥੭੬॥ [1]ਨਾਲ।
ਪਾਂਚ ਸਾਤ ਸਿੰਘ ਔਰ ਭਿ ਮਰੇ।
ਕੋਪਿ ਸਿੰਘ ਵਸਤੀ ਮਧ ਬਰੇ[1]। [1]ਪਿੰਡ ਵਿੱਚ ਵੜ ਗਏ।
ਗਾਮ ਆਮ ਕੀਨੋ ਕਤਲਾਮੈਂ[1]। [1]ਪਿੰਡ ਵਿੱਚ ਬਹੁਤੀ ਕਤਲਾਮ ਕੀਤੀ।
ਪਰੀ ਭਾਗ ਫਿਰ ਲੁਟਯੋ ਤਮਾਮੈਂ ॥੭੭॥
ਭਾਗ ਗਯੋ ਜੋ ਕਿਤ ਸੋ ਬਚਯੋ।
ਬਾਕੀ ਨਰ ਸਿੰਘਹਿੰ ਨਹਿੰ ਤਚਯੋ[1]। [1]ਛੱਡਿਆ।
ਬਾਘ ਸਿੰਘ ਕੇ ਬੇਟਾ ਨਹਿੰ ਥਾ।
ਜੱਸਾ ਸਿੰਘ ਭਣੇਵਾਂ ਯਹਿ ਥਾ ॥੭੮॥
ਇਸ ਕੋ ਬਾਘ ਸਿੰਘ ਕੀ ਠੌਰੈਂ।
ਕਿਯ ਸਰਦਾਰ ਪੰਥ ਮਿਲਿ ਗੌਰੈਂ[1]। [1]ਵੱਡਾ।
ਔਰ ਬਾਤ ਇਕ ਹੋਈ ਤਬੈ।
ਸੋ ਸੁਨ ਲਿਹੁ ਗੁਰੁਸਿਖ ਅਬਿ ਸਭੈ ॥੭੯॥
ਹਰੀ ਸਿੰਘ ਭੰਗੀ ਸਰਦਾਰੈਂ।
ਲੈ ਨਿਜ ਸੰਗ ਸੈਨ ਬਹੁ ਭਾਰੈਂ।
ਕਲਾਨੌਰ ਲੂਟੀ ਤਿਨਿ ਧਾਈ।
ਮਾਰਯੋ ਲਖ-ਪਤ ਕੇਰ ਜਮਾਈ[1] ॥੮੦॥ [1]ਜਵਾਈ।
ਜਬਿ ਲਖਪਤ ਕਿਯ ਘੱਲੂਘਾਰਾ।
ਕਲਾਨੌਰੀਅਨ ਕੀਨੋ ਕਾਰਾ[1]। [1]ਖੋਟਾ ਕੰਮ।
ਸਿੰਘ ਘੇਰਿ ਥੇ ਬਹੁ ਮਰਵਾਏ।
ਤੁਰਕੈਂ ਮੱਦਤ ਦੇਤ ਰਹਾਏ ॥੮੧॥
ਇਸ ਹਿਤ ਹਰੀ ਸਿੰਘ ਸੋ ਮਾਰੀ।
ਪਕੜੀ ਬਹੁ ਦੁਸ਼ਮਨ ਕੀ ਨਾਰੀਂ।
ਲੱਖੂ ਕੇਰ ਸਬੰਧੀ ਸਾਕੈਂ।

ਜਿਤ ਕਿਤ ਤੈ ਫੜਿ ਕੇ ਹਲਾਕੈਂ[1] ॥੯੨॥
ਇਕ ਪਾਪੀ ਜਿਤ ਕੁਲ ਮੈਂ ਥੈਹੈ।
ਇੱਕੀ ਕੁਲ ਤਿਸ ਨਰਕੈਂ ਜੈਹੈਂ।
ਲੱਖੂ ਦੁਸ਼ਟ ਜ਼ੁਲਮ ਜੋ ਕੀਨੇ।
ਥੇ, ਬਦਲੇ ਸੋ ਸਿੰਘਨ ਲੀਨੇ ॥੯੩॥
ਤਿਸ ਕੇ ਘਰ ਕੀ ਬਹੁ ਖਤ੍ਰਾਣੀ।
ਰਜਾਵੰਦੀ ਸੋਂ ਸਿੰਘਨਿ ਆਣੀ।
ਸੁਧਾ ਛਕਾਇ ਸਿੰਘਣੀਆਂ ਕੀਨੀ।
ਆਨੰਦ ਪੜ੍ਹ ਸਿੰਘਨ ਬਰ ਲੀਨੀ* ॥੯੪॥

[1]ਮਾਰ ਦਿੱਤੇ।

*ਅੰਕ ਨੰ: ੯੪ ਦੀਆਂ ਚਾਰੇ ਤੁਕਾਂ ਦਿੱਲੀ ਐਡੀਸ਼ਨ 'ਚੋਂ ਲਈਆਂ ਹਨ, ਲੱਖੂ ਦੇ ਘਰ ਦੀਆਂ ਖਤ੍ਰਾਣੀਆਂ ਨੂੰ ਜ਼ਬਰਦਸਤੀ ਨਹੀਂ ਸਗੋਂ ਉਨ੍ਹਾਂ ਦੀ ਰਜ਼ਾਮੰਦੀ ਨਾਲ ਅੰਮ੍ਰਿਤ ਛਕਾ ਕੇ ਸਿੰਘਣੀਆਂ ਸਜਾਇਆ ਹੈ ਤੇ ਉਹਨਾਂ ਦੀ ਮਰਜ਼ੀ ਨਾਲ ਹੀ ਸਿੰਘਾਂ ਨਾਲ ਅਨੰਦ ਪੜ੍ਹਾਏ ਹਨ।

ਯੌਂ ਹੀ ਇਕ ਦਿਨ ਔਰ ਨਿਹਾਰੋ।
ਚੜ੍ਹਤ ਸਿੰਘ ਜੈ ਸਿੰਘ ਸਰਦਾਰੋਂ।
ਪਾਂਚਕ ਸੌ ਚੁਣਮੇਂ ਸਿੰਘ ਲੈ ਕੈ।
ਸਭਿ ਹੀ ਤੁਰਕੀ ਭੇਸ ਬਨੈ ਕੈ ॥੯੫॥
ਲਘੁ ਦਿਨ ਰਹਿਤ ਲਹੌਰ ਧਸਾਏ।
ਧਨੀ ਬਨਕ[1] ਤਿਨ ਅਨਿਕ ਤਕਾਏ।
ਨਹਿਂ ਕਿਨਹੂੰ ਵਹਿ ਸਿੰਘ ਪਛਾਨੇ।
ਸਭਿਨਿ ਸਿਪਾਹੀ ਸ਼ਾਹੀ ਜਾਨੇ ॥੯੬॥

[1]ਬਾਣੀਏ, ਸ਼ਾਹੂਕਾਰ।

ਦੁਹੂੰ ਓਰ ਤੈਂਰੋਕ ਬਜਾਰੈਂ।
ਵਕਤ ਚਰਾਗਨ[1] ਲੂਟਜੋ ਸਾਰੈਂ।
ਮਚਜੋ ਰੌਰ ਜਬਿ ਹੀ ਅਤਿ ਗੌਰੈਂ।
ਨਿਕਸੇ ਦਰਵਾਜਾ ਸਿੰਘ ਦੌਰੈਂ ॥੯੭॥
ਧਾਇ ਪੰਥ ਮੈਂ ਪਹੁੰਚੇ ਜਾਈ।
ਧਨ ਸਭਿ ਲੰਗਰ ਦੀਨੋ ਪਾਈ।
ਇਸ ਹੀ ਤੌਰ ਸਿੰਘ ਤਬਿ ਸੂਰੇ।
ਨਿਤ ਪ੍ਰਤਿ ਰਹਿਤੇ ਕਰਤ ਜਰੂਰੇ ॥੯੮॥
ਨਿਜ ਦੁਸ਼ਮਨ ਬਿਨ ਔਰਨ ਤਾਂਈਂ।
ਨਹਿਂ ਛੇਰਤ ਥੇ ਸਿੰਘ ਕਦਾਂਈਂ।

[1]ਦੀਵੇ ਜਗਾਉਣ ਦੇ ਵੇਲੇ।

ਸਿੰਘਨ ਦਸਤ-ਦਰਾਜੀ ਸਾਥੈਂ[1]। — [1]ਲੰਮੇਂ ਹੱਥਾਂ ਨਾਲ।
ਮਾਰਜੋ ਬੈਰਿਨ ਪਰ ਬਡ ਹਾਥੈਂ ॥ ੮੯ ॥
ਰੌਰਾ ਗੌਰ ਲਹੌਰ ਰਹਾਯੋ।
ਹਾਕਮ ਏਕ ਨ ਟਿਕਨਾ ਪਾਯੋ।
ਆਖਰ ਆਠ ਮਾਸ ਕੇ ਬਾਦੈਂ[1]। — [1]ਪਿੱਛੋਂ।
ਸ਼ਾਹਿ ਦੁਰਾਨੀ ਨੈ ਕਰਿ ਯਾਦੈਂ ॥ ੯੦ ॥
ਮੀਰ ਮੋਮਨ ਖਾਂ ਕੀਨੋ ਸੂਬਾ।
ਵੀਚ ਲਹੌਰਹਿਂ ਕਾਯਮ ਖ਼ੂਬਾ।
ਦੀਨਾ-ਬੇਗ ਤਈਂ ਤਿਹ ਮਾਰੀ[1]। — [1]ਤਿਸ ਮੋਮਨ ਖਾਂ ਨੇ ਮਾਰ ਕੁੱਟ ਕੇ।
ਦਯੋ ਜਲੰਧਰ ਤੈ ਸੁ ਨਿਕਾਰੀ ॥ ੯੧ ॥
ਸੱਯਦ ਨਾਸਰ-ਅਲੀ ਸੁ ਨੀਚੈਂ[1]। — [1]ਨੀਚ ਨੂੰ।
ਹਾਕਮ ਕਰਜੋ ਜਲੰਧਰ ਵੀਚੈਂ।
ਤਿਸ ਨੈ ਚਹਜੋ ਸਿੱਖਨ ਕੋ ਮਾਰਨ।
ਬੈਰ ਮੀਰਮੰਨੂ ਕੇ ਕਾਰਨ ॥ ੯੨ ॥
ਮੀਰਮੰਨੂ ਕੀ ਬੇਗਮ ਥੀ ਜੋ।
ਨਾਸਰ-ਅਲੀ ਕੀ ਦੋਸਤ ਥੀ ਸੋ।
ਸੋ ਸਿੱਖਨ ਕੋ ਮਾਰਜੋ ਚੈਹੈ।
ਨਾਸਰ-ਅਲੀ ਅਧੀਨ ਤਿਹ ਰੈਹੈ ॥ ੯੩ ॥
ਸਿੰਘ ਭੀ ਤਿਸ ਸੋਂ ਕਰੈਂ ਨ ਟਾਲਾ।
ਲੂਟੈਂ ਤਿਸ ਕਾ ਦੇਸ ਬਿਸਾਲਾ।
ਦੀਨਾ-ਬੇਗ ਪਹਾਰਨ ਮਾਂਹੀਂ।
ਡਰਿ ਗਿਲਜਜੋਂ ਤੈ ਰਹਾ ਘੁਸਾਹੀ[1] ॥ ੯੪ ॥ — [1]ਲੁਕਿਆ ਰਿਹਾ।
ਰੁਸਤਮ-ਖਾਂ ਇਕ ਤਿਸ ਕਾ ਯਾਰਾ।
ਹਾਕਮ ਸਜਾਲ-ਕੋਟ ਥਾ ਭਾਰਾ।
ਵੋਹ ਅਰ ਦੀਨਾ-ਬੇਗ ਉਨ ਦਿਨੈ।
ਮਦਤ ਦੇਤੇ ਰਹੇ ਸਿੰਘਾਨੈ[1] ॥ ੯੫ ॥ — [1]ਸਿੰਘਾਂ ਨੂੰ।
ਆਖਰ ਫਿਰ ਦੁਰਾਨੀਓਂ ਮਾਰੇ[1]। — [1]ਮਾਰ ਕੇ।
ਸਿੰਘ ਦੇਸ ਤੈ ਜਬੈ ਨਿਕਾਰੇ।
ਧਸੇ ਸਿੰਘ ਕੁਛ ਪਰਬਤ ਮਾਂਹੀਂ।
ਬਨ ਝੱਲਨ ਮੱਧ ਕਿਤਿਕ ਬਸਾਹੀਂ ॥ ੯੬ ॥

ਕਬੀ ਕਬੀ ਕੁਛ ਖੜਕਾ ਕਰਿ ਕੈ।
ਧਸੈਂ ਝੱਲ ਗਿਲਜਜੋਂ ਤੈ ਡਰ ਕੈ।
ਨਾਸਰ-ਅਲੀ ਦੁਸ਼ਟ ਇਕ ਔਰੈਂ।
ਕੀਨੋ ਜ਼ੁਲਮ ਅਧਿਕ ਤਬਿ ਗੌਰੈਂ ॥੯੭॥
ਧੀਰ-ਮੱਲ ਸੋਢੀ ਕਾ ਨਾਤੀ[1]*।
ਥਾ ਵਡਭਾਗ ਸਿੰਘ ਵਖਜਾਤੀ।
ਕਰਤਾਰਪੁਰੇ ਮੈਂ ਤਿਸ ਕੋ ਮਾਰੀ[1]।
ਕਰਿ ਬੇ-ਇੱਜ਼ਤ ਦਯੋ ਨਿਕਾਰੀ ॥੯੮॥
ਧਸਜੋ ਜਾਇ ਵਹਿ ਪਰਬਤ ਬੀਚੈਂ।
ਨਾਸਰ-ਅਲੀ ਪਿਛਾਰੀ ਨੀਚੈਂ।
ਥੰਮ ਸਾਹਬ ਕੋ ਦਯੋ ਜਰਾਏ।
ਗਊ ਕਰੀ ਬਹੁ ਬਧ[1] ਤਿਸ ਥਾਏ ॥੯੯॥
ਗੁਰੂਦ੍ਵਾਰ ਮਿਸਮਾਰ ਦਯੋ ਕਰਿ[1]।
ਐਸੇ ਜ਼ੁਲਮ ਕਰੇ ਤਿਹਂ ਤਜਿ ਡਰ।
ਹਿੰਦੁਨ ਕੀ ਫੜਿ ਬਹੁਆਂ ਬੇਟੀ।
ਕਰੀ ਤੁਰਕਨੀ ਰੂਪ ਲਪੇਟੀ[1]।
ਲੋਕ ਦੁਰਾਨੀ ਵੀਚ ਪੰਜਾਬੈਂ।
ਹਾਕਮ ਹੂਏ ਅਧਿਕ ਖਰਾਬੈਂ ॥੧੦੦॥
ਦੋਹਰਾ:
ਰੱਬ ਕਰਜੋ ਜੋ ਚਹਤ ਹੈ,
ਲੱਖ ਸਬੱਬ ਬਨਾਇ।
ਕਰਿ ਹੈ ਸੋਊ ਦੇਰ ਬਿਨ,
ਸੁਨੋ ਭਈ ਜਿਸ ਭਾਇ ॥੧੦੧॥
ਕਬਿੱਤ:
ਦੀਨਾ-ਬੇਗ ਨਾਜ਼ਮ ਜਲੰਧਰ ਕੋ ਮਾਰ ਕਰਿ,
ਦਯੋ ਥਾ ਦੁਰਾਨੀਓਂ ਨਿਕਾਰ ਪੀਛੇ ਤਾਂਹਿ ਹੈ[1]।
ਰਹਤ ਪਹਾਰ ਮੈਂ ਸੋ ਡਰਤ ਦੁਰਾਨੀਓਂ ਤੈ,
ਮਿਲਜੋ ਵਡਭਾਗ ਸਿੰਘ ਤਾਂਈ ਆਇ ਚਾਹਿ ਹੈ[1]।

[1]ਪੋਤਾ। *ਵਡਭਾਗ ਸਿੰਘ, ਧੀਰ ਮੱਲ ਦਾ ਪੋਤ੍ਰਾ ਨਹੀਂ ਸੀ, ਸਗੋਂ ਪੋਤ੍ਰੇ ਦਾ ਵੀ ਪੜਪੋਤ੍ਰਾ ਸੀ। ਦੇਖੋ ਮਹਾਨ ਕੋਸ਼ ਪੰਨਾ ੩੨੩੭।
[1]ਮਾਰ ਕੇ।
[1]ਮਾਰੀਆਂ।
[1]ਢਾਹ ਦਿੱਤਾ।
[1]ਬਹੁਤੇ ਸੁੰਦਰ ਰੂਪ ਵਾਲੀਆਂ।
[1]ਪਿੱਛੇ (ਜ਼ਿਕਰ ਆਇਆ ਹੈ ਕਿ) ਤਿਸ ਨੂੰ ਕੱਢ ਦਿੱਤਾ ਸੀ।
[1]ਖ਼ੁਸ਼ ਹੋ ਕੇ।

ਮਿਲੇ ਦੋਊ ਦੁਖੀ ਦੁਖੀ ਹੋਨ ਹੇਤ ਸੁਖੀ ਤਬਿ,
ਰਾਮ ਸੁਗ੍ਰੀਵ ਸਮ ਭਏ ਮੀਤ ਵਾਹਿ ਹੈਂ।
ਨਿਜ ਨਿਜ ਦੁਖ ਟੇਰਿ[1] ਬੈਰ ਲੈਨ ਹੇਤ ਫੇਰ, [1]ਕਹਿ ਕੇ।
ਦੀਨਾ-ਬੇਗ ਸੋਢੀ ਜੀ ਕੋ ਦੀਨੀ ਯੌਂ ਸਲਾਹਿ ਹੈ
॥ ੧੦੨ ॥
ਪੂਜ ਪੰਥ ਖਾਲਸੇ ਕੇ ਤੁਮ ਤੌਂ ਬਿਸਾਲਸੇ[1] ਹੋ, [1]ਬਹੁਤੇ।
ਆਪ ਜੇ ਬੁਲੈਹੈਂ ਸਿੰਘ ਐਹੈਂ ਚਢਿ ਸਭਿ ਹੀ।
ਮੈਂ ਭੀ ਨਿਜ ਸੈਨ ਐਨ ਲੈ ਕੈ ਮਿਲੋਂ ਤੁਮ ਸੰਗ,
ਔਰ ਜੋਊ ਚਾਹੀਏ ਸੋ ਲੈਹੁ ਮੋ ਤੇ ਅਬਿ ਹੀ।
ਕਰੋ ਨਾਹਿਂ ਦੇਰ ਬੈਰ ਲੇਹੁ ਮਾਰਿ ਬੈਰਿਨ ਕੋ,
ਸੁਨਿ ਵਡਭਾਗ ਸਿੰਘ ਮਾਨਿ ਮਨਿ ਜਬਿ ਹੀ।
ਪੰਥ ਕੋ ਬੁਲਾਯੋ ਆਯੋ ਧਾਯੋ ਸਭਿ ਖਾਲਸਾ ਜੀ,
ਮੈੜੀ ਨਾਮ ਗ੍ਰਾਮ ਢਿਗ ਭਯੋ ਕੱਠ ਤਬਿ ਹੀ
॥ ੧੦੩ ॥
ਦਾਰੂ ਸਿੱਕਾ ਖਰਚ ਮੰਗਾਇ ਦਯੋ ਦੀਨਾ-ਬੇਗ,
ਫੌਜ ਬਹੁ ਸਿੰਘਨ ਸੋਂ ਆਪਨੀ ਮਿਲਾਇ ਕੈ।
ਸੋਧਿ ਅਰਦਾਸ ਸਭਿ ਮਿਲ ਕਰਿ ਚੜ੍ਹੇ ਖਾਸ[1], [1]ਆਪ।
ਨਾਸਰ-ਅਲੀ ਕੋ ਨਾਸ ਕਰਨੇ ਬਨਾਇ ਕੈ।
ਕਹਯੋ ਜੱਸਾ ਸਿੰਘ ਤਬਿ ਤੁਰਕ ਤੁਮ ਏਕ ਸਭਿ[1], [1]ਤੁਸੀਂ ਸਾਰੇ ਤੁਰਕ ਇੱਕੋ ਜਿਹੇ ਹੋ।
ਕੈਸੇ ਪਹਿਚਾਨੈਂ ਸਿੰਘ ਸੈਨ ਤੁਮ ਆਇ ਕੈ।
ਐਸੇ ਕਹਿ ਜੱਸਾ ਸਿੰਘ ਸਬਜ਼ ਕਣਕ ਪੁੱਟਿ,
ਦਈ ਦੀਨਾ ਬੇਗ ਤਾਂਈ ਸਬਜ਼ੀ ਸੁਭਾਇ ਕੈ[1] [1]ਸੁੱਤੇ ਸਿੱਧ ਹਰਿਆਈ ਦਿੱਤੀ।
॥ ੧੦੪ ॥
ਕਹਯੋ ਦੀਨਾ ਬੇਗ ਅਬਿ ਜੀਤ ਹ੍ਵੈ ਹੈ ਬੇਗ[1] ਹਮੈਂ, [1]ਛੇਤੀ।
ਸਬਜ਼ੀ ਮਿਲੀ ਹੈ ਗੁਰੂ ਖਾਲਸੇ ਕੇ ਘਰ ਤੇ।
ਸੋਈ ਚੀਨ[1] ਦੀਨ ਨਿਜ ਫੌਜ ਕੇ ਧਰਾਇ ਸਿਰਿ, [1]ਚਿੰਨ੍ਹ, ਨਿਸ਼ਾਨ।
ਪਹੁੰਚੇ ਜਾਲੰਧਰ ਕੇ ਢਿਗ ਮੋਦਿ ਭਰਤੇ[1]। [1]ਅਨੰਦ ਵਿੱਚ ਭਰ ਕੇ।
ਸੁਨ ਕੈ ਜਲੰਧਰੀਏ ਪਠਯੋ ਹੈ ਬੁਲਿੰਦ ਖਾਨ,
ਸੈਨ ਦੈ ਮਹਾਨ ਤੋਪਖਾਨਾ ਸੰਗ ਤੁਰਤੇ।
ਗਿਲਜੇ ਲਹੌਰ ਓਰ ਹੂੰ ਤੇ ਆਏ ਔਰ ਗੌਰ,

ਮੱਦਦ ਕੇ ਹੇਤ ਦੌਰਿ ਮਾਰ ਮਾਰ ਕਰਤੇ ॥ ੧੦੫ ॥
ਏਕ ਓਰ ਸਿੰਘ ਔਰ ਮੁਗਲ ਮਿਲੇ ਹੈਂ ਬੀਰ,
ਏਕ ਓਰ ਗਿਲਜੇ ਦੁਰਾਨੀਏਂ ਪਠਾਨ ਹੈਂ।
ਤੋਪਨ ਤੁਫੰਗਨ ਜੰਬੂਰਨ ਜੰਜੈਲਨ ਕੇ,
ਫੈਲਨ ਕੀ ਦਈ ਦੱਬ ਤਿਨ ਹੂੰ ਕਿਤਾਨ ਹੈ[1]।

[1]ਤਿਨਾਂ ਨੇ ਕਿਤਨਿਆਂ ਹੀ (ਫੈਲਨ) ਵਾਰਾਂ ਦੀ ਦੱਬ ਦਿੱਤੀ ਭਾਵ ਬਹੁਤੇ ਵਾਰ ਕੀਤੇ।

ਮਾਚਜੋ ਘਮਸਾਨ ਦੁਹੂੰ ਓਰ ਤੈ ਮਹਾਨ ਆਨਿ,
ਅਰੇ ਭਰੇ ਜ੍ਵਾਨ[1] ਮਨਿ ਰੋਸ ਬਲ ਠਾਨ ਹੈ।

[1]ਭਲੀ ਪ੍ਰਕਾਰ ਜੁਆਨ ਅੜੇ।

ਪੰਥ ਬੋਲਿ ਹੱਲਾ ਤਬਿ ਦੀਨਾ-ਬੇਗ ਸੰਗ ਚੱਲਾ,
ਘੱਲਾ ਥਰਥੱਲਾ ਪੱਲਾ ਬਾਂਧ ਕੈ ਮਹਾਨ ਹੈ[1] ॥ ੧੦੬ ॥

[1]ਜੱਥਾ ਬੰਨ੍ਹ ਕੇ ਬਹੁਤੀ ਹਲਚਲੀ ਪਾ ਦਿੱਤੀ।

ਪ੍ਰਹਮਾਵਤੀ ਛੰਦ:
ਜੰਗ ਜੋਰਿ ਦੁਹਿ ਦਿਸ ਤੈ ਮਾਚਜੋ
ਘੋਰ ਮਹਾਂ, ਨਹਿਂ ਛੋਰ ਸਕੈਂ।
ਗਿਲਜੇ ਮੁਗਲ ਸਿੰਘ ਸਭਿ ਸੂਰੇ,
ਰਣ ਮੈਂ ਮਾਰੋ ਮਾਰ ਬਕੈਂ[1]।

[1]ਬੋਲਦੇ ਹਨ।

ਕਰੈਂ ਜੰਗ ਨਹਿਂ ਪਰੈਂ ਤੰਗ,
ਕਟਿ ਅੰਗ ਭੰਗ ਹ੍ਵੈ ਤਹਾਂ ਗਿਰੈਂ[1]।

[1]ਔਖੇ ਨਹੀਂ ਹੁੰਦੇ, ਅੰਗ ਕੱਟੇ ਜਾਂਦੇ ਹਨ, ਅੰਗ ਭੰਗ ਹੋ ਕੇ ਉੱਥੇ ਹੀ ਡਿੱਗ ਪੈਂਦੇ ਹਨ।

ਮਰੈਂ ਨ ਡਰੈਂ ਨ ਟਰੈਂ ਕਰੈਂ ਬਲ,
ਧਰੈਂ ਧੀਰ ਇਤ ਉਤੈਂ ਫਿਰੈਂ ॥ ੧੦੭ ॥
ਖਾਨ-ਜਹਾਨ ਕੋਪਿ ਫਿਰ ਨਾਜ਼ਮ,
ਆਜ਼ਮ ਕਾਜ਼ਮ ਫੌਜ ਪਠੀ[1]।

[1]ਵੱਡੇ ਸੂਬੇ ਨੇ (ਕਾਜ਼ਮ) ਬਲਵਾਨ ਫੌਜ ਭੇਜੀ।

ਖੈਰੇ-ਸ਼ਾਹਿ ਮੌਲਵੀ, ਰੁਸਤਮ-
ਖਾਨ ਪਠੇ ਸਰਦਾਰ ਹਠੀ।
ਆਨਿ ਪਠਾਨ ਮਹਾਨ ਪਰੇ ਕੁਪਿ[1],

[1]ਕ੍ਰੋਧਵਾਨ ਹੋ ਕੇ।

ਸਿੰਘਨ ਤਜਿ ਮੁਗਲਾਨ ਦਿਸੈਂ।
ਮਾਰ ਕਰਜੋ ਬਿਹਬਲ ਮੁਗਲੀ ਦਲ,
ਹਾਰ ਅਦੀਨਾ ਬੇਗ ਖਿਸੈਂ[1] ॥ ੧੦੮ ॥

[1]ਦੁਖੀ ਮਨ ਵਾਲਾ ਹੋ ਕੇ।

ਅੱਸ੍ਰ ਧਵਾਇ ਆਇ ਘਬਰਾਯੋ,
ਜੱਸਾ ਸਿੰਘ ਢਿਗ ਐਸ ਰਰਾ[1]।

[1]ਕਿਹਾ।

ਅਬਿ ਤੋ ਹਾਰ ਹਮਾਰ ਹੋਇ ਹੈ,
ਦਲ ਬਹੁ ਹਮਰਾ ਮਾਰਿ ਧਰਾ।
ਕਹਜੋ ਸਿੰਘ ਗੁਰੁ ਭਲੀ ਕਰੈਗੋ,
ਡਰੋ ਨਾਂਹਿ ਮਨਿ ਧੀਰ ਧਰੋ।
ਲੈ ਬਹੁ ਪੰਥ ਤਈਂ ਸਿੰਘ ਜੱਸਾ
ਆਲੂ, ਰਿਸਿ ਮਧ ਸਮਰ ਬਰੋ[1] ॥੧੦੯॥ — [1]ਗੁੱਸੇ ਹੋ ਕੇ ਜੰਗ ਵਿੱਚ ਜਾ ਵੜਿਆ।

ਭੁਜੰਗ ਪ੍ਰਯਾਤ ਛੰਦ:
ਧਸੇ ਧਾਇ ਸੱਤ੍ਰੂਨ ਕੀ ਸੈਨ ਮਾਂਹੀਂ।
ਛਕੇ ਛੋਭਿ ਛੱਤ੍ਰੀ ਛਿਤੈ ਛੀਨ ਚਾਹੀ[1]। — [1](ਛੱਤ੍ਰੀ) ਸਿੰਘ (ਛਕੇ ਛੋਭਿ) ਗੁੱਸੇ 'ਚ ਭਰੇ (ਛਿਤੈ) ਧਰਤੀ ਖੋਹਣਾ ਚਾਹੁੰਦੇ ਹਨ।
ਬਲੀ ਬੀਰ ਬਾਂਕੇ ਗੁਸੈਲੇ ਮੁਛੈਲੇ[1]। — [1]ਗੁੱਸੇ ਵਾਲੇ ਤੇ ਮੁੱਛਾਂ ਵਾਲੇ।
ਲਯੋ ਬੈਰ ਚਾਹੈਂ ਚੁਟੈਲੇ ਜੁਰੈਲੇ[1] ॥੧੧੦॥ — [1](ਚੁਟੈਲੇ) ਚੋਟ ਲਾ ਕੇ ਤੇ (ਜੁਰੈਲੇ) ਲੜ ਕੇ (ਸਿੰਘ) ਵੈਰ ਲੈਣਾ ਚਾਹੁੰਦੇ ਹਨ।
ਛਕੇ ਫੀਮ ਸੁੱਖੇ ਆਏ ਥੇ ਤਰਾਰੇ[1]। — [1](ਤਰਾਰੇ) ਨਸ਼ੇ ਦੀ ਅਖੰਡ ਲਹਿਰ।
ਲਗੇ ਜੰਗ ਕੀ ਜੀਤ ਮੈਂ ਚੀਤ ਭਾਰੇ।
ਬਕੈਂ ਮਾਰ ਮਾਰੈਂ ਕੀਏ ਉਚ* ਹਾਥੈਂ[1]। — [1]ਹੱਥਾਂ ਨੂੰ ਉਤਾਂਹ ਕਰਕੇ। *ਤਿੰਨਾਂ ਹੀ ਐਡੀਸ਼ਨਾਂ 'ਚ ਪਾਠ 'ਉਟ' ਛਪਿਆ ਹੋਇਆ ਹੈ, ਪਰ ਅਸਾਂ 'ਉਚ' ਸ਼ੁੱਧ ਜਾਣ ਕੇ ਛਾਪਿਆ ਹੈ।
ਤਪੈਂ ਤਪਨ ਸੇ ਤੇਜ ਸੋਂ ਦਿਪਤ ਮਾਥੈਂ[1] ॥੧੧੧॥ — [1]ਤੇਜ ਨਾਲ ਚਮਕਦੇ ਮੱਥੇ ਸੂਰਜ ਵਾਂਗ ਤਪਦੇ ਹਨ।
ਜਗੈਂ ਜਗਮਗੈਂ ਜੋਤ ਸੇ ਨੈਨ ਮਾਤੇ[1]। — [1]ਮਸਤ ਨੇਤ੍ਰ ਜੋਤ ਵਾਂਗ ਜਗਮਗ ਕਰਦੇ ਜਗਦੇ ਹਨ।
ਮਨੋ ਰੁੱਦ੍ਰ ਕੀ ਡੀਠ ਤੈ ਤੇਜ ਤਾਤੇ[1]। — [1]ਮਾਨੋਂ ਸ਼ਿਵ ਦੀ ਨਿਗਾਹ ਨਾਲੋਂ ਵੀ ਤੇਜ਼ ਤੇ ਗਰਮ ਹਨ।
ਸਜੈਂ ਆਨਨੈ ਜ੍ਵਾਨਨੈ ਮੂਛ ਬੰਕੀ[1]। — [1]ਜਵਾਨਾਂ ਦੇ ਮੁੱਖ ਉੱਪਰ ਟੇਢੀਆਂ ਮੁੱਛਾਂ ਸਜਦੀਆਂ ਹਨ।
ਚੁਭੈਂ ਚਿੱਤ ਸੱਤ੍ਰੂਨ ਬਿੱਛੂਨ ਡੰਕੀ[1] ॥੧੧੨॥ — [1]ਬਿੱਛੂ ਦੇ ਡੰਗ ਵਾਂਗ ਵੈਰੀਆਂ ਦੇ ਚਿੱਤ ਨੂੰ ਚੁਭਦੀਆਂ ਹਨ।
ਭਏ ਅੱਗ੍ਰ ਸਾਮੱਗ੍ਰ ਸਰਦਾਰ ਸਿੰਘੈਂ।
ਚਢੀ ਭੌਂਹ ਸੌਹੈਂ ਚਲੇ ਚੁੱਕਿ ਡਿੰਘੈਂ[1]। — [1]ਸਾਹਮਣੇ ਨੂੰ ਭ੍ਰਵੱਟੇ ਚੜ੍ਹੇ ਹੋਏ ਕਦਮ ਚੁੱਕ ਕੇ ਚਲ ਪਏ।
ਸਜੇ ਅੰਗ ਸੰਜੋਇ ਆਖੰਡ ਮੰਡੇ[1]। — [1](ਅਖੰਡ) ਲਗਾਤਾਰ ਅੰਗਾਂ 'ਚ ਸੰਜੋਆਂ ਸਜਾਈਆਂ ਹੋਈਆਂ (ਮੰਡੇ) ਫਬ ਰਹੀਆਂ ਹਨ।
ਧਰੇ ਮਾਨ ਕੋਦੰਡ ਔ ਬਾਨ ਚੰਡੇ[1] ॥੧੧੩॥ — [1]ਹੱਥਾਂ ਵਿੱਚ ਧਨੁਸ਼ ਤੇ ਤਿੱਖੇ ਤੀਰ ਪਕੜੇ ਹੋਏ ਹਨ।
ਕਿਸੀ ਕੈ ਹਥੀ ਸੈਹਥੀ ਯੌਂ ਝਮੱਕੈ[1]। — [1]ਕਿਸੇ ਦੇ ਹੱਥ ਵਿੱਚ ਬਰਛੀ ਐਉਂ ਚਮਕਦੀ ਹੈ।
ਨਿਸਾ ਸਾਮਨੀ ਦਾਮਨੀ ਜਯੋਂ ਦਮੱਕੈ[1]। — [1]ਸਾਉਣ ਦੀਰਾਤ ਨੂੰ ਜਿਵੇਂ ਬਿਜਲੀ ਚਮਕਦੀ ਹੈ।
ਕਿਸੀ ਪੈ ਬ੍ਰਿਹਾਨੀ ਕ੍ਰਿਪਾਨੀ ਪ੍ਰਕਾਸ਼ੈ[1]। — [1]ਕਿਸੇ ਪਾਸ (ਬ੍ਰਿਹਾਨੀ) ਨੰਗੀ ਕ੍ਰਿਪਾਨ ਚਮਕਦੀ ਹੈ।

ਕਲਾ ਕਾਲਕਾ ਕੀ ਮਨੋ ਬਿੱਸ੍ਵ ਗ੍ਰਾਸੈ[1] ॥੧੧੪॥	[1]ਮਾਨੋਂ ਕਾਲਿਕਾ ਦੀ ਸ਼ਕਤੀ ਸੰਸਾਰ ਨੂੰ ਗ੍ਰਸਣਾ ਚਾਹੁੰਦੀ ਹੈ।
ਬਰੱਛੀ ਤਿਰੱਛੀ ਬਿਲੱਛੀ ਲਹਾਹੈ[1]।	[1]ਤਿੱਖੀਆਂ ਬਰਛੀਆਂ (ਬਿਲੱਛੀ) ਅਣੋਖੀਆਂ (ਲਹਾਹੈ) ਚਮਕਦੀਆਂ ਹਨ।
ਪ੍ਰਲੈ ਕਾਲ ਕੀ ਜ੍ਵਾਲ ਕੀ ਜਜੋਂ ਕਲਾ ਹੈ[1]।	[1]ਜਿਵੇਂ ਪਰਲੋ ਦੇ ਸਮੇਂ ਦੀਆਂ ਅੱਗ ਦੀਆਂ (ਕਲਾ) ਲਾਟਾਂ ਹੁੰਦੀਆਂ ਹਨ।
ਕਹੂੰ ਲੈ ਕਟਾਰੀ ਕਰਾਰੀ ਉਭਾਰੀ[1]।	[1]ਕਿਸੇ ਨੇ (ਕਰਾਰੀ) ਤਿੱਖੀ ਕਟਾਰ ਲੈ ਕੇ ਉੱਗ੍ਰੀ ਹੋਈ ਹੈ।
ਮਨੋ ਆਜ ਹੀ ਜਾਵ ਕਾਲੈਂ ਉਖਾਰੀ ॥੧੧੫॥	
ਕਿਨੋ ਨੇ ਧਰੇ ਲੋਹ ਦੰਡੇ ਪ੍ਰਚੰਡੇ[1]।	[1]ਭਾਰੇ।
ਘਨੇ ਮਾਰਿ ਦੁਰਾਨਿ ਕੇ ਮੂੰਡ ਛੰਡੇ[1]।	[1]ਮਾਰ ਕੇ ਬਹੁਤੇ ਦੁਰਾਨੀਆਂ ਦੇ ਸਿਰ (ਛੰਡੇ) ਭੰਨ ਸੁੱਟੇ।
ਕਿਤੈ ਚੱਕ੍ਰ ਬੱਕ੍ਰੈਂ ਤਜੈਂ ਅੱਕ੍ਰ ਅੱਕ੍ਰੈਂ[1]।	[1]ਕਿਤੇ ਆਕੜ ਆਕੜ ਕੇ ਟੇਢੇ ਚੱਕ੍ਰ ਛੱਡਦੇ ਹਨ।
ਕਰੈਂ ਚੀਰਿ ਸਾਰੀਰ ਸੋ ਡੱਕ੍ਰ ਡੱਕ੍ਰੈਂ[1] ॥੧੧੬॥	[1]ਟੋਟੇ ਟੋਟੇ।
ਕਹੂੰ ਮਾਰ ਫਰਸੇ[1] ਕਢੈਂ ਮਾਰਿ ਧਰ ਸੈਂ[2]।	[1]ਕੁਹਾੜੇ। [2]ਧਰਤੀ ਦੇ ਵਿੱਚ ਦੀ।
ਪਰੇ ਤੁੱਥ ਮੁੱਥੰ ਕਟੇ ਅੰਗ ਦਰਸੈ[1]।	[1]ਵੱਢੇ ਟੁੱਕੇ ਪਏ ਹਨ, ਕੱਟੇ ਹੋਏ ਅੰਗ ਦਿਸਦੇ ਹਨ।
ਕਢੀ ਤੇਗ ਬੇਗੰ ਕਿਤੈ ਯੌਂ ਝਮੱਕੈ[1]।	[1]ਚਮਕਦੀ ਹੈ।
ਮਨੋ ਕਾਲ ਕੀ ਜੀਹ ਭੂਖੀ ਲਪੱਕੈ[1] ॥੧੧੭॥	[1]ਖਾਣ ਨੂੰ ਝਪਟ ਮਾਰਦੀ ਹੈ।
ਕਿਤੈ ਮਾਰ ਕੈ ਸਾਰ ਕੇ[1] ਸੋ ਗੁਲੇਲੇ।	[1]ਲੋਹੇ ਦੇ।
ਸੁਟੈਂ ਭੰਨ ਕੈ ਤੰਨ ਕੋ ਭੂੰਮ ਮੇਲੇ।	
ਕਹੂੰ ਮੌਤ ਲੈ ਖੰਜਰੀ ਮੰਜਰੀ ਸੀ[1]।	[1]ਕਿਤੇ ਮੌਤ (ਮੰਜਰੀ) ਕੋਮਲ ਸਿੱਟੇ ਵਰਗੀ (ਖੰਜਰੀ) ਛੋਟੀ ਕਟਾਰ ਲੈ ਕੇ।
ਹਤੈ, ਬੱਜ੍ਰ ਕੇ ਗਰਬ ਕੋ ਗੰਜਰੀ ਸੀ[1] ॥੧੧੮॥	[1]ਮਾਰਦੀ ਹੈ ਜੋ ਬੱਜਰ ਦੇ ਹੰਕਾਰ ਨੂੰ ਨਾਸ਼ ਕਰਦੀ ਹੈ।
ਹਿਤੈਂ ਸਮਰ ਜੋ ਕਮਰ ਮੈਂ ਤੂਨ ਕੱਸੇ[1]।	[1]ਜੰਗ ਵਾਸਤੇ ਲੱਕ ਵਿੱਚ ਜੋ ਭੱਥੇ ਕੱਸੇ ਹੋਏ ਹਨ।
ਮਨੋ ਮੌਤ ਕੀ ਪੌਧ ਕੇ ਖੇਤ ਲੱਸੇ[1]।	[1]ਜਾਣੋ ਮੌਤ ਦੀ (ਪੌਧ) ਪਨੀਰੀ ਦੇ ਖੇਤ ਚਮਕਦੇ ਹਨ।
ਤਚੈਂ ਤੀਰ ਤੀਖੇ ਮਨੋ ਨਾਗ ਪੱਛੀ[1]।	[1]ਤਿੱਖੇ ਤੀਰ ਛੱਡਦੇ ਹਨ, ਮਾਨੋਂ ਖੰਭਾਂ ਵਾਲੇ ਸੱਪ ਹਨ।
ਫਿਰੈਂ ਫੁੰਕਤੇ ਕਾਲ ਕਾਰਾਲ ਲੱਛੀ[1] ॥੧੧੯॥	[1]ਲੱਖਾਂ ਹੀ ਭਿਆਨਕ ਕਾਲ ਫੁੰਕਾਰੇ ਮਾਰਦੇ ਫਿਰਦੇ ਹਨ।
ਲਸੈ ਧਾਰ ਦੋਧਾਰ ਕੀ ਯੌਂ ਫੁਰੀ ਹੈ[1]।	[1](ਦੋ-ਧਾਰ) ਖੰਡਿਆਂ ਦੀਆਂ ਧਾਰਾਂ ਚਮਕਦੀਆਂ ਦੀ (ਮੈਨੂੰ) ਐਉਂ (ਉਪਮਾ) ਫੁਰੀ ਹੈ।
ਮਨੋ ਸਜਾਮ ਮੇਘੈਂ ਜੁਰੀ ਬੀਜਰੀ ਹੈ[1]।	[1]ਮਾਨੋ ਕਾਲੇ ਬੱਦਲਾਂ ਵਿੱਚ ਬਿਜਲੀ ਇਕੱਠੀ ਹੋਈ ਹੋਈ ਹੈ।
ਦਿਪੈਂ ਰੋਸ ਕੈ ਜੋਸ਼ ਆਂਖੇਂ ਰੁਖੀ ਹੈਂ[1]।	[1]ਗੁੱਸੇ ਤੇ ਜੋਸ਼ ਨਾਲਰੁੱਖੀਆਂ ਅੱਖਾਂ ਐਉਂ ਚਮਕਦੀਆਂ ਹਨ।
ਕਢੀ ਕੋਹ ਪੈ ਪੁੰਜ ਜ੍ਵਾਲਾ ਮੁਖੀ ਹੈਂ[1] ॥੧੨੦॥	[1]ਮਾਨੋ ਪਹਾੜ ਉਪਰੋਂ ਬਹੁਤੀਆਂ (ਜ੍ਵਾਲਾਮੁਖੀ) ਅੱਗ ਦੀਆਂ ਲਾਟਾਂ ਕੱਢੀਆਂ ਹਨ।
ਦਿਪੈ ਪੀਤ ਉਚੀ ਗੁਰੂ ਕੀ ਧੁਜਾ ਹੈ[1]।	[1]ਗੁਰਾਂ ਦਾ ਉੱਚਾ ਪੀਲਾ ਨਿਸ਼ਾਨ ਸਾਹਿਬ ਚਮਕਦਾ ਹੈ।

ਮਨੋ ਕਾਲ ਕੀ ਘੋਰ ਘੁਮੈ ਭੁਜਾ ਹੈ[1]।	[1]ਜਾਣੋ ਕਾਲ ਦੀ ਭਿਆਨਕ ਬਾਂਹ ਹਿਲ ਰਹੀ ਹੈ।
ਇਤੈ ਉੱਤ ਦੌਰੈਂ ਘਨੇ ਤੇਜ ਤਾਜੀ[1]।	[1]ਘੋੜੇ।
ਜਿਨੈ ਗੌਨ ਕੋ ਪੌਨ ਤੀਖੀ ਬਿਲਾਜੀ[1] ॥੧੨੧॥	[1]ਜਿਨ੍ਹਾਂ ਦੇ ਚੱਲਣ ਨੂੰ (ਦੇਖ ਕੇ) ਤਿੱਖੀ ਹਵਾ ਵੀ ਬਹੁਤ ਸ਼ਰਮਿੰਦਾ ਹੋ ਰਹੀ ਹੈ।
ਛੁਟੇ ਆਨ ਸਿੰਘਾਨ ਕੇ ਰਾਮਜੰਗੇ[1]।	[1]ਬੰਦੂਕਾਂ।
ਸਰੰ ਸੈਹਥੀ ਸੇਲ ਖੰਡੇ ਅਭੰਗੇ[1]।	[1]ਲਗਾਤਾਰ।
ਪਰਜੋ ਜੰਗ ਗਾਢਾ ਤਬੈ ਜੋਰਿ ਘੋਰੈਂ[1]।	[1]ਜ਼ੋਰ ਦਾ ਤੇ ਭਿਆਨਕ।
ਭਿਰੈਂ ਬੀਰ ਬਾਂਕੇ ਉਭੈ ਓਰ ਜੋਰੈਂ ॥੧੨੨॥	
ਬਕੈਂ ਮਾਰ ਮਾਰੰ ਥਕੈਂ ਨਾਹਿੰ ਝੱਕੈਂ।	
ਯਕਾ ਯੱਕ ਡੋਲੈਂ[1] ਭਰੇ ਰੋਸ ਤੱਕੈਂ।	[1]ਇਕੱਲੇ ਇਕੱਲੇ ਫਿਰਦੇ ਹਨ।
ਕਰਾਚੋਲ[1] ਬਾਹੈਂ ਲਰੈਂ ਢੂਕ ਢੂਕੈਂ।	[1]ਤਲਵਾਰ।
ਜਰਾ ਨਾ ਕਰੱਕੈਂ[1] ਕਰੈਂ ਟੂਕ ਟੂਕੈਂ ॥੧੨੩॥	[1]ਥੋੜ੍ਹੀ ਵੀ ਗਿਲਾਨੀ ਨਹੀਂ ਕਰਦੇ।
ਘਨੇ ਰਾਮਜੰਗੇ ਕੜਾ ਕਾੜ ਛੱਡੈਂ।	
ਤਿਖੇ ਤੀਰ ਸਾਰੀਰ ਤੈ ਚੀਰਿ ਕੱਢੈਂ।	
ਦੜਾ ਦਾੜ ਡਿੱਗੈਂ ਧਰਾ ਅੱਸ੍ਵ ਜ੍ਵਾਨੰ।	
ਉਭੈ ਓਰ ਜੁਝੈਂ ਤਬੈ ਭੂਰ-ਖਾਨੰ[1] ॥੧੨੪॥	[1]ਬਹੁਤੇ ਪਠਾਣ।
ਚਢੀ ਲੁੱਥ ਪੈ ਲੁੱਥ ਆਗੁੱਥ ਜੁੱਥੈਂ[1]।	[1]ਬਹੁਤੀਆਂ ਆਪਸ ਵਿੱਚ ਗੁੰਦੀਆਂ ਗਈਆਂ।
ਕਹੈ ਕੌਨ ਜੈਸੋ ਮਚਜੋ ਖੇਤ ਉਥੈਂ[1]।	[1]ਜੈਸਾ ਉੱਥੇ ਜੰਗ ਹੋਇਆ।
ਮੋਚਜੋ ਸ੍ਰੌਨ ਕੇਰੋ ਧਰਾ ਵੀਚ ਕੀਚੈਂ[1]।	[1]ਚਿੱਕੜ।
ਛਕੈਂ ਜੋਗਨੀ ਸ੍ਰੋਨਤੈ ਸੀਂਚ ਸੀਚੈਂ[1] ॥੧੨੫॥	[1]ਲਹੂ ਇਕੱਠਾ ਕਰ ਕਰਕੇ।
ਨਚੈਂ ਭੈਰਵੀ ਭੂਤ ਬੈਤਾਲ[1] ਪ੍ਰੇਤੈਂ।	[1]ਇਕ ਭੂਤ ਜਾਤੀ।
ਤਚੈਂ ਆਨਿ ਭੈਆਨਕੈਂ ਨਾਦ ਖੇਤੈਂ[1]।	[1]ਜੰਗ ਮੈਦਾਨ ਵਿੱਚ ਆ ਕੇ ਭਿਆਨਕ ਸ਼ਬਦ ਬੋਲਦੇ ਹਨ।
ਫਿਰੈਂ ਸ੍ਵਾਨ ਸ੍ਰਿੰਗਾਲ ਔ ਗੀਧ ਪੱਖੀ[1]।	[1]ਕੁੱਤੇ, ਗਿਦੜ, ਪੰਛੀ ਤੇ ਗਿਰਝ ਆਦਿ।
ਚਰੈਂ ਮਾਸ ਆਨੇਕ-ਧਾ ਮਾਸ-ਭੱਖੀ[1] ॥੧੨੬॥	[1]ਮਾਸ ਖਾਣੇ (ਜਾਨਵਰ) ਅਨੇਕ ਤਰ੍ਹਾਂ ਦਾ ਮਾਸ ਖਾਂਦੇ ਹਨ।
ਬਜੈਂ ਬਾਦ-ਮਾਰੂ[1] ਦੁਹੂੰ ਓਰ ਭਾਰੀ।	[1]ਜੰਗੀ ਵਾਜੇ।
ਸੁਨੈ ਕਾਇਰੰ ਜੋ ਲਰੈਂ ਹ੍ਵੈ ਅਗਾਰੀ।	
ਮਹਾਂ ਜੰਗ ਗਾਢਾ ਪਰਜੋ ਘੋਰ ਭਾਰੀ।	
ਲਰੈਂ ਬੀਰ ਬਾਂਕੇ ਹਕਾਰੈਂ ਹਕਾਰੀ[1] ॥੧੨੭॥	[1]ਵੰਗਾਰ ਵੰਗਾਰ ਕੇ।
ਧਸਜੋ ਸ਼ਾਹਿ-ਖੈਰਾ ਜਥੇਦਾਰ ਭਾਰਾ।	
ਜਿਸੈ ਕੱਦ ਬੇਹੱਦ ਥਾ ਜਜੋਂ ਮੁਨਾਰਾ।	

ਹੁਤੋ ਗਿਲਜਯੋਂ ਮੈਂ ਗਿਨਜੋਂ ਬੀਰ ਬਾਂਕਾ।
ਅਸ੍ਵ ਛੇੜਿ ਆਗੇ ਬਢਜੋ ਪਾਇ ਹਾਂਕਾ[1] ॥੧੨੮॥ — [1]ਅਵਾਜ਼ ਮਾਰ ਕੇ।
ਕਹਾਂ ਸਿੰਘ ਜੱਸਾ ਹਰੀ ਹੈ ਕਪੂਰੋ।
ਕਹਾਂ ਸ਼ਜਾਮ ਸਿੰਘੰ ਹਰੀ ਸਿੰਘ ਸੂਰੋ।
ਸੁਧਾ ਸਿੰਘ ਜੈ ਸਿੰਘ ਕੋਸ਼ਾਲ ਸ਼ੇਰੈਂ[1]। — [1]ਕੁਸ਼ਾਲ ਸਿੰਘ।
ਲਰੈਂ ਕਜੋਂ ਨ ਮੋ ਸੋਂ ਅਬੀ ਹ੍ਵੈ ਅਗੇਰੈਂ ॥੧੨੯॥
ਸੁਨਜੋ ਪੈਜ-ਗਢੀਏ ਕਰਮ ਸਿੰਘ ਨੈ ਯੌਂ।
ਰਿਸੈ ਕੈ ਕਹਜੋ ਖਾਨ ਪੈ ਆਨ ਕੈ ਯੌਂ।
ਅਹੋ ਮੀਰ ਸੰਭਾਰ ਸਾਰੀਰ ਚਾਹੀ[1]। — [1]ਹੇ ਮੀਰ ! ਜੇ ਤੂੰ ਆਪਣੇ ਸਰੀਰ ਦੀ ਸੰਭਾਲ ਚਾਹੁੰਦਾ ਹੈਂ।
ਕਰੋ ਵਾਰ ਪਹਿਲੇ ਰਹੈ ਹੌਸ[1] ਨਾਂਹੀਂ ॥੧੩੦॥ — [1]ਪਛਤਾਵਾ।
ਬਲੀ ਬੀਰ ਬਾਂਕੇ ਉਭੈ ਅੱਸਵਾਰੈਂ।
ਮਢੇ ਥੇ ਸੰਜੋਐਂ ਜਿਨੈ ਅੰਗ ਸਾਰੈਂ।
ਦੁਹੂੰ ਨੈਨ ਮੈਂ ਨੈਨ ਥੇ ਐਨ ਦੀਨੇ।
ਚਿਤੈਂ ਬਾਘ ਭੂਖੇ ਮਨੋ ਮਾਰ ਚੀਨੇ[1] ॥੧੩੧॥ — [1]ਮਾਨੋ (ਮਾਰ) ਸ਼ਿਕਾਰ ਨੂੰ ਦੇਖ ਕੇ ਭੁੱਖੇ ਸ਼ੇਰ ਦੇਖਦੇ ਹਨ।
ਨ ਅੱਖੈਂ ਝਮੱਕੈਂ ਫਰੱਕੈਂ ਨ ਅੰਗਾ।
ਚਹੈ ਏਕ ਕੋ ਦੂਸਰੋ ਕੀਨ ਭੰਗਾ।
ਤਬੈ ਕੋਪ ਖੈਰੇ-ਸ਼ਹੈਂ ਬਾਰ ਕੀਨੋ।
ਗੁਰੂ ਹਾਥ ਦੈ ਸਿੰਘ ਕੋ ਰਾਖ ਲੀਨੋ ॥੧੩੨॥
ਪੁਨਾ ਸਿੰਘ ਜੀ ਕੋਪਿ ਸੰਭਾਰ ਓਜੈਂ[1]। — [1]ਬਲ।
ਦਯੋ ਸ਼ਾਹਿ ਕੇ ਸੀਸ ਪੈ ਤੇਗ ਬੋਝੈਂ[1]। — [1]ਭਾਰ।
ਕਟਜੋ ਟੋਪ ਮੁੰਡੰ ਧਰੰ ਬਾਜ ਤਾਂਹੈਂ[1]। — [1](ਤਲਵਾਰ) ਤਿਸ (ਖੈਰੇ ਸ਼ਾਹ ਦਾ) ਟੋਪ, ਸਿਰ, ਧੜ ਤੇ ਘੋੜਾ ਕੱਟ ਕੇ।
ਧਰਾ ਮੈਂ ਧਸੱਕੀ ਗਈ ਕੋਲ ਪਾਹੈਂ[1] ॥੧੩੩॥ — [1]ਧਰਤੀ ਵਿੱਚ ਧੱਸ ਗਈ ਤੇ ਬਰਾਹ ਕੋਲ ਚਲੀ ਗਈ।
ਗਿਰਜੋ ਭੂਮਿ ਮੈਂ ਝੂਮ ਕੈ ਜਜੋਂ ਮੁਨਾਰਾ।
ਮਨੋਂ ਇੰਦ੍ਰ ਕੇ ਬੱਜ੍ਰ ਗਿਰ ਤੋਰ ਡਾਰਾ।
ਗਜਜੋ ਸਿੰਘ ਫਾਲੰਗ ਦੈ[1] ਕਿੱਲਕਾਰੀ। — [1]ਛਾਲ ਮਾਰ ਕੇ।
ਜਿਮੈ ਮਾਰਿ ਮਿਰਗਿੰਦ ਗਾਜਿੰਦ ਭਾਰੀ[1] ॥੧੩੪॥ — [1]ਜਿਵੇਂ ਸ਼ੇਰ ਭਾਰੀ ਹਾਥੀ ਨੂੰ ਮਾਰ ਕੇ।
ਬਰੈਂ ਬਾਰ[1] ਦੁਰਾਨੀਆਂ ਕੋ ਤਰੱਜਜੋ[2]। — [1]ਬਾਰ ਬਾਰ। [2]ਤਾੜਿਆ।
ਜਥੇਦਾਰ ਹਾਰਾਵਲੈ-ਖਾਂ[1] ਗਰੱਜਜੋ। — [1]ਨਾਮ।

ਅਯੋ ਕੋਪ ਕੈ ਕੇਹਰੀ ਪੈ[1] ਗਿਲਿੱਜਾ। — [1](ਕਰਮ) ਸਿੰਘ ਉੱਪਰ।
ਹਨੂਮਾਨ ਪੈ ਜਜੋਂ ਘਟੰਕਾਨ ਖਿੱਜਾ[1] ॥੧੩੫॥ — [1]ਕੁੰਭ-ਕਰਨ ਖਿਝਿਆ।
ਉਭੈ ਬੀਰ ਜੁੱਟੇ ਮਹਾਂ ਰੋਹ ਮੱਤੇ।
ਭਿਰੇ ਖੂਬ ਸੂਰੇ ਹਿਤੈਂ ਦੀਨ ਤੱਤੇ[1]। — [1](ਆਪੋ ਆਪਣੇ) ਧਰਮ ਵਾਸਤੇ ਗਰਮ ਹੋ ਕੇ।
ਭਏ ਅੰਗ ਭੰਗੈਂ ਲਰੇ ਢੂਕ ਢੂਕੈਂ।
ਗਿਰੇ ਏਕ ਹੀ ਬਾਰ ਹ੍ਵੈ ਟੂਕ ਟੂਕੈਂ ॥੧੩੬॥
ਭਏ ਮੋਖ ਭਾਗੀ ਗਏ ਤੀਰ ਈਸੈਂ[1]। — [1]ਮੁਕਤੀ ਦੇ ਹੱਕਦਾਰ ਹੋ ਕੇ ਈਸ਼ਰ ਪਾਸ ਚਲੇ ਗਏ।
ਇਸੀ ਭਾਂਤਿ ਜੂਝੇ ਕਈ ਬੀਰ ਦੀਸੈਂ।
ਦੁਹੂੰ ਓਰ ਸੈਨਾ ਤਬੈ ਬੋਲਿ ਹੱਲਾ।
ਬਕੈਂ ਯਾ ਅਲੀ ਯਾ ਅਲੀ ਐਲ ਅੱਲਾ[1] ॥੧੩੭॥ — [1]ਅਲੀ ਅਲੀ ਬੋਲਦੇ ਹਨ ਤੇ ਅੱਲਾ ਅੱਲਾ ਦਾ (ਐਲ) ਸ਼ੋਰ (ਪਾਉਂਦੇ ਹਨ)।

ਝੁਕੇ ਸਿੰਘ ਆਕਾਲ ਆਕਾਲ ਕੈ ਕੈ।
ਧਸੇ ਓਰ ਦੋਨੋ ਦੁਹੂੰ ਮੱਧ ਧੈ ਕੈ[1]। — [1]ਦੋਵੇਂ ਦਲ ਦੋਹੀਂ ਪਾਸੀਂ ਦੌੜ ਕੇ ਵਿੱਚ ਜਾ ਧਸੇ।
ਭਏ ਹੱਥ ਵੱਥੰ[1] ਚਲੇ ਬੇਗ ਖੰਡੇ। — [1]ਹੱਥੋ-ਪਾਈ ਹੋ ਗਏ।
ਜਮੰਦਾਢ[1] ਸੇਲੇ ਸਫਾਜੰਗ[2] ਦੰਡੇ[3] ॥੧੩੮॥ — [1]ਕਟਾਰਾਂ। [2]ਟਕੂਏ। [3]ਮੁਦਗਰ, ਮੂਸਲ।
ਗਦਾ ਗੁਰਜ[1] ਛੌਹੀ[2] ਚਲੈਂ ਚੱਕ੍ਰ ਚੰਡੇ[3]। — [1]ਗਦਾ ਵਰਗਾ ਲੋਹੇ ਦਾ ਸ਼ਸਤ੍ਰ। [2]ਛਵ੍ਹੀਆਂ। [3]ਤਿੱਖੇ।
ਘਨੇ ਅਸ੍ਵ ਜ੍ਵਾਨੰ ਉਭੈ ਓਰ ਖੰਡੇ[1]। — [1]ਟੁਕੜੇ ਟੁਕੜੇ ਹੋ ਗਏ।
ਚਲੀ ਤੇਗ ਸਿੰਘਾਨ ਕੀ ਬੇਗ ਐਸੇ।
ਘਨੀ ਊਪ ਆਵੈਂ ਕਹੋਂ ਸੱਭਿ ਕੈਸੇ[1] ॥੧੩੯॥ — [1](ਖ਼ਾਲਸੇ ਦੀ ਤਲਵਾਰ ਦੀਆਂ) ਬਹੁਤ ਉਪਮਾਵਾਂ ਆਉਂਦੀਆਂ ਹਨ ਸਾਰੀਆਂ ਕਿਸ ਤਰ੍ਹਾਂ ਕਹਾਂ।

ਕਬਿੱਤ:
ਬਾਘਨੀ ਸੀ ਨਾਗਨੀ ਸੀ ਦਾਵਾਨਲ ਆਗਨੀ ਸੀ,
ਲਾਗਨੀ ਸੀ ਡੀਠਕਾਰੀ ਕਾਗਨੀ ਸੀ ਘੇਰੈਂ ਹੈ[1]। — [1](ਖ਼ਾਲਸੇ ਦੀ ਤਲਵਾਰ ਮਾਰਨ ਨੂੰ) ਸ਼ੇਰਨੀ ਵਰਗੀ, (ਡੰਗਣ ਨੂੰ) ਸਪਣੀ ਵਰਗੀ, (ਸਾੜਨ ਨੂੰ) ਜੰਗਲ ਦੀ ਅੱਗ ਵਰਗੀ, (ਤਪਾਉਣ ਨੂੰ) ਪ੍ਰਤੱਖ ਅੱਗ ਵਰਗੀ, (ਲੱਗਣ ਨੂੰ) ਨਜ਼ਰ ਵਰਗੀ, ਘੇਰਨ ਨੂੰ ਕਾਂ ਦੀ ਇਸਤ੍ਰੀ ਵਰਗੀ ਹੈ।

ਡਾਕਨੀ ਸੀ ਸਾਕਨੀ ਸੀ ਜਮ ਕੀ ਜਮਾਤਨੀ ਸੀ,
ਘਾਤਨੀ ਸੀ ਦੁੱਜਨ ਨਿਪਾਤਨੀ ਅਰੇਰੈਂ ਹੈ[1]। — [1](ਦੁਸ਼ਮਣਾਂ ਦਾ ਕਲੇਜਾ ਕੱਢ ਕੇ ਖਾਣ ਨੂੰ) ਡਾਇਣ ਵਰਗੀ, (ਲਹੂ ਮਿੱਝ ਦਾ ਅਹਾਰ ਕਰਨ ਨੂੰ) (ਸਾਕਣੀ) ਜੋਗਣੀ ਵਰਗੀ, ਬਹੁਤੇ ਦੁਸ਼ਟਾਂ ਨੂੰ ਮਾਰਨ ਵਾਲੀ ਜਮ ਦੀ ਹਮ ਜਮਾਤਣ ਵਰਗੀ ਹੈ, ਵੈਰੀਆਂ ਨੂੰ (ਨਿਪਾਤਨੀ) ਨਾਸ਼ ਕਰਨ ਵਾਲੀ ਹੈ।

ਦਾਨਵੀ ਸੀ ਜਾਨਵੀ ਸੀ ਦੁਰਗਾ* ਸੀ ਗਜਾਨ ਹਰੀ,
ਮੌਤ ਮੰਜਰੀ ਸੀ ਬੀਜਰੀ ਸੀ ਚਮਕੇਰੈ ਹੈ[1]।

*ਦੁਰਗਾ ਪਾਠ ਦਿੱਲੀ ਐਡੀਸ਼ਨ ਦਾ ਹੈ, ਅੰਮ੍ਰਿਤਸਰ ਐਡੀਸ਼ਨ 'ਚ ਪਾਠ 'ਦੇਵੀ' ਛਪਿਆ ਹੋਇਆ ਹੈ।

[1]ਗਿਆਨ ਸਿੰਘ (ਕਹਿੰਦਾ ਹੈ ਖ਼ਾਲਸੇ ਦੀ ਤਲਵਾਰ ਵੈਰੀਆਂ ਦੀ ਹਿੰਸਾ ਕਰਨ ਨੂੰ) ਰਾਖਸ਼ੀ ਵਰਗੀ, (ਮੁਕਤ ਕਰਨ ਨੂੰ) (ਜਾਨਵੀ ਸੀ) ਗੰਗਾ ਵਰਗੀ, (ਸਹਾਇਤਾ ਲਈ) ਦੁਰਗਾ ਵਰਗੀ, ਦੁਸ਼ਟਾਂ ਲਈ ਮੌਤ ਦੀ (ਮੰਜਰੀ) ਕੁੰਬਲ ਵਰਗੀ ਹੈ ਤੇ ਬਿਜਲੀ ਵਾਂਗ ਚਮਕਦੀ ਹੈ।

ਕਾਲ ਕੀ ਛਰੀ ਸੀ ਕਹਿਰ ਜ਼ਹਿਰ ਕੀ ਭਰੀ ਸੀ,
ਮਹਾਂ-ਕਾਲ ਕੀ ਘਰੀ ਸੀ ਖਾਲਸੇ ਕੀ ਸ਼ਮਸ਼ੇਰੈ ਹੈ[1] ॥੧੪੦॥

[1](ਦੁਸ਼ਮਣਾਂ ਨੂੰ ਅੱਗੇ ਲਾਉਣ ਨੂੰ) ਕਾਲ ਦੀ ਛਟੀ ਵਰਗੀ, (ਦੁਸ਼ਟਾਂ ਦੇ ਫੇਫੜੇ ਪਾੜਨ ਨੂੰ) ਕਹਿਰ ਭਰੀ ਜ਼ਹਿਰ ਵਰਗੀ (ਸੰਘਾਰ ਕਰਨ ਨੂੰ) (ਮਹਾ ਕਾਲ) ਵਾਹਿਗੁਰੂ ਦੀ (ਘਰੀ) ਘੜੀ ਭਾਵ ਸੰਘਾਰ ਸ਼ਕਤੀ (ਸੀ) ਵਰਗੀ ਖ਼ਾਲਸੇ ਦੀ ਤਲਵਾਰ ਹੈ।

ਆਏ ਕਾਲ ਕਿੰਕਰ ਕਰਾਲ ਕਾਲਕਾ ਸਮੇਤ,
ਗੀਧ-ਮਾਲ ਬਿੱਕਰਾਲ ਭੂਤ ਪ੍ਰੇਤ ਕੰਤ ਕੋ[1]।

[1]ਭਿਆਨਕ ਕਾਲ ਦੇ ਦਾਸ, ਗਿਰਝਾਂ ਦੀਆਂ ਡਾਰਾਂ, ਭਿਆਨਕ ਭੂਤ, (ਪ੍ਰੇਤ ਕੰਤ) ਸ਼ਿਵ, ਕਾਲਿਕਾ ਸਮੇਤ ਆਏ।

ਭੈਰੋਂ ਭੂਤ ਜੋਗਨੀ ਜਮਾਤ ਸਜਾਰ ਸ੍ਵਾਨ ਕਾਕ,
ਨਾਰਦ ਖਵੀਸ ਔ ਬੈਤਾਲ ਜਾਲ ਜੰਤ ਕੋ[1]।

[1]ਭੈਰੋਂ, ਭੂਤ, ਜੋਗਣੀਆਂ ਦੀ ਜਮਾਤ, ਗਿੱਦੜ, ਕੁੱਤੇ, ਕਾਂ, ਨਾਰਦ (ਖਵੀਸ) ਜਿੰਨ ਅਤੇ ਬੇਤਾਲ ਆਪਣੇ ਸਾਰੇ ਜੀਆਂ ਨੂੰ ਨਾਲ ਲੈ ਕੇ (ਆਏ)।

ਖਾਨ ਪਾਨ ਪਾਇ ਕੈ ਸੁ ਇੱਛਤ ਮਚਾਇ ਧੂਮ,
ਅੱਛਰੀ ਅਕਾਸ ਆਇ ਪਾਇ ਬੀਰ ਕੰਤ ਕੋ[1]।

[1]ਅਪਛਰਾਂ ਖਾ ਪੀ ਕੇ ਤੇ ਮਨ-ਭਾਉਂਦਾਰੌਲਾ ਪਾ ਕੇ ਅਕਾਸ਼ ਤੋਂ ਆ ਕੇ ਸੂਰਮੇ ਪਤੀਆਂ ਨੂੰ (ਪਾਇ) ਪਾਉਂਦੀਆਂ ਭਾਵ ਵਰ ਦੀਆਂ ਹਨ।

ਬਨਚਰ ਨਭਚਰ ਥਲਚਰ ਮੋਦਿ ਭਰਿ,
ਆਸਿਖਾ ਉਚਾਰਿ ਜਾਤਿ ਖਾਲਸੇ ਬਿਅੰਤ ਕੋ[1] ॥੧੪੧॥

[1]ਜੰਗਲ 'ਚ ਵਿਚਰਨ ਵਾਲੇ (ਗਿੱਦੜ ਆਦਿ) ਅਕਾਸ਼ 'ਚ ਵਿਚਰਨ ਵਾਲੇ (ਇੱਲਾਂ ਆਦਿ), ਧਰਤੀ ਤੇ ਵਿਚਰਨ ਵਾਲੇ (ਕੁੱਤੇ ਆਦਿ), ਅਨੰਦ ਹੋ ਕੇ ਖ਼ਾਲਸੇ ਨੂੰ ਬੇਅੰਤ ਹੀ ਆਸ਼ੀਰ-ਵਾਦਾਂ ਕਹਿੰਦੇ ਜਾਂਦੇ ਹਨ।

ਸ੍ਵੈਯਾ:

ਜੰਗ ਅਭੰਗ ਮਚ੍ਯੋ ਜੁਗ ਓਰ,
ਸੁ ਚਾਹਵ ਜੀਤ ਕੈ ਆਹਵ ਕੇਤੀ[1]।

[1]ਦੋਹਾਂ ਪਾਸਿਆਂ ਤੋਂ ਲਗਾਤਾਰ ਜੰਗ ਹੋਇਆ (ਕੇਤੀ) ਕਿਤਨੇ ਭਾਵ ਸਾਰੇ ਹੀ (ਆਹਵ) ਜੰਗ ਜਿੱਤਣਾ ਚਾਹੁੰਦੇ ਹਨ।

ਸਿੰਘ ਕਪੂਰ ਕੇ ਹੂੰਕਤ ਹੀ[1],

[1]ਹੁੰਗਾਰਾ ਮਾਰਦਿਆਂ ਹੀ।

ਫਿਰ ਪੰਥ ਪਰਜੋ ਸਭਿ ਹੀ ਝੁਕਿ ਛੇਤੀ।
ਮਾਰ ਧਰੀ ਨ ਸੰਭਾਰ ਕਰੀ,
ਬਹੁ ਤੇਗ ਤੁਫੰਗ ਖਤੰਗਨ ਸੇਤੀ[1]।

[1]ਜਦੋਂ ਬਹੁਤੀਆਂ ਤਲਵਾਰਾਂ, ਬੰਦੂਕਾਂ ਤੇ ਤੀਰਾਂ ਨਾਲ ਮਾਰ ਕੀਤੀ ਤਾਂ ਦੁਸ਼ਮਣ ਸੰਭਲ ਨਾ ਸਕੇ।

ਹਾਨਿ ਦੁਰਾਨਿਨ ਸੈਨ ਦਲੀ,
ਜਨੁ ਮੱਤ ਗਜਿੰਦਨ ਪੋਸਤ ਖੇਤੀ[1] ॥੧੪੨॥

[1]ਮਾਰ ਕੇ ਦੁਰਾਨੀਆਂ ਦੀ ਫੌਜ ਐਉਂ ਦਲ ਦਿੱਤੀ, ਮਾਨੋ ਮਸਤ ਹਾਥੀਆਂ ਨੇ ਪੋਸਤ ਦੀ ਖੇਤੀ ਦਲ ਸੁੱਟੀ ਹੈ।

ਉੱਧਤ ਬੀਰ ਬਲੀ ਅਤਿ ਕ੍ਰੁੱਧਤ,
ਜੁੱਧਤ ਹੈਂ ਰਨ ਮੈਂ ਪ੍ਰਨ ਰੋਪੀ[1]।

[1]ਜੰਗ ਦੇ ਮੈਦਾਨ ਵਿੱਚ ਆਪਣੇ ਪ੍ਰਣ ਅਨੁਸਾਰ (ਰੋਪੀ) ਰੁਕ ਕੇ ਬਲੀ ਸੂਰਮੇਂ ਬਹੁਤੇ ਕਰੋਧ ਨਾਲ (ਉੱਧਤ) ਉੱਚੇ ਹੋ ਕੇ ਜੰਗ ਕਰਦੇ ਹਨ।

ਆਨਨ ਨਾਹਿਂ ਕਜੈਂ ਨ ਭਜੈਂ,
ਗਰੱਜੈਂ ਤਰਜੈਂ ਨ ਰਜੈਂ ਲਰਿ ਤੋ ਪੀ[1]।

[1]ਮੂੰਹ ਨਹੀਂ ਢਕਦੇ, ਨੱਠਦੇ ਨਹੀਂ, ਗੱਜਦੇ ਹਨ, ਤਾੜਦੇ ਹਨ ਤਾਂ ਭੀ ਲੜਦੇ ਹੋਏਰੱਜਦੇ ਨਹੀਂ।

ਦੋ ਦਿਸ ਤੈ ਰਿਸ ਤੈ ਬਢ ਹੀਂ,
ਕਢ ਹੀਂ ਰਵ ਮਾਰਹਿ ਮਾਰ ਸਕੋਪੀ[1]।

[1]ਦੋਹਾਂ ਪਾਸਿਆਂ ਤੋਂ ਗ਼ੁੱਸੇ ਨਾਲ ਵਧਦੇ ਹਨ, ਗ਼ੁੱਸੇ ਨਾਲ ਮਾਰ ਲੌਂ ਮਾਰ ਲੌ ਦੀ ਬਾਣੀ ਬੋਲਦੇ ਹਨ।

ਏਕ ਲਟੇ ਬਿਕਟੇ ਭਟ ਲੋਟਤ,
ਜਾਨ ਲਬਾਂ ਪਰ ਚਾਹਿ ਜਿਤੋਪੀ[1] ॥੧੪੩॥

[1]ਇਕ ਸੂਰਮੇਂ (ਬਿਕਟੇ) ਕੱਟੇ ਹੋਏ ਡਿੱਗ ਕੇ ਲੇਟਦੇ ਹਨ (ਉਨ੍ਹਾਂ ਦੀ) ਜਾਨ ਬੁਲ੍ਹਾਂ ਤੇ ਹੈ ਭਾਵ ਮਰਨ ਨੂੰ ਤਿਆਰ ਹਨ ਪਰ ਅਜੇ ਵੀ ਜਿੱਤਣ ਦੀ ਇੱਛਾ ਹੈ।

ਮਾਰਿ ਸਥਾਰ ਅਪਾਰ ਕਰਜੋ ਬਹੁ,
ਸਿੰਘਨਿ ਸੈਨ ਕਟੀ ਤੁਰਕਾਨੀ।
ਧਾਇ ਜਲੰਧਰ ਜਾਇ ਧਸੇ ਕਿਛ,
ਭੂਰ ਬਸੇ ਜਮ-ਲੋਕ ਦੁਰਾਨੀ।
ਸਿੰਘਨ ਭੀ ਨਹਿਂ ਦੇਰ ਕਰੀ,
ਬਰ ਕੈ ਮਧ ਸ਼ੈਹਰ ਕੈਹਰ ਠਾਨੀ[1]।
ਲੂਟ ਕਰੀ ਕਤਲਾਮ ਭਰੀ[1],
ਦੁਖ ਮਾਨਿ ਭਗੀ ਤਬਿ ਮੁੱਸਲਮਾਨੀ ॥੧੪੪॥
ਖਾਨ ਬੁਲੰਦ ਪੁਲੰਦ ਨਾਕਾਬਲ[1],
ਭਾਗਿ ਸੁ ਕਾਬਲ ਓਰ ਗਯੋ ਹੈ।
ਭਾਜਰ ਐਸ ਪਰੀ ਤੁਰਕੈਂ,

[1]ਸ਼ਹਿਰ ਵਿੱਚ ਵੜ ਕੇ ਕਹਿਰ ਮਚਾ ਦਿੱਤਾ।

[1]ਚੰਗੀ ਤਰ੍ਹਾਂ।

[1](ਪੁਲੰਦ) ਕਾਇਰ ਤੇ ਨਾਲਾਇਕ।

ਜਿਮ ਉੱਨੀ ਸੈ ਚੌਦਸ ਦਿੱਲੀ ਭਯੋ ਹੈ[1]।

ਭੈਣ ਕੋ ਬੀਰ ਨ ਔਰਤ ਕੋ ਪਤਿ,
ਮਾਤ ਨ ਤਾਤਹਿ ਪੂਤ ਪਯੋ ਹੈ[1]।
ਹਿੰਦੁਨ ਕੀ ਇਕ ਜਿੰਦ ਤਜੀ,
ਅਰ ਸ਼ੈਹਰ ਕੈਹਰਿ[1] ਲੂਟ ਲਯੋ ਹੈ ॥ ੧੪੫ ॥

ਦੋਹਰਾ:
ਨਾਜ਼ਮ ਨਾਸਰ ਅਲੀ ਜੋ,
ਹੁਤੋ ਜਲੰਧਰ ਵੀਚ।
ਕਿਤਿਕ ਦਿਵਸ ਇਸ ਜੰਗ ਤੈ,
ਪਹਿਲੇ ਮਰ ਗਯੋ ਨੀਚ ॥ ੧੪੬ ॥

ਚੌਪਈ:
ਤਬਿ ਵਡਭਾਗ ਸਿੰਘ ਰਿਸ ਕੈ ਕੈ।
ਹੁਕਮ ਫੇਰ ਯੌਂ ਪੰਥਹਿ ਦੈ ਕੈ।
ਕਬਰੋਂ ਨਾਸਰ-ਅਲੀ ਕਢਾਯੋ।
ਪਾਇ ਆਗ ਕੇ ਬੀਚ ਸੜਾਯੋ ॥ ੧੪੭ ॥
ਬੀਚ ਮਸੀਤਨ ਸੂਰ ਕਟਾਏ।
ਬੱਚੇ ਦੁਸ਼ਮਨ ਕੇ ਕਤਲਾਏ*।

ਤੁਰਕਨੀਆਂ ਪਕੜਾਇ ਮੰਗਾਈਂ।
ਸੁਧਾ ਛਕਾਇ ਅਨੰਦ ਪੜ੍ਹਾਈ* ॥ ੧੪੮ ॥

ਫਿਰ ਸਭ ਹੀ ਕੋ ਸੂਰ ਖੁਲਾਏ।
ਨਿਜ ਸਿੱਖਨ ਪ੍ਰਤਿ ਦਈ ਕਰਾਏ।
ਸਿੱਖਨ ਹੁਕਮ ਗੁਰੂ ਕਾ* ਮਾਨਾ।

ਦੋਸ਼ ਅਦੋਸ਼ ਔਰ ਨਹਿੰ ਜਾਨਾ ॥ ੧੪੯ ॥
ਪੁਨ ਸਮਰਥ ਕੋ ਦੋਸ਼ ਨ ਕੋਈ।
ਕਰਯੋ ਚਹਿਤ ਜੋ ਹੋਵਤ ਸੋਈ।

[1]੧੯੧੪ ਬਿ: (ਦੇ ਗ਼ਦਰ ਸਮੇਂ) ਦਿੱਲੀ (ਦਾ ਹਾਲ) ਹੋਇਆ ਹੈ।

[1]ਮਾਂ ਨੂੰ ਪੁੱਤਰ ਤੇ ਪੁੱਤਰ ਨੂੰ ਪਿਉ (ਨਹੀਂ ਲੱਭਾ)।

[1]ਕ੍ਰੋਧ ਨਾਲ।

*ਦੇਖੋ ਉੱਤ੍ਰਾਰਧ ਦੇ ਬਿਸ੍ਰਾਮ ਨੰ: ੬ ਦੇ ਅੰਕ ਨੰ: ੧੫੯, ਬਿਸ੍ਰਾਮ ਨੰ: ੭ ਦੇ ਅੰਕ ਨੰ: ੧੧੮ ਤੇ ਬਿਸ੍ਰਾਮ ਨੰ: ੧੩ ਦੇ ਅੰਕ ਨੰ: ੭ ਤੇ * ਨਿਸ਼ਾਨਾਂ ਦੀਆਂ ਪੈਰ ਟੂਕਾਂ।

*ਦੇਖੋ ਇਸੇ ਬਿਸ੍ਰਾਮ ਦੇ ਅੰਕ ਨੰ: ੮੩ ਤੇ * ਨਿਸ਼ਾਨ ਦੀ ਪੈਰ ਟੂਕ।

*ਵਡਭਾਗ ਸਿੰਘ ਸੋਢੀ ਧੀਰ ਮੱਲ ਦੇ ਪੋਤਰੇ ਦਾ ਪੜਪੋਤ੍ਰਾ ਸੀ, ਉਨ੍ਹਾਂ ਨੂੰ ਗੁਰੂ ਕੀ ਅੰਸ਼ ਹੋਣ ਕਰਕੇ ਉਸ ਦੇ ਹੁਕਮ ਨੂੰ ਗੁਰੂ ਕਾ ਹੁਕਮ ਕਿਹਾ ਹੈ। ਉਂਞ ਪੰਥ ਵਿੱਚ ਕੋਈ ਵੀ ਵਿਅਕਤੀ ਗੁਰੂ ਨਹੀਂ ਅਖਵਾ ਸਕਦਾ।

ਸਿੰਘ ਅਨੂਪ ਬ੍ਰਹਮਨ ਹੇਰੋ।
ਸਾਕਨ ਥਾ ਚਨਾਰ-ਥਲ ਕੇਰੋ[1] ॥੧੫੦॥

ਤਿਸ ਨੈ ਨਾਸਰ ਅਲੀ ਕੀ ਬੇਟੀ।
ਬਰੀ ਸੁ ਜੋਬਨ ਰੂਪ ਲਪੇਟੀ।
ਝਬਰਾ ਸਿੰਘ ਰੱਤੋ ਕਜਾਂ ਵਾਲੇ।
ਕੇਹਰ ਸਿੰਘ ਸਾਕਨ ਮੰਡਜਾਲੇ ॥੧੫੧॥
ਐਸੇ ਬਹੁ ਜੱਟ-ਸਿੱਖਨ ਬਰੀ।
ਬਾਕੀ ਮਜ਼ਬੀ-ਸਿੱਖਨ ਕਰੀ।
ਨਾਸਰ ਅਲੀ ਜੁਲਮ ਜਜੋਂ ਭਾਰੈਂ।
ਕੀਨੇ ਥੇ, ਮਧ ਪੁਰਿ-ਕਰਤਾਰੈਂ ॥੧੫੨॥
ਗੁਰੁ ਵਡਭਾਗ ਸਿੰਘ ਸੋ ਬਦਲੇ।
ਲਏ ਰਹਿਮ ਦਿਲ ਹ੍ਵੈ ਸਹਿ ਅਦਲੇ[1]।
ਪੰਥ ਖਾਲਸੇ ਕੇ ਪਰਤਾਪੈਂ।
ਪਾਈ ਫਤੇ ਮਿਟੇ ਸੰਤਾਪੈਂ ॥੧੫੩॥
ਦੀਨਾ-ਬੇਗ ਮੁਗਲ ਕੋ ਫੇਰੈਂ।
ਨਾਜ਼ਮ ਕਰਜੋ ਜਲੰਧਰ ਕੇਰੈਂ।
ਪੈਂਚ ਦੇਸ ਕੇ ਲੈ ਨਜ਼ਰਾਨੇ।
ਆਇ ਮਿਲੇ ਤਿਹ ਹਾਕਮ ਜਾਨੇ ॥੧੫੪॥
ਦੀਨਾ ਬੇਗ ਮੋਦ ਬਹੁ ਭਯੋ।
ਬੈਰ ਪਠਾਨਨ ਤੈ ਨਿਜ ਲਯੋ।
ਭਯੋ ਜਲੰਧਰ ਕਾ ਫਿਰ ਨਾਜ਼ਮ।
ਬੰਦੋਬਸਤ ਕੀਨੋ ਸਭਿ ਆਜ਼ਮ[1] ॥੧੫੫॥
ਜ਼ਜਾਫਤ[1] ਦਈ ਪੰਥ ਕੋ ਭਾਰੀ।
ਪੰਚਾਂਮ੍ਰਿਤ ਕਰਵਾਇ ਅਪਾਰੀ।
ਸੁੱਖਾ ਮਿਰਚਾਂ ਔਰ ਅਫੀਮੈਂ।
ਸਭਿ ਸਿੰਘਨ ਕੋ ਦਈ ਤਹੀਮੈਂ[1] ॥੧੫੬॥
ਦੂਸਰ ਦਿਵਸ ਪੰਥ ਢਿਗ ਆਯੋ।
ਟਕਾ ਏਕ ਲਖ ਭੇਟ ਚਢਾਯੋ।
ਸਿਰੇਪਾਉ ਸਰਦਾਰਨ ਤਾਂਈਂ।

[1]ਅਨੂਪ ਸਿੰਘ ਬ੍ਰਾਹਮਣ ਚਨਾਰਥਲ (ਸਾਕਨ) ਪਿੰਡ ਦਾ (ਰਹਿਣ ਵਾਲਾ) ਸੀ।

[1]ਇਨਸਾਫ਼ ਨਾਲ।

[1]ਵੱਡਾ।

[1]ਪ੍ਰੀਤੀ ਭੋਜਨ, ਲੰਗਰ।

[1]ਉਥੇ।

ਵਡੇ ਮੋਲ ਕੇ ਦਏ ਮਹਾਂਈਂ ॥੧੫੭॥
ਤਾਂ ਪਰ ਮੋਦ ਪੰਥ ਸਭਿ ਭਯੋ।
ਜੋ ਕੁਛ ਦਯੋ ਭੇਟ ਸੋ ਲਯੋ।
ਦੀਨਾ-ਬੇਗ ਮੁਗਲ ਕਰ ਜੋਰੈਂ।
ਪੁਨਾ ਉਚਾਰਯੋ ਐਸ ਨਿਹੋਰੈਂ[1] ॥੧੫੮॥
ਅਹੋ ਧੰਨ ਗੁਰੁ ਪੰਥ ਮਹਾਨੈਂ।
ਮੁਹਿ ਅਨਾਥ ਪਰ ਕਰਯੋ ਅਸਾਨੈਂ[1]।
ਗਈ ਨਾਜ਼ਮੀ ਫੇਰ ਦਿਵਾਈ।
ਦੀਨ ਜਾਨ ਲੀਨੋ ਅਪਨਾਈ ॥੧੫੯॥
ਦੇਗ ਤੇਗ ਕੇ ਧਨੀ ਬਿਸਾਲੇ।
ਸੂਰਬੀਰ ਸਭਿ ਸਿੰਘ ਕਮਾਲੇ[1]।
ਬਾਂਕੈ[1] ਛੈਲ[2] ਕਟੀਲੇ[3] ਸੁੰਦਰ।
ਸਭਿ ਬਿਧਿ ਸਭਿ ਹੀ ਹੈਂ ਗੁਨਿ-ਮੰਦਰ ॥੧੬੦॥

ਰਸਾਵਲ ਛੰਦ:

ਬੋਲ ਨਿਬਾਹਕ ਹਰੀ ਚੰਦ ਸਮ,
ਪਿਖਯੋ ਪੰਥ ਹਮ।
ਪਰਉਪਕਾਰੀ ਸਰਨ ਪਾਲ,
ਦਾਧੀਚ ਸ਼ਿਵੀ* ਸਮ।

ਬਿੱਕ੍ਰਮ ਸਮ ਬਡ ਬੀਰ,
ਨਿਡਰ ਸਮ ਆਹਿ ਸਿਕੰਦਰ।
ਧਰਮੀ ਭੋਜ ਅਰ ਕਰਨ ਸਾਮ[1],
ਜਾਨਯੋ ਜਗਿ ਅੰਦਰ ॥੧੬੧॥
ਦੇਗ ਤੇਗ ਕੇ ਮਰਦ,
ਗਰਦ ਦੁਸ਼ਮਨ ਕੇ ਕਰਤਾ[1]।
ਅਹੋ ਖਾਲਸਾ ਪੰਥ,
ਸਰਬ ਸਮ੍ਰੱਥ ਕੇ ਧਰਤਾ।
ਏਕ ਬਾਤ ਜੇ ਔਰ ਹੁਤੀ,
ਤੁਮਰੇ ਘਰ ਮਾਂਹੀਂ।

[1]ਬੇਨਤੀ ਨਾਲ, ਨਿੰਮ੍ਰਤਾ ਨਾਲ।

[1]ਅਹਿਸਾਨ, ਉਪਕਾਰ।

[1]ਬਹੁਤੇ।

[1]ਸਜੇ ਫਬੇ। [2]ਜਵਾਨ। [3]ਬਹਾਦਰ।

*ਦਧੀਚ ਤੇ ਸ਼ਿਵੀ ਬਾਰੇ ਦੇਖੋ ਉਤ੍ਰਾਰਧ ਦੇ ਬਿਸ੍ਰਾਮ ਨੰ: ੨੯ ਦੇ ਅੰਕ ਨੰ: ੭ ਤੇ * ਅਤੇ + ਨਿਸ਼ਾਨਾਂ ਦੀਆਂ ਪੈਰ ਟੂਕਾਂ।

[1]ਭੋਜ ਤੇ ਕਰਨ ਵਾਂਗ ਧਰਮੀਂ।

[1]ਦੁਸ਼ਮਣ ਨੂੰ ਨਾਸ਼ ਕਰਨ ਵਾਲੇ।

ਸਾਤ ਵਿਲਾਇਤ ਜੀਤ ਲੇਵਤੇ,
ਤੌਂ ਦਿਲਿ ਚਾਹੀ ॥ ੧੬੨ ॥
ਕਹਜੋ ਪੰਥ ਵਹਿ ਕੌਨ ਬਾਤ,
ਜੋ ਹਮਰੇ ਨਾਂਹੀਂ।
ਦੀਨਾ-ਬੇਗ ਫਿਰ ਕਹਜੋ,
ਕਹਿਤ ਮੈਂ ਡਰੌਂ ਮਹਾਂਹੀਂ।
ਮਤ ਕਿਤ ਸੁਨ ਕਰਿ, ਸਿੰਘ ਕੋਊ
ਨਾਹਿੰਗ ਕੋਪ ਕਰਿ।
ਮਾਰਿ ਤੇਗ ਅਬਿ ਕਰੈ ਕਾਟਿ
ਹਮ ਕੋ ਹੀ ਦੁਇ-ਧਰ[1] ॥ ੧੬੩ ॥ [1]ਦੋ ਧੜ।
ਫੇਰ ਪੰਥ ਹਸ ਕਹਜੋ,
ਕੋਊ ਨਹਿਂ ਤੁਮ ਕੋ ਮਾਰੇ।
ਦੀਨਾ-ਬੇਗ ਫਿਰ ਕਹਜੋ,
ਫੂਟ ਇਕ ਤੁਮੈਂ ਮਝਾਰੇ।
ਬਾਤ ਏਕ ਕੀ, ਨਾਹਿਂ
ਕਬੀ ਮਾਨਤ, ਤੁਮ ਸਭਿ ਹੀ।
ਪਾਤਿਸ਼ਾਹਿ ਸਭਿ ਬਨਜੋ ਚਹਿਤ,
ਇਕ ਇਕ ਜਗਿ ਅਬਿ ਹੀ ॥ ੧੬੪ ॥
ਅੱਗਾ ਤੁਮਰਾ ਸ਼ੇਰ ਕੇਰ,
ਗਾਦਰ[1] ਕਾ ਪੀਛਾ। [1]ਗਿੱਦੜ।
ਨਹਿਂ ਦੂਸਰ ਕੀ ਕਬੀ ਮਾਨ ਹੈ
ਦੂਸਰ ਸੀਛਾ[1]। [1]ਸਿੱਖਿਆ।
ਅੱਗਜੋਂ ਜੀਤਤਿ ਮੁਲਖ,
ਨਾਹਿਂ ਪੀਛੇ ਸੰਭਾਰਤ।
ਰਾਜਨੀਤਿ ਕੀ ਬਾਤ ਘਾਤ[1], [1]ਦਾਅ।
ਨਹਿਂ ਜਰਾ ਵਿਚਾਰਤ ॥ ੧੬੫ ॥
ਫਿਰਤ ਲੁਟੇਰੇ ਬਨੇ ਧਾਰਵੀ
ਦਿਵਸ ਬਿਤੈ ਹੋ।
ਨਹਿਂ ਰਜਧਾਨੀ ਰਚਤ ਏਕ,
ਨਹਿਂ ਨ੍ਰਿਪ ਥਵੈ ਹੋ।

ਨਿਜ ਨਿਜ ਹੁਕਮ ਚਲਾਇ,
ਕਰਤ ਆਪਸ ਮੈਂ ਭਾਰਥ[1]। [1]ਜੰਗ।
ਏਕ ਇਕਾਯਤ ਬਿਨਾਂ[1], [1]ਏਕੇ ਬਿਨਾਂ।
ਲਾਖ ਗੁਨ ਲਖੋ ਅਕਾਰਥ ॥੧੬੬॥
ਦੀਨਾ-ਬੇਗ ਨੁਵਾਬ ਬਾਤ
ਇਤਯਾਦਿਕ ਜਬਿ ਹੀ।
ਰਾਜਨੀਤਿ ਕੀ ਕਹੀ ਰੀਤਿ,
ਸੁਖ-ਦਾਇਕ ਸਭਿ ਹੀ।
ਸੁਨ ਕਰਿ ਤਬਿ ਪੁਨ ਪੰਥ ਕਹਯੋ,
ਯਹਿ ਠੀਕ ਹਮਾਰੇ।
ਬਾਤ ਜਿਤਿਕ ਤੁਮ ਕਹੀ,
ਵਰਤ ਹੈ ਪੰਥ ਮਝਾਰੇ ॥੧੬੭॥
ਇਤਯਾਦਿਕ ਬਹੁ ਬਾਤ,
ਨੀਤ ਕੀ ਕਰੀ ਜੁ ਤਾ ਨੈ[1]। [1]ਤਿਸ ਦੀਨਾ ਬੇਗ ਨੇ।
ਮਾਨ ਪੰਥਿ ਸਭਿ ਲਈ,
ਕਹਯੋ ਜੱਸੇ ਸਿੰਘ ਵਾ ਨੈ[1]। [1]ਉਸ ਨੂੰ।
ਤੁਮ ਕੋ ਨਹਿਂ ਕੁਛ ਖਬਰ,
ਪੰਥ ਕਾ ਮਾਲਕ ਹੈ ਗੁਰੁ।
ਜੈਸ ਕਰਾਵਤ ਕਰਤ ਪੰਥ,
ਨਟ ਪੁਤਰੀ ਜਯੋਂ ਫੁਰ[1] ॥੧੬੮॥ [1]ਜਿਵੇਂ ਨਟ ਪੁਤਲੀ ਤੋਂ (ਫੁਰ) ਛੇਤੀ ਕਰਾਉਂਦਾ ਹੈ।
ਸੁਨਿ ਯਕੀਨ ਕੀ ਬਾਤ,
ਮੋਦ ਹ੍ਵੈ ਪਾਇ ਬਿਦਾਈ।
ਚੱਲਿਓ ਦੀਨਾ ਬੇਗ, ਚਲਤਿ[1] [1]ਚਲਣ ਵੇਲੇ।
ਫਿਰ ਕਹਯੋ ਸੁਨਾਈ।
ਜਯੋਂ ਤੁਮ ਗੁਰੁ ਕੇ ਸਿੱਖ,
ਕੇਸਧਾਰੀ ਸਭਿ ਨੀਕੇ।
ਤਯੋਂ ਹਮ ਭੋਡਾ[1] ਸਿੱਖ, [1]ਰੋਡਾ।
ਜਾਨਤੇ ਰਹੀਓ ਠੀਕੇ ॥੧੬੯॥
ਗੁਰੁ ਘਰ ਕੀ ਕੁਛ ਟਹਲ,
ਮੁਝੇ ਕਹੀਓ ਫਿਰ ਬੇਸ਼ਕ।

ਸੱਜਨ ਸਹਾਇਕ ਅਹੇ,
ਖਾਲਸਾ ਹੀ ਹਮਰੋ ਇਕ।
ਚਲਤ ਬੇਰ ਕਰ ਜੋਰਿ,
ਬੇਨਤੀ ਐਸ ਕਹੀ ਫਿਰ।
ਮਾਤ ਪਿਤਾ ਮਮ ਪੰਥ,
ਪੰਥ ਹੀ ਉਭੈ ਲੋਕ ਧਿਰ[1] ॥੧੭੦॥
ਖੁਸ਼ੀ ਪੰਥ ਕੀ ਪਾਇ,
ਰਹਯੋ ਨੈਵਾਬ ਜਲੰਧਰ।
ਪੰਥ ਮੋਦ ਭਰਿ ਚਢਯੋ,
ਅਯੋ ਕਰਤਾਰ-ਪੁਰੰਦਰ[1]।
ਵਡਭਾਗ ਸਿੰਘ ਗੁਰੁ[1], ਕਰਯੋ
ਤਹਾਂ ਅਸਥਾਪਨ ਨੀਕੇ।
ਬਨਵਾਏ ਗੁਰੁ-ਦ੍ਵਾਰ
ਥੰਮ ਸਾਹਿਬ ਲੌ ਠੀਕੇ ॥੧੭੧॥
ਸਭਿ ਸਰਦਾਰਨ ਕਰਿ ਸਲਾਹਿ,
ਫਿਰ ਆਪਸ ਮਾਂਹੀਂ।
ਦਈ ਜਗੀਰ ਅਪਾਰ,
ਲਾਇ ਗੁਰੁ ਹੇਤ ਤਹਾਂਹੀ[1]।
ਵਡਭਾਗ ਸਿੰਘ ਗੁਰੁ ਰਹਯੋ ਤਹਾਂ,
ਫਿਰ ਔਰ ਪੰਥ ਸਭਿ।
ਚੜ੍ਹਿ ਅੰਮ੍ਰਿਤਸਰ ਆਇ,
ਉਤਰਯੋ ਮੋਦ ਹੋਇ ਤਬਿ ॥੧੭੨॥

ਦੋਹਰਾ:

ਸਨ ਪੁਰਾਨ ਸੈ ਦਸ ਵਿਖੇ[1],
ਭਈ ਗਾਥ ਯਹਿ ਸਾਰ।
ਪੂਰਨ ਭਯੋ ਅਧਜਾਇ ਅਬਿ,
ਯਹਿ ਸਬਿ ਗਾਥ ਉਚਾਰਿ ॥੧੭੩॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਯਾਨ ਸਿੰਘ ਵਿਰਚਿਤੇ 'ਅਹਿਮਦ ਸ਼ਾਹਿ ਕਾ ਆਵਨ, ਸੁੱਖਾ ਸਿੰਘ ਸ਼ਹੀਦੀ ਪਾਈ, ਜਲੰਧਰ ਮਾਰਨ', ਪ੍ਰਸੰਗ ਬਰਨਨੰ ਨਾਮ ਸੈਂਤੀਸਮੋਂ ਬਿਸ੍ਰਾਮ ॥੩੭॥

[1]ਦੋਹਾਂ ਲੋਕਾਂ ਦਾ ਆਸਰਾ।
[1]ਕਰਤਾਰ ਪੁਰ ਦੇ ਅੰਦਰ।
[1]ਗੁਰੂ (ਕੀ ਵੰਸ਼ ਵਿੱਚੋਂ)।
[1]ਉੱਥੇ ਗੁਰੂ ਘਰ ਦੀ ਸੇਵਾ ਵਾਸਤੇ।
[1]ਸੰਮਤ ੧੮੧੦ ਬਿ: ਵਿੱਚ।

੩੮. {ਮਰਹੱਟਿਆਂ ਦਾ ਪੰਜਾਬੋਂ ਜਾਣਾ, ਜਹਾਨ ਖਾਨ ਨਾਲ ਪੰਥ ਦਾ ਜੰਗ, ਅਹਿਮਦ ਸ਼ਾਹ ਦੁਰਾਨੀ ਦਾ ਪ੍ਰਸੰਗ}

ਦੋਹਰਾ:

ਭਏ ਦੀਨ ਜਨ ਅਵਨਿ-ਪਤਿ,
ਜਿਨ ਕੇ ਪਦ ਜੁਗ ਸੇਵਿ[1]।

[1]ਜਿਨ੍ਹਾਂ ਸਤਿਗੁਰਾਂ ਦੇ ਦੋਹਾਂ ਚਰਨਾਂ ਦੀ ਸੇਵਾ ਕਰ ਕੇ ਗਰੀਬ ਲੋਕਰਾਜੇ ਹੋ ਗਏ।

ਤਿਸ ਗੁਰੁ ਸਪਤਮ ਕੋ ਨਮੋ,
ਕਰੋਂ ਤਰੋਂ ਭਵ ਏਵਿ[1] ॥੧॥

[1]ਤਿਨ੍ਹਾਂ ਸੱਤਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਨਮਸਕਾਰ ਕਰਦਾ ਹਾਂ, ਇਸ ਤਰ੍ਹਾਂ ਮੈਂ ਸੰਸਾਰ ਸਮੁੰਦਰ ਤੋਂ ਤਰ ਜਾਵਾਂਗਾ।

ਸ੍ਵੈਯਾ:

ਪੂਰਬ ਗਾਥ[1] ਭਲੇ ਸੁਣ ਕੈ,
ਹਿਤ ਸਾਥ ਸਰੋਤਨਿ ਫੇਰ ਵਖਾਨਾ।
ਔਰ ਕਹੋ ਕਵਿ, ਕੈਸ ਭਈ?
ਫਿਰ ਗਾਥ ਸਭੈ, ਹਮ ਚਾਹਿਤ ਜਾਨਾ।
ਦ੍ਵੈ ਕਰ ਜੋਰਿ ਕਹ੍ਯੋ ਕਵਿ ਨੈ,
ਸੁਨੀਏ ਗੁਰੁ ਖਾਲਸਾ ਜੀ ਸੁਖ-ਦਾਨਾ।
ਗਾਜ਼ੀ ਸੁ ਦੀਨ ਵਜ਼ੀਰ ਗਜੈ ਜਿਮ[1],
ਸਿੰਘਨ ਸੋਂ ਲਰਿ ਹੈ ਮੁਗਲਾਨਾ ॥੨॥

[1]ਪਹਿਲੀ ਕਥਾ।

[1]ਜਿਵੇਂ ਗੱਜੇਗਾ।

ਕਬਿੱਤ:

ਦੌਰਗੇ ਦੁਰਾਨੀ ਜਬਿ ਹਾਰ ਕੈ ਜਲੰਧਰ ਤੈ,
ਗਾਜ-ਦੀਂ ਵਜ਼ੀਰ ਤਬਿ ਪਾਇ ਯਹਿ ਸਾਰ[1] ਹੈ।
ਫੌਜ ਲੈ ਮਰੱਟਜੋਂ ਕੀ ਮੱਦਦ ਅਪਾਰ ਸੰਗ,
ਨਜੀਬ-ਖਾਂ ਸ-ਜੰਗ[1] ਦਯੋ ਦਿੱਲੀ ਤੈ ਨਿਕਾਰ ਹੈ।
ਆਲਮ-ਗੀਰ ਸਾਨੀ[1] ਬਾਦਸ਼ਾਹਿ ਕਾ ਵਜ਼ੀਰ ਭਯੋ,
ਲਯੋ ਨਿਜ ਹਾਥ ਬਾਦਸ਼ਾਹੀ ਸਭਿ ਕਾਰ ਹੈ।
ਨਾਜ਼ਮ ਸਮੁੰਦ ਖਾਨ ਥਾ ਦੁਰਾਨਿ ਕਾ ਪਠਾਨ[1],
ਬੀਚ ਸਰਹੰਦ ਹੁਤੋ ਆਕੀ ਨਿਰਧਾਰ ਹੈ[1] ॥੩॥
ਗਾਜ-ਦੀਨ ਆਜ਼ਮ ਵਜ਼ੀਰ[1] ਨਾਹਿੰ ਧੀਰ ਧਰੀ,
ਮਰਟਜੋਂ ਕੀ ਮੱਦਦ ਲੈ ਧਾਯੋ ਆਯੋ ਤਾਂਹਿ ਪੈ।

[1]ਇਹ ਖ਼ਬਰ।

[1]ਜੰਗ ਕਰਕੇ।

[1]ਦੂਜਾ ਆਲਮ-ਗੀਰ।

[1]ਸਮੁੰਦ ਖਾਂ ਸੂਬਾ ਸਰਹੰਦ ਦੁਰਾਨੀ ਜ਼ਾਤ ਦਾ ਪਠਾਣ ਸੀ (ਦੁਰਾਨੀ-ਸੱਦੋਜ਼ਈ ਪਠਾਣ, ਦੁਰਾਨੀ ਅਖਵਾਉਂਦੇ ਹਨ।)

[1]ਨਿਸ਼ਚਾ ਕਰੋ।

[1]ਵੱਡੇ ਵਜ਼ੀਰ ਨੇ।

ਇਤ ਤੈ ਅਦੀਨਾ-ਬੇਗ ਮਿਲਯੋ ਜਾਇ ਤਾਂਹਿ ਬੇਗ[1],	[1]ਛੇਤੀ।
ਜੰਗ ਜੋਰਿ ਕੀਨੇ ਔ ਸਰੰਦ ਟੂਟੀ ਨਾਹਿੰ ਪੈ।	
ਜੋਰਿ ਕਰ[1] ਦੀਨਾ ਬੇਗ ਕਹਯੋ ਯੌਂ ਵਜੀਰ ਢਿਗ,	[1]ਹੱਥ ਜੋੜ ਕੇ।
ਸਿੰਘ ਜੌਂ ਪੈ ਆਵੈਂ ਫਤੇ ਪਾਵੈਂ ਝਟ ਯਾਂਹਿ ਪੈ[1]।	[1]ਇਸ ਸੂਬੇ ਸਰਹੰਦ ਉੱਪਰ।
ਗਾਰਤ[1] ਕਰਯੋ ਸੁ ਚੈਹੈਂ ਦਿਲੋਂ ਬੈਰੀ ਏਸ ਕੇ ਹੈਂ,	[1]ਗਰਕ।
ਜੈਹੈਂ ਜੌ ਬੁਲਾਏ ਐਹੈਂ ਲੂਟਨੇ ਕੀ ਚਾਹਿ ਪੈ[1] ॥ ੪ ॥	[1]ਜੇ ਕਰ ਬੁਲਾਏ ਜਾਣ ਤਾਂ ਲੁੱਟਣ ਦੀ ਇੱਛਾ ਕਰ ਕੇ ਆਉਣਗੇ।
ਸੁਨ ਕੈ ਵਜ਼ੀਰ ਮਨਿ ਗੁਨ ਕੈ ਹੁਕਮ ਦਯੋ,	
ਸਿੰਘਨ ਕੋ ਬੋਲਿ ਲੇਹੁ ਆਇਂ ਵਹਿ ਜਬਿ ਹੀ।	
ਤੋਰ ਕੈ ਸਰੰਦ ਕੋ ਸੁਛੰਦ[1] ਧਨ ਲੂਟ ਲੈਹੈਂ,	[1]ਸੁਤੰਤਰ ਹੋ ਕੇ।
ਖਿਲਤ[1] ਬੁਲੰਦ ਦੈਹੈਂ ਹਮ ਫਿਰ ਤਬਿ ਹੀ।	[1]ਸ਼ਾਹੀ ਪੁਸ਼ਾਕ (ਸਿਰੋਪਾਉ)।
ਤਾਂਹੀਂ ਸਮੇਂ ਦੀਨਾ-ਬੇਗ ਪਠ ਕੈ ਸਦੀਕ-ਬੇਗ,	
ਪੰਥ ਕੋ ਬੁਲਾਇ ਲਯੋ ਭੇਤ ਗਾਇ[1] ਸਭਿ ਹੀ।	[1]ਕਹਿ ਕੇ।
ਆਯੋ ਪੰਥ ਧਾਇ ਕੈ ਸਰੰਦ ਪਰ ਮੋਦ ਧਾਰਿ,	
ਦੇਖ ਕੈ ਵਜੀਰ ਕਹਯੋ ਫਤੇ ਹ੍ਵੈ ਹੈ ਅਬਿ ਹੀ ॥ ੫ ॥	
ਖਾਇ ਕੈ ਅਫੀਮ ਭੰਗ* ਹੋਇ ਕੈ ਨਿਸੰਗ ਸਿੰਘ,	*ਦੇਖ ਉੱਤ੍ਰਾਰਧ ਦੇ ਬਿਸ੍ਰਾਮ ਨੰ: ੨੧ ਦੇ ਅੰਕ ਨੰ: ੯੪ ਤੇ * ਨਿਸ਼ਾਨ ਦੀ ਪੈਰ ਟੂਕ।
ਆਯੁਧ ਸਜਾਇ ਚਢੇ ਹੋਇ ਸਭਿ ਤਯਾਰ ਹੈਂ।	
ਪਰੇ ਤਬਿ ਧਾਇ ਏਕ ਵਾਰ ਹੀ ਉਠਾਇ ਪਗ,	
ਗੁਰੂ ਕੋ ਮਨਾਇ ਬਹੁ ਹੂਲ-ਹਾਲ ਪਾਰ ਹੈਂ[1]।	[1]ਹਲਚਲੀ ਪਾਉਂਦੇ ਹਨ।
ਡਰਨ ਮਰਨ ਤੈ ਨ, ਚਰਨ ਅਗਾਰੀ ਸਭਿ ਧਰਨ,	
ਜੰਬੂਰੇ[1] ਤੋਪ ਪਰਨ ਅਸਾਰ ਹੈਂ[2]।	[1]ਛੋਟੀਆਂ ਤੋਪਾਂ। [2]ਬੇਖ਼ਬਰੇ ਪੈਂਦੇ ਹਨ।
ਝੱਟਪੱਟ ਜਾਇ ਧਾਇ ਕੋਟ ਕੋ ਲਗਾਇ ਸੀਢੀ[1],	[1]ਪੌੜੀ।
ਚਢ ਕੈ ਦਬਾਇ ਲਯੋ ਤੁਰਕਨ ਕੋ ਮਾਰ ਹੈਂ ॥ ੬ ॥	
ਜੈਸੇ ਰਾਮ ਸੈਨ ਚਢੀ ਲੰਕ ਪੈ ਨਿਸੰਕ ਐਨ[1],	[1]ਚੰਗੀ ਤਰ੍ਹਾਂ।
ਤੈਸ ਹੀ ਫਲੰਗਿ[1] ਸਿੰਖ ਚੜੇ ਕੋਟ ਧਾਇ ਕੈ।	[1]ਛਾਲਾਂ ਮਾਰ ਕੇ।
ਤੋਪ ਲਈ ਛੀਨ ਓਪ ਦੂਰ ਕੈ[1] ਪਠਾਨਨ ਕੀ,	[1]ਉਪਮਾਂ ਦੂਰ ਕਰਕੇ।
ਦਯੋ ਦਰਵੱਜਾ ਤੋਰ ਦਰਵਾਨ ਘਾਇ ਕੈ।	
ਤਈ ਫਿਰ ਛੂਟ ਕਰਿ ਲੂਟ ਔ ਕਤਲ ਪਰਿ[1],	[1]ਲੁੱਟ ਤੇ ਕਤਲ ਉੱਪਰ ਹੱਲਾ ਕਰਕੇ।

ਹਾਰ ਕੈ ਪਠਾਨ ਗਏ ਦੌਰ ਦਹਿਲਾਇ ਕੈ[1]। — [1]ਕੰਬ ਕੇ, ਡਰ ਕੇ।
ਮੁਗਲ ਮਰੱਟੇ ਪੇਖਿ ਸਿੰਘਨ ਝਪੱਟੇ[1], — [1]ਝਪਟਾਂ।
ਦਾਂਤ ਆਂਗੁਰੀ ਲੈ ਕੱਟੇ, ਔ ਸਪੱਟੇ[1] ਧਸੇ ਜਾਇ ਕੈ ॥੭॥ — [1]ਛੇਤੀ।

ਬਸੁਨ ਅਮੋਲ ਅੱਸ੍ਰ ਆਯੁਧ ਅਤੋਲ ਲੋਲ[1], — [1]ਬੇ-ਕੀਮਤੇ ਬਸਤ੍ਰ, ਚੰਚਲ ਘੋੜੇ ਤੇ ਬਹੁਤੇ ਸ਼ਸਤ੍ਰ।
ਲਏ ਬਹੁ ਟੋਲਿ ਟੋਲਿ ਸਿੰਘਨ ਸੰਭਾਰ ਕੈ।
ਮੰਦਰਾਂ ਕੇ ਅੰਦਰ ਥੀਂ ਲਯੋ ਹੈ ਕਢਾਇ ਧਨ,
ਤੀਰ ਤੇਗ ਸੇਲਨ ਕੀ ਚੋਕ[1] ਬਹੁ ਮਾਰ ਕੈ। — [1]ਹੁੱਜਾਂ।
ਦਾਰਦ ਬਿਦਾਰ ਨਿਜ[1] ਸਿੰਘ ਲੈ ਅਪਾਰ ਬਿੱਤ[2], — [1]ਆਪਣੀ ਗ਼ਰੀਬੀ ਦੂਰ ਕਰਕੇ। [2]ਬਹੁਤਾ ਧਨ।
ਆਏ ਫੇਰ ਡੇਰੇ ਸਭਿ ਚਿੱਤ ਮੋਦ ਧਾਰ ਕੈ।
ਪਕਰ ਪਠਾਨ ਲਯੋ ਨਾਜ਼ਮ[1] ਸਮੁੰਦ ਖਾਨ, — [1]ਸੂਬਾ।
ਔਰ ਅਫਗਾਨ[1] ਗਏ ਦੌਰ ਸਭਿ ਹਾਰ ਕੈ ॥੮॥ — [1]ਪਠਾਣ।

ਗਾਜ ਦੀਂ ਬਜ਼ੀਰ ਤਦਬੀਰ[1] ਕਰਿ ਫੇਰ ਸਭਿ, — [1]ਜੁਗਤੀ, (ਅ) ਜਤਨ।
ਬੰਦੋਬਸਤ ਕੀਨ ਸਰਹੰਦ ਕਾ ਵਿਚਾਰ ਹੈ।
ਨਾਜ਼ਮ ਸਦੀਕ ਬੇਗ ਮੁਗਲ ਬਨਾਯੋ ਤਹਿਂ,
ਤਹਿਦ[1] ਬਿਠਾਯੋ ਸਭਿ ਆਪਨੋ ਸੰਭਾਰ ਹੈ। — [1]ਤਹਿਤ, ਦਬਦਬਾ।
ਉਂਟ ਅੱਸ੍ਰ ਆਯੁਧ ਬਿਸਾਲ[1] ਔ ਕਮਾਲ ਧਨ, — [1]ਬਹੁਤੇ।
ਸਿੰਘਨ ਕੇ ਪਾਸ ਹੇਰਿ ਬਿਭੋ ਬਹੁ ਭਾਰ ਹੈ[1]। — [1]ਬਹੁਤ ਜ਼ਿਆਦਾ ਬਿਭੂਤੀ (ਸਮੱਗ੍ਰੀ) ਦੇਖ ਕੇ।
ਮੁਗਲ ਮਰੱਟਜੋਂ ਨੈ ਮਤਸਰ[1] ਫੱਟਜੋਂ ਨੈ, — [1]ਈਰਖਾ।
ਬੇਈਮਾਨਿ ਡੱਟਜੋਂ[1] ਨੈ ਛੀਨਬੇ ਕੀ ਧਾਰਿ ਹੈ ॥੯॥ — [1]ਬੇਈਮਾਨੀ 'ਚ ਡਟਿਆਂ ਹੋਇਆਂ ਨੇ।

ਦੀਨਾ-ਬੇਗ ਬੇਗ ਸਾਰ[1] ਦੀਨੀ ਏਹ ਖਾਲਸੇ ਕੋ, — [1]ਛੇਤੀ ਖਬਰ।
ਪੰਥ ਹ੍ਵੈ ਤਜਾਰ ਚਲਜੋ ਸੁਧਾਸਰ ਓਰ ਹੈ।
ਧੌਂਸ ਬਜਵਾਇ ਲਦਵਾਇ ਅਸਬਾਬ ਸਭਿ,
ਲਯੋ ਆਗੇ ਲਾਇ ਪਰੇ ਰਾਹਿ ਕਰਿ ਸ਼ੋਰ ਹੈਂ।
ਮੁਗਲ ਮਰੱਟੇ ਪਛੁਤਾਇ ਕੈ ਬਢਾਇ ਰੋਸ,
ਪਰੇ ਆਇ ਧਾਇ ਹਿਤ ਲੂਟਬੇ ਸਜੋਰ ਹੈਂ[1]। — [1]ਜ਼ੋਰ ਨਾਲ, ਧੱਕੇ ਨਾਲ।
ਸਿੰਘ ਹਟ ਪਾਛੇ ਆਛੇ ਲਰੇ ਖਰੇ ਹੋਇ ਖੂਬ,
ਸਾਰ ਸੰਗ ਸਾਰ[1] ਬਜਜੋ ਸਜਜੋ ਰਣ ਘੋਰ[2] ਹੈ — [1]ਲੋਹੇ ਨਾਲ ਲੋਹਾ, ਸ਼ਸਤ੍ਰ ਨਾਲ ਸ਼ਸਤ੍ਰ। [2]ਭਿਆਨਕ ਜੰਗ।

॥ ੧੦ ॥
ਮਰੇ ਅੱਸ੍ਰ ਜ੍ਵਾਨ ਜਬਿ ਜੰਗ ਮੈਂ ਮਹਾਨ, ਤਬਿ
ਸਿੰਘ ਸਬਿ ਰੋਸ ਠਾਨ ਏਕ ਬਾਰ ਪਰੇ ਹੈਂ।
ਵੱਟ ਕੈ ਕਸੀਸ[1] ਸੀਸ ਸੱਤ੍ਰਨ ਕੇ ਕਾਟਿ ਬਹੁ, — [1]ਕਚੀਚੀਆਂ ਵੱਟ ਕੇ।
ਮੁਗਲ ਮਰੱਟਜੋਂ ਕੇ ਖੱਟੇ ਦੰਦ ਕਰੇ ਹੈਂ।
ਸੱਤ੍ਰਨ ਕੋ ਮੋੜਿ ਪਾਛੇ ਆਗੇ ਸਭਿ ਸਿੰਘ ਆਛੇ,
ਦੁੰਦਭਿ[1] ਬਜਾਇ ਫੇਰ ਚਾਲੇ ਮੋਦ ਭਰੇ ਹੈਂ। — [1]ਧੌਂਸੇ।
ਖਾਯੋ ਲੂਟ ਆਪ ਜਿਨੈ ਕੌਨ ਲੂਟ ਸਕੈ ਤਿਨੈ,
ਸ਼ੇਰਿ ਦਾੜ੍ਹ ਮਾਸ ਕਿਨੈ ਲਯੋ ਬਿਨਾ ਮਰੇ ਹੈਂ
॥ ੧੧ ॥
ਦੋਹਰਾ:
ਸਤਲੁਜ ਬਜਾਸਾ ਨਾਖਿ[1] ਸਿੰਘ, — [1]ਲੰਘ ਕੇ।
ਥਿਰੇ ਸੁਧਾਸਰ ਜਾਇ।
ਗੁਰੁਦ੍ਵਾਰਨ ਕੀ ਟਹਲ ਬਹੁ,
ਕਰੀ ਮੋਦ ਮਨਿ ਪਾਇ ॥ ੧੨ ॥
ਜਿਨ ਜਿਨ ਢਿਗ ਬਹੁ ਧਨ ਅਯੋ,
ਤਿਨ ਤਿਨ ਔਰ ਅੱਸ੍ਵਾਰ।
ਹਸਬ ਹੈਸੀਯਤ ਕੇ[1] ਰਖੇ, — [1]ਤਾਕਤ ਦੇ ਅਨੁਸਾਰ।
ਬਨੇ ਘਨੇ ਸਰਦਾਰ ॥ ੧੩ ॥
ਦਿਨ ਦਿਨ ਬ੍ਰਿੱਧੀ[1] ਪੰਥ ਕੀ, — [1]ਤਰੱਕੀ।
ਲਗੀ ਹੋਨ ਤਬਿ ਭੂਰ[1]। — [1]ਬਹੁਤੀ।
ਗਾਜ਼ੀ-ਦੀਨ ਵਜੀਰ ਕੀ,
ਸੁਨੋ ਭਈ ਜਿਮ ਰੂਰ[1] ॥ ੧੪ ॥ — [1]ਸੁੰਦਰ (ਕਥਾ)।
ਪਾਧਰੀ ਛੰਦ:
ਉਤ ਗਾਜ਼ੀ-ਦੀਨ ਵਜੀਰ ਫੇਰ।
ਕਰਿ ਬੰਦੋਬਸਤ ਸਰਹੰਦ ਕੇਰ।
ਜਬਿ ਚੜ੍ਹਿ ਕਰਿ ਅਯੋ ਲਹੌਰ ਓਰ[1]। — [1]ਤਰਫ।
ਸੁਨਿ ਪਰਜੋ ਦੁਰਾਨਿਨ ਤਈਂ ਸ਼ੋਰ[1] ॥ ੧੫ ॥ — [1]ਦੁਰਾਨੀਆਂ 'ਚਰੌਲਾ ਪੈ ਗਿਆ।
ਤਬਿ ਨਾਜ਼ਮ ਮੋਮਨ-ਖਾਨ ਧੀਰ।
ਤਬਿ ਹੁਤੋ ਜੁ ਵੀਚ ਲਹੌਰ ਮੀਰ[1]। — [1]ਮੀਰ ਮੋਮਨ ਖਾਂ।

ਤਿਨ ਬੇਗਮ ਮੰਨੂ ਮੀਰ ਸੰਗ।
ਮਿਲ ਕਰਿ ਸਲਾਹਿ ਠਹਰਾਇ ਚੰਗ ॥੧੬॥
ਥੀ ਮੀਰਮੰਨੂ ਕੀ ਸੁਤਾ[1] ਜ੍ਵਾਨ। — [1]ਪੁੱਤਰੀ।
ਲਿਯ ਡੋਲਾ ਤਿਸ ਕਾ ਸੰਗ ਜਾਨ।
ਤਟ[1] ਬਜਾਸਾ ਮੋਮਨ ਮੀਰ ਆਇ। — [1]ਕਿਨਾਰੇ।
ਮਿਲ ਪਰਜੋ ਵਜੀਰਹਿਂ ਖੌਫ ਖਾਇ ॥੧੭॥
ਦਿਯ ਡੋਲਾ ਲਜਾਯੋ ਸੰਗ ਜੋਇ।
ਖੁਸ਼ ਗਾਜੀ-ਦੀਨ ਵਜੀਰ ਹੋਇ।
ਲੈ ਡੋਲਾ ਈਨ ਮਨਾਇ ਔਰ[1]। — [1]ਅਤੇ ਈਨ ਮਨਾ ਕੇ।
ਹਟ ਗਯੋ ਸੁ ਦਿੱਲੀ ਦਿਸਾ ਓਰ ॥੧੮॥
ਤਿਸ ਸੰਗ ਮਰ੍ਹੱਟੇ ਅਏ ਜੋਇ।
ਉਨ ਪਾਰ ਜਮਨ ਦਰਜਾਵ ਹੋਇ।
ਪੁਨ ਸ਼ਹਿਰ ਸਹਾਰਨ, ਹਰਿ-ਦ੍ਵਾਰ।
ਦੇਬਣ ਮੁਜ਼ੱਫਰਪੁਰਿ ਸੁਧਾਰ ॥੧੯॥
ਪਾਨੀਪਤਿ ਸੁਨਪਤਿ[1] ਅਰ ਕ੍ਰਨਾਲ। — [1]ਸੋਨੀਪਤ।
ਕੁਰਖੇਤ੍ਰ ਬਾਂਗਰ[1] ਲਿਯ ਸੰਭਾਲ। — [1]ਕੈਂਥਲ ਤੇ ਕਰਨਾਲ ਦੇ ਆਸ-ਪਾਸ ਦੇ ਇਲਾਕੇ ਦਾ ਨਾਮ।
ਮਥਰਾ ਲੌਂ ਰੋਕਜੋ ਦੇਸ ਸਾਰ[1]। — [1]ਸਾਰਾ।
ਨਿਜ ਕਬਜੇ ਕੀਨੋ ਮੁਲਕ ਭਾਰ[1] ॥੨੦॥ — [1]ਬਹੁਤਾ।
ਕੁਛ ਦਿਨ ਪਠਾਨ ਇਤ ਰਹੇ ਚੰਗ।
ਫਿਰ ਬਿਗਰੇ ਦੀਨਾ-ਬੇਗ ਸੰਗ।
ਪੁਨ ਦੀਨਾ ਬੇਗ ਵਿਚਾਰਿ ਭੇਤ।
ਮਰ੍ਹਟੇ ਬੁਲਵਾਏ ਮਦਦ ਹੇਤ ॥੨੧॥
ਦੈਨਾ ਕਰਿ ਟਕਾ[1] ਪਚੀਸ ਲਾਖ। — [1]ਰੁਪਇਆ।
ਤਬਿ ਅਏ ਮਰ੍ਹੱਟੇ ਅਧਿਕ ਮਾਖਿ[1]। — [1]ਕ੍ਰੋਧਵਾਨ ਹੋ ਕੇ।
ਜਬਿ ਪਹੁੰਚੇ ਬੀਚ ਪੰਜਾਬ ਆਇ।
ਉਤ ਮੋਮਨ-ਖਾਂ ਅਤਿ ਖੌਫ ਖਾਇ ॥੨੨॥
ਬਿਨ ਜੰਗ ਲਹੌਰਹਿਂ ਗਯੋ ਛੋਰ।
ਸਭਿ ਔਰ ਦੁਰਾਨੀ ਗਏ ਦੌਰ।
ਦਿਸ ਕਾਬਲ ਵਹਿ ਜਬਿ ਗਏ ਧਾਇ।
ਤਬਿ ਮਰ੍ਹਟਜੋਂ ਨੈ ਮਨਿ ਮੋਦ ਪਾਇ ॥੨੩॥

ਦੋਹਰਾ:
ਬਿਨ ਹੀ ਜੰਗ ਲਹੌਰ ਤਬਿ,
ਅਰ ਸਭਿ ਮੁਲਕ ਪੰਜਾਬ।
ਮਰ੍ਹਟਜੋਂ ਨੈ ਬਿਨ ਦੇਰ ਲਿਯ,
ਨਿਜ ਇਕਬਾਲ ਪ੍ਰਭਾਵ[1] ॥੨੪॥ — [1]ਆਪਣੇ ਪ੍ਰਤਾਪ ਦੇ ਅਸਰ ਨਾਲ।

ਚੌਪਈ:
ਝੁਨਕੂ-ਰਾਵ, ਮਲਾਰ-ਰਾਵ ਲਖ[1]। — [1]ਜਾਣੋ।
ਤੁੱਕੋ ਹੁਲਕਰ, ਰਘੋਰਾਵ ਦਖ[1]। — [1]ਚਤੁਰ।
ਬਾਵੂ-ਰਾਵ ਆਦਿ ਸਰਦਾਰੈਂ।
ਹੁਤੇ ਮਰ੍ਹੱਟਜੋਂ ਕੇ ਤਬਿ ਭਾਰੈਂ ॥੨੫॥
ਜਿਹਲਮ ਤਕ ਇਨ ਸਭਿ ਹੀ ਦੇਸੈਂ।
ਨਿਜ ਕਬਜੇ ਕਰਿ ਲੀਨੋ ਬੇਸੈਂ।
ਬਾਵੂ-ਰਾਵ ਅਰ ਮਾਧੋ-ਰਾਵ।
ਰਹੇ ਉਭੈ[1] ਯਹਿ ਵੀਚ ਪੰਜਾਬ ॥੨੬॥ — [1]ਦੋਵੇਂ।
ਇਨ ਢਿਗ ਫੌਜ ਛੋਡਿ ਕੁਛ ਆਛੇ।
ਔਰ ਗਏ ਮਰ੍ਹਟੇ ਹਟ ਪਾਛੇ।
ਧਨ ਪੰਜਾਬ ਤੈ ਅਨਗਨ[1] ਲੈ ਕੈ। — [1]ਅਣਗਿਣਤ।
ਨਿਜ ਨਿਜ ਤਰਫੋਂ ਹਾਕਮ ਕੈ ਕੈ ॥੨੭॥
ਨ੍ਰਿਪ ਮ੍ਰਹੱਟੇ ਨਿਜ ਨਿਜ ਠੌਰੈਂ।
ਦੱਖਨ ਓਰ ਗਏ ਕਰਿ ਗੌਰੈਂ[1]। — [1]ਖ਼ਿਆਲ ਕਰਕੇ।
ਸਜਾਲ-ਕੋਟ ਮੈਂ ਜੀਵਾ-ਰਾਵ।
ਕੋਟ ਪਠਾਨੈ ਸਾਹਿਬ-ਰਾਵ ॥੨੮॥
ਬਾਵੂ-ਰਾਇ ਲਾਹੌਰੈਂ ਰਹਯੋ।
ਮਧ ਗੁਜਰਾਤੈਂ ਸੇਵਾ ਬਹਯੋ[1]। — [1]ਗੁਜਰਾਤ ਵਿੱਚ ਸੇਵਾਰਾਉ ਬੈਠ ਗਿਆ।
ਮਰ੍ਹਟੇ ਹਾਕਮ ਯੌਂ ਸਭਿ ਠੌਰੈਂ।
ਬਨੇ ਤਬੈ ਚਕਰੈਲਨ ਤੌਰੈਂ[1] ॥੨੯॥ — [1]ਸਿਰਕੀ ਵਾਸਾਂ ਦੀ ਤਰ੍ਹਾਂ।
ਸਿੰਘ ਮਰ੍ਹੱਟੇ ਆਪਸ ਮਾਂਹੀਂ।
ਘੂਰ ਮਘੂਰੇ ਅਧਿਕ ਰਹਾਂਹੀਂ[1]। — [1]ਕਰੋਧ ਦੀ ਨਜ਼ਰ ਨਾਲ ਬਹੁਤਾ ਦੇਖਦੇ ਰਹਿੰਦੇ ਹਨ।
ਦਾਉ ਲਗੈ ਜਿਸ ਕਾ ਜਿਸ ਠੌਰੈਂ।
ਲੂਟ ਦਬਾਵੈਂ ਸੋ ਨਿਜ ਤੌਰੈਂ[1] ॥੩੦॥ — [1]ਆਪਣੇ ਢੰਗ ਨਾਲ।

ਦੁਹੂੰ ਦਿਸਾ ਤੈ ਬਢ ਕਰਿ ਕੋਈ।
ਨਾਹਿਂ ਦਬਾਇ ਸਕੈ ਇਕ ਦੋਈ[1]।
[1]ਇਕ ਦੂਜੇ ਨੂੰ।
ਕੇਤਿਕ ਦਿਵਸ ਬਿਤੇ ਜਬਿ ਐਸੇ।
ਔਰ ਸੁਨੋ ਫਿਰ ਵਰਤੀ ਜੈਸੇ ॥੩੧॥
ਸਰਹੰਦੀ ਜਾਲੰਧਰੀ ਏਤੇ[1]।
[1]ਏਧਰ ਸਰਹਿੰਦ ਤੇ ਜਲੰਧਰ ਦੇ ਸੂਬੇ।
ਟਕੇ ਹਮੇਸ਼ ਜੁ ਪੰਥਹਿ ਦੇਤੇ।
ਜਬਿ ਤੈ ਬਲ ਮਰ੍ਹਟਜੋਂ ਨੈ ਪਾਯਾ।
ਤਬਿ ਤੈ ਤਿਨ ਨਹਿਂ ਟਕਾ ਪੁਚਾਯਾ ॥੩੨॥
ਪੰਥ ਮਾਂਗ ਤਬਿ ਰਹਯੋ ਬਥੇਰਾ।
ਨਹਿਂ ਉਨ ਦੀਨੋ ਬਢ ਗਯੋ ਝੇਰਾ[1]।
[1]ਝਗੜਾ ਵਧ ਗਿਆ।
ਇਤਨੇ ਮੈਂ ਆਨੰਦ-ਪੁਰਿ ਕੇਰਾ।
ਮੇਲਾ ਨਿਕਟਿ ਅਯੋ ਜਬਿ ਹੇਰਾ[1] ॥੩੩॥
[1]ਦੇਖਿਆ।
ਇਕਠਾ ਹੋਇ ਪੰਥ ਤਬਿ ਚਾਲਾ।
ਗਿਰਦ ਜਲੰਧਰ ਮੁਲਕ ਬਿਸਾਲਾ।
ਲੂਟਯੋ ਸਿੰਘਨ ਡਾਰਯੋ ਗਦਲੇ[1]।
[1]ਗ਼ਦਰ ਪਾ ਕੇ।
ਨਿਜ ਸਦੀਵ ਕੇ ਟਕਯੋਂ ਬਦਲੇ[1] ॥੩੪॥
[1]ਆਪਣੇ ਹਮੇਸ਼ਾਂ ਦੇ ਰੁਪਇਆਂ ਦੇ ਬਦਲੇ 'ਚ।
ਕੁਛਕ ਪੰਥ ਚਲਿ ਦ੍ਵਾਬੇ ਦ੍ਵਾਬੇ।
ਪਹੁੰਚਯੋ ਆਨੰਦ-ਪੁਰੀ ਸ਼ਿਤਾਬੇ[1]।
[1]ਛੇਤੀ।
ਬਹੁ ਸਿੰਘਨ ਲਖਿ[1] ਸਤਲੁਜ ਆਈ।
[1]ਲੰਘ ਕੇ।
ਗਿਰਦ ਸਰ੍ਹੰਦਹਿ ਧੂੰਮ ਮਚਾਈ ॥੩੫॥
ਨਾਜ਼ਮ ਤਬਿ ਸਰ੍ਹੰਦ ਕੇ ਵੀਚੈਂ।
ਮੁਗਲ ਸਦੀਕ ਬੇਗ ਥਾ ਨੀਚੈਂ।
ਲੈ ਨਿਜ ਅਨੀ ਘਨੀ[1] ਵਹਿ ਧਾਏ।
[1]ਬਹੁਤੀ ਫੌਜ।
ਪਹੁੰਚਯੋ ਸਿੰਘਨ ਪਰ ਜਬਿ ਆਏ ॥੩੬॥
ਸ਼ਾਹੀਵਾਲ ਨਗਰ ਇਕ ਭਾਰਾ।
ਦੁਹਿ-ਦਿਸ ਤੈ ਵਡ ਪਰਯੋ ਅਖਾਰਾ[1]।
[1]ਜੰਗ।
ਤੋਪ ਜੰਬੂਰੇ[1] ਮੇਲਿ ਜੰਜੈਲੈਂ[2]।
[1]ਛੋਟੀਆਂ ਤੋਪਾਂ। [2]ਲੰਮੀਂ ਨਾਲੀ ਦੀਆਂ ਬੰਦੂਕਾਂ।
ਸਿੰਘਨ ਪਰ ਕੀਨੇ ਬਹੁ ਫੈਲੈਂ[1] ॥੩੭॥
[1]ਫਾਇਰ, ਵਾਰ।
ਮਾਰਿ ਸਿੰਘ ਸਭਿ ਬਿਹਬਲ[1] ਕੀਨੇ।
[1]ਵਿਆਕੁਲ।
ਏਕ ਠੌਰ ਸਿੰਘ ਹੋਣ ਨ ਦੀਨੇ।

ਉਤਰ ਰਹੇ ਥੇ ਸਿੰਘ ਜਹਾਂ ਜਹਿਂ।
ਘੇਰ ਲਏ ਤਬਿ ਤੁਰਕਨਿ ਤਹਿਂ ਤਹਿਂ ॥੩੮॥
ਜੇ ਜੇ ਸਿੰਘ ਸੰਮੁਖ ਹ੍ਵੈ ਲਰੇ।
ਅੰਗ ਅੰਗ ਤੋਪਨ ਸੋਂ ਕਰੇ।
ਸਿੰਘ ਘਨੇ ਤੁਰਕਨ ਕੋ ਮਾਰਿ।
ਮਰੇ ਅਧਿਕ ਤਹਿਂ ਕਰ ਹਥਜਾਰ[1] ॥੩੯॥
ਡੇਰਾ ਨਿਜ, ਸਿੰਘਨ ਤੈ ਛੁਟਜੋ।
ਤੁਰਕਨ ਜੋਰ ਪਾਇ ਸਭਿ ਲੂਟਜੋ।
ਲਰਤ ਭਿਰਤ ਸਿੰਘ ਚਲੇ ਅਗਾਰੀ।
ਸੈਨ ਤੁਰਕ ਕੀ ਲਗੀ ਪਿਛਾਰੀ ॥੪੦॥
ਠਹਿਰਣ ਨਾਹਿਂ ਸਿੰਘਨ ਕੌ ਦੇਹੀਂ।
ਤੋਪਨ ਕੀ ਬਹੁ ਮਾਰ ਕਰੇਹੀਂ ॥੪੧॥
ਦੋਹਰਾ:
ਖੜ੍ਹਿ ਖੜ੍ਹਿ ਅੜਿ ਅੜਿ ਸਿੰਘ ਤਬਿ,
ਲੜਿ ਲੜਿ ਫੜਿ ਫੜਿ ਜੋਰ।
ਦਿਸ[1] ਅਨੰਦ-ਪੁਰਿ ਕੀ ਚਲੇ,
ਸਨੇ ਸਨੇ ਮਗ ਹੋਰ[1] ॥੪੨॥
ਚੌਪਈ:
ਸਿੰਘਨ ਕਾ ਦਲ ਔਰ ਬੁਲੰਦੈਂ।
ਪਹੁੰਚਜੋ ਥਾ ਜੋ ਪੁਰੀ ਅਨੰਦੈਂ।
ਤਿਨ ਜਬਿ ਸਾਰ[1] ਏਹ ਸੁਨ ਪਾਈ।
ਕੋਪ ਹੋਇ ਆਏ ਸਭਿ ਧਾਈ ॥੪੩॥
ਆਇ ਬੀਜਰੀ ਸਮ ਵਹਿ ਪਰੇ।
ਮਾਰਿ ਤੁਰਕ ਬਿਹਬਲ[1] ਬਹੁ ਕਰੇ।
ਖਾਇ ਸ਼ਕਿਸਤ[1] ਤੁਰਕ ਤਬਿ ਧਾਏ।
ਧਸੇ ਵੀਚ ਸਰਹੰਦਹਿ ਜਾਏ ॥੪੪॥
ਸਿੰਘਨ ਗਿਰਦ ਸਰੰਦਹਿ ਆਈ।
ਡੇਰੇ ਲਾਇ ਗਦਲ[1] ਦਿਯ ਪਾਈ।
ਫਿਕਰ ਸਦੀਕ ਬੇਗ ਕੋ ਪਰਿਓ।
ਬੈਠਿ ਵਿਚਾਰ ਐਸ ਤਿਨ ਕਰਿਓ ॥੪੫॥

[1]ਹੱਥਾਂ 'ਚ ਸ਼ਸਤ੍ਰਾਂ ਸਣੇ।
[1]ਤਰਫ਼।
[1]ਹੌਲੀ ਹੌਲੀ ਹੋਰਰਸਤੇ।
[1]ਖਬਰ।
[1]ਵਿਆਕੁਲ।
[1]ਹਾਰ।
[1]ਗ਼ਦਰ, ਹਲਚਲ।

ਸਿੰਘ ਮਖੀਰ ਡੁਮਣੇ ਜ਼ਹਿਰੀ।
ਛੇੜ ਲਏ ਹਮ ਨਾਹੱਕ[1] ਕਹਿਰੀ[2]। — [1]ਐਵੇਂ ਹੀ। [2]ਵਖਤ ਪਾ ਦੇਣ ਵਾਲੇ।
ਅਬਿ ਯਹਿ ਚੈਨ ਲੈਨ ਕਬਿ ਦੈਹੈਂ।
ਲੂਟੈਂ ਦੇਸ ਕਲੇਸ਼ ਰਖੈ ਹੈਂ ॥੪੬॥
ਚਿਪਟਯੋ[1] ਭੂਤ ਲਏ ਬਿਨ ਬਲੀ। — [1]ਚਿੰਬੜਿਆ ਹੋਇਆ।
ਟਰ ਹੈ ਕਬਿ, ਕਰਿ ਹੈ ਨਹਿਂ ਭਲੀ।
ਯਹਿ ਵਿਚਾਰਿ ਤਿਨ ਪਿਛਲਾ ਕਰਾ[1]। — [1]ਪਿਛਲੇ ਮਾਮਲੇ ਦੇ।
ਟਕੇ[1] ਦਏ ਗਿਨ ਰਖੇ ਨ ਜਰਾ ॥੪੭॥ — [1]ਰੁਪਏ।
ਜ਼ਖਮੀ ਸਿੰਘ ਜਿਤਿਕ ਥੇ ਭਏ।
ਜ਼ਖਮਾਨੇ[1] ਤਿਨ ਕੇ ਪੁਨ ਲਏ। — [1]ਜ਼ਖ਼ਮਾਂ ਦੇ ਇਲਾਜ ਦਾ ਖ਼ਰਚ।
ਅਰ ਅਸਬਾਬ ਲੁਟਯੋ ਥਾ ਜੇਤਾ।
ਵਾਪਸ ਲਯੋ ਪੰਥ ਕਰਿ ਤੇਤਾ ॥੪੮॥
ਜੱਸਾ ਸਿੰਘ ਕਪੂਰ ਹਰੀ ਲੌ।
ਸ਼ਜਾਮ ਸਿੰਘ, ਜੈ ਸਿੰਘ ਵਰੀ[1] ਤੌ[2]। — [1]ਸ੍ਰੇਸ਼ਟ। [2]ਤਦੋਂ।
ਥੇ ਸਰਦਾਰ ਜੁ ਜਖਮੀ ਭਾਰੇ।
ਰਹੇ ਮਾਲਵੇ ਮੁਲਕ ਮਝਾਰੇ ॥੪੯॥
ਨਗਰ ਡਰੌਲੀ ਗਿਰਦ ਗਰਾਮੈਂ[1]। — [1]ਚੌਫੇਰੇ ਦੇ ਪਿੰਡਾਂ ਵਿੱਚ।
ਰਹਿ ਕਰ ਜ਼ਖਮ ਮਿਲਾਏ ਤਾ ਮੈਂ[1]। — [1]ਤਿਨਾਂ (ਪਿੰਡਾਂ) ਵਿੱਚ।
ਔਰ ਪੰਥ ਸਭਿ ਗਿਰਦ ਸੁਧਾਸਰ।
ਥਿਰਯੋ ਜਾਇ ਮਨਿ ਮੋਦ ਅਧਿਕ ਭਰਿ ॥੫੦॥
ਜ਼ਖਮੀ ਰਾਜੀ ਹ੍ਵੈ ਫਿਰ ਸਾਰੇ।
ਮਿਲੇ ਆਇ ਸਭਿ ਪੰਥ ਮਝਾਰੇ।
ਸਾਰ ਅਠਾਰਾਂ ਸੈ ਥਾ ਗਿਆਰਾਂ।
ਭਈ ਗਾਥ ਇਹੁ ਤਬੈ ਉਦਾਰਾ ॥੫੧॥

ਦੋਹਰਾ:

ਅਬਿ ਸੁਨ ਗਾਜ਼ੀ-ਦੀਨ ਜਯੋਂ,
ਦਿੱਲੀ ਵੀਚ ਬਜੀਰ।
ਕਰਯੋ ਕਾਮ ਅਤਿ ਨੀਚ ਬਹੁ,
ਗਰਜਯੋ ਸਭਿ ਪਰ ਬੀਰਿ[1] ॥੫੨॥ — [1]ਸੂਰਮਾਂ ਬਣ ਕੇ।

ਚੌਪਈ:

ਸਾਨੀ[1] ਆਲਮਗੀਰ ਚੁਕੱਤਾ[2]।
[1]ਦੂਜਾ। [2]ਗੋਤ।

ਬਾਦਸ਼ਾਹਿ ਤਬਿ ਹੁਤੋ ਨਿਸੱਤਾ[1]।
[1]ਕਮਜ਼ੋਰ।

ਗਾਜ਼ੀ-ਦੀਨ ਬਜੀਰ ਤਬੈ ਹੀ।
ਨਿਜ ਕਰ[1] ਸ਼ਾਹੀ[2] ਲਈ ਸਭੈ ਹੀ ॥੫੩॥
[1]ਆਪਣੇ ਹੱਥ। [2]ਬਾਦਸ਼ਾਹੀ।

ਖੁਸ਼ ਹ੍ਵੈ ਬਾਦਸ਼ਾਹਿ ਤਬਿ ਤਾਂ ਕੋ।
ਗਾਜਦ-ਬਨਰਾ[1] ਪਦ ਦਿਯ ਬਾਂਕੋ[2]।
[1]ਸੂਰਮਿਆਂ ਦਾ ਲਾੜਾ। (ਗਾਜਦ-ਬਿਜਲੀ ਵਾਂਗ ਗੱਜਣ ਵਾਲਾ, ਸੂਰਮਾ। ਬਨਰਾ-ਲਾੜਾ।) [2]ਸੁੰਦਰ ਖ਼ਿਤਾਬ ਦਿੱਤਾ।

ਇਕ ਦਿਨ ਗਾਜ਼ੀ-ਦੀਨ ਵਜੀਰੈਂ।
ਬੈਠੋ ਹੁਤੋ ਸਭਾ ਮੈਂ ਧੀਰੈਂ ॥੫੪॥
ਔਰ ਅਮੀਰ[1] ਘਨੇ ਢਿਗ ਤਾਂਹੇਂ।
[1]ਸਰਦਾਰ।

ਬੈਠੇ ਹੁਤੇ ਕਚਹਿਰੀ ਮਾਂਹੇਂ।
ਗੰਗ ਭਾਟ[1] ਲੌ ਆਦਿਕ ਕਵੀ।
[1]ਭੱਟ।

ਆਏ ਚਲ ਕਰਿ ਤਬਿ ਹੀ ਸਭੀ ॥੫੫॥
ਥਾ ਦਿਨ ਉਤਸ਼ਵ ਕਾ[1] ਵਹਿ ਭਾਰੇ।
[1]ਖ਼ੁਸ਼ੀ ਦਾ।

ਸਭਿ ਕਵੀਓਂ ਨੈ ਕਬਿੱਤ ਉਚਾਰੇ।
ਜਥਾ ਜੋਗ ਸਭਿ ਤਈਂ ਇਨਾਮੈਂ।
ਮਿਲਜੋ ਭਏ ਸੁਨਿ ਖੁਸ਼ੀ ਤਮਾਮੈਂ ॥੫੬॥
ਫਿਰ ਬਜੀਰ ਮਨਿ ਧਰਿ ਹੰਕਾਰੇ।
ਗੰਗ ਭਾਟ ਪ੍ਰਤਿ ਕਹਜੋ ਉਚਾਰੇ।
ਤੁਮ ਹਮਰਾ ਕੁਛ ਜਸ ਕਰਿ ਲਜਾਵੋ।
ਵੀਚ ਕਚਹਿਰੀ ਆਨਿ ਸੁਨਾਵੋ ॥੫੭॥
ਹੋਵੈ ਖੁਸ਼ੀ ਸ਼ਾਹਿ ਜੋ ਸੁਨ ਕੈ।
ਦੈਹੋਂ ਮੈਂ ਇਨਾਮ ਬਹੁ ਗੁਨ ਕੈ[1]।
[1]ਵਿਚਾਰ ਕੇ।

ਕਾਲ ਪ੍ਰੇਰੇ ਗੰਗ ਤਹਾਂਈਂ।
ਠਕੁਰ ਸੁਹਾਤੀ[1] ਨਾਹਿਂ ਸੁਨਾਈ ॥੫੮॥
[1]ਮਾਲਕ (ਭਾਵ ਗ਼ਾਜੀ ਦੀਨ) ਨੂੰ ਚੰਗੀ ਲੱਗਣ ਵਾਲੀ ਕਵਿਤਾ।

ਬਿਨਾ ਵਿਚਾਰੇ ਬੋਲਜੋ ਐਸੇ।
ਹੋਤ ਨੀਤਿ[1] ਨਹਿਂ ਵਾਕਫ ਜੈਸੇ।
[1]ਰਾਜਨੀਤੀ ਦਾ।

ਤਥਾ ਹੀ:

ਦੋਹਰਾ:

ਬਨਰੇ ਤੈ ਬਨਰੀ ਭਈ, ਕੀਨੋ ਖਸਮ ਮਲ੍ਹਾਰ[1]।
[1]ਲਾੜੇ ਤੋਂ ਲਾੜੀ ਬਣ ਗਈ ਮਲਾਰਰਾਵ ਨੂੰ ਆਪਣਾ ਖਸਮ

ਬਣਾ ਲਿਆ।

ਝਾਂਟ ਨ ਖੁੱਸੀ ਜਾਟ ਕੀ, ਲੂਟ ਖਯੋ ਸੰਸਾਰ[1]।

[1]ਜੱਟ ਦਾ ਇਕਰੋਮ ਵੀ ਨਹੀਂ ਖੋਹ ਸਕਿਆ (ਉਸ ਮਲਾਰ ਨੇ) ਸੰਸਾਰ ਨੂੰ ਲੁੱਟ ਕੇ ਖਾ ਲਿਆ।

ਯਹਿ ਦੋਹਾ ਜਬਿ ਗੰਗ ਵਖਾਨਾ।
ਸੁਨਿ ਵਜੀਰ ਉਰਿ ਅਧਿਕ ਰਿਸਾਨਾ[1] ॥੫੯॥

[1]ਬਹੁਤ ਗ਼ੁੱਸੇ ਹੋਇਆ।

ਫੌਰਨ[1] ਕਹਜੋ ਜਲਾਦਨ ਤਾਂਈਂ।

[1]ਛੇਤੀ।

ਇਸ ਕੋ ਦਿਹੁ ਗਜ ਤੈ[1] ਤੁੜ-ਵਾਈ।

[1]ਹਾਥੀ ਤੋਂ।

ਜਬਿ ਹੀ ਗੰਗ ਜਲਾਦਨ ਗਹਜੋ[1]।

[1]ਪਕੜਿਆ।

ਚਲਤ ਗੰਗ ਫਿਰ ਯਾ ਬਿਧਿ ਕਹਜੋ ॥੬੦॥

ਦੋਹਰਾ:

ਕਬੀ ਨ ਗਾਂਡੂ[1] ਰਣ ਚੜ੍ਹੈ,
ਜਿਤੈ ਨ ਜੰਗ ਉਮੰਗ।
ਸਗਲ ਸਭਾ ਕੋ ਰਾਮ ਰਾਮ,
ਬਿਦਾ ਹੋਤ ਹੈ ਗੰਗ ॥੧॥

[1]ਕਾਇਰ।

ਅੜਿੱਲ ਛੰਦ:

ਯਹਿ ਸੁਨ ਪੁਨਾ ਵਜੀਰ ਕੋਪ ਮਨਿ ਬਹੁ ਭਯੋ।
ਤਬਿ ਹੀ ਗਜ ਤੈ ਗੰਗ ਤਈਂ ਤੁੜਵਾ ਦਯੋ।
ਯਾਂਹੀ ਤੈ ਸਭਿ ਸਜਾਨੇ ਲੋਕ ਵਖਾਨ ਹੈਂ।
ਹੋ ਹਾਕਮ ਕੇ ਪ੍ਰਤਿਕੂਲ[1] ਨ ਕਹੀਏ ਬਾਨਿ[2] ਹੈ ॥੬੧॥

[1]ਉਲਟ। [2]ਬਚਨ।

ਯਦਪਿ ਸਾਚੀ ਹੋਇ, ਰਿਸੈ ਸੁਨਿ ਜਾਂਹਿ ਕੋ।
ਐਸੀ ਬਾਤ ਨ ਕਹੀਏ ਕਬਿ ਹੀ ਕਾਂਹਿ ਕੋ।
ਬਾਤਨ ਸੋਂ ਗਜ ਪੀਠ ਬਾਤ ਸੋਂ ਪਾਇੰ ਤਰ[1]।

[1]ਗੱਲਾਂ ਨਾਲ ਹੀ ਹਾਥੀ ਦੀ ਪਿੱਠ 'ਤੇ ਸਵਾਰ ਹੋ ਜਾਈਦਾ ਹੈ ਅਤੇ ਗੱਲਾਂ ਨਾਲ ਹੀ ਹਾਥੀ ਦੇ ਪੈਰਾਂ ਥੱਲ੍ਹੇ (ਲਿਤਾੜੇ ਜਾਈਦਾ ਹੈ)।

ਹੋ ਕਰਿ ਜਾਨਤ ਜੇ ਬਾਤ, ਬਾਤ ਹੈ ਕਲਪ-ਤਰੁ[1] ॥੬੨॥

[1]ਕਲਪ ਬ੍ਰਿਛ।

ਭ੍ਰਿਗੁ ਲਾਤ ਕੀ ਬਾਤ, ਬਿਸ਼ਨ ਪੁਜਵਾ ਦਯੋ[1]।

[1]ਭ੍ਰਿਗੁ ਦੀ ਵਿਸ਼ਨੂੰ ਨੂੰ ਲੱਤ ਵੱਜਣ ਤੋਂ ਵਿਸ਼ਨੂੰ ਵੱਲੋਂ ਕਹੀ ਗਈ ਗੱਲ (ਕਿ ਮੇਰਾ ਸਰੀਰ ਦੈਂਤਾਂ ਨਾਲ ਲੜਦਿਆਂ ਬੱਜਰ ਵਰਗਾ ਸਖ਼ਤ ਹੈ, ਤੁਹਾਡੇ ਚਰਨਾਂ ਨੂੰ ਤਕਲੀਫ਼ ਹੋਈ ਹੋਵੇਗੀ) ਨੇ ਵਿਸ਼ਨੂੰ ਦੀ ਪੂਜਾ ਕਰਵਾ ਦਿੱਤੀ।

ਬਾਤ ਕਹਨ ਪਰ, ਗ੍ਰਹਨ ਸੁਰ ਸਸਿ ਲਾ ਲਯੋ[1]।

[1]ਇਹ ਗੱਲ ਕਹਿਣ ਕਰ ਕੇ (ਕਿ ਇਹ 'ਰਾਹੂ ਦੈਂਤ ਹੈ' ਇਸ ਨੂੰ

ਅੰਮ੍ਰਿਤ ਕਿਉਂ ਦੇ ਦਿੱਤਾ) ਸੂਰਜ ਤੇ ਚੰਦ ਨੇ ਆਪਣੇ ਆਪ ਨੂੰ ਗ੍ਰਹਿਣ ਲਵਾ ਲਿਆ।

ਪਾਂਡਵ ਬਿਪਤਾ ਸਹੀ, ਕੌਰਵੋਂ ਘਾਤ ਹੈ[1]।
[1](ਦਰੋਪਤੀ ਵੱਲੋਂ ਇਹ) ਗੱਲ ਕਹਿਣ ਨਾਲ ਹੀ (ਕਿ ਅੰਧੇ ਕੇ ਅੰਧ ਰਹੇ) ਪਾਂਡਵਾਂ ਨੇ ਬਿਪਤਾ ਸਹਾਰੀ ਅਤੇ ਗੱਲ ਕਹਿਣ ਕਰ ਕੇ ਹੀ (ਕਿ ਅਸੀਂ ਪਾਂਡਵਾਂ ਨੂੰ ਸੂਈ ਦੇ ਨੱਕੇ ਜਿੰਨੀ ਜਗ੍ਹਾ ਵੀ ਨਹੀਂ ਦੇ ਸਕਦੇ) ਕੌਰਵਾਂ ਦਾ ਨਾਸ਼ ਹੋਇਆ।

ਹੋ ਬਾਤ ਸਮਾਨ ਨ ਮੁਲਾਕਾਤ ਕਰਾਮਾਤ ਹੈ[1] ॥੬੩॥
[1]ਗੱਲ ਵਰਗੀ ਕੋਈ ਮੁਲਾਕਾਤ ਨਹੀ, ਗੱਲ ਹੀ ਕਰਾਮਾਤ ਹੈ।

ਕਬਿੱਤ:

ਏਕ ਬਾਤ ਕੀਨੀ[1] ਲੀਨੀ ਲੰਕ ਜੌ ਬਭੀਖਨ ਨੈ,
[1]ਇਕ ਗੱਲ (ਰਾਵਨ ਦੇ ਮਰਨ ਦੇ ਭੇਦ ਦੀ) ਕੀਤੀ।

ਬਾਤ ਚੂਕ ਗਯੋ ਗਯੋ ਰਾਵਨ ਬਖਯਾਤ ਹੈ[1]।
[1]ਗੱਲ (ਰਾਮ ਚੰਦਰ ਨਾਲ ਨਿੰਮ੍ਰਤਾ ਨਾਲ ਮਿਲਣ ਦੀ) ਉੱਕ ਗਿਆ ਜਿਸ ਕਰਕੇ ਰਾਵਣ ਪ੍ਰਗਟ ਹੀ ਸੰਸਾਰ ਤੋਂ ਚਲਿਆ ਗਿਆ।

ਬਾਤ ਹੀ ਕੇ ਉਤਪਾਤ ਜਾਦਵ ਭਏ ਹੈਂ ਘਾਤ[1],
[1]ਗੱਲ ਦੇ ਹੀ ਉਪੱਦ੍ਰਵ ਕਰ ਕੇ (ਦੁਰਬਾਸ਼ਾ ਨੂੰ ਹੋਰ ਰਿਸ਼ੀਆਂ ਵਾਂਗ ਮੁੰਡਿਆਂ ਨੇ ਮਖੌਲ ਕਰਨ ਲਈ ਕ੍ਰਿਸ਼ਨ ਦੇ ਪੁੱਤਰ ਸਾਂਭ ਕੇ ਆਪਣੇ ਪੇਟ ਤੇ ਕਪੜੇ ਬੰਨ੍ਹ ਕੇ ਇਸਤ੍ਰੀ ਦਾ ਰੂਪ ਬਣਾ ਕੇ ਪੁੱਛਿਆ ਸੀ ਕਿ ਇਸ ਔਰਤ ਨੂੰ ਕੀ ਜੰਮੇਂਗਾ ਤਾਂ ਦੁਰਬਾਸ਼ਾ ਨੇ ਕਿਹਾ ਤੁਹਾਡੀ ਕੁਲ ਦਾ ਨਾਸ਼ਕ) ਜਾਦਵਾਂ ਦੀ ਕੁਲ ਨਾਸ਼ ਹੋ ਗਈ।

ਬਾਤ ਪੈ ਬਿਸ਼ਿਸਟ ਤਾਤ ਮਾਰੇ ਗਾਂਧਿ-ਤਾਤ ਹੈਂ[1]।
[1]ਗਾਂਧ ਦੇ ਪੁੱਤਰ ਵਿਸ਼ਵਾਮਿਤ੍ਰ ਨੇ ਇਸ ਗੱਲ ਉੱਪਰ ਗ਼ੁੱਸਾ ਕਰ ਕੇ (ਕਿ ਇਹ ਮੈਨੂੰ ਬ੍ਰਹਮ ਰਿਸ਼ੀ ਦੀ ਥਾਂ ਰਾਜ-ਰਿਸ਼ੀ ਕਿਉਂ ਕਹਿੰਦਾ ਹੈ) ਵਸ਼ਿਸ਼ਟ ਦੇ ਪੁੱਤਰ ਮਾਰ ਸੁੱਟੇ।

ਬਾਤ ਹੀ ਪੈ ਮਿੱਤ੍ਰ ਸੱਤ੍ਰ, ਸੱਤ੍ਰ ਮਿੱਤ੍ਰ ਹੋਤ ਜਨ,
ਮਾਨ ਅਪਮਾਨ ਜਗ ਬਾਤ ਹੀ ਸੈਂ ਪਾਤ ਹੈ[1]।
[1]ਗੱਲ ਨਾਲ ਹੀ ਲੋਕ ਮਿੱਤ੍ਰ ਤੋਂ ਵੈਰੀ ਤੇ ਵੈਰੀ ਤੋਂ ਮਿੱਤ੍ਰ ਬਣ ਜਾਂਦੇ ਹਨ। ਆਦਰ ਤੇ ਨਿਰਾਦਰ ਵੀ ਜਗਤ ਵਿੱਚ ਗੱਲ ਨਾਲ ਹੀ ਪਾਈਦਾ ਹੈ।

ਬੰਧ ਮੋਖ ਜੀਵ ਬ੍ਰਹਮ ਬਾਤ ਹੀ ਸੈਂ ਹੋਵਤ ਹੈ[1],
[1]ਬੱਝਣਾ ਤੇ ਮੁਕਤ ਹੋਣਾ, ਜੀਵ ਤੇ ਬ੍ਰਹਮ ਬਣਨਾ ਗੱਲ ਨਾਲ ਹੀ ਹੋ ਜਾਂਦਾ ਹੈ।

ਬਾਤ ਕਰ ਜਾਨੈ ਤਬਿ ਬਾਤ ਕਰਾਮਾਤ ਹੈ ॥੬੪॥
ਬਾਤ ਏਕ ਹੀ ਮੇਂ ਲੀਓ ਗੁਰੂ ਤੈ ਅਖੰਡ ਬਰ,
ਫੂਲ ਬੰਸਰਾਜ ਜਾ ਤੈਂ ਅਬਿ ਲੌਂ ਕਰਾਤ ਹੈ।

ਬਾਤ ਹੀ ਸੋਂ ਮਨ ਤਨ ਧਨ ਜਨ ਹਰ ਲੇਤ[1],
[1]ਪੁਰਸ਼ ਚੁਰਾ ਲੈਂਦੇ ਹਨ।

ਬਾਤ ਰਾਜ ਸਾਜ ਦੀਹ ਦੌਲਤੈਂ ਦਿਲਾਤ ਹੈ[1]।
[1]ਗੱਲ ਹੀਰਾਜ ਦੀ ਸਮੱਗ੍ਰੀ ਤੇ ਭਾਰੀ ਦੌਲਤ ਦਿਵਾ ਦੇਂਦੀ ਹੈ।

ਬਾਤ ਹੀ ਸੈਂ ਫੀਲ[1] ਕੀ ਅੰਬਾਰੀ ਪੈ ਸਵਾਰੀ ਲੇਤ,
[1]ਹਾਥੀ।

ਏਕ ਬਾਤ ਪਾਇ ਤਰੇ ਫੀਲ ਕੇ ਤੁੜਾਤ ਹੈ[1]।
ਬਾਤਨ ਸੋਂ ਬਸੀਕਾਰ ਮੰਤ੍ਰ ਜੰਤ੍ਰ ਤੰਤ੍ਰ ਜਗ[1],
ਬਾਤ ਕਰਿ ਜਾਨੇ ਤਬਿ ਬਾਤ ਕਰਾਮਾਤ ਹੈ ॥ ੬੫ ॥

[1]ਹਾਥੀ ਦੇ (ਪੈਰਾਂ) ਹੇਠ ਤੁੜਾਏ ਜਾਂਦੇ ਹਨ।
[1]ਜਗਤ ਵਿੱਚ ਵਸ ਕਰਨ ਵਾਲੇ ਮੰਤ੍ਰ, ਜੰਤ੍ਰ ਤੇ ਤੰਤ੍ਰ ਗੱਲਾਂ ਨਾਲ ਹੀ ਹਨ।

ਦੋਹਰਾ:
ਬਾਤ ਚੁਕਨ ਤੈ ਘਾਤ ਭੌ,
ਯਦੀ ਗੰਗ ਕਵਿ ਆਪ।
ਵਹਿ ਫਿਰ ਪਾਪ ਸ੍ਰਾਪ ਜਜੋਂ,
ਭਯੋ ਵਜੀਰਹਿਂ ਬਾਪ[1] ॥ ੬੬ ॥

[1]ਉਹ ਪਾਪ ਦਾ ਸਰਾਪ ਵਜ਼ੀਰ ਦਾ ਪਿਉ ਹੋ ਕੇ ਮਿਲਿਆ ਭਾਵ ਵਜ਼ੀਰ ਦੁਖੀ ਹੋਇਆ।

ਜਬਿ ਤੈ ਹਿੰਦੁਸਤਾਨ ਤੈ,
ਗਾਜ਼ੀ-ਦੀਨ ਵਜ਼ੀਰ।
ਦਏ ਦੁਰਾਨੀ ਦੂਰ ਕਰਿ,
ਭਏ ਪਠਾਨ ਤਗੀਰ[1] ॥ ੬੭ ॥

[1]ਦੁਖੀ।

ਦਿਲ ਤੈ ਉਨ ਕੇ, ਲਾਗ ਕੀ,
ਆਗ ਰਹੀ ਥੀ ਲਾਗ[1]।
ਜੁਰਮ ਸਮੀਰ ਬਜੀਰ ਕੇ,
ਪਈ ਅਖੀਰੈਂ ਜਾਗ[1] ॥ ੬੮ ॥

[1]ਦੁਸ਼ਮਣੀ ਦੀ ਅੱਗ ਲੱਗ ਰਹੀ ਸੀ।
[1]ਵਜ਼ੀਰ ਦੇ ਜ਼ੁਲਮਾਂ ਰੂਪ ਹਵਾ ਨਾਲ ਅੰਤ ਨੂੰ ਬਲ ਪਈ।

ਖਾਨ ਨਜੀਬ ਪਠਾਨ ਜੋ,
ਹੁਤੋ ਰੁਹੇਲਾ[1] ਬੀਰ।
ਗਢ-ਨਜੀਬ ਮੈ ਤਾਂਹਿ ਕੋ,
ਘੇਰਯੋ ਜਾਇ ਵਜੀਰ ॥ ੬੯ ॥

[1]ਖ਼ੈਬਰ ਦੇ ਪਠਾਣਾਂ ਦੀ ਇਕ ਜ਼ਾਤੀ।

ਲਲਿਤ ਪਦ ਛੰਦ:
ਹ੍ਵੈ ਕਰਿ ਦੁਖੀ ਨਜੀਬ ਖਾਨ ਅਤਿ,
ਨਿਜ ਮੱਦਦ ਹਿਤ ਤਬਿ ਹੀ।
ਫੌਰਨ ਕਾਬਲੇਸ ਬੁਲਵਾਯੋ,
ਭੇਤ ਪਠਯੋ ਲਿਖਿ ਸਭਿ ਹੀ।
ਟਕਾ ਬੀਸ ਲਖ ਖਰਚ ਸਫਰ ਕਾ,
ਦੈਨਾ ਕੀਨੋ ਤਾਂਹੀਂ।
ਯਾਂ ਤੈ ਅਹਿਮਦ ਸ਼ਾਹਿ ਦੁਰਾਨੀ,

ਆਯੋ ਕੋਪ ਮਹਾਂਹੀਂ ॥੭੦॥
ਉਤਰਜੋ ਅਟਕ ਉਰਾਰ[1] ਕਟਕ[2] ਲੈ,
ਤੀਨ ਲਾਖ ਜਬਿ ਜੰਗੀ।
ਛੋਡਿ ਪੰਜਾਬ ਮਰੁੱਟੇ ਰਹਿਟੇ[1],
ਭਏ ਕੁਰੰਗ ਕੁਰੰਗੀ[1]।
ਮੁਲਕੀ ਲੋਗ ਗਰਾਮਨ ਧਾਮਨ,
ਨਿਜ ਤਜਿ ਚਲੇ ਪਲਾਈ[1]।
ਠੌਰਹਿਂ ਠੌਰ ਭਾਜੜਾਂ ਪਰੀਆਂ,
ਡਰ ਗਿਲਜਜੋਂ[1] ਤੈ ਖਾਈ ॥੭੧॥
ਨਿਜ ਨਿਜ ਜਾਨਾਂ ਲੈ ਕਰਿ ਸਭਿ ਜਨ,
ਹਿੰਦੂ ਲੋਕ ਪਹਾਰੀਂ।
ਧਸੇ ਕਿਤਿਕ, ਬਹੁ ਬਸੇ ਮਾਲਵੇ,
ਉਜਰੇ ਨਗਰ ਹਜ਼ਾਰੀਂ।
ਤਬਿ ਕੇ ਥੇਹ ਪੜੇ ਹੈਂ ਅਬਿ ਲੌਂ,
ਬੀਚ ਪੰਜਾਬ ਅਪਾਰੇ।
ਕਤਲ ਕਰਤ ਅਰ ਲੁਟਤ ਮਾਰਤ,
ਗਿਲਜੇ ਅਏ ਡਰਾਰੇ[1] ॥੭੨॥
ਸਿੰਘ ਜੰਗਲੋਂ ਮੈਂ ਧਸਿ ਬੈਠੇ,
ਮੰਗਲ ਅਧਿਕ ਮਨਾਵੈਂ।
ਰਹੈਂ ਉਦੰਗਲ[1] ਮੈਂ ਨਿਤ ਰਾਜੀ,
ਲੁਟ ਬੈਰੀਅਨ ਖਾਵੈਂ।
ਅਹਿਮਦ-ਸ਼ਾਹਿ ਪੰਜਾਬ ਵੀਚ, ਨਿਜ
ਹਾਕਮ ਛੋਡ ਅਪਾਰੈਂ।
ਧਾਇ ਜਾਇ ਫਿਰ ਧਸਿਓ ਦਿੱਲੀ,
ਕਰਤਾ ਮਾਰੋ ਮਾਰੈਂ ॥੭੩॥
ਧਾਂਕ[1] ਨ ਕਿਨੈ ਸਹਾਰੀ ਤਿਸ ਕੀ,
ਜੰਗ ਨ ਕਿਨਹੂੰ ਲੀਨਾ।
ਗਾਜ਼ੀ-ਦੀਨ ਬਜੀਰ ਤਈਂ ਫੜਿ,
ਕੈਦ ਸਖਤ ਤਿਹ ਕੀਨਾ।
ਤਿਸ ਕੇ ਹੁਤੇ ਰਫੀਕ[1] ਜਿਤਿਕ ਜਨ,

[1]ਉਰਲੇ ਕਿਨਾਰੇ। [2]ਫੌਜ।
[1]ਹਲਟ (ਵਾਂਗ ਪਿੱਛੇ ਨੂੰ ਮੁੜ ਪਏ)।
[1]ਖੋਟੇਰੰਗ ਵਾਲੇ ਹਰਨ ਹੋ ਗਏ ਭਾਵ ਦੌੜ ਗਏ।
[1]ਦੌੜ ਚੱਲੇ।
[1]ਗਿਲਜੇ-ਮਤੀ ਪਠਾਣਾਂ ਦੀ ਇਕ ਸ਼ਾਖ।
[1]ਡਰਾਉਣੇ।
[1]ਜੰਗ।
[1]ਦਬਦਬਾ।
[1]ਸਾਥੀ।

ਸਦਹਾ ਸਹਿਂ ਦੁਸ਼ਵਾਰੀ[1]।
ਕੇਤਿਕ ਕਰੇ ਸੰਗੀਨ[1] ਕੈਦ ਮੈਂ,
ਕਰੇ ਹਲਾਕ ਅਪਾਰੀ[1] ॥੭੪॥
ਜਾਇਦਾਦ ਕਰਿ ਜਪਤ ਸਭਿਨਿ ਕੀ,
ਟਕਾ ਕਈ ਲਖ ਲੀਓ।
ਪੁਨ ਬਜੀਰ-ਆਜ਼ਮ[1] ਮੱਧ ਦਿੱਲੀ,
ਖਾਨ ਨਜੀਬਹਿ ਕੀਓ।
ਟਕਾ ਬੀਸ ਲਖ ਖਰਚੇ ਕਾ ਸਭਿ,
ਤਿਸ ਤੈ ਸ਼ਹਿ ਪੁਨ ਲੈ ਕੈ।
ਜਾਇ ਅਲੀ-ਗਢ ਫੇਰ ਛੁਡਾਯੋ,
ਮਰੁਟਜੋਂ ਤੈ ਰਣ ਕੈ ਕੈ ॥੭੫॥
ਲੂਟ ਅਲੀਗਢ ਕੋ, ਫਿਰ ਮਥੁਰਾ
ਲੂਟੀ ਭਲੇ ਬਨਾਈ।
ਬਿਨ ਹੀ ਜੰਗ ਆਗਰਾ ਲੀਨੋ,
ਲਯੋ ਭਰਤ-ਪੁਰਿ ਜਾਈ।
ਭੂਪਤਿ ਤਬਿ ਰਣਜੀਤ ਸਿੰਘ[1] ਨੈ,
ਰਖਯੋ ਭਰਤ-ਪੁਰਿ ਕਾਯਮ।
ਜੰਗ ਸੰਗ ਸ਼ਹਿ ਕੀਨੋ ਐਸਾ,
ਰਹੈ ਯਾਦ ਜੋ ਦਾਯਮ[1] ॥੭੬॥
ਬਾਹਰ ਤੈ ਪੁਨ ਜੱਟ ਮਰੁੱਟੇ,
ਲਾਖੋਂ ਲੋਗ ਲੁਟੇਰੇ।
ਆਇ ਚੁਤਰਫੋਂ ਗਿਰਦ ਸ਼ਾਹਿ ਕੇ,
ਭਏ ਅਧਿਕ ਬਿਨ ਦੇਰੇ।
ਨਿਸ ਦਿਨ ਲਸ਼ਕਰ ਬਾਦਸ਼ਾਹਿ ਮੈਂ,
ਲੂਟ ਮਾਰ ਬਹੁ ਪਾਰੈਂ[1]।
ਆਖਰ ਸ਼ਾਹਿ ਪਿਛਾਰੀ ਲੌਟਯੋ,
ਹ੍ਵੈ ਕਰਿ ਬਹੁਤ ਲਚਾਰੈਂ[1] ॥੭੭॥
ਝੁਨਕੂ ਰਾਵ[1] ਘੁਮੇਰ[2] ਵੀਚ ਤਬਿ,
ਰਹਯੋ ਸ਼ਾਹਿ ਤੈ ਆਕੀ।
ਅਹਿਮਦ-ਸ਼ਾਹਿ ਦੁਰਾਨੀ, ਦਿੱਲੀ

[1]ਸੈਂਕੜੇ ਬੰਦੇ ਮੁਸ਼ਕਲਾਂ ਸਹਾਰਦੇ ਹਨ।
[1]ਸਖ਼ਤ।
[1]ਬਹੁਤੇ ਮਾਰ ਦਿੱਤੇ।
[1]ਵੱਡਾ ਵਜ਼ੀਰ।
[1]ਇਹ ਭਰਤ-ਪੁਰ ਦਾ ਰਾਜਾ ਸੀ।
[1]ਹਮੇਸ਼ਾਂ।
[1]ਪਾਉਂਦੇ ਹਨ।
[1]ਦੁਖੀ।
[1]ਨਾਮ ਮਰਹੱਟਾ। [2]ਸ਼ਹਿਰ।

ਠਹਿਰ ਕੁਛਕ ਦਿਨ ਬਾਕੀ।
ਲੁਟ ਮਾਰਿ ਬਹੁ ਲੈ ਨਜ਼ਰਾਨੇ,
ਪਹੁੰਚਜੋ ਫੇਰ ਲਹੌਰੈਂ।
ਮੁਲਕ ਪੰਜਾਬ ਵੀਚ ਨਿਜ ਹਾਕਮ,
ਕਾਯਮ ਕਰਿ ਸਭਿ ਠੌਰੈਂ ॥੭੮॥
ਜੈਨ-ਖਾਨ ਨਿਜ ਤਰਫੋਂ ਨਾਜ਼ਮ[1],
ਵੀਚ ਸਰੂੰਦ ਬਨਾਯੋ।
ਵੀਚ ਲਹੌਰ ਕਾਬਲੀ-ਮਲ ਕੋ,
ਨਾਜ਼ਮ ਕਰਿ ਬੈਠਾਯੋ।
ਕਾਸ਼ਮੀਰ ਮੁਲਤਾਨ ਪਿਸ਼ਾਵਰ,
ਕਲਾਨੌਰ ਜਾਲੰਧਰ।
ਹਾਕਮ ਕਾਯਮ ਕਰੇ ਆਪਣੇ,
ਮੁਲਕ ਸਭੀ ਇਸ ਅੰਦਰ ॥੭੯॥

[1]ਸੂਬਾ।

ਦੋਹਰਾ:
ਪੰਥ ਖਾਲਸੇ ਕੀ ਕਥਾ,
ਸੁਨੋ ਭਈ ਅਬਿ ਜੈਸ।
ਐਸੇ ਗਦਲ ਮਹਾਨ ਮੈ[1],
ਸਿੰਘ ਰਹੈਂ ਕਿਮ ਬੈਸ ॥੮੦॥

[1]ਵੱਡੀ ਹਲਚਲ ਵਿੱਚ।

ਚੌਪਈ:
ਲੋਗ ਦੁਰਾਨੀ ਹਿੰਦੁਸਤਾਨੈਂ।
ਲੂਟ ਜੁ ਹਟੈਂ ਪਿਛਾਰੀ ਆਨੈਂ[1]।
ਵੀਚ ਪੰਜਾਬ ਸਿੰਘ ਤਿਨ ਤਾਂਈਂ।
ਸਾਬਤ ਜਾਨ ਨ ਦੈਨ ਕਦਾਂਈਂ ॥੮੧॥

[1]ਹਟ ਕੇ ਪਿੱਛੇ ਨੂੰ ਆਉਂਦੇ ਹਨ।

ਬਲਕਿਨ ਬਾਦਸ਼ਾਹਿ ਕਾ ਲਸ਼ਕਰ।
ਲੂਟਜੋ ਸਾਮ ਡਕੈਤੈਂ ਤਸਕਰ[1]।
ਨੂਰਦੀਨ ਕੀ ਪਾਸ ਸਰਾਂਏਂ।
ਇਕ ਦਿਨ ਸਿੰਘਨ ਮਤਾ ਮਤਾਏ[1] ॥੮੨॥
ਲੂਟਯੋ ਸ਼ਾਹੀ ਅਧਿਕ ਖਜ਼ਾਨਾ।
ਆਯੁਧ ਅੱਸ੍ਰ ਲਏ ਬਿਧਿ ਨਾਨ੍ਹਾ।
ਇਸੀ ਹੇਤ ਤੈ ਰਿਸ ਬਹੁ ਸ਼ਾਹੈਂ।

[1]ਡਾਕੂਆਂ ਤੇ ਚੋਰਾਂ ਵਾਂਗ।

[1]ਪੱਕੀ ਸਲਾਹ ਕਰਕੇ।

ਨੇਸਤ[1] ਕਰ ਸਿੰਘਨ ਕੋ ਚਾਹੈ ॥ ੯੩ ॥ — [1]ਨਾਸ਼।
ਸਿਪਹਿ ਸਾਲਾਰ[1] ਜਹਾਨ-ਖਾਨ ਕੋ। — [1]ਸੈਨਾਪਤੀ।
ਪਠਯੋ ਸੈਨ ਦੈ ਸਿੰਘਨ ਹਾਨਿ ਕੋ[1]। — [1]ਨਾਸ਼ ਕਰਨ ਨੂੰ।
ਕਈ ਠੌਰ ਸਰਦਾਰ ਦੁਰਾਨੀ।
ਲਗੇ ਫਿਰਨ ਲੈ ਫੌਜ ਮਹਾਂਨੀ ॥ ੯੪ ॥
ਫਿਰੈਂ ਸਿੰਘ ਸਭਿ ਆਗੇ ਭਾਗੇ।
ਗਿਲਜੇ ਫਿਰੈਂ ਪਿਛਾਰੀ ਲਾਗੇ।
ਜਿਸ ਜਿਸ ਝੱਲ ਮਾਂਹਿ ਸਿੰਘ ਧਸੈਂ।
ਗਿਲਜੇ ਜਾਇ ਤਹਾਂ ਹੀਂ ਗ੍ਰਸੈਂ ॥ ੯੫ ॥
ਕਈ ਬਾਰ ਹ੍ਵੈ ਸਨਮੁਖ ਲਰੇ।
ਮਾਰ ਘਨੇ ਸੱਤ੍ਰੁਨ ਕੋ ਮਰੇ।
ਤੌ ਭੀ ਕਹੂੰ ਨ ਟਿਕਨੇ ਪਾਏ।
ਆਖਰ ਛੋਰਿ ਪੰਜਾਬ ਸਿਧਾਏ ॥ ੯੬ ॥
ਕਿਤਿਕ ਮਾਲਵੇ ਕਿਤਿਕ ਪਹਾਰਨਿ।
ਇਤ ਉਤ ਧਸੇ ਸਿੰਘ ਸਭਿ ਝਾਰਨਿ।
ਧਾਮ ਗਰਾਮ ਸਿੰਘਨ ਕੇ ਲੂਟੇ।
ਪਕਰੇ ਗਏ ਜੁ ਸੋ ਨਹਿਂ ਛੂਟੇ ॥ ੯੭ ॥

ਦੋਹਰਾ:

ਹਾਠੂ ਸਿੰਘ ਲੌ ਸਿੰਘ ਤਬਿ,
ਦਸਕ ਬੀਰ ਵਡ ਭਾਰ।
ਪਕਰੇ ਆਏ ਸ਼ਾਹਿ ਢਿਗ,
ਸੁਨੋ ਗਾਥ ਤਿਨ ਸਾਰਿ[1] ॥ ੯੮ ॥ — [1]ਸਾਰੀ।

ਚੌਪਈ:

ਸਿਦਕੀ ਸਿੱਖ ਹੁਤੇ ਵਹਿ ਸੂਰੇ।
ਹਠੀ ਤਪੀ ਜਤ ਸਤ ਮੈਂ ਪੂਰੇ।
ਜਬਿ ਸ਼ਹਿ ਕੇ ਸਨਮੁਖ ਵਹਿ ਆਏ।
ਕਹਯੋ ਸ਼ਾਹਿ ਤੁਮ ਕੌਨ ਕਹਾਏ[1] ॥ ੯੯ ॥ — [1](ਆਪਣੇ ਆਪ ਨੂੰ) ਕੀ ਅਖਵਾਉਂਦੇ ਹੋ।
ਹਮ ਹੈਂ ਸਿੰਘ ਹਾਠੂ ਸਿੰਘ ਗਾਯੋ।
ਸ਼ਾਹਿ ਕਹਯੋ ਤੁਮ ਕੂਰ ਅਲਾਯੋ।
ਜੇ ਤੁਮ ਸਾਚੇ ਸਿੰਘ[1] ਸਦੈ ਹੈਂ। — [1]ਸ਼ੇਰ।

ਤੌ ਤੁਮ ਤੈ ਗਜ[1] ਡਰ ਭਗ ਜੈਹੈਂ ॥ ੯੦ ॥
ਜੇ ਤੁਮ ਕੌ ਪਿਖਿ ਡਰੈ ਨ ਫੀਲੈਂ[1]।
ਤੌ ਤੁਮ ਗੀਦੀ ਸਜਾਰ ਬਖੀਲੈਂ[1]।
ਯੌਂ ਕਹਿ ਸ਼ਾਹਿ ਫੀਲ ਮੰਗ-ਵਾਯੋ।
ਸਿੰਘਨ ਮਨ ਮੈਂ ਗੁਰੂ ਧਯਾਯੋ ॥ ੯੧ ॥
ਗੇਰੇ ਸਿੰਘ ਬਾਂਧਿ ਗਜ-ਆਗੇ।
ਮਾਰਿ ਚੀਕ ਗਜ ਚਲਿਓ ਭਾਗੇ।
ਖੂੰਨੀ ਗਜ ਸਿੰਘਨ ਪਰ ਔਰੈਂ।
ਢੋਏ ਕਈ, ਗਏ ਪਿਖਿ ਦੌਰੈਂ ॥ ੯੨ ॥
ਮਾਰਿ ਮਾਰਿ ਫੀਲਨ ਵਹਿ ਲਜਾਵਨ।
ਸਿੰਘਨ ਪਰ ਚਹਿੰ ਚੋਟ ਕਰਾਵਨ।
ਚੀਕਾਂ ਮਾਰਿ ਉਲਟਿ ਗਜ ਭਾਗੈਂ।
ਨਹਿੰ ਆਵੈਂ ਸਿੰਘਨ ਦਿਸ ਆਗੈਂ ॥ ੯੩ ॥
ਸਿੰਘ ਗਜਨ ਕੋ ਕੇਹਰ ਦੀਸੈਂ।
ਡਰਤੇ ਨਿਕਟਿ ਨ ਆਇ ਸਕੀਸੈ[1]।
ਹਿੰਦੂ ਤੁਰਕ ਸ਼ਾਹਿ ਦੁਰਾਨੀ।
ਪਿਖਿ ਸਭਿ ਅਚਰਜ ਰਹੇ ਮਹਾਂਨੀ ॥ ੯੪ ॥
ਫੇਰ ਸ਼ਾਹਿ ਸਿੰਘਨ ਕੋ ਕਹਯੋ।
ਬਨੋ ਤੁਰਕ ਜੇ ਜੀਵਨ ਚਹਯੋ।
ਹਾਠੂ ਸਿੰਘ ਕਹਯੋ ਫਿਰ ਤਾਂ ਹੈ।
ਹੋ ਮਰਦੂਦ ਬਿਅਦਲੀ ਸ਼ਾਹੈ[1] ॥ ੯੫ ॥
ਮੌਤ ਰਹੈ ਜੇ ਤੁਰਕਨ ਸਿਰ ਪੈ।
ਮਰੈਂ ਈਮਾਨ ਤਜਾਗ ਕਿਉ ਫਿਰ ਪੈ।
ਜਾਨ ਸਭੈ ਹਮ ਦੈਨੀ ਚਾਹੈਂ।
ਪਰ ਨਿਜ ਸਿਰ ਸੋਂ ਸਿਦਕ ਨਿਬਾਹੈਂ ॥ ੯੬ ॥
ਲਾਲਚ ਬਹੁਤ ਦਿਖਾਯੋ ਸ਼ਾਹੈਂ।
ਸਿਦਕ ਤਜਯੋ ਜਬਿ ਸਿੰਘਨ ਨਾਹੈਂ।
ਆਖਰ ਸ਼ਾਹਿ ਸਿੰਘ ਮਰਵਾਏ।
ਕੀਨੋ ਦੁਸ਼ਟ ਅਨਰਥ ਮਹਾਂਏ[1] ॥ ੯੭ ॥
ਉਸੀ ਜਮਾਨੇ ਮੈਂ ਲਿਹੁ ਹੇਰੀ।

[1]ਹਾਥੀ।
[1]ਕਾਇਰ ਗਿੱਦੜ।
[1]ਚੁਗ਼ਲ (ਅ) ਸੂਮ।
[1]ਨੇੜੇ ਨਹੀਂ ਆ ਸਕਦੇ।
[1]ਹੇ ਰੱਦੀ ਤੇ ਬੇ-ਇਨਸਾਫ਼ ਬਾਦਸ਼ਾਹ।
[1]ਬਹੁਤਾ ਪਾਪ।

ਰਾਇਕੋਟੀਏ ਮਿਲੇ ਮਲੇਰੀ[1]।
ਆਲਾ ਸਿੰਘ ਪਰ, ਇਨ ਮਿਲਿ ਚੁਗਲੀ।
ਜਾਇ ਸ਼ਾਹਿ ਢਿਗ, ਯਾ ਬਿਧਿ ਉਗਲੀ[1] ॥ ੯੮ ॥
ਅਹੇ ਸਿੰਘਨ ਕਾ ਵਡ ਸਰਦਾਰਾ।
ਆਲਾ ਸਿੰਘ ਡਕੈਤ ਅਪਾਰਾ।
ਬਿਨ ਤੰਬੀਹ[1] ਦਏ ਅਬਿ ਤਿਸ ਕੋ।
ਸਿੰਘ ਬਸਨ ਫਿਰ ਦੈਹੈਂ ਕਿਸ ਕੋ ॥ ੯੯ ॥
ਯਹਿ ਸੁਨਿ ਸ਼ਾਹਿ ਸੈਨ ਬਹੁ ਦੈ ਕੈ।
ਖਾਨ-ਬੁਲੰਦ ਪਠਯੋ ਰਿਸ ਕੈ ਕੈ।
ਖਾਨ-ਬੁਲੰਦ ਪਹੁੰਚ ਬਰਨਾਲੇ।
ਮਾਰ ਲੂਟ ਤਿਨ ਕਰੀ ਬਿਸਾਲੇ ॥ ੧੦੦ ॥
ਪਕਰ ਲਯੋ ਆਲਾ ਸਿੰਘ ਤਾਂਈਂ।
ਫਿਰ ਛੂਟਯੋ ਯੌਂ ਬਯੋਂਤ ਬਨਾਈ।
ਸ਼ਾਹਿ-ਵਲੀ ਵਜ਼ੀਰ ਕੇ ਜ਼ਰੀਏ[1]।
ਟਕਾ ਏਕ ਲਖ ਦੀਨੋ ਭਰੀਏ ॥ ੧੦੧ ॥
ਕਰਾ ਭਰਨ[1] ਆਗੇ ਲਿਖ ਦਯੋ।
ਮੇਲ ਸ਼ਾਹਿ ਸੋਂ ਭਲ ਕਰਿ ਲਯੋ।
ਇਮ ਕਰਿ ਆਲਾ ਸਿੰਘ ਬਿਨ ਢਿੱਲੀ।
ਬਾਦਸ਼ਾਹਿ ਕੀ ਚੁੱਕੀ ਚਿੱਲੀ[1] ॥ ੧੦੨ ॥
ਦੋਹਰਾ:
ਆਲਾ ਸਿੰਘ ਤਬਿ ਸ਼ਾਹ ਤੈ,
ਖਿਲਤ[1] ਇਜ਼ਤ ਬਡ ਪਾਇ।
ਛੁਟਿ ਬਰਨਾਲੇ ਫਿਰ ਗਯੋ,
ਕਰਯੋ ਪੁੰਨ ਬਹੁ ਭਾਇ ॥ ੧੦੩ ॥
ਏਕ ਸਾਲ ਤਕ ਸ਼ਾਹਿ ਤਬਿ,
ਰਹਿ ਕਰਿ ਸ਼ਹਿਰ ਲਹੌਰ।
ਚੜ੍ਹਿ ਫਿਰ ਕਾਬਲ ਦਿਸ ਗਯੋ,
ਬੰਦੋਬਸਤ ਕਰਿ ਗੌਰ ॥ ੧੦੪ ॥

[1](ਅਤੇ) ਮਲੇਰਕੋਟਲੇ ਵਾਲੇ।
[1]ਕਹੀ।
[1]ਨਸੀਹਤ (ਅ) ਦੰਡ, ਸਜ਼ਾ।
[1]ਵਲੀ ਸ਼ਾਹ ਵਜ਼ੀਰ ਦੇਰਾਹੀਂ।
[1]ਟੈਕਸ ਭਰਨਾ।
[1]ਅਧੀਨਗੀ ਰੂਪ ਚਿੱਲੀ।
[1]ਸਿਰੋਪਾਉ, ਬਾਦਸ਼ਾਹ ਵੱਲੋਂ ਮਿਲੀ ਪੁਸ਼ਾਕ, ਜੋ ਸਨਮਾਨ ਦਾ ਚਿੰਨ੍ਹ ਹੈ।

ਨਿਜ ਸੁਤ ਸ਼ਾਹਿ-ਤੈਮੂਰ ਕੋ,
ਸਭਿ ਸੂਬਜੋਂ ਪਰ ਸ਼ਾਹਿ।
ਗਯੋ ਬਨਾਇ ਪੰਜਾਬ ਮੈਂ,
ਰਹ੍ਯੋ ਲਹੌਰ ਸੁ ਚਾਹਿ ॥੧੦੫॥
ਇਤ ਦਿਸ ਸਭਿ ਹੀ ਪੰਥ ਫਿਰ,
ਰਹ੍ਯੋ ਮਾਲਵੇ ਆਇ।
ਸੇਵਾ ਸਿੱਖਨ ਬਹੁ ਕਰੀ,
ਮਲਵੱਯਨ ਮਨ ਲਾਇ ॥੧੦੬॥

ਪਰਹਾ ਛੰਦ:

ਬੀਕਾਨੇਰ ਪਤੀ ਅਰ ਜੈਸਲਮੇਰ ਪਤੀ ਕਾ ਦੰਗਾ।
ਉਸੀ ਸਮੇਂ ਬਹੁ ਹੋਇ ਰਹ੍ਯੋ ਥਾ,
ਆਪਸ ਮਾਹਿੰ ਅਭੰਗਾ।
ਬੀਕਾਨੇਰੀ ਭੂਪ ਪੰਥ ਕੋ
ਬੋਲਿ[1], ਖਰਚ ਦੈ ਐਨਾ[2]।
ਜੈਸਲਮੇਰ ਫਤੇ ਕਰਵਾਈ,
ਔਰ ਟਕਾ ਕਿਯ ਦੈਨਾ ॥੧੦੭॥
ਕਰਿ ਕੈ ਕਾਮ ਫਤੇ ਤਿਹ ਸਿੰਘਨ,
ਟਕਾ ਜਬੈ ਨਿਜ ਚਾਹਾ।
ਨਹਿੰ ਜਬਿ ਦਯੋ ਨ੍ਰਿਪ, ਤਬਿ ਸਿੰਘਨ
ਸ਼ਹਿਰ ਲੁਟ੍ਯੋ ਫਿਰ ਤਾਂਹਾ।
ਔਰ ਮੁਲਕ ਬਹੁ ਲੂਟ ਨ੍ਰਿਪ ਕਾ,
ਧਸੇ ਮਾਲਵੇ ਆਈ।
ਫਿਰ ਗੁਰਮਤਾ ਠਾਨ ਦਿਸ ਬਾਂਗਰ,
ਕੀਨੀ ਪੰਥ ਚੜ੍ਹਾਈ ॥੧੦੮॥
ਬੋਹਜਾ, ਔਰ ਬੁਲਾਢਾ, ਮੂਣਕ,
ਰਤੀਆ, ਔਰ ਟੁਹਾਣਾ।
ਹਾਂਸੀ, ਜੀਂਦ, ਹੰਸਾਰ, ਹਰਜਾਨਾ,
ਜਾਰਜ-ਗੜ੍ਹ, ਦੂਜਾਨਾ।
ਨਾਰਨੌਲ, ਝਾਂਸੀ, ਬੁਰਵਾਲਾ,
ਝੱਜਰ, ਰੁਹਤਕ ਜਾਨੋ।

[1]ਬੁਲਾ ਕੇ। [2]ਚੰਗਾ।

ਭਜਾਣੀ, ਫਤਜਾਬਾਦ, ਸੀਕਰੀ,
ਸ਼ਾਹਜਹਾਂਪੁਰਿ, ਮਾਨੋ ॥੧੦੯॥
ਪਾਲੀ ਔਰ ਰੈਵਾੜੀ, ਪੁਸ਼ਕਰ
ਹੋਇ ਚਲੇ ਸਿੰਘ ਆਗੇ।
ਸਾਂਭਰ, ਪੁਨ ਅਜਮੇਰ ਸ਼ਹਿਰ ਕੋ,
ਲੂਟ ਅਗਾਰੀ ਭਾਗੇ।
ਜੈਪੁਰੀਏ ਕੇ ਮੁਲਕ ਵੀਚ ਜਬਿ,
ਸਿੰਘ ਧਸੇ ਕਰਿ ਧਾਈ।
ਆਯੁਧ ਨਕਦੀ ਅੱਸ੍ਵ ਲੁਟੇ ਬਹੁ,
ਗਰਦੀ ਅਧਿਕ ਮਚਾਈ ॥੧੧੦॥
ਨ੍ਰਿਪ ਜੈਪੁਰਿ ਕੇ ਦੈ ਕੁਛ ਖਰਚਾ,
ਨਜ਼ਰਾਨਾ ਸਿੰਘ ਟਾਰੇ।
ਬੀਸ ਹਜਾਰਕ ਮਿਲਜੋ ਲੁਟੇਰਾ,
ਫਿਰਤ ਹੁਤੋ ਯਹਿ ਸਾਰੇ।
ਦਸਕ ਹਜ਼ਾਰ ਸਿੰਘ ਥਾ ਤਿਨ ਮੈਂ,
ਔਰ ਲੋਗ ਥੇ ਔਰੇਂ।
ਦੇਸ ਉਜਾਰ ਮਾਰਿ ਲੁਟ ਕੀਨਾ,
ਹੜ੍ਹ ਜਜੋਂ ਫਿਰਹੀਂ ਦੌਰੇਂ ॥੧੧੧॥
ਪੰਥ ਲੁਟੇਰਾ ਹੁਤੋ ਅਧਿਕ ਸਭਿ,
ਸਿੰਘਨ ਕਾ ਸਭਿ ਜਾਨੈ।
ਬੰਦੋਬਸਤ ਕਰਿ ਸਕੈ ਕੌਨ ਤਿਨ,
ਕਾਨ ਨ ਕਾਹੂੰ ਮਾਨੈਂ।
ਅਰ ਪਤਿਸ਼ਾਹੀ ਮਾਹਿਂ ਖਰਾਬੀ,
ਗਦਲ ਮੁਲਕ ਮੈਂ ਸਾਰੇ।
ਉਸੀ ਜਮਾਨੇ ਮੈਂ ਸਭਿ ਜਾਨਤ,
ਥਾ ਪਰ ਰਹਜੋ ਅਪਾਰੇ[1] ॥੧੧੨॥
ਫਿਕਰ ਰਹਜੋ ਥਾ ਪਰ ਪੁਨ ਸਭਿ ਕੋ,
ਔਰ ਭੂਪ ਥੇ ਜੇਤੇ।
ਮਾਲ ਮੁਲਕ ਨਿਜ ਨਿਜ ਰਾਖਨ ਹਿਤ,
ਜਤਨ ਕਰਤ ਥੇ ਤੇਤੇ।

[1]ਬਹੁਤਾ (ਗ਼ਦਰ) ਪੈ ਰਿਹਾ ਸੀ। (ਗ਼ਦਰ-ਹਲਚਲ)।

ਪੰਥ ਖਾਲਸੇ ਕੀ ਤਾਦਾਰਕ[1], — [1]ਰੋਕ ਥਾਮ।
ਕੌਨ ਤਬੈ ਕਰਿ ਸੱਕੇ।
ਇਸ ਤੈ ਸਿੰਘ ਔਰ ਬਹੁ ਮੁਲਕੀ,
ਲੂਟਤ ਫਿਰੈਂ ਬਿਸ਼ੱਕੇ[1] ॥ ੧੧੩ ॥ — [1]ਬਿਨਾਂ ਸ਼ੱਕ ਤੋਂ।
ਦੌਲਤ ਆਯੁਧ ਘੋੜੇ ਯੱਦਪਿ,
ਸਿੰਘਨ ਲੁਟੇ ਅਪਾਰੀ।
ਕਰਿ ਕੈ ਸਬਰ ਨ ਹਟੇ ਪਿਛਾਰੀ,
ਬਲਕਿਨ[1] ਬਢੇ ਅਗਾਰੀ। — [1]ਸਗੋਂ।
ਅਤਿ ਹੀ ਲੋਭ ਦੇਤ ਦੁਖ ਸਭਿ ਕੋ,
ਇਸ ਮੈਂ ਸੁਨੋ ਕਹਾਨੀ।
ਜਯੋਂ ਹੇੜੀ[1] ਇਕ ਮਿਰਗ ਮਾਰਿ, — [1]ਸ਼ਿਕਾਰੀ।
ਫਿਰ ਤਜੀ ਸੂਰ ਪਰ ਕਾਨੀ[1] ॥ ੧੧੪ ॥ — [1]ਤੀਰ।
ਕਾਨੀ ਖਾਇ ਸੂਰ ਨੈ ਮਾਰਯੋ,
ਆਇ ਧਾਇ ਕਰਿ ਹੇਰੀ।
ਤੀਨੋ ਮਰੇ ਠੌਰ ਇਕ ਪਿਖ ਕੈ,
ਸਯਾਰ[1] ਭਯੋ ਖੁਸ਼ ਫੇਰੀ। — [1]ਗਿੱਦੜ।
ਨਾਚ ਟਾਪ ਗਾਦਰ ਖੁਸ਼ਿ ਹ੍ਵੈ ਕਹਿ,
ਮਿਲੇ ਮਾਸ ਮੁਹਿ ਆਛੇ।
ਪਰ ਪਹਿਲੇ ਯਹਿ ਧਨਖ ਤਾਂਤਿ ਛਕਿ[1], — [1]ਧਨੁੱਖ ਦੀ ਤੰਦੀ ਖਾ ਕੇ।
ਔਰ ਛਕੋਂਗੋ ਪਾਛੇ ॥ ੧੧੫ ॥
ਧਨਖ ਵੀਚ ਇਕ ਤੀਰ ਕਸਯੋ ਥਾ,
ਪਰਯੋ ਸੁ ਹੇਰੀ ਕੇਰਾ।
ਸੋ ਛੁਟਿ ਉਰਿ ਗਾਦਰ ਕੇ ਲਾਗਾ,
ਵਹਿ ਭਿ ਮਰਯੋ ਬਿਨ ਦੇਰਾ।
ਬਿਨ ਵਿਚਾਰ ਤਯੋਂ ਸਿੰਘ ਲੋਭ ਵਸਿ
ਭਏ, ਪ੍ਰੇਰੇ ਭਾਵੀ।
ਮੁਲਕ ਵਜੀਰ ਨਜੀਬ-ਖਾਨ ਕੇ,
ਧਸੇ ਅਗਾਰੀ ਜਾਵੀ ॥ ੧੧੬ ॥
ਨਾਜ਼ਮ ਖਾਨ-ਜਹਾਨ ਲਹੌਰੋਂ,
ਲਯੋ ਵਜ਼ੀਰ ਬੁਲਾਈ।

ਖੁਦ ਭੀ ਲੈ ਵਜ਼ੀਰ ਨਿਜ ਸੈਨਾ,
ਪਰਜੋ ਸਿੰਘਨ ਪਰ ਆਈ।
ਖਬਰ ਪਾਇ ਸਿੰਘ ਹਟੇ ਪਿਛਾਰੀ,
ਮੇਰਠ ਢਿਗ ਜਬਿ ਆਏ।
ਮਾਲ ਹੁਤੋ ਸਿੰਘਨ ਢਿਗ ਬਹੁਤਾ,
ਇਸ ਤੈ ਚਲਿਓ ਨ ਜਾਏ ॥੧੧੭॥
ਤਬਿ ਲੌਂ ਪਹੁੰਚੇ ਆਇ ਲਹੌਰੋਂ,
ਗਿਲਜੇ ਅਧਿਕ ਅਚਾਨਕ।
ਪਰਜੋ ਨਜੀਬ-ਖਾਨ ਫਿਰ ਉਤ ਤੈ,
ਦਿੱਲੀ ਤਰਫੋਂ ਆਨਕ[1]। — [1]ਆ ਕੇ।
ਤੁਰਕਨਿ ਆਇ ਦੁ-ਤਰਫੋਂ ਘੇਰੇ
ਸਿੰਘ ਵਿਚਾਰੇ ਵੀਚੈਂ।
ਗਾਢਾ ਜੰਗ ਮਚਜੋ ਤਬਿ ਤਹਿਂ ਠਾਂ,
ਭਯੋ ਸ੍ਰੋਨ ਧਰ ਕੀਚੈਂ[1] ॥੧੧੮॥ — [1]ਧਰਤੀ ਤੇ ਲਹੂ ਦਾ ਚਿੱਕੜ ਹੋ ਗਿਆ।
ਬਲ ਧਰਿ ਦਲ ਅਰਿ ਸੰਗ[1] ਦੁਹੂੰ ਦਿਸ, — [1]ਵੈਰੀਆਂ ਦੇ ਦਲਾਂ ਨਾਲ।
ਲਰੇ ਸਿੰਘ ਬਹੁਤੇਰਾ।
ਇਕ ਇਕ ਸਿੰਘ ਤੁਰਕ ਦਸ ਦਸ ਕੋ,
ਮਾਰ ਮਰਜੋ ਤਿਸ ਬੇਰਾ।
ਚਪੇ ਚੋਰ ਜਜੋਂ[1] ਅਧਿਕ ਜੋਰ ਕਰਿ, — [1]ਖਿਝੇ ਚੋਰ ਵਾਂਗ।
ਸਿੰਘਨ ਹ੍ਵੈ ਇਕ ਠੌਰੈਂ।
ਮਾਰਿ ਪਿਛਾਹਾਂ ਕਰੇ ਤੁਰਕ ਗਨ,
ਦੁਹਿ ਦਿਸ ਤੈ ਅਤਿ ਗੌਰੈਂ ॥੧੧੯॥
ਸਿੰਘਨ ਕੇ ਢਿਗ ਹੁਤੋ, ਲੂਟ ਕਾ
ਤਹਿਂ ਅਸਬਾਬ ਅਪਾਰੀ।
ਲਾਦਿ ਤੁਰੰਗ ਚਲਾਏ ਆਗੇ,
ਚੁੱਕ ਗਠੜੀਆਂ ਭਾਰੀ।
ਚਲੇ ਵਹੀਰ ਪਾਇ ਕੈ ਜਬਿਹੀ,
ਦਿਸ ਪੰਜਾਬ ਕੀ ਸਭਿਹੀ।
ਪੀਛੇ ਲਗੇ ਤੁਰਕ ਮਿਲਿ ਬਲ ਧਰਿ,
ਚਲਨ ਦੈਂਹ ਨਹਿਂ ਤਬਿਹੀ ॥੧੨੦॥

ਦੌਰ ਨ ਸਕੈਂ ਸਿੰਘ ਭੀ ਆਗੇ,
ਸਭਿ ਢਿਗ ਬੋਝ ਮਹਾਂਈ।
ਨਹਿਂ ਤਜ ਸਕੈਂ ਲੋਭ ਵਸ ਹੁਏ,
ਬਨੀ ਲਚਾਰੀ ਆਈ।
ਦੌਰ ਪਹਿਲ ਹੀ ਗਏ ਔਰ ਕਿਤ,
ਹੁਤੇ ਜੁ ਸੰਗ ਲੁਟੇਰੇ।
ਤੀਨਕ ਚਾਰ ਕੋਸ ਪਰ ਫਿਰ ਸਿੰਘ,
ਆਇ ਦੁਸ਼ਮਨੋ ਘੇਰੇ ॥ ੧੨੧ ॥
ਗਾਢਾ ਜੰਗ ਪਰਜੋ ਫਿਰ ਤਹਿਂ ਠਾਂ,
ਦੁਹਿ-ਦਿਸ ਤੈ ਤਬਿ ਆਈ।
ਅੱਸ੍ਰ ਜ੍ਵਾਨ ਬਹੁ ਮਰੇ ਦੁਹੂੰ ਦਿਸ,
ਕਰਿ ਕਰਿ ਅਧਿਕ ਲਰਾਈ।
ਭੈਰਵ ਭੂਤ ਪਿਸਾਚ[1] ਜੋਗਨੀ,
ਗੀਧ ਕਾਕ ਸ੍ਰਿੰਗਾਲੀ[1]।
ਪਲ-ਚਰਿ ਮਨਭਾਵਤ ਪਲ-ਚਰਹੀਂ[1],
ਨਦੀ ਖੂਨ ਕੀ ਚਾਲੀ ॥ ੧੨੨ ॥
ਭਰਿ ਭਰਿ ਖੱਪਰ ਪੀਵਤ ਜੋਗਨਿ,
ਦੈ ਕਿਲਕਾਰੀ ਕਾਲੀ।
ਲੋਥਨ ਸੰਗ ਸਕੀਰਣ, ਹੋਈ
ਅਵਨੀ ਲਾਲ ਬਿਸਾਲੀ[1]।
ਚਪੇ ਚੋਰ ਜਿਉਂ ਸਿੰਘਨ ਬਲ ਧਰਿ,
ਤੁਰਕ ਪਿਛਾਂਹਾਂ ਮੋੜੇ।
ਚੁਕ ਅਸਬਾਬ ਚਲੇ ਪੁਨ ਆਗੇ,
ਦਿਸ ਪੰਜਾਬ ਹੱਕਿ ਘੋੜੇ[1] ॥ ੧੨੩ ॥
ਤੁਰਕ ਨ ਚਲਨ ਦੈਂਹ ਪਗ ਆਗੈ,
ਲਰੈਂ ਪੁਨਾ ਪੁਨ ਆਈ।
ਕਬਹੂੰ ਸਿੰਘ ਲਰੈਂ ਹ੍ਵੈ ਠਾਢੇ,
ਕਬਹੂੰ ਚਲੈਂ ਪਲਾਈ[1]।
ਚੁੱਕੈਂ ਬੋਝ ਕਿ ਲਰੈਂ ਕਿ ਭਾਗੈਂ,

[1]ਮਾਸ ਖਾਣੇ ਜੀਵ।
[1]ਗਿਰਝਾਂ ਕਾਂ ਤੇ ਗਿਦੜੀਆਂ।
[1]ਮਾਸ ਖਾਂਦੇ ਹਨ।
[1]ਖਿੱਲਰੀਆਂ ਹੋਈਆਂ ਲੋਥਾਂ ਨਾਲ ਧਰਤੀ ਬਹੁਤੀ ਲਾਲ ਹੋ ਗਈ।
[1]ਘੋੜਿਆਂ ਨੂੰ ਤੋਰ ਕੇ।
[1]ਦੌੜ ਕੇ ਚਲਦੇ ਹਨ।

ਮੁਸ਼ਕਲ ਬਨੀ ਮਹਾਂਈ।
ਲੋਭ ਲਹਰ ਕੀ ਗਹਿਰ[1] ਵੀਚ ਫਸਿ, — [1]ਜਿੱਲ੍ਹਣ।
ਸੁੱਟ ਨ ਸਕੇ ਤਹਾਂਈਂ ॥੧੨੪॥
ਜੇ ਦੌਲਤ ਸੁਟ ਦੌਰ ਆਵਤੇ,
ਤੌ ਸਭਿ ਹੀ ਬਚ ਜਾਤੇ।
ਯਾਂ ਪਹਿਲੇ ਹੀ ਲੂਟ ਕੇਰ ਧਨ,
ਲੈ ਨਿਜ ਨਿਜ ਘਰ ਆਤੇ।
ਏਕ ਲੋਭ ਗੁਨ ਲਾਖਹੁਂ ਖੋਵਤ,
ਹੋਵਤ ਨਰ ਫਿਰ ਹੌਲਾ।
ਲੋਭ ਫਾਂਸਿ ਮੈਂ ਫਸੇ ਪੁਰਸ਼ ਕੋ,
ਰਾਖ ਸਕੈ ਨਹਿਂ ਮੌਲਾ ॥੧੨੫॥
ਕਬਹੂੰ ਚੁੱਕਿ ਅਸਬਾਬ ਸਿੰਘ,
ਫਿਰ ਆਗੇ ਆਵਨ ਚਾਹੈਂ।
ਨਹਿਂ ਚੁੱਕਯੋ ਜਬਿ ਜਾਇ,
ਹਾਰ ਕਰਿ ਕੋਸ ਕੁ ਊਪਰ ਲਾਹੈਂ।
ਕੇਤਿਕ ਖੜ੍ਹਿ ਖੜ੍ਹਿ ਲੜਿ ਲੜਿ ਚਲਹੀਂ,
ਹੁਤੇ ਜੁ ਹਠੀਏ ਭਾਰੀ।
ਕੇਤਿਕ ਲੈ ਅਸਬਾਬ ਦੌਰਗੇ,
ਕਰਿ ਕੈ ਜਾਨ ਪਯਾਰੀ ॥੧੨੬॥
ਬੇ ਸਲਤੰਤੀ[1] ਫੌਜ ਬੇਈਨੀ[2], — [1]ਬੇ-ਹਕੂਮਤੀ। [2]ਬੇ-ਕਾਨੂੰਨੀ।
ਥੀ ਸਿੰਘਨ ਕੀ ਭਾਰੀ।
ਯਾਂਹੀ ਤੇ ਬਿਚਲਾਇ ਲਈ[1] ਤਹਿਂ, — [1]ਖਿੰਡਾ ਦਿੱਤੀ।
ਤੁਰਕੋਂ ਨੈ ਬਹੁ ਮਾਰੀ।
ਡੱਲੇ ਵਾਲੀ ਮਿਸਲ ਵੀਚ ਇਕ,
ਮਿਤ ਸਿੰਘ ਥਾ ਸਰਦਾਰੂ।
ਭੰਗਾ ਸਿੰਘ ਥਨੇਸਰੀਏ ਕਾ,
ਚਚਾ ਹੁਤੋ ਵਹਿ ਚਾਰੂ ॥੧੨੭॥
ਸ਼ਜਾਮ ਸਿੰਘ ਸੁਲਤਾਨ ਵਿੰਡੀਆ,
ਅਰ ਗੈਬਾ[1] ਸਿੰਘ-ਤਾਰਾ। — [1]ਤਖ਼ੱਲਸ, ਉਪਨਾਮ।
ਸਿੰਘ ਕਰੋੜਾ ਮਿਸਲ-ਦਾਰ ਵਡ,

ਸਿੰਘ ਬਘੇਲ ਜੁਝਾਰਾ[1]।
ਇਤਜਾਦਿਕ ਸਰਦਾਰ ਹਠੀ ਜਬਿ,
ਬੀਰ ਬਾਂਕੁਰੇ ਭਾਰੇ।
ਤਜਿ ਅਸਬਾਬ ਆਸ ਜੀਵਨ ਕੀ,
ਸਨਮੁਖ ਭਏ ਕਰਾਰੇ ॥ ੧੨੮ ॥
ਔਰ ਸਿੰਘ ਭੀ ਦੇਖ ਤਿਨੈ ਤਬਿ,
ਖੜ੍ਹੇ ਭਏ ਤਿਸ ਠੌਰੈਂ।
ਬਲ ਧਰਿ ਦਲ ਦੁਸ਼ਮਨ ਕਾ ਰੋਕਜੋ,
ਜੰਗ ਕਰਜੋ ਅਤਿ ਗੌਰੈਂ।
ਦੁਇ ਕੁ ਹਜ਼ਾਰ ਸਿੰਘ ਤਹਿਂ ਅਰਯੋ,
ਔਰ ਪੰਥ ਥਾ ਜੇਤਾ।
ਲੈ ਅਸਬਾਬ ਮਾਲਵੇ ਓਰੈਂ,
ਅਯੋ ਹਰਨ ਹ੍ਵੈ[1] ਤੇਤਾ ॥ ੧੨੯ ॥
ਮਿੱਤ ਸਿੰਘ ਅਰ ਸਿੰਘ ਕਰੋੜਾ,
ਜੱਥੇਦਾਰ ਇਤਜਾਦੀ।
ਲੈ ਕਰਿ ਸੰਗ ਸਿੰਘ ਬਹੁ ਅਪਨੇ,
ਲਰੇ ਅਧਿਕ ਕਰਿ ਤਾਦੀ[1]।
ਆਖਰ ਮਾਰਿ ਘਨੇ ਤੁਰਕਨ ਕੋ,
ਭਏ ਸ਼ਹੀਦ ਤਹਾਂਈਂ।
ਦੌਰਿ ਧਸੇ ਇਤ ਉਤ ਕਿਤ ਜੰਗਲ,
ਫਤੇ ਦੁਰਾਨੀ ਪਾਈ ॥ ੧੩੦ ॥
ਸਿੰਘ ਮਰੇ ਤਬਿ ਜੇਤਿਕ ਤਹਿਂ ਠਾਂ,
ਸਿਰ ਤਿਨ ਕੇ ਕਟਵਾਏ।
ਏਕ ਹਜ਼ਾਰ ਤੀਨ ਸੌ ਗਿਨ ਕਰਿ,
ਗੱਡਜੋਂ ਮੈਂ ਲਦਵਾਏ।
ਖਾਨ-ਜਹਾਨ ਲਹੌਰ ਓਰ, ਵਹਿ
ਸਕਟੇ[1] ਤੋਰੇ ਜਬਿ ਹੀ।
ਬੁੱਢੇ ਦਲ ਕੋ ਬੀਚ ਮਾਲਵੇ
ਖਬਰ ਮਿਲੀ ਯਹਿ ਸਭਿ ਹੀ ॥ ੧੩੧ ॥
ਭੰਗਾ ਸਿੰਘ ਭਾਗ ਸਿੰਘ ਥੇ ਤਹਿਂ,

[1]ਸੂਰਮਾ।

[1]ਦੌੜ ਕੇ।

[1]ਤੱਦੀ (ਕਾਹਲੀ) ਕਰਕੇ, ਹੱਦੋਂ ਵੱਧ ਕੇ।

[1]ਗੱਡੇ।

ਮਿਤ ਸਿੰਘ ਕੇ ਭਤੀਜੈਂ।
ਲੈ ਕਰਿ ਪੰਥ ਤਈਂ ਵਹਿ ਧਾਏ,
ਪਰੇ ਆਇ ਸਮ ਬੀਜੈਂ[1]। — [1]ਬਿਜਲੀ ਵਾਂਗ।
ਘੱਗਰ ਨਦੀ ਨਾਖਤੇ[1] ਸਕਟੇ, — [1]ਲੰਘਦੇ।
ਘੇਰੇ ਤਿਨਹੂੰ ਆਈ।
ਸਕਟਜੋਂ ਕੇ ਰਖਵਾਰੇ ਮਾਰੇ,
ਕੇਤਿਕ ਗਏ ਪਲਾਈ ॥ ੧੩੨ ॥
ਬੈਲ ਛੋਡਿ ਸਕਟੇ ਕਰਿ ਕੱਠੇ,
ਦੀਨੀ ਆਗ ਲਗਾਈ।
ਸਭਿ ਸਿਸਕਾਰਿ ਸੀਸ ਸਿੰਘਨ ਕੇ,
ਆਏ ਫਿਰ ਕਰਿ ਧਾਈ।
ਖਬਰ ਜਹਾਨ-ਖਾਨ ਯਹਿ ਸੁਨ ਕਰਿ,
ਸ਼ੋਕ ਮਾਨਿ ਮਨਿ ਭਾਰੀ।
ਫਤੇ ਐਨ ਲੈ ਸੈਨ ਚੈਨ ਬਿਨ[1], — [1]ਸ਼ਾਂਤੀ ਤੋਂ ਬਿਨਾਂ ਚੰਗੀ ਤਰ੍ਹਾਂ ਫ਼ਤਹ ਤੇ ਫੌਜ ਲੈ ਕੇ।
ਗਯੋ ਲਹੌਰ ਮਝਾਰੀ ॥ ੧੩੩ ॥
ਫਿਰ ਜਬਿ ਰਾਜ ਭਯੋ ਸਿੰਘਨ ਕਾ,
ਮੁਲਕ ਏਸ ਬਿਚ ਸਾਰੇ।
ਭੰਗਾ ਸਿੰਘ ਸ਼ਹੀਦ-ਗੰਜ,
ਬਨਵਾਯੋ ਤਹਾਂ ਉਦਾਰੇ।
ਰਾਣੇਮਾਜਰੇ[1] ਨਿਕਟਿ ਅਹੇ ਸੋ, — [1]ਪਿੰਡ।
ਜਾਨਤ ਬਹੁ ਜਨ ਆਛੇ।
ਮੰਨਤ ਕਰਤ ਨਾਰਿ ਨਰ, ਤਾਂ ਤੇ
ਫਲ ਪਾਵਤ ਮਨ ਬਾਂਛੇ ॥ ੧੩੪ ॥
ਗੁਨ ਸਸਿ ਬਸੁ ਈਸ ਸੰਮਤ ਮੈਂ[1] — [1]ਸੰਮਤ ੧੮੧੩ ਬਿ: ਵਿੱਚ (ਗੁਨ-੩, ਸਸਿ- ੧, ਬਸੁ- ੮, ਈਸ਼- ੧, ਉਲਟਾ ਕੇ ੧੮੧੩ ਬਿ:)।
ਭਾਰਥ[1] ਇਹੁ ਬਡ ਹੋਯੋ। — [1]ਮਹਾਂ-ਭਾਰਤ ਵਰਗਾ ਜੰਗ।
ਪਰਉਪਕਾਰ ਧਰਮ ਹਿਤ ਕੀਨੇ,
ਜੰਗ ਜਿਨੋਂ ਨੇ ਜੋ ਯੌਂ[1]। — [1]ਜੋ ਇਸ ਤਰ੍ਹਾਂ।
ਤਿਨ ਸਾਦਕ[1] ਸਾਬਰ[2] ਸ਼ਾਹੀਦੈਂ, — [1]ਸਿਦਕ ਵਾਲੇ। [2]ਸੰਤੋਖੀ।
ਜ਼ਾਹਦ[1] ਸਿੰਘਨ ਤਾਂਈ। — [1]ਧਰਮੀ ਯੋਧਿਆਂ।

ਬਾਰ ਬਾਰ ਬਲਿਹਾਰ ਹੋਇ ਕੈ,
ਧਜਾਇ ਥਿਰਜੋ ਮੁਦ ਪਾਈ ॥੧੩੫॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਮਰੁੱਟਜੋਂ ਕਾ ਜਾਣਾ, ਜਹਾਨ ਖਾਨ ਸਾਥ ਪੰਥ ਕਾ ਜੰਗ, ਅਹਿਮਦ ਸ਼ਾਹਿ ਕਾ ਪ੍ਰਸੰਗ', ਬਰਨਨੰ ਨਾਮ ਅਠੱਤੀਸਮੋਂ ਬਿਸ੍ਰਾਮ ॥੩੮॥

੩੯. {ਜੈਨ ਖਾਂ ਦੇ ਜ਼ੁਲਮ, ਪੰਥ ਦਾ ਮਾਲਵੇ ਅੱਪੜਨਾ, ਮੀਰ ਮੋਮਨ ਖਾਂ ਦਾ ਮਰਨਾ, ਅਹਿਮਦ ਸ਼ਾਹ ਦੁਰਾਨੀ ਦਾ ਆਉਣਾ}

ਦੋਹਰਾ:

ਇੰਦ ਕੁੰਦ ਨਵਨੀਤਿ ਰਵਿ,
ਕਾਮ ਕੋਟ ਤੈ ਸਾਰ[1]।

[1]ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਸਰੂਪ, ਚੰਦ੍ਰਮਾਂ, ਮਰਤਬਾਨ ਦੇ ਫੁੱਲ, ਮੱਖਣ, ਸੂਰਜ ਤੇ ਕ੍ਰੋੜਾਂ ਕਾਮਦੇਵਾਂ ਤੋਂ ਸ੍ਰੇਸ਼ਟ ਸੁੰਦਰ ਹੈ, ਉਸ ਸਰੂਪ ਨੂੰ ਹਿਰਦੇ 'ਚ ਧਾਰ ਕੇ ਨਮਸ਼ਕਾਰ ਕਰਦਾ ਹਾਂ।

ਰੂਪ ਗੁਰੂ ਹਰਿ ਕ੍ਰਿਸ਼ਨ ਕੋ,
ਧਰਿ ਉਰਿ ਕਰੋਂ ਜੁਹਾਰ[1] ॥੧॥

[1]ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਸਰੂਪ, ਚੰਦ੍ਰਮਾਂ, ਮਰਤਬਾਨ ਦੇ ਫੁੱਲ, ਮੱਖਣ, ਸੂਰਜ ਤੇ ਕ੍ਰੋੜਾਂ ਕਾਮਦੇਵਾਂ ਤੋਂ ਸ੍ਰੇਸ਼ਟ ਸੁੰਦਰ ਹੈ, ਉਸ ਸਰੂਪ ਨੂੰ ਹਿਰਦੇ 'ਚ ਧਾਰ ਕੇ ਨਮਸ਼ਕਾਰ ਕਰਦਾ ਹਾਂ।

ਸ੍ਵੈਯਾ:

ਸਿੰਘਨ ਔਰ ਤੁਰਕਾਨ ਕੀ, ਰਾਰ[1]
ਬਢੈ ਜਿਮ, ਜੈਨ-ਖਾਂ ਜੁਰਮ[1] ਕਰੈ ਹੈ।

[1]ਲੜਾਈ।

[1]ਜ਼ੁਲਮ, ਪਾਪ।

ਸਿੱਖਣੀਆਂ ਸੁਤ ਸਿੰਘਨ ਕੇ, ਹਤ ਹੈਂ
ਅਰਿ, ਪੰਥ ਜਤੋਂ ਮਾਲਵੇ ਐਹੈ।
ਸਿੰਘ ਲੁਟੈਂ ਤੁਰਕਾਨ ਤਈਂ,
ਫਿਰ ਮਾਰਿ ਘਨੇ ਬਦਲੇ ਜਿਮ ਲੈਹੈ।
ਸ਼ਾਹਿ ਦੁਰਾਨੀ ਪੁਨਾ ਜਿਮ ਆਇ,
ਸਿੰਘਾਨ ਤਈਂ ਬਿਪਤਾ ਬਹੁ ਪੈਹੈ ॥੨॥
ਮੇਰਟ ਕੇ ਢਿਗ ਆਹਵ ਬਾਦ[1],

[1]ਜੰਗ ਤੋਂ ਪਿੱਛੋਂ।

ਥਿਰੇ ਸਿੰਘ ਮਾਲਵੇ ਮੈਂ ਦਿਨ ਕੇਤੇ।
ਧਾਇ ਧਸੇ ਢਿਗ ਵੀਚ ਪੰਜਾਬ,
ਲਗੇ ਫਿਰਨੇ ਇਤ ਹੀ ਉਤ ਜੇਤੇ।
ਧਾਮ ਗਰਾਮ ਲੁਟੇ ਬਹੁ ਬੈਰਨ ਕੇ,
ਤਬਿ ਸਿੰਘਨ ਬਾਂਧ ਤਜੇਤੇ[1]।

[1]ਬਾਂਦਾਂ ਛੁਡਾਈਆਂ।

ਡਾਰ ਦਈ ਗਰਦੀ ਮਰਦੀ ਕਰਿ,
ਮੱਧ ਪੰਜਾਬ ਬਿਹੱਦ ਅਤੇਤੇ[1] ॥੩॥

[1]ਬੇਹੱਦ ਬਹਾਦਰੀ ਕਰ ਕੇ ਪੰਜਾਬ ਵਿੱਚ ਬਹੁਤੀ ਹਲਚਲ ਪਾ ਦਿੱਤੀ।

ਚੌਪਈ:

ਹਾਕਮ ਹੁਤੇ ਦੁਰਾਨੀ ਜੇਤੇ।
ਕਰੇ ਹਿਰਾਨ ਸਿੰਘਨ ਜਬਿ ਤੇਤੇ।
ਨਾਜ਼ਮ[1] ਖਾਨ-ਜਹਾਨ ਲਹੌਰੀ। — [1]ਸੂਬਾ।
ਰਹ੍ਯੋ ਜਤਨ ਕਰਿ ਬਹੁ ਬਿਧਿ ਗੌਰੀ[1] ॥੪॥ — [1]ਬਹੁਤਾ।
ਸਿੰਘ ਨ ਤਿਸ ਕੇ ਬਸ ਮੈਂ ਆਵੈਂ।
ਗਦਰ[1] ਜਦਰ[2] ਬਹੁ ਨਿੱਤ ਰਖਾਵੈਂ। — [1]ਹਲਚਲ। [2]ਜੰਗ।
ਬਹੁਤ ਠੌਰ ਸਿੰਘਨ ਕੇ ਜਥੇ।
ਫਿਰੈਂ ਲੂਟਤੇ ਜਿਤ ਕਿਤ ਤਥੇ[1] ॥੫॥ — [1]ਜਿੱਥੇ ਕਿਤੇ (ਜਾਂਦੇ ਹਨ) (ਤਥੇ) ਓਥੇ ਹੀ ਲੁਟਦੇ ਫਿਰਦੇ ਹਨ।
ਤੋੜ ਮੁਹਾਲ ਜੰਦਾਲ ਦਏ ਹੈਂ[1]। — [1](ਜੰਦਾਲ) ਜੰਗੀ ਸਿੰਘਾਂ ਨੇ (ਮੁਹਾਲ) ਪਰਗਣਿਆਂ ਦੇ ਹੱਦ ਬੰਨੇ ਤੋੜ ਦਿੱਤੇ ਹਨ।
ਬੰਦ ਦਈ ਉਗਰਾਹੀ ਕੈਹੈ[1]। — [1]ਕਰ ਦਿੱਤੀ ਹੈ।
ਫਿਰ ਸਰਹੰਦੀ ਨਾਜ਼ਮ ਜੈਨਾ।
ਕੋਪਿ ਚਢ੍ਯੋ ਨਿਜ ਦਲ ਲੈ ਐਨਾ[1] ॥੬॥ — [1]ਚੰਗਾ।
ਲਗ੍ਯੋ ਸਿੰਘਨ ਕੇ ਪੀਛੇ ਤਬਿਹੀ।
ਮੁਲਕੀ ਲੋਗ ਬੁਲਾਏ ਸਭਿਹੀ।
ਦੈਨਾ ਕਰਿ ਇਨਾਮ ਤਿਨ ਤਾਂਈਂ।
ਕਰਿ ਲੀਨੇ ਅਪਨੇ ਸੰਗਾਈ ॥੭॥
ਜੰਗ ਜਦਾਲ ਕਤਾਲ ਅਪਾਰੇ[1]। — [1]ਜੰਗ ਜੁੱਧ ਤੇ ਬਹੁਤੇ ਕਤਲ।
ਭਏ ਦੁਹੂੰ ਦਿਸ ਤੈ ਜਬਿ ਭਾਰੇ।
ਸਿੰਘ ਜੰਗਲੋਂ ਵੀਚ ਰਹਾਵੈਂ।
ਨਿਸ ਕੋ ਮਾਰ ਲੂਟ ਕਰਿ ਜਾਵੈਂ ॥੮॥
ਆਖਰ ਜੈਨ-ਖਾਨ ਫਿਰ ਪਾਪੀ।
ਕਰਨੀ ਔਰ ਅਨੀਤੀ ਥਾਪੀ।
ਬੀਸ ਬੀਸ ਪਜਾਦੇ[1], ਅਸਵਾਰੈਂ। — [1]ਪੈਦਲ ਸਿਪਾਹੀ।
ਦੀਨੇ ਇਕ ਇਕ ਗ੍ਰਾਮ ਉਤਾਰੈਂ ॥੯॥
ਸਭਿ ਲੋਗਨ ਕੋ ਹੁਕਮ ਸੁਨਾਯੋ।
ਸਿੰਘਨ ਕੋ ਤੁਮ ਇਨੈਂ ਫੜਾਯੋ।
ਜੌਨ ਗਾਮ ਕੀ ਸੀਮਾਂ ਮਾਹੀ[1]। — [1]ਜਿਸ ਪੰਡ ਦੀ ਹੱਦ ਵਿੱਚ।
ਆਵੈਂ ਸਿੰਘ ਫੜਾਵੈਂ ਨਾਂਹੀਂ ॥੧੦॥
ਪਿੰਡ ਉਜਾਰਯੋ ਜੈਹੈ ਸੋਈ।

ਲੰਬਰਦਾਰ ਕੈਦ ਸਭਿ ਹੋਈ।
ਭਯੋ ਤਮੀਲ ਹੁਕਮ ਜਬਿ ਯੇਹੀ[1]। — [1]ਹੁਕਮ ਤੇ (ਤਮੀਲ) ਅਮਲ ਹੋਇਆ।
ਗਏ ਦੇਸ ਤਜਿ ਸਿੰਘ ਤਬੇਹੀ ॥੧੧॥
ਜੈਨਾ ਦੁਸ਼ਟ ਅਨੀਤੀ[1] ਔਰੈਂ। — [1]ਬੇਇਨਸਾਫ਼ੀ।
ਬਦੀ ਕਰਨ ਲਾਗਯੋ ਬਹੁ ਗੌਰੈਂ।
ਧਾਮ ਹੁਤੇ ਸਿੰਘਨ ਕੇ ਜਹਿਂ ਜਹਿਂ।
ਬੂਝ ਮੁਖਬਰੋਂ[1] ਤੈ ਤਿਨ ਤਹਿਂ ਤਹਿਂ ॥੧੨॥ — [1]ਚੁਗ਼ਲਾਂ ਤੋਂ।
ਪਹੁੰਚ ਸੈਨ ਲੈ ਲੂਟੇ ਉਜਾਰੇ।
ਬਾਲਕ ਸ਼ੀਰ-ਖੋਰ ਲੌ ਮਾਰੇ[1]। — [1]ਦੁੱਧ ਪੀਂਦੇ ਬੱਚਿਆਂ ਤੱਕ ਮਾਰੇ।
ਤਾਂ ਕੇ ਆਗੇ ਮੋਮਨ-ਮੀਰੈਂ।
ਹੁਤੋ ਦੁਸ਼ਟ ਅਤਿ-ਹੀ ਬੇਪੀਰੈਂ ॥੧੩॥
ਪਿਖ ਕਰਿ ਉਸ ਕੇ ਜ਼ੁਲਮ ਅਪਾਰੇ।
ਹਾਹਾਕਾਰ ਮਚਯੋ ਫਿਰ ਸਾਰੇ।
ਸਿੱਖਣੀਆਂ ਲੈ ਬੱਚਯੋਂ ਤਾਂਈਂ।
ਨਿਜ ਨਿਜ ਘਰ ਤਜਿ ਅਨਤ ਸਿਧਾਈਂ[1] ॥੧੪॥ — [1]ਹੋਰ ਥਾਂਈਂ ਚਲੀਆਂ ਗਈਆਂ।
ਹੁਤੇ ਰਹਮ ਦਿਲ ਜੋ ਨਰ ਲਾਯਕ।
ਸਿੱਖ ਸੁਤਨ ਕੇ ਭਏ ਸਹਾਯਕ।
ਕੋ ਘਰ ਨਿਜ ਕੋਊ ਮਧ ਖੇਤੈਂ।
ਰਖੈਂ ਛਪਾਇ ਨ ਦੇਵੈਂ ਭੇਤੈਂ ॥੧੫॥
ਮੁਖਬਰ ਭੀ ਸਿੰਘਨ ਤੈ ਡਰ ਹੈਂ।
ਖਬਰ ਪਾਇ ਸਿੰਘ ਹਮ ਕੋ ਹਰ ਹੈਂ।
ਕਈ ਬਾਰ ਯਹਿ ਹਾਲ ਭਏ ਹੈਂ।
ਸਿੰਘਨ ਬਦਲੇ ਖੂਬ ਲਏ ਹੈਂ ॥੧੬॥
ਗਿਲਜੇ ਦੁਸ਼ਟ ਦੁਰਾਨੀ ਰਾਕਸ਼।
ਲੋਗਨ ਕੋ ਦੁਖ ਦੈਂਹ ਮਹਾਂ ਕਸ[1]। — [1]ਬਹੁਤ ਕਸ਼ਟ।
ਬੇਟੀ ਬਹੁ ਗਾਇਂ ਅਰ ਬਕਰੀ।
ਕਾਹੂੰ ਕੀ ਨਹਿਂ ਛੋਡੈਂ ਅਕਰੀ[1] ॥੧੭॥ — [1]ਮਹਿੰਗੀ (ਵਸਤੂ) (ਅ) ਆਕੜ।
ਜਬਰਨ ਲੋਕਨ ਕੇ ਘੁਸਿ ਘਰੈਂ[1]। — [1]ਘਰਾਂ ਵਿੱਚ ਵੜ ਕੇ।
ਜੋ ਜੀ ਚਾਹੈਂ ਸੋਈ ਕਰੈਂ।
ਤਿਨ ਬਹੁ ਮਾਝੇ ਦੇਸ ਮਝਾਹੂੰ।

ਛੋਡੀ ਇੱਜ਼ਤ ਸਤਰ[1] ਨ ਕਾਹੂੰ ॥੧੮॥
[1]ਪੜਦਾ।
ਲੋਗਨ ਕੀ ਕਿਛੁ ਪੇਸ਼ ਨ ਜਾਈ।
ਹਾਕਮ ਬਲੀ ਦੁਸ਼ਟ ਅੱਨਜਾਈ।
ਜਬਿ ਦੁਰਾਨੀਓਂ ਬਹੁ ਦੁਖ ਦਯੋ।
ਮੁਲਕ ਫੰਟ[1] ਉਨ ਤੈ ਸਭਿ ਭਯੋ ॥੧੯॥
[1]ਬੇ-ਕਾਬੂ (ਅ) ਵਿਰੁਧ।
ਮਿਲਿ ਸਿੱਖਨ ਸੋਂ ਤੁਰਕੈਂ ਲੂਟੈਂ।
ਦੈ ਦੈ ਤੁਹਮਤ[1] ਫਰਿ ਫਰਿ ਕੂਟੈਂ।
[1]ਊਜ, ਇਲਜ਼ਾਮ, ਦੋਸ਼।
ਜੋ ਸਿੱਖਣੀਆਂ ਤੁਰਕਨ ਫਰੀਆਂ।
ਅਬਿ ਸੁਨ ਉਨ ਕੀ ਬਾਤੈਂ ਖਰੀਆਂ ॥੨੦॥
ਵਹਿ ਨਹਿਂ ਭਈ ਤੁਰਕਨੀ ਕਾਈ।
ਰਹੇ ਤੁਰਕ ਸਭਿ ਬਿਧਿ ਬਲ ਲਾਈ।
ਜਬਰਨ ਜਬਿ ਉਨ ਪਰ ਹਥ ਘਾਲੈਂ[1]।
[1]ਪਾਉਂਦੇ ਹਨ।
ਤਬਿ ਵਹਿ ਮਾਰਨ ਮਰਨ ਸੰਭਾਲੈਂ ॥੨੧॥
ਬਲਿਕੈ ਐਸੇ ਕਰੇ ਜੁਵਾਬੈਂ।
ਲਾ-ਜਵਾਬ[1] ਹ੍ਵੈ ਤੁਰਕ ਖਰਾਬੈਂ।
[1]ਜਿਸ ਨੂੰ ਜਵਾਬ ਨਾ ਆਵੇ।
ਜੈਨ ਖਾਨ ਜਬਿ ਕਹਯੋ ਸੁਨਾਈ।
ਬਨੋ ਤੁਰਕਣੀ ਲਿਹੁ ਸੁਖ ਪਾਈ ॥੨੨॥
ਦੁਹੂੰ ਲੋਕ ਤੈ ਹ੍ਵੈ ਛੁਟਕਾਰਾ।
ਮਿਟੈ ਹਮੇਸ਼ੀ ਕਸ਼ਟ ਤੁਮਾਰਾ।
ਜੋ ਉੱਤਰ ਸਿੱਖਣੀਆਂ ਦੀਨੇ।
ਸੁਨੋ ਕੁਛਕ ਗੁਰੁ-ਸਿੱਖ ਪ੍ਰਬੀਨੇ ॥੨੩॥
ਭਾਖਯੋ ਸਿੱਖਣੀਆਂ ਸੁਣ ਜੈਨੇ।
ਬੇਮੁਰਸ਼ਦ[1] ਬੇ-ਅਦਲੀ ਐਨੇ[2]।
[1]ਬੇ-ਪੀਰਾ। [2]ਬੇਇਨਸਾਫ਼ੀ ਦੇ ਘਰ।
ਬੇਸ਼ਕ ਜਾਨਾਂ ਦੈਂਹੈਂ ਅਬਿ-ਹੀ।
ਤੁਰਕਣੀਆਂ ਨਹਿਂ ਥੈਹੈਂ ਕਬਿ-ਹੀ ॥੨੪॥
ਅਹੋ ਬਿਦਰਦ ਮਰਦ ਮਰਦੂਦੈਂ[1]।
[1]ਕਾਇਰ।
ਜਾਹਲ[1] ਜ਼ਾਲਮ ਮਹਾਂ ਗਦੂਦੈਂ[2]।
[1]ਮੂਰਖ। [2]ਫੋੜੇ ਵਾਂਗ ਦੁਖਦਾਈ।
ਬਾਲਕ ਬਿਰਧ ਨਾਰਿ ਪਰ ਕਾਂਹੀਂ।
ਕਬੀ ਜੁਰਮ ਕੀਨੇ ਵਡ ਨਾਂਹੀਂ ॥੨੫॥
ਬੈਰ ਮਰਦ ਕਾ ਮਰਦਨ ਸੰਗੈਂ।

ਹੈ ਕਦੀਮ ਤੈ[1] ਆਹਿ ਨਿਸੰਗੈਂ।
[1]ਮੁੱਢ ਤੋਂ ਹੀ।
ਲਰਤ ਭਿਰਤ ਮਰਦਨ ਸੋਂ ਮਰਦੈਂ।
ਬਾਂਧਤ ਮਾਰਤ ਕਰਿ ਹੈਂ ਗਰਦੈਂ[1] ॥੨੬॥
[1]ਮਿੱਟੀ 'ਚ ਮਿਲਾ ਦੇਂਦੇ ਹਨ।
ਦੈਂਤ ਦੇਵਤੇ ਭੂਪਤ ਜੇਤੇ।
ਭਏ, ਲਰੇ ਮਰਦਨ ਸੋਂ ਤੇਤੇ।
ਜੁਰਮ[1] ਨ ਕਰੇ ਤ੍ਰੀਮਤੈਂ ਉਪਰ[2]।
[1]ਜ਼ੁਲਮ। [2]ਇਸਤ੍ਰੀਆਂ ਉੱਤੇ।
ਕਿਨਹੂੰ, ਅਬਿ ਲੌਂ ਭਏ ਜੁ ਭੂ ਪਰ ॥੨੭॥
ਬੱਚਾ ਬੱਚੀ ਔਰਤ ਕੇਰੋ।
ਮਾਰਨ ਬਾਂਧਨ ਐਬ[1] ਵਧੇਰੋ।
[1]ਦੋਸ਼, ਗੁਨਾਹ।
ਯੱਦਪਿ ਦੁਸ਼ਮਨ ਕੇ ਯਹਿ ਹੋਈਂ।
ਇਨ ਕੋ ਪਾਰਤ ਹੈਂ ਸਭਿ ਕੋਈ ॥੨੮॥
ਲਿਖੀ ਕਿਤਾਬਨ ਮੈਂ ਯਹਿ ਬਾਤੈਂ।
ਪੁਨ ਦਾਨਜੋਂ ਤੈ ਸੁਨੀ ਬਖਜਾਤੈਂ।
ਬ੍ਰਿੱਧ ਬਾਲ ਤਿਯ ਕੋ ਜੋ ਮਾਰੈ।
ਸੋ ਜਨ ਠੀਕ ਜਗਤ ਮੈਂ ਹਾਰੈ ॥੨੯॥
ਤੇਜ ਸੁਜਸ ਸੁਖ ਸੰਪਤਿ ਧਰਮੈਂ[1]।
[1]ਸਮੱਗ੍ਰੀ ਤੇ ਧਰਮ।
ਨਾਸ ਹੋਤ ਤਿਸ ਕਾ ਸੁਭ ਕਰਮੈਂ।
ਆਖਰ ਦੁਖ ਅਪਜਸ[1] ਵਹਿ ਪਾਏ।
[1]ਨਿੰਦਾ।
ਮਰ ਕਰਿ ਜਾਵਤ ਨਰਕ ਸਿਧਾਏ ॥੩੦॥
ਇਨ ਬਾਤਨ ਤੈ ਬੰਸ ਨ ਰਹਿਤੋ।
ਹਮ ਸੋਂ ਜੋ ਤੂੰ ਕਰਜੋ ਚਹਿਤੋ।
ਕਾਯਰ ਗੀਦੀ ਪਾਪੀ ਤੁਰਕੈਂ।
ਅਹੋ ਹਰੀਸ ਕਰਤ ਕੰਮ ਝੁਰਕੈਂ[1] ॥੩੧॥
[1]ਹੇ (ਹਰੀਸ) ਲਾਲਚੀ ਤੂੰ (ਪਾਪਾਂ ਵਾਲੇ) ਕੰਮ ਕਰ ਕੇ ਝੂਰੇਂਗਾ।
ਮਿਸਲ[1] ਜੈਸ ਜਗ ਮੈਂ ਮਸ਼ਹੂਰੈਂ।
[1]ਕਹਾਵਤਾਂ।
ਕਰਤ ਕਾਮ ਤੂੰ ਤੈਸ ਜਰੂਰੈਂ।
ਮਾੜੀ ਧਾੜ[1] ਚਮਜਾਰਨ ਉਪਰ।
[1]ਕਮਜ਼ੋਰ ਲੁਟੇਰਿਆਂ ਦਾ ਟੋਲਾ।
ਮਿਲਤ ਨ ਸੇਜ ਲੇਟ ਲਿਹੁ ਭੂ ਪਰ ॥੩੨॥
ਅੰਧੇ ਮੁੱਲਾਂ ਗਧਹੀ ਪਰੀ[1]।
[1]ਅਪੱਛਰਾਂ (ਦੇ ਤੁੱਲ ਹੈ)।
ਮਰੈ ਨ ਸ਼ੇਰ ਭੇਡ ਹੀ ਖਰੀ[1]।
[1]ਭੇਡ ਮਾਰਨੀ ਚੰਗੀ ਹੈ।

ਜਯੋਂ ਮਖੀਰ[1] ਕੋਊ ਤੋੜ ਨ ਸਾਕੈ।
ਮੈਲੇ ਕੀ ਮਾਖੀ ਅਭਿਲਾਖੈ[1] ॥ ੩੩ ॥
ਤਯੋਂ ਹੈ ਹਾਲ ਤੁਮਾਰਾ ਜੈਨੇ।
ਮਰਦਨ ਪਰ ਬਲ ਚਲਤ ਨ ਐਨੇ[1]।
ਬਾਲ ਬ੍ਰਿੱਧ ਤ੍ਰੀਯਨ ਹਥ ਪੈਹੈਂ।
ਕਯੋਂ ਨਿਜ ਕੁਲ ਕੋ ਲਾਜ ਲਗੈ ਹੈਂ ॥ ੩੪ ॥

[1]ਸ਼ਹਿਦ ਦਾ ਛੱਤਾ।
[1]ਵਿਸ਼ਟੇ ਦੀ ਮੱਖੀ ਮਾਰਨ ਦੀ ਇੱਛਾ ਕਰੇ।
[1]ਚੰਗੀ ਤਰ੍ਹਾਂ।

ਦੋਹਰਾ:
ਨੀਤਿ ਪਗੀ[1] ਇੱਤਜਾਦਿ ਬਹੁ,
ਸਿੱਖਣੀਆਂ ਕੀ ਬਾਤ।
ਸੁਨ ਕਰਿ ਜੈਨਾ ਲਜਤ ਹ੍ਵੈ,
ਹਟ ਬੈਠੋ ਬਖਜਾਤ ॥ ੩੫ ॥
ਉਨ ਹੀ ਦਿਨ ਮੈਂ ਔਰ ਇਕ,
ਭਈ ਜੁਰਮ ਕੀ ਬਾਤ।
ਫਿਰਤ ਦੇਸ ਮੈਂ ਹੁਤੋ ਤਬਿ,
ਮੋਮਨ-ਮੀਰ ਅਫਾਤ[1] ॥ ੩੬ ॥
ਔਰਤ ਬੱਚੇ ਸਿੱਖਨ ਕੇ,
ਮਾਰੇ ਉਨ ਫੜਿ ਭੂਰ।
ਪਹੁੰਚਯੋ ਮੀਰਾਂ-ਕੋਟ ਢਿਗ,
ਜਬਿ ਵਹਿ ਆਇ ਜ਼ਰੂਰ ॥ ੩੭ ॥
ਤਹਿੰ ਤੈ ਡਰ ਧਰਿ ਨਿਸਾ ਕੋ,
ਸਿੱਖਣੀਆਂ ਪੰਜ ਸਾਤ।
ਲੈ ਨਿਜ ਪੁਤ੍ਰਨ ਦੌਰ ਕਰਿ,
ਭਈ ਪੰਡੋਰੀ ਜਾਤ[1] ॥ ੩੮ ॥
ਦੁੰਦੂ-ਰਾਮ ਮਹੰਤ ਕੇ,
ਡੇਰੇ ਪਹੁੰਚੀ ਜਾਇ।
ਤਿਨ ਨਿਜ ਖੇਤ ਕੁਮਾਦ ਮੈਂ,
ਰਾਖੀਂ ਵਹੈ ਛਪਾਇ ॥ ੩੯ ॥
ਖਬਰ ਮੀਰ ਮੋਮਨ ਦੁਸ਼ਟ,
ਪਾਇ ਗਯੋ ਤਿਸ ਠੌਰ।
ਚੇਲਾ ਪਕਰਿ ਮਹੰਤ ਕਾ,

[1]ਇਨਸਾਫ਼ 'ਚ ਭਿੱਜੀਆਂ।
[1]ਮੁਸੀਬਤ ਰੂਪ।
[1]ਚਲੀਆਂ ਗਈਆਂ।

ਬੂਝਯੋ ਮਾਰਿ ਸੁ ਗੌਰ ॥੪੦॥
ਨਾਂਹਿ ਬਤਾਯੋ ਤਾਂਹਿ ਜਬਿ,
ਫਿਰ ਮਹੰਤ ਲਿਯ ਬਾਂਧ।
ਦੈ ਮੁਸ਼ਕਾਂ ਗਜ[1] ਮਸਤ ਕੇ,
ਆਗੇ ਡਾਰਯੋ ਸਾਧ ॥੪੧॥
ਗੁਰੁ ਕਿਰਪਾ ਤੇ ਸਾਧੁ ਪਰ,
ਕਰੀ ਫੀਲ ਨਹਿਂ ਚੋਟ।
ਆਖਰ ਤੁਰਕਨ ਮਾਰਿ ਝਖ,
ਸਾਧ ਦਏ ਵਹਿ ਛੋਡ ॥੪੨॥
ਧੰਨ ਧੰਨ ਵਹਿ ਸੰਤ ਵਰ,
ਜਿਨ ਹਿਤ ਪਰਉਪਕਾਰ।
ਮਾਰ ਕੂਟ ਨਿਜ ਸਿਰ ਸਹੀ,
ਜਰਨਾ ਜਰੀ ਅਪਾਰ[1] ॥੪੩॥

ਚਾਰ ਕੁ ਸਿੰਘ ਨਿਹੰਗ ਤਬਿ,
ਪਕਰੇ ਕਿਸ ਹੀ ਤੌਰ।
ਜੈਨ ਖਾਨ ਕੇ ਢਿਗ ਅਏ,
ਨਗਰ ਪੰਡੋਰੀ ਔਰ ॥੪੪॥
ਜੈਨ ਖਾਨ ਕੀ ਹੁਤੀ ਤਬਿ,
ਬੇਗਮ ਤਿਸ ਕੇ ਸਾਥ।
ਨਿਸ ਕੋ ਤਿਸ ਨੈ ਖਾਨ ਪੈ,
ਕਹਯੋ ਜੋਰ ਕਰਿ ਹਾਥ ॥੪੫॥
ਹਮ ਨੇ ਕਬਿਹੂੰ ਨਹਿਂ ਪਿਖੇ,
ਹੈਂ ਸਿੰਘ ਕੌਨ ਬਲਾਇ।
ਵਡ ਫਤੂਰ[1] ਜਿਨ ਪਾਰਖਯੋ,
ਹਮ ਕੋ ਦੈਹੁ ਦਿਖਾਇ ॥੪੬॥
ਦਿਵਸ ਚੜੇ ਤਿਨ ਸਿੰਘਨ ਕੌਂ,
ਆਯੁਧ[1] ਸਭਿ ਸਜਵਾਇ।
ਦਿਖਰਾਏ ਨਿਜ ਤੀਆ ਕੋ,
ਗਿਰੀ ਦੇਖਿ ਦਹਿਲਾਇ[1] ॥੪੭॥

[1]ਹਾਥੀ।

[1]ਆਪਣੀ (ਜਰਨਾ) ਸਹਾਰਨ ਸ਼ਕਤੀ ਨਾਲ ਬੇਅੰਤ (ਤਕਲੀਫ਼ ਨੂੰ) (ਜਰੀ) ਸਹਾਰਿਆ।

[1]ਗ਼ਦਰ, ਡੰਡਰੌਲਾ।

[1]ਸ਼ਸਤ੍ਰ।

[1]ਡਰ ਕੇ (ਕੰਬ ਕੇ) ਡਿੱਗ ਪਈ।

ਸੁਨਿ ਬਾਤੈਂ ਹੈਰਾਨ ਰਹਿ,
ਬੇਗਮ ਤੱਜਬ ਮਾਨਿ।
ਕਹਜੋ ਕੌਨ ਇਨ ਕੌ ਸਕੈ
ਮਾਰ ਜੀਤਰਣ ਠਾਨ ॥੪੮॥
ਇਹੁ ਅਕਾਲ ਕੇ ਬਾਲਕੇ,
ਰੂਪ ਕਾਲ ਕੇ ਬੀਰ।
ਕਿਧੌਂ ਬੀਰ-ਰਸਰੌਦ੍ਰ ਨੈ[1],
ਧਾਰੇ ਇਹੈ ਸਰੀਰ ॥੪੯॥
ਜੈਸੇ ਹਮ ਸੁਨ ਰਖੇ ਥੇ,
ਪਿਖੇ ਅਧਿਕ ਤਿਸ ਭਾਇ।
ਕਹਿ ਬੇਗਮ ਫਿਰ ਖਾਨ ਤੈ,
ਵਹਿ ਸਿੰਘ ਦਏ ਛੁਡਾਇ ॥੫੦॥
ਜਾਇ ਸਿੰਘਨ ਤਿਨ ਪੰਥ ਪੈ,
ਭਾਖਜੋ ਸਭੀ ਹਵਾਲ।
ਜੈਨ-ਖਾਨ ਮੋਮਨ[1] ਕਰੇ,
ਜਜੋਂ ਬਹੁ ਜੁਰਮ ਕਮਾਲ[1] ॥੫੧॥

ਚੌਪਈ:

ਸੁਨ ਕਰਿ ਸਿੰਘ ਕੋਪ ਅਤਿ ਭਾਰੇ।
ਚਢੇ ਡਾਰਿ ਡਰ[1] ਮਾਰਿ ਨਗਾਰੇ।
ਨਿਜ ਸਬੰਧੀਆਂ ਕੇ ਦੁਖ ਸੁਨ ਕੈ।
ਰਹਿ ਨਹਿਂ ਸਕੇ ਅਏ ਮਨਿ ਗੁਨ ਕੈ[1] ॥੫੨॥
ਲੈਂਹਿ ਸ਼ਹੀਦੀ ਮਰੈਂ ਮਾਰ ਕਰਿ।
ਆਸ ਭਰੋਸਾ ਗੁਰੁ ਕਾ ਦਿਢ ਧਰਿ।
ਕਹੈਂ ਮਚਾਵਹੁ ਚਲ ਕਰਿ ਆਹਵ[1]।
ਹਿੰਮਤ ਕੀ ਮੱਦਦ ਹ੍ਵੈ ਸਾਹਿਬ ॥੫੩॥
ਇਤ ਦਿਸ ਔਰ ਸੁਨੋ ਜਿਮ ਭਈ।
ਮੁਖਬਰ ਆਇ ਖਬਰ ਕਿਨਿ ਦਈ।
ਜੈਨ-ਖਾਨ ਨਾਜ਼ਮ ਕੇ ਪਾਸੈਂ।
ਲੇਵਨ ਹਿਤ ਇਨਾਮ ਤਿਨ ਖਾਸੈਂ ॥੫੪॥

ਕਬਿੱਤ:

[1]ਬੀਰ-ਰਸ ਤੇਰੌਦ੍ਰਰਸ ਨੇ।
[1]ਮੀਰ ਮੋਮਨ ਖਾਂ।
[1]ਬਹੁਤ ਜ਼ਿਆਦਾ ਜ਼ੁਲਮ।
[1]ਡਰ ਛੱਡ ਕੇ।
[1]ਵਿਚਾਰ ਕੇ।
[1]ਜੰਗ।

ਸਿੱਖਣੀਆਂ ਪਾਂਚ ਸਾਤ ਬਾਲਕ ਅਨੇਕ ਸਾਥ,
ਦੁੰਦੂ-ਰਾਮ ਸਾਧ ਨੇ ਕੁਮਾਦ ਮੈਂ ਛਪਾਏ ਹੈਂ।
ਐਸੇ ਸੁਨਿ ਜੈਨ-ਖਾਨ ਪਠਯੋ ਮੀਰ-ਮੋਮਨ ਕੋ,
ਜਾਇ ਤਿਨ ਬੀਚ ਵਹਿ ਊਖ[1] ਦਰਸਾਏ ਹੈਂ। [1]ਕਮਾਦ।
ਰਾਜੀ ਭਯੋ ਚਿੱਤ ਫਿਰੈ ਇਤ ਉਤ ਬਾਜੀ ਪਰ[1], [1]ਘੋੜੇ ਉੱਪਰ।
ਪੇਖਿ ਤੁਰਕਾਨ ਤਈਂ ਬਾਲ ਚਿਚਲਾਏ ਹੈਂ[1]। [1]ਰੋਣ ਲੱਗ ਪਏ।
ਲੈ ਕੈ ਪਨਚਾਇਤ ਮਹੰਤ ਜਾਇ ਪਰਯੋ ਪਾਇਂ,
ਰਹਯੋ ਛੁਡਵਾਇ ਦੁਸ਼ਟ ਮਾਨਯੋ ਨ ਕਾਏ ਹੈ ॥੫੫॥
ਹਾਹਾਕਾਰ ਕਰਿ ਸਭਿ ਗੁਰੂ ਕਾ ਧਯਾਨ ਧਰਿ,
ਮਨ ਹੀ ਮੈਂ ਰਰੈਂ ਗੁਰੂ ਕਰੈ ਨਾਸ ਇਨ ਕੋ।
ਨਾਮਦੇਵ ਸਧਨੇ ਪ੍ਰਹਲਾਦ ਕੀ ਜਯੋਂ ਰਾਖੀ ਲਾਜ,
ਤੈਸੇ ਅਬਿ ਹੂਜੀਏ ਸਹਾਯਕ ਸਿਖਨ ਕੋ।
ਸੁਨ ਕੈ ਪੁਕਾਰ ਤਬਿ ਦੀਨਨ ਕੀ ਕਰਤਾਰ,
ਦਯੋ ਡਾਰ ਬੱਜ੍ਰ[1] ਏਕ ਐਸੋ ਤਾਂਹੀ ਛਿਨ ਕੋ। [1]ਬਿਪਤਾ ਰੂਪ ਬੱਜਰ।
ਇਤ ਉਤ ਅੱਸ੍ਵ ਕੋ ਕੁਦਾਵਤ ਫਿਰਤ ਹੁਤੋ,
ਖੇਤ ਕੇ ਚੁਫੇਰੇ ਮੀਰ-ਮੋਮਨ ਸੁ ਦਿਨ ਕੋ ॥੫੬॥
ਉਡਯੋ ਏਕ ਜਾਨਵਰ ਤਾਂਹੀ ਕੇ ਨਜੀਕੋਂ ਖਰ[1], [1]ਤੇਜ਼ (ਉਡਿਆ)।
ਉਝਕ ਤੁਰੰਗ[1] ਡਰਿ ਪੂਠਾ ਗਿਰ ਪਰਯੋ ਹੈ। [1]ਘੋੜਾ ਉਛਲ ਕੇ।
ਨੀਚੇ ਨੀਚ ਮੀਰ ਆਇ ਮਰਯੋ ਅਤਿ ਦੂਖ ਪਾਇ,
ਹੰਨਾ ਕਾਠੀ ਕੇਰ[1] ਵੀਚ ਕਾਰਜੇ ਕੇ ਬਰਯੋ ਹੈ। [1]ਕਾਠੀ ਦਾ ਅਗਲਾ ਕਿੱਲਾ।
ਦਾਸਨ ਕੀ ਆਸ ਪੂਰ ਦੁਸ਼ਟ ਦੀਓ ਮੇਲ ਧੂਰ,
ਹਾਜਰ ਹਜੂਰ ਗੁਰੂ ਧਯਾਯੋ ਤੂਰ ਢਰਯੋ ਹੈ[1]। [1]ਛੇਤੀ ਕਿਰਪਾਲੂ ਹੋ ਗਿਆ ਹੈ।
ਕੀਨੋ ਜੁਰਮ ਜੈਸੋ ਫਲ ਪਾਯੋ ਮੀਰ ਤੈਸੋ,
ਜਾਇ ਦੋਜਕ ਮੈ ਪੈਸੋ[1] ਰਹੈ ਕਯਾਮਤ ਲੌਂ ਪਰਯੋ ਹੈ ॥੫੭॥ [1]ਪੈ ਗਿਆ।
ਤਾਂਹੀ ਸਮੇਂ ਆਇ ਤੱਤ ਖਾਲਸਾ ਜੀ ਪਰਯੋ ਧਾਇ,
ਜੈਨ ਖਾਨ ਸਾਰ[1] ਪਾਇ ਉਠਯੋ ਘਬਰਾਇ ਹੈ। [1]ਖ਼ਬਰ।
ਫੌਜ ਹੁਤੀ ਖਿੰਡੀ ਕਿਤ ਤਾਂ ਕੀ ਸਭਿ ਉਤ ਇਤ,
ਸਿੰਘ ਪਰੇ ਬੀਜਰੀ ਜਯੋਂ ਅਚਾਚੇਤ ਆਇ ਹੈਂ।

ਹੁਤੀ ਸੈਨ ਜੈਨ-ਖਾਨ ਪਾਸ ਖਾਸ ਜੋਊ ਤਬਿ,
ਸੋਊ ਗਈ ਦੌਰ ਬਿਨਾ ਜੰਗ ਦਹਿਲਾਇ ਹੈ[1]। — [1]ਡਰ ਕੇ।
ਜੈਨ ਖਾਨ ਹਾਰਿ ਹ੍ਵੈ ਲਚਾਰ ਡਰ ਧਾਰ ਕਰਿ,
ਗਯੋ ਸਰਹੰਦ ਓਰ ਮੰਦ-ਮਤਿ ਧਾਇ ਹੈ ॥੫੮॥
ਔਰਤੈਂ ਸਬੰਧੀ ਨਿਜ ਸਿੱਖ ਹੈਂ ਛੁਡਾਇ ਲੀਏ,
ਤੁਕਨ ਕੇ ਜ਼ੁਲਮ ਪੰਜੇ ਮੈਂ ਸੇ ਸਿੰਘੈਂ ਸਭਿ ਹੀ।
ਡੇਰਾ ਲੂਟ ਬੈਰਿਨ ਕਾ ਬਿਨਾ ਦੇਰ ਸਿੰਘ ਫੇਰ,
ਲੈ ਕਰਿ ਕਬੀਲੇ[1] ਨਿਜ ਨਿਜ ਸੰਗ ਤਬਿ ਹੀ। — [1]ਪ੍ਰਵਾਰ।
ਛੋਰ ਕੈ ਪੰਜਾਬ ਕੋ ਸ਼ਿਤਾਬ ਧਸੇ ਮਾਲਵੇ ਮੈਂ,
ਬਿਨਾ ਲੂਟ ਮਾਰ ਤੈ ਮਝੈਲ ਰਹੈਂ ਕਬਿ ਹੀ।
ਬਾਘ[1] ਬ੍ਰਿਕ[2] ਬਾਜ ਸਮ ਪੰਥ ਕਾ ਸੁਭਾਵ ਹੁਤੋ, — [1]ਸ਼ੇਰ। [2]ਬਘਿਆੜ।
ਪਾਵੈ ਤਬਿ ਚੈਨ ਲੂਟ ਮਾਰ ਖਾਵੈ ਜਬਿ ਹੀ ॥੫੯॥

ਚੌਪਈ:

ਜਬਿ ਜਬਿ ਵਖਤ ਮਝੈਲਨ ਪਰਹੀਂ।
ਤਬਿ ਤਬਿ ਧਾਇ ਮਾਲਵੇ ਬਰਹੀਂ[1]। — [1]ਜਾ ਵੜਦੇ ਹਨ।
ਨਈ ਪੁਰਾਣੀ ਸਜਾਣ[1] ਸਕੀਰੀ[2]। — [1]ਜਾਣ ਪਛਾਣ। [2]ਰਿਸ਼ਤੇਦਾਰੀ।
ਲੈਂਹ ਬਨਾਇ ਜਾਇ ਬਿਨ ਧੀਰੀ[1] ॥੬੦॥ — [1]ਛੇਤੀ।
ਮੁਖਿ ਨਿਵਾਤ[1] ਦਿਲਿ-ਕਾਂਤਿ[2] ਰਖਾਂਹੀਂ। — [1]ਮੂੰਹ 'ਚ ਮਿਸ਼ਰੀ। [2]ਕੈਂਚੀ, ਛੁਰੀ।
ਬਾਤਨ ਸੰਗ ਰਿਝਾਇ ਛਕਾਹੀਂ[1]। — [1](ਦੂਜੇ ਨੂੰ) ਗੱਲਾਂ ਨਾਲ ਖ਼ੁਸ਼ ਕਰ ਕੇ ਖਾ ਜਾਂਦੇ ਹਨ।
ਭੋਲੇ ਲੋਗ ਹੁਤੇ ਮਲਵਈਏ।
ਸਿੱਖੀ ਨਾਤਾ ਜਾਵੈਂ ਲੱਈਏ[1] ॥੬੧॥ — [1]ਸਿੱਖੀ ਦਾ ਰਿਸ਼ਤਾ ਲਈ ਜਾਂਦੇ ਹਨ।
ਕਿਛ ਪ੍ਰੇਮ ਕਿਛੁ ਲੱਜਜਾ ਡਰਤੇ[1]। — [1]ਲੋਕ ਲੱਜਾ ਤੋਂ ਡਰਦੇ।
ਸੇਵਾ ਰਹੈਂ ਪੰਥ ਕੀ ਕਰਤੇ।
ਊਚਾ ਮੁਲਕ ਉਜਾੜ ਅਪਾਰੀ।
ਤੰਗੀ ਜਲ ਕੀ ਪਿਖ ਕਰਿ ਭਾਰੀ ॥੬੨॥
ਸ਼ਾਹੀ ਫੌਜ ਨ ਯੋਂ ਤਹਿਂ ਚਰਹੀ[1]। — [1]ਇਉਂ ਚੜ੍ਹ ਕੇ ਨਹੀਂ ਜਾਂਦੀ।
ਕੁਛਕ ਬੈਰਾੜਨ ਤੈ ਭੀ ਡਰਹੀ।
ਤੁਰਕ ਨ ਕਬੀ ਮਾਲਵੇ ਜਾਵੈਂ।
ਖੁਦ ਹੀ ਟਕੇ ਬੈਰਾੜ ਪੁਚਾਵੈਂ ॥੬੩॥

ਬਿਪਤ ਪਰੀ ਜਬਿ ਜਬੈ ਮਝੈਲੈਂ।
ਕਾਟੀ ਜਾਇ ਮਾਲਵੇ ਛੈਲੈਂ[1]। — [1]ਜਵਾਨਾਂ ਨੇ।
ਤੌ ਭੀ ਬਦ-ਸਲੂਕ[1] ਬਿਨ ਕੀਨੇ। — [1]ਬੁਰਾ ਵਰਤਾਉ।
ਰਹੇ ਮਝੈਲ ਨ ਤਿਨ ਸੋਂ[1] ਪੀਨੇ ॥੬੪॥ — [1]ਤਿਨ੍ਹਾਂ ਮਲਵਈਆਂ ਨਾਲ।
ਸੇਵਤ ਰਹੇ ਸਦਾ ਮਲਵਈ।
ਦਿਲੋਂ ਜਾਨ ਸੈਂ ਸ਼ਰਧਾ ਠਈ।
ਫਰਕ ਨਹੀਂ ਥੇ ਕਿੰਚਤ ਰਖਤੇ।
ਗੁਰੁ ਭਾਈ ਨਿਜ ਪਜਾਰੇ ਲਖਤੇ[1] ॥੬੫॥ — [1]ਜਾਣਦੇ।
ਪੈ ਮਝੈਲ ਬਿਨ ਕੀਨੇ ਬਦੀ।
ਮਲਵੱਯਨ ਸੋਂ ਗਏ ਨ ਕਦੀ।
ਦਾਣਾ ਘਾਸ ਦੂਧ ਘੀ ਦਹੀਂ।
ਛਕਿ ਮਝੈਲ ਨਿਜ ਘਰ ਸਮ ਸਹੀ ॥੬੬॥
ਮਲਵੱਯਨ ਕੀ ਬੇਟੀ ਨਾਰੀ।
ਚਲਤ ਵਕਤ[1] ਲੇ ਜਾਤ ਨਿਕਾਰੀ। — [1]ਜਾਣ ਵੇਲੇ।
ਘੋੜਾ ਘੋੜੀ ਆਯੁਧ ਨੀਕੈਂ।
ਲੇ ਜਾਤੇ ਚੁਰਾਇ ਕੈ ਠੀਕੈਂ ॥੬੭॥
ਥੇ ਮਲਵਈ ਸਾਫ ਦਿਲ ਦਜਾਲੂ।
ਕਾਲੇ ਦਿਲ ਮਾਝੈਲ ਅਦਜਾਲੂ*[1]। — [1]ਦਇਆ-ਹੀਣ।

*ਦੇਖ ਪਿੱਛੇ ਉੱਤ੍ਰਾਰਧ ਦੇ ਬਿਸ੍ਰਾਮ ਨੰ: ੩੧ ਦੇ ਅੰਕ ਨੰ: ੧੭ ਵਿੱਚ ਇੱਥੇ ਨੰ: ੬੧, ੬੬ ਤੇ ੬੭ ਵਿੱਚ ਅਤੇ ਅੱਗੇ ਜਾ ਕੇ ਬਿਸ੍ਰਾਮ ਨੰ: ੪੭ ਦੇ ਅੰਕ ਨੰ: ੨੦ ਵਿੱਚ ਗਿਆਨੀ ਗਿਆਨ ਸਿੰਘ ਜੀ ਨੇ ਮਝੈਲ ਸਿੰਘਾਂ ਬਾਰੇ ਜੋ ਕੁੱਝ ਲਿਖਿਆ ਹੈ, ਉਹ ਕਿਸੇ ਤਰ੍ਹਾਂ ਵੀ ਮੰਨਣ ਯੋਗ ਨਹੀਂ ਹੈ। ਉਨ੍ਹਾਂ ਨੂੰ ਇੱਕ ਸਾਧੂ, ਵਿਦਵਾਨ, ਖੋਜੀ ਇਤਿਹਾਸਕਾਰ ਅਤੇ ਦੂਰੰਦੇਸ਼ ਲੇਖਕ ਦੀ ਹੈਸੀਅਤ ਵਿੱਚ ਅਜਿਹੀ ਲਿਖਤ ਲਿਖਣ ਤੋਂ ਜ਼ਰੂਰ ਸੰਕੋਚ ਕਰਨਾ ਚਾਹੀਦਾ ਸੀ, ਜਿਸ ਦੇ ਪੜ੍ਹਿਆਂ ਪੰਥ ਵਿੱਚ ਫੁੱਟਪਾਊ ਤਾਕਤਾਂ ਨੂੰ ਬਲ ਮਿਲਦਾ ਹੋਵੇ।ਚੂੰਕਿ ਗਿਆਨੀ ਜੀ ਨੇ ਆਪਣਾ ਸ੍ਰੀ ਗੁਰੁ ਪੰਥ ਪ੍ਰਕਾਸ਼ ਸ੍ਰ. ਰਤਨ ਸਿੰਘ ਜੀ ਭੰਗੂ ਰਚਿਤ ਪੰਥ ਪ੍ਰਕਾਸ਼ ਦੇ ਅਧਾਰ 'ਤੇ ਹੀ ਲਿਖਿਆ ਹੈ ਅਤੇ ਉਹੋ ਹੀ ਇਸ ਰਚਨਾ ਦਾ ਮੂਲ-ਸ੍ਰੋਤ ਹੈ। ਜਦ ਅਸਾਂ ਇਸ ਸਬੰਧ ਵਿੱਚ ਭੰਗੂ ਜੀ ਰਚਿਤ ਰਚਨਾ ਨੂੰ ਪੜ੍ਹਿਆ ਤਾਂ ਸਾਨੂੰ ਸਮਝੇ ਪਿਆ ਕਿ ਗਿਆਨੀ ਜੀ ਨੇ ਮਝੈਲ ਸਿੰਘਾਂ ਸਬੰਧੀ ਉਪ੍ਰੋਕਤ ਲਿਖਤਾਂ, ਭੰਗੂ ਜੀ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹੋ ਕੇ ਹੀ ਲਿਖੀਆਂ ਹਨ ਜਾਂ ਇਉਂ ਸਮਝੋ ਕਿ ਇਹ ਲਿਖਤਾਂ, ਭੰਗੂ ਜੀ ਦੀਆਂ ਲਿਖਤਾਂ ਦਾ ਹੀ ਪ੍ਰਤਿਕ੍ਰਮ ਹਨ ਕਿਉਂਕਿ ਭੰਗੂ ਜੀ ਆਪਣੇ ਪੰਥ ਪ੍ਰਕਾਸ਼ ਵਿੱਚ ਮਲਵਈ ਸਿੰਘਾਂ ਜਾਂ ਬੈਰਾੜ ਸਿੰਘਾਂ ਨੂੰ ਪੰਥ ਜਾਂ ਪੰਥ ਦਾ ਅੰਗ ਨਹੀ ਮੰਨਦੇ ਸਗੋਂ ਹਰ ਗੱਲ ਵਿੱਚ ਮਝੈਲ ਸਿੰਘਾਂ ਨੂੰ ਪੰਥ ਜਾਂ ਪੰਥ ਲਿਖਦੇ ਹਨ ਤੇ ਮਾਲਵੇ ਦੇ ਸਿੰਘਾਂ ਨੂੰ ਮਲਵਈ ਜਾਂ ਬਿਰਾੜ ਲਿਖਦੇ ਹਨ ਅਤੇ ਉਹਨਾਂ ਨੂੰ ਸਿੰਘਾਂ ਦਾ ਘਾਤ ਕਰਨ ਵਾਲੇ, ਚੋਰ, ਸਤਿਗੁਰੂ ਦੇ ਫ਼ਿਟਕਾਰੇ, ਮੂਰਖ, ਬੇਈਮਾਨ ਤੇ ਆਚਰਨ-ਹੀਣ ਆਖਦੇ ਹਨ। ਦੇਖੋ ਪਦਮ-ਭੂਸ਼ਨ ਡਾਕਟਰ ਭਾਈ ਵੀਰ ਸਿੰਘ ਜੀ ਵੱਲੋਂ ਸੰਪਾਦਿਤ ਸ: ਰਤਨ ਸਿੰਘ ਜੀ ਭੰਗੂ ਰਚਿਤ ਪ੍ਰਾਚੀਨ ਪੰਥ ਪ੍ਰਕਾਸ਼ ਚੌਥੀ ਐਡੀਸ਼ਨ ਦੇ ਪੰਨਾ ੩੭੩ ਤੋਂ ੩੭੫ ਤੱਕ ਦੀ ਰਚਨਾ 'ਚੋਂ ਵੰਨਗੀ ਮਾਤਰ ਕੁਝ ਤੁਕਾਂ ਜੋ ਹੇਠ ਦਰਜ ਕਰਦੇ ਹਾਂ:- 'ਸਿੰਘ ਬਿਰਾੜਨ ਕੀ ਜਿਮੈਂ ਸੁਨਾਊਂ ਬਿਗਰੀ ਬਾਤ। ਜਬ ਸਿੰਘ ਆਵੈਂ ਮਾਲਵੇ ਕਰੈਂ ਸਿੰਘਨ ਕਾ ਘਾਤ ॥੨॥ ਚੌਪਈ ॥ ਸਿੰਘਨ ਕੋ ਨਿਜ ਮਾਲ ਚੁਰਾਵੈਂ। ਸਿੰਘਨ ਪ੍ਰਦੇਸੀ ਤੱਕ ਖੇਹ ਖਾਵੈਂ ॥੩॥ 'ਇਹ ਫਿਟਕਾਰੇ ਸਤਿਗੁਰੂ ਰਾਜ ਕਹਾਂ ਤੇ ਪਾਹਿਂ ॥੯॥ ... 'ਇਕ ਪਲ ਮੇਂ ਲੇਂ ਸਿੰਘਨ ਮਾਰ।

ਐਸੇ ਮੂਰਖ ਬਕੈਂ ਬਰਾੜ ॥੧੩॥ ... 'ਭਏ ਬਰਾੜ ਅਬ ਬੇਈਮਾਨ। ਲਾਗੇ ਖਾਲਸੇ ਦੇਖਨ ਤਾਨ ॥੨੦॥ ... 'ਇਮ ਬਰਾੜ ਸਿੰਘਨ ਤੇ ਹਾਰੇ। ਕਰਤੂਤ ਆਪਨੀ ਭਏ ਖੁਆਰੇ। ... 'ਕਿਸੇ ਜ਼ਿਮੇ ਸਿੰਘ ਨਜ਼ਰਾਨਾ ਟਿਕਾਵੈਂ। ਕਿਸੇ ਜ਼ਿਮੇ ਸਿੰਘ ਸਾਕ ਠਹਰਾਵੈਂ ॥੧੫॥ ... 'ਗੰਡਾ ਸਿੰਘ ਇਕ ਸਿੰਘ ਥੋ ਢੰਡ ਕਸੇਲਨ ਵਾਲ। ਤਿਸ ਕੀ ਨਾਰ ਲਕੋ ਰਖੀ ਕਹਿੰ ਲਈ ਮਝੈਲਨ ਨਾਲ ॥੧੯॥' ਭੰਗੂ ਜੀ ਵੱਲੋਂ ਬੈਰਾੜਾਂ ਸਬੰਧੀ ਵਰਤੇ ਉਪ੍ਰੋਕਤ ਸ਼ਬਦਾਂ ਨੂੰ ਹੁਣ ਅਸੀਂ ਗੁਰੂ ਕੇ ਬਚਨਾਂ ਦੀ ਕਸਵੱਟੀ ਤੇ ਪਰਖਦੇ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਔਰੰਗਜ਼ੇਬ ਨੂੰ ਕਾਂਗੜ ਨਗਰ ਵਿਖੇ ਆ ਕੇ ਮੁਲਾਕਾਤ ਕਰਨ ਨੂੰ ਕਿਹਾ ਤਾਂ ਔਰੰਗਜ਼ੇਬ ਨੇ ਲਿਖਿਆ ਕਿ ਤੁਸੀਂ ਤਾਂ ਬੈਰਾੜਾਂ ਦੀ ਧਰਤੀ ਵਿੱਚ ਬੈਠੇ ਹੋ। ਬੈਰਾੜਾਂ ਦੀ ਕੌਮ ਤੋਂ ਮੇਰੀ ਜਾਨ ਨੂੰ ਭਾਰੀ ਖ਼ਤਰਾ ਹੈ ਤਾਂ ਇਸ ਦੇ ਉੱਤਰ ਵਿੱਚ ਹਜ਼ੂਰ ਨੇ ਇਕ ਸ਼ਿਅਰ ਲਿਖ ਕੇ ਭੇਜਿਆ: ਨ ਜ਼ੱਰਾ ਦਰੀਂਰਾਹਿ ਖਤਰਾ ਤੁਰਾ ਅਸਤ। ਹਮਾ ਕਉਮ ਬੈਰਾੜ ਹੁਕਮੇ ਮਰਾ ਅਸਤ ॥੫੯॥ ਕਲਗੀਧਰ ਜੀ ਮਹਾਰਾਜ ਤਾਂ ਸਾਰੀ ਦੀ ਸਾਰੀ ਬੈਰਾੜ ਕੌਮ ਨੂੰ ਆਪਣੇ ਹੁਕਮ ਵਿੱਚ ਚੱਲਣ ਵਾਲੀ ਕਹਿੰਦੇ ਹਨ, ਪਰ ਸ: ਰਤਨ ਸਿੰਘ ਜੀ ਭੰਗੂ ਉਪ੍ਰੋਕਤ ਛੰਦਾਂ ਵਿੱਚ ਉਸੇ ਬੈਰਾੜ ਕੌਮ ਦੇ ਸਿੰਘਾਂ ਨੂੰ ਸਿੰਘਾਂ ਦਾ ਭਾਵ ਪੰਥ ਦਾ ਘਾਤ ਕਰਨ ਵਾਲੇ, ਚੋਰ ਸਤਿਗੁਰੂ ਦੇ ਫਿਟਕਾਰੇ, ਮੂਰਖ, ਬੇਈਮਾਨ ਤੇ ਆਚਰਨਹੀਣ ਲਿਖਦੇ ਹਨ। ਹੁਣ ਅੰਦਾਜ਼ਾ ਲਾਉ ਕਿ ਗੁਰੂ ਜੀ ਦੇ ਕਹੇ ਬਚਨ ਸੱਤ ਹਨ ਜਾਂ ਕਿ ਭੰਗੂ ਜੀ ਦੇ? ਸ੍ਰ: ਰਤਨ ਸਿੰਘ ਜੀ ਭੰਗੂ ਤੇ ਗਿਆਨੀ ਗਿਆਨ ਸਿੰਘ ਜੀ ਰਚਿਤ ਦੋਹਾਂ ਪੰਥ ਪ੍ਰਕਾਸ਼ਾਂ ਵਿੱਚੋਂ ਮਝੈਲਾਂ ਤੇ ਮਲਵਈਆਂ ਜਾਂ ਬੈਰਾੜਾਂ ਸਬੰਧੀ ਆਪਾ ਵਿਰੋਧੀ ਪ੍ਰਸੰਗਾਂ ਦੀ ਅਸੀਂ ਪੜਚੋਲ ਕਰਦੇ ਹਾਂ ਤਾਂ ਤੱਤ ਇਹ ਨਿਕਲਦਾ ਹੈ ਕਿ ਉਸ ਸਮੇਂ ਜਦ ਭੰਗੂ ਜੀ ਨੇ ਆਪਣਾ ਪੰਥ ਪ੍ਰਕਾਸ਼ ਰਚਿਆ ਤਾਂ ਮਾਲਵੇ ਨੂੰ ਛੱਡ ਕੇ ਬਾਕੀ ਸਾਰੇ ਪੰਜਾਬ ਤੇ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸੀ ਅਤੇ ਮਾਲਵੇ ਵਿੱਚ ਪਟਿਆਲਾ, ਨਾਭਾ, ਜੀਂਦ, ਫਰੀਦਕੋਟ ਤੇ ਕੈਂਥਲ ਆਦਿ ਰਿਆਸਤਾਂ ਵਿੱਚ ਸਿੱਧੂ ਬੈਰਾੜਾਂ ਦੀ ਹਕੂਮਤ ਸੀ। ਜੇ ਮਹਾਰਾਜਾ ਰਣਜੀਤ ਸਿੰਘ ਤੇ ਮਾਲਵੇ ਦੀਆਂ ਰਿਆਸਤਾਂ ਦੇ ਸਾਰੇ ਰਾਜੇ ਪੰਥਕ ਤੌਰ 'ਤੇ ਇਕੱਠੇ ਹੋ ਕੇ ਅੰਗਰੇਜ਼ਾਂ ਨਾਲ ਦੋ ਹੱਥ ਕਰਦੇ ਤਾਂ ਥੋੜ੍ਹੇ ਹੀ ਚਿਰ ਵਿੱਚ ਸਿੰਘ ਸਾਰੇ ਹਿੰਦੁਸਤਾਨ ਦੇ ਬਾਦਸ਼ਾਹ ਹੁੰਦੇ ਤੇ ਅੱਜ ਸਾਨੂੰ ਸਾਰੀ ਦੁਨੀਆਂ ਉਪਰ ਰਾਜ ਕਰਨ ਦਾ ਮਾਣ ਪ੍ਰਾਪਤ ਹੁੰਦਾ। ਪਰ ਚਾਲਾਕ ਅੰਗਰੇਜ਼ ਮਦਾਰੀ ਨੇ ਆਪਣੀ ਤਿੱਖੀ ਰਾਜਨੀਤੀ ਰਾਹੀਂ ਮਲਵਈ ਰਾਜਿਆਂ ਨੂੰ ਮਹਾਰਾਜਾ ਰਣਜੀਤ ਸਿੰਘ ਦਾ ਹਊਆ ਦਿਖਾ ਕੇ ਆਪਣੇ ਵੱਲ ਕਰ ਲਿਆ। ਇਸ ਤਰ੍ਹਾਂ ਖ਼ਾਲਸਾ ਪੰਥ ਦੀ ਸਾਂਝੀ ਸ਼ਕਤੀ ਦੋ ਥਾਂ ਵੰਡ ਦਿੱਤੀ ਗਈ। ਉਂਞ ਤਾਂ ਭਾਵੇਂ ਉਸ ਸਮੇਂ ਪਹਿਲਾਂ ਹੀ ਆਪਸੀ ਖਿਚਾ ਦੇ ਕਾਰਨ ਮਾਝੇ ਤੇ ਮਾਲਵੇ ਦੇ ਦੋ ਗਰੁੱਪ ਬਣ ਚੁੱਕੇ ਸਨ, ਪਰ ਅੰਗਰੇਜ਼ ਨੇ ਬੜੀ ਹੀ ਚੁਸਤੀ ਨਾਲ ਮਲਵਈ ਰਿਆਸਤਾਂ ਦੇ ਰਾਜਿਆਂ ਨੂੰ ਮਹਾਰਾਜੇ ਤੋਂ ਦੂਰ ਕਰੀ ਰੱਖਿਆ ਅਤੇ ਆਪਣੀਆਂ ਫੌਜਾਂ ਵਿੱਚ ਭਰਤੀ ਕੀਤੇ ਸਿੰਘਾਂ ਦੇ ਮਨਾਂ ਅੰਦਰ ਵੀ ਮਾਝੇ ਅਤੇ ਮਾਲਵੇ ਦਾ ਪਾੜਾ ਪਾ ਦਿੱਤਾ। ਇਸੇ ਪਾੜੇ ਨੂੰ ਹੋਰ ਚੌੜਾ, ਡੂੰਘਾ ਤੇ ਪੱਕਾ ਕਰਨ ਲਈ ਸ੍ਰ.ਰਤਨ ਸਿੰਘ ਭੰਗੂ ਪਾਸੋਂ ਅਜਿਹੇ ਪ੍ਰਸੰਗ ਲਿਖਵਾਏ ਜਿਨ੍ਹਾਂ ਨੂੰ ਸੁਣ ਕੇ ਮਲਵਈ ਤੇ ਮਝੈਲ ਕਦੀ ਵੀ ਇਕੱਠੇ ਨਾ ਹੋ ਸਕਣ। ਜਿਵੇਂ ਮੁਗ਼ਲੀਆ ਹਕੂਮਤ ਨੇ ਤੱਤ ਖ਼ਾਲਸੇ ਨੂੰ ਬੰਦਾ ਸਿੰਘ ਨਾਲੋਂ ਪਾੜ ਕੇ ਤੇ ਮਦਦ ਲੈ ਕੇ ਬੰਦਾ ਸਿੰਘ ਨੂੰ ਫ਼ਤਹ ਕਰਕੇ, ਪਕੜ ਕੇ ਸ਼ਹੀਦ ਕੀਤਾ ਸੀ। ਇਵੇਂ ਹੀ ਅੰਗ੍ਰੇਜ਼ ਨੇ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਮਲਵਈਰਾਜਿਆਂ ਨਾਲ ਹੀ ਸਾਰੇ ਪੰਜਾਬ ਤੇ ਕਬਜ਼ਾ ਕੀਤਾ, ਭਾਵੇਂ ਉਹਨਾਂ ਨੂੰ ਆਪਣੇ ਰਾਜ ਦੇ ਅੰਤ ਤੱਕ ਕੁਝ ਸਹੂਲਤਾਂ ਦੇਈ ਰੱਖੀਆਂ। ਇਹ ਵੀ ਹੋ ਸਕਦਾ ਹੈ ਕਿ ਭੰਗੂ ਜੀ ਨੇ ਸੁਣੀਆਂ ਸੁਣਾਈਆਂ ਗੱਲਾਂ ਨੂੰ ਸੱਚ ਸਮਝ ਕੇ ਅਣਭੋਲ ਹੀ ਐਸੇ ਸ਼ਬਦ ਲਿਖ ਦਿੱਤੇ ਹੋਣ। ਬਰਾੜਾਂ ਦੀਆਂ ਦੋ ਸਾਖੀਆਂ ਤੇ ਇਕ ਕਪੂਰੇ ਬਰਾੜ ਦੀ ਸਾਖੀ ਲਿਖੀ ਹੈ, ਇਹਨਾਂ ਤਿੰਨਾਂ ਦੇ ਅੰਤ ਵਿੱਚ ਭੰਗੂ ਜੀ ਮੰਨਦੇ ਹਨ ਕਿ:- 'ਰਤਨ ਸਿੰਘ ਨੇ ਜਿਮ ਸੁਨੀ, ਤੈਸੀ ਦਈ ਲਿਖਾਇ। ਰਤਨ ਸਿੰਘ ਸੁਨ ਪਿਤਾ ਤੇ ਤੈਸੀ ਲਿਖੀ ਸੰਭਾਲ। ... 'ਰਤਨ ਸਿੰਘ ਤਿਮ ਹੀ ਲਿਖੀ ਜਿਮ ਸੁਨੀ ਬ੍ਰਿਧਨ ਕੈ ਪਾਸ। 'ਚੂੰਕਿ ਭੰਗੂ ਜੀ ਮਝੈਲ ਸਨ ਇਸ ਲਈ ਉਨ੍ਹਾਂ ਨੇ ਮਲਵਈਆਂ ਤੇ ਖ਼ਾਸ ਕਰ ਬੈਰਾੜਾਂ ਸਬੰਧੀ ਬੜੇ ਹੀ ਅਪ-ਸ਼ਬਦਾਂ ਦਾ ਪ੍ਰਯੋਗ ਕੀਤਾ ਹੈ। ਜਿਸ ਤੋਂ ਪ੍ਰਭਾਵਿਤ ਹੋ ਕੇ ਗਿਆਨੀ ਗਿਆਨ ਸਿੰਘ ਜੀ ਨੇ ਵੀ ਨਹਲੇ ਤੇ ਦਹਲਾ ਮਾਰਨ ਵਾਂਗ ਮਝੈਲ ਸਿੰਘਾਂ ਦੇ ਸਬੰਧ ਵਿੱਚ ਕੁਝ ਉਹੋ ਜਿਹੇ ਹੀ ਸ਼ਬਦ ਵਰਤ ਦਿੱਤੇ ਜੋ ਪੰਥ ਵਿੱਚ ਪਿੱਛੇ ਹੁਣ ਤੱਕ ਫੁੱਟ ਦਾ ਕਾਰਨ ਬਣਦੇ ਆਏ ਹਨ। ਮੇਰੇ ਵਿਚਾਰ ਵਿੱਚ ਦੋਹਾਂ ਹੀ ਲੇਖਕਾਂ ਨੂੰ ਐਸਾ ਨਹੀਂ ਕਰਨਾ ਚਾਹੀਦਾ ਸੀ। ਮੈਂ ਪਾਠਕਾਂ ਦੀ ਸੇਵਾ ਵਿੱਚ ਸਨਿੰਮ੍ਰ ਪ੍ਰਾਰਥਨਾ ਕਰਾਂਗਾ ਕਿ ਅੱਗੋਂ ਇਨ੍ਹਾਂ ਲਿਖਤਾਂ ਦੀ ਅਸਲੀਅਤ ਨੂੰ ਸਮਝ ਕੇ ਕਿਸੇ ਭੜਕਾਹਟ ਵਿੱਚ ਨਹੀਂ ਆਉਣਾ ਚਾਹੀਦਾ। ਗੁਰੂ ਕੇ ਸਿੰਘ ਭਾਵੇਂ ਕਿਸੇ ਦੇਸ਼, ਪ੍ਰਾਂਤ, ਜ਼ਾਤ, ਗੋਤ, ਰੰਗ ਤੇ ਨਸਲ ਨਾਲ ਸਬੰਧਿਤ ਹੋਣ, ਸਾਡੇ ਵੱਲੋਂ ਉਹਨਾਂ ਨੂੰ ਗੁਰੂ ਕੇ ਲਾਡਲੇ ਸਪੁੱਤਰ ਤੇ ਸਕੇ ਭਰਾਵਾਂ ਤੋਂ ਵੱਧ ਪਿਆਰੇ ਸਮਝਣਾ ਚਾਹੀਦਾ ਹੈ।

ਯਦਪਿ ਥੇ ਮਲਵਈ[1], ਤਥਾਪੀ।
ਸੇਵਾ ਛਡਤੇ ਨਾਹਿੰ ਕਦਾਪੀ ॥੬੮॥

[1]ਭਾਵੇਂ ਮਲਵਈ (ਸਭ ਕੁਝ ਜਾਣਦੇ) ਸਨ।

ਯੌਂ ਹੀ ਕੇਤਿਕ ਬਰਖ ਬਿਤਾਏ।
ਦਈ ਪਨਾਹ[1] ਮਝੈਲ ਜਬਿ ਆਏ ॥੬੯॥

[1]ਸ਼ਰਨ, ਓਟ।

ਦੋਹਰਾ:
ਪੁਨਾ ਮਾਲਵੇ ਦੇਸ ਤੈ,
ਕਰਿ ਕੈ ਪੰਥ ਸਲਾਹਿ।
ਬਾਂਧਿ ਜਥੇ ਬਹੁ ਠੌਰ ਤਬਿ,
ਧਸੇ ਪੰਜਾਬ ਸੁ ਚਾਹਿ ॥੭੦॥

ਚੌਪਈ:
ਰਾਇ ਕੋਟ ਅਰ ਗਿਰਦ ਮਲੇਰੈਂ[1]।
ਰਹੇ ਜਥੇ ਦੁਇ ਅਧਿਕ ਦਲੇਰੈਂ।
ਤੀਨ ਕੁ ਜਥੇ ਸੁ ਗਿਰਦ ਸਰੂੰਦੈਂ।
ਸੱਤ੍ਰੈਂ ਲੂਟਤ ਫਿਰੈਂ ਬੁਲੰਦੈਂ ॥੭੧॥

[1]ਮਲੇਰ-ਕੋਟਲੇ ਦੇ ਦੁਆਲੇ।

ਗਿਰਦ ਸਮਾਣੇ ਰਹਿ ਇਕ ਜਥਾ।
ਓਰ ਸਹਾਰਨ ਪੁਰਿ ਭੀ ਤਥਾ।
ਬਾਕੀ ਬੀਚ ਪੰਜਾਬ ਅਪਾਰੇ।
ਦੁਆਬੇ ਮਾਝੇ ਦੜਪ[1] ਮਝਾਰੇ ॥੭੨॥

[1]ਰਾਵੀ ਤੇ ਝਨਾਂ ਦੇ ਵਿਚਕਾਰਲਾ ਦੇਸ਼, ਦੁਆਬਾ ਰਚਨਾ (ਅ) 'ਦਰ-ਅਪ' ਦੋ ਜਲਾਂ ਦੇ ਅੰਦਰ ਦਾ ਦੇਸ।

ਨਿਜ ਸੱਤ੍ਰਨ ਕੇ ਧਾਮ ਗਰਾਮੈਂ।
ਲੂਟਤ ਕੂਟਤ ਫਿਰੈਂ ਤਮਾਮੈਂ।
ਔਰ ਕਿਸੀ ਕਾ ਕੁਛ ਨਹਿਂ ਹਰੈਂ[1]।
ਬੈਰਿਨ ਪਰ ਬਿਜਰੀ ਜਯੋਂ ਪਰੈ ॥੭੩॥

[1]ਨਹੀਂ ਚੁਰਾਉਂਦੇ।

ਨਿਸ ਦਿਨ ਰਹੈਂ ਅਧਿਕ ਮਨਿ ਮਾਖੇ[1]।
ਹਿੰਦੁ ਧਰਮ ਕੋ ਚਹਿਂ ਹੀ ਰਾਖੇ।
ਰਾਹਿ ਬੰਦ ਤੁਰਕਨ ਕੇ ਕੀਨੇ।
ਅਰਜੰ-ਦਾਨ[1] ਤੋੜ ਸਭਿ ਦੀਨੇ ॥੭੪॥

[1]ਗੁੱਸੇ ਵਿੱਚ ਭਾਵ ਬੀਰ-ਰਸ ਵਿੱਚ।

[1]ਜੇਲ੍ਹ ਖਾਨੇ

ਲੋਗ ਲੁਟੇਰੇ ਔਰ ਹਜ਼ਾਰੈਂ।
ਮੁਜਰਮ[1] ਤੁਰਕਨ ਕੇਰ ਅਪਾਰੈਂ।
ਮਿਲੇ ਖਾਲਸੇ ਕੇ ਸੰਗ ਸਭਿ ਹੀ।
ਸਜੇ ਹਜ਼ਾਰੋਂ ਸਿੰਘ ਸੁ ਤਬਿ ਹੀ ॥੭੫॥
ਮਾਰ ਲੂਟ ਕਰਿ ਜਾਂਵਹਿ ਧਾਈ।

[1]ਦੋਸ਼ੀ।

ਮੁਲਕ ਬੀਚ ਬਹੁ ਧੂਮ ਮਚਾਈ।
ਰਹੇ ਦੁਰਾਨੀ ਜੋਰ ਲਗਾਏ।
ਬੰਦੋਬਸਤ ਬਨ ਸਕ੍ਯੋ ਨ ਕਾਏ ॥੭੬॥
ਸਿੰਘ ਨ ਤਿਨ ਕੇ ਬਸ ਮੈ ਆਂਵੈਂ।
ਲੂਟ ਮਾਰ ਤੈ ਜੋ ਕੁਛ ਪਾਵੈਂ।
ਸੋਊ ਮਾਲਵੇ ਦੈਂਹ ਪੁਚਾਹੀ।
ਨਿਜ ਨਿਜ ਸਭੈ ਕਬੀਲਯੋਂ ਪਾਹੀ[1] ॥੭੭॥ [1]ਆਪੋ ਆਪਣੇ ਪਰਿਵਾਰਾਂ ਪਾਸ।
ਹਾਕਮ ਭਏ ਲਚਾਰ ਦੁਰਾਨੀ।
ਕਰੇ ਖਾਲਸੇ ਮਾਰਿ ਹਿਰਾਨੀ।
ਅਹਿਮਦ-ਸ਼ਾਹਿ ਪਾਇ ਯਹਿ ਸਾਰੈਂ[1]। [1]ਖ਼ਬਰ।
ਆਯੋ ਫੇਰ ਪੰਜਾਬ ਮਝਾਰੈਂ ॥੭੮॥
ਦੋਹਰਾ:
ਸ਼ਾਹਿ ਦੁਰਾਨੀ ਆਇ ਕਰਿ,
ਥਿਰਿ ਲਹੌਰ ਰਿਸ ਧਾਰਿ।
ਫੌਜ ਕਟੀਲੀ[1] ਸਿੰਘਨ ਪਰ, [1]ਤਿੱਖੀ, (ਅ) ਕੱਟਣ ਵਾਲੀ।
ਪਠੀ ਚਢਾਇ ਅਪਾਰ ॥੭੯॥
ਚੌਪਈ:
ਸਿਪਹਸਲਾਰ[1] ਬੁਲੰਦ ਖਾਨ ਤਬਿ। [1]ਸੈਨਾ-ਪਤੀ।
ਲੈ ਇਕ ਦਸਤਾ ਫੌਜ ਕੇਰ ਜਬਿ।
ਲਗ੍ਯੋ ਸਿੰਘਨ ਕੇ ਪਾਛੇ ਧਾਈ।
ਧਸੇ ਜੰਗਲੋਂ ਮੈਂ ਸਿੰਘ ਜਾਈ ॥੮੦॥
ਲੁਟ-ਮਾਰ ਬਹੁ ਨਿਸ ਕੋ ਰਾਖੈਂ।
ਪਰੈਂ ਚੁ-ਤਰਫੋਂ ਕਰੈ ਹਲਾਕੈਂ[1]। [1]ਮਾਰ ਦੇਂਦੇ ਹਨ।
ਪੈਠੈਂ[1] ਫੇਰ ਝੱਲ ਮੈਂ ਧਾਈ। [1]ਵੜ ਜਾਂਦੇ ਹਨ।
ਪੇਸ਼ ਨ ਲੇਸ ਤੁਰਕ ਕੀ ਜਾਈ ॥੮੧॥
ਦਿਸ ਮੁਲਤਾਨ ਦਰਜਾਵਨ ਤੀਰਾ[1]। [1]ਕਿਨਾਰੇ।
ਫਿਰੈਂ ਭਿਰਤ ਦੁਹਿ ਦਿਸ ਤੈ ਬੀਰਾ[1]। [1]ਸੂਰਮੇਂ।
ਜੰਗਲ ਕਹਿਲਾਵਤ ਸੋ ਬਾਰੈਂ।
ਸੌ ਸੌ ਕੋਸਨ ਪਰੀ ਉਜਾਰੈਂ ॥੮੨॥
ਤਿਨ ਮੈਂ ਮਿਰਗਨ ਜਯੋਂ ਸਿੰਘ ਫਿਰਹੀਂ।

ਨਹਿਂ ਦੁਰਾਨੀਆਂ ਤੈ ਕਿਤ ਘਿਰਹੀਂ।
ਬਲਿਕੈ ਸਿੰਘਨ ਗਿਲਜੇ ਮਾਰੇ।
ਕੂਟ ਲੂਟ ਬਹੁ ਕਰੇ ਲਚਾਰੇ ॥੮੩॥
ਹਾਰ ਮਾਨ ਫਿਰ ਫਿਰੇ ਪਿਛਾਰੀ।
ਆਇ ਪੁਕਾਰੇ ਸ਼ਾਹਿ ਅਗਾਰੀ।
ਕਹੈਂ ਸਿੰਘ ਨਹਿਂ ਹਮ ਤੈ ਮਰਹੀਂ।
ਮਹਾਂ ਸਘਨ ਬਨ ਮੈਂ ਵਹਿ ਫਿਰਹੀਂ ॥੮੪॥
ਪੀਐਂ ਨ ਪਾਨੀ ਅੰਨ ਨ ਖਾਹੀਂ।
ਸੀਤ ਉਸਨ[1] ਕਿਛ ਮਾਨੈਂ ਨਾਹੀਂ। [1]ਸਰਦੀ ਗਰਮੀ।
ਹਮ ਕੋ ਏਕ ਪਹਰ, ਬਿਨ ਪਾਨੀ।
ਹੋਤ ਕਾਟਨਾ ਮੌਤ ਨਿਸ਼ਾਨੀ ॥੮੫॥
ਪੁਨ ਵਹਿ ਜਾਨਤ ਭੇਤ ਦੇਸ ਕੇ।
ਬਸਨ ਵਾਰ ਹੈਂ ਮੁਲਕ ਏਸ ਕੇ।
ਹਮ ਪਰਦੇਸੀ ਭੂਲਤ ਬਨ ਮੈਂ।
ਦਿਸਾ-ਭ੍ਰਮ[1] ਹ੍ਵੈ ਜਾਵਤ ਮਨ ਮੈਂ ॥੮੬॥ [1]ਦਿਸ਼ਾ ਦਾ ਭੁਲੇਖਾ।
ਸਿੰਘ ਫਿਰਤ ਬਨ ਮੈਂ ਸਭਿ ਐਸੇ।
ਬਨ ਕੇ ਮਿਰਗ ਫਿਰਤ ਬਨ ਜੈਸੇ।
ਹਮਰੇ ਬਾਜ[1] ਨ ਬਨ ਮੈਂ ਬਰਹੀਂ[2]। [1]ਘੋੜੇ। [2]ਵੜਦੇ ਨਹੀਂ।
ਕਾਂਟੇ ਲਗੈਂ ਝੱਲ ਤੇ ਡਰਹੀਂ ॥੮੭॥
ਚਲਤ ਬੰਦੂਕਨ ਤੋਪ ਨ ਤਹਾਂ।
ਕਾਨਨ ਸਘਨ[1] ਭਯਾਨਕ ਮਹਾਂ। [1]ਸੰਘਣਾ ਜੰਗਲ।
ਹਮ ਸਿੰਘਨ ਕੋ ਕਿਹ ਬਿਧਿ ਮਾਰੈਂ।
ਹਮ ਕੋ ਹੀ ਉਲਟਾ ਵਹਿ ਗਾਰੈਂ ॥੮੮॥
ਨਿਕਸ ਝੱਲ ਤੈ ਨਿਸ ਕੋ ਆਵਤ।
ਝਟਪਟ ਲੂਟ ਕੂਟ ਕਰਿ ਜਾਵਤ।
ਉਨ ਕੋ ਹੈ ਜੰਗਲ ਮੈਂ ਮੰਗਲ[1]। [1]ਅਨੰਦ।
ਡਰਤ ਨ ਜਰਾ ਸੁ ਕਰਤ ਉਦੰਗਲ[1] ॥੮੯॥ [1]ਮੁਠ ਭੇੜ, ਜੰਗ।
ਹਮ ਕੋ ਬਨ ਤੈ ਯੌਂ ਡਰ ਐਹੈ।
ਹਿਮ-ਗਿਰ ਸਮ ਪਰ ਹੈਂ ਗਰ ਜੈਹੈਂ[1]। [1](ਜੰਗਲ) ਹਿਮਾਲਾ ਪਹਾੜ ਵਰਗਾ ਹੈ (ਜੇ ਉਸ ਵਿੱਚ) ਵੜ ਜਾਵਾਂਗੇ ਤਾਂ ਗਲ਼ ਜਾਵਾਂਗੇ।

ਜੌਂ ਗਢ[1] ਹੋਇ ਤਾਂਹਿ ਚੜ੍ਹਿ ਤੋੜੈਂ। — [1]ਕਿਲ੍ਹਾ।
ਅਰ ਮਿਦਾਨ ਕਾ ਜੰਗ ਨਿਖੋੜੈਂ[1] ॥ ੯੦ ॥ — [1]ਮੁਕਾ ਦੇਈਏ।

ਦੋਹਰਾ:
ਯਹਿ ਸੁਨ ਅਹਿਮਦ-ਸ਼ਾਹਿ ਪੁਨ,
ਆਪ ਚਢ੍ਯੋ ਕਰਿ ਕੋਪ[1]। — [1]ਕ੍ਰੋਧ।
ਲੈ ਕਰਿ ਸੈਨਾ ਸੰਗ ਬਹੁ,
ਸਿੰਘਨ ਘਟਾਵਨ ਓਪ[1] ॥ ੯੧ ॥ — [1]ਉਪਮਾ, ਸ਼ੋਭਾ, ਵਡਿਆਈ।

ਛਪੈ:
ਕਸਮ ਕੁਰਾਨ ਉਠਾਇ,
ਸ਼ਾਹਿ ਬੋਲ੍ਯੋ ਯੌਂ ਖੀਝੈਂ[1]। — [1]ਖਿਝ ਕੇ।
ਸਿੰਘ ਕੌਮ ਕੋ ਆਜ,
ਕਰੋਂ ਮੈਂ ਸਭਿ ਨਿਰਬੀਜੈਂ[1]। — [1]ਬੀਜ ਨਾਸ਼।
ਹਿੰਦੁਸਤਾਨੀ ਤੁਰਕ ਔਰ
ਸਭਿ ਹੀ ਪੰਜਾਬੀ।
ਮਿਲਿ ਤੁਰਕਾਨਿ ਮਹਾਨ ਚੜ੍ਹੀ
ਸਿੰਘ ਪਰ ਦਾਬੀ[1]। — [1]ਦਬਾਉਣ ਲਈ।
ਇਮ ਚਢ੍ਯੋ ਕੋਪ ਕਰਿ ਕਾਲ ਸਮ,
ਅਹਿਮਦ-ਸ਼ਾਹਿ ਦੁਰਾਨਿ-ਪਤਿ[1]। — [1]ਦੁਰਾਨੀ ਪਠਾਣਾਂ ਦਾ ਬਾਦਸ਼ਾਹ। (ਦੁਰਾਨੀ- ਸੱਦੋਜ਼ਈ ਪਠਾਣਾਂ ਦੀ ਅੱਲ 'ਦੁਰਾਨੀ' ਹੈ।)
ਤਬਿ ਘੱਲੂਘਾਰਾ[1] ਕਰਨ ਹਿਤ, — [1]ਸਰਬ ਨਾਸ਼, ਤਬਾਹੀ।
ਸਿੰਘਨ ਕਾ ਪਹਿਚਾਨ ਅਤਿ ॥ ੯੨ ॥
ਜਾਇ ਦੁਰਾਨੀ-ਸ਼ਾਹਿ, ਅਗਨਿ
ਬਨ[1] ਕੋ ਲਗਵਾਈ। — [1]ਜੰਗਲ।
ਚਲੇ ਸਿੰਘ ਬਨ ਛੋਰਿ,
ਸ਼ਾਹਿ ਲਾਗ੍ਯੋ ਪਿਛਵਾਈ।
ਮੁੜਿ ਮੁੜਿ ਖੜਿ ਖੜਿ ਲੜੈਂ ਸਿੰਘ,
ਤੁਰਕਨ ਕੈ ਸੰਗੈ।
ਕਈ ਬਾਰ ਕਰਿ ਜੰਗ,
ਤੁਰਕ ਕੀਨੇ ਬਹੁ ਭੰਗੈਂ[1]। — [1]ਨਾਸ਼।
ਨਿਜ ਆਗੇ ਰਖੈਂ ਬਹੀਰ[1] ਸਭਿ, — [1]ਚਲਦੇ ਹੋਏ ਸਿੰਘਾਂ ਦਾ ਬਹੁਤਾ ਇਕੱਠ, ਜਿਸ ਵਿੱਚ

ਇਸਤ੍ਰੀਆਂ ਤੇ ਬੱਚੇ ਵੀ ਸਨ।

ਫਿਰ ਪੀਛੇ ਜੰਗੀ ਸਿੰਘ ਰਹਿਂ।
ਨਿੱਤ ਮਾਰਿ ਚੌਗੁਨੈ ਆਪ ਤੈ
ਤੁਰਕਨ ਕੋ, ਫਿਰ ਸਿੰਘ ਮਰਹਿਂ ॥ ੯੩ ॥
ਆਗੇ ਆਗੇ ਸਿੰਘ,
ਤੁਰਕ ਨਿਤ ਮਗਰ ਫਿਰਾਂਹੀਂ।
ਰੈਨ ਦਿਨਸ ਨਹਿਂ ਚੈਨ
ਲੈਨ ਮਿਲਹੀ ਕਿਸ ਠਾਂਹੀਂ।
ਮਿਲੈਂ ਡਗਰ ਮੈਂ[1] ਨਗਰ ਜੋਊ,
ਲੁਟ ਤਿਨ ਕੋ ਖਾਵੈਂ।
ਮਿਲੈਂ ਚੌਗੁਨੇ ਆਇ
ਜਿਤਿਕ ਲਰ ਕਰਿ ਮਰ ਜਾਵੈਂ।
ਸਮ ਸੋਮੇਂ ਸਲਲ[1] ਸੁਭਾਵ ਥਾ,
ਲਖੋ[1] ਪੰਥ ਕਾ ਭਲੇ ਤਬਿ।
ਪਿਖਿ ਸ਼ਾਹਿ ਪੁਨਾ ਪੁਨ ਖਿਝਿ ਕਹੈ,
ਯਹਿ ਬੁਰੇ ਬਲਾਂਈ ਸਿੰਘ ਸਭਿ ॥ ੯੪ ॥
ਨਹਿਂ ਸਮਝ੍ਯੋ ਕਛੁ ਜਾਇ,
ਕਹਾਂ ਤੈ ਹੈਂ ਯਹਿ ਆਵਤ।
ਨਭ ਤੈ[1] ਗਿਰਹੀਂ ਕਿਧੋਂ
ਧਰਾ ਤੈ ਨਿਕਸਤ ਭਾਵਤ[1]।
ਹਮ ਮਾਰਤ ਥਕ ਗਏ,
ਏਹੁ ਨਹਿਂ ਬਢਤ ਥਕਾਵਤ।
ਰਕਤ-ਬੀਜ[1] ਕੀ ਕਿਧੋਂ ਏਹੁ
ਸੰਤਾਨ[1] ਕਹਾਵਤ।
ਜਲ ਚਸ਼ਮੇ ਸਮ ਨਦਿ ਕੂਪ ਯਹਿ,
ਬਹੁ ਬਢ ਹੈਂ ਕਟੇ ਗੁਲਾਬ ਜਿਮ[1]।
ਯਹਿ ਪੀ ਕਰਿ ਆਬ-ਹਜਾਤ[1] ਪੁਨ,
ਸਿੱਖ ਬਨਤ ਹਮ ਸੁਨ੍ਯੋ ਇਮ ॥ ੯੫ ॥
ਯਾਂਹੀਂ ਤੈ ਨਹਿਂ ਨੀਂਦ ਭੁਖ,

[1]ਰਸਤੇ ਵਿੱਚ।
[1]ਪਾਣੀ ਦੇ ਸੋਮੇਂ ਵਾਂਗ।
[1]ਜਾਣੋ।
[1]ਆਕਾਸ਼ ਤੋਂ।
[1]ਮਨ ਦੀ ਮਰਜ਼ੀ ਨਾਲ।
[1]ਇਕ ਦੈਂਤ ਜੋ ਸੁੰਭ ਦਾ ਸੈਨਾਪਤੀ ਸੀ, ਜਿਸ ਦੇ ਲਹੂ ਦੀਆਂ ਬੂੰਦਾਂ ਤੋਂ ਅਨੇਕਾਂਰਾਖਸ਼ ਪੈਦਾ ਹੋ ਜਾਂਦੇ ਸਨ।
[1]ਉਲਾਦ।
[1]ਸੋਮੇਂ, ਨਦੀ ਤੇ ਖੂਹ ਦੇ ਪਾਣੀ ਅਤੇ ਕੱਟੇ ਹੋਏ ਗੁਲਾਬ ਵਾਂਗ ਇਹ ਸਿੰਘ ਵਧਦੇ ਹਨ।
[1]ਅੰਮ੍ਰਿਤ।

ਤ੍ਰਿੱਖਾ ਕਠਿਨਾਈ।
ਸੀਤ ਘਾਮ[1] ਬੀਮਾਰੀ,
ਇਨੈ ਨ ਬਜਾਪਤ ਕਾਈ।
ਰਹਿਤ ਨਿੱਤ ਨੌਜ੍ਵਾਨ,
ਥਕਤ ਨਹਿਂ ਬਨੇ ਲੋਹ ਕੇ।
ਲਰਤ ਭਿਰਤ ਨਹਿਂ ਮਰਤ,
ਸਦਾ ਰਹਿਂ ਭਰੇ ਕੋਹ ਕੇ[1]।
ਇਸ ਭਾਂਤਿ ਸ਼ਾਹਿ ਬਹੁ ਬਾਤ ਕਹਿ,
ਤਾਜੱਬ ਰਹਿ ਗਜੋ ਹਾਰਿ ਹਟਿ।
ਇਤ ਸਤਲੁਜ ਲਖਿ[1] ਸਭਿ ਪੰਥ ਪੁਨ,
ਸਭਰਾਵੀਂ ਡੇਰਾ ਥਿਰਜੋ ਠਟ[1] ॥ ੯੬ ॥

[1]ਠੰਢ ਤੇ ਗਰਮੀ।
[1]ਕ੍ਰੋਧ ਦੇ।
[1]ਲੰਘ ਕੇ।
[1]ਸਭਰਾਂਵਾਂ ਪਿੰਡ ਡੇਰਾ ਕਰ ਕੇ ਠਹਿਰ ਗਿਆ।

ਦੋਹਰਾ:
ਸਰ ਹਰਿ ਸਿੱਧੀ ਜੀਵ ਤਬਿ,
ਸੰਮਤ ਹੁਤੋ[1] ਪਛਾਨ।
ਇਤੀ[1] ਭਯੋ ਯਹਿ ਧਜਾਇ ਅਬਿ,
ਬੰਦਨ ਪੰਥਹਿ ਠਾਨ ॥ ੯੭ ॥

[1]ਤਦੋਂ ਸੰਮਤ ੧੮੧੫ ਬਿ: ਸੀ। (ਸਰ- ੫। ਹਰਿ- ੧। ਸਿੱਧੀ- ੮। ਜੀਵ- ੧=੧੮੧੫ ਬਿ:)।
[1]ਸਮਾਪਤ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਮੀਰ ਮੋਮਨ ਕਾ ਬਧ, ਅਹਿਮਦ ਸ਼ਾਹਿ ਕਾ ਪ੍ਰਸੰਗ', ਬਰਨਨੰ ਨਾਮ ਉਣਤਾਲੀਸਮੋਂ ਬਿਸ੍ਰਾਮ ॥ ੩੯ ॥

੪੦. {ਵੱਡਾ-ਘਲੂਘਾਰਾ, ਬਾਮਣੀ ਤੇ ਕੁਤਬੇ ਆਦਿ ਪਿੰਡਾਂ ਪਾਸ, ਅਹਿਮਦ ਸ਼ਾਹ ਤੇ ਖ਼ਾਲਸੇ ਦਾ ਜੰਗ}

ਦੋਹਰਾ:

ਸਿੰਘ ਬਪੁ ਧਰਿ ਸਿੰਘ ਸਮ,
ਹਨੇ ਗਜਿੰਦ ਤੁਰਕਿੰਦ[1]। [1]ਜਿਨ੍ਹਾਂ ਸਿੰਘ ਸਰੂਪ ਧਾਰ ਕੇ ਸ਼ੇਰ ਵਾਂਗ ਤੁਰਕਾਂ ਦੇ ਰਾਜਿਆਂ ਰੂਪ ਹਾਥੀਆਂ ਨੂੰ ਮਾਰਿਆ।

ਬਿਘਨ ਨਿਕੰਦਨ ਬੰਦ ਹੋਂ,
ਗੁਰੂ ਗੁਬਿੰਦ ਮ੍ਰਿਗਿੰਦ[1] ॥੧॥ [1]ਬਿਘਨਾਂ ਨੂੰ ਕੱਟਣ ਵਾਲੇ ਜਾਣ ਕੇ ਮੈਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਨਮਸ਼ਕਾਰ ਕਰਦਾ ਹਾਂ।

ਸ਼ਾਹਿ ਦੁਰਾਨੀ ਜਜੋਂ ਕਰੈ,
ਸਿੰਘਨ ਘੱਲੂਘਾਰ[1]। [1]ਸਿੰਘਾਂ ਦੀ ਤਬਾਹੀ।
ਭਾਰਥ ਸਮ[1] ਬਡ ਜੰਗ ਹ੍ਵੈ, [1]ਮਹਾਂ-ਭਾਰਤ ਵਾਂਗ।
ਏਸ ਅਧਜਾਇ ਮਝਾਰ ॥੨॥

ਚੌਪਈ:

ਪਾਰ ਸਤਲੁਜੋਂ ਜਾਇ ਖਾਲਸੇ।
ਲੂਟੇ ਬੈਰੀ ਜਨ ਬਿਸਾਲਸੇ[1]। [1]ਬਹੁਤੇ।
ਰਾਇ-ਕੋਟ ਅਰ ਗਿਰਦ ਮਲੇਰੈਂ।
ਲੂਟਜੋ ਮੁਲਕ ਕਰੀ ਨਹਿਂ ਦੇਰੈਂ ॥੩॥
ਔਰ ਦੇਸ ਬਹੁ ਗਿਰਦ ਸਰੂੰਦੈਂ।
ਹੱਲਾ ਕਰਿ ਕੈ ਲੁਟਜੋ ਬੁਲੰਦੈਂ।
ਜਥੇਦਾਰ ਇਕ ਸਿੰਘ-ਦਯਾਲੈਂ।
ਥਾ ਮਲਵਈ ਬਿਰਾੜ ਬਿਸਾਲੈਂ ॥੪॥
ਸੌ ਪਚਾਸ ਸਿੰਘ ਰਖਤੋ ਸੰਗੈਂ।
ਮਾਰਤ ਧਾੜੇ[1] ਦੌਰਿ ਨਿਸੰਗੈਂ। [1]ਡਾਕੇ।
ਇਕ ਦਿਨ ਉਨ ਜਾ ਲਤਾਪੁਰ ਲੂਟਜੋ।
ਬੈਰਾੜਨ ਕੋ ਦਾਰਦ ਟੂਟਜੋ ॥੫॥
ਦੂਰ ਦੂਰ ਲੌ ਹਿੰਦੁਸਤਾਨੈ।
ਲੂਟੇ ਮਾਰੇ ਸ਼ਹਿਰ ਕਿਤਾਨੈ[1]। [1]ਕਿਤਨੇ ਹੀ।
ਕਈ ਬਾਰ ਤੁਰਕਨ ਸੋਂ ਲਰਾ।
ਪਰਾ ਬਾਂਧਿ[1] ਬਹੁ ਸੱਤ੍ਰਨ ਹਰਾ ॥੬॥ [1]ਜੱਥੇਬੰਦ ਹੋ ਕੇ।
ਜਤੀ ਸਤੀ ਥਾ ਸਖੀ[1] ਬਹਾਦਰ। [1]ਦਾਤਾ।
ਸਿੰਘ ਗੁਰੂ ਕਾ ਪੂਰਨ ਨਾਦਰ[1]। [1]ਅਣੋਖਾ।

ਜਬਿ ਜਬਿ ਪੰਥ ਮਾਲਵੇ ਜਾਵੈ।
ਸੋ ਸਭਿ ਕੀ ਅਤਿ ਸੇਵ ਕਮਾਵੈ ॥੭॥
ਇਕ ਦਿਨ ਤਿਨ ਕਿਯ ਐਸ ਕਮਾਲੈਂ[1]।
ਲੁਟੀ ਸਰ੍ਹੰਦ ਲੀਨ ਬਹੁ ਮਾਲੈਂ।
ਦੌਲਤ ਲਜਾਇ ਖਾਲਸੇ ਦੀਨੀ।
ਇਕ ਦੁਸ਼ਮਨ ਫਿਰ ਚੁਗਲੀ ਕੀਨੀ ॥੮॥
ਦਜਾਲ ਸਿੰਘ ਇਕ ਨਿਸ ਮੈਂ ਜਾਹੀ।
ਰਹਜੋ ਕਲਾਲਨ[1] ਕੇ ਘਰ ਮਾਂਹੀਂ।
ਪੀ ਸ਼ਰਾਬ* ਬਹੁ ਭਯੋ ਬਿਹੋਸ਼ੈਂ।
ਮੁਖਬਰਿ[1] ਹਾਕਮ ਤਈਂ ਸਜੋਸ਼ੈਂ[2] ॥੯॥
ਲਜਾਇ ਸੰਗ ਦੀਨੋ ਪਕਰਾਈ।
ਜੈਨ-ਖਾਨ ਢਿਗ ਦਯੋ ਪੁਚਾਈ।
ਫਾਂਸੀ ਦਯੋ ਸਿੰਘ ਤਿਨ ਲਾਈ।
ਸਿੰਘਨ ਸਾਰ[1] ਯਹੀ ਜਬਿ ਪਾਈ ॥੧੦॥
ਲੂਟਜੋ ਗਾਮ ਚੁਗਲ ਕਾ ਜਾਏ।
ਤੇਗ ਬੇਗ[1] ਤਿਸ ਘਰੈਂ ਬਗਾਏ[2]।
ਦਜਾਲ ਸਿੰਘ ਥਾ ਜਿਨ ਪਕਰਾਯੋ।
ਹਾਕਮ ਪੈਂਚ ਸਿੰਘਨ ਜੌਂ ਪਾਯੋ ॥੧੧॥
ਸਭਿ ਕੋ ਸਜ਼ਾ ਦੀਨ ਅਤਿ ਭਾਰੀ।
ਜਿਮ ਫਿਰ ਕੋ ਅਸ ਕਰੈ ਨਾ ਕਾਰੀ[1]।
ਹੁਤੇ ਬਿਰਾੜ ਜੁ ਤਾਂ ਕੇ ਸੰਗੀ।
ਤਿਨ ਭੀ ਕਰੀ ਮਰਦਮੀ[1] ਚੰਗੀ ॥੧੨॥
ਲੂਟਿ ਸਰ੍ਹੰਦ ਗਿਰਦ ਧੁੰਮ ਪਾਈ।
ਮਾਰਜੋ ਜੈਨੇ ਕਾ ਬਡ ਭਾਈ।
ਜੈਨ-ਖਾਨ ਕੋ ਕਰਜੋ ਲਚਾਰੈਂ।
ਬਦਲੇ ਲੀਨੇ ਤਿਸ ਤੈ ਭਾਰੈਂ ॥੧੩॥
ਐਸੀ ਐਸੀ ਬਾਤ ਅਪਾਰੈਂ।

[1]ਪੂਰਨ (ਬਹਾਦਰੀ)।

[1]ਸ਼ਰਾਬ ਵੇਚਣ ਵਾਲਿਆਂ।

*ਦਜਾਲ ਸਿੰਘ ਬਾਰੇ ਕਵਿ ਜੀ ਨੇ ਖ਼ੁਦ ਲਿਖਿਆ ਹੈ ਕਿ 'ਜਤੀ ਸਤੀ ਥਾ ਸਖੀ ਬਹਾਦਰ ਸਿੰਘ ਗੁਰੂ ਕਾ ਪੂਰਨ ਨਾਦਰ।' (ਦੇਖੋ ਬਿਸ੍ਰਾਮ ਦਾ ਅੰਕ ਨੰ: ੭) ਫਿਰ ਅਜਿਹੇ ਗੁਣਾਂ ਵਾਲਾ ਪੂਰਨ ਗੁਰ-ਸਿੱਖ ਸ਼ਰਾਬੀ ਕਿਵੇਂ ਹੋ ਸਕਦਾ ਹੈ। ਧੋਖੇ ਨਾਲ ਪਕੜੇ ਜਾਣ ਦੇ ਹੋਰ ਕਾਰਨ ਵੀ ਹੋ ਸਕਦੇ ਹਨ।

[1]ਚੁਗ਼ਲ ਨੇ। [2]ਗੁੱਸੇ ਨਾਲ (ਭਰੇ ਹੋਏ ਨੂੰ)।

[1]ਖ਼ਬਰ।

[1]ਕਾਹਲੀ ਨਾਲ। [2]ਚਲਾ ਕੇ।

[1]ਮਾੜਾ ਕੰਮ।

[1]ਮਰਦਾਨਗੀ, ਬਹਾਦਰੀ।

ਹੋਇ ਰਹੀ ਥੀ ਉਨ ਦਿਨ ਸਾਰੈਂ।
ਜੈਨ-ਖਾਨ ਹ੍ਵੈ ਤੰਗ ਚੁਫੇਰੀ।
ਰਾਇ-ਕੋਟੀਏ ਮਿਲੇ ਮਲੇਰੀ ॥੧੪॥
ਇਤਯਾਦਿਕ ਤੁਰਕਨ ਮਥ ਬਾਤੈਂ[1]। [1]ਸਲਾਹਾਂ ਕਰਕੇ।
ਸ਼ਹਿ[1] ਸੱਦ ਲਿਯ ਹਿਤ ਸਿੰਘਨ ਘਾਤੈਂ[2]। [1]ਅਹਿਮਦ ਸ਼ਾਹ ਨੂੰ। [2]ਮਾਰਨ ਵਾਸਤੇ।
ਪਾਸ ਰਾਇਪੁਰ ਗੁੱਜਰਵਾਲੈਂ।
ਉਤਰ ਰਹਯੋ ਥਾ ਪੰਥ ਬਿਸਾਲੈਂ ॥੧੫॥
ਲੂਟ ਮਾਰ ਕਰਿ ਦੁਸ਼ਮਨ ਤਾਂਈਂ।
ਦੇਸ ਸਗਲ ਮੈਂ ਧੂੰਮ ਮਚਾਈ ॥੧੬॥
ਦੋਹਰਾ:
ਅਨੀ ਘਨੀ[1] ਲੈ ਸ਼ਾਹਿ ਤਬਿ, [1]ਬਹੁਤੀ ਫ਼ੌਜ।
ਅਯੋ ਲਹੌਰੋਂ ਧਾਇ।
ਬਿਜਲੀ ਸਮ ਸਿੰਘਾਨ ਪੈ,
ਪਰਯੋ ਅਚਾਨਕ ਆਇ ॥੧੭॥
ਸ੍ਵੈਯਾ:
ਸਿੰਘਨ ਕਾ ਦਲ ਜਾਵਤ ਥਾ ਤਬਿ,
ਮਾਲਵ ਓਰ ਵਹੀਰ ਸੁ ਪਾਏ।
ਆਇ ਅਚਾਨਕ ਵੀਚ ਉਜਾੜ,
ਤਬੈ ਗਿਲਜਯੋਂ ਨਿਜ ਰੂਪ ਦਿਖਾਏ।
ਲਾਲ ਹੁਤੀ ਬਰਦੀ ਤਿਨ ਕੀ, ਅਰ
ਦਯੋਸ ਚਢਯੋ ਘਟਕਾ ਜੁਗ[1] ਆਏ। [1]ਦੋ ਘੜੀਆਂ।
ਔਰ ਬਸੰਤ ਰਿਤੁ ਤਬਿ ਥੀ, ਫਲ
ਫੂਲ ਪਲਾਸ[1] ਕਰੀਰ ਰਹਾਏ ॥੧੮॥ [1]ਪਲਾਹ, ਛਿੱਛਰੇ।
ਸਿੰਘਨ ਨਾਂਹਿ ਲਖੇ ਗਿਲਜੇ ਤਬਿ,
ਯੌਂ ਸਭਿ ਕੇ ਮਨ ਮਾਂਹਿ ਰਹਾਈ।
ਫੂਲ ਪਲਾਸ ਕਰੀਰਨ ਕੇ ਯਹਿ,
ਕਾਨਨ[1] ਕੇ ਮਧ ਦੇਤ ਦਿਖਾਈ। [1]ਜੰਗਲ।
ਜੌ ਫਿਰ ਆਨਿ ਅਚਾਨਕ ਹੀ,
ਗਿਲਜਯੋਂ ਬਹੁ ਜੋਰਿ ਬੰਦੂਕ ਚਲਾਈ।
ਜਾਨ ਲਯੋ ਤਬਿ ਹੀ ਮਨ ਸਿੰਘਨ,

ਬਾਤ ਕੁਫੇਰ[1] ਬਨੀ ਅਬਿ ਆਈ ॥੧੯॥ — [1]ਉਲਟੀ।
ਤਯਾਰ ਭਏ ਨਹਿਂ ਥੇ ਸਿੰਘ ਜੰਗ
ਹਿਤੈਂ[1], ਨਹਿਂ ਥੇ ਕਿ ਆਯੁਧ ਧਾਰੇ। — [1]ਵਾਸਤੇ।
ਤੋੜੇ[1] ਲਗੇ ਨਹਿਂ ਥੇ ਕਿਸ ਹੀ ਢਿਗ, — [1]ਪਲੀਤੇ, ਤੋਪ ਤੇ ਬੰਦੂਕ ਨੂੰ ਅੱਗ ਲਾਉਣ ਦੇ ਡੋਰੇ।
ਨਾਹਿਂ ਹੁਤੇ ਇਕਠੇ ਸਿੰਘ ਸਾਰੇ।
ਸੁੱਖੇ ਅਫੀਮ ਛਕੇ ਨਹਿਂ ਥੇ ਕਿਨ,
ਤਾੜੇ ਸੁਚੇਤੇ ਸਜੇ ਦਸਤਾਰੇ[1]। — [1]ਜੰਗਲ ਪਾਣੀ ਵੀ ਨਹੀਂ ਗਏ ਸਨ ਤੇ ਨਾ ਹੀ (ਅਜੇ) ਦਸਤਾਰੇ ਸਜਾਏ ਸਨ।

ਆਨ ਕੰਬਖਤ[1] ਪਰੇ ਕਿਤ ਤੈ ਯਹਿ, — [1]ਮੰਦ-ਭਾਗੀ, ਨੀਚ।
ਸਿੰਘ ਕਹੈਂ ਗਿਲਜੇ ਗੁਰੁ ਮਾਰੇ ॥੨੦॥
ਕੋਸ ਛਿ ਸਾਤਕ ਆਠ ਵਿਖੇ,
ਤਬਿ ਸਿੰਘਨ ਕਾ ਦਲ ਜਾਵਤ ਧਾਏ[1]। — [1]ਜਾਂਦਾ ਸੀ।
ਆਨ ਪਰੇ ਗਿਲਜੇ ਜਿਨ ਪੈ,
ਵਹਿ ਸਿੰਘ ਭਏ ਤਿਨ ਕੇ ਸਮੁਹਾਏ[1]। — [1]ਸਾਹਮਣੇ।
ਮਾਰਿ ਬੰਦੂਖਨ ਤੀਰਨ ਸੋਂ,
ਵਹਿ ਸਿੰਘ ਲਏ ਤੁਰਕਾਨਿ ਰੁਲਾਏ।
ਸ਼ੋਰ ਬੰਦੂਖਨ ਕਾ ਸੁਨ ਕੈ,
ਸਭਿ ਸਿੰਘ ਭਏ ਇਕਠੇ ਤਹਿਂ ਆਏ ॥੨੧॥
ਆਨ ਭਯੋ ਇਕਠਾ ਸਬਿ ਪੰਥ,
ਦੁਰਾਨਿਨ ਸੋਂ ਲਿਯ ਜੰਗ ਨਿਸੰਗਾ।
ਤੋਮਰ[1] ਤੀਰ ਗੁਲੇਲ ਰੁ ਸੇਲ[2], — [1]ਬਰਛੇ। [2]ਨੇਜੇ।
ਹਜ਼ਾਰ ਕਈ ਛੁਟਜੋ ਰਾਮਜੰਗਾ[1]। — [1]ਬੰਦੂਕਾਂ।
ਚੋਰ ਚਪੇ ਜਿਮ ਸਿੰਘਨ ਕੈ ਬਲ[1], — [1]ਸਿੰਘਾਂ ਨੇ ਖਿਝੇ ਚੋਰ ਵਾਂਗ ਬਲ ਕਰਕੇ।
ਕੀਨ ਘਨੇ ਗਿਲਜੇ ਅੰਗ ਭੰਗਾ।
ਮੋਰ ਦਏ ਗਿਲਜੇ ਇਕ ਬਾਰ,
ਜਯੋਂ ਸਿੰਧੁ ਕਾ ਜ੍ਵਾਰ[1] ਉਤਾਰਤ ਗੰਗਾ ॥੨੨॥ — [1]ਸਮੁੰਦਰ ਦੇ ਚੜ੍ਹਾ ਨੂੰ।
ਪੰਥ ਕਹਯੋ ਪੁਨਹੂੰ ਮਿਲ ਕੈ,
ਅਬਿ ਬਾਤ ਨਿਦਾਨ[1] ਕੀ ਆਨ ਪਰੀ ਹੈ। — [1]ਅੰਤਦੀ, ਅਖ਼ੀਰ ਦੀ।
ਸਿੱਕਾ[1] ਬਰੂਦ ਨਹੀਂ ਹਮਰੇ ਢਿਗ, — [1]ਗੋਲੀਆਂ।
ਆਯੁਧ ਸਾਨ ਚਢੇ ਨ ਬਰੀ[1] ਹੈਂ। — [1]ਚੰਗੇ।

ਦੌਰਨ ਤੈ ਨਹਿਂ ਜਾਨ ਬਚੈ ਅਬਿ,
ਸੰਗ ਬਹੀਰਨ ਭੀਰ ਅਰੀ ਹੈ[1]। [1]ਨਾਲ ਵਹੀਰੀਆਂ ਦੀ ਭੀੜ ਅੜੀ ਹੋਈ ਹੈ।
ਯਾਂ ਤੈ ਸਭੈ ਅਬਿ ਸੰਮੁਖ ਹੋਇ ਕੈ,
ਮਾਰ ਮਰੋ ਯਹਿ ਬਾਤ ਖਰੀ ਹੈ ॥੨੩॥
ਫੇਰ ਕਹਯੋ ਚੜ੍ਹ ਸਿੰਘ, ਉਪਾਇ
ਨ ਛੋਡੀਏ ਜਾਨ ਬਚਾਵਨ ਕੇਰੇ।
ਬਾਂਧ ਜਥੇ ਲਿਹੁ ਚਾਰ ਜਗਾ ਅਬਿ,
ਆਗੇ ਵਹੀਰ ਚਲਾਵਹੁ ਫੇਰੇ।
ਜੇਤਿਕ ਸਿੰਘ ਹੁਸ਼ਜਾਰ ਜੁਝਾਰ[1], [1]ਲੜਾਕੇ, ਸੂਰਮੇਂ।
ਸੁ ਪਾਛੇ ਚਲੈਂ ਕਰਤੇ ਭਟ-ਭੇਰੇ[1]। [1]ਜੰਗ।
ਯੌਂ ਲਰਤੇ ਭਿਰਤੇ ਸਭਿ ਹੀ ਅਬਿ,
ਮਾਲਵੇ ਓਰ ਚਲੈਂ ਬਿਨ ਦੇਰੇ ॥੨੪॥
ਮਾਨ ਲਈ ਸਭਿ ਸਿੰਘਨ ਬਾਤ,
ਸੁ ਬਾਂਕੁਰੇ ਬੀਰ[1] ਕਰੇ ਸੁ ਅਗਾਰੀ। [1]ਚੰਗੇ ਸੂਰਮੇਂ।
ਸਿੰਘ ਕਟੀਲੇ[1] ਭਏ ਕਿਛੁ ਦਾਹਨੇ[2], [1]ਲੜਾਕੇ। [2]ਸੱਜੇ ਪਾਸੇ।
ਬਾਂਏ[1] ਭਏ ਕਿਛੁ ਔਰ ਪਿਛਾਰੀ। [1]ਖੱਬੇ ਪਾਸੇ।
ਵੀਚ ਵਹੀਰ ਕੀ ਭੀਰ ਲਈ ਕਰਿ,
ਬਾਲਕ ਬ੍ਰਿੱਧ ਸਭੀ ਨਰ ਨਾਰੀ।
ਔਰ ਹੁਤੋ ਅਸਬਾਬ ਜਿਤੋ,
ਸਕਟੇ[1] ਭਰਿ ਉਂਟ ਚਲਾਏ ਅਪਾਰੀ ॥੨੫॥ [1]ਗੱਡੇ।
ਯਾ ਬਿਧਿ ਸਿੰਘ ਸਭੈ ਲਰਤੇ
ਭਿਰਤੇ, ਤਬਿ ਮਾਲਵੇ ਓਰ ਪਧਾਰੇ।
ਤਾਂਹੀਂ ਸਮੈਂ ਇਤ ਤੈ ਬਹੁ ਲੈ ਦਲ,
ਨਾਜ਼ਮ ਜੈਨਾ ਅਯੋ ਬਲ ਧਾਰੇ।
ਸੰਗ ਅਯੋ ਲੱਛੀਰਾਮ ਦਿਵਾਨ,
ਮਲੇਰੀ ਪਠਾਨ ਬਜਾਇ ਨਗਾਰੇ।
ਏ ਸਭਿ ਹੀ ਮਿਲ ਕੈ ਗਿਲਜਯੋਂ ਸੰਗ,
ਸਿੰਘਨ ਕੇ ਪਰੇ ਗੈਲ ਅਪਾਰੇ[1] ॥੨੬॥ [1]ਬਹੁਤੇ ਪਿੱਛੇ ਪੈ ਗਏ।
ਸਿੰਘ ਚਲੇ ਲਰਤੇ ਤੁਰਕਾਨ ਸੋਂ,
ਚਾਰਕ ਕੋਸ ਵਿਖੇ ਬੰਧਿ ਪੱਲਾ[1]। [1]ਪਰ੍ਹਾ ਬੰਨ੍ਹ ਕੇ, ਘੇਰਾ ਬੰਨ੍ਹ ਕੇ।

ਸਿੰਘ ਹੁਤੋ ਸਭਿ ਤੀਸ ਹਜਾਰਕ,
ਲਾਖ ਹੁਤੋ ਇਕ ਤਾਂਹਿ ਮੁਸੱਲਾ।
ਤੀਨ ਦਿਸਾ ਬਡ ਜੰਗ ਪਰਯੋ ਤਬਿ,
ਤੁਰਕਨ ਮੇਲ ਦਯੋ ਥਰਥੱਲਾ[1]। — [1]ਹਲਚਲੀ।
ਤੌ ਫਿਰ ਸਿੰਘਨ ਬੱਟਿ ਕਸੀਸ[1], — [1]ਗ਼ੁੱਸਾ ਖਾ ਕੇ (ਅ) ਕਚੀਚੀ ਵੱਟ ਕੇ।
ਹਟਾਇ ਦਏ ਗਿਲਜੇ ਕਰਿ ਹੱਲਾ ॥੨੭॥
ਕੋਸ ਦੁ ਤੀਨਕ ਸਿੰਘ ਗਏ ਜਬਿ,
ਫੇਰ ਪਰੇ ਮੁਸਲੇ ਬਲ ਕੈ ਕੈ।
ਸਿੰਘ ਦਏ ਬਿਚਲਾਇ[1] ਤਿਨੈ, — [1]ਖਿੰਡਾ ਦਿੱਤੇ।
ਬਹੁ ਮਾਰ ਬੰਦੂਖਨ ਕੀ ਦਬ ਦੈ ਕੈ।
ਸਿੰਘਨ ਕੇ ਸਰਦਾਰਨ, ਫੇਰ
ਵਿਚਾਰ ਕਰਯੋ, ਇਕ ਠੌਰ ਮਿਲੈ ਕੈ।
ਛੋਡਤ ਨਾ ਮੁਸਲੇ ਹਮ ਕੋ ਇਮ,
ਬਾਂਧ ਕੈ ਗੋਲ[1] ਚਲੌ ਅਬਿ ਧੈ ਕੈ ॥੨੮॥ — [1]ਘੇਰਾ ਬੰਨ੍ਹ ਕੇ।

ਚੌਪਈ:

ਸਭਿ ਸਰਦਾਰ ਭਏ ਤਬਿ ਕੱਠੇ।
ਚਲੇ ਚਾਰ ਦਿਸ ਲਰਤੇ ਨੱਠੇ।
ਮੱਧ ਵੀਚ ਸਭਿ ਕਰਯੋ ਵਹੀਰੈਂ।
ਲਰਤੇ ਚਲੇ ਧਾਰ ਕਰਿ ਧੀਰੈਂ ॥੨੯॥
ਇਤ ਉਤ ਫਿਰੈਂ ਬੀਚ ਸਰਦਾਰੂ।
ਦੌੜਾਵਤ ਸਭਿ ਅੱਸ੍ਵ ਅਪਾਰੂ।
ਭੰਗੀ ਔਰ ਘਨੱਈਏ ਜੇਤੇ।
ਬਲ ਧਰਿ ਤੁਰਕੈਂ ਮਾਰਤ ਤੇਤੇ ॥੩੦॥
ਬੀਰ ਰਾਮਗੜ੍ਹੀਏ ਪੁਨ ਭਾਰੇ।
ਜਿਨ ਗਿਲਜੇ ਬਹੁ ਬਧ[1] ਕਰਿ ਡਾਰੇ। — [1]ਨਾਸ਼।
ਔਰ ਨਕਈ ਸਿੰਘ ਬਲਿਕਾਰੀ।
ਪਰੇ ਹਨੁ ਸਮ ਤਚਿ ਕਿਲਕਾਰੀ[1] ॥੩੧॥ — [1]ਹਨੂਮਾਨ ਵਾਂਗ ਚੀਕਾਂ ਮਾਰ ਕੇ ਪਏ।
ਪੁਨ ਨਿਸ਼ਾਨਚੀ ਸੰਗਤ ਸਿੰਘੀਏ[1]। — [1]ਨਿਸ਼ਾਨਾਂ ਵਾਲੀ ਮਿਸਲ ਦੇ ਜੱਥੇਦਾਰ ਸੰਗਤ ਸਿੰਘ ਦੇ ਜੱਥੇ ਦੇ ਸਿੰਘ।
ਗਾਲਤ[1] ਤੁਰਕਨ ਕੋ ਵਡ ਧਿੰਗੀਏ[2]। — [1]ਗਾਲਦੇ ਭਾਵ ਨਾਸ਼ ਕਰਦੇ। [2]ਵੱਡੇ ਜ਼ੋਰਾਵਰ।

ਸ਼ੁੱਕ੍ਰਚੱਕੀਏ ਬੀਰ ਬਿਸਾਲੇ।
ਤਿਨ ਭੀ ਗਿਲਜਜੋਂ ਕੇ ਗਨ[1] ਗਾਲੇ ॥੩੨॥ — [1]ਇਕੱਠ, ਜੱਥੇ।
ਡੱਲੇ ਵਾਲੇ ਸਿੰਘ ਅਪਾਰੇ।
ਜਿਨ ਮੁਸਲੇ ਗਨ ਮਨ ਦੈ ਗਾਰੇ।
ਔਰ ਨਿਹੰਗ ਸਿੰਘ ਸ਼ਾਹੀਦੈਂ[1]। — [1]ਸ਼ਹੀਦਾਂ ਦੀ ਮਿਸਲ ਦੇ।
ਤਿਨ ਤੁਰਕਨ ਕੀ ਲਈ ਰਸੀਦੈਂ[1] ॥੩੩॥ — [1]ਪਹੁੰਚ ਲੈ ਲਈ, ਭਾਵ ਮਾਰ ਦਿੱਤੇ।

ਸੰਕਰ ਛੰਦ:

ਪੁਨ ਔਰ ਆਲੂਵਾਲੀਆਂ ਨੇ
ਹਨੇ ਸੱਤ੍ਰੂ ਭੂਰ[1]। — [1]ਬਹੁਤੇ ਵੈਰੀ ਮਾਰੇ।
ਕਿਛ ਸਿੰਘ-ਪੁਰੀਆਂ ਨੈ ਕਰੇ,
ਅਰਿ ਮਾਰ ਕੈ ਚਕ-ਚੂਰ[1]। — [1]ਆਟਾ।
ਫਿਰ ਸੁਧਾ-ਸਰੀਅਨ[1] ਦੇਰ ਬਿਨ, — [1]ਅੰਮ੍ਰਿਤ-ਸਰੀਆਂ ਨੇ।
ਬਹੁ ਦਏ ਗਿਲਜੇ ਗਾਰ।
ਅਨੰਦ-ਪੁਰੀਏ ਸੋਢੀਆਂ ਨੈ
ਧਰੀ ਬਹੁਧਾ[1] ਮਾਰ ॥੩੪॥ — [1]ਬਹੁਤ ਤਰ੍ਹਾਂ।
ਮਿਲਿ ਬੇਦੀਆਂ ਤੈ ਆਦਿ,
ਸਾਹਿਬਜ਼ਾਦਿਆਂ ਨੈ[1] ਜਾਨ। — [1]ਭਾਵ ਤੇਹਣਾਂ, ਭੱਲਿਆਂ ਤੇ ਸੋਢੀਆਂ ਨੇ।
ਸਭਿ ਪੰਥ ਕੀ ਤਬਿ ਰੱਖਯਾ ਹਿਤ,
ਕਰਜੋ ਜੰਗ ਮਹਾਨ।
ਕਰਿ ਪਰੈਂ ਹੱਲੇ ਗਿਲਜਜੋਂ ਪਰ,
ਧਾਰਿ ਮਨ ਸਭਿ ਜੋਸ਼।
ਤਬਿ ਏਕ ਤੈ ਹ੍ਵੈ ਏਕ ਆਗੇ,
ਲਰਤ ਸਿੰਘ ਸਰੋਸ[1] ॥੩੫॥ — [1]ਗੁੱਸੇ ਨਾਲ।
ਵਡ ਬੀਰ ਜੋਧਾ ਚੜ੍ਹਤ ਸਿੰਘ,
ਜਿਸ ਓਰ ਪਰਹੀ ਧਾਇ।
ਹਨਿ ਤੁਰਕ ਗਨ ਕੋ ਅਤੀ,
ਪਾਛੇ ਦੇਤ ਫੇਰ ਹਟਾਇ।
ਪੁਨ ਔਰ ਜੱਸਾ ਸਿੰਘ ਆਲੂ,
ਪਰੈ ਜਿਤ ਵਲ ਦੌਰਿ।
ਤਜਿ ਬਾਨ ਬਹੁ, ਤੁਰਕਾਨ ਕੀ

ਕਰਿ ਦੇਤ ਤ੍ਰੁੱਟੀ-ਚੌਰ[1] ॥੩੬॥ — [1]ਤਬਾਹੀ।
ਫਿਰ ਸ਼ਜਾਮ ਸਿੰਘ ਤੈ ਆਦਿ ਜੇਤੇ,
ਔਰ ਥੇ ਸਰਦਾਰ।
ਵਹਿ ਫਿਰਤ ਇਤ ਉਤ ਸਭੀ ਦੌਰੇ,
ਕਰਤ ਮਾਰੋ ਮਾਰ।
ਰਮਦਾਸੀਏ ਸਿੰਘ ਔਰ ਮਜ਼ਬੀ,
ਬੀਰ ਸਿੰਘ ਤੈ ਆਦਿ।
ਸਭਿ ਲਰਤ ਆਗੇ ਹੋਇ ਸਨਮੁਖ,
ਤੁਰਕ ਸੋਂ ਕਰਿ ਬਾਦ[1] ॥੩੭॥ — [1]ਜੰਗ।
ਭਰਿ ਰਾਮਜੰਗੇ[1] ਮਾਰਹੀਂ, — [1]ਬੰਦੂਕਾਂ।
ਬਹੁ ਬਾਨ ਬਰਛੀ ਸੇਲ[1]। — [1]ਨੇਜੇ, ਬਰਛੇ।
ਨਹਿੰ ਟਰੈਂ ਪੀਛੈ ਪੈਰ ਇਕ,
ਤਿਨ ਜੰਗ ਜਾਨਜੋ ਖੇਲ।
ਪੁਨ ਰਾਮਗੜ੍ਹੀਆ ਸਿੰਘ ਜੱਸਾ,
ਮਿਸਲ[1] ਲੈ ਨਿਜ ਸੰਗ। — [1]ਜੱਥਾ।
ਵਹਿ ਪਰੈ ਜਿਤ ਵਲ ਜੋਰ ਦੈ ਕਰਿ,
ਕਰੈ ਤੁਰਕਹਿੰ ਭੰਗ[1] ॥੩੮॥ — [1]ਨਾਸ਼।

ਦੋਹਰਾ:
ਲਰਤ ਭਿਰਤ ਯੌਂ ਸਿੰਘ ਸਭਿ,
ਲੀਨੇ ਸੰਗ ਬਹੀਰ[1]। — [1]ਚਲਦੇ ਹੋਏ ਸਿੰਘਾਂ ਦਾ ਜੱਥਾ ਜਿਸ ਵਿੱਚ ਇਸਤ੍ਰੀਆਂ ਤੇ ਬੱਚੇ ਵੀ ਸਨ।
ਸਨੇ ਸਨੇ ਆਗੇ ਚਲੇ,
ਜਾਹੀਂ ਪਾਇ ਵਹੀਰ[1] ॥੩੯॥ — [1]ਭਾਵ ਇਕੱਠੇ ਮਿਲ ਕੇ ਜਾ ਰਹੇ ਹਨ।

ਚੌਪਈ:
ਯਾ ਬਿਧਿ ਲਰਤ ਜਾਹਿੰ ਸਿੰਘ ਚੱਲੇ।
ਮਾਰਤ ਤੁਰਕਨ ਕੋ ਕਰਿ ਹੱਲੇ।
ਸ਼ਜਾਮ ਸਿੰਘ ਸਭਿ ਆਗੇ ਜਾਈ।
ਦਹਿਣੇ ਜੱਸਾ ਸਿੰਘ ਰਹਾਈ ॥੪੦॥
ਬਾਂਈਂ ਓਰ ਚੜ੍ਹਤ ਸਿੰਘ ਬੀਰੈਂ।
ਮਗਰ ਰਾਮਗੜ੍ਹੀਏ ਰਹਿੰ ਧੀਰੈਂ।

ਨਿਜ ਨਿਜ ਦਲ ਲੀਨੇ ਸੰਗ ਭੀਰੈਂ।
ਲਰਤੇ ਚਲੇ ਸੁ ਇਤ ਤਤਬੀਰੈਂ[1] ॥੪੧॥
[1]ਢੰਗ ਨਾਲ।
ਸਿੰਘ ਗੁਰੂ ਕੇ ਗੁਨੀ ਗਹੀਰਾ[1]।
[1]ਗੁਣਾਂ ਦੇ ਸਮੁੰਦਰ।
ਪਰਉਪਕਾਰੀ ਧਰੇ ਸਰੀਰਾ।
ਬਾਂਕੇ ਛੈਲ ਛਬੀਲੇ ਬੀਰਾ[1]।
[1]ਸੁੰਦਰ ਜਵਾਨ ਤੇ ਸ਼ੋਭਾ ਵਾਲੇ ਸੂਰਮੇਂ।
ਧਰੇ ਬੀਰ-ਰਸ ਮਨਹੁ ਸਰੀਰਾ ॥੪੨॥
ਤਜਤ ਰਾਮਜੰਗੇ ਬਹੁ ਤੀਰੇ[1]।
[1]ਤੀਰ।
ਗੇਰਤ ਤੁਰਕਨ ਕੇ ਤਨ ਚੀਰੇ।
ਗਿਰ ਗਿਰ ਪਰਹੀਂ ਤੁਰਕ ਗੰਭੀਰੈਂ।
ਤਰਫਤ ਜਯੋਂ ਮਛੁਲੀ ਬਿਨ ਨੀਰੈਂ ॥੪੩॥
ਜਿਤ ਵਲ ਤੁਰਕ ਅਧਿਕ ਬਲ ਪਾਵੈਂ।
ਚੜ੍ਹਤ ਸਿੰਘ ਜੱਸਾ ਸਿੰਘ ਧਾਵੈਂ।
ਜਾਇ ਮਾਰਿ ਤੁਰਕਨ ਕੋ ਆਛੇ।
ਦੈ ਕਰਿ ਜੋਰ ਹਟਾਵੈਂ ਪਾਛੇ ॥੪੪॥
ਜੱਸਾ ਸਿੰਘ ਧਰਤ ਜਿਹ ਕਾਨੀ।
ਸੋਊ ਤੁਰਕ ਨ ਮਾਂਗਤ ਪਾਨੀ।
ਹੱਲੇ ਕਰਿ ਕਰਿ ਪਰਤ ਦੁਰਾਨੀ।
ਕਰਤ ਸਿੰਘਨ ਕੋ ਵਹਿ ਭੀ ਫਾਨੀ[1] ॥੪੫॥
[1]ਨਾਸ਼।
ਅਹਿਮਦ-ਸ਼ਾਹਿ ਦੁਰਾਨੀ ਜਿਤ ਵਲ।
ਪਰਤ[1] ਧਰਤ[2] ਸਿੰਘਨ ਕੋ ਦਲਮਲ।
[1]ਪੈਂਦਾ ਹੈ। [2]ਰਖ ਦੇਂਦਾ ਹੈ।
ਸਿੰਘ ਭੀ ਅੱਗਜੋਂ ਕਰਿ ਕਰਿ ਹੱਲੇ।
ਚਪੇ[1] ਚੋਰ ਜਯੋਂ ਬਲ ਕਰਿ ਭੱਲੇ ॥੪੬॥
[1]ਖਿਝੇ।
ਤੀਰ ਬੰਦੂਕਨ ਕੇ ਤਜਿ ਰਾਬੇ[1]।
[1]ਬੰਦੂਕ ਦੀਆਂ ਗੋਲੀਆਂ ਦੀ ਇੱਕੋ ਵਾਰ ਕੀਤੀ ਵਰਖਾ।
ਹਨਿ ਤੁਰਕਨ ਕੋ ਪੀਛੇ ਦਾਬੇਂ।
ਸਭਿ ਸਰਦਾਰ ਪੰਥ ਕੇ ਤਾਂਈਂ।
ਧੀਰਜ ਦੇਤੇ ਜਾਹਿਂ ਮਹਾਂਈਂ ॥੪੭॥
ਹਾਥ ਪੰਥ ਆਗੇ ਸਭਿ ਜੋਰੈਂ।
ਪੁਨ ਪੁਨ ਸਭਿ ਕੋ ਅਧਿਕ ਨਿਹੋਰੈਂ[1]।
[1]ਬੇਨਤੀਆਂ ਕਰਦੇ ਹਨ।
ਅਹੋ ਖਾਲਸਾ ਜੀ ਤੁਮ ਆਜੈਂ।
ਰਾਖਹੁ ਸਿੰਘ ਨਾਮ ਕੀ ਲਾਜੈਂ ॥੪੮॥

ਦੀਨ ਮਜਬ ਕਾ ਹੈ ਯਹਿ ਜੁੱਧੈਂ।
ਸ਼ਸਤ੍ਰ ਲਗੇ ਹੋਇ ਤਨ ਸੁੱਧੈਂ[1]।
ਮਰੈਂ ਤੁ ਪੈਹੈਂ ਗੁਰੁ ਕਾ ਲੋਕੈਂ।
ਜਹਾਂ ਨ ਬਜਾਪੈ ਦੁਖ ਅਰ ਸੋਕੈਂ ॥੪੯॥
ਮਨ-ਬਾਂਛਤ ਮਿਲ ਹੈ ਸਭਿ ਭੋਗਾ।
ਲੋਕ ਪ੍ਰਲੋਕ ਵਿਖੈ ਜਸ ਹੋਗਾ।
ਜੀਤ ਹੋਇ ਤਬਿ ਕਰੀਅਹੁ ਰਾਜੈਂ।
ਮਾਰਿ ਸੱਤਰੂ ਕਰਿ ਲਿਹੁ ਕਾਜੈਂ ॥੫੦॥
ਦੁਹੂੰ ਹਾਥ ਹੈਂ ਤੁਮਰੇ ਮੋਦਕ[1]।
ਬਨੋ ਨਿਸੰਗ ਤੁਰਕ ਕੇ ਸੋਧਕ।
ਜਗਿ-ਜੀਵਨ ਹੈ ਚਾਰ ਦਿਹਾਰੇ।
ਇਸ ਹਿਤ ਕਯਾ ਤਨ ਕਰਨੇ ਪਜਾਰੇ ॥੫੧॥

ਦੋਹਰਾ:
ਪੀਰ ਪਿਕੰਬਰ ਔਲੀਏ,
ਬਾਦਸ਼ਾਹਿ ਅਵਤਾਰ।
ਭਏ ਚਬੀਣੀ ਕਾਲ ਕੀ,
ਜਾਨਤ ਸਭਿ ਸੰਸਾਰ ॥੫੨॥

ਸ੍ਵੈਯਾ:
ਦਾਨ ਦਯੋ ਸਿਰ ਲੌਂ ਜਗ ਮੈਂ ਜਿਨ,
ਔ ਭਗਤੀ ਹਰਿ ਕੀ ਸੁਚ[1] ਕੀਨੀ।
ਕੈ ਅਰਿ ਸੰਮੁਖ ਮਾਰ ਮਰੇ ਰਣ,
ਖੱਗ ਭਲੇ ਗਹਿ ਕੈ ਅਤਿ ਪੀਨੀ[1]।
ਏ ਸੁਤ ਤੀਨ ਜਨੇ ਜਨਨੀ,
ਇਨ ਤੈ ਬਿਨ ਬਾਂਝ ਭਲੀ ਲਖ ਲੀਨੀ।
ਗਾਵਤ ਹੈਂ ਅਬਿ ਲੌ ਤਿਨ ਕਾ ਜਸ,
ਬੇਦ ਪੁਰਾਨ ਸਭੀ ਲਿਹੁ ਚੀਨੀ ॥੫੩॥
ਜੰਗ ਨਿਸੰਗ ਕਰੇ ਜਿਨਹੂੰ,
ਤਿਨ ਕੀ ਰਚਿ ਵਾਰਾਂ ਉਚਾਰਤ ਢਾਢੀ।
ਜੀਵਨ ਔ ਮਰਨਾ ਸਫਲਾ
ਤਿਨ ਕਾ, ਜਿਨ ਕੀ ਜਗ ਕੀਰਤਿ ਬਾਢੀ।

[1]ਪਵਿੱਤਰ।
[1]ਲੱਡੂ।
[1]ਪਵਿੱਤ੍ਰ।
[1]ਬਹੁਤੀ ਤਕੜੀ ਤਲਵਾਰ ਚੰਗੀ ਤਰ੍ਹਾਂ ਪਕੜ ਕੇ।

ਬਾਤ ਘਨੀ ਇਤਜਾਦਿ ਕਹੀ,
ਸਰਦਾਰਨ ਪੰਥ ਤਈਂ ਜਬਿ ਗਾਢੀ।
ਧੀਰਜ ਦੈ ਸਰਦਾਰ ਲੜਾਵਤ,
ਸਿੰਘਨ ਕੋ ਸਿੱਖਿ ਦੈ ਕਰਿ ਠਾਢੀ[1] ॥੫੪॥ — [1]ਸਿੱਖਿਆ ਦੇ ਕੇ ਖੜ੍ਹੇ ਕਰ ਦੇਂਦੇ ਹਨ।

ਕਬਿੱਤ:
ਜੱਸਾ ਸਿੰਘ ਪਾਤਸ਼ਾਹਿ ਕਹੀਅਤ ਪੰਥ ਮਾਂਹਿ,
ਯਾਂ ਤੈ ਪੰਥ ਬਾਤ ਤਾਂਹਿ ਕੇਰੀ ਸਭਿ ਮਾਨ ਹੈਂ।
ਚੜ੍ਹਤ ਸਿੰਘ ਸਰਦਾਰ ਵਡੋ ਹੀ ਜੁਝਾਰ,
ਮਿਸਲ-ਦਾਰ ਸ਼ੁੱਕ੍ਰਚੱਕ-ਵਾਰ ਹੂੰ ਕੋ ਜਗ ਜਾਨ ਹੈਂ।
ਹਰੀ ਸਿੰਘ ਸਰਦਾਰ ਵਡੋ ਹੀ ਮਿਸਲਦਾਰ,
ਰਾਮਗਢ ਵਾਰ ਜੱਸਾ ਸਿੰਘ ਔਰ ਭਾਨ ਹੈ[1]। — [1]ਕਹੀਦਾ ਹੈ।
ਇਤਜਾਦਿ ਸਰਦਾਰ ਮਾਰ ਮਾਰ ਹੀ ਉਚਾਰਿ,
ਫਿਰੈਂ ਸਭਿ ਇਤ ਉਤ ਦੌਰਤ ਮਹਾਨ ਹੈਂ ॥੫੫॥
ਬਾਰ ਪਰ ਫਿਰਤ ਗੰਗੈਰੀ ਜਿਮ ਬਾਰ ਬਿਨ[1], — [1]ਜਿਵੇਂ ਪਾਣੀ ਉੱਤੇ (ਗੰਗੈਰੀ) ਜਲ ਜੁਲਾਹਾ ਬਿਨਾਂ ਦੇਰੀ ਤੋਂ ਫਿਰਦਾ ਹੈ।
ਤੈਸੇ ਸਰਦਾਰ ਫਿਰੈਂ ਅੱਸ੍ਵਨ ਧਵਾਵਤੇ।
ਨਾਗਰ[1] ਨਾਇਣ ਜਿਮ ਨਾਰੀਆਂ ਕੋ ਪਿਟਵਾਵੈ, — [1]ਚਤੁਰ।
ਔਰ ਜਸੋਂ ਬਜੰਤਰ[1] ਨਚਾਰ ਕੋ ਨਚਾਵਤੇ। — [1]ਸਾਜ ਵਜਾਉਣ ਵਾਲੇ।
ਤੈਸੇ ਸਰਦਾਰ ਸਭਿ ਫੌਜ ਕੋ ਲਰਾਇ ਰਹੇ,
ਧੰਨ ਧੰਨ ਖਾਲਸਾ ਜੀ ਫਿਰਤ ਅਲਾਵਤੇ।
ਯੱਦਪਿ ਭਏ ਹੈਂ ਸਿੰਘ ਜਖਮੀ ਅਪਾਰ ਬਹੁ,
ਤੱਦਪਿ ਲਰਤ ਜਾਹਿਂ ਤ੍ਰਕਨ ਕੋ ਘਾਵਤੇ[1] ॥੫੬॥ — [1]ਮਾਰਦੇ।
ਖੋੜਸ ਜ਼ਖ਼ਮ ਸਰਦਾਰ ਚੜ੍ਹ ਸਿੰਘ ਜੁ ਕੇ,
ਭਏ ਸ਼ਜਾਮ ਸਿੰਘ ਸਰਦਾਰ ਕੇ ਅਨੇਕ ਹੈਂ।
ਰਾਮਗਢ ਵਾਰੇ ਜੱਸਾ ਸਿੰਘ ਕੇ ਅਪਾਰੇ ਭਏ,
ਔਰ ਸਰਦਾਰਨ ਕਾ ਐਸੋ ਹੀ ਬਿਬੇਕ ਹੈ[1]। — [1]ਵਿਚਾਰ ਹੈ।
ਔਰ ਜੱਸਾ ਸਿੰਘ ਪਾਤਸ਼ਾਹਿ ਆਲੂਵਾਲੀਏ ਕੇ,
ਭਏ ਹੈਂ ਦੁ-ਬਿੰਸਤ[1] ਜਖਮ ਵਡ ਠੇਕ ਹੈਂ[2]। — [1]ਬਾਈ (੨੨)। [2]ਠੀਕ ਹਨ।
ਤੌ ਭੀ ਬਲ ਧਾਰਿ ਰਿਸ ਸੰਗ ਕਰਵਾਰ ਗਹਿ[1], — [1]ਤਲਵਾਰ ਪਕੜ ਕੇ।

ਮਾਰ ਮਾਰ ਸੱਤਰੁ ਨਿਬੇਰਤੇ ਅਨੇਕ ਹੈਂ ॥੫੭॥
ਸ੍ਵੈਯਾ:
ਥਾਕ ਤੁਰੰਗ[1] ਗਯੋ ਤਬਿ ਹੀ, [1]ਘੋੜਾ।
ਇਤ ਤੈ ਉਤ ਦੌਰ ਫਿਰਯੋ ਬਹੁਤੇਰੋ।
ਚਾਬਕ ਮਾਰ ਰਹਯੋ ਸਰਦਾਰ,
ਚਲੈ ਨ ਤੁਰੰਗ ਸ਼ਿਤਾਬ[1] ਅਗੇਰੋ। [1]ਛੇਤੀ।
ਗੁਰਮੁਖਿ ਸਿੰਘ ਹੁਤੋ ਇਕ ਸੇਵਕ,
ਸੰਗ ਤਹਾਂ ਸਰਦਾਰਹਿਂ ਕੇਰੋ।
ਤਾਂਹਿ ਤੁਰੰਗ ਤਈਂ ਜਬਿ ਚਾਬਕ
ਲਾਯੋ, ਤਬੈ ਸਿੰਘ ਜੀ ਇਮ ਟੇਰੋ[1] ॥੫੮॥ [1]ਕਿਹਾ।
ਤੂੰ ਨਹਿਂ ਮਾਰ ਤੁਰੰਗ ਤਈਂ,
ਪਿਖ ਕੈ ਸਭਿ ਸਿੰਘ ਕਰੈਂ ਮੁਹਿ ਠੱਠਾ।
ਖਾਇ ਕੈ ਖੌਫ ਜੱਸਾ ਸਿੰਘ ਜੰਗ ਤੈ,
ਅੱਸ੍ਰ ਨਿਜੰ ਕੁਟਵਾਇ ਕੈ ਨੱਠਾ।
ਪੰਥ ਕਹੈ ਪਤਿਸ਼ਾਹਿ ਮੁਝੈ ਅਬਿ,
ਤੂੰ ਚਹਿਂ ਗੀਦੀ ਕਹਾਵਨ ਸੱਠਾ[1]। [1]ਮੂਰਖ।
ਜੀਵਣ ਤੈ ਮਰਣਾ ਭਲ ਹੈ ਤਿਸ,
ਗੀਦੀ ਕਹੈ ਜਿਸ ਪੰਥ ਇਕੱਠਾ ॥੫੯॥
ਗੁਰਮੁਖਿ ਸਿੰਘ ਨੈ ਆਪਨੈ ਅੱਸ੍ਰ ਪੈ,
ਫੇਰ ਸ੍ਰਦਾਰ ਚਢਾਇ ਲਯੋ ਹੈ।
ਆਗੇ ਚਲੇ ਲਰਤੇ ਤੁਰਕਾਨ ਸੋਂ,
ਆਨ ਮਹਾਂ ਪੁਨ ਜੰਗ ਪਯੋ ਹੈ।
ਤਾਂਹੀਂ ਸਮੇਂ ਚੜ੍ਹ ਸਿੰਘ ਸ੍ਰਦਾਰ ਕੋ,
ਯਾ ਬਿਧਿ ਕਾਹੂੰ ਨੈ ਆਨਿ ਕਹਯੋ ਹੈ।
ਤੂੰ ਕਹਿਤੋ ਹੁਤੋ, ਅਹਿਮਦ-ਸ਼ਾਹਿ ਸੋਂ
ਮੈਂ ਲਰਹੋਂ, ਅਬਿ ਕਾਹਿ ਭਯੋ ਹੈ ॥੬੦॥
ਭੁਜੰਗ ਪ੍ਰਯਾਤ ਛੰਦ:
ਸੁਨੀ ਬਾਤ ਜੌ, ਯੌਂ ਕਿਸੀ ਤੈ ਨਜੀਕੌਂ[1]। [1]ਨੇੜਿਓਂ।
ਗਈ ਖਾਇ ਬੋਲੀ, ਤਬੈ ਸਿੰਘ ਜੀ ਕੌਂ।
ਤਬੈ ਛੋੜਿ ਘੋੜਾ, ਚੜ੍ਹੰ ਸਿੰਘ ਧਾਯੋ।

ਧਸਯੋ ਜਾਇ, ਦੌਰਾਨਿ ਕੀ ਸੈਨ ਮਾਹਯੋ[1] ॥ ੬੧ ॥
[1]ਦੁਰਾਨੀਆਂ ਦੀ ਫੌਜ ਵਿੱਚ।
ਹੁਤੇ ਯਾਰ ਸਰਦਾਰ ਕੇ ਸਿੰਘ ਜੇਈ।
ਗਏ ਛੇੜਿ ਘੋੜੇ, ਤਿਸੈਂ ਸੰਗ ਤੇਈ।
ਘਨੇ ਸੱਤ੍ਰ ਸਿੰਘਾਨਿ, ਮੈਦਾਨ ਘਾਏ।
ਕਰੇ ਤੁੱਛ ਮੁੱਛੰ[1], ਧਰਾ ਪੈਰੁਲਾਏ ॥ ੬੨ ॥
[1]ਟੁਕੜੇ ਟੁਕੜੇ।
ਕਰਯੋ ਸਿੰਘ ਨਾਦੰ[1], ਵਡੋ ਸਿੰਘ ਬੀਰੈਂ।
[1]ਸ਼ੇਰ ਵਾਂਗ ਭਬਕ ਮਾਰੀ।
ਗਜੰ ਗਿਲਜਯੋਂ ਕੀ[1], ਗਈ ਛੂਟ ਧੀਰੈਂ।
[1]ਗਿਲਜਿਆਂ ਰੂਪ ਹਾਥੀਆਂ ਦੀ।
ਗਹੀ ਲੋਹ ਸਾਂਗੰ[1], ਦਸੈਂ ਸੇਰ ਪੱਕੇ।
[1]ਲੋਹੇ ਦੀ ਬਰਛੀ।
ਧਰੈ[1] ਗਿੱਲਜਯੋਂ ਕੇ ਤਨੰ ਤੱਕ ਤੱਕੇ ॥ ੬੩ ॥
[1]ਮਾਰਦਾ ਹੈ।
ਜਿਮੈਂ ਭੀਮ ਕੌਰਾਨ ਕੀ ਸੈਨ ਮਾਂਹੀਂ।
ਕਰੇ ਮਾਰਿ ਪਰਲੈ, ਬਲੰ ਧਾਰਿ ਵਾਹੀ[1]।
[1]ਉਹਨਾਂ (ਕੌਰਵਾਂ ਨੂੰ)।
ਤਿਮੈਂ ਸਿੰਘ ਭੀ ਸੈਹਥੀ ਬਾਹਿ ਜਿੱਸੈ[1]।
[1]ਜਿਸ ਵੱਲ ਬਰਛੀ ਚਲਾਉਂਦਾ ਹੈ।
ਧਰਾ ਪੈ ਲੁਠਾਵੈ[1], ਕਢੈ ਪਾਰ ਤਿਸੈ ॥ ੬੪ ॥
[1]ਧਰਤੀ ਤੇ ਲਿਟਾ ਦੇਂਦੇ ਹਨ।
ਮਿਲਯੋ ਅਹਿਮਦੰ ਸ਼ਾਹਿ ਨਾ ਤਾਂਹਿ ਕਿੱਤੈਂ।
ਰਹਯੋ ਖੋਜ ਨੀਕੇ, ਚਰ੍ਹੋ ਚੋਪ ਚਿੱਤੈਂ[1]।
[1]ਚਿੱਤ ਵਿੱਚ ਖਿਝ ਚੜ੍ਹੀ।
ਘਨੇ ਗਿਲਜਯੋਂ ਕੋ, ਸਿੰਘ ਘਾਇ ਕੈ ਤੇ।
ਅਯੋ ਆਪਨੀ ਸੈਨ ਮੈਂ, ਧਾਇ ਕੈ ਤੇ ॥ ੬੫ ॥
ਕਬੀ ਸਿੰਘ ਜੱਸਾ, ਇਸੀ ਭਾਂਤਿ ਧਾਵੈ।
ਘਨੇ ਮਾਰਿ ਦੌਰਾਨੀਆਂ ਕੋ ਖਪਾਵੈ।
ਕਬੀ ਸ਼ਯਾਮ ਸਿੰਘਾਦਿ, ਸਰਦਾਰ ਔਰੈਂ।
ਕਰੈਂ ਦੌਰਿ ਦੌਰਾਨਿ ਪੈ, ਮਾਰ ਗੌਰੈਂ[1] ॥ ੬੬ ॥
[1]ਦੁਰਾਨੀਆਂ ਉੱਤੇ ਬਹੁਤੀ ਮਾਰ।
ਧਸੈਂ ਸਿੰਘ ਦੌਰਾਨੀਓਂ ਮਾਂਹਿ ਐਸੇ।
ਹਨੂ ਅੰਗਦੰ ਰਾਵਣੰ ਸੈਨ ਜੈਸੇ।
ਫਿਰੈਂ ਬੀਜਰੀ-ਪੁੰਜ ਜਯੋਂ[1] ਸਿੰਘ ਰੋਹੇ[2]।
[1]ਬਿਜਲੀ ਦੇ ਸਮੂੰਹ ਵਾਂਗ। [2]ਗੁੱਸੇ ਵਿੱਚ।
ਮਹਾਂ ਮੇਘ ਦੌਰਾਨ ਨੈ ਸੈਨ ਮੋਹੇ[1] ॥ ੬੭ ॥
[1]ਦੁਰਾਨੀਆਂ ਦੀ ਫ਼ੌਜ ਰੂਪ ਵੱਡੇ ਬੱਦਲ ਵਿੱਚ।
ਫਿਰੈਂ ਅਹਿਮਦੰ ਸ਼ਾਹਿ ਕੋ ਖੋਜਿ ਧਾਈ।
ਯਹੀ ਸਾਰ[1] ਜੌ ਅਹਿਮਦੰ ਸ਼ਾਹਿ ਪਾਈ।
[1]ਖ਼ਬਰ।
ਲਏ ਬੋਲ ਮਾਲੇਰੀਏ ਔਰ ਜੈਨਾ।
ਕਹਯੋ ਜਾਇ ਰੋਕੋ, ਅੱਗਯੋਂ ਸਿੰਘ ਸੈਨਾ ॥ ੬੮ ॥
ਨਹੀਂ ਰੋਕਿਆਂ ਤੈ ਬਿਨਾਂ ਔਰ ਕੇਹੂੰ[1]।
[1]ਹੋਰ ਕਿਸੇ ਤਰ੍ਹਾਂ ਵੀ।

ਮਰੈਂ, ਸਿੰਘ ਸੂਰੇ ਬੁਰੇ ਸੂਰ ਏਹੂ।
ਇਨੈ ਮਾਰ ਹੱਮਾਰ ਤੋ ਘਾਣ[1] ਲਾਹੇ।
[1]ਪੂਰਾਂ ਦੇ ਪੂਰ।
ਕਰੈਂ ਲੁੱਥ ਪੁੱਥੰ[1], ਜਿਮੈਂ ਬਾਣ ਬਾਹੇਂ ॥੬੯॥
[1]ਉਲਟ ਪੁਲਟ।
ਨਹੀਂ ਮੌਤ ਤੋਂ ਯੇ ਜਰਾ ਸੂਰ ਸੰਗੈਂ।
ਤਜੈਂ ਬਾਨ ਮਾਹਾਨ ਔ ਰਾਮਜੰਗੈਂ।
ਮੁਝੈ ਸੱਦਿਓ ਥਾ ਤੁਝੈ ਕੌਨ ਹੇਤੈਂ[1]।
[1]ਕਿਸ ਵਾਸਤੇ।
ਅਬੀ ਖੌਫ ਖੈਹੋ ਸਭੀ ਜਾਨ ਦੇਤੈਂ[1] ॥੭੦॥
[1]ਜਾਨ ਦੇਣ ਤੋਂ।
ਕਹ੍ਯੋ ਜੋ ਦੁਰਾਨੀ ਵਹੀ ਮਾਨਿ ਜੈਨਾ।
ਗਯੋ ਧਾਇ ਆਗੈ ਲਿਯੇ ਸੰਗ ਸੈਨਾ।
ਲੱਛੀ-ਰਾਮ ਦੀਵਾਨ ਦੋਆਬ ਵਾਰਾ।
ਚਢ੍ਯੋ ਸੰਗ ਸੋ ਭੀ ਤਬੈ ਦੈ ਨਗਾਰਾ ॥੭੧॥
ਤਿਨੈ ਅੱਗਜੋਂ ਰੋਕਯੋ ਪੰਥ ਜਾਈ।
ਘਨੀ ਮਾਰਿ ਬਾਹੀਰ ਪੈ[1] ਭੀਰ ਪਾਈ।
[1]ਸਿੰਘਾਂ ਦੇ ਦਲ ਉੱਪਰ।
ਸੁਨੀ ਬਾਤ ਏਹੀ, ਸ਼ਜਾਮ ਸਿੰਘ ਧਾਯੋ।
ਲਿਯੇ ਸੰਗ ਸੈਨਾ, ਤਬੈ ਜੰਗ ਪਾਯੋ ॥੭੨॥
ਇਤੈ ਅਹਿਮਦੰ ਸ਼ਾਹਿ ਭੀ ਧਾਇ ਕੈ ਤੇ।
ਪਰ੍ਯੋ ਜੋਰ ਦੈ ਪੀਛਯੋਂ ਆਇ ਕੈ ਤੇ।
ਛੁਟੇ ਰਾਮਜੰਗੇ[1] ਦੁਹੂੰ ਓਰ ਭਾਰੇ।
[1]ਬੰਦੂਕਾਂ।
ਲਗ੍ਯੋ ਹੋਨ ਜੰਗੈਂ ਅਭੰਗੈਂ[1] ਅਪਾਰੇ ॥੭੩॥
[1]ਲਗਾਤਾਰ।
ਤੜੱਕੈਂ ਕਮੰਠੇ ਸੜੱਕੈਂ ਸੁ ਤੀਰੈਂ[1]।
[1]ਧਨੁਸ਼ ਕੜ ਕੜ ਕਰਦੇ ਹਨ ਤੇ ਤੀਰ ਸਰੜ ਸਰੜ ਕਰਦੇ ਹਨ।
ਭੜੱਕੈਂ ਜਵਾਨੰ ਗੜੱਕੈਂ ਗੰਭੀਰੈਂ[1]।
[1]ਬਹੁਤ ਗੜ੍ਹਕਦੇ ਹਨ।
ਕੜੱਕੈਂ[1] ਬੰਦੂਖਾਂ ਫੜੱਕੈਂ[2] ਸੁ ਢਾਲੈਂ।
[1]ਕੜਕਦੀਆਂ ਹਨ। [2]ਫੜਕਦੀਆਂ ਹਨ।
ਬੁੜੱਕੈਂ ਸੁ ਗੋਲੀ ਪੜੱਕੈਂ ਬਿਸਾਲੈਂ[1] ॥੭੪॥
[1]ਗੋਲੀਆਂ ਬੁੜਕਦੀਆਂ ਭਾਵ ਉੱਛਲਦੀਆਂ ਹਨ ਤੇ ਬਹੁਤੀਆਂ ਪਟੱਕ ਕਰ ਕੇ ਵਜਦੀਆਂ ਹਨ।
ਧਮੱਕੈਂ[1] ਸੁ ਧੌਂਸੇਰਣੱਕੈਂ[2] ਨਗਾਰੇ।
[1]ਧਮ ਧਮ ਕਰਦੇ ਹਨ। [2]ਵਜਦੇ ਹਨ।
ਚਿਣੱਕੈਂ ਸੁ ਬਾਜੀ[1] ਝਿਣੱਕੈਂ ਸੁ ਡਾਰੇ[2]।
[1]ਘੋੜੇ ਹਿਣਕਦੇ ਹਨ। [2]ਪਟਕਾ ਕੇ ਸੁੱਟ ਦੇਂਦੇ ਹਨ।
ਚਿਲੱਕੈਂ ਨਿਸ਼ਾਨੰ ਕਿਲੱਕੈਂ ਸੁ ਸੂਰੇ[1]।
[1]ਝੰਡੇ ਚਮਕ ਰਹੇ ਹਨ ਤੇ ਸੂਰਮੇਂ ਕਿਲਕਾਰੀਆਂ ਮਾਰਦੇ ਹਨ।
ਝਿਲਿੱਕੈਂ ਦੁਧਾਰੇ ਬਿਲਿੱਕੈਂ ਸੁ ਕੂਰੈ[1] ॥੭੫॥
[1]ਖੰਡੇ ਚਮਕਦੇ ਹਨ ਤੇ ਕਾਇਰ ਵਿਰਲਾਪ ਕਰ ਰਹੇ ਹਨ।
ਤਰੱਜੈਂ ਗਰੱਜੈਂ ਨ ਲੱਜੈਂ ਹਠੀਲੇ[1]।
[1]ਤਾੜਦੇ ਹਨ ਤੇ ਗੱਜਦੇ ਹਨ, ਹਠੀ ਸੂਰਮੇਂ ਸ਼ਰਮ ਨਹੀਂ ਕਰਦੇ।

ਨ ਭੱਜੈਂ ਨਰੱਜੈਂ ਕਟੰਤੇ ਕਟੀਲੇ[1]।	[1]ਕੱਟਣ ਵਾਲੇ ਸੂਰਮੇਂ ਕੱਟਦੇ ਹਨ।
ਦਪੱਟੈਂ ਸੁ ਝੱਟੈਂ ਲਪੱਟੈਂ ਲੜਾਕੇ[1]।	[1]ਲੜਾਕੇ ਸੂਰਮੇਂ (ਦਪੱਟੈਂ) ਦੌੜ ਕੇ ਛੇਤੀ ਚਿੰਬੜ ਜਾਂਦੇ ਹਨ।
ਉਘੱਟੈਂ ਕਿ ਕੱਟੈਂ ਸੜਾਕੰ ਸੜਾਕੇ[1] ॥੭੬॥	[1](ਤਲਵਾਰਾਂ) ਬਾਹਰ ਕੱਢ ਕੇ ਜਦੋਂ ਕਟਦੇ ਹਨ ਤਾਂ ਸੜੱਕ ਸੜੱਕ ਸ਼ਬਦ ਹੁੰਦਾ ਹੈ।
ਬਜੈਂ ਬਾਦ ਮਾਰੂ[1], ਦੁਹੂੰ ਓਰ ਭਾਰੀ।	[1]ਜੰਗੀ ਵਾਜੇ ਵਜਦੇ ਹਨ।
ਲਰੈਂ ਬੀਰ ਬਾਂਕੇ ਹਕਾਰੰ ਹਕਾਰੀ[1]।	[1]ਸੁੰਦਰ ਸੂਰਮੇ ਬੁਲਾ ਬੁਲਾ ਕੇ ਲੜਦੇ ਹਨ।
ਕਹੂੰ ਲੈ ਗਦਾ ਸੂਲ[1] ਔ ਖੱਗ ਟੂਕੰ[2]।	[1]ਨੇਜੇ, ਭਾਲੇ। [2]ਟੁੱਟੀ ਹੋਈ ਤਲਵਾਰ।
ਕਰੈਂ ਦੂਰ ਢਾਲੈਂ, ਲਰੈਂ ਢੂਕ ਢੂਕੰ[1] ॥੭੭॥	[1]ਢਾਲਾਂ ਨੂੰ ਪਰੇ ਸੁੱਟ ਕੇ ਨੇੜੇ ਹੋ ਹੋ ਕੇ ਲੜਦੇ ਹਨ।
ਕਹੂੰ ਤਾਂਨ[1] ਕਾਮਾਨ ਔ ਬਾਨ ਛੋਰੈਂ।	[1]ਖਿੱਚ ਕੇ।
ਕਹੂੰ ਰਾਮਜੰਗਾਨ ਸੋਂ ਅੰਗ ਫੋਰੈਂ।	
ਕਹੂੰ ਚੱਕ੍ਰ ਬੱਕ੍ਰੰ ਤਚੈਂ ਯੌਂ ਅਕਾਲੀ[1]।	[1]ਕਿਤੇ ਅਕਾਲੀ ਟੇਢੇ ਚੱਕ੍ਰ ਛਡਦੇ ਹਨ।
ਫਿਰੈਂ ਵੀਚ ਆਕਾਸ ਜਜੋਂ ਗੀਧ ਮਾਲੀ[1] ॥੭੮॥	[1](ਉਹ ਚੱਕ੍ਰ) ਅਕਾਸ਼ 'ਚ ਐਉਂ ਫਿਰਦੇ ਹਨ ਜਿਵੇਂ ਗਿਰਝਾਂ ਦੀਆਂ ਡਾਰਾਂ।
ਕਹੂੰ ਦੀਹ ਦੰਡੇ ਛੁਟੈਂ ਭੰਗ ਘੋਟੇ[1]।	[1]ਕਿਤੇ ਭੰਗ ਘੋਟਣ ਵਾਲੇ ਵੱਡੇ ਡੰਡੇ ਚਲਦੇ ਹਨ।
ਧਰੈਂ ਮੂੰਡ ਜਾਂ ਕੇ[1] ਕਰੈਂ ਲੋਟ ਪੋਟੇ।	[1]ਜਿਸ ਦੇ ਸਿਰ 'ਚ ਮਾਰਦੇ ਹਨ।
ਸਫਾਜੰਗ[1] ਛੌਹੀ[2] ਛੁਟੈਂ ਛੁੰਗ ਸੇਲੇ[3]।	[1]ਟਕੂਏ। [2]ਛਵ੍ਹੀਆਂ। [3]ਬਹੁਤੇ ਬਰਛੇ।
ਕਰੈਂ ਅੰਗ ਭੰਗੰ, ਭਲੇ ਭੂਮਿ ਮੇਲੇ[1] ॥੭੯॥	[1]ਚੰਗੀ ਤਰ੍ਹਾਂ ਧਰਤੀ 'ਤੇ ਲਿਟਾ ਦੇਂਦੇ ਹਨ।
ਕਹੂੰ ਸਾਯਕੰ ਸ਼ੁੰਕਤੇ ਲੱਛ ਲੱਛੀ[1]।	[1]ਕਿਤੇ (ਲੱਛੀ) ਲੱਖਾਂ ਹੀ (ਸਾਯਕੰ) ਤੀਰ (ਲੱਛ) ਨਿਸ਼ਾਨੇ (ਵੱਲ ਨੂੰ) ਸ਼ੁਕਦੇ ਜਾਂਦੇ ਹਨ।
ਫਿਰੈਂ ਫੁੰਕਤੇ ਸਾਂਪ ਜਜੋਂ ਹ੍ਵੈ ਸਪੱਛੀ[1]।	[1]ਜਿਵੇਂ ਸੱਪ ਖੰਭਾਂ ਵਾਲੇ ਹੋ ਕੇ ਫੁਕਾਰੇ ਮਾਰਦੇ ਫਿਰਦੇ ਹਨ।
ਕਹੂੰ ਸੈਹਥੀ ਸਾਰ ਕੀਂ ਲਹਿ-ਲਹਾਤੀਂ[1]।	[1]ਕਿਤੇ ਲੋਹੇ ਦੀਆਂ ਬਰਛੀਆਂ ਚਮਕਦੀਆਂ ਹਨ।
ਘਨੀ ਨਾਗਨੀ ਜਜੋਂ[1], ਫਿਰੈਂ ਪ੍ਰਾਨ ਖਾਤੀਂ ॥੮੦॥	[1]ਬਹੁਤੀਆਂ ਸਪਣੀਆਂ ਵਾਂਗ।
ਕਹੂੰ ਕਾਲ ਕੀ ਜੀਹ ਸੀ[1] ਤੇਗ ਛੂਟੈ।	[1]ਜੀਭ ਵਰਗੀ।
ਛੁਹੈ ਅੰਗ ਜਾਂ ਕੇ ਤਿਸੈ ਪ੍ਰਾਨ ਘੂਟੈ[1]।	[1]ਨਾਸ਼ ਕਰ ਦੇਂਦੀ ਹੈ।
ਕਹੂੰ ਸੇਲ ਭਾਲੇ ਚਲੈਂ ਤੇਜ ਸਾਰੇ।	
ਕਢੈਂ ਭੇਦਿ[1] ਸੰਜੋਇ ਕੈ ਸੋ ਦੁਸਾਰੇ[2] ॥੮੧॥	[1]ਵਿੰਨ੍ਹ ਕੇ। [2]ਦੂਜੇ ਪਾਸੇ।
ਲਰੈਂ ਬੀਰ ਬਾਂਕੇ ਹਠੀ ਢੂਕ ਢੂਕੰ[1]।	[1]ਨੇੜੇ ਹੋ ਹੋ ਕੇ।
ਗਿਰੈਂ ਜੂਝਿ ਔਨੰ[1], ਹੁਵੈਂ ਟੂਕ ਟੂਕੰ।	[1]ਧਰਤੀ 'ਤੇ।
ਚੜ੍ਹੰ ਸਿੰਘ ਲੈ ਸੈਹਥੀ, ਬੀਰ ਧਾਯੋ।	

ਢੁਕਯੋ ਖਾਨ ਬੋਲਿੰਦ ਕੇ ਤੀਰ ਜਾਯੋ[1] ॥੮੨॥	[1]ਬੁਲੰਦ ਖ਼ਾਨ ਕੋਲ ਜਾ ਪੁੱਜਿਆ।
ਧਰੀ ਵੀਚ ਛਾਤੀ, ਪਰੀ ਪਾਰ ਘਾਈ[1]।	[1]ਜ਼ਖ਼ਮੀਂ ਕਰਕੇ।
ਮਨੋ ਸੂਲ[1] ਸੂਲੀ[2], ਤ੍ਰਿਪੁਰ ਪੈ[3] ਚਲਾਈ।	[1]ਤ੍ਰਿਸੂਲ। [2]ਸ਼ਿਵ ਜੀ ਨੇ। [3]ਤ੍ਰਿਪੁਰ ਨਾਮ ਦੇ ਦੈਂਤ ਉੱਪਰ।
ਜੱਸਾ ਸਿੰਘ ਨੈ, ਤੱਕ ਕੈ ਤੀਰ ਮਾਰਯੋ।	
ਤਬੈ ਖਾਨ ਜਾਹਾਨ ਕੋ, ਭੂਮਿ ਡਾਰਯੋ ॥੮੩॥	
ਪੁਨਾ ਰਾਮਗੜ੍ਹੀਆ ਜੱਸਾ ਸਿੰਘ ਕੋਪਯੋ।	
ਢਿਗੈਂ ਜਾਇ ਜੈਨੇ, ਤਿਨੈਂ ਪਾਉਂ ਰੋਪਯੋ[1]।	[1]ਪੈਰਰੋਕਿਆ ਭਾਵ ਸ਼ਿਸਤ ਬੰਨ੍ਹੀ।
ਕਰਯੋ ਘਾਇਲੈ[1], ਕੈਬਰੈਂ ਸੰਗ[2] ਸੋਈ।	[1]ਜ਼ਖਮੀਂ। [2]ਤੀਰਾਂ ਨਾਲ।
ਗਯੋ ਦੌਰ ਜੈਨਾ, ਨਿਜੈਂ ਅੰਗ ਖੋਈ ॥੮੪॥	
ਇਤੈ ਸ਼ਯਾਮ ਸਿੰਘੰ, ਕੁਪਯੋ ਯੌਂ ਬਿਦਾਰੈ[1]।	[1]ਮਾਰ ਕੇ ਨਾਸ਼ ਕਰਦਾ ਹੈ।
ਜਿਮੈਂ ਮੱਤ ਦੰਤੀ, ਬਨੈ ਕੇਲ ਪਾਰੈ[1]।	[1]ਜਿਵੇਂ ਮਸਤ ਹਾਥੀ ਕੇਲਿਆਂ ਦਾ ਬਗੀਚਾ ਪੁੱਟ ਸੁੱਟਦਾ ਹੈ।
ਕਰਯੋ ਪੰਥ ਤ੍ਰੁਕਾਨ ਪੈ, ਯੌਂ ਉਠਾਨੋ[1]।	[1]ਹੱਲਾ।
ਗਜੰ ਪੁੰਜ ਪੈ, ਕੇਸਰੀ ਜੈਸ ਜਾਨੋ[1] ॥੮੫॥	[1]ਜਾਣੋ ਜਿਵੇਂ ਬਹੁਤੇ ਹਾਥੀਆਂ ਤੇ ਸ਼ੇਰ (ਪੈਂਦਾ ਹੈ)।
ਭਿਰੈਂ ਰੋਹ ਮੱਤੇ[1], ਸਭੈ ਸਿੰਘ ਐਨੰ[2]।	[1]ਗ਼ੁੱਸੇ 'ਚ ਮਸਤ। [2]ਚੰਗੀ ਤਰ੍ਹਾਂ।
ਚਢਯੋ ਭਾਲ[1] ਨੂਰੰ, ਭਏ ਲਾਲ ਨੈਨੰ।	[1]ਮੱਥੇ 'ਤੇ।
ਫਿਰੈਂ ਤੇਜ ਤੱਤੇ, ਗੁਰੂ ਕੇ ਸੁ ਲਾਲੰ[1]।	[1]ਸੁਪੁੱਤ੍ਰ।
ਮਨੋ ਲਾਟ ਪੁੰਜੰ, ਦਵਾਨਲ ਜਵਾਲੰ[1] ॥੮੬॥	[1]ਜਾਣੋ ਡਉਂ-ਅਗਨੀ ਦੀ ਅੱਗ ਦੀਆਂ ਸਮੂੰਹ ਲਾਟਾਂ ਹਨ।
ਕਢੈਂ ਤੇਗ ਤੀਖੀ, ਛਮਾ ਛੰਮ ਝਾਰੈਂ[1]।	[1]ਜਦੋਂ (ਝਾਰੈਂ) ਮਾਰਦੇ ਹਨ ਤਾਂ ਛਮ ਛਮ ਸ਼ਬਦ ਹੁੰਦਾ ਹੈ।
ਦਿਪੈ ਦਾਮਨੀ ਜਯੋਂ, ਘਨੰ ਕੈ ਮਝਾਰੈਂ[1]।	[1]ਬੱਦਲਾਂ ਦੇ ਵਿੱਚ ਚਮਕਦੀ ਬਿਜਲੀ ਵਾਂਗ (ਤਲਵਾਰ) ਚਮਕਦੀ ਹੈ।
ਨਟਾਂ ਵਾਂਗ ਦੈਹੈਂ, ਕਿਲੰਕਾਰ ਛਾਲੀ[1]।	[1]ਕਿਲਕਾਰੀਆਂ ਤੇ ਛਾਲਾਂ।
ਮਹਾਂ ਬੀਰ ਬਾਂਕੇ, ਬਡੇ ਜੇ ਅਕਾਲੀ ॥੮੭॥	
ਜਰਾ ਨਾ ਕਰੱਕੈਂ[1], ਕੜਾ ਕਾੜ ਕੱਟੈਂ।	[1]ਕਿਰਕ (ਗਿਲਾਨੀ) ਨਹੀਂ ਕਰਦੇ।
ਜਿਮੈਂ ਬਾਢ ਬਾਢੀ[1], ਦੜਾ ਦਾੜ ਸੁੱਟੈਂ।	[1]ਜਿਵੇਂ ਤਰਖਾਣ ਵੱਢ ਵੱਢ ਕੇ।
ਪਟੇ-ਬਾਜ ਜਯੋਂ[1], ਕੱਟ ਕੈ ਝੱਟ-ਪਟੈਂ।	[1]ਗੱਤਕੇ ਬਾਜ ਵਾਂਗ।
ਮਹਾਂ ਮੱਦ ਮਾਤੇ, ਕਰੈਂ ਨਾਦ ਅੱਟੈਂ[1] ॥੮੮॥	[1]ਬਹੁਤ ਅਨੰਦ 'ਚ ਮਸਤ (ਅਟੈਂ) ਉੱਚੀ ਸੁਰ ਨਾਲ ਸ਼ਬਦ ਕਰਦੇ ਹਨ।
ਕਹੂੰ ਹਾਥ ਕੱਟੇ, ਭੁਜਾ ਸੱਥਲਾਯੰ।	
ਪਰੇ, ਮੀਨ ਮਾਨੋ ਘਨੇ ਤ੍ਰੂਫਲਾਯੰ[1]।	[1]ਕਿਤੇ ਹੱਥ, ਬਾਹਾਂ ਤੇ ਪੱਟ ਕੱਟੇ ਪਏ (ਐਉਂ ਲੱਗਦੇ ਹਨ) ਜਾਣੋ ਬਹੁਤੀਆਂ ਮੱਛੀਆਂ ਤੜਫ ਰਹੀਆਂ ਹਨ।

ਕਹੂੰ ਮੁੰਡ[1] ਕਾਟੇ, ਪਰੇ ਪੁੰਜ ਐਸੇ।	[1]ਸਿਰ।
ਧਰੇ ਲਾਹਿ ਲੋਟੇ ਕਲਾਲੰ[1] ਸੁ ਜੈਸੇ ॥੮੯॥	[1]ਘੁਮਿਆਰ ਨੇ।
ਕਹੂੰ ਅਰਧ ਕਾਟੇ, ਪਰੇ ਫਰਦ ਨਜਾਰੇ[1]।	[1]ਅੱਧੋ ਅੱਧ ਕੱਟੇ (ਫਰਦ) ਫੱਟਿਆਂ ਵਾਂਗ ਵੱਖੋ ਵੱਖ ਪਏ ਹਨ।
ਧਰੇ ਲਾਇ ਗੇਰੀ, ਮਨੋ ਚੀਰਿ ਆਰੇ।	
ਪਰੈਂ ਦੌਰ ਦੌਰੈਂ, ਕਰੈਂ ਨਾਂਹਿ ਬੱਸੈਂ।	
ਧਰਾ ਚੂਰ ਕੀਨੀ, ਖੁਰੈਂ ਸੰਗ ਅੱਸ੍ਰੈਂ[1] ॥੯੦॥	[1]ਘੋੜਿਆਂ ਦੇ।
ਚਢੀ ਧੂਰ ਧਾਰਾ[1], ਦਬਯੋ ਸੂਰ ਨੂਰੰ[2]।	[1](ਧਾਰਾ) ਇਕੱਠੀ ਹੋ ਕੇ ਧੂੜ (ਅਕਾਸ਼ 'ਚ) ਚੜ੍ਹ ਗਈ। [2]ਸੂਰਜ ਦਾ ਪ੍ਰਕਾਸ਼।
ਗਯੋ ਧੂਮ ਔ ਧੂਰਿ ਸੌਂ ਨੱਭ ਪੂਰੰ[1]।	[1]ਧੂਏਂ ਤੇ ਧੂੜ ਨਾਲ (ਸਾਰਾ) ਅਕਾਸ਼ ਭਰ ਗਿਆ।
ਮਚਯੋ ਅੰਧਕਾਰੰ, ਮਨੋ ਮੇਘ ਛਾਯੋ।	
ਨਹੀਂ ਸੂਝ ਪੈਹੈ, ਨਿਜੰ ਔ ਪਰਾਯੋ ॥੯੧॥	
ਬਜੈਂ ਬਾਦ ਮਾਰੂ, ਲਗੀ ਘੋਖ ਭਾਰੀ[1]।	[1]ਭਾਰੀ ਅਵਾਜ਼ ਹੋਣ ਲੱਗੀ।
ਸੁਨੈਂ ਕਾਯਰੰ ਜੋ ਲਰੈਂ ਹ੍ਵੈ ਅਗਾਰੀ।	
ਕਰੈਂ ਬਾਨ ਬਰਖਾ, ਭਿਦੈਂ ਅੰਗ ਸੈਨੈਂ[1]।	[1]ਫੌਜ ਦੇ ਅੰਗ ਵਿੰਨ੍ਹੇ ਜਾਂਦੇ ਹਨ।
ਦੁਹੂੰ ਓਰ ਦੈਹੈਂ ਨਹੀਂ ਚੈਨ ਲੈਨੈ ॥੯੨॥	
ਛੁਟੈਂ ਤੁੱਪਕੈਂ[1] ਏਕਠੀ, ਕੜ ਕੜੈ ਕੈ[2]।	[1]ਬੰਦੂਕਾਂ। [2]ਕੜ ਕੜ ਸ਼ਬਦ ਕਰਕੇ।
ਉਠੈ ਜਯੋਂ ਤੜੱਤਾ[1] ਘਨੀ ਤੜ ਤੜੈ ਕੈ[2]।	[1]ਬਿਜਲੀ। [2]ਤੜ ਤੜ ਸ਼ਬਦ ਕਰਕੇ।
ਪਰੈਂ ਗੁੱਲਕਾ ਉੱਲਕਾ ਕੈ ਸਮਾਨੰ[1]।	[1]ਗੋਲੀਆਂ ਗੜਿਆਂ ਵਾਂਗ ਪੈਂਦੀਆਂ ਹਨ।
ਕਰੈਂ ਅੱਸ੍ਰ ਜ੍ਵਾਨੰ ਘਨਯੋਂ ਕੇਰ ਹਾਨੰ[1] ॥੯੩॥	[1]ਬਹੁਤਿਆਂ ਜਵਾਨਾਂ ਦੇ ਘੋੜਿਆਂ ਦਾ ਨਾਸ਼ ਕਰਦੇ ਹਨ।
ਹਸੈਂ ਜੋ ਪਲੀਤੇ[1] ਘਨੀ ਤੇਗ ਲੱਸੈਂ[2]।	[1]ਤੋਪ ਜਾਂ ਬੰਦੂਕ ਨੂੰ ਅੱਗ ਦੇਣ ਦੇ ਡੋਰੇ (ਲਸੈਂ) ਚਮਕਦੇ ਹਨ। [2]ਚਮਕਦੀਆਂ ਹਨ।
ਮਨੋ ਦਾਮਨੀ ਮੇਘ ਮੈਂ ਦੇਤ ਝੱਸੈਂ[1]।	[1]ਲਿਸ਼ਕਦੀ ਹੈ।
ਮਹਾਂ ਨਾਦ ਸੂਰੇ, ਕਰੈਂ ਮਾਰ ਮਾਰੈਂ।	
ਭਰੇ ਮੋਦ, ਜਯੋਂ ਦਾਦਰਾ ਐਲ ਪਾਰੈਂ[1] ॥੯੪॥	[1]ਡੱਡੂ ਸ਼ੋਰ ਪਾਉਂਦੇ ਹਨ।
ਕਹੂੰ ਖੂਨ ਬੂੰਦਾਂ, ਕਹੂੰ ਮਿੰਝ ਬੂੰਬੇ।	
ਬਧੂ-ਇੰਦ ਮਾਨੋ ਘਨੀ ਸੋਹਿਂ ਖੂੰਬੇ[1]।	[1]ਕਿਤੇ ਖ਼ੂਨ ਦੀਆਂ ਬੂੰਦਾਂ ਤਾਂ ਜਾਣੋ ਚੀਚ-ਬਹੁਟੀਆਂ ਹਨ ਤੇ ਕਿਤੇ ਮਿੱਝ ਦੇ ਬੁਲਬੁਲੇ ਜਾਣੋ ਬਹੁਤੀਆਂ ਖੁੰਬਾਂ ਸੋਹ ਰਹੀਆਂ ਹਨ।
ਕਹੂੰ ਅੱਸ੍ਰ ਜ੍ਵਾਨੰ, ਕਟੇ ਤੇਗ ਨਾਲੈਂ।	
ਛੁਟੈ ਸ੍ਰੌਨ ਅੰਗਾਨ ਤੈ[1], ਜਯੋਂ ਪ੍ਰਨਾਲੈਂ ॥੯੫॥	[1]ਅੰਗਾਂ ਤੋਂ।
ਉਠੀ ਥੀ ਜੁ ਧੂਰੀ[1] ਧਰਾ ਵੀਚ ਭੂਰੀ।	[1]ਧੂੜ।

ਗਈ ਦੱਬ ਸੋ ਭੀ, ਮਚਜੋ ਕੀਚ ਰੂਰੀ[1]।
[1]ਚੰਗਾ ਚਿੱਕੜ ਹੋ ਗਿਆ।

ਭਰਜੋ ਸ੍ਰੌਨ ਖੇਤੰ, ਜਲੰ-ਰੱਦ ਜੈਸੇ[1]।
[1]ਜੰਗ ਦਾ ਮੈਦਾਨ ਖ਼ੂਨ ਨਾਲ ਐਉਂ ਭਰ ਗਿਆ ਜਿਵੇਂ (ਜਲੰ-ਰੱਦ) ਝੀਲ ਪਾਣੀ ਨਾਲ (ਭਰੀ ਹੁੰਦੀ ਹੈ)।

ਚਲਜੋ ਹੋਇ ਭਾਰੀ, ਪੁਨਾ ਨੱਦ ਵੈਸੇ[1] ॥੯੬॥
[1]ਉਸੇ ਤਰ੍ਹਾਂ (ਜਿਵੇਂ) (ਨੱਦ) ਦਰਿਆ (ਵਗਦਾ ਹੈ)।

ਜਿਮੈਂ ਦੇਸ ਓਡੀਸ ਕੇ ਮੱਧ ਤਾਲੰ।
ਪਰੇ ਹਾਂਡੀਆਂ ਜਜੋਂ ਤਹਾਂ ਮੂੰਡ ਜਾਲੰ[1]।
[1]ਉੜੀਸੇ ਦੇਸ ਦੇ ਤਲਾਅ 'ਚ ਤਰਦੀਆਂ ਹਾਂਡੀਆਂ ਵਾਂਗ ਸਮੂੰਹ ਸਿਰ ਖ਼ੂਨ 'ਚ ਤਰਦੇ ਫਿਰਦੇ ਹਨ।

ਫਿਰੈਂ ਕੱਛਪੰ ਪੈਰਤੇ ਪੁੰਜ ਢਾਲੈਂ[1]।
[1]ਸਮੂੰਹ ਢਾਲਾਂ ਕਛੂਆਂ ਵਾਂਗ ਤਰਦੀਆਂ ਫਿਰਦੀਆਂ ਹਨ।

ਖਿਰੇ ਨੈਨ ਝਾਲੱਕ ਹੀਂ ਕੰਜ ਲਾਲੈਂ[1] ॥੯੭॥
[1]ਖੁੱਲ੍ਹੇ ਨੇਤ੍ਰ ਲਾਲ ਕਵਲਾਂ ਵਾਂਗ ਝਲਕ ਰਹੇ ਹਨ।

ਭੁਜਾ ਜੰਘ ਮੂੰਡੰ ਬਿਨਾ, ਦੇਹ ਜਾਨੋ[1]।
[1]ਜਾਣੋ ਬਾਹਾਂ, ਲੱਤਾਂ ਤੇ ਸਿਰਾਂ ਤੋਂ ਬਿਨਾਂ ਧੜਾਂ (ਪਈਆਂ ਹਨ।)

ਗਜੰ ਬਾਜ ਕੇਤੇ ਸਿਲਾ ਸੇ ਪਛਾਨੋ[1]।
[1]ਕਿਤਨੇ ਹੀ (ਮਰੇ ਹੋਏ) ਹਾਥੀ ਤੇ ਘੋੜੇ ਪੱਥਰ ਦੀਆਂ ਸਿਲਾਂ ਵਾਂਗ ਪਛਾਣੋ।

ਤਰੈਂ ਸੇਤ ਪੱਗੈਂ ਮਨੋ ਝਾਗ ਬੂੰਬੇ[1]।
[1]ਤਰੀਆਂ ਫਿਰਦੀਆਂ (ਸੇਤ) ਚਿੱਟੀਆਂ ਪੱਗਾਂ ਜਾਣੋ ਇਹ ਝੱਗ ਦੇ ਬੁਲਬੁਲੇ ਹਨ।

ਕਹੂੰ ਸੈਹਥੀ ਸਾਂਪਨੀ ਆਂਤ ਖੂੰਬੇ[1] ॥੯੮॥
[1]ਕਿਤੇ ਬਰਛੀਆਂ ਸੱਪਣੀਆਂ ਵਾਂਗ ਤੇ ਆਂਦਰਾਂ ਖੁੰਬਾਂ (ਵਾਂਗ ਦਿਖਾਈ ਦੇ ਰਹੀਆਂ ਹਨ।)

ਕਹੂੰ ਕਾਲਿਕਾ ਮਾਲਕਾ ਗੁੰਥਿ ਮੁੰਡੈਂ।
ਸ਼ਿਵਾਂ ਕੋ ਚਢਾਵੈ ਭਰੇ ਮੋਦ ਝੁੰਡੈਂ[1]।
[1]ਕਿਤੇ ਕਾਲੀ ਦੇਵੀ ਸਿਰਾਂ ਦੀਆਂ ਮਾਲਾਂ ਗੁੰਦ ਕੇ ਬਹੁਤੇ ਅਨੰਦ 'ਚ ਭਰ ਕੇ ਸ਼ਿਵ ਜੀ ਨੂੰ ਚੜ੍ਹਾ ਰਹੀ ਹੈ।

ਕਰੈਂ ਜੋਗਨੀ ਖੱਪਰੈਂ ਪੂਰਿ ਪਾਨੰ[1]।
[1]ਜੋਗਣੀਆਂ (ਲਹੂ ਦੇ) ਖੱਪਰ ਭਰ ਕੇ ਪੀਂਦੀਆਂ ਹਨ।

ਨਚੈਂ ਨਾਰਦੰ ਕਾਲਕਾ ਮੋਦ ਮਾਨੰ[1] ॥੯੯॥
[1]ਨਾਰਦ ਤੇ ਕਾਲੀ ਨੱਚ ਨੱਚ ਕੇ ਅਨੰਦ ਮਾਣਦੇ ਹਨ।

ਗਹੈਂ ਭੂਤ ਪ੍ਰੇਤੈਂ ਘਨੇ ਅੱਸ੍ਵ ਪੁੱਛੈਂ।
ਕਰੈਂ ਨਾਰਦੰ ਕੇ ਪਰੈ ਚੌਰ ਸ੍ਵੱਛੈ[1]।
[1]ਬਹੁਤੇ ਘੋੜਿਆਂ ਦੀਆਂ ਪੂਛਾਂ ਫੜ ਕੇ ਭੂਤ ਪ੍ਰੇਤ ਨਾਰਦ ਦੇ ਉੱਪਰ ਉੱਜਲ ਚੌਰ ਕਰਦੇ ਹਨ।

ਕਰੀ ਕਾਨ ਕੇ ਬੀਜਨੇ ਲੈ ਝੁਲਾਵੈਂ[1]।
[1]ਹਾਥੀਆਂ ਦੇ ਕੰਨਾਂ ਦੇ ਪੱਖੇ ਲੈ ਕੇ ਝੁਲਾਉਂਦੇ ਹਨ।

ਕਿਤੈ ਕਾਨ ਬਾਜੀਨ ਕੇ ਸੰਖ ਵਾਵੈਂ[1] ॥੧੦੦॥
[1]ਕਿਤੇ ਘੋੜਿਆਂ ਦੇ ਕੰਨਾਂ ਦੇ ਸੰਖ ਵਜਾਉਂਦੇ ਹਨ।

ਗਰੰ ਊਟ ਕੋ ਲੈ ਰਣੰ-ਸਿੰਘ ਭਾਂਤੇ।
ਕਰੈਂ ਪ੍ਰੇਤ ਬਾਜਾਵਨੈ ਮੋਦ ਮਾਤੇ[1]।
[1]ਊਠਾਂ ਦੇ ਗਲਾਂ ਨੂੰ ਲੈ ਕੇ ਪ੍ਰੇਤ ਰਣ ਸਿੰਘਿਆਂ ਦੀ ਤਰ੍ਹਾਂ ਅਨੰਦ 'ਚ ਮਸਤ ਹੋ ਕੇ ਵਜਾਉਂਦੇ ਹਨ।

ਧਰੈਂ ਆਂਤਰਾਂ ਕੀ ਗਰੇ ਪੁੰਜ ਮਾਲਾ।
ਫਿਰੈਂ ਨਾਚਤੀ ਗਾਵਤੀ ਭੂਤ-ਬਾਲਾ[1] ॥੧੦੧॥
[1]ਭੂਤਾਂ ਦੀਆਂ ਇਸਤ੍ਰੀਆਂ।

ਕਹੂੰ ਦੇਤ ਤਾਰੀ[1], ਕਹੂੰ ਕਿੱਲ-ਕਾਰੈਂ[2]।
[1]ਤਾੜੀ। [2]ਚੀਕਾਂ ਮਾਰਦੀਆਂ ਹਨ।

ਕਹੂੰ ਮੂੰਡ ਗੇਂਦਾਨ ਕੀ ਖੇਲ ਪਾਰੈਂ[1]।

[1]ਕਿਤੇ ਸਿਰਾਂ ਦੀਆਂ ਗੇਂਦਾਂ ਦੀ ਖੇਡ ਪਾਉਂਦੀਆਂ ਹਨ।

ਕਹੂੰ ਭੂਤ ਪ੍ਰੇਤੰ, ਮਿਲੇ ਮਾਸ-ਭੱਛੀ[1]।

[1]ਮਾਸ ਖਾਣੇ ਜਾਨਵਰ।

ਧਰੈਂ ਟੁੱਬਕੀ ਸ੍ਰੋਨਤੰ ਮਾਂਹਿਂ ਲੱਛੀ[1] ॥੧੦੨॥

[1](ਲੱਛੀ) ਧਿਆਨ ਲਾ ਕੇ ਲਹੂ ਵਿੱਚ ਟੁਬਕੀਆਂ ਲਾਉਂਦੇ ਹਨ।

ਕਢੈਂ ਹਥ ਔ ਸੱਥ ਲੈਂ ਭੁਜ ਬਿਲੱਛੀ[1]।

[1]ਹੱਥਾਂ, ਪੱਟਾਂ ਤੇ ਬਾਹਾਂ ਨੂੰ (ਬਿਲੱਛੀ) ਵਿਲੱਖਣ ਢੰਗ ਨਾਲ ਕੱਢ ਲਿਆਉਂਦੇ ਹਨ।

ਛਕੈਂ ਲੁਧਰੰ ਜਜੋਂ ਨਦੌਂ ਕੱਢਿ ਮੱਛੀ[1]।

[1]ਜਿਵੇਂ ਲੁੱਧਰ ਜਾਨਵਰ ਜਲ 'ਚੋਂ ਮੱਛੀਆਂ ਕੱਢ ਕੇ ਖਾਂਦੇ ਹਨ (ਲੁੱਧਰ-ਉਦ-ਬਿਲਾਉ, ਜਲ-ਬਿੱਲੀ।)

ਕਹੂੰ ਚੀਲ ਲੈ ਕੈ ਉਡੈ ਆਂਤ ਨੱਭੈਂ[1]।

[1]ਕਿਤੇ ਇੱਲਾਂ ਆਂਦਰਾਂ ਲੈ ਕੇ ਅਕਾਸ਼ ਨੂੰ ਉਡਦੀਆਂ ਹਨ।

ਗਹੈਂ ਭੂਤ ਨੀਚਜੋਂ, ਸਮੰ ਚੁੰਗ ਫੱਬੈਂ[1] ॥੧੦੩॥

[1](ਉਨ੍ਹਾਂ ਆਂਦਰਾਂ ਨੂੰ) ਹੇਠੋਂ ਭੂਤ ਪਕੜ ਲੈਂਦੇ ਹਨ (ਇਉਂ ਆਂਦਰਾਂ ਡੋਰ ਤੇ ਇੱਲਾਂ) (ਚੁੰਗ) ਗੁੱਡੀ ਵਾਂਗ ਫਬਦੀਆਂ ਹਨ।

ਮਹਾਂ ਜੰਗ ਗਾਢਾ, ਪਰਜੋ ਆਨਿ ਭਾਰੀ।
ਚਢੀ ਲੁੱਥ ਪੈ ਲੁੱਥ, ਆਗੁੱਥ ਭਾਰੀ[1]।

[1]ਬਹੁਤੀਆਂ ਲੋਥਾਂ ਤੇ ਲੋਥਾਂ ਚੜ੍ਹੀਆਂ ਹੋਈਆਂ (ਜਾਣੋ) ਗੁੰਦੀਆਂ ਪਈਆਂ ਹਨ।

ਘਨੇ ਜ੍ਵਾਨ ਲੇਟੇ, ਪਰੇ ਖੇਤ[1] ਐਸੇ।

[1]ਜੰਗ ਦੇ ਮੈਦਾਨ ਵਿੱਚ।

ਸੁੱਤੇ ਖਾਇ ਕੈ ਭੰਗ, ਮਾਲੰਗ[1] ਜੈਸੇ ॥੧੦੪॥

[1]ਮੁਸਲਮਾਨਾਂ ਦਾ ਇਕ ਫ਼ਿਰਕਾ, ਜੋ ਜ਼ਿੰਦਾ-ਸ਼ਾਹ-ਮਦਾਰ ਤੋਂ ਚੱਲਿਆ ਹੈ, ਮਲੰਗ ਸਿਰ ਦੇ ਕੇਸ ਨਹੀਂ ਮੁਨਾਉਂਦੇ, ਜੂੜਾ ਗਿੱਚੀ 'ਚ ਕਰਦੇ ਹਨ। ਨਸ਼ਿਆਂ ਦਾ ਖਾਣਾ ਪੀਣਾ ਇਹਨਾਂ ਦਾ ਧਾਰਮਿਕ ਨਿਯਮ ਬਣ ਗਿਆ ਹੈ।

ਗਯੋ ਗਿਲਜਯੋਂ ਕੇਰ ਹੰਕਾਰ ਟੂਟੀ।
ਰਣੰ ਜੀਤਨੇ ਕੀ ਤਬੈ ਆਸ ਛੂਟੀ।
ਜਹਾਂ ਏਕ ਯਾਂ ਦੋ ਮਰੇ ਸਿੰਘ ਦੀਸੈਂ।
ਤਹਾਂ ਹੀ ਦੁਰਾਨੀ ਪਰੇ ਬੀਸ ਤੀਸੈਂ ॥੧੦੫॥

ਦੋਹਰਾ:

ਅਰੇ ਦੁਹੂੰ ਦਿਸ ਬਹੁ ਮਰੇ,
ਧਰੈਂ ਨ ਪੈਰ ਪਿਛਾਂਹਿਂ।
ਪੁਨ ਇਕ ਭਾਰੀ ਛਲ ਕਰਜੋ,
ਤਬਿ ਹੀ ਅਹਿਮਦ ਸ਼ਾਹਿ ॥੧੦੬॥

ਸ੍ਵੈਯਾ:

ਲੈ ਕਰਿ ਸੈਨ ਦੁਰਾਨਿਨ ਕੀ,
ਕੁਪ ਕੈ ਅਤਿ ਅਹਿਮਦ-ਸ਼ਾਹਿ ਤਹਾਂਈ।
ਸਿੰਘ ਲੜੈਂ ਬਰ ਬੀਰ ਜਹਾਂ ਸਭਿ,
ਤਜਾਗ ਤਿਨੈ ਦਿਸ ਔਰਹਿਂ ਧਾਈ।

ਜਾਇ ਪਰਯੋ ਸੁ ਬਹੀਰ ਕੇ ਊਪਰ[1],
ਲੈ ਨਿਜ ਸੈਨ ਸਮਾਨ ਕਸਾਈ।
ਬਾਲਕ ਬਿਰਧ ਹੁਤੇ ਬਹੁਤੇ ਜਹਿਂ,
ਸੋ ਤਿਨ ਮਾਰਿ ਗਿਰਾਇ ਮਹਾਂਈ[1] ॥੧੦੭॥

[1]ਸਿੰਘਾਂ ਦੇ ਵਹੀਰ ਉੱਪਰ।
[1]ਬਹੁਤੇ।

ਗੈਹਲ ਨਾਮ ਗਰਾਮ ਹੁਤੋ ਢਿਗ,
ਦੌਰਿ ਬਹੀਰ ਚਲਿਓ ਤਿਸ ਓਰੀ।
ਲਾਇ ਲਏ ਪਟ ਲੋਗਨ ਧਾਮਨ
ਕੇ[1], ਨ ਬਹੀਰ ਸਕਯੋ ਧਸ ਫੋਰੀ[2]।
ਦੈ ਕਰਿ ਜੋਰ ਪੁਨਾ ਮਗਰੇ ਝਟ,
ਜਾਇ ਪਰਯੋ ਗਿਲਜਾ ਵਡ ਖੋਰੀ[1]।
ਮਾਰਿ ਬਹੀਰ ਮੁਕਾਇ ਦਯੋ ਉਨ,
ਨਾਰਿ ਹਜ਼ਾਰਕ ਕੀ ਤਹਿਂ ਤੋਰੀ[1] ॥੧੦੮॥

[1]ਲੋਕਾਂ ਨੇ ਘਰਾਂ ਦੇ ਤਖਤ ਬੰਦ ਕਰ ਲਏ। [2]ਛੇਤੀ।
[1]ਬਹੁਤੇ ਵੈਰ-ਭਾਵ ਵਾਲਾ।
[1]ਹਜ਼ਾਰਕ ਇਸਤ੍ਰੀਆਂ ਦੀ (ਟੋਲੀ) ਉਥੋਂ (ਪਕੜ ਕੇ) ਤੋਰ ਲਈ।

ਜਾਇ ਮੁਹਾਰਨ ਵੀਚ ਗੁਹਾਰਨ[1],
ਜੋਇ ਛਪੇ ਥੇ ਬਚੇ ਤਬਿ ਤੇਤੈ।
ਪੰਥ ਕਾ ਲੂਟ ਸਬਾਬ ਲਯੋ,
ਗੁਰੁ ਗ੍ਰੰਥ ਸੁ ਦਮਦਮੈਂ ਵਾਰ ਸਮੇਤੈ[1]।
ਪਾਇ ਕੈ ਸਾਰ[1] ਹਜ਼ਾਰ ਦੁ-ਤੀਨਕ,
ਸਿੰਘ ਜੁਝਾਰ ਅਯੋ ਭਜ ਕੇ ਤੈ[1]।
ਤੁਰਕ ਗਏ ਪਿਖ ਕੈ ਤਜਿ ਯੌਂ, ੀ
ਜਮ ਏਣ[1] ਭਗੇ ਰਖਵਾਰੇ ਅਏ ਤੈ ॥੧੦੯॥

[1]ਜਾ ਕੇ (ਟਾਂਡਿਆਂ ਦੇ) ਮੁਹਾਰਿਆਂ ਤੇ (ਪਾਥੀਆਂ ਦੇ) ਗੁਹਾਰਿਆਂ ਵਿੱਚ।
[1]ਦਮਦਮੇ ਸਾਹਿਬ ਵਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਤ।
[1]ਖ਼ਬਰ।
[1](ਤੈ) ਉਹ ਸੂਰਮੇਂ ਸਿੰਘ ਭਜ ਕੇ (ਵਹੀਰ ਦੀ ਮਦਦ ਲਈ) ਆ ਗਏ।
[1]ਹਰਣ।

ਸਿੰਘਨ ਲੀਨ ਬਹੀਰ ਛੁਡਾਇ,
ਸੰਭਾਰ ਲਯੋ ਜੋਊ ਜੀਵਤ ਪਾਏ।
ਚੋਰ ਚਪੇ ਜਿਮ ਜੋਰ ਲਗਾਇ,
ਅਰੀ ਗਨ ਥੇ ਹਨਿ ਪੀਛੇ ਹਟਾਏ[1]।
ਠੱਟ ਗਰੱਟ[1] ਪੁਨਾ ਸਭਿ ਸਿੰਘ,
ਚਲੇ ਤਬਿ ਆਗੇ ਬਹੀਰ ਚਲਾਏ।
ਗੈਲ[1] ਲਗੇ ਗਿਲਜੇ ਤਿਨ ਕੇ,

[1]ਖਿਝੇ ਚੋਰ ਵਾਂਗ ਜ਼ੋਰ ਲਾ ਕੇ ਸਿੰਘਾਂ ਨੇ ਜੋ ਬਹੁਤੇ ਵੈਰੀ ਸਨ ਮਾਰ ਕੇ ਪਿੱਛੇ ਹਟਾ ਦਿੱਤੇ।
[1](ਦਲ ਦਾ) ਗੋਲ (ਚੱਕ੍ਰ) ਬਣਾ ਕੇ।
[1]ਪਿੱਛੇ।

ਲਰਤੇ ਭਿਰਤੇ ਚਰਤੇ ਸਿੰਘ ਜਾਏ[1] ॥੧੧੦॥ — [1]ਸਿੰਘ ਚਲਦੇ ਜਾਂਦੇ ਹਨ।

ਕਬਿੱਤ:

ਨਗਰ ਮਲੇਰੀਆਂ ਕੇ ਬਾਮਣੀ ਔ ਕੁਤਬਾ ਤੈ
ਆਦਿਕ, ਅਗੇਰੀ ਆਏ ਸਿੰਘਨ ਕੇ ਤਬਿ ਹੀ[1]। — [1]ਮਲੇਰੀ ਪਠਾਣਾਂ ਦੇ ਇਲਾਕੇ ਦੇ ਬਾਮਣੀ ਤੇ ਕੁਤਬੇ ਆਦਿਕ ਪਿੰਡ ਤਦੋਂ ਸਿੰਘਾਂ ਦੇ ਅੱਗੇ ਆ ਗਏ।
ਹੁਕਮ ਮਲੇਰੀਆਂ ਕਾ ਪਾਇ ਕੈ ਤਹਾਂ ਕੇ ਜੱਟ,
ਧਾਇ ਕਰਿ ਆਇ ਪਰੇ ਪੰਥ ਪਰ ਸਭਿ ਹੀ।
ਸਲੰਘ ਗੰਡਾਸੇ ਸੇਲੇ ਬਰਛੇ ਕੁਹਾੜੇ ਸੋਟੇ,
ਫੜ ਕਰਿ ਢੋਲ ਬਜਵਾਇ ਆਏ ਜਬਿ ਹੀ।
ਖਾਲਸਾ ਬਿਸਾਲਸਾ ਹ੍ਵੈ ਕਾਲਸਾ[1] ਮਿਲੵੋ ਹੈ ਤਿਨੈ, — [1]ਬਹੁਤਾ ਕਾਲ ਵਰਗਾ ਹੋ ਕੇ।
ਏਕ ਹੀ ਝਪੱਟੇ ਮੈਂ[1] ਦਪੱਟੇ[2] ਜੱਟ ਸਭਿ ਹੀ ॥੧੧੧॥ — [1]ਝਪਟ ਵਿੱਚ, ਹੱਲੇ ਵਿੱਚ। [2]ਦਬਾ ਦਿੱਤੇ, ਭਜਾ ਦਿੱਤੇ।

ਸ੍ਵੈਯਾ:

ਦੌਰ ਗਏ ਕਰਿ ਰੌਰ ਜਬੈ ਜੱਟ,
ਸਿੰਘ ਅਗਾਰੀ ਚਲੇ ਨਿਜ ਤੌਰੈਂ[1]। — [1]ਆਪਣੇ ਢੰਗ ਨਾਲ।
ਵੱਟ ਕਸੀਸ ਪਰੈਂ ਕਬਹੂੰ ਮੁੜਿ,
ਔ ਖੜ੍ਹ ਕੈ ਅੜ ਕੈ ਲੜਿ ਦੌਰੈਂ।
ਨਾਂਹਿ ਬਰੂਦ ਰਹੵੋ ਢਿਗ ਸਿੰਘਨ,
ਆਯੁਧ[1] ਟੂਟ ਗਏ ਸਭਿ ਔਰੈਂ। — [1]ਸ਼ਸਤ੍ਰ।
ਬੀਰ ਬਲੀ ਬਿਨ ਆਯੁਧ ਤੈ,
ਕਹੁ ਕੌਨ ਸਕੈ ਕਰਿ ਜੰਗ ਸੁ ਗੌਰੈਂ[1] ॥੧੧੨॥ — [1]ਭਾਰੀ ਜੰਗ।
ਮਾਸ ਬਿਸਾਖ ਲਗੀ ਅਤਿ ਘਾਮ[1] — [1]ਧੁੱਪ।
ਸੁ ਆਗੇ ਅਯੋ ਪੁਨ ਜੰਗਲ ਭਾਰੀ।
ਨਾਹਿੰ ਮਿਲੈ ਕਿਤ ਪੀਵਨ ਕੋ ਜਲ,
ਹਾਰਿ ਹਟੀ ਤੁਰਕਾਨਿ ਪਿਛਾਰੀ।
ਕੇਤਿਕ ਤੁਰਕ ਗਏ ਮਗਰੇ ਤਬਿ,
ਕੋਸ ਦੁ-ਤੀਨਕ ਔਰ ਅਗਾਰੀ।
ਤਾਲ ਬਿਸਾਲ ਤਹਾਂ ਮਿਲਯੋ ਇਕ,
ਪੂਰ ਰਹੵੋ ਜਿਸ ਮੈਂ ਬਰ ਬਾਰੀ[1] ॥੧੧੩॥ — [1]ਚੰਗਾ ਪਾਣੀ।
ਸਿੰਘਨ ਜਾਇ ਸੁ ਰੋਕ ਲਯੋ,

ਫਿਰ ਤਾਂ ਪਰ ਤੁਰਕ ਪਰੇ ਬਹੁ ਧਾਈ।
ਪਯਾਸ ਲਗੀ ਅਤਿ ਹੀ ਸਭ ਕੌ,
ਜਲ ਹੇਤ ਭਈ ਤਹਿੰ ਫੇਰ ਲਰਾਈ।
ਸਾਰ ਸੋਂ ਸਾਰ[1] ਅਪਾਰ ਬਜਯੋ ਤਹਿੰ, — [1]ਸ਼ਸਤ੍ਰ ਨਾਲ ਸ਼ਸਤ੍ਰ।
ਸਿੰਘ ਰਹੇ ਬਲ ਧਾਰਿ ਮਹਾਂਈਂ[1]। — [1]ਬਹੁਤਾ।
ਸਿੰਘਨ ਨਾਹਿੰ ਦਯੋ, ਤੁਰਕਾਨਿ ਕੋ
ਪੀਵਨ ਪਾਨਿ, ਰਹੇ ਬਲ ਲਾਈ ॥ ੧੧੪ ॥
ਸਾਰ[1] ਬਿਰਾਰਨ ਕੌ ਜਬ ਹੀ ਯਹਿ, — [1]ਖ਼ਬਰ।
ਜਾਇ ਭਈ ਤਬਿ ਹੀ ਸਭਿ ਆਏ।
ਦੇਸ ਨਜ਼ੀਕ ਹੁਤੋ ਤਿਨ ਕਾ,
ਤਿਨ ਸਿੰਘਨ ਕੀ ਬਡ ਕੀਨ ਸਹਾਏ।
ਜੰਗਲ ਦੇਸ ਵਿਖੈ ਤੁਰਕਾਨ ਕੌ,
ਨਾਂਹਿ ਮਿਲੈ ਜਲ ਔਰ ਕਿਥਾਂਏਂ[1]। — [1]ਕਿਸੇ ਥਾਂ।
ਕੂਪ[1] ਸਰੀ[2] ਸਰ[3] ਨਾਹਿੰ ਹੁਤੋ ਤਬਿ, — [1]ਖੂਹ। [2]ਨਦੀ। [3]ਤਲਾਅ।
ਔਰ ਕਿਸੀ ਪੁਨ ਠੌਰ ਤਹਾਂਏਂ ॥ ੧੧੫ ॥
ਪਯਾਸ ਹਰਾਨ ਕਰੀ ਤੁਰਕਾਨਿ,
ਸੁ ਹੋਇ ਨਿਰਾਸ ਹਟੀ ਪੁਨ ਪਾਛੇ।
ਮਾਲਵੇ ਦੇਸ ਵਿਖੇ ਚਲਿ ਪੰਥ,
ਧਸਯੋ ਪੁਨ ਜਾਇ ਤਬੈ ਸਭਿ ਕਾਛੇ[1]। — [1]ਸਜਿਆ ਸਜਾਇਆ।
ਸਿੰਘ ਗਏ ਜ਼ਖਮੀ ਤਹਿੰ ਜੇਤਿਕ,
ਸੇਵ ਕਰੀ ਮਲਵੱਯਨ ਆਛੇ।
ਪਿੰਡਨ ਮੈਂ ਉਤਰੇ ਖਿੰਡ ਕੇ, ਬਹੁ
ਠੌਰ ਕਰੀ ਗੁਜਰਾਨ ਮਹਾਂਛੇ[1] ॥ ੧੧੬ ॥ — [1]ਬਹੁਤ ਚੰਗੀ।
ਦੋਹਰਾ:
ਤੁਰਕ ਗਏ ਹਟ ਕਰਿ ਸਭੈ,
ਨਿਜ ਨਿਜ ਠੌਰਨ ਧਾਇ।
ਪੰਥ ਮਾਲਵੇ ਦੇਸ ਮੈਂ,
ਯਾ ਬਿਧਿ ਪੈਸਯੋ ਜਾਇ[1] ॥ ੧੧੭ ॥ — [1]ਜਾ ਵੜਿਆ।
ਕਿਸੀ ਨਗਰ ਮਧ ਏਕ ਸੌ,
ਕਿਸੀ ਮਾਂਹਿ ਸੌ ਦੋਇ।

ਤੀਨ ਚਾਰ ਕਾਹੂੰ ਵਿਖੈ,
ਰਹੇ ਸਿੰਘ ਇਮ ਹੋਇ ॥੧੧੮॥
ਘੱਲੂਘਾਰਾ[1] ਦੂਸਰਾ,
ਭਯੋ ਅਧਿਕ ਯਹਿ ਆਹਿ।
ਇਕ ਲੱਖੁ ਨੇ ਕਰਯੋ ਥਾ,
ਯਹਿ ਪੁਨ ਅਹਿਮਦ-ਸ਼ਾਹਿ ॥੧੧੯॥
ਯਾਹਿ ਜੰਗ ਸਮ ਜੰਗ ਵਡ,
ਭਯੋ ਨ ਕਬਿਹੂੰ ਹੋਇ।
ਸਿੰਘ ਮਰੇ ਤਿਸ ਵੀਚ ਬਹੁ,
ਗਨ ਸਾਕੈ ਕਵਿ ਕੋਇ ॥੧੨੦॥
ਤੀਸ ਸਹਿਸ[1] ਸਿਰ ਸਿੰਘਨ ਕਾ,
ਲੈ ਗਯੋ ਕਟ ਕਰਿ ਸ਼ਾਹਿ।
ਤਵਾਰੀਖ ਪੰਜਾਬ ਮੈਂ,
ਲਿਖਯੋ ਜੰਗ ਇਹੁ ਆਹਿ ॥੧੨੧॥
ਰਿਤੁ ਸਸਿ ਸਿੱਧੀ ਬ੍ਰਹਮ,
ਥਾ ਸੰਮਤ ਤਬਿ[1] ਪਹਿਚਾਨ।
ਭਾਰਥ ਸਮ[1] ਯਹਿ ਜੰਗ ਕਹਿ,
ਧਜਾਇ ਥਿਰਯੋ ਇਸ ਥਾਨਿ ॥੧੨੨॥

[1]ਉਹ ਘਮਸਾਣ ਦਾ ਜੰਗ ਜਿਸ ਵਿੱਚ ਬਹੁਤਾ ਜਾਨੀ ਤੇ ਮਾਲੀ ਨੁਕਸਾਨ ਹੋਵੇ।

[1]ਤੀਹ ਹਜ਼ਾਰ।

[1]ਤਦੋਂ ੧੮੧੯ ਬਿ: ਸੰਮਤ ਸੀ। (ਰਿਤੁ=੬। ਸਸਿ=੧। ਸਿੱਧੀ=੮। ਬ੍ਰਹਮ=੧। ਉਲਟਾਉਣ ਨਾਲ ੧੮੧੬।)

[1]ਮਹਾਂਭਾਰਤ (ਦੇ ਜੰਗ) ਵਾਂਗ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਯਾਨ ਸਿੰਘ ਵਿਰਚਿਤੇ 'ਮੁਲਕ ਤਿਹਾੜੇ ਮੈਂ, ਅਹਿਮਦ ਸ਼ਾਹਿ ਖ਼ਾਲਸੇ ਦਾ ਜੰਗ, ਘੱਲੂਘਾਰਾ', ਬਰਨਨੰ ਨਾਮ ਚਾਲੀਸਮੋਂ ਬਿਸ੍ਰਾਮ ॥੪੦॥

੪੧. {ਪੰਥ ਦਾ ਮਾਲਵੇ ਠਹਿਰਣਾ, ਬੈਰਾੜਾਂ ਨਾਲ ਵਿਗਾੜ, ਮਲੇਰ ਕੋਟਲਾ ਤੇ ਮੋਰੰਡਾ ਮਾਰਨਾ, ਅੰਮ੍ਰਿਤਸਰ ਆ ਕੇ ਸ੍ਰੀ ਹਰਿਮੰਦਰ ਸਾਹਿਬ ਦੋਬਾਰਾ ਬਣਾਉਣਾ}

ਦੋਹਰਾ:

ਦਰਣੀ ਦੁਖ ਦਾਰਦ ਸਦਾ,
ਕਰਣੀ ਸੁਮਤਿ ਪ੍ਰਕਾਸ[1]।

[1]ਹੇ (ਸ੍ਰੀ ਗੁਰਬਾਣੀ ਤੂੰ) ਹਮੇਸ਼ਾਂ ਦੁੱਖਾਂ ਤੇ ਦਲਿਦ੍ਰਾਂ ਨੂੰ ਦਲਣ ਵਾਲੀ ਤੇ ਚੰਗੀ ਮੱਤ ਦਾ ਪ੍ਰਕਾਸ਼ ਕਰਨ ਵਾਲੀ ਹੈਂ।

ਹਰਣੀ ਰਾਕਸ਼ ਬਿਘਨ ਗਨ,
ਭਰਣੀ ਦਾਸਨ ਆਸ[1] ॥੧॥

[1]ਬਿਘਨਾਂ ਰੂਪ ਸਾਰੇਰਾਖਸ਼ਾਂ ਨੂੰ ਨਾਸ਼ ਕਰਨ ਵਾਲੀ ਅਤੇ ਦਾਸਾਂ ਦੀ ਆਸ਼ਾ ਪੂਰਨ ਕਰਨ ਵਾਲੀ ਹੈਂ, (ਮੇਰੀ ਵੀ ਆਸਾ ਪੂਰਨ ਕਰੋ)।

ਪੰਥ ਰਹਯੋ ਜਯੋਂ ਮਾਲਵੇ,
ਸ਼ਾਹਿ[1] ਸੁਧਾਸਰ[2] ਜਾਇ।
ਕਰੀ ਬੇਅਦਬੀ ਤੁਰਕ ਨੈ,
ਸੋ ਸਭਿ ਕਹੋਂ ਸੁਨਾਇ ॥੨॥

[1]ਅਹਿਮਦ ਸ਼ਾਹ ਦੁਰਾਨੀ। [2]ਅੰਮ੍ਰਿਤਸਰ।

ਮਾਰੀ ਪੰਥ ਮਲੇਰ[1] ਜਯੋਂ,
ਖੇੜੀ ਮੋਰੰਡ ਜਾਇ।
ਲੱਛੀ-ਰਾਮ ਕਾ ਗ੍ਰਾਮ ਲੁੱਟਿ,
ਰਚਯੋ ਸੁਧਾਸਰ ਜਾਇ ॥੩॥

[1]ਮਲੇਰਕੋਟਲਾ।

ਪਾਧਰੀ ਛੰਦ:

ਅਬਿ ਗੁਰੁ ਖਾਲਸਾ ਸੁਨੋ ਸਾਰ[1]।
ਕਰ ਜੋਰਿ ਉਭੈ ਕਰਹੋਂ ਜੁਹਾਰ[1]।
ਕਰਿ ਕਿਰਪਾ ਸਿੱਖੀ ਦਾਨ ਦੇਹੁ।
ਨਹਂ ਔਰ ਖਾਸ[1] ਅਬਿ ਮੁਝੇ ਕੇਹੁ ॥੪॥

[1]ਸਾਵਧਾਨ ਹੋ ਕੇ।
[1]ਦੋਨੋਂ ਹੱਥ ਜੋੜ ਕੇ ਨਮਸ਼ਕਾਰ ਕਰਦਾ ਹਾਂ।
[1]ਖ੍ਵਾਹਸ਼, ਇੱਛਾ, ਲੋੜ।

ਜੋ ਭੂਲ ਚੁਕ ਕੁਛ ਲਿਖੀ ਜਾਇ।
ਤੁਮ ਲਈਓ ਠੀਕ ਸੁਧਾਰ ਸਾਇ[1]।
ਜਬਿ ਪੰਥ ਮਾਲਵੇ ਧਸਯੋ ਜਾਇ।
ਅਰ ਤੁਰਕ ਗਏ ਹਟ ਫਤੇ ਪਾਇ ॥੫॥

[1]ਉਸ ਨੂੰ ਸੋਧ ਲਿਆ ਜੇ।

ਢਿਗ ਅੰਮ੍ਰਿਤਸਰ ਕੇ ਸ਼ਾਹਿ ਜਾਇ।
ਸਿੰਘਨ ਕੇ ਬਦਲੇ ਅਤਿ ਰਿਸਾਇ[1]।
ਉਨ ਦੁਸ਼ਟ ਕਾਮ ਅਤਿ ਬੁਰਾ ਕੀਨ।
ਮਿੱਟੀ ਸੈਂ ਤਾਲ[1] ਭਰਾਇ ਦੀਨ ॥੬॥

[1]ਸਿੰਘਾਂ ਕੋਲੋਂ ਬਦਲਾ ਲੈਣ ਲਈ ਬਹੁਤ ਗ਼ੁੱਸੇ ਹੋ ਕੇ।
[1]ਅੰਮ੍ਰਿਤ ਸਰੋਵਰ।

ਨੀਚੇ ਗੁਰੁ-ਦ੍ਵਾਰ ਦੁਬਾਰ ਫੇਰ।
ਕੁੱਪਾ ਧਰਵਾਇ ਬਰੂਦ ਕੇਰ।
ਅਗ ਦੈ ਹਰਿਮੰਦਰ ਦਿਯ ਉਡਾਇ।
ਥਾ ਤਾਸਬ ਮਜ਼ਬ ਹਰੀਸ ਸਾਇ[1] ॥੭॥

[1](ਸਾਇ) ਉਹ (ਹਰੀਸ) ਲੋਭੀ ਤੇ (ਆਪਣੇ) ਮਜ਼ਹਬ ਦਾ ਤਅਸਬੀ (ਵਲ ਮਰੋੜ ਕੇ ਪੱਖ ਕਰਨ ਵਾਲਾ) ਸੀ।

ਕਿਯ ਕਾਮ ਸ਼ਾਹਿ ਬਦਜ਼ਾਤ ਜੈਸ।
ਫਲ ਮਿਲਯੋ ਤਾਂਹਿ ਕੋ ਪਿਖੋ ਤੈਸ।
ਫੂਟਯੋ ਹਰਿ-ਮੰਦਰ ਉਡੀ ਈਂਟ।
ਕੋਸਨ ਲੌ ਇਤ ਉਤ ਠੀਕ ਨੀਠ[1] ॥੮॥

[1]ਕੋਹਾਂ ਤੱਕ ਏਧਰ ਓਧਰ ਠੀਕ ਚੰਗੀ ਤਰ੍ਹਾਂ।

ਇਕ ਚਲੀ ਈਂਟ ਤਹਿਂ ਤੇ ਬਿਸਾਲ।
ਵਹਿ ਲਗੀ ਸ਼ਾਹਿ ਕੇ ਤਾਤਕਾਲ।
ਉਨ ਸੁਟਯੋ ਸ਼ਾਹਿ ਕਾ ਨੱਕ ਪਿੱਥ[1]।
ਜਯੋਂ ਚਿੱਭੜ ਬਾਲਕ ਸੁਟਤ ਚਿੱਥ[1] ॥੯॥

[1]ਨੱਕ ਫੇਹ ਸੁੱਟਿਆ।
[1]ਚਿੱਥ ਕੇ।

ਤਬਿ ਚਿਲ-ਚਿਲਾਇ[1] ਕਰਿ ਹਾਇ ਹਾਇ।
ਧਰ[1] ਗਿਰਯੋ ਮੂਰਛਾ ਸ਼ਾਹਿ ਖਾਇ[2]।
ਇਸ ਭਯੋ ਨੱਕ ਬੇਸ਼ੱਕ[1] ਐਸ।
ਖੱਸੀ ਪਰਨਾਲੇ ਉਭੇ ਜੈਸ[1] ॥੧੦॥

[1]ਚੀਕਾਂ ਮਾਰਦਾ।
[1]ਧਰਤੀ 'ਤੇ। [2]ਅਹਿਮਦ ਸ਼ਾਹ ਬੇਹੋਸ਼ ਹੋ ਕੇ।
[1]ਬਿਨਾਂ ਸ਼ੱਕ ਤੋਂ ਜਾਣੋ।
[1]ਜਿਵੇਂ ਦੋ ਖੱਸੀ ਪਰਨਾਲੇ ਹੁੰਦੇ ਹਨ। (ਖੱਸੀ ਪ੍ਰਨਾਲਾ- ਪੱਕੀ ਕੰਧ ਦੇ ਨਾਲ ਨਾਲ ਬਣਿਆ ਪਰਨਾਲਾ।)

ਪੁਨ ਛੁਟੀ ਖੂਨ ਕੀ ਐਸ ਧਾਰ।
ਜਿਮ ਝਰ ਹੈ ਗੇਰੀ ਕਾ[1] ਪਹਾਰ।
ਮਿਲ ਆਇ ਤਬੀਬ[1] ਜਰਾਹਿ[2] ਤਾਕ[3]।
ਸਭਿ ਰਹੇ ਜੋਰ[1] ਨਹਿਂ ਜੁਰੈ ਨਾਕ ॥੧੧॥

[1]ਗੇਰੂ ਦਾ।
[1]ਹਕੀਮ। [2]ਜ਼ਖ਼ਮ ਸਿਊਣ ਵਾਲੇ। [3]ਤੱਕ ਕੇ, ਦੇਖ ਕੇ।
[1]ਜੋੜ।

ਦੋਹਰਾ:

ਈਂਟ ਮਨੋ ਲਛਮਨ ਛੁਰੀ,
ਸੂਪਨਖਾ ਵਹਿ ਸ਼ਾਹਿ[1]।
ਪ੍ਰੇਰਕ ਗੁਰੁ ਸਮ ਰਾਮ ਕੇ,
ਨਾਕ ਛਿਦਾਯੋ ਤਾਂਹਿ[1] ॥੧੨॥

[1]ਉਹ ਅਹਿਮਦ ਸ਼ਾਹ ਸੂਪ-ਨਖਾਂ ਵਾਂਗ ਸੀ।
[1]ਰਾਮ ਚੰਦਰ ਵਾਂਗ ਗੁਰਾਂ ਨੇ (ਇੱਟ ਨੂੰ) ਪ੍ਰੇਰ ਕੇ ਤਿਸ (ਅਹਿਮਦ ਸ਼ਾਹ) ਦਾ ਨੱਕ ਕਟਵਾ ਦਿੱਤਾ।

ਸ੍ਵੈਯਾ:

ਭੂਪਨ ਕੇ ਨਹਿਂ ਨੈਨ ਕਹੇ,
ਸੁਨ ਹੈਂ ਕਰਿ ਹੈਂ ਵਹਿ ਹੀ ਬਿਨ ਬਾਰੇ[1]।

[1]ਰਾਜਿਆਂ ਦੇ ਨੇਤ੍ਰ ਨਹੀਂ ਹੁੰਦੇ (ਭਾਵ ਕਿਸੇ ਗੱਲ ਬਾਰੇ ਅੱਖਾਂ

ਨਾਲ ਨਹੀਂ ਦੇਖਦੇ) (ਲੋਕਾਂ ਦੇ) ਕਹੇ ਹੋਏ ਬਚਨਾਂ ਨੂੰ ਸੁਣ ਕੇ ਹੀ ਉਹ ਬਿਨਾਂ ਦੇਰੀ ਤੋਂ ਕਰਦੇ ਹਨ।

ਜੇ ਨਹਿਂ ਸੋਚ ਵਿਚਾਰ ਕਰੈਂ ਕ੍ਰਿਤ[1],
ਸੋ ਦੁਖ ਲੇਤ ਉਭੈ ਜਗ[1] ਭਾਰੇ।
ਅਹਿਮਕ[1] ਅਹਿਮਦ ਸ਼ਾਹਿ ਗਯੋ,
ਜਿਮ ਨੱਕ ਭਨਾਇ ਲਹੌਰ ਮਝਾਰੇ।
ਨਾਹਿ ਭਯੋ ਨੱਕਰਾਜ਼ੀ ਤਿਸੈ,
ਬਦਲਾ ਗੁਰੁਦੇਵ ਦਯੋ ਤਤਕਾਰੇ[1] ॥ ੧੩ ॥

[1]ਕੰਮ।
[1]ਦੋਹਾਂ ਲੋਕਾਂ ਵਿੱਚ।
[1]ਮੂਰਖ।
[1]ਛੇਤੀ।

ਹੈ ਬ੍ਰਹਮੰਡ ਅਖੰਡ ਜਿਤੋ ਯਹਿ,
ਪਿੰਡ ਲਖੋ ਦਿਢ ਈਸ਼੍ਵਰ ਕੇਰੋ[1]।

[1]ਜਿੰਨਾ ਇਹ (ਅਖੰਡ) ਸਾਰਾ ਬ੍ਰਹਮੰਡ ਹੈ (ਇਸ ਨੂੰ) ਈਸ਼ਰ ਦਾ ਪੱਕਾ (ਪਿੰਡ) ਸ਼ਰੀਰ ਜਾਣੋ।

ਤੀਰਥ ਦੇਵ ਸਥਾਨ ਜਿਤੇ ਯਹਿ,
ਉੱਤਮ ਅੰਗ ਸਭੀ ਤਿਸ ਹੇਰੋ[1]।

[1]ਦੇਖੋ।

ਤਾਂ ਮੱਧ ਮੁੱਖ ਸਮਾਨ ਲਖੋ,
ਮੁਖਿ ਹੈ ਗੁਰੁਮੰਦਰ ਏਹੁ ਬਧੇਰੋ[1]।

[1]ਤਿਸ ਬ੍ਰਹਮੰਡ ਰੂਪ ਈਸ਼ਰ ਦੇ ਸ਼ਰੀਰ ਵਿੱਚ ਮੁਖ ਵਾਂਗ ਇਹ ਗੁਰੂ ਮੰਦਰ ਈਸ਼ਰ ਦਾ (ਬਧੇਰੋ) ਬਹੁਤਾ (ਸੁੰਦਰ) ਮੁਖ ਹੈ।

ਮਾਂਹਿ ਸੁਧਾਸਰ ਕਾਂਤਿਨ ਕੋ ਘਰ,
ਛੀਰ-ਨਿਧੀ ਮਧ ਜਯੋਂ ਹਰਿ ਹੇਰੋ[1] ॥ ੧੪ ॥

[1]ਜਿਵੇਂ ਖੀਰ ਸਮੁੰਦਰ ਵਿੱਚ ਹਰੀ ਨੂੰ ਦੇਖਦੇ ਹੋ (ਤਿਵੇਂ) ਅੰਮ੍ਰਿਤ ਸਰੋਵਰ ਰੂਪ ਖੀਰ ਸਮੁੰਦਰ ਵਿੱਚ ਸਾਰੀਆਂ ਸੋਭਾਂ ਦੇ ਘਰ ਸ੍ਰੀ ਹਰਿਮੰਦਰ ਨੂੰ (ਹਰੀ ਦਾ ਸ਼ਰੀਰ) ਦੇਖੋ।

ਖੰਡਨ ਅਹਿਮਕ ਸ਼ਾਹਿ ਕਰਯੋ ਯਹਿ[1],

[1]ਇਹ (ਹਰਿਮੰਦਰ) ਮੂਰਖ ਅਹਿਮਦ ਸ਼ਾਹ ਨੇ ਤੋੜਿਆ ਭਾਵ ਢਾਹਿਆ।

ਈਸ਼੍ਵਰ ਕੋ ਮੁਖ ਜੋ ਹਰਿਮੰਦਰ।
ਤਾਂ ਹਿਤ ਨੱਕ ਸੁ ਪੱਕ ਕਟਯੋ ਤਿਹ[1],

[1]ਤਿਸ (ਹਰਿਮੰਦਰ ਦੀ ਬੇਅਦਬੀ) ਦੇ ਬਦਲੇ ਤਿਸ ਅਹਿਮਦ ਸ਼ਾਹ ਦਾ ਚੰਗੀ ਤਰ੍ਹਾਂ ਨੱਕ ਕੱਟ ਦਿੱਤਾ।

ਈਸ ਲਯੋ ਪਲਟਾ ਛਿਨ ਅੰਦਰ।
ਦੋਜਖ ਤੈ ਨ ਉਬਾਰ ਸਕੈ ਫਿਰ,
ਆਇ ਪਿਕੰਬਰ ਤਾਂਹਿ ਪਿਤੰਦਰ[1]।
ਘ੍ਰਾਣ[1] ਕਟੀ ਨ ਹਟੀ ਫਿਰ ਸੋਰ[2],
ਫੁਟੀ ਮੁਖ ਪੈ ਜਨੁ ਪਾਕ ਕੀ ਰੰਧਰ[1] ॥ ੧੫ ॥
ਨਾਹਿਂ ਨਸੂਰ[1] ਹਟਯੋ ਸੁ ਕਬੀ ਫਿਰ,
ਪਾਕ ਰਹੀ ਪਰਤੀ ਮੁਖ ਅੰਦਰ।

[1]ਪਿਤਾ ਤੋਂ ਅੰਤਰ ਹੋਰ ਪਿਤਾ, ਦਾਦਾ।
[1]ਨੱਕ। [2]ਪਾਕ।
[1]ਜਾਣੋ ਮੁਖ ਉੱਪਰ ਪਾਕ ਦੀ ਖੁੱਡ ਨਿਕਲ ਆਈ ਹੈ।
[1]ਨਾਸੂਰ- ਉਹ ਜ਼ਖ਼ਮ ਜਿਸ ਵਿੱਚੋਂ ਸਦਾ ਪਾਕ ਵਗਦੀ ਰਹੇ।

ਨਾਹਕ[1] ਸਿੰਘ ਹਤੇ[2] ਉਨ ਥੇ ਬਹੁ,
ਸਵਾਦ ਲਹਯੋ ਫਲ ਸੋ ਦੁਖ-ਮੰਦਰ[1]।
ਅੰਤ ਤਿਸੀ ਦੁਖ ਸੋਂ ਮਰਿਓ ਵਹਿਂ,
ਯਾਂਹਿ ਲਿਖਯੋ ਤ੍ਵਾਰੀਖਨ ਅੰਦਰ।
ਮੂੰਹ ਤੁੜਾਇ ਗਯੋ ਸਠਿ[1] ਯੌਂ[2] ਵਹਿਂ[3],
ਜਯੋਂ ਕਠ-ਪੂਤਰੀ ਤੈ ਸਠ ਬੰਦਰ[1] ॥੧੬॥

[1]ਬਿਨਾਂ ਪ੍ਰਯੋਜਨ। [2]ਮਾਰੇ।
[1]ਵੱਡਾ ਦੁੱਖ।
[1]ਮੂਰਖ। [2]ਇਸ ਤਰ੍ਹਾਂ। [3]ਉਹ ਅਹਿਮਦ ਸ਼ਾਹ।
[1]ਜਿਵੇਂ ਕਾਠ ਦੀ ਪੁਤਲੀ ਤੋਂ ਮੂਰਖ ਬਾਂਦਰ (ਮੂੰਹ ਭਨਾ ਲੈਂਦਾ ਹੈ)।

ਮੰਦ ਬੁਲੰਦ ਇਸੀ ਕ੍ਰਮ ਕੋ ਫਲ,
ਭੋਗਿਓ ਤਾਂਹਿ ਸੰਤਾਨ ਮਹਾਂ ਹੈ[1]।

[1]ਇਸ ਬਹੁਤੇ ਮਾੜੇ ਕਰਮ ਦਾ ਫਲ ਉਸ ਦੀ ਉਲਾਦ ਨੇ ਬਹੁਤਾ ਭੋਗਿਆ ਹੈ।

ਸ਼ਾਹਿ-ਜ਼ਮਾਂ[1], ਤਹਿਮੂਰ[2], ਸਜਾਵਲ[3],

[1]ਤੈਮੂਰ ਦਾ ਪੁੱਤਰ ਤੇ ਅਹਿਮਦ ਸ਼ਾਹ ਦਾ ਪੋਤਰਾ। [2]ਅਹਿਮਦ ਸ਼ਾਹ ਦਾ ਪੁੱਤਰ। [3]ਅਹਿਮਦ ਸ਼ਾਹ ਦਾ ਪੋਤਰਾ।

ਆਦਿਕ ਜੇ ਪੁਤ ਪੌਤਰ ਤਾਂਹੈਂ।
ਨੈਨਨ ਮੈਂ ਤਿਨ ਮੀਲ ਫਿਰੇ[1],

[1](ਲੋਹੇ ਦੀਆਂ) ਸਿਲਾਈਆਂ (ਗਰਮ ਕਰਕੇ) ਫੇਰੀਆਂ। (ਜ਼ਮਾਨ ਸ਼ਾਹ ਦੇ ਛੋਟੇ ਭਰਾ ਮਹਿਮੂਦ ਸ਼ਾਹ ਨੇ ਇਸ ਦੀਆਂ ਅੱਖਾਂ 'ਚ ਲੋਹੇ ਦੀਆਂ ਸਲਾਈਆਂ ਫੇਰੀਆਂ ਤੇ ਅੱਖਾਂ ਕੱਢ ਦਿੱਤੀਆਂ।)

ਜਖਮੋਂ ਪਰ ਨੂਣ ਨਿੰਬੂ ਨੁਚੜਾ ਹੈ।
ਮਾਰੇ ਵਜ਼ੀਰਨਿ ਭਾਗੇ ਕਿਛੂ[1],
ਨਹਿਂ ਰਾਜ ਰਹਯੋ ਤਿਸ ਕੀ ਕੁਲ ਮਾਂਹੈਂ ॥੧੭॥

[1]ਕੁਝ ਵਜ਼ੀਰਾਂ ਨੇ ਮਾਰ ਦਿੱਤੇ ਤੇ ਕੁਝ ਭੱਜੇ ਗਏ।

ਦੋਹਰਾ:
ਸੁਨੋ ਕਥਾ ਪ੍ਰਸੰਗ ਅਬਿ,
ਕਾਬਲ ਪਹੁੰਚਯੋਂ ਸ਼ਾਹਿ।
ਈਂਟ ਚੋਟ ਨਹਿਂ ਮਿਟੀ ਤਿਹ,
ਭਯੋ ਨਥੂਰ ਮਹਾਂਹਿਂ ॥੧੮॥
ਅੜਿੱਲ ਛੰਦ:
ਬੜਯੋ ਪੰਥ ਜਬਿ, ਦੇਸ-ਬਿਰਾੜਨ ਜਾਇ ਕੈ।
ਘੱਲੂਘਾਰੇ ਜੰਗ ਵੀਚ, ਦੁਖ ਪਾਇ ਕੈ।
ਨਈ ਪੁਰਾਣੀ ਹੁਤੀ ਸਜਾਣ, ਜਹਿਂ ਜਾਸ ਕੀ।
ਹੋਰਹੇ ਸਿੰਘ ਤਹਿਂ ਜਾਇ, ਸ਼ਰਨ ਗਹਿ ਤਾਸ ਕੀ ॥੧੯॥
ਜੈਤੋ ਨਾਮ ਗਰਾਮ, ਸਿੰਘ ਬਹੁ ਜਾ ਰਹੇ।

ਅਬਲੂ, ਮਹਿਮੇਂ, ਲੱਖੀ ਜੰਗਲ, ਬਹੁ ਬਹੇ।
ਭਗਤੇ ਔਰ ਜਲਾਲ, ਕੋਟ-ਫਰੀਦ ਕੋ।
ਹੋ ਉਤਰੇ ਜਿਤ ਕਿਤ ਸਿੰਘ, ਸੁ ਪਾਇ ਤਗੀਦ ਕੋ[1] ॥੨੦॥
ਗੁਰੂ-ਚੌਤਰੇ, ਦੋਦੇ, ਮੱਤੇ, ਕਾਉਣੀ।
ਇਤਯਾਦਿਕ ਬਹੁ ਪਿੰਡਨ ਲਾਈ ਛਾਉਣੀ[1]।
ਕਰੀ ਭਲੇ ਗੁਜਰਾਨ, ਕਿਤਿਕ ਦਿਨ ਤਹਾਂ ਥਿਰਿ।
ਹੋ ਲਗੇ ਮਸ਼ਖਰੀ ਠੱਠਾ, ਕਰਨ ਬਿਰਾੜ ਫਿਰ ॥੨੧॥

ਰਸਾਵਲ ਛੰਦ:

ਸਿਰਕੀ-ਵਾਸਨ ਕੇ ਸਮਾਨ,
ਤਬਿ ਸਿੰਘ ਫਿਰਾਵੈਂ।
ਬਿਦਿਤ ਜਗਤ ਮੈਂ ਤਬਿ ਮਝੈਲ,
ਚਕਰੈਲ ਕਹਾਵੈਂ[1]।
ਚੋਰੀ ਧਾੜਾ ਮਾਰਿ ਲਯਾਇ,
ਕਰਿ ਬੈਠਿ ਸੁ ਖਾਂਹੀਂ।
ਜਯੋਂ ਤਯੋਂ ਕਰਿ ਗੁਜਰਾਨ ਕਰੈਂ,
ਇਮ ਦਯੋਸ ਬਿਤਾਂਹੀਂ ॥੨੨॥
ਭਏ ਦੁਖੀ ਬੈਰਾੜ,
ਮਝੈਲਨ ਤੈ ਅਤਿ ਜਬਿ ਹੀ।
ਬੋਲੀ ਠੋਲੀ[1] ਲਗੇ ਕਰਨ,
ਆਪਸ ਮੈਂ ਤਬਿ ਹੀ।
ਲਾਟ ਪਾਟ ਕਰਿ[1], ਦਿਵਸ
ਕਾਟਨੇ ਚਹਿਂ ਮਝੈਲ ਭਲ।
ਹਾਂਸੀ ਮੂਲ ਉਪਾਧਿ,
ਬਯਾਧਿ ਕੋ ਖਾਂਸੀ ਹੈ ਕਲ[1] ॥੨੩॥
ਕਬੀ ਜੁ ਕਹੈਂ ਮਝੈਲ,
ਲੇਹੁ ਤੁਮ ਖੰਡੇ ਪਾਹੁਲ।
ਅਗਯੋਂ ਕਹੈਂ ਬਿਰਾੜ,

[1]ਪਕਿਆਈ ਪਾ ਕੇ ਭਾਵ ਪੱਕੇ ਹੋ ਕੇ।

[1]ਟਿਕਾਣਾ ਕਰ ਲਿਆ।

[1]ਫਿਰਤੂ ਅਖਵਾਉਂਦੇ ਹਨ।

[1]ਮਸ਼ਖਰੀ ਦੀ ਬੋਲੀ।

[1]ਟਾਲ-ਮਟੋਲਾ ਕਰਕੇ।

[1]ਜਿਵੇਂ ਖੰਘ ਸਾਰੇਰੋਗਾਂ (ਨੂੰ ਪੈਦਾ ਕਰਨ) ਦੀ (ਕਲ) ਕਲਾ ਹੈ ਤਿਵੇਂ ਹਾਸੀ ਉਪਾਧੀਆਂ ਦੀ ਜੜ੍ਹ ਹੈ।

ਨ ਲੈਹੈਂ ਹਮ ਅੰਦ੍ਰਾਹੁਲ[1]। — [1]ਸਾਡੇ ਅੰਦਰ ਹੀ ਪਾਹੁਲ ਹੈ।
ਹਮਰੇ ਬਾਬੇ ਲਈ
ਨਿਕਸ ਵਹੁ ਕਹਾਂ ਗਈ ਹੈ।
ਨੰਗ ਭੁਖ ਕਾ ਘਰ ਸਿੰਘੀ,
ਯਹ ਤੁਮੈਂ ਲਈ ਹੈ ॥੨੪॥
ਫੇਰ ਮਝੈਲਨ ਕਹਜੋ,
ਸਿੰਘ ਸਜ ਹੈ ਜੋ ਗੁਰੁ ਕਾ।
ਤਿਸ ਆਗੇ ਕਜਾ ਜੀਵ
ਚੁਰਾਸੀ ਹਿੰਦੂ ਤੁਰਕਾ।
ਸਭਿ ਕੋ ਲੇਤ ਦਬਾਇ,
ਧਾਰਿ ਯਹਿ ਸਿੰਘੀ ਬੁਰਕਾ[1]। — [1]ਬਾਣਾ, ਲਿਬਾਸ।
ਕਜਾ ਤੁਮ ਜਾਨਤ ਜੱਟ,
ਸਾਰ[1] ਸਿੰਘਨ ਕੀ ਝੁਰਕਾ[2] ॥੨੫॥ — [1]ਖ਼ਬਰ। [2]ਥੋੜ੍ਹੇ ਮਾਤ੍ਰ।
ਮਲਵੱਈਯਨ ਪੁਨ ਕਹਜੋ,
ਭਏ ਤੁਮ ਕਜੋਂ ਨਹਿਂ ਸੂਰੇ[1]। — [1]ਸੂਰਮੇਂ।
ਦੌਰ ਦੌਰ ਕਰਿ ਆਇ,
ਕਰਤ ਦਿਨ ਹਮ ਢਿਗ ਪੂਰੇ।
ਕਪਟੀ[1] ਕਾਯਰ ਕਹਾਂ — [1]ਛਲੀਏ।
ਤੁਸੀਂ ਬੋਲਣ ਕੋ ਮਰ ਹੋ।
ਹਮ ਬਿਰਾੜ ਬਰਵੰਡ[1], — [1]ਬਲ ਵਾਲੇ।
ਕਹਾਂ ਸਮਤਾ ਤੁਮ ਧਰ ਹੋ[1] ॥੨੬॥ — [1]ਤੁਸੀਂ ਕਿਵੇਂ ਬਰਾਬਰੀ ਕਰ ਸਕਦੇ ਹੋ।
ਪੁਨਾ ਮਝੈਲਨ ਕਹਜੋ,
ਤੁਸੀਂ ਮਲਵਈ ਸੁ ਢੱਗੇ।
ਕਹਾਂ ਜਨਾਵਤ ਸੂਰਬੀਰਤਾ
ਹਮਰੇ ਅੱਗੇ।
ਸਵਾ ਪਹਿਰ ਦਿਨ ਚਢੇ,
ਅਕਲ ਕਿਛ ਤੁਮ ਕੋ ਆਵਤ।
ਗੀਦੀ[1] ਜੱਟ ਗਵਾਰ, — [1]ਡਰਪੋਕ, ਕਾਇਰ।
ਪੂਛ ਬਿਨ ਪਸੁ ਸੁਹਾਵਤ ॥੨੭॥
ਮਲਵੱਈਯਨ ਫਿਰ ਕਹਜੋ

ਆਪ ਹੀ ਹੋ ਵਡ ਸੂਰੇ।
ਨਹਿਂ ਕਬਹੂੰ ਨਿਜ ਦੇਸ
ਛੋਡ ਕਰਿ ਆਏ ਦੂਰੇ।
ਰਗੜਾਵਤ ਤੁਮ ਹੱਡ,
ਸਣੇ ਰੰਨੀ[1] ਹਮ ਬੂਹੇ।

[1]ਇਸਤ੍ਰੀਆਂ ਸਮੇਤ।

ਵਡੇ ਨਿਲੱਜ ਬਿਸ਼ਰਮ,
ਫੇਰ ਕਹਿਲਾਵਤ ਸੂਹੇ[1] ॥੨੮॥

[1]ਸਾਹਮਣੇ ਹੋ ਕੇ ਲੜਨ ਵਾਲੇ, ਬਹਾਦਰ।

ਤੁਮ ਮਲਵੱਈਓ ! ਕਹਾਂ
ਸੁਕੀ ਟਕਟੈਂਸ[1] ਜਨਾਵਤ।

[1]ਆਕੜ।

ਢੂਹੀ ਤੁਮਰੀ ਭੰਨਿ,
ਨਿੱਤ ਭੱਟੀ[1] ਲੁਟਿ ਖਾਵਤ।

[1]ਭੱਟੀ ਗੋਤ ਦੇ ਮੁਸਲਮਾਨ।

ਹਮਰੇ ਦੇਵਨ ਹੇਤ,
ਰਹਿਤ ਤੁਮ ਹੂੰ ਕਰਿ ਚੁੱਪਾ।
ਤੁਮ ਜੋੜਤ ਹੋ ਪਲੀ ਪਲੀ,
ਰਬ ਰੋੜ੍ਹਤ ਕੁੱਪਾ[1] ॥੨੯॥

[1]ਤੁਸੀਂ ਥੋੜ੍ਹਾ ਥੋੜ੍ਹਾ ਜੋੜਦੇ ਹੋ, ਰੱਬ ਸਾਰਾ ਕੁਝ ਨਾਸ਼ ਕਰ ਦੇਂਦਾ ਹੈ ਭਾਵ ਤੁਹਾਨੂੰ ਭੱਟੀ ਲੁੱਟ ਕੇ ਲੈ ਜਾਂਦੇ ਹਨ।

ਸ੍ਵੈਯਾ:
ਕਜਾ ਤੁਮ ਮਾਨ ਮਝੈਲ ਜਨਾਵਤ,
ਹਾਲ ਤੁਮਾਰ ਸਭੀ ਹਮ ਦੇਖਾ।
ਰੋਟੀ ਮਿਲੀ ਸੁਖ ਕੀ ਕਬਹੂੰ ਨਹਿਂ,
ਤੇੜਿ ਕਛੋਟੀ ਫਟੀ ਬਹੁ ਰੇਖਾ[1]।

[1]ਤੇੜ ਦੀ ਕੱਛ ਬਹੁਤੀ ਫਟੀ ਹੋਈ ਹੈ (ਜਿਸ ਵਿੱਚ) ਬਹੁਤੀਆਂ (ਰੇਖਾਂ) ਲਕੀਰਾਂ ਭਾਵ ਮੋਰੀਆਂ ਹੋਈਆਂ ਹੋਈਆਂ ਹਨ।

ਪਾਲੇ ਕਸਾਲੇ ਕਮਾਲੇ ਕਟੇ[1],

[1]ਤੁਸਾਂ ਪਾਲੇ ਤੇ ਕਸ਼ਟ ਬਹੁਤ ਸਹਾਰੇ ਹਨ।

ਭੁਖ ਨੰਗਹਿਂ ਕੇ ਦੁਖ ਔਰ ਬਿਸੇਖਾ[1]।

[1]ਬਹੁਤੇ।

ਰੀਤਿ ਤੁਮਾਰੀ ਲਖੀ ਹਮ ਯੌਂ,
ਜਿਮ ਮਾਇ ਭਠਜਾਰੀ ਹ੍ਵੈ ਪੂਤ ਫਤੇ ਖਾਂ[1] ॥੩੦॥

[1]ਅਸੀਂ ਤੁਹਾਡੀਰੀਤੀ ਐਉਂ ਜਾਣੀ ਹੈ ਜਿਵੇਂ ਮਾਂ ਤਾਂ ਭੱਠ ਝੋਕਣ ਵਾਲੀ ਹੋਵੇ ਤੇ ਪੁੱਤਰ ਆਪਣੇ ਆਪ ਨੂੰ ਫ਼ਤਹ ਖਾਂ ਭਾਵ ਬਹਾਦਰ ਅਖਵਾਵੇ।

*ਨਾਹਿਂ ਰੁਚੈ ਗੁਰੁ-ਸਿੱਖੀ ਤੁਮੈ ਇਮ,
ਜਯੋਂ ਨ ਰਸੈ ਰਸ ਮੈਂ ਮਲ ਕੀਰਾ[1]।

*ਏਥੋਂ ਮਝੈਲ ਕਹਿਣ ਲੱਗੇ ਹਨ।

[1]ਜਿਵੇਂ ਮੈਲ ਦਾ ਕੀੜਾ ਮਿੱਠੇ ਰਸ ਵਿੱਚ ਪਿਆਰ ਨਹੀਂ ਕਰਦਾ।

ਕੂਕਰ ਕੋ[1] ਨ ਕਪੂਰ ਸੁਹਾਵਤ[2],
ਸੂਕਰ ਕੋ[1] ਨ ਲਗੈ ਭਲ ਬੀਰਾ[2]।
ਚੰਦਨ ਲੇਪ ਰੁਚੈ ਖਰ ਕੋ ਨਹਿਂ[1],
ਭੈਂਸ ਚਹੈ ਨਹਿਂ ਮੰਜ ਮਖੀਰਾ[1]।
ਤਜੋਂ ਤੁਮ ਕੋ ਗੁਰੁ-ਸਿੱਖੀ ਦਿਢਾਵਨ,
ਊਂਟਨ ਕੋ ਜਸੋਂ ਛਕਾਵਨ ਜੀਰਾ[1] ॥੩੧॥
*ਬੂਡਤ ਆਪ ਤਰਾਵਤ ਔਰਨ,
ਸੀਲ[1] ਦਿਢਾਵਤ ਜਸੋਂ ਬਿਭਚਾਰੀ।
ਆਪ ਰਹਜੋ ਡੁਬ ਬੀਚ ਕੁਟੰਬਹਿਂ,
ਔਰਨ ਕੋ ਨਿਰਵੇਦ[1] ਉਚਾਰੀ।
ਆਪ ਰੁਜੀ[1] ਰੁਜ[2] ਖੋਯੋ ਚਹੈ ਅਨ[3],
ਸੂਮ ਸਿਖਾਵਨ ਦਾਨ ਵਿਚਾਰੀ[1]।
ਕਾਯਰ ਹੋਇ ਕਹੈ ਭਲ ਜੂਝਨ[1],
ਤੈਸ ਮਝੈਲਹੁ ਬਾਤ ਤੁਮਾਰੀ ॥੩੨॥
ਬੋਲ ਕੁਬੋਲ ਜਬੈ ਇਤਯਾਦਿਕ,
ਆਪਸ ਮਾਂਹਿ ਦੁਹੂੰ ਦਿਸ ਹੋਏ।
ਗਾਰਮ ਗਾਰਿ ਹ੍ਵੈ ਰਾਰਿ ਬਢੀ ਫਿਰ[1],
ਪਾਜ[1] ਲਿਹਾਜ ਦੁਹੂੰ ਦਿਸ ਖੋਏ।
ਘਾਟ ਕਰੀ ਨਹਿਂ ਦੋ ਦਿਸ ਤੈ ਕਿਨ,
ਬੈਰ ਬਢਾਇ ਮਹਾਂ ਦੁਖ ਜੋਏ[1]।
ਬਜਾਧਿਨਿ ਮੂਲ ਜਸੋਂ ਖਾਂਸੀ ਅਹੇ,
ਤਿਮ ਮੂਲ ਉਪਾਧਿਨਿ ਹਾਸੀ ਅਤੋਏ[1] ॥੩੩॥

ਦੋਹਰਾ:
ਮਾਰਿ ਬਿਰਾਰਨ ਖ੍ਵਾਰ ਕਰਿ,
ਦਏ ਮਝੈਲ ਨਿਕਾਰ।
ਲੀਨੋ ਦੇਸ ਛੁਡਾਇ ਨਿਜ,
ਕੀਨੋ ਵਡ ਅਪਕਾਰ[1] ॥੩੪॥
ਗਿੱਲਾਂ ਕੇ ਤੱਪੇ ਵਿਖੇ[1],
ਰਹਜੋ ਪੰਥ ਫਿਰ ਆਇ।

[1]ਕੁੱਤੇ ਨੂੰ। [2]ਚੰਗੀ ਨਹੀਂ ਲੱਗਦਾ।
[1]ਸੂਰ ਨੂੰ। [2](ਪਾਨਾਂ ਦਾ) ਬੀੜਾ ਚੰਗਾ ਨਹੀਂ ਲੱਗਦਾ।
[1]ਖੋਤੇ ਨੂੰ ਚੰਗਾ ਨਹੀਂ ਲੱਗਦਾ।
[1]ਮੱਝ ਚੰਗਾ ਸ਼ਹਿਦ ਨਹੀਂ ਚਾਹੁੰਦੀ।
[1]ਊਠ ਨੂੰ ਜੀਰਾ ਛਕਾਉਣ ਵਾਂਗ ਹੈ।
*ਏਥੋਂ ਮਲਵਈ ਕਹਿਣ ਲੱਗੇ ਹਨ।
[1]ਜਤ ਨੂੰ।
[1]ਵੈਰਾਗ।
[1]ਰੋਗੀ। [2]ਰੋਗ। [3]ਹੋਰਨਾਂ ਦੇ।
[1]ਜਿਵੇਂ ਸੂਮ ਕਿਸੇ ਨੂੰ ਦਾਨ ਕਰਨ ਦੀ ਵਿਚਾਰ ਸਿਖਾਵੇ।
[1]ਲੜਨਾ ਚੰਗਾ ਹੈ।
[1]ਗਾਲੋ ਗਾਲੀ ਹੋ ਕੇ ਫੇਰ ਲੜਾਈ ਵਧ ਗਈ।
[1]ਗੁਪਤ ਭੇਤ।
[1]ਵੈਰ ਵਧਾ ਕੇ ਬਹੁਤੇ ਦੁੱਖ ਵੇਖੇ।
[1]ਰੋਗਾਂ ਦਾ ਮੁਢ ਜਿਵੇਂ ਖੰਘ ਹੈ ਤਿਵੇਂ (ਅਤੋਇ) ਬਹੁਤਿਆਂ (ਉਪਾਧਿਨਿ) ਝਗੜਿਆਂ ਦਾ ਮੁੱਢ ਠੱਠਾ ਮਸਖ਼ਰੀ ਹੈ।
[1]ਬੁਰਾ ਕੰਮ।
[1]ਇਲਾਕੇ ਵਿੱਚ।

ਲਖਿ[1] ਗੁਰੁ ਭਾਈ ਟਹਿਲ ਉਨ,
ਕਰੀ ਅਧਿਕ ਮਨ ਲਾਇ ॥੩੫॥

[1]ਜਾਣ ਕੇ।

ਰਸਾਵਲ ਛੰਦ:

ਧੌਲੇ[1], ਤਪੇ, ਕਾਂਗੜੇ,
ਗਿੱਲ, ਦਰਾਜਨ, ਗਿਰਦੇ।

[1]ਪਿੰਡ ਦਾ ਨਾਮ।

ਤਬਿ ਮਝੈਲ ਚਕਰੈਲ[1],
ਰਹਿਤ ਇਸ ਦੇਸਹਿਂ ਫਿਰਦੇ।

[1]ਫਿਰਤੂ (ਬਣ ਕੇ)।

ਭੂਲ, ਮਰਾਝ, ਕਲਜਾਨ,
ਹਰੀ ਕੇ ਪਿੰਡਨ ਤਬਿ ਹੀ।
ਇਨ ਨਗਰਨ ਮੈਂ, ਛੋਰਿ ਕਬੀਲੇ[1]
ਨਿਜ, ਸਿੰਘ ਸਭਿ ਹੀ ॥੩੬॥

[1]ਪ੍ਰਵਾਰ।

ਦੇਸ ਬਿਰਾਰਨ ਕੇਰ,
ਫੇਰ ਸਿੰਘ ਲੂਟਨ ਧਾਏ[1]।

[1]ਲੁੱਟਣ ਤੁਰ ਪਏ।

ਅੱਗਜੋਂ ਢੋਲ ਬਜਾਇ,
ਲਰਨ ਬੈਰਾਰ ਭਿ ਆਏ।
ਬਿੰਝੂ ਨਗਰ ਨਜੀਕ ਜੰਗ,
ਤਬਿ ਮਾਚਜੋ ਆਏ।
ਬਜਜੋ ਸਾਰ[1] ਜਬਿ ਭਾਰ,
ਹਾਰ ਬੈਰਾਰ ਪਲਾਏ[1] ॥੩੭॥

[1]ਲੋਹਾ ਭਾਵ ਸ਼ਸਤ੍ਰ ਚੱਲੇ।
[1]ਨੱਸ ਗਏ।

ਤਬੈ ਮਝੈਲਨ ਧਾਇ,
ਅੱਸ੍ਵ[1] ਉਨ ਕੇ ਬਹੁ ਛੀਨੇ[2]।

[1]ਘੋੜੇ। [2]ਖੋਹ ਲਏ।

ਔਰ ਨਗਰ ਬਹੁ ਲੂਟਿ,
ਛੂਟ ਕਰਿ ਆਏ ਪੀਨੇ[1]।

[1](ਪੀਨੇ) ਤਕੜਾ (ਛੂਟ) ਹੱਲਾ ਕਰ ਕੇ ਆਏ।

ਫੇਰ ਬਿਰਾਰਨ ਏਕ
ਬਨਾਵਟ ਔਰ ਬਣਾਈ।
ਕਹੈਂ ਸਿੰਘ ਯਹਿ ਡਰਤ
ਗਿਲਜਯੋਂ ਤੈ ਸਮੁਦਾਈ ॥੩੮॥
ਲਾਲ ਰੰਗ ਕੇ ਬਸਨ
ਤ੍ਰੀਮਤਾਂ ਕੇ[1] ਤਿਨ ਪਹਿਰੇ।
ਲਾਲ ਦੁਪੱਟੇ ਬੰਨ੍ਹਿ

[1]ਔਰਤਾਂ ਦੇ।

ਨੇਜਯੋਂ ਕੇ ਸੰਗ ਫਹਿਰੇ[1]।
ਲਾਲ ਚੋਪ[1] ਪੁਨ ਡਾਰ,
ਘੋੜਯੋਂ ਪਰ ਚੜ੍ਹਿ ਧਾਏ।
ਢੋਲ ਨਗਾਰਯੋਂ ਵਾਂਗੁ ਵਾਇ[1],
ਬਹੁ ਮਿਲ ਕਰਿ ਧਾਏ ॥ ੩੯ ॥
ਕਈ ਹਜ਼ਾਰ ਬਿਰਾਰ,
ਹੋਇ ਇਕਠੋ ਰਿਸ ਧਰ ਕੈ[1]।
ਥੇ ਮਝੈਲ ਚਕਰੈਲ,
ਜਹਾਂ ਤਹਿਂ ਆਏ ਚਰ੍ਹ ਕੈ[1]।
ਲਾਲ ਰੰਗ ਜਬਿ ਬਾਨੇ,
ਸਿੰਘਨਿ ਤਿਨ ਕੇ ਹੇਰੇ।
ਪੰਥ ਲਯੋ ਮਨਿ ਜਾਨ,
ਅਏ ਗਿਲਜੇ ਯਹਿ ਫੇਰੇ ॥ ੪੦ ॥
ਧਰ ਕਰਿ ਡਰ ਉਰ ਮਾਂਹਿ,
ਸਿੰਘ ਸਭਿ ਚਲੇ ਪਲਾਈ।
ਪੀਛੇ ਲਗੇ ਬਿਰਾਰ,
ਉਨੋ ਕੇ ਕਰਿ ਕੈ ਧਾਈ।
ਮਾਰਿ ਬਿਰਾਰਨ ਕਰੇ ਖ੍ਵਾਰ,
ਮਾਝੈਲ ਅਧਿਕ ਜਬਿ।
ਕਈ ਕੋਸ ਪਰ ਜਾਇ,
ਸਿੰਘ ਤਬਿ ਸਮੁਖ ਭਏ ਸਭਿ ॥ ੪੧ ॥
ਚੜ੍ਹਤ ਸਿੰਘ ਸਰਦਾਰ
ਫੇਰ ਬੈਰਾਰ ਪਛਾਨੇ।
ਕਹਯੋ ਪੰਥ ਪ੍ਰਤਿ ਟੇਰਿ[1],
ਕਹਾਂ ਤੁਮ ਜਾਤ ਪਲਾਨੇ।
ਯਹਿ ਤੌ ਬਨੇ ਬਿਰਾਰ,
ਕਪਟ ਕੇ[1] ਗਿਲਜੇ ਨੀਕੈਂ।
ਮੁੜ ਕਰਿ ਇਨ ਸੋਂ ਲਰੋ,
ਮਰੋ ਮਾਰੋ ਅਬਿ ਠੀਕੈਂ[1] ॥ ੪੨ ॥

[1]ਫੱਰਰੇ ਝੁਲਾਏ।
[1]ਇਸਤ੍ਰੀਆਂ ਦੇ ਪਹਿਨਣ ਦਾ ਇਕ ਖਾਸ ਬਸਤ੍ਰ, ਜਿਸ ਪੁਰ ਕਸੀਦੇ ਦਾ ਕੰਮ ਹੁੰਦਾ ਹੈ।
[1]ਵਜਾ ਕੇ।
[1]ਗੁੱਸੇ ਹੋ ਕੇ।
[1]ਚੜ੍ਹ ਕੇ।
[1]ਬੋਲ ਕੇ।
[1]ਛਲ ਦੇ, ਬਨਾਵਟੀ।
[1]ਚੰਗੀ ਤਰ੍ਹਾਂ।

ਜਬੈ ਮਝੈਲਨ ਲਖਯੋ,
ਭੇਤ ਬੈਰਾਰਨ ਕੇਰਾ।
ਪਰੇ ਲੌਟਿ[1] ਤਿਸ ਠੌਰ, — [1]ਮੁੜ ਕੇ।
ਜੰਗ ਫਿਰ ਮਚਯੋ ਘਨੇਰਾ।
ਦਯੋ ਮਝੈਲਨ ਜੋਰ,
ਮਾਰਿ ਬੈਰਾਰ ਭਗਾਏ।
ਫਲ ਹਾਂਸੀ ਕਾ ਭਯੋ,
ਕਈ ਬਿਰ ਲਰੇ ਇਦਾਂਏ[1] ॥ ੪੩ ॥ — [1]ਇਸ ਤਰ੍ਹਾਂ ਕਈ ਵਾਰ ਲੜੇ।
ਫੇਰ ਮਝੈਲਨ ਫਰੀ ਬਾਨ[1], — [1]ਆਦਤ ਫੜੀ।
ਇਕ ਬੁਰੀ ਵਧੇਰੇ।
ਗਊਆਂ ਭੈਂਸ ਤੁਰੰਗ,
ਲੁਟੈਂ ਤਿਨ ਨਗਰਨ ਕੇਰੇ।
ਲੂਟ ਮਾਰ ਕਰਿ ਮੁਲਖ
ਮਾਲਵਾ, ਬਹੁ ਸੰਤਾਯੋ।
ਕਰੇ ਵਿਰਾਨ ਹਿਰਾਨ,
ਲੋਗ ਮਾਹਾਨ ਤਹਾਂਯੋ[1] ॥ ੪੪ ॥ — [1]ਉਥੋਂ ਦੇ।
ਤਬਿ ਸਭਿ ਦੇਸੀ ਲੋਗ[1], — [1]ਪਿੰਡਾਂ ਦੇ ਲੋਕ।
ਪੰਥ ਕੇ ਬੈਰੀ ਹੁਏ।
ਦੁਹੂੰ ਓਰ ਤੈ ਜੰਗ ਰਹਿਤ,
ਨਿਤ ਜਨ ਬਹੁ ਮੂਏ।
ਰਾਤ ਦਿਵਸ ਨਹਿਂ ਮਿਲੈ,
ਸਿੰਘਨ ਕੋ ਬਹਨ ਕਿਥਾਂਈਂ[1]। — [1]ਕਿਸੇ ਵੀ ਥਾਂ।
ਭਯੋ ਪੰਥ ਭੀ ਦੁਖੀ,
ਮੁਲਖ ਭੀ ਦੁਖਯੋ ਮਹਾਂਈਂ[1] ॥ ੪੫ ॥ — [1]ਬਹੁਤਾ।
ਪੁਨ ਆਪਸ ਮੈਂ ਮੇਲ,
ਕਰਨ ਹਿਤ ਘਤੇ[1] ਬਿਚੋਲੇ। — [1]ਪਾਏ, (ਅ) ਘੱਲੇ ਭੇਜੇ।
ਆਲਾ ਸਿੰਘ ਗੁਰੁਬਖਸ਼ ਸਿੰਘ,
ਬੁੱਢਾ ਸਿੰਘ ਬੋਲੇ।
ਦੁਹਿ ਦਿਸ ਪਰੇ ਵਕੀਲ,
ਪੈਂਚ[1] ਤੱਪੇ[2] ਕੇ ਆਈ। — [1]ਮੁਖੀ, ਚੌਧਰੀ। [2]ਇਲਾਕੇ ਦੇ।

ਮੇਲ ਬਿਰਾਰਨ ਸੰਗ,
ਪੰਥ ਕਾ ਦਯੋ ਕਰਾਈ ॥੪੬॥

ਦੋਹਰਾ:

ਪੰਥ ਮਾਸ ਛੈ ਮਾਲਵੇ,
ਰਹਯੋ ਮੋਦ ਮਨਿ ਪਾਇ।
ਕਾਬਲੇਸ ਜਬਿ ਕਾਬਲੈਂ,
ਗਯੋ ਨਾ ਕਾਬਲ ਧਾਇ[1] ॥੪੭॥

[1]ਕਾਬਲ ਦਾ (ਨਾਕਾਬਲ) ਨਾਲਾਇਕ ਬਾਦਸ਼ਾਹ (ਅਹਿਮਦ ਸ਼ਾਹ ਅਬਦਾਲੀ) ਜਦੋਂ ਕਾਬਲ ਚਲਾ ਗਿਆ।

ਪਾਇ ਸਾਰ[1] ਯਹਿ ਖਾਲਸੇ,
ਅਧਿਕ ਅਸੂਦੇ ਹੋਇ[1]।
ਚਢੇ ਫੇਰ ਕਰਿ ਗੁਰਮਤਾ,
ਦੁੰਦਭਿ ਦੀਹ ਬਜੋਇ[1] ॥੪੮॥

[1]ਖ਼ਬਰ।
[1]ਬਹੁਤ ਵਿੱਸਮ ਕੇ (ਆਰਾਮ ਕਰਕੇ)।
[1]ਵੱਡੇ ਧੌਂਸੇ ਵਜਾ ਕੇ।

ਆਲਾ ਸਿੰਘ ਆਦਿਕ ਹੁਤੇ,
ਜਿਤਿਕ ਮਲਵਈ ਸ੍ਰਦਾਰ।
ਲੁਟਵਾਏ ਤਿਨ ਸੱਤ੍ਰ ਕੇ[1],
ਗਾਮ ਤਮਾਮ ਸੁਧਾਰਿ।
ਝੱਲ-ਝੁੰਡ[1] ਮਾਲੇਰ ਲੌਂ,
ਮਾਰ ਲੂਟ ਕਰਿ ਕੱਠ।
ਭਏ ਗਿਰਦ ਸਰਹੰਦ ਸਿੰਘ,
ਲਸ਼ਕਰ ਬਡ ਨਿਜ ਠੱਟ[1] ॥੪੯॥

[1]ਵੈਰੀਆਂ (ਤੁਰਕਾਂ) ਦੇ।
[1]ਪਿੰਡ ਦਾ ਨਾਮ।
[1]ਬਣਾ ਕੇ।

ਚੌਪਈ:

ਸਾਹਬਜ਼ਾਦੇ ਮਾਤਾ ਸੰਗੈਂ।
ਪਕਰਾਏ ਜਿਸ ਬਿੱਪ੍ਰ ਕੁਢੰਗੈਂ[1]।
ਖੇੜੀ ਨਾਮ ਗ੍ਰਾਮ ਮੈਂ ਸੋਈ।
ਹੁਤੋ ਅਬਾਦ ਦੁਸ਼ਟ ਬਦ ਖੋਈ[1] ॥੫੦॥
ਇਸ ਕਾਰਣ ਤੈ ਖੇੜੀ ਗਾਮੂ*।
ਮਾਰਯੋ ਲੂਟਯੋ ਸਿੰਘਨ ਤਮਾਮੂ।
ਸਿੰਘ ਨਿਹੰਗਨ, ਵਹਿ ਦਿਜ ਖੋਟਾ।

[1](ਗੰਗੂ) ਬ੍ਰਾਹਮਣ ਨੇ ਖੋਟੇ ਢੰਗ ਨਾਲ।
[1]ਖੋਟੀ ਆਦਤ ਨਾਲ।
*ਮਹਾਨ ਕੋਸ਼ ਦੇ ਕਰਤਾ ਨੇ ਲਿਖਿਆ ਹੈ ਕਿ ਬੰਦਾ ਬਹਾਦਰ ਨੇ ੧੭੬੭ ਬਿਕ੍ਰਮੀ ਵਿੱਚ ਗੰਗੂ ਬ੍ਰਾਹਮਣ ਨੂੰ ਪ੍ਰਵਾਰ ਸਮੇਤ ਮਾਰ ਕੇ, ਪਿੰਡ ਉਜਾੜ ਕੇ ਥੇਹ ਕਰ ਦਿੱਤਾ ਸੀ। ਮਗਰੋਂ ਵਸੀ ਨਵੀਂ ਆਬਾਦੀ ਦਾ ਨਾਮ ਸਹੇੜੀ ਹੈ।

ਪਕਰਿ ਕੁਟੰਬ ਸਹਤ ਦੈ ਸੋਟਾ[1] ॥੫੧॥
ਮਾਰਜੋ ਦੁਸ਼ਟ ਤਈਂ ਤਬਿ ਐਸੇ।
ਜਥਾ ਕਰਮ, ਫਲ ਦੈ ਦੁਖ ਤੈਸੇ[1]।

ਦਲ ਸਿੰਘ ਰਣ ਸਿੰਘ ਆਦਿਕ ਜੇਈ।
ਨਗਰ ਘੜੂਏਂ ਕੇ ਸਿੰਘ ਥੇਈ[1] ॥੫੨॥
ਕਹਜੋ ਪੰਥ ਢਿਗ ਉਨ ਇਸ ਭਾਤੈਂ।
ਨਗਰ ਮੋਰੰਡਾ ਜੋ ਬਖਜਾਤੈਂ।
ਰੰਘੜ ਜਾਨੀ ਮਾਨੀ ਖਾਂ ਸੇ[1]।
ਆਹਿਂ ਤਹਾਂ ਕੇ ਮੰਦ ਮਹਾਂ ਸੇ[1] ॥੫੩॥
ਸਾਹਿਬਜ਼ਾਦੇ ਉਨ ਪਕਰਾਏ।
ਔਰ ਸਿੱਖ ਫੜਿ ਬਹੁ ਮਰਵਾਏ।
ਘਨੇ ਸਿਖਨ ਕੋ ਫੜਿ ਸਿਰ ਮੁੰਨ ਕੈ।
ਰੱਸੇ ਵੱਟੇ ਦੁਸ਼ਟਨ ਗੁਨ ਕੈ[1] ॥੫੪॥
ਯਹਿ ਸੁਨਿ ਸਿੰਘਨ ਕੋ ਚਿਪ[1] ਲਾਗੀ।
ਸਭਿ ਕੇ ਜਗੀ ਕ੍ਰੋਧਿ ਉਰਿ ਆਗੀ[1]।
ਮਾਰਨ ਹੇਤ ਮੋਰੰਡੇ ਤਾਂਈ।
ਚਢ੍ਯੋ ਪੰਥ ਸਭਿ ਦੁੰਦਭਿ ਵਾਈ ॥੫੫॥
ਗਏ ਮੋਰੰਡੇ ਢਿਗ ਜਬਿ ਧਾਏ।
ਸਾਰ ਪਾਇ ਰੰਘੜ ਚੜ੍ਹਿ ਆਏ।
ਕੋਠਨ ਪੈ ਚਢਿ ਕਾਲ ਪਰੇਰੇ।
ਲਗੇ ਸੁਨਾਵਨ ਖੋਟ ਬਧੇਰੇ[1] ॥੫੬॥
ਰੱਸੇ ਲੱਗੇ ਘੁਮਾਇ ਦਿਖਾਵਨ।
ਯਾ ਬਿਧਿ ਉਚ ਅਵਾਚ ਸੁਨਾਵਨ।
ਹਮ ਬਹੁ ਸਿਖ ਫੜਿ ਫੜਿ ਮਰਵਾਏ।
ਮੁੰਡ ਮੂੰਡਿ[1] ਰੱਸੇ ਵਟਵਾਏ ॥੫੭॥
ਵਹਿ ਰੱਸੇ ਅਬਿ ਭਏ ਪੁਰਾਨੇ।
ਤੁਮਰੇ ਸਿਰ ਮੁੰਡ ਨਏ ਬਨਾਨੇ।
ਮੌਤ ਤੁਮਾਰੀ ਤੁਮੈ ਪਰੇਰੇ।
ਲਜਾਈ ਹਮਰੇ ਢਿਗ ਲਿਹੁ ਹੇਰੇ ॥੫੮॥

[1]ਚੰਗੀ ਤਰ੍ਹਾਂ ਕੁੱਟ ਕੇ।
[1]ਜਿਸ ਤਰ੍ਹਾਂ ਉਸ ਨੇ (ਮਾੜਾ) ਕਰਮ ਕੀਤਾ ਸੀ ਉਸੇ ਤਰ੍ਹਾਂ ਦਾ ਦੁਖ ਰੂਪ ਫਲ ਦਿੱਤਾ।
[1]ਸਨ।
[1]ਵਰਗੇ।
[1]ਉਹ ਬਹੁਤੇ ਮਾੜੇ।
[1]ਵਿਚਾਰ ਕੇ।
[1]ਚਿੜ, ਖਿਝ।
[1]ਅੱਗ।
[1]ਬਹੁਤੇ ਖੋਟੇ ਬਚਨ।
[1]ਸਿਰ ਮੁੰਨ ਕੇ।

ਜਯੋਂ ਤੁਮਰੇ ਗੁਰੁ- ਸੁਤ ਮਰਵਾਏ।
ਤਯੋਂ ਕੁਮੌਤ ਹਮ ਤੁਮੈਂ ਕੁਹਾਂਏਂ[1]। — [1]ਮਾਰਾਂਗੇ।
ਮੌਤ ਪਰੇਰੇ ਰੰਘੜ ਮੂਢੈਂ।
ਬਕੇ ਕੁਬੈਨ ਜਬੈ ਯੌਂ ਚੂਢੈਂ[1] ॥ ੫੯ ॥ — [1]ਚੂੜ੍ਹਿਆਂ ਨੇ।
ਪਾਪ ਕਰੇ ਉਨ ਭਾਰੇ ਜੋਈ।
ਉਨ ਕੇ ਮੁਖ ਚੜ੍ਹਿ ਬੋਲੇ ਸੋਈ।
ਭਰਿ ਬੇੜਾ ਉਨ ਪਾਪਨ ਖੂਬਾ[1]। — [1]ਚੰਗੀ ਤਰ੍ਹਾਂ।
ਪੰਥ ਦਰਯਾਵ ਵੀਚ ਚਹਿਂ ਡੂਬਾ ॥ ੬੦ ॥
ਅਪਨੀ ਮ੍ਰਿਤ ਉਨ ਆਪ ਬੁਲਾਈ।
ਛੇੜ ਮਖੀਰ[1] ਲੀਨ ਦੁਖਦਾਈ। — [1](ਡੂਮਣੇ ਮਖਿਆਲ ਦੇ) ਮੱਖਾਂ ਦੇ ਛੱਤੇ ਨੂੰ।
ਸ਼ੇਖ ਚਿਲੀ ਕੀ ਆਗ ਸਮਾਨੈ[1]। — [1]ਸ਼ੇਖ ਚਿਲੀ ਦੀ ਅੱਗ ਵਾਂਗ। ਸ਼ੇਖ ਚਿੱਲੀ ਨੂੰ ਕਿਸੇ ਕਿਹਾ ਵੇਖੀਂ ਕਿਤੇ ਅੱਗ ਨਾ ਲਾ ਦੇਈਂ, ਉਸ ਨੇ ਕਿਹਾ, ਚੰਗਾ ਕੀਤਾ ਯਾਦ ਕਰਾ ਦਿੱਤਾ ਮੈਨੂੰ ਗੱਲ ਭੁੱਲੀ ਹੋਈ ਸੀ। ਓਦੋਂ ਹੀ ਅੱਗ ਲਾ ਦਿੱਤੀ।
ਬੈਰ ਕਰਾਯੋ ਯਾਦ ਸਿੰਘਾਨੈਂ ॥ ੬੧ ॥
ਮੂਛੋਂ ਫੜਿ ਉਨਿ ਸ਼ੇਰ ਜਗਾਯੋ।
ਮਨੋ ਬਰੂਦ ਮਤਾਬਿ[1] ਦਿਖਾਯੋ। — [1]ਗੰਧਕ ਆਦਿ ਪਦਾਰਥ ਮਿਲਾ ਕੇ ਬਣਾਈ ਬੱਤੀ ਭਾਵ ਅੱਗ।
ਗੁਰੁ-ਜਾਦੇ[1] ਜਿਮ ਉਨ ਮਰਵਾਏ। — [1]ਸਾਹਿਬਜ਼ਾਦੇ।
ਤਿਮ ਉਨ ਕੇ ਮਰ ਹੈਂ ਅਬਿ ਜਾਏ[1] ॥ ੬੨ ॥ — [1]ਪੁੱਤਰ।
ਚਢਯੋ ਰੋਹ ਰਸ ਬੀਰ ਸਿੰਘਾਂਨੈਂ[1]। — [1]ਸਿੰਘਾਂ ਨੂੰ ਬੀਰ-ਰਸੀ ਗ਼ੁੱਸਾ ਚੜ੍ਹਿਆ।
ਫਰਕੇ ਅਧਰ[1] ਨੈਨ ਰਤਵਾਨੈ[2]। — [1]ਬੁੱਲ੍ਹ। [2]ਨੇਤ੍ਰ ਲਾਲ ਹੋ ਗਏ।
ਖੰਡੇ ਖੈਂਚਿ ਬੋਲਿ ਸਿੰਘ ਹੱਲਾ।
ਧਾਇ ਪਰੇ ਸਭਿ ਬੰਧ ਕਰਿ ਪੱਲਾ[1] ॥ ੬੩ ॥ — [1]ਕਤਾਰ ਬੰਨ੍ਹ ਕੇ। {ਫਾ: ਪਰਹ- ਸਫ਼, ਕਤਾਰ, ਪੰਕਤਿ}।

ਦੋਹਰਾ:

ਤੁਰਕੈਂ ਅਧਿਕ ਭਰੋਸ ਥਾ,
ਖਾਈ ਕੋਟ ਦਿਢ ਕੇਰ[1]। — [1]ਪੱਕੇ ਕੋਟ ਤੇ ਖਾਈ ਦਾ।
ਸਿੰਘ ਦਰਵਾਜ਼ਾ ਤੋੜ ਕਰਿ,
ਧਸੇ ਗ੍ਰਾਮ ਮਧ ਸ਼ੇਰਿ[1] ॥ ੬੪ ॥ — [1]ਸ਼ੇਰਾਂ ਵਾਂਗ।

ਸ੍ਵੈਯਾ:

ਮਾਰ ਮਚੀ ਤਰਵਾਰਨ ਸੇਲਨ[1], — [1]ਬਰਛਿਆਂ ਦੀ।

ਤੁੱਪਕ[1] ਤੀਰ ਕਟਾਰ ਦੁਧਾਰੇ[2]।	[1]ਬੰਦੂਕਾਂ। [2]ਖੰਡੇ।
ਰੋਹ ਮੱਤੇ ਅਤਿ ਤੇਜ ਤੱਤੇ[1],	[1]ਗੁੱਸੇ 'ਚ ਮਸਤ ਹਨ ਤੇ (ਤੇਜ) ਅੱਗ ਤੋਂ ਵੀ ਬਹੁਤੇ ਗਰਮ (ਹੋ ਰਹੇ ਹਨ)।
ਭਿਰਿ ਚਾਹਿੰ ਫਤੇ ਜੁਗ ਓਰ ਕਰਾਰੇ[1]।	[1]ਉਤਸ਼ਾਹੀ ਹੋ ਕੇ, ਦ੍ਰਿੜ੍ਹ ਚਿੱਤ ਹੋ ਕੇ।
ਵੀਥਨ ਵੀਚ ਨਗੀਚ ਦ੍ਵਾਰਨ	
ਕੀਚ ਮਚਯੋ[1], ਛੁਟ ਖੂੰਨ ਕੀ ਧਾਰੇ।	[1]ਗਲੀਆਂ ਵਿੱਚ ਤੇ ਬੂਹਿਆਂ ਦੇ ਨੇੜੇ ਚਿੱਕੜ ਹੋ ਗਿਆ {ਬੀਥਨ- ਗਲੀਆਂ। ਨਗੀਚ- ਫ਼ਾ: ਨਜ਼ਦੀਕ, ਨੇੜੇ।}
ਲੁੱਥਨ ਊਪਰ ਲੁੱਥ ਗਈ ਚਢ,	
ਰੁੰਡਨ ਮੁੰਡਨ ਝੁੰਡ ਖਿਲਾਰੇ[1] ॥੬੫॥	[1]{ਝੁੰਡ} ਬਹੁਤੀਆਂ (ਰੁੰਡਨ) ਧੜਾਂ ਤੇ (ਮੁੰਡਨ) ਸਿਰ ਖਿਲਾਰ ਦਿੱਤੇ।
ਮਾਰ ਧਰੀ[1] ਇਕ-ਸਾਰ ਸਿੰਘਾਨ, ਪੈ[2]	[1]ਕੀਤੀ। [2]ਪਰ, ਪ੍ਰੰਤੂ, ਲੇਕਿਨ।
ਬਾਲਕ ਬੂਢ[1] ਦਈ ਤਜ ਨਾਰੀ।	[1]ਬੁੱਢੇ, ਬ੍ਰਿਧ।
ਸੂਤ[1] ਸਿਖਾ[2] ਬਿਨ ਔਰ ਸਭੀ ਨਰ,	[1]ਜਨੇਊ। [2]ਬੋਦੀ।
ਹਾਨਿ ਤੁਕਾਨਿ ਮਹਾਨ ਸੁ ਡਾਰੀ[1]।	[1]ਬਹੁਤੀ ਤੁਰਕਾਨੀ ਮਾਰ ਸੁੱਟੀ।
ਜਯੋਂ ਬਨ ਬਾਢਿ[1] ਤਖਾਨ ਸੁਟੈਂ ਬਹੁ,	[1]ਜੰਗਲ ਵੱਢ ਕੇ।
ਬਾਘ ਅਜਾ ਗਨ ਜੈਸ ਪਛਾਰੀ[1]।	[1]ਜਿਵੇਂ ਬਹੁਤੀਆਂ ਬਕਰੀਆਂ ਨੂੰ ਸ਼ੇਰ ਮਾਰ ਦੇਂਦਾ ਹੈ।
ਤਯੋਂ ਮਧ ਧਾਮਨ ਆਮ ਕਰੀ	
ਕਤਲਾਮ, ਤਮਾਮ ਗਰਾਮ ਮਝਾਰੀ[1] ॥੬੬॥	[1]ਤਿਵੇਂ ਸਾਰੇ ਪਿੰਡ ਵਿੱਚ ਘਰਾਂ ਅੰਦਰ ਬਹੁਤੀ ਕਤਲਾਮ ਕੀਤੀ। {ਆਮ- ਬਹੁਤੀ।}
ਰੌਰ ਪਰਯੋ ਅਤਿ ਗੌਰ[1] ਜਬੈ,	[1]ਬਹੁਤਾ ਭਾਰਾਰੌਲਾ।
ਸਭਿ ਦੌਰ ਚਲੇ ਤਜਿ ਠੌਰ ਠਿਕਾਨੇ[1]।	[1]ਰਹਿਣ ਵਾਲੀ ਜਗ੍ਹਾ ਭਾਵ ਘਰ।
ਮਾਤ ਪਿਤਾ ਸੁਤ, ਔ ਤਿਯ ਕੋ ਪਤਿ,	
ਬੀਰਹਿ ਬੀਰ, ਨ ਮੀਤ ਮਿਲਾਨੇ।	
ਛੋਡ ਗਏ ਘਰ ਬਾਰ, ਸਭੈ ਨਰ	
ਨਾਰਿ, ਕਛੂ ਨ ਸੰਭਾਰ ਸਕਾਨੇ।	
ਸਿੰਘਨ ਕੇ ਡਰ ਨਾਰਿ ਤੁਕਾਨ ਕੀ,	
ਛੋਰ ਕੈ ਲਾਜ ਭਗੀ ਸਰਤਾਨੇ[1] ॥੬੭॥	[1]ਪੜਦੇ, ਬੁਰਕੇ।
ਜੋ ਨ ਹੁਤੀ ਧਰਤੀ ਧਰਤੀ ਪਗ[1],	[1]ਜੋ ਧਰਤੀ ਤੇ ਪੈਰ ਨਹੀਂਰਖਦੀਆਂ ਸਨ।
ਸੋ ਪਨਹੀ[1] ਬਿਨ ਦੌਰਤ ਜਾਹੀਂ।	[1]ਜੁੱਤੀ।
ਜੋ ਸਸਿ ਸੂਰ ਪਿਖੀ ਨ ਕਬੀ[1],	[1]ਜਿਨ੍ਹਾਂ ਨੂੰ ਚੰਦ ਤੇ ਸੂਰਜ ਨੇ ਵੀ ਕਦੇ ਨਹੀਂ ਸੀ ਵੇਖਿਆ।
ਸਤਰਾਂ ਤਜਿ ਸੋ ਸਤਰਾਤ ਭਗਾਹੀਂ[1]।	[1]ਉਹ ਪੜਦਿਆਂ (ਬੁਰਕਿਆਂ) ਨੂੰ ਛੱਡ ਕੇ ਸੱਤ ਰਾਤਾਂ ਭੱਜੀਆਂ

ਗਈਆਂ।

ਪਾਵਤ ਓਢਨੀ[1] ਨਾਂਹਿ ਸੰਭਾਰਨ,
ਬੀਵੀ[1] ਭਗੈ ਉਠਿ ਨੀਵੀ ਬਿਨਾ ਹੀਂ[2]।
ਜਾਨ ਬਚਾਵਨ ਕੀ ਪਰਗੀ
ਸਭਿ ਕੋ, ਹਲਚਾਲ ਕਰਾਲ ਮਹਾਂਹੀਂ[1] ॥੬੮॥
ਲਾਲਚ ਲੂਟਨ ਕਾ ਤਜਿ ਸਿੰਘਨ,
ਹਾਨਿ[1] ਤੁਕਾਨਿ ਕੇ ਘਾਨ ਉਤਾਰੇ[2]।
ਦੌਰ ਗਏ ਜਬਿ ਔਰ ਸਭੈ ਜਨ,
ਧਾਮ ਤਜੇ ਕਰਿ ਪ੍ਰਾਨ ਪਿਯਾਰੇ।
ਜਾਨੀ ਰੁ ਮਾਨੀ[1] ਕੁਟੰਬ ਸਮੇਤ,
ਪਰੇ ਤਬਿ ਖੇਤ ਸੁ ਜੂਝ ਅਪਾਰੇ[1]।
ਬੈਰਿਨ ਕੋ ਹਤਿ ਸਿੰਘਨ, ਬੈਰ
ਲਯੋ ਗੁਰੁ ਪੂਤਨ ਕਾ, ਮੁਦ ਧਾਰੇ ॥੬੯॥

ਦੋਹਰਾ:
ਕਤਲ ਵਖਤ ਨਿਜ ਸੁਤਨ ਕੇ,
ਥਾ ਜੁ ਕਰਜੋ ਗੁਰੁ ਵਾਚ[1]।
ਜਾਨੀ ਮਾਨੀ ਰਹਿ ਨ ਕੋ,
ਬਚਨ ਭਯੋ ਵਹਿ ਸਾਚ ॥੭੦॥
ਲੂਟ ਮੋਰੰਡੇ ਨਗਰ ਕੋ,
ਚੜ੍ਹੇ ਸਿੰਘ ਫਿਰ ਬੀਰ।
ਨਗਰ ਕੁਰਾਲੀ ਤਰਫ ਕੋ,
ਪਾਯੋ ਪੰਥ ਵਹੀਰ[1] ॥੭੧॥
ਦੂਾਬੇ ਕਾ ਇਕ ਖੱਤਰੀ,
ਲੱਛੀਰਾਮ ਦਿਵਾਨ[1]।
ਹੁਤੋ ਬੀਚ ਸਰਹੰਦ ਕੇ,
ਜੈਨੇ ਕਾ ਅਗਵਾਨ[1] ॥੭੨॥
ਉਗਰਾਹੀ ਹਿਤ ਗਯੋ ਥਾ,
ਦੇਸ ਵੀਚ ਚੜ੍ਹਿ ਸੋਇ।
ਸੁਨਜੋ ਪੰਥ ਨੈ ਜਬੈ ਵਹਿ,
ਕਰੀ ਸਲਾਹਿ ਖਲੋਇ ॥੭੩॥

[1]ਚੁੰਨੀ।
[1]ਔਰਤ। [2]ਸਲਵਾਰ ਤੋਂ ਬਿਨਾਂ ਹੀ।
[1]ਬਹੁਤੀ ਭਿਆਨਕ।
[1]ਮਾਰ ਕੇ। [2]ਸੱਥਰ ਲਾਹ ਦਿੱਤੇ।
[1]ਜਾਨੀ ਖਾਂ ਤੇ ਮਾਨੀ ਖਾਂ।
[1]ਬਹੁਤ ਲੜ ਕੇ।
[1]ਬਚਨ।
[1]ਚਾਲਾ।
[1]ਸੂਬੇ ਦਾ ਮਾਲ ਮੰਤ੍ਰੀ।
[1]ਮੁਖੀ।

ਘੱਲੂਘਾਰਾ ਕਰਨ ਮੈਂ,
ਥਾ ਵਹਿ ਤੁਰਕਨ ਸੰਗ।
ਬੈਰ ਯਾਦ ਕਰਿ ਸਿੰਘ ਸਭਿ,
ਤਿਸ ਪਰ ਪਰੇ ਉਮੰਗਿ[1] ॥ ੭੪ ॥
ਧਾਇ ਗਯੋ ਵਹਿ ਜਾਂਨ ਲੈ,
ਡੇਰਾ ਲਿਯ ਤਿਹ ਲੂਟ।
ਇਤ ਉਤ ਤਬਿ ਸਿੰਘ ਦੇਸ ਮੈਂ,
ਲਗੇ ਫਿਰਨ ਕਰਿ ਛੂਟ[1] ॥ ੭੫ ॥

[1]ਉਤਸ਼ਾਹ ਨਾਲ।

[1]ਹੱਲਾ, ਧਾਵਾ।

ਗੀਆ ਮਾਲਤੀ ਛੰਦ:
ਦਬ ਰਹ੍ਯੋ ਨਾਜ਼ਮ ਜੈਨ ਖਾਂ,
ਸਰਹੰਦ ਮੈਂ ਮਨ ਮਾਰ ਕੈ।
ਗੁਰੁ ਪੰਥ ਕਾ ਅਤਿ ਜੋਰ ਦਿਨ ਦਿਨ,
ਬਢਤ ਜਾਤ ਨਿਹਾਰ ਕੈ[1]।
ਫਿਰ ਪਠੇ ਤਾਂਹਿ ਵਕੀਲ,
ਆਲਾ ਸਿੰਘ ਦਿਸ ਯੋਂ ਗਾਨ ਕੈ[1]।
ਅਬਿ ਪੰਥ ਜੋ ਚਹਿ ਮੁਲਕ ਲੇਵੈ,
ਨਾਹਿਂ ਦੇਸ ਵਿਰਾਨ ਕੈ[1] ॥ ੭੬ ॥
ਯਹਿ ਬਾਤ ਆਲਾ ਸਿੰਘ ਸੁਨਿ,
ਢਿਗ ਪੰਥ ਮੰਤ੍ਰੀ ਨਿਜ ਪਠਾ[1]।
ਜਬਿ ਨ੍ਰਿਪ ਤਰਫੋਂ ਜਾਇ,
ਨਾਨੂ ਸਿੰਘ ਨੇ, ਯਹਿ ਸਭਿ ਰਟਾ[1]।
ਸੁਨਿ ਪੰਥ ਨੈ ਤਬਿ ਕਹ੍ਯੋ,
ਹਮਰਾ ਤੁਰਕ ਸੈਂ ਕਜਾ ਮੇਲ ਹੈ।
ਜ੍ਯੋਂ ਅਗਨਿ ਔਰ ਬਰੂਦ ਪਾਨੀ,
ਤੇਜ ਤਮ ਸਮ ਖੇਲ ਹੈ[1] ॥ ੭੭ ॥

[1]ਵਧਦਾ ਜਾਂਦਾ ਦੇਖ ਕੇ।

[1]ਇਉਂ ਕਹਿ ਕੇ।

[1]ਦੇਸ ਵੈਰਾਨ ਨਾ ਕਰੇ।

[1]ਆਪਣਾ ਵਜ਼ੀਰ ਭੇਜਿਆ।

[1]ਕਿਹਾ।

[1]ਜਿਵੇਂ ਅੱਗ ਤੇ ਬਾਰੂਦ, ਅੱਗ ਤੇ ਪਾਣੀ ਅਤੇ ਚਾਨਣ ਤੇ ਅਨ੍ਹੇਰੇ ਦਾ ਮੇਲ ਨਹੀਂ ਇਉਂ ਸਾਡਾ ਤੇ ਤੁਰਕਾਂ ਦਾ ਖੇਲ ਹੈ ਭਾਵ ਮੇਲ ਨਹੀਂ ਹੋ ਸਕਦਾ।

ਨਹਿਂ ਤੁਰਕ ਕਾ ਹਮ ਦਯੋਂ ਲੈਹੈਂ,
ਮੁਲਕ ਅਧਿਕ ਨਿਹੋਰ ਸੋਂ[1]।
ਹਮ ਲੈਂਹਗੇ ਸਭਿ ਦਯੋ ਗੁਰੁ ਕਾ,

[1]ਬਹੁਤੇ ਅਹਿਸਾਨ ਨਾਲ।

ਤੇਗ ਕੇ ਅਬਿ ਜੋਰ ਸੋਂ।
ਨਹਿਂ ਬਾਤ ਮਾਨੀ ਪੰਥ ਨੈ,
ਤਬਿ ਦੂਤ ਹਟਿ ਨ੍ਰਿਪ ਪੈ ਗਯੋ।
ਸੁਨਿ ਭਯੋ ਫੇਰ ਨਿਰਾਸ ਜੈਨਾ,
ਭੇਤ ਯਹਿ ਜਬਿ ਸਭਿ ਲਯੋ ॥ ੭੮ ॥
ਪੁਨ ਪੰਥ ਇਤ ਉਤ ਦੇਸ ਮੈਂ,
ਬਹੁ ਲੂਟ ਮਾਰ ਮਚਾਇ ਕੈ।
ਫਿਰ ਜਾਇ ਪਹੁੰਚਯੋ ਸੁਧਾ-ਸਰ ਮੈਂ,
ਮੋਦ ਮਨਿ ਅਤਿ ਪਾਇ ਕੈ।
ਪਿਖਿ ਦੁਸ਼ਟ-ਕਰਣੀ ਤੁਰਕ ਕੀ,
ਸਭਿ ਪੰਥ ਬਿਸਮੈਂ ਹ੍ਵੈ ਰਹਿਯੋ।
ਗਿਰਵਾਇ ਮੰਦਰ[1], ਤਾਲ[2] ਕੋ — [1]ਹਰਿਮੰਦਰ ਸਾਹਿਬ। [2]ਅੰਮ੍ਰਿਤਸਰ ਸਰੋਵਰ ਨੂੰ।
ਪੁਰਵਾਇ, ਅਹਿਮਦ ਜੋ ਗਯੋ[1] ॥ ੭੯ ॥ — [1]ਅਹਿਮਦ ਸ਼ਾਹ ਅਬਦਾਲੀ ਜੋ ਭਰਵਾ ਗਿਆ ਸੀ।
ਮਿਲਿ ਪੰਥ ਉੱਦਮ ਠਾਨ ਬਹੁ,
ਫਿਰ ਤਾਲ ਪੁੱਟਿ ਕਿਯ ਸਾਫ ਜੋ।
ਗੁਰੁ ਮਿਹਰ ਸੋਂ ਫਿਰ ਭਈ ਬਰਖਾ,
ਭਰਯੋ ਤਾਲ ਸੁਧਾਬ ਸੋਂ[1]। — [1]ਅੰਮ੍ਰਿਤ ਜਲ ਨਾਲ।
ਮੁਦ ਪਾਇ ਲਾਇ ਦੀਵਾਨ ਸਿੰਘਨ,
ਗੁਰਮਤਾ ਪੁਨ ਯੌਂ ਕਰੋ।
ਅਬਿ ਰਚੋ ਜਯੋਂ ਤਯੋਂ ਫੇਰ ਯਹਿ,
ਦਰਬਾਰ ਮੰਦਰ-ਹਰਿ ਵਰੋ[1] ॥ ੮੦ ॥ — [1]ਸ੍ਰੇਸ਼ਟ ਹਰਿਮੰਦਰ।
ਰਚ ਦੇਹੁ ਮੇਲਾ ਦੀਪ ਮਾਲਾ,
ਭੇਟ ਜੋ ਧਨ ਆਵਹੀ।
ਪੁਨ ਸਿੱਖ ਮਿਸਲਾਂ-ਦਾਰ[1], ਔ — [1]ਮਿਸਲਾਂ (ਜੱਥਿਆਂ) ਦੇ ਜੱਥੇਦਾਰ।
ਸਰਦਾਰ ਬਹੁ ਧਨ ਪਾਵਹੀਂ[1]। — [1]ਪਾਉਣਗੇ।
ਫਿਰ ਮੁਲਕ ਔਰ ਉਗਰਾਹਿ ਕੋਊ[1], — [1]ਕਿਸੇ ਇਲਾਕੇ ਨੂੰ।
ਕਾਜ ਯਹਿ ਸੁਭ ਕੀਜੀਏ।
ਯਹਿ ਟਹਿਲ ਹੈ ਨਿਜ ਇਸ਼ਟ ਕੀ,
ਅਤਿ ਸ੍ਰਿਸ਼ਟ ਮਾਨਿ ਕਰੀਜੀਏ ॥ ੮੧ ॥
ਯਹਿ ਗੁਰੂ ਪੰਚਮ ਕਾ ਫੁਰਯੋ ਹੈ,

ਵਾਕ ਜਾਨੋ ਠੀਕ ਹੀ।
ਜਬਿ ਲਗੇ ਥੇ ਨਿਉਂ ਧਰਨ,
ਮੀਆਂ ਮੀਰ ਆਯੋ ਥਾ ਤਹੀਂ।
ਤਿਸ ਸੰਗ ਸ਼ਾਹ ਹੁਸੈਨ ਛੱਜੂ
ਭਗਤ ਸੇ ਜਨ ਥੇ ਅਏ।
ਗੁਰੁ ਜਾਨ ਮੀਆਂ-ਮੀਰ ਕੋ,
ਬਡ ਪੀਰ ਤੁਰਕੋਂ ਕਾ ਹਏ ॥ ੮੨ ॥
ਕਰਿ ਸਮੇਂ ਸਾਜੀ[1] ਦੂਰ ਬੀਨੀ[2], — [1]ਸਮੇਂ ਦੀ ਪਛਾਣ ਕਰਕੇ। [2]ਦੂਰ ਦ੍ਰਿਸ਼ਟੀ ਨਾਲ।
ਗੁਰੂ ਜੀ ਤਬਿ ਤਾਂਹਿ ਤੈ।
ਤਬਿ ਨਿਉਂ ਧਰਾਈ ਥੀ ਭਲੇ,
ਉਨ ਧਰੀ ਈਂਟ ਸੁਛਾਹਿ ਤੈ[1]। — [1]ਚੰਗੀ ਇੱਛਾ ਕਰਕੇ।
ਪੁਨ ਵਹੀ ਈਂਟ, ਉਠਾਇ ਕਾਰੀਗਰੈਂ,
ਦੁਤੀਆ ਦਿਸ ਧਰੀ[1]। — [1]ਦੂਜੇ ਪਾਸੇ ਧਰ ਦਿੱਤੀ।
ਪਿਖਿ ਕਹਜੋ ਸਤਿਗੁਰੁ ਏਕ ਬਿਰ,
ਇਹੁ ਗਿਰੈ ਮੰਦਰ ਬਿਧਿ ਖਰੀ[1] ॥ ੮੩ ॥ — [1]ਚੰਗੀ ਤਰ੍ਹਾਂ ਢਹੇਗਾ।
ਇਹੁ ਪੀਰ ਤੁਰਕਨ ਕੇ ਧਰੀ,
ਨਿਉਂ ਮੀਰ-ਤੁਰਕ[1] ਪੁਟਾਇ ਹੈ। — [1]ਤੁਰਕਾਂ ਦਾ ਬਾਦਸ਼ਾਹ।
ਫਿਰ ਨੀਂਵ ਧਰ ਹੈਂ ਸਿੱਖ ਗੁਰੁ ਕੇ,
ਅਚਲ ਸਦਾ ਰਹਾਇ ਹੈ।
ਇਹੁ ਗੁਰੂ ਅਰਜਨ ਦੇਵ ਕਾ ਹੀ,
ਬਚਨ ਸਾਚਾ ਹੈ ਭਯੋ।
ਅਬਿ ਰਚੋ ਮੰਦਰ ਖਾਲਸਾ ਜੀ,
ਹੋਵਨਾ ਸੋ ਹ੍ਵੈ ਗਯੋ ॥ ੮੪ ॥
ਯਹਿ ਗੁਰਮਤਾ ਕਰਿ ਪੰਥ,
ਚਿੱਠੀ ਪਠੀ ਦੇਸ ਬਿਦੇਸ ਹੈ।
ਸੁਨਿ ਦੀਪਮਾਲਾ ਕਰਨ ਹਿਤ,
ਮਿਲਿ ਅਈ ਸੰਗਤ ਸੇਸ[1] ਹੈ। — [1]ਬਹੁਤ।
ਚਲਿ ਮਾਲਵੇ ਕੀ ਤਰਫ ਸੈਂ,
ਦਲ ਬ੍ਰਿੱਧ[1] ਪਹੁੰਚਜੋ ਧਾਇ ਕੈ। — [1]ਬੁੱਢਾ ਦਲ।
ਸਭਿ ਚਾਰ ਦਿਸ ਤੈ ਸਿੱਖ ਗੁਰੁ ਕੇ,

ਭਏ ਇਕਠੇ ਆਇ ਕੈ ॥੯੫॥
ਪਿਖਿ ਹਾਲ ਤਬਿ ਦਰਬਾਰ ਕਾ,
ਸਭਿ ਤੁਰਕ ਕੋ ਧਿਰਕਾਰਹੀਂ।
ਨਿਜ ਬਿੱਤ ਤੈ ਹ੍ਵੈ ਬਾਹਿਰ ਸਭਿ,
ਬਹੁ ਬਿੱਤ ਭੇਟਾ ਚਾਰਹੀਂ[1]।

[1]ਸਾਰੇ ਆਪਣੀ (ਬਿੱਤ) ਤਾਕਤ ਤੋਂ ਬਾਹਰ ਹੋ ਕੇ ਬਹੁਤ (ਬਿੱਤ) ਧਨ ਦੀ ਭੇਟਾ ਚੜ੍ਹਾਉਂਦੇ ਹਨ।

ਤਬਿ ਅਰਧ ਲਾਖ ਕਰੀਬ ਭੇਟਾ,
ਰਜਤਪਣ[1] ਸਭਿ ਆਇਯੋ।

[1]ਰੁਪਏ।

ਕਰਿ ਗੁਰਮਤਾ ਫਿਰ ਪੰਥ,
ਆਵੇ ਦਏ ਬਹੁ ਚਢਵਾਇਯੋ ॥੯੬॥
ਇਸ ਗੁਰੂ ਘਰ ਕੀ ਟਹਿਲ ਲਾਇਕ,
ਦੇਸ-ਰਾਜ ਵਿਚਾਰਯੋ।
ਵਹਿ ਹੁਤੋ ਖੱਤ੍ਰੀ ਬਹਿਲ[1],
ਸੁਰ-ਸੋਂ ਗ੍ਰਾਮ ਕਾ ਨਿਰਧਾਰਯੋ।

[1]ਗੋਤ੍ਰ।

ਸਭਿ ਪੰਥ ਮੈਂ ਪ੍ਰਸਿੱਧ ਥਾ,
ਜਤਿ ਸਤੀ ਤਪੀਆ ਮਾਨੀਏ।
ਸਭਿ ਪੰਥ ਤਿਸ ਕੀ ਬਾਤ ਗੁਰ ਸਮ,
ਮਾਨਤੋ ਥਾ ਜਾਨੀਏ ॥੯੭॥
ਤਿਸ ਤਈਂ ਸੌਂਪਯੋ ਬਿੱਤ ਸਭਿ,
ਅਰ ਟਹਲ ਗੁਰੁ ਦਰਬਾਰ ਹੈ।
ਪੁਨ ਸੋਧ ਕੈ ਅਰਦਾਸ ਸਿੰਘਨ,
ਕਹਯੋ ਐਸ ਉਚਾਰ ਹੈ ॥੯੮॥
ਚੌਪਈ:
ਭਾਈ ਦੇਸ ਰਾਜ ਕੇ ਤਾਂਈਂ।
ਤਬੈ ਪੰਥ ਕਰ ਜੋਰਿ ਸੁਨਾਈ।
ਮੰਦਰ ਰਚੋ ਏਹੁ ਤੁਮ ਤੂਰਨ[1]।
ਕਰਿ ਹੈ ਗੁਰੂ ਮਨੋਰਥ ਪੂਰਨ ॥੯੯॥

[1]ਛੇਤੀ।

ਔਰ ਪੰਥ ਸਭਿ ਬਨੈ ਸਹਾਯਕ।
ਜੋ ਜੋ ਹੋਇ ਕਾਰ[1] ਜਿਸ ਲਾਇਕ।
ਮਿਸਲਦਾਰ ਜੇਤਿਕ ਸਰਦਾਰਾ।

[1]ਸੇਵਾ।

ਸਭਿ ਮਾਨੈਂਗੇ ਹੁਕਮ ਤੁਮਾਰਾ ॥੯੦॥
ਹੁਕਮ ਨ ਤੁਮਰਾ ਮਾਨੈ ਜੋਈ।
ਸੋ ਗੁਰੁ ਘਰ ਤੈ ਖਾਰਜ ਹੋਈ।
ਯੌਂ ਕਹਿ ਫਿਰ ਅਰਦਾਸ ਕਰਾਈ।
ਸਭਿ ਸਿੱਖਨ ਕੋ ਕਹਜੋ ਸੁਨਾਈ ॥੯੧॥
ਭਾਈ ਦੇਸ ਰਾਜ ਕੀ ਬਾਨੀ।
ਗੁਰੁ ਸਮ ਚਹੀਏ ਸਭਿ ਕੋ ਮਾਨੀ।
ਲਿਖੈ ਹੁਕਮਨਾਮਾ ਯਹਿ ਜਿਸ ਕੋ।
ਮਾਨਨ ਜੋਗ ਵਹੀ ਹੈ ਤਿਸ ਕੋ ॥੯੨॥
ਯਹੀ ਬਾਤ ਸਭਿਹੀ ਨੈ ਮਾਨੀ।
ਸਿਰ ਧਰਿ ਲਖਿ[1] ਉਪਕਾਰ ਮਹਾਨੀ। [1]ਜਾਣ ਕੇ।
ਫਿਰ ਲਹੌਰ ਤੈ ਰਾਜ ਬੁਲਾਏ।
ਕਾਰੀਗਰ ਪ੍ਰਸਿੱਧ ਮਹਾਂਏ[1] ॥੯੩॥ [1]ਬਹੁਤ ਮਸ਼ਹੂਰ।
ਅਬਿ ਲੌ ਅੰਮ੍ਰਿਤਸਰ ਤਿਹਂ ਸੰਤਤ[1]। [1]ਉਨ੍ਹਾਂ ਦੀ ਉਲਾਦ।
ਟਹਿਲ ਕਰਤ ਦਰਬਾਰਹਿਂ ਸੰਤਤਿ[1]। [1]ਲਗਾਤਾਰ, ਇਕਰਸ।
ਤਿਨ ਸਤਿਗੁਰੁ ਕਾ ਧਰਿ ਉਰਿ ਧਜਾਨੇ।
ਆਗਜਾ ਸਰਬ ਪੰਥ ਕੀ ਮਾਨੇ ॥੯੪॥
ਨਕਸ਼ਾ ਖੈਂਚਜੋ ਅਤਿ ਅਭਿਰਾਮਾ[1]। [1]ਬਹੁਤ ਸੁੰਦਰ।
ਜੈਸਾ ਪੂਰਬ ਹੁਤੋ ਤਮਾਮਾ।
ਲਗਨ ਮਹੂਰਤ ਸੋਧ ਸੁਤੰਤੈਂ[1]। [1]ਸੁਤੰਤਰ।
ਨੀਂਵ ਖੁਦਾਈ ਜਲ ਪ੍ਰਯੰਤੈਂ[1] ॥੯੫॥ [1]ਤੱਕ।
ਸੰਮਤ ਅਠਾਰਾਂ ਸੈ ਅਠਾਰੈਂ।
ਕਾਤਕ ਸੁਦੀ ਤ੍ਰੌਦਸੀ ਚਾਰੈਂ[1]। [1]ਸੁੰਦਰ।
ਸੋਮਵਾਰ ਗੁਰੁ ਗ੍ਰੰਥ ਖੁਲਾਯਾ।
ਬਚਨ ਗੁਰੂ ਕਾ ਤਬਿ ਯਹਿ ਆਯਾ ॥੯੬॥
ਸੂਹੀ ਮਹਲਾ ੫ ॥
ਭਲਾ ਸੰਜੋਗ ਮੂਰਤ[1] ਪਲੁ ਸਾਚਾ, ਅਬਿਚਲ ਨੀਵ ਰਖਾਈ ॥ [1]ਅੱਧੀ ਘੜੀ।
ਜਬਿ ਗੁਰੁ ਗ੍ਰੰਥ ਹੁਕਮ ਯਹਿ ਦਯੋ।
ਸੁਨਿ ਸਭਿ ਪੰਥ ਮੋਦ ਅਤਿ[1] ਭਯੋ। [1]ਬਹੁਤ ਅਨੰਦ।

ਸ਼ਬਦ ਗੁਰੂ ਕੇ ਗਾਵਨ ਲਾਗੇ।
ਯਾ ਬਿਧਿ ਕੇ ਸਭਿ ਸਿੰਘ ਸਭਾਗੇ ॥ ੯੭ ॥
ਯਥਾ ਸ਼ਬਦ ॥
ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ॥
(ਪੰਨਾ ੭੮੩)
ਅਬਿਚਲ ਨਗਰੀ ਨਾਨਕ ਦੇਵ ॥
(ਪੰਨਾ ੪੩੦)
ਸਤਿਗੁਰੁ ਕਰਿ ਦੀਨੇ ਅਸਥਿਰ ਘਰ ਬਾਰ ॥ (ਪੰਨਾ ੮੦੭)
ਧਰਮ ਕਲਾ ਹਰਿ ਬੰਧਿ ਬਹਾਲੀ ॥
(ਪੰਨਾ ੩੯੬)
ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥
(ਪੰਨਾ ੩੦੦)
ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥
ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥
(ਪੰਨਾ ੧੩੬੨)
ਐਸੇ ਐਸੇ ਸ਼ਬਦ ਅਪਾਰੇ।
ਮੰਗਲ ਪ੍ਰਦ[1] ਸਭਿ ਪੰਥ ਉਚਾਰੇ। — [1]ਖੁਸ਼ੀਆਂ ਦੇ ਦਾਤੇ।
ਨ੍ਵਾਬ ਕਪੂਰ ਸਿੰਘ ਕੇ ਕਰ ਤੈ[1]। — [1]ਹੱਥ ਤੋਂ।
ਅਰ ਜੱਸਾ ਸਿੰਘ ਆਲੂ-ਵਰ ਤੈ[1] ॥ ੯੮ ॥ — [1]ਆਹਲੂਵਾਲੀਏ ਤੋਂ।
ਨੀਂਵ ਦੁਹੂੰ ਤੈ ਪੰਥ ਧਰਾਈ।
ਇਕ ਚੂਨਾ ਇਕ ਈਂਟ ਲਗਾਈ।
ਕਹਯੋ ਪੰਥ ਸਭਿ ਜੈ ਜੈ ਟੇਰੈਂ[1]। — [1]ਉਚਾਰਦੇ ਹਨ।
ਮੰਦਰਰਹਿ ਯਹਿ ਸਾਮ ਸੁਮੇਰੈਂ[1] ॥ ੯੯ ॥ — [1]ਸੁਮੇਰ ਪਰਬਤ ਵਾਂਗ (ਅਚੱਲ)।
ਰਾਮਦਾਸ ਗੁਰੁ ਪੂਰੇ ਆਸੈਂ।
ਯਹਿ ਕਾਰਜ ਸੁਭ ਆਵੈਰਾਸੈ[1]। — [1]ਮੁਕੰਮਲ ਹੋ ਜਾਵੇ।
ਤਾਂਹੀਂ ਸਮੇਂ ਕਵੀ ਇਕ ਆਯੋ।
ਯਾ ਬਿਧਿ ਤਾਂਹਿ ਕਬਿੱਤ ਸੁਨਾਯੋ ॥ ੧੦੦ ॥

ਤਥਾ ਹੀ

ਕਬਿੱਤੁ:

ਜੌ ਲੌ ਸੇਸ ਸੀਸ ਪੈ ਬਿਰਾਜੈ ਜਗਦੀਸ ਧਰਾ,
ਮੇਰੂ ਮੰਦ੍ਰਾਚਲ ਉਦਯਾਚਲ ਬੰਧਜਾਲਸਾ[1]। — [1]ਜਦੋਂ ਤੱਕ ਪ੍ਰਮੇਸ਼ਰ ਦੀ (ਰਚੀ) ਧਰਤੀ, ਸੁਮੇਰ, ਮੰਦ੍ਰਾਚਲ, ਉਦਿਆਚਲ ਤੇ ਬਿੰਧਿਆਚਲ ਪਹਾੜਾਂ ਸਮੇਤ ਸ਼ੇਸ਼ਨਾਗ ਦੇ ਸੀਸ ਤੇ ਬਿਰਾਜੇਗੀ।

ਜੌ ਲੌ ਸਸੀ ਸੂਰ ਨੂਰ ਤੌ ਲੌ ਹਰਿਮੰਦਰ ਯਹਿ,
ਦਿਨ ਦਿਨ ਦੂਨਾ ਦੂਨ ਕਰਿ ਹੈ ਉਜਜਾਲਸਾ[1]। — [1]ਜਦੋਂ ਤੱਕ ਚੰਦ ਤੇ ਸੂਰਜ ਵਿੱਚ ਚਾਨਣ ਹੈ ਓਦੋਂ ਤੱਕ ਸ੍ਰੀ ਹਰਿਮੰਦਰ ਦਿਨ-ਬ-ਦਿਨ ਦੂਣਾ ਦੂਣ ਭਾਵ ਚੌਗੁਣਾ ਪ੍ਰਕਾਸ਼ ਕਰਦਾ ਰਹੇਗਾ।

ਕਾਮ-ਧੇਨ ਚਿੰਤਾਮਨ ਸੁਰਤਰੁ[1] ਸਮਾਨ ਸਦਾ, — [1]ਕਲਪ ਬ੍ਰਿਛ ਵਾਂਗ।
ਪੂਰਨ ਕਰੈ ਹੈਂ ਗੁਰੁ ਸਿੱਖਨ ਕੀ ਲਾਲਸਾ[1]। — [1]ਇੱਛਾ।
ਜੌ ਲੌ ਹਰਿ ਲੋਕ[1] ਰੈਹੈ ਤੌ ਲੌ ਯਹਿ ਓਕ[2] ਰੈਹੈ, — [1]ਵਿਸ਼ਨੂੰ ਦਾ ਲੋਕ, ਬੈਕੁੰਠ। [2](ਵਾਹਿਗੁਰੂ ਦਾ) ਘਰ ਭਾਵ ਹਰਿਮੰਦਰ ਸਾਹਿਬ।
ਦੇਤ ਸਭਿ ਥੋਕ[1] ਰੈ ਹੈ ਲੇਤ ਪੰਥ ਖਾਲਸਾ ॥ — [1]ਪਦਾਰਥ।

ਦੋਹਰਾ:

ਸੁਨਿ ਕਬਿੱਤ ਬਹੁ ਬਿੱਤ ਦਿਯ[1], — [1]ਧਨ ਦਿੱਤਾ।
ਕਵਿ ਕੋ ਪੰਥ ਉਦਾਰ[1]। — [1]ਦਾਤਾ ਪੰਥ ਨੇ।
ਨੀਂਵ ਧਰੀ ਦਰਬਾਰ ਕੀ,
ਯੌਂ ਸੁਖਸੀਵ ਅਪਾਰ[1] ॥੧੦੧॥ — [1]ਬਹੁਤੇ ਸੁੱਖਾਂ ਦੀ ਹੱਦ।

ਚੌਪਈ:

ਪੰਚਾਂਮ੍ਰਿਤ[1] ਕਰਿ ਬਹੁ ਵਰਤਾਯੋ। — [1]ਕੜਾਹ ਪ੍ਰਸ਼ਾਦ।
ਪਾਠ-ਅਖੰਡ ਗ੍ਰੰਥ ਕਰਵਾਯੋ।
ਮਨ ਤਨ ਧਨ ਤੈ ਸਿੱਖ ਸਰਦਾਰੂ।
ਲਗੇ ਕਰਨ ਗੁਰੁ ਘਰ ਕੀ ਕਾਰੂ[1] ॥੧੦੨॥ — [1]ਸੇਵਾ।
ਭਾਈ ਦੇਸਰਾਜ ਮਨ ਭਾਵਤ।
ਅਤਿ ਹੀ ਪੁਖਤਾ[1] ਕਾਮ ਕਰਾਵਤ। — [1]ਪੱਕਾ।
ਔਰ ਮਸਾਲੇ ਕੀ ਕਜਾ ਬਾਤੈਂ।
ਡਾਰਤ ਚੂਨੇ ਬੀਚ ਨਿਵਾਤੈਂ[1] ॥੧੦੩॥ — [1]ਮਿਸ਼ਰੀ।
ਲਗੀ ਇਮਾਰਤ ਹੋਵਨ ਐਸੀ।
ਕਿਸੀ ਨ ਸ਼ਾਹਿ[1] ਕਰਾਈ ਜੈਸੀ। — [1]ਬਾਦਸ਼ਾਹ ਨੇ।

ਗਾਲ ਕੋਠੀਆਂ ਨੀਚੇ ਕਈ।
ਫੇਰ ਇਮਾਰਤ ਊਪਰ ਲਈ ॥੧੦੪॥
ਭਾਈ ਦੇਸ ਰਾਜ ਕੌ ਸੌਂਪੈਂ।
ਪੰਥ ਖਾਲਸਾ ਧਰਿ ਮਨਿ ਚੌਂਪੈਂ[1]। — [1]ਉਤਸ਼ਾਹ।
ਬਿਥਰ[1] ਦੇਸ ਮੈਂ ਇਤ ਉਤ ਗਯੋ। — [1]ਫੈਲ ਕੇ।
ਭਾਈ ਕਾਰ ਕਰਾਵਤ ਰਹਯੋ ॥੧੦੫॥
ਫਿਰ ਮੇਲੇ ਬੈਸਾਖੀ ਪਰ ਹੈ।
ਭਯੋ ਪੰਥ ਇਕਠਾ ਜਬਿ ਤਰ[1] ਹੈ। — [1]ਬਹੁਤਾ।
ਜਥਾ ਜੋਗ ਸਭਿ ਨੈ ਕਰਿ ਗੌਰੈਂ[1]। — [1]ਖਿਆਲ ਕਰਕੇ।
ਦਯੋ ਰਜਤਪਣ ਤਹਿ ਠਾਂ ਔਰੈਂ ॥੧੦੬॥
ਭਾਈ ਦੇਸ ਰਾਜ ਲੈ ਵਾਹੀ[1]। — [1]ਓਸ (ਧਨ) ਨੂੰ ਲੈ ਕੇ।
ਮੰਦਰ ਊਪਰ ਲਾਵਤ ਜਾਹੀ।
ਪੰਥ ਨਿਤਾ-ਪ੍ਰਤਿ ਲਾਇ ਦਿਵਾਨੈ।
ਤਖਤ ਅਕਾਲ ਥਿਰੈ ਅਗਵਾਨੈ[1] ॥੧੦੭॥ — [1]ਅੱਗੇ।
ਸ਼ਸਤ੍ਰ ਬਸਤ੍ਰ ਸਭਿ ਸਿੰਘ ਸਜ ਕੈ।
ਸੋਭਤ ਦੇਵਨ ਸਮ ਅਤਿਰਜ ਕੈ[1]। — [1](ਰਜ ਕੈ) ਬਿਰਾਜ ਕੇ ਦੇਵਤਿਆਂ ਵਾਂਗ ਬਹੁਤਾ ਸੋਂਹਦੇ ਹਨ।
ਢਾਡੀ ਵਾਰਾਂ ਅਧਿਕ ਉਚਾਰੈਂ।
ਜਿਨ ਕੋ ਸੁਣਿ ਕਾਯਰ ਰਣ ਪਾਰੈਂ[1] ॥੧੦੮॥ — [1]ਜੰਗ ਪਾਉਣ ਭਾਵ ਲੜਨ ਲੱਗ ਪੈਣ।
ਪੰਥ ਪਾਸ ਜੋ ਅਰਥੀ[1] ਆਵੈ। — [1]ਮੰਗਤਾ, ਲੋੜਵੰਦ।
ਤਤ ਛਿਨ ਪਾਇ ਮਨੋਰਥ ਜਾਵੈ।
ਮਿਸਲਦਾਰ ਸਰਦਾਰ ਸਭੈ ਹੀ।
ਨਿਜ ਨਿਜ ਲੰਗਰ ਕਰੈਂ ਤਬੈ ਹੀ ॥੧੦੯॥
ਭੋਜਨ ਬਾਂਛਤ ਸਭਿ ਕੋ ਮਿਲ ਹੈ।
ਅਭਜਾਗਤ[1] ਜਹਿਂ ਚਹਿਂ ਤਹਿਂ ਗਿਲ ਹੈਂ[2]। — [1]ਬਿਰੱਕਤ, ਤਿਆਗੀ। [2]ਛਕ ਲੈਂਦੇ ਹਨ।
ਨਿਸ ਦਿਨ ਸਿੰਘ ਪਢੈਂ ਗੁਰੁਬਾਨੀ।
ਧੁਨ ਇਕ ਰਸ ਰਹਿ ਲਗੀ ਮਹਾਨੀ ॥੧੧੦॥
ਜਤੀ ਸਤੀ ਹਠ ਤਪ ਮੈਂ ਪੂਰੇ।
ਹੁਤੇ ਸਿੰਘ ਤਬਿ ਸਭਿ ਹੀ ਸੂਰੇ।
ਇਕ ਸਿੰਘ ਕਾ ਦੂਸਰ ਸਿੰਘ ਟਹਿਲਾ[1]। — [1]ਸੇਵਾ।
ਸਭਿ ਹੀ ਕਰਜੋ ਚਹਿਤ ਥਾ ਪਹਿਲਾ[1] ॥੧੧੧॥ — [1]ਇਕ ਦੂਜੇ ਤੋਂ ਪਹਿਲਾਂ।

ਆਪਸ ਮਾਂਹਿ ਹਕੀਕੀ ਭਾਈ[1]। [1]ਸਕੇ ਭਰਾ।
ਬਨੇ ਰਹਤ ਥੇ ਸਭੈ ਸਦਾਈ[1]। [1]ਹਮੇਸ਼ਾ।
ਖਾਨ ਪਾਨ ਮੈਂ ਫਰਕ ਨ ਰਖਤੇ।
ਜੋ ਮਿਲਤਾ ਸੋ ਮਿਲ ਬੰਡਿ ਛਕਤੇ ॥ ੧੧੨ ॥
ਯਾਂਹੀਂ ਤੈ ਦਿਨ ਦਿਨ ਸੁ ਤਰੱਕੀ।
ਤਬੈ ਪੰਥ ਕੀ ਭਈ ਬਿਸ਼ੱਕੀ[1]। [1]ਬਿਨਾਂ ਸ਼ੱਕ ਤੋਂ।
ਗਾਥ ਪੰਥ ਕੀ ਕਹਿ ਯਹਿ ਧਜਾਇ।
ਥਿਰਜੋ ਇਹਾਂ ਅਬਿ ਗੁਰੁ ਪਦ ਧਜਾਇ ॥ ੧੧੩ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਪੰਥ ਕਾ ਮਾਲਵੇਰਹਿਣ, ਬੈਰਾਰਨ ਸੋਂ ਬਿਗਰਨ, ਮਲੇਰ ਮੋਰੰਡ ਮਾਰਨ, ਅੰਮ੍ਰਿਤਸਰ ਹਰਿਮੰਦਰਰਚਨ', ਪ੍ਰਸੰਗ ਬਰਨਨੰ ਨਾਮ ਇਕਤਾਲੀਸਮੋਂ ਬਿਸ੍ਰਾਮ ॥ ੪੧ ॥

੪੨. {ਬ੍ਰਾਹਮਣ ਦੀ ਪੁਕਾਰ, ਸਿੰਘਾਂ ਨੇ ਕਸੂਰ ਮਾਰਨਾ, ਬ੍ਰਾਹਮਣ ਨੂੰ ਉਸ ਦੀ ਇਸਤ੍ਰੀ ਵਾਪਸ ਦਿਵਾਉਣੀ}

ਦੋਹਰਾ:

ਗੁਰੁ ਗੁਬਿੰਦ ਮ੍ਰਿਗਿੰਦ ਜਯੋਂ,
ਹਨੇ ਤੁਰਕਿੰਦ ਬੁਲਿੰਦ[1]।
[1]ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਵੇਂ ਵੱਡੇ-ਵੱਡੇ ਤੁਰਕਾਂ ਨੂੰ ਮਾਰਿਆ ਹੈ।

ਤਯੋਂ ਮਮ ਦੁੰਦ ਨਿਕੰਦ ਹੈਂ,
ਬੰਦੋਂ ਪਦ ਅਰਬਿੰਦ[1] ॥੧॥
[1]ਤਿਵੇਂ ਹੀ ਮੇਰੇ (ਦੁੰਦ) ਵਿਘਨਾਂ ਨੂੰ ਕਟਦੇ ਹਨ (ਇਸੇ ਲਈ ਮੈਂ ਉਹਨਾਂ ਦੇ) ਚਰਨ-ਕੰਵਲਾਂ ਤੇ ਨਮਸ਼ਕਾਰ ਕਰਦਾ ਹਾਂ।

ਪੰਥ ਸੁਧਾਸਰ ਰਹਯੋ ਜਯੋਂ,
ਪੂਰਬ ਕਹਯੋ ਸੁਨਾਇ।
ਜਯੋਂ ਕਸੂਰ ਕੋ ਮਾਰ ਹੈਂ,
ਸਿੰਘ ਸੁਨੋ ਅਬਿ ਸਾਇ[1] ॥੨॥
[1](ਉਹ) ਪ੍ਰਸੰਗ।

ਕਬਿੱਤ:

ਸ਼ਹਿਰ ਕਸੂਰ ਮੈਂ ਕਸੂਰੀ ਅਫਗਾਨ[1] ਹੁਤੇ,
[1]ਪਠਾਣ।
ਹਾਕਮ ਮਹਾਨ ਬਾਰਾਂ ਠੌਰ ਮੈਂ ਪਛਾਨੀਏ।
ਦ੍ਵਾਦਸ ਦੁਰਗ[1] ਦ੍ਰਿਢ ਰਾਖੇ ਥੇ ਰਚਾਇ ਤਿਨ,
[1]ਬਾਰਾਂ ਪੱਕੇ ਕਿਲ੍ਹੇ।
ਹਿੰਦੂਓਂ ਕੋ ਦੁਖ ਦੀਨ ਤਬਿ ਹੀ ਮਹਾਨੀਏ।
ਤੀਸ ਲਾਖ ਕੇ ਕਰੀਬ ਮੁਲਕ ਉਨਹੂੰ ਪੈ ਹੁਤੋ,
ਦਯੋ ਸ਼ਾਹਿ ਬਾਬਰ ਕੇ ਵਕਤ ਕਾ ਜਾਨੀਏ।
ਬਹੁ ਬੇਟੀ ਕਾਹੂੰ ਕੀ ਨ ਛੋਡੀ ਬਿਨੁ ਭੇਟੀ[1] ਤਿਨ,
[1]ਭੋਗੇ ਤੋਂ ਬਿਨਾਂ।
ਜੁਲਮ ਅਤੁਲਮ[1] ਕਮਾਏ ਬਹੁ ਮਾਨੀਏ ॥੩॥
[1]ਬਹੁਤੇ।
ਤਾਂਹੀਂ ਸਮੇਂ ਏਕ ਦਿਜ ਅਤਿ ਹੀ ਦੁਖੀ ਹ੍ਵੈ ਨਿਜ[1],
[1]ਆਪਣੇ ਆਪ ਵਿੱਚ।
ਤੁਰਕਨ ਤੈ ਖਿਝਿ ਚਲਿ ਸੁਧਾਸਰ ਆਯੋ ਹੈ।
ਪੰਥ ਕਾ ਦੀਵਾਨ ਲਾਗ ਰਹਯੋ ਥਾ ਮਹਾਨ ਤਬਿ,
ਤਖਤ ਅਕਾਲ ਅਗਵਾਨ[1] ਬਹੁ ਭਾਯੋ ਹੈ।
[1]ਅੱਗੇ।
ਜਾਇ ਪੰਥ ਪਾਸ ਦਿਜ ਸ੍ਵਾਸ ਭਰਿ[1] ਆਸ ਕਰਿ,
[1]ਹਾਹੁਕੇ ਲੈ ਕੇ।
ਗੁਰੁ ਕੀ ਦੁਹਾਈ[1] ਬਹੁ ਬੇਰ ਯੌਂ ਅਲਾਯੋ ਹੈ[2]।
[1]ਸਹਾਇਤਾ ਲਈ ਪੁਕਾਰ ਦੀ ਸੱਦ। [2]ਬਹੁਤ ਵਾਰ ਇਸ ਤਰ੍ਹਾਂ ਕਹੀ।
ਸੁਨ ਕੈ ਅਵਾਜ ਪੰਥ ਖਾਲਸੇ ਸ਼ਿਤਾਬ[1] ਬੂਝਯੋ,
[1]ਛੇਤੀ।
ਕਹੋ ਦਿਜਵਰ[1] ਕਿਨਿ ਐਸ ਤੂੰ ਦੁਖਾਯੋ ਹੈ ॥੪॥
[1]ਸ੍ਰੇਸ਼ਟ ਬ੍ਰਾਹਮਣ।
ਹੁਤੋ ਕਵਿ ਕੋਵਿਦ ਸੁਯਾਨੋ ਰੋਇ ਵਾਰੋ ਦਿਜ[1],
[1]ਇਹਰੋਣ ਵਾਲਾ ਬ੍ਰਾਹਮਣ ਕਵੀ ਤੇ ਵਿਦਵਾਨ ਸੀ।

ਹਾਥ ਜੋਰਿ ਕਹ੍ਯੋ ਤਿਨ ਐਸ ਹੂੰ ਸੁਨਾਇ ਹੈ।	
ਕਰੀ ਹੈ ਕਸੂਰੀਏ ਪਠਾਨਨਿ ਕਸੂਰ ਅਤਿ,	
ਜਾਂ ਤੈ ਆਯੋ ਪੰਥ ਪਾਸ ਮੈਹੂੰ ਦੁਖ ਪਾਇ ਹੈ।	
ਹੁਤੀ ਰੂਪ ਗੁਨਵਾਰੀ ਪ੍ਰਾਨ ਪਜਾਰੀ ਨਾਰੀ ਮੇਰੀ,	
ਉਸਮਾਨ ਖਾਂ ਪਠਾਨ ਲਈ ਸੋ ਛਿਨਾਇ ਹੈ[1]।	[1]ਉਹ ਖੋਹ ਲਈ ਹੈ।
ਪਰਉਪਕਾਰ ਹੇਤ ਮਾਰਿ ਤਾਂਹਿ ਨਾਰਿ ਮੇਰੀ,	
ਦੀਜੀਏ ਲੈ ਮੁਝੇ ਤੁਝੈ ਨਾਮ ਕੀ ਲਜਾਇ ਹੈ[1] ॥੫॥	[1]ਤੁਹਾਨੂੰ ਆਪਣੇ (ਸਿੰਘ) ਨਾਮ ਦੀ ਲਾਜ ਹੈ।
ਫਿਰ੍ਯੋ ਮੈਹੂੰ ਦੇਸ ਔ ਬਿਦੇਸ ਕੇ ਨਰੇਸਨ ਪੈ[1],	[1]ਰਾਜਿਆਂ ਪਾਸ।
ਕੀਓ ਨ ਕਲੇਸ਼ ਕਿਨ ਦੂਰ ਮੇਰੇ ਮਨ ਕੋ।	
ਬੂਡ ਕੈ[1] ਮਰਨ ਜਬਿ ਮਾਂਡ੍ਯੋ[2] ਮੈਂ ਦਰਜਾਵ ਵੀਚ,	[1]ਡੁੱਬ ਕੇ। [2]ਮਨ 'ਚ ਧਾਰ ਲਿਆ।
ਤਹਾਂ ਤੈ ਅਕਾਸ਼-ਬਾਣੀ ਭਈ ਮੁਝ ਜਨ ਕੋ।	
ਗੋ[1] ਗਰੀਬ ਧੇਨ[2] ਦਿਜ[3] ਸਾਧੁਨ ਕੇ[11] ਰੱਖਨ ਕੋ,	[1]ਧਰਤੀ। [2]ਗਊ। [3]ਬ੍ਰਾਹਮਣ। [11]ਸਾਧੂਆਂ ਦੇ।
ਆਹਿ ਪੰਥ ਖਾਲਸਾ ਕਲੀ ਮੈ ਮੇਰੁ ਮਨਕੋ[1]।	[1](ਮਾਲਾ ਦੇ) ਮੇਰੂ ਮਣਕੇ ਵਾਂਗ ਸ਼੍ਰੋਮਣੀ ਹੈ।
ਮਾਨ ਕੈ ਹੁਕਮ ਜਗਤੇਸ ਕੋ ਬਿਸ਼ੇਸ਼ ਯਹਿ[1],	[1]ਇਹ ਵਾਹਿਗੁਰੂ ਦਾ ਖ਼ਾਸ ਹੁਕਮ (ਜੋ ਅਕਾਸ਼ ਬਾਣੀ ਰਾਹੀਂ ਪ੍ਰਾਪਤ ਹੋਇਆ ਸੀ) ਮੰਨ ਕੇ।
ਆਯੋ ਮੈਂ ਸ਼ਰਨਿ ਅਬਿ ਪੰਥ ਕੇ ਪਰਨ ਕੋ[1] ॥੬॥	[1]ਪੰਥ ਦੇ (ਪਰਨ) ਆਸਰੇ ਨੂੰ (ਮਨ 'ਚ ਧਾਰ ਕੇ ਮੈਂ ਤੁਹਾਡੀ) ਸ਼ਰਨ ਆਇਆ ਹਾਂ।
ਮੈਂ ਤੋ ਹੂੰ ਸੁਦਾਮਾ ਸਤਭਾਮਾ-ਪਤਿ ਖਾਲਸਾ ਜੀ[1],	[1]ਹੇ ਖ਼ਾਲਸਾ ਜੀ ਤੁਸੀਂ ਕ੍ਰਿਸ਼ਨ ਰੂਪ ਹੋ।
ਅਤਿ ਅਭਿਰਾਮਾ ਜਸ ਦਾਮਾ ਸੋ ਅਪਾਰ ਹੈ[1]।	[1]ਤੁਹਾਡਾ ਬਹੁਤਾ ਸੁੰਦਰ ਜਸ (ਅਪਾਰ) ਬਹੁਤਾ (ਦਾਮਾ) ਕੀਮਤੀ ਹੈ।
ਮੈਂ ਹੂੰ ਗਜ ਗ੍ਰਾਹਿ ਗ੍ਰਸ੍ਯੋ ਫਸ੍ਯੋ ਕਾਮ ਕੋਹ ਫਾਂਸ,	
ਚੱਕ੍ਰ-ਪਾਣੀ ਪੰਥ ਗੁਰੁ ਧ੍ਰੱਮਾ ਅਵਤਾਰ ਹੈ[1]।	[1]ਮੈਂ ਹਾਥੀ ਦੀ ਤਰ੍ਹਾਂ ਮੋਹ ਦੇ ਤੰਦੂਏ ਦਾ ਪਕੜਿਆ ਹੋਇਆ ਕਾਮ ਤੇ ਕ੍ਰੋਧ ਦੀ ਫਾਹੀ 'ਚ ਫਸਿਆ ਹੋਇਆ ਹਾਂ (ਚੱਕ੍ਰ ਪਾਣੀ) ਵਿਸ਼ਨੂੰ ਦੀ ਥਾਂ ਹੇ ਗੁਰੂ ਕੇ ਪੰਥ ਤੁਸੀਂ ਧਰਮ ਦਾ ਅਵਤਾਰ ਹੋ।
ਦੀਨ ਨਹੀਂ ਮੋ ਸੋਂ ਕੋਊ ਦੀਨ-ਦਜਾਲ ਪੰਥ ਸੋਂ ਨ,	
ਰਾਖੀਏ ਪ੍ਰਹਲਾਦ ਜ੍ਯੋਂ ਨ੍ਰਸਿੰਘ ਸਿੰਘ ਸਾਰ ਹੈਂ[1]।	[1]ਸਿੰਘ, ਨਰ ਸਿੰਘ (ਸਾਰ) ਵਾਂਗ ਹਨ।
ਕੀਜੈ ਨ ਅਵਾਰ[1] ਅਬਿ ਆਪਨੋ ਸੰਭਾਰ ਬ੍ਰਿਦ[2],	[1]ਦੇਰੀ। [2]ਆਪਣਾ ਧਰਮ ਚੇਤੇ ਕਰੋ।
ਲੀਜੀਏ ਉਬਾਰ[1] ਦੁਖ ਦੀਜੀਏ ਨਿਵਾਰ ਹੈ ॥੭॥	[1]ਬਚਾ ਲਉ।
ਲੋਭ ਕੀ ਲਹਰ ਕਾਮ ਕੋਹ ਕੀ ਗਹਿਰ ਵੀਚ[1],	[1]ਕ੍ਰੋਧ ਦੀ ਅਨ੍ਹੇਰੀ ਵਿੱਚ।

ਕੀਚ ਨੀਚ ਹ੍ਰਿਸ ਗ੍ਰਿਸ ਲੀਓ ਮੈਂ ਬਿਸਾਲਸਾ[1]।

[1]ਮੈਂ ਨੀਚ ਨੂੰ (ਹਿਰਸ) ਤ੍ਰਿਸ਼ਨਾ ਦੇ ਚਿੱਕੜ ਨੇ ਬਹੁਤ ਫਸਾ ਲਿਆ ਹੈ।

ਕੁਟਲ[1] ਕੁਰਾਹੀ ਕੂਰ ਕਾਇਰ ਕਠੋਰ ਕਾਮੀ,

[1]ਮੈਂ ਟੇਢੇ ਸੁਭਾ ਵਾਲਾ ਹਾਂ।

ਕਾਮਨੀ ਅਧੀਨ[1] ਦਾਹਜੋ ਮੋਹ ਕੀ ਜਵਾਲਸਾ[2]।

[1]ਇਸਤ੍ਰੀ ਦੇ ਅਧੀਨ ਹਾਂ। [2]ਮੋਹ ਦੀ ਅੱਗ ਨੇ ਮੈਨੂੰ ਸਾੜ ਦਿੱਤਾ ਹੈ।

ਮਾਯਾ ਕੇ ਮਕਰ ਪਗ ਰਾਖਜੋ ਹੈ ਪਕਰਿ, ਅੰਗ
ਅੰਗਨ ਸਕਰ ਜਾਲ ਜਕਰਿ ਕਮਾਲਸਾ[1]।

[1]ਮਾਇਆ ਦੇ ਮਗਰ ਮੱਛ ਨੇ (ਮਨ ਦੇ) ਪੈਰ ਨੂੰ ਪਕੜਰਖਿਆ ਹੈ (ਸਕਰ) ਸਾਰੇ ਅੰਗਾਂ ਅੰਗਾਂ ਨੂੰ ਮੋਹ ਰੂਪ ਜਾਲ ਨੇ ਬਹੁਤਾ ਜਕੜਿਆ ਹੋਇਆ ਹੈ।

ਬਾਲ ਸਾ[1] ਬਿਹਾਲਸਾ[2] ਮੈਂ ਸਾਮ[3] ਪਰਜੋ ਖਾਲਸਾ ਜੀ,
ਆਲਸਾ ਨ ਕੀਜੈ ਪੂਰ ਦੀਜੈ ਮਮ ਲਾਲਸਾ ॥੮॥

[1]ਬਾਲਕ ਵਾਂਗ। [2]ਦੁਖੀ। [3]ਸ਼ਰਨ।

ਤੇਜ ਰਹੋ ਤਰਨ ਕੈ ਸੋ ਧਰਨ ਮੈਂ ਪ੍ਰਕਾਸ਼ਮਾਨ,
ਆਨੰਦ ਅਮੇਜ ਸੇਜ ਸੁਫਲ ਫਰੇ ਰਹੋ[1]।

[1]ਸੋ (ਤੁਸੀਂ ਆਪਣੇ) ਤੇਜ (ਪ੍ਰਤਾਪ) ਦੇ ਸੂਰਜ ਦਾ ਧਰਤੀ ਉੱਪਰ ਪ੍ਰਕਾਸ਼ (ਕੈ) ਕਰਦੇ ਰਹੋ ਅਤੇ ਅਨੰਦ ਰੂਪ ਸੇਜਾ ਨਾਲ ਮਿਲਕੇ ਚੰਗੇ ਫਲਾਂ ਨਾਲ ਫਲਦੇ ਰਹੋ।

ਤਾਨਾ ਰਹੇ ਸਾਇਮਾਨਾ ਰਾਂਕਾਪਤਿ ਕੇ ਸਮਾਨਾ,
ਸੁਜਸ ਮਹਾਨਾ ਦੋ ਜਹਾਨਾ ਪੈ ਧਰੇ ਰਹੋ[1]।

[1]ਪੁੰਨਿਆ ਦੇ ਚੰਦ ਵਾਂਗ ਤੁਹਾਡੇ ਜਸ ਦਾ ਚੰਦੋਆ ਤਣਿਆਂ ਰਹੇ, ਇਸ ਮਹਾਨ ਜਸ ਨੂੰ ਤੁਸੀਂ ਦੋਹਾਂ ਜਹਾਨਾਂ ਵਿੱਚ ਪ੍ਰਾਪਤ ਕਰਦੇ ਰਹੋ।

ਦਸਹੂੰ ਦਿਸਾ ਕੇ ਦੀਹ ਦੁੱਜਨ ਕੋ ਜੀਤ ਆਛੇ,
ਧੈਬਤ ਪ੍ਰਤਾਪ ਸੋਂ ਪ੍ਰਤਾਪ ਕੋ ਧਰੇ ਰਹੋ[1]।

[1]ਦਸੋਂ ਦਿਸਾਂ ਦੇ (ਦੀਹ) ਭਾਰੀ ਵੈਰੀਆਂ ਨੂੰ ਚੰਗੀ ਤਰ੍ਹਾਂ ਜਿੱਤ ਕੇ ਉੱਜਲ (ਗੁਣਾਂ ਦੇ) ਪ੍ਰਭਾਵ ਨਾਲ ਬਹਾਦਰੀ ਨੂੰ ਧਾਰੀ ਰੱਖੋ। (ਧੈਬਤ, ਧੈਵਤ, ਉੱਜਲ। ਪ੍ਰਤਾਪ- ਪ੍ਰਭਾਵ। ਪ੍ਰਤਾਪ- ਵੀਰਤਾ, ਬਹਾਦਰੀ।)

ਸ੍ਰੀ ਗੁਬਿੰਦ ਸਿੰਘ ਜੁ ਕੇ ਲਾਡਲੇ ਛਬੀਲੇ[1] ਪੂਤ,

[1]ਸੁੰਦਰ।

ਫੈਲੇ ਰਹੋ ਫਬੇ ਰਹੋ ਫੂਲੇ ਰਹੋ ਫਰੇ ਰਹੋ[1] ॥੯॥

[1]ਫਲਦੇ ਰਹੋ।

ਜੌ ਲੌ ਜਲ ਜਾਲ ਪੈ ਨਿਵਾਸ ਖਾਸ ਕੱਛਪ ਕੋ,
ਕੱਛਪ ਪੈ ਸੇਸ, ਸੇਸ ਸੀਸਿ ਧਰ ਧਾਰੀ ਹੈ[1]।

[1]ਜਦੋਂ ਤੱਕ ਸਾਰੇ ਪਾਣੀ ਉੱਪਰ ਖ਼ਾਸ ਕੱਛੂ ਦਾ ਨਿਵਾਸ ਹੈ, ਕੱਛੂ ਦੇ ਉਪਰ ਸ਼ੇਸ਼ਨਾਗ ਹੈ ਅਤੇ ਸ਼ੇਸ਼ਨਾਗ ਦੇ ਸਿਰ ਤੇ ਧਰਤੀਰੱਖੀ ਹੋਈ ਹੈ।

ਧਰਾ ਪੈ ਸੁਮੇਰੁ ਮੇਰੁ ਸ੍ਰਿੰਗ ਪੈ ਸਿੰਘਾਸਨ,
ਸਿੰਘਾਸਨ ਪੈ ਜੌ ਲੌ ਪਾਕ-ਸਾਸਨ ਬਲਕਾਰੀ ਹੈ[1]।

[1]ਧਰਤੀ ਦੇ ਉੱਤੇ ਸੁਮੇਰ ਪਰਬਤ ਹੈ ਅਤੇ ਸੁਮੇਰ ਪਰਬਤ ਦੀ ਚੋਟੀ ਤੇ (ਇੰਦ੍ਰ ਦਾ) ਸਿੰਘਾਸਨ ਹੈ ਤੇ ਸਿੰਘਾਸਨ ਤੇ ਜਦੋਂ ਤੱਕ

ਬਲਵਾਨ ਇੰਦ੍ਰ (ਬਿਰਾਜਮਾਨ) ਹੈ।

ਗਜਾਨ ਸਿੰਘ ਤਾਂ ਪੈ ਅਨੁਸਾਸਨ ਕਮਲਾਸਨ ਕੀ,
ਜੌ ਲੌ ਗਰੁੜਾਸਨ ਕਮਲਾਸਨ ਪੈ ਭਾਰੀ ਹੈ[1]।

[1]ਗਿਆਨ ਸਿੰਘ (ਕਹਿੰਦਾ ਹੈ) ਜਦੋਂ ਤੱਕ ਤਿਸ (ਇੰਦ੍ਰ) ਦੇ ਉਪੱਰ ਬ੍ਰਹਮਾ ਦਾ ਹੁਕਮ ਹੈ (ਤਿਸ) ਬ੍ਰਹਮਾ ਉੱਤੇ ਵਿਸ਼ਨੂੰ ਜੀ ਭਾਰੀ (ਹੁਕਮਰਾਨ) ਹਨ।

ਤੌ ਲੌ ਰਾਜ ਰਾਜੈ ਸੁਖ ਸੰਪਤਿ ਸੋਂ ਖਾਲਸਾ ਜੀ,
ਦੇਗ ਤੇਗੋਂ ਫਤੇ ਰਾਖੈ ਸਤਿਗੁਰੂ ਤੁਮਾਰੀ ਹੈ[1] ॥ ੧੦ ॥

[1]ਹੇ ਖ਼ਾਲਸਾ ਜੀ ! ਤਦੋਂ ਤੱਕ ਸੁਖ ਤੇ ਸਮੱਗ੍ਰੀ ਨਾਲ ਤੁਹਾਡਾਰਾਜ ਅਟੱਲ ਰਹੇ ਤੇ ਸਤਿਗੁਰੂ ਤੁਹਾਡੀ ਦੇਗ ਅਤੇ ਤੇਗ ਦੀ ਫ਼ਤਹਰੱਖੇ।

ਕੱਛ ਕੇ ਰਖੱਜਾ ਲੱਛ ਕੱਛਪ ਜਤੋਂ ਅੱਛਰੈ ਹੈਂ,
ਰੱਛਕ ਪ੍ਰਤੱਛ ਹਿੰਦੁ ਧ੍ਰਮ ਕੇ ਨਿਹਾਰੇ ਹੈਂ[1]।

[1]ਕਛਹਿਰੇ ਦੇ ਧਾਰਨੀ ਹਨ, ਕੱਛੂ ਦੇ ਲੱਛਣਾਂ (ਗੁਣਾਂ) ਵਾਂਗ (ਆਪਣੇ ਇੰਦ੍ਰਿਆਂ ਨੂੰ) ਚੰਗੀ ਤਰ੍ਹਾਂ (ਸੰਕੋਚ ਕੇ) ਰੱਖਦੇ ਹਨ, ਹਿੰਦੂ ਧਰਮ ਦੇ ਪ੍ਰਤੱਖ ਹੀ ਰਾਖੇ ਦੇਖੇ ਹਨ।

ਕ੍ਰਦ ਰਖਵਾਰੇ ਮ੍ਰਦ ਗ੍ਰਦ ਕਰੈਂ ਬੈਰਿਨ ਕੋ,
ਅਮ੍ਰਨ ਜਤੋਂ ਅਮ੍ਰ ਰੈਹੈਂ ਅੰਮ੍ਰਿਤ ਜੇ ਧਾਰੇ ਹੈਂ[1]।

[1]ਕਿਰਪਾਨ ਦੇ ਧਾਰਨੀ ਹਨ, ਬਹਾਦਰ ਹਨ ਵੈਰੀਆਂ ਨੂੰ ਧੂੜ 'ਚ ਮਿਲਾ ਦੇਂਦੇ ਹਨ। ਦੇਵਤਿਆਂ ਵਾਂਗ ਉਹ ਅਮਰ ਰਹਿੰਦੇ ਹਨ ਜਿਨ੍ਹਾਂ ਨੇ ਕਿ (ਖੰਡੇ ਦਾ) ਅੰਮ੍ਰਿਤ ਛਕਿਆ ਹੋਇਆ ਹੈ।

ਗਜਾਨ ਸਿੰਘ ਸੇਸ ਜਤੋਂ ਬਿਸੇਸ ਨਾਮ ਜਾਪ ਕਰਹਿਂ,
ਕੇਸ-ਬੇਸਧਾਰੀ ਜਗਤੇਸ ਕੇ ਪਯਾਰੇ ਹੈਂ[1]।

[1]ਗਿਆਨ ਸਿੰਘ (ਕਹਿੰਦਾ ਹੈ) ਕਿ ਸ਼ੇਸ਼ਨਾਗ ਵਾਂਗ (ਬਿਸੇਸ) ਬਹੁਤਾ ਨਾਮ ਦਾ ਜਾਪ ਕਰਦੇ ਹਨ। ਕੇਸਾਂ ਤੇ (ਖ਼ਾਲਸਾਈ) ਲਿਬਾਸ ਦੇ ਧਾਰਨੀ ਵਾਹਿਗੁਰੂ ਦੇ ਪਿਆਰੇ ਹਨ।

ਸਿੰਘ ਨਾਮਵਾਰੇ ਨਰ-ਸਿੰਘ ਰੂਪ ਧਾਰੇ ਰੈਹੈਂ,
ਰੱਖਕ ਤਿਹਾਰੇ ਸਦਾ ਸੇਤ ਬਾਜਵਾਰੇ ਹੈਂ[1] ॥ ੧੧ ॥

[1]ਸਿੰਘ ਨਾਮ ਵਾਲੇ (ਖ਼ਾਲਸਾ ਜੀ) ਨਰ ਸਿੰਘ ਵਾਂਗ (ਬੀਰਰਸੀ ਰੂਪ) ਧਾਰੀ ਰੱਖਦੇ ਹਨ। ਚਿੱਟੇ ਬਾਜਾਂ ਵਾਲੇ (ਸ੍ਰੀ ਗੁਰੂ ਗੋਬਿੰਦ ਸਿੰਘ) ਤੁਹਾਡੇ ਸਦਾਰਾਖੇ ਹਨ।

ਅਵਨਿ ਉਬਾਰਬੇ ਕੋ ਦਾਢ ਜਤੋਂ ਬੈਰਾਹਿ ਜੁ ਕੀ,
ਛੱਤ੍ਰੀਨ ਛੰਡਬੇ ਕੋ ਪ੍ਰਸ ਭ੍ਰਿਗੁ ਕੇ ਗਹੈਂ[1]।

[1]ਜਿਵੇਂ ਧਰਤੀ ਦੇ ਬਚਾਉਣ ਨੂੰ ਬਰਾਹ (ਅਵਤਾਰ) ਦੀ ਜਾੜ੍ਹ ਹੈ ਅਤੇ ਛੱਤ੍ਰੀਆਂ ਦੇ ਮਾਰਨ ਨੂੰ ਭ੍ਰਿਗੁ (ਦੀ ਵੰਸ਼ ਵਿੱਚੋਂ ਜਮਦਗਨਿ ਰਿਖੀ) ਦੇ (ਪੁੱਤਰ ਪਰਸਰਾਮ ਨੇ) ਕੁਹਾੜਾ ਪਕੜਿਆ ਹੋਇਆ ਹੈ।

ਬਾਵਨ ਕੀ ਡਿੰਗ ਸ੍ਰੁਤਿ ਗਾਵਨ ਅਮਾਵਨ ਜਤੋਂ,
ਰਾਵਨ ਕੇ ਘਾਵਨ ਕੋ ਬਾਨ ਰਾਮ ਬੇਗ ਹੈਂ[1]।

[1]ਜਿਵੇਂ ਵੇਦ ਕਹਿੰਦੇ ਹਨ ਕਿ ਬਾਵਨ (ਅਵਤਾਰ) ਦੀ ਕਦਮ ਮਿਣਤੀ ਤੋਂ ਰਹਿਤ ਹੈ ਅਤੇ ਰਾਵਣ ਦੇ ਮਾਰਨ ਨੂੰ ਰਾਮ ਚੰਦਰ ਜੀ ਦੇ ਤੀਰ ਤੇਜ਼ (ਚਲਦੇ) ਹਨ।

ਗਯਾਨ ਸਿੰਘ ਗਯਾਨ ਜਯੋਂ ਅਗਯਾਨ ਕੌ ਪ੍ਰਹਾਨ ਕਰੈ,
ਗਨਯੋ ਜਾਤ ਗਰੁੜ ਕਾ ਗ੍ਰੰਥਨ ਮੈਂ ਬੇਗ ਹੈ[1]।

[1]ਗਿਆਨ ਸਿੰਘ (ਕਹਿੰਦਾ ਹੈ) ਕਿ ਜਿਵੇਂ ਗਿਆਨ ਅਗਿਆਨ ਨੂੰ ਨਾਸ਼ ਕਰ ਦੇਂਦਾ ਹੈ ਅਤੇ ਗ੍ਰੰਥਾਂ ਵਿੱਚ ਗਰੁੜ ਦਾ (ਬੇਗ) ਤੇਜ਼ (ਚਲਣਾ ਭਾਵ) ਉੱਡਣਾ ਗਿਣਿਆਂ ਗਿਆ ਹੈ।

ਹਿੰਦੁ ਧਰਮ ਪਾਰਬੇ ਕੋ ਗਾਰਬੇ ਕੋ ਬੈਰਿਨ ਕੋ,
ਜੀਤਬੇ ਕੋ ਜੰਗ ਤੈਸੇ ਸਿੰਘਨ ਕੀ ਤੇਗ ਹੈ[1] ॥ ੧੨ ॥

[1]ਤਿਵੇਂ ਹੀ ਹਿੰਦੂ ਧਰਮ ਦੇ ਪਾਲਣ ਨੂੰ, ਵੈਰੀਆਂ ਦੇ ਗਾਲਣ ਨੂੰ ਅਤੇ ਜੰਗ ਦੇ ਜਿੱਤਣ ਨੂੰ ਸਿੰਘਾਂ ਦੀ ਤਲਵਾਰ (ਬਲੀ) ਹੈ।

ਬਾਜ ਜਯੋਂ ਬਿਹੰਗਨ ਭੁਜੰਗਨ ਪੈ ਖਗ-ਰਾਜ,
ਜਾਚਨਾ ਪੈ ਲਾਜ ਗਾਜ ਹਨੂ ਲੰਕ ਘਾਲਸਾ[1]।

[1]ਜਿਵੇਂ ਪੰਛੀਆਂ ਉੱਤੇ ਬਾਜ਼, ਸੱਪਾਂ ਉੱਤੇ ਗਰੁੜ, ਮੰਗਣ ਉੱਤੇ ਸ਼ਰਮ, ਲੰਕਾ ਦੇ ਨਾਸ਼ ਕਰਨ ਨੂੰ ਹਨੂਮਾਨ ਦੀ ਗਰਜ (ਬਲੀ) ਹੈ।

ਪਾਪਨ ਪੈ ਜਾਪ ਤਾਪ ਸ੍ਰਾਪ ਮੁਨਿ ਜਾਦਵੋਂ ਪੈ,
ਹੈਦਰ ਕੀ ਹਾਕ ਦਰੇ ਖੈਬਰ ਪੈ ਕਾਲਸਾ[1]।

[1](ਜਿਵੇਂ) ਪਾਪਾਂ ਉੱਤੇ ਜਪ ਤਪ, ਜਾਦਵਾਂ ਉੱਤੇ (ਦੁਰਬਾਸਾ) ਮੁਨੀ ਦਾ ਸ੍ਰਾਪ, (ਹੈਦਰੀ ਝੰਡੇ ਥੱਲੇ ਜਹਾਦ ਕਰਨ ਸਮੇਂ) ਅਲੀ ਅਲੀ ਦੀ ਅਵਾਜ਼ ਖ਼ੈਬਰ ਦੇਰਸਤੇ ਉੱਤੇ ਕਾਲ ਵਰਗੀ ਹੈ।

ਮ੍ਰਿਗਨ ਪੈ ਚੀਤਾ, ਗਜ ਝੁੰਡਨ ਪੈ ਸਾਰਦੂਲ,
ਮੇਘਨ ਪੈ ਪੌਨ ਜੈਸੇ ਡਾਲਤ ਜਵਾਲਸਾ[1]।

[1]ਜਿਵੇਂ ਹਰਨਾਂ ਉੱਤੇ ਚਿੱਤ੍ਰਾ, ਹਾਥੀਆਂ ਦੇ ਇਕੱਠ ਉਪਰ ਸ਼ੇਰ, ਬੱਦਲਾਂ ਤੇ ਹਵਾ ਅੱਗ ਸੁੱਟਦੀ ਹੈ ਭਾਵ ਨਾਸ਼ ਕਰ ਦੇਂਦੀ ਹੈ।

ਪਵੀ ਜਯੋਂ ਗਿਰਾਨ ਪੈ ਹੈ, ਰਾਛਸਾਨ ਹਨੂਮਾਨ,
ਤੈਸੇ ਤੁਰਕਾਨ ਪੈ ਪਛਾਨ ਪੰਥ ਖਾਲਸਾ[1] ॥ ੧੩ ॥

[1]ਜਿਵੇਂ ਪਹਾੜਾਂ ਉੱਪਰ (ਪਵੀ) ਇੰਦ੍ਰ ਦਾ ਬੱਜਰ, ਰਾਖਸ਼ਾਂ (ਰਾਵਣ ਦੀ ਫੌਜ) ਉੱਤੇ ਹਨੂਮਾਨ, ਤਿਵੇਂ ਤੁਰਕਾਂ ਉੱਪਰ ਖ਼ਾਲਸਾ ਪੰਥ ਨੂੰ (ਬਲੀ) ਪਛਾਣੋ।

ਸਾਜੀ ਸਭਿ ਸੌਜ ਰਹੈ ਫੌਜ ਤੋ ਸਨੱਧ ਬੱਧ,
ਹੀਏ ਹੌਜ ਮੌਜ ਪੂਰੈ ਦੀਨਨ ਪੈ ਢਰੇ ਰਹੋ[1]।

[1](ਹੇ ਖ਼ਾਲਸਾ ਪੰਥ ! ਸ਼ਸਤ੍ਰ ਬੰਨ੍ਹ ਕੇ) ਤਿਆਰ-ਬਰ-ਤਿਆਰ ਫੌਜ ਸਾਰੀ ਸਮੱਗ੍ਰੀ (ਸਾਜੋ ਸਾਮਾਨ) ਨਾਲ ਸਜੀ ਰਹੇ। (ਤੁਹਾਡੇ) ਹਿਰਦਿਆਂ ਦੇ ਹੌਜ਼ (ਮੌਜ) ਅਨੰਦ ਨਾਲ ਭਰੇਰਹਿਣ, ਗ਼ਰੀਬਾਂ ਤੇ ਤਰਸ ਕਰਦੇ ਰਹੋ।

ਭੀਮ ਗੁੜਾਕੇਸ ਪੌਨ-ਪੂਤ ਸੇ ਪ੍ਰਚੰਡ ਜੋਧੇ,
ਦੁੱਜਨ ਕੀ ਛਾਤੀ ਪਰ ਗਢੇ ਪਾਇ ਧਰੇ ਰਹੋ[1]।

[1]ਭੀਮ ਸੈਨ (ਗੁੜਾਕੇਸ) ਅਰਜਨ, (ਪੌਨ-ਪੂਤ) ਹਨੂਮਾਨ, ਵਰਗੇ ਬਲੀ ਜੋਧਿਓ (ਦੁੱਜਨ) ਦੁਸ਼ਮਣਾਂ ਦੀ ਛਾਤੀ ਉੱਤੇ (ਗਢੇ) ਪੱਕੀ ਤਰ੍ਹਾਂ ਪੈਰ ਜਮਾਈ ਰੱਖੋ।

ਭਾਰੀ ਭੂਰ ਭੌਨਨ ਮੈਂ ਭਾਮਨੀ ਸਜੋਂ ਭਾਂਤਿ ਭਾਂਤਿ,
ਭੋਗੋ ਭਲ ਭੋਗਨ ਕੋ ਭ੍ਰਾਜੈ ਭਾਗ ਭਰੇ ਰਹੋ[1]।

[1]ਬਹੁਤੇ ਵੱਡੇ (ਭੌਨ) ਮਹੱਲਾਂ ਵਿੱਚ (ਆਪਣੀਆਂ) ਇਸਤ੍ਰੀਆਂ

ਨਾਲ ਤਰ੍ਹਾਂ ਤਰ੍ਹਾਂ ਦੇ ਚੰਗੇ (ਭੋਗਨ) ਅਨੰਦਾਂ ਨੂੰ ਮਾਣਦੇ ਹੋਏ (ਭ੍ਰਾਜੈ) ਚਮਕਦੇ ਰਹੋ ਤੇ ਭਾਗਾਂ ਨਾਲ ਭਰੇ ਰਹੋ।

ਬਾਂਕੁਰੇ ਛਬੀਲੇ ਛੈਲ ਗੁਰੂ ਕੇ ਰੰਗੀਲੇ ਲਾਲ,
ਕ੍ਰਿਪਾ ਗੁਰੁ ਈਸ਼੍ਵਰ ਤੈ ਸੁਫਲ ਫਰੇ ਰਹੋ[1] ॥ ੧੪ ॥

[1](ਬਾਂਕਰੇ) ਬਹਾਦਰ (ਛਬੀਲੇ) ਸੁੰਦਰ (ਛੈਲ) ਸਜੇ ਹੋਏ ਗੁਰੂ ਦੇ (ਰੰਗੀਲੇ) ਮੌਜੀ ਸਪੁੱਤਰੋ ਗੁਰਾਂ ਤੇ ਵਾਹਿਗੁਰੂ ਦੀ ਕਿਰਪਾ ਨਾਲ ਚੰਗੇ ਫਲਾਂ ਨਾਲ ਫਲੇ ਰਹੋ।

ਸਾਂਟਨ ਕੇ ਸੁਰਖ ਬਿਛੌਨਾ ਪਾਇ ਗਡ ਜਾਤ,
ਧਰਤੀ ਪੈ ਧਰਤੀ ਡਿੰਗ ਭਰਤੀ ਅਕੁਲਾਤੀ ਹੈਂ[1]।

[1]ਰੇਸ਼ਮ ਦੇ ਲਾਲ ਵਿਛੌਣਿਆਂ ਵਿੱਚ (ਤੁਰਕਾਂ ਦੀਆਂ) ਜਿਨ੍ਹਾਂ (ਇਸਤ੍ਰੀਆਂ ਦੇ) ਪੈਰ ਖੁਭ ਜਾਂਦੇ ਸਨ ਅਤੇ ਧਰਤੀ ਦੇ ਉੱਤੇ (ਡਿੰਗ) ਕਦਮ ਭਰ ਕੇ ਧਰਦੀਆਂ ਹੀ ਘਬਰਾਉਂਦੀਆਂ ਸਨ।

ਮੰਦਰ ਕੇ ਅੰਦਰ ਤੈ ਦ੍ਵਾਰ ਲੌ ਨ ਗਈ ਹੁਤੀ ਕਬੀ,
ਜੋਊ ਰੂਪ ਰਾਸ ਜੋਬਨ ਮਦ ਮਾਤੀ ਹੈਂ[1]।

[1]ਜਿਹੜੀਆਂ ਮਹਿਲਾਂ ਦੇ ਅੰਦਰ ਤੋਂ ਦਰਵਾਜ਼ੇ ਤੱਕ ਵੀ ਕਦੇ (ਪੈਦਰ ਤੁਰ ਕੇ) ਨਹੀਂ ਸਨ ਗਈਆਂ, ਅਤੇ ਜਿਹੜੀਆਂ ਬਹੁਤੇ ਰੂਪ ਵਾਲੀਆਂ ਜੁਆਨੀ ਦੀ ਮਸਤੀ ਵਿੱਚ ਮਸਤ ਸਨ।

ਏ ਜੁ ਪੰਥ ਥਾਰੇ ਡਰਿ ਵੇਊ ਨਾਰੈਂ ਸੱਤ੍ਰਨ ਕੀ,
ਓਢਨੀ ਸੰਭਾਰੈਂ ਨਾਹਿੰ ਪਨਹੀਂ ਨ ਪਾਤੀ ਹੈਂ[1]।

[1]ਹੇ ਖਾਲਸਾ ਪੰਥ ਜੀ ! ਤੁਹਾਡੇ ਡਰ ਨਾਲ ਉਹ ਦੁਸ਼ਮਣਾਂ ਦੀਆਂ ਇਸਤ੍ਰੀਆਂ ਨਾ (ਓਢਨੀ) ਚੁੰਨੀਆਂ ਸੰਭਾਲਦੀਆਂ ਹਨ ਤੇ ਨਾ (ਹੀ ਪੈਰ) (ਪਨਹੀ) ਜੁੱਤੀ ਪਾਉਂਦੀਆਂ ਹਨ।

ਬੌਰੀ ਭਈ ਦੌਰੀ ਜਾਤੀ ਬਿਲਲਾਤੀ ਬੀਆਬਾਨ,
ਬਾਸਮਤੀ ਖਾਤੀ ਸੋ ਬਨਾਸਪਤੀ ਖਾਤੀ ਹੈਂ[1] ॥ ੧੫ ॥

[1]ਸ਼ੁਦਾਈ ਹੋਈਆਂ ਬੀਆਬਾਨ ਵਿੱਚ ਵਿਰਲਾਪ ਕਰਦੀਆਂ ਦੌੜੀਆਂ ਜਾਂਦੀਆਂ ਹਨ। ਜਿਹੜੀਆਂ ਬਾਸਮਤੀ ਦੇ (ਚੌਲ) ਖਾਂਦੀਆਂ ਸਨ ਉਹ ਹੁਣ ਘਾਹ ਪੱਤੇ ਖਾ ਰਹੀਆਂ ਹਨ।

ਏ ਜੁ ਪੰਥ ਖਾਲਸਾ ਬਿਸਾਲਸਾ ਸੁਨੀਜੈ ਬਿਨੈ,
ਆਲਸਾ ਕੋ ਛੋਰ ਕਰੋ ਪੂਰਨ ਮਮ ਲਾਲਸਾ[1]।

[1]ਹੇ (ਬਿਸਾਲਸਾ) ਮਹਾਨ ਪੰਥ ਖ਼ਾਲਸਾ ਜੀ ! (ਮੇਰੀ ਇਹ) ਬੇਨਤੀ ਸੁਣੋ, ਆਲਸ ਨੂੰ ਛੱਡ ਕੇ ਮੇਰੀ ਇੱਛਾ ਸੰਪੂਰਨ ਕਰੋ।

ਬਾਲ ਸਾ ਅਕਾਲ ਕਾ ਸਜਾਯੋ ਗੁਰੁ ਯਾਂਹੀਂ ਹਿਤ,
ਪਾਲਸਾ ਯਤੀਮਨ, ਗਨੀਮਨ ਕੋ ਗਾਲਸਾ[1]।

[1]ਅਕਾਲ ਪੁਰਖ ਦਾ ਸਪੁੱਤਰ (ਖਾਲਸਾ ਪੰਥ) ਗੁਰੂ ਜੀ ਨੇ ਏਸੇ ਵਾਸਤੇ ਸਜਾਇਆ ਹੈ ਕਿ ਗਰੀਬਾਂ ਦੀ ਪਾਲਣਾ ਕਰੇ ਤੇ ਦੁਸ਼ਮਣਾਂ ਨੂੰ ਗਾਲੇ ਭਾਵ ਨਾਸ ਕਰੇ।

ਘਾਲਸਾ ਕਸੂਰਵਾਰੇ ਤੁਰਕਨ ਕੋ ਹੂਜੈ ਨਾਥ,
ਕੀਨੋ ਜਿਨੈ ਜੁਲਮ ਅਤੁਲਮ ਕਮਾਲਸਾ[1]।

[1]ਹੇ ਸੁਆਮੀ (ਖ਼ਾਲਸਾ ਜੀ !) ਕਸੂਰ ਵਾਲੇ ਤੁਰਕਾਂ ਨੂੰ ਨਾਸ ਕਰੋ, ਜਿਨ੍ਹਾਂ ਨੇ (ਅਤੁਲਮ) ਤੋਲਣ ਤੋਂ ਰਹਿਤ (ਕਮਾਲਸਾ) ਬਹੁਤਾ ਜ਼ੁਲਮ ਕੀਤਾ ਹੈ।

ਢਾਲਸਾ ਸਰਨ ਪ੍ਰਨ ਪਾਲਸਾ ਦਯਾਲਸਾ ਹੈ,
ਕਾਲਸਾ ਚੁਕੱਤਨ ਕੁਪੱਤਨ ਪੈ ਖਾਲਸਾ[1] ॥ ੧੬ ॥

[1](ਖ਼ਾਲਸਾ ਪੰਥ) ਸ਼ਰਣ ਆਇਆਂ ਦੀ (ਢਾਲਸਾ) ਰਖਿਆ

ਕਰਦਾ ਹੈ, (ਆਪਣੇ ਕੀਤੇ) ਪ੍ਰਣ ਨੂੰ ਪੂਰਾ ਕਰਦਾ ਹੈ, ਦਇਆਲੂ ਹੈ, ਕੁਪੱਤੇ ਚੁਗੱਤਿਆਂ (ਮੁਗ਼ਲਾਂ) ਨੂੰ ਕਾਲ ਵਰਗਾ ਹੈ।

ਸ੍ਵੈਯਾ:

ਹਾਡ ਦਧੀਚ* ਰਿਖਿੰਦ੍ਰ ਦਏ ਨਿਜ,
ਇੰਦ੍ਰ ਤਈਂ ਉਪਕਾਰ ਹਿਤੀਏ[1]।

*ਸ਼ਿਵੀ ਤੇ ਦਧੀਚਿ ਬਾਰੇ ਦੇਖੋ ਬਿਸ੍ਰਾਮ ਨੰ: ੨੯, ਅੰਕ ਨੰ: ੭ ਤੇ * ਤੇ + ਨਿਸ਼ਾਨਾਂ ਦੀਆਂ ਪੈਰ ਟੂਕਾਂ।

[1](ਜਿਵੇਂ) ਵੱਡੇ ਰਿਸ਼ੀ ਦਧੀਚਿ ਨੇ ਇੰਦ੍ਰਰਾਜੇ ਨੂੰ ਪਰਉਪਕਾਰ ਦੀ ਖਾਤਿਰ ਆਪਣੇ ਹੱਡ ਦਿੱਤੇ।

ਮਾਸ ਦਯੋ ਕੱਟਿ ਖਾਸ ਸ਼ਿਵੀ ਨ੍ਰਿਪ,
ਹੇਤ ਕਪੋਤ ਪੁਰਾਨ ਭਨੀਏ[1]।

[1]ਪੁਰਾਣਾਂ ਵਿੱਚ ਇਹ ਕਥਾ ਹੈ ਕਿ ਸ਼ਿਵੀ ਰਾਜੇ ਨੇ ਕਬੂਤਰ (ਦੀ ਜਾਨ ਬਚਾਉਣ) ਵਾਸਤੇ ਆਪਣਾ ਮਾਸ ਕੱਟ ਕੇ ਦਿੱਤਾ।

ਬਿੱਕ੍ਰਮ ਭੋਜ ਕਰੇ ਉਪਕਾਰ ਅਪਾਰ,
ਕਥਾ ਜਗਿ ਜਾਹਿਰ ਥੀਏ[1]।

[1]ਬਿਕ੍ਰਮਾਜੀਤ ਅਤੇ ਭੋਜ (ਰਾਜਿਆਂ ਨੇ) ਜੋ ਬਹੁਤੇ ਪਰਉਪਕਾਰ ਕੀਤੇ ਹਨ ਉਹਨਾਂ ਦੀਆਂ ਕਥਾਵਾਂ ਜਗਤ ਵਿੱਚ ਪ੍ਰਗਟ ਹਨ।

ਤਯੋਂ ਅਬਿ ਪੰਥ ਪਰੋ-ਉਪਕਾਰ
ਕਰੈ, ਹਮਰਾ ਪਰਮਾਰਥ ਲੀਏ[1] ॥੧੭॥

[1]ਤਿਵੇਂ ਪੰਥ (ਹਮਰਾ) ਮੇਰੇ (ਪ੍ਰਮਾਰਥ) ਭਲੇ ਲਈ ਪਰਉਪਕਾਰ ਕਰੇ।

ਕਰਣ ਸ੍ਵਰਣ ਸਵਾ ਮਣ ਰੋਜ,
ਦਯੋ ਤਨ ਜਾਰ ਸਭੀ ਜਗ ਜਾਨੈਂ[1]।

[1]ਕਰਣਰਾਜਾ ਹਰਰੋਜ਼ ਸਵਾ ਮਣ ਸੋਨਾ (ਦਾਨ ਕਰਦਾ ਸੀ)। ਏਸੇ ਸਿਲਸਿਲੇ ਵਿੱਚ ਉਸ ਨੇ ਆਪਣਾ) ਸ਼ਰੀਰ ਸਾੜ ਦਿੱਤਾ ਸੀ। (ਜਿਸ ਨੂੰ) ਸਾਰਾ ਜਗਤ ਜਾਣਦਾ ਹੈ।

ਜਗਦੇਵ ਪਵਾਰ ਦਯੋ ਨਿਜ ਸੀਸ,
ਉਤਾਰ ਨਿਜੰ ਕਰ ਸੋਂ ਪਰਮਾਨੈ[1]।

[1]ਪਵਾਰ ਗੋਤ ਦੇ ਜਗਦੇਵ ਨੇ ਆਪਣੇ ਹੱਥੀਂ ਉਤਾਰ ਕੇ ਆਪਣਾ ਸਿਰ ਦਿੱਤਾ ਸੀ, ਇਹ ਪ੍ਰਮਾਣੀਕ (ਕਥਾ) ਹੈ।

ਗੁਰੁ ਤੇਗ ਬਹਾਦਰ ਸਾਦਿਰ ਦੈ ਸਿਰ,
ਰਾਖ ਦਯੋ ਹਿੰਦੁਵਾਨ ਮਹਾਨੈ[1]।

[1]ਸ੍ਰੀ ਗੁਰੂ ਤੇਗ ਬਹਾਦਰ ਜੀ ਨੇ (ਸਾਦਿਰ) ਨਿਰਭੈ ਹੋ ਕੇ ਸੀਸ ਦਿੱਤਾ (ਜਿਸ ਨਾਲ) ਮਹਾਨ ਹਿੰਦੂ ਕੌਮ ਦੀ ਰੱਖਿਆ ਕੀਤੀ।

ਮਾਰਿ ਮਲੇਛ ਮਹੀਪ ਘਨੇ,
ਦਸਮੇਂ ਪਤਿਸ਼ਾਹਿ ਰਖਯੋ ਹਿੰਦੁਵਾਨੈ[1] ॥੧੮॥

[1]ਦਸਵੇਂ ਪਾਤਸ਼ਾਹ (ਸ੍ਰੀ ਗੁਰੂ ਗੋਬਿੰਦ ਸਿੰਘ) ਜੀ ਨੇ ਬਹੁਤੇ ਤੁਰਕਾਂ ਤੇ ਪਹਾੜੀ ਰਾਜਿਆਂ ਨੂੰ ਮਾਰ ਕੇ ਹਿੰਦੂਆਂ ਦੀ ਰਾਖੀ ਕੀਤੀ।

ਸਾਧ ਗਊ ਦਿਸ[1] ਦੀਨਨ ਕੇ ਹਿਤ[2],
ਰੱਖਕ ਪੰਥ ਰਚਯੋ ਗੁਰੂਆਂ ਨੇ।

[1]ਬ੍ਰਾਹਮਣ। [2]ਗ਼ਰੀਬਾਂ (ਦੀਰੱਖਿਆ) ਦੇ ਵਾਸਤੇ।

ਮਾਰ ਕਸੂਰ[1] ਤਈਂ ਅਬਿ ਹੀ,	[1]ਦੋਸ਼।
ਸਭਿ ਹੀ ਲਿਹੁ ਕਾਢ ਕਸੂਰ ਪੁਰਾਨੇ।	
ਜਬਿ ਲੌਂ ਜਗਿ ਇੰਦੁ ਬਿਭਾਸ ਰਹੈਂ[1],	[1]ਜਦੋਂ ਤੱਕ ਜਗਤ ਵਿੱਚ (ਇੰਦੁ) ਚੰਦ (ਬਿਭਾਸ) ਸੂਰਜ (ਚਮਕਦੇ) ਰਹਿਣਗੇ।
ਤਬਿ ਲੌਂ ਰਹਿ ਹੈ ਜਸ ਪੰਥ ਮਹਾਨੇ।	
ਦੇਰ ਕਰੋ ਨਹਿਂ ਹੇ ਗੁਰੁ ਖਾਲਸਾ,	
ਮਾਲ ਲੁਟੋ ਹਤ ਕੈ[1] ਤੁਰਕਾਨੇ ॥੧੯॥	[1]ਮਾਰ ਕੇ।
ਯੌਂ ਸੁਨ ਕੈ ਦਿਜ ਕੀ ਬਤੀਆਂ,	
ਇਤਜਾਦਿ ਘਨੀ ਮੁਦ ਪੰਥ ਥਵੈ ਹੈ[1]।	[1]ਇਸ ਤਰ੍ਹਾਂ (ਇਤਜਾਦਿ) ਮੁੱਢ ਤੋਂ ਅੰਤ ਤੱਕ ਬਹੁਤ ਗੱਲਾਂ ਬ੍ਰਾਹਮਣ ਦੀਆਂ ਸੁਣ ਕੇ ਪੰਥ ਖ਼ੁਸ਼ ਹੋਇਆ।
ਧੀਰਜ ਦੈ ਦਿਜ ਕੋ ਸਰਦਾਰਨ,	
ਬੈਠ ਪੁਨਾ ਗੁਰਮੱਤ ਕਰੈ ਹੈ[1]।	[1]ਗੁਰਮਤਾ ਕਰਨ ਲੱਗੇ।
ਬੋਲ ਉਠ੍ਯੋ ਸਭਿ ਸੈਂ ਪਹਿਲੇ,	
ਸਰਦਾਰ ਹਰੀ ਸਿੰਘ ਬੀਰ ਤਬੈ ਹੈਂ।	
ਹੇ ਦਿਜ ਮਾਰ ਕੈ ਸੱਤ੍ਰੁ[1] ਤਈਂ,	[1]ਵੈਰੀ।
ਅਬਿ ਤੋਰ ਕਲਿੱਤ੍ਰ[1] ਤੁਮੈਂ ਦਿਲਵੈ ਹੈਂ ॥੨੦॥	[1]ਤੇਰੀ ਇਸਤ੍ਰੀ।
ਗੀਆ ਛੰਦ:	
ਲੈ ਨਾਰਿ ਤੁਮਰੀ ਪੰਥ ਦੈਹੈ,	
ਤੁਰਕ ਗਨ[1] ਕੌ ਮਾਰ ਕੈ।	[1]ਬਹੁਤੇ।
ਤਜਿ ਸ਼ੋਕ ਹੋਹੁ ਬਿਸ਼ੋਕ[1] ਤੂੰ,	[1]ਖ਼ੁਸ਼, ਪ੍ਰਸੰਨ।
ਅਬਿ ਯਹੀ ਨਿਸਚੈ ਧਾਰ ਕੈ।	
ਯਹ ਬਾਤ ਸੁਨਿ ਫਿਰ ਪੰਥ ਬੋਲ੍ਯੋ,	
ਹਰੀ ਸਿੰਘ ਕੋ ਐਸ ਹੀ।	
ਉਤ ਤੁਰਕ ਵੀਚ ਕਸੂਰ ਦਹਿਗੁਨ[1],	[1]ਦਸ ਗੁਣਾਂ।
ਪੰਥ ਤੈ ਅਬਿ ਹੈਂ ਸਹੀ[1] ॥੨੧॥	[1]ਠੀਕ।
ਪੁਨ ਦੁਰਗ ਦ੍ਵਾਦਸ਼[1] ਤਹਾਂ ਜੰਗੀ,	[1]ਬਾਰਾਂ ਕਿਲ੍ਹੇ।
ਸਜੇ ਸਹਤ ਸਮਾਜ ਹੈਂ[1]।	[1]ਜੰਗੀ ਸਾਮਾਨ ਨਾਲ ਸਜੇ ਹੋਏ ਹਨ।
ਬਲਵਾਨ ਯਹਿ ਅਫਗਾਨ[1],	[1]ਪਠਾਣ।
ਬੀਚ ਜਹਾਨ ਪਰਗਟ ਆਜ ਹੈਂ।	
ਤਬਿ ਫੇਰ ਭੰਗੀ[1] ਹਰੀ ਸਿੰਘ ਨੈ,	[1]ਭੰਗੀ ਮਿਸਲ ਦੇ ਜੱਥੇਦਾਰ।

ਕਹਜੋ ਅਬਿ ਹਮ ਕਹਿ ਚੁਕੇ।
ਜਿਮ ਦਾਂਤ ਗਜ ਕੇ[1] ਨਿਕਸ ਬਾਹਰ, — [1]ਹਾਥੀ ਦੇ ਦੰਦ।
ਫੇਰ ਮੁਖ ਮੈਂ ਨਹਿਂ ਲੁਕੇ ॥੨੨॥
ਤੁਮ ਚਢੋ ਕੋਊ ਨਹਿਂ ਚਢੋ,
ਹਮ ਤੌਂ ਭਿ ਚਢਤ ਜਰੂਰ ਹੈਂ।
ਯਹਿ ਸਿੰਘ ਤੌਂ ਮਰ ਰਹੈਗੋ,
ਜੌਂ ਮਰੈ ਨਾਹਿਂ ਕਸੂਰ ਹੈ।
ਪਿਖਿ ਸਿਦਕ ਖੁਸ਼ ਹ੍ਵੈ ਪੰਥ ਫਿਰ,
ਸਭਿ ਭਯੋ ਫੌਰਨ[1] ਤਯਾਰ ਹੈ। — [1]ਛੇਤੀ।
ਚੜ੍ਹ ਸਿੰਘ ਧਰਿ ਸ਼ਮਸ਼ੇਰ[1] ਪੈ ਹਥ, — [1]ਤਲਵਾਰ।
ਉਠਜੋ ਐਸ ਉਚਾਰ ਹੈ ॥੨੩॥
ਅਬਿ ਚਲੋ ਦੇਰ ਨ ਕਰੋ ਫਿਰ,
ਦਲ ਬ੍ਰਿੱਧ ਭੀ ਸਭਿ ਆ ਮਿਲੈ[1]। — [1]ਬੁੱਢਾ ਦਲ ਵੀ ਆ ਮਿਲੇਗਾ।
ਹਮ ਮਾਰ ਹੈਂ ਕਾਸੂਰ ਯੌਂ,
ਜਯੋਂ ਸੂਰ ਤਮ ਕੋ ਹੈ ਗਿਲੈ[1]। — [1]ਜਿਵੇਂ ਸੂਰਜ ਅਨ੍ਹੇਰੇ ਨੂੰ ਨਿਗਲ ਜਾਂਦਾ ਹੈ ਭਾਵ ਨਾਸ਼ ਕਰ ਦੇਂਦਾ ਹੈ।

ਫਿਰ ਕਹਜੋ ਜੱਸਾ ਸਿੰਘ ਆਲੂ,
ਸਿੰਘ ਜਯੋਂ ਭਬਕਾਰ ਕੈ[1]। — [1]ਸ਼ੇਰ ਵਾਂਗ ਭਬਕ ਮਾਰ ਕੇ।
ਗੁਰੁ ਖਾਲਸਾ ਚਢਿ ਪਲੀ ਪਲ ਮੈਂ[1], — [1]ਛੇਤੀ ਤੋਂ ਛੇਤੀ।
ਚਲੋ ਹਿਤ ਉਪਕਾਰ ਕੈ ॥੨੪॥
ਜਸ ਧਰਮ ਧਨ ਅਰਿ[1] ਮਾਰ ਲੈਹੈਂ, — [1]ਵੈਰੀ ਨੂੰ।
ਬਾਤ ਯਹਿ ਵਡ ਨੀਕ ਹੈ[1]। — [1]ਇਹ ਚੰਗੀ ਗੱਲ ਹੈ।
ਪਰ ਪ੍ਰਿਥਮ ਗੁਰੂ ਗ੍ਰੰਥ ਤੈ,
ਅਬਿ ਹੁਕਮ ਲੈਨੋ ਠੀਕ ਹੈ।
ਯਹ ਸੁਨਤ ਹੀ ਸਭਿ ਪੰਥ ਮੁਦ ਹ੍ਵੈ[1], — [1]ਅਨੰਦ ਹੋ ਕੇ।
ਅਯੋ ਚਲਿ ਦਰਬਾਰ ਮੈਂ[1]। — [1]ਸ੍ਰੀ ਹਰਿਮੰਦਰ ਸਾਹਿਬ ਵਿੱਚ।
ਗੁਰੁ ਗ੍ਰੰਥ ਸਾਹਿਬ ਖੋਲਿ[1] ਗ੍ਰੰਥੀ, — [1]ਪ੍ਰਕਾਸ਼ ਕਰ ਕੇ।
ਲਯੋ ਹੁਕਮ ਬਿਹਾਰ ਮੈਂ[1] ॥੨੫॥ — [1](ਇਸ ਜ਼ਰੂਰੀ) ਕੰਮ ਵਾਸਤੇ।
ਸ੍ਰੀ ਗੁਰੁ ਗ੍ਰੰਥ ਸਾਹਿਬੋ ਵਾਚ
ਸਲੋਕੁ* ॥ — *ਇਹ ਸ਼ਲੋਕ ਬਾਵਨ ਅੱਖਰੀ ਮਹਲਾ ੫ ਦਾ ੩੯ਵਾਂ ਸ਼ਲੋਕ

ਹੈ। (ਪੰਨਾ ੨੫੮)

ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ ॥
ਨਾਨਕ ਗੁਰ ਤੇ ਥਿਤ ਪਾਈ ਫਿਰਨ ਮਿਟੇ ਨਿਤ ਨੀਤ ॥੧॥

ਦੋਹਰਾ:
ਗੁਰੂ ਗ੍ਰੰਥ ਕਾ ਬਚਨ ਸੁਨਿ,
ਭਯੋ ਪੰਥ ਆਨੰਦ।
ਮਾਨਹੁ ਮਾਰ ਕਸੂਰ ਤਬਿ,
ਸਿੰਘਨ ਲਈ ਸੁਛੰਦ[1] ॥੨੬॥
ਫਤੇ ਗਜਾਈ ਊਚ ਧੁਨਿ[1],
ਜੈ ਜੈਕਾਰ ਉਚਾਰਿ।
ਚਢ੍ਯੋ ਤੁਰਤ[1] ਸਭਿ ਖਾਲਸਾ,
ਦੁੰਦਭਿ ਵਾਇ ਅਪਾਰ[1] ॥੨੭॥
ਆਗੇ ਕਰੇ ਨਿਸ਼ਾਨ ਸਭਿ,
ਫਰਰੇ ਫਿਰ ਸਜਵਾਇ।
ਪਿਪਲੀ ਸਾਹਿਬ ਜੀ ਕਰ੍ਯੋ,
ਡੇਰਾ ਪ੍ਰਥਮੇ ਜਾਇ ॥੨੮॥
ਸਭਿ ਸਿੰਘਨ ਕੋ ਲਿਖਿ ਪਠ੍ਯੋ,
ਆਵਹੁ ਅਬਿ ਸਭਿ ਧਾਇ।
ਲੂਟੋ ਮਾਰਿ ਕਸੂਰ ਕੋ,
ਲੇਵੋ ਧਨ ਮਨ-ਭਾਇ[1] ॥੨੯॥
ਸੁਨ ਮਝੈਲ ਬਹੁ ਧਾਰਵੀ[1],
ਮਿਲੇ ਸੰਗ ਬਿਨੁ ਦੇਰ।
ਦੂਸਰ ਡੇਰਾ ਗੁਰੂ ਕੀ,
ਕਰ੍ਯੋ ਬਡਾਲੀ ਫੇਰ ॥੩੦॥

ਸ੍ਵੈਯਾ:
ਤਹਿ ਤੇ ਚਢ ਰਾਜੇ ਕੇ ਤਾਲ[1] ਗਏ,
ਉਤਰੇ ਬਹੁ ਸਿੰਘ ਮਿਲੇ ਤਹਿੰ ਆਏ।
ਆਪਸ ਮਾਂਹਿ ਸਲਾਹਿ ਕਰੈਂ ਬਹੁ,

[1]ਆਪਣੀ ਇੱਛਾ ਮੁਤਾਬਕ।
[1]ਉੱਚੀ ਅਵਾਜ਼ ਨਾਲ।
[1]ਛੇਤੀ।
[1]ਬਹੁਤੇ ਧੌਂਸੇ ਵਜਾ ਕੇ।
[1]ਮਨ-ਭਾਉਂਦਾ।
[1]ਮਾਝੇ ਦੇ ਇਲਾਕੇ ਦੇ ਬਹੁਤੇ ਲੁਟੇਰੇ।
[1]ਇਹ ਤਾਲ ਅਟਾਰੀ ਪਾਸ ਹੈ।

ਕਾਇਰ ਬੈਠ ਕਹੈਂ ਇਸ ਭਾਏ।
ਕੋਉ ਕਹੈ ਨ ਕਸੂਰ ਮਰੈ,
ਮੁਸਲੇ ਗੁਸਲੇ[1] ਤਹਿਂ ਭੂਰ[2] ਰਹਾਂਏ। — [1]ਗੁੱਸੇ ਵਾਲੇ। [2]ਬਹੁਤੇ।
ਤੋਪ ਜੰਬੂਰ[1] ਜੰਜੈਲ[2] ਬੰਦੂਖਨ ਕੀ, — [1]ਛੋਟੀਆਂ ਤੋਪਾਂ। [2]ਲੰਬੀ ਨਾਲੀ ਵਾਲੀਆਂ ਬੰਦੂਕਾਂ।
ਗਿਨਤੀ ਮਿਨਤੀ ਨਹਿਂ ਆਏ ॥੩੧॥
ਦ੍ਵਾਦਸ ਹੈਂ ਗਢ ਔ ਪਰਖਾ ਦਿਢ[1], — [1]ਬਾਰਾਂ ਕਿਲ੍ਹੇ ਅਤੇ ਪੱਕੀਆਂ ਖਾਈਆਂ ਹਨ।
ਕੌਨ ਤਿਨੈ ਚੜ੍ਹਿ ਤੋੜ ਸਕੈ ਹੈ।
ਕਾਯਰ ਕੂਰ ਬਿਸੂਰਤ ਯੌਂ[1], — [1]ਇਉਂ ਝੂਠੇ ਕਾਇਰ ਝੂਰਦੇ ਹਨ।
ਕਹਿਂ ਸੂਰ[1] ਕਸੂਰ ਜਰੂਰ ਲੁਟੈ ਹੈਂ। — [1]ਸੂਰਮੇਂ (ਸਿੰਘ) ਕਹਿੰਦੇ ਹਨ।
ਮਾਰ ਮਰੈਂ ਪਰਮਾਰਥ ਕੇ ਹਿਤ[1], — [1]ਪਰਉਪਕਾਰ ਵਾਸਤੇ।
ਔ ਨਿਜ ਸ੍ਵਾਰਥ[1] ਭੀ ਕਰਿ ਲੈਹੈਂ। — [1]ਦੁਨਿਆਵੀ ਮਤਲਬ।
ਤੀਯਾ ਦਿਵਾਇ ਦਿਜੇਸ[1] ਭਲੇ, — [1]ਬ੍ਰਾਹਮਣ ਨੂੰ ਇਸਤ੍ਰੀ ਦੁਆ ਕੇ।
ਹਮ ਲੋਕ ਪ੍ਰਲੋਕ ਵਿਖੈ ਜਸ ਪੈਹੈਂ ॥੩੨॥
ਤਾਹਿਂ ਸਮੇਂ ਗੁਰੁ ਕਾ ਇਕ ਸਿੱਖ,
ਕਸੂਰ ਦਿਸੋਂ[1] ਚਲ ਕੈ ਤਹਿਂ ਆਯੋ। — [1]ਤਰਫ਼ੋਂ।
ਬੂਝਨ ਕੀਨ ਸੁ ਪੰਥ ਤਿਸੈ,
ਕਹੁ ਬਜੋਂਤ ਪਠਾਨਨ ਕੈਸ ਬਨਾਯੋ।
ਸਿੰਘ ਕਹਜੋ ਤੁਮਰਾ ਯਹਿ ਭੇਤ,
ਕਸੂਰ ਵਿਖੈ ਅਬਿ ਲੌ ਨਹਿਂ ਪਾਯੋ[1]। — [1]ਨਹੀਂ ਪਹੁੰਚਿਆ।
ਯੌਂ ਸੁਨ ਕੈ ਪੰਥ ਕਾਨ੍ਹੇ ਗਰਾਮ ਤੈ,
ਏਕਹਿ ਬਾਰ ਹੱਲਾ ਕਰਿ ਧਾਯੋ ॥੩੩॥

ਕਬਿੱਤ:

ਸੰਤਰੀ[1] ਸੁਸਤ ਪਏ ਖੁੱਲ੍ਹੇ ਦਰਵਾਜੇ ਲਏ, — [1]ਪਹਿਰੇਦਾਰ।
ਸਿੰਘ ਧਾਇ ਧਸ ਗਏ ਸ਼ਹਰ ਮਝਾਰ ਹੈਂ।
ਹਰੀ ਸਿੰਘ ਭੰਗੀ ਸੰਗੀ[1] ਆਪਨੀ ਮਿਸਲ ਲੈ ਕੈ, — [1](ਆਪਣੇ) ਨਾਲ।
ਧਸਜੋ ਏਕ ਗਢੀ ਮਧ ਡਰ ਸਭਿ ਡਾਰ ਹੈ।
ਦੂਸਰੇ ਦੁਰਗ[1] ਮੱਧ ਸਰਦਾਰ ਜੱਸਾ ਸਿੰਘ, — [1]ਕਿਲ੍ਹੇ ਵਿੱਚ।
ਪੈਠਿ[1] ਆਲੂਵਾਲੀਏ ਨੇ ਕਰੀ ਬਹੁ ਮਾਰ ਹੈ। — [1]ਵੜ ਕੇ।
ਤੀਸਰੇ ਮੈਂ ਰਾਮਗਢ ਵਾਰੇ ਸਰਦਾਰ[1] ਧਸੇ, — [1]ਸ: ਜੱਸਾ ਸਿੰਘ ਰਾਮਗੜ੍ਹੀਆ।
ਚੜ੍ਹ ਸਿੰਘ ਚੌਥੇ ਮਧ ਪੈਠਜੋ[1] ਬਲ ਧਾਰ ਹੈ — [1]ਵੜਿਆ।

॥ ੩੪ ॥
ਔਰ ਉਭੈ ਮਿਸਲ ਘਨੱਈਅਨ ਨਕੱਈਅਨ ਕੀ,
ਰਹੀ ਬੰਦੋਬਸਤ ਹਿਤ ਬਾਹਿਰ ਸ਼ਹਿਰ ਮੈਂ।
ਪਰੇ ਸਭਿ ਏਕ ਸਾਰ[1] ਸਿੰਘ ਡਰ ਡਾਰਿ[2] ਤਬਿ, — [1]ਇੱਕੋ ਵਾਰ। [2]ਡਰ ਛੱਡ ਕੇ।
ਆਯੁਧ ਉਭਾਰਿ[1] ਮਾਰ ਮਾਰ ਕੈ ਕਹਿਰ ਮੈਂ[2]। — [1]ਸ਼ਸਤ੍ਰ ਉੱਘਰ ਕੇ। [2]ਕਹਿਰ ਦੀ ਮਾਰ ਮਾਰੀ।
ਹੁਤੇ ਤਬਿ ਤੁਰਕ ਸਭਿ ਰੋਜਜੋਂ ਕੇ ਸੰਗ, ਭੂਖ
ਪਜਾਸ ਕੇ ਹਿਰਾਨ ਕਰੇ[1] ਪਰੇ ਥੇ ਹਹਿਰ ਮੈਂ[2]। — [1]ਦੁਖੀ ਕੀਤੇ। [2]ਡਰ ਵਿੱਚ ਪਏ ਸਨ।
ਕੇਈ ਤੀਯਾ[1] ਪਾਸ ਕੇਈ ਸਰਦ ਖਾਨਜੋਂ ਮੈਂ ਖਾਸ[2], — [1]ਇਸਤ੍ਰੀ। [2]ਆਪ ਠੰਢੇ ਘਰਾਂ ਵਿੱਚ ਪਏ ਹੋਏ ਸਨ।
ਪਰੇ ਕਰੈਂ ਵਾਸ ਜੇਠ ਮਾਸ ਕੀ ਦੁਪਹਿਰ ਮੈਂ
॥ ੩੫ ॥
ਕੇਈ ਗੰਜ-ਪਾਸ[1] ਤਾਸ਼ ਖੇਲਤ ਚੁਪਾਸ[2] ਸੰਗ, — [1]ਫਾ: ਗੰਜਫਾ, ਤਾਸ਼ ਦੀ ਤਰ੍ਹਾਂ ਦਾ ਇਕ ੯੬ ਗੋਲ ਪੱਤਿਆਂ ਦਾ ਖੇਲ, ਗੰਜਫ਼ੇ ਦੇ ਅੱਠਰੰਗ ਹੁੰਦੇ ਹਨ, ਅਰਥਾਤ- ਤਾਜ, ਸਫੇਦ, ਸ਼ਮਸ਼ੇਰ, ਗ਼ੁਲਾਮ, ਸੁਰਖ, ਬਰਾਤ, ਕਮਾਚ ਅਤੇ ਚੰਦ, ਹਰੇਕਰੰਗ ਦੇ ਬਾਰਾਂ ਬਾਰਾਂ ਪੱਤੇ ਹੋਇਆ ਕਰਦੇ ਹਨ। ਇਸ ਦੇ ਖਿਡਾਰੀਆਂ ਨੇ ਇਕ ਚੌਪਈ ਘੜਰੱਖੀ ਹੈ ਕਿ- "ਤਾਜ ਸਫੇਦ ਸ਼ਮਸ਼ੇਰ ਗ਼ੁਲਾਮ। ਜਜੋਂ ਬਹੁਤੇ ਤਜੋਂ ਆਵੈਂ ਕਾਮ। ਸੁਰਖ ਬਰਾਤ ਕਮਾਚੇ ਚੰਦ। ਜਜੋਂ ਥੋੜ੍ਹੇ ਤਜੋਂ ਮਾਚੈ ਜੰਗ। [2]ਚੌਪੜ।
ਕੇਈ ਸ਼ਤਰੰਜ ਮੰਜ ਛਿਕੜੀ ਸੰਭਾਰ ਹੈਂ[1]। — [1]ਕੌਈ (ਮੰਜ) ਚਿੱਟੀਆਂ (ਛਿਕੜੀ) ਕੌਡੀਆਂ ਸੰਭਾਲਦੇ ਹਨ ਭਾਵ ਕੌਡੀਆਂ ਨਾਲ ਖੇਡਦੇ ਹਨ।
ਕੀਰ[1] ਔ ਅਮੀਰ ਸਭਿ ਨਿਜ ਨਿਜ ਧਾਮਨ ਮੈਂ[2], — [1]ਗ਼ਰੀਬ। [2]ਘਰਾਂ ਵਿੱਚ।
ਰਹੇ ਥੇ ਤੁਰਕ ਧਸ ਡਰ ਸਭਿ ਡਾਰ ਹੈਂ।
ਜਾਇ ਕਰਿ ਸਿੰਘਨ ਦਬਾਇ ਲਏ ਔਚਕ ਹੀ[1], — [1]ਅਚਣਚੇਤ ਹੀ।
ਬੀਜਰੀ ਸਮਾਨ[1] ਧਾਇ ਪਰੇ ਏਕ ਬਾਰ ਹੈਂ। — [1]ਬਿਜਲੀ ਵਾਂਗ।
ਕਰਜੋ ਚਾਹੈ ਰੱਬ ਜੋਊ ਮੇਲਤ ਸਬੱਬ ਲੱਖ,
ਸਾਖ[1] ਯਹਿ ਲੋਗ ਸਭ ਬੇਦ ਯੌਂ ਉਚਾਰ ਹੈਂ — [1]ਗਵਾਹੀ।
॥ ੩੬ ॥
ਤੋਟਕ ਛੰਦ:
ਜਬਿ ਸਿੰਘ ਕਿਲਜੋਂ ਮਹਿਂ ਧਾਇ ਧਸੇ।
ਬਹੁ ਸੱਤ੍ਰੁਨ ਕੇ ਤਬਿ ਪ੍ਰਾਨ ਕਸੇ[1]। — [1]ਭਾਵ ਮਾਰ ਦਿੱਤੇ।
ਸੁਨ ਕੈ ਪਿਖ ਕੈ ਮੁਸਲੇ ਸਭਿ ਹੀ।
ਇਤ ਤੈ ਉਤ ਤੈ ਬਹੁਤੇ ਤਬਿ ਹੀ ॥ ੩੭ ॥

ਘਬਰਾਇ ਉਠੇ ਧਰਿ ਤ੍ਰਾਸ ਸਭੈ।
ਨਹਿੰ ਆਯੁਧ ਸ਼ੀਘਰ ਕਾਂਹਿ ਲਭੈ।
ਤਬਿ ਤੁਰਕ ਹੁਤੇ ਬਹੁ ਭੋਰਨ ਮੈਂ।
ਸੁਖ ਸੋਂ ਭਰ ਨੀਦ ਸੁ ਲੋਰਨ ਮੈਂ[1] ॥੩੮॥ — [1]ਝੋਕਾਂ ਵਿੱਚ, ਲਹਿਰਾਂ ਵਿੱਚ।
ਕਿਛ ਰੋਜਜੋਂ ਕਰਿ ਬਲ ਹੀਨ ਭਏ।
ਕਿਛੁ ਸਿੰਘ ਅਚਾਨਕ ਜਾਇ ਪਏ।
ਨਹਿੰ ਲੈਣੀ ਮਿਲੀ ਸੰਭਾਰ ਕਿਸੇ।
ਮਨ ਮਾਂਹਿ ਪਠਾਨ ਮਹਾਨ ਕਿਸੇ[1] ॥੩੯॥ — [1]ਚਿੜ੍ਹੇ, ਖਿਝੇ।
ਇਤ ਸਿੰਘਨ ਭੀ ਕਰਿ ਛੂਟ ਘਨੀ[1]। — [1]ਵੱਡਾ ਹੱਲਾ ਕਰਕੇ।
ਬਿਨ ਦੇਰ ਮਹਾਨ ਤੁਰਕਾਨ ਹਨੀ[1]। — [1]ਮਾਰੀ।
ਇਸ ਹੀ ਬਿਧਿ ਸੋਂ ਗਢ ਸਾਤਕ ਕੇ[1]। — [1]ਸੱਤਾਂ ਹੀ ਕਿਲ੍ਹਿਆਂ ਦੇ।
ਬਹੁ ਤੁਰਕ ਪਠੇ ਘਰ ਅੰਤਕ ਕੇ[1] ॥੪੦॥ — [1]ਧਰਮਰਾਜ ਦੇ।

ਅੜਿੱਲ ਛੰਦ:

ਸਿੰਘ ਪਕਰਿ ਸ਼ਮਸ਼ੇਰ[1], ਪਰੈਂ ਸਮ ਸ਼ੇਰ ਕੈ[2]। — [1]ਤਲਵਾਰ। [2]ਸ਼ੇਰ ਦੇ ਵਾਂਗ।
ਘਨੀ ਅਨੀ[1] ਤੁਰਕਾਨੀ, ਸੁਟੀ ਨਿਬੇਰ ਕੈ। — [1]ਬਹੁਤੀ ਫੌਜ।
ਭਏ ਹਿਰਾਨ ਮਹਾਨ, ਪਠਾਨ ਨਿਹਾਰ ਕੈ।
ਹੋ ਤੁਰਕ ਤਹਾਂ ਬਹੁ ਮਰੇ, ਸਿੰਘ ਕਿਛੁ ਮਾਰ ਕੈ ॥੪੧॥
ਤੁਰਕ ਤੀਰ ਤਰਵਾਰ, ਛੁਰੀ ਬਹੁ ਮਾਰਹੀਂ।
ਸਿੰਘ ਬੰਦੂਖਨ ਸੰਗ, ਦੂਰ ਤੈ ਡਾਰਹੀਂ[1]। — [1](ਮਾਰ ਕੇ) ਸੁੱਟ ਦੇਂਦੇ ਹਨ।
ਲਾਘਵਤਾ[1] ਤਹਂ ਕਰੀ, ਪੰਥ ਨੈ ਤਬਿ ਇਸੀ[2]। — [1]ਫੁਰਤੀ। [2]ਇਸ ਤਰ੍ਹਾਂ ਦੀ।
ਹੋ ਕਰੈ ਨ ਆਗੇ ਕੋਇ, ਕਰੀ ਨਹਿੰ ਹੈ ਕਿਸੀ[1] ॥੪੨॥ — [1]ਕਿਸੇ ਨੇ।
ਸਾਤ ਗੜ੍ਹੀ ਦਸ ਘੜੀ ਵੀਚ, ਛੁਡਵਾ ਲਈ।
ਕਤਲ ਗਢੀ ਜੋ ਅਬਿ ਲੌਂ, ਪਰਗਟ ਹੈ ਪਈ।
ਮਾਰ ਤਹਾਂ ਉਸਮਾਨ ਖਾਨ ਅਫਗਾਨ ਕੈ[1]। — [1]ਪਠਾਣ ਨੂੰ।
ਹੋ ਤੀਆ ਦਿਜ ਕੋ ਦੀਨੀ, ਦਿਜ ਕੀ ਆਨ ਕੈ[1] ॥੪੩॥ — [1]ਲਿਆ ਕੇ।
ਕੰਚਨ[1] ਚਾਂਦੀ ਮੁਕਤਾ[2], ਲੁਟੇ ਸੰਭਾਰ[3] ਹੈਂ। — [1]ਸੋਨੇ। [2]ਮੋਤੀਆਂ ਦੇ। [3]ਖ਼ਜ਼ਾਨੇ।
ਤੁਰਕਨੀਆਂ ਕੇ ਜ਼ੇਵਰ[1], ਲਏ ਉਤਾਰ ਹੈਂ। — [1]ਗਹਿਣੇ।

ਸ਼ਸਤ੍ਰ ਬਸਤ੍ਰ ਅਸ੍ਵ[1], ਲਏ ਬਹੁ ਮੋਲ ਕੇ। — [1]ਘੋੜੇ।
ਹੋ ਸ਼ਹਿਰ ਲੁਟਜੋ ਫਿਰ ਧਾਇ, ਸਭਿਨਿ ਹਥ ਖੋਲ੍ਹ ਕੇ ॥੪੪॥
ਮਦਰ ਦੇਸ[1] ਮੈਂ ਖਬਰ, ਜਬਰ[2] ਯਹਿ ਜਬਿ ਭਈ। — [1]ਮਾਝੇ, (ਅ) ਪੰਜਾਬ। [2]ਵੱਡੀ।
ਚਾਰ ਤਰਫ ਤੈ, ਖਲਕ-ਲੁਟੇਰੀ ਬਹੁ ਅਈ।
ਤੀਨ ਦਿਵਸ ਲੌ ਰਹੀ ਲੂਟ, ਤਹਿ ਠਾਂ ਤਬੈ।
ਹੋ ਲੋਗ ਲੁਟੇਰੇ ਗਏ ਰੱਜ ਧਨ ਲੈ ਸਭੈ ॥੪੫॥
ਉਮਦਾ ਉਮਦਾ[1] ਮਾਲ, ਪੰਥ ਬਹੁ ਲੂਟਯੋ। — [1]ਚੰਗਾ ਚੰਗਾ।
ਤਬਿ ਤੈ ਸਿੰਘਨ ਕੇਰ ਦਲਿੱਦਰ ਟੂਟਯੋ[1]। — [1]ਗ਼ਰੀਬੀ ਦੂਰ ਹੋ ਗਈ।
ਰਹੀ ਨ ਜਰਾ ਕਸੂਰ[1], ਲੁਟਨ ਕਾਸੂਰ ਮੈਂ। — [1]ਕਸਰ।
ਹੋ ਤਬਿ ਤੈ ਫੇਰ ਕਸੂਰ, ਮਿਲ ਗਈ ਧੂਰ ਮੈਂ ॥੪੬॥
ਮਸਲਾ ਯਹਿ ਮਸ਼ਹੂਰ, ਜਗਤ ਮੈਂ ਤਬਿ ਭਯੋ।
ਜਿਨ ਜਨ ਲੁਟੀ ਕਸੂਰ, ਪੂਰ ਘਰ ਧਨ ਲਯੋ।
ਪੁੱਤ੍ਰ ਪੌਤ੍ਰਨ ਕੇਰ, ਰੋਟੀਆਂ ਖੱਟੀਆਂ।
ਹੋ ਜੜ੍ਹਾਂ ਪਠਾਨਨ ਕੇਰ, ਕਸੂਰੋਂ ਪੱਟੀਆਂ ॥੪੭॥

ਦੋਹਰਾ:

ਔਰ ਸੁਨੋ ਇਕ ਤਹਾਂ ਤਬਿ,
ਭਈਰਾਰ[1] ਜਿਸ ਭਾਂਤਿ। — [1]ਲੜਾਈ।
ਪਾਪ ਰਾਮਗੜ੍ਹੀਅਨ ਕਰਜੋ,
ਛਪ ਕਰਿ ਭਜੋ ਬਖਜਾਤ[1] ॥੪੮॥ — [1]ਪ੍ਰਗਟ ਹੋ ਗਿਆ।

ਚੌਪਈ:

ਦਿਲੇਰਾਮ ਇਕ ਭਯੋ ਦੀਵਾਨੁ[1]। — [1]ਵਜ਼ੀਰ (ਅ) ਸੂਬੇ ਦਾ ਮਾਲ ਮੰਤ੍ਰੀ।
ਸ਼ਾਹਿ ਜਹਾਂ ਕੇ ਵਖਤ ਮਹਾਨੁ।
ਬੇਗਮ ਹੁਤੀ ਤਾਂਹਿ ਕੀ[1] ਏਕੈਂ। — [1]ਤਿਸ (ਸ਼ਾਹ ਜਹਾਨ) ਦੀ।
ਰਹਿਤ ਲਹੌਰ ਵੀਚ ਧਰਿ ਟੇਕੈਂ[1] ॥੪੯॥ — [1]ਟਿਕਾਣਾ ਬਣਾ ਕੇ।
ਸ਼ਾਹਿ-ਜਹਾਂ ਜਬਿ ਮਿਰਤੁ ਗਹਜੋ।
ਦਿਲੇ-ਰਾਮ ਬੇਗਮ ਢਿਗ ਰਹਜੋ।
ਧਨ ਬੇਗਮ ਢਿਗ ਹੁਤੋ ਅਪਾਰੇ।
ਦਿਲੇ ਰਾਮ ਕੇ ਥਾ ਇਖਤਜਾਰੇ ॥੫੦॥

ਬੇਗਮ ਗਹੀ ਕਾਲ ਨੈ ਜਬਿ ਹੀ।
ਧਨ ਦੀਵਾਨ ਢਿਗ ਰਹਯੋ ਸਭਿ ਹੀ।
ਦਿਲੇ ਰਾਮ ਜਬਿ ਮ੍ਰਿਤੁ ਗਹਯੋ।
ਪੀਛੇ ਪੌਤ੍ਰ ਤਾਂਹਿ ਇਕ ਰਹਯੋ ॥੫੧॥
ਹਿਰਦੇ ਰਾਮ ਨਾਮ ਥਾ ਤਾਂ ਕੋ।
ਰਹਯੋ ਲਹੌਰ ਬਹੁਤ ਦਿਨ ਬਾਂਕੋ[1]।
ਨਾਦਰ ਸ਼ਾਹਿ ਅਯੋ ਜਬਿ ਪਾਛੇ।
ਅਹਿਮਦ ਸ਼ਾਹਿ ਅਯੋ ਫਿਰ ਆਛੇ ॥੫੨॥
ਕਈ ਬਾਰ ਤਬਿ ਲੁਟੀ ਲਹੌਰੈਂ।
ਰਹਿਤ ਉਪੱਦ੍ਰਵ[1] ਨਿਤ ਤਹਿਂ ਔਰੈਂ।
ਦਿਲੇ ਰਾਮੀਅਨ ਚਿੱਤ ਵਿਚਾਰਾ।
ਲੁਟ ਜੈਹੈ ਧਨ ਇਹਾਂ ਹਮਾਰਾ ॥੫੩॥
ਨਹਿਂ ਕਸੂਰ ਕੋਊ ਲੁਟ ਸਾਕੇ।
ਰਹਿਤ ਪਠਾਨ ਮਵਾਸ[1] ਤਹਾਂ ਕੇ।
ਦਿਲੇ ਰਾਮੀਏ ਦਿਲਿ ਧਰਿ ਯਾਹੀ।
ਬਸੇ ਸੁ ਆਇ ਕਸੂਰੈ ਮਾਂਹੀਂ ॥੫੪॥
ਬਡੇ ਦੁਕਾਨ ਮਕਾਨ ਬਨਾਏ।
ਦੌਲਤ ਅਪਨੀ ਸਭਿ ਤਹਿਂ ਲਜਾਏ।
ਮੂਸਾ ਭਗਯੋ ਮੌਤ ਤੈ ਜੈਸੇ।
ਖਯੋ ਮ੍ਰਿਤੁ[1], ਇਨ ਸੋਂ ਭਈ ਤੈਸੇ ॥੫੫॥
ਸਿੰਘਨ ਧਨ ਇਨ ਕਾ ਸਭਿ ਲੂਟਯੋ।
ਦਿਲੇ ਰਾਮੀਆਂ ਕੋ ਫੜਿ ਕੂਟਯੋ।
ਹੁਤੇ ਰਾਮਗੜ੍ਹੀਏ ਤਬਿ ਜੋਈ।
ਔਰ ਘਨੱਈਏ ਜਾਨਤ ਲੋਈ[1] ॥੫੬॥
ਇਨ ਕਾ ਆਪਸ ਮੈਂ ਬਹੁ ਪਜਾਰੈਂ।
ਹੁਤੋ ਅਧਿਕ ਪਰਗਟ ਤਬਿ ਸਾਰੈਂ।
ਏਕ ਠੌਰ ਲੰਗਰ ਕਰਵਾਤੇ।
ਇਕ ਹੀ ਠੌਰ ਬੈਠਿ ਮਿਲਿ ਖਾਤੇ ॥੫੭॥
ਡੇਰਾ ਇਕ ਹੀ ਠੌਰਰ ਖਾਤੇ।
ਜੋ ਕਿਛੁ ਬਿੱਤ[1] ਜਹਾਂ ਤੇ ਪਾਤੇ।

[1]ਚੰਗੀ ਤਰ੍ਹਾਂ।
[1]ਦੰਗਾ (ਅ) ਮੁਸੀਬਤ। (ੲ) ਵਿਘਨ।
[1]ਆਕੀ।
[1]ਮੌਤ ਨੇ ਖਾ ਲਿਆ।
[1]ਲੋਕ।
[1]ਧਨ।

ਅਰਧੋ ਅਰਧ ਬਾਂਟ ਸਭਿ ਲਾਤੇ[1]। [1]ਸਾਰਾ ਅੱਧੋ-ਅੱਧ ਵੰਡ ਲੈਂਦੇ।
ਆਪਸ ਮਾਂਹਿ ਨ ਫਰਕ ਰਖਾਤੇ ॥੫੮॥
ਦੋਹਰਾ:
ਦੁਹੂੰ ਮਿਸਲ ਕੀ ਹੁਤੀ ਤਬਿ,
ਕਾਂਦੀ ਸਾਂਝੀ ਨੀਤਿ[1]। [1]ਹਰ ਕੰਮ ਵਿੱਚ ਸਾਂਝੀ ਨੀਤੀ ਸੀ।
ਮਿਲਤ ਲੂਟਤੇ ਧਨ ਜਹਾਂ,
ਲੇਤੇ ਬਾਂਟ ਸਹੀਤ[1] ॥੫੯॥ [1]ਹਿਤ ਨਾਲ।
ਨਿਸ਼ਾਨੀ ਛੰਦ:
ਦਿਲੇ ਰਾਮੀਆਂ ਕੇ ਹੁਤੀ, ਤਹਿਂ ਦੌਲਤ ਭਾਰੀ।
ਖਬਰ ਰਾਮਗੜ੍ਹੀਆਂ ਤਈਂ, ਥੀ ਤਿਸ ਕੀ ਸਾਰੀ।
ਜੱਸਾ ਸਿੰਘ ਕਾ ਜੋ ਹੁਤੋ, ਆਲੀ ਸਿੰਘ ਭਾਈ।
ਹਾਵੇਲੀ ਦੀਵਾਨ ਕੀ, ਰੋਕੀ ਤਿਨ ਜਾਈ ॥੬੦॥
ਪਹਿਰੇ ਅਪਨੇ ਲਾ ਦਏ, ਤਿਸ ਕੇ ਚੌਫੇਰੇ।
ਫੜ ਕਰਿ ਹਿਰਦੇ ਰਾਮ[1] ਕੋ, ਦੁਖ ਦਯੋ ਵਧੇਰੇ। [1]ਦਿਲੇ-ਰਾਮ ਦਾ ਪੋਤਰਾ।
ਦੌਲਤ ਸਭਿ ਕਢਵਾ ਲਈ, ਦੈ ਚੋਕ[1] ਹੱਥਜਾਰਨ। [1]ਚੋਭਾਂ।
ਹਿਰਦੇ ਰਾਮ ਦੀਵਾਨ ਤੌਂ, ਮਨਿ ਲਗਯੋ ਵਿਚਾਰਨ ॥੬੧॥
ਧਨ ਦਾਰਾ[1] ਸੁਤ[2] ਸੰਪਤਾ[3], ਕੁਲ ਦੇਸ ਅਪਾਰੇ। [1]ਇਸਤ੍ਰੀ। [2]ਪੁੱਤਰ। [3]ਬਿਭੂਤੀ, ਸਾਮਾਨ ਆਦਿ।
ਯਹਿ ਤਜਾਗੇ ਜੇ ਤਨ ਬਚੈ, ਤਬਿ ਪ੍ਰਾਨ ਉਬਾਰੇ[1]। [1]ਬਚਾ ਲਵੇ।
ਕਿਸਮਤ ਕੇ ਵਸ ਫੇਰ ਭੀ, ਯਹਿ ਨਰ ਕੋ ਮਿਲ ਹੈਂ।
ਯਹਿ ਫਿਰ ਐਹੈਂ ਕਾਮ ਕਿਸ, ਜਬਿ ਦੁਸ਼ਮਨ ਗਿਲ ਹੈਂ[1] ॥੬੨॥ [1]ਭਾਵ ਮਾਰ ਦੇਣਗੇ।
ਤਾਂ ਤੇ ਧਨ ਸਭਿ ਦੈ ਇਨੈ, ਲਿਹੁ ਪ੍ਰਾਨ ਉਬਾਰੇ।
ਜਾਇ ਬਿਦੇਸ ਮਜੂਰ ਹ੍ਵੈ, ਦਿਨ ਲੇਹੁਂ ਗੁਜਾਰੇ।
ਕੈ ਕਿਤ ਜਪ ਤਪ ਸਾਧ ਕੈ, ਸਤਿਸੰਗ ਕਰੈ ਹੋਂ।
ਮਾਨਸ ਜਨਮ ਅਮੋਲਕੈ, ਸਫਲਾ ਕਰਿ ਲੈਹੋਂ ॥੬੩॥
ਇਤਜਾਦਿਕ ਬਹੁ ਬਾਰਤਾ, ਉਨ ਗਿਣਿ ਮਨ ਮਾਂਹੀਂ।

ਫਿਰ ਉਨ ਆਲੀ ਸਿੰਘ ਕੋ, ਭਾਖਜੋ ਬਿਧਿ ਯਾਹੀ।
ਧਨ ਮੈਂ ਤੁਝੈ ਬਤਾਇ ਹੌਂ, ਆਮੋਲਕ ਭਾਰਾ।
ਜ਼ੇਵਰ ਬੇਗਮ ਕਾ ਅਹੇ, ਜਾੜਾਉ ਸਾਰਾ ॥ ੬੪ ॥
ਮਣੀਆਂ ਹੀਰੇ ਅਨਿਕ-ਧਾ[1], ਹੈਂ ਰਤਨ ਅਪਾਰੇ।
ਸਬਜ਼ੇ[1] ਨੀਲਮ[2] ਲਾਲ ਲੌਂ, ਪੁਖਰਾਜ[3] ਉਦਾਰੇ।
ਕੀਮਤ ਲਾਖ ਪਚਾਸ ਕੀ, ਹੈ ਜਿਸ ਪਰ ਲੱਗੀ।
ਤੌ ਮੈਂ ਤੁਝੈ ਬਤਾਇ ਹੌਂ, ਜੇ ਕਰੌਂ ਨ ਠੱਗੀ ॥ ੬੫ ॥
ਜਾਨ ਹਮਾਰੀ ਬਖ਼ਸ਼ ਕੈ, ਬੰਧਨ ਤਜ ਦੇਵੋ।
ਨੇਮ ਧਰਮ ਯਹਿ ਸੰਗ ਮੁਹਿ, ਤੁਮ ਹੂੰ ਕਰਿ ਲੇਵੋ।
ਯਹਿ ਸੁਨਿ ਆਲੀ ਸਿੰਘ ਨੈ, ਗੁਰੁ ਗ੍ਰੰਥ ਉਠਾਯੋ।
ਨੇਮ ਧਰਮ ਬਹੁ ਭਾਂਤਿ ਕੇ, ਕਰਿ ਤਾਂਹਿ ਧਿਜਾਯੋ[1] ॥ ੬੬ ॥
ਤਬਿ ਫਿਰ ਹਿਰਦੇ ਰਾਮ ਨੇ, ਪੌੜੀ ਪੁਟਵਾਈ।
ਜ਼ੇਵਰ ਭਰੀ ਸੰਦੂਕੜੀ, ਤਹਿਂ ਤੈ ਕਢਵਾਈ।
ਦੇਖੀ ਆਲੀ ਸਿੰਘ ਨੈ, ਖੋਲਜੋ ਜਬਿ ਜੰਦਾ।
ਜ਼ੇਵਰ ਕਾ ਪਰਕਾਸ਼ ਭੌਂ, ਚਢਿਓ ਜਨੁ ਚੰਦਾ ॥ ੬੭ ॥
ਮਾਲਾ ਮੁਕਤਾ ਹੀਰ ਕੀ, ਬਹੁ ਲਰੀਆਂ ਵਾਰੀ[1]।
ਚੰਦਰ ਸੈਣੀ ਹਾਰ[1] ਥੇ, ਦੁਇ ਤਿਸੀ ਮਝਾਰੀ।
ਨਖ ਤੈ ਲੈ ਕਰਿ ਸਿਖਾ ਲੌਂ, ਸਭਿ ਅੰਗਨ ਕੇਰੇ[1]।
ਮਰਦ ਜਨਾਨਜੋਂ ਕੇ[1] ਹੁਤੇ, ਜ਼ੇਵਰ ਬਹੁਤੇਰੇ ॥ ੬੮ ॥
ਮਣੀਆਂ ਹੀਰੇ ਨੀਲਮਾਂ, ਜ੍ਵਾਹਰ ਸਭਿ ਸੱਚੇ[1]।
ਕੁੰਦਨ ਕਰਿ ਸੁਇਨੇ ਵਿਖੇ[1], ਬਹੁ ਬਿਧਿ ਕੇ ਖੱਚੇ[2]।
ਪਿਖ ਕਰਿ ਆਲੀ ਸਿੰਘ ਨੈ, ਮਨਿ ਮੋਦ ਬਢਾਯੋ।
ਲੋਭ ਲਹਿਰ ਮੈਂ ਆਇ ਕੈ, ਨਿਜ ਧਰਮ ਗਵਾਯੋ ॥ ੬੯ ॥

[1]ਅਨੇਕ ਤਰ੍ਹਾਂ ਦੇ।

[1]ਹਰੇਰੰਗ ਦੇਰਤਨ। [2]ਨੀਲੇਰੰਗ ਦੀ ਇਕ ਮਣੀ ਜੋ ਨੌਂਰਤਨਾਂ 'ਚ ਗਿਣੀ ਜਾਂਦੀ ਹੈ। [3]ਇਕਰਤਨ ਜੋ ਨੌਂਰਤਨਾਂ 'ਚ ਗਿਣਿਆਂ ਜਾਂਦਾ ਹੈ।

[1]ਧਿਜਾ ਲਿਆ, ਭਰੋਸੇ 'ਚ ਲੈ ਲਿਆ।

[1]ਬਹੁਤ ਲੜੀਆਂ ਵਾਲੀ ਮੋਤੀਆਂ ਤੇ ਹੀਰਿਆਂ ਦੀ ਮਾਲਾ।

[1]ਹਾਰ ਦਾ ਨਾਮ, ਨੌ ਲੱਖਾ ਹਾਰ, ਸੋਨੇ ਦਾ ਜੜਾਉ ਹਾਰ, ਜਿਸ ਵਿੱਚ ਅੱਧੇ ਚੰਦ ਦੇ ਅਕਾਰ ਦੇ ਛੋਟੇ ਵੱਡੇ ਮਣਕੇ ਹੁੰਦੇ ਹਨ, ਵਿਚਕਾਰ ਪੂਰੇ ਚੰਦ ਦੇ ਅਕਾਰ ਦਾ ਚੌਂਕ ਹੁੰਦਾ ਹੈ।

[1]ਨਹੁੰ ਤੋਂ ਲੈ ਕੇ ਸਿਰ ਦੀ ਚੋਟੀ ਤੱਕ ਸਾਰੇ ਅੰਗਾਂ ਦੇ।

[1]ਆਦਮੀਆਂ ਤੇ ਇਸਤ੍ਰੀਆਂ ਦੇ।

[1]ਅਸਲੀ ਸੁੱਚੇ।

[1]ਸੋਨੇ ਨੂੰ ਬਾਰਾਂ ਵੰਨੀਂ ਦਾ ਕਰ ਕੇ ਉਸ ਵਿੱਚ। [2]ਜੜੇ।

ਰਸਾਵਲ ਛੰਦ:

ਆਯੋ ਸਿੰਘ ਕੇ ਹੱਥ ਬਿੱਤ[1],
ਯਹਿ ਅਧਿਕੈਂ ਜਬਿ ਹੀ।
ਨਾਂਹਿ ਘਨੱਈਯਨ ਤਈਂ,
ਬਾਂਟਨਾ ਚਾਹਯੋ ਤਬਿ ਹੀ।
ਪਿਖਿ ਜੱਸਾ ਸਿੰਘ ਕਹਯੋ, ਬਾਂਟਿ ਛਕਣਾ ਹੈ ਨੀਕਾ।
ਧਰਮ ਨੇਮ ਕਰਿ ਟਰਨ, ਕਾਮ ਯਹਿ ਭਲੋ ਨ ਠੀਕਾ ॥੨੦॥
ਸੁਨਿ ਆਲੀ ਸਿੰਘ ਕਹਯੋ ਏਹੁ, ਅਬਿ ਮੈਂ ਨਹਿਂ ਦੈਹੋਂ।
ਜੇ ਤੂੰ ਦੈਹੈਂ ਬਾਂਟਿ, ਮਾਰਿ ਤੁਹਿ ਮੈਂ ਮਰ ਜੈਹੋਂ।
ਭਈ ਘਨੱਈਯਨ ਤਈਂ, ਖਬਰ ਯਹਿ ਜਬਿ ਹੀ ਜਾਈ।
ਉਨ ਮਾਂਗਯੋ ਇਨ ਦਯੋ ਨਾਂਹਿ, ਤਬਿ ਰਾਰਿ[1] ਬਢਾਈ ॥੨੧॥
ਅਧਿਕ ਰਾਰਿ ਜਬਿ ਬਢੀ, ਉਭੈ ਮਰਨੇ ਪਰ ਆਏ।
ਪਰੇ ਵੀਚ ਸਰਦਾਰ[1], ਦੁਹੂੰ ਦਿਸ ਰੋਕਿ ਬੈਠਾਏ।
ਆਲੀ ਸਿੰਘ ਕੋ ਕਹਯੋ ਪੰਥ, ਧਨ ਜੋ ਤੁਮ ਪਾਯੋ।
ਅਬ ਤੋ ਦੇਵਹੁ ਬਾਂਟ, ਫੇਰ ਨਹਿਂ ਸੀਰ[1] ਰਖਾਯੋ ॥੨੨॥
ਆਲੀ ਸਿੰਘ ਤਬਿ ਜਾਇ, ਬਕਸ[1] ਇਕ ਖਾਲੀ ਲਜਾਯੋ।
ਬਸਤਰ ਜ਼ੇਵਰ ਔਰ ਕਿਛਕ, ਤਿਸ ਮਾਂਹਿ ਭਰਾਯੋ।
ਪੇਖਿ ਘਨੱਯਨ ਕਹਯੋ, ਬਕਸ ਯਹਿ ਨਹਿਂ ਹੈ ਸੋਈ।
ਵਹਿ ਸੰਦੂਕੜੀ ਔਰ, ਭਰੀ ਜ਼ੇਵਰ ਕੀ ਜੋਈ ॥੨੩॥

[1]ਧਨ।
[1]ਲੜਾਈ।
[1](ਦੋਹਾਂ ਮਿਸਲਾਂ ਵਾਲੇ)।
[1]ਸਾਂਝ।
[1]ਸੰਦੂਕੜੀ।

ਫਿਰ ਚੜ੍ਹ ਸਿੰਘ ਜੀ ਕਹਜੋ, ਬਹੁਤ ਤੁਮ ਝਗਰੋ ਨਾਂਹੀਂ।
ਦਿਲੇ ਰਾਮੀਏਂ ਤਈਂ, ਬੂਝ ਹਮ ਲੈਹੈਂ ਯਾਂਹੀ[1]। — [1]ਇਸ ਬਾਰੇ।
ਮਾਨ ਸਭਿਨਿ ਯਹਿ ਲਈ, ਫੇਰ ਆਲੀ ਸਿੰਘ ਸੋਚਜੋ।
ਵਹਿ ਕਹਿ ਦੈਹੈ ਸਾਚ, ਜਾਇ ਹਮ ਤੈ ਧਨ ਮੋਚਜੋ[1] ॥ ੭੪ ॥ — [1](ਸਾਡੇ ਹੱਥੋਂ) ਛੁੱਟ ਜਾਵੇਗਾ।
ਇੱਜ਼ਤ ਹਮਰੀ ਜਾਇ, ਔਰ ਧਨ ਭੀ ਸਭਿ ਜੈਹੈ।
ਕਰੈ ਮਸ਼ਕਰੀ ਪੰਥ, ਦਿਵਾਨ ਨ ਬੈਸਨ ਦੈਹੈ।
ਯਹਿ ਵਿਚਾਰ ਤਬਿ ਔਰ ਪਾਪ, ਆਲੀ ਸਿੰਘ ਕੀਨੋ।
ਦਿਲੇ ਰਾਮੀਆਂ ਹੁਤੋ ਕੈਦ, ਤਿਸ ਕੇ ਢਿਗ ਚੀਨੋ ॥ ੭੫ ॥
ਜਾਇ ਅਚਾਨਕ, ਮੂੰਡ ਤਾਂਹਿ ਕਾ ਕਾਟਿ ਉਤਾਰਜੋ।
ਕੀਨੋ ਮਿੱਤਰਘਾਤ, ਨੇਮ ਧ੍ਰਮ ਕੂੰਏਂ ਡਾਰਜੋ[1]। — [1]ਖੂਹ 'ਚ ਸੁੱਟ ਦਿੱਤਾ।
ਯਾਂਹੀਂ ਤੈ ਗੁਰੁ ਕਹਜੋ, ਪਾਪ ਪਾਪੀ ਕੋ ਪਜਾਰਾ[1]। — [1]ਗੁਰਬਾਣੀ ਦੀ ਤੁਕ ਐਉਂ ਹੈ:- "ਪਾਪੁ ਬੁਰਾ ਪਾਪੀ ਕਉ ਪਿਆਰਾ ॥ ਪਾਪਿ ਲਦੇ ਪਾਪੇ ਪਾਸਾਰਾ ॥" (ਪੰਨਾ ੯੩੫)
ਸੋ ਆਲੀ ਸਿੰਘ ਕਰਜੋ, ਪਾਪ ਯਹਿ ਬੱਜਰ ਭਾਰਾ ॥ ੭੬ ॥
ਜਿਸ ਧਨ ਇੱਜ਼ਤ ਹੇਤ, ਧਰਮ ਤਜਿ ਪਾਪ ਕਮਾਯੋ।
ਸੋ ਭੀ ਦੋਨੋਂ ਗਏ, ਪੰਥ ਨਹਿਂ ਮੁਖ ਫਿਰ ਲਾਯੋ।
ਅਲੀ ਸਿੰਘ ਨੈ ਕਰਜੋ ਪਾਪ, ਯਹਿ ਤਬਿ ਵਡ ਜੋਈ।
ਪਾਇ ਕਿਤਿਕ ਦਿਨ, ਪਰਜੋ ਫੇਰ ਤਿਸ ਕੇ ਸਿਰ ਸੋਈ ॥ ੭੭ ॥
ਆਪ ਦੁਖੀ ਹ੍ਵੈ ਮਰਜੋ, ਰਹੀ ਨਹਿਂ ਸੰਤਤਿ ਧਰ ਮੈਂ[1]। — [1]ਉਲਾਦ ਧਰਤੀ ਵਿੱਚ ਭਾਵ ਜਗਤ ਵਿੱਚ ਨਹੀਂ ਰਹੀ।
ਸੋ ਧਨ ਭੀ ਸਭਿ ਗਯੋ, ਫੇਰ ਚੜ੍ਹ ਸਿੰਘ ਕੇ ਘਰ

ਮੈਂ।
ਜੋ ਨਰ ਕਰਿ ਕੈ ਪਾਪ, ਬਿੱਤ ਬਹੁ ਇਕਠਾ ਕਰਿ
ਹੈ।
ਧਨ ਭੀ ਤਿਸ ਕਾ ਜਾਇ, ਅੰਤ ਵਹਿ ਦੋਜ਼ਕ ਪਰ
ਹੈ ॥ ੨੮ ॥
ਦੋਹਰਾ:
ਸਿੱਧੀ ਸਸਿ ਬਸੁ ਬ੍ਰਹਮ[1] ਤਬਿ,
ਭਈ ਗਾਥ ਯਹਿ ਸਾਰ[1]।
ਅਬਿ ਅਧਜਾਇ ਪੂਰਨ ਭਯੋ,
ਲੂਟ ਕਸੂਰਹਿਂ ਮਾਰਿ ॥ ੨੯ ॥

[1]ਸੰਮਤ ੧੮੧੮ ਬਿ: (ਸਿੱਧੀ=੮। ਸਸਿ=੧। ਬਸੁ=੮। ਬ੍ਰਹਮ=੧, ਉਲਟਾ ਕੇ ੧੮੧੮)।
[1]ਸਾਰੀ, (ਅ) ਸ੍ਰੇਸ਼ਟ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਯਾਨ ਸਿੰਘ ਵਿਰਚਿਤੇ 'ਕਸੂਰ ਮਾਰਨ, ਦਿਜ ਕੀ ਤੀਆ ਦਿਲਾਵਨ', ਪ੍ਰਸੰਗ ਬਰਨਨੰ ਨਾਮ ਬਤਾਲੀਸਮੋਂ ਬਿਸ੍ਰਾਮ ॥ ੪੨ ॥

੪੩. {ਉੜਮੁੜ ਟਾਂਡੇ ਤੇ ਗੁੱਜਰਾਂਵਾਲੇ ਦੇ ਜੰਗ, ਰੁਤਾਸ ਛੁਡਾਉਣੀ, ਸਰ ਬੁਲੰਦ ਖ਼ਾਂ ਦੁਰਾਨੀ ਨੂੰ ਕੈਦ ਕਰ ਕੇ ਫਿਰ ਛੱਡ ਦੇਣਾ, ਸਿੰਘਾਂ ਨੇ ਮੁਲਕ ਮੱਲਣਾ}

ਦੋਹਰਾ:

ਸ੍ਰੀ ਗੁਰੁ ਕੋ ਬੰਦਨ ਕਰੇ,
ਸਿੱਧ[1] ਕਾਜ ਸਭਿ ਹੋਇਂ। — [1]ਪੂਰੇ।
ਜਯੋਂ ਘਨ ਬਰਸੇ ਸਾਖ ਤਰੁ,
ਦਲ ਫਲ ਯੁਤ ਜਗਿ ਜੋਇ[1] ॥੧॥ — [1]ਜਿਵੇਂ ਬੱਦਲ ਦੇ ਵਰ੍ਹਣ ਨਾਲ ਖੇਤੀਆਂ ਤੇ ਦਰਖਤ ਪੱਤਿਆਂ ਤੇ ਫਲਾਂ ਸਹਿਤ ਹੁੰਦੇ ਜਗਤ ਵਿੱਚ ਵੇਖੀਦੇ ਹਨ।

ਮਾਰਿ ਬਿਸੰਭਰ-ਮੱਲ ਕੋ,
ਦੂਾਬਾ ਮੱਲਯੋ ਜੈਸ।
ਬੁੱਢੇ ਦਲ ਕੀ ਗਾਥ[1] ਅਬਿ, — [1]ਕਥਾ।
ਭਈ ਕਹੋਂ ਸਭਿ ਤੈਸ ॥੨॥

ਚੌਪਈ:

ਨਾਜ਼ਮ[1] ਦੀਨਾ ਬੇਗ ਜੁ ਭਯੋ। — [1]ਸੂਬਾ।
ਤਿਸ ਨੇ ਦੀਨਾ-ਨਗਰ ਬਸਯੋ।
ਨਿਜ ਰਜਧਾਨੀ ਸੋਊ ਬਨਾਈ।
ਅਧਿਕ ਹਕੂਮਤ ਤਾਂਹਿ ਕਮਾਈ[1] ॥੩॥ — [1]ਕੀਤੀ।
ਮੇਲ ਪੰਥ ਸੋਂ ਰਾਖਤ ਆਛੇ।
ਕਹੀ ਗਾਥ ਤਿਸ ਕੀ ਸਭਿ ਪਾਛੇ।
ਦੀਨਾ-ਬੇਗ ਮ੍ਰਿਤੁ ਜਬਿ ਭਯੋ।
ਇਕ ਦਿਵਾਨੁ ਤਿਸ ਕਾ ਫਿਰ ਰਹਯੋ ॥੪॥
ਨਾਮ ਬਿਸੰਭਰ ਮੱਲ ਕਹਾਵੈ।
ਕਾਰਬਾਰ ਸਭਿ ਵਹੀ ਚਲਾਵੈ।
ਤਿਸ ਕੇ ਮੁਲਕ ਵੀਚ ਜਬਿ ਜਾਇ।
ਦਈ ਬ੍ਰਿੱਧ ਦਲ[1] ਗਰਦੀ[2] ਪਾਇ ॥੫॥ — [1]ਬੁੱਢੇ ਦਲ ਨੇ। [2]ਹਲਚਲੀ।
ਤਬੈ ਬਿਸੰਭਰ ਯੌਂ ਲਿਖ ਪਠਯੋ।
ਸਿੰਘਨ ਪੈ, ਤੁਮ ਯਹਿ ਕਜਾ ਠਟਯੋ[1]। — [1]ਦਿਲ 'ਚ ਧਾਰਿਆ ਹੈ।
ਦੇਸ ਦੂਾਬਾ ਹਮਰਾ ਛੋਰੋ।
ਮਾਰ ਲੂਟ ਕਿਤ ਕਰੀਓ ਹੋਰੋ[1] ॥੬॥ — [1]ਹੋਰ ਥਾਂ।
ਨਹੀਂ ਤੁ ਮੈਂ ਅਬਿ ਹੀ ਚਢਿ ਐਹੋਂ।

ਜਜੋਂ ਲਖਪਤ ਕੀਨੀ ਸੋ ਕੈਹੋਂ।
ਇਕ ਇਕ ਕੋ ਫੜਿ ਫੜਿ ਕਰਿ ਮਾਰੋਂ।
ਜੁਤਨ ਸੋਂ ਤੁਵ ਬਾਲ[1] ਉਖਾਰੋਂ ॥੭॥ — [1]ਵਾਲ, ਰੋਮ ਭਾਵ ਕੇਸ।
ਜਬੈ ਬ੍ਰਿੱਧ-ਦਲ ਯਹਿ ਸੁਨ ਪਾਈ।
ਜਗੀ ਲਾਗ ਕੀ[1] ਆਗ ਸਵਾਈ[2]। — [1]ਵੈਰ (ਦੁਸ਼ਮਣੀ) ਦੀ। [2]ਬਹੁਤੀ।
ਯੌਂ ਲਿਖਿ ਪਠਜੋ ਬਿਸੰਭਰ ਤਾਂਈ।
ਧ੍ਰਿੱਗ ਤੁਮੈਂ ਧ੍ਰਿਗ ਤੁਮਰੀ ਮਾਈ ॥੮॥
ਜੇ ਤੂੰ ਚਢ ਕਰਿ ਆਇ ਨ ਲਰ ਹੈਂ।
ਹਮੈਂ ਧ੍ਰਿੱਗ ਜੇ ਸਮੁਖ ਨ ਅਰ ਹੈਂ[1]। — [1]ਨਾ ਅੜੀਏ।
ਯਹਿ ਸੁਨਿ ਕੁਪਜੋ[1] ਬਿਸੰਭਰ ਐਨਾ। — [1]ਕ੍ਰੋਧਵਾਨ ਹੋਇਆ।
ਫਰਕੇ ਅੰਗ ਬਾਮ[1], ਕਿਯ ਭੈ ਨਾ ॥੯॥ — [1]ਖੱਬੇ ਅੰਗ (ਕੁਸਗਨਾਂ ਦੀ ਨਿਸ਼ਾਨੀ)।
ਉਰਮਿਲ ਟਾਂਡੇ[1] ਨਗਰ ਨਜੀਕੈਂ। — [1]ਉੜਮੁੜ ਟਾਂਡੇ।
ਆਇ ਲਰਜੋ ਸਿੰਘਨ ਸੋਂ ਠੀਕੈਂ ॥੧੦॥

ਦੋਹਰਾ:

ਲਗਜੋ ਜੰਗ ਹੋਵਨ ਤਬੈ,
ਦੁਹਿ ਦਿਸ ਤੈ ਅਤਿ ਭਾਰ।
ਇਕ ਦਿਸ ਹਿੰਦੂ ਤੁਰਕ ਬਹੁ,
ਸਿੰਘ ਏਕ ਦਿਸ ਸਾਰ[1] ॥੧੧॥ — [1]ਸਾਰੇ, ਸ੍ਰੇਸ਼ਟ।

ਭੁਜੰਗ ਪ੍ਰਯਾਤ ਛੰਦ:

ਗਜੇ ਸਿੰਘ ਸੂਰੇ, ਬਡੇ ਬੀਰ ਬਾਂਕੇ[1]। — [1]ਸੁੰਦਰ ਜੋਧੇ।
ਸਜੇ ਸ਼ਸਤਰਾਂ[1] ਅਸਤਰਾਂ[2] ਬਖਤਰਾਂ ਕੇ[3]। — [1]ਸ਼ਸਤ੍ਰ- ਉਹ ਹਥਿਆਰ ਜੋ ਚਲਾਉਣ ਸਮੇਂ ਹੱਥੋਂ ਨਾ ਛੱਡਿਆ ਜਾਵੇ, ਤਲਵਾਰ ਨੇਜਾ ਆਦਿ। [2]ਅਸਤ੍ਰ- ਜੋ ਹਥਿਆਰ ਹੱਥੋਂ ਛੱਡ ਕੇ ਚਲਾਇਆ ਜਾਵੇ, ਚੱਕ੍ਰ ਤੀਰ ਆਦਿ। [3]ਸੰਜੋਆਂ ਦੇ (ਨਾਲ)।
ਛਕੇ ਛੈਲ ਛੋਭੈਂ ਛਿਤੰ ਛੁੰਗ ਛੱਤ੍ਰੀ[1]। — [1]ਛਿਤੰ (ਧਰਤੀ ਭਾਵ ਜੰਗ ਦੇ ਮੈਦਾਨ ਵਿੱਚ) ਛੱਤ੍ਰੀ (ਸ਼ਸਤ੍ਰ ਧਾਰੀ ਸਿੰਘਾਂ ਦੇ) ਛੁੰਗ (ਜੱਥੇ ਭਾਵ ਦਲ ਦੇ) ਛੈਲ (ਜਵਾਨ ਤੇ ਸੁੰਦਰ ਸੂਰਮੇਂ) ਛੋਭੈਂ (ਕ੍ਰੋਧ ਨਾਲ) ਛਕੇ (ਭਰੇ ਹੋਏ)।
ਬਕੈਂ[1] ਮਾਰ ਮਾਰੈਂ ਵਡੇ ਬੀਰ ਅੱਤ੍ਰੀ[2] ॥੧੨॥ — [1]ਬੋਲਦੇ ਹਨ। [2]ਸ਼ਸਤ੍ਰ ਧਾਰੀ ਸੂਰਮੇਂ।
ਕਟੈਲੇ ਗੁਸੈਲੇ ਬਿਸੈਲੇ ਬਿਸਾਲੈਂ[1]। — [1]ਕੱਟਣ ਵਾਲੇ, ਗੁੱਸੇ ਵਾਲੇ, ਜ਼ਹਰ ਵਾਲੇ ਬਹੁਤੇ ਹਨ।
ਜੁਟੇਰੇ ਭਗੇਰੇ ਦਲੇਰੇ ਕਮਾਲੈਂ[1]। — [1]ਜੁਟੇਰੇ (ਜੁੱਟ ਕੇ ਭਾਵ ਲੜ ਕੇ) ਕਮਾਲੈਂ (ਬਹੁਤੇ) ਦਲੇਰੇ (ਬਹਾਦਰਾਂ ਨੂੰ) ਭਗੇਰੇ (ਭਜਾ ਦੇਣ ਵਾਲੇ ਹਨ)।

ਭੁਵੱਟੇ ਬਿਕੱਟੇ ਕਮੱਠੇ ਸਮਾਨੈ[1]।	[1]ਭੁਵੱਟੇ (ਭ੍ਰਵੱਟੇ) ਕਮੱਠੇ (ਕਮਾਣਾ) ਸਮਾਨੈ (ਵਾਂਗ) ਬਿਕੱਟੇ (ਟੇਢੇ ਹਨ)।
ਦਪੱਟੈਂ ਲਪੱਟੈਂ ਝਪੱਟੈਂ ਜੁਵਾਨੈ[1] ॥ ੧੩ ॥	[1]ਜਵਾਨਾਂ ਨੂੰ (ਝਪੱਟੈਂ) ਝਪਟ ਮਾਰ ਕੇ, (ਲਪੱਟੈਂ) ਚਿੰਬੜ ਕੇ (ਦਪੱਟੈਂ) ਦੌੜਾ ਦੇਂਦੇ ਹਨ।
ਸਜੇ ਭਾਂਤਿ ਭਾਂਤਾਨ ਕੇ ਛੈਲ[1] ਬਾਂਕੇ[2]।	[1]ਜਵਾਨ। [2]ਸੁੰਦਰ।
ਖਿਰੇ ਖੇਤ ਮਾਨੋ ਖਰੇ ਪੋਸਤਾਂ ਕੇ[1]।	[1]ਜਾਣੋ ਪੋਸਤਾਂ ਦੇ ਖੇਤ ਖਿੜੇ ਹੋਏ ਖੜੇ ਹਨ।
ਕਟੰ ਕੱਛ ਅੱਛੰ ਕਸੇ ਸੋਹਿਂ ਭੱਥੇ[1]।	[1](ਕਟੰ) ਲੱਕ ਨਾਲ (ਕੱਛ) ਕਛਹਿਰੇ ਤੇ ਭੱਥੇ (ਅੱਛੰ) ਚੰਗੀ ਤਰ੍ਹਾਂ ਕੱਸੇ ਹੋਏ ਸੋਂਹਦੇ ਹਨ।
ਮਨੋ ਸੋ ਅਖਾਰੇ ਮਧੈ[1] ਨੱਟ ਲੱਥੇ[2] ॥ ੧੪ ॥	[1]ਵਿੱਚ। [2]ਨੱਟ ਉਤਰੇ ਹੋਏ ਹਨ।
ਗਰੇ ਕੁੰਚਕੀ[1] ਸੇਤ ਔ ਪੀਤ[2] ਨੀਲੀ।	[1]ਕਮੀਜ਼ਾਂ, ਪੁਸ਼ਾਕਾਂ। [2]ਚਿੱਟੀਆਂ ਤੇ ਪੀਲੀਆਂ।
ਸਜੀ ਸੋ ਸਮੀਲੀ[1] ਸੁਠੰ ਚੱਟਕੀਲੀ[2]।	[1]ਮਿਲਵੀਆਂ। [2]ਸੁੰਦਰ ਤੇ ਚਮਕਦਾਰ।
ਦਮਾਲੇ[1] ਬਿਸਾਲੇ ਸੁ ਕਾਲੇ ਰੁ ਪੀਲੇ।	[1]ਫੱਰਰਿਆਂ ਵਾਲੇ ਦਸਤਾਰੇ।
ਸਜੇ ਸੀਸ ਸੋਹੈਂ ਮਨੋ ਖੇਤ ਖੀਲੇ[1] ॥ ੧੫ ॥	[1](ਫੁੱਲਾਂ ਨਾਲ) ਖਿੜੇ ਹੋਏ ਖੇਤ।
ਸਜੇ ਚੱਕ੍ਰ ਬੱਕ੍ਰੈਂ[1], ਗਜੰ-ਗਾਹ[2] ਤੋੜੇ[3]।	[1]ਟੇਢੇ ਚੱਕ੍ਰ। [2]ਘੋਧੇ ਦੇ ਸਿਰ ਦਾ ਗਹਿਣਾ ਜੋ ਜਿਗ੍ਹਾ ਦੀ ਸ਼ਕਲ ਦਾ ਹੁੰਦਾ ਹੈ। [3]ਗਲ੍ਹ 'ਚ ਪਹਿਰਨ ਵਾਲੇ ਜੰਜੀਰੀਦਾਰ ਕੰਠੇ।
ਸਸੀ[1] ਔ-ਦੁਧਾਰੇ[2], ਕ੍ਰਦਾਂ ਪੁੰਜ ਜੋੜੇ[3]।	[1]ਨੈਪਾਲੀਆਂ ਦਾ ਇਕ ਅਰਧ ਚੰਦ੍ਰਾਕਾਰ ਸ਼ਸਤ੍ਰ। ਖੋਖਰੀ। [2]ਖੰਡੇ। [3]ਕ੍ਰਿਪਾਨਾਂ ਆਦਿ (ਪੁੰਜ) ਬਹੁਤੇ (ਸ਼ਸਤ੍ਰ) ਇਕੱਠੇ ਕਰ ਲਏ।
ਬਨੀ ਬਾਂਕਿ[1] ਮੁਛੈਂ, ਸਫਾ ਸੂਧ[2] ਦਾੜੇ।	[1]ਟੇਢੀਆਂ। [2]ਸਾਫ਼ ਤੇ ਸਿੱਧੇ।
ਛਕੈਂ ਛਾਂਇ ਸੁੱਖੇ ਭਲੀ ਭਾਂਤਿ ਗਾੜ੍ਹੇ ॥ ੧੬ ॥	
ਧਰੇ ਕੰਧ ਕੋਵੰਡ ਕਾਠੋਰ ਭਾਰੇ[1]।	[1]ਮੋਢਿਆਂ ਤੇ ਭਾਰੇ ਤੇ ਕਰੜੇ (ਕੋਵੰਡ) ਧਨੁੱਸ਼ਰਖੇ ਹੋਏ ਹਨ।
ਕਸੇ ਕੱਟ[1] ਭੱਥੇ ਭਰੇ ਬਾਨ ਖਾਰੇ[2]।	[1]ਲੱਕਾਂ ਵਿੱਚ। [2]ਤਿੱਖੇ ਤੀਰ।
ਗਰੇ ਤੇਗ ਖੰਡੇ ਧਰੇ ਢਾਲ ਪੀਠੈਂ।	
ਕਰੈਂ ਰਾਮਜੰਗੇ ਅਰੈਂ ਓਰ ਦੀਠੈਂ[1] ॥ ੧੭ ॥	[1]ਬੰਦੂਕਾਂ ਵੈਰੀਆਂ ਵਲ ਨਿਗਾਹਾਂ ਕਰਦੀਆਂ ਹਨ।
ਜਮੰਦਾਢ[1] ਪਸਤੌਲ ਖੋਖੇ[2] ਤਮੰਚੇ[3]।	[1]ਕਟਾਰਾਂ, ਬਿਛੂਏ। [2]ਖੋਖਰੀਆਂ। [3]ਇਕ ਕਿਸਮ ਦੇ ਪਸਤੌਲ।
ਕਸੇ ਮੱਧ ਪੇਟੀ ਲਸੈਂ ਪੁੰਜ ਸੰਚੇ[1]।	[1](ਪੁੰਜ) ਸਾਰੇ (ਸੰਚੇ) ਇਕੱਠੇ ਕੀਤੇ ਹੋਏ (ਲਸੈਂ) ਚਮਕਦੇ ਹਨ।
ਕਿਤੈ ਸੈਹਥੀ[1] ਤੋਮਰੈਂ[2] ਤੱਕ ਛੱਡੈਂ।	[1]ਬਰਛੀ। [2]ਬਰਛੇ।
ਤਨੰ ਢਾਲ ਸੱਤ੍ਰਨ ਕੇ ਭੇਦਿ ਕੱਢੈਂ[1] ॥ ੧੮ ॥	[1]ਵੈਰੀਆਂ ਦੀਆਂ ਢਾਲਾਂ ਨੂੰ ਵਿੰਨ ਕੇ ਸ਼ਰੀਰਾਂ 'ਚੋਂ (ਪਾਰ) ਕੱਢ ਦੇਂਦੇ ਹਨ।
ਕਿਤੈ ਖੱਗ ਖੂਨੀ, ਖਪਾ ਖੱਪ ਬਾਹੈਂ[1]।	[1]ਕਿਤੇ ਤਲਵਾਰਾਂ ਖ਼ੂਨ ਵਿੱਚ ਖਪਾ ਖਪ ਸ਼ਬਦ ਕਰ ਕੇ ਚਲਾਉਂਦੇ ਹਨ।

ਅਰੰ ਕੱਟਿ ਕਾਠੀ ਉਰੈਂ ਅੱਸ੍ਰ ਲਾਹੈਂ[1]।	[1]ਵੈਰੀਆਂ ਦੀਆਂ ਕਾਠੀਆਂ ਨੂੰ ਕੱਟ ਕੇ ਘੋੜਿਆਂ ਦੀਆਂ ਛਾਤੀਆਂ (ਲਾਹੈਂ) ਕੱਟ ਦੇਂਦੇ ਹਨ।
ਕਰੈਂ ਟੂਕ ਟੂਕੇ ਧਰਾ ਪੈ ਬਿਖੇਰੈਂ[1]।	[1]ਟੁਕੜੇ ਟੁਕੜੇ ਕਰ ਕੇ ਧਰਤੀ ਤੇ ਖਿੰਡਾਂ ਦੇਂਦੇ ਹਨ।
ਮਨੋ ਬਾਢਿ ਬਾਢੀ, ਬਨੰ ਬਾਢ ਗੇਰੈਂ[1] ॥੧੯॥	[1]ਜਾਣੋ (ਬਾਢੀ) ਤਰਖਾਣ (ਬਨੰ) ਜਗਲ ਨੂੰ (ਬਾਢ) ਵੱਢ ਕੇ (ਬਾਢ) ਵਢਾਂਗ ਨੂੰ ਸੁੱਟੀ ਜਾਂਦੇ ਹਨ।
ਘਨੇ ਘਾਉ[1] ਖੁੱਲ੍ਹੇ, ਭਕਾ ਭੱਕ ਬੋਲੈਂ।	[1]ਜ਼ਖ਼ਮ।
ਸਭੈ ਰੋਹ ਮੱਤੇ, ਯਕਾ ਯੱਕ ਡੋਲੈਂ[1]।	[1]ਸਾਰੇ ਗ਼ੁੱਸੇ 'ਚ ਮਸਤ ਇਕੱਲੇ ਇਕੱਲੇ ਫਿਰਦੇ ਹਨ।
ਕਹੂੰ ਸੈਫ ਛੌਹੀ ਸਫਾਜੰਗ ਛੁੱਟੈਂ[1]।	[1]ਤਲਵਾਰਾਂ, ਛਵ੍ਹੀਆਂ ਤੇ ਟਕੂਏ ਚਲਦੇ ਹਨ
ਕਿਤੈ ਤੇਗ ਤੀਖੇ ਗਦਾ ਦੀਹ ਉਠੈਂ[1] ॥੨੦॥	[1]ਭਾਰੀ ਗਦਾ ਸ਼ਸਤ੍ਰ ਉਠਦੇ ਭਾਵ ਚਲਦੇ ਹਨ।
ਕਿਤੈ ਕਾੜ ਕਾੜੈਂ ਛੁਟੈਂ ਰਾਮਜੰਗੇ।	
ਕਿਤੈ ਸਾੜ ਸਾੜੈਂ ਭਿਦੈਂ ਬਾਨ ਅੰਗੇ[1]।	[1]ਕਿਤੇ ਸਰੜ ਸਰੜ ਕਰਦੇ ਤੀਰ ਅੰਗਾਂ ਨੂੰ ਵਿੰਨ੍ਹਦੇ ਹਨ।
ਕਿਤੈ ਸੇਲ ਭਾਲੇ ਭਲੇ ਲੈ ਨਿਸੰਗੈ[1]।	[1]ਕਿਤੇ (ਸੇਲ) ਬਰਛੇ ਤੇ ਚੰਗੇ ਭਾਲੇ ਲੈ ਕੇ ਨਿਸ਼ੰਗ ਹੋ ਕੇ।
ਬਲੀ ਬੀਰ ਬਾਹੈਂ ਸੁਟੈਂ ਢਾਰ ਅੰਗੈਂ[1] ॥੨੧॥	[1]ਅੰਗਾਂ ਨੂੰ (ਢਾਰ) ਤੋੜ ਕੇ ਸੁੱਟ ਦੇਂਦੇ ਹਨ।
ਦੁਹੂੰ ਓਰ ਜੋਰੰ ਪਰਜੋ ਆਨਿ ਭਾਰੀ।	
ਲਰੈਂ ਬੀਰ ਬਾਂਕੇ ਹੱਕਾਰੈਂ ਹੱਕਾਰੀ[1]।	[1]ਸੱਦ ਸੱਦ ਕੇ ਭਾਵ ਵੰਗਾਰ ਵੰਗਾਰ ਕੇ।
ਕਟਾ ਕੁੱਟ ਮੱਚੀ ਭਯੋ ਭੱਟ ਭੇਰੈਂ[1]।	[1]ਸੂਰਮਿਆਂ ਦਾ ਭੇੜ (ਜੰਗ) ਹੋ ਰਿਹਾ ਹੈ ਕੱਟਣਾ ਤੇ ਕੁੱਟਣਾ ਹੋ ਰਿਹਾ ਹੈ।
ਫਟਾ ਫੱਟ[1] ਡਿੱਗੈਂ, ਧਰਾ ਪੈ ਘਨੇਰੈਂ ॥੨੨॥	[1]ਛੇਤੀ ਛੇਤੀ।
ਪਟਾ ਪੱਟ[1] ਛੂਟੈਂ ਲਹੂ ਕੇ ਪ੍ਰਨਾਰੇ।	[1](ਸਰੀਰ) ਪਾਟ ਪਾਟ ਕੇ।
ਗਟਾ ਗੱਟ[1] ਕਾਲੀ ਛਕੈ ਮੋਦ ਧਾਰੇ।	[1]ਇੱਕੋ ਡੀਕ ਨਾਲ।
ਚਰੈਂ ਮਾਸ ਭਾਤੰ, ਭਰੈਂ ਮਾਸਚਾਰੀ[1]।	[1]ਮਾਸ ਖਾਣੇ (ਜੀਵ) (ਭਰੈਂ) ਜੰਗ ਵਿੱਚ ਤਰ੍ਹਾਂ ਤਰ੍ਹਾਂ ਦਾ ਮਾਸ (ਚਰੈਂ) ਖਾਂਦੇ ਹਨ।
ਨਚੈਂ ਭੂਤ ਬਾਲਾ[1], ਘਨੀ ਦੇਤ ਤਾਰੀ[2] ॥੨੩॥	[1]ਭੂਤਾਂ ਦੀਆਂ ਇਸਤ੍ਰੀਆਂ। [2]ਤਾੜੀ ਮਾਰ ਕੇ।
ਮਚੀ ਕੀਚ ਵੀਚੰ ਧਰਾ[1] ਧੂਰ ਦੱਬੀ।	[1]ਧਰਤੀ ਵਿੱਚ ਚਿੱਕੜ ਹੋ ਗਿਆ।
ਮਨੋ ਲਾਲ ਸਾਰੀ[1] ਤਨੰ ਭੂਮਿ ਫੱਬੀ।	[1]ਸਾੜ੍ਹੀ।
ਇਤੈ ਸਿੰਘ ਅੱਕਾਲ ਅੱਕਾਲ ਬੋਲੈਂ।	
ਉਤੈ ਯਾ ਅਲੀ ਯਾ ਅਲੀ ਤੁਰਕ ਖੋਲ੍ਹੈਂ[1] ॥੨੪॥	[1](ਬੋਲਣ ਲਈ ਮੂੰਹ) ਖੋਲ੍ਹਦੇ ਹਨ।
ਰਣੰ ਮੰਡਿ ਘਾਮੰਡ ਆਖੰਡ ਕੀਨੋ[1]।	[1]ਜੰਗ ਰਚ ਕੇ ਲਗਾਤਾਰ (ਘਾਮੰਡ) ਘਮਸਾਣ ਦਾ ਜੁੱਧ ਕੀਤਾ।
ਸੁਟਜੋ ਖੰਡ ਤੁਰਕਾਨ ਕੋ, ਚੰਡਿ ਚੀਨੋ[1]।	[1]ਜਾਣੋ (ਚੰਡਿ) ਚੰਡੀ ਨੇ ਤਿੱਖੇ (ਸ਼ਸਤ੍ਰਾਂ ਨਾਲ) ਤੁਰਕਾਂ ਨੂੰ ਟੁਕੜੇ ਕਰ ਸੁੱਟਿਆ ਹੈ।
ਸਭੈ ਹੋਨ ਸ਼ਾਹੀਦ ਹੀ ਠੀਕ ਬਾਂਛੈਂ।	

ਚਹੈਂ ਚੀਤ ਦੋਊ ਦਿਸੈਂ ਜੀਤ ਆਛੈਂ ॥੨੫॥

ਸੋਰਠਾ:

ਮਚਯੋ ਜੰਗ ਅਤਿ ਘੋਰ[1], — [1]ਭਿਆਨਕ।
ਮਰੇ ਜ੍ਵਾਨ ਘੋਰੇ ਘਨੇ।
ਪੁਨ ਸਿੰਘਨ ਦੈ ਜੋਰ,
ਲਏ ਤੁਰਕ ਬਿਚਲਾਇ[1] ਸਭਿ ॥੨੬॥ — [1](ਆਪਣੇ ਥਾਵਾਂ ਤੋਂ) ਹਿਲਾ ਲਏ।

ਸ੍ਵੈਯਾ:

ਦੈ ਕਰਿ ਜੋਰ ਤਬੈ ਬਹੁ ਸਿੰਘਨ,
ਮਾਰ ਕਰਯੋ ਘਮਸਾਨ ਮਹਾਨੀ।
ਬਯਾਕੁਲ ਹੋਇ ਸਭੀਤ[1] ਤਬੈ, — [1]ਡਰ ਸਹਿਤ ਹੋ ਕੇ।
ਅਤਿ ਦੌਰ ਚਲੀ ਸਭਿ ਹੀ ਤੁਰਕਾਨੀ।
ਏਕ ਬਿਸੰਭਰ ਮਾਂਡ ਰਹਯੋ[1] ਰਨ, — [1]ਜੰਗ ਕਰ ਰਿਹਾ ਹੈ।
ਪਾਂਚਕ ਸੈ ਤਿਹ ਸੰਗ ਦੁਰਾਨੀ।
ਸਿੰਘ ਪਰੇ ਫਿਰ ਤਾਂ ਪਰ ਕੈ ਬਰ[1], — [1]ਬਲ ਕਰਕੇ।
ਕੈਬਰ ਕੀ[1], ਬਰਖਾ ਬਰਖਾਨੀ ॥੨੭॥ — [1]ਤੀਰਾਂ ਦੀ।
ਛੋੜਿ ਤੁਰੰਗ ਕਰੋੜਾ ਹਰੀ[1] ਤਬਿ, — [1]ਕਰੋੜਾ ਸਿੰਘ।
ਜਾਇ ਬਿਸੰਭਰ ਕੇ ਢਿਗ ਢੁੱਕਯੋ।
ਦੋ ਗੁਲਕਾ[1] ਭਰ ਕੈ, ਅਰਿ ਕੈ — [1]ਗੋਲੀਆਂ।
ਉਰਿ[1] ਸੁਪਾਰ ਕਢੀਂ ਤਬਿ ਸੁੱਕਯੋ[2]। — [1]ਵੈਰੀ ਦੀ ਛਾਤੀ ਵਿੱਚ। [2]ਸੁੱਕੀਆਂ।
ਘੂਮ ਕੈ[1] ਭੂਮਿ ਲਗਯੋ ਗਿਰਨੈ ਜਬਿ, — [1]ਗੇੜਾ ਖਾ ਕੇ।
ਦੌਰ ਕੈ ਮੂੰਡ ਅਸੀ ਸੰਗ ਡੁੱਕਯੋ[1]। — [1]ਸਿਰ ਤਲਵਾਰ ਨਾਲ ਕੱਟ ਲਿਆ।
ਮਾਨਹੁ ਅੱਸ੍ਵ ਤਰੂ ਪਰ ਤੈ,
ਕਦੂਆ ਕੱਟਿ ਸਿੰਘ ਕਰੂੰਜੜੇ ਚੁੱਕਯੋ[1] ॥੨੮॥ — [1]ਜਾਣੋ ਘੋੜੇ ਰੂਪ ਦਰੱਖਤ ਤੋਂ (ਬਿਸੰਭਰ ਮੱਲ ਦੇ ਸਿਰ ਰੂਪ) ਕੱਦੂ ਨੂੰ ਕੱਟ ਕੇ ਕਰੋੜਾ ਸਿੰਘ (ਕਰੂੰਜੜੇ) ਸਬਜ਼ੀ ਵੇਚਣ ਵਾਲੇ ਨੇ ਚੁੱਕ ਲਿਆ।

ਜੀਤ ਭਈ ਤਬ ਸਿੰਘਨ ਕੀ,
ਸਭਿ ਹਾਰ ਕੈ ਦੌਰ ਗਏ ਅਰਿ ਸਾਰੇ।
ਮੋਦ ਹ੍ਵੈ ਸਿੰਘ ਗਜਾਇ ਉਠੇ,
ਧੁਨਿ ਉਚ ਜਕਾਰੇ ਬਜਾਇ ਨਗਾਰੇ।
ਫੇਰ ਲੁਟਯੋ ਅਸਬਾਬ ਸਭੀ,

ਤੁਰਕਾਨਨ ਕੋ ਬਹੁ ਦੈ ਲਲਕਾਰੇ।
ਉੂੰਟ ਤੁਰੰਗ ਲਏ ਬਹੁ ਖੱਚਰ,
ਗਾਮ ਬਜਾਰ ਲੁਟਜੋ ਬਲ ਧਾਰੇ ॥੨੯॥
ਚੌਪਈ:
ਫੇਰ ਪੰਥ ਤਹਿਂ ਤੈ ਚਢਿ ਧਾਯੋ।
ਦੇਸ ਚਾਰ ਦਿਸ ਸਭਿ ਅਪਨਾਯੋ।
ਜਿਸ ਕਾ ਜਹਾਂ ਜੋਰ ਤਬਿ ਪਰਿਯੋ।
ਕਬਜੇ ਗਾਮ[1] ਵਹੀ ਤਿਸ ਕਰਿਯੋ ॥੩੦॥
ਦੇਸ ਦਵਾਬਾ ਮਾਝਾ ਜੇਤਾ।
ਨਿਜ ਕਬਜੇ ਸਿੰਘਨ ਕਿਯ ਤੇਤਾ।
ਮਿਸਲਦਾਰ ਸਰਦਾਰਨ[1] ਤਬਿ ਹੀ।
ਮੁਲਕ ਮੱਲਯੋ ਨਿਜ ਨਿਜ ਸਭਿ ਹੀ ॥੩੧॥
ਗਾਥ ਬ੍ਰਿੱਧ ਦਲ ਕੀ ਯਹਿ ਗਾਈ।
ਸੁਨੋ ਤਰਣ ਦਲ ਕੀ ਅਬਿ ਭਾਈ।
ਜਬੈ ਕਸੂਰ ਤਰਣ ਦਲ ਮਾਰੀ।
ਆਯੋ ਓਰ ਸੁਧਾਸਰ ਭਾਰੀ ॥੩੨॥
ਇਤ ਤੈ ਫਤੇ ਬ੍ਰਿੱਧ ਦਲ ਕੇਰੀ।
ਸੁਨ ਕਰਿ ਸਭਿ ਕੋ ਬਢੀ ਦਲੇਰੀ।
ਮਿਸਲ ਰਾਮਗੜ੍ਹੀਓਂ ਕੀ ਜੇਤੀ।
ਸ੍ਰੀ ਹਰਿ ਗੋਬਿੰਦਪੁਰਿ ਦਿਸ ਤੇਤੀ ॥੩੩॥
ਉਤ ਮੁਕੇਰੀਆਂ ਇਤੈ ਬਟਾਲਾ।
ਮੱਲਜੋ ਉਨ ਇਹੁ ਮੁਲਕ ਬਿਸਾਲਾ।
ਅਜਨਾਲਾ ਸੋਹੀਆਂ ਤੁੰਗ ਆਨਿਕ[1]।
ਪੁਰਿ ਗੁਰਦਾਸੈਂ ਡੇਰਾ ਨਾਨਕ ॥੩੪॥
ਵਿਚ ਵਿਚ ਔਰ ਇਤੈ ਉਤ ਬਹੁ ਤਰ[1]।
ਦੱਬਜੋ ਦੇਸ ਘਨੱਯਨ ਬਲ ਧਰਿ।
ਅੰਮ੍ਰਿਤਸਰ ਅਰ ਤਰਨਤਾਰਨੈ।
ਦੂਰ ਦੂਰ ਲੌ ਔਰ ਸਾਰਨੈ[1] ॥੩੫॥
ਰਾਵੀ ਤਟ[1] ਮੁਲਤਾਨ ਸੁ ਓਰੈਂ[2]।
ਕੁਛ ਗੁਜਰਾਤ ਦਿਸਾ[1] ਫਰਿ ਜੋਰੈਂ।

[1]ਪਿੰਡ।

[1]ਮਿਸਲਾਂ (ਜੱਥਿਆਂ) ਦੇ ਜੱਥੇਦਾਰ ਸਰਦਾਰਾਂ ਨੇ।

[1]ਅਨੇਕਾਂ (ਪਿੰਡ)।

[1]ਬਹੁਤ ਜ਼ਿਆਦਾ।

[1]ਹੋਰ ਸਾਰਿਆਂ (ਇਲਾਕਿਆਂ) 'ਚ।

[1]ਕਿਨਾਰੇ। [2]ਤਰਫ਼।

[1]ਤਰਫ਼।

ਭੰਗੀ ਸਰਦਾਰਨ ਅਪਨਾਯੋ।
ਜਿਤ ਕਿਤ ਉਨ ਨਿਜ ਪਾਉਂ ਫਲਾਯੋ ॥੩੬॥
ਜੱਸਾ ਸਿੰਘ ਸਰਦਾਰ ਬਹਾਦਰ।
ਨੂਰ-ਮਹਿਲ, ਤਲਵੰਡੀ ਸਾਦਿਰ[1]।
ਭੰਗੇ[1], ਹਰਿਆਣੇ ਕੀ ਓਰੈਂ।
ਆਲੂਵਾਲੀਐਂ ਦਬਜੋ ਸਜੋਰੈਂ ॥੩੭॥
ਤ੍ਰਫ ਚੂਹਣੀਐਂ ਸਿੰਘ ਨਕੱਯਨ।
ਦੇਸ ਦਬਾਯੋ ਬਹੁਤੈ ਭੱਯਨ[1]।
ਜਾਲੰਧਰ ਗਿਰਦੈ ਸਿੰਘ-ਪੁਰੀਏ।
ਡੱਲੇ ਵਾਲੀਏ ਦੂਾਬੇਸੁਰੀਏ[1] ॥੩੮॥
ਗਿਰਦ ਫਲੌਰ ਸਤਲੁਜੈਂ ਤੀਰੇ[1]।
ਮਿਸਲ ਨਿਸ਼ਾਨਾ ਵਾਲੀ ਗੀਰੇ[1]।
ਤਜੋਂ ਹੀ ਅਧਿਕੈਂ ਸਿੰਘਨ ਸ਼ਹੀਦੈਂ।
ਲਏ ਇਲਾਕੇ ਸਾਥ ਤਕੀਦੈਂ[1] ॥੩੯॥
ਨਵਾਂ ਸ਼ਹਿਰ ਹਰਜਾਨਾ, ਬਸੀਆਂ।
ਪੁਰਿ ਹੁਸ਼ਜਾਰ ਕਰੋੜੀਐਂ ਖਸੀਆਂ[1]।
ਸ਼ੁੱਕ੍ਰਚੱਕੀਅਨ ਗਿਰਦ ਲਹੌਰੈਂ।
ਮੱਲਜੋ ਮੁਲਕ ਜੋਰ ਦੈ ਗੌਰੈਂ[1] ॥੪੦॥
ਠਾਣਾ[1] ਬੀਚ ਕੁੱਝਰਾਂ ਵਾਲੇ।
ਚੜ੍ਹਤ ਸਿੰਘ ਨਿਜ ਕਰਜੋ ਬਿਸਾਲੇ ॥੪੧॥

ਦੋਹਰਾ:

ਯਾ ਬਿਧਿ ਮੱਲਜੋ ਮੁਲਕ ਤਬਿ,
ਫੜਿ ਸਿੰਘਨ ਬਡ ਜੋਰ।
ਲਗੇ ਛਕਨ ਉਗਰਾਹਿ ਸਭਿ,
ਪਰਜੋ ਪੁਨਾ ਜਗਿ ਸ਼ੋਰ[1] ॥੪੨॥

ਸ੍ਵੈਯਾ:

ਹਾਕਮ ਥਾ ਤਬਿ ਵੀਚ ਲਹੌਰ,
ਰਹਜੋ ਦਬ ਸ਼ਾਹਿ-ਤਮੂਰ ਦੁਰਾਨੀ।
ਨਾ ਉਗਰਾਹੀ ਮਿਲੈ ਤਿਸ ਕੋ ਕੁਛ,
ਸ਼ੋਰ ਮਚਜੋ ਬਹੁ ਬੀਚ ਜਹਾਨੀ।

[1]ਬੇਫ਼ਿਕਰ ਹੋ ਕੇ।
[1]ਪਿੰਡ।
[1](ਨਕਈ) ਭਰਾਵਾਂ ਨੇ।
[1]ਦੁਆਬੇ ਦੇ ਈਸ਼ਰ (ਮਾਲਕ) ਬਣ ਗਏ।
[1]ਕਿਨਾਰੇ।
[1]ਕਬਜ਼ਾ ਕਰ ਲਿਆ।
[1]ਤਕੜਾਈ ਨਾਲ।
[1]ਕਰੋੜੀਆਂ ਦੀ ਮਿਸਲ ਨੇ ਖੋਹ ਲਈਆਂ।
[1]ਬਹੁਤਾ।
[1]ਟਿਕਾਣਾ, ਭਾਵਰਾਜਧਾਨੀ।
[1]ਰੌਲਾ।

ਦੌਲਤ ਫੌਜ ਰਹੀ ਤਿਸ ਪੈ ਨਹਿਂ,
ਪੇਸ਼ ਨ ਸਿੰਘਨ ਸੰਗ ਚਲਾਨੀ।
ਹਾਰ ਤਿਨੈਂ ਫਿਰ ਕਾਬਲ ਤੈ,
ਨਿਜ ਮੱਦਦ ਹੇਤ ਬੁਲਾਏ ਦੁਰਾਨੀ ॥੪੩॥
ਖੋਜਾ ਹਮੀਦ ਅਬਦੁੱਲਹਿ ਖਾਂ,
ਦਲ ਦੈ ਬਹੁ ਕੈ ਬਲ[1] ਦੀਨ ਚਢਾਏ।
[1]ਬਹੁਤ ਜ਼ੋਰ ਦੇ ਕੇ।
ਤੋਪ ਜੰਜੈਲ[1] ਜੰਬੂਰਹਿ[2] ਭੂਰ[3],
[1]ਲੰਬੀ ਨਾਲੀ ਵਾਲੀਆਂ ਬੰਦੂਕਾਂ। [2]ਛੋਟੀਆਂ ਤੋਪਾਂ। [3]ਬਹੁਤੀਆਂ।
ਤਮੂਰ ਕਏ ਤਿਨ ਸੰਗ ਰਿਸਾਏ[1]।
[1]ਗੁੱਸੇ ਹੋ ਕ
ਜਾਇ ਲੜੇ ਚੜ੍ਹ ਸਿੰਘਹਿ ਸੋਂ ਵਹਿ[1],
[1]ਉਹ ਚੜ੍ਹਤ ਸਿੰਘ ਨਾਲੇ।
ਗੁੱਝਰਾਂਵਾਲੇ ਢਿਗੈ ਬਲ ਲਾਏ।
ਸਿੰਘ ਲੜੈਂ ਗੜ੍ਹ[1] ਅੰਦਰ ਤੈ,
[1]ਕਿਲ।
ਚੜ੍ਹ ਸਿੰਘ ਲੜਾਇ ਤਹਜੋਂ ਭਲ ਭਾਏ[1] ॥੪੪॥
[1]ਉਸ ਥਾਂ ਤੋਂ ਚੰਗੀ ਤਰ੍ਹਾਂ।
ਕੇਤਿਕ ਦਜੋਸ ਬਿਤੇ ਲਰਤਜੋਂ ਜਬਿ,
ਰੋਜ ਬੰਦੂਕ ਚਲੈ ਦਿਸ ਦੋਹੈਂ।
ਭੀਤਰ ਅੰਨ ਜਖੀਰਾ[1] ਤਬੈ ਸਭਿ,
[1]ਅੰਨ ਦਾ ਭੰਡਾਰ।
ਸਿੰਘਨ ਕੇਰ ਨਿਖੁਟ ਗਯੋ ਹੈ।
ਬਾਹਰ ਤੈ ਨਹਿਂ ਆਵਨ ਪਾਵਨ,
ਸਿੰਘਨ ਕੋ ਤਬਿ ਮੱਦਦ ਕੋ ਹੈ।
ਸਿੰਘਨ ਹੋਇ ਲਚਾਰ ਵਿਚਾਰ,
ਕਹਜੋ ਲਰੀਏ ਅਬਿ ਬਾਹਰ ਹੋਹੈ ॥੪੫॥
ਬਾਹਰ ਥੀ ਤੁਰਕਾਨ ਪਰੀ ਬਹੁ,
ਭੀਤਰ ਸਿੰਘ ਹੁਤੇ ਤਹਿਂ ਥੋਰੇ।
ਨਾ ਨਿਕਸੈਂ ਡਰਤੇ ਵਹਿ ਬਾਹਰ,
ਤੁਰਕ ਭਿ ਨਾਹਿਂ ਸਕੈਂ ਗਢ ਤੋਰੇ।
ਭੂਖ ਪਯਾਸ ਲਚਾਰ ਕਰੇ ਸਿੰਘ,
ਸਿੱਕਾ[1] ਬਰੂਦ ਰਹਜੋ ਨਹਿਂ ਧੋਰੇ[2]।
[1]ਗੋਲੀਆਂ। [2]ਪਾਸ, ਕੋਲੇ।
ਜਾਨ ਲਯੋ ਚੜ੍ਹ ਸਿੰਘ ਸਹੀ,
ਮਰਨਾ ਅਬਿ ਆਇ ਪਰਜੋ ਸਿਰ ਮੋਰੇ ॥੪੬॥
ਸਾਹਿਬ ਰੱਖਕ ਹ੍ਵੈ ਜਿਸ ਕਾ,

ਤਿਹ ਲੱਖ ਸਬੱਬ ਬਨਾਇ ਬਚਾਏ।
ਸਾਰ[1] ਭਈ ਯਹਿ ਪੰਥ ਤਈਂ ਫਿਰ, — [1]ਖ਼ਬਰ।
ਜੋ ਚੜ੍ਹ ਸਿੰਘ ਕੇ ਸੀਸ ਬਿਹਾਏ[1]। — [1]ਬੀਤਦੀ ਸੀ।
ਚਾਰ ਦਿਸਾਨ ਤੈ ਧਾਇ ਅਏ ਸਭਿ,
ਬਾਹਰ ਤੈ ਬਹੁ ਸਿੰਘ ਤਦਾਏ[1]। — [1]ਤਦੋਂ।
ਆਨਿ ਨੁਵਾਬ ਕੇ ਪਾਸ ਕਹਜੋ ਕਿਨ,
ਸਿੰਘ ਪਰੈਂ ਤੁਮ ਪੈ ਅਬਿ ਆਏ ॥੪੭॥
ਭੀਤਰ ਤੈ ਚੜ੍ਹ ਸਿੰਘ ਕਹਜੋ,
ਨਿਜ ਫੌਜ ਤਈਂ, ਇਸ ਭਾਂਤਿ ਉਚਾਰੀ।
ਮੱਦਦ ਹਿੰਮਤਿ ਕੀ ਕਰਿ ਹੈਂ ਗੁਰੁ,
ਕਜੋਂ ਤੁਮ ਨੈ ਨਿਜ ਹਿੰਮਤ ਹਾਰੀ।
ਲੇਹੁ ਸ਼ਹੀਦੀ ਨ ਗੀਦੀ[1] ਬਨੋ ਅਬਿ, — [1]ਕਾਇਰ।
ਬਾਹਰ ਹੋਇ ਮਰੋ ਅਰਿ ਮਾਰੀ।
ਕੈ ਕਿਤ ਦੌਰਿ ਬਰੋ ਬਨ ਮੈਂ,
ਅਬਿ ਜਾਨ ਬਚੈ ਇਸ ਭਾਂਤਿ ਤੁਮਾਰੀ ॥੪੮॥
ਯੌਂ ਠਟ ਕੈ[1] ਨਿਸ ਕੋ ਨਿਕਸੇ ਸਿੰਘ, — [1]ਵਿਉਂਤ ਬਣਾ ਕੇ।
ਭੀਤਰ ਤੈ ਅਤਿਸੈਂ ਬਲ ਕੈ ਕੈ।
ਤਾਂਹਿ ਸਮੈਂ ਉਤ ਤੈ ਸੁ ਅਚਾਨਕ,
ਬਾਹਰ ਤੈ ਪਹੁੰਚੇ ਸਿੰਘ ਐ ਕੈ।
ਸ਼ੋਰ ਮਚਜੋ ਸਭਿ ਸੈਨ ਵਿਖੈ,
ਡਰ ਮਾਨਿ ਚਲਜੋ ਤੁਰਕੀ ਦਲ ਧੈ ਕੈ।
ਸਿੰਘ ਪਰੇ ਤਿਨ ਪੈ ਤਬਿ ਯੌਂ,
ਜਿਮ ਪੁੰਜ ਅਜਾ ਪਰ ਬਾਘ ਅਨੈਕੈਂ[1] ॥੪੯॥ — [1]ਜਿਵੇਂ ਬਹੁਤੀਆਂ (ਅਜਾ) ਬਕਰੀਆਂ ਉਪਰ (ਅਨੈਕੈਂ) ਅਨੇਕਾਂ ਭਾਵ ਬਹੁਤੇ (ਬਾਘ) ਸ਼ੇਰ (ਆ ਕੇ) ਪੈਂਦੇ ਹਨ। (ਅ) (ਅਨੈ ਕੈ) ਆ ਕੇ।

ਮਾਰ ਮਚੀ ਤਰਵਾਰਨ ਕੀ ਤਬਿ,
ਸਿੰਘਨ ਕੇ ਅਤਿਸੈ ਹਥ ਛੁੱਟੇ।
ਮਾਰਹਿਂ ਮਾਰ ਪੁਕਾਰ ਕਰੈਂ ਸਭਿ,
ਏਕਹਿ ਬਾਰ ਹੱਲਾ ਕਰਿ ਉੱਠੇ।
ਮਾਰ ਹਿਰਾਨ ਮਹਾਨ ਕਰੇ,

ਤੁਰਕਾਨਨ ਕੇ ਧਰ ਪੈ ਤਨ ਲੁੱਠੇ[1]।
ਜਯੋਂ ਕਦਲੀ ਬਨ ਪੌਨ ਪ੍ਰਚੰਡਹਿ,
ਖੰਡਨ ਕੈ ਮਹਿ ਮੰਡਹਿਂ ਸੁੱਟੇ[1] ॥੫੦॥

[1]ਧਰਤੀ ਤੇ ਸਰੀਰ ਲਿਟਾ ਦਿੱਤੇ।
[1]ਜਿਵੇਂ ਤਿੱਖੀ ਹਵਾ ਕੇਲਿਆਂ ਦੇ ਬਗੀਚੇ ਨੂੰ (ਖੰਡਨ ਕੈ) ਉਖੇੜ ਕੇ ਧਰਤੀ ਤੋਂ (ਮੰਡਹ) ਵੱਖ ਕਰ ਕੇ ਸੁੱਟ ਦੇਂਦੀ ਹੈ।

ਦਾਉ ਲਗਯੋ ਤਬਿ ਸਿੰਘਨ ਕਾ,
ਤੁਰਕਾਨਨਿ ਸੈਨ ਸਭੀ ਬਿਚਲਾਈ[1]।
ਤੋਮਰ[1] ਤੇਗ ਬੰਦੂਖ ਛੁਰੀ,
ਬਰਛੇ ਤਿਰਛੇ[1] ਬਹੁ ਬਾਨ[2] ਚਲਾਈ।
ਮਾਰਿ ਸਥਾਰ[1] ਅਪਾਰ ਕਰਯੋ ਤਬਿ,
ਲੁੱਥਨ ਊਪਰ ਲੁੱਥ ਚੜ੍ਹਾਈ।
ਜਯੋਂ ਬਣ ਬਾਢਿ ਤਖਾਣਨਿ ਚੀਰਿ,
ਧਰੇ ਕਰਿ ਖੰਡ ਸੁ ਗੈਰਕ ਲਾਈ[1] ॥੫੧॥

[1]ਖਿੰਡਾ ਦਿੱਤੀ।
[1]ਨੇਜੇ।
[1]ਤਿੱਖੇ। [2]ਤੀਰ।
[1]ਢੇਰ।
[1]ਜਿਵੇਂ ਤਖਾਣਾਂ ਨੇ ਜੰਗਲ ਵੱਢ ਕੇ ਚੀਰ ਕੇ ਟੁਕੜੇ ਕਰ ਕੇ ਗੇਰੂ ਲਾ ਕੇਰੱਖੇ ਹਨ।

ਦੌਰਿ ਨਿਬਾਬ ਲਹੌਰ ਦਿਸਾ ਚਲਯੋ,
ਤਜ ਕੈ ਤਬਿ ਹੀ ਨਿਜ ਡੇਰੈਂ।
ਔਰ ਸਭੀ ਦਲ ਹੋਇ ਸਭੀਤ[1],
ਭਗਯੋ ਦਹਿਲਾਇ[1] ਤਬੀ ਬਿਨ ਦੇਰੈਂ।
ਸਿੰਘ ਪਿਛਾਹਿਂ ਪਰੇ ਤਿਨ ਕੇ ਫਿਰ,
ਧਾਇ ਕੈ ਦੈ ਕਰਿ ਜੋਰ ਵਧੇਰੈਂ।
ਜਯੋਂ ਮ੍ਰਿਗ ਪੁੰਜਨ ਪੈ ਸੁਤ ਸ਼ੇਰ,
ਪਰੈਂ ਬਹੁ ਧਾਇ[1] ਸੁ ਮਾਰਿ ਨਿਬੇਰੈਂ ॥੫੨॥
ਮਾਰਿ ਭਗਾਇ ਤੁਕਾਨ ਤਈਂ,
ਫਿਰ ਸਿੰਘਨ ਲੌਟ[1] ਲੁਟਯੋ ਤਿਨ ਡੇਰੈਂ।
ਊਂਟ ਤੁਰੰਗ ਲਏ ਬਹੁ ਖੱਚਰ,
ਔਰ ਲੁਟਯੋ ਅਸਬਾਬ ਵਧੇਰੈਂ।
ਤੋਪ ਰਹੀ ਤਹਿਂ ਜੋ ਤੁਰਕਾਨਿ,
ਲਈ ਚੜ੍ਹ ਸਿੰਘ ਸੁਈ[1] ਬਿਨ ਦੇਰੈਂ।
ਦੇਖਹੁ ਲਾਖ ਸਬੱਬਨ ਮੈਂ,
ਚੜ੍ਹ ਸਿੰਘ ਰਖਯੋ ਗੁਰੁ ਮ੍ਰੈ ਲਖਿ ਚੇਰੈਂ[1] ॥੫੩॥
ਸ਼ਾਹਿ ਤੈਮੂਰ ਤਬੈ ਖਿਝ ਕੈ ਬਹੁ,

[1]ਡਰ ਸਹਿਤ ਹੋ ਕੇ।
[1]ਕੰਬ ਕੇ।
[1]ਜਿਵੇਂ ਬਹੁਤੇ ਹਰਨਾਂ ਤੇ ਸ਼ੇਰਾਂ ਦੇ ਪੁੱਤਰ ਪੈਂਦੇ ਹਨ।
[1]ਮੁੜ ਕੇ।
[1]ਉਹ।
[1]ਆਪਣਾ ਸਿੱਖ ਜਾਣ ਕੇ।

ਕਾਬਲ ਤੈ ਨਿਜ ਸੈਨ ਮੰਗਾਈ।
ਅਹਿਮਦ ਸ਼ਾਹਿ ਤਬੈ ਜੁਗ-ਤੁੰਮਲ[1], — [1]ਦੋ ਜੱਥੇ।
ਭੇਜ ਦਏ ਪਹੁੰਚੇ ਵਹਿ ਆਈ।
ਨਾਜ਼ਮ ਆਜ਼ਮ[1] ਖਾਨ-ਬੁਲੰਦ, — [1]ਵੱਡਾ ਸੂਬਾ।
ਰੁਤਾਸ[1] ਵਿਖੇ ਥਿਰਯੋ ਇਕ ਆਈ। — [1]ਜ਼ਿਲ੍ਹੇ ਜ਼ੇਹਲਮ 'ਚ ਇਕ ਕਿਲ੍ਹਾ ਤੇ ਉਸ ਦੇ ਅੰਦਰ ਵਸਦਾ ਇਕ ਪਿੰਡ।
ਕੋਟਿ-ਸਿਆਲ[1] ਵਿਖੇ ਪਹੁੰਚਯੋ ਇਕ, — [1]ਸਿਆਲਕੋਟ ਵਿੱਚ।
ਖਾਨ ਜਹਾਨ ਸੂਦਾਰ ਬਡਾਈ ॥੫੪॥
ਪੈ ਇਤ ਤੈ ਮਿਲ ਕੈ ਸਭਿ ਸਿੰਘਨ,
ਮਾਰਿ ਦੁਰਾਨੀ ਦਏ ਬਿਚਲਾਏ[1]। — [1]ਖਿੰਡਾ ਦਿੱਤੇ।
ਠੌਰ ਅਨੇਕਹਿਂ ਜੰਗ ਭਏ,
ਕਰਿ ਅੰਗ ਸੁ ਭੰਗ ਲਚਾਰ ਮਹਾਂਏ[1]। — [1]ਅੰਗ ਭੰਗ ਕਰ ਕੇ ਬਹੁਤੇ ਦੁਖੀ ਕੀਤੇ।
ਕੇਤਿਕ ਫੇਰ ਪਿਛਾਂਹਿ ਫਿਰੇ,
ਬਹੁ ਧਾਇ ਲਹੌਰਹਿਂ ਮੱਧ ਧਸਾਏ।
ਘਾਇਲ[1] ਜਾਇ ਪਰੇ ਅਨਿਕੈਂ ਘਰ, — [1]ਜ਼ਖ਼ਮੀਂ।
ਭੂਰ[1] ਮਰੇ ਲਰ ਕੈ ਸਮੁਹਾਏ[2] ॥੫੫॥ — [1]ਬਹੁਤੇ। [2]ਸਾਹਮਣੇ।
ਜੋਰ ਅਤੀ ਫਰ ਕੈ ਤਬਿ ਸਿੰਘਨ,
ਔਂ ਕਰਿ ਕੈ ਮਿਲਿ ਉੱਦਮ ਭਾਰੀ।
ਦੇਸ ਘਨੋ ਉਗਰਾਹਿ ਛਕਯੋ,
ਕਬਜੇ ਨਿਜ ਕੀਨ ਸੁ ਚੀਨ[1] ਅਪਾਰੀ। — [1]ਜਾਣੋ।
ਪਾਰ ਝਨਾਉਂ ਤਬੈ ਲਖਿ[1] ਖਾਲਸੇ, — [1]ਲੰਘ ਕੇ।
ਕਾਲ ਸੇ[1] ਹੋਇ ਕਰੇ ਅਰਿ ਖ੍ਵਾਰੀ। — [1]ਕਾਲ ਵਰਗੇ।
ਜਾਨ ਲਯੋ ਤੁਰਕਾਨ ਤਬੈ,
ਅਬਿ ਸਿੰਘ ਭਵੈਂ ਨ੍ਰਿਪ ਯੇ ਬਲਕਾਰੀ[1] ॥੫੬॥ — [1]ਇਹ ਬਲਵਾਨ ਸਿੰਘਰਾਜੇ ਹੋਣਗੇ।

ਦੋਹਰਾ:

ਚੜ੍ਹਤ ਸਿੰਘ ਨੈ ਕਰਯੋ ਤਬਿ,
ਸਰ ਬੁਲੰਦ ਖਾਂ ਕੈਦ।
ਪਿਖਿ ਮੌਕਾ ਤਿਨ ਯੌਂ ਕਹਯੋ,
ਛੂਟਨ ਕੀ ਓਮੈਦ[1] ॥੫੭॥ — [1]ਆਸ ਨਾਲ।
ਕਾਬਲ-ਪਤਿ ਪਤਿਸ਼ਾਹਿ ਜੋ,

ਹੈ ਵਡ ਅਹਿਮਦ-ਸ਼ਾਹਿ।
ਸਰ ਬੁਲੰਦ ਖਾਂ ਚਚਾ ਤਿਸ,
ਨਾਜਮ ਆਜ਼ਮ ਯਾਹਿ[1] ॥ ੫੮ ॥ — [1]ਇਹ ਭਾਵ ਮੈਂ ਲਾਹੌਰ ਦਾ ਵੱਡਾ ਸੂਬਾ।
ਚੜ੍ਹਤ ਸਿੰਘ ਸਰਦਾਰ ਨੈ,
ਕਰ ਕੈ ਤਿਸ ਕੋ ਕੈਦ।
ਛੋਡ ਦਯੋ ਫਿਰ ਆਪ ਹੀ,
ਬਿਨ ਹੀ ਖੌਫ ਉਮੈਦ[1] ॥ ੫੯ ॥ — [1]ਡਰ ਤੇ ਆਸ ਤੋਂ ਬਿਨਾਂ।
ਜਗਤ ਬੀਚ ਇਸ ਬਾਤ ਕਾ,
ਅਮਰ ਰਹੈ ਜਸ ਨੀਕ।
ਤਾਂਤੇ ਤੁਮ ਕੋ ਚਾਹੀਏ,
ਕੀਨੀ ਏਹੀ ਠੀਕ ॥ ੬੦ ॥
ਬਾਤ ਸੁਨਤ ਯਹਿ ਚੜ੍ਹਤ ਸਿੰਘ,
ਦਯੋ ਦੁਰਾਨੀ ਛੋਰ।
ਕੀਓ ਅਟਕ ਤੈ ਪਾਰ ਵਹਿ,
ਖਿਲਤ[1] ਖਰਚ ਦੈ ਹੋਰ ॥ ੬੧ ॥ — [1]ਪੁਸ਼ਾਕ, ਸਿਰੋਪਾਉ।
ਸਰ ਬੁਲੰਦ ਖਾਂ ਜਾਇ ਕੈ,
ਕਾਬਲ-ਪਤਿ ਕੇ ਪਾਸ।
ਮਹਿਮਾਂ ਚੜ੍ਹ ਸਿੰਘ ਕੀ ਕਰੀ,
ਸੁਨਿ ਸ਼ਹਿ ਖੁਸ਼ਿ ਹ੍ਵੈ ਖਾਸ[1] ॥ ੬੨ ॥ — [1]ਬਹੁਤਾ।
ਦੋਇ ਲਾਖ ਕਾ ਮੁਲਕ ਜੋ,
ਗੁਜਰਾਂਵਾਲ ਚੁਫੇਰ।
ਪੱਟਾ[1] ਲਿਖ ਕੈ ਪਠ ਦਯੋ, — [1]ਸਨਦ, ਅਧਿਕਾਰ ਪੱਤ੍ਰ।
ਚੜ੍ਹ ਸਿੰਘ ਪਾਸ ਭਲੇਰ[1] ॥ ੬੩ ॥ — [1]ਚੰਗੀ ਤਰ੍ਹਾਂ।
ਸਾਲ ਅਠਾਰਾਂ ਸੈ ਹੁਤੋ,
ਤਬੈ ਉਨੀਸ ਵਿਚਾਰਿ[1]। — [1]ਤਦੋਂ ੧੮੧੯ ਬਿ: ਸੰਮਤ ਸੀ ਵਿਚਾਰ ਲਉ।
ਇਤੀ ਭਯੋ ਯਹਿ ਧਜਾਇ ਅਬਿ,
ਗੁਰੁ ਪਦ ਪਦਮ ਜੁਹਾਰਿ ॥ ੬੪ ॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਗਜਾਨ ਸਿੰਘ ਵਿਰਚਿਤੇ 'ਉਰਮਲ ਟਾਂਡੇ ਔਰ ਗੁੱਜਰਾਂਵਾਲੇ ਕਾ ਜੰਗ, ਰੁਤਾਸ ਛੁਡਾਵਨ, ਦੁਰਾਨੀ ਸਰ ਬੁਲੰਦ ਖਾਂ ਕੋ ਕੈਦ ਕਰਿ ਛੋਡਨ, ਮੁਲਕ ਮੱਲਨ ਪ੍ਰਸੰਗ', ਬਰਨਨੰ ਨਾਮ ਤ੍ਰਿਤਾਲੀਸਮੋਂ ਬਿਸ੍ਰਾਮ ॥ ੪੩ ॥

੪੪. {ਜੈਨ ਖ਼ਾਂ ਨੂੰ ਮਾਰ ਕੇ ਸਰਹੰਦ ਉਜਾੜਨੀ ਤੇ ਸਿੰਘਾਂ ਨੇ ਮੁਲਕ ਮੱਲਣੇ}

ਦੋਹਰਾ:

ਸ੍ਰੀ ਗੁਰੁ ਕਿਰਪਾ ਦ੍ਰਿਸ਼ਟਿ ਤੈ,
ਮਿਟਤਿ ਮੋਹ ਦੁਖ ਦੁੰਦ[1]। — [1]ਉਪੱਦ੍ਰਵ, ਵਿਘਨ।
ਜਯੋਂ ਘਨ[1] ਵਰਸੇ ਧੁਰਿ ਤਪ[2], — [1]ਬੱਦਲ। [2]ਤਪਸ਼।
ਦੁਰਭਿਖ[1] ਤਿਰਖਾ[2] ਬੰਦ ॥੧॥ — [1]ਕਾਲ, ਕਹਿਤ। [2]ਪਿਆਸ, ਤੇਹ।
ਮਾਰਿ ਜੈਨ ਖਾਂ ਕੇ ਤਈਂ,
ਕਰੀ ਸਰ੍ਹੰਦ ਉਜਾਰ।
ਮੁਲਕ ਦਬਾਯੋ ਪੰਥ ਜਯੋਂ,
ਸੁਨੋ ਕਥਾ ਵਹਿ ਸਾਰ[1] ॥੨॥ — [1]ਸ੍ਰੇਸ਼ਟ।
ਪੰਥ ਖਾਲਸੇ ਕਾ ਲਗਯੋ,
ਦਿਨ ਦਿਨ ਬਢਨ ਪ੍ਰਤਾਪ।
ਮਕਰ ਬਿਤੇ ਜਯੋਂ ਦਿਨ ਬਢਤ,
ਦੁਤੀਆ ਸਸੀ ਮਿਲਾਪ[1] ॥੩॥ — [1]ਮਕਰਰਾਸ਼ੀ (ਮਾਘ ਦੇ ਮਹੀਨੇ) ਦੇ ਬਤੀਤ ਹੋਣ ਤੋਂ ਜਿਵੇਂ ਦਿਨ ਵਧਦੇ ਹਨ ਅਤੇ ਦੂਜੇ ਤੋਂ (ਮਗਰੋਂ ਜਿਵੇਂ ਚੰਦ ਵਧਦਾ ਹੈ ਤੇ ਅੰਤ ਨੂੰ ਪੂਰਨ) ਚੰਦ ਦਾ ਮਿਲਾਪ ਹੋ ਜਾਂਦਾ ਹੈ। (ਮਾਘ ਦੀ ਸੰਗ੍ਰਾਂਦ ਤੋਂ ਸੂਰਜ ਮਕਰਰਾਸ਼ੀ 'ਚ ਪ੍ਰਵੇਸ਼ ਕਰਦਾ ਹੈ)।
ਮੱਲਯੋ ਮੁਲਕ ਪੰਜਾਬ ਜਬਿ,
ਪੰਥ ਜੋਰਿ ਸ਼ਮਸ਼ੇਰਿ।
ਚੜ੍ਹੇ ਫੇਰ ਸਰਹੰਦ ਪੈ,
ਹ੍ਵੈ ਕਰਿ ਸਿੰਘ ਦਲੇਰ ॥੪॥
ਜੈਨ ਖਾਨ ਨਾਜ਼ਮ ਹੁਤੋ,
ਤਬਿ ਜੋ ਬੀਚ ਸਰ੍ਹੰਦ।
ਸੋ ਚੜ੍ਹ ਕਰਿ ਕਿਤ ਗਯੋ ਥਾ,
ਦੌਰਾ ਕਰਨ ਬੁਲੰਦ[1] ॥੫॥ — [1]ਉੱਚਾ ਭਾਵ ਲੰਮਾ।

ਸ੍ਵੈਯਾ:

ਪੰਥ ਚਢਯੋ ਤਬਿ ਪਾਇ ਕੈ ਸਾਰ[1], — [1]ਖ਼ਬਰ।
ਸਰ੍ਹੰਦ ਪੈ ਦੁੰਦਭਿ ਦੀਹ[1] ਬਜੈ ਹੈਂ। — [1]ਭਾਰੀ ਧੌਂਸੇ।
ਤੁੰਗ[1] ਨਿਸ਼ਾਨ ਕਰੇ ਅਗਵਾਨ, — [1]ਉੱਚੇ।
ਛੁਟੇ ਫਰਰੇ ਸਮ ਬੀਜ ਲਸੈ ਹੈਂ[1]। — [1]ਬਿਜਲੀ ਵਾਂਗ ਚਮਕਦੇ ਹਨ।
ਪੇਖਿ ਜਿਨੈ ਅਰਿ ਲੱਜਤ ਭੱਜਤ,

ਜਾਇ ਲੁਕੈਂ ਮਧ ਖੋਹ ਗਿਰੈਂ[1] ਹੈਂ।
[1]ਪਹਾੜਾਂ ਦੀਆਂ ਕੰਦਰਾਂ ਵਿੱਚ।
ਆਇ ਮਿਲਯੋ ਪਟਲੇਸ[1] ਤਬੈ,
[1]ਪਟਿਆਲੇ ਦਾ ਰਾਜਾ (ਮਹਾਰਾਜਾ ਆਲਾ ਸਿੰਘ)।
ਨਿਜ ਲੈ ਕਰਿ ਸੈਨ ਸੁ ਪੰਥ ਮਧੈ ਹੈਂ ॥੬॥
ਬੀਰ ਬੁੱਢਾ ਸਿੰਘ ਧੀਰ ਮਹਾਂ,
ਰਣ-ਚੀਰ ਹਮੀਰ ਮ੍ਰਿਗੇਸ ਮਹਾਨੈਂ[1]।
[1]ਬਹੁਤਾ ਜੰਗ ਨੂੰ ਚੀਰਨ ਵਾਲਾ ਹਮੀਰ ਸਿੰਘ।
ਸਿੰਘ-ਬੁਲਾਕੀ ਗਜੈਪਤਿ-ਸਿੰਘ,
ਅਨੂਪ ਹਰੀ ਸਮ ਔਰ ਕਿਤਾਨੈ[1]।
[1]ਗਜਪਤਿ ਸਿੰਘ ਅਤੇ ਅਨੂਪ ਸਿੰਘ ਵਰਗੇ ਹੋਰ ਕਿਤਨੇ ਹੀ।
ਸੰਗ ਮਿਲੇ ਸਭਿ ਪੰਥਹਿ ਆਨਿ,
ਲਏ ਨਿਜ ਹੀ ਨਿਜ ਸੈਨ ਸੰਗਾਨੈ[1]।
[1]ਆਪੋ ਆਪਣੀ ਫੌਜ ਨਾਲ ਲੈ ਕੇ।
ਰਾਤਹਿ ਰਾਤ ਢੁਕੇ ਢਿਗ ਆਨਿ
ਸਰ੍ਹੰਦਿ, ਸਮਾਂ ਪਿਖਿ ਨੀਕ ਸੁਜਾਨੈ ॥੭॥
ਹ੍ਵੈ ਕਰਿ ਪਾਰ ਸਤੱਦ੍ਰਵ[1] ਤੈ,
[1]ਸਤਲੁਜ।
ਤਬਿ ਛੈਲ[1] ਮਝੈਲ ਅਏ ਮਿਲਿ ਧਾਈ।
[1]ਸੁੰਦਰ ਜਵਾਨ।
ਕੋਪ ਹੁਤੋ ਸਭਿ ਕੇ ਅਤਿਸੈ ਮਨਿ,
ਸੱਤ੍ਰੁਨ ਕੀ ਚਹਿਂ ਬੇਖ[1] ਗਵਾਈ।
[1]ਜੜ੍ਹ।
ਮਾਰਿ ਉਜਾਰਿ ਸਰ੍ਹੰਦਹਿਂ ਕੋ,
ਚਹਿਂ ਲੁੱਟ ਕੈ ਪੁੱਟ ਕੈ ਖਾਕ ਮਿਲਾਈ।
ਲੂਟ ਮਚਾਇ ਦਈ ਮਧ ਦੇਸੰ,
ਸਰ੍ਹੰਦ ਢਿਗੈਂ ਢੁਕਿ[1] ਪੈ ਸਭਿ ਆਈ ॥੮॥
[1]ਨੇੜੇ ਪਹੁੰਚ ਗਏ।
ਤੀਸ ਹਜਾਰਕ ਸਿੰਘ ਜਰਾਰ[1],
[1]ਬਹਾਦਰ (ਸੂਰਮੇਂ)।
ਹੁਤੋ ਅਸਵਾਰ ਲੜਾਕ ਉਦਾਰੈਂ।
ਔਰਹਿਂ ਪੈਦਲ ਤੈ ਅਸਵਾਰ,
ਲੁਟੇਰੇ ਬਧੇਰੇ ਮਿਲੇ ਸੁ ਅਪਾਰੈਂ।
ਗਾਮ ਸੁ ਧਾਮ ਤਮਾਮ ਲੁਟੇ
ਤੁਰਕਾਨਨ ਕੇ, ਕਰਿ ਆਮ ਲਚਾਰੈਂ[1]।
[1]ਬਹੁਤੇ ਦੁਖੀ ਕਰਕੇ।
ਫੌਜ ਹੁਤੀ ਸਰਹੰਦ ਵਿਖੈ ਤਬਿ,
ਸੋ ਸਭਿ ਜੰਗ ਹਿਤੈ ਭਈ ਤਜਾਰੈਂ ॥੯॥
ਸਾਰ ਗਈ ਜਬਿ ਨਾਜ਼ਮ ਪੈ[1],
[1]ਸੂਬੇ ਪਾਸ।
ਇਹੁ ਆਜ਼ਮ ਸਿੰਘਨ ਕੀ ਸੁ ਬਿਸੇਸੈਂ[1]।
[1]ਬਹੁਤੇ ਵੱਡੇ (ਬਹਾਦਰ) ਸਿੰਘਾਂ ਦੀ।
ਸੋ ਤਬਿ ਭੂਰ[1] ਬੰਦੋਬਸਤੈਂ,
[1]ਬਹੁਤਾ।

ਕਰਤੋ ਫਿਰਤੋ ਮੱਧ ਦੌਰੇ ਸੁ ਦੇਸੈਂ।
ਪਾਇ ਸੁ ਸਾਰ ਸਰ੍ਹੰਦ ਦਿਸਾ ਚਲ
ਆਵਤ ਭਾ ਬਿਨ ਦੇਰ ਪਰੇ ਸੈਂ[1]। — [1]ਦੇਰ ਪੈਣ ਤੋਂ ਭਾਵ ਹੋਣ ਤੋਂ ਬਿਨਾਂ ਹੀ।
ਸਿੰਘਨ ਪਾਇ ਕੈ ਭੇਤ ਸੁ ਧਾਇ ਕੈ,
ਘੇਰ ਲਯੋ ਤਹਿੰ ਜਾਇ ਕੈ ਵੇਸੈਂ[1] ॥੧੦॥ — [1]ਚੰਗੀ ਤਰ੍ਹਾਂ।
ਗਾਮ ਬੁਲਾੜੇ ਦਿਸਾ, ਜਹਿੰ ਜੈਨ ਖਾਂ
ਪੀਰਹਿ ਕੇਰ ਮੁਕਾਨ ਅਬੈ ਹੈ।
ਤੀਨਕ ਕੋਸ ਸਰ੍ਹੰਦਹਿੰ ਤੈ,
ਬਡ ਹੋਇ ਗਯੋ ਭਟ-ਭੇਰ[1] ਤਬੈ ਹੈ। — [1]ਸੂਰਮਿਆਂ ਦਾ ਭੇੜ।
ਜੰਗ ਅਭੰਗ ਮਚਜੋ[1] ਤਿਸ ਸੰਗ, — [1]ਲਗਾਤਾਰ ਹੋਇਆ।
ਨਿਸੰਗ ਕਟੇ ਭਟ[1] ਅੰਗ ਜਬੈ ਹੈ। — [1]ਸੂਰਮਿਆਂ ਦੇ।
ਮੇਲਨ[1] ਤੀਰ ਬੰਦੂਖ ਗੁਲੇਲਨ — [1]ਬਰਛਿਆਂ।
ਕਰਿ, ਪਰਜੋ ਰਣ ਬੀਰ ਢਬੈਂ ਹੈ[1] ॥੧੧॥ — [1]ਬਹਾਦਰਾਂ ਦੇ ਢੰਗ ਦਾ ਜੰਗ ਪਿਆ ਹੈ।
ਜੇਤਿਕ ਥੇ ਤੁਰਕੁ ਸਰਦਾਰ
ਅਪਾਰ, ਉਸੀ ਤਬਿ ਦੇਸ ਮਝਾਰੇ।
ਲੈ ਨਿਜ ਹੀ ਨਿਜ ਸੈਨ ਅਏ ਵਹਿ,
ਜੇਰ[1] ਹਕੂਮਤ ਨਾਜ਼ਮ ਸਾਰੇ। — [1]ਅਧੀਨ ਸਨ।
ਨਿਕਸੀ ਬਹੁ ਫੌਜ ਸਰ੍ਹੰਦਹਿੰ ਤੇ,
ਤਬਿ ਤੋਪ ਜੰਬੂਰੇ[1] ਲਏ ਸੰਗ ਭਾਰੇ। — [1]ਛੋਟੀਆਂ ਤੋਪਾਂ।
ਔਰ ਤੁਕਾਨ ਮਹਾਨ ਭਈ
ਇਕਠੀ, ਰਣ ਦੀਨ ਮਜੱਬ ਵਿਚਾਰੇ ॥੧੨॥
ਦੀਹ ਦਮਾਮਿਨ ਪੈ ਦੁਹਿਰੀ,
ਦਿਸ ਦੋਇਨ ਤੈ ਤਬਿ ਚੋਟ ਪਰੈ ਹੈ[1]। — [1]ਵੱਡਿਆਂ ਧੌਂਸਿਆਂ ਤੇ ਦੋਹਾਂ ਪਾਸਿਆਂ ਤੋਂ ਦੂਹਰੀ ਚੋਟ ਪੈਂਦੀ ਹੈ।
ਢੋਲ ਨਗਾਰੇ ਘਨੇ[1] ਸ਼ੁਤਰੀ[2] — [1]ਬਹੁਤੇ। [2]ਊਠਾਂ ਤੇ ਲੱਦੇ ਹੋਏ।
ਘਹਿਰੈਂ[1], ਰਵ ਮਾਰੂ[2] ਬਜਾਇ ਲਰੈ ਹੈਂ। — [1]ਗੂੰਜਦੇ ਹਨ। [2]ਮਾਰੂਰਾਗ ਦੀ ਅਵਾਜ਼।
ਦੋ ਦਿਸ ਤੈ ਰਿਸ ਕੈ ਲਰਹੀਂ,
ਖਿਸਕੈਂ ਨਹਿੰ ਪੈਰ ਨ ਧੈਰ ਹਰੈ ਹੈਂ[1]। — [1]ਧੀਰਜ ਨਹੀਂ ਛੱਡਦੇ।
ਦੀਨ ਮਜੱਬਹਿੰ ਹੇਤ ਅਜੱਬ,
ਗਜੱਬ ਲਰੈਂ ਦਿਸ ਦੋਇ ਭਰੈਂ ਹੈਂ[1] ॥੧੩॥ — [1](ਆਪੋ ਆਪਣੇ) ਦੀਨ ਮਜ਼ਬ ਦੇ ਵਾਸਤੇ ਦੋਹਾਂ ਪਾਸਿਆਂ ਤੋਂ

ਅਸਚਰਜ ਤੇ (ਗਜਬ) ਗ਼ੁੱਸੇ ਨਾਲ (ਭਰੈਂ ਹੈਂ) ਚੰਗੀ ਤਰ੍ਹਾਂ ਲੜਦੇ ਹਨ।

ਕਾਲ ਨਚਯੋ ਤਹਿਂ ਆਨ ਸਚਯੋ[1],
ਨਹਿਂ ਕੋਇ ਤਚਯੋ ਚਹਿ ਜੰਗ ਤਹਾਂਏ[1]।
ਯੱਦਪਿ ਧੈਰ ਧਰੇ[1] ਲਰ ਹੈਂ ਸਭਿ,
ਪੈਰ ਪਿਛਾਹਿਂ ਨ ਕੋ ਇਕ ਚਾਏ।
ਤੱਦਪਿ ਸਿੰਘ ਲਰੈਂ ਤਨ ਦੈ,
ਤੁਰਕੁ ਲਰ ਹੈਂ ਸਭਿ ਜਾਨ ਬਚਾਏ।
ਜੁੱਧ ਅਖੀਰ ਸੁ ਬੀਰ ਕਹੇਂ,
ਹਰਿ ਗਜਾਨ ਸੁ ਗਜਾਨ ਦੈ ਖ਼ੂਬ ਲਗਾਏਂ[1] ॥੧੪॥

[1]ਸੱਚ ਜਾਣੋ।
[1]ਉੱਥੇ ਕੋਈ ਵੀ ਜੰਗ ਛੱਡਣਾ ਨਹੀਂ ਚਾਹੁੰਦਾ।
[1]ਭਾਵੇਂ ਧੀਰਜ ਧਾਰ ਕੇ।
[1]ਸੂਰਮੇਂ ਕਹਿੰਦੇ ਹਨ ਕਿ ਇਹ ਅਖ਼ੀਰਲਾ ਜੰਗ ਹੈ, ਗਿਆਨ ਸਿੰਘ (ਕਹਿੰਦਾ ਹੈ ਕਿ) ਚੰਗਾ (ਗਜਾਨ) ਉਪਦੇਸ਼ ਦੇ ਕੇ ਲੜਾਉਂਦੇ ਹਨ।

ਜੁੱਥਨ ਜੁੱਥ ਅਲੁੱਥ-ਪਲੁੱਥਹਿ[1],
ਲੁੱਥਨ ਊੱਪਰ ਲੁੱਥ ਚਢਾਈ।
ਰੁੰਡ ਬਿਤੁੰਡ ਪਰੇ ਝੁੰਡ ਝੁੰਡਨ,
ਮੁੰਡਨ ਕੁੰਡਨ ਸ੍ਰੋਣ ਭਰਾਈ[1]।

[1]ਜੱਥਿਆਂ ਦੇ ਜੱਥੇ ਉਲੱਦ ਪੁਲੱਦ ਕਰ ਦਿੱਤੇ।
[1]ਢੇਰਾਂ ਦੇ ਢੇਰ ਬਿਨਾਂ ਮੂੰਹਾਂ ਤੋਂ ਧੜ ਤੇ ਸਿਰ ਪਏ ਹਨ ਅਤੇ ਲਹੂ ਨਾਲ ਕੁੰਡ (ਟੋਏ) ਭਰ ਗਏ।

ਸੱਥਲ ਹੱਥ ਭੁਜਾ ਕੱਟਿ ਮੱਥ,
ਸੁਪੱਥ ਕੁਪੱਥ ਕਰਯੋ ਇਕਸਾਈ[1]।

[1]ਪੱਟ, ਹੱਥ ਤੇ ਮੱਥੇ ਕੱਟ ਕੇ ਚੰਗੇ ਇਕਸਾਰ ਰਾਹ ਤੋਂ ਕੁਰਾਹ ਕਰ ਦਿੱਤਾ।

ਕਿੰਸਕ ਸੇਂਬਲ ਕੋ ਬਨ ਫੂਲ
ਝਰਯੋ ਜਨੁ ਔਨਿ ਸਬੀਰਨਿ ਛਾਈ[1] ॥੧੫॥

[1]ਜਾਣੋ ਕੇਸੂ ਤੇ ਸਿੰਬਲ ਦੇ ਬਗੀਚੇ ਵਿੱਚੋਂ ਫੁੱਲਾਂ ਦੇ ਝੜਨ ਵਾਂਗ ਸੂਰਮਿਆਂ ਨੇ ਸਾਰੀ ਧਰਤੀ ਨੂੰ ਢੱਕ ਲਿਆ ਹੈ।

ਅੱਸ੍ਵ ਕਟੇ ਕਿਤ ਉੂੰਟ ਲਟੇ,
ਗਜ ਪੇਟ ਫਟੇ ਬਿਨ ਸੁੰਡ ਲਚਾਰੀ[1]।

[1]ਕਿਤੇ ਘੋੜੇ ਕੱਟੇ ਪਏ ਹਨ, ਕਿਤੇ ਊਠ ਲਿਟੇ ਪਏ ਹਨ, ਕਿਤੇ ਪੇਟ ਫਟੇ ਹਾਥੀ ਸੁੰਡ ਤੋਂ ਬਿਨਾਂ ਦਖੀ ਪਏ ਹਨ।

ਬੀਰ ਪਰੇ ਤਰਫੈਂ ਕਿਤ ਘਾਇਲ,
ਆਬਹਿਂ ਆਬ ਸ਼ਿਤਾਬ ਉਚਾਰੀ[1]।

[1]ਕਿਤੇ ਸੂਰਮੇਂ ਜ਼ਖ਼ਮੀਂ ਹੋਏ ਪਏ ਤੜਫਦੇ ਹਨ, ਪਾਣੀ ਪਾਣੀ ਛੇਤੀ (ਮੁੱਖੋਂ) ਕਹਿੰਦੇ ਹਨ।

ਅੰਗਨ ਸੰਗ ਸਕੀਰਣ ਕੀਨ
ਧਰਾ, ਪਲ ਸ੍ਰੌਣਤ ਸੰਗ ਅਪਾਰੀ[1]।

[1]ਅੰਗਾਂ ਨਾਲ ਅਤੇ ਮਾਸ ਤੇ ਲਹੂ ਨਾਲ (ਅਪਾਰੀ) ਬਹੁਤੀ ਧਰਤੀ ਢੱਕ ਦਿੱਤੀ।

ਮਾਨਹੁ ਰਾਜ ਸਿੰਘਾਨ ਸ਼ਗੁਨ

ਸੁਹਾਗ ਸਨੀ ਚੁਨਰੀ ਧਰ ਧਾਰੀ[1] ॥ ੧੬ ॥

[1]ਜਾਣੋ ਸਿੰਘਾਂ ਦੇਰਾਜ ਦੇ ਸ਼ਗਨ ਲਈ ਧਰਤੀ ਨੇ ਸੁਹਾਗ ਭਰੀ ਚੁੰਨੀ ਧਾਰੀ ਹੈ।

ਸਜਾਲ ਸ੍ਵਾਨ ਗਿਧੈਂ ਬ੍ਰਿਕ ਕਾਕ,
ਬਿਲਾਕ ਇਲੈਂ ਬਹੁ ਆਮਿਖ ਖੈਹੈਂ[1]।

[1]ਗਿੱਦੜ, ਕੁੱਤੇ, ਗਿਰਝਾਂ, ਬਘਿਆੜ, ਕਾਂ, ਬਿੱਲੇ ਤੇ ਇੱਲਾਂ ਬਹੁਤਾ ਮਾਸ ਖਾਂਦੇ ਹਨ।

ਖੇਤ ਖਵੀਸ ਖਰੇ ਖੁੱਲਿ ਖੋਪਰੀ
ਖਾਵਤ, ਭੈਰਵਿ ਭੂਤ ਨਚੈ ਹੈਂ[1]।

[1]ਜੰਗ ਵਿੱਚ ਖਵੀਸ (ਜਿੰਨ, ਦੇਉ) ਚੰਗੀ ਤਰ੍ਹਾਂ ਅਜ਼ਾਦੀ ਨਾਲ ਖੋਪਰੀਆਂ ਖਾਂਦੇ ਹਨ ਅਤੇ ਭੈਰੋਂ ਤੇ ਭੂਤ ਨਚਦੇ ਹਨ।

ਜੋਗਨਿ ਚੰਡ ਪ੍ਰਚੰਡ ਪਿਸਾਚਨਿ,
ਸ੍ਰੋਣਤ ਖੱਪਰ ਪੂਰਿ ਅਚੈ ਹੈਂ[1]।

[1]ਤੇਜ ਜੋਗਣੀਆਂ ਤੇ ਬਹੁਤੀਆਂ ਤੇਜ ਭੂਤਨੀਆਂ ਲਹੂ ਦੇ ਖੱਪਰ ਭਰ ਕੇ ਪੀਂਦੀਆਂ ਹਨ।

ਮਾਨਹੁ ਲੂਟ ਮਚੀ ਦਿਹਲੀ ਕਿਤ,
ਖੇਲਤ ਫਾਗ ਸਰਾਗ ਸਿੰਚੈ ਹੈਂ[1] ॥ ੧੭ ॥

[1](ਫਾਗ) ਹੋਲੀ ਖੇਡਦੇ ਹੋਏ (ਸਰਾਗ) ਪ੍ਰੇਮ ਨਾਲ (ਰੰਗ) ਸਿੰਚੈ ਹੈਂ) ਛਿੜਕਦੇ ਹਨ।

ਆਂਤ ਗਰੇ ਬਹੁ ਭਾਂਤਿ ਧਰੇ,
ਅਨੁਰਾਗ ਭਰੇ ਕਿਲਕੈ ਸ਼ਿਵ ਸੈਨਾ[1]।

[1]ਸ਼ਿਵ ਦੀ ਫ਼ੌਜ (ਭੂਤ ਆਦਿ) ਬਹੁਤ ਤਰ੍ਹਾਂ ਆਂਦਰਾਂ ਗਲ ਵਿੱਚ ਪਾ ਕੇ ਤੇ ਪ੍ਰੇਮ ਵਿੱਚ ਭਰ ਕੇ ਚੀਕਾਂ ਮਾਰਦੀ ਹੈ।

ਪਾਰਤ ਐਲ ਚੁਰੈਲ ਡਕਾਰਤ,
ਮਾਰਤ ਹਾਂਕ ਅਥਾਹ ਸੁ ਬੈਨਾ[1]।

[1]ਚੁੜੇਲਾਂਰੌਲਾਂ ਪਾਉਂਦੀਆਂ ਤੇ ਡਕਾਰ ਲੈਂਦੀਆਂ ਹਨ, (ਸੁ) ਉਹ (ਅਥਾਹ) ਬਹੁਤੀਆਂ (ਬੈਨਾ) ਅਵਾਜ਼ਾਂ ਨਾਲ ਹਾਕਾਂ ਮਾਰਦੀਆਂ ਹਨ।

ਮੁੰਡਨ ਸੋਂ ਗਜ ਖਾਲ ਭਰੀ,
ਸ਼ਿਵ ਬੈਲ ਲਦਯੋ ਤਰਬੂਜਨ ਐਨਾ[1]।

[1](ਸ਼ਿਵ ਨੇ) ਹਾਥੀ ਦੀ ਖਲ (ਸੂਰਮਿਆਂ ਦੇ) ਸਿਰਾਂ ਨਾਲ ਭਰ ਲਈ ਹੈ ਜਾਣੋ ਇਹ ਸ਼ਿਵ ਨੇ (ਐਨਾ) ਚੰਗੇ ਮਤੀਰਿਆਂ ਦਾ ਬੈਲ ਲੱਦਿਆ ਹੈ।

ਹੇਰਿ ਹਿਰਾਨ ਰਹੇ ਅਸੁਰੈਂ ਸੁਰ[1],
ਸਿੰਘਨ ਸੰਗ ਲਰਯੋ ਅਸ ਜੈਨਾ[1] ॥ ੧੮ ॥

[1]ਦੈਂਤ ਤੇ ਦੇਵਤੇ।

[1]ਜੈਨ ਖ਼ਾਂ ਸੂਬਾ ਸਰਹੰਦ।

ਘੋਰ ਘਤਯੋ ਘਮਸਾਨ ਘਨੋ,
ਘਨ ਸੇ ਘੁਮਡੇ ਦਲ ਦੋਇ ਦਿਸੈ ਹੈਂ[1]।

[1]ਦੋਹਾਂ ਪਾਸਿਆਂ ਤੋਂ ਦਲ ਬੱਦਲ ਵਾਂਗ ਉੱਛਲ ਕੇ ਆਏ ਤੇ ਬਹੁਤਾ ਭਿਆਨਕ ਜੰਗ ਪਾਇਆ।

ਧੂਰਿ ਚਢੀ ਨਭ ਸੂਰ ਗਯੋ ਦਬ,
ਸੂਰ ਬਰੇ ਬਹੁ ਹੂਰਨ ਐਹੈਂ[1]।

[1]ਅਕਾਸ਼ ਵਿੱਚ (ਐਸੀ) ਧੂੜ ਚੜ੍ਹੀ (ਜਿਸ ਨਾਲ) ਸੂਰਜ ਢੱਕਿਆ ਗਿਆ, ਬਹੁਤੇ ਸੂਰਮਿਆਂ ਨੂੰ ਹੂਰਾਂ ਨੇ ਆ ਕੇ ਵਰ ਲਿਆ।

ਇੰਦ-ਬਧੂ ਸਮ ਆਨਨ ਸੂਰਨ,
ਕੂਰਨ ਕੇ ਜਰਦੀ ਜਰਦੈ ਹੈਂ[1]।

[1]ਸੂਰਮਿਆਂ ਦੇ ਮੂੰਹ ਚੀਚ ਵਹੁਟੀਆਂ ਵਰਗੇ ਲਾਲ ਹਨ ਅਤੇ ਕਾਇਰਾਂ ਦੇ ਮੂੰਹ ਪਲਿੱਤਣ ਨਾਲ ਪੀਲੇ ਹੋ ਰਹੇ ਹਨ।

ਮਾਰਹਿ ਮਾਰ ਰਟੈਂ ਲਲਕਾਰ,
ਉਘਾਰਿ ਮਨੋ ਭਟ ਸੌਂਚੀ ਖਿਲੈ ਹੈਂ[1] ॥੧੯॥

[1]ਸੂਰਮੇਂ ਲਲਕਾਰ ਕੇ ਮਾਰ ਲੌ ਮਾਰ ਲੌ ਕਹਿੰਦੇ ਹਨ ਸੂਰਮੇਂ (ਉਘਾਰਿ) ਖੁੱਲ੍ਹ ਕੇ ਜਾਣੋ (ਮੱਲਾਂ ਵਾਂਗ) ਸੌਂਚੀ (ਤਲੀਆਂ ਮਾਰਨ ਦੀ ਖੇਡ) ਖੇਡ ਰਹੇ ਹਨ।

ਤੀਸ ਹਜਾਰਕ ਸਿੰਘ ਜੁਵਾਨ,
ਤੁਕਾਨਿ ਮਹਾਨ ਜੁਰੀ ਤਹਿਂ ਆਈ।
ਮਾਰਿ ਤੁਵਾਰ ਹੁਲਾਰਿ ਭੁਜਾ ਭੱਟ[1],
ਏਕਹਿ ਬਾਰ ਦੁਫਾਰ ਕਰਾਈ।
ਦੋ ਦਿਸ ਤੈ ਰਿਸ ਤੈ ਗੁਲਕਾ
ਸਰ ਡਾਰਤ, ਸਾਵਨ ਮੇਘ ਲਜਾਈ[1]।

[1]ਸੂਰਮਿਆਂ ਨੇ ਬਾਂਹਾਂ ਉਲਾਰ ਕੇ।

[1]ਦੋਹਾਂ ਪਾਸਿਆਂ ਤੋਂ ਗ਼ੁੱਸੇ ਨਾਲ ਗੋਲੀਆਂ ਤੇ ਤੀਰ ਸੁਟਦੇ ਭਾਵ ਮਾਰਦੇ ਹਨ (ਜਿਸ ਨੂੰ ਦੇਖ ਕੇ) ਸਾਵਣ ਮਹੀਨੇ ਦਾ ਬੱਦਲ ਸ਼ਰਮਸਾਰ ਹੋ ਰਿਹਾ ਹੈ।

ਜੋਧਨ ਜਾਮ ਜੁਗੈਂ ਜੁਟਿ ਜੰਗਿ,
ਧਰਾ ਸਭਿ ਲਾਲ ਗੁਲਾਲ ਬਨਾਬੀ[1] ॥੨੦॥

[1]ਸੂਰਮਿਆਂ ਨੇ ਦੋ ਪਹਿਰ ਜੰਗ ਵਿੱਚ ਜੁੱਟ ਕੇ ਸਾਰੀ ਧਰਤੀ ਗੁਲਾਲ (ਵਾਂਗ ਗਾਹੜੀ) ਲਾਲ ਬਣਾ ਦਿੱਤੀ।

ਐਨ ਲਖਯੋ ਤਬਿ ਜੈਨਹਿ, ਗੈਨ
ਦਸੋ ਦਿਸ ਨੈਨ ਪਸਾਰ ਜਬੈ ਹੈ[1]।

[1]ਜਦੋਂ ਜੈਨੇ ਨੇ ਅੱਖਾਂ ਖੋਲ੍ਹ ਕੇ ਅਕਾਸ਼ ਤੇ ਦਸੋ ਦਿਸ਼ਾ ਵੱਲ ਦੇਖਿਆ ਤਦੋਂ।

ਸਿੰਘਹਿ ਸਿੰਘ ਦਿਸੈਂ ਭਟ ਸਾਯੁਧ,
ਬੁੱਧਿ ਗਈ ਯੁੱਧ ਕੈਸ ਥਵੈ ਹੈਂ[1]।

[1]ਸ਼ਸਤ੍ਰਧਾਰੀ ਸੂਰਮੇਂ ਸਿੰਘ ਹੀ ਸਿੰਘ ਦਿਸਦੇ ਹਨ (ਜੈਨੇ ਦੀ) ਬੁੱਧ ਮਾਰੀ ਗਈ (ਤੇ ਕਹਿੰਦਾ ਹੈ ਕਿ) ਜੰਗ ਕਿਵੇਂ ਹੋਵੇਗਾ?

ਜਾਨ ਲਯੋ ਅਬਿ ਜਾਂਨ ਬਚੈ ਨ,
ਭਗਾਨ ਬਨੈ ਸਿੰਘ ਜਾਨ ਨ ਦੈਹੈਂ[1]।
ਜੂਝ ਮਰੋਂ ਰਣ ਰੂਝ ਲਰੋਂ ਅਬਿ,
ਸੂਝ ਪਰੀ ਇਹੁ ਬੂਝ ਸੰਗੈ ਹੈਂ[1] ॥੨੧॥

[1]ਭੱਜਣਾ ਬਣਦਾ ਹੈ ਪਰ ਸਿੰਘ ਜਾਣ ਨਹੀਂ ਦੇਣਗੇ।

[1]ਏਸ (ਬੂਝ) ਸਮਝ ਨਾਲ (ਜੈਨੇ ਨੂੰ ਇਹ ਗੱਲ) (ਸੂਝ) ਦਿਸ ਪਈ ਕਿ ਹੁਣ ਮੈਂ ਜੰਗ ਵਿੱਚਰੁੱਝ ਕੇ (ਫਸ ਕੇ) ਜੰਗ ਵਿੱਚ ਲੜਾਂ ਤੇ ਲੜ ਕੇ ਮਰ ਜਾਵਾਂ।

ਲੈ ਕਰਿ ਬੀਰਨ ਧੀਰ ਅਮੀਰਨ
ਭੀਰ, ਸਰੀਰ ਸੰਜੋਇ ਲਪੱਟੈਂ[1]।

[1]ਸੂਰਮਿਆਂ ਤੇ ਧੀਰਜਵਾਨ ਅਮੀਰਾਂ ਦੀ ਭੀੜ ਨੂੰ ਨਾਲ ਲੈ ਕੇ (ਤੇ ਆਪਣੇ) ਸਰੀਰ ਤੇ ਸੰਜੋਅ ਪਹਿਨ ਕੇ।

ਆਨ ਧਸਜੋਂ ਰਸ-ਬੀਰ ਰਸਜੋ,
ਬਹੁ ਸਿੰਘਨ ਤਾਂਇ ਕਸਜੋ ਭਲ ਭੱਟੈਂ[1]।

[1]ਬੀਰ-ਰਸ 'ਚ ਮਿਲਿਆ ਹੋਇਆ (ਜੈਨਾ ਸਿੰਘਾਂ ਵਿੱਚ) ਆ ਵੜਿਆ (ਆ ਕੇ) ਬਹੁਤੇ ਸਿੰਘ ਸੂਰਮਿਆਂ ਨੂੰ ਚੰਗੀ ਤਰ੍ਹਾਂ (ਕਸਜੋ) ਦਬਾਇਆ।

ਸਿੰਘ ਕਪੂਰ ਜੱਸਾ ਹਰਿ[1] ਆਦਿ

[1]ਜੱਸਾ ਸਿੰਘ।

ਸੂਦਾਰਨ, ਦੈ ਕਰਿ ਜੋਰ ਅਘੱਟੈਂ[1]।

[1]ਲਗਾਤਾਰ।

ਮਾਰਿ ਸਥਾਰ[1] ਅਪਾਰ ਕਰਜੋ,

[1]ਸੱਥਰ, ਢੇਰ।

ਜਿਮ ਖੇਤ ਜਮਾਰ[1] ਬਢਜੋ ਮਿਲਿ ਜੱਟੈਂ ॥੨੨॥

[1]ਜੁਆਰ ਦਾ।

ਤੁੱਪਕ ਤੀਰ ਤੁਵਾਰ ਸੁ ਤੀਛਨ,
ਭੀਛਨ ਭੂਰ ਬਰੱਛਿ ਤਿਰੱਛੀ[1]।

[1]ਬੰਦੂਕਾਂ, ਤੀਰਾਂ, ਤਿੱਖੀਆਂ ਤਲਵਾਰਾਂ ਤੇ ਬਹੁਤੀਆਂ ਤਿੱਖੀਆਂ ਤੇ ਭਿਆਨਕ ਬਰਛੀਆਂ ਨਾਲ।

ਢੇਰ ਨਿਬੇਰ ਸੁਟੇ ਬਿਨ ਬੇਰ,
ਅਖੇਰ ਕਰੇ ਜਨੁ ਬਾਜਨ ਪੱਛੀ[1]।

[1]ਬਿਨਾਂ ਦੇਰੀ ਤੋਂ ਬਹੁਤ ਨਿਬੇੜ ਸੁੱਟੇ ਭਾਵ ਮਾਰ ਦਿੱਤੇ, ਜਾਣੋ ਬਾਜ ਪੰਛੀਆਂ ਦਾ ਹੀ ਸ਼ਿਕਾਰ ਕਰ ਰਹੇ ਹਨ।

ਡਿੱਗਤ ਭਾਰੇ ਮੁਨਾਰੇ ਤਰੂ ਸਮ,
ਬਜਾਰਿ ਉਖਾਰਿ ਸੁਟੇ ਜਨੁ ਲੱਛੀ[1]।

[1]ਜਿਵੇਂ ਹਵਾ ਭਾਰੀ ਮੁਨਾਰਿਆਂ ਨੂੰ ਡੇਗ ਦਿੰਦੀ ਹੈ ਤੇ ਲੱਖਾਂ ਹੀ ਦਰੱਖ਼ਤਾਂ ਨੂੰ ਉਖੇੜ ਕੇ ਸੁੱਟ ਦਿੰਦੀ ਹੈ, (ਤਿਵੇਂ ਉਸ ਹਵਾ ਵਾਂਗ ਸਿੰਘਾਂ ਨੇ ਵੱਡੇ ਵੱਡੇ ਤੁਰਕਾਂ ਨੂੰ ਮਾਰ ਕੇ ਡੇਗ ਦਿੱਤਾ ਹੈ।)

ਤੀਨਕ ਕੋਸ ਜਮੀਨ ਰੰਗੀਨ,
ਸਕੀਰਣ ਕੀਨ ਤਬੈ ਬਿਧਿ ਅੱਛੀ[1] ॥੨੩॥

[1](ਤਦੋਂ) ਤਿੰਨ ਕੁ ਕੋਹ ਜ਼ਮੀਨ (ਖ਼ੂਨ ਨਾਲ) ਚੰਗੀ ਤਰ੍ਹਾਂਰੰਗ ਦਿੱਤੀ (ਤੇ ਮੁਰਦਿਆਂ ਨਾਲ) (ਸੰਕੀਰਨ ਕੀਨ) ਢੱਕ ਦਿੱਤੀ।

ਚੌਪਈ:

ਮਚਜੋ ਜੰਗ ਦੁਹਿ ਦਿਸ ਤੈ ਭਾਰੀ।
ਚਲੀ ਬੰਦੂਕ ਅਚੂਕ[1] ਅਪਾਰੀ।

[1](ਨਿਸ਼ਾਨੇ ਤੋਂ) ਨਾ ਚੁੱਕਣ ਵਾਲੀਆਂ।

ਚਢੀ ਲੁੱਥ ਪਰ ਲੁੱਥ ਮਹਾਨੇ।
ਭੈਰਵ ਭੂਤ ਪ੍ਰੇਤ ਹੁਲਸਾਨੇ[1] ॥੨੪॥

[1]ਖ਼ੁਸ਼ ਹੋਏ।

ਪਲਚਰ ਪਲ ਚਰਿ ਤਚਿ ਕਿਲਕਾਰੈਂ[1]।

[1]ਮਾਸ ਖਾਣੇ (ਜੀਵ) ਮਾਸ ਖਾ ਕੇ ਚੀਕਾਂ ਮਾਰਦੇ ਹਨ।

ਨਾਚਤ ਮਾਚਤ ਰਾਚਤ ਕਾਰੈਂ[1]।

[1](ਮਾਚਤ) ਖ਼ੁਸ਼ ਹੋ ਕੇ ਨੱਚਦੇ ਤੇ ਆਪੋ ਆਪਣੇ (ਕਾਰੈਂ) ਕੰਮਾਂ ਵਿੱਚ (ਰਾਚਤ) ਲੀਨ ਹੁੰਦੇ ਹਨ।

ਭਈ ਸਕੀਰਣ ਭੂਮਿ ਬਿਸਾਲਾ[1]।

[1]ਬਹੁਤੀ ਧਰਤੀ ਢਕੀ ਗਈ।

ਝਰਜੋ ਮਨੋ ਨਰਗਸ ਬਨ ਜਾਲਾ[1] ॥੨੫॥

[1]ਜਾਣੋ ਨਰਗਸ ਦੇ ਫੁੱਲਾਂ ਦਾ ਸਾਰਾ ਬਗੀਚਾ ਹੀ ਝੜ ਪਿਆ ਹੈ।

ਸਿੰਘਨ ਸਮ[1] ਸਭਿ ਸਿੰਘ ਗਰੱਜੈਂ।

[1]ਸ਼ੇਰਾਂ ਵਾਂਗ।

ਮੁਗਲ ਪਠਾਨਨ ਤਈਂ ਤਰੱਜੈਂ[1]।	[1]ਤਾੜਦੇ ਹਨ।
ਮਾਰਤ ਬੈਰਿਨ ਕੋ ਨਹਿ ਰੱਜੈਂ।	
ਮੁਖ ਨਹਿਂ ਢਾਲ ਸੰਗ ਨਿਜ ਕੱਜੈਂ ॥੨੬॥	
ਖੈਂਚਿ ਤੇਗ ਬਲਿ ਬੇਗ ਯੁਤੈ ਹੈਂ[1]।	[1]ਬਲ ਨਾਲ ਛੇਤੀ ਤਲਵਾਰ ਖਿਚਦੇ ਹਨ।
ਅੱਤ੍ਰੀ ਛੱਤ੍ਰੀ ਸਿੰਘ ਹਤੈ ਹੈਂ[1]।	[1]ਸ਼ਸਤ੍ਰ-ਧਾਰੀ (ਅਤ੍ਰੀ) ਸੂਰਮੇਂ ਸਿੰਘ (ਦੁਸ਼ਮਨਾਂ ਨੂੰ) ਮਾਰਦੇ ਹਨ।
ਧਰ ਪਰ ਕਾਟ ਦੁ-ਧਰ ਕਰਿ ਸੱਟੈਂ[1]।	[1]ਕੱਟ ਕੇ ਦੋ ਧੜ ਕਰ ਕੇ ਧਰਤੀ ਤੇ ਸੁੱਟ ਦੇਂਦੇ ਹਨ।
ਕਦਲੀ ਬਨ ਬਾਢੀ ਜਨੁ ਕੱਟੈਂ[1] ॥੨੭॥	[1]ਜਾਣੋ ਕੇਲੇ ਦੇ ਬਗੀਚੇ ਨੂੰ ਤਖਾਣ ਕੱਟਦੇ ਹਨ।
ਜਬੈ ਮਾਰਿ ਅਤਿ ਬਹੁ ਧਰ ਗੇਰੇ।	
ਕੋਪਯੋ ਨਾਜ਼ਮ[1] ਹਰਿ ਬਧੇਰੇ।	[1]ਸੂਬਾ (ਜੈਨ ਖ਼ਾਂ)।
ਲੈ ਨਿਜ ਸੰਗੈਂ ਬੀਰ ਅਪਾਰੈਂ।	
ਪਾਉਂ ਰੋਪਿ[1] ਹ੍ਵੈ ਲਰਜੋ ਅਗਾਰੈਂ ॥੨੮॥	[1]ਪੈਰ ਜਮਾ ਕੇ।
ਘਨੇ ਸਿੰਘ ਕਰਿ ਘਾਇਲ[1] ਗੇਰੇ।	[1]ਜ਼ਖ਼ਮੀ।
ਦਿਸ ਸਰ੍ਹੰਦ ਚਾਲਜੋ ਅੱਸ੍ਵ ਛੇਰੇ[1]।	[1]ਘੋੜਾ ਛੇੜ ਕੇ।
ਪਿਖਿ ਤਬਿ ਜੱਸੇ ਸਿੰਘ ਉਦਾਰੈਂ।	
ਆਲੂਵਾਲੀਏ ਬਡ ਸਰਦਾਰੈਂ ॥੨੯॥	
ਛੇੜਿ ਤੁਰੰਗ ਨਿਸੰਗ ਸੁ ਧੈ ਕੈ[1]।	[1]ਭੱਜ ਕੇ।
ਗਰਜ ਤਰਜ ਤਿਹ ਬਰਜ ਸੁਨੈ ਕੈ[1]।	[1]ਤਿਸ ਨੂੰ ਗੱਜ ਕੇ ਤਾੜਿਆ ਤੇ ਸੁਣਾ ਕੇ ਵਰਜਿਆ।
ਸਿੰਘ ਜੀ ਭਬਕਿ ਸਿੰਘ ਸਮ ਭਾਰੀ[1]।	[1]ਜੱਸਾ ਸਿੰਘ ਜੀ ਨੇ ਸ਼ੇਰ ਵਾਂਗ ਭਾਰੀ ਭਬਕ ਮਾਰ ਕੇ।
ਜੈਨ ਖਾਨ ਪ੍ਰਤਿ ਐਸ ਉਚਾਰੀ ॥੩੦॥	
ਦੌਰਿ ਕਹੀਂ ਅਬਿ ਤਿਯ ਮਾਂ ਪਾਸੈਂ।	
ਜੈਹੈਂ[1], ਖਰ੍ਹਾ ਹੋਹੁ ਲਰ ਖਾਸੈਂ[2]।	[1]ਵਹੁਟੀ ਮਾਂ ਕੋਲ ਜਾਵੇਂਗਾ? [2]ਆਪ ਲੜ।
ਹਮ ਤੁਮ ਕੋ ਅਬਿ ਜਾਨ ਨ ਦੈਹੈਂ।	
ਗੀਦੀ ਕਜੋਂ ਨ ਸ਼ਹੀਦੀ ਲੈਹੈਂ ॥੩੧॥	
ਸੰਮੁਖ ਥਿਰਿ ਲਰ ਬਲ ਧਰਿ ਆਈ[1]।	[1]ਆ ਕੇ ਬਲ ਧਾਰ ਕੇ ਅਤੇ ਸਾਹਮਣੇ ਟਿਕ ਕੇ ਲੜ।
ਕੈ ਸ਼ਸਤ੍ਰ ਤਜਿ ਭਜਿ ਸ਼ਰਨਾਈ[1]।	[1]ਸ਼ਰਨ ਗ੍ਰਹਿਣ ਕਰ ਲੈ।
ਇਹੁ ਸੁਨਿ ਸਹੀ ਮਾਨਿ ਗੁਨਿ[1] ਜੈਨਾ।	[1]ਠੀਕ ਮੰਨ ਕੇ ਤੇ ਵਿਚਾਰ ਕੇ।
ਰੁਕਜੋ ਝੁਕਜੋ ਬੁੱਕਜੋ ਬਲ ਐਨ[1] ॥੩੨॥	[1]ਬਲੀ ਜੈਨਾ ਪੈਰ ਜਮਾ ਕੇ ਝੁੱਕਿਆ ਤੇ ਗੱਜਿਆ।
ਸੈਨ ਬਟੋਰਿ ਐਨ ਫਿਰ ਲਰਿਓ[1]।	[1]ਫੌਜ ਇਕੱਠੀ ਕਰ ਕੇ ਫੇਰ ਚੰਗੀ ਤਰ੍ਹਾਂ ਲੜਿਆ।
ਤੀਰਨ ਸੋਂ ਬਹੁ ਬੀਰਨ ਹਰਿਓ[1]।	[1]ਮਾਰਿਆ।

ਹੁਤੀ ਸੰਜੋਇ ਫੁਲਾਦੀ ਪਹਿਰੀ।
ਗੋਲੀ ਕਾਨੀ[1] ਧਸੈ ਨ ਗਹਿਰੀ[2] ॥੩੩॥
ਯੱਦਪਿ ਬਹੁ ਸਿੰਘਨ ਝੁਕਿ ਝੋਕੀਂ[1]।
ਰੋਕੀਂ ਲੋਹ ਢਾਲ[1] ਗਈਂ ਫੋਕੀਂ।
ਸਿੰਘ ਅਧਿਕ ਜਬਿ ਉਨ ਦਲ-ਮਲੇ।
ਗੁਰੁ ਮਨਾਇ ਜੱਸਾ ਸਿੰਘ ਭਲੇ ॥੩੪॥
ਤੱਕਿ ਬੰਦੂਕ ਅਦੂਖ[1] ਦੁਨਾਲੀ।
ਭੰਡੀ ਢੂਕਿ ਅਚੂਕ ਕਮਾਲੀ[1]।
ਤੋੜਿ ਸੰਜੋਇ ਫੋੜਿ ਗੁਲਬੰਦੈਂ[1]।
ਨਿਕਸੀ ਪਾਰ ਭੰਨਿ ਜਿੰਦ ਜੰਦੈਂ[1] ॥੩੫॥
ਝੂੰਮ ਭੂਮਿ ਅੱਸ੍ਰ ਪਰ ਤੈ ਗਿਰਿਓ[1]।
ਜਨੁ ਤਰਵਰ ਗਿਰਵਰ ਤੈ ਢਿਰਿਓ[1]।
ਬੀਜ ਪਾਤ ਕਿਤ ਸੁਟਜੋ ਮਿਨਾਰਾ[1]।
ਤੁਰਕ ਤੇਜ ਜਨੁ ਟੁਟਜੋ ਸਿਤਾਰਾ ॥੩੬॥
ਹੁਤੋ ਸੁਖਈ ਨੁਵਾਬਹਿ ਕੇਰੋ[1]।
ਸਿੰਘ ਥਰਾਜ, ਢਿਗੈਂ ਸਿੰਘ ਹੇਰੋ[1]।
ਟੱਪ ਅੱਸ੍ਰ ਤੈ ਝਟਪਟ ਤਾਹੈਂ[1]।
ਮੂੰਡ ਜੈਨ ਖਾਂ ਕਾ ਲਿਯ ਲਾਹੈਂ[1] ॥੩੭॥
ਟਿੰਡ ਕੁਲਾਲ ਚੱਕ ਤੈ ਚੱਕੀ[1]।
ਕਦੂਆ ਕਟਿਓ ਕਰੂੰਜੜ ਪੱਕੀ[1]।
ਜੈਨ ਖਾਨ ਕਾ ਤਹਾਂ ਭਤੀਜਾ।
ਹੁਤੋ ਸੈਦ ਖਾਂ ਰੁਸਤਮ ਬੀਜਾ[1] ॥੩੮॥
ਸਿੰਘ ਥ੍ਰਾਜ ਪਰ ਉਨ ਕਿਯ ਹੱਲਾ।
ਸਿਰ ਲੈ ਸਿੰਘ ਛੇੜਿ ਅੱਸ੍ਰ ਚੱਲਾ।
ਅਘੜ ਸਿੰਘ ਤਹਿਂ ਥਾ ਤਿਸ ਭਾਈ।

[1]ਤੀਰ। [2]ਡੂੰਘੀ ਨਹੀਂ ਖੁੱਭਦੀ।
[1]ਝੁਕ ਕੇ (ਗੋਲੀਆਂ) (ਝੋਕੀਂ) ਚਲਾਈਆਂ।
[1](ਜੈਨੇ ਨੇ) ਲੋਹੇ ਦੀ ਢਾਲ ਤੇ ਰੋਕ ਲਈਆਂ।
[1]ਦੋਸ਼ਾਂ ਤੋਂ ਬਿਨਾਂ ਚੰਗੀ ਕਿਸਮ ਦੀ।
[1]ਬਹੁਤੀ ਅਚੁਕ (ਨਿਸ਼ਾਨਾ ਨਾ ਖੁੰਝਣ ਵਾਲੀ) ਨੇੜੇ ਢੁੱਕ ਕੇ (ਭੰਡੀ) ਚਲਾ ਦਿੱਤੀ।
[1]ਸੰਜੋਅ ਦਾ ਉਹ ਹਿੱਸਾ ਜੋ ਗਲ੍ਹ ਵਿੱਚ ਬੰਨ੍ਹੀਦਾ ਹੈ।
[1]ਜਿੰਦ ਰੂਪ ਜਿੰਦੇ ਨੂੰ ਭੰਨ ਕੇ (ਗੋਲੀ) ਪਾਰ ਨਿਕਲ ਗਈ।
[1]ਗੇੜਾ ਖਾ ਕੇ ਘੋੜੇ ਦੇ ਉਪਰ ਤੋਂ ਧਰਤੀ 'ਤੇ ਡਿੱਗ ਪਿਆ।
[1]ਜਾਣੋ ਪਹਾੜ ਤੋਂ ਦਰੱਖਤ (ਹੇਠਾਂ ਨੂੰ) ਢਿਲਕ ਪਿਆ ਹੈ।
[1]ਜਾਣੋ ਬਿਜਲੀ ਨੇ (ਪਾਤ) ਡਿੱਗ ਕੇ ਮੁਨਾਰਾ ਹੀ ਸੁੱਟ ਦਿੱਤਾ ਹੈ।
[1]ਨਵਾਬ ਕਪੂਰ ਸਿੰਘ ਦਾ ਸੁੱਖਾਰਗੜਨ ਵਾਲਾ।
[1](ਜੱਸਾ) ਸਿੰਘ ਦੇ ਕੋਲ ਖੜਾ ਦੇਖਦਾ ਸੀ।
[1]ਤਿਸ ਨੇ।
[1]ਜੈਨੇ ਦਾ ਸਿਰ (ਉਸ ਨੇ ਐਉਂ) ਲਾਹ ਲਿਆ।
[1](ਜਿਵੇਂ) ਘੁਮਿਆਰ ਚੱਕ ਤੋਂ ਟਿੰਡ ਚੁੱਕਦਾ ਹੈ।
[1](ਜਾਂ ਐਉਂ) ਪੱਕੀ (ਗਲ ਜਾਣੋ ਜਿਵੇਂ) ਕਰੂੰਜੜੇ (ਸਬਜ਼ੀ ਵੇਚਣ ਵਾਲੇ) ਨੇ ਕੱਦੂ ਕੱਟ ਲਿਆ ਹੈ।
[1]ਦੂਜਾਰੁਸਤਮ- (ਰੁਸਤਮ- ਫਾਰਸ (ਪਰਸ਼ੀਯ) ਦਾ ਮਹਾਂ ਬਲਵਾਨ ਜੋਧਾ ਜੋ ਜ਼ਾਲ ਦਾ ਪੁੱਤਰ ਅਤੇ ਸ਼ਾਮ ਦਾ ਪੋਤਰਾ ਜਾਬੁਲਿਸਤਾਨ ਦਾ ਗਵਰਨਰ ਸੀ। ਇਹ ਬਰਮਨ ਨਾਲ ਜੰਗ ਕਰਦਾ ਮਾਰਿਆ ਗਿਆ। ਰੁਸਤਮ ਈਸਾ ਦੇ ਜਨਮ ਤੋਂ ਲਗਭਗ ਨੌਂ ਸੌ ਵਰ੍ਹੇ ਪਹਿਲਾਂ ਹੋਇਆ ਹੈ।)

ਅਰਜੋ ਵੀਚ ਵਹਿ ਸ਼ੀਘਰ ਆਈ[1] ॥੩੯॥	[1]ਛੇਤੀ ਆ ਕੇ।
ਸੈਦ ਖਾਨ ਕੋ ਰੋਕਯੋ ਤਾਹੈਂ[1]।	[1]ਤਿਸ (ਅਘੜ ਸਿੰਘ) ਨੇ।
ਤਰਜ[1] ਗਰਜ ਸਰ[2] ਬਹੁ ਬਰਖਾ ਹੈ।	[1]ਤਾੜ ਕੇ। [2]ਤੀਰ।
ਸਿੰਘ ਥਰਾਜ ਮੂੰਡ ਅਰਿ[1] ਲੈ ਕੈ।	[1]ਵੈਰੀ ਦਾ ਸਿਰ।
ਪਾਸ ਨੁਵਾਬ ਪਹੁੰਚਯੋ ਧੈ ਕੈ ॥੪੦॥	
ਇਤੈ ਅਘੜ ਸਿੰਘ ਸੈਦਾ ਜੁੱਟੇ।	
ਫੁਟੀ ਸੰਜੋਏਂ ਪੈਰ ਨ ਪੁੱਟੇ।	
ਮਰੇ ਤੁਰੰਗ ਲਰੇ ਪਗ ਪਜਾਦੇ[1]।	[1](ਦੋਹਾਂ ਦੇ) ਘੋੜੇ ਮਰ ਗਏ, ਪੈਰੀਂ ਪਿਆਦੇ ਹੋ ਕੇ ਲੜੇ।
ਦੇਖਤ ਉਭੈ ਦਿਸਾ ਭਟ ਜ਼ਜਾਦੇ[1] ॥੪੧॥	[1]ਦੋਹਾਂ ਪਾਸਿਆਂ ਦੇ ਜ਼ਿਆਦਾ ਸੂਰਮੇਂ ਦੇਖਦੇ ਹਨ।
ਬੀਰ ਬਹਾਦਰ ਬਲੀ ਬਧੇਰੇ।	
ਜੰਗ ਨਿਪੁਨ ਥੇ ਉਭੈ ਅਛੇਰੇ[1]।	[1]ਜੰਗ ਕਰਨ ਵਿੱਚ ਦੋਵੇਂ ਚੰਗੇ ਮਾਹਰ ਸਨ।
ਸ਼ਸਤ੍ਰ ਅਸਤ੍ਰ ਬਿਦਜਾ ਜੇਤੀ।	
ਦੁਹਿਨ ਦਿਖਾਈ ਬਢਿ ਬਢਿ ਤੇਤੀ ॥੪੨॥	
ਕਟੀ ਸੰਜੋਐਂ ਫੁਟੀ ਸੁ ਢਾਲੈਂ।	
ਟੁਟੀਂ ਕ੍ਰਿਪਾਨ ਕਮਾਨ ਨ ਚਾਲੈਂ।	
ਗਹੀ ਗਦਾ ਦੁਹਿ ਬੀਰਨ ਭਾਰੀ।	
ਦ੍ਵੰਦ-ਜੁਧ[1] ਕਿਯ ਰਿਸੇ ਅਪਾਰੀ[2] ॥੪੩॥	[1]ਉਹ ਜੰਗ ਜੋ ਕੇਵਲ ਦੋ ਸੂਰਮੇ ਹੀ ਆਪੋ ਵਿੱਚ ਲੜਨ। [2]ਬਹੁਤ ਗ਼ੁੱਸੇ ਹੋ ਕੇ।
ਭਿਰਤ ਉਭੈ ਗਜ ਮਹਖਨ ਨਜਾਈ[1]।	[1]ਦੋਵੇਂ ਹਾਥੀਆਂ ਤੇ ਮਹਿਆਂ ਵਾਂਗ ਭਿੜਦੇ ਹਨ।
ਜਰਾਸੰਧ ਜਨੁ ਭੀਮ ਲਰਾਈਂ[1]।	[1]ਜਾਣੋ ਜਰਾਸੰਧ ਤੇ ਭੀਮ ਸੈਨ ਲੜਦੇ ਹਨ। (ਜਰਾ ਸੰਧ-ਜਰਾਰਾਖਸ਼ੀ ਦੁਆਰਾ ਜੋੜਿਆ ਹੋਇਆ ਮਗਧ ਦੇਸ ਦਾ ਰਾਜਾ ਜੋ ਕੰਸ ਦਾ ਸਹੁਰਾ ਸੀ।)
ਅਰਜਨ ਕਰਣ ਕਿਧੋਂ ਭਟ ਜੁੱਟੇ[1]।	[1]ਜਾਂ ਅਰਜਨ ਤੇ ਕਰਣ ਸੂਰਮੇਂ ਜੁੱਟੇ ਹੋਏ ਹਨ। (ਕਰਣ-ਕੁਆਰੀ ਕੁੰਤੀ ਦੇ ਉਦਰ ਤੋਂ ਸੂਰਜ ਦਾ ਪੁੱਤਰ ਇਹ ਦੁਰਜੋਧਨ ਦਾ ਸਾਥੀ ਸੀ।)
ਕਾਲਯਵਨ ਕਿਤ ਕ੍ਰਿਸ਼ਨ ਅਖੁੱਟੇ[1] ॥੪੪॥	[1]ਜਾਂ ਕਾਲ ਜਮਨ ਤੇ ਕ੍ਰਿਸ਼ਨ (ਅਖੁੱਟੇ) ਲਗਾਤਾਰ (ਲੜ ਰਹੇ ਹਨ)। (ਕਾਲ ਯਵਨ- ਕਪਾਲੀ ਅਪੱਛਰਾਂ ਦੇ ਪੇਟ ਤੋਂ ਗਾਰਗਜ ਮੁਨੀ ਦਾ ਪੁੱਤਰ ਤੇ ਜਰਾ-ਸੰਧ ਦਾ ਦੋਸਤ ਸੀ। ਕ੍ਰਿਸ਼ਨ ਨਾਲ ਬੜੀ ਭਾਰੀ ਲੜਾਈ ਕੀਤੀ।)
ਦੇਖਤ ਉਭੈ ਦਿਸਾ ਦਲ ਦੋਈ[1]।	[1]ਦੋਹਾਂ ਪਾਸਿਆਂ ਤੋਂ ਦੋਵੇਂ ਦਲ ਦੇਖਦੇ ਹਨ।
ਧੰਨਜ ਧੰਨ ਧੰਨ ਬੀਰਨਿ ਹੋਈ।	
ਜੱਫਮ ਜੱਫੀ ਫਿਰ ਜੁਗ[1] ਹੋਏ।	[1]ਦੋਵੇਂ।

ਲਰੇ ਕਟਾਰਨ ਟਾਰਿ ਸੰਜੋਏ[1] ॥ ੪੫ ॥ — [1]ਸੰਜੋਆਂ ਲਾਹ ਕੇ।
ਏਕਹਿ ਬਾਰ ਬਾਰ ਦੁਹਿ ਕੇਰੈਂ।
ਭਏ ਕਾਰਗਰ ਥਏ ਬਧੇਰੈਂ[1]। — [1]ਦੋਹਾਂ ਦੇ ਇੱਕੋ ਵਾਰ (ਇਕੱਠੇ ਚੱਲੇ) ਵਾਰ ਬਹੁਤੇ ਲਾਭਦਾਇਕ ਹੋ ਗਏ, ਭਾਵ ਦੋਨੋਂ ਇਕੱਠੇ ਸ਼ਹੀਦ ਹੋ ਗਏ।
ਗਿਰੇ ਜੁਝਿ ਜੁਗ ਜੋਧੇ ਬਾਨੀ[1]। — [1]ਦੋਨੋਂ ਮੋਢੀ ਸੂਰਮੇਂ ਲੜ ਕੇ ਡਿਗ ਪਏ।
ਹੋਇ ਸ਼ਹੀਦ ਰਸੀਦ ਲਹਾਨੀ[1] ॥ ੪੬ ॥ — [1]ਛੁੱਟੀ ਭਾਵ ਮੁਕਤੀ ਲੈ ਲਈ।
ਬਰੇ ਬਧੂ ਬਿਬੁਧਨ ਬਿਬ ਬੀਰਾ[1]। — [1]ਦੋਹਾਂ ਸੂਰਮਿਆਂ ਨੂੰ (ਬਿਬੁਧਨ) ਦੇਵਤਿਆਂ ਦੀਆਂ ਇਸਤ੍ਰੀਆਂ ਨੇ ਵਰ ਲਿਆ।
ਬਸੇ ਭਿਸ਼ਤ ਮੈਂ ਜਾਇ ਸਧੀਰਾ।
ਅਘੜ ਸਿੰਘ ਕਾ ਸਕਾ ਬਿਰਾਦਰ[1]। — [1]ਭਰਾ।
ਸਿੰਘ ਥਰਾਜ ਬਹਾਦਰ ਨਾਦਰ[1] ॥ ੪੭ ॥ — [1]ਅਣੋਖਾ।
ਖਾਇ ਤਮਕ[1] ਪਿਖਿ ਜੁਝਜੋ[2] ਭਾਈ। — [1]ਗ਼ੁੱਸਾ। [2]ਸ਼ਹੀਦ ਹੋਇਆ।
ਛੇੜਿ ਤੁਰੰਗ ਗਯੋ ਤਿਸ ਠਾਂਈਂ।
ਔਰੈਂ ਸਿੰਘ ਤਾਂਹਿ ਕੇ ਪੀਛੇ।
ਗਏ, ਹਏ ਸਤ੍ਰੂ ਤਿਨ ਤੀਛੇ[1] ॥ ੪੮ ॥ — [1]ਤਿਨ੍ਹਾਂ ਨੇ ਤਿੱਖੇ ਵੈਰੀ ਮਾਰੇ।
ਯਾਰ ਮੁਹੰਮਦ ਖਾਨ ਦੁਰਾਨੀ।
ਪਾਂਚ ਹਜ਼ਾਰੀ ਬੀਰ ਮਹਾਨੀ।
ਲਰਜੋ ਸਿੰਘਨ ਸੋਂ ਬਹੁ ਪ੍ਰਨਰੋਪੀ[1]। — [1]ਪ੍ਰਣ ਕਰੇ।
ਆਖਰ ਗਿਰਜੋ ਭੂਮਿ ਰਣ ਸੋ ਪੀ[1] ॥ ੪੯ ॥ — [1]ਅੰਤ ਨੂੰ ਉਹ ਭੀ ਜੰਗ ਦੀ ਧਰਤੀ 'ਤੇ ਡਿੱਗ ਪਿਆ।
ਸਿੰਘ ਥਰਾਜ ਮੂੰਡ[1] ਤਿਸ ਕੇਰੋ। — [1]ਸਿਰ।
ਬਰਛੀ ਵੀਚ ਪਰੋਇ ਉਚੇਰੋ।
ਜਾਇ ਨੁਵਾਬ ਅਗਾਰੀ ਧਰਿਓ।
ਸਿੱਖੀ ਦਾਨ ਤਾਂਹਿ ਬਰ ਰਰਿਓ[1] ॥ ੫੦ ॥ — [1]ਵਰ ਦਿੱਤਾ।
ਦੈਨੋ ਮੁਲਕ ਨੁਵਾਬ ਜੁ ਚਾਹਾ।
ਨਹਿਂ ਥਰਾਜ ਸਿੰਘ ਮਾਨਜੋ ਵਾਹਾ[1]। — [1]ਉਹ (ਮੁਲਕ ਲੈਣਾ।)
ਮਨੀ ਸਿੰਘ ਕਾ ਥਾ ਸੁ ਭਤੀਜਾ।
ਯਾਂ ਤੈ ਦੌਲਤ ਪਰ ਨਹਿਂਰੀਝਾ ॥ ੫੧ ॥
ਕਥਾ ਤਾਂਹਿ ਕੀ ਤਹਿਂ ਸਭਿ ਕੈਹੋਂ।
ਜਹਿਂ ਨੁਵਾਬ ਕੀ ਮਿਸਲ ਕਥੈਹੋਂ।
ਉਤ ਸਰਦਾਰ ਦੁਰਾਨੀ ਜਬੈ।

ਮਰੇ ਅਧਿਕ ਅਰਿ ਭਾਗੇ ਤਬੈ ॥੫੨॥
ਸਿੰਘ ਪਰੇ ਪੀਛੇ ਤਿਨ ਕੈਹੈਂ।
ਚੀਤੇ ਜਥੋਂ ਮ੍ਰਿਗਨ ਪਰ ਪੈਹੈਂ।
ਪੁਸ਼ਤੇ[1] ਘੋੜਨ ਕੇ ਤਿਨ ਕਾਟੇ।
ਚੁੱਤੜ ਮੌਰ ਕਿਨੋਂ ਕੇ ਛਾਂਟੇ[1] ॥੫੩॥

ਬਹੁਤ ਹਤੇ[1] ਥੋਰੇ ਹੀ ਗਏ।
ਸੋ ਭੀ ਜਾਇ ਘਰੈਂ ਗਿਰ ਪਏ।
ਪਰੇ ਤੁਰਕ ਜੇਤਿਕ ਰਣ ਮਰੇ।
ਹੁਤੇ ਮਾਸ ਮੇਵੇ ਕੇ ਪਰੇ[1] ॥੫੪॥
ਬਹਿਤ ਖੂਨ ਤਿਨ ਸਮ ਪਰਨਾਰਨ[1]।
ਛਿਰਕਤ ਮਾਨੋ ਭੂਮਿ ਫੁਹਾਰਨ[1]।
ਜਿਨ ਮੈਂ ਸੇ ਗੋਰੀ ਯਾਂ ਕਾਨੀ[1]।
ਨਿਕਸੀ, ਮਸ਼ਕੈਂ ਰੰਗ ਫੁਟਾਨੀ[1] ॥੫੫॥
ਭਰਿ ਭਰਿ ਖੱਪਰ ਜੋਗਨਿ ਪੀਵੈ।
ਦੇਤ ਅਸੀਸ ਸਿੰਘਨ ਜੈ ਥੀਵੈ[1]।
ਚੋਟੀ ਹੀਨਨ ਕੀ[1] ਛਕਿ ਬੋਟੀ।
ਮੋਟੀ ਭਈ ਚੰਡਿਕਾ ਕੋਟੀ[1] ॥੫੬॥
ਖਰ੍ਹੇ ਖਵੀਸ[1], ਖੋਪਰੀ ਖੈ ਹੈਂ।
ਖੁੱਦੋ ਖੂੰਡੀ ਖੇਡ ਖਿਡੈ ਹੈਂ।
ਪਲਚਰ ਪਲ ਚਰਿ[1] ਪੇਟ ਭਰੈ ਹੈਂ।
ਕਿਲਕਾਰਤ[1] ਜੈ ਸਿੰਘਨ ਸੁਨੈ ਹੈਂ ॥੫੭॥
ਪੰਥਹਿ ਭੈਰਵ ਭੂਤ ਰਜਾਏ।
ਮੁੰਡ ਮਾਲਰੁੱਦ੍ਰੈਂ ਪਹਿਰਾਏ[1]।
ਲਹੂ ਪਾਨ ਕਰਿ ਕੈ ਮਨ ਭਾਏ।
ਜੋਗਨਿ ਸੋਈ ਪੈਰ ਫਲਾਏ[1] ॥੫੮॥
ਸ਼ਿਵ-ਸੈਨਾ[1] ਆਪਸ ਮੈਂ ਕੈਹੈਂ।
ਭਾਰਥ ਭਯੋ ਰਜੇ ਹਮ ਤੈਹੈਂ[1]।

ਪਾਂਚ ਹਜ਼ਾਰ ਬਰਸ ਕੇ ਪਾਛੇ।

[1]ਪਿੱਠਾਂ (ਅ) ਫਾ: ਦੁਲੱਤੇ- ਪਿਛਲੀਆਂ ਦੋ ਲੱਤਾਂ।
[1]ਕਿਤਨਿਆਂ ਦੇ ਚਿੱਤੜ ਤੇ ਮੌਰ (ਦੋਂਹ ਮੋਢਿਆਂ ਦੇ ਵਿਚਕਾਰ ਪਿੱਠ ਦਾ ਉਪਰਲਾ ਭਾਗ) ਲਾਹ ਸੁੱਟੇ।
[1]ਮਾਰੇ।
[1]ਪਲੇ ਹੋਏ।
[1]ਪ੍ਰਨਾਲਿਆਂ ਵਾਂਗ।
[1]ਜਾਣੋ ਫੁਹਾਰਿਆਂ ਨਾਲ ਧਰਤੀ ਨੂੰ ਛਿੜਕਦੇ ਹਨ।
[1]ਗੋਲੀ ਜਾਂ ਤੀਰ।
[1](ਜਾਣੋ) ਲਾਲਰੰਗ ਦੀਆਂ ਮਸ਼ਕਾਂ ਫੁੱਟ ਪਈਆਂ ਹਨ।
[1]ਜੈ ਹੋਵੇ।
[1]ਤੁਰਕਾਂ ਦੀਆਂ।
[1]ਕ੍ਰੋੜਾਂ ਹੀ ਚੰਡੀਆਂ।
[1]ਭੂਤ ਖੜ੍ਹੇ ਹੀ।
[1]ਮਾਸ ਖਾਣੇ ਮਾਸ ਖਾ ਕੇ।
[1]ਖੁਸ਼ੀ ਦੀਆਂ ਅਵਾਜ਼ਾਂ ਕਰਦੇ।
[1]ਸ਼ਿਵ ਨੂੰ ਸਿਰਾਂ ਦੀਆਂ ਮਾਲਾਂ ਪਹਿਨਾਈਆਂ।
[1]ਜੋਗਨੀਆਂ ਪੈਰ ਪਸਾਰ ਕੇ ਸੁੱਤੀਆਂ ਪਈਆਂ ਹਨ।
[1]ਸ਼ਿਵ ਦੀ ਫੌਜ (ਭੂਤ ਪ੍ਰੇਤ ਆਦਿ)।
[1]ਅਸੀਂ ਤਦੋਂ ਰਜੇ ਸਾਂ (ਜਦੋਂ) ਮਹਾਂ-ਭਾਰਤ ਦਾ ਜੰਗ ਹੋਇਆ ਸੀ।

ਕੈ ਅਬਿ ਸਿੰਘਨ ਰਜਾਏ ਆਛੇ ॥ ੫੯ ॥
ਕਰਿ ਕਰਿ ਜੰਗ ਅਧਿਕ ਬਹੁ ਭਾਏ[1]। [1]ਬਹੁਤ ਤਰ੍ਹਾਂ ਦੇ।
ਸਾਠ ਬਰਸ ਮੈਂ ਹਮੈਂ ਸੁਹਾਏ[1]। [1]ਸੱਠਾਂ ਵਰ੍ਹਿਆਂ ਵਿੱਚ ਸਾਨੂੰ (ਸੁਹਾਏ) ਚੰਗਾ (ਸੁੱਖ ਦਿੱਤਾ ਹੈ।) (ਉਦੋਂ ਖ਼ਾਲਸਾ ਪੰਥ ਸਾਜੇ ਨੂੰ ਤਕਰੀਬਨ ਸੱਠ ਵਰ੍ਹੇ ਹੋ ਗਏ ਸਨ।)
ਮੇਵਾ ਮਾਸ ਖਵੱਯੇ ਜੇਤੈਂ।
ਹਤੇ[1] ਮਲੇਛ ਹਮਾਰੇ ਹੇਤੈਂ[2] ॥ ੬੦ ॥ [1]ਮਾਰੇ। [2]ਸਾਡੇ ਵਾਸਤੇ।
ਡਾਰਿ ਆਹੁਤੀ ਪੂਰਣ ਐਹੈਂ[1]। [1](ਜੰਗ ਰੂਪ ਹਵਨ ਵਿੱਚ) (ਐਹੈਂ) ਇਨ੍ਹਾਂ (ਸਿੰਘਾਂ ਨੇ ਆਪਣੇ ਸ਼ਰੀਰਾਂ ਦੀ) ਅਹੁਤੀ ਪਾ ਕੇ (ਹਵਨ) ਪੂਰਨ ਕੀਤਾ।
ਪਾਈ ਫਤੇ ਮੁਲਕ ਅਬਿ ਲੈਹੈਂ।
ਇਤੈ ਤੁਰਕ ਭਾਗੇ ਜਬਿ ਹਾਰੈਂ।
ਸਿੰਘ ਬੋਲਿ ਸਭਿ ਜੈ ਜੈਕਾਰੈਂ ॥ ੬੧ ॥
ਧਸੇ ਸਰ੍ਹੰਦ ਵੀਚ ਕਰਿ ਹੱਲਾ।
ਕਤਲ ਲੂਟ ਪਰ ਬਾਂਧਯੋ ਪੱਲਾ[1]। [1]ਪਰ੍ਹਾ ਬੰਨ੍ਹ ਲਿਆ, ਕਤਾਰ ਬੰਨ੍ਹ ਲਈ।
ਕਿਤਿਕ ਸਿੰਘ ਦਿਸ ਅਨਤੈ ਧਾਏ[1]। [1]ਹੋਰ ਪਾਸੇ ਦੌੜ ਗਏ।
ਸੋ ਭੀ ਮਤਲਬ ਦੇਂਹੁ ਸੁਨਾਏ ॥ ੬੨ ॥
ਗਾਮ ਏਕ ਮਨਹੇੜਾ ਵਹਾਂ।
ਜੈਨ ਖਾਨ ਲੜਿ ਜੂਝਯੋ ਜਹਾਂ।
ਡੇਰਾ ਥਾ ਜੈਨੇ ਕਾ ਤਹਾਂ।
ਬਹੁ ਅਸਬਾਬ ਅੱਸ੍ਰ ਸੁਠ ਮਹਾਂ[1] ॥ ੬੩ ॥ [1]ਬਹੁਤ ਸੁੰਦਰ ਘੋੜੇ।
ਸੋ ਉਨ ਸਿੰਘਨ ਲੂਟਯੋ ਜਾਈ।
ਫਿਰ ਸਰ੍ਹੰਦ ਮੈਂ ਪੈਠੇ ਧਾਈ[1] ॥ ੬੪ ॥ [1]ਦੌੜ ਕੇ ਆ ਵੜੇ।

ਦੋਹਰਾ:
ਜੈਨੇ ਨਾਮ ਇਕ ਪੀਰ ਕੀ,
ਆਹਿ ਤਹਾਂ ਦਰਗਾਹਿ[1]। [1]ਮਕਬਰਾ।
ਜੈਨ ਖਾਨ ਨਾਜ਼ਮ ਹਤਯੋ[1], [1]ਸੂਬਾ ਮਾਰਿਆ।
ਲੜ ਕੈ ਪੰਥ ਤਹਾਂਹਿ ॥ ੬੫ ॥
ਤੀਸ ਹਜ਼ਾਰਕ ਸਿੰਘ ਸਭਿ,
ਔਰ ਲੁਟੇਰੇ ਭੂਰ[1]। [1]ਬਹੁਤੇ।
ਧਸੇ ਸ਼ਹਿਰ ਸਰਹੰਦ ਮੈਂ,
ਲੂਟ ਕਤਲ ਹਿਤ ਸੂਰ[1] ॥ ੬੬ ॥ [1]ਸੂਰਮੇਂ।

ਕਬਿੱਤ:

ਨਗਰ ਸਗਰ ਕੇਰ ਖਬਰ ਜਬਰ[1] ਸਭਿ,	[1]ਜ਼ਬਰਦਸਤ ਖ਼ਬਰ।
ਦੇਤ ਭਏ ਮੁਖਬਰ[1] ਜੇਈ ਧਨੀ ਘਰ ਥੇ।	[1]ਖ਼ਬਰ ਦੇਣ ਵਾਲਿਆਂ (ਚੁਗ਼ਲਾਂ) ਨੇ।
ਡਰਦੇ ਲਗਾਇ ਬੂਹੇ ਘਰ ਦੇ ਰਖੇ ਥੇ ਜਿਨੈ,	
ਤੋਰਿ ਤਾਕ[1] ਤਾਲੇ[2] ਸਿੰਘ ਧਸੇ ਕਰਿ ਬਰ ਥੇ[3]।	[1]ਤਖਤੇ। [2]ਜਿੰਦੇ। [3]ਬਲ ਕਰ ਕੇ ਜਾ ਧਸੇ ਸਨ।
ਤਰਦੇ ਹੀ ਤਰਦੇ ਲੁਟਏ ਪਰਦੇ ਉਠਾਇ,	
ਜਰ ਦੇਨ ਹਿਤ[1] ਲੋਗ ਗਏ ਬਹੁ ਮਰ ਥੇ।	[1]ਧਨ ਦੇਣ ਵਾਸਤੇ।
ਪਕਰਿ ਜਕਰਿ[1] ਸਿੰਘੈਂ ਤਕਰ[2] ਕਢਾਏ ਧਨ,	[1]ਬੰਨ੍ਹ ਕੇ। [2]ਤਕੜੇ ਭਾਵ ਬਹੁਤੇ।
ਅਕਰ[1] ਨ ਛੋਰੀ ਜੇਊ ਠਕੁਰ ਥੇ[2] ॥੬੭॥	[1]ਆਕੜ। [2]ਜਿਹੜੇ ਸ਼ਹਿਰ ਦੇ ਮਾਲਕ ਸਨ।
ਦਾਂਤ ਲੈ ਤਿਨੁਕਾ[1] ਗਰ ਅੰਚਰੈ[2], ਜੋ ਡਾਰ ਕਰਿ	[1]ਦੰਦਾਂ 'ਚ ਘਾਹ ਲੈ ਕੇ। [2]ਗਲ੍ਹ 'ਚ ਪੱਲਾ ਪਾ ਕੇ।
ਆਯੋ ਥੋ ਸ਼ਰਨ, ਸੋ ਬਚਾਯੋ ਲੂਟ ਮਾਰ ਤੈ।	
ਬੋਦੀ ਜੰਞੂ ਹੇਰਿ ਫੇਰਿ ਛੋਰ ਦੀਨ, ਹੋਰ ਢੇਰ	
ਧਨੀ ਪੀਨ[1] ਲੂਟ ਲੀਨ, ਚੀਨ[2] ਸੋ ਨਿਹਾਰਤੈ[3]।	[1]ਹੋਰ (ਢੇਰ) ਬਹੁਤੇ (ਪੀਨ) ਤਕੜੇ ਧਨੀ। [2]ਜਾਣ ਕੇ। [3]ਦੇਖ ਕੇ।
ਦੱਬਯੋ ਬਿਸੁੰਧਰੈਂ ਤੇ[1] ਮੰਦਰੈਂ ਕੇ ਅੰਦਰੈਂ ਤੇ,	[1]ਧਰਤੀ 'ਚ ਦੱਬਿਆ ਹੋਇਆ।
ਤੋਰਿ ਤਾਕ ਜੰਦਰੈਂ ਤੇ ਲੀਓ ਬਿਨ ਬਾਰ ਤੈ[1]।	[1]ਬਿਨਾਂ ਦੇਰੀ ਤੋਂ।
ਬਹੁ ਬੇਟੀ ਕਾਹੂੰ ਕੀ ਨ ਭੇਟੀ[1] ਕਾਮ ਭਾਮਨਾ ਸੋਂ[2],	[1]ਨਹੀਂ ਭੋਗੀ। [2]ਕਾਮ ਵਾਸ਼ਨਾ ਨਾਲ।
ਜ਼ੇਵਰ ਜੇ ਵਰ[1] ਲਏ ਤੇਵਰ[2] ਵਿਚਾਰ ਤੈ ॥੬੮॥	[1]ਗਹਿਣੇ ਜਿਹੜੇ ਚੰਗੇ ਸਨ। [2]ਸ਼ਰੀਰ ਦੇ ਤਿੰਨ ਕੱਪੜੇ।
ਮਾਰਿ ਘਮਸਾਨ ਤਬਿ ਸਿੰਘਨ ਅਪਾਰ ਕਰਜੋ,	
ਹਹਿਰ[1] ਸ਼ਹਿਰ ਪਰਜੋ ਕਹਿਰ ਅਪਾਰੇ ਸੇ[2]।	[1]ਕਾਂਬਾ। [2]ਬਹੁਤੀ ਸਖਤੀ ਨਾਲ।
ਨਿਰਦੈ ਬਧੇਰੇ[1] ਬਿਨ ਦੇਰੇ ਜੁ ਲੁਟੇਰੇ ਲੋਕ,	[1]ਬਹੁਤੇ ਨਿਰਦਈ।
ਰੋਕ ਓਕ ਜਨ ਕੇਰੇ ਚੋਕ ਦੈ ਅਪਾਰੇ ਸੇ[1]।	[1]ਲੋਕਾਂ ਨੂੰ ਉਹਨਾਂ ਦੇ (ਓਕ) ਘਰਾਂ ਵਿੱਚ ਹੀ ਰੋਕ ਕੇ ਬਹੁਤੀਆਂ (ਚੋਕ) ਹੁੱਝਾਂ ਮਾਰਦੇ ਹਨ।
ਬਾਂਧਿ ਬਾਂਧਿ ਮੁੱਸ਼ਕੈਂ ਤੇ ਕੁੱਸ ਕੈ[1] ਤਿਨੋ ਕੇ ਅੰਗ,	[1]ਕੁਹ ਕੇ, ਕੱਟ ਕੇ।
ਦੁੱਖ ਦੈ ਕਢਾਵੈਂ ਧਨ ਜਮ ਹ੍ਵੈ ਜਿੰਦਾਰੇ ਸੇ[1]।	[1]ਜਿੰਦ ਦੇ ਵੈਰੀ ਜਮ ਰੂਪ ਹੋ ਕੇ।
ਛੋਰਿ ਨਰ ਨਾਰੈਂ ਘਰ ਬਾਰੈਂ ਥੇ[1] ਅਵਾਰੈਂ[2],	[1]ਜੋ ਘਰਾਂ ਬਾਰਾਂ ਵਾਲੇ ਸਨ। [2]ਅਮੋੜ ਹੋ ਕੇ, (ਅ) ਬਿਨਾਂ ਦੇਰੀ ਤੋਂ, ਛੇਤੀ, (ੲ) ਬਰਬਾਦ ਹੋ ਕੇ।
ਦੌਰ ਚਾਲੇ ਤਜਿ ਬਿੱਤ[1] ਸੁਤ ਮਿੱਤ ਨਾ ਸੰਭਾਰੇ ਸੇ ॥੬੯॥	[1]ਧਨ।
ਤੀਆ ਕੋ[1] ਨ ਲੀਆ ਪੀਆ[2] ਕੀਆ ਹੀਆ[3] ਕਾਂਹਿ ਨਾਹਿੰ,	[1]ਇਸਤ੍ਰੀ ਨੂੰ। [2]ਪਤੀ ਨੇ। [3]ਹੌਂਸਲਾ।

ਮਾਤ ਪਿਤ ਪੂਤ ਬੀਰ ਬਹਿਨ ਸੰਭਾਰੀ ਨਾ।	
ਏਕ ਹੂੰ ਤੈ ਆਗੈ ਏਕ ਦਾਗੇ ਦੂਖ[1] ਜਾਂਹਿ ਭਾਗੇ,	[1]ਦੁੱਖਾਂ ਦੇ ਸਾੜੇ।
ਪਾਗੇ ਬਿਨ ਪਨਹੀ[1] ਉਢਾਗੇ ਨਾਰਿ ਸਾਰੀ ਨਾ[2]।	[1]ਜੁੱਤੀ ਤੋਂ ਬਿਨਾਂ (ਨੰਗੇ) (ਪਾਗੇ) ਪੈਰੀਂ ਭੱਜੇ ਜਾਂਦੇ ਹਨ। [2]ਇਸਤ੍ਰੀਆਂ ਨੇ ਸਾੜੀਆਂ ਨਹੀਂ (ਉਢਾਗੇ) ਪਹਿਨੀਆਂ।
ਹਾਇ ਹਾਇ ਤੋਵਾ[1] ਤੋਵਾ ਹੋਵਾ ਰਵਰੋਵਾ ਕੇਰ[2],	[1]ਤੋਬਾ- ਕੁਕਰਮਾਂ ਦੇ ਤਿਆਗਣ ਦੀ ਪ੍ਰਤੱਗਜਾ। [2]ਰੋਣ ਦੀ (ਰਵ) ਆਵਾਜ਼ ਹੋ ਰਹੀ ਹੈ।
ਅਤਿਸੈ ਮਲੀਨ ਦੀਨ ਚਾਲੈ ਕਿਛੁ ਚਾਰੀ[1] ਨਾ।	[1]ਪੇਸ਼ ਨਹੀਂ ਜਾਂਦੀ।
ਗਿਰ ਗਿਰ ਪਰਤ ਡਰਤ ਘਬਰਾਇ ਯੌਂ ਹੀ,	
ਕੈਹੈਂ[1] ਲੈਹੁ ਮਨ-ਇੱਛ ਸਿੰਘ ਜੀ ਪੈ ਮਾਰੀ ਨਾ ॥੨੦॥	[1]ਕਹਿੰਦੇ ਹਨ।
ਹੁਤੇ ਨੀਂਦ ਲੋਰਨ ਮੈਂ[1] ਸੋਵਤੇ ਜੇ ਭੋਰਨ ਮੈਂ,	[1]ਖੁਮਾਰੀ ਵਿੱਚ, ਮਸਤੀ ਵਿੱਚ।
ਜੇਈ ਸਰਦ-ਖਾਨਿਓਂ[1] ਜਨਾਨਿਓਂ ਮੈਂ ਰਹਿਤੇ।	[1]ਠੰਢੇ ਘਰਾਂ ਵਿੱਚ।
ਬੰਗੁਲੇ ਉਸੀਰਨ ਮੈਂ[1] ਨੀਰ ਤੈ ਸਮੀਰਨ ਸੈਂ[2],	[1]ਖੱਸ ਦੀਆਂ ਟੱਟੀਆਂ ਵਾਲੇ ਬੰਗਲਿਆਂ ਵਿੱਚ। [2]ਪਾਣੀ ਤੇ ਹਵਾ ਨਾਲ।
ਅਤਿਸੈ ਅਨੰਦ ਠੰਢ ਜੇ ਅਮੀਰ ਲਹਿਤੇ[1]।	[1]ਲੈਂਦੇ ਸਨ।
ਲਾਵਤੇ ਪਟੀਰ ਘਸ ਕੈ[1] ਕਪੂਰ ਅੰਗਰਾਰ[2],	[1]ਚੰਨਣ ਘਸਾ ਕੇ। [2]ਅੰਗਾਂ ਨੂੰ ਰੰਗਣ ਵਾਲਾ ਇਕ ਲੇਪ, ਕੇਸਰ ਕਸਤੂਰੀ ਚੰਦਨ ਆਦਿ ਦਾ ਵਟਣਾ।
ਖਾਵਤੇ ਚਹੋਂਰਾ ਮੀਰ[1] ਫੇਰ ਬਰਫ ਪਹਿਤੇ[2]।	[1]ਵਧੀਆ ਕਿਸਮ ਦੇ ਚੌਲ ਤੇ ਦੁੱਧ। [2]ਬਰਫ਼ੀਆਂ ਤੇ ਫੇਰ ਦਾਲਾਂ।
ਕੇਵਰਾ[1] ਮੁਸ਼ਕ-ਬੇਦ[2] ਅਰਕ ਗੁਲਾਬ ਆਬ	[1]ਕਿਉੜਾ। [2]ਬੇਦ ਮੁਸ਼ਕ=ਇਕ ਪ੍ਰਕਾਰ ਦਾ ਪੌਦਾ ਜਿਸ ਨੂੰ ਬਸੰਤਰੁੱਤ ਵਿੱਚ ਸੁਗੰਧੀ ਵਾਲੇ ਫੁੱਲ ਲੱਗਦੇ ਹਨ, ਜਿਨ੍ਹਾਂ ਦਾ ਅਰਕ ਠੰਢਾ ਤੇ ਦਿਲ-ਦਿਮਾਗ ਨੂੰ ਤਾਜ਼ਾ ਕਰਨ ਵਾਲਾ ਹੁੰਦਾ ਹੈ।
ਕੁੰਡਨ ਮੈ ਨ੍ਹਾਵਤੇ[1], ਸੀਤਲ ਪਾਟੀ ਬਹਿਤੇ[2] ॥੨੧॥	[1]ਗੁਲਾਬ ਦੇ ਅਰਕ ਆਦਿ ਮਿਲੇ ਪਾਣੀ ਦੇ ਕੁੰਡਾਂ ਵਿੱਚ ਨ੍ਹਾਉਂਦੇ ਸਨ। [2]ਠੰਢੇ (ਪਾਟੀ) ਫ਼ਰਸ਼ਾਂ ਤੇ (ਬਹਿੰਦੇ ਸਨ।)
ਨਾਚ ਰਾਗ ਰੰਗ ਮੈਂ ਨਿਸੰਗ ਅੰਗਨਾ ਕੇ ਅੰਗ	
ਸੰਗ ਖੇਲ ਕੇਲ ਕੈ ਅਨੰਗ ਉਪਜਾਵਤੇ[1]।	[1]ਨਾਚ ਤੇਰਾਗ ਦੇ ਅਨੰਦ ਵਿੱਚ (ਅੰਗਨਾ) ਇਸਤ੍ਰੀਆਂ ਦੇ ਅੰਗਾਂ ਨਾਲ ਨਿਸ਼ੰਗ ਹੋ ਕੇ ਖੇਲਦੇ ਤੇ ਕ੍ਰੀੜਾ (ਚੋਲ ਮੋਲ) ਕਰਦੇ (ਅਨੰਗ) ਕਾਮ ਪੈਦਾ ਕਰਦੇ ਸਨ।
ਮੁਗਲ ਪਠਾਨ ਸ਼ੇਖ ਸੱਯਦ ਨੁਵਾਬ ਜ਼ਾਦੇ[1],	[1]ਪੁੱਤਰ।
ਕੋਮਲ ਕਮਲ ਫੂਲ ਸਮ ਜੇ ਸੁਹਾਵਤੇ।	
ਘਰ ਤੇ ਨਿਕਸ ਧਾਏ ਡਰਤੇ ਬਚਾਨ ਜਾਨ,	
ਬਾਹਨ ਬਿਹੀਨ ਮਿਲੀ ਪਨਹੀ ਨ ਤਾਵਤੇ[1]।	[1]ਸਵਾਰੀ ਤੋਂ ਬਿਨਾਂ ਤਦੋਂ (ਉਹਨਾਂ ਨੂੰ ਪਾਉਣ ਨੂੰ) ਜੁੱਤੀ ਵੀ ਨਹੀਂ ਮਿਲੀ।

ਪਾਲਕੀ ਚਢਾਤੇ[1] ਜੇਊ ਧਰਾ ਪੈ ਨ ਪਾਤੇ ਪਗ[2],
ਤੇਊ ਹ੍ਵੈ ਮਲੀਨ ਦੀਨ ਗਏ ਕਿਤ ਧਾਵਤੇ ॥੭੨॥

[1]ਚੜ੍ਹਦੇ ਸਨ। [2]ਧਰਤੀ ਤੇ ਪੈਰ ਨਹੀਂ ਪਾਉਂਦੇ ਸਨ।

ਜੇਠ ਕੀ ਦੁਪਹਿਰੀ ਥੀ ਕਹਿਰੀ[1] ਪਰਤ ਧੂਪ,

[1]ਸਖ਼ਤ।

ਸ਼ਹਿਰੀ ਵਿਚਾਰੇ ਕਬੀ ਬਹਿਰੀ ਨ ਥੇ ਖਰੇ[1]।

[1]ਸ਼ਹਿਰੀਏ ਕਦੇ ਬਾਹਰ ਵੀ ਖੜੇ ਨਹੀਂ ਸਨ ਹੋਏ।

ਸਵਿਤਾ ਤਪਾਤ ਸਿਕਤਾ ਜਰਾਤ ਪਾਤ,
ਦੂਖ ਗਾਤ ਕੋ ਦਹਾਤ, ਲੋਇ ਵਾਤ ਆਗ ਸੀ ਚਰੇ[1]।

[1]ਸੂਰਜ ਰੇਤੇ ਨੂੰ ਤਪਾਉਂਦਾ ਤੇ ਪੱਤਿਆਂ ਨੂੰ ਸਾੜਦਾ ਹੈ, (ਤਪਸ਼ ਦਾ) ਦੁਖ ਸਰੀਰਾਂ ਨੂੰ ਸਾੜਦਾ ਹੈ (ਕਿਉਂਕਿ) ਲੋਅ ਵਾਲੀ ਹਵਾ ਅੱਗ ਵਰਗੀ (ਗਰਮ) ਚਲਦੀ ਹੈ।

ਓਠਨ ਚਟਾਤ ਆਬ, ਪਾਤ ਸੀਤ ਨਾਂਹਿ ਛਾਂਹਿ,
ਤਰਫਾਤ ਮਾਂਗਣੂੰ ਮਤਸ ਜਿਮ ਸੋ ਪਰੇ[1]।

[1]ਬੁੱਲ੍ਹਾਂ ਨੂੰ ਚਟਦੇ ਹਨ, ਨਾ (ਕੋਲ) (ਠੰਢਾ) ਪਾਣੀ ਹੈ ਤੇ ਨਾ ਹੀ ਪੱਤਿਆਂ ਦੀ ਠੰਢੀ ਛਾਂ ਹੈ, ਉਹ (ਤੁਰਕ ਧਰਤੀ ਤੇ) ਪਏ ਹੋਏ ਕਟੂਆਂ ਤੇ ਮੱਛੀ ਵਾਂਗ ਤੜਫ ਰਹੇ ਹਨ।

ਜੁਲਮ ਬਿਸੇਸ ਥੇ ਜੁ ਕੀਨੇ ਪੇਸ਼ ਆਏ ਤੇਊ,
ਦੇਸ ਥੀਓ ਬੈਰੀ ਏਸ ਹੇਤ ਦੂਖ ਥੇ ਭਰੇ[1] ॥੭੩॥

[1]ਉਹਨਾਂ ਦੇ ਜ਼ੁਲਮ ਬਹੁਤੇ ਕੀਤੇ ਹੋਏ ਸਨ ਜੋ ਉਨ੍ਹਾਂ ਦੇ ਸਾਹਮਣੇ ਆਏ ਭਾਵ ਭੋਗਣੇ ਪਏ, ਸਾਰਾ ਦੇਸ਼ ਵੈਰੀ ਹੋਇਆ ਹੋਇਆ ਸੀ ਇਸੇ ਵਾਸਤੇ ਉਹ (ਹੁਣ) ਦੁਖਾਂ ਨਾਲ ਭਰੇ ਹੋਏ ਸਨ।

ਸੇਖਨੀ ਸੈਦਾਨੀ ਮੁਗਲਾਨੀ ਤੈ ਪਠਾਨੀ,
ਖਤਰਾਨੀ ਬ੍ਰਹਿਮਾਨੀ ਬਨਿ, ਆਨੀ ਜੇ ਅਮੀਰਨੀ।
ਸੂਰ ਸਸੀ ਨਾ ਨਿਹਾਰੀ ਪੌਰ ਲੌ ਨ ਜੇ ਪਧਾਰੀ,
ਭਾਰੀ ਰੂਪ ਗੁਨਵਾਰੀ ਜੋਬਨ ਗਹੀਰਨੀ[1]।

[1]ਜਿਨ੍ਹਾਂ ਨੂੰ ਚੰਦ ਤੇ ਸੂਰਜ ਨੇ ਵੀ ਨਹੀਂ ਸੀ ਦੇਖਿਆ ਜਿਹੜੀਆਂ ਦਰਵਾਜ਼ੇ ਤੱਕ ਕਦੇ (ਨੰਗੇ ਪੈਰੀਂ) ਨਹੀਂ ਸਨ ਗਈਆਂ ਬਹੁਤ ਰੂਪ ਤੇ ਗੁਣਾਂ ਵਾਲੀਆਂ ਅਤੇ ਭਾਰੀ ਜੁਆਨੀ ਵਾਲੀਆਂ ਸਨ।

ਰੰਗ ਸੇਵਤੀ ਸੀ ਖਾਸੀ ਅੰਗ ਸੇਵਤੀ ਸੀ ਦਾਸੀ,
ਚੰਗ ਕਮਲਾ ਸੀ ਢੰਗ ਥਈ ਜਾਤਿ ਕੀਰਨੀ[1]।

[1](ਜਿਨ੍ਹਾਂ ਇਸਤ੍ਰੀਆਂ ਦੇਰੰਗ) ਚਿੱਟੇ ਗੁਲਾਬ ਵਰਗੇ ਚੰਗੇ (ਗੋਰੇ ਸਨ) ਤੇ ਅੰਗਾਂ ਦੀ ਸੇਵਾ ਦਾਸੀਆਂ ਕਰਦੀਆਂ ਸਨ, ਲਛਮੀ ਵਰਗਾ ਚੰਗਾ ਢੰਗ ਸੀ (ਉਹ ਹੁਣ) ਕੰਗਾਲਣੀਆਂ ਹੋਈਆਂ ਜਾਂਦੀਆਂ ਹਨ।

ਬੀਆਬਾਨ ਬਿਲਲਾਤੀ ਖਾਤੀ ਸੋ ਬਨਾਸਪਾਤੀ,
ਪਾਤੀ ਜੇਊ ਬਾਸਮਤੀ ਨਾਸਪਾਤੀ ਸੀਰਨੀ[1] ॥੭੪॥

[1]ਜਿਨ੍ਹਾਂ ਨੂੰ ਬਾਸਮਤੀ ਦੇ ਚੌਲ, ਨਾਸ਼ਪਾਤੀਆਂ ਤੇ ਮਿਠਾਈਆਂ ਪ੍ਰਾਪਤ ਸਨ ਉਹ ਉਜਾੜ ਜੰਗਲ ਵਿੱਚ ਵਿਰਲਾਪ ਕਰਦੀਆਂ ਘਾਹ ਪੱਤੇ ਖਾਂਦੀਆਂ ਹਨ।

ਭਈ ਕਤਲਾਮ ਤਬਿ ਆਮ[1] ਤੁਰਕਾਨ ਸਭਿ,

[1]ਬਹੁਤੀ।

ਸ਼ਹਿਰ ਤਮਾਮ ਗਯੋ ਦੌਰ ਦਹਿਲਾਇ ਕੈ[1]।

[1]ਡਰ ਕੇ, ਕੰਬ ਕੇ।

ਛੋਰਿ ਧਨ ਧਾਮ ਨਰ ਬਾਮ ਹ੍ਵੈ ਅਰਾਮ ਬਿਨ,
ਗਏ ਕਿਤ ਦੌਰ ਅਤਿ ਗੌਰ ਦੁਖ ਧਾਇ ਕੈ[1]। [1]ਧਨ ਤੇ ਘਰ ਨੂੰ ਛੱਡ ਕੇ ਪੁਰਸ਼ ਤੇ ਇਸਤ੍ਰੀਆਂ ਬਿਨਾਂ ਅਰਾਮ ਤੋਂ ਹੋ ਕੇ ਕਿਤੇ ਦੌੜ ਗਏ ਬਹੁਤ ਭਾਰੀ ਦੁੱਖ ਪਾ ਕੇ।

ਬੀਥਨ ਬਜਾਰਨ ਅਗਾਰਨ ਮਝਾਰਨ ਮੈਂ[1], [1]ਗਲੀਆਂ, ਬਜ਼ਾਰਾਂ ਤੇ ਘਰਾਂ ਵਿੱਚ।
ਮਾਰਤ ਫਿਰਤ ਸਿੰਘ ਲੂਟੈਂ ਦਾਇ ਧਾਇ ਕੈ।
ਸ਼ਹਿਰ ਉਜਾਰ ਦੀਨੋ ਬਿੱਤ[1] ਸਭਿ ਲੂਟ ਲੀਨੋ, [1]ਧਨ।
ਕਾਜ ਨਿਜ ਕੀਨੋ ਪੰਥ ਆਨੰਦ ਬਢਾਇ ਕੈ ॥੭੫॥

ਸ਼ਹਿਰ ਸਰ੍ਹੰਦ ਕੇ ਨਿਵਾਸੀ ਹ੍ਵੈ ਉਦਾਸੀ ਸਭਿ,
ਪਾਇ ਦੁਖਰਾਸੀ[1] ਗਏ ਦੌਰ ਕਹੀਂ ਕੇ ਕਹੀਂ[2]। [1]ਬਹੁਤਾ। [2]ਕੋਈ ਕਿਤੇ, ਕੋਈ ਕਿਤੇ।
ਕੇਤਿਕ ਲਹੌਰ ਮੁਲਤਾਨ ਔ ਪਿਸ਼ੌਰ ਗਏ,
ਕਾਹੂੰ ਸੁਧਾਸਰ[1] ਜੁ ਕੀ ਜਾਇ ਟੇਕ[2] ਹੈ ਲਈ। [1]ਅੰਮ੍ਰਿਤਸਰ। [2]ਓਟ।
ਕੇਤਿਕ ਅੰਬਾਲੇ ਦਿੱਲੀ ਆਗਰੇ ਪਰਾਗ ਕਾਂਸੀ,
ਵਾਸੀ ਭਏ ਜਾਇ ਪਟਿਯਾਲੇ ਬਹੁਤੇ ਵਹੀ[1]। [1]ਉਹ।
ਕਰਯੋ ਜੋ ਬਜੀਦੇ ਪਾਪ ਤਾਂ ਪਰ ਭਯੋ ਸਰਾਪ,
ਤਾਂਹੀ ਤੈ ਸਰ੍ਹੰਦ ਖਾਪ ਗਈ ਸਭਿ ਹੀ ਸਹੀ[1] ॥੭੬॥ [1]ਠੀਕ ਹੀ ਸਾਰੀ ਸਰ੍ਹੰਦ ਨਾਸ਼ ਹੋ ਗਈ।

ਚੌਪਈ:

ਯਾ ਬਿਧਿ ਸਿੰਘਨ ਕਰਿ ਕਤਲਾਮੈਂ।
ਲੂਟਯੋ ਸ਼ਹਿਰ ਕਈ ਦਿਨ ਆਮੈਂ[1]। [1]ਬਹੁਤਾ।
ਹੁਤੋ ਤੋਪ-ਖਾਨਾ ਤਹਿਂ ਜੇਤਾ।
ਆਲਾ ਸਿੰਘ ਸੰਭਾਲਯੋ ਤੇਤਾ ॥੭੭॥
ਲੋਗ ਸਰ੍ਹੰਦੀ[1] ਘਨੇ ਲਜੈ ਕੈ। [1]ਸਰਹੰਦ ਦੇ ਲੋਕ।
ਬੀਚ ਪਟਯਾਲੇ ਦਏ ਬਸੈ ਕੈ।
ਫਿਰ ਮਿਲਿ ਪੰਥ ਗੁਰੁਮਤਾ ਕਰਿ ਕੈ।
ਗੁਰੁ ਕਾ ਬਚਨ ਰਿਦੈ ਮੈਂ ਧਰ ਕੈ ॥੭੮॥
ਜੌਨ ਕਿਲ੍ਹੇ ਕੀ ਭੀਤ ਮਧਾਂਏ[1]। [1]ਜਿਸ ਕਿਲ੍ਹੇ ਦੀ ਗੰਧ ਵਿੱਚ।
ਤੁਰਕਨ ਥੇ ਗੁਰੁ-ਸੁਤ ਚਿਨਵਾਏ।
ਢਾਹਿ ਸਫਾਇ ਦੁਰਗ[1] ਸੋ ਕਯੋ। [1]ਕਿਲ੍ਹਾ।
ਗਿਠ ਗਿਠ ਭਰ ਬਾਂਟਯੋ ਨਹਿਂ ਅਯੋ[1] ॥੭੯॥ [1]ਵੰਡਿਆ ਨਹੀਂ ਆਇਆ।

ਊਪਰ ਹਲ ਗਧਜਨ ਕੇ[1] ਫੇਰੇ।	[1]ਗੱਧਿਆਂ ਦੇ।
ਫੇਰ ਸ਼ਹਿਰ ਪੁਟਵਯੋ[1] ਵਧੇਰੇ।	[1]ਪੁਟਵਾਇਆ।
ਜਯੋਂ ਜਯੋਂ ਧਨ ਨੀਚਯੋਂ ਸਿੰਘ ਪਾਵੈਂ।	
ਤਯੋਂ ਤਯੋਂ ਗਹਿਰੀ ਨੀਵ ਖੁਦਾਵੈਂ[1] ॥੮੦॥	[1]ਡੂੰਘੀ ਨਿਉਂ ਪੁਟਵਾਉਂਦੇ ਹਨ।
ਪੁਟਿ ਪੁਟਿ ਸੁਟਤ ਸਦਨ[1] ਸਿੰਘ ਐਸੇ।	[1]ਘਰ।
ਗੇਰਤ ਗਿਰਨ ਸਗਰ ਸੁਤ ਜੈਸੇ[1]।	[1]ਜਿਵੇਂ ਸਘੜ ਦੇ ਪੁੱਤਰ ਪਹਾੜਾਂ ਨੂੰ ਡੇਗਦੇ ਸਨ।
ਪੁਟਿ ਪਤਾਲ ਲੌ ਨੀਵ ਗਿਰਾਵੈਂ[1]।	[1]ਸੁੱਟਦੇ ਹਨ।
ਗਾਰੀ ਤੁਰਕਨ ਤਈਂ ਅਲਾਵੈਂ ॥੮੧॥	
ਈਟਾਂ ਸਤਲੁਜ ਮੈਂ ਗਿਰਵਾਵੈਂ[1]।	[1]ਸੁਟਵਾਉਂਦੇ ਹਨ।
ਸਿੰਘ ਗੁਰੂ ਕੇ ਬਚਨ ਕਮਾਵੈਂ।	
ਸਤਿ ਪੁਰਖਨ ਕਾ ਵਾਕ ਨ ਟਲ ਹੈ।	
ਧਰਾ[1] ਸੁਮੇਰ ਧ੍ਰੂਵ[2] ਜੌ ਚਲ ਹੈ ॥੮੨॥	[1]ਧਰਤੀ। [2]ਧ੍ਰੂਅ।
ਤ੍ਰਿੱਖੀ ਤੇਗ ਗੁਰੂ ਕੇ ਬੈਨਾ।	
ਸਰ ਅਮੋਘ ਰਘੁਵਰ ਸਮ ਐਨਾ[1]।	[1]ਰਾਮ ਚੰਦਰ ਦੇ ਤੀਰਾਂ ਵਾਂਗ ਸਫਲ ਹਨ।
ਜੜ ਸਰ੍ਹੰਦ ਕੀ ਪੁੱਟੀ ਜੈਹੈ।	
ਈਂਟ ਜਾਇ ਸਤਲੁਜ ਮੈਂ ਪੈਹੈ ॥੮੩॥	
ਯਹਿ ਗੁਰੁ ਬਚਨ ਸਾਚ ਸਭਿ ਭਯੋ।	
ਔਰ ਪ੍ਰਸੰਗ ਸੁਨੋ ਇਕ ਨਯੋ।	
ਸਾਲ ਉਨੀ ਸੈ ਚੌਬੀ ਮਾਂਹੀਂ।	
ਚਲੀ ਰੇਲ ਗਾਡੀ ਜਬਿ ਯਾਹੀਂ[1] ॥੮੪॥	[1]ਏਥੇ।
ਸ੍ਰੀ ਮਹੇਂਦ੍ਰ ਮ੍ਰਿਗੇਸ਼ ਪਟਲੇਸੈਂ[1]।	[1]ਪਟਿਆਲੇ ਦੇ ਰਾਜੇ ਸ੍ਰੀ ਮਹਿੰਦਰ ਸਿੰਘ ਨੇ।
ਪੁਟਵਾਈ ਸਰਹੰਦ ਵਿਸੇਸ਼ੈਂ[1]।	[1]ਬਹੁਤੀ।
ਅੰਗ੍ਰੇਜਨ ਕੋ ਠੇਕੇ ਦਈ।	
ਈਂਟੈ ਪਾਰ ਸਤਲੁਜੈਂ ਗਈਂ ॥੮੫॥	
ਯਾ ਬਿਧਿ ਜਯੋਂ ਤਯੋਂ ਕਰਿ ਗੁਰੁ ਬੈਨਾ।	
ਭਏ ਸੱਤਿ ਹਮ ਨਿਰਖੇ ਨੈਨਾ[1]।	[1]ਅੱਖੀਂ ਵੇਖੇ ਹਨ।
ਬਚਨ ਗੁਰੂ ਕੇ ਪੰਥ ਕਮਾਏ।	
ਜਰ ਸਰ੍ਹੰਦ ਕੀ ਦਈ ਗਵਾਏ ॥੮੬॥	
ਨਾਹਕ ਜੁਰਮ[1] ਕਰੇ ਜੋ ਕੋਈ।	[1]ਬਿਨਾਂ ਪ੍ਰਯੋਜਨ ਤੋਂ ਜ਼ੁਲਮ।
ਜਰ ਸਰ੍ਹੰਦ ਜਯੋਂ ਜਾਵੈ ਖੋਈ[1]।	[1]ਸਰਹੰਦ ਵਾਂਗ ਜੜ੍ਹ ਪੁੱਟੀ ਜਾਂਦੀ ਹੈ।

ਫਿਰ ਅਬਿ ਸੁਨੋ ਪੰਥ ਕੀ ਬਾਤੈਂ।
ਔਰ ਭਈ ਆਗੈ ਜਿਸ ਭਾਂਤੈਂ ॥੮੭॥

ਦੋਹਰਾ:
ਪੁਨ ਮਿਲ ਕਰਿ ਸਭਿ ਪੰਥ ਤਬਿ,
ਕਰਯੋ ਗੁਰਮਤਾ ਐਸ।
ਗੁਰੁਦ੍ਵਾਰਾ ਇਕ ਔਰ ਅਬਿ,
ਪਰਗਟ ਕਰੀਏ ਬੈਸਿ[1] ॥੮੮॥ [1]ਬੈਠ ਕੇ।

ਚੌਪਈ:
ਕਤਲ ਸਜਾਦੇ ਹੋਏ ਜਹਿਂ ਠਾਂ।
ਖੂਨ ਗਿਰਯੋ ਹੋਵਗ ਤਿਨ ਤਹਿਂ ਠਾਂ।
ਕਰਾਮਾਤ ਤਿਸ ਠੌਰ ਮਝਾਰੀ।
ਭਈ ਹੋਗ ਤਬਿ ਤਹਾਂ ਅਪਾਰੀ ॥੮੯॥
ਸੋ ਅਸਥਾਨ ਮਿਲੈ ਅਬਿ ਕੈਸੇ।
ਰਚੀਏ ਗੁਰੁਦ੍ਵਾਰਾ ਤਹਿਂ ਜੈਸੇ।
ਯਹਿ ਵਿਚਾਰ ਫਿਰ ਲੋਗ ਪੁਰਾਨੇ।
ਬੂਝੇ ਇਕ ਨੈ ਕਰਯੋ ਸੁਨਾਨੇ ॥੯੦॥
ਥਾ ਸਰਹੰਦੀ ਸਿੱਖ ਇਕ ਬਾਢੀ[1]। [1]ਤਰਖਾਣ।
ਉਮਰ ਬਰਸ ਅੱਸੀ ਕੀ ਗਾਢੀ[1]। [1]ਤਕੜੀ।
ਸਾਤ ਲਾਤ ਧਰ ਪਰ ਉਨ ਮਾਰੀ।
ਮੁੱਠੀ ਸਾਤ ਧੂਰ ਕੀ ਡਾਰੀ ॥੯੧॥
ਖਾਨ ਬਜੀਦੈ ਕੈ ਸਿਰ ਪਾ ਕੈ।
ਗਾਰੀਂ ਤੁਰਕਨ ਤਈਂ ਅਲਾ ਕੈ[1]। [1]ਕਹਿ ਕੇ।
ਫਿਰ ਬੋਲਯੋ ਵਹਿ ਭਰ ਕਰਿ ਨੈਨਾ।
ਸੁਨੋ ਖਾਲਸਾ ਜੀ ਮਮ ਬੈਨਾ ॥੯੨॥
ਕਰਯੋ ਬਜੀਦੇ ਜੋ ਯਹਿ ਕਾਰਾ[1]। [1]ਉਪੱਦ੍ਰਵ।
ਸੋ ਸਭਿ ਮੈਂ ਨਿਜ ਨੈਨ ਨਿਹਾਰਾ।
ਕਤਲ ਕਰੇ ਗੁਰੁ-ਜ਼ਾਦੇ ਜਹਾਂ।
ਕਰਾਮਾਤ ਪੇਖੀ ਵਡ ਤਹਾਂ ॥੯੩॥
ਜੁੱਤੀ ਲੈ ਤਹਿਂ ਤੁਰਕ ਜੁ ਜਾਵਤ।
ਬਿਬਿਧਿ[1] ਦੂਖ ਸੋ ਪਰਗਟ ਪਾਵਤ। [1]ਅਨੇਕ ਤਰ੍ਹਾਂ ਦੇ।

ਇਕ ਦਿਨ ਖਾਨ ਬਜੀਦ ਖਰਾਬੈਂ।
ਤਿਸ ਦਿਸ ਬੈਠਯੋ ਕਰਨ ਪਿਸ਼ਾਬੈਂ ॥ ੯੪ ॥
ਬੰਦ ਪਿਸ਼ਾਬ ਭਯੋ ਤਿਸ ਕੇਰਾ।
ਪਾਯੋ ਦੁਖ ਤਿਨ ਜਬੈ ਵਧੇਰਾ।
ਜਯੋਂ ਜਯੋਂ ਤਿਨ ਬਹੁ ਕਰੇ ਉਪਾਵੈਂ।
ਤਯੋਂ ਤਯੋਂ ਦਹਿ ਗੁਨ ਬਢਯੋ ਅਜਾਵੈਂ[1] ॥ ੯੫ ॥ [1]ਅਜ਼ਾਬ, ਦੁੱਖ।
ਹੁਤੋ ਬਿਰਾੜ ਕਪੂਰਾ ਯਹਾਂ।
ਤਿਸ ਨੈ ਨਾਜ਼ਮ ਕੋਂ ਯੌਂ ਕਹਾ।
ਮੰਨਤ ਕਰਿ ਤੂੰ ਗੁਰੂ ਸੁਤਨ ਕੀ।
ਮਿਟੈ ਪੀੜ ਤਬਿ ਤੇਰੇ ਤਨ ਕੀ ॥ ੯੬ ॥
ਕਤਲ ਭਏ ਗੁਰੁ-ਜ਼ਾਦੇ ਜਹਾਂ।
ਥੜਾ ਬਨਾਇ ਦੇਹੁ ਇਕ ਤਹਾਂ।
ਯਹਿ ਸੁਨਿ ਕਰੀ ਬਜੀਦੇ ਸੋਈ।
ਗਈ ਪੀੜ ਤਿਸ ਕੀ ਤਬਿ ਖੋਈ ॥ ੯੭ ॥
ਮੰਨਤ ਕਰੇ ਔਰ ਜੇ ਕੋਈ।
ਤਿਸ ਕੀ ਇੱਛਾ ਪੂਰਨ ਹੋਈ।
ਅਬਿ ਵਹਿ ਠੌਰ ਵਿਰਾਨ ਪਈ ਹੈ।
ਚਲੋ ਦਿਖੈਹੋਂ ਤੁਮੈਂ ਵਹੀ ਹੈ ॥ ੯੮ ॥

ਦੋਹਰਾ:

ਚਲ ਕਰਿ ਤਬਿ ਹੀ ਪੰਥ ਨੈ,
ਜਾਇ ਪਿਖੀ ਵਹਿ ਠੌਰ।
ਸੀਸ ਝੁਕਾਏ ਸਭਿਨਿ ਤਹਿਂ,
ਫਤੇ ਗਜਾਈ ਗੌਰ[1] ॥ ੯੯ ॥ [1]ਬਹੁਤੀ।
ਸਭਿ ਸਰਦਾਰਨ ਤਹਾਂ ਤਬਿ,
ਪੰਚਾਂਮ੍ਰਿਤ[1] ਕਰਵਾਇ। [1]ਕੜਾਹ ਪ੍ਰਸ਼ਾਦ।
ਪਾਂਚ ਭੁਜੰਗੀ[1] ਖੜ੍ਹੇ ਕਰਿ, [1]ਸਿੰਘ।
ਦਈ ਅਰਦਾਸ ਸੁਧਾਇ ॥ ੧੦੦ ॥

ਕਬਿੱਤ:

ਕਾਹੂੰ ਦਸ ਬੀਸ ਔ ਪਚੀਸ ਤੀਸ ਦਏ ਕਿਨ,
ਕਿਨਹੂੰ ਪਚਾਸ ਸਾਠ ਏਕ-ਸਤ[1] ਦਏ ਹੈਂ। [1]ਇਕ ਸੌ ਰੁਪਏ।

ਸਿੰਘ ਥੇ ਅਪਾਰ ਤਹਾਂ ਸਭਿ ਹੀ ਨੈ ਮੋਦ[1] ਧਾਰਿ, — [1]ਅਨੰਦ।
ਦਏ ਹੈਂ ਰੁਪਏ ਵੈ[1] ਹਜ਼ਾਰ-ਚਾਰ ਭਏ ਹੈਂ। — [1]ਉਹ (ਰੁਪਏ)।
ਲਾਇ ਕੈ ਇਮਾਰਤ ਬਨਾਇ ਗੁਰੁਦ੍ਵਾਰ ਤਬਿ,
ਦੁੰਦਭਿ[1] ਬਜਾਇ ਮੰਜੀ ਸਾਹਿਬ ਰਚਏ ਹੈਂ। — [1]ਧੌਂਸੇ।
ਚੌਰ ਮੁੱਠਾ[1] ਆਯੁਧ ਸਥਾਪ ਦਏ[2] ਮੰਜੀ ਪਰ, — [1](ਮੋਰ ਦੇ ਖੰਭਾਂ ਦੇ) ਮੁੱਠੇ ਦਾ ਚੌਰ। [2]ਸ਼ਸ਼ਤ੍ਰ ਸਥਾਪਨ ਕਰ ਦਿੱਤੇ।
ਕੁਣਕਾ ਕਰਾਇ ਵਰਤਾਇ ਮੋਦ ਭਏ ਹੈਂ ॥੧੦੧॥
ਹੁਤੋ ਏਕ ਕਿਲਾ ਤਬਿ ਕੋਸਕ ਸਰੁੰਦ ਹੂੰ ਤੈ,
ਨਾਮ ਜੱਟ-ਪੁਰਾ ਤਾਂ ਮੈਂ ਬਸੇ ਲੋਗ ਜਾ ਸਹੀ[1]। — [1]ਠੀਕ ਢੰਗ ਨਾਲ ਜਾ ਵਸੇ।
ਰਾਇ ਸਿੰਘ ਖੱਤ੍ਰੀ ਦੀਵਾਨ ਬਾਦਸ਼ਾਹੀ ਏਕ,
ਹੁਤੋ ਕਿਲੇਦਾਰ ਤਹਾਂ ਰਹਿਤ ਮਵਾਸ[1] ਹੀ। — [1]ਆਕੀ।
ਲੋਗ ਸਰਹੰਦ ਕੇ ਬੁਲਿੰਦ ਧਨ[1] ਲੈ ਬ੍ਰਿੰਦ[2], — [1]ਬਹੁਤਾ ਧਨ। [2]ਬਹੁਤੇ (ਲੋਕ)।
ਧਸੇ ਤਾਂਹਿ ਮੱਧ ਜਾਇ ਆਕੀ ਪਿਖਿ ਪਾਸ ਹੀ।
ਤੂਟਯੋ ਨ ਕਬੀ ਵਾਹਿ[1] ਲੂਟਯੋ ਨ ਕਬੀ ਕਾਂਹਿ, — [1]ਉਹ।
ਮਾਰਿ ਲੂਟ ਪੰਥ ਤਾਂਹਿ ਲੀਨੋ ਫਿਰ ਖਾਸ ਹੀ[1] ॥੧੦੨॥ — [1]ਆਪ ਹੀ।

ਦੋਹਰਾ:
ਭਾਈ ਭਗਤੂ ਕਾ ਹੁਤੋ,
ਬੁੱਢਾ ਸਿੰਘ ਸਰਦਾਰ।
ਤਿਸ ਕੋ ਸੌਂਪਯੋ ਦੁਰਗ[1] ਵਹਿ, — [1]ਕਿਲ੍ਹਾ।
ਪੰਥ ਮੋਦ ਮਨਿ ਧਾਰ ॥੧੦੩॥

ਸ੍ਵੈਯਾ:
ਗਾਥ ਸੁਨੋ ਅਬਿ ਔਰ ਭਈ ਜਿਮ,
ਹੇ ਗੁਰੁ ਖਾਲਸਾ ਮੋਦ ਮਨੈ ਕੈ।
ਮਾਰਿ ਉਜਾਰ ਸਰੁੰਦ ਤਈਂ ਕਰਿ
ਖ੍ਵਾਰ, ਸਭੀ ਫਿਰ ਪੰਥ ਮਿਲੈ ਕੈ।
ਸੋਧਿ ਅਰਦਾਸ ਚਢਯੋ ਦਿਸ ਪੂਰਬ,
ਖਾਦਰ[1] ਬਾਂਗਰ[2] ਦੇਸ ਦਬੈ ਕੈ। — [1]ਦਰਿਆ ਦੇ ਕਿਨਾਰੇ ਦਾ ਇਲਾਕਾ ਜਿਥੇ ਹਮੇਸ਼ਾਂ ਗਾਰਾ ਰਹੇ। (ਅ) ਪਹਾੜ ਦੇ ਜੜ੍ਹ ਦੀ ਜ਼ਮੀਨ। [2]ਕੈਂਥਲ ਤੇ ਕਰਨਾਲ ਦੇ ਆਸ ਪਾਸ ਦਾ ਇਲਾਕਾ।

ਪਾਂਚ ਮਝੈਲਨ ਕੀ ਮਿਸਲਾਂ,
ਮਲਵੱਯਨ ਕੀ ਇਕ ਆਹਿ ਬਨੈ ਕੈ ॥੧੦੪॥
ਮਾਰਿ ਸਰੁੰਦ ਗਯੋ ਬਢ ਹੌਂਸਲਾ,
ਸਿੰਘਨ ਕਾ ਅਤਿ ਭੂਰ ਮਹਾਂਏ[1]।

[1]ਅਤਜੰਤ ਬਹੁਤ ਵੱਡਾ।

ਸਾਜ ਚਮੂੰ ਚਤੁਰੰਗ ਸੁਰੰਗ,
ਉਮੰਗ ਬਢਾਇ ਕੈ ਦੁੰਦਭਿ ਵਾਏ[1]।

[1]ਚਹੁੰ ਅੰਗਾਂ ਤੇ ਚੰਗੇਰੰਗ ਦੀ (ਚਮੂੰ) ਫ਼ੌਜ ਸਜਾ ਕੇ ਉਤਸ਼ਾਹ ਵਧਾ ਕੇ ਧੌਂਸੇ ਵਜਾਏ।

ਖੋਲਿ ਨਿਸ਼ਾਨ ਕਰੇ ਅਗਵਾਨ,
ਲਸੈਂ ਬਹੁ ਬਿੱਜਲ ਤੈ ਅਧਿਕਾਏ[1]।

[1]ਬਿਜਲੀ ਤੋਂ ਜ਼ਿਆਦਾ ਚਮਕਦੇ ਹਨ।

ਪੂਰਬ ਕੀ ਦਿਸ ਕੋ ਹਿਤ ਜੀਤ,
ਅਭੀਤ[1] ਸਹੀਤ[2] ਚਢੇ ਸਿੰਘ ਧਾਏ ॥੧੦੫॥

[1]ਨਿੱਡਰ ਹੋ ਕੇ। [2](ਆਪਸੀ) ਹਿਤ ਨਾਲ।

ਚੰਚਲ ਚਾਰੁ ਤੁਰੰਗ[1] ਚਲਾਕ,

[1]ਸੁੰਦਰ ਘੋੜੇ।

ਕੁਰੰਗਨ ਸੇ[1] ਬਹੁ ਭਾਂਤਿ ਸਜੀਲੇ[2]।

[1]ਹਰਨਾਂ ਵਰਗੇ। [2]ਸਜੇ ਹੋਏ।

ਕੋਇ ਧਵਾਵਤ[1] ਕੋਇ ਕੁਦਾਵਤ[2],

[1]ਦੌੜਾਉਂਦਾ ਹੈ। [2]ਟਪਾਉਂਦਾ ਹੈ।

ਕੋਇ ਨਚਾਵਤ ਨਾਚ ਨਚੀਲੇ[1]।

[1]ਨਾਚਿਆਂ ਵਾਂਗ।

ਬੀਰ ਬਨੈਤ[1] ਪਟੈਤ[2] ਕਟੈਤ[3]

[1]ਬਾਂਕੇ ਸੂਰਮੇਂ। [2]ਪਟੇ ਬਾਜ਼ (ਪਟਹ ਸ਼ਸਤ੍ਰ ਚਲਾਉਣ ਵਾਲਾ ਜਾਂ ਗਤਕਾ ਫੇਰਨ ਵਾਲਾ।) [3]ਕੱਟਣ ਵਾਲੇ।

ਬਲੈਤ[1] ਛਕੇ ਸਭਿ ਛੋਭਿ ਛਬੀਲੇ[2]।

[1]ਬਹੁਤੇ ਬਲ ਵਾਲੇ। [2]ਸੁੰਦਰ (ਸੂਰਮੇਂ) (ਛੋਭਿ) (ਗ਼ੁੱਸੇ ਨਾਲ (ਛਕੇ) ਭਰੇ ਹੋਏ ਹਨ।

ਜੋਰਿ ਬਰਾਤ ਚਢੇ ਬਨਰੇ ਜਨੁ,
ਬਜਾਹਿਨ ਕੋ ਰਜਧਾਨੀਆਂ ਤੀ ਲੇ[1] ॥੧੦੬॥

[1]ਜਾਣੋ (ਬਨਰੇ) ਲਾੜੇ ਜੰਞ ਇਕੱਠੀ ਕਰਕੇ ਰਾਜਧਾਨੀਆਂ ਰੂਪ (ਤੀ) ਇਸਤ੍ਰੀਆਂ ਨੂੰ ਵਿਆਹ ਕੇ (ਲੇ) ਲਿਆਉਣ ਵਾਸਤੇ।

ਸੋਹਿਤ ਹੱਦ ਸਨੱਧਹਿ ਬੱਧ,
ਮਰੱਦ ਅਬੱਧ ਸੁਕੱਦ ਸਮੀਲੇ[1]।

[1](ਸਨੱਧ ਬੱਧ) ਸ਼ਸਤ੍ਰ ਬੰਨ੍ਹ ਕੇ ਤਿਆਰ ਬਰ ਤਿਆਰ (ਮਰੱਦ) ਸੂਰਮੇਂ (ਅਬੱਧ) ਬੇਰੋਕ, ਚੰਗੇ ਤੇ ਮਿਲਵੇਂ ਕੱਦਾਂ ਵਾਲੇ (ਹੱਦ) ਬਹੁਤ ਜ਼ਿਆਦਾ ਸੋਂਹਦੇ ਹਨ।

ਬਾਂਛਹਿ ਜੰਗ ਨਿਹੰਗ ਭੁਜੰਗਿ[1],

[1]ਨਿਡਰ ਸੂਰਮੇਂ।

ਉਮੰਗ ਭਰੇ ਸਭਿ ਸਿੰਘ ਰਸੀਲੇ[1]।

[1]ਰਸ ਵਾਲੇ।

ਸੀਸ ਸਜੈਂ ਦਸਤਾਰ ਅਪਾਰ,
ਛੁਟੇ ਫਰਰੇ ਸਿਤ[1] ਪੀਤ ਰੁ ਨੀਲੇ।

[1]ਚਿੱਟੇ।

ਮਾਨਹੁ ਖੇਤ ਖਿਰੇ ਗੁਲ ਪੋਸਤ,
ਪੋਸ਼ਸ਼ ਸਿੰਘਨ ਕੇ ਚਟਕੀਲੇ[1] ॥੧੦੭॥

[1]ਜਾਣੋ ਖੇਤ ਵਿੱਚ ਪੋਸਤ ਦੇ ਫੁੱਲ ਖਿੜੇ ਹੋਏ ਹਨ, ਐਉਂ ਸਿੰਘਾਂ

ਦੇ ਚਮਕੀਲੇ ਪੁਸ਼ਾਕੇ ਹਨ।

ਕੋਸ ਦੁ ਤੀਨਕ ਚਾਰ ਵਿਖੇ,
ਕਿਤ ਬਾਂਧਿ ਪਰਾ ਸਿੰਘ ਜਾਵਤ ਛੂਟੇ[1]।

[1]ਕਤਾਰਾਂ ਬੰਨ੍ਹ ਕੇ ਦੌੜੇ ਜਾਂਦੇ ਹਨ।

ਮਾਰਿ ਸ਼ਿਕਾਰ ਅਪਾਰ ਚਲੈਂ ਮਗ,
ਕੋਲ ਕੁਰੰਗ ਝਿੰਖਾਰ ਅਟੂਟੇ[1]।

[1]ਰਸਤੇ ਵਿੱਚ ਸੂਰਾਂ ਹਰਨਾਂ ਤੇ (ਅਪਾਰ) ਬਹੁਤੇ (ਝਿੰਖਾਰ) ਬਾਰਾਂ ਸਿੰਗਿਆਂ ਦਾ (ਅਟੂਟੇ) ਲਗਾਤਾਰ ਸ਼ਿਕਾਰ ਮਾਰਦੇ ਜਾਂਦੇ ਹਨ।

ਤੁੱਪਕ[1] ਤੀਰ ਚਲਾਵਤ ਚੱਕਰ,
ਲੱਛ ਪ੍ਰਤੱਛ ਘਨੇ ਤੱਛ ਸੁਟੇ[1]।

[1]ਬੰਦੂਕਾਂ।
[1]ਪ੍ਰਤੱਛ ਸਾਹਮਣੇ (ਘਨੇ) ਬਹੁਤੇ (ਲੱਛ) ਨਿਸ਼ਾਨੇ (ਤੱਛ ਸੁਟੇ) ਫੁੰਡ ਸੁੱਟੇ।

ਔਰ ਗਰਾਮ ਘਨੇ ਤੁਰਕਾਨ ਕੇ,
ਯੌਂ ਚਲਤੈ ਚਲਤੈ ਮਗਿ ਲੂਟੇ ॥੧੦੮॥
ਸਿੰਘ ਬਿਸਾਲੇ[1] ਅੰਬਾਲੇ ਕੋ ਲੂਟ,
ਉਤਾਲੇ[1] ਚਲੇ ਕਰਿ ਛੂਟ[2] ਅਗਾਰੀ।
ਜੂਟ[1] ਜਗਾਧਰੀ ਕੂਟ ਸਹਾਰਨ[2],
ਛੂਟ ਕੈ ਜਾਇ ਤਿਰਾਵੜੀ ਮਾਰੀ।
ਮੱਜਨ ਕੈ[1] ਹਰਿਦ੍ਵਾਰ ਭਲੇ
ਉਤਰੇ, ਫਿਰ ਮੇਰਟ ਜਾਇ ਅਗਾਰੀ।
ਦੇਸ ਅਸੇਸ[1] ਲਯੋ ਕਰਨਾਲ,
ਤਬੈ ਅਪਨੇ ਕਬਜੇ ਕਰਿ ਭਾਰੀ ॥੧੦੯॥

[1]ਬਹੁਤ ਸਿੰਘ।
[1]ਛੇਤੀ। [2]ਹੱਲਾ ਕਰਕੇ।
[1]ਜੁੱਟ ਕੇ ਭਾਵ ਜੰਗ ਕਰਕੇ। [2]ਸਹਾਰਨਪੁਰ ਨੂੰ ਕੁੱਟ ਕੇ।
[1]ਇਸ਼ਨਾਨ ਕਰਕੇ।
[1]ਸਾਰਾ।

ਜੋ ਜਿਤਿਨਾ ਬਲਰਾਖਤ ਥਾ,
ਤਿਤਿਨਾ ਤਬਿ ਦੇਸ ਤਿਨੈ ਨਿਜ ਮੱਲਾ।
ਚੀਨ ਕਿਨੈ ਬਲ ਹੀਨ, ਕਿਸੀ
ਪਰਬੀਨ ਬਲੀ, ਫਿਰ ਹਾਥ ਨ ਘੱਲਾ[1]।

[1]ਕਿਸੇ ਨੂੰ ਬਲਹੀਣ ਜਾਣ ਕੇ ਤੇ (ਬੀਨ) ਦੇਖ ਕੇ (ਕਿਸੇ) ਬਲੀ (ਸਿੰਘ) ਨੇ ਫੇਰ ਵੀ ਹੱਥ ਨਹੀਂ ਪਾਇਆ।

ਜੋ ਜਿਸ ਕੀ ਮਿਸਲੋਂ ਕਹਿਲਾਵਤ,
ਰਾਖਤ ਸੋ ਤਿਸ ਕਾ ਗਹਿ ਪੱਲਾ[1]।
ਥਾ ਤਬਿ ਸਿੰਘਨ ਵੀਚ ਇਕਾਯਤ[1]
ਆਪਸ ਮਾਂਹਿ ਨਿਹਾਯਤ ਭੱਲਾ[1] ॥੧੧੦॥

[1]ਲੜ, ਆਸਰਾ।
[1]ਇਤਫ਼ਾਕ, ਏਕਾ।
[1]ਬਹੁਤ ਹੀ ਚੰਗਾ।

ਦੋਹਰਾ:
ਜਹਾਂ ਜਹਾਂ ਜਿਸ ਸਿੰਘ ਨੈ,

ਫੇਰਜੋ ਘੋੜਾ ਧਾਇ।
ਤਹਿਂ ਤਹਿਂ ਕਾਠੀ ਵੰਡ[1] ਕਰਿ,
ਲਿਯ ਤਿਨ ਮੁਲਕ ਦਬਾਇ ॥੧੧੧॥

[1]ਸਰਦਾਰ ਤੇ ਸਿਪਾਹੀ ਦਾ ਖਿਆਲ ਛੱਡ ਕੇ ਹਰ (ਘੋੜੇ ਦੀ) ਕਾਠੀ ਪਿੱਛੇ ਇੱਕੋ ਜੇਹਾ ਮੁਲਕ ਜਾਂ ਧਨ ਵੰਡਣਾ।

ਸਾਲ ਅਠਾਰਾਂ ਸੈ ਹੁਤੋ,
ਬੀਸ ਉਪਰ ਨਿਰਧਾਰ[1]।
ਜੈਨ ਖਾਨ ਕੋ ਮਾਰ ਕੈ
ਕਰੀ ਸਰ੍ਹੰਦ ਉਜਾਰ ॥੧੧੨॥

[1]ਨਿਸਚਾ ਕਰੋ।

ਮੈਣਦ੍ਵਾਬ[1] ਅਰ ਮਾਲਵਾ[2],
ਬਾਂਗਰ[1] ਖਾਦਰ[2] ਦੇਸ।

[1]ਦੋ ਪਾਣੀਆਂ ਦੇ ਵਿਚਕਾਰ ਦਾ ਦੇਸ਼, ਖ਼ਾਸ ਕਰ ਘੱਘਰ ਤੇ ਜਮਨਾ ਦੇ ਵਿਚਕਾਰ ਦਾ ਦੇਸ। [2]ਫੀਰੋਜ਼ਪੁਰ, ਲੁਧਿਆਣਾ, ਪਟਿਆਲਾ, ਬਠਿੰਡਾ ਤੇ ਸੰਗਰੂਰ ਦੇ ਜ਼ਿਲ੍ਹਿਆਂ ਦਾ ਉਸ ਸਮੇਂ ਦਾ ਮਾਰੂ ਇਲਾਕਾ।

[1]੨੧ ਦੇਖੋ ਪੰਨਾ ੨੪੪੧ ਤੇ ਟਿੱਪਣ ਨੰ: ੨ ਤੇ ੧ ਦਾ ਅਰਥ।
[2]ਦੇਖੋ ਪੰਨਾ ੨੪੫੧ ਤੇ ਟਿੱਪਣ ਨੰ: ੨ ਤੇ ੧ ਦਾ ਅਰਥ।

ਜਿਹ ਬਿਧਿ ਮੱਲਜੋ ਪੰਥ ਨੈ,
ਕਹੀ ਗਾਥ ਯਹਿ ਵੇਸ[1] ॥੧੧੩॥

[1]ਸ੍ਰੇਸ਼ਟ, ਚੰਗੀ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਯਾਨ ਸਿੰਘ ਵਿਰਚਿਤੇ 'ਜੈਨ ਖਾਂ ਕੋ ਮਾਰ ਕਰਿ, ਸਰਹੰਦ ਉਜਾਰਨ, ਮੁਲਕ ਮੱਲਨ ਪ੍ਰਸੰਗ', ਬਰਨਨੰ ਨਾਮ ਚੁਤਾਲੀਸਮੋਂ ਬਿਸ੍ਰਾਮ ॥੪੪॥

੪੫. {ਅਹਿਮਦ ਸ਼ਾਹ ਦਾ ਆਉਣਾ, ਗੁਰਬਖਸ਼ ਸਿੰਘ ਦੀ ਸ਼ਹੀਦੀ}

ਦੋਹਰਾ:

ਸ੍ਰੀ ਗੁਰੁ ਨਾਨਕ ਨਾਮ ਤੈ,
ਅਨਿਕ ਬਿਘਨ ਹ੍ਵੈ ਨਾਸ।
ਆਤਮ ਗਜਾਨ ਪ੍ਰਕਾਸ਼ ਤੈ,
ਕਟਤ ਝਟਤ ਭਵ ਪਾਸ[1] ॥੧॥

[1]ਆਤਮ ਗਿਆਨ ਦੇ ਪ੍ਰਕਾਸ਼ ਨਾਲ ਬਹੁਤ ਛੇਤੀ ਹੀ (ਭਵ) ਜਨਮ (ਮਰਨ) ਦੀ (ਪਾਸ) ਫਾਹੀ ਕੱਟ ਦਿੰਦੇ ਹਨ।

ਆਯੋ ਅਹਿਮਦ ਸ਼ਾਹਿ ਜਿਮ,
ਹਿੰਦੁਸਤਾਨਹਿਂ ਫੇਰ।
ਸਿੰਘਨ ਤਈਂ ਕਲੇਸ਼ ਤਿਨ,
ਦਯੋ ਜੈਸ ਬਹੁਤੇਰ[1] ॥੨॥

[1]ਬਹੁਤਾ।

ਗੁਰੁਬਖਸ਼ ਸਿੰਘ ਸ਼ਾਹੀਦ ਜਜੋਂ,
ਭਯੋ ਸੁਧਾਸਰ ਤੀਰ[1]।
ਸੋ ਸਭਿ ਗਾਥਾ ਅਬਿ ਕਹੋਂ,
ਸੁਨੋਂ ਸੁਮਤਿ ਧਰਿ ਧੀਰ ॥੩॥

[1]ਅੰਮ੍ਰਿਤਸਰ ਦੇ ਕਿਨਾਰੇ।

ਪਾਧਰੀ ਛੰਦ:

ਜਬਿ ਦੇਸ ਸਿੰਘਨ ਯੌਂ ਲਯੋ ਬੇਸ[1]।
ਅਰ ਮਨ ਮੈਂ ਭਏ ਅਭੀਤ ਸੇਸ[1]।
ਤਬਿ ਬਢਜੋ ਹੌਸਲਾ ਪੰਥ ਕੇਰ।
ਸਭਿ ਮੁਲਕ ਛਕੈਂ ਉਗਰਾਹਿ ਹੇਰ[1] ॥੪॥

[1]ਚੰਗਾ।
[1](ਸੇਸ) ਬਹੁਤੇ (ਅਭੀਤ) ਨਿੱਡਰ।
[1]ਦੇਖੋ।

ਹਾਕਮ ਭੇ ਨਿਜ ਨਿਜ ਮੁਲਕ ਮਾਹਿਂ।
ਮਨਿ ਮੋਦ ਭਏ ਉਗਰਾਹਿ ਖਾਹਿਂ।
ਨਹਿਂ ਬੰਦੁਬਸਤ ਕਿਛੁ ਕਰੈਂ ਔਰ।
ਰਹਿਂ ਮਸਤ ਖਾਇ ਕਰਿ ਭੰਗ ਗੌਰ[1] ॥੫॥

[1]ਬਹੁਤਾ ਸੁੱਖਾ।

ਮਿਲ ਕਹੈਂ ਕਬੀ ਲਿਹੁ ਸਿੰਧੁ ਦੇਸ।
ਫਿਰ ਲੇਹੁ ਲਹੌਰ ਪਿਸ਼ੌਰ ਵੇਸ।
ਗਜਨੀ ਅਰ ਕਾਬਲ ਔ ਕੰਧਾਰ।
ਚੜ੍ਹਿ ਬਲਖ ਬੁਖਾਰਾ ਲੇਹੁ ਮਾਰ ॥੬॥
ਫਿਰ ਪਰਬਤ ਕੀ ਲਿਹੁ ਸਾਤ ਧਾਰ।
ਪੁਨ ਲੇਵਹੁ ਹਿੰਦੁਸਤਾਨ ਸਾਰ।

ਚਲਿ ਦਿੱਲੀ ਕਾ ਮੱਲ ਲੇਹੁ ਤਖਤ।
ਫਿਰ ਮੇਲਹੁ ਮਰਟਜੋਂ ਤਈਂ ਵਖਤ ॥੭॥
ਚਲਿ ਅਬਚਲ ਨਗਰੀ ਗੁਰੂ-ਦ੍ਵਾਰ।
ਕਰਵਾਵੌਂ ਕੁਣਕੇ ਅਤਿ ਅਪਾਰ[1]। [1]ਬਹੁਤ ਜ਼ਿਆਦਾ।
ਉਤ ਢਾਕਾ ਔਰ ਬੰਗਾਲ ਜੀਤਿ।
ਲਿਹੁ ਸਾਗਰ ਲੌ ਸਭਿ ਮੁਲਕ ਮੀਤ ॥੮॥
ਛਕਿ ਭੰਗ ਨਿਹੰਗ ਭੁਜੰਗ ਸਿੰਘ[1]। [1]ਬਹਾਦਰ ਨਿਹੰਗ ਸਿੰਘ।
ਮਿਲ ਕਹੈਂ ਸਭੈ ਤਬਿ ਐਸ ਧਿੰਗ[1]। [1]ਜ਼ੋਰਾਵਰ, ਬਲੀ।
ਨਹਿਂ ਕਰੈਂ ਮੁਲਕ ਕਾ ਬੰਦੁਬਸਤ।
ਛਕਿ ਭੰਗਾਂ ਨਿਸ ਦਿਨ ਰਹੈਂ ਮਸਤ ॥੯॥
ਇਤ ਸਿੰਘਨ ਕਾ ਸਭਿ ਕਹਜੋ ਹਾਲ।
ਉਤ ਕਾਬਲ-ਪਤਿ[1] ਕੀ ਸੁਨੋ ਚਾਲ। [1]ਕਾਬਲ ਦਾ ਬਾਦਸ਼ਾਹ (ਅਹਿਮਦ ਸ਼ਾਹ ਦੁਰਾਨੀ)।
ਜਬਿ ਕਾਬਲ ਪਹੁੰਚ ਬੁਲੰਦ ਖਾਨ।
ਪੰਜਾਬ ਕੇਰ ਸਭਿ ਕਰਜੋ ਬਜਾਨ ॥੧੦॥
ਫਿਰ ਲਿਖਿ ਪਠਜੋ ਤੈਮੂਰ ਸ਼ਾਹਿ।
ਜਜੋਂ ਸਿੰਘਨ ਕੀਨੋ ਹਾਲ ਤਾਂਹਿ।
ਸੁਨਿ ਕੋਪਜੋ ਅਤਿ ਹੀ ਕਾਬਲੇਸ।
ਚੜ੍ਹਿ ਧਾਯੋ ਲੈ ਕਰਿ ਫੌਜ ਬੇਸ[1] ॥੧੧॥ [1]ਚੰਗੀ।
ਸੁਨਿ ਸਿੰਘ ਚਲੇ ਪੰਜਾਬ ਛੋਰਿ।
ਨਹਿਂ ਕੀਨੋ ਕਿਛੁ ਵਿਚਾਰ ਹੋਰ।
ਬਹੁ ਆਪਸ ਮੈਂ ਮਿਲ ਕਹੈਂ ਐਸ।
ਕਿਤ ਚਲੋ ਕਿਨਾਰੇ[1] ਛੋਰਿ ਦੇਸ ॥੧੨॥ [1]ਪਾਸੇ।
ਯਹਿ ਕੁੱਤਾ ਕਾਬਲੀਆ ਨਰੇਸ਼[1]। [1]ਕਾਬਲ ਦਾ ਰਾਜਾ।
ਆਵਤ ਹੈ ਦੌਰਜੋ ਚੜ੍ਹਿ ਹਮੇਸ਼।
ਮਤੁ ਕਿਤ ਯਹਿ ਹਮ ਕੋ ਕਾਟਿ ਖਾਇ।
ਹ੍ਵੈ ਹਰਨ[1] ਸਿੰਘ ਕਿਤ ਚਲੋ ਧਾਇ ॥੧੩॥ [1]ਦੌੜ ਕੇ।
ਜਬਿ ਯਹਿ ਫਿਰ ਕਰਿ ਇਸ ਦੇਸ ਵੀਚ।
ਪਾਛੇ ਹਟ ਜੈਹੈ ਫੇਰ ਨੀਚ।
ਤਬਿ ਮੁਲਕ ਲੈਂਹ ਹਮ ਆਇ ਬੇਗ[1]। [1]ਛੇਤੀ।
ਰਹਿ ਫਤੇ ਪੰਥ ਕੀ ਦੇਗ[1] ਤੇਗ ॥੧੪॥ [1]ਲੰਗਰ।

ਬਿਨ ਕਾਬਲੇਸ ਤੇ ਔਰ ਜੋਇ।
ਨਹਿੰ ਲਰਨ ਜੋਗ ਹਮ ਸੰਗ ਕੋਇ।
ਜਲ ਹੜ੍ਹ ਅਰ ਡੌਂ ਕੀ ਆਗ ਹੇਰਿ[1]। [1]ਜੰਗਲ ਦੀ ਅੱਗ ਦੇਖ ਕੇ।
ਪਿਖਿ ਸੱਤ੍ਰੂ ਕਾ ਦਲ ਬਲ ਵਧੇਰ ॥੧੫॥
ਹ੍ਵੈ ਬਚੈਂ ਕਿਨਾਰੇ ਬੁੱਧਿਵਾਨ।
ਯਹਿ ਰਾਜਨੀਤ ਕੀ ਰੀਤਿ ਜਾਨ।
ਫਿਰ ਦਾਉ ਪੇਖਿ ਨਿਜ ਕਰੈਂ ਕਾਜ।
ਹਮ ਲੈਹੈਂ ਫੇਰ ਸੰਭਾਰ ਰਾਜ ॥੧੬॥
ਯਹਿ ਬਾਤ ਸਿੰਘ ਸਭਿ ਚਿੱਤ ਧਾਰਿ।
ਤਜਿ ਮੈਣ-ਦੂਾਬ ਪੰਜਾਬ ਸਾਰ[1]। [1]ਸਾਰਾ।
ਸਭਿ ਗਏ ਕਿਨਾਰੇ ਹੋਇ ਐਸ।
ਅਤਿ ਪੌਨ ਚਲੀ ਤੈ ਮੇਘ ਜੈਸ[1] ॥੧੭॥ [1]ਜਿਵੇਂ ਬੱਦਲ।
ਦੋਹਰਾ:
ਬਾਤ ਮੁਕੱਦਮ[1] ਸੁਨੋ ਇਕ, [1]ਅਗਲੀ।
ਭਈ ਤਬੈ ਜੋ ਔਰ।
ਜਿਹ ਹਿਤ ਅਹਿਮਦ-ਸ਼ਾਹਿ ਚੜ੍ਹਿ,
ਅਯੋ ਹਿੰਦੁ ਮੈਂ ਦੌਰਿ ॥੧੮॥
ਸ਼ੰਕਰ ਛੰਦ:
ਇਕ ਵੀਚ ਦਿੱਲੀ ਕੇ ਰੁਹੇਲਾ[1] [1]ਖ਼ੈਬਰ ਦੇ ਪਠਾਣਾਂ ਦੀ ਇਕ ਜਾਤਿ।
ਹੁਤੋ ਖਾਨ ਨਜੀਬ।
ਵਹਿ ਵਡ ਬਜੀਰ ਕਹਾਵਹੀ,
ਨਹਿੰ ਸੁਨੈ ਦਾਦ[1] ਗਰੀਬ। [1]ਫਰਿਆਦ।
ਕਰਿ ਗਯੋ ਥਾ ਨਿਜ ਹਾਥ ਤੈ,
ਤਿਸ ਤਈਂ ਅਹਿਮਦ-ਸ਼ਾਹਿ।
ਇਸ ਹੇਤ ਕਾਬਲ-ਪਤੀ ਕਾ,
ਵਹਿ ਅਤੀ ਜੋਰ ਰਖਾਹਿ ॥੧੯॥
ਇਤ ਭਰਤ-ਪੁਰਿ ਕੇ ਪਤੀ,
ਸੂਰਜ ਮੱਲ ਨੈ ਜਬਿ ਆਇ।
ਥਾ ਮਾਰਿ ਲੀਨੋ ਆਗਰੇ ਕਾ
ਕਿਲਾ, ਨਿਜ ਬਲ ਪਾਇ।

ਇਕ ਬਾਦਸ਼ਾਹੀ ਥਾ ਖਜ਼ਾਨਾ,
ਦੁਰਗ ਤਿਸ ਹੀ ਮਾਂਹਿ[1]। — [1]ਉਸੇ ਕਿਲ੍ਹੇ ਵਿੱਚ।
ਵਹਿ ਧਰਯੋ ਥਾ ਕਰਿ ਜਮ੍ਹਾ,
ਕੇਤਿਕ ਕੋਟ[1] ਅਕਬਰ ਸ਼ਾਹਿ ॥੨੦॥ — [1]ਕਿਤਨੇ ਹੀ ਕਰੋੜ।
ਤਬਿ ਲੂਟ ਸੂਰਜ ਮੱਲ ਨੈ,
ਵਹਿ ਲਯੋ ਕੇਤਿਕ ਕੋਟ।
ਖਟ ਮਾਸ ਲੌਂ ਵਹਿ[1] ਰਹਯੋ ਢੋਵਤ, — [1]ਉਹ ਛੇ ਮਹੀਨੇ ਤੱਕ।
ਨਾਂਹਿ ਆਈ ਤੋਟ।
ਫਿਰ ਲਰਯੋ ਜਾਇ ਨਜੀਬ ਖਾਂ,
ਤਿਸ ਸੰਗ ਤਿਸ ਹੀ ਠੌਰ।
ਤਬਿ ਮਰਯੋ ਸੂਰਜ ਮੱਲ ਰਣ ਮੈਂ,
ਖਬਰ ਨਹਿਂ ਕਿਸ ਤੌਰ[1] ॥੨੧॥ — [1]ਪਤਾ ਨਹੀਂ ਕਿਸ ਢੰਗ ਨਾਲ ਮਰ ਗਿਆ।
ਫਿਰ ਤਾਂਹਿ ਕੇ ਸੁਤ ਨ੍ਰਿਪ,
ਜਵਾਹਰ-ਮੱਲ ਬਹੁ ਬਲ ਪਾਇ।
ਨਿਜ ਬਾਪ ਕਾ ਵਹਿ, ਬੈਰ ਲੇਵਨ
ਹੇਤ, ਆਯੋ ਧਾਇ।
ਤਿਨ ਸੰਗ ਅਪਨੇ ਮੇਲ ਲੀਨੇ,
ਜੱਟ ਮਰ੍ਹਟੇ ਗੌਰ[1]। — [1]ਬਹੁਤੇ।
ਫਿਰ ਆਇ ਦਿੱਲੀ ਘੇਰਿ,
ਕੀਨੇ ਜੰਗ ਦੌਰਾ ਦੌਰ[1] ॥੨੨॥ — [1]ਦੌੜ ਦੌੜ ਕੇ, (ਅ) ਉਪਰੋਂ ਥਲੀ।
ਤਬਿ ਹੋਇ ਕੈ ਅਤਿ ਤੰਗ,
ਖਾਨ ਨਜੀਬ ਫੇਰ ਵਜ਼ੀਰ।
ਨਿਜ ਹੇਤ ਮੱਦਦ ਬੋਲ ਲੀਨੋ[1], — [1]ਬੁਲਾ ਲਿਆ।
ਸ਼ਾਹਿ-ਕਾਬਲ ਧੀਰ।
ਲਿਖ ਦਯੋ ਲਾਖ-ਪਚਾਸ ਦੈਨਾ
ਟਕਾ ਤਾਂਈਂ ਸ਼ਾਹਿ।
ਯਹਿ ਸੁਨਿਤ ਹੀ ਤਬਿ ਧਾਇ,
ਅਹਿਮਦ-ਸ਼ਾਹਿ ਆਯੋ ਚਾਹਿ ॥੨੩॥
ਜਬਿ ਧਸਯੋ ਆਇ ਪੰਜਾਬ ਮੈਂ,
ਲੈ ਸੈਨ ਸ਼ਾਹਿ ਵਿਸ਼ੇਸ਼[1]। — [1]ਬਹੁਤੀ ਫੌਜ।

ਤਬਿ ਸਿੰਘ ਸਭਿ ਡਰ ਮਾਨ ਕੈ,
ਤਜ ਗਏ ਕਿਤ ਕਿਤ ਦੇਸ।
ਬਹੁ ਸਿੰਘ ਗਿਲਜਜੋਂ ਨੈ ਹਤੇ,
ਜੋ ਚਢੇ ਤਿਨ ਕੇ ਹਾਥ।
ਯਹਿ ਵਖਤ ਆ ਕਰਿ ਸਖਤ ਗੁਜ਼ਰਜੋ,
ਫੇਰ ਸਿੰਘਨ ਸਾਥ ॥੨੪॥
ਕੁਛ ਸਿੰਘ ਪਹੁੰਚੇ ਮਾਲਵੇ,
ਕੁਛ ਪੁਰਿ-ਅਨੰਦ ਮਝਾਰ।
ਉਤ ਬਹੁ ਬਿਅਦਬੀ,
ਤੁਰਕ ਕਰਨੇ ਲਗੇ, ਮਧ ਗੁਰੁਦ੍ਵਾਰ[1]।
ਯਹਿ ਸਾਰ[1] ਸਿੰਘਨ ਪਾਸ ਪਹੁੰਚੀ,
ਜਬੈ ਪੁਰਿ-ਆਨੰਦ।
ਸਭਿ ਨਾਰ[1] ਨੀਚੇ ਕਰਿ ਥਿਰੇ[2]
ਮਧ ਪਰੇ ਸੋਚ ਬੁਲੰਦ ॥੨੫॥
ਨਹਿਂ ਔਰ ਕੋਊ ਉਠਜੋ ਜਬਿ,
ਤਬਿ ਸਿੰਘ ਇਕ ਵਡ ਬੀਰ।
ਗੁਰਬਖਸ਼ ਸਿੰਘ ਸ਼ਹੀਦ ਬੋਲਜੋ,
ਖੜ੍ਹਾ ਹ੍ਵੈ ਕਰਿ ਧੀਰ।
ਵਹਿ ਹੁਤੋ ਲੀਲ ਗਰਾਮ ਕਾ,
ਢਿਗ ਖੇਮ-ਕਰਣ ਨਿਹਾਰ।
ਅਰ ਦੀਪ ਸਿੰਘ ਸ਼ਹੀਦ ਕੀ,
ਥਾ ਮਿਸਲ ਮੈਂ ਸਰਦਾਰ ॥੨੬॥
ਪੁਨ ਛਕਜੋ ਅੰਮ੍ਰਿਤ ਮਨੀ ਸਿੰਘ ਤੈ,
ਭਯੋ ਯੌਂ ਹਠਵਾਨ।
ਤਿਨ ਖੜ੍ਹੇ ਹੋਇ ਦੀਵਾਨ ਮੈਂ,
ਤਬਿ ਐਸ ਕੀਨ ਵਖਾਨ।
ਅਬਿ ਧਰਮ ਹਿਤ ਜਿਨ ਸੁਧਾਸਰ ਮੈਂ,
ਜਾਇ ਦੈਨਾ ਸੀਸ।
ਵਹਿ ਸਿੰਘ ਸਿਦਕੀ ਸੰਗ ਮੇਰੇ,
ਚਲੈ ਬਿਸਵੇ ਬੀਸ[1] ॥੨੭॥

[1]ਸ੍ਰੀ ਹਰਿਮੰਦਰ ਸਾਹਿਬ ਵਿੱਚ।
[1]ਖ਼ਬਰ।
[1]ਧੌਣ। [2]ਬੈਠੇ ਰਹੋ।
[1]ਵੀਹ ਵਿਸਵੇ, ਪੂਰਾ ਨਿਸਚਾ ਕਰਕੇ।

ਤਬਿ ਸਿੰਘ ਪਾਂਚ ਹਜਾਰ ਤਿਸ ਕੇ,
ਸੰਗ ਹੋਯੋ ਤਯਾਰ।
ਸਭਿ ਚਢੇ ਕਰਿ ਅਰਦਾਸ ਤਹਿਂ ਤੈ,
ਚਲੇ ਮਨਿ ਮੁਦ ਧਾਰ।
ਬਹੁ ਗਏ ਮਗ ਮੈਂ ਬਿਥਰ ਇਤ ਉਤ[1],
ਰਹਯੋ ਏਕ ਹਜ਼ਾਰ।
ਵਹਿ ਆਇ ਉਤਰੇ ਸੁਧਾਸਰ,
ਕਰਿ ਬੰਦਨਾ ਗੁਰੁਦ੍ਵਾਰ ॥੨੮॥
ਜੋ ਤੁਰਕ ਥੇ ਤਿਸ ਠੌਰ,
ਸੁਨਿ ਆਗਵਨ ਸਿੰਘਨ ਕੇਰ।
ਵਹਿ ਗਏ ਤਰਫ ਲਹੌਰ ਡਰ ਧਰਿ,
ਪਹਿਲ ਹੀ ਬਿਨ ਦੇਰ।
ਫਿਰ ਸਿੰਘ ਸਭਿ ਇਸ਼ਨਾਨ ਕਰਿ,
ਸਜਿ ਸ਼ਸਤ੍ਰ ਬਸਤਰ ਤਾਨ[1]।
ਅਕਾਲ ਬੁੰਗੇ ਤਖਤ ਆਗੇ,
ਥਿਰੇ ਲਾਇ ਦੀਵਾਨ ॥੨੯॥
ਗੁਰਬਖਸ਼ ਸਿੰਘ ਸਭਿ ਮੱਧ ਸੋਹਿ,
ਸਨੱਧ-ਬੱਧ[1] ਮਹਾਨ।
ਨਿਤ ਪੜ੍ਹੈਂ ਢਾਢੀ ਆਇ ਵਾਰਾਂ,
ਸ਼ਬਦ ਗੁਰੂਅਨ ਮਾਨ[1]।
ਸੁਨਿ ਜਿਨੈ ਕਾਯਰ ਲਰਿ ਮਰੈਂ,
ਅਰ ਸੂਮ ਦੇਵੈਂ ਦਾਨ।
ਨਿਤ ਰਹੈਂ ਤੁਰਕਨ ਕੋ ਉਡੀਕਤ,
ਚੜ੍ਹੇ ਸਿੰਘ ਯੌਂ ਆਨਿ[1] ॥੩੦॥
ਫਿਰ ਪਾਇ ਕਰਿ ਯਹਿ ਸਾਰ ਗਿਲਜੇ,
ਚੜ੍ਹੇ ਗੁਰੁ-ਚਕ ਓਰ।
ਚੜ੍ਹ ਅਯੋ ਖਾਨ-ਜਹਾਨ, ਔਰ
ਬੁਲੰਦ ਖਾਂ ਦਲ ਜੋਰਿ[1]।
ਇਤ ਸਿੰਘਨ ਢਿਗ ਭੀ ਆਇ ਕਾਹੂੰ,
ਖਬਰ ਦੀਨੀ ਧਾਇ।

[1]ਏਧਰ ਓਧਰ ਖਿੰਡ ਗਏ।

[1]ਸਰੀਰ ਤੇ ਪਹਿਨ ਕੇ।

[1]ਸ਼ਸਤ੍ਰ ਬੰਨ੍ਹ ਕੇ ਤਿਆਰ ਬਰ-ਤਿਆਰ।

[1]ਮੰਨ ਕੇ।

[1]ਇਸ ਤਰ੍ਹਾਂ ਸਿੰਘ (ਤੁਰਕਾਂ ਤੇ) ਆ ਕੇ ਚੜ੍ਹੇ।

[1]ਫੌਜ ਇਕੱਠੀ ਕਰਕੇ।

ਪੁਨ ਖਾਲਸਾ ਸਭਿ ਤਯਾਰ ਹੋਯੋ,
ਲਰਨ ਹਿਤ ਮੁਦ ਪਾਇ ॥ ੩੧ ॥
ਤਬਿ ਜੋਰਿ ਕਰ ਗੁਰਬਖਸ਼ ਸਿੰਘ,
ਹ੍ਵੈ ਖੜ੍ਹਾ ਬੋਲਯੋ ਐਸ।
ਜਿਮ ਆਗਿਆ ਹ੍ਵੈ ਪੰਥ ਕੀ,
ਮੈਂ ਕਰੋਂ ਅਬਿ ਹੀ ਤੈਸ।
ਬਲ ਧਰੈ ਪੰਥ ਜਿ ਕੀਟ ਮੈਂ[1], — [1]ਕੀੜੇ ਵਿੱਚ।
ਵਹਿ ਮੱਤ ਗਜ ਕੋ ਖਾਇ[1]। — [1]ਉਹ ਮਸਤ ਹਾਥੀ ਨੂੰ ਖਾ ਲਵੇ।
ਇਸ ਪੰਥ ਮੈਂ ਹੈਂ ਸ਼ਕਤਿ ਸਭਿ,
ਹਮ ਪਿਖੀਂ ਬਹੁ ਅਜ਼ਮਾਇ ॥ ੩੨ ॥
ਅਬਿ ਦੇਹੁ ਕਰਿ ਅਰਦਾਸ,
ਹਮਰੇ ਬੰਨ੍ਹ ਗਾਨਾ[1] ਹਾਥਿ। — [1]ਸ਼ਹੀਦੀ ਗਾਨਾ।
ਮਮ ਸਿਦਕ ਸਿੱਖੀ ਕੇਸ ਨਿਬਹੀ,
ਸੀਸ ਸ੍ਵਾਸਨ ਸਾਥ।
ਤਬਿ ਪੰਥ ਨੈ ਅਰਦਾਸ ਕਰਿ ਕੈ,
ਦਯੋ ਗਾਨਾ ਬੰਨ੍ਹ।
ਫਿਰ ਚਢ੍ਯੋ ਦਸ ਗੁਨ ਤੁਰਤ ਹੀ,
ਵਹਿ ਸਿੰਘ ਕੇ ਮੁਖਿ ਵੰਨ[1] ॥ ੩੩ ॥ — [1]ਰੰਗ।
ਯਹਿ ਪਿਖਤ ਹੀ ਬਹੁ ਸਿੰਘ ਹੋਏ,
ਖੜ੍ਹੇ ਸਿੰਘ ਜੀ ਪਾਸ।
ਉਨ ਕਹ੍ਯੋ ਜਯੋਂ ਤੁਮ ਬਨੇ ਦੂਲਹੁ,
ਹਮ ਬਰਾਤੀ ਖਾਸ[1]। — [1]ਆਪ ਨਾਲ ਜਾਂਞੀ ਹਾਂ।
ਤਬਿ ਕਹ੍ਯੋ ਸਿੰਘ ਜੀ, ਧੰਨ ਤੁਮਰੋ
ਜਨਮ ਜਗਤ ਮਝਾਰ।
ਹ੍ਵੈ ਸਮੁਖ ਜੂਝੋ ਤਰੋਗੇ,
ਕੁਲ ਸਾਤ ਅਪਨੀ ਤਾਰ ॥ ੩੪ ॥
ਜਗ ਜਨੈ ਜਨਨੀ ਤੀਨ ਜਨ[1], — [1]ਜਗਤ ਵਿੱਚ ਮਾਂ ਤਿੰਨ ਤਰ੍ਹਾਂ ਦੇ ਪੁੱਤਰ ਪੈਦਾ ਕਰੇ।
ਹਰਿ ਭਗਤਿ ਦਾਤਾ ਸੂਰ[1]। — [1]ਸੂਰਮਾਂ।
ਇਨ ਬਿਨਾ ਕਾਹੇ, ਕੀਟ ਸਮ
ਸੁਤ ਹੇਤ ਖੋਵੈ ਨੂਰ[1]। — [1]ਇਨ੍ਹਾਂ ਤਿੰਨ ਤਰ੍ਹਾਂ ਦੇ ਪੁੱਤਰਾਂ ਤੋਂ ਬਿਨਾਂ ਕੀੜੇ ਵਰਗੇ ਪੁੱਤਰ

ਵਾਸਤੇ ਕਿਉਂ ਐਵੇਂ ਚਿਹਰੇ ਦਾ ਪ੍ਰਕਾਸ਼ ਗਵਾਉਂਦੀ ਹੈ।

ਹਮ ਪਾਤਸ਼ਾਹੀ ਬਜਾਹਿ ਹੈਂ,
ਸ਼ਾਹੀਦ ਹ੍ਵੈ ਅਬਿ ਨੀਕ।
ਤੁਮ ਜਿਤਿਕ ਜਾਨੀ ਬਨੋਗੇ,
ਸਭਿ ਭੂਪ ਥੈਹੋ ਠੀਕ[1] ॥੩੫॥ — [1]ਠੀਕਰਾਜੇ ਹੋਵੋਗੇ।
ਯਹਿ ਗੁਰਮਤਾ ਕਰਿ ਨਿਸ ਬਿਤੈ ਕੈ[1], — [1]ਰਾਤ ਬਿਤੀਤ ਕਰਕੇ।
ਜਗੇ ਸਿੰਘ ਸੁਜਾਨ।
ਛਕਿ ਫੀਮ ਸੁੱਖੇ* ਹ੍ਵੈ ਮਦਾਨੀ[1] — [1]ਜੰਗਲ ਪਾਣੀ ਜਾ ਕੇ। *ਅਫ਼ੀਮ ਤੇ ਸੁਖੇ ਬਾਰੇ ਦੇਖੋ ਉੱਤ੍ਰਾਰਧ ਦੇ ਬਿਸ੍ਰਾਮ ਨੰ: ੨੧ ਦੇ ਅੰ: ਨੰ: ੯੪ ਤੇ * ਦੀ ਪੈਰ ਟੂਕ।
ਦਾਤਣਾਂ ਕਰਿ ਨ੍ਹਾਨ[1]। — [1]ਇਸ਼ਨਾਨ ਕੀਤਾ।
ਸਿਤ ਕੇਸਰੀ ਸੁਚ ਨੀਲ ਬਾਨੇ[1], — [1]ਚਿੱਟੇ, ਪੀਲੇ ਤੇ ਨੀਲੇ ਸੁੱਚੇ ਪੁਸ਼ਾਕੇ।
ਅੰਗ ਸਭਿਨਿ ਸਜਾਇ।
ਕਰਿ ਬੰਦਨਾ ਸਭਿ ਪਹਿਨ ਸ਼ਸਤਰ,
ਅਤਰ ਅੰਗ ਲਗਾਇ ॥੩੬॥
ਗੁਰੁਬਖਸ਼ ਸਿੰਘ ਭੀ ਫੀਮ ਸੁੱਖਾ* — *ਅਫ਼ੀਮ ਤੇ ਸੁਖੇ ਬਾਰੇ ਦੇਖੋ ਉੱਤ੍ਰਾਰਧ ਦੇ ਬਿਸ੍ਰਾਮ ਨੰ: ੨੧ ਦੇ ਅੰ: ਨੰ: ੯੪ ਤੇ * ਦੀ ਪੈਰ ਟੂਕ।
ਛਕਿ ਮਦਾਨੀ ਜਾਇ।
ਸੁਚ ਮਲਜੋ ਬਟਣਾ ਬੈਠਿ ਚੌਂਕੀ,
ਗਰਮ ਜਲ ਕਰਵਾਇ।
ਤਬਿ ਗ੍ਰੰਥ ਸਾਹਿਬ ਕੇ ਪਢੈਂ,
ਮਿਲਿ ਸ਼ਬਦ ਸਿੰਘ ਸੁਜਾਨ।
ਜਿਮ ਲਾੜੀਆਂ ਮਿਲਿ ਗਿਰਦ ਬਨਰੇ,
ਕਰੈਂ ਮੰਗਲ ਗਾਨ[1] ॥੩੭॥ — [1]ਜਿਵੇਂ ਇਸਤ੍ਰੀਆਂ ਲਾੜੇ ਦੇ ਇਰਦ-ਗਿਰਦ ਖ਼ੁਸ਼ੀ ਦੇ ਗੀਤ ਗਾਉਂਦੀਆਂ ਹਨ।
ਇਸ਼ਨਾਨ ਕਰਿ, ਫਿਰ ਕੇਸਰੀ
ਪੌਸ਼ਾਕ, ਅੰਗ ਬਨਾਇ।
ਸੁਚ ਤੁੰਗ ਸਿਰ ਦਸਤਾਰ,
ਫਰਰੇ-ਦਾਰ ਚਾਰੁ ਸਜਾਇ[1]। — [1]ਸੁੱਚੀ ਤੇ ਉੱਚੀ ਫਰਰੇ-ਦਾਰ ਸੁੰਦਰ ਦਸਤਾਰ ਸਜਾ ਕੇ।
ਚੱਕ੍ਰ ਤੋੜੇ[1] ਕਰਦ ਖੰਡੇ, — [1]ਸਿਰ ਦੇ ਸ਼ਸਤ੍ਰਾਂ ਨੂੰ ਕਸਣ ਲਈ ਲੋਹੇ ਦੀਆਂ ਤਾਰਾਂ ਦੀਆਂ ਗੁੰਦਵੀਆਂਰੱਸੀਆਂ।
ਬਹੁ ਝੁਲਾਏ ਫੇਰ।

ਜਨੁ ਜੜਾਊ ਲਸੈ ਕਲਗੀ,
ਸੀਸ ਦੂਲਹੁ ਕੇਰ ॥੩੮॥
ਸਭਿ ਅੰਗ ਮਾਹਿੰ ਸਨਾਹਿ ਸਜਿ[1], — [1]ਸੰਜੋਆਂ ਸਜਾ ਕੇ।
ਦ੍ਰਿਢ ਕਮਰ ਪੇਟੀ ਠਾਨ[1]। — [1]ਲੱਕ ਨਾਲ (ਦ੍ਰਿਢ) ਪੱਕੀ ਤਰ੍ਹਾਂ ਪੇਟੀ ਬੰਨ੍ਹ ਕੇ। (ਪੇਟੀ=ਪੇਟ ਪੁਰ ਬੰਨ੍ਹਣ ਦਾ ਚੌੜਾ ਤਸਮਾਂ ਜਾਂ ਬਸਤ੍ਰ।)
ਕਰਿ ਬੰਦਨਾ ਦੋ ਖੜਗ[1] ਪਹਰੇ, — [1]ਦੋ ਤਲਵਾਰਾਂ।
ਲੋਹ ਢਾਲ ਮਹਾਨ।
ਪਸਤੌਲ ਜਮਧਰ[1] ਔ ਤਮੰਚੇ[2], — [1]ਕਟਾਰਾਂ। [2]ਇਕ ਕਿਸਮ ਦੇ ਪਸਤੌਲ।
ਪੇਸ਼-ਕਬਜ਼[1] ਅਪਾਰ। — [1]ਕਰਦ ਦੀ ਸ਼ਕਲ ਦਾ ਇਕ ਸ਼ਸਤ੍ਰ, ਜਿਸ ਦਾ ਕਬਜ਼ਾ ਪੇਟੀ ਵਿੱਚ ਸਾਹਮਣੇ ਹੋਵੇ।
ਯਹਿ ਬੰਧਿ ਸਭਿ ਹੀ ਕਮਰ ਸੋਂ,
ਪੁਨ ਔਰ ਭੱਥਾ ਭਾਰ[1] ॥੩੯॥ — [1]ਭਾਰਾ, ਵੱਡਾ।
ਭਰਿ ਸੰਗ ਸਿਕੇ[1] ਔਰ ਦਾਰੂ[2], — [1]ਗੋਲੀਆਂ। [2]ਬਰੂਦ।
ਕਮਰਿ ਕਮਰ ਲਗਾਇ[1]। — [1]ਲੱਕ ਨੂੰ (ਕਮਰ) ਕਮਰ-ਕਸਾ ਬੰਨ੍ਹ ਕੇ।
ਫਿਰ ਚੱਕ੍ਰ ਔਰ ਚਲਾਵਨੇ ਹਿਤ,
ਕੰਧਿ[1] ਦਸ ਦਸ ਪਾਇ। — [1]ਮੋਢਿਆਂ ਵਿੱਚ।
ਧਰਿ ਰਾਮਜੰਗਾ[1] ਏਕ ਕੰਧੇ, — [1]ਬੰਦੂਕ।
ਦੁਤੀ ਧਨਖ ਬਿਸਾਲ।
ਇਕ ਸਫਾਜੰਗ[1] ਸੁ ਦੀਹ ਦੰਡਾ[2], — [1]ਟਕੂਆ। [2]ਭਾਰਾ (ਲੋਹੇ ਦਾ) ਡੰਡਾ।
ਕਸੇ ਯਹਿ ਕਟ[1] ਨਾਲ ॥੪੦॥ — [1]ਲੱਕ।
ਦਸ ਸੇਰ ਪੱਕੇ ਕੀ ਗਹੀ,
ਖਰ ਸਾਂਗ[1] ਲੋਹੇ ਕੇਰ। — [1]ਤਿੱਖੀ ਬਰਛੀ।
ਕਰਿ ਕੰਕਣੇ ਔ ਸਿਮਰਣੇ,
ਗਰਿ ਲੋਹ ਮਾਲਾ ਫੇਰਿ[1]। — [1]ਹੱਥਾਂ ਵਿੱਚ ਕੜੇ ਤੇ ਸਿਮਰਨ ਅਤੇ ਗਲ ਵਿੱਚ ਫੇਰਨ ਵਾਲੀ ਲੋਹੇ ਦੀ ਮਾਲਾ।
ਇਸ ਭਾਂਤਿ ਆਯੁਧ ਸਾਜ ਕੈ[1], — [1]ਸ਼ਸਤ੍ਰ ਸਜਾ ਕੇ।
ਅੱਕਾਲ ਬੁੰਗੇ ਆਇ।
ਹੁਇ ਖੜ੍ਹੇ ਸਨਮੁਖ ਤਖਤ ਕੇ,
ਗੁਰੁ-ਫਤੇ ਉਚ ਅਲਾਇ[1] ॥੪੧॥ — [1]ਬੁਲਾਈ।
ਧਰਿ ਪਾਂਚ ਥਾਲ ਕੜਾਹੁ ਕੇ,
ਕਿਛੁ ਭੇਟ ਔਰ ਚੜ੍ਹਾਇ।

ਵਹਿ ਸੋਧ ਕੈ ਅਰਦਾਸ ਸਿੰਘਨ,
ਛਕੇ ਤਬਿ ਵਰਤਾਇ।
ਇਕ ਸੇਹਰਾ ਸੁਚ[1] ਤਖਤ ਤਰਫੋਂ,
ਸਿੰਘ ਗ੍ਰੰਥੀ ਲ੍ਯਾਇ।
ਗੁਰਬਖਸ਼ ਸਿੰਘ ਸ਼ਹੀਦ ਕੇ,
ਸੋ ਦਯੋ ਸੀਸ ਝੁਲਾਇ ॥੪੨॥

[1]ਪਵਿੱਤਰ।

ਕਰ ਸੋਹਿ ਗਾਨਾ ਸੀਸ ਸਿਹਰਾ,
ਧਰੀ ਕੰਧੇ ਤੇਗ।
ਫਿਰ ਚਲ੍ਯੋ ਸਿੰਘ ਬਹੁ ਭੇਟ ਲੈ,
ਦਰਬਾਰ ਪੂਜਨ ਬੇਗ[1]।

[1]ਛੇਤੀ।

ਜਿਮ ਜੰਞ ਚੜ੍ਹਤੀ ਲਾਗ ਬੰਡਤ,
ਦਯੋ ਤਯੋਂ ਸਿੰਘ ਦਾਨ।
ਤਿਹ ਸਿੰਘ ਮੇਲੀ ਦੇਵਹੀਂ,
ਸਲਾਮੀਆਂ[1] ਮੁਦ ਠਾਨ[2] ॥੪੩॥

[1]ਸਿਰ ਵਾਰਨੇ। [2]ਅਨੰਦ ਧਾਰ ਕੇ।

ਬਹੁ ਭਈ ਭੀੜਾ ਸਿੰਘ ਗਿਰਦੇ,
ਸਿੰਘਨ ਕੀ ਤਬਿ ਆਇ।
ਗੁਰੁ ਗ੍ਰੰਥ ਜੀ ਕੋ ਸਬਦ ਗਾਵੈਂ,
ਘੋੜੀਆਂ ਕੇ ਭਾਇ[1]।

[1]ਘੋੜੀਆਂ ਦੇ ਢੰਗ ਨਾਲ। (ਘੋੜੀਆਂ- ਜੰਞ ਚੜ੍ਹਨ ਸਮੇਂ ਗਾਏ ਜਾਣ ਵਾਲੇ ਖ਼ੁਸ਼ੀ ਦੇ ਗੀਤ)।

ਗੁਰਬਖਸ਼ ਸਿੰਘ ਸਭਿ ਮੱਧ ਜਾਵਤ,
ਬਨੀ ਸੋਭਾ ਐਸ।
ਸੁਰ ਸੰਗ ਲੈ ਜਨੁ ਚਲ੍ਯੋ ਇੰਦਰ,
ਸਚੀ[1] ਬਜਾਹਨ ਜੈਸ ॥੪੪॥

[1]ਇੰਦ੍ਰ ਦੀ ਇਸਤ੍ਰੀ।

ਸਮ ਜੰਡਿ ਕੇ ਤਬਿ ਪੂਜਯੋ,
ਸਿੰਘ ਗੁਰੂ ਝੰਡਾ ਜਾਇ।
ਫਿਰ ਜਾਇ ਕਰਿ ਦਰਬਾਰ ਮੈਂ,
ਸਰਬੰਸ ਭੇਟ ਚਢਾਇ।
ਸਤ ਥਾਲ ਧਰਿ ਪਰਸ਼ਾਦ ਕੇ,
ਬਹੁ ਸੁਮਨਿ[1] ਬਰਖਾ ਕੀਨ।
ਕਰਵਾਇ ਕੈ ਅਰਦਾਸ ਪੁਨ,

[1]ਫੁੱਲਾਂ ਦੀ।

ਵਰਤਾਇ ਕੁਣਕਾ ਦੀਨ ॥ ੪੫ ॥
ਕਰਿ ਬੰਦਨਾ ਪਰਸ਼ਾਦ ਲੈ,
ਗੁਰੁ- ਫਤੇ ਉਚ ਉਚਾਰਿ।
ਪੁਨ ਜਾਇ ਹਰਿ ਕੀ ਪੌੜੀਆਂ,
ਅਚਿ ਸੁਧਾ ਮਨਿ ਮੁਦ ਧਾਰਿ[1]। — [1]ਮਨ 'ਚ ਅਨੰਦ ਧਾਰ ਕੇ ਅੰਮ੍ਰਿਤ ਛਕਿਆ।
ਪਰਦੱਖਨਾ[1] ਕਰਿ ਬੰਦਨਾ, — [1]ਪ੍ਰਕਰਮਾ।
ਫਿਰ ਮੰਦ ਮੰਦਹਿੰ ਚਾਲਿ[1]। — [1]ਹੌਲੀ ਹੌਲੀ ਚੱਲ ਕੇ।
ਮੁਖ ਚਢ੍ਯੋ ਨੂਰ ਅਲਾਹ ਦਾ[1], — [1]ਰੱਬ ਦਾ ਨੂਰ (ਪ੍ਰਕਾਸ਼)।
ਸਿੰਘ ਅਯੋ ਤਖਤ ਅਕਾਲ ॥ ੪੬ ॥
ਚਢਿ ਆਇ ਗਿਲਜੇ ਤਬੈ ਪਹੁੰਚੇ,
ਸੁਧਾਸਰ ਕੇ ਤੀਰ।
ਪਿਖਿ ਸਿੰਘਨ ਕੇ ਮਨਿ ਮੋਦ ਬਾਢ੍ਯੋ,
ਚਢ੍ਯੋ ਅਤਿ ਰਸ-ਬੀਰ[1]। — [1]ਬਹੁਤਾ, ਬੀਰ-ਰਸ।
ਯਹਿ ਮੋਦ ਦਾਇਕ ਭੂਮਿਕਾ ਹੈ,
ਗੁਰੂ ਕਾ ਪੁਰ ਠੀਕ[1]। — [1]ਇਹ ਗੁਰਾਂ ਦਾ ਪੁਰ ਠੀਕ ਅਨੰਦ ਦੇਣ ਵਾਲੀ ਧਰਤੀ ਹੈ।
ਕਰਵੱਤ ਕਾਂਸੀ ਲੈਨ ਤੈ,
ਹੈ ਜੂਝਿ ਮਰਨਾ ਨੀਕ[1] ॥ ੪੭ ॥ — [1]ਕਾਂਸੀ ਦਾ ਕਰਵੱਤ ਲੈਣ ਨਾਲੋਂ ਏਥੇ ਲੜ ਕੇ ਮਰਨਾ ਚੰਗਾ ਹੈ।
ਇਸ ਤੌਰ[1] ਤਬਿ ਸਭਿ ਸਿੰਘਨ ਕੇ, — [1]ਇਸ ਢੰਗ ਨਾਲ।
ਮਨਿ ਜੂਝਨੇ ਕਾ[1] ਚਾਉ। — [1]ਸ਼ਹੀਦ ਹੋਣ ਦਾ।
ਗੁਰਬਖਸ਼ ਸਿੰਘ ਭੀ ਤਜਾਰ ਬੈਠਾ,
ਦੇਤ ਮੂਛਨਿ ਤਾਉ।
ਜਿਮ ਹੋਤ ਦੂਲੋ ਮੋਦ ਮਨਿ,
ਸੁਨਿ ਸੁੰਦਰੀ ਨਿਜ ਨਾਰਿ।
ਤਿਮ ਸਿੰਘ ਕਹਿ ਯਹਿ ਸੀਸ ਦੈ,
ਅਬਿ ਲਿਹੁੰ ਸ਼ਹੀਦੀ ਸਾਰ[1] ॥ ੪੮ ॥ — [1]ਸ੍ਰੇਸ਼ਟ ਸ਼ਹੀਦੀ (ਰੂਪ ਸੁੰਦਰ ਇਸਤ੍ਰੀ)।
ਤਬਿ ਆਇ ਗਿਲਜੇ ਢੁਕੇ ਢਿਗ ਹੀ[1], — [1]ਕੋਲ ਹੀ ਆ ਪਹੁੰਚੇ।
ਲਗ੍ਯੋ ਹੋਵਨ ਜੰਗ।
ਅਕਾਲ ਬੁੰਗੇ ਕੇ ਪਿਛਾਰੀ,
ਛੁਟੇ ਤੀਰ ਤੁਫੰਗ[1]। — [1]ਬੰਦੂਕਾਂ।
ਇਕ ਵਾਰ ਹੀ ਕਰਿ ਖੂਪ ਹੱਲਾ,

ਮਾਰਿ ਮਾਰਿ ਉਚਾਰਿ।
ਲਲਕਾਰ ਗਿਲਜਜੋਂ ਪਰ ਪਰੇ,
ਸਿੰਘ ਸਿੰਘਨ ਜਜੋਂ ਭਬਕਾਰ[1] ॥੪੯॥
[1]ਸ਼ੇਰਾਂ ਵਾਂਗ ਗੱਜ ਕੇ।
ਇਕ ਛੱਤਰੀ ਧਰਿ-ਅੱਤਰੀ[1],
[1]ਇਕ ਛੱਤ੍ਰੀ (ਸੂਰਮੇਂ) ਤੇ ਦੂਜੇ ਸ਼ਸਤ੍ਰ-ਧਾਰੀ ਹਨ।
ਪੁਨ ਸਿੰਘ ਨਾਮ ਦਲੇਰ।
ਫਿਰ ਛਕੀ ਪਾਹੁਲ ਸਾਰ ਕੀ[1],
[1]ਖੰਡੇ ਦਾ ਅੰਮ੍ਰਿਤ।
ਕਜੋਂ ਟਰੈਂ ਜੁੱਧੋਂ ਫੇਰ।
ਤਬਿ ਗਰਜਜੋ ਗੁਰਬਖਸ਼ ਸਿੰਘ,
ਕਰਿ ਸਿੰਘ ਜਜੋਂ ਬਡ ਨਾਦ[1]।
[1]ਸ਼ੇਰ ਵਾਂਗ ਵੱਡਾ ਸ਼ਬਦ ਕਰਕੇ।
ਦਬ ਗਏ ਗਿਲਜੇ ਬ੍ਰਿੰਦ,
ਮਤ-ਗਜਿੰਦਨ ਜਜੋਂ ਭੈ ਖਾਦ[1] ॥੫੦॥
[1]ਬਹੁਤੇ ਗਿਲਜੇ ਮਸਤ ਹਾਥੀਆਂ ਵਾਂਗ ਭੈ ਖਾ ਕੇ ਦਬ ਗਏ।
ਗੁਰਬਖਸ਼ ਸਿੰਘ ਨੈ ਸਿੰਘਨ ਕੋ,
ਤਬਿ ਗੁਰੁ ਕਰਾਯੋ ਚਿੱਤ।
ਸਭਿ ਤਈਂ ਊਚੇ ਟੇਰਿ ਭਾਖਜੋ[1],
[1]ਬੋਲ ਕੇ ਕਿਹਾ।
ਲਖੋ ਦੇਹ ਅਨਿੱਤ[1]।
[1]ਝੂਠੀ।
ਫਿਰ ਕਹਜੋ ਮਰਨੋ ਡਰਨ ਕਜਾ,
ਅਬਿ ਸਿੰਘ ਨਾਮ ਧਰਾਇ।
ਸਭਿ ਹੋਇ ਆਗੇ ਖਾਲਸਾ ਜੀ,
ਲਰੋ ਮਨ ਤਨ ਲਾਇ ॥੫੧॥
ਅਬਿ ਹਈ ਵੇਲਾ ਪਰਬ ਕਾ[1],
[1]ਗੁਰਪੁਰਬ ਦਾ (ਅ) ਧਾਰਮਕ ਉਤਸ਼ਵ ਦਾ।
ਤਨ ਲੇਹੁ ਨੀਕ ਪਖਾਲ[1]।
[1]ਸ਼ਰੀਰ ਚੰਗੀ ਤਰ੍ਹਾਂ (ਪਖਾਲ) ਇਸ਼ਨਾਨ ਕਰਵਾ ਲਵੋ।
ਯਹਿ ਗੰਗ ਧਾਰਾ ਤੇਗ ਕੀ,
ਨਹਿਂ ਮਿਲੈ ਫੇਰ ਬਿਸਾਲ।
ਅਬਿ ਜਨਮ ਕੋਟਨ ਕੋਟ ਕੇ[1],
[1]ਕਈ ਕ੍ਰੋੜਾਂ ਜਨਮਾਂ ਦੇ।
ਕਟ ਜਾਂਹਿਗੇ ਅਘ ਜਾਲ[1]।
[1]ਸਾਰੇ ਪਾਪ।
ਜਸ ਹੋਇਗੋ ਜੁਗ ਲੋਕ ਮੈਂ[1],
[1]ਦੋਹਾਂ ਲੋਕਾਂ ਵਿੱਚ।
ਯਹਿ ਜਨਮ ਲਾਭ ਕਮਾਲ[1] ॥੫੨॥
[1]ਪੂਰਨ, ਸਾਰਾ।
ਬਹੁ ਚਢੀ ਫਿਰਤ ਬਿਵਾਨ ਯਹਿ,
ਦੇਵੰਗਨਾ[1] ਆਕਾਸ।
[1]ਦੇਵਤਿਆਂ ਦੀਆਂ ਇਸਤ੍ਰੀਆਂ।
ਸਭਿ ਅਈ ਤੁਮਰੇ ਬਰਨ ਕੋ,

ਮਨਿ ਧਾਰ ਕਰਿ ਵਡ ਆਸ।
ਜਿਨ ਚੱਲਣਾ ਹ੍ਵੈ ਗੁਰੂ ਢਿਗ,
ਸੋ ਬਰਜੋ ਇਨ ਕੋ ਨਾਹਿਂ।
ਯਹਿ ਸ੍ਵਰਗ ਮੈਂ ਲੈ ਜਾਂਹਿਂਗੀ,
ਨਹਿਂ ਸੱਚ-ਖੰਡ ਪੁਚਾਹਿਂ ॥੫੩॥
ਯਹਿ ਸੁਨਤ ਹੀ ਸਭਿ ਸਿੰਘ ਬੋਲੇ,
ਸੁਨੋ ਦੂਲੋ ਨੀਕ[1]।
ਹਮ ਹੈਂ ਬਰਾਤੀ ਆਪ ਕੇ,
ਤੁਮ ਸੰਗ ਰਹਿ ਹੈਂ ਠੀਕ।
ਇਮ ਬੋਲ ਕੈ ਸਭ ਸਿੰਘ ਜੁੱਟੇ,
ਤੁਰਕ ਦਲ ਸੋਂ ਫੇਰ।
ਕੱਟਿ ਤੀਰ ਗੋਲੀ ਤੇਗ ਸੋਂ,
ਬਹੁ ਸੁਟੇ ਸੱਤ੍ਰ ਗੇਰ[1] ॥੫੪॥
ਕਿਹ ਹੱਥ ਸੱਥਲ ਮੱਥ ਕਟਿ,
ਉਰ ਭੁਜਾ ਕੰਧ ਕਮਾਲ[1]।

ਕਟਿ ਪਰੇ ਝੁੰਡਨ ਝੁੰਡ ਧਰ ਪਰ,
ਰੁੰਡ ਮੁੰਡ ਕਰਾਲ[1]।

ਤਬਿ ਮੇਦ ਸ੍ਰੋਣਤ ਮਾਸ ਕਾ,
ਧਰ ਵੀਚ ਮਾਚਜੋ ਕੀਚ[1]।
ਜਨੁ ਖੇਲ ਫਾਗ ਖਿਲਾਰੀਆਂ,
ਬਹੁ ਧਰਜੋ ਰੰਗ ਉਲੀਚ[1] ॥੫੫॥

ਇਕ ਏਕ ਸਿੰਘ ਤਬਿ, ਮਾਰਿ ਦਸ ਦਸ
ਤੁਰਕ, ਜੂਝਜੋ[1] ਫੇਰ।
ਯਹਿ ਧਰਮ ਹੀ ਹੈ ਸਿੰਘਨ ਕਾ,
ਅਰਿ[1] ਮਾਰਿ ਮਰਨੋ ਹੇਰ[2]।
ਜਬਿ ਜੂਝ[1] ਸਰਬ ਸ਼ਹੀਦ ਹੋਏ,
ਸਿੰਘ ਸਨਮੁਖ ਜ੍ਵਾਨ।
ਤਹਿਂ ਫਿਰਤ ਥੋ ਗੁਰਬਖਸ਼ ਸਿੰਘ ਭੀ,

[1]ਹੇ ਲਾੜੇ (ਗੁਰਬਖਸ਼ ਸਿੰਘ ਜੀ) ਚੰਗੀ ਤਰ੍ਹਾਂ ਸੁਣੋ।

[1]ਵੈਰੀ ਮਾਰ ਸੁੱਟੇ।

[1]ਕਿਸੇ ਦੇ ਹੱਥ, ਪੱਟ, ਸਿਰ, ਛਾਤੀ, ਬਾਹਾਂ, ਮੋਢੇ ਸਾਰੇ ਕੱਟ ਦਿੱਤੇ।

[1]ਸਿਰ ਤੇ ਧੜ ਭਿਆਨਕ ਹੋਏ ਢੇਰਾਂ ਦੇ ਢੇਰ ਧਰਤੀ ਤੇ ਕੱਟੇ ਪਏ ਹਨ।

[1]ਲਹੂ, ਮਿੱਝ ਤੇ ਮਾਸ ਦਾ ਧਰਤੀ ਵਿੱਚ ਚਿੱਕੜ ਹੋ ਗਿਆ।

[1]ਜਾਣੋ ਖਿਡਾਰੀਆਂ ਨੇ ਹੋਲੀ ਖੇਡ ਕੇ ਬਹੁਤਾਰੰਗ (ਉਲੀਚ) ਛਿੜਕਰੱਖਿਆ ਹੈ।

[1]ਸ਼ਹੀਦ ਹੋ ਗਿਆ।

[1]ਵੈਰੀਆਂ ਨੂੰ। [2]ਦੇਖੋ।

[1]ਲੜ ਕੇ।

ਮਾਰਤੋ ਬਹੁ ਖਾਨਿ[1] ॥੫੬॥
[1]ਪਠਾਣਾਂ ਨੂੰ।

ਤਬਿ ਚਢਯੋ ਅਤਿ ਹੀ ਰੋਖ[1], ਔ
[1]ਗੁੱਸਾ।

ਰਸ-ਬੀਰ ਸਿੰਘ ਜੀ ਤਾਂਇਂ।
ਕਰਿ ਲਾਲ ਨੈਨ ਕਰਾਲ ਅਤਿ,
ਜਿਹਂ ਚਿਤੈ ਤਿਹਂ ਜਨੁ ਖਾਇ[1]।
[1]ਬਹੁਤੇ ਭਿਆਨਕ ਲਾਲ ਨੇਤ੍ਰ ਕਰ ਕੇ ਜਿਸ ਨੂੰ ਵੇਖਦਾ ਹੈ ਜਾਣੋ ਤਿਸ ਨੂੰ ਖਾਂਦਾ ਹੈ।

ਜਹਿਂ ਬਾਂਧਿ ਤੁੰਮਲ[1] ਖਰੋ ਥਾ,
[1]ਜੱਥਾ ਬੰਨ੍ਹ ਕੇ।

ਬੋਲੰਦ ਖਾਂ ਸਰਦਾਰ।
ਤਹਿਂ ਪਰਯੋ ਸਿੰਘ ਜੀ ਧਾਇ ਕੈ,
ਸਮ ਸਿੰਘ ਕੇ ਭਬਕਾਰ ॥੫੭॥
ਵਹਿ ਮੱਤ ਗਜ ਸਮ ਹੁਤੇ ਜੱਦਪਿ,
ਦਏ ਸਿੰਘ ਵਖੇਰ[1]।
[1]ਭਾਵੇਂ (ਤੁਰਕ) ਮਸਤ ਹਾਥੀਆਂ ਵਾਂਗ ਸਨ, ਪਰ ਫਿਰ ਵੀ ਸਿੰਘ ਜੀ ਨੇ ਖਿੰਡਾ ਦਿੱਤੇ।

ਜਿਮ ਰਾਵਣੀ ਬਹੁ ਸੈਨ[1], ਦੀਨੀ
[1]ਰਾਵਣ ਦੀ ਬਹੁਤੀ ਫੌਜ।

ਹਨੁਮਾਨ ਨਿਬੇਰ।
ਤਨ ਧਰਤ[1] ਸਿੰਘ ਜੀ ਤੇਗ ਜਿਸ ਕੈ,
[1]ਸਰੀਰ ਤੇ ਮਾਰਦੇ।

ਕਰਤ ਦੋ-ਧਰ ਤਾਸ[1]।
[1]ਤਿਸ ਨੂੰ ਦੋ ਧੜ ਕਰ ਦੇਂਦੇ।

ਜਿਮ ਛੁਰੀ ਪੈਨੀ ਕਾਕਰੀ ਕੋ,
ਕਟਤ ਬਿਨ ਅੱਨਜਾਸ[1] ॥੫੮॥
[1]ਜਿਵੇਂ ਤਿੱਖੀ ਛੁਰੀ ਖੱਖੜੀ ਨੂੰ ਬਿਨਾਂ ਯਤਨ ਤੋਂ ਕੱਟ ਦੇਂਦੀ ਹੈ।

ਸਮ ਬੀਜਰੀ ਕੇ ਲਹਿ-ਲਹਾਤੀ,
ਸਵਾ ਮਣ ਕੀ ਸਾਂਗ[1]।
[1]ਸਵਾ ਮਣ ਦੀ ਬਰਛੀ ਬਿਜਲੀ ਦੇ ਵਾਂਗ ਚਮਕਦੀ ਹੈ।

ਜਿਸ ਜ੍ਵਾਨ ਘੋਰੇ ਤਈਂ ਬਾਹਤ[1],
[1]ਮਾਰਦਾ ਹੈ।

ਸਿੰਘ ਭੇਟਤ ਆਂਗ[1]।
[1]ਅੰਗਾਂ ਨੂੰ ਛੁਹਾਉਂਦਾ ਹੈ (ਕੱਟ ਦੇਂਦਾ ਹੈ)।

ਜਿਮ ਭੀਮ ਕੌਰਵ ਸੈਨ ਮਾਰੀ[1],
[1]ਜਿਵੇਂ ਭੀਮ ਸੈਨ ਨੇ ਕੈਰਵਾਂ ਦੀ ਫੌਜ ਮਾਰੀ ਸੀ।

ਦਲੇ ਅਰਿ ਸਿੰਘਿ ਤੈਸ।
ਤਬਿ ਤਮਕ[1] ਤੁੱਪਕ[2] ਤੀਰ ਤੁਰਕਨ,
[1]ਗੁੱਸੇ ਨਾਲ। [2]ਬੰਦੂਕਾਂ।

ਤਜੇ ਸਿੰਘ ਪਰ ਐਸ ॥੫੯॥
ਜਿਮ ਪਰੈ ਸਾਵਨ ਮੇਂਹ, ਤਯੋਂ
ਚੌਫੇਰਯੋਂ ਇਕ-ਸਾਰ।
ਤਨ ਭੇਦਿ[1] ਸਿੰਘ ਜੀ ਕਾ, ਭਏ
[1]ਸਰੀਰ ਵਿੰਨ੍ਹ ਕੇ।

ਬਹੁ ਭੇਦਿ ਗੁਲਕਾ[1] ਪਾਰ। — [1]ਤੀਰ ਤੇ ਗੋਲੀਆਂ।
ਦਿਸ ਚਾਰ ਧਾਰ ਅਪਾਰ ਛੁਟੀ,
ਖੂਨ ਕੀ ਤਨਿ ਤਾਂਹਿ।
ਸਭਿ ਲਹੂ ਨਿਕਸਯੋ ਸਿੰਘ ਕਾ,
ਨਹਿਂ ਰਹਯੋ ਬਲ ਤਨ ਮਾਂਹਿਂ ॥ ੬੦ ॥
ਤਨ ਛਾਨ ਛਨਣੀ ਵਾਂਗ ਜੱਦਪਿ[1], — [1]ਭਾਵੇਂ ਸਰੀਰ (ਛਾਨ) ਛਾਨਣੀ ਵਾਲੀ ਛਾਨਣੀ ਵਾਂਗ।
ਕਰਯੋ ਤੁਰਕੈਂ ਸਾਰ[1]। — [1]ਸਾਰਾ।
ਬਲ ਧਾਰ ਤੌ ਭੀ ਸਿੰਘ ਆਗੇ,
ਕਰੈ ਬਢਿ ਬਢਿ ਬਾਰ[1]। — [1]ਅੱਗੇ ਵਧ ਵਧ ਕੇ ਵਾਰ ਕਰਦਾ ਹੈ।
ਫਿਰ ਆਇ ਗਿਲਜੇ ਸਿੰਘ ਪਰ,
ਬਹੁ ਪਰੇ ਏਕੈ ਵਾਰ।
ਇਕ ਦਸ ਹਜ਼ਾਰੀ ਖਾਨ ਨੈ,
ਢਿਗ ਢੁੱਕ[1] ਕੀਨੋ ਵਾਰ ॥ ੬੧ ॥ — [1]ਨੇੜੇ ਅੱਪੜ ਕੇ।
ਇਤ ਸਿੰਘ ਨੈ ਭੀ ਰੋਸ ਧਰ,
ਸਾਹੋਸ਼[1] ਬਾਹੀ ਤੇਗ। — [1]ਹੋਸ਼ ਨਾਲ।
ਜੁਗ ਅਸੀ ਐਸੀ ਲਸੀ[1], — [1]ਦੋਵੇਂ ਤਲਵਾਰਾਂ ਐਸੀਆਂ ਚਮਕੀਆਂ।
ਕਟਗੇ ਦੁਹੂੰ ਕੇ ਸਿਰ ਬੇਗ[1]। — [1]ਛੇਤੀ।
ਸ਼ਿਵ ਸੀਸ ਲੀਨ ਉਠਾਇ ਸਿੰਘ ਕਾ,
ਕਰਯੋ ਮਾਲਾ ਮੇਰੁ[1]। — [1]ਮਾਲਾ ਦਾ ਮੇਰੂ ਮਣਕਾ।
ਜੋ ਰੁਧਰ ਸ੍ਰੱਵਤ[1], ਜੋਗਨੀ — [1]ਲਹੂ ਚੋਂਦਾ ਹੈ।
ਅਚ ਲੇਤ[1] ਸੋ ਬਿਨ ਦੇਰ ॥ ੬੨ ॥ — [1]ਛਕ ਲੈਂਦੀਆਂ ਹਨ।
ਧਰ ਲਰਯੋ[1] ਸਿੰਘ ਜੀ ਕਾ ਪੁਨਾ, — [1]ਧੜ ਲੜਿਆ।
ਬਿਨ ਸੀਸ ਘਟਕਾ ਸਾਰ[1]। — [1]ਇਕ ਘੜੀ ਚੰਗਾ ਲੜਿਆ।
ਕਰਵਾਰ ਕੇ ਕਰ ਵਾਰ[1], ਕਰਹੀਂ — [1]ਤਲਵਾਰ ਦੇ ਹੱਥ ਨਾਲ ਵਾਰ ਕਰਦੇ ਹਨ।
ਮਾਰਿ ਮਾਰਿ ਉਚਾਰ।
ਪਿਖਿ ਤੁਰਕ ਤੱਜਬ[1] ਰਹੇ ਅਤਿਸੈ, — [1]ਹੈਰਾਨ।
ਕਹੈਂ ਗੱਜਬ[1] ਏਹੁ। — [1]ਲੋਹੜਾ, ਅਸਚਰਜ।
ਹਮ ਸੁਨਤ ਥੇ ਕਾਬੰਧ ਲਰਤੇ[1], — [1]ਧੜ ਲੜਦੇ।
ਪਿਖਯੋ ਨੈਨਨ ਬੇਹੁ[1] ॥ ੬੩ ॥ — [1]ਬਿਹਤਰ, ਚੰਗੀ ਤਰ੍ਹਾਂ।

ਜਿਤ ਜਾਵਹੀ ਸਿੰਘ, ਧਾਵਹੀਂ
ਪਿਖਿ ਤੁਰਕ ਡਰ ਮਨਿ ਧਾਰਿ।
ਫਿਰ ਗਿਰਯੋ ਧਰ ਪਰ[1] ਸਿੰਘ ਕੋ ਧਰ[2], — [1]ਧਰਤੀ ਉੱਤੇ। [2]ਧੜ।
ਮਾਰ ਕਰਿ ਅਰਿ ਭਾਰ[1]। — [1]ਬਹੁਤੇ ਵੈਰੀ।
ਇਸ ਭਾਂਤਿ ਸਿੰਘ ਜੀ ਜੁਝਯੋ[1], — [1]ਸ਼ਹੀਦ ਹੋਇਆ।
ਨਿਰਬਾਹਿ ਸਿਦਕ ਮਹਾਨ।
ਪਿਖਿ ਸਿੰਘ ਕਾ ਯਹਿ ਜੰਗ ਗਾਢਾ,
ਭਏ ਤੁਰਕ ਹਿਰਾਨ ॥੬੪॥
ਤਬਿ ਅਏ ਲੈਨ ਸ਼ਹੀਦ ਸਿੰਘ ਕੋ,
ਮੋਦ ਮਨ ਮੈਂ ਧਾਰਿ।
ਮਿਲ ਮਨੀ ਸਿੰਘ ਤੇ ਆਦਿ,
ਤਾਰੂ ਸਿੰਘ ਸੇ ਬਲਕਾਰ।
ਬਹੁ ਭਾਂਤਿ ਭਾਂਤਿ ਬਿਬਾਨ ਲਯਾਏ,
ਪਾਲਕੀ ਵਰ ਚਾਰ[1]। — [1]ਚੰਗੀਆਂ ਸੁੰਦਰ।
ਤਿਸ ਵੀਚ ਸਿੰਘ ਜੀ ਕੋ ਬੈਠਾਯੋ,
ਸੁਮਨ[1] ਬਰਖਾ ਡਾਰਿ ॥੬੫॥ — [1]ਫੁੱਲਾਂ ਦੀ।
ਬਹੁ ਸਿੰਘ ਜੇਤਿਕ ਔਰ ਜੁਝੇ,
ਤਹਾਂ ਸਿੰਘ ਜੀ ਸੰਗ।
ਉਨ ਕੋ ਬਿਬਾਨੋ ਮੈਂ ਚੜ੍ਹਾ ਕਰਿ,
ਚਲੇ ਸਹਿਤ ਉਮੰਗ।
ਗੁਰੁ ਗ੍ਰੰਥ ਜੀ ਕੇ ਸ਼ਬਦ ਪੜ੍ਹਤੇ,
ਜਾਂਹਿ ਆਗੇ ਨੀਕ।
ਕਰਿ ਸੁਮਨ ਬਰਖਾ ਪੁਨ ਪੁਨਾ,
ਬਹੁ ਬਾਦ ਬਾਜਹਿ[1] ਠੀਕ ॥੬੬॥ — [1]ਵਾਜੇ ਵਜਾਉਂਦੇ ਹਨ।
ਬਹੁ ਤੁਰਕ ਖਾਨੂ ਆਦਿ ਜੋੜੇ[1], — [1](ਬੈਲਾਂ ਵਾਂਗ) ਜੋੜੇ।
ਸਭਿ ਬਿਬਾਨਨਿ ਹੇਠ।
ਨਭ ਚਲੇ ਨਾਖ[1] ਸ੍ਵਰਗ ਕੋ, — [1]ਅਕਾਸ਼ ਲੰਘ ਚੱਲੇ।
ਕਰਿ ਸ੍ਵਰਗ-ਪਤਿ ਸੋਂ ਭੇਟ[1]। — [1]ਸੁਰਗ ਦੇ ਰਾਜੇ (ਇੰਦਰ) ਨਾਲ ਮਿਲ ਕੇ।
ਪੁਨ ਜਾਇ ਪਹੁੰਚੇ ਸੱਚ-ਖੰਡਹਿ,
ਜਹਾਂ ਗੁਰੁ ਕਾ ਬਾਸ।

ਸੁਚ ਧਾਮ ਮਣੀਆਂ ਮਯ ਬਣੇ[1],
ਜਹਿਂ ਕੁਦਰਤੀ ਪਰਕਾਸ਼ ॥੬੭॥
ਗੁਰਬਖਸ਼ ਸਿੰਘ ਤੈ ਆਦਿ ਤਹਿਂ ਸਭਿ,
ਸਿੰਘ ਪਹੁੰਚੇ ਜਾਇ।
ਜਹਿਂ ਗੁਰੂ ਦਸਮ ਬਿਰਾਜਹੀਂ,
ਦੁਤਿ ਕੋਟਿ ਰਵਿ ਸੀਸ ਭਾਇ[1]।
ਸਭਿ ਸਿੰਘਨ ਦੋ ਕਰ ਜੋਰਿ,
ਗੁਰੁ ਕੋ ਕਰੀ ਬੰਦਨ ਨੀਕ।
ਗੁਰ ਦਸਮ ਨੈ ਸਭਿ ਸਿੰਘਨ ਕੌ,
ਬਹੁ ਦੀਨ ਆਦਰ ਨੀਕ ॥੬੮॥
ਗੁਰਬਖਸ਼ ਸਿੰਘ ਕੋ ਬੋਲਿ ਢਿਗ,
ਗੁਰੁ ਕਹਜੋ ਫਿਰ ਯੌਂ ਖਾਸ[1]।
ਅਬਿ ਬਰਸ ਖੋੜਸ[1] ਕਰੋ ਤੁਮ,
ਸ਼ਾਹਜ਼ਾਦਿਯੋਂ ਢਿਗ ਵਾਸ।
ਭਲ ਸਭਿ ਸ਼ਹੀਦਨ ਕੇ ਭਏ,
ਤੁਮ ਵਡੇ ਅਬਿ ਸਰਦਾਰ।
ਫਿਰ ਪਾਤਸ਼ਾਹੀ ਜਾਇ ਕਰੀਓ,
ਮਿਰਤ ਲੋਕ ਮਝਾਰ[1] ॥੬੯॥
ਰਣਜੀਤ ਸਿੰਘ ਤੁਵ ਨਾਮ ਥੈਹੈ,
ਏਕ ਲੋਚਨ ਵਾਰ[1]।
ਯਹਿ ਜਿਤਿਕ ਸਿੰਘ ਸ਼ਹੀਦ ਹੈਂ,
ਸਭਿ ਬਨੈਂ ਵਡ ਸਰਦਾਰ।
ਬਰ ਦਯੋ ਥਾ ਮੈਂ ਯਹੀ ਪੂਰਬ,
ਤੋਹਿ ਠੀਕ ਪਛਾਨ।
ਨਿਜ ਥੂਲ ਤਨ ਕੇ ਹੋਤ ਹੀ[1],
ਆਨੰਦ-ਪੁਰਿ ਮੈਂ ਮਾਨ ॥੭੦॥
ਥਾ ਨਾਮ ਕੇਸੋ-ਦਾਸ ਤੁਮਰਾ,
ਜਨਮ ਪੂਰਬ ਮਾਂਹਿਂ।
ਯਹਿ ਸੁਨਤ ਹੀ ਗੁਰਬਖਸ਼ ਸਿੰਘ ਕੋ,
ਗਜਾਨ ਹੋਯੋ ਵਾਹਿ[1]।

[1]ਸੁੱਚੀਆਂ ਮਣੀਆਂ ਰੂਪ ਘਰ ਬਣੇ ਹੋਏ ਹਨ।
[1]ਕ੍ਰੋੜਾਂ ਸੂਰਜਾਂ ਤੇ ਚੰਦਾਂ (ਭਾਇ) ਵਰਗੀ (ਦੁਤਿ) ਚਮਕ ਹੈ।
[1]ਆਪ।
[1]ਸੋਲ੍ਹਾਂ ਵਰਹੇ।
[1]ਮਾਤ-ਲੋਕ ਵਿੱਚ।
[1]ਇਕ ਨੇਤ੍ਰ ਵਾਲਾ।
[1]ਆਪਣੇ ਸਥੂਲ ਸਰੀਰ ਦੇ ਹੁੰਦਿਆਂ ਹੀ।
[1]ਉਹ।

ਯਹਿ ਲਿਖਯੋ ਰਵਿ ਪ੍ਰਕਾਸ਼ ਮੈਂ[1],
ਸੰਤੋਖ ਸਿੰਘ ਸੁਜਾਨ।
ਪ੍ਰਸੰਗ ਕੇਸੋ ਦਾਸ ਕਾ,
ਰਿਤੁ ਪੰਚਮੀ ਮੈਂ ਮਾਨ ॥੭੧॥
ਅਬਿ ਸੁਨੋ ਆਗੇ ਔਰ ਗਾਥਾ,
ਭਈ ਗੁਰੁ ਢਿਗ ਜੈਸ।
ਗੁਰਬਖਸ਼ ਸਿੰਘ ਸ਼ਹੀਦ ਪ੍ਰਤੀ,
ਕਹਯੋ ਗੁਰੁ ਫਿਰ ਐਸ।
ਮਮ ਸਿੱਖ ਸਿਦਕੀ ਜਤੀ ਤਪੀਏ,
ਜੰਗਿ ਜੂਝਤ ਜੋਇ[1]।
ਗਤਿ[1] ਹੋਤ ਸਭਿ ਕੀ ਦੋ ਬਿਧਾ[2],
ਅਬਿ ਸੁਨੋ ਨਿਰਨੈ ਸੋਇ ॥੭੨॥
ਤਨ ਤਜਤ ਜੋ ਨਿਸਕਾਮ ਹ੍ਵੈ,
ਤਿਸ ਦੈਂਹੁ ਮੈਂ ਨਿਜ ਲੋਕ।
ਮਨ-ਇੱਛ ਸੁਖ ਸਭਿ ਭੋਗ ਹੈਂ,
ਨਹਿੰ ਕਬੀ ਬਜਾਪੈਂ ਸੋਕ।
ਮਮ ਸਿੱਖ ਔਰੈਂ ਜਿਤਿਕ ਹੈਂ,
ਗੁਰੁ ਭਗਤਿ ਯੁਕਤਿ[1] ਰਹਾਂਹਿ।
ਨਿਜ ਇਸ਼ਟ[1] ਬਿਨ ਨਹਿੰ ਆਨ ਮਾਨੈਂ,
ਕਿਰਤ ਕਰਿ ਕੈ ਖਾਂਹਿ ॥੭੩॥
ਫਿਰ ਅੰਤ ਕੋ ਵਹਿ ਤਯਾਗ ਤਨ,
ਮਮ ਲੋਕ ਪਾਵਤ ਬਾਸ।
ਮਨ-ਚਿੰਦ[1] ਭੋਗਤ ਭੋਗ ਸਭਿ ਬਿਧਿ,
ਹ੍ਵੈ ਨ ਕਬਹੂੰ ਨਾਸ।
ਯਹਿ ਮਹਾਂ-ਬਿਸਨੁੰ-ਦੇਵ[1] ਕਾ ਹੈ,
ਸੱਚ-ਖੰਡ ਅਸਥਾਨ।
ਬਹੁ ਬਿਸ਼ਨ ਬ੍ਰਹਮਾ ਸ਼ਿਵ ਸਰੀਖੇ[1],
ਜਾਂਹਿ ਕੇ ਅਗਵਾਨ[1] ॥੭੪॥
ਅਬਿ ਜਾਹੁ ਤੁਮ ਮ੍ਰਿਤੁ ਲੋਕ ਮੈਂ,
ਕਿਛੁ ਦਿਵਸ ਰਾਜ ਕਮਾਇ।

[1]ਸੂਰਜ ਪ੍ਰਕਾਸ਼ ਵਿੱਚ।
[1]ਜਿਹੜੇ ਸ਼ਹੀਦ ਹੁੰਦੇ ਹਨ।
[1]ਮੁਕਤੀ। [2]ਦੋ ਤਰ੍ਹਾਂ।
[1]ਸਹਿਤ।
[1]ਪੂਜਯ-ਦੇਵ ਅਕਾਲ ਪੁਰਖ।
[1]ਮਨ-ਇੱਛਤ।
[1]ਅਕਾਲ ਪੁਰਖ।
[1]ਵਰਗੇ।
[1]ਦਰਬਾਨ, ਚੋਬਦਾਰ।

ਫਿਰ ਤਜਾਗ ਤਨ ਇਸ ਲੋਕ ਮੈਂ,
ਮਮ ਪਾਸ ਬਸੀਓ ਆਇ।
ਇਸ ਭਾਂਤਿ ਗੁਰੁ ਕੀ ਆਗਜਾ,
ਗੁਰਬਖਸ਼ ਸਿੰਘ ਫਿਰ ਪਾਇ।
ਰਹਿ ਬਰਸ ਖੋੜਸ[1] ਤਹਾਂ ਹੀ,
ਫਿਰ ਜਨਮ ਧਰਜੋ ਆਇ ॥੭੫॥
ਵਡ ਸਿਦਕ ਵਾਰੇ ਚੜ੍ਹਤ ਸਿੰਘ ਕੇ,
ਭਯੋ ਨਾਤੀ[1] ਜਾਇ।
ਗੁਰੁ ਬਚਨ ਤੈ ਰਣਜੀਤ ਸਿੰਘ ਹ੍ਵੈ,
ਗਯੋ ਰਾਜ ਕਮਾਇ।
ਯਹਿ ਕਹੀ ਸੂਖਮ ਦੇਹ ਕੀ,
ਮੈਂ ਗਾਥ ਸਿੰਘ ਜੀ ਕੇਰ[1]।
ਅਬਿ ਸੁਨੋ ਤਨ ਅਸਥੂਲ ਕੀ,
ਜਯੋਂ ਭਈ ਗਾਥਾ ਫੇਰ ॥੭੬॥
ਕਰਿ ਜੰਗ ਗਿਲਜਯੋਂ ਸੰਗ ਸਿੰਘ ਜੀ,
ਪਰਜੋ ਜਬਿਰਨਿ ਜੁਝਿ[1]।
ਤਬਿ ਗਏ ਗਿਲਜੇ ਲੌਟ ਲਵ-ਪੁਰਿ,
ਜੀਤ ਅਪਨੀ ਬੂਝ[1]।
ਫਿਰ ਸਿੰਘ ਕੇਤਿਕ ਨਿਕਸ ਬਨ ਤੈ,
ਅਏ ਮਿਲਿ ਤਿਸ ਠੌਰ।
ਗੁਰਬਖਸ਼ ਸਿੰਘ ਜਹਿਂ ਸੁਧਾਸਰ ਤਟ[1],
ਜੰਗ ਕੀਨੋ ਗੌਰ[1] ॥੭੭॥
ਉਨ ਆਇ ਸਿੰਘ ਸਭਿ ਕਰਿ ਇਕੱਠੇ,
ਦਏ ਠੀਕ ਜਲਾਇ।
ਗੁਰ ਸ਼ਬਦ ਪੜ੍ਹਿ ਕਰਵਾਇ ਕੁਣਕਾ,
ਛਕਜੋ ਫਿਰ ਵਰਤਾਇ।
ਗੁਰਬਖਸ਼ ਸਿੰਘ ਕੇ ਨਾਮ ਕਾ,
ਇਕ ਥੜਾ ਤਹਿ ਠਾਂ ਕੀਨ।
ਅੱਕਾਲ ਬੁੰਗੇ ਕੇ ਪਿਛਾਰੀ,

[1]ਸੋਲਾਂ ਵਰ੍ਹੇ।
[1]ਪੋਤਰਾ।
[1]ਮੈਂ ਇਹ ਗੁਰਬਖਸ਼ ਸਿੰਘ ਜੀ ਦੀ ਸੂਖਮ ਦੇਹ ਦੀ ਕਥਾ ਕਹੀ ਹੈ।
[1]ਸ਼ਹੀਦ ਹੋ ਕੇ।
[1]ਸਮਝ ਕੇ।
[1]ਅੰਮ੍ਰਿਤਸਰ ਸਰੋਵਰ ਦੇ ਕਿਨਾਰੇ।
[1]ਭਾਰੀ।

ਆਹਿ ਅਬਿ ਲੌਂ ਚੀਨ[1] ॥੭੮॥ [1]ਹੁਣ ਤੱਕ ਹੈ ਜਾਣ ਲਉ।

ਚੌਪਈ:

ਨਾਮ ਸ਼ਹੀਦ ਗੰਜ ਤਿਹ ਭਯੋ।
ਬਹੁ ਪ੍ਰਤਾਪ ਦਿਨ ਦਿਨ ਬਢ ਗਯੋ।
ਪੂਜਤ ਅਬਿ ਲੌਂ ਸਭਿ ਨਰ ਨਾਰੀ।
ਜੋ ਮੰਨਤ ਪਾਵਤ ਫਲ ਚਾਰੀ[1] ॥੭੯॥ [1]ਸ੍ਰੇਸ਼ਟ ਫਲ।
ਅਜ਼ਮਤ ਬਹੁ ਲੋਗਨ ਅਜ਼ਮਾਈ।
ਤਿਸ ਜਾਗਾ ਕੀ ਬਿਦਿਤ ਮਹਾਂਈ[1]। [1]ਬਹੁਤ ਪ੍ਰਗਟ ਹੈ।
ਸੂਬਾ ਸਿੰਘ ਏਕ ਸਰਦਾਰੈਂ।
ਭਯੋ ਪੁਰੀ-ਆਨੰਦ ਮਝਾਰੈਂ ॥੮੦॥
ਮੰਜੀ ਸਾਹਿਬ ਅਰ ਸੁਠ ਮੰਦਰ।
ਤਿਸ ਨੈ ਬਨਵਾਯੋ ਤਹਿਂ ਸੁੰਦਰ।
ਸ੍ਰੀ ਸੁਧਾਸਰ ਸ਼ਹਰ ਮਝਾਰੇ।
ਬਿਦਤ ਸ਼ਹੀਦ ਗੰਜ ਵਹਿ ਸਾਰੇ ॥੮੧॥
ਜੋੜ[1] ਤਹਾਂ ਨੌਮੀ ਕਾ ਹੋਵੈ। [1]ਜੋੜ ਮੇਲਾ।
ਜੋ ਜਨ ਜਾਵਤ ਸੋ ਦੁਖ ਖੋਵੈ।
ਮੰਨਤ ਕਰਤ ਨਾਰਿ ਨਰ ਜੈਸੀ।
ਹੋਤ ਕਾਮਨਾ ਪੂਰਨ ਤੈਸੀ ॥੮੨॥

ਦੋਹਰਾ:

ਸਾਲ ਅਠਾਰਾਂ ਸੈ ਹੁਤੋ,
ਊਪਰ ਔਰ ਇਕੀਸ।
ਨੌਮੀ ਮੱਘਰ ਸੁਦੀ ਕੋ,
ਭਯੋ ਜੰਗ ਯਹਿ ਦੀਸ[1] ॥੮੩॥ [1]ਦੇਖੋ।
ਗੁਰਬਖਸ਼ ਸਿੰਘ ਸ਼ਾਹੀਦ ਕੀ,
ਕਹੀ ਗਾਥ[1] ਭਲ ਭਾਇ[2]। [1]ਕਥਾ। [2]ਚੰਗੀ ਤਰ੍ਹਾਂ।
ਪੂਰਨ ਭਯੋ ਧਜਾਇ ਯਹਿ,
ਗੁਰ ਕੇ ਚਰਨ ਮਨਾਇ ॥੮੪॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਅਹਿਮਦ ਸ਼ਾਹਿ ਕਾ ਆਵਨ, ਗੁਰਬਖਸ਼ ਸਿੰਘ ਸ਼ਹੀਦੀ ਪਾਈ', ਬਰਨਨੰ ਨਾਮ ਪੈਂਤਾਲੀਸਮੋਂ ਬਿਸ੍ਰਾਮ ॥੪੫॥

੪੬. {ਅਹਿਮਦ ਸ਼ਾਹ ਦੁਰਾਨੀ ਦਾ ਆਉਣਾ, ਮਹਾਰਾਜਾ ਪਟਿਆਲਾ ਨੂੰ ਰਾਜਸੀ ਖ਼ਤਾਬ ਮਿਲਣਾ, ਸਿੰਘਾਂ ਨੇ ਮੁਲਕ ਮੱਲਣਾ}

ਦੋਹਰਾ:

ਸ੍ਰੀ ਗੁਰੁ ਅੰਗਦ ਦੇਵ ਕਾ,
ਧਜਾਨ ਧਰਤ ਉਰਿ[1] ਜੋਇ। — [1]ਹਿਰਦੇ ਵਿੱਚ।
ਗੋ ਖੁਰ ਸਮ ਭਵ ਸਿੰਧੁ ਕੋ,
ਤਰਤ ਬਾਰ ਨਹਿੰ ਹੋਇ[1] ॥੧॥ — [1]ਉਸ ਨੂੰ ਸੰਸਾਰ ਸਮੁੰਦਰ ਤੋਂ ਗਊ ਦੇ ਖੁਰ ('ਚ ਭਰੇ ਪਾਣੀ) ਵਾਂਗ ਤਰਦਿਆਂ ਦੇਰ ਨਹੀਂ ਹੁੰਦੀ।

ਅਹਿਮਦ ਸ਼ਾਹਿ ਲਾਹੌਰ ਤੈ,
ਚਢ ਹੈ ਦਿੱਲੀ ਓਰ[1]। — [1]ਤਰਫ਼।
ਮੱਦਦ ਖਾਨ ਨਜੀਬ ਕੀ,
ਹੇਤੁ[1] ਪਛਾਨੋ ਹੋਰ ॥੨॥ — [1]ਕਾਰਨ।
ਸਿੰਘਨ ਕੋ ਬੁਲਵਾਇ ਹੈ,
ਨ੍ਰਿਪ ਭਰਤ ਪੁਰਿ-ਵਾਰ[1]। — [1]ਭਰਤ ਪੁਰ ਵਾਲੇ ਰਾਜੇ ਨੇ।
ਇਸ ਅਧਜਾਇ ਤੈ ਗਾਥ ਯਹਿ,
ਸੁਨੋ ਖਾਲਸਾ ਸਾਰ[1] ॥੩॥ — [1]ਸ੍ਰੇਸ਼ਟ।

ਚੌਪਈ:

ਜੰਗ ਅਭੰਗ[1] ਸਿੰਘ ਜਬਿ ਕਰਿ ਕੈ। — [1]ਲਗਾਤਾਰ।
ਭਏ ਸ਼ਹੀਦ ਸੁਧਾਸਰ ਢਰ ਕੈ[1]। — [1]ਰੀਝ ਕੇ, ਖ਼ੁਸ਼ ਹੋ ਕੇ।
ਸਿੰਘ ਨਕਈ ਮਿਸਲ ਪਤਿ ਔਰੈਂ[1]। — [1]ਨਕਈ ਮਿਸਲ ਦੇ ਹੋਰ ਜੱਥੇਦਾਰ।
ਨੱਕੇ ਮੁਲਕ ਮਾਂਹਿ ਥੇ ਗੌਰੈਂ[1] ॥੪॥ — [1](ਗੌਰੈਂ) ਬਹੁਤੇ ਨੱਕੇ ਦੇਸ਼ ਵਿੱਚ ਸਨ। (ਨੱਕਾ- ਲਾਹੌਰ ਤੋਂ ਦੱਖਣ, ਰਾਵੀ ਅਤੇ ਸਤਲੁਜ ਦੇ ਮੱਧ ਦਾ ਦੇਸ਼।)

ਖਬਰ ਪਾਇ ਤਬਿ ਸਿੰਘ ਘਨੱਯੇ।
ਮਿਲੇ ਨਕੱਯਨ ਸੰਗੈਂ ਭੱਯੇ[1]। — [1](ਸਿੰਘ) ਭਰਾ।
ਪਾਸ ਚੂਹਣੀਓਂ ਕੇ ਭਟ-ਭੇਰਾ[1]। — [1]ਸੂਰਮਿਆਂ ਦਾ ਭੇੜ।
ਗਿਲਜਨੋਂ ਕੇ ਸੰਗ ਸਿੰਘਨ ਕੇਰਾ ॥੫॥
ਸ਼ਾਹ ਵਲੀ ਖਾਂ ਸਿਪਹ ਸਲਾਰੈਂ[1]। — [1]ਸੈਨਾਪਤੀ ਨੇ।
ਜੰਗ ਤੀਨ ਦਿਨ ਰਖਯੋ ਅਪਾਰੈਂ।
ਬਨ ਕੀ[1] ਓਟ ਸਿੰਘਨ ਥੀ ਪਕਰੀ। — [1]ਜੰਗਲ ਦੀ।
ਬਲ ਧਰਿ ਰਖੀ ਲਰਾਈ ਤਕਰੀ ॥੬॥

ਸੱਯਦ ਕਾਸਮ ਅਲੀ ਦੁਰਾਨੀ।
ਸਾਤ ਹਜ਼ਾਰੀ ਕੀਨੋ ਫਾਨੀ[1]।
[1]ਨਾਸ਼।
ਸ਼ਾਹਵਾਜ ਖਾਂ ਲੌਂ ਸਰਦਾਰਾ।
ਮਰੇ ਦੁਰਾਨੀ ਜਬੈ ਅਪਾਰਾ ॥੭॥
ਖਾਨ ਦਲੇਲ ਪਠਾਨ ਕਸੂਰੀ।
ਮਰਜੋ ਸੰਗੀਅਨ ਸੰਗੈਂ ਭੂਰੀ[1]।
[1]ਬਹੁਤੇ ਸਾਥੀਆਂ ਨਾਲ।
ਇਹ ਸੁਨਿ ਅਧਿਕ ਫੌਜ ਗਿਲਜਈ।
ਅਹਿਮਦ ਸ਼ਾਹਿ ਔਰ ਪਠ ਦਈ ॥੮॥
ਸੁਨ ਕੈ ਸਿੰਘ ਗੁਰਮਤਾ ਕਰਿ ਕੈ।
ਪਾਰ ਦੁਯਾਉ ਸਤਲੁਜੈਂ ਤਰ ਕੈ।
ਧਸੇ ਮਾਲਵੇ ਦੇਸ ਮਝਾਰੇ।
ਇਤ ਉਤ ਬਿਥਰੇ ਦੇਸ ਤਿਹਾਰੇ[1] ॥੯॥
[1]ਤਿਹਾੜੇ ਦੇਸ ਵਿੱਚ।
ਸ਼ਾਹਿ-ਵਲੀ ਫਿਰ ਗਯੋ ਲਹੌਰੈਂ।
ਕਰੀ ਬਿਅਦਬੀ ਗੁਰ ਥਲ[1] ਗੌਰੈਂ[2]।
[1]ਗੁਰਾਂ ਦੇ ਅਸਥਾਨ (ਹਰਿਮੰਦਰ ਸਾਹਿਬ ਦੀ)। [2]ਬਹੁਤੀ।
ਦੇਸ ਪੰਜਾਬ ਸਿੰਘਨ ਤੈ ਛੂਟਾ।
ਫਿਰ ਦੁਰਾਨੀਓਂ ਲਿਯ ਮਧ ਮੂਠਾ[1] ॥੧੦॥
[1]ਮੁੱਠ ਵਿੱਚ ਲੈ ਲਿਆ ਭਾਵ ਕਬਜ਼ੇ 'ਚ ਕਰ ਲਿਆ।
ਅਹਿਮਦ ਸ਼ਾਹਿ ਫੌਜ ਨਿਜ ਲੈ ਕੈ।
ਦਿੱਲੀ ਓਰ ਚਲਜੋ ਜਬਿ ਧੈ ਕੈ।
ਮੱਦਦ ਹੇਤ ਨਜੀਬ ਖਾਨ ਕੈ।
ਹੋਯੋ ਸਤਲੁਜ ਪਾਰ ਆਨ ਕੈ ॥੧੧॥
ਤਿਸ ਕੇ ਲਸ਼ਕਰ ਮੈਂ ਤਬਿ ਭਾਰੀ।
ਹੈਜ਼ੇ ਕੀ ਥੀ ਪਰੀ ਬਿਮਾਰੀ।
ਯਾਂ ਤੇ ਸ਼ੀਘਰ ਚਲ ਨ ਸਕਾਯੋ।
ਏਕ ਮਾਸ ਮਗ ਮਾਂਹਿ ਬਿਤਾਯੋ ॥੧੨॥
ਸ਼ਾਹਾਬਾਦ ਰਹਜੋ ਸੋ ਥਿਰ[1] ਹੈ।
[1]ਟਿਕ ਕੇ।
ਉਤ ਦਿੱਲੀ ਕੀ ਸੁਨ ਲਿਹੁ ਫਿਰ ਹੈ।
ਭੂਪਤਿ ਜ੍ਵਾਹਰ-ਮੱਲ ਬਹਾਦਰ।
ਘੇਰ ਰਖੀ ਥੀ ਦਿੱਲੀ ਸਾਦਿਰ[1] ॥੧੩॥
[1]ਨਿਡਰ ਹੋ ਕੇ।
ਕਰਿ ਕੈ ਜੰਗ ਰੰਗ ਧਰ ਲਾਲੈ[1]।
[1]ਧਰਤੀ ਦਾ ਰੰਗ ਲਾਲ (ਕਰ ਦਿੱਤਾ)।
ਮਾਰੇ ਤਿਸ ਨੈ ਤੁਰਕ ਬਿਸਾਲੈਂ।

ਖਾਨ ਨਜੀਬ ਬਜੀਰ ਬਿਸਾਲੈਂ[1]। — [1]ਵੱਡੇ ਵਜ਼ੀਰ ਨੂੰ।
ਕੀਨੋ ਥਾ ਤਿਨ ਤੰਗ ਕਮਾਲੈਂ[1] ॥੧੪॥ — [1]ਬਹੁਤਾ।
ਜਿਸ ਹਿਤ ਤਿਸ ਨੈ ਸ਼ਾਹਿ ਬੁਲਾਯੋ।
ਕਾਬਲ-ਪਤੀ ਇਤੈ[1] ਚਢਿ ਆਯੋ। — [1]ਏਧਰੋਂ।
ਆਵਨ ਕਾਬਲ-ਪਤਿ ਕਾ ਜਬੈ।
ਸੁਨਜੋ ਭਰਤ-ਪੁਰੀਏ ਡਰਿ ਤਬੈ[1] ॥੧੫॥ — [1]ਤਦੋਂ ਡਰ ਕੇ।
ਨਿਜ ਮੱਦਦ ਹਿਤ ਮਰ੍ਹਟੇ ਕੇਤੈਂ[1]। — [1]ਕਿਤਨੇ ਭਾਵ ਬਹੁਤੇ।
ਸਿੰਘ ਬੁਲਾਏ ਪਹੁੰਚੇ ਏਤੈਂ[1] ॥੧੬॥ — [1]ਏਸੇ ਤਰ੍ਹਾਂ ਹੀ।

ਦੋਹਰਾ:

ਰੋਜ਼ ਰੁਪਯਾ ਸਵਾਰ ਕਾ,
ਪਾਂਚ ਰੋਜ਼ ਸਰਦਾਰ।
ਦੈਨਾ ਕੀਨੋ ਤਾਂਹਿ ਨੈ,
ਦਾਰੂ ਸਿੱਕਾ ਨਾਰ[1] ॥੧੭॥ — [1]ਨਾਲ ਬਰੂਦ ਤੇ ਗੋਲੀਆਂ।

ਨਿਸ਼ਾਨੀ ਛੰਦ:

ਪੰਥ ਖਾਲਸਾ ਗੁਰਮਤਾ ਕਰਿ, ਪਹੁੰਚਜੋ ਧਾਈ।
ਦਿੱਲੀ ਗਿਰਦੈ ਜਾਇ ਕੈ, ਵਡ ਗਰਦੀ[1] ਪਾਈ। — [1]ਹਲਚਲੀ।
ਸੁਨਿ ਨ੍ਰਿਪ ਜ੍ਵਾਹਰ ਮੱਲ ਨੈ, ਮਨਿ ਮੋਦ ਬਢਾਯੋ[1]। — [1]ਅਨੰਦ ਵਧਾਇਆ।
ਦਿੱਲੀ ਕੇ ਢਿਗ ਏਕ ਦਿਸ, ਡੇਰਾ ਕਰਵਾਯੋ ॥੧੮॥
ਟਕਾ[1] ਏਕ ਲਖ ਖਰਚ ਕਾ, ਢਿਗ ਪੰਥ ਪਠਾਯੋ। — [1]ਰੁਪਇਆ।
ਦਾਰੂ ਸਿੱਕਾ ਦੈ ਘਣਾ, ਕੁਣਕਾ ਕਰਵਾਯੋ।
ਯਹਿ ਜਬਿ ਸੁਨਜੋ ਨਜੀਬ ਖਾਂ, ਦਿੱਲੀ ਕੇ ਮਾਂਹੀਂ।
ਸੋਗ ਪਰਜੋ ਤਿਸ ਕੋ ਅਤੀ, ਸਿਰ-ਧੁਨਿ[1] ਪਛੁਤਾਹੀ ॥੧੯॥ — [1]ਸਿਰ ਨੂੰ ਹਿਲਾ ਕੇ।
ਯਹੀ ਖਬਰ ਉਨ ਸ਼ਾਹਿ ਪੈ, ਫਿਰ ਤੁਰਤ[1] ਪੁਚਾਈ। — [1]ਛੇਤੀ।
ਸ਼ਹਿਰ ਅੰਬਾਲੇ ਸ਼ਾਹਿ ਥਾ, ਤਬਿ ਉਤਰਜੋ ਆਈ।
ਸੁਨ ਕਰਿ ਅਹਿਮਦ ਸ਼ਾਹਿ ਨੈ, ਮਨ ਅਤਿ ਦੁਖ ਪਾਯੋ।
ਬਾਤ ਸੁਨਾਵਨ-ਵਾਰ ਨੈ, ਜਨੁ ਬੱਜਰ ਲਾਯੋ[1] — [1]ਜਾਣੋ ਪੱਥਰ ਮਾਰਿਆ।

॥੨੦॥
ਮਾਨਹੁ ਪਾਨੀ ਕਾ ਘੜਾ, ਸਿਰ ਪਰਯੋ ਤਾਂ ਕੇ।
ਗੁੰਮ ਗਤੀ ਇਕ ਘੜੀ ਲੌ[1], ਬੋਲੇ ਨਹਿਂ ਝਾਕੇ। — [1]ਇਕ ਘੜੀ ਤੱਕ ਗੁੰਮ (ਜਿਹੀ) ਹਾਲਤ (ਵਿੱਚ ਰਿਹਾ)।
ਸਿਰ ਧੁਨ ਮਨਿ ਪਛੁਤਾਇ ਕੈ, ਫਿਰ ਕਹਯੋ ਸੁਨਾਈ।
ਅਬਿ ਹਮ ਆਗੇ ਜਾਇ ਕੈ, ਕਜਾ ਕਰਿ ਹੈਂ ਭਾਈ
॥੨੧॥
ਜੱਟ ਮਰੁੱਟੇ ਮਿਲ ਰਹੇ ਥੇ, ਆਗੇ ਭਾਰੇ।
ਸਿੰਘ ਬੰਦੂਖੀ[1] ਬੀਰ ਵਡ, ਅਬਿ ਮਿਲੇ ਅਪਾਰੇ। — [1]ਬੰਦੂਕ ਚਲਾਉਣ ਵਾਲੇ।
ਢਾਲ ਕਵਚ[1] ਤਨ ਭੇਦ ਕੈ[2], ਵਹਿ ਕੱਢਤ ਪਾਰੇ। — [1]ਸੰਜੋਆਂ। [2]ਵਿੰਨ੍ਹ ਕੇ।
ਵਹਿ ਤੋ ਕਬਿ ਹੀ ਨਹਿਂ ਮਰੇ, ਹਮ ਮਾਰਤ ਹਾਰੇ
॥੨੨॥
ਪੁਨ ਹਮਰੇ ਦਲ ਵੀਚ ਮੈਂ, ਬਹੁ ਪਰੀ ਬਿਮਾਰੀ।
ਕੈਸੇ ਜੀਤੋਂ ਜਾਇ ਮੈਂ, ਅਬਿ ਉਨੋ ਅਗਾਰੀ।
ਜੇ ਅਬਿ ਪੀਛੇ ਹਟਤ ਹੋਂ, ਕਰਿ ਕੈ ਕਿਛੁ ਟਾਲਾ।
ਤੌ ਮੁਖ ਹਮਰਾ ਹੋਇਗੋ, ਸਭਿ ਜਗ ਮੈਂ ਕਾਲਾ
॥੨੩॥
ਇਤ ਦਿਸ ਝੁਰਹੀ ਸ਼ਾਹਿ ਯੌਂ, ਉਤ ਖਾਨ ਨਜੀਬੈਂ।
ਸੁਨਿ ਸਿੰਘਨ ਕਾ ਪਹੁੰਚਨਾ, ਹ੍ਵੈ ਤੰਗ ਅਜੀਬੈਂ[1]। — [1]ਅਸਚਰਜ।
ਮਰੁਟੇ ਰਾਘੋਰਾਵ ਕੇ ਪਠਿ ਬੀਚ ਵਸੀਲਾ[1]। — [1]ਵਿੱਚ ਵਕੀਲ ਭੇਜ ਕੇ।
ਭੂਪ ਜਵਾਹਰ ਮੱਲ ਸੋਂ, ਚਹਿਂ ਮੇਲ ਕਰੀਲਾ[1] — [1]ਕਰਨਾ।
॥੨੪॥
ਕਹਯੋ ਨ੍ਰਿਪ ਪੈ ਜਾਇ ਕੈ, ਤਬਿ ਰਾਘੋਰਾਵੈਂ।
ਮਿਲਨੋ ਚਹਿਤ ਨਜੀਬ ਖਾਂ, ਲਿਹੁ ਮੇਲ ਸ਼ਿਤਾਵੈਂ[1]। — [1]ਸ਼ਿਤਾਬ, ਛੇਤੀ।
ਟਕਾ ਦੰਡ ਕਾ ਤਾਂਹਿ ਤੈ, ਮਨ-ਇੱਛ ਚੁਕੱਈਏ[1]। — [1]ਲੈ ਲਵੋ।
ਖੁਲੈ ਗਾਂਠ ਜੌ ਹਾਥ ਸੈਂ, ਕਯੋਂ ਦਾਂਤ ਲਗੱਈਏ
॥੨੫॥
ਜੰਗ ਜੂਪ[1] ਕੀ ਖੇਲ ਹੈ, ਯੌਂ ਕਹਤ ਸਯਾਨੇ। — [1]ਜੂਏ ਦੀ।
ਫਤੇ ਪਾਇ ਨਿਜ ਖਰਚ ਲੌ, ਲਿਹੁ ਹਮਰੀ ਮਾਨੇ।
ਪੁਨ ਉਤ ਤੈ ਕਾਬਲ-ਪਤੀ, ਆਵਤ ਹੈ ਢਲਯਾ[1]। — [1]ਰੁੜ੍ਹਿਆ ਭਾਵ ਚੜ੍ਹਿਆ।

ਮਤ ਕਿਤ ਇੱਜ਼ਤ ਖੋਇ ਕੈ, ਵਹਿ ਜਾਵੈ ਚਲਯਾ
॥੨੬॥

ਦੋਹਰਾ:

ਯਹਿ ਸੁਨਿ ਭੁਪਤਿ ਕਹਯੋ ਯੌਂ,
ਮਿਲਯੋ ਚਹਿਤ ਜੇ ਵੋਹਿ[1]। — [1]ਉਹ।
ਤੌਂ ਡੋਲਾ ਨਿਜ ਸੁਤਾ[1] ਕਾ, — [1]ਪੁੱਤ੍ਰੀ।
ਦੈ ਨਜੀਬ ਖਾਂ ਮੋਹਿ ॥੨੭॥

ਚੌਪਈ:

ਜੇ ਕਰਿ ਪੈਸਾ ਲੈ ਤਿਹਂ ਛੋਰੈਂ।
ਤੌਂ ਅਪਜਸ[1] ਮਮ ਹੋਇ ਬਹੋਰੈ[2]। — [1]ਨਿੰਦਾ। [2]ਬਾਦ ਵਿੱਚ।
ਲੋਗ ਕਹੈਂਗੇ ਨਿਜ ਪਿਤ ਕੇਰੋ।
ਬੇਚਯੋ ਸਿਰ ਨ੍ਰਿਪ ਲੈ ਧਨ ਹੇਰੋ[1] ॥੨੮॥ — [1]ਦੇਖੋ।
ਯਾਂ ਤੈ ਟਕਾ ਨ ਲੈਹੁਂ ਕੋਟ ਲੌਂ[1]। — [1]ਕ੍ਰੋੜ ਤੱਕ।
ਸਿਰ ਬਦਲੇ ਸਿਰ ਲੈਂਹੁ ਮੋਟਲੌਂ[1]। — [1]ਮੋਟਾ ਸਿਰ ਭਾਵ ਨਜੀਬ ਖ਼ਾਂ ਦਾ।
ਤਬਿ ਰਾਘੋ ਦੁਹਿਦਿਸ ਸਮਝਾਏ।
ਦਯੋ ਮੇਲ ਨੀਕੇ[1] ਕਰਵਾਏ ॥੨੯॥ — [1]ਚੰਗੀ ਤਰ੍ਹਾਂ।
ਤਬਿ ਨਜੀਬ ਖਾਂ ਐਸ ਸਮੇਟੀ[1]। — [1](ਗੱਲ) ਨਿਬੇੜੀ।
ਇਕ ਸਰਦਾਰ ਜਾਟ ਕੀ ਬੇਟੀ।
ਲੈ ਕਰਿ ਨਿਜ ਗੋਦੀ ਮੈਂ ਪਾਈ।
ਧਰਮ ਪੁੱਤ੍ਰੀ ਨਿਜ ਠਹਿਰਾਈ ॥੩੦॥
ਦੈ ਭੂਪਤਿ ਕੋ ਤਿਸ ਕਾ ਡੋਲਾ।
ਸੰਗ ਦਾਜ ਬਹੁ ਦਯੋ ਅਮੋਲਾ।
ਕਈ ਲਾਖ ਦਿਯ ਖਰਚ ਚੁਕਾਈ।
ਉਜ਼ਰ-ਖ਼੍ਵਾਹੀ[1] ਸਿਰੋਂ ਹਟਾਈ ॥੩੧॥ — [1]ਬੇਬਸੀ ਦੀ ਹਾਲਤ।
ਫਤੇ ਪਾਇ ਨ੍ਰਿਪ ਲੌਟਯੋ[1] ਪਾਛੇ। — [1]ਮੁੜਿਆ।
ਖਰਚ ਖਿਲਤ[1] ਸਭਿ ਕੋ ਦਿਯ ਆਛੇ। — [1]ਸਨਮਾਨ ਵਜੋਂ ਦਿੱਤੀ ਸ਼ਾਹੀ ਪੁਸ਼ਾਕ। (ਅ) ਸਿਰੋਪਾਉ।
ਦੁਇ ਲਖ ਟਕਾ[1] ਸਿੰਘਨ ਕੋ ਦਯੋ। — [1]ਰੁਪਇਆ।
ਦਾਰੂ ਸਿੱਕਾ ਮਾਂਗ ਇਨ ਲਯੋ ॥੩੨॥
ਪੰਥ ਮਾਲਵੇ ਪਹੁੰਚਯੋ ਡਟ ਕੈ।
ਮਰ੍ਹਟੇ ਜੱਟ ਗਏ ਜਬਿ ਹਟ ਕੈ।

ਸ਼ਾਹਿ ਦੁਰਾਨੀ ਪਾਸ ਅੰਬਾਲੇ।
ਆਯੋ ਖਾਨ ਨਜੀਬ ਉਤਾਲੇ[1] ॥੩੩॥ [1]ਛੇਤੀ।
ਕੇਤਿਕ ਤਾਂਹਿ ਟਕਾ ਭਰ ਦਯੋ।
ਜੋ ਅਕਰਾਰ ਹੁਤੋ ਤਿਹਂ ਕਯੋ।
ਬਾਦਸ਼ਾਹਿ ਤਬਿ ਪੇਖਯੋ ਜਾਹਰ[1]। [1]ਪ੍ਰਤੱਖ।
ਜੋਰ ਸ਼ੋਰ ਸਿੰਘਨ ਕਾ ਮਾਹਰ[1] ॥੩੪॥ [1]ਤਜਰਬੇਕਾਰ (ਸਿੰਘਾਂ ਦਾ)।
ਬੰਦੋਬਸਤ ਇਸ ਮੁਲਕਹਿਂ ਕੇਰਾ।
ਨਿਜ ਬਲ ਤੈ ਬਾਹਰ ਸ਼ਹਿ ਹੇਰਾ[1]। [1]ਬਾਦਸ਼ਾਹ ਨੇ ਦੇਖਿਆ।
ਚਢ ਕਰਿ ਤਹਿਂ ਤੈ ਚਲ ਕੈ ਠੀਕੈਂ।
ਡੇਰਾ ਕਰਯੋ ਸਰ੍ਹੰਦ ਨਜੀਕੈਂ ॥੩੫॥
ਦੋਹਰਾ:
ਲਏ ਬੁਲਾਇ ਮਲੇਰੀਏ,
ਰਾਇ-ਕੋਟੀਏ ਔਰ।
ਕਹਯੋ ਲੇਹੁ ਤੁਮ ਮੁਲਕ ਯਹਿ,
ਦਿਹੁ ਨਜ਼ਰਾਨਾ ਗੌਰ[1] ॥੩੬॥ [1]ਬਹੁਤੀ ਨਜ਼ਰ ਭੇਟ।
ਚੌਪਈ:
ਯਹਿ ਸੁਨਿ ਪੁਨ ਮਲੇਰੀਅਨ ਕਹਯੋ।
ਮੁਲਕ ਏਹੁ ਹਮ ਢਿਗ ਕਬਿ ਰਹਯੋ[1]। [1]ਕਦੋਂ ਰਹੇਗਾ।
ਆਪ ਲਹੌਰ ਲਖੋਗੇ[1] ਜਬਿ ਹੀ। [1]ਲੰਘੋਗੇ।
ਹਮ ਤੇ ਛੀਨ ਲੈਂਹ[1] ਸਿੰਘ ਤਬਿ ਹੀ ॥੩੭॥ [1]ਖੋਹ ਲੈਣਗੇ।
ਜਬਿ ਮਲੇਰੀਅਨ ਐਸ ਸੁਨਾਯੋ।
ਫੇਰ ਸ਼ਾਹਿ ਪਟਲੇਸ ਬੁਲਾਯੋ।
ਅਮਰ-ਮ੍ਰਿਗੇਸ਼ ਆਇ ਸ਼ਹਿ ਤਾਂਈ।
ਕੁੰਨਸ[1] ਕਰੀ ਨਜ਼ਰ ਦਿਖਰਾਈ ॥੩੮॥ [1]ਪ੍ਰਣਾਮ।
ਕਹਯੋ ਸ਼ਾਹਿ ਨ੍ਰਿਪ ਤਈਂ ਉਚਾਰੇ।
ਯਹਿ ਸਰ੍ਹੰਦ ਕਾ ਮੁਲਕ ਅਪਾਰੇ।
ਹਮ ਤੈ ਤੁਮ ਲਿਖਾਇ ਸਭਿ ਲੇਵੌਂ।
ਨਜ਼ਰਾਨਾ ਹਮ ਕੌ ਤੁਮ ਦੇਵੌਂ ॥੩੯॥
ਬਲਕਿਨ ਔਰ ਸਿੰਘਨ ਬੁਲਵੈ ਕੈ।
ਨਜਰਾਨੇ ਹਮ ਕੋ ਦਿਲਵੈ ਕੈ।

ਹਸਬ ਹਸੀਯਤ[1] ਮੁਲਕ ਦਿਵਾਵੋ।	[1]ਤਾਕਤ ਅਨੁਸਾਰ।
ਰੋਜ ਰੋਜ ਕੀ ਰਾਰ[1] ਮਿਟਾਵੋ ॥੪੦॥	[1]ਲੜਾਈ।
ਸਭਿ ਹੀ ਸਿੰਘ ਜਗੀਰਾਂ ਲੇਵੈਂ।	
ਖਲਕ ਖੁਦਾ ਕੋ ਦੂਖ ਨ ਦੇਵੈਂ।	
ਯਾ ਬਿਧਿ ਜਬਿ ਪਤਿਸ਼ਾਹਿ ਬਖਾਨਾ।	
ਅਮਰ ਸਿੰਘ ਯਦਪਿ ਦਿਢ ਜਾਨਾ ॥੪੧॥	
ਅਬਿ ਪਤਿਸ਼ਾਹੀ ਸਿੰਘਨ ਕੇਰੀ।	
ਹ੍ਵੈ ਹੈ ਜਗਤ ਵੀਚ ਬਿਨ ਦੇਰੀ।	
ਤੌਂ ਭੀ ਕਾਬਲੇਸ ਤੈ ਪੱਟਾ[1]।	[1]ਸਨਦ, ਅਧਿਕਾਰ ਪੱਤ੍ਰ।
ਲਿਹੁਂ ਲਿਖਵਾਇ ਯਹੀ ਦਿਲਿ ਠੱਟਾ[1] ॥੪੨॥	[1]ਧਾਰਿਆ।
ਦੈ ਕਰਿ ਸ਼ਹਿ ਕੋ ਬਹੁ ਨਜ਼ਰਾਨਾ।	
ਲਿਯ ਲਿਖਾਇ ਨ੍ਰਿਪ ਮੁਲਕ ਮਹਾਨਾ।	
ਐਸੀ ਬਾਤ ਨ੍ਰਿਪ ਕਛੁ ਕੀਨੀ।	
ਸ਼ਹਿ ਕੀ ਮਤਿ ਨਿਜ ਕਰ ਮੈਂ ਲੀਨੀ[1] ॥੪੩॥	[1]ਬਾਦਸ਼ਾਹ ਦੀ ਅਕਲ ਆਪਣੇ ਹੱਥ ਵਿੱਚ ਲੈ ਲਈ।
ਫਿਰ ਭੂਪਤਿ ਨੈ ਐਸ ਬਖਾਨਾ।	
ਪੰਥ ਖਾਲਸਾ ਕਿਤਿਕ ਮਹਾਨਾ।	
ਹਮਰੇ ਹਾਥ ਬੀਚ ਹੈ ਸਭਿ ਹੀ।	
ਨਜ਼ਰਾਂ ਤੁਮੈਂ ਦਿਲੈਹੋਂ ਅਬਿ ਹੀ ॥੪੪॥	
ਸ਼ਾਹਿ ਲਾਹੌਰ ਜਾਇ ਕਰਿ ਰਹਿ ਹੀ।	
ਮੈਂ ਸਭਿ ਕੋ ਲੈ ਐਹੋਂ ਤਹਿਂ ਹੀ।	
ਸੁਨਿ ਪਤਿਸ਼ਾਹਿ ਖੁਸ਼ੀ ਬਹੁ ਭਯੋ।	
ਨ੍ਰਿਪਹਿ ਖਤਾਬ[1] ਰਾਜਗੀ ਦਯੋ ॥੪੫॥	[1]ਪਦਵੀ, ਉਪਾਧੀ, ਲਕਬ।
ਅਸਬੀ[1] ਸ਼ੁਤਰੀ[2] ਮੁੱਠਾ ਚੌਰੈਂ[3]।	[1]ਘੋੜਿਆਂ ਤੇ ਬੰਨ੍ਹਣ ਵਾਲੇ ਨਗਾਰੇ। [2]ਊਠਾਂ ਤੇ ਬੰਨ੍ਹ ਕੇ ਵਜਾਉਣ ਵਾਲੇ ਨਗਾਰੇ। [3](ਮੋਰ ਦੇ ਖੰਭਾਂ ਦੇ) ਮੁੱਠੇ ਦਾ ਚੌਰ।
ਸ਼ਾਹੀ ਮਰਤਬ[1] ਝੰਡਾ ਗੌਰੈਂ[2]।	[1]ਸ਼ਾਹੀ ਮਰਾਤਬ-ਬਾਦਸ਼ਾਹ ਵੱਲੋਂ ਪ੍ਰਤਿਸ਼ਠਤ ਆਦਮੀਆਂ ਨੂੰ ਮਿਲਿਆ ਹੋਇਆ ਇਕ ਖ਼ਿਤਾਬ ਅਤੇ ਉਸ ਦਾ ਖ਼ਾਸ ਚਿੰਨ੍ਹ ਜੋ ਧੁਜਾ ਵਿੱਚ ਮੱਛੀ ਦੇ ਅਕਾਰ ਦਾ ਹੁੰਦਾ ਸੀ। ਇਹ ਅਮੀਰਾਂ ਦੀ ਸਵਾਰੀ ਅੱਗੇ ਹਾਥੀ ਪੁਰ ਹੋਇਆ ਕਰਦਾ ਸੀ। [2]ਭਾਰੀ ਝੰਡਾ।
ਕਲਗੀ ਜਿਗਾ ਚਾਰੁ ਸਿਰਪੇਚੈਂ[1]।	[1]ਸੁੰਦਰ ਦਸਤਾਰ (ਪੱਗ)।
ਹੁਕਮ ਜ਼ਰਬ ਕਾ ਦੀਨੋ ਸੇਚੈਂ[1] ॥੪੬॥	[1](ਜ਼ਰਬ) ਤੋਪ (ਸੇਂਚੈ) ਚਲਾਉਣ ਦਾ ਹੁਕਮ ਦੇ ਦਿੱਤਾ।
ਯਹਿ ਸਲਤੰਤ[1] ਜਬੈ ਨ੍ਰਿਪ ਲਯੋ।	[1]ਸਲਤਨਤ, ਬਾਦਸ਼ਾਹੀ।

ਮਨ ਮੈਂ ਤਬਿ ਅਨੰਦ ਬਹੁ ਭਯੋ।
ਪੁਨ ਨ੍ਰਿਪ ਸ਼ਾਹਿ ਤਈਂ ਖੁਸ਼ ਪੇਖਾ।
ਕਰੀ ਅਰਜ਼ ਇਕ ਔਰ ਵਿਸੇਖਾ ॥੪੭॥

ਦੋਹਰਾ:
ਹਿੰਦੁਸਤਾਨ ਪੰਜਾਬ ਤੈ,
ਫੜਿ ਕਰਿ ਲੋਗ ਅਪਾਰ।
ਲੈ ਚਾਲਜੋ ਥਾ ਸ਼ਾਹਿ ਜੋ,
ਨਿਰਪ ਛੁਡਾਏ ਸਾਰ[1] ॥੪੮॥ [1]ਸਾਰੇ।
ਨਿਜ ਨਿਜ ਧਾਮਨ[1] ਮੈਂ ਪਠੇ, [1]ਘਰਾਂ 'ਚ ਭੇਜ ਦਿੱਤੇ।
ਦੈ ਖਰਚਾ ਸਭਿ ਤਾਂਇਂ।
ਯਹਿ ਜਸ ਅਤਿ ਪਟਲੇਸ ਕਾ,
ਭਯੋ ਜਗਤ ਬਹੁ ਭਾਇ[1] ॥੪੯॥ [1]ਬਹੁਤ ਤਰ੍ਹਾਂ ਦਾ।

ਕਬਿੱਤ:
ਸ਼ਾਹਿ ਫੇਰ ਚਢ ਕੈ ਲਹੌਰ ਓਰ ਗਯੋ ਜਬਿ,
ਭੂਪਤਿ ਵਕੀਲ ਨਿਜ ਪੰਥ ਮੈਂ ਪਠਾਯੋ ਹੈ।
ਬਾਦਸ਼ਾਹਿ ਸਾਥ ਬਾਤ ਗਿਨੀ ਥੀ ਜੋ ਪਟਲੇਸ,
ਪੰਥ ਪੈ ਵਕੀਲ ਜਬਿ ਹਾਲ ਸਭਿ ਗਾਯੋ ਹੈ[1]। [1]ਕਿਹਾ।
ਸੁਨ ਕਰਿ ਪੰਥ ਤਬਿ ਕੋਪ ਮਨਿ ਧਾਰਿ ਕਹਜੋ,
ਦੇਖੋ ਪਟਲੇਸ ਨਿਜ ਧਰਮ ਗਵਾਯੋ ਹੈ।
ਦੀਨਤਾ ਜਨਾਈ ਸਿੰਘ ਨਾਮ ਕੋ ਲਗਾਈ ਲਾਜ,
ਪੰਥ ਖਾਲਸੇ ਤੈ ਚੈਹੈ ਨਜਰਾਂ[1] ਦਿਵਾਯੋ ਹੈ ॥੫੦॥ [1]ਭੇਟਾਵਾਂ।

ਸ੍ਵੈਯਾ:
ਮਾਂਗਿਓ ਰਾਜ ਦਯੋ ਕਬਿ ਤੁਰਕਨ,
ਸੋ ਹਮਹੂੰ ਸ਼ਮਸ਼ੇਰ ਸੋਂ ਲੈ ਹੈਂ।
ਜੀਵਤ ਹੀ ਮਰ ਹੈਂ ਹਮ ਤਾਂ ਦਿਨ,
ਜਾਂ ਦਿਨ ਤੁਰਕ ਕੋ ਕੁੰਨਸ ਕੈਹੈਂ[1]। [1]ਨਮਸ਼ਕਾਰ ਕਰਾਂਗੇ।
ਕਜਾ ਪਟਲੇਸ ਕਰਜੋ ਅਭਿਮਾਨ,
ਲਯੋ ਨਿਜ ਹਾਥ ਪੈ ਪੰਥ ਕੋ ਚੈਹੈ।
ਏਕ ਅਕਾਲ ਗੁਰੂ ਬਿਨ ਖਾਲਸਾ,
ਆਨ ਕੀ ਕਾਨ[1] ਨ ਕਾਂਨ ਧਰੈ ਹੈ[2] ॥੫੧॥ [1]ਕਨੌੜ, ਅਹਿਸਾਨ। [2]ਕੰਨ ਵਿੱਚ ਨਹੀਂ ਧਰਦੇ ਭਾਵ ਸੁਣਨਾ

ਵੀ ਨਹੀਂ ਚਾਹੁੰਦੇ।

ਕੇਤਿਕ ਸਿੰਘ ਨਿਹੰਗ ਕਹੈਂ,
ਪਹਲੇ ਅਬਿ ਸੋਧ ਲਹੋ ਪਟਲੇਸੈਂ।
ਮੇਲ ਕਰਜੋ ਉਨ ਕਜੋਂ ਤੁਰਕੇਸ ਸੋਂ,
ਬਾਤ ਕਰੀ ਯਹਿ ਮੰਦ ਬਿਸੇਸੈਂ[1]। — [1]ਬਹੁਤ ਮਾੜੀ।
ਰਾਜ ਗੁਰੂ ਬਖਸ਼ਜੋ ਤਿਨ ਕੇ
ਵਡਿਆਨ ਕੋ, ਸਾਚ ਰਹੈ ਜੁ ਹਮੇਸ਼ੈਂ।
ਕਾਹੇ ਕੋ ਫੇਰ ਇਮਾਨ[1] ਤਜਜੋ ਨ੍ਰਿਪ, — [1]ਧਰਮ।
ਕੁੰਨਸ[1] ਜਾਇ ਕਰੀ ਤੁਰਕੇਸੈਂ ॥ ੫੨ ॥ — [1]ਪ੍ਰਣਾਮ।

ਕਬਿੱਤ:

ਜੱਸਾ ਸਿੰਘ ਸਰਦਾਰ ਹੁਤੋ ਆਲੂਵਾਲੀਆ ਜੋ,
ਅਮਰ ਸਿੰਘ ਭੂਪ ਸੁਧਾ ਪਾਨ ਕੀਓ ਤਾਂਹਿ ਤੈ।
ਕੇਤਿਕ ਨਿਹੰਗ ਸਿੰਘ ਬੋਲ ਕੈ ਬਜੰਗ ਬੋਲ[1], — [1]ਰਮਜ਼ ਨਾਲ ਕਹੇ ਜਾਣ ਵਾਲੇ ਬਚਨ।
ਉਪਾਲੰਭ[1] ਦੇਤ ਜੱਸਾ ਸਿੰਘ ਜੀ ਕੌ ਯਾਂਹਿ[2] ਤੈ। — [1]ਉਲਾਂਭੇ। [2]ਇਸ ਕਰਕੇ।
ਕੇਤਿਕ ਸਯਾਨੇ ਪਰਧਾਨੇ ਸਿੰਘ ਕੈਹੈਂ ਭਲੋ
ਕੀਨ, ਭੂਪਤ ਨੈ ਲੀਨ ਰਾਜ ਪਤਿਸ਼ਾਹਿ ਤੈ।
ਸਾਮ[1] ਦਾਮ[2] ਦੰਡ[3] ਭੇਦ[11] ਕਰਿ ਕੈ ਉਪਾਇ ਯਾਹਿ, — [1]ਸਾਮ-ਪਿਆਰੇ ਬਚਨਾਂ ਨਾਲ ਕਰੋਧ ਸ਼ਾਂਤ ਕਰਨਾ। [2]ਦਾਮ-ਧਨ ਦੇ ਕੇ ਪ੍ਰਸੰਨ ਕਰਨਾ। [3]ਦੰਡ-ਸ਼ਸਤ੍ਰ ਅਤੇ ਬਲ ਨਾਲ ਸਜ਼ਾ ਦੇਣੀ। [11]ਭੇਦ-ਫੋਟਕ ਪਾ ਕੇ ਕਾਰਜ ਸਿੱਧ ਕਰਨਾ।
ਤੁੱਰਕਨ ਤੈ ਰਾਜ ਲੈਣੋ ਚਾਹੀਏ ਉਮਾਹਿ ਤੈ[1] ॥ ੫੩ ॥ — [1]ਉਤਸ਼ਾਹ ਨਾਲ।

ਸ੍ਵੈਯਾ:

ਪੰਥ ਭਯੋ ਇਕ ਠੌਰ ਤਬੈ ਸਭਿ,
ਲਾਇ ਦਿਵਾਨ ਸਲਾਹਿ ਠਰਾਈ[1]। — [1]ਕੀਤੀ।
ਮਾਰਿ ਖਵਾਰ ਕਰੋ ਅਬਿ ਹੀ,
ਇਸ ਅਹਿਮਦ-ਸ਼ਾਹਿ ਸੁ ਅਹਿਮਕ[1] ਤਾਂਈਂ। — [1]ਮੂਰਖ।
ਸੈਨ ਬਿਮਾਰ ਅਹੇ ਤਿਸ ਕੀ ਅਬਿ,
ਹੈ ਗੁਰੁ ਨੈ ਯਹਿ ਬਜੋਂਤ ਬਨਾਈ।
ਐਸੀ ਕਰੋ ਤਿਸ ਸੋਂ ਅਬਿ ਕੈ[1], — [1]ਇਸ ਵਾਰ।
ਜਿਮ ਜੀਵਤ ਨਾਹਿੰ ਕਬੀ ਫਿਰ ਆਈ ॥ ੫੪ ॥

ਤਾਂਹਿ ਸਮੇਂ ਫਿਰ ਚੰਡੀ ਕੇ ਨਾਮ ਕਾ,
ਹੋਮ* ਕਰਜੋ ਮਿਲ ਪੰਥ ਤਹਾਂਈਂ[1]।

[1]ਉਥੇ ਹੀ। *ਸਿੰਘਾਂ ਦਾ ਚੰਡੀ ਦੀ ਵਾਰ ਦਾ ਪਾਠ ਕਰਨਾ ਤਾਂ ਮੰਨਣ ਵਿੱਚ ਆ ਸਕਦਾ ਹੈ, ਪਰ ਹਵਨ ਕਰਨਾ, ਅਹੂਤੀ ਪਾਉਣੀ, ਬੱਕਰਿਆਂ ਤੇ ਝੋਟੇ ਦੀ ਭੇਟਾ ਚੜ੍ਹਾਉਣ ਵਾਲੀਆਂ ਗੱਲਾਂ ਗੁਰਮਤਿ ਆਸ਼ੇ ਦੇ ਅਨੁਕੂਲ ਨਹੀਂ ਹਨ। ਅੰਮ੍ਰਿਤ ਧਾਰੀ ਕੋਈ ਵੀ ਸਿੰਘ ਐਸਾ ਨਹੀਂ ਕਰ ਸਕਦਾ, ਨਾ ਹੀ ਅੱਜ ਕੱਲ੍ਹ ਕੋਈ ਕਰਦਾ ਹੈ। ਇਹ ਬ੍ਰਹਮਣੀ ਰੀਤੀ ਹੈ। ਪਿੱਛੇ ਕਈ ਜਗ੍ਹਾ ਆ ਚੁੱਕਾ ਹੈ ਕਿ ਸਿੰਘ ਬਿਪਤਾ ਪਈ ਤੋਂ ਕਲਗੀਧਰ ਅੱਗੇ ਨਿੰਮ੍ਰਤਾ ਨਾਲ ਅਰਦਾਸ ਕਰਦੇ ਸਨ।

ਚੰਡੀ ਕੀ ਵਾਰ ਪਢੈਂ ਸਰਦਾਰ,
ਸੁ ਆਹੁਤੀ[1] ਪਾਵਹਿਂ ਮੋਦ ਬਢਾਈ।
ਛਾਂਗ ਘਨੇ ਮਹਿਖਾ ਕਿਯ ਭੇਟ[1],
ਪੁਨਾ ਮਿਲ ਕੈ ਅਰਦਾਸ ਕਰਾਈ।
ਹੋਵਹਿਗੀ ਅਬਿ ਜੀਤ ਚਢੋ ਸਭਿ,
ਯੌਂ ਕਹਿ ਕੈ ਵਡ ਦੁੰਦਭਿ ਵਾਈ[1] ॥੫੫॥

[1]ਅਹੂਤੀ।

[1]ਬਹੁਤੇ ਬੱਕਰੇ ਤੇ (ਇਕ) ਝੋਟਾ ਭੇਟਾ ਕੀਤਾ।

[1]ਧੌਂਸੇ ਵਜਾਏ।

ਸਿੰਘ ਚਢੇ ਤਬਿ ਹੀ ਸਭਿ ਸ਼ੀਘਰ,
ਛੇੜਿ ਤੁਰੰਗ ਢੁਕੇ ਤਿਹ ਨੇਰੇ।
ਕਾਬਲੀਏ ਸਤਲੁੱਦਰ ਲਾਂਘਤ[1],
ਦੇਸ ਦੁਆਬ ਮੈਂ ਸਿੰਘਨ ਘੇਰੇ।
ਧਾਇ ਪਰੇ ਤਿਨ ਪੈ ਨਿਸ ਕੋ ਸਿੰਘ,
ਮੇਲ ਦਈ ਹਲਚਾਲ ਵਧੇਰੇ।
ਲੂਟ ਰੁ ਕੂਟ ਘਨੀ ਕਰ ਕੈ ਸਿੰਘ,
ਛੂਟ ਕੈ[1] ਝੱਲ ਧਸੇ ਬਿਨ ਹੇਰੇ[2] ॥੫੬॥

[1]ਸਤਲੁਜ ਦਰਿਆ ਲੰਘਦੇ ਹੀ।

[1]ਹੱਲਾ ਕਰਕੇ। [2]ਜੰਗਲ ਦੇਖ ਕੇ।

ਚਾਰ ਦਿਸਾਨ ਤੈ ਆਨਿ ਅਚਾਨਕ,
ਸਿੰਘ ਪਰੈਂ ਨਿਸ ਕੋ ਕਿਤ[1] ਧਾਈ।
ਲੂਟਰੁ ਕੂਟ ਧਸੈਂ ਬਨ ਮੈਂ,
ਨਹਿਂ ਪੇਸ਼ ਚਲੈ ਤੁਰਕਾਨਹਿਂ ਕਾਈ।
ਰੈਨ ਦਿਨੈ ਗਿਲਜੈਨ ਕੀ ਸੈਨ ਕੋ,
ਚੈਨ ਸੁ ਲੈਨ ਨ ਦੈਨ ਕਦਾਈਂ।
ਨਾਹਿਂ ਡਰੈਂ ਨ ਟਰੈਂ ਕਬਿ ਹੀ ਸਿੰਘ,
ਸੰਮੁਖ ਹੋਇ ਕਰੈਂ ਨ ਲਰਾਈ ॥੫੭॥

[1]ਕਿਸੇ ਪਾਸਿਉਂ।

ਯਾ ਬਿਧਿ ਮਾਰਿ ਹਿਰਾਨ[1] ਕਰੇ, [1]ਦੁਖੀ।
ਗਿਲਜੇ ਪਤਿਸ਼ਾਹਿ ਸਮੇਤ ਅਪਾਰੀ।
ਲੂਟ ਖਜ਼ਾਨਾ ਲਯੋ ਪਤਿਸ਼ਾਹਿ ਕਾ,
ਨਾਹਿਂ ਦਿਵੈਂ ਚਲਣੇ ਸੁ ਅਗਾਰੀ।
ਕਾਬਲ ਤੈ ਫਿਰ ਔਰ ਘਨੋ ਦਲ,
ਬੋਲਿ ਪਠਯੋ ਤਬਿ ਸ਼ਾਹਿ ਵਿਚਾਰੀ।
ਪੇਸ਼ ਨ ਲੇਸ[1] ਚਲੈ ਤੁਰਕੇਸ਼ਹਿਂ, [1]ਥੋੜ੍ਹੇ ਮਾਤਰ ਵੀ।
ਹੋਇ ਦੁਖੀ ਫਿਰ ਐਸ ਉਚਾਰੀ ॥ ੫੮ ॥
ਦੇਸ ਅਹੇ ਇਨ ਕਾ ਨਹਿਂ ਕੋਇ,
ਜੁ ਮਾਰਿ ਉਜਾਰ ਕਰੋਂ ਅਬਿ ਹੀ ਮੈਂ।
ਔਰ ਕਿਲਾ ਨਹਿਂ ਕੋਟ[1] ਕਹੂੰ [1]ਸ਼ਹਿਰ ਦੀ ਕੰਧ।
ਰਜਧਾਨੀ ਸੁਨੀ ਇਨ ਕੀ ਕਬਿ ਹੀ ਮੈਂ।
ਸੰਮੁਖਿ ਹੋਇ ਲਰੈਂ ਕਬਹੂੰ ਨਹਿਂ,
ਦੌਰ ਚਲੈਂ ਲਰ ਹੋਂ ਜਬਿ ਹੀ ਮੈਂ।
ਯੇ ਬਸ ਆਵਤ ਨਾਂਹਿ ਕਿਸੀ ਬਿਧਿ,
ਠਾਨ ਉਪਾਵ ਰਹਯੋ ਸਭਿ ਹੀ ਮੈਂ ॥ ੫੯ ॥
ਬਾਰ ਕਈ ਇਨ ਕੋ ਹਮ ਮਾਰਤ,
ਹਾਰ ਪਰੇ ਯਹਿ ਨਾਂਹਿ ਨਿਖੁਟੈਂ[1]। [1]ਮੁਕਦੇ ਨਹੀਂ।
ਦੇਸਿ ਨਰੇਸ ਬਿਸੇਸ ਸਭੈ[1] ਹਮ [1]ਬਹੁਤੇ ਦੇਸਾਂ ਦੇ ਸਾਰੇਰਾਜਿਆਂ ਨੂੰ।
ਔਰ ਲੁਟੇ, ਹਮ ਕੋ ਯਹਿ ਲੂਟੈਂ।
ਨਾਂਹਿ ਡਰੈਂ ਮਰਨੋ ਲਰਨੋ ਯਹਿ,
ਆਵਤ ਹੈਂ ਹਮ ਪੈ ਕਰਿ ਛੂਟੈਂ।
ਜੀਵਤ ਫੇਰ ਕਬੀ ਨਹਿਂ ਆਵਹਿਂ,
ਜੇ ਅਬਿ ਕੈ ਇਨ ਤੈ ਹਮ ਛੂਟੈਂ ॥ ੬੦ ॥
ਯਾ ਬਿਧਿ, ਪਾਰ ਦਰਯਾਉ ਬਜਾਸ
ਭਯੋ ਪਤਿਸ਼ਾਹਿ, ਅਤੀ ਦੁਖ ਪਾਏ।
ਨਾਹਿਂ ਅਗਾਰੀ ਸਕਯੋ ਫਿਰ ਚਾਲ,
ਥਿਰਯੋ ਨਦਿ ਕੇ ਤਟ[1] ਡੇਰੇ ਲਗਾਏ। [1]ਦਰਿਆ ਦੇ ਕਿਨਾਰੇ।
ਕਾਬਲ ਤੈ ਜਬਿ ਸੈਨ ਘਨੀ,
ਹਿਤ ਮੱਦਦ ਆਇ ਪੁਗੀ[1] ਤਿਸ ਠਾਏ। [1]ਪਹੁੰਚੀ।

ਤੌ ਫਿਰ ਸ਼ਾਹਿ ਅਗਾਰੀ ਚਲਜੋ,
ਪੁਨ ਪੀਛੇ ਚਲੇ ਸਭਿ ਸਿੰਘ ਦਬਾਏ[1] ॥ ੬੧ ॥ — [1]ਦਬਾਉਂਦੇ।

ਦੋਹਰਾ:

ਨਗਰ ਬਟਾਲੇ ਢਿਗ ਭਯੋ,
ਪੁਨਾ ਏਕ ਬਡ ਜੰਗ।
ਮਰੇ ਬਹੁਤ ਗਿਲਜੇ ਤਹਾਂ,
ਕੇਤਿਕ ਸਿੰਘ ਨਿਹੰਗ ॥ ੬੨ ॥

ਚੌਪਈ:

ਯੌਂ ਜਬਿ ਅਹਿਮਦ-ਸ਼ਾਹਿ ਦੁਰਾਨੀ।
ਕਰਿ ਸਿੰਘਨ ਸੋਂ ਜੰਗ ਮਹਾਨੀ।
ਦਏ ਹਟਾਇ ਸਿੰਘ ਸਭਿ ਪਾਛੇ।
ਆਗੇ ਚਲਜੋ ਸ਼ਾਹਿ ਫਿਰ ਆਛੇ ॥ ੬੩ ॥
ਪਾਰ ਨਦੀ ਰਾਵੀ ਤੈ ਭਯੋ।
ਸ਼ਹਿਰ ਲਹੌਰ ਓਰ ਨਹਿਂ ਗਯੋ।
ਚਾਰ ਦਿਸਾ ਤੇ ਲੂਟਰੁ ਮਾਰੈਂ।
ਕਰੇ ਦੁਰਾਨੀ ਅਧਿਕ ਲਚਾਰੈਂ[1] ॥ ੬੪ ॥ — [1](ਸਿੰਘਾਂ ਨੇ) ਬਹੁਤ ਦੁਖੀ ਕੀਤੇ।
ਪਾਰ ਝਨਾਉਂ ਭਯੋ ਸ਼ਹਿ ਜਬਿ ਹੀ।
ਪੀਛਾ ਛੋਰਜੋ ਸਿੰਘਨ ਤਬਿ ਹੀ।
ਜਾਇ ਸ਼ਾਹਿ ਤਬਿ ਕਾਬਲ ਵੀਚੈਂ।
ਹੋਇ ਬਿਮਾਰ ਭਯੋ ਬਸ ਮੀਚੈਂ[1] ॥ ੬੫ ॥ — [1]ਮੌਤ ਦੇ ਵਸ ਭਾਵ ਮਰ ਗਿਆ।
ਦੇਸ ਪੰਜਾਬ ਸਿੰਘਨ ਅਪਨਾਯੋ।
ਜਹਾਂ ਤਹਾਂ ਨਿਜ ਤਹਿਦ[1] ਬੈਠਾਯੋ। — [1]ਦਬਦਬਾ।
ਜਿਤਿਕ ਜ਼ੋਰ ਥਾ ਜਿਸ ਕੇ ਪਾਸੈਂ।
ਤਿਤਿਕ ਮੁਲਕ ਮੱਲਜੋ ਤਿਨ ਖਾਸੈਂ[1] ॥ ੬੬ ॥ — [1]ਆਪ।
ਲਗੇ ਛਕਨ ਕਰਿ ਕੈ ਉਗਰਾਹੀ।
ਸਿੰਘ ਕੋਊ ਕਿਸ ਛੇਰੈ ਨਾਂਹੀਂ।
ਸਿੰਘਨ ਕਾ ਤਬਿ ਹੁਤੋ ਇਕਾਯਤ[1]। — [1]ਇਤਫ਼ਾਕ, ਏਕਾ।
ਯਾਂਹੀ ਤੈ ਨ੍ਰਿਪ ਭਏ ਨਿਹਾਯਤ[1] ॥ ੬੭ ॥ — [1]ਬਹੁਤ ਚੰਗੇ।
ਤਬਿ ਤੈ ਰਾਜ ਸਿੰਘਨ ਕਾ ਭਯੋ।
ਜ਼ੋਰ ਸ਼ੋਰ ਤੁਰਕਨ ਕਾ ਗਯੋ।

ਜੋ ਜੋ ਮਿਸਲ-ਪਤੀ ਤਬਿ ਜਹਿਂ ਜਹਿਂ।
ਬੈਠਜੋ, ਰਾਜ ਦਬਾਯੋ ਤਹਿਂ ਤਹਿਂ ॥੬੮॥
ਯੌਂ ਹੀ[1] ਸਿੰਘ ਭੂਪ ਸਭਿ ਭਏ। [1]ਇਸੇ ਤਰ੍ਹਾਂ ਹੀ।
ਜ਼ੋਰ ਤੇਗ ਕੇ ਜਗ ਮੈਂ ਨਏ[1]। [1]ਨਵੇਂ।
ਕੋਊ ਨ ਕਿਸ ਹੀ ਕਰੈ ਵਿਗਾਰੈਂ।
ਆਪਸ ਮੈਂ ਰਾਖੈਂ ਬਹੁ ਪਜਾਰੈਂ ॥੬੯॥

ਦੋਹਰਾ:

ਹਰਿਦ੍ਵਾਰ ਕਰਨਾਲ ਲੌਂ,
ਹਾਂਸੀ ਔਰ ਹੰਸਾਰ।
ਸਰਸਾ ਔਰ ਫਿਰੋਜ਼ਪੁਰ,
ਸ਼ਹਰ ਬੰਗੁਲਾ[1] ਧਾਰ ॥੭੦॥ [1]ਫਾਜ਼ਲਕੇ ਬੰਗਲੇ ਤੱਕ।
ਪੂਰਬ ਦੱਖਨ ਯਹਿ ਲਖੋ,
ਉੱਤਰ ਦਿਸਾ ਪਹਾਰ।
ਪਸਚਮ ਕੀ ਦਿਸ ਅਟਕ ਲੌਂ,
ਉਤ ਮੁਲਤਾਨ ਉਰਾਰ ॥੭੧॥
ਭਯੋ ਰਾਜ ਤਬਿ ਪੰਥ ਕਾ,
ਏਤਿਕ ਦੇਸ ਮਝਾਰ।
ਦਿੱਲੀ-ਪਤਿ ਅਰ ਕਾਬਲੀ,
ਗਏ ਤੁਰਕ ਸਭਿ ਹਾਰ ॥੭੨॥
ਸਾਲ ਅਠਾਰਾਂ ਸੈ ਹੁਤੋ,
ਊਪਰ ਬਾਈ ਔਰ।
ਗਾਥ ਭਈ ਯਹਿ ਤਬਿ ਸਭੀ,
ਭਯੋ ਧਜਾਇ ਇਤਿ ਗੌਰ[1] ॥੭੩॥ [1]ਚੰਗੀ ਤਰ੍ਹਾਂ ਪੂਰਾ ਹੋਇਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ ਸ਼ਾਹਿ ਦੁਰਾਨੀ ਕਾ ਆਵਨ, ਪਟਲੇਸ ਕੋਰਾਜ ਖ਼ਿਤਾਬ ਪਾਵਨ, ਮੁਲਕ ਦਬਾਵਨੰ, ਪ੍ਰਸੰਗ ਬਰਨਨੰ ਨਾਮ ਛਤਾਲੀਸਮੋਂ ਬਿਸ੍ਰਾਮ ॥੪੬॥

੪੭. {ਮਹਾਰਾਜਾ ਪਟਿਆਲਾ ਅਤੇ ਬਘੇਲ ਸਿੰਘ ਦਾ ਜੰਗ}

ਦੋਹਰਾ:

ਅਜਰ ਅਮਰ ਪਦ ਪਾਇ ਕਰ,
ਅਮਰ ਹੋਤ ਨਰ ਸੋਇ[1]।

[1](ਅਰਥ ਦੂਜੀ ਤੁਕ ਤੋਂ ਚੱਲੇਗਾ) ਜਿਹੜਾ ਆਦਮੀ (ਅਮਰ) ਪ੍ਰਮੇਸ਼ਰ ਰੂਪ ਸ੍ਰੀ ਗੁਰੂ ਅਮਰਦਾਸ ਜੀ ਦਾ (ਅਮਰ) ਹੁਕਮ ਹਿਰਦੇ ਵਿੱਚ ਧਾਰੇਗਾ ਉਹ (ਅਜਰ) ਕੱਟਣ ਤੋਂ ਰਹਿਤ ਤੇ (ਅਮਰ) ਮਰਨ ਤੋਂ ਰਹਿਤ ਪਦਵੀ ਪਾ ਕੇ (ਅਮਰ) ਮੁਕਤ ਹੋ ਜਾਵੇਗਾ।

ਅਮਰ ਸ੍ਰੀ ਗੁਰੁ ਅਮਰ ਕਾ,
ਅਮਰ ਧਰੈ ਉਰ ਜੋਇ[1] ॥੧॥

[1](ਅਰਥ ਦੂਜੀ ਤੁਕ ਤੋਂ ਚੱਲੇਗਾ) ਜਿਹੜਾ ਆਦਮੀ (ਅਮਰ) ਪ੍ਰਮੇਸ਼ਰ ਰੂਪ ਸ੍ਰੀ ਗੁਰੂ ਅਮਰਦਾਸ ਜੀ ਦਾ (ਅਮਰ) ਹੁਕਮ ਹਿਰਦੇ ਵਿੱਚ ਧਾਰੇਗਾ ਉਹ (ਅਜਰ) ਕੱਟਣ ਤੋਂ ਰਹਿਤ ਤੇ (ਅਮਰ) ਮਰਨ ਤੋਂ ਰਹਿਤ ਪਦਵੀ ਪਾ ਕੇ (ਅਮਰ) ਮੁਕਤ ਹੋ ਜਾਵੇਗਾ।

ਜਾਇ ਜੈਸ ਪਟਲੇਸ ਸੋਂ,
ਕਰ ਹੈਂ ਜੰਗ ਮਝੈਲ।
ਇਸ ਅਧਜਾਇ ਮੈ ਕਥਾ ਹ੍ਵੈ,
ਇਤਜਾਦਿਕ ਬਹੁ ਛੈਲ[1] ॥੨॥

[1]ਸੁੰਦਰ।

ਸ੍ਵੈਯਾ:

ਰਾਜ ਭਯੋ ਜਬਿ ਸਿੰਘਨ ਕਾ,
ਸਭਿ ਦੇਸ ਵਿਖੈ ਵਡ ਆਨੰਦ ਛਾਯੋ[1]।

[1]ਭਰ ਗਿਆ।

ਬਾਂਛਤ ਮੇਘ ਘਨੇ ਬਰਸੈਂ ਜਲ,
ਬਜਾਰ ਬਹੈ ਤਿਰਧਾ ਸੁਖ ਦਾਯੋ[1]।

[1]ਤਿੰਨ ਤਰ੍ਹਾਂ ਦੀ (ਠੰਢੀ, ਸੁਗੰਧੀ ਵਾਲੀ ਤੇ ਹੌਲੀ-ਹੌਲੀ ਚੱਲਣ ਵਾਲੀ) ਸੁਖ ਦੇਣ ਵਾਲੀ (ਬਜਾਰ) ਹਵਾ ਵਗਦੀ ਹੈ।

ਫੂਲ ਰਹੇ ਫਲ ਫੂਲਨ ਸੋਂ ਤਰੁ[1],

[1]ਦਰੱਖ਼ਤ।

ਦੇਵਤ ਅੰਨ ਕ੍ਰਿਖੀ[1] ਮਨ ਭਾਯੋ।

[1]ਖੇਤੀ।

ਸਾਤਹੁਂ ਈਤਰੁ ਭੀਤ ਕੀ ਭੀਤ ਤੈ,
ਹੋਇ ਨਿਚੀਤ ਰਹੇ ਸਭਿ ਭਾਯੋ[1] ॥੩॥

[1]ਸੱਤਾਂ ਈਤਾਂ ਦੇ (ਭੀਤ) ਡਰ ਦੇ (ਭੀਤ) ਕਾਂਬੇ ਤੋਂ ਸਾਰੇ ਸਭ ਤਰ੍ਹਾਂ ਕਰ ਕੇ (ਨਿਚੀਤ) ਬੇ-ਫ਼ਿਕਰ ਹੋ ਰਹੇ। (ਸੱਤ ਈਤਾਂ- ਖੇਤੀ ਨੂੰ ਨੁਕਸਾਨ ਪੁਜਾਣ ਵਾਲੇ ਸੱਤ ਵਿਘਨ:- ੧. ਬਹੁਤਾ ਮੀਂਹ। ੨. ਮੀਂਹ ਦਾ ਨਾ ਪੈਣਾ। ੩. ਚੂਹਿਆਂ ਦੀ ਅਧਿਕਤਾ। ੪. ਟਿੱਡੀ (ਆਹਣ-ਸ਼ਲਭ) ਤੋਤੇ ਚਿੜੀਆਂ ਆਦਿਕ ਜੀਵਾਂ ਦਾ ਜ਼ਿਆਦਾ ਹੋਣਾ। ੫. ਗੜੇ। ੬. ਦੁਸ਼ਮਣ ਦੀ ਫੌਜ ਦਾ

ਖੇਤੀਆਂ ਵਿੱਚ ਦੀ ਲੰਘਣਾ। ੨. ਤੇਲਾ ਕੁੰਗੀ ਆਦਿਕ।)

ਭੋਗ[1] ਰੁ ਜੋਗੁ ਹਰੀ-ਭਗਤੀ,
[1]ਪਦਾਰਥ।

ਜਗ ਜੁਥ ਬਢੇ[1], ਸਭਿ ਰੋਗ ਨਸਾਏ।
[1]ਯੱਗਜ ਆਦਿਕ ਬਹੁਤ ਵਧ ਗਏ।

ਦਾਰਦ[1] ਦੂਰ ਭਯੋ ਜਗ ਤੈ,
[1]ਗ਼ਰੀਬੀ।

ਸਭਿ ਕੇ ਘਰ ਚਾਰ ਪਦਾਰਥ ਛਾਏ[1]।
[1]ਚਾਰ ਪਦਾਰਥਾਂ ਨਾਲ ਸਾਰਿਆਂ ਦੇ ਘਰ ਭਰ ਗਏ।

ਦੇਵਲ[1] ਔ ਗੁਰੁਦ੍ਵਾਰ ਬਢੇ ਜਗ,
[1]ਦੇਵਤਿਆਂ ਦੇ ਮੰਦਰ।

ਬਾਂਗ ਨਿਵਾਜ ਨ ਹੋਵਨ ਪਾਏ।
ਮਾਨਹੁਂ ਆਨਿ ਤਬੈ ਵਰਤਜੋ,
ਕਲਿ ਮੈਂ ਸਤਿਜੁੱਗ ਮਹਾਂ ਮੁਦ ਦਾਏ[1] ॥੪॥
[1]ਬਹੁਤ ਅਨੰਦ ਦੇਣ ਵਾਲਾ।

ਸਿੰਘ ਹੁਤੇ ਸਭਿ ਹੀ ਤਬਿ ਹੀ,
ਜਪੀਏ ਤਪੀਏ ਜਤ ਔ ਸਤ-ਵਾਰੇ।
ਬੀਰ ਬਿਸਾਲੁ ਦਿਆਲੁ ਵਡੇ,
ਦਿਲ ਕੇ ਸੁਚ ਸਾਫ ਰੁ ਭੋਲੇ ਭੰਡਾਰੇ[1]।
[1]ਬਹੁਤੇ ਭੋਲੇ।

ਰੱਯਤ ਦੇਤ ਜਿਤੋ ਖੁਸ਼ ਹ੍ਵੈ ਕਨ[1],
[1]ਅੰਨ ਦੇ ਰੂਪ ਵਿੱਚ ਮਾਮਲਾ।

ਲੇਤ ਤਿਤੋ ਸੁਖ ਸੋਂ ਮੁਦ ਧਾਰੇ।
ਵੀਚ ਪੰਜਾਬ ਉਤੈ ਦਿਹਲੀ ਤਕ,
ਪੰਥ ਕਾ ਰਾਜ ਭਯੋ ਤਬਿ ਸਾਰੇ ॥੫॥

ਕਬਿੱਤ:

ਭੂਪ ਪਟਲੇਸ ਪਾਇ ਰਾਜਗੀ ਖਤਾਬ ਵੇਸ[1],
[1]ਚੰਗਾ।

ਦਾਬਨੇ ਬਿਸੇਸ ਦੇਸ ਲਾਗਜੋ ਫਿਰ ਔਰ ਹੈ।
ਹੁਤੋ ਰਾਜ ਛੈਲ[1] ਜੋ ਮਝੈਲਨ ਕਾ ਖਾਦਰ ਮੈਂ[2],
[1]ਸੁੰਦਰ। [2]ਦਰਿਆ ਦੇ ਕਿਨਾਰੇ। (ਅ) ਪਹਾੜ ਦੇ ਨਾਲ ਲਗਵੇਂ ਇਲਾਕੇ ਵਿੱਚ।

ਬਾਂਗਰ[1] ਔ ਮੈਣ-ਦਾਬ[2] ਤਰਫ ਪੰਜੌਰ[3] ਹੈ।
[1]ਕਰਨਾਲ ਤੇ ਕੈਂਥਲ ਦੇ ਇਰਦ-ਗਿਰਦ ਦਾ ਦੇਸ। [2]ਘੱਘਰ ਤੇ ਜਮਨਾਂ ਦੇ ਵਿਚਕਾਰ ਦਾ ਦੇਸ। [3]ਸ਼ਹਿਰ ਦਾ ਨਾਮ।

ਰਹੇ ਸਮਝਾਇ ਸੋ ਮਝੈਲ ਬਹੁ ਭਾਇ ਤਾਂਹਿ,
ਮਾਨੀ ਜਬਿ ਨਾਹਿਂ ਨ੍ਰਿਪ ਭਯੋ ਤਬਿ ਰੌਰ ਹੈ।
ਮਿਸਲ ਕਰੋੜੀਆਂ ਮੈਂ ਹੁਤੋ ਜੋ ਬਘੇਲ ਸਿੰਘ,
ਬੀਰ ਕਰ ਬਾਂਕੁਰੋ ਬਿਦਿਤ ਜਗ ਗੌਰ ਹੈ[1] ॥੬॥
[1]ਬਹੁਤਾ ਮਸ਼ਹੂਰ ਹੈ।

ਤਾਂਹਿ ਕੀ ਮਿਸਲ ਮਾਂਹਿ ਹੁਤੇ ਜੋਊ ਸਿੰਘ ਆਹਿ,
ਤਿਨ ਕੇ ਭੀ ਗਾਉਂ ਜਬਿ ਬਹੁਤ ਦਬਾਏ ਹੈਂ।
ਲਾਲੜੂ ਬਹੂਨੀ ਮੁੱਲਾਂਪੁਰ ਲੌ ਅਨੇਕ ਪਿੰਡ,

ਔਰ ਮਨੀ-ਮਾਜਰੇ ਕੇ ਛੀਨੇ[1] ਮਨ ਭਾਏ ਹੈਂ। — [1]ਖੋਹ ਲਏ।
ਖਾਇ ਤਬਿ ਤਮਕ[1] ਚਮਕ ਕੈ ਬਘੇਲ ਸਿੰਘ, — [1]ਗੁੱਸੇ ਨਾਲ।
ਅਧਿਕ ਮਝੈਲ ਨਿਜ ਸੰਗ ਮੈਂ ਮਿਲਾਏ ਹੈਂ।
ਦੁੰਦਭੀ[1] ਬਜਾਇ ਦਲ ਅਧਿਕ ਸਜਾਇ, — [1]ਧੌਂਸੇ।
ਆਇ ਨ੍ਰਿਪ ਕੇ ਦਬਾਇ ਗਾਂਉ, ਆਪਨੇ ਛੁਡਾਏ ਹੈਂ ॥੭॥
ਢੁਕੇ ਢਿਗ ਜਾਇ ਪਟਜਾਲੇ ਕੇ ਮਝੈਲ ਜਬਿ,
ਸੁਨ ਕੈ ਅਮਰ ਸਿੰਘ ਭੂਪ ਖੁਨਸਾਇ ਕੈ[1]। — [1]ਖਿਝ ਕੇ।
ਕਹ੍ਯੋ ਕਹਾਂ ਭਯੋ ਜੋ ਮਝੈਲ ਚਢਿ ਆਏ ਸਭਿ,
ਔਰ ਦਸ ਗੁਨ ਕਯੋਂ ਨ ਆਵੈਂ ਬਲ ਲਾਇ ਕੈ।
ਹੋਇਗੀ ਚਢਾਈ ਜਬਿ ਭਾਈ ਮਲਵੱਯਨ ਕੀ,
ਬਿਨ ਹੀ ਲਰਾਈ ਇਨੈ ਮਾਰ ਹੈਂ ਦਬਾਇ ਕੈ।
ਮਾਰ ਕਰਿ ਪਾਰ ਸਤਲੁਜ ਤੈ ਉਤਾਰ ਫਿਰ,
ਦੇਸ ਇਨ ਕੇਰ ਸਾਰ[1] ਲੈਹੈਂ ਅਪਨਾਇ ਕੈ ॥੮॥ — [1]ਸਾਰਾ।
ਬੋਲਿ ਸਰਦਾਰ ਨਿਜ ਕਹ੍ਯੋ ਯੌਂ ਉਚਾਰ ਨ੍ਰਿਪ,
ਹੂਜੀਏ ਤਯਾਰ ਬਾਰ[1] ਜਰਾ[2] ਨਾ ਕਰੀਜੀਏ। — [1]ਦੇਰੀ। [2]ਥੋੜ੍ਹੀ ਜਿਹੀ ਵੀ।
ਆਏ ਜੋ ਮਝੈਲ ਚਢਿ ਬਢਿ ਕਰਿ ਹਮਹੂੰ ਪੈ,
ਇਨ ਕਾ ਉਤਾਰਿ ਮਦ[1] ਪਾਰ ਨਦਿ[2] ਕੀਜੀਏ। — [1]ਹੰਕਾਰ। [2]ਦਰਿਆ।
ਪੁਨ ਪਟਲੇਸ ਦੇਸ ਦੇਸ ਮੈਂ, ਬਿਸੇਸ[1] — [1]ਬਹੁਤੇ।
ਹਲਕਾਰੇ[1] ਔ ਮੁਰਾਸਲੇ[2] ਪਠਾਏ, ਲਖ ਲੀਜੀਏ[3]। — [1]ਸੁਨੇਹੇ ਪੁਚਾਉਣ ਵਾਲੇ। [2]ਚਿੱਠੀਆਂ। [3]ਜਾਣੋ ਲਵੋ।
ਆਪਨੇ ਜੋ ਮੇਲ ਕੇ ਥੇ, ਜੇਲ ਕੇ[1] ਰਈਸ ਸਭਿ, — [1]ਪ੍ਰੇਰ ਕੇ।
ਲਏ ਬੁਲਵਾਇ ਯੁਤ ਰਯਤ ਲਖੀਜੀਏ[1] ॥੯॥ — [1]ਜਾਣ ਲਉ।
ਆਏ ਰਾਇਕੋਟੀਏ ਮਲੇਰੀਏ ਸੁ ਫੂਲ ਬੰਸ,
ਭਾਈ ਕੇ[1] ਮਰਾਝੀਏ ਬਿਰਾਰ ਆਏ ਸਾਰ[2] ਹੈਂ। — [1]ਭਾਈ ਭਗਤੂ ਦੀ ਵੰਸ਼ ਦੇ। [2]ਸਾਰੇ ਬਰਾੜ।
ਗਰੇਵਾਲ ਗਿੱਲ ਮੌੜ ਕਾਲੇ ਕੇ ਅਏ ਹੈਂ ਮਿੱਲਿ,
ਔਰ ਮਾਨਸ਼ਾਹੀਏ[1] ਤੈ ਸਾਬੋ ਕੇ ਅਪਾਰ ਹੈਂ। — [1]ਗੋਤ੍ਰ।
ਔਰ ਏਕ ਹੁਤੋ ਪਟਲੇਸ ਕੋ ਬਿਸੇਸ ਮੀਤ,
ਨਾਹਣ ਨਰੇਸ ਆਯੋ ਚਢ ਧੌਂਸ ਮਾਰ ਹੈ।
ਆਏ ਸਿੰਘਪੁਰੀਏ ਬੁਲਾਏ ਦੇਰ ਲਾਈ ਨਾਹਿਂ,
ਭਯੋ ਤਬਿ ਕੱਠ ਸਭਿ ਸੱਠਕ ਹਜ਼ਾਰ ਹੈ ॥੧੦॥

ਪੇਖ ਭੂਪ ਭਯੋ ਖੁਸ਼ਿ ਜਾਨਜੋ ਅਬਿ ਜੀਤ ਥੈਹੈ[1],	[1]ਹੋਵੇਗੀ।
ਜਾਂਹਿਗੇ ਦਬੈਲ ਧੇ ਮਝੈਲ ਦਹਿਲਾਇ ਕੈ[1]।	[1]ਮਝੈਲ ਡਰ ਕੇ (ਦਬੈਲ) ਦਬ ਜਾਣਗੇ।
ਤੀਨ ਸੇਰ ਚੂਨ ਚੀਨੀ[1] ਏਕ ਪਾਉ ਘੀਉ ਸੰਗ,	[1]ਆਟਾ ਤੇ ਖੰਡ।
ਸਭ ਹੀ ਕੋ ਦਈ ਯਹਿਰਸਦ ਲਗਾਇ ਕੈ।	
ਫੌਜ ਕਰੀ ਤਜਾਰ ਦਾਰੂ ਸਿੱਕਾ ਦੈ ਅਪਾਰ,	
ਤਾਰ ਤਲਬ ਛਿਮਾਹੀ ਦਈ ਭੂਪ ਮੋਦ ਪਾਇ ਕੈ[1]।	[1]ਰਾਜੇ ਨੇ ਖ਼ੁਸ਼ ਹੋ ਕੇ ਛੇ ਮਹੀਨਿਆਂ ਦੀ (ਪੇਸ਼ਗੀ) ਤਨਖ਼ਾਹ ਦੇ ਦਿੱਤੀ।
ਫੇਰ ਲੈ ਨਜ਼ਰ[1] ਸੈਨ ਬਾਹਰ ਉਤਾਰ ਦਈ,	[1]ਦਰਸ਼ਨੀ ਭੇਟਾ।
ਤੋਪ ਔ ਜੰਬੂਰੇ[1] ਕੱਢੇ ਬਾਹਰ ਬਨਾਇ ਕੈ ॥੧੧॥	[1]ਛੋਟੀਆਂ ਤੋਪਾਂ।
ਦੋਹਰਾ:	
ਨ੍ਰਿਪ ਢਿਗ ਬਾਤਾਂ ਕਰੈਂ ਮਿਲਿ,	
ਇਮ ਮਲਵਈ ਸ੍ਰਦਾਰ।	
ਤੁੱਛ ਬਾਤ ਪਰ ਚਢ ਅਏ,	
ਪਿਖੋ ਮਝੈਲ ਖੂਾਰ[1] ॥੧੨॥	[1]ਦੇਖੋ ਬੇਕਦਰੇ ਮਝੈਲ ਮਾਮੂਲੀ ਜਿਹੀ ਗਲ ਤੋਂ ਚੜ੍ਹਾਈ ਕਰ ਕੇ ਆ ਗਏ।
ਕਈ ਬਾਰ ਯਹਿ ਮਾਰ ਕਰਿ,	
ਤੁਰਕਨ ਕਰਿ ਕਰਿ ਖੂਾਰ[1]।	[1]ਬੇ-ਇਜ਼ਤ ਕਰਕੇ।
ਮਦਰ ਦੇਸ ਤੈ[1] ਦੂਖ ਦੈ,	[1]ਮਾਝੇ ਦੇਸ ਤੋਂ।
ਦਏ ਮਝੈਲ ਨਿਕਾਰ ॥੧੩॥	
ਪਾਧਰੀ ਛੰਦ:	
ਤਬਿ ਦੇਸ ਮਾਲਵੇ ਆਇ ਆਇ।	
ਯਹਿ ਗਏ ਰੋਟੀਆਂ ਖਾਇ ਖਾਇ।	
ਦਿਨ ਕੱਟ ਕੱਟ ਇਮ ਕਈ ਬਾਰ।	
ਫਿਰ ਦੇਸ ਆਪਨੇ ਗਏ ਸਾਰ[1] ॥੧੪॥	[1]ਸਾਰੇ।
ਯਹਿ ਲੋਗ ਜਿਤਿਕ ਮਲਵਈ ਠੀਕ।	
ਗੁਰੁ ਭਾਈ ਇਨ ਕੋ ਜਾਨ ਨੀਕ।	
ਬਹੁ ਸੇਵਾ ਇਨ ਕੀ ਰਹੇ ਕਰਤ।	
ਮਨ ਤਨ ਧਨ ਤੇ ਨਹਿਂ ਫਰਕ ਧਰਤ ॥੧੫॥	
ਮਨ ਖੋਟੇ ਅਧਿਕ ਮਝੈਲ ਏਹੁ।	
ਨਹਿਂ ਬਿਨਾ ਬਿਗਾਰੇ ਗਏ ਕੇਹੁ[1]।	[1]ਕਦੇ ਵੀ।

ਫਿਰ ਜਬਿ ਜਬਿ ਇਨ ਕੋ ਪਰਜੋ ਵਖਤ[1]। — [1]ਬਿਪਤਾ ਦਾ ਸਮਾਂ।
ਕਟਵਾਯੋ ਮਲਵੱਈਆਨ ਸਖਤ[1] ॥੧੬॥ — [1]ਔਖਾ।
ਨਹਿਂ ਪੇਖਯੋ ਇਨ ਕੇ ਦੋਸ਼ ਓਰ।
ਪੁਨ ਕਰੀ ਪਾਲਣਾ ਲਾਇ ਜੋਰ।
ਹਮ ਇਨੈਂ ਬਡਾਈ ਰਖਨ ਹੇਤ।
ਬਹੁ ਖੇਸ ਲੁੰਙੀਆਂ[1] ਰਹੇ ਦੇਤ ॥੧੭॥ — [1]ਇਕ ਤਰ੍ਹਾਂ ਦੀਆਂ ਧਾਰੀਦਾਰ ਚਾਦਰਾਂ।
ਇਨ ਮਾਨਯੋ ਜਰਾ ਅਸਾਨ ਨਾਂਹਿ।
ਉਲਟਾ ਚਢ ਆਏ ਲਰਨ ਚਾਂਹਿ[1]। — [1]ਲੜਨ ਦੀ ਇੱਛਾ ਨਾਲ।
ਯਹਿ ਠੀਕ ਮਿਸਲ[1] ਜਗ ਮਸ਼ਾਹੂਰ। — [1]ਦ੍ਰਿਸ਼ਟਾਂਤ, ਉਦਾਹਰਣ।
ਸਭਿ ਕਹਤ ਸਜਾਨੇ ਲੋਗ ਭੂਰ[1] ॥੧੮॥ — [1]ਬਹੁਤੇ।
ਮੈਂ ਅੰਦਰ ਵੜਯੋ ਲਾਜ ਮਰਤ।
ਨਕਟੇ ਨੈ ਜਾਨਯੋਂ ਮੁਝੋਂ ਡਰਤ।
ਯਹਿ ਬਾਤ ਮਲੈਝਨ ਕੇਰ ਠੀਕ।
ਹਮ ਪਿਖੀ ਨੈਨ ਅਜ਼ਮਾਇ ਨੀਕ ॥੧੯॥

ਸੋਰਠਾ:

ਠੀਕ ਸੁਨੀ ਯਹਿ ਬਾਤ,
ਮੀਤ ਮਝੈਲ ਨ ਕਿਸੀ ਕੇ।
ਮੁਖਿ ਨਿਵਾਤ ਮਨਿ ਕਾਂਤਿ[1], — [1]ਮੂੰਹ 'ਚ (ਨਿਵਾਤ) ਮਿਸ਼ਰੀ ਤੇ ਮਨ 'ਚ ਛੁਰੀ ਹੈ ਭਾਵ ਮੂੰਹੋਂ ਮਿੱਠੇ ਤੇ ਅੰਦਰੋਂ ਖੋਟੇ ਹਨ।
ਦਗਾ ਬਾਪ ਸੋਂ ਕਰਤ ਹੈਂ ॥੨੦॥
ਦਲ ਅਬਿ ਹਮਰਾ ਜਾਇ,
ਮਾਰ ਖ੍ਵਾਰ ਕਰ ਇਨਹੁ ਕੋ।
ਸਤਲੁਜ ਪਾਰ ਲੰਘਾਇ,
ਰਾਜ ਕਰਹਿਂ ਮਨ ਇੱਛ ਫਿਰ ॥੨੧॥

ਪਾਧਰੀ ਛੰਦ:

ਇਤ ਸੁਨੋ ਮਝੈਲਨ ਕੇਰ ਔਰ।
ਵਹਿ ਉਤਰ ਰਹੇ ਥੇ ਢਿਗ ਘਨੌਰ[1]। — [1]ਪਿੰਡ।
ਇਕ ਦੁਲਚਾ ਸਿੰਘ ਥਾ ਮਿਸਲਦਾਰ।
ਤਿਨ ਕਹਯੋ ਮੇਲ ਹੀ ਕਰਨ ਸਾਰ[1] ॥੨੨॥ — [1]ਚੰਗਾ ਹੈ।
ਫਿਰ ਹੈਂ ਹਮ ਅਰ ਯਹਿ ਏਕ ਰੂਪ।

ਗੁਰੁ ਭਾਈ ਗੁਰ ਕੇ ਸਿੱਖ ਖੂਪ[1]।	[1]ਚੰਗੇ।
ਯਹਿ ਜੰਗ ਜੂਪ ਕੀ[1] ਖੇਲ ਮੀਤ।	[1]ਜੂਏ ਦੀ।
ਕਜਾ ਜਾਨਹਿਂ ਕਿਸ ਕੀ ਹੋਇ ਜੀਤ ॥੨੩॥	
ਬਹੁ ਤੋਪ ਜੰਬੂਰੇ[1] ਭੂਪ ਪਾਸ।	[1]ਛੋਟੀਆਂ ਤੋਪਾਂ।
ਸਭਿ ਭਾਂਤਿ ਜ਼ਖੀਰੇ[1] ਭਰੇ ਖਾਸ[2]।	[1]ਅੰਨ ਦੇ ਭੰਡਾਰੇ। [2]ਬਹੁਤੇ।
ਨਹਿਂ ਅਪਨੇ ਦਲ ਢਿਗ ਅੰਨ ਸਾਰ[1]।	[1]ਚੰਗਾ।
ਨਿਤ ਖਾਵਤ ਹੈਂ ਕਰਿ ਲੂਟ ਮਾਰ ॥੨੪॥	
ਪੁਨ ਹਮ ਤੈ ਚੌਗੁਨ ਭੂਪ ਓਰ।	
ਹੈ ਸੈਨ ਇਕੱਠੀ ਭਈ ਜੋਰ।	
ਸੁਨਿ ਦੁਲਚਾ ਸਿੰਘ ਤੈ ਐਸ ਭਾਂਤਿ।	
ਬਾਘੇਲ ਸਿੰਘ ਫਿਰ ਕਹੀ ਬਾਤ ॥੨੫॥	
ਯਹਿ ਬਿਨਾ ਹਮਾਰੇ ਪਿਖੇ ਹਾਥ।	
ਕਬਿ ਮਾਨਤ ਭੂਪ ਪ੍ਰੇਮ ਸਾਥ।	
ਪੁਨ ਮਾਮਾ ਆਖੇ ਕਹੇ ਕੌਨ।	
ਹੈ ਦੇਤ ਖਖੜੀਆਂ ਆਹਿ ਜੌਨ[1] ॥੨੬॥	[1]ਜਿਹੜਾ ਖੱਖੜੀਆਂ ਵਾਲਾ ਹੈ ਉਹ ਮਾਮਾ ਆਖਣ (ਕਹਿਣ) ਨਾਲ ਕੌਣ ਖਖੜੀਆਂ ਦੇਂਦਾ ਹੈ। ਭਾਵ ਨਰਮਈ ਨਾਲ ਕੰਮ ਨਹੀਂ ਸਰਨਾ।
ਅਬਿ ਦੁਲਚਾ ਸਿੰਘ ਤੁਮ ਦੇਰ ਛੋਰਿ।	
ਨਿਜ ਡੇਰਾ ਆਗੇ ਦੇਹੁ ਤੋਰ।	
ਜਿਮ ਅਮਰ ਸਿੰਘ ਧਰਿ ਅਤਿ ਕਰੋਧ।	
ਚਢਿ ਆਵੈ ਹਮ ਤਿਸ ਲੈਂਹ ਸੋਧ ॥੨੭॥	
ਸੁਨਿ ਚੈਨ ਸਿੰਘ ਨ੍ਰਿਪ ਕੇ ਵਕੀਲ।	
ਲਿਖ ਪਠਜੋ ਨ੍ਰਿਪ ਪੈ ਬਿਨਾ ਢੀਲ।	
ਤੁਮ ਮੇਲ ਪੰਥ ਸੋਂ ਲੇਹੁ ਧਾਰ[1]।	[1]ਕਰ ਲਵੋ।
ਹਮ ਲੇਵਹਿਂਗੇ ਸਭਿ ਕਾਜ ਸਾਰ[1] ॥੨੮॥	[1]ਕੰਮ ਕਰ ਲਵਾਂਗੇ।
ਮਤੁ ਪੇਖੋ ਹੈ ਲਘੁ ਇਨੈ ਸੈਨ[1]।	[1]ਇਹ ਨਾ ਜਾਣੋ ਇਹਨਾਂ ਦੀ ਥੋੜ੍ਹੀ ਫੌਜ ਹੈ।
ਯਹਿ ਬੁਰੇ ਕਟੈਲੇ[1] ਸਿੰਘ ਹੈਨ।	[1]ਕੱਟਣ ਵਾਲੇ।
ਯਹਿ ਲਖੋ ਡੂੰਮਣੇ ਸਭਿ ਮਖੀਰ[1]।	[1]ਮਖਿਆਲ ਦੇ ਡੂੰਮਣੇ।
ਨਹਿਂ ਛਿੜੇ ਲੈਣ ਫਿਰ ਦੈਂਹ ਧੀਰ ॥੨੯॥	
ਪੁਨ ਸਿੰਘ ਮਝੈਲਨ ਕਾ ਸੁਭਾਵ।	

ਹੈ ਸ੍ਵਾਨ ਕਪਿਨ ਸਮ ਲਿਹੁ ਲਖਾਵ[1]।
[1]ਜਾਣ ਲਵੋ ਕੁੱਤਿਆਂ ਤੇ ਬਾਂਦਰਾਂ ਵਰਗਾ ਸੁਭਾਵ ਹੈ।
ਪੁਚਕਾਰੇ ਆਵਤ ਭਲੇ ਦਾਉ[1]।
[1]ਇਹ ਵਡਿਆਏ ਹੋਏ ਹੀ ਚੰਗੇ ਸੂਤ ਆਉਂਦੇ ਹਨ।
ਡਾਟਨ ਤੈ ਕਰਿ ਹੈਂ ਦੁਗੁਨ ਘਾਉ[1] ॥੩੦॥
[1]ਜ਼ਖ਼ਮ।
ਯਹਿ ਲਰ ਕਰਿ ਹਾਰੈਂ ਕਬੀ ਨਾਂਹਿ।
ਪੁਨ ਮੇਲ ਕਰਨ ਤੈ ਹਾਰ ਜਾਂਹਿ।
ਇਤਯਾਦਿਕ ਬਾਤਾਂ ਜਬਿ ਵਕੀਲ।
ਲਿਖ ਪਠੀ ਨ੍ਰਿਪ ਢਿਗ ਬਿਨਾ ਢੀਲ ॥੩੧॥
ਸੁਨ ਬੋਲ ਉਠੇ ਮਲਵਈ ਐਸ।
ਹਮ ਡਰ ਕਰਿ ਕਰਿਹੈਂ ਮੇਲ ਕੈਸ।
ਯਹਿ ਕਯਾ ਕਰਿ ਹੈਂ ਹਮ ਸੰਗ ਜੰਗ।
ਸਭਿ ਦੌਰ ਜਾਂਹਿਗੇ ਹੋਇ ਤੰਗ ॥੩੨॥
ਹਮ ਦੇਸਵਾਰ[1] ਬਡ ਬਲੀ ਬੀਰ।
[1]ਇਸ ਦੇਸ ਦੇ ਮਾਲਕ।
ਯਹਿ ਹੈਂ ਪਰਦੇਸੀ ਕੌਨ ਕੀਰ[1]।
[1]ਕੰਗਾਲ।
ਜਬਿ ਲਗ ਨਹਿੰ ਹਮਰੇ ਲਗਤ ਹਾਥ।
ਤਬਿ ਲਗ ਕਬਿ ਟਰ ਹੈਂ ਬੋਲ ਸਾਥ[1] ॥੩੩॥
[1]ਗੱਲਾਂ ਨਾਲ।
ਇਤਯਾਦਿਕ ਬਾਤਾਂ ਬਹੁ ਸੁਨਾਇ।
ਨ੍ਰਿਪ ਕੋ ਦਿਯ ਧੀਰਜ ਬਡ ਧਰਾਇ।
ਨਹਿੰ ਚੈਨ ਸਿੰਘ ਕੀ ਏਕ ਬਾਤ।
ਨ੍ਰਿਪ ਧਰੀ ਕਾਨ ਮੈਂ ਕਿਸੀ ਭਾਂਤਿ ॥੩੪॥
ਤਬਿ ਜੰਗ ਹੇਤ ਮਲਵਈ ਜ੍ਵਾਨ।
ਸਭਿ ਭਏ ਤਯਾਰ ਤਜਿ ਦੇਰ ਕਾਂਨ[1]।
[1]ਦੇਰੀ ਤੇ (ਕਾਂਨ) ਕਮਜ਼ੋਰੀ ਛੱਡ ਕੇ।
ਉਤ ਸੁਨੀ ਮਝੈਲਨ ਜਬੈ ਏਹੁ।
ਨਹਿੰ ਮੇਲ ਕਰਤ ਪਟਲੇਸ ਕੇਹੁ[1] ॥੩੫॥
[1]ਕਿਸੇ ਤਰ੍ਹਾਂ ਵੀ।
ਅਰ ਭਯੋ ਪਟਯਾਲੇ ਬਹੁਤ ਕੱਠ।
ਮਲਵੱਯਨ ਕਾ ਅਬਿ ਸਹਸ ਸੱਠ।
ਪੁਨ ਸਭਿ ਸਰਕਾਰਾਂ ਮਿਲੀਂ ਨੀਕ।
ਹਮ ਕੋ ਅਬਿ ਛੋਡੈਂ ਨਾਂਹਿ ਠੀਕ ॥੩੬॥
ਅਰ ਹੈ ਇਨ ਕਾ ਯਹਿ ਸਭੀ ਦੇਸ।
ਹਮ ਕੋ ਅਬਿ ਹਨ ਹੈਂ[1] ਦੈ ਕਲੇਸ।
[1]ਮਾਰ ਦੇਣਗੇ।
ਇਸ ਤੈ ਅਬਿ ਹ੍ਵੈ ਕਰਿ ਹਰਨ ਸਿੰਘ[1]।
[1]ਭਗੌੜੇ ਹੋ ਕੇ।

ਚਲਿ ਮਾਝੇ ਵੜੀਏ ਚਾਇ ਡਿੰਘ[1] ॥੩੭॥ — [1]ਕਦਮ ਚੁੱਕ ਕੇ ਭਾਵ ਤੇਜ਼ ਦੌੜ ਕੇ।
ਯਹਿ ਕਰੀ ਮਝੈਲਨ ਜਬਿ ਸਲਾਹਿ।
ਤਬਿ ਸੁਨਿ ਬਘੇਲ ਸਿੰਘ ਕਹ੍ਯੋ ਵਾਹਿ[1]। — [1]ਉਨ੍ਹਾਂ ਨੂੰ।
ਸਭਿ ਕੋ ਬੁਲਵਾਇ ਦਿਵਾਨ ਲਾਇ।
ਕਰ ਜੋਰਿ ਪੰਥ ਪ੍ਰਤਿ[1] ਕਹ੍ਯੋ ਗਾਇ[2] ॥੩੮॥ — [1]ਤਾਈਂ। [2]ਕਹਿ ਕੇ।

ਸ੍ਵੈਯਾ ਛੰਦ:

ਅਹੋ ਪੰਥ[1] ਤੁਮ ਧੀਰਜ ਰਾਖਹੁ, — [1]ਹੇ ਪੰਥ!
ਏਕ ਦਿਵਸ ਲਗ ਪੇਖਹੁ ਹੋਰ।
ਨਹਿਂ ਯਹਿ ਜਾਨ ਦੈਂਹ ਦੌਰਜਾਂ ਕੋ,
ਏਸ ਦੇਸ ਮੈਂ ਇਨ ਕਾ ਜੋਰ।
ਇਕ ਇਕ ਕੋ ਗਹਿ ਗਹਿ ਕਰਿ ਮਾਰੈਂ,
ਤੁਮ ਕੋ ਯਹਿ ਮਲਵਈ ਬਹੋਰ[1]। — [1]ਫੇਰ।
ਮਦਰ ਦੇਸ[1] ਨਿਜ ਸਿੰਘ ਨਾਮ ਕੋ, — [1]ਮਾਝੇ ਦੇਸ ਨੂੰ।
ਕਯੋਂ ਤੁਮ ਕਰਤ ਕਲੰਕੀ ਜੋਰ[1] ॥੩੯॥ — [1]ਬਦੋ-ਬਦੀ।
ਯਹਿ ਹਮਰੇ ਤੁਮਰੇ ਕਿਯਾ ਆਗੇ,
ਹੈਂ ਮਲਵਈ ਵਿਚਾਰੇ ਢੋਰ[1]। — [1]ਪਸ਼ੂ, ਡੰਗਰ।
ਪੇਖਹੁ ਤੁਮ ਸਤਿਗੁਰੁ ਕੇ ਬਲ ਸੋਂ,
ਹਮ ਅਬਿ ਸਭਿ ਕੋ ਮਾਰਹਿਂ ਫੋਰ[1]। — [1]ਫੌਰਨ, ਛੇਤੀ।
ਤੁਮ ਲਰਨੋ ਮਰਨੋ ਕਯੋਂ ਟਰਨੋ,
ਯਹਿ ਤੁਮਰੀ ਨਿਤ ਕੀ ਹੈ ਖੇਲ।
ਜਿਸ ਦਿਨ ਡਰੈਂ ਮਝੈਲ ਲਰਨ ਤੈ,
ਤਿਸ ਦਿਨ ਸੇਖ ਧਰਾ ਦੈ ਠੇਲ[1] ॥੪੦॥ — [1]ਉਸ ਦਿਨ ਸ਼ੇਸ਼ਨਾਗ ਧਰਤੀ ਨੂੰ (ਆਪਣੇ ਸਿਰ ਤੋਂ) ਸੁੱਟ ਦੇਵੇਗਾ।

ਅਰ ਜੇ ਤੁਮ ਅਬਿ ਦੌਰ ਜਾਹੁਂਗੇ,
ਫਿਰ ਯਹਿ ਫੜ ਜਾਂਵਹਿਂਗੇ ਜੋਰ।
ਮੈਣ-ਦਾਬ ਯਹ ਦੇਸ ਬੇਸ[1] ਸਭਿ, — [1]ਚੰਗਾ।
ਛੂਟ ਜਾਇਗੋ ਤੁਮ ਤੈ ਹੋਰ।
ਤਬਿ ਯਹਿ ਬਾਤ ਬਘੇਲ ਸਿੰਘ ਕੀ,
ਲਈ ਖਾਲਸੇ ਜੀ ਸਭਿ ਮਾਨ।
ਦੁੰਦਭਿ ਦੀਹ[1] ਬਜਾਇ ਚਢੇ ਸਭਿ, — [1]ਵੱਡੇ ਧੌਂਸੇ।

ਹੋਇ ਇਕੱਠੇ ਖੋਲਿ ਨਿਸ਼ਾਨ ॥੪੧॥

ਕਬਿੱਤ:

ਦੁਆਬੀਏ ਮਝੈਲ ਤੇ ਨਕਈ ਸਭਿ ਚਢੇ ਛੈਲ[1] — [1]ਸੁੰਦਰ ਜਵਾਨ।
ਗੈਲ ਲੈ[1] ਬਘੇਲ ਸਿੰਘ ਆਦਿ ਆਏ ਜੋਰ ਕੈ। — [1](ਅਪਣੇ) ਪਿੱਛੇ ਲੈ ਕੇ।
ਧੂਰਿ ਅਸਮਾਨ ਛਾਈ ਸੂਰ ਕੀ ਬਿਲਾਈ ਦੁਤਿ[1], — [1]ਸੂਰਜ ਦੀ ਚਮਕ ਛਪ ਗਈ।
ਚਢੇ ਹੈਂ ਮਝੈਲ ਭਾਈ ਬੀਰ ਜਬਿ ਸ਼ੋਰ ਕੈ[1]। — [1]ਰੌਲਾ ਪਾ ਕੇ।
ਹੇਰਿ ਪਟਲੇਸ ਫੇਰ ਬੋਲ ਸਰਦਾਰ ਸਭਿ,
ਦਏ ਹੈਂ ਚਢਾਇ ਸੰਗ ਸੈਨ ਨਿਜ ਕੋਰ ਕੈ[1]। — [1]ਕਤਾਰਾਂ ਬੰਨ੍ਹ ਕੇ।
ਤੋਪ ਘੁੜਨੈਲ[1] ਦੈ ਜੰਬੂਰੇ[2] ਔ ਜੰਜੈਲ[3] ਬਹੁ, — [1]ਘੁੜਨਾਲਿਕਾ- ਉਹ ਤੋਪ ਜਿਸ ਨੂੰ ਘੋੜੇ ਖਿੱਚ ਕੇ ਲਿਜਾਣ। [2]ਛੋਟੀਆਂ ਤੋਪਾਂ। [3]ਲੰਬੀ ਨਾਲੀ ਦੀਆਂ ਬੰਦੂਕਾਂ।
ਸੰਮੁਖ ਮਝੈਲਨ ਕੇ ਪਠੇ ਹੈਂ ਬਟੋਰ ਕੈ[1] ॥੪੨॥ — [1]ਇਕੱਠੇ ਕਰ ਕੇ ਭੇਜੇ।

ਸ੍ਵੈਯਾ:

ਛੂਟ ਨਿਸ਼ਾਨ ਰਹੇ ਅਸਮਾਨ ਵਿਖੈ
ਬਹੁ, ਤਾਸਨ ਕੇ ਝਲਕੈ ਹੈਂ[1]। — [1]ਤਾਸ ਦੇ ਕਪੜੇ ਦੇ ਬਣੇ ਹੋਏ (ਫਰਰੇ) ਚਮਕ ਰਹੇ ਹਨ। (ਤਾਸ- ਇਕ ਜ਼ਰਬਫ਼ਤ (ਜ਼ਰੀ) ਨਾਲ ਬੁਣਿਆ ਕਪੜਾ ਜਿਸ ਦਾ ਤਾਣਾਰੇਸ਼ਮ ਦਾ ਤੇ ਪੇਟਾ ਜ਼ਰੀ ਦੀਆਂ ਤਾਰਾਂ ਦਾ ਹੁੰਦਾ ਹੈ।
ਦੁੰਦਭਿ ਦੀਹ ਬਜੈਂ ਬਹੁ ਢੋਲ,
ਵਡੀ ਅਸਪੀ[1] ਸ਼ੁਤਰੀ[2] ਗਰਜੈ ਹੈ। — [1]ਘੋੜਿਆਂ ਤੇ ਲੱਦ ਕੇ ਵਜਾਉਣ ਵਾਲੀਆਂ ਵੱਡੀਆਂ ਨੌਬਤਾਂ। [2]ਉਠਾਂ ਤੇ ਬੰਨ੍ਹ ਕੇ ਵਜਾਉਣ ਵਾਲੀਆਂ ਨੌਬਤਾਂ।
ਸੈਨ ਬਨੀ ਚਤੁਰੰਗ ਘਨੀ[1] ਬਹੁ, — [1]ਬਹੁਤੀ ਚਹੁੰ ਅੰਗਾਂ ਦੀ ਫੌਜ (ਪੈਦਲ, ਘੋੜ ਸਵਾਰ, ਹਾਥੀ ਸਵਾਰ, ਰਥ ਸਵਾਰ।)
ਪਾਂਤਿਨਿ ਪਾਂਤਿ[1] ਸੁਹਾਤ ਅਜੈ ਹੈ[2]। — [1]ਕਤਾਰਾਂ ਦੀਆਂ ਕਤਾਰਾਂ। [2]ਅਜਿੱਤ ਫੌਜ ਸੋਹ ਰਹੀ ਹੈ।
ਮਾਨਹੁ ਮੇਘ ਮਹਾਂ, ਮਧੁਰੇ ਸੁਰ
ਸੋਂ ਗਰਜੈ, ਬਿਜਰੀ ਤਰਜੈ ਹੈ[1] ॥੪੩॥ — [1]ਜਾਣੋ ਬੱਦਲ ਮਿੱਠੀ ਸੁਰ ਨਾਲ ਗੱਜ ਰਹੇ ਹਨ ਅਤੇ ਬਿਜਲੀ (ਤਰਜੈ ਹੈ) ਡਰਾ ਰਹੀ ਹੈ।

ਕੋਸ ਛੇ ਸਾਤਕ ਪੈ ਤਬਿ ਜਾਇ,
ਦਹੂੰ ਦਿਸ ਤੈ ਦਿਢ ਜੰਗ ਜੁਟੇ ਹੈਂ।
ਤੁੱਪਕ[1] ਤੋਪ ਜੰਜੈਲ ਜੰਬੂਰਨ ਕੇ — [1]ਬੰਦੂਕਾਂ।
ਗੁਲਕਾ[1] ਬਹੁ ਬਾਨ[2] ਛੁਟੇ ਹੈਂ। — [1]ਗੋਲੀਆਂ। [2]ਤੀਰ।
ਮਾਰ ਮਚੀ ਜੁਗ ਓਰਨ ਤੈ[1] ਬਹੁ, — [1]ਦੋਹਾਂ ਪਾਸਿਆਂ ਤੋਂ।
ਜੋਰਨ ਤੈ ਲਰ ਹੈਂ ਨ ਹੁਟੇ ਹੈਂ[1]। — [1]ਥਕਦੇ ਨਹੀਂ।
ਤੀਰਨ ਸੋਂ ਬਰ ਬੀਰਨ ਚੀਰ

ਸਰੀਰ ਮਹੀਰੁ ਗੰਭੀਰ ਸੁਟੇ ਹੈਂ[1] ॥ ੪੪ ॥

[1]ਚੰਗੇ ਸੂਰਮਿਆਂ ਦੇ ਸਰੀਰਾਂ ਰੂਪ (ਗੰਭੀਰ) ਭਾਰੀ (ਮਹੀਰੁ) ਦਰੱਖ਼ਤਾਂ ਨੂੰ ਤੀਰਾਂ ਨਾਲ ਚੀਰ ਸੁੱਟਿਆ।

ਆਹਵ ਘੋਰ[1] ਮਚਜੋ ਅਤਿ ਜੋਰਿ,
ਦੁਹੂੰ ਦਿਸ ਆਪਸ ਮੈਂ ਸਿੰਘ ਰੁਝੇ[1]।
ਬੀਰ ਬਲੀ ਬਡ ਰੋਸ ਭਰੇ ਭਟ,
ਭੂਰ ਭਿਰੈਂ ਨ ਫਿਰੈਂ ਡਰ ਸੂਝੇ[1]।
ਆਪਸ ਮਾਂਹਿ ਹਕਾਰ ਹਕਾਰ[1],
ਘੜੀ ਦਸ-ਚਾਰ ਲਰੇ ਬਹੁ ਲੂਝੇ[1]।
ਸਿੰਘ ਅਪਾਰ ਭਏ ਜਖਮੀ ਲਰਿ,
ਸੰਮੁਖ ਆਹਿਂ ਘਨੇ ਤਹਿਂ ਜੂਝੇ[1] ॥ ੪੫ ॥

[1]ਭਿਆਨਕ ਜੰਗ।
[1]ਫਸ ਗਏ।
[1]ਡਰ (ਸੁਝੇ) ਦੇਖ ਕੇ ਮੁੜਦੇ ਨਹੀਂ।
[1]ਵੰਗਾਰ ਵੰਗਾਰ ਕੇ।
[1]ਝਗੜਦੇ ਹੋਏ।
[1]ਸਾਹਮਣੇ (ਲੜ ਕੇ) ਸ਼ਹੀਦ ਹੋ ਗਏ ਹਨ।

ਦੋਹਰਾ:
ਸੁੱਖੂ ਸਿੰਘ ਮਝੈਲ ਜਹਿਂ,
ਲਰਤ ਹੁਤੋ ਸਰਦਾਰ।
ਦੈ ਮਲਵੱਯਨ ਜੋਰ ਬਹੁ,
ਲਯੋ ਮੋਰਚਾ ਮਾਰ[1] ॥ ੪੬ ॥

[1]ਜੰਗ ਫ਼ਤਹ ਕਰ ਲਿਆ।

ਸਿੰਘ ਬੀਰ ਮਲਵਈ ਤਬਿ,
ਆਗੇ ਬਢੇ ਅਪਾਰ।
ਹਟ ਮਝੈਲ ਪੀਛੇ ਚਲੇ,
ਹ੍ਵੈ ਕਰਿ ਸੁਸਤ ਲਚਾਰ[1] ॥ ੪੭ ॥

[1]ਬੇਵਸ।

ਕਬਿੱਤ:
ਹੇਰ ਕੈ ਬਘੇਲ ਸਿੰਘ ਟੇਰ ਕੈ ਮਝੈਲਨ ਕੋ,
ਸਭਿ ਕੋ ਬਟੋਰ ਫੇਰ ਕਹਯੋ ਯੌਂ ਸੁਨਾਇ ਹੈ।
ਜੈਹੋ ਅਬਿ ਕਹਾਂ ਦੌਰਿ ਹੈ ਨ ਕਹੂੰ ਠੌਰ ਤੁਮੈਂ,
ਪੇਖੋ ਕਰਿ ਗੌਰ ਔਰ ਵਡੀ ਹਾਨਿ ਆਇ ਹੈ।
ਦੇਸ ਮਲਵੱਯਨ ਕਾ ਵੇਸ ਹੈ ਅਸੇਸ ਏਹੁ[1],
ਕਰਿ ਕੈ ਖੁਆਰ ਤੁਮੈਂ ਮਾਰ ਕੈ ਖਪਾਇ ਹੈਂ।
ਚਢ ਹੈ ਕਲੰਕ ਏਕ, ਦੇਸ ਮੈਣ-ਦਾਬ ਛੂਟੈ,
ਤੀਸਰੇ ਭਰੋਸਾ ਪੰਥ ਹੀ ਤੈ ਛੂਟ ਜਾਇ ਹੈ ॥ ੪੮ ॥
ਢਾਈ ਫੱਟ ਕਹੇ ਹੈਂ ਲੜਾਈ ਕੇ ਸਜਾਨਜੋਂ ਨੈ,

[1]ਇਹ (ਅਸੇਸ) ਸਾਰਾ (ਵੇਸ) ਚੰਗਾ ਦੇਸ ਮਲਵੱਈਆਂ ਦਾ ਹੈ।

ਏਕ ਦਝ ਵੱਟਿ ਪਾਛੇ ਹੱਟਿ ਫੇਰ ਲਰਨੋ।
ਦੂਸਰੋ ਏਕੱਤ੍ਰ ਹੋਇ ਮਾਂਡ ਕੈ ਮਰਨ ਮਨਿ[1], — [1]ਮਨ ਵਿੱਚ ਮਰਣਾ ਪੱਕਾ ਕਰਕੇ।
ਬੋਲਿ ਹੱਲਾ ਏਕੈ ਬਾਰ ਸੱਤ੍ਰੂ ਪੈ ਪਰਨੋ।
ਬੈਠ ਮਧ ਮੋਰਚਜੋਂ ਕੇ ਲਰੈਂ ਕਿਧੋਂ ਮਰੈਂ ਮਾਰਿ,
ਅਰਧ[1] ਕਹਾਵੈ ਯਹਿ ਐਸੀ ਭਾਂਤਿ ਕਰਨੋ। — [1]ਅੱਧਾ (ਫੱਟ)।
ਤਾਂ ਤੇ ਦੂਰ ਹਟੋ ਆਛੇ ਐਹੈਂ ਮਲਵਈ ਪਾਛੇ,
ਫੇਰ ਹਮ ਮਾਰਿ ਕਾਛੇ[1] ਭੇਜੈਂ ਇਨੋ ਘਰਨੋ ॥੪੯॥ — [1]ਚੰਗੀ ਤਰ੍ਹਾਂ।

ਚੌਪਈ:

ਕਹਯੋ ਬਘੇਲ ਸਿੰਘ ਯੌਂ ਜਬਿ ਹੀ।
ਕੀਨੀ ਯਹੀ ਮਝੈਲਨ ਸਭਿ ਹੀ।
ਚਲੇ ਦੌਰ ਕਿਛੁ ਹਟੇ ਪਿਛਾਰੀ।
ਤਬਿ ਮਲਵੱਯਨ ਯਹਿ ਦਿਲਿ ਧਾਰੀ ॥੫੦॥
ਹਾਰ ਮਝੈਲਨ ਕੀ ਅਬਿ ਭਈ।
ਫਤੇ ਗੁਰੂ ਮਲਵੱਯਨ ਦਈ।
ਭਈ ਚਲੋ ਅਬਿ ਹਟਿ ਨਿਜ ਧਾਮੈਂ।
ਲਈਏ ਨ੍ਰਿਪ ਤੈ ਅਧਿਕ ਇਨਾਮੈਂ ॥੫੧॥
ਯਹ ਠੱਟ[1] ਜਬਿ ਮਲਵਈ ਪਿਛਾਰੈਂ[2]। — [1]ਮਨ 'ਚ ਧਾਰ ਕੇ। [2]ਪਿਛੇ ਨੂੰ।
ਤਰਫ ਪਟਯਾਲੇ ਫਿਰੇ ਉਦਾਰੈਂ[1]। — [1]ਚੰਗੀ ਤਰ੍ਹਾਂ ਮੁੜੇ।
ਪੇਖਿ ਮਝੈਲਨ ਲਾਈ ਘਾਤੈਂ[1]। — [1]ਦਾਅ।
ਪੀਛੇ ਤੀਛੇ ਅਏ ਬਖਯਾਤੈਂ[1] ॥੫੨॥ — [1]ਪ੍ਰਗਟ ਹੀ ਤਿੱਖੇ ਹੋ ਕੇ ਪਿੱਛੇ ਆਏ।
ਏਕ ਤਰਫ ਕੋ ਪਾਇ ਲਰਾਈ।
ਫੌਜ ਨ੍ਰਿਪ ਕੀ ਤਹਿਂ ਉਰਝਾਈ।
ਦੂਸਰ ਦਿਸ ਮਝੈਲ ਬਹੁ ਜੁਰ ਕੈ।
ਆਏ ਤਰਫ ਪਟਯਾਲੇ ਦੁਰ ਕੈ[1] ॥੫੩॥ — [1]ਲੁਕ ਕੇ।
ਚਹਯੋ ਲੂਟਨਾ ਸ਼ਹਰ ਪਟਯਾਲੈਂ।
ਪਾਇ ਸਾਰ[1] ਯਹਿ ਭੂਪ ਉਤਾਲੈਂ[2]। — [1]ਖ਼ਬਰ। [2]ਛੇਤੀ।
ਸਭਿ ਸ਼ੈਹਰ ਕੀ ਕਰਿ ਤਕਰਾਈ।
ਤੋਪ ਕੋਟ ਪਰ ਕੀ ਸਮੁਦਾਈ[1] ॥੫੪॥ — [1]ਕਿਲ੍ਹੇ ਦੀ ਕੰਧ ਦੀਆਂ ਸਾਰੀਆਂ ਤੋਪਾਂ।
ਢੂਕੇ ਢਿਗ ਮਝੈਲ ਜਬਿ ਆਈ।

ਭਰਿ ਟਕਜੋਂ ਕੀ ਅਧਿਕ ਚਲਾਈ।
ਮਾਰ ਮਝੈਲ ਤਹਾਂ ਬਹੁ ਗੇਰੇ।
ਕਰਿ ਜ਼ਖਮੀ ਉਲਟੇ ਪੁਨ ਫੇਰੇ[1] ॥੫੫॥

[1]ਫੇਰ ਪਿੱਛੇ ਨੂੰ ਮੋੜ ਦਿੱਤੇ।

ਦੋਹਰਾ:
ਦੁਲਚਾ ਸਿੰਘ ਸਰਦਾਰ ਤਬਿ,
ਅਪਨਾ ਅੱਸ੍ਵ ਧਵਾਇ[1]।
ਢਿਗ ਬਘੇਲ ਸਿੰਘ ਕੇ ਗਯੋ,
ਯਾ ਬਿਧਿ ਜਾਇ ਸੁਨਾਇ ॥੫੬॥

[1]ਘੋੜਾ ਭਜਾ ਕੇ।

ਚੌਪਈ:
ਜੀਤੀ ਬਾਜੀ ਕਜੋਂ ਅਬਿ ਖੋਵੈਂ[1]।
ਤੋਪਨ ਤੈ ਕਜੋਂ ਦੂਰ ਨ ਹੋਵੈਂ।
ਮਾਨਿ ਬਘੇਲ ਸਿੰਘ ਯਹਿ ਤਬਿ ਹੀ।
ਕਰੇ ਮਝੈਲ ਇਕੱਠੇ ਸਭਿ ਹੀ ॥੫੭॥

[1]ਗਵਾਉਂਦੇ ਹੋ।

ਜੀਤ ਕੇਰ ਬਜਵਾਇ ਨਗਾਰੇ।
ਉਚੀ ਧੁਨੀ ਗਜਾਇ ਜੈਕਾਰੇ।
ਸਫਾ-ਵਾਦ[1] ਦਿਸ ਚਾਲੇ ਫੇਰੈਂ।
ਯੌਂ ਤਬਿ ਕਹੈਂ ਉਚ ਸਭਿ ਟੇਰੈਂ[1] ॥੫੮॥

[1]ਸੈਫ ਖ਼ਾਨ (ਸੈਫੁੱਦੀਨ) ਸਰਦਾਰ ਦਾ ਵਸਾਇਆ ਨਗਰ ਤੇ ਕਿਲ੍ਹਾ ਜਿਸ ਦਾ ਹੁਣ ਨਾਮ ਬਹਾਦਰਗੜ੍ਹ ਹੈ, ਇਹ ਪਟਿਆਲੇ ਤੋਂ ਚਾਰ ਕੋਹ ਉਤਰ ਪੂਰਬ ਵੱਲ ਹੈ।
[1]ਕਹਿੰਦੇ ਹਨ।

ਜੀਤੇ ਸਿੰਘ ਮਝੈਲ ਉਦਾਰੇ।
ਹਾਰ ਗਏ ਮਲਵਈ ਵਿਚਾਰੇ।
ਚਲੋ ਖਾਲਸਾ ਜੀ ਭਲ ਪਈ।
ਫਤੇ ਪੰਥ ਕੋ ਸਤਿਗੁਰੁ ਦਈ ॥੫੯॥
ਅਮਰ ਸਿੰਘ ਕਾ ਜੇਤਿਕ ਦੇਸੈਂ।
ਲੂਟ ਮਾਰ ਅਬਿ ਛਕੋ ਬਿਸੇਸੈਂ[1]।
ਸਿੰਘ ਮਝੈਲਨ ਕੀ ਯਹਿ ਬਾਨੀ।
ਚੈਨ ਸਿੰਘ ਸੁਨਿ ਗੁਨਿ ਯਹਿ ਠਾਨੀ[1] ॥੬੦॥

[1]ਬਹੁਤਾ।
[1]ਵਿਚਾਰ ਕੇ ਮਨ 'ਚ ਇਹ ਧਾਰੀ।

ਹੈ ਬਘੇਲ ਸਿੰਘ ਬੁਰੀ ਬਲਾਏ।
ਸੰਘ ਮਝੈਲ ਕੀਸ ਸਮੁਦਾਏ[1]।
ਯਹਿ ਸਭਿ ਖਿਜੇ ਬੁਰੇ ਹੈਂ ਭਾਰੇ।

[1]ਸਾਰੇ ਬਾਂਦਰ ਹਨ।

ਮੁਲਕ ਨ੍ਰਿਪ ਕਾ ਠੀਕ ਉਜਾਰੇਂ ॥੬੧॥
ਜੀਤ ਰਹੈ ਜਜੋਂ ਹਮਰੇ ਹਾਥੈਂ।
ਮੇਲ ਹੋਇ ਪੁਨ ਇਨ ਕੇ ਸਾਥੈਂ।
ਤਾਂ ਤੇ ਬਜੋਂਤ ਬਨੱਈਏ ਐਸੇ।
ਹ੍ਵੈ ਨੁਕਸਾਨ ਨ ਦੁਹਿ ਦਿਸ ਜੈਸੇ ॥੬੨॥
ਚੈਨ ਸਿੰਘ ਯਹਿ ਮਨ ਠਹਿਰੈ ਕੈ।
ਗਯੋ ਬਘੇਲ ਸਿੰਘ ਢਿਗ ਧੈ ਕੈ।
ਹਾਥ ਜੋਰਿ ਕਰਿ ਫਤੇ ਬੁਲਾਈ।
ਫੜਿ ਘੋੜੇ ਕੀ ਬਾਗ ਸੁਨਾਈ ॥੬੩॥
ਸਿੰਘ ਜੀ ਬੱਸ ਕਰੋ ਬਹੁ ਭਈ।
ਹਮ ਸੈਂ ਤੁਮ ਚੌਗੁਨ ਕਰਿ ਲਈ।
ਪੁਨ ਤੁਮ ਔਰ ਅਮਰ ਮ੍ਰਿਗੇਸੈਂ।
ਆਹਿਂ ਠੀਕ ਗੁਰੁ-ਭਾਈ ਬੇਸੈਂ[1] ॥੬੪॥
ਦੁਹੂੰ ਓਰ ਘਰ ਗੁਰੁ ਕਾ ਜਾਨੋ।
ਕਜੋਂ ਬਿਗਾਰ ਨਾਹਕ[1] ਬਹੁ ਠਾਨੋ।
ਜੋ ਹੋਣੀ ਥੀ ਸੋ ਹ੍ਵੈ ਗਈ।
ਅਬਿ ਨਹਿਂ ਬਾਤ ਬਢਾਵੋ ਨਈ ॥੬੫॥
ਤੁਮ ਹੋ ਵਡੇ ਛਿਮਾ ਪੁਨ ਕੱਈਏ।
ਮਿਲ ਪਟਲੇਸ਼੍ਵਰ ਸੋਂ ਫਿਰ ਜੱਈਏ।
ਢਿਗ ਤੈ ਦੁਲਚੇ ਸਿੰਘ ਬਖਾਨੀ।
ਚੈਨ ਸਿੰਘ ਕੀ ਚਹੀਏ ਮਾਨੀ ॥੬੬॥
ਫਿਰ ਬਘੇਲ ਸਿੰਘ ਐਸ ਵਖਾਨੀ।
ਚੈਨ ਸਿੰਘ ਹਮ ਤੁਮਰੀ ਮਾਨੀ।
ਤੋਪ ਚਲਣ ਤੈ ਦੈਹੁ ਹਟਾਈ।
ਭੂਪ ਮਿਲੈ ਡੇਰੇ ਮਮ ਆਈ ॥੬੭॥
ਦੋਹਰਾ:
ਡੇਰਾ ਲਾਹਲ ਨਗਰ ਢਿਗ,
ਸਿੰਘ ਜੀ ਕਾ ਕਰਵਾਇ।
ਚੈਨ ਸਿੰਘ ਨ੍ਰਿਪ ਪੈ ਗਯੋ,
ਦਈ ਤੋਪ ਹਟਵਾਇ ॥੬੮॥

[1]ਸ੍ਰੇਸ਼ਟ।

[1]ਐਵੇਂ ਬਿਅਰਥ।

ਚੌਪਈ:

ਹਾਥ ਜੋਰਿ ਪੁਨ ਭਾਖਯੋ ਏਹੁ।
ਮੁਲਾਕਾਤ ਅਬਿ ਭੀ ਕਰਿ ਲੇਹੁ।
ਨਹੀਂ ਤ ਏਹੁ ਮਝੈਲ ਗੁਸੈਲੇ।
ਦਗੇਦਾਰ ਕਪਟੀ ਹੈਂ ਮੈਲੇ ॥੧੯॥
ਨਿੱਤ ਰਖੈਂ ਹੈਂਗਾਰ ਅਪਾਰੇ।
ਲੂਟ ਮਾਰ ਤੁਵ ਮੁਲਕ ਉਜਾਰੇਂ।
ਜਿਨਹਿ ਚੁਕੱਤਯੋਂ ਕੀ ਪਤਿਸ਼ਾਹੀ।
ਦਈ ਦੂਰ ਕਰਿ ਖੁਆਰ ਮਹਾਂਹੀਂ ॥੨੦॥
ਇਨ ਸੋਂ ਮੇਲ ਰਖਨ ਹੀ ਨੀਕਾ।
ਹੈ ਹਮਾਰ ਮਤ[1] ਮਾਨਹੁ ਠੀਕਾ।
ਪੁਨ ਤੁਮ ਇਕ ਗੁਰੁ ਕੇ ਸਿਖ ਸਭਿ ਹੀ।
ਆਹਿ[1], ਲਰਨ ਮੈਂ ਲਾਭ ਨ ਕਬਿ ਹੀ ॥੨੧॥
ਦੁਹੂੰ ਓਰ ਘਰ ਆਹਿ ਤੁਮਾਰੋ।
ਜੰਗ ਜੂਪ ਕੀ ਖੇਲ ਨਿਹਾਰੋ।
ਸਾਮ[1] ਦਾਮ[2] ਪਰ ਭੇਦ[3] ਸੰਗ ਜੌਂ।
ਕਾਜ ਸਰੈ, ਕਯੋਂ ਕਰੈਂ ਜੰਗ ਤੌਂ ॥੨੨॥
ਕਰ ਸੋਂ ਗਿਰਾ[1] ਜੋਉ ਖੁੱਲ੍ਹ ਜਾਵੈ।
ਤਾਂ ਕੋ ਬੁਧਿ ਜਨ ਦਾਂਤ ਨ ਲਾਵੈ।
ਗੁੜ ਦੀਨੇ ਜੋ ਸੱਤ੍ਰੂ ਮਰ ਹੈ।
ਤਾਂ ਕੋ ਜ਼ਹਿਰ ਦੈਨ ਕਯਾ ਭਰ ਹੈ[1] ॥੨੩॥
ਪੁਨ ਸਿੰਘਨ ਕਾ ਜੀਤਨ ਏਹੀ।
ਮਿਲੀਏ ਇਨ ਕੋ ਹੋਇ ਸਨੇਹੀ।
ਭੇਟ ਬਹੁਤ ਨਾਹੀਂ ਯਹਿ ਚਾਹੈਂ।
ਪੰਚਾਮ੍ਰਿਤ[1] ਪਰ ਬਹੁਤ ਉਮਾਹੈਂ ॥੨੪॥
ਦੇਗ ਭੰਗ ਕੀ ਮੀਠੀ ਲੈ ਕਰਿ।
ਹੋਤ ਪ੍ਰਸੰਨ ਲੇਹੁ ਯੌਂ ਜੈ ਕਰਿ।
ਵਡੇ ਭਏ ਤੁਮਰੇ ਪੁਨ ਜੇਤੇ।
ਪੂਜਤ ਰਹੇ ਪੰਥ ਕੋ ਤੇਤੇ ॥੨੫॥

[1]ਸਾਡੀ ਸਲਾਹ।

[1]ਹੋ।

[1]ਪਿਆਰ ਨਾਲ ਸਮਝੌਤਾ ਕਰ ਲੈਣਾ। [2]ਧਨ ਦੇ ਕੇ ਵਸ ਕਰ ਲੈਣਾ। [3]ਪਰਾਇਆਂ ਨੂੰ ਪਾੜਨ ਨਾਲ।

[1]ਗੰਢ।

[1]ਕੀ ਚੰਗਾ ਹੈ? ਭਾਵ ਚੰਗਾ ਨਹੀਂ।

[1]ਕੜਾਹ ਪ੍ਰਸ਼ਾਦ।

ਤਾਂ ਤੇ ਰੀਤਿ ਆਪ ਭੀ ਸੋਈ।
ਚਲ ਕਰਿ ਕਰੋ ਦ੍ਵੈਤ ਸਭਿ ਖੋਈ।
ਬੈਰ ਕਰੇ ਯਹਿ ਹਾਰਤ ਨਾਂਹੀਂ।
ਲਰਨ ਮਰਨ ਤੈਂ ਨਾਹਿਂ ਡਰਾਂਹੀਂ ॥੭੬॥
ਜੋ ਜਨ ਇਨ ਸੋਂ ਬੈਰ ਬਢੈ ਹੈ।
ਤਿਸ ਸੋਂ ਨਿੱਤ ਕਲੇਸ਼ ਰਖੈ ਹੈਂ।
ਦੇਖਹੁ ਤੁਰਕਨ ਕਰੇ ਅਖਾਰੇ[1]। — [1]ਜੰਗ।
ਕਜ਼ਾ ਕਜ਼ਾ ਉਨ ਤੇ ਬਢੇ ਪਵਾਰੇ[1] ॥੭੭॥ — [1]ਪੁਆੜੇ, ਕਜ਼ੀਏ।
ਤਾਂ ਤੇ ਅਬਿ ਤੁਮ ਤਜਹੁ ਵਖੇਰਾ[1]। — [1]ਫੁੱਟ, ਵਿਰੋਧ।
ਮੇਲ ਪੰਥ ਸੋਂ ਭਜੋ[1] ਅਛੇਰਾ[2]। — [1]ਕਰੋ। [2]ਚੰਗਾ।
ਮਿੱਠਾ ਬੋਲਨ ਅਰ ਨਿਉਂ ਚਲਨਾ।
ਹੱਥੋਂ ਦੈ ਕਰਿ ਸਭਿ ਸੋਂ ਮਿਲਨਾ ॥੭੮॥
ਹੈ ਯਹਿ ਵਡੇ ਨਰਨ ਕੀ ਨੀਤੀ।
ਬਿਸ਼ਨੁ ਭ੍ਰਿਗੁ ਕੀ ਪੇਖਹੁ ਰੀਤੀ[1]। — [1]ਵਿਸ਼ਨੂੰ ਜੀ ਦੀ ਭ੍ਰਿਗੁ ਦੇ (ਲੱਤ ਮਾਰਨ ਤੋਂ ਨਿੰਮ੍ਰਤਾ ਭਰੀ) ਰੀਤੀ ਦੇਖੋ।
ਤੁਮ ਕੋ ਸਤਿਗੁਰੁ ਦਈ ਬਡਾਈ।
ਪੁਨ ਤੁਮ ਅਰ ਯਹਿ ਸਭਿ ਗੁਰ-ਭਾਈ ॥੭੯॥
ਦੋਹਰਾ:
ਮਾਨ ਲਯੋ ਤਬਿ ਨ੍ਰਿਪ ਨੈ,
ਕਹਯੋ ਚੈਨ ਸਿੰਘ ਜੋਇ।
ਪੁਨ ਨ੍ਰਿਪ ਕਹਯੋ ਵਕੀਲ ਕੋ,
ਕਰੋ ਨੀਕ ਜਯੋਂ ਹੋਇ ॥੮੦॥
ਕਬਿੱਤ:
ਸੰਗ ਲੈ ਲਵਾਇ ਨਿਜ[1] ਚੈਨ ਸਿੰਘ ਭੂਪਤਿ ਕੋ, — [1]ਆਪਣੇ ਨਾਲ ਲੈ ਕੇ (ਲਵਾਇ) ਮੇਲ ਕਰਵਾਉਣ ਲਈ।
ਜਾਇ ਕੈ ਮਿਲਾਇ ਸੋ ਬਘੇਲ ਸਿੰਘ ਕੋ ਦਯੋ।
ਏਕ ਮਸਨੰਦ ਪਰ[1] ਬੈਠੇ ਦੋਊ ਮੋਦ ਭਰਿ[2], — [1]ਗੱਦੀ ਉੱਤੇ। [2]ਅਨੰਦ ਨਾਲ ਭਰ ਕੇ।
ਕੁਸਲ ਪ੍ਰਸੰਨ[1] ਬੂਝ ਦੁਹੂੰ ਓਰ ਤੈ ਲਯੋ। — [1]ਸੁਖ ਸਾਂਦ।
ਬਾਤ ਬਹੁ ਭਾਂਤਿ ਬਿਵਹਾਰ ਪ੍ਰਮਾਰਥ ਕੀ[1] — [1]ਪ੍ਰਮੇਸ਼ਰ ਸਬੰਧੀ।
ਕੀਨੀ, ਮਨ ਸਾਂਤ ਦੁਹੂੰ ਓਰ ਗੌਰ[1] ਹੂੰ ਭਯੋ। — [1]ਬਹੁਤਾ।
ਫੇਰ ਪਟਲੇਸ ਮੋਦ ਮਾਨ ਕੈ ਬਿਸੇਸ,

ਬੋਲਿ ਸਾਹਿਬ ਮ੍ਰਿਗੇਸ਼[1], ਗੋਦ ਸਿੰਘ ਜੀ ਕੇ ਪਾ ਦਯੋ ॥੮੧॥ — [1]ਸਾਹਿਬ ਸਿੰਘ ਨੂੰ ਬੁਲਾ ਕੇ।

ਕੁਣਕਾ ਕਰਾਇ ਗੁਰੂ ਗ੍ਰੰਥ ਜੀ ਖੁਲਾਇ ਭੂਪ,
ਮੋਦ ਮਨ ਪਾਇ ਤੋਂ ਦਿਵਾਨ ਲਗਵਾਯੋ ਹੈ।
ਸ੍ਰੀ ਬਘੇਲ ਸਿੰਘ ਜੂ ਕੇ ਹਾਥ ਤੈ ਤਹਾਂ ਹੀ ਤਬਿ,
ਸਾਹਿਬ ਮ੍ਰਿਗੇਸ਼ ਜੂ ਕੋ ਸੁਧਾ ਛਕਵਾਯੋ ਹੈ।
ਪੂਜ ਗੁਰੁ ਗ੍ਰੰਥ ਫਿਰ ਪੰਥ ਕੇ ਨਿਸ਼ਾਨ ਪੂਜੇ,
ਸਿੰਘ ਜੀ ਕੋ ਪੋਸ਼ਸ਼[1] ਅਮੋਲ ਪਹਰਾਯੋ ਹੈ। — [1]ਪੁਸ਼ਾਕਾ।
ਜਥਾ ਅਧਿਕਾਰ ਤਥਾ ਔਰ ਸਰਦਾਰਨ ਕੋ,
ਖਿਲਤ ਅਪਾਰ[1] ਦੈ ਕੈ ਪੰਥ ਅਪਨਾਯੋ ਹੈ ॥੮੨॥ — [1]ਬਹੁਤੇ ਸਿਰੋਪਾਉ।

ਸ੍ਵੈਯਾ:

ਦੂਧ ਸਿਤਾ ਯੁਤ[1] ਭੰਗ ਕੀ ਦੇਗ, — [1]ਖੰਡ ਸਹਿਤ।
ਪੁਨਾ ਨ੍ਰਿਪ ਨੈ ਕਰਵਾਇ ਛਕਾਈ।
ਪੀ ਕਰਿ ਭੰਗ ਨਿਹੰਗ ਭੁਜੰਗਿ[1], — [1]ਸੂਰਮੇਂ।
ਭਏ ਖੁਸ਼ਿ ਭੂਪਤਿ ਪੈ ਬਹੁ ਭਾਈ।
ਔਰ ਘਣੋ ਕੁਣਕਾ ਕਰਵਾਇ,
ਛਕਾਇ ਦਯੋ ਸਭਿ ਪੰਥਹਿ ਤਾਂਈਂ।
ਯੌਂ ਪਟਲੇਸ ਪੈ ਪੰਥ ਅਸੇਸ[1], — [1]ਸਾਰਾ।
ਭਯੋ ਤਬਿ ਮੋਦ ਬਿਸੇਸ ਮਹਾਂਈਂ[1] ॥੮੩॥ — [1]ਬਹੁਤ ਜ਼ਿਆਦਾ।
ਸਿੰਘ ਬਘੇਲ ਤਬੈ ਨਿਜ ਓਰ ਤੈ,
ਭੂਪਤਿ ਕੋ ਸਿਰੋਪਾਉ ਦਯੋ ਹੈ।
ਫੇਰ ਕਹਯੋ, ਹਮਰਾ ਤੁਮਰਾ ਯਹਿ
ਭੂਪਤਿ, ਧ੍ਰੱਮ ਸਬੰਧ ਭਯੋ ਹੈ।
ਹੈ ਘਰ ਏਕ ਤੁਮਾਰ ਹਮਾਰ,
ਵਿਚਾਰਿ ਪਿਖੋ ਸਭਿ ਭੇਦ[1] ਗਯੋ ਹੈ। — [1]ਫ਼ਰਕ।
ਕਾਰਜ ਹੋਇ ਜਬੈ ਤੁਮ ਕੋ ਕਿਛੁ,
ਜਾਨ ਮੁਝੈ ਨਿਜ ਬੋਲ ਲਯੋ ਹੈ[1] ॥੮੪॥ — [1]ਮੈਨੂੰ ਆਪਣਾ ਜਾਣ ਕੇ ਬੁਲਾ ਲਿਆ ਜੇ।
ਹੋਇ ਬਿਦਾ ਤਬਿ ਸਿੰਘ ਬਘੇਲ,
ਗਯੋ ਕਰਨਾਲ ਕੀ ਓਰ ਸਿਧਾਏ।

ਭੂਪਤਿ ਆਇ ਥਿਰਯੋ ਅਪਨੇ ਘਰ,
ਔਰ ਗਏ ਸਭਿ ਹੀ ਨਿਜ ਠਾਏ।
ਕਾਂਮ ਭਯੋ ਸੁਚ ਨੀਕ[1] ਜਬੈ ਯਹਿ, — [1]ਪਵਿੱਤ੍ਰ ਤੇ ਚੰਗਾ।
ਮੋਦ ਰਹਯੋ ਸਭਿ ਕੇ ਮਨਿ ਛਾਏ[1]। — [1]ਸਾਰਿਆਂ ਦੇ ਮਨ ਵਿੱਚ ਅਨੰਦ ਭਰ ਗਿਆ।
ਦੋ ਦਿਸ ਤੈ ਸਿੰਘ-ਚੈਨ ਤਈਂ,
ਜਸ ਨੀਕ ਮਿਲਯੋ ਸਿਰੇਪਾਉ ਵਡਾਏ ॥੮੫॥

ਦੋਹਰਾ:
ਜਬਿ ਜਬਿ ਕਿਛੁ ਪਟਲੇਸ ਕੋ,
ਕਾਮ ਪਰਯੋ ਫਿਰ ਆਇ।
ਤਬਿ ਤਬਿ ਪਹੁੰਚ ਬਘੇਲ ਸਿੰਘ,
ਕਾਜ ਸਵਾਰਯੋ ਸਾਇ[1] ॥੮੬॥ — [1]ਉਹ।

ਚੌਪਈ:
ਸ੍ਰੀ ਸਾਹਿਬ ਮ੍ਰਿਗੇਸ ਨ੍ਰਿਪ ਜਬਿ।
ਸਾਧੁ ਸੁਭਾਵ ਭਯੋ ਗੁਨ ਯੁਤ ਸਭਿ।
ਤਬਿ ਸੰਗਤ-ਸਿੰਘੀਅਨ[1] ਬਲ ਪਾਯੋ। — [1]ਸੰਗਤ ਸਿੰਘ ਦੇ ਹਮਾਇਤੀਆਂ ਨੇ।
ਮੁੱਲਾਂਪੁਰ ਕਾ ਗਿਰਦ ਦਬਾਯੋ ॥੮੭॥
ਸਿੰਘਪੁਰੀਆਂ ਨੇ ਛਤ ਬਾਨੂੜੈਂ।
ਲਯੋ ਦਬਾਇ ਪਾਇ ਬਲਰੂੜੈਂ[1]। — [1]ਚੰਗਾ।
ਸੁਨਿ ਬਘੇਲ ਸਿੰਘ ਫੌਰਨ[1] ਆਈ। — [1]ਛੇਤੀ।
ਮੁਲਕ ਨ੍ਰਿਪ ਕੋ ਦਯੋ ਛੁਡਾਈ ॥੮੮॥
ਪੁਨ ਜਬਿ ਪਾਇ ਭੱਟੀਅਨ ਜੋਰੈਂ।
ਮੁਲਕ ਦਬਾਯੋ ਨ੍ਰਿਪ ਕਾ ਹੋਰੈਂ[1]। — [1]ਹੋਰ।
ਫਿਰ ਜਬਿ ਭਾਈ ਕੈਂਥਲ ਵਾਰੇ।
ਗਾਂਉਂ ਦਬਾਏ ਨ੍ਰਿਪ ਕੇ ਭਾਰੇ ॥੮੯॥
ਪੁਨ ਨਾਨੂ ਮੱਲ ਜਬਿ ਗਰਬਾਯੋ[1]। — [1]ਹੰਕਾਰੀ ਹੋਇਆ।
ਕਰਨੇ ਲਗਯੋ ਕਾਮ ਮਨ ਭਾਯੋ।
ਤਬਿ ਬਘੇਲ ਸਿੰਘ ਮੱਦਦ ਦੈ ਕੈ।
ਨ੍ਰਿਪ ਕੇ ਸਭਿ ਸੱਤ੍ਰੁਨ ਕੋ ਜੈ ਕੈ[1] ॥੯੦॥ — [1]ਵੈਰੀਆਂ ਨੂੰ ਜਿੱਤ ਕੇ।
ਕਾਜ ਸਵਾਰੇ ਨ੍ਰਿਪ ਕੇ ਸਾਰੇ।
ਰਹਯੋ ਸਹਾਇਕ ਬਨਯੋ ਉਦਾਰੇ।

ਸਿੰਘਪੁਰੀਆਂ ਤੈ ਕਿਲਾ ਥੋਮਰਾ[1]। [1]ਪਿੰਡ ਦਾ।
ਦਯੋ ਛੁਡਾਇ ਨ੍ਰਿਪ ਕੌ ਵਰਾ[1] ॥੯੧॥ [1]ਚੰਗਾ (ਕਿਲ੍ਹਾ)।
ਪਟਜਾਲੇ ਪਰ ਮਰ੍ਹਟੇ ਜਬੈ।
ਆਏ ਵਹਿ ਭਿ ਹਟਾਏ ਤਬੈ।
ਇਤਜਾਦਿਕ ਨ੍ਰਿਪ ਕੇ ਬਹੁ ਕਾਮ।
ਕਰੇ ਬਘੇਲ ਸਿੰਘ ਬਰਿਆਮ[1] ॥੯੨॥ [1]ਸੂਰਮੇਂ ਨੇ।
ਸਾਹਿਬ ਸਿੰਘ ਭੀ ਤਿਸ ਕਾ ਮਾਨੈ[1]। [1]ਮਾਣ, ਸਤਿਕਾਰ।
ਰਾਖਤ ਰਹਯੋ ਹਮੇਸ਼ ਮਹਾਨੈਂ।
ਸਨ ਪੁਰਾਨ ਸੌ ਛੱਬੀ ਸੈ ਲੈ।
ਗਾਥ ਛਿਤਾਲੀ ਲੌ ਕੀ ਹੈਲੈ[1] ॥੯੩॥ [1]ਸੰਮਤ ੧੮੨੬ ਬਿ: ਤੋਂ ਲੈ ਕੇ ੧੮੪੬ ਬਿ: ਤੱਕ ਦੀ ਇਹ ਕਥਾ ਹੈ।

ਦੋਹਰਾ:
ਮਾਝੈਲਨ ਮਲਵੱਈਯਨ ਕਾ,
ਜੰਗ ਮੇਲ ਭਲ ਗਾਇ।
ਭਯੋ ਇਤੀ ਇਸ ਠੌਰ ਮੈਂ,
ਗੁਰੁ ਮਨਾਇ ਯਹਿ ਧਜਾਇ ॥੯੪॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਪਟਲੇਸ ਅਰ ਸਿੰਘਨ ਕਾ ਜੰਗ', ਬਰਨਨੰ ਨਾਮ ਸੈਂਤਾਲੀਸਮੋਂ ਬਿਸ੍ਰਾਮ ॥੪੭॥

੪੮. {ਜਲਾਲਾਬਾਦ ਲੁਹਾਰੀ ਦੇ ਨਵਾਬ ਜਲਾਲ-ਦੀਨ ਨੂੰ ਮਾਰ ਕੇ ਸ਼ਹਿਰ ਲੁੱਟਣਾ, ਬ੍ਰਾਹਮਣ ਦੀ ਲੜਕੀ ਵਾਪਸ ਦੁਵਾਉਣੀ, ਯੂ.ਪੀ. ਦੇ ਹੋਰ ਸ਼ਹਿਰ ਤੇ ਦਿੱਲੀ ਲੁੱਟ ਕੇ ਪੰਥ ਦਾ ਵਾਪਸ ਪੰਜਾਬ ਆਉਣਾ}

ਦੋਹਰਾ:

ਪਰੇ ਪਾਤਕੀ[1] ਨਰਕ ਮੈਂ, — [1]ਪਾਪੀ।
ਨਿਕਸਤ ਜਾਂ ਕੇ ਨਾਮ।
ਰੇ ਮਨ ਤਿਸ ਗੁਰੁ ਅਮਰ ਕੋ,
ਤੂੰ ਨ ਭਜਤ ਮਤਿ ਖਾਮ[1] ॥੧॥ — [1]ਕੱਚੀ ਮਤਿ ਵਾਲੇ।

ਅੜਿੱਲ ਛੰਦ:

ਜੈਸ ਜਲਾਲਾ-ਬਾਦ ਲੁਹਾਰੀ[1] ਜਾਇ ਕੈ। — [1]ਯੂ.ਪੀ. ਵਿੱਚ ਸਹਾਰਨਪੁਰ ਤੋਂ ਦੱਖਣ ਵੱਲ ਵੀਹ ਕੋਹ ਪੁਰ ਇਕ ਪਿੰਡ।
ਤਹਿਂ ਕੇ ਹਾਕਮ ਸੱਯਦ ਕੋ ਪੁਨ ਘਾਇ ਕੈ[1]। — [1]ਮਾਰ ਕੇ।
ਦਿਜ ਕਾ ਕਰਿ ਉਪਕਾਰ[1], ਲੂਟ ਬਹੁ ਠਾਇ ਹੈਂ[2]। — [1]ਬ੍ਰਾਹਮਣ ਉਪਰ ਪਰਉਪਕਾਰ ਕਰਕੇ। [2]ਬਹੁਤੀਆਂ ਜਗ੍ਹਾਂ ਲੁੱਟ ਕੇ।
ਹੋ ਹਰਿਮੰਦਰ ਬਨਵੈ ਹੈਂ, ਸਿੰਘ ਜੁ ਜਾਇ ਹੈਂ ॥੨॥
ਸਨ ਪੁਰਾਨ ਸੈਂਤੀਸ[1] ਭਯੋ, ਪੁਨ ਲਖੋ ਜਬਿ। — [1]ਸੰਮਤ ੧੮੩੭ ਬਿ:।
ਦੀਪਮਾਲਾ ਪਰ, ਭਯੋ ਇਕੱਠਾ ਪੰਥ ਸਭਿ।
ਤਖਤ ਅਕਾਲ ਅਗਾਰੀ, ਵੀਚ ਦਿਵਾਨ ਕੇ।
ਹੋ ਇਕ ਦਿਨ ਦਿਜ ਇਕ, ਰੋਇ ਪੁਕਾਰਿਓ ਆਨ ਕੇ ॥੩॥
ਸ਼ਹਰ ਜਲਾਲਾਬਾਦ ਲੁਹਾਰੀ ਬਿਦਤ ਜੋ।
ਹਾਕਮ ਅਹਿਮਦ-ਅਲੀ ਰਖਤ ਅਤਿ ਸ਼ਿੱਦਤ ਸੋ[1]। — [1]ਉਹ ਬਹੁਤ ਸਖ਼ਤੀ ਕਰਦਾ ਹੈ, ਜ਼ੁਲਮ ਕਰਦਾ ਹੈ।
ਜ਼ਾਲਮ ਬਦ-ਇਨਸਾਫ[1] ਦੁਖਦ ਅਤਿ ਹਿੰਦੁ ਕੋ। — [1]ਬੇ-ਇਨਸਾਫ਼।
ਹੋ ਹਿੰਦੁਸਤਾਨ ਮਝਾਰੇ, ਹੈ ਵਹਿ ਨਿੰਦਕੋ[1] ॥੪॥ — [1]ਨਿੰਦਕ ਹੈ।

ਕਬਿੱਤ:

ਬਹੁ ਬੇਟੀ ਹਿੰਦੂਓਂ ਕੀ ਦੇਖਤ ਹੈ ਸੁੰਦਰੀ ਜੋ,
ਤਾਂ ਕੋ ਪਕਰਾਇ ਕੈ ਮੰਗਾਇ ਲੇਤ ਜੋਰ ਸੋਂ।
ਸੁਨਤੋ ਫਰਜਾਦ ਨਾਂਹਿ ਦਾਦ ਦੇਤ ਵਾਹਿ ਕਬੀ[1], — [1]ਉਹ ਕਦੇ (ਦਾਦ) ਇਨਸਾਫ਼ ਨਹੀਂ ਦੇਂਦਾ ਭਾਵ ਕਰਦਾ।
ਬਾਦ ਕਰਿ[1] ਮਾਰਤ ਹੈ ਧੇਨ[2] ਬਹੁ ਕੋਰ ਸੋਂ[3]। — [1]ਝਗੜਾ ਕਰਕੇ। [2]ਗਊਆਂ। [3]ਵੈਰ ਨਾਲ। (ਅ) ਜ਼ਿੱਦ ਨਾਲ।
ਹੁਤੀ ਏਕ ਸੁਤਾ[1] ਮੇਰੀ ਸੁੰਦਰ ਸੁਸ਼ੀਲ ਅਤਿ[2], — [1]ਪੁੱਤ੍ਰੀ। [2]ਬਹੁਤ ਚੰਗੇ ਸੁਭਾਵ ਵਾਲੀ।

ਸੋਊ ਨਿਜ ਘਰਨੀ[1] ਬਨਾਈ ਤਾਂਹਿ ਜੋਰ ਸੋਂ।	[1]ਵਹੁਟੀ।
ਕਰੇ ਮੈਂ ਉਪਾਉ ਬਹੁ ਪੇਸ਼ ਹੂੰ ਨ ਲੇਸ[1] ਗਈ,	[1]ਥੋੜ੍ਹੇ ਮਾਤ੍ਰ ਵੀ।
ਹਾਰ ਕਰਿ ਦੁਖੀ ਹੋਇ ਆਯੋ ਦੇਸ ਛੋਰਿ ਸੋ[1] ॥ ੫ ॥	[1]ਉਹ ਦੇਸ ਛੱਡ ਕੇ।
ਦੇਸ ਔ ਬਿਦੇਸ ਕੇ ਨਰੇਸਨ ਅਸੇਸਨ ਪੈ[1],	[1]ਸਾਰੇਰਾਜਿਆਂ ਪਾਸ।
ਫਿਰਯੋ ਮੈਂ ਵਿਸ਼ੇਸ਼[1] ਏਸ ਕਾਜ ਹੇਤ ਧਾਇ ਕੈ।	[1]ਬਹੁਤਾ।
ਕਾਹੂੰ ਨੈ ਕਲੇਸ਼ ਮੇਰੋ ਲੇਸ ਜੌਂ ਨ ਦੂਰ ਕੀਓ,	
ਚਾਹੇ ਮੈਂ ਪ੍ਰਾਨ ਦੈਨੇ ਗੰਗ ਵੀਚ ਜਾਇ ਕੈ।	
ਤਹਾਂ ਤੈ ਅਕਾਸ਼ ਬਾਨੀ ਭਈ ਮੋਹਿ ਐਸ ਫਿਰ,	
ਅਹੋ ਦਿਜ ਕਾਹੇ ਤੂੰ ਮਰਤ ਨਿਜ ਘਾਇ ਕੈ[1]।	[1]ਆਪਣੇ ਆਪ ਦਾ ਘਾਤ ਕਰਕੇ।
ਜਾਹੁ ਪੰਥ ਖਾਲਸੇ ਕੀ ਸ਼ਰਨ ਮਰਨ ਤਜਿ,	
ਕਾਜ ਤੇਰੋ ਹ੍ਵੈ ਹੈ ਮਨ-ਭਾਵਤ ਅਘਾਇ ਕੈ[1] ॥ ੬ ॥	[1]ਰੱਜ ਕੇ ਭਾਵ ਤੂੰ ਖ਼ੁਸ਼ ਹੋ ਜਾਵੇਂਗਾ।
ਸੁਨ ਕੈ ਅਕਾਸ਼ ਬਾਨੀ ਐਸੀ ਮਹਾਂ ਮੋਦ ਦਾਨੀ,	
ਆਯੋ ਮੈਂ ਗਿਲਾਨੀ ਛੋਰਿ[1] ਰਾਵਰੀ[2] ਸ਼ਰਨ ਹੈ।	[1](ਜ਼ਿੰਦਗੀ ਤੋਂ) ਨਫ਼ਰਤ ਛਡ ਕੇ। [2]ਆਪ ਜੀ ਦੀ।
ਸੁਜਸ ਤਿਹਾਰੋ ਭਾਰੋ ਸੁਨਯੋ ਔਰ ਲੋਗਨ ਤੈ,	
ਪੰਥ ਸਮ ਦੂਸਰੋ ਨ ਪਾਰਨ ਪਰਨ[1] ਹੈ।	[1]ਪ੍ਰਣ ਪਾਲਣ ਵਾਲਾ।
ਪਰਉਪਕਾਰੀ ਭਾਰੀ ਪ੍ਰਬਲ ਪ੍ਰਤਾਪੀ ਪੰਥ,	
ਪਰਮ ਉਦਾਰ ਚਾਰੁ ਛੱਤ੍ਰੀ ਬਰਨ ਹੈ।	
ਅਸ਼ਰਨ ਸ਼ਰਨ ਦੁਖ ਦੀਨਨ ਦਰਨ-ਹਾਰ,	
ਕਾਰਨ ਕਰਨ ਪੰਥ ਤਾਰਨ ਤਰਨ ਹੈ[1] ॥ ੭ ॥	[1]ਨਿਆਸਰਿਆਂ ਦਾ ਆਸਰਾ, ਗ਼ਰੀਬਾਂ ਦੇ ਦੁਖ ਨਾਸ਼ ਕਰਨ ਵਾਲਾ, ਸਾਰੇ ਕਾਰਨਾਂ ਨੂੰ ਕਰਨ ਵਾਲਾ, ਤਾਰਨ ਨੂੰ (ਤਰਨ) ਜਹਾਜ਼ ਰੂਪ ਪੰਥ ਹੈ।
ਈਸ਼[1] ਅਵਤਾਰ ਧਾਰਿ ਸ੍ਰੀ ਗੁਰੂ ਦਸਮੇਸ਼,	[1]ਪ੍ਰਮੇਸ਼ਰ ਨੇ (ਆਪ)।
ਮਾਰ ਕੈ ਤੁਰਕਿੰਦ ਬ੍ਰਿੰਦ ਸੁਜਸ ਬਿਥਾਰਯੋ ਹੈ[1]।	[1]ਤੁਰਕਾਂ ਦੇ ਰਾਜੇ ਮਾਰ ਕੇ ਆਪਣਾ ਬਹੁਤਾ ਚੰਗਾ ਜਸ ਫੈਲਾਇਆ।
ਮਾਰਯੋ ਹੈ ਮਲੇਛਨ ਕੌਂ[1] ਟਾਰਯੋ ਘੋਰ ਪੰਥ ਕੰਥ[2],	[1]ਦੁਸ਼ਟਾਂ ਨੂੰ। [2](ਕੰਥ) ਮਾਲਕ ਨੇ ਭਿਆਨਕ (ਪੰਥ) ਭੇਖਾਂ ਵੱਲੋਂ (ਟਾਰਯੋ) ਹਟਾ ਕੇ।
ਗੁਰੂ ਗ੍ਰੰਥ ਪੰਥ ਸੰਤ ਖਾਲਸਾ ਸਵਾਰਯੋ ਹੈ[1]।	[1]ਸਜਾਇਆ ਹੈ।
ਸਯਾਰਨ ਤੈ ਸ਼ੇਰ ਬ੍ਰਿਕ ਬੁਜੋ ਤੈ ਬਨਾਏ ਹੇਰ,	
ਕੀਏ ਹੈਂ ਕੁਲਿੰਗ ਬਾਜ ਬਿਦਿਤ ਨਿਹਾਰਯੋ ਹੈ[1]।	[1]ਦੇਖੋ (ਸਯਾਰਨ) ਗਿੱਦੜਾਂ ਤੋਂ ਸ਼ੇਰ ਤੇ (ਬੁਜੋ) ਬੱਕਰਿਆਂ ਤੋਂ (ਬ੍ਰਿਕ) ਬਘਿਆੜ ਬਣਾ ਦਿੱਤੇ, (ਕੁਲਿੰਗ) ਚਿੜਿਆਂ ਤੋਂ

ਬਾਜ਼ ਕਰ ਦਿੱਤੇ (ਇਹ) ਪ੍ਰਗਟ ਹੀ ਦੇਖਿਆ ਹੈ।

ਪਾਰਜੋ ਹੈ ਯਤੀਮਨ ਕੋ ਗਾਰਜੋ ਹੈ ਗਨੀਮਨ ਕੋ,
ਜਾਰਜੋ ਹੈ ਜੁਲੀਮਨ ਕੋ ਸਿੱਖਨ ਕੋ ਤਾਰਜੋ ਹੈ[1] ॥ ੮ ॥

[1]ਯਤੀਮਾਂ ਨੂੰ ਪਾਲਿਆ ਹੈ, ਦੁਸ਼ਮਣਾਂ ਨੂੰ ਗਾਲਿਆ ਹੈ, ਜ਼ਾਲਮਾਂ ਨੂੰ ਸਾੜਿਆ ਹੈ, ਤੇ ਸਿੱਖਾਂ ਨੂੰ ਤਾਰਿਆ ਹੈ।

ਮੰਡਜੋ ਮਹੀ-ਮੰਡਲ ਮੈਂ ਖਾਲਸਾ ਅਖੰਡ ਪੰਥ,
ਮਾਰਤੰਡ ਸੋਂ ਪ੍ਰਚੰਡ ਤੇਜ ਜਾਂ ਕੋ ਛਾਯੋ ਹੈ[1]।

[1]ਅਖੰਡ ਖ਼ਾਲਸਾ ਪੰਥ ਧਰਤੀ ਮੰਡਲ ਵਿੱਚ (ਮੰਡਜੋ) ਰਚਿਆ, ਜਿਸ ਦਾ (ਮਾਰਤੰਡ) ਸੂਰਜ ਨਾਲੋਂ ਵੀ (ਪ੍ਰਚੰਡ) ਬਹੁਤ ਤਿੱਖਾ ਤੇਜ ਫੈਲਿਆ ਹੈ।

ਘਾਯੋ ਅਲਵੱਤ ਹੈ ਚੁਕੱਤਨ ਕੁਮੱਤਨ ਕੋ,
ਡਾਰ ਕੈ ਕੁਪੱਤਨ ਬਿਪੱਤ ਕੈ ਖਪਾਯੋ ਹੈ[1]।

[1]ਖੋਟੀ ਮੱਤ ਵਾਲੇ ਚੁਗੱਤਿਆਂ (ਮੁਗ਼ਲਾਂ) ਨੂੰ (ਅਲਵੱਤ) ਬਿਨਾਂ ਸੰਸੇ ਤੋਂ (ਘਾਯੋ) ਮਾਰਿਆ ਹੈ ਅਤੇ ਕੁਪੱਤਿਆਂ ਨੂੰ ਸੁੱਟ ਕੇ (ਬਿਪੱਤ) ਬੇ-ਇੱਜ਼ਤ ਕਰ ਕੇ ਨਾਸ਼ ਕੀਤਾ ਹੈ।

ਪਾਯੋ ਹੈ ਸੁਜਸ ਦੀਨ ਦੁਨੀ ਕੋ ਗਜਾਨ ਹਰਿ,
ਬੈਰਿਨ ਕੋ ਮਾਰ ਕਾਲ ਧਾਰ ਮੈਂ ਬਹਾਯੋ ਹੈ[1]।

[1]ਗਿਆਨ ਸਿੰਘ (ਕਹਿੰਦਾ ਹੈ) ਕਿ ਲੋਕ-ਪ੍ਰਲੋਕ ਦਾ ਚੰਗਾ ਜਸ ਖੱਟਿਆ ਹੈ, ਵੈਰੀਆਂ ਨੂੰ ਮਾਰ ਕੇ ਕਾਲ ਦੀ ਧਾਰ ਵਿੱਚਰੋੜ੍ਹ ਦਿੱਤਾ ਹੈ।

ਆਯੋ ਹੈ ਨ ਸੋਊ ਫੇਰ ਕਬੀ ਕਾਲ ਫਾਂਸਿ ਬੀਚ,
ਸ੍ਰੀ ਗੁਰੂ ਦਸਮੇਸ਼ ਏਸ਼[1] ਜਿਨ ਧਜਾਯੋ ਹੈ ॥ ੯ ॥

[1]ਮਾਲਕ ਨੂੰ।

ਦਿੱਲੀ-ਪਤਿ ਪਾਤਿਸ਼ਾਹਿ ਪਾਤਕੀ[1] ਨੁਰੰਗ-ਜ਼ੇਬ,

[1]ਪਾਪੀ।

ਹਿੰਦੁਨ ਕੀ ਹੱਦ ਜੱਦ ਰੱਦ ਕਰਿ ਡਾਰਤੋ[1]।

[1]ਜਦੋਂ ਹਿੰਦੂਆਂ ਦੀ (ਹੱਦ) ਧਰਮ ਦੀ ਰੀਤ ਨੂੰ ਰੱਦ ਕਰ ਕੇ ਸੁੱਟਦਾ ਸੀ ਭਾਵ ਧਰਮ ਨਾਸ਼ ਕਰ ਰਿਹਾ ਸੀ।

ਸਿਖਾ ਸੂਤ ਪੂਤ ਪੰਥ ਆਗਮ ਨਿਗਮ ਗ੍ਰੰਥ,
ਤੀਰਥ ਪੁਰਾਨ ਦੇਵ-ਥਾਨਨ ਉਪਾਰਤੋ[1]।

[1](ਸਿਖਾ) ਬੋਦੀ, (ਪੂਤ) ਪਵਿੱਤ੍ਰ (ਸੂਤ) ਜਨੇਊ ਤੇ (ਹਿੰਦੂ) ਪੰਥ (ਧਰਮ ਦੇ) ਗ੍ਰੰਥ (ਆਗਮ) ਸ਼ਾਸਤ੍ਰ (ਨਿਗਮ) ਵੇਦ ਤੇ ਪੁਰਾਣ ਅਤੇ ਦੇਵਤਿਆਂ ਦੇ ਅਸਥਾਨ ਤੀਰਥਾਂ ਨੂੰ ਪੁੱਟਦਾ ਸੀ ਭਾਵ ਬੇਅਦਬੀ ਕਰਦਾ ਸੀ।

ਟਾਰਤੋ ਮ੍ਰਯਾਦਿ ਆਦਿ ਜੇਤਿਕ ਜੁਗਾਦਿ ਬੀਚ,
ਨੀਚ ਨਿਜ ਮਜ਼ਬ ਮਲੇਛਨ ਬਿਥਾਰਤੋ[1]।

[1](ਆਦਿ ਜੁਗਾਦਿ) ਮੁੱਢੋਂ ਚਲੀ ਆ ਰਹੀ (ਹਿੰਦੂਆਂ ਦੀ ਧਾਰਮਿਕ) ਮਰਯਾਦਾ ਨੂੰ ਭੰਗ ਕਰਦਾ ਸੀ ਤੇ ਨੀਚ (ਔਰੰਗਾ) ਆਪਣੇ ਤੁਰਕ ਮਜ਼ਹਬ ਨੂੰ ਫੈਲਾਉਂਦਾ ਸੀ।

ਧਾਰਤੋ ਨ ਤੇਗ ਬੇਗ[1] ਜੌ ਪੈ ਸ੍ਰੀ ਗੁਬਿੰਦ ਸਿੰਘ,

[1]ਛੇਤੀ।

ਦੇਗ ਤੇਗ ਹੂੰ ਕੋ ਧਨੀ ਪੰਥ ਨਾ ਪ੍ਰਚਾਰਤੋ[1] ॥ ੧੦ ॥

[1]ਪ੍ਰਚਲਤ ਨਾ ਕਰਦੇ ਭਾਵ ਨਾ ਸਾਜਦੇ।

ਏ ਜੁ ਪੰਥ ਖਾਲਸਾ ! ਬਿਸਾਲਸਾ ਦਯਾਲ ਹੂਜੈ,
ਆਲਸਾ ਨ ਕੀਜੈ ਦੀਨ ਕੋ ਬਿਹਾਲਸਾ[1]।

[1]ਹੇ ਪੰਥ ਖ਼ਾਲਸਾ ਜੀ ! ਬਹੁਤ ਦਇਆਲੂ ਹੋਵੋ, ਗ਼ਰੀਬਾਂ ਨੂੰ (ਬਿਹਾਲਸਾ) ਦੁਖੀ ਦੇਖ ਕੇ (ਹੁਣ) ਆਲਸ ਨਾ ਕਰੋ।

ਕਾਲ ਸਾ ਕੁਕਰਮੀਆਂ ਕੋ ਪਾਲਸਾ ਸੁਧਰਮੀਆ ਕੋ,
ਮਰਮੀਆਂ ਕੋ ਢਾਲਸਾ ਗਨੀਮਨ ਕੋ ਗਾਲਸਾ[1]।

[1]ਤੂੰ ਕੁਕਰਮੀਆਂ ਨੂੰ ਕਾਲ ਵਰਗਾ ਹੈਂ, ਚੰਗੇ ਧਰਮੀਆਂ ਨੂੰ ਪਾਲਣ ਵਾਲਾ ਹੈਂ, (ਮਰਮੀਆਂ) ਮਿੱਤ੍ਰਾਂ ਦੀ ਢਾਲ ਵਾਂਗਰੱਖਿਆ ਕਰਨ ਵਾਲਾ ਅਤੇ (ਗਨੀਮਨ) ਦੁਸ਼ਮਣਾਂ ਨੂੰ ਗਾਲ੍ਹਣ ਵਾਲਾ ਹੈਂ।

ਚਾਲਸਾ ਅਨੂਪ ਚਾਲ ਸਾਲਸਾ ਹੈਂ ਸੱਤ੍ਰਨ ਕੋ,
ਲਾਲਸਾ ਪੁਰੱਯਾ ਗਜਾਨ ਹਰੀ ਕੀ ਉਤਾਲਸਾ[1]।

[1]ਹੇ ਖ਼ਾਲਸਾ ਪੰਥ (ਤੂੰ) ਸੁੰਦਰ ਚਾਲ ਚਲਦਾ ਹੈਂ, ਵੈਰੀਆਂ ਨੂੰ ਸੱਲ (ਦੁੱਖ) ਦੇਂਦਾ ਹੈਂ, ਗਿਆਨ ਸਿੰਘ ਦੀ ਛੇਤੀ ਇੱਛਾ ਪੂਰੀ ਕਰਨ ਵਾਲਾ ਹੈਂ।

ਬਾਲਸਾ ਅਕਾਲ ਕੋ ਖੁਸ਼ਾਲਸਾ ਕਮਾਲ ਕੋ,
ਉਜਾਲਸਾ ਜਮਾਲ ਕੋ ਸਰਨ ਪ੍ਰਨ ਪਾਲਸਾ[1] ॥ ੧੧ ॥

[1]ਅਕਾਲ ਦਾ ਸੁਪੁੱਤ੍ਰ ਹੈਂ, (ਕਮਾਲ ਕੋ) ਪੂਰਨ ਖੁਸ਼ਹਾਲ ਹੈਂ। (ਜਮਾਲਸਾ) ਦੈਵੀ ਗੁਣਾਂ ਦਾ (ਉਜਾਲਸਾ) ਪ੍ਰਕਾਸ਼ ਕਰਨ ਵਾਲਾ ਹੈਂ, ਸ਼ਰਣ (ਪਿਆਂ ਦੀ ਰੱਖਿਆ ਕਰਨ ਦੇ) ਪ੍ਰਣ ਨੂੰ ਪਾਲਣ ਵਾਲਾ ਹੈਂ।

ਜਾਂ ਕੀ ਪਾਰਜਾਤ ਸੀ ਛਬੀਲੀ ਛਬਿ ਆਗੈ, ਔਰ
ਪੰਥ ਐਸ ਲਾਗੈਂ, ਜਸੋਂ ਕਰੀਰ ਜਾਂਡ ਫਾਲਸਾ[1]।

[1]ਜਿਸ (ਖ਼ਾਲਸਾ ਪੰਥ) ਦੀ (ਪਾਰਜਾਤ) ਕਲਪ ਬ੍ਰਿਛ ਵਰਗੀ ਸੁੰਦਰ ਸ਼ੋਭਾ ਅੱਗੇ ਹੋਰ ਪੰਥ ਐਉਂ ਲੱਗਦੇ ਹਨ ਜਿਵੇਂ ਕਰੀਰ, ਜੰਡ ਤੇ ਫਾਲਸੇ (ਦੇ ਦਰੱਖਤ ਹੁੰਦੇ ਹਨ)।

ਔਰ ਪੰਥ ਪਾਹਨ ਪਰੇਵਾ ਸੇ ਅਨੰਤ ਭਾਂਤਿ,
ਪੰਥ ਗੁਰੂ ਖ਼ਾਲਸਾ ਹੈ ਪਾਰਸ ਮਰਾਲਸਾ[1]।

[1]ਹੋਰ ਅਨੇਕ ਤਰ੍ਹਾਂ ਦੇ ਮਜ਼ਹਬ, ਪੱਥਰਾਂ ਤੇ (ਪਰੇਵਾ) ਪੰਛੀਆਂ ਵਰਗੇ ਹਨ ਪਰ ਗੁਰੂ ਖ਼ਾਲਸਾ ਪੰਥ ਪਾਰਸ ਤੇ ਹੰਸ ਵਰਗਾ ਹੈ।

ਦਾਰਦੀ ਦੁਖਾਰੋ ਦੀਨ ਆਵੈ ਜੋ ਸ਼ਰਨ ਚੀਨ,
ਤਾਹੂੰ ਕੀ ਛਿਨੇਕ ਮਾਂਹਿ ਪੂਰੈ ਪੁੰਜ ਲਾਲਸਾ[1]।

[1]ਦਲਿਦ੍ਰੀ, ਦੁਖੀ ਤੇ ਗ਼ਰੀਬ ਜੋ ਵੀ (ਰੱਖਿਅਕ) ਜਾਣ ਕੇ ਸ਼ਰਨ ਆਉਂਦਾ ਹੈ ਉਹਨਾਂ ਦੀਆਂ ਇਕ ਛਿਨ ਵਿੱਚ (ਪੁੰਜ) ਸਾਰੀਆਂ ਇੱਛਾਂ ਪੂਰੀਆਂ ਕਰ ਦੇਂਦਾ ਹੈ।

ਪਾਲਸਾ ਹਿੰਦਾਨ ਕੋ ਹੈ ਗਾਲਸਾ ਤੁਕਾਨ ਕੋ,
ਉਜਾਲਸਾ ਜਹਾਨ ਕੋ ਜਮਾਲਸਾ ਅਕਾਲਸਾ[1] ॥ ੧੨ ॥

[1]ਹਿੰਦੂਆਂ ਨੂੰ ਪਾਲਦਾ ਹੈ, ਤੁਰਕਾਂ ਨੂੰ ਗਾਲ੍ਹਦਾ ਹੈ, ਸੰਸਾਰ ਨੂੰ ਚਾਨਣ ਦੇਣ ਵਾਲਾ ਹੈ ਤੇ ਅਕਾਲ ਪੁਰਖ ਵਰਗੇ (ਜਮਾਲਸਾ) ਗੁਣਾਂ ਵਾਲਾ ਹੈ।

ਛਾਜਤ ਛਬੀਲੇ ਛੈਲ ਛਿਹੂੰ ਰਿਤੁ ਛੋਭ ਛਕੇ,

ਛੂੰਗ ਛਬਿ ਛੱਤ੍ਰੀ ਛਿਨੱਯਾ ਛਿਤ ਛੱਤ੍ਰ ਕੇ[1]।

[1](ਛਬੀਲੇ) ਸੁੰਦਰ (ਛੈਲ) ਜਵਾਨ (ਛੋਭ ਛਕੇ) ਗੁੱਸੇ ਨਾਲ ਭਰੇ (ਛਿਹੂੰ ਰਿਤੁ) ਛੇਆਂਰੁੱਤਾਂ ਵਿੱਚ ਹੀ (ਛਾਜਤ) ਫਬਦੇ ਹਨ ਅਤੇ (ਛਿਤ) ਧਰਤੀ ਦੇ (ਛੂੰਗ) ਸਮੂੰਹ ਛੱਤ੍ਰੀਆਂ ਦੀ (ਛਬਿ) ਸ਼ੋਭਾ ਤੇ ਛਤ੍ਰਾਂ ਨੂੰ (ਛਿਨੱਯਾ) ਖੋਹਣ ਵਾਲੇ ਹਨ।

ਬਾਂਕੁਰੇ ਬਨੈਤ ਬੀਰ ਬਲੀ ਜਵਾਂ-ਮ੍ਰਦ ਧੀਰ,
ਮੀਰ ਸੇ ਸਰੀਰ ਹੈਂ ਧਰੱਯਾ ਧੀਰ ਅੱਤ੍ਰ ਕੇ[1]।

[1](ਧੀਰ) ਧੀਰਜ ਵਾਲੇ, ਬਲੀ (ਬੀਰ) ਬਹਾਦਰ (ਜਵਾਂ ਮਰਦ) ਸੂਰਮੇਂ (ਬਾਂਕਰੇ) ਸੁੰਦਰ (ਬਨੈਤ) ਬਣੇ ਹੋਏ ਹਨ, (ਮੀਰ ਸੇ) ਬਾਦਸ਼ਾਹਾਂ ਵਰਗੇ ਸਰੀਰ ਹਨ ਅਤੇ ਧੀਰਜ ਤੇ (ਅੱਤ੍ਰ) ਸ਼ਸਤ੍ਰਾਂ ਦੇ ਧਾਰਨ ਵਾਲੇ ਹਨ।

ਭੂਪਨ ਕੇ ਭੂਪ ਹੈਂ ਅਨੂਪ ਰੂਪ ਦੇਵਨ ਸੇ,
ਜਾਪ ਕੇ ਜਪੱਯਾ ਹੈਂ ਕਟੱਯਾ ਜਮ-ਪੱਤ੍ਰ ਕੇ[1]।

[1]ਰਾਜਿਆਂ ਦੇ ਰਾਜੇ ਤੇ ਦੇਵਤਿਆਂ ਵਰਗੇ ਸੁੰਦਰ ਰੂਪ ਵਾਲੇ ਹਨ, ਜਾਪ ਦੇ ਜਪਾਉਣ ਵਾਲੇ ਤੇ ਜਮਾਂ ਦੀ (ਪੱਤ੍ਰ) ਚਿੱਠੀ ਪਾੜਨ ਵਾਲੇ ਹਨ।

ਗਾਹਕ ਗੁਨੀਨ ਕੇ ਨਿਰ-ਵਾਹਕ ਸੰਗੀਨ ਕੇ ਹੈਂ,
ਚਾਹਕ ਮੁਨੀਨ ਕੇ ਹੈਂ ਦਾਹਕ ਕੁਸੱਤ੍ਰ ਕੇ[1] ॥੧੩॥

[1]ਗੁਣੀਆਂ ਦੇ (ਗਾਹਕ) ਕਦਰਦਾਨ ਤੇ (ਸੰਗੀਨ) ਸਾਥੀਆਂ ਦੇ ਨਾਲ ਚੰਗਾ ਨਿਰਬਾਹ ਕਰਨ ਵਾਲੇ ਹਨ, (ਮੁਨੀਨ) ਸੰਤਾਂ ਨੂੰ (ਚਾਹਕ) ਚਾਹੁਣ ਵਾਲੇ ਤੇ (ਕੁਸੱਤ੍ਰ) ਖੋਟੇ ਵੈਰੀਆਂ ਨੂੰ (ਦਾਹਕ) ਸਾੜਨ ਵਾਲੇ ਹਨ।

ਦਾਨੀ ਭੂਮਿ ਹੇਮ ਕੇ ਕਰੱਯਾ ਛੇਮ ਨੇਮ ਕੇ,
ਗਹੱਯਾ ਗੁਨ ਪ੍ਰੇਮ ਕੇ ਜਪੱਯਾ ਈਸ ਜਾਪ ਕੇ[1]।

[1](ਭੂਮਿ) ਧਰਤੀ ਤੇ (ਹੇਮ) ਸੋਨੇ ਦੇ ਦਾਨੀ ਹਨ (ਛੇਮ) ਰੱਖਿਆ ਤੇ ਨਿਤਨੇਮ ਕਰਨ ਵਾਲੇ, ਗੁਣਾਂ ਤੇ ਪ੍ਰੇਮ ਦੇ (ਗਹੱਯਾ) ਗ੍ਰਹਣ ਕਰਨ ਵਾਲੇ, (ਈਸ) ਵਾਹਿਗੁਰੂ ਦਾ ਜਾਪ ਜਪਾਉਣ ਵਾਲੇ ਹਨ।

ਦੀਨ ਕੇ ਬਚੱਯਾ ਖੈਰ ਖੂਬੀ ਕੇ ਦਿਵੱਯਾ,
ਜ਼ੇਬ ਜੋਤਿ ਕੇ ਧਰੱਯਾ ਔ ਬਢੱਯਾ ਅਰਿ ਤਾਪ ਕੇ[1]।

[1]ਗ਼ਰੀਬਾਂ ਨੂੰ ਬਚਾਉਣ ਵਾਲੇ, (ਖੈਰ) ਸ਼ਾਂਤੀ ਤੇ (ਖੂਬੀ) ਚੰਗਿਆਈ ਦੇ ਦਾਤੇ ਹਨ, ਸ਼ੋਭਾ ਤੇ (ਜੋਤਿ) ਤੇਜ ਦੇ ਧਾਰਨ ਵਾਲੇ ਹਨ ਅਤੇ ਦੁਸ਼ਮਣਾਂ ਦੇ (ਤਾਪ) ਦੁੱਖਾਂ ਨੂੰ ਵਧਾਉਣ ਵਾਲੇ ਹਨ।

ਜੰਗ ਕੇ ਮਚੱਯਾ ਰਾਗ ਰੰਗ ਕੇ ਗਹੱਯਾ,
ਭੂਰ ਭੰਗ ਕੇ ਛਕੱਯਾ ਔ ਮਿਟੱਯਾ ਤੀਨ ਤਾਪ ਕੇ[1]।

[1]ਜੰਗ ਕਰਨ ਵਾਲੇ, ਰਾਗ ਤੇ (ਰੰਗ) ਅਨੰਦ ਦੇ ਗ੍ਰਹਿਣ ਕਰਨ ਵਾਲੇ, ਬਹੁਤੀ ਭੰਗ ਦੇ ਛਕਣ ਵਾਲੇ ਅਤੇ ਤਿੰਨਾਂ ਤਾਪਾਂ (ਆਧੀ, ਬਿਆਧੀ ਤੇ ਉਪਾਧੀ) ਦੇ ਮੇਟਣ ਵਾਲੇ ਹਨ।

ਕੇਸ ਕੇ ਰਖੱਯਾ ਸਿੰਘ ਨਾਮ ਕੇ ਧਰੱਯਾ,
ਜਪ ਜਾਪ ਕੇ ਜਪੱਯਾ ਔ ਗਹੱਯਾ ਗਜਾਨ ਆਪ ਕੇ[1]
॥੧੪॥

[1]ਆਪ ਜਪਣ ਵਾਲੇ ਤੇ ਹੋਰਨਾਂ ਨੂੰ ਜਾਪ ਜਪਾਉਣ ਵਾਲੇ ਅਤੇ ਆਪਣੇ ਆਪ ਸਰੂਪ ਦਾ ਗਿਆਨ ਗ੍ਰਹਿਣ ਕਰਨ ਵਾਲੇ ਹਨ।

ਪਾਪੀ ਸਾਂਪ ਪੁੰਜ ਪੈ ਕਲਾਪੀ ਹੈਂ ਅਮਾਪੀ ਤੇਜ,
ਖਾਪੀ ਖਲ ਖੂਹਨੀ ਖਜ਼ਾਲ ਹੀ ਮੈਂ ਖੂਪ ਹੈਂ[1]।

[1](ਪੁੰਜ) ਸਾਰੇ ਪਾਪੀਆਂ ਰੂਪ ਸੱਪਾਂ ਉਪਰ (ਅਮਾਪੀ) ਬਹੁਤੇ ਤੇਜ ਵਾਲੇ (ਕਲਾਪੀ) ਮੋਰਾਂ ਵਾਂਗ ਹਨ, ਮੂਰਖਾਂ ਦੀਆਂ ਖੂਹਣੀਆਂ ਖਪਾਉਣ ਵਾਲੇ ਅਤੇ ਖ਼ਿਆਲਾਂ ਵਿੱਚ (ਖੂਪ) ਚੰਗੇ ਹਨ।

ਚਾਂਪੀ ਭੂਮਿ ਕੰਤ ਕੇ ਮਿਲਾਪੀ ਸਾਧੁ ਸੰਤ ਕੇ,
ਸਿਵਾਪੀ ਹੈਂ ਅਨੰਤ ਕੇ ਸੁ ਆਪੀ ਆਪ ਰੂਪ ਹੈਂ[1]।

[1]ਧਰਤੀ ਦੇਰਾਜਿਆਂ ਨੂੰ (ਚਾਂਪੀ) ਦਬਾਉਣ ਵਾਲੇ ਤੇ ਸਾਧਾਂ ਸੰਤਾਂ ਦੇ ਮਿਲਾਪੀ ਹਨ, (ਅਨੰਤ) ਅਕਾਲ ਦੇ ਪਛਾਨਣ ਵਾਲੇ ਤੇ ਆਪਣਾ ਰੂਪ ਉਹ ਆਪ ਹੀ ਹਨ, ਭਾਵ ਉਹਨਾਂ ਵਰਗਾ ਹੋਰ ਦੂਸਰਾ ਕੋਈ ਨਹੀਂ।

ਗਜਾਨੀ ਮਿਥਲੇਸ਼ ਸੇ ਮਹੇਸ਼ ਸੇ ਹੈਂ ਧਜਾਨੀ ਬੀਰ,
ਦਾਨੀ ਹੈਂ ਰਮੇਸ਼ ਸੇ, ਰਤੇਸ਼ ਸੇ ਸਰੂਪ ਹੈਂ[1]।

[1](ਮਿਥਲੇਸ਼) ਜਨਕ ਵਰਗੇ ਗਿਆਨੀ ਹਨ, (ਮਹੇਸ਼) ਸ਼ਿਵ ਵਰਗੇ ਧਿਆਨੀ ਹਨ, (ਰਮੇਸ਼) ਵਿਸ਼ਨੂੰ ਵਰਗੇ ਬਹਾਦਰ ਤੇ ਦਾਨੀ ਹਨ, (ਰਤੇਸ਼) ਕਾਮਦੇਵ ਵਰਗੇ ਸੁੰਦਰ ਸਰੂਪ ਵਾਲੇ ਹਨ।

ਸਿੰਘ ਮਹਾਂਰਾਜ ਕੇ ਦਿਵੱਯਾ ਸੁਖ ਸਾਜ ਕੇ,
ਭੁਗੱਯਾ ਧਰ ਰਾਜ ਕੇ ਸੁ ਭੂਪਨ ਕੇ ਭੂਪ ਹੈਂ[1] ॥ ੧੫ ॥

[1]ਗੁਰੂ ਮਹਾਰਾਜ ਦੇ ਸਿੰਘ, ਸੁਖਾਂ ਦੇ ਸਾਮਾਨ ਦੇਣ ਵਾਲੇ, ਧਰਤੀ ਦਾ ਰਾਜ ਭੋਗਾਣ ਵਾਲੇ ਤੇ ਰਾਜਿਆਂ ਦੇ ਰਾਜੇ ਹਨ।

ਓਜ ਕੇ ਅਗਾਰ ਸਮ ਭੋਜ ਕੇ ਉਦਾਰ,
ਚੋਜ ਮੌਜ ਕੇ ਕਿਦਾਰ ਖੋਜ ਬੈਰਿਨ ਮਿਟਾਨ ਕੇ[1]।

[1](ਓਜ) ਬਲ ਦੇ (ਅਗਾਰ) ਘਰ ਤੇ ਭੋਜਰਾਜੇ ਵਰਗੇ (ਉਦਾਰ) ਦਾਤੇ (ਚੋਜ) ਕੌਤਕ ਤੇ (ਮੌਜ) ਅਨੰਦ ਦੇ ਖੇਤ ਹਨ ਅਤੇ ਵੈਰੀਆਂ ਦਾ ਖੁਰਾ ਖੋਜ ਭਾਵ ਨਿਸ਼ਾਨ ਮਿਟਾਉਣ ਵਾਲੇ ਹਨ।

ਸਾਮ ਕੇ ਰਖੱਯਾ ਪਰ ਬਾਂਮ ਕੇ ਤਜੱਯਾ,
ਸੁਭ ਕਾਮ ਕੇ ਕਰੱਯਾ ਔ ਦਿਵੱਯਾ ਦੀਹ ਦਾਨ ਕੇ[1]।

[1]ਸ਼ਰਨ ਆਇਆਂ ਦੀ ਰੱਖਿਆ ਕਰਨ ਵਾਲੇ, ਪਰ ਇਸਤ੍ਰੀ ਦੇ ਤਿਆਗੀ, ਚੰਗੇ ਕੰਮਾਂ ਦੇ ਕਰਨ ਵਾਲੇ ਅਤੇ (ਦੀਹ) ਬਹੁਤੇ ਦਾਨ ਦੇ ਦੇਣ ਵਾਲੇ ਹਨ।

ਭਾਵਨਾ ਮਦਾਰੁ ਦੇਗ ਤੇਗ ਕੇ ਅਧਾਰ,
ਦੈਵੀ ਗੁਨੋ ਕੇ ਭੰਡਾਰ ਹੈਂ ਖਿਲਾਰਿ ਮਾਲ ਜਾਨ ਕੇ[1]।

[1](ਭਾਵਨਾ) ਇੱਛਾ ਪੂਰੀਆਂ ਕਰਨ ਲਈ (ਮਦਾਰੁ) ਕਲਪ ਬ੍ਰਿਛ ਹਨ, (ਦੇਗ) ਲੰਗਰ ਤੇ ਤਲਵਾਰ ਦੇ ਆਸਰੇ ਭਾਵ ਧਨੀ ਹਨ, (ਸਤ ਸੰਤੋਖ ਆਦਿ) ਦੈਵੀ ਗੁਣਾਂ ਦੇ ਖਜ਼ਾਨੇ ਹਨ, ਮਾਲ ਤੇ ਜਾਨ ਤੋਂ ਖੇਡ ਜਾਣ ਵਾਲੇ ਭਾਵ ਜਾਨ ਤੇ ਮਾਲ ਨੂੰ ਕੁਰਬਾਨ ਕਰਨ ਵਾਲੇ ਹਨ।

ਗਹੱਯਾ ਬ੍ਰਹਮ ਗਜਾਨ ਕੇ ਜਪੱਯਾ ਰਾਮ ਨਾਮ ਕੇ,
ਦਲੱਯਾ ਤੁਰਕਾਨ ਕੇ ਬਚੱਯਾ ਹਿੰਦੁਵਾਨ ਕੇ[1]

[1]ਬ੍ਰਹਮ ਗਿਆਨ ਦੇ ਗ੍ਰਹਿਣ ਕਰਨ ਵਾਲੇ, ਵਾਹਿਗੁਰੂ ਨਾਮ ਦੇ ਜਪਾਉਣ ਵਾਲੇ, ਤੁਰਕਾਂ ਨੂੰ ਦਲਣ ਵਾਲੇ, ਤੇ ਹਿੰਦੂਆਂ ਨੂੰ

ਬਚਾਉਣ ਵਾਲੇ ਹਨ।

॥੧੬॥

ਗਾਢੇ ਜੰਗ ਵੀਚ ਸਿੰਘ ਆਢੇ ਆਇ ਬੈਰਿਨ ਕੇ,
ਕਾਢੈਂ ਸ਼ਮਸ਼ੇਰੈਂ ਸਮ ਸ਼ੇਰੈਂ ਜੌ ਭਬੱਕ ਕੈ[1]।

[1]ਤਕੜੇ ਜੰਗ ਵਿੱਚ (ਜੇ ਕਦੀ) ਸਿੰਘ ਵੈਰੀਆਂ ਦੇ (ਆਢੇ) ਅੜਿੱਕੇ ਵਿੱਚ ਆ ਜਾਣ ਤਾਂ ਸ਼ੇਰਾਂ ਵਾਂਗ ਭਬਕ ਮਾਰ ਕੇ (ਗੱਜ ਕੇ) ਤਲਵਾਰਾਂ ਕੱਢ ਲੈਂਦੇ ਹਨ।

ਕੇਸ ਹੋਤ ਠਾਢੇ ਚਾਢੇ ਭੌਹੈਂ ਕੇ ਰਿਸੌਹੈਂ ਨੈਨ,
ਸੈਨ ਐਨ ਦੁੱਜਨ ਕੋ ਦਲ ਹੈਂ ਦਬੱਕ ਕੈ[1]।

[1](ਸਿੰਘਾਂ ਦੇ) (ਕੇਸ) ਰੋਮ ਖੜੇ ਹੋ ਜਾਂਦੇ ਹਨ, ਗੁੱਸੇ ਵਾਲੇ ਨੇਤ੍ਰਾਂ ਦੇ ਭਰਵੱਟੇ ਚੜ੍ਹ ਜਾਂਦੇ ਹਨ, ਦੁਸ਼ਮਣਾਂ ਦੀ ਫੌਜ ਨੂੰ ਚੰਗੀ ਤਰ੍ਹਾਂ ਦਬਾ ਕੇ ਦਲ ਦਿੰਦੇ ਹਨ।

ਬੈਰੀ ਬਲਵੰਡਨ ਕੇ ਝੁੰਡਨ ਕੇ ਝੁੰਡ ਖੰਡ
ਰੁੰਡ ਮੁੰਡ ਧਰਾ ਪੈ ਬਖੇਰਤ ਹਬੱਕ ਕੈ[1]।

[1](ਹਬੱਕ ਕੈ) ਹੱਲਾ ਮਾਰ ਕੇ ਬਲਵਾਨ ਵੈਰੀਆਂ ਦੇ ਟੋਲਿਆਂ ਦੇ ਟੋਲੇ ਟੁਕੜੇ ਕਰ ਕੇ ਧੜਾਂ ਤੇ ਸਿਰਾਂ ਨੂੰ ਧਰਤੀ ਤੇ ਖਿੰਡਾ ਦੇਂਦੇ ਹਨ।

ਮਾਰਤੇ ਹੈਂ ਸ਼ੇਰਨ ਜਯੋਂ ਫਾਰਤੇ ਬਘੇਰਨ ਜਯੋਂ,
ਬੈਰਿਨ ਬਟੇਰਨ ਕੌ ਬਾਜ ਜਯੋਂ ਝਪੱਕ ਕੈ[1] ॥੧੭॥

[1]ਸ਼ੇਰਾਂ ਵਾਂਗ ਮਾਰਦੇ ਹਨ, ਬਘਿਆੜਾਂ ਵਾਂਗ ਪਾੜਦੇ ਹਨ, ਵੈਰੀਆਂ ਰੂਪ ਬਟੇਰਿਆਂ ਨੂੰ ਬਾਜਾਂ ਵਾਂਗ (ਝਪੱਕ ਕੈ) ਝਪਟ ਮਾਰ ਕੇ (ਮਾਰ ਦੇਂਦੇ ਹਨ)।

ਪਾਲੀ ਹਿੰਦੁ ਹੱਦ ਮੱਦ ਧਰਮ ਕੀ ਬਿਹੱਦ ਜਿਨੈ,
ਗਾਲੀ ਜੱਦ ਦੁੱਜਨ ਕੀ ਰੱਦ ਕਰ ਡਾਲੀ ਹੈ[1]।

[1]ਜਿਨ੍ਹਾਂ ਸਿੰਘਾਂ ਨੇ (ਮੱਦ) ਮਸਤ ਹੋ ਕੇ ਹਿੰਦੂ ਧਰਮ ਦੀ (ਹੱਦ) ਰੀਤੀ ਦੀ ਬਹੁਤੀ ਪਾਲਣਾ ਕੀਤੀ ਹੈ, ਅਤੇ ਦੁਸ਼ਮਣਾਂ ਦੀ ਵੰਸ਼ ਗਾਲ੍ਹ ਕੇ ਰੱਦ ਕਰ ਸੁੱਟੀ ਹੈ।

ਜਾਲੀ ਮੋਹਿ ਜਾਲੀ ਕਾਮ ਕੋਹ ਕੀ ਪ੍ਰਨਾਲੀ ਜਾਂਹਿ,
ਝਾਲੀ ਹੈ ਬਿਸਾਲ ਝਾਲ ਘਾਲ ਭੂਰ ਘਾਲੀ ਹੈ[1]।

[1]ਜਿਨ੍ਹਾਂ (ਸਿੰਘਾਂ) ਨੇ ਮੋਹ ਦੀ ਜਾਲੀ ਤੇ ਕਾਮ ਕ੍ਰੋਧ ਦੀ (ਪ੍ਰਣਾਲੀ) ਪੀੜ੍ਹੀ (ਵੰਸ਼ ਦੀ ਪਰੰਪਰਾ) (ਜਾਲੀ) ਸਾੜ ਦਿੱਤੀ ਹੈ, ਬੜੀ ਕਸਵੱਟੀ ਸਹਾਰੀ ਹੈ ਅਤੇ ਬਹੁਤੀ ਕਮਾਈ ਕੀਤੀ ਹੈ।

ਮਾਲੀ ਹੈਂ ਸੁ ਧ੍ਰਮ ਕੇ ਸੁਕ੍ਰਮ ਕੇ ਸੰਭਾਲੀ ਸਦਾ,
ਗਜਾਨ ਸਿੰਘ ਪਾਲੀ ਸ੍ਰਣ ਪ੍ਰਣ ਕੇ ਬਿਸਾਲੀ ਹੈ[1]।

[1]ਚੰਗੇ ਧਰਮ ਦੇ ਮਾਲੀ ਹਨ, ਸ੍ਰੇਸ਼ਟ ਕਰਮਾਂ ਦੀ ਸਦਾ ਸੰਭਾਲ ਕਰਨ ਵਾਲੇ ਹਨ, ਗਿਆਨ ਸਿੰਘ (ਕਹਿੰਦਾ ਹੈ) ਕਿ ਸ਼ਰਨ ਆਇਆਂ ਦੀ (ਸਹਾਇਤਾ ਲਈ ਕੀਤੇ ਹੋਏ ਆਪਣੇ) ਪ੍ਰਣ ਦੀ ਬਹੁਤੀ ਪਾਲਣਾ ਕਰਨ ਵਾਲੇ ਹਨ।

ਚਾਲੀ ਹੈ ਨਿਰਾਲੀ ਚਾਲ ਟਾਲੀ ਹੈ ਕੁਚਾਲੀ ਜਾਂਹਿ,
ਦੇਗ ਤੇਗ ਵਾਲੀ ਪੰਥ ਖਾਲਸਾ ਅਕਾਲੀ ਹੈ[1] ॥੧੮॥

[1]ਜਿਨ੍ਹਾਂ (ਸਿੰਘਾਂ ਨੇ) (ਗੁਰਮਤਿ ਦੀ) ਅਣੋਖੀ ਚਾਲ ਚਲਾਈ ਹੈ, ਅਤੇ (ਮਨਮਤਿ ਦੀ) ਖੋਟੀ ਚਾਲ ਮੇਟ ਦਿੱਤੀ ਹੈ, ਲੰਗਰ ਤੇ ਤਲਵਾਰ ਦਾ ਮਾਲਕ (ਧਨੀ) ਐਸਾ ਖ਼ਾਲਸ ਪੰਥ ਅਕਾਲੀ (ਇਕ ਅਕਾਲ ਦਾ ਉਪਾਸ਼ਕ) ਹੈ।

ਆਜਿਜ਼ ਨਿਵਾਜ ਹੈਂ, ਗਦੀਮਨ ਗੁਦਾਜ ਹੈਂ,
ਕਿ ਤਾਜ ਹੈਂ ਦੁਨੀਨ ਕੇ, ਯਤੀਮਨ ਕੇ ਪਾਲ ਕੇ[1]।

[1](ਸਿੰਘ) ਗ਼ਰੀਬਾਂ ਨੂੰ ਵਡਿਆਉਣ ਵਾਲੇ ਹਨ, (ਗਨੀਮਨ) ਵੈਰੀਆਂ ਨੂੰ (ਗੁਦਾਜ) ਗਾਲ੍ਹਣ ਵਾਲੇ ਹਨ, ਦੁਨੀਆਂ ਦੇ (ਤਾਜ) ਮੁਕਟ (ਬਾਦਸ਼ਾਹ ਦੇ ਸਿਰ ਦਾ ਗਹਿਣਾ) ਹਨ, ਯਤੀਮਾਂ ਦੀ ਪਾਲਣਾ ਕਰਨ ਵਾਲੇ ਹਨ।

ਆਜ਼ਮ ਅਜ਼ੀਮ ਹੈਂ ਫਹੀਮ ਹੈਂ ਕਰੀਮ ਧੀਮ,
ਰਾਜਕ ਰਹੀਮ ਬੀਮ ਸੱਤ੍ਰੁਨ ਕੇ ਸਾਲ ਕੇ[1]।

[1](ਸਿੰਘ) ਵੱਡਿਆਂ ਤੋਂ ਵੱਡੇ, (ਫਹੀਮ) ਅਕਲ ਵਾਲੇ, (ਕਰੀਮ) ਬਖ਼ਸ਼ਸ਼ ਕਰਨ ਵਾਲੇ ਤੇ (ਧੀਮ) ਧੀਰਜ ਵਾਲੇ ਹਨ, ਰੋਜ਼ੀ ਦੇਣ ਵਾਲੇ, (ਰਹੀਮ) ਤਰਸ ਕਰਨ ਵਾਲੇ, ਵੈਰੀਆਂ ਨੂੰ (ਬੀਮ) ਭਿਆਨਕ (ਸਾਲ ਕੇ) ਦੁਖ ਦੇਣ ਵਾਲੇ ਹਨ।

ਆਲਮ ਅਮੀਰ ਪਾਕ ਰੌਸ਼ਨ ਜਮੀਰ ਪੀਰ,
ਕਰਮ ਕਬੀਰ ਦਸਤਗੀਰ ਹੈਂ ਕਮਾਲ ਕੇ[1]।

[1](ਆਲਮ) ਇਲਮ ਵਾਲੇ, (ਅਮੀਰ) ਬਾਦਸ਼ਾਹ, (ਪਾਕ) ਪਵਿੱਤ੍ਰ, (ਰੌਸ਼ਨ ਜ਼ਮੀਰ) ਪ੍ਰਕਾਸ਼ ਬੁਧੀ ਵਾਲੇ, (ਪੀਰ) ਪੂਜਨੀਕ, (ਕਰਮ ਕਬੀਰ) ਵੱਡੇ ਕੰਮ ਕਰਨ ਵਾਲੇ (ਗ਼ਰੀਬਾਂ ਦੇ) (ਕਮਾਲ ਕੇ) ਬਹੁਤੇ (ਦਸਤਗੀਰ) (ਹੱਥ ਪਕੜਨ ਵਾਲੇ) ਮਦਦਗਾਰ ਹਨ।

ਫਾਜ਼ਲ ਫਲੱਯਤ ਸ਼ਰੱਯਤ ਜ਼ਹੀਰ ਬੀਰ,
ਪੇਖੀਏ ਪ੍ਰਤੱਖ ਸਿੰਘ ਬਾਲਕੇ ਅਕਾਲ ਕੇ[1] ॥੧੯॥

[1](ਫ਼ਾਜ਼ਲ) ਵਿਦਵਾਨ, (ਫਲੱਯਤ ਸ਼ਰੱਯਤ) ਧਰਮ ਦੇਰਸਤੇ ਦੇ (ਜ਼ਹੀਰ) ਸਫਲ ਵਕਤੇ ਤੇ ਸੂਰਮੇਂ ਹਨ, ਪ੍ਰਤੱਖ ਹੀ ਦੇਖੀਦੇ ਹਨ ਕਿ ਇਹ ਸਿੰਘ ਅਕਾਲ ਦੇ ਸਪੁੱਤ੍ਰ ਹਨ।

ਜਾਂ ਕੀ ਤੇਗ ਹਿੰਮਤ ਕੀ ਕਿੰਮਤ ਬਖਾਨੈ ਕੌਨ,
ਸਿੰਮਤ ਸਭੀ ਮੈਂ ਸਾਫ ਸੁਜਸ ਬਿਥਾਰਾ ਹੈ[1]।

[1]ਜਿਨ੍ਹਾਂ (ਸਿੰਘਾਂ) ਦੀ ਤਲਵਾਰ ਤੇ ਹਿੰਮਤ ਦੀ (ਕਿੰਮਤ) ਕੀਮਤ ਕੌਣ ਕਹਿ ਸਕਦਾ ਹੈ, ਸਾਰੀਆਂ (ਸਿੰਮਤ) ਦਿਸ਼ਾਂ ਵਿੱਚ ਸਾਫ਼ ਤੇ ਚੰਗਾ ਜਸ ਫੈਲਾਇਆ ਹੈ।

ਗਾਰਾ ਹੈ ਮਹੀਪਤ ਮਲੇਛ ਤੇਜ ਤ੍ਰੁਕਨ ਕੋ,
ਪਾਰਾ ਹਿੰਦੁ ਧ੍ਰੰਮ ਔ ਅਧ੍ਰੰਮ ਕੋ ਬਿਦਾਰਾ ਹੈ[1]।

[1]ਮਲੇਛ ਤੁਰਕਾਂ ਦੇਰਾਜਿਆਂ ਦੇ ਤੇਜ ਨੂੰ ਗਾਲ਼ਿਆ ਹੈ, ਹਿੰਦੂ ਧਰਮ ਨੂੰ ਪਾਲਿਆ ਹੈ ਅਤੇ (ਅਧਰਮ) ਪਾਪ ਨੂੰ ਨਾਸ਼ ਕੀਤਾ ਹੈ।

ਮਸਤ ਮਤੰਗਨ ਤ੍ਰੁਕਿੰਦਨ ਕੇ ਮਾਰਬੇ ਕੋ,
ਗਜਾਨ ਸਿੰਘ ਸਿੰਘ ਰੂਪ ਖਾਲਸਾ ਸਵਾਰਾ ਹੈ[1]।

[1]ਗਿਆਨ ਸਿੰਘ (ਕਹਿੰਦਾ ਹੈ ਕਿ) ਤੁਰਕਾਂ ਦੇਰਾਜਿਆਂ ਰੂਪ ਮਸਤ ਹਾਥੀਆਂ ਦੇ ਮਾਰਨ ਨੂੰ (ਕਲਗੀਧਰ ਜੀ ਨੇ) ਖ਼ਾਲਸੇ ਨੂੰ ਸ਼ੇਰ ਰੂਪ ਸਾਜਿਆ ਹੈ (ਇਹ ਕੀ ਹੈ?)।

ਈਸ਼ ਅਵਤਾਰ ਹੈ ਕਿ ਦੇਵਤਾ ਉਦਾਰ ਹੈ,
ਕਿ ਬੀਰ-ਰਸ ਸਾਰ ਹੈ ਕਿ ਖਾਲਸਾ ਉਦਾਰਾ ਹੈ[1] ॥੨੦॥

[1]ਈਸ਼ਰ ਦਾ ਅਵਤਾਰ ਹੈ, ਜਾਂ ਸ੍ਰੇਸ਼ਟ ਦੇਵਤਾ ਹੈ, ਜਾਂ ਸ੍ਰੇਸ਼ਟ ਬੀਰ-ਰਸ ਹੈ ਜਾਂ ਇਹ ਸ੍ਰੇਸ਼ਟ ਖ਼ਾਲਸਾ ਹੈ।

ਗਜਾਨ ਕੇ ਗਹੱਯਾ ਬੀਰ, ਧਜਾਨ ਕੇ ਧਰੱਜਾ ਧੀਰ,
ਨਾਮ ਕੇ ਜਪੱਯਾ ਪੀਰ, ਜਾਹਰ ਜਹਾਨ ਮੈਂ[1]।

[1]ਗਿਆਨ ਦੇ ਗ੍ਰਹਣ ਕਰਨ ਵਾਲੇ ਸੂਰਮੇਂ; ਧਿਆਨ ਦੇ ਧਰਨ ਵਾਲੇ, ਧੀਰਜਵਾਨ; ਨਾਮ ਦੇ ਜਪਾਉਣ ਵਾਲੇ ਪੂਜਨੀਕ (ਸਿੰਘ) ਜਗਤ ਵਿੱਚ ਪ੍ਰਗਟ ਹਨ।

ਗਹਿਰੇ ਗਰੂਰ ਭਰੇ ਗਾਲਬ ਗਨੀਮਨ ਕੇ,
ਗੰਜਬੇ ਕੀ ਗਨਨਾ ਹੈ ਰਾਵਰੀ ਕ੍ਰਿਪਾਨ ਮੈਂ[1]।

[1](ਗਹਿਰੇ) ਬਹੁਤੇ (ਗਰੂਰ) ਹੰਕਾਰ ਵਿੱਚ ਭਰੇ ਹੋਏ (ਗਾਲਬ) ਪ੍ਰਬਲ (ਗਨੀਮਨ) ਦੁਸ਼ਮਣਾਂ ਦੇ (ਗੰਜਬੇ) ਕੱਟਣ ਦੀ (ਗਨਨਾ) ਗਿਣਤੀ ਆਪ ਦੀ ਤਲਵਾਰ ਵਿੱਚ ਹੈ (ਭਾਵ ਆਪ ਦੀ ਤਲਵਾਰ ਨੇ ਅਣਗਿਣਤ ਕੱਟੇ ਹਨ)।

ਜੇਤਿਕ ਤੁਰਕਾਨਿ ਹੈਂ ਜਹਾਨ ਮੈਂ ਗਜਾਨ ਹਰਿ,
ਹੇਰ ਕੈ ਉਸਾਨ ਵਾਂ ਕੇ ਰਹਿਤ ਨਾ ਠਿਕਾਨ ਮੈਂ[1]।

[1]ਗਿਆਨ ਸਿੰਘ (ਕਹਿੰਦਾ ਹੈ) ਕਿ ਸੰਸਾਰ ਵਿੱਚ ਜਿਤਨੇ ਕੁ ਤੁਰਕ ਹਨ, (ਖ਼ਾਲਸੇ ਨੂੰ) ਦੇਖ ਕੇ ਉਹਨਾਂ ਦੇ (ਉਸਾਨ) ਹੋਸ਼ ਟਿਕਾਣੇ ਨਹੀਂਰਹਿੰਦੇ।

ਸ਼ਾਨ ਮੈਂ ਗੁਮਾਨ ਮੈਂ ਨ ਮਾਨ ਦਾਨ ਤਾਨ ਮੈਂ,
ਨ ਖਾਲਸੇ ਸਮਾਨ ਕਹੂੰ ਦੇਖਯੋ ਸੁਨਯੋ ਆਨ ਮੈਂ[1] ॥੨੧॥

[1](ਸ਼ਾਨ ਮੈਂ) ਵਡਿਆਈ ਵਿੱਚ, (ਗੁਮਾਨ ਮੈਂ) ਖ਼ਿਆਲਾਂ ਵਿੱਚ, ਆਦਰ ਕਰਨ ਵਿੱਚ, ਦਾਨ ਦੇਣ ਵਿੱਚ, ਬਲ ਵਿੱਚ ਖ਼ਾਲਸੇ ਵਰਗਾ ਕਿਤੇ ਵੀ (ਆਨ) ਹੋਰ ਕੋਈ ਨਾ ਸੁਣਿਆ ਹੈ ਤੇ ਨਾ ਵੇਖਿਆ ਹੈ।

ਚਾੜ੍ਹ ਕੈ ਅਫੀਮ ਭੰਗ ਤਾੜ ਕੈ ਸੁਚੇਤੇ ਸਿੰਘ,
ਛਾੜ ਕੈ ਸਮਸ੍ਰੂ ਜੌ ਲਾਵਤੇ ਦਿਵਾਨ ਹੈਂ[1]।

[1]ਜਦੋਂ ਸਿੰਘ ਅਫ਼ੀਮਾਂ ਤੇ ਭੰਗ (ਚਾੜ੍ਹ ਕੈ) ਛਕ ਕੇ, (ਸੁਚੇਤੇ) ਜੰਗਲ ਪਾਣੀ (ਤਾੜ ਕੇ) ਹੋ ਕੇ, (ਸਮੱਸ੍ਰੂ) ਦਾੜ੍ਹੇ (ਛਾੜ ਕੈ) ਖੋਲ੍ਹ ਕੇ ਦੀਵਾਨ ਲਾਉਂਦੇ ਹਨ।

ਖੇਤ ਗੁਲ ਲਾਲੇ ਸੇ ਬਿਸਾਲੇ ਸੋਭਨੀਕ ਬਾਗੇ,
ਆਯੁਧ ਬਿਲੋਕ ਬੈਰੀ ਦਬਤ ਜਹਾਨ ਹੈਂ[1]।

[1](ਸਿੰਘਾਂ ਦੇ) (ਬਾਗ) ਪੁਸ਼ਾਕੇ (ਗੁਲ ਲਾਲੇ) ਦੁਪਹਿਰੀਏ ਫੁੱਲਾਂ ਦੇ ਖੇਤ ਵਰਗੇ ਬਹੁਤੇ (ਸੋਭਨੀਕ) ਸੋਹਣੇ ਹਨ (ਸਿੰਘਾਂ ਦੇ) ਸ਼ਸਤ੍ਰ ਦੇਖ ਕੇ ਜਹਾਨ ਦੇ ਵੈਰੀ ਦਬ ਜਾਂਦੇ ਹਨ।

ਦੇਖ ਕੈ ਸਜਾਵਟ ਬਨਾਵਟ ਕੋ ਗਜਾਨ ਸਿੰਘ,
ਰਾਜਨ ਕੀ ਕਹਾਂ, ਜਾਤ ਇੰਦ੍ਰ ਕਾ ਗੁਮਾਨ ਹੈਂ[1]।

[1]ਗਿਆਨ ਸਿੰਘ (ਕਹਿੰਦਾ ਹੈ) ਕਿ (ਸਿੰਘਾਂ ਦੀ) ਸਜਾਵਟ ਤੇ (ਬਨਾਵਟ) ਸ਼ਕਲ ਸੂਰਤ ਨੂੰ ਦੇਖ ਕੇਰਾਜਿਆਂ ਦੀ ਤਾਂ (ਗੱਲ ਹੀ) ਕੀ ਹੈ ਇੰਦ੍ਰ ਦਾ ਵੀ ਹੰਕਾਰ ਚਲਿਆ ਜਾਂਦਾ ਹੈ।

ਲਖਤ ਦੇਵ ਆਨ ਹੈਂ ਤੌ ਸਖਤ ਭੁਲਾਨ ਹੈਂ,
ਥਕਤ ਹੋਤ ਭਾਨ ਹੈ ਚਕਤ ਭਗਵਾਨ ਹੈਂ[1] ॥੨੨॥

[1]ਜਦੋਂ ਹੋਰ ਦੇਵਤੇ (ਲਖਤ) ਦੇਖਦੇ ਹਨ ਤਾਂ ਸਖਤ ਭੁੱਲ ਵਿੱਚ ਆ ਜਾਂਦੇ ਹਨ, (ਭਾਨ) ਸੂਰਜ ਥਕਤ ਹੋ ਜਾਂਦਾ ਹੈ ਤੇ (ਭਗਵਾਨ) ਵਿਸ਼ਨੂੰ (ਚਕਤ) ਹੈਰਾਨ ਹੋ ਜਾਂਦਾ ਹੈ।

ਏ ਜੂ ਪੰਥ ਖਾਲਸਾ ਕ੍ਰਿਪਾਲ ਦੀਨ ਦਜਾਲ ਸੁਨੋ,

ਮੇਰੇ ਯੇ ਅਸ਼ੀਰਬਾਦ ਯਾਦ ਮੈਂ ਧਰੇ ਰਹੋ[1]।

[1]ਮੇਰੇ ਇਹ ਅਸ਼ੀਰਵਾਦ ਦੇ (ਛੰਦ) ਆਪਣੀ ਯਾਦ 'ਚ ਰੱਖੀ ਰੱਖੋ।

ਖਰੇ ਰਹੋ ਛਾਤੀ ਪੈ ਅਰਾਤੀ ਕੇ ਸਦੀਵ ਦਿਵ,
ਕਰੇ ਰਹੋ ਸੰਤ ਸੇਵ ਦੀਨਨ ਪੈ ਢਰੇ ਰਹੋ[1]।

[1]ਸਦਾ ਪੱਕੇ ਹੋ ਕੇ (ਅਰਾਤੀ) ਵੈਰੀ ਦੀ ਛਾਤੀ ਤੇ ਖੜੇ ਰਹੋ, ਸੰਤਾਂ ਦੀ ਸੇਵਾ ਕਰਦੇ ਰਹੋ ਤੇ ਗ਼ਰੀਬਾਂ ਤੇ ਢਲੇ ਰਹੋ ਭਾਵ ਤਰਸ ਕਰਦੇ ਰਹੋ।

ਦੇਸ ਔ ਬਿਦੇਸ ਕੇ ਨਰੇਸਨ ਅਸੇਸਨ ਪੈ,
ਹਾਕਮੀ ਸੁਰੇਸ ਸੀ ਹਮੇਸ਼ ਹੀ ਕਰੇ ਰਹੋ[1]।

[1]ਦੇਸ ਅਤੇ ਪ੍ਰਦੇਸਾਂ ਦੇ (ਅਸੇਸਨ) ਸਾਰਿਆਂਰਾਜਿਆਂ ਉੱਤੇ ਇੰਦ੍ਰ ਵਰਗੀ (ਹਾਕਮੀ) ਹਕੂਮਤ ਹਮੇਸ਼ਾਂ ਕਰਦੇ ਰਹੋ।

ਕਰੇ ਰਹੋ ਭਗਤੀ ਪੈ ਅਰੇ ਰਹੋ ਜਗਤੀ ਪੈ,
ਫਰੇ ਰਹੋ ਯਕਤੀ ਪੈ ਸ਼ਕਤੀ ਸੈਂ ਭਰੇ ਰਹੋ[1] ॥੨੩॥

[1]ਭਗਤੀ ਕਰਦੇ ਰਹੋ (ਪੈ) ਪੁਨਹ (ਜਗਤੀ) ਮੁਲਕ (ਮੱਲਣ ਲਈ) ਅੜੇ ਰਹੋ, ਫੇਰ (ਯਕਤੀ) ਏਕਤਾ ਵਿੱਚ ਫਲਦੇ ਰਹੋ ਅਤੇ ਸ਼ਕਤੀ ਵਿੱਚ ਭਰੇ ਰਹੋ।

ਤੇਜ ਰਹੋ ਭਾਨ ਸੋਂ ਜਹਾਨ ਪੈ ਅਮਾਨ ਸਦਾ,
ਸਰਦ ਸਸੀ ਸੋਂ ਸਾਰ ਸੁਜਸ ਬਿਥਰੇ ਰਹੋ[1]।

[1](ਤਰਨ) ਸੂਰਜ ਤੋਂ ਵੀ ਤੇਜਰਹੋ, ਸੰਸਾਰ ਵਿੱਚ ਹਮੇਸ਼ਾਂ ਮਾਣ ਤੋਂ ਰਹਿਤਰਹੋ, (ਸਰਦ ਸਸੀ) ਸਰਦਰੁੱਤ ਦੇ ਚੰਦ੍ਰਮਾਂ ਤੋਂ ਵੀ (ਸਾਰ) ਚੰਗਾ ਸ੍ਰੇਸ਼ਟ ਜਸ ਫੈਲਾਉਂਦੇ ਰਹੋ।

ਤਾਨਾ ਸਾਏਮਾਨਾ ਦੋ ਜਹਾਨਾ ਪੈ ਸੁਭਾ ਸਮਾਨਾ,
ਸਾਤੋ ਅਸਮਾਨਾ ਪੈ ਮਹਾਨਾ ਜਸ ਭਰੇ ਰਹੋ[1]।

[1]ਦੋਹਾਂ ਜਹਾਨਾਂ ਦੇ ਉਪਰ (ਤੁਹਾਡਾ ਜਸ ਦਾ) (ਸਾਇਮਾਨਾ) ਚੰਦੋਆ (ਸੁਭਾ) ਸਵੇਰ ਦੇ (ਸੂਰਜ) (ਸਮਾਨਾ) ਵਰਗਾ ਤਣਿਆ ਰਹੇ, ਸੱਤਾਂ ਅਸਮਾਨਾਂ ਨੂੰ ਬਹੁਤੇ ਜਸ ਨਾਲ ਭਰਦੇ ਰਹੋ।

ਦਾਨ ਕੇ ਬਿਧਾਨ ਸਨਮਾਨ ਗੁਨੀ ਗਾਨ ਕਰੈਂ,
ਧੈਵਤ ਪ੍ਰਤਾਪ ਸੇ ਪ੍ਰਤਾਪ ਕੋ ਧਰੇ ਰਹੋ[1]।

[1]ਤੁਹਾਡੇ (ਬਿਧਾਨ) ਕਈ ਕਿਸਮਾਂ ਦੇ ਦਿੱਤੇ ਹੋਏ ਦਾਨ ਅਤੇ ਸਨਮਾਨ ਦਾ ਗੁਣੀ ਜਨ (ਜਸ) ਗਾਉਣਾ ਕਰਦੇ ਹਨ, (ਧੈਵਤ) ਧੀਰਜ ਦੇ (ਪ੍ਰਤਾਪ) ਪ੍ਰਭਾਵ ਨਾਲ (ਪ੍ਰਤਾਪ) ਸੂਰਬੀਰਤਾ ਨੂੰ ਧਾਰਦੇ ਰਹੋ।

ਦਰੇ ਰਹੋ ਬੈਰਿਨ ਕੌ ਸ੍ਰੀ ਪੰਥ ਖਾਲਸਾ ਜੀ,
ਹਰੇ ਰਹੋ ਭਰੇ ਰਹੋ ਫੂਲੇ ਰਹੋ ਫਰੇ ਰਹੋ[1] ॥੨੪॥

[1]ਹੇ ਸ੍ਰੀ ਖ਼ਾਲਸਾ ਪੰਥ ਜੀ ! ਵੈਰੀਆਂ ਨੂੰ ਦਲਦੇ ਰਹੋ, (ਖ਼ੁਸ਼ੀਆਂ ਨਾਲ) ਹਰੇ ਰਹੋ (ਗੁਣਾਂ ਨਾਲ) ਭਰੇ ਰਹੋ (ਧਰਮ ਰੂਪ ਫੁੱਲ ਵਾਂਗ) ਖਿੜੇ ਰਹੋ ਅਤੇ (ਗਿਆਨ ਰੂਪ ਫਲ ਨਾਲ) ਫਲੇ ਰਹੋ।

ਏਹੀ ਪੰਥ ਲੀਏ ਗੁਰੁ ਤਾਯੋ ਤਪ ਤੇਜ ਅਤਿ,
ਬਿਦਤਾਯੋ ਦੇਵਤਾ ਮਸੰਦ ਮੰਦ ਜਾਲੇ ਹੈਂ[1]।

[1]ਏਸੇ ਪੰਥ ਵਾਸਤੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਤਿੱਖਾ ਤਪ ਤਾਪਿਆ ਹੈ, ਇਹ ਦੇਵਤਾ (ਰੂਪ ਪੰਥ) ਪ੍ਰਗਟ ਕੀਤਾ ਹੈ ਅਤੇ ਮਾੜੇ ਮਸੰਦ ਸਾੜੇ ਹਨ।

ਘਾਲੇ ਹੈਂ ਕਰਾਲੇ ਜੰਗ ਚਾਲੇ ਹੈਂ ਨਿਰਾਲੇ ਮਗ,
ਨਾਲੇ ਕੇ ਦੁਖਾਲੇ ਰੇਤ ਪਰੇ ਪਗ ਛਾਲੇ ਹੈਂ[1]।

[1]ਭਿਆਨਕ ਜੰਗ ਕੀਤੇ ਹਨ, (ਸਰਸਾ ਨਦੀ ਵਰਗੇ) ਦੁਖਦਾਈ ਨਾਲੇ ਦੇ ਅਨੋਖੇਰਸਤੇ ਚਲੇ ਹਨ, (ਮਾਛੀਵਾੜੇ ਦੇ ਜੰਗਲਾਂ ਵਿੱਚ ਤੱਤੀ) ਰੇਤ (ਉਪਰ ਨੰਗੇ ਪੈਰੀਂ ਚੱਲਣ ਨਾਲ) ਪੈਰਾਂ 'ਚ ਛਾਲੇ ਪੈ ਗਏ ਹਨ। (ਅ) (ਸਰਸਾ ਨਾਮ) ਨਾਲੇ ਦੇ ਅਨੋਖੇਰਸਤੇ ਚਲੇ ਅਤੇ ਮਾਛੀਵਾੜੇ ਦੇ ਤੱਤੇਰੇਤ (ਵਿੱਚ ਨੰਗੇ ਪੈਰੀਂ ਚਲਦਿਆਂ) ਪੈਰਾਂ 'ਚ ਦੁਖਦਾਈ ਛਾਲੇ ਪੈ ਗਏ ਹਨ।

ਗਾਲੇ ਹੈਂ ਤੁਰਕਿੰਦ ਬ੍ਰਿੰਦ ਟਾਲੇ ਹੈਂ ਗਿਰਿੰਦ ਰਿੰਦ,
ਜੋਰ ਤੇਗ ਤੀਰ ਢਾਲੇ ਭਾਲੇ ਕੇ ਕਮਾਲੈ ਹੈਂ[1]।

[1]ਤਲਵਾਰ ਦੇ ਜ਼ੋਰ ਨਾਲ ਬਹੁਤੇ ਤੁਰਕਾਂ ਦੇ ਰਾਜੇ ਗਾਲ੍ਹੇ ਹਨ ਤੇ (ਰਿੰਦ) ਜ਼ਿੱਦੀ (ਗਿਰਿੰਦ) ਪਹਾੜੀ ਰਾਜੇ ਟਾਲ ਦਿੱਤੇ ਹਨ, ਤੀਰਾਂ, ਢਾਲਾਂ, ਬੁਰਛਿਆਂ ਦੇ ਚਲਾਉਣ ਵਿੱਚ (ਕਮਾਲੇ) ਪੂਰੇ (ਮਾਹਰ) ਹਨ।

ਲਾਲੇ ਗੁਰੁ ਪਾਲੇ ਤਾਲੇ ਵਾਲੇ ਹੈਂ ਉਤਾਲੇ ਭਾਲੇ,
ਬਾਂਕੇ ਬੋਲ ਬਾਲੇ ਰਹੈਂ ਪੰਥ ਕੇ ਬਿਸਾਲੇ ਹੈਂ[1] ॥੨੫॥

[1](ਲਾਲੇ) ਪਿਆਰੇ ਤੇ (ਤਾਲੇ ਵਾਲੇ) ਬਜ਼ੁਰਗੀ ਵਾਲੇ ਗੁਰੂ ਨੇ (ਖ਼ਾਲਸਾ ਪੰਥ) ਨੂੰ (ਪਾਲੇ) ਪਾਲ ਕੇ (ਉਤਾਲੇ) ਤੇਜ ਵਾਲਾ ਤੇ (ਭਾਲੇ) ਸ਼੍ਰੋਮਣੀ (ਬਣਾ ਦਿੱਤਾ ਹੈ), ਉਸ ਖ਼ਾਲਸਾ ਪੰਥ ਦੇ (ਬਾਂਕੇ) ਬਹੁਤੇ ਸੁੰਦਰ ਬੋਲ ਬਾਲੇ ਰਹਿਣ ਭਾਵ ਸਾਰੇ ਆਗਿਆ ਮੰਨਣ ਤੇ ਸਾਰਿਆਂ ਤੇ ਹਕੂਮਤ ਰਹੇ।

ਮੰਡਜੋ ਰੈਹੈ ਤੇਜ ਮਾਰਤੰਡ ਸੋਂ ਪ੍ਰਚੰਡ ਚੰਡ,
ਰਾਜ ਨਵਖੰਡ ਪੈ ਅਖੰਡਲ ਜਸੋਂ ਕਰੇ ਰਹੋ[1]।

[1](ਮਾਰਤੰਡ) ਸੂਰਜ ਦੇ (ਚੰਡ) ਤੇਜ ਨਾਲੋਂ ਵੀ (ਪ੍ਰਚੰਡ) ਬਹੁਤਾ ਤਿੱਖਾ ਤੇਜ (ਮੰਡਜੋਰੈਹੈ) ਸਜਿਆ ਰਹੇ ਭਾਵ ਚਮਕਦਾ ਰਹੇ, ਨੌਂ ਖੰਡ ਧਰਤੀ ਉੱਤੇ (ਅਖੰਡਲ) ਇੰਦਰ ਵਾਂਗਰਾਜ ਕਰਦੇ ਰਹੋ।

ਆਪਨੀ ਇਕਾਯਤ ਨਿਹਾਯਤ ਕਫਾਯਤ ਸੋਂ,
ਸਾਤੋਂ ਹੀ ਵਿਲਾਯਤ ਕੇ ਵੀਚ ਮੈਂ ਅਰੇ ਰਹੋ[1]।

[1]ਆਪਣੀ (ਕਫਾਯਤ) ਬਹੁਤ (ਨਿਹਾਯਤ) ਜ਼ਿਆਦਾ (ਇਕਾਯਤ) ਏਕਤਾ ਨਾਲ ਸੱਤਾਂ ਹੀ ਵਲਾਇਤਾਂ ਵਿੱਚ ਅੜੇ ਰਹੋ ਭਾਵਰਾਜ ਕਰਦੇ ਰਹੋ।

ਭਰੇ ਰਹੋ ਆਨੰਦ ਅਛੇਹ ਕੇ ਸਨੇਹ ਵੀਚ,
ਦੇਹ ਗੇਹ ਨੇਹ ਮੈਂ ਬਿਦੇਹ ਸੇ ਖਰੇ ਰਹੋ[1]।

[1](ਗੁਰੂ ਦੇ) (ਅਛੇਹ) ਬਹੁਤੇ (ਬਿਦੇਹ) ਜਨਕ ਵਾਂਗ (ਨਿਰਲੇਪ ਹੋ ਕੇ) (ਖਰੇ ਰਹੋ) ਵਰਤੋ।

ਦਰੇ ਰਹੋ ਗਾਲਬ ਗਨੀਮਨ ਕੋ ਖਾਲਸਾ ਜੀ !
ਸੇਜ ਸਦਾ ਸੁਖ ਕੀ ਪੈ ਸੁਫਲ ਫਰੇ ਰਹੋ[1] ॥੨੬॥

[1]ਹੇ ਖ਼ਾਲਸਾ ਜੀ ! (ਗਾਲਬ) ਪ੍ਰਬਲ ਦੁਸ਼ਮਣਾਂ ਨੂੰ ਦਲਦੇ ਰਹੋ, ਸੁਖ ਦੀ ਸੇਜਾ ਉਪਰ ਸਦਾ ਚੰਗੇ (ਗੁਣਾਂ ਦੇ) ਫਲਾਂ ਨਾਲ ਫਲਦੇ ਰਹੋ।

ਵਾਹਿਨ[1] ਸ਼ਿੰਗਾਰੇ ਰਹੈਂ ਬਾਜਤੇ ਨਗਾਰੇ ਰਹੈਂ,

[1](ਹਾਥੀ ਘੋੜੇ ਆਦਿ) ਸਵਾਰੀਆਂ।

ਬੈਰੀ ਭੂਮਿ ਡਾਰੇ ਰਹੈਂ ਜੇ ਧਰੱਯਾ ਤਾਜ ਕੇ[1]।

[1]ਜਿਹੜੇ ਵੈਰੀ ਸਿਰ ਤੇ ਤਾਜ (ਮੁਕਟ) ਰੱਖਣ ਵਾਲੇ ਹਨ (ਉਹ) ਧਰਤੀ ਤੇ ਡਿੱਗੇਰਹਿਣ।

ਸੰਗਤੈਂ ਅਵਾਦ ਰਹੈਂ[1] ਆਵਤੇ ਪ੍ਰਸ਼ਾਦ ਰਹੈਂ,

[1]ਸੰਗਤਾਂ ਵਧਦੀਆਂਰਹਿਣ।

ਅਤਿ ਅਹਿਲਾਦ ਰਹੈਂ ਯਾਦ ਮੈਂ ਸੁਕਾਜ ਕੇ[1]।

[1]ਚੰਗੇ ਕੰਮਾਂ ਦੀ ਯਾਦ ਵਿੱਚ ਬਹੁਤ ਅਨੰਦ ਰਹੇ।

ਗਾਦੀਆਂ ਅਟੱਲ ਰਹੈਂ ਚੌਕੀਆਂ[1] ਅਚੱਲ ਰਹੈਂ,

[1]ਸ਼ਬਦ ਕੀਰਤਨੀ ਜੱਥੇ।

ਬੁੰਗੇ ਝਲਾ ਝੱਲ ਰਹੈਂ ਸਹਤ ਸਮਾਜ ਕੇ[1]।

[1]ਸੰਗਤਾਂ ਦੇ ਇਕੱਠ ਸਹਿਤ ਬੁੰਗੇ (ਝਲਾ ਝੱਲ) ਚਮਕਦੇਰਹਿਣ। (ਬੁੰਗਾ- ਫੌਜ ਦੇ ਰਹਿਣ ਦੀ ਥਾਂ, ਹੁਣ ਸਿੰਘਾਂ ਦੇ ਰਹਿਣ ਦੀ ਥਾਂ।)

ਲਾਗਤੇ ਦਿਵਾਨ ਰਹੈਂ ਗਾਵਤੇ ਸੁਜਾਨ[1] ਰਹੈਂ

[1]ਚਤੁਰ (ਰਾਗੀ)।

ਝੂਲਤੇ ਨਿਸ਼ਾਨ ਰਹੈਂ ਗੁਰੂ ਮਹਾਰਾਜ ਕੇ ॥੨੭॥
ਭਾਰੀ ਧੂਮ ਧਾਮ ਸੈਂ ਚਢਾਈ ਧਾਂਕ ਧੌਂਸਨ ਕੀ,
ਝੰਡਨ ਕੀ ਝੂਲਨ ਸੋਂ ਬੋਲਤੇ ਨਕੀਬ ਰਹੈਂ[1]।

[1]ਭਾਰੀ (ਧੂਮ ਧਾਮ) ਉਤਸ਼ਵ ਦੇ ਭੀੜ ਭੜੱਕੇ ਨਾਲ (ਫੌਜਾਂ ਦੀ) ਚੜ੍ਹਾਈ (ਹੁੰਦੀ ਰਹੇ)। ਧੌਂਸਿਆਂ ਦੀ (ਅਵਾਜ਼ ਦਾ) (ਧਾਂਕ) ਦਬਦਬਾ (ਵਧਦਾ ਰਹੇ), ਝੰਡਿਆਂ ਦੇ ਝੂਲਣ ਨਾਲ ਨਕੀਬ (ਅੱਗੇ ਅੱਗੇ ਅਵਾਜ਼ ਕਰਨ ਵਾਲੇ) ਬੋਲਦੇਰਹਿਣ।

ਗਾਲਬ ਗਨੀਮਨ ਕੇ ਗੋਲਨ ਪੈ ਗੋਲੇ ਹਨ,
ਗੰਜੈਂ ਗਢ ਗਾਢੇ ਖੁਸ਼ੀ ਦੇਵਤੇ ਗਰੀਬ ਰਹੈਂ[1]।

[1](ਗ਼ਾਲਬ) ਪ੍ਰਬਲ ਵੈਰੀਆਂ ਦੇ (ਗੋਲਨ) ਟੋਲਿਆਂ ਉੱਤੇ ਗੋਲੇ ਮਾਰ ਕੇ (ਗਾਢੇ) ਤਕੜੇ (ਗਢ) ਕਿਲ੍ਹਿਆਂ ਨੂੰ (ਗੰਜੈ) ਤੋੜਦੇਰਹਿਣ, ਦੇਵਤਿਆਂ ਤੇ ਗ਼ਰੀਬਾਂ ਨੂੰ ਖ਼ੁਸ਼ੀਆਂ (ਦੇਂਦੇ) ਰਹਿਣ।

ਗਾਯਕ ਪ੍ਰਬੀਨ[1] ਬੈਦ ਜੋਤਸ਼ੀ ਮਹੰਤ ਸੰਤ,

[1]ਚਤੁਰ-ਗਵੱਯੇ।

ਪੰਡਤ ਕਵੀਸ[1] ਮਾਨ[2] ਪਾਵਤੇ ਸਦੀਵ ਰਹੈਂ।

[1]ਸ਼੍ਰੋਮਣੀ ਕਵੀ। [2]ਆਦਰ।

ਸ੍ਰੀ ਗੁਬਿੰਦ ਸਿੰਘ ਜੂ ਕੇ ਲਾਡਲੇ ਛਬੀਲੇ ਛੈਲ[1],

[1](ਛਬੀਲੇ) ਸ਼ੋਭਾ ਵਾਲੇ (ਛੈਲ) ਸੁੰਦਰ।

ਖਾਲਸੇ ਰੰਗੀਲੇ[1] ਪਜਾਰੇ ਏਤੋ[2] ਚਿਰੰਜੀਵ ਰਹੈਂ ॥੨੮॥

[1]ਅਨੰਦ ਵਾਲੇ। [2]ਇਤਨੇ ਭਾਵ ਬਹੁਤੇ।

ਸ੍ਵੈਯਾ:
ਬਜਤੇ ਰਹੈਂ ਦੁੰਦਭਿ ਦੀਹ ਸਦਾ,
ਗਜਤੇ ਰਹਿਂ ਬਾਜ ਮਤੰਗ ਦ੍ਵਾਰੇ[1]।

[1](ਹੇ ਖ਼ਾਲਸਾ ਜੀ ! ਤੁਹਾਡੇ) (ਦੀਹ) ਭਾਰੀ ਧੌਂਸੇ ਸਦਾ ਵਜਦੇ ਰਹਿਣ ਤੇ ਬੂਹਿਆਂ ਉੱਤੇ (ਬਾਜ) ਘੋੜੇ ਤੇ (ਮਤੰਗ) ਹਾਥੀ ਗਜਦੇ ਰਹਿਣ।

ਸਜਤੇ ਸੁਖ ਸਾਜ ਰਹੈਂ ਸਭਿ ਹੀ,
ਭਜਤੇ ਰਹਿਂ ਦੁੱਜਨ ਦੇਖਿ ਡਰਾਰੇ[1]।

[1]ਸੁੱਖਾਂ ਦੇ ਸਾਰੇ ਹੀ ਸਾਮਾਨ ਸਜਦੇਰਹਿਣ, (ਦੁੱਜਨ) ਵੈਰੀ (ਤੁਹਾਡਾ) (ਡਰਾਰੇ) ਭਿਆਨਕ (ਰੂਪ) ਦੇਖ ਕੇ

ਭੱਜਦੇਰਹਿਣ।

ਤਜਤੇ ਰਹਿਂ ਬੈਰਿਨ ਕੋ ਗਹਿ ਕੈ,
ਭਜਤੇ ਰਹਿਂ ਈਸ਼੍ਵਰ ਨਾਮ ਉਦਾਰੇ[1]।

[1]ਵੈਰੀ ਨੂੰ ਫੜ ਕੇ ਛੱਡਦੇ ਰਹੋ, ਵਾਹਿਗੁਰੂ ਦੇ ਸ੍ਰੇਸ਼ਟ ਨਾਮ ਦਾ ਭਜਨ ਕਰਦੇ ਰਹੋ।

ਅਜ ਤੈ ਪੁਨ ਆਦਿਕ ਦੇਵ ਸਭੈ,
ਕਜਤੇ ਪੜਦੇ* ਰਹਿਂ ਨੀਤ ਤੁਮਾਰੇ[1] ॥੨੯॥

[1](ਅੱਜ) ਬ੍ਰਹਮਾ ਤੋਂ ਆਦਿ ਲੈ ਕੇ ਪੁਨਹ ਸਾਰੇ ਦੇਵਤੇ ਤੁਹਾਡੇ ਪੜਦੇ ਢੱਕਦੇਰਹਿਣ। *ਇਹ ਗੱਲ ਬ੍ਰਾਹਮਣ ਆਪਣੇ ਨਿਸ਼ਚੇ ਅਨੁਸਾਰ ਕਹਿ ਰਿਹਾ ਹੈ, ਸਿੰਘ ਵਾਹਿਗੁਰੂ ਜਾਂ ਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਆਪਣਾ ਪੜਦਾ ਢੱਕਣ ਵਾਲਾ ਨਹੀਂ ਸਮਝਦੇ।

ਬਹੁ ਝੂਲਤ ਝੰਡੇ ਅਖੰਡੇ ਰਹੈਂ,
ਗੁਰੁ ਸਿੱਖਨ ਕੇ ਸੁਖ ਮੰਡੇ ਰਹੈਂ[1]।

[1](ਖ਼ਾਲਸਾ ਪੰਥ ਦੇ) ਬਹੁਤੇ ਝੰਡੇ (ਅਖੰਡੇ) ਇਕਰਸ ਝੂਲਦੇਰਹਿਣ, ਗੁਰਸਿੱਖਾਂ ਦੇ ਸੁੱਖ (ਮੰਡੇ) ਸਜੇਰਹਿਣ।

ਪਿਖ ਕੈ ਮੁਖ ਪੰਡੇ ਰਹੈਂ ਅਰਿ ਕੇ,
ਡਰ ਕੇ ਗਰਕੇ ਉਰਿ ਕੰਡੇ ਰਹੈਂ[1]।

[1](ਤੁਹਾਨੂੰ) ਦੇਖ ਕੇ ਵੈਰੀਆਂ ਦੇ ਮੂੰਹ (ਪੰਡੇ) ਪੀਲੇਰਹਿਣ, ਡਰ ਦੇ ਕੰਡੇ (ਉਹਨਾਂ ਦੇ) ਹਿਰਦੇ ਵਿੱਚ (ਗਰਕੇ) ਖੁੱਭੇਰਹਿਣ। (ਗਰਕ- ਡੁੱਬਿਆ ਹੋਇਆ, ਧਸਿਆ ਹੋਇਆ, ਖੁੱਭਿਆ ਹੋਇਆ।)

ਮਨ ਮੰਡੇ ਰਹੈਂ ਗੁਰੁਬਾਨੀ ਵਿਖੇ,
ਸਮ ਸੂਰਜ ਤੇਜ ਪ੍ਰਚੰਡੇ ਰਹੈਂ[1]।

[1]ਗੁਰਬਾਣੀ ਵਿੱਚ ਮਨ (ਮੰਡੇ) ਸਜੇਰਹਿਣ, ਸੂਰਜ ਵਾਂਗ (ਤੁਹਾਡਾ) ਤੇਜ ਤਿੱਖਾ ਰਹੇ।

ਖਲ ਖੰਡੇ ਰਹੈਂ ਅਰਿ ਦੰਡੇ ਰਹੈਂ,
ਬ੍ਰਹਮੰਡੇ ਮਹੈਂ ਜਸ ਮੰਡੇ ਰਹੈਂ[1] ॥੩੦॥

[1](ਖਲ) ਮੂਰਖ ਭਾਵ ਜ਼ਾਲਮ (ਖੰਡੇ) ਨਾਲ (ਟੁਕੜੇ) ਹੋਏਰਹਿਣ, ਵੈਰੀ (ਤੁਹਾਡੇ) (ਦੰਡੇ) ਡੰਡ (ਸਜ਼ਾ) ਹੇਠਰਹਿਣ, ਬ੍ਰਹਮੰਡ ਵਿੱਚ (ਤੁਹਾਡਾ) ਜਸ (ਮੰਡੇ) ਫੈਲਿਆ ਰਹੇ।

ਹਿਤ ਜਯੋਂ ਪ੍ਰਹਿਲਾਦ ਹਰਯੋ ਹਿਰਨਾਛਸ[1],
ਜੈਸ ਦਰੋਪਤੀ ਲਾਜ ਰਖਾਈ।
ਹਿਤ ਪਾਂਡਵ ਖਾਂਡਵ* ਦਾਹ ਕਰਯੋ,
ਹਿਤ ਦਾਸਨ ਤਾਂਡਵ ਨਾਚ ਨਚਾਈ[1]।

[1]ਜਿਵੇਂ ਪ੍ਰਹਿਲਾਦ (ਦੀਰੱਖਿਆ ਲਈ) ਹਰਨਾਖਸ਼ ਮਾਰਿਆ।

*ਖਾਂਡਵ ਬਣ- ਕਾਲਕਾ ਪੁਰਾਣ ਤੇ ਪਦਮ ਪੁਰਾਨ ਅਨੁਸਾਰ ਖਾਂਡਵੀ ਨਗਰੀ ਦੇ ਉਜੜ ਜਾਣ ਪੁਰ ਦੇਵਤਿਆਂ ਦੀ ਇੱਛਾ ਅਨੁਸਾਰ ਕਾਂਸ਼ੀ ਰਾਜ ਦਾ ਲਗਾਇਆ ਹੋਇਆ (ਬਣ) ਜੰਗਲ, ਜੋ ਜਮਨਾ ਦੇ ਕਿਨਾਰੇ ਇੰਦ੍ਰ ਪ੍ਰਸਥ (ਪੁਰਾਣੀ ਦਿੱਲੀ) ਦੇ ਪਾਸ ਸੀ। ਇਹ ਬਣ ਇੰਦ੍ਰ ਦਾ ਬਹੁਤ ਪਿਆਰਾ ਸੀ। ਪਰ ਮਹਾਂ-ਭਾਰਤ ਅਨੁਸਾਰ ਇਹ ਬਣ ਅਸ਼੍ਵਰਥ ਨਦੀ ਦੇ ਕਿਨਾਰੇ ਸੀ ਅਰਥਾਤ ਜ਼ਿਲ੍ਹਾ ਮੁਜ਼ੱਫਰ ਨਗਰ ਵਿੱਚ ਮੇਰਠ ਤੋਂ ਥੋੜ੍ਹੀ ਦੂਰ ਇਹ ਜੰਗਲ ਸੀ।

[1]ਪਾਂਡਵਾਂ ਵਾਸਤੇ (ਅਗਨੀ ਦੇਵਤਾ ਨੇ ਇੰਦ੍ਰ ਦਾ ਪਿਆਰਾ)

ਖਾਂਡਵ ਬਣ ਸਾੜ ਦਿੱਤਾ ਅਤੇ ਦਾਸਾਂ ਵਾਸਤੇ (ਸ਼ਿਵ ਨੇ) ਤਾਂਡਵ ਨਾਚ ਨੱਚਿਆ। (ਤਾਂਡਵ ਨਾਚ-ਤੁੰਡ ਰਿਖੀ ਦੀ ਨਾਚ ਦੀਰੀਤੀ, ਉਛਲਵਾਂ ਨਾਚ, ਕੁਦਾੜੀਆਂ ਮਾਰਕੇ ਨੱਚਣਾ। ਸੰਗੀਤ ਵਿੱਚ ਲਿਖਿਆ ਹੈ ਕਿ ਆਦਮੀਆਂ ਦਾ ਨਾਚ 'ਤਾਂਡਵ' ਹੈ ਤੇ ਇਸਤ੍ਰੀਆਂ ਦਾ ਨਾਚ 'ਜਾਸਜ' ਹੈ, ਸ਼ਿਵ ਨੂੰ ਇਹ ਨਾਚ ਬਹੁਤ ਪਿਆਰਾ ਹੈ)।

ਭਰਿ ਟਾਂਡਵ ਹੇਤ ਕਬੀਰ ਅਏ,
ਰਿਖ ਮਾਂਡਵ ਕੀ ਜਿਮ ਲਾਜ ਰਖਾਈ[1]।

[1]ਕਬੀਰ (ਦਾ ਜੱਗ ਸੰਪੂਰਨ ਕਰਨ) ਲਈ ਜਿਵੇਂ (ਵਾਹਿਗੁਰੂ ਜੀ) (ਟਾਂਡਾ) ਗੁਣਾਂ (ਵਿੱਚ ਖਾਣ ਪੀਣ ਦੀ ਸਮੱਗ੍ਰੀ) ਭਰ ਕੇ ਆਏ ਸਨ, ਮਾਂਡਵ ਰਿਖੀ ਦੀ ਜਿਵੇਂ ਲੱਜਿਆਰੱਖੀ।

ਤਜੋਂ ਹਰਿ ਗਜਾਨ ਸਦੀਵ ਅਕਾਲ, ਰਖੈ ਗੁਰੁ ਪੰਥ ਕੀ ਲਾਜ ਵਡਾਈ ॥੩੧॥

ਕਬਿੱਤ:
ਜੈਸੇ ਦੀਨਾ ਬੇਗ ਹੂੰ ਕੀ ਦੀਨਤਾ ਬਿਦਾਰੀ ਬੇਗ,
ਦੇਗ ਤੇਗ ਧਨੀ ਪੰਥ ਪੇਖੀਏ ਮਹਾਈ ਹੈ[1]।

[1]ਜਿਵੇਂ ਦੀਨਾ ਬੇਗ ਸੂਬੇ ਜਲੰਧਰ ਦੀ (ਹੇ ਪੰਥ ਤੁਸਾਂ ਸਹਾਇਤਾ ਕਰਕੇ) (ਦੀਨਤਾ) ਉਦਾਸੀ (ਬੇਗ) ਛੇਤੀ ਨਾਸ ਕੀਤੀ। ਲੰਗਰ ਤੇ ਤਲਵਾਰ ਦਾ ਮਾਲਕ ਪੰਥ ਮਹਾਨ ਦੇਖੀਦਾ ਹੈ।

ਨਾਸ ਕੈ ਰੁਤਾਸ ਕੇ ਖਵਾਸ ਖਾਂ ਕੀ ਸੰਤਤਿ ਕਾ,
ਪੂਰਿ ਆਸ ਖਾਸ ਹਿੰਦੁ ਹੱਦ ਰਖਵਾਈ ਹੈ[1]।

[1]ਕਿਲ੍ਹਾਰੁਹਰਾਸ (ਜ਼ਿਲ੍ਹਾ ਜਿਹਲਮ) ਦੇ ਖਵਾਸ ਖ਼ਾਂ ਦੀ ਉਲਾਦ ਦਾ ਨਾਸ਼ ਕਰਕੇ, ਹਿੰਦੂਆਂ ਦੀ ਖ਼ਾਸ ਇੱਛਾ ਪੂਰੀ ਕਰ ਕੇ ਹਿੰਦੂ ਧਰਮ ਦੀ ਰਾਖੀ ਕੀਤੀ ਹੈ।

ਕੀਨੋ ਵਡਭਾਗ ਸੋਢੀ ਵਡਭਾਗ ਸਿੰਘ ਕੋ ਜਜੋਂ,
ਬੰਦ ਅਫਗਾਨ ਖਾਂ ਜਹਾਨ ਤੈ ਛੁਡਾਈ ਹੈ[1]।

[1]ਜਿਵੇਂ ਸੋਢੀ ਵਡਭਾਗ ਸਿੰਘ ਨੂੰ (ਅਫ਼ਗਾਨ) ਪਠਾਣ ਜਹਾਨ ਖ਼ਾਨ ਦੀ (ਬੰਦ) ਕੈਦ 'ਚੋਂ ਛੁਡਾ ਕੇ ਵੱਡਿਆਂ ਭਾਗਾਂ ਵਾਲਾ ਕਰ ਦਿੱਤਾ।

ਦਿਜ[1] ਕੀ ਪਜਾਰੀ ਨਾਰੀ ਹੇਤ ਜਜੋਂ ਕਸੂਰ ਮਾਰੀ,
ਫੇਰ ਮੇਰੀ ਬੇਰ ਪੰਥ ਦੇਰ ਕਜੋਂ ਲਗਾਈ ਹੈ ॥੩੨॥

[1]ਬ੍ਰਾਹਮਣ।

ਮਾਰਜੋ ਖਾਨ ਜਜੋਂ ਬਜੀਰਾ ਜਾਂ ਕੋ ਬੁਰਾ ਥੋ ਵਤੀਰਾ[1],
ਲੀਓ ਗੁਰੁ ਜਾਦਜੋਂ ਕਾ ਬੈਰ ਬਿਨਾ ਦੇਰੀ ਹੈ।

[1]ਦਸਤੂਰ, ਰਹੁ-ਰੀਤ, ਢੰਗ, ਤ੍ਰੀਕਾ, ਵਰਤਾਰਾ।

ਦਾੜੀਆਂ ਉਪਾੜੀਆਂ[1] ਪਹਾੜੀਆਂ ਕੀ ਜੈਸੇ ਤੁਮ,
ਲਾੜੀਆਂ ਉਘਾੜੀਆਂ ਕੈ ਤਾੜੀਆਂ ਵਧੇਰੀ ਹੈਂ[1]।

[1]ਪੱਟੀਆਂ।

[1](ਲਾੜੀਆਂ) ਇਸਤ੍ਰੀਆਂ (ਉਘਾੜੀਆਂ) ਬੁਰਕਿਆਂ ਤੋਂ ਬਿਨਾਂ ਕਰ ਕੇ ਬਹੁਤੀਆਂ ਤਾੜਨਾਂ ਕੀਤੀਆਂ।

ਗਾਰੀ ਹੈ ਗੁਮਾਨੀਆਂ ਦੁਰਾਨੀਆਂ ਕੀ ਸੈਨ ਜਯੋਂ,
ਚੁਕੱਤਨ ਕੁਪੱਤਨ ਕੀ ਬੋੜ ਦਈ ਬੇਰੀ ਹੈ[1]।
ਏ ਜੁ ਪੰਥ ਖਾਲਸਾ ਜੀ ! ਪਾਲਸਾ ਹਿੰਦਾਨ,
ਅਬਿ ਮੇਰੀ ਬੇਰੀ ਕਾਹੇ ਕੋ ਲਗਾਈ ਏਤੀ ਦੇਰੀ ਹੈ
॥ ੩੩ ॥

[1]ਜਿਵੇਂ ਤੁਸਾਂ ਹੰਕਾਰੀਆਂ ਦੁਰਾਨੀਆਂ ਦੀ ਫ਼ੌਜ ਗਾਲੀ ਹੈ ਅਤੇ ਕੁਪੱਤੇ ਚੁਗੱਤਿਆਂ (ਮੁਗ਼ਲਾਂ ਦੇਰਾਜ) ਦੀ ਬੇੜੀ ਡੋਬ ਦਿੱਤੀ ਹੈ।

ਐਸੀ ਐਸੀ ਬਾਤ ਬਹੁ ਭਾਂਤਿ ਬਖਜਾਤ ਜਬਿ,
ਨੀਤਿ ਪਰਤੀਤਿ ਪ੍ਰੀਤਿ ਪਾਗੀ ਦਿਜ ਗਾਈ ਹੈ[1]।
ਸੁਨ ਕਰਿ ਖਾਲਸੇ ਬਿਸਾਲਸੇ[1] ਪ੍ਰਸੰਨ ਹੋਇ,
ਨਿੱਜ ਜਸ ਸੰਗ ਮਿਲੀ ਸਭਿ ਹੀ ਕੋ ਭਾਈ ਹੈ।
ਦੀਨ ਬੰਧੁ[1] ਦੀਨ ਦਜਾਲ ਬਿਰਦ[2] ਸੰਭਾਲ ਨਿਜ,
ਦਾਰਦੀ ਦੁਖਾਰੋ ਦੀਨ ਦੇਖ ਦਿਜ ਤਾਂਈਂ ਹੈ[1]।
ਔਰ ਪਰਮਾਰਥ ਸ੍ਵਾਰਥ[1] ਪਛਾਨ ਵਡ,
ਭਏ ਸਭਿ ਤਜਾਰ ਨੈਕ ਬਾਰ[1] ਨ ਲਗਾਈ ਹੈ
॥ ੩੪ ॥

[1]ਰਾਜ-ਨੀਤੀ ਭਰੋਸੇ ਤੇ ਪ੍ਰੀਤੀ ਵਿੱਚ (ਪਾਗੀ) ਰੰਗੀਆਂ ਹੋਈਆਂ ਬ੍ਰਾਹਮਣ ਨੇ (ਗੱਲਾਂ) ਕਹੀਆਂ।
[1]ਬਹੁਤ।
[1]ਗ਼ਰੀਬਾਂ ਦਾ ਸਬੰਧੀ (ਸਹਾਇਕ)। [2]ਧਰਮ, ਸੁਭਾਵ।
[1]ਬ੍ਰਾਹਮਣ ਤਾਈਂ ਦਲਿਦ੍ਰੀ, ਦੁਖੀ ਤੇ ਉਦਾਸ ਦੇਖ ਕੇ।
[1]ਪਰਉਪਕਾਰ ਤੇ ਆਪਣਾ ਮਤਲਬ।
[1]ਥੋੜ੍ਹੀ ਜਿਹੀ ਵੀ ਦੇਰੀ।

ਸ੍ਰੀ ਜੱਸਾ ਸਿੰਘ ਆਲੂਵਾਲੀਏ ਬਿਸਾਲ ਬੀਰ,
ਖਰੇ ਹੋਇ ਖਾਸ[1] ਅਰਦਾਸ ਕਰਵਾ ਦਈ।
ਸੁਨਿ ਅਰਦਾਸ ਪੰਥ ਚਢਿਓ ਹੁਲਾਸ[1] ਸਭਿ,
ਦੁੰਦਭੀ[1] ਬਜਾਇ ਔ ਗਜਾਇ ਫਤੇ ਕੈ ਤਈਂ।
ਝੰਡਾ ਸਿੰਘ ਭੰਗੀ ਚੜ੍ਹਤ ਸਿੰਘ ਤਾਰਾ ਸਿੰਘ ਗੈਬਾ[1],
ਖੁਸ਼ਹਾਲ ਸਿੰਘ ਤੈ ਬਘੇਲ ਸਿੰਘ ਨੱਕਈ[1]।
ਰਾਮਗੱਢੀਏ ਘਨੱਈਏ ਇੱਤਜਾਦਿ ਸਰਦਾਰ,
ਛੋਟੇ ਵਡੇ ਭਏ ਤਜਾਰ ਖੁਸ਼ੀ ਸਭਿ ਕੇ ਛਈ[1]
॥ ੩੫ ॥

[1]ਆਪ।
[1]ਉਤਸ਼ਾਹ ਨਾਲ।
[1]ਧੌਂਸਾ।
[1]ਅੱਲ ਸੀ।
[1]ਨਕਈ ਮਿਸਲ ਦੇ।
[1]ਫੈਲ ਗਈ।

ਸ੍ਵੈਯਾ:
ਬਹੁ ਮੇਲ ਚਮੂੰ ਚਤੁਰੰਗਨਿ[1] ਸਿੰਘ,
ਚਢੇ ਜਬਿ ਆਯੁਧ ਕੋ ਸਜ ਕੈ।
ਕਰਿ ਕੈ ਅਰਦਾਸਿ ਗਜਾਇ ਫਤੇ,

[1]ਚਾਰ ਪ੍ਰਕਾਰ ਦੀ ਫੌਜ।

ਦਿਸ ਹਿੰਦੁਸਤਾਨ ਚਲੇ ਗਜ ਕੈ।
ਕਢਿ ਨੀਕ ਨਿਸ਼ਾਨ ਕਰੇ ਅਗਵਾਨ,
ਸੁ ਦੁੰਦਭਿ ਦੀਹ ਬਡੇ ਬਜ ਕੈ[1]।

[1]ਚੰਗੇ ਨਿਸ਼ਾਨ ਸਾਹਿਬ ਕੱਢ ਕੇ ਅੱਗੇ ਕਰ ਲਏ, (ਦੀਹ) ਵੱਡੇ ਧੌਂਸੇ (ਬਡੇ) ਬਹੁਤ ਵਜਾ ਕੇ।

ਮਗ ਬੋਲ ਨਕੀਬ[1] ਅਜੀਬ[2] ਚਲੇ,

[1]ਅੱਗੇ ਅੱਗੇ ਬੋਲਦੇ ਜਾਣ ਵਾਲੇ। [2]ਅਸਚਰਜ।

ਬਹੁ ਦੇਤ ਗਰੀਬ ਖੁਸ਼ੀ ਰਜ ਕੈ[1] ॥੩੬॥

[1]ਗ਼ਰੀਬਾਂ ਨੂੰ (ਰਜ ਕੈ) ਬਹੁਤੀਆਂ ਜ਼ਿਆਦਾ ਖ਼ੁਸ਼ੀਆਂ ਦੇਂਦੇ ਹਨ।

ਇਤ ਸਿੰਘ ਜਰਾਰ[1] ਅਪਾਰ ਬਲੀ,

[1]ਲੜਾਕੇ।

ਬਿਸੀਆਰਨ ਕੌ[1] ਪਿਖ ਕੈ ਸੁਨ ਕੈ।

[1]ਬਹੁਤਿਆਂ (ਸਿੰਘਾਂ) ਨੂੰ।

ਡਰ ਕੇ ਧਰ ਕੇ ਉਰ ਦੁੱਜਨ ਕੇ[1],

[1](ਦੁੱਜਨ) ਦੁਸ਼ਮਣਾਂ ਦੇ (ਉਰ) ਕਲੇਜੇ ਡਰ ਕੇ ਧੜਕਣ ਲੱਗ ਪਏ।

ਪਛਤਾਤ ਮਹਾਂ ਸਿਰ ਕੋ ਧੁਨ ਕੈ[1]।

[1]ਸਿਰ ਨੂੰ ਹਿਲਾ ਕੇ (ਮਾਰ ਕੇ)।

ਤਜ ਕੈ ਨਿਜ ਧਾਮ ਗਰਾਮਨ ਕੋ,
ਭਜ ਕੈ ਮਗ ਲੀਨ ਕਹੈਂ ਗੁਨ ਕੈ[1]।

[1]ਵਿਚਾਰ ਕੇ ਕਹਿੰਦੇ ਹਨ।

ਅਬਿ ਹਿੰਦੁਸਤਾਨ ਬਲਾਯਤ[1] ਕੇ,

[1]ਦੇਸ। (ਉਦੋਂ ਯੂ.ਪੀ. ਦੇ ਇਲਾਕੇ ਨੂੰ ਹਿੰਦੁਸਤਾਨ ਕਹਿੰਦੇ ਸਨ।)

ਤੁਰਕਾਨ ਕੋ ਸਿੰਘ ਹਤੈਂ[1] ਚੁਨ ਕੈ ॥੩੭॥

[1]ਮਾਰਨਗੇ।

ਯੌਂ ਹਲਚਾਲ ਬਿਸਾਲ ਭਈ,
ਭੁਵਚਾਲ ਕਮਾਲ ਮਨੋ ਪਰਗੋ[1]।

[1]ਇਸ ਤਰ੍ਹਾਂ ਬਹੁਤੀ ਹਲਚਲੀ ਹੋ ਗਈ, ਜਾਣੋ (ਕਮਾਲ) ਬਹੁਤਾ ਭੁਚਾਲ ਪੈ ਗਿਆ।

ਸਭਿ ਹਿੰਦੁ ਨਰਿੰਦੁ ਗਰਿੰਦ ਤੁਕਿੰਦ
ਬਰਿੰਦ ਬੁਲਿੰਦ ਮਨੈ ਡਰਗੋ[1]।

[1]ਸਾਰੇ ਹਿੰਦੂਰਾਜੇ, ਪਹਾੜੀ ਰਾਜੇ ਤੇ ਬਹੁਤੇ ਤੁਰਕਾਂ ਦੇ ਰਾਜੇ ਮਨ ਵਿੱਚ (ਬੁਲਿੰਦ) ਬਹੁਤੇ ਡਰ ਗਏ।

ਤਜਿ ਸੁੰਦਰ ਮੰਦਰ ਕੰਦਰ ਅੰਦਰ,
ਧਾਇ ਧਸੇ ਬਨ ਬੇਹਰ ਗੋ[1]।

[1]ਸੁੰਦਰ ਮੰਦਰਾਂ ਨੂੰ ਛੱਡ ਕੇ ਪਹਾੜਾਂ ਦੀਆਂ ਕੰਦਰਾਂ ਤੇ (ਬਨ ਬੇਹਰ) ਸੰਘਣੇ ਜੰਗਲਾਂ ਅੰਦਰ ਦੌੜ ਕੇ (ਧਸੇ) ਵੜ ਗਏ।

ਪਰਗੋ ਜਨੁ ਮੁੰਡ ਮਸਾਨ ਤੁਕਾਨਨਿ,
ਮਾਨ ਗੁਮਾਨ ਸਭੈ ਜਰਗੋ[1] ॥੩੮॥

[1]ਜਾਣੋ ਤੁਰਕਾਂ ਦੇ ਸਿਰ ਤੇ ਮਸਾਣ ਪੈ ਗਿਆ, ਮਾਣ ਤੇ ਹੰਕਾਰ ਸਾਰਾ ਸੜ ਗਿਆ। (ਮਸਾਣ ਸਿਰ ਪਾਉਣਾ- ਮੁਰਦੇ ਦੀ ਹੱਡੀ ਪੀਸ ਕੇ ਕਿਸੇ ਦੇ ਸਿਰ 'ਚ ਮੰਤ੍ਰ ਪੜ੍ਹ ਕੇ ਧੂਣ ਦੇਣੀ।)

ਇਮ ਪੰਥ ਚਢਯੋ ਜਬਿ ਤੀਸ ਹਜ਼ਾਰਕ,
ਗਾਰਕ ਬੈਰਿਨ ਪਾਰਕ ਦੀਨੈ[1]।

[1]ਵੈਰੀਆਂ ਨੂੰ ਗਾਲ੍ਹਣ ਵਾਲਾ ਤੇ ਗ਼ਰੀਬਾਂ ਦੀ ਪਾਲਣਾ ਕਰਨ ਵਾਲਾ।

ਔਰ ਲੁਟੇਰੇ ਬਧੇਰੇ ਮਿਲੇ ਸੰਗਿ,
ਲੂਟਤ ਗਾਮ ਚਲੇ ਮਗਿ ਪੀਨੈ[1]। — [1]ਰਸਤੇ ਵਿੱਚ (ਪੀਨੈ) ਤਕੜੇ ਹੋ ਕੇ।
ਜੇ ਅਕੜੈਂ ਪਕੜੈਂ ਤਿਨ ਕੋ,
ਤਕੜੈਂ ਅਕੜੈਂ ਕਢ ਹੈਂ ਕਰਿ ਖੀਨੈ[1]। — [1]ਜਿਹੜੇ ਆਕੜਦੇ ਹਨ ਉਹਨਾਂ ਨੂੰ ਪਕੜ ਲੈਂਦੇ ਹਨ (ਤਕੜੈਂ) ਬਹੁਤੇ ਆਕੜਨ ਵਾਲਿਆਂ ਨੂੰ (ਖੀਨੈ) ਦੁਖੀ ਕਰ ਕੇ (ਘਰਾਂ 'ਚੋਂ ਬਾਹਰ) ਕੱਢ ਦੇਂਦੇ ਹਨ।

ਦੈ ਨਜ਼ਰਾਂ ਮਿਲ ਹੈਂ ਜੇਊ ਆਇ,
ਮਿਲਾਇ ਲਹੈਂ ਤਿਨ ਕੋ ਨਿਜ ਚੀਨੈ[1] ॥੩੯॥ — [1]ਆਪਣੇ ਜਾਣ ਕੇ।
ਦਲ ਸਿੰਘਨ ਕੇਰ ਬਿਹੱਦ[1] ਚਢੇ, — [1]ਬਹੁਤੇ।
ਜਨੁ ਬੱਦਲ ਭਾਦਵ ਘੋਰ ਉੱਠੇ[1]। — [1]ਜਿਵੇਂ ਭਾਦੋਂ ਦੇ ਮਹੀਨੇ ਦੇ (ਘੋਰ) ਭਿਆਨਕ ਬੱਦਲ ਉੱਠੇ ਹੁੰਦੇ ਹਨ।

ਧਰ ਕੀ ਗਤਿ ਨਾਉ ਸਮਾਨ ਭਈ,
ਦਹਿਲੇ ਦਿਲ ਦਿੱਗਜ ਧੀਰ ਛੁਟੇ[1]। — [1]ਧਰਤੀ ਦੀ (ਗਤਿ) ਹਾਲਤ (ਨਾਉ) ਬੇੜੀ ਵਾਂਗ ਹੋ ਗਈ, ਦਿਸਾਂ ਦੇ ਹਾਥੀਆਂ ਦੇ ਦਿਲ (ਦਹਿਲੇ) ਕੰਬ ਗਏ ਤੇ ਧੀਰਜ ਛੁੱਟ ਗਈ।

ਨਭ ਧੂਰਿ ਭਰੀ ਦਬ ਸੂਰ ਗਯੋ,
ਸਭਿ ਹੂਰ ਕਹੈਂ ਖਵ ਜੰਗ ਕੁੱਠੇ[1]। — [1]ਅਕਾਸ਼ 'ਚ ਧੂੜ ਭਰ ਗਈ, ਸੂਰਜ ਦੱਬਿਆ ਗਿਆ ਸਾਰੀਆਂ ਹੂਰਾਂ ਕਹਿੰਦੀਆਂ ਹਨ, ਜੰਗ ਵਿੱਚ (ਕੁੱਠੇ) ਕੁਹਣਾ (ਖਵ) ਹੋਵੇਗਾ ਭਾਵ ਸੂਰਮੇਂ ਮਰਨਗੇ।

ਮੁਖ ਕੂਰਨ ਕੇ ਤਬਿ ਪੀਰੀ ਪਰੀ,
ਅਰਿ ਕੇ ਸੁਖ ਗੇ ਦੁਖ ਆਇ ਵੁੱਠੇ[1] ॥੪੦॥ — [1](ਕੂਰਨ) ਕਾਇਰਾਂ ਦੇ ਮੂੰਹ ਤੇ (ਪੀਰੀ) ਪੀਲੱਤਣ ਪੈ ਗਈ, ਵੈਰੀ ਦੇ ਸੁੱਖ ਚਲੇ ਗਏ ਤੇ ਦੁੱਖ ਆ ਵਰ੍ਹੇ।

ਕਬਿੱਤ:
ਸ਼ਹਿਰ ਸਹਾਰਨ ਔ ਮੀਰਾਂ-ਪੁਰਿ ਦੇਬਨ,
ਮੁਜੱਫਰ ਨਗਰ ਆਦਿ ਕਸਬੇ[1] ਅਪਾਰ ਹੈਂ। — [1]ਛੋਟੇ ਸ਼ਹਿਰ।
ਲੂਟ ਕੂਟ ਸਿੰਘਨ ਉਜਾਰ ਕੈ ਬਿਗਾਰੇ ਡਾਰੇ[1], — [1]ਵਿਗਾੜ ਸੁੱਟੇ।
ਮਾਲਕ ਮੁਲਕ ਭਾਰੇ ਕਰੇ ਅਵੇਜਾਰ[1] ਹੈਂ। — [1]ਦੁਖੀ।
ਢਿਗ ਮਗਲੌਰ[1] ਜਲਾਬਾਦ ਜੋ ਲੁਹਾਰੀ ਗੌਰ[2], — [1]ਮਗਲੌਰ (ਸ਼ਹਿਰ) ਕੋਲ। [2]ਵੱਡਾ (ਕਸਬਾ)।
ਸੋਊ ਜਬਿ ਘੇਰਜੋ ਜਾਇ ਪਰੀ ਤਬਿ ਸਾਰ ਹੈ[1]। — [1]ਤਦੋਂ ਖ਼ਬਰ ਹੋਈ।
ਲੋਗ ਤਹਾਂ ਵਾਰ ਹੈਂ[1] ਨੁਵਾਬ ਕੋ ਧਿਕਾਰ ਹੈਂ, — [1]ਉਥੋਂ ਦੇ ਰਹਿਣ ਵਾਲੇ ਲੋਕ।
ਸੁ ਗਾਰੀਆਂ ਨਿਕਾਰ ਹੈਂ ਕੁਕਰਮ ਕੋ ਵਿਚਾਰ ਹੈਂ ॥੪੧॥

ਸੁਨ ਕੈ ਜਲਾਲ-ਦੀਨ ਖੀਨ ਹ੍ਵੈ ਮਲੀਨ ਮਨਿ[1],	[1]ਵਿਆਕੁਲ ਹੋ ਕੇ ਮੈਲੇ ਮਨ ਨਾਲ।
ਦੀਨ[1] ਭਯੋ ਦੁਖੀ ਤਨ ਧਨ ਤੈ ਉਦਾਸ ਹੈ।	[1]ਕਮਜ਼ੋਰ।
ਮਨ ਮੈਂ ਵਿਚਾਰ ਕੈਹੈ ਭਾਗੇ ਕੋ ਨ ਜਾਨ ਦੈਹੈਂ,	
ਸੂਰਬੀਰ ਬਲੀ ਯੇ ਹੈਂ ਸਿੰਘ ਸੁਨੇਰਾਸ[1] ਹੈਂ।	[1]ਬਹੁਤੇ ਸਾਰੇ।
ਨਿਜ ਕਾਮ ਯਾਦ ਲਜਾਇ[1] ਪਛੁਤਾਇ ਪਾਇ ਦੁਖ,	[1]ਆਪਣੇ (ਮਾੜੇ) ਕੰਮ ਯਾਦ ਕਰਕੇ।
ਹਾਇ ਹਾਇ ਗਾਇ[1] ਦਾਇ ਮਾਰੈਂਗੇ ਤ੍ਰਾਸ ਹੈ[2]।	[1]ਕਹਿੰਦਾ ਹੈ। [2]ਡਰਦਾ ਹੈ ਕਿ ਮਾਰ ਦੇਣਗੇ।
ਤਾਂ ਤੇ ਏਹੀ ਕਰੋ ਅਬਿ ਆਗੇ ਹੋਇ ਲਰੋ ਮਰੋ	
ਦੀਨ ਕੋ ਮਿਲਾਇ[1] ਕਰੋ ਜੰਗ ਚਢਿ ਖਾਸ ਹੈ[2] ॥ ੪੨ ॥	[1]ਆਪਣੇ ਦੀਨ ਭਰਾਵਾਂ ਤੁਰਕਾਂ ਨੂੰ ਇਕੱਠਾ ਕਰਕੇ। [2]ਆਪ ਚੜ੍ਹ ਕੇ।
ਬੋਲੀ ਤਾਂ ਕੀ ਬਾਮ[1] ਪੀਯ[2] ਛੋਡਿ ਔਰ ਕਾਮ,	[1]ਇਸਤ੍ਰੀ। [2]ਹੇ ਪਤੀ !
ਜਾਇ ਖਾਲਸੇ ਕੀ ਸਾਮ[1] ਨਿਜ ਪ੍ਰਾਨਨ[2] ਬਚਾਇ ਲੈ।	[1]ਸ਼ਰਣ। [2]ਆਪਣੇ ਪ੍ਰਾਣਾਂ ਨੂੰ।
ਦੀਨ ਦਯਾਲ ਸ਼੍ਰਨ-ਪਾਲ[1] ਨਾਮ ਸੁਨਯੋ ਸਿੰਘਨ ਕਾ,	[1]ਸ਼ਰਨ ਆਇਆਂ ਦੀ ਰੱਖਿਆ ਕਰਨ ਵਾਲੇ।
ਦੈ ਕੈ ਦਿਜ-ਸੁਤਾ ਧਨ ਔਰ ਬਖਸ਼ਾਇ ਲੈ[1]।	[1]ਬ੍ਰਾਹਮਣ ਦੀ ਲੜਕੀ ਤੇ ਧਨ ਦੇ ਕੇ ਹੋਰ ਸਾਰਾ ਕੁਝ ਬਖਸ਼ਵਾ ਲੈ।
ਏਤੇ ਪਰ[1] ਔਰ ਮਿਲ ਤੁਰਕਾਨ ਆਨ ਕਹਯੋ,	[1]ਏਨੇ ਚਿਰ ਨੂੰ।
ਦੀਨ ਨਿਜ[1] ਸਭਿ ਹੀ ਕੋ ਅਬਿ ਹੀ ਬੁਲਾਇ ਲੈ।	[1]ਆਪਣੇ ਦੀਨ ਭਾਈਆਂ (ਤੁਰਕਾਂ) ਨੂੰ।
ਸਿੰਘ ਅਤਿ ਥੋਰੇ ਸੇ[1] ਬਿਦੇਸ਼ੀ ਕਹਾਂ ਸਾਕੈਂ ਕਰਿ,	[1]ਬਹੁਤ ਥੋੜ੍ਹੇ ਜੇਹੇ।
ਮਾਰ ਕੈ ਨਿਬੇਰ ਅਬਿ ਜਗ ਜਸ ਪਾਇ ਲੈ ॥ ੪੩ ॥	
ਸੁਨ ਕੈ ਨੁਵਾਬ ਮੂਢ[1] ਧਾਰ ਕੈ ਹੰਕਾਰ ਗੂਢ[2],	[1]ਮੂਰਖ। [2]ਬਹੁਤਾ।
ਹੋਇ ਅੱਸ੍ਵ ਪੈ ਅਰੂਢ ਲੈ ਕੈ ਨਿਜ ਸੈਨ ਹੈ[1]।	[1]ਘੋੜੇ ਤੇ (ਅਰੂਢ) ਅਸਵਾਰ ਹੋ ਕੇ ਤੇ ਆਪਣੀ (ਸੈਨ) ਫੌਜ ਲੈ ਕੇ।
ਆਯੋ ਦਿਸ ਚਾਰ ਤੈ[1] ਤੁਕਾਨ ਕਾ ਜਹਾਨ ਚਢਿ,	[1]ਚਹੁੰ ਪਾਸਿਆਂ ਤੋਂ।
ਏਕ ਲਾਖ ਕੇ ਕਰੀਬ ਭਯੋ ਕੱਠ ਐਨ[1] ਹੈ।	[1]ਠੀਕ, ਚੰਗਾ।
ਹੈਦਰੀ ਨਿਕਾਰਯੋ ਝੰਡਾ ਦੀਨ ਕੇਰੋ ਪੱਖ ਮੰਡਾ[1],	[1]ਹੈਦਰੀ ਝੰਡਾ ਕੱਢਿਆ ਆਪਣੇ ਮਜ਼ਹਬ ਦੇ ਪੱਖ ਦੀ (ਮੰਡਾ) ਪ੍ਰੋਢਤਾ ਕਰਨ ਲਈ। (ਹੈਦਰੀ ਝੰਡਾ- ਹੈਦਰ (ਅਲੀ) ਦੇ ਨਾਉਂ ਦਾ ਝੰਡਾ, ਮਜ਼ਹਬੀ ਜੰਗ (ਜਹਾਦ) ਕਰਨ ਲਈ ਮੁਸਲਮਾਨਾਂ ਦਾ ਖੜਾ ਕੀਤਾ ਨਿਸ਼ਾਨ।)
ਆਏ ਸਭਿ ਧੂਹ ਖੰਡਾ ਅਲੀ ਅਲੀ ਬੈਨ ਹੈਂ[1]।	[1]ਬੋਲਦੇ ਹਨ।

ਦੁਹੂੰ ਓਰ ਬਾਦ-ਮਾਰੂ, ਢੋਲ ਦੁੰਦਭੀ ਅਪਾਰੂ,
ਬਜੇ ਆਇ ਘੋਰ ਭਾਰੂ, ਚਾਰੂ ਬਿਨ ਚੈਨ ਹੈ[1] ॥੪੪॥

[1]ਦੋਹੀਂ ਪਾਸੀਂ (ਬਾਦ-ਮਾਰੂ) ਜੰਗੀ ਵਾਜੇ ਬਹੁਤੇ ਢੋਲ ਤੇ ਧੌਂਸੇ (ਭਾਰੂ) ਬਹੁਤੇ (ਘੋਰ) ਭਿਆਨਕ ਵਜਦੇ ਆਏ (ਚਾਰੂ) ਚਾਰ ਪ੍ਰਕਾਰ ਦੀ ਫੌਜ (ਚੈਨ) ਸ਼ਾਂਤੀ ਤੋਂ ਬਿਨਾਂ ਹੈ।

ਜਾਨਿ ਦੀਨ ਮਜ਼ਬ ਕਾ ਅਜਬ ਕਜਮ ਜੰਗ,
ਲਰ ਹੈਂ ਅਜਬ ਬੀਰ ਗਜਬ ਗੁਜਾਰ ਹੈਂ[1]।

[1]ਆਪਣੇ ਦੀਨ ਮਜ਼ਹਬ ਦਾ ਅਸਚਰਜ ਤੇ (ਕਜਮ) ਬਹੁਤ ਉੱਤਮ ਜੰਗ ਜਾਣ ਕੇ, ਸੂਰਮੇਂ ਅਸਚਰਜ (ਢੰਗ) ਨਾਲ ਲੜਦੇ ਹੋਏ (ਗਜਬ) ਕਹਿਰ ਗੁਜ਼ਾਰ ਰਹੇ ਹਨ।

ਤੀਰ ਗੋਲੀ ਬਰਖਤ ਹੇਰ ਸੂਰ ਹਰਖਤ,
ਹੂਰ ਪਰੀ ਪਰਖਤ ਬਰਤ ਵਿਚਾਰ ਹੈਂ[1]।

[1]ਵਿਚਾਰ ਕਰ ਕੇ ਵਰਦੀਆਂ (ਵਿਵਾਹ ਕਰਦੀਆਂ) ਹਨ।

ਕੇਊ ਪਰੇ ਫਰਕਤ ਗੀਧ ਮਾਸ ਕਰਖਤ,
ਕੂਰਨ ਕੇ ਧਰਖਤ ਉਰ ਅਤਿ ਡਾਰ ਹੈਂ[1]।

[1]ਕਈ ਪਏ ਤੜਫਦੇ ਹਨ, ਗਿਰਝਾਂ ਮਾਸ ਖਿਚਦੀਆਂ ਹਨ, (ਕੂਰਨ) ਕਾਇਰਾਂ ਦੇ ਬਹੁਤ ਜ਼ਿਆਦਾ ਹਿਰਦੇ ਧੜਕਦੇ ਹਨ।

ਛੁਟੀ ਖੂੰਨ ਧਾਰੈਂ ਦੇਖ ਡਾਕਨੀ ਡਕਾਰੈਂ,
ਕੈਹੂੰ ਭੂਰ ਕਿਲਕਾਰੈਂ ਕਾਕ ਜੋਗਨੀ ਅਪਾਰ ਹੈਂ[1] ॥੪੫॥

[1]ਖੂਨ ਦੀਆਂ ਧਾਰਾਂ ਵਗਦੀਆਂ ਦੇਖ ਕੇ (ਡਾਕਨੀ) ਡਾਇਣਾਂ ਡਕਾਰ ਲੈਂਦੀਆਂ ਹਨ, ਕਿਤੇ ਭੂਤ (ਕਿਲਕਾਰੈਂ) ਚਾਂਬੜਾਂ ਪਾਉਂਦੇ ਹਨ, ਕਾਂ ਤੇ ਜੋਗਣੀਆਂ ਵੀ (ਉੱਥੇ) ਬਹੁਤ ਹਨ।

ਤਾਨ ਕੈ ਕਮਾਨ ਕੋਊ ਕਾਨ ਪਰਮਾਨ ਬਾਨ,
ਛੋਰਤ ਮਹਾਨ ਬੀਰ ਰਵਕ ਰਵਕ ਕੈ[1]।

[1]ਕੋਈ ਕੰਨਾਂ (ਪ੍ਰਮਾਨ) ਤੱਕ ਕਮਾਣ (ਤਾਨ) ਖਿੱਚ ਕੇ ਮਹਾਨ ਸੂਰਮੇਂ (ਰਵਕਰਵਕ ਕੈ) ਬੋਲ ਬੋਲ ਕੇ (ਬਾਨ) ਤੀਰ ਛੱਡਦੇ ਹਨ।

ਛੋਰ ਹੈਂ ਤੁਫੰਗ ਕੇਊ ਰੰਗ ਭੂਮਿ ਮੈਂ ਉਮੰਗ,
ਅੰਗ ਭੰਗ ਕਰਿ ਹੈਂ ਸੁ ਹਬਕ ਹਬਕ ਕੈ[1]।

[1](ਕੇਊ) ਕਈ (ਰੰਗ ਭੂਮਿ) ਜੰਗ ਦੇ ਮੈਦਾਨ ਵਿੱਚ (ਉਮੰਗ) ਉਤਸ਼ਾਹ ਨਾਲ (ਤੁਫੰਗ) ਬੰਦੂਕਾਂ ਚਲਾਉਂਦੇ ਹਨ, (ਹਬਕ ਹਬਕ ਕੈ) ਹੱਲੇ ਤੇ ਹੱਲਾ ਕਰ ਕੇ ਅੰਗ ਤੋੜ ਦੇਂਦੇ ਹਨ।

ਮਾਰ ਮਾਰ ਪਾਰ ਹੈਂ ਸੰਭਾਰ ਹੈਂ ਨ ਅੰਗ ਬੀਰ,
ਗਜਾਨ ਹਰਿ ਬਾਹੈਂ ਤੇਗ ਲਪਕ ਲਪਕ ਕੈ[1]।

[1]ਮਾਰ ਮਾਰ ਕੇ (ਪਾਰ ਹੈਂ) ਟੁਕੜੇ ਟੁਕੜੇ ਕਰ ਦੇਂਦੇ ਹਨ, ਸੂਰਮੇਂ ਆਪਣੇ ਅੰਗਾਂ ਦੀ ਸੰਭਾਲ ਨਹੀਂ ਕਰਦੇ, ਗਿਆਨ ਸਿੰਘ (ਕਹਿੰਦਾ ਹੈ) ਕਿ ਤਲਵਾਰਾਂ ਨੂੰ (ਲਪਕ ਲਪਕ ਕੈ) ਉਛਲ ਉਛਲ ਕੇ (ਬਾਹੈਂ) ਚਲਾਉਂਦੇ ਹਨ।

ਭੀਮ, ਗੁੜਾ-ਕੇਸ, ਪੌਨ-ਪੁਤ ਕੇ ਸਮਾਨ ਸਿੰਘ,
ਉਛਰ ਉਛਰ ਲਰੈਂ ਭਬਕ ਭਬਕ ਕੈ[1] ॥੪੬॥

[1]ਭੀਮ ਸੈਨ, (ਗੁੜਾ-ਕੇਸ) ਅਰਜਨ, (ਪੌਣ- ਪੁਤ) ਹਵਾ ਦੇ ਪੁੱਤਰ (ਹਨੂਮਾਨ) ਵਾਂਗ ਸਿੰਘ ਉੱਛਲ ਉਛਲ ਕੇ ਤੇ (ਸ਼ੇਰਾਂ ਵਾਂਗ) (ਭਬਕ ਭਬਕ ਕੈ) ਬੁੱਕ ਬੁੱਕ ਕੇ ਭਾਵ ਗੱਜ ਗੱਜ ਕੇ।

ਛਾਲੈਂ ਦੈ ਉਤਾਲੈਂ ਨਟ ਬਾਲੈਂ ਜਜੋਂ ਬਿਸਾਲੈਂ ਸਿੰਘ,
ਕਰਿ ਕਰਿ ਹਾਲੈਂ ਪਰੈਂ ਹਰਖ ਹਰਖ ਕੈ[1]।

[1]ਬਹੁਤੇ ਸਿੰਘ ਨਟ ਦੇ ਬਾਲਕੇ ਵਾਂਗ (ਉਤਾਲੈਂ) ਛੇਤੀ ਛਾਲਾਂ ਮਾਰ ਮਾਰ ਕੇ (ਹਰਖ ਹਰਖ ਕੈ) ਖ਼ੁਸ਼ ਹੋ ਹੋ ਕੇ ਹੱਲੇ ਕਰ ਕਰ ਪੈਂਦੇ ਹਨ।

ਮਾਰਿ ਕਰਵਾਰ ਕੱਢੈਂ ਜ੍ਵਾਰ ਜਜੋਂ ਕ੍ਰਿਸਾਨ ਬੱਢੈਂ,
ਬੈਰਿਨ ਕੀ ਪੀਠ ਚੱਢੈਂ ਧਰਖ ਧਰਖ ਕੈ[1]।

[1]ਜਿਵੇਂ ਕਿਰਸਾਨ ਜਵਾਰ ਵਢਦੇ ਹਨ ਤਿਵੇਂ (ਸਿੰਘ) ਤਲਵਾਰ ਮਾਰ ਕੇ (ਪਾਰ) ਕੱਢ ਦੇਂਦੇ ਹਨ, ਵੈਰੀਆਂ ਨੂੰ (ਧਰਖ ਧਰਖ ਕੈ) ਦਬ ਦਬਾ ਕੇ (ਉਹਨਾਂ ਦੀ) ਪਿੱਠ ਉਪਰ ਚੜ੍ਹਦੇ ਹਨ।

ਮਾਰ ਮਾਰ ਧਰਾ ਪੈ ਸਥਾਰ ਕਰਜੋ ਗਜਾਨ ਹਰੀ,
ਤੀਰ ਗੋਲੀ ਮੇਂਹ ਸਮ ਬਰਖ ਬਰਖ ਕੈ[1]।

[1]ਗਿਆਨ ਸਿੰਘ (ਕਹਿੰਦਾ ਹੈ, ਤੁਰਕਾਂ ਨੂੰ) ਮਾਰ ਮਾਰ ਕੇ ਧਰਤੀ ਤੇ (ਸਥਾਰ ਕਰਜੋ) ਢੇਰ ਲਾ ਦਿੱਤੇ, ਮੀਂਹ ਵਾਂਗ ਤੀਰ ਤੇ ਗੋਲੀਆਂ ਦੀ ਬਰਖਾ ਕਰ ਕਰਕੇ।

ਭੈਰੋਂ ਭੂਤ ਖੂਨ ਪੀਵੈਂ ਪਲਚਰ ਪਲ ਜੀਵੈਂ,
ਹੂਰ ਪਤਿ ਯੁਤ ਥੀਵੈਂ ਪਰਖ ਪਰਖ ਕੈ[1] ॥੪੭॥

[1]ਭੈਰੋਂ ਤੇ ਭੂਤ ਲਹੂ ਪੀਂਦੇ ਹਨ, ਮਾਸ ਖਾਣੇ (ਪਲ) ਮਾਸ (ਜੀਵੈਂ) ਖਾਂਦੇ ਹਨ, (ਸੂਰਮਿਆਂ ਨੂੰ) ਪਰਖ ਪਰਖ ਕੇ ਹੂਰਾਂ (ਪਤਿ ਯੁਤ) ਸੁਹਾਗਣਾਂ ਹੁੰਦੀਆਂ ਹਨ।

ਮਾਚਜੋ ਜੰਗ ਜਾਨ ਗਾਢਾ ਰੁੱਦ੍ਰ ਭਯੋ ਆਨ ਠਾਢਾ,
ਬੀਰਨ ਕੋ ਰੋਸ ਬਾਢਾ ਹਰਜ ਹਰਜ ਕੈ[1]।

[1](ਗਾਢਾ) ਤਕੜਾ ਜੰਗ (ਮਾਚਜੋ) ਹੋਇਆ (ਤਾਂ) ਸ਼ਿਵ ਆ ਖੜਾ ਹੋਇਆ, (ਆਪਣਾ) (ਹਰਜ) ਨੁਕਸਾਨ ਹੁੰਦਾ ਦੇਖ ਕੇ (ਹਰਜ) ਤੰਗ ਹੋ ਕੇ ਸੂਰਮਿਆਂ ਨੂੰ ਗ਼ੁੱਸਾ ਵਧਿਆ।

ਗਾਲਬ ਗਨੀਮਨ ਕੇ ਗਹਿਰੇ ਗੁਰੂਰ ਗਾਲੇ,
ਗਜਾਨ ਸਿੰਘ ਗੋਲ ਗੰਜੇ ਗਰਜ ਗਰਜ ਕੈ[1]।

[1](ਗਾਲਬ) ਪ੍ਰਬਲ ਵੈਰੀਆਂ ਦੇ (ਗਹਿਰੇ) ਬਹੁਤੇ (ਗਰੂਰ) ਹੰਕਾਰ ਗਾਲ੍ਹ ਦਿੱਤੇ, ਗਿਆਨ ਸਿੰਘ (ਕਹਿੰਦਾ ਹੈ ਸਿੰਘਾਂ ਨੇ) ਗੱਜ ਗੱਜ ਕੇ (ਗੋਲ) ਟੋਲਿਆਂ ਦੇ ਟੋਲੇ (ਗੰਜੇ) ਕੱਟ ਦਿੱਤੇ।

ਔਰ ਜੇਈ ਨਿੰਦਕ ਗੁਮਾਨੀ ਮੂਢ ਐਂਠ-ਵਾਰੇ,
ਮਾਰਿ ਵੇ ਪਛਾਰੇ ਗਾਰੇ ਤਰਜ ਤਰਜ ਕੈ[1]।

[1]ਹੋਰ ਜਿਹੜੇ ਨਿੰਦਕ, ਹੰਕਾਰੀ, ਮੂਰਖ ਅਤੇ (ਐਂਠਵਾਰੇ) ਆਕੜ ਵਾਲੇ ਸਨ, ਉਹ (ਤਰਜ ਤਰਜ) ਤਾੜ ਤਾੜ ਕੇ ਮਾਰ ਕੇ (ਪਛਾਰੇ) ਪਟਕਾ ਕੇ ਸੁੱਟੇ ਤੇ ਗਾਲ੍ਹ ਦਿੱਤੇ।

ਕੇਊ ਜੰਗ ਵੀਚ ਗਲੇ ਕੇਊ ਹਾਰਿ ਭਏ ਖਲ੍ਹੇ[1],
ਕੇਊ ਥੇ ਪਲਾਇ ਚਲੇ ਲਰਜ ਲਰਜ ਕੈ[1] ॥੪੮॥

[1]ਹਾਰ ਕੇ ਖੜੇ ਹੋ ਗਏ।

[1]ਕੋਈ (ਲਰਜ ਲਰਜ ਕੈ) ਕੰਬ ਕੰਬ ਕੇ (ਪਲਾਇ) ਭੱਜ ਚਲੇ ਸਨ।

ਗਾਜਤ ਭੁਜੰਗੀ ਜੰਗੀ ਜੰਗ ਜੁਰਜੋ ਜੋਰ ਦੇਖਿ,
ਮਾਰਤ ਮਹੀ ਮੈਂ ਫਿਰੈਂ ਇਤ ਉਤ ਝੱਟ ਝੱਟ[1]।

[1]ਜੰਗ ਵਿੱਚ (ਜੁਰਜੋ) ਜੁੜਿਆਂ ਹੋਇਆਂ (ਦੁਸ਼ਮਣਾਂ ਦਾ) ਜ਼ੋਰ ਦੇਖ ਕੇ ਜੰਗੀ (ਭੁਜੰਗੀ) ਸੂਰਮੇਂ ਗੱਜ ਰਹੇ ਹਨ, (ਮਹੀ) ਧਰਤੀ ਵਿੱਚ (ਝੱਟ ਝੱਟ) ਛੇਤੀ ਛੇਤੀ ਏਧਰ ਓਧਰ ਮਾਰਦੇ

ਫਿਰਦੇ ਹਨ।

ਝੁੰਡਨ ਕੇ ਝੁੰਡ ਰੁੰਡ ਮੁੰਡ ਕੈ ਬਿਤੁੰਡ ਗੇਰੇ,
ਖ਼ੂਨ ਕੇ ਭਰੇ ਹੈਂ ਕੁੰਡ ਬੈਰਿਨ ਕੋ ਕੱਟਿ ਕੱਟਿ[1]।

[1]ਢੇਰਾਂ ਦੇ ਢੇਰ (ਰੁੰਡ) ਧੜ ਕੇ (ਮੁੰਡ) ਸਿਰ (ਬਿਤੁੰਡ ਕੈ) ਬਿਨਾਂ ਮੂੰਹਾਂ ਤੋਂ ਕਰ ਕੇ ਡੇਗ ਦਿੱਤੇ, ਵੈਰੀਆਂ ਨੂੰ ਕੱਟ ਕੱਟ ਕੇ ਲਹੂ ਦੇ (ਕੁੰਡ) ਟੋਏ ਭਰ ਦਿੱਤੇ।

ਫੇਟ ਸੈਂ ਗਿਰਾਵੈਂ ਕਿਤ ਧੂਰਿ ਮੈਂ ਮਿਲਾਵੈਂ ਅਤਿ,
ਬੇਗ ਸੈਂ ਚਲਾਵੈਂ ਤੇਗ ਦੁੱਜਨ ਪੈ ਡੱਟ ਡੱਟ[1]।

[1]ਕਈਆਂ ਨੂੰ (ਢਾਲ ਦੇ) (ਫੇਟ) ਧੱਕੇ ਨਾਲ ਡੇਗ ਦੇਂਦੇ ਹਨ ਤੇ ਕਈਆਂ ਨੂੰ ਧੂੜ 'ਚ ਮਿਲਾ ਦੇਂਦੇ ਹਨ (ਅਤੇ) (ਡੱਟ ਡੱਟ) ਡਾਟ ਡਾਟ ਕੇ (ਦੁੱਜਨ) ਵੈਰੀਆਂ ਉਪਰ ਬਹੁਤ (ਬੇਗ) ਤੇਜ਼ੀ ਨਾਲ ਤਲਵਾਰਾਂ ਚਲਾਉਂਦੇ ਹਨ।

ਭੈਰਵਿ ਪਿਸਾਚ ਭੂਤ ਕਾਕ ਗੀਧ ਸਜਾਰ ਪੂਤ,
ਜੋਗਨੀ ਜਮਾਤ ਕੂਤ ਪੀਵੈ ਲੋਹੂ ਗੱਟ ਗੱਟ[1] ॥੪੯॥

[1]ਭੈਰੋਂ (ਪਿਸਾਚ) ਮਾਸ ਖਾਣੇ ਜੀਵ, ਭੂਤ (ਕਾਕ) ਕਾਂ, (ਗੀਧ) ਗਿਰਝਾਂ, (ਸਜਾਰਪੂਤ) ਗਿੱਦੜਾਂ ਦੇ ਪੁੱਤਰ ਤੇ ਜੋਗਣੀਆਂ ਦੀ ਜਮਾਤ, ਲਹੂ ਦੀ (ਕੂਤ) ਖ਼ੁਰਾਕ ਨੂੰ (ਗੱਟ ਗੱਟ) ਗਟ ਗਟ ਸ਼ਬਦ ਕਰ ਕੇ ਪੀਂਦੀ ਹੈ। (ਜੋਗਨਿ-ਦੁਰਗਾ ਦੀ ਅੜਦਲ ਵਿੱਚ ਰਹਿਣ ਵਾਲੀ ਘੋਰ ਦੇਵੀ, ਜੋ ਜੰਗ ਵਿੱਚ ਸੂਰਮਿਆਂ ਦਾ ਲਹੂ ਪੀਂਦੀ ਹੈ।

ਚਾਲੀ ਸ਼ਮਸ਼ੇਰ ਜੋ ਬਿਸਾਲੀ ਪੈ ਕਰਾਲੀ ਅਤਿ,
ਕਾਲੀ ਔ ਕਪਾਲੀ ਭਏ ਮੁਦਤ ਖੁਸ਼ਾਲੀ ਹੈਂ[1]।

[1]ਜਦੋਂ (ਦੁਸ਼ਮਣਾਂ) (ਪੈ) ਉੱਪਰ (ਕਰਾਲੀ ਅਤਿ) ਬਹੁਤੀ ਭਿਆਨਕ (ਹੋ ਕੇ) (ਬਿਸਾਲੀ) ਬਹੁਤੀ ਤਲਵਾਰ ਚੱਲੀ, ਤਾਂ ਕਾਲੀ ਤੇ (ਕਪਾਲੀ) ਸ਼ਿਵ ਜੀ ਅਨੰਦ ਤੇ ਖ਼ੁਸ਼ ਹੋ ਗਏ। (ਕਾਲੀ- ਕਾਲੇਰੰਗ ਦੀ ਇਕ ਦੇਵੀ ਜੋ ਚੰਡੀ ਨੇਰਕਤ ਬੀਜ ਦਾ ਲਹੂ ਪੀਣ ਲਈ ਆਪਣੇ ਮੱਥੇ 'ਚੋਂ ਪੈਦਾ ਕੀਤੀ ਸੀ।)

ਹਾਲੀ ਤੁਰਕਾਨਿ ਖਾਲੀ ਚਾਲੀ ਸੋ ਮੈਦਾਨ ਕਰ,
ਝਾਲੀ ਨਾਂਹਿ ਚਾਲ ਚਾਲ ਪੰਥ ਕੀ ਕਮਾਲੀ ਹੈ[1]।

[1](ਤੁਰਕਾਨਿ) ਤੁਰਕਾਂ ਦੀ ਫੌਜ ਹਿਲ ਗਈ ਤੇ ਉਹ (ਜੰਗ ਦਾ) ਮੈਦਾਨ ਖ਼ਾਲੀ ਕਰ ਚੱਲੀ, ਖ਼ਾਲਸਾ ਪੰਥ ਦੀ (ਜੰਗ ਕਰਨ ਦੀ) (ਚਾਲੀ) ਰੀਤੀ (ਕਮਾਲੀ) ਬਹੁਤ ਸੁੰਦਰ ਹੈ ਜਿਸ ਦੀ ਝਾਲ ਤੁਰਕਾਂ ਤੋਂ ਝੱਲੀ ਨਹੀਂ ਗਈ ਭਾਵ ਮੁਕਾਬਲਾ ਨਹੀਂ ਕਰ ਸਕੇ।

ਗਾਲੀ ਤੁਰਕਾਨਿ ਲਾਜ ਪਾਲੀ ਹਿੰਦੁਵਾਨ,
ਗਜਾਨ ਸਿੰਘ ਕ੍ਰਿਪਾਨ ਘਾਲੀ ਸਿੰਘਨ ਉਤਾਲੀ ਹੈ[1]।

[1]ਗਿਆਨ ਸਿੰਘ (ਕਹਿੰਦਾ ਹੈ) ਕਿ ਸਿੰਘਾਂ ਨੇ (ਉਤਾਲੀ) ਫੁਰਤੀ ਨਾਲ ਕ੍ਰਿਪਾਨ ਚਲਾਈ (ਜਿਸ ਨਾਲ) ਤੁਰਕਾਂ ਦੀ ਫੌਜ ਗਾਲ਼ ਦਿੱਤੀ (ਇਉਂ) ਹਿੰਦੂਆਂ ਦੀ ਲੱਜਿਆ ਪਾਲੀ।

ਜਾਲੀ ਅਰਿ ਨਾਲੀ ਢਾਲੀ ਢੀਠਤਾ ਉਤਾਲੀ ਬੇਗ,
ਦੇਗ ਤੇਗ ਵਾਲੀ ਗੁਰੁ ਪੰਥ ਯੇ ਅਕਾਲੀ ਹੈ[1] ॥੫੦॥

[1](ਅਰਿ) ਵੈਰੀਆਂ ਦੀ (ਨਾਲੀ) ਫੌਜ (ਜਾਲੀ) ਸਾੜ ਦਿੱਤੀ ਤੇ ਉਹਨਾਂ ਦੀ ਢੀਠਤਾਈ (ਉਤਾਲੀ) ਕਾਹਲੀ ਨਾਲ (ਬੇਗ) ਛੇਤੀ

(ਢਾਲੀ) ਢਾਲ ਦਿੱਤੀ ਭਾਵ ਦੂਰ ਕਰ ਦਿੱਤੀ, ਲੰਗਰ ਤੇ ਤਲਵਾਰ ਦਾ ਮਾਲਕ ਇਹ ਗੁਰੂ ਦਾ ਅਕਾਲੀ ਪੰਥ ਹੈ।

ਸ੍ਵੈਯਾ:

ਬੀਰ ਬਲੀ ਜੁਗ ਓਰਨ ਤੈ,
ਹਿਤ ਜੀਤ ਜੁਰੇ ਮਧ ਆਹਵ ਭਾਰੈਂ[1]।
[1]ਦੋਹਾਂ ਪਾਸਿਆਂ ਤੋਂ ਬਲੀ ਸੂਰਮੇਂ ਜਿੱਤ ਵਾਸਤੇ (ਆਹਵ ਭਾਰੈਂ) ਭਾਰੀ ਜੰਗ ਵਿੱਚ ਜੁੜੇ।

ਮਾਰਹਿ ਮਾਰ ਪੁਕਾਰ ਕਰੈਂ,
ਕਿਤ ਯਾ ਅਲੀ ਯਾ ਅਲੀ ਐਲ ਉਭਾਰੈ[1]।
[1](ਤੁਰਕ) ਮਾਰ ਲੌ ਮਾਰ ਲੌ ਦੀ ਪੁਕਾਰ ਕਰਦੇ ਹਨ ਤੇ ਕਿਤੇ ਯਾ ਅਲੀ ਯਾ ਅਲੀ ਦਾ (ਐਲ) ਸ਼ੋਰ (ਉਭਾਰੈਂ) ਉਠਾ ਰਹੇ ਹਨ।

ਸੱਤ ਸਿਰੀ ਗੁਰੁ ਵਾਹਿਗੁਰੁ ਕਹਿ,
ਸਿੰਘ ਭਿਰੈਂ ਤੁਰਕੈਂ ਲਲਕਾਰੈਂ[1]।
[1]ਸਿੰਘ ਸਤਿ ਸ੍ਰੀ ਅਕਾਲ, ਗੁਰੂ ਗੁਰੂ ਤੇ ਵਾਹਿਗੁਰੂ ਵਾਹਿਗੁਰੂ ਕਹਿੰਦੇ ਹੋਏ ਤੁਰਕਾਂ ਨੂੰ ਲਲਕਾਰਦੇ ਤੇ ਭਿੜਦੇ ਹਨ।

ਬਾਹਿਤ ਤੇਗ ਉਮਾਹਿਤ ਬੇਗ,
ਸੁ ਚਾਹਿਤ ਜੀਤ ਅਭੀਤ ਅਪਾਰੈਂ[1] ॥੫੧॥
[1]ਉਹ (ਸਿੰਘ) ਜਿੱਤ ਚਾਹੁੰਦੇ ਹੋਏ ਬਹੁਤ ਨਿੱਡਰ ਹੋ ਕੇ ਉਤਸ਼ਾਹ ਨਾਲ (ਬੇਗ) ਛੇਤੀ ਤਲਵਾਰਾਂ ਚਲਾਉਂਦੇ ਹਨ।

ਚੌਪਈ:

ਮਾਚਯੋ ਜੰਗ ਦੀਹ ਦਿਸ ਦੋਈ[1]।
[1]ਦੋਹਾਂ ਪਾਸਿਆਂ ਤੋਂ (ਦੀਹ) ਭਾਰੀ ਜੰਗ (ਮਾਚਯੋ) ਹੋਇਆ।
ਪੈਰ ਨ ਪਾਇ ਪਿਛਾਹਾਂ ਕੋਈ।
ਬਾਢਯੋ ਰੋਸ ਬੀਰ-ਰਸ ਭਾਰੀ[1]।
[1]ਭਾਰੀ ਬੀਰ-ਰਸ ਤੇ ਗ਼ੁੱਸਾ ਵਧਿਆ।
ਆਪਸ ਮਾਂਹਿ ਹਕਾਰ ਹਕਾਰੀ[1] ॥੫੨॥
[1]ਆਪਸ ਵਿੱਚ (ਇਕ ਦੂਜੇ ਨੂੰ) (ਹਕਾਰ ਹਕਾਰੀ) ਬੁਲਾ ਬੁਲਾ ਕੇ।

ਗਾਢੇ ਲਰੈਂ ਹੋਇ ਛਿਤ ਠਾਢੇ[1]।
[1](ਛਿਤ) ਧਰਤੀ ਤੇ ਖੜੇ ਹੋ ਕੇ (ਗਾਢੇ) ਬਹੁਤ ਲੜਦੇ ਹਨ।
ਕਾਢੈਂ ਤੇਗ ਭੌਂਹ ਦ੍ਰਿਗ ਚਾਢੇ[1]।
[1]ਤਲਵਾਰਾਂ ਕੱਢੀਆਂ ਹੋਈਆਂ ਹਨ ਤੇ ਨੇਤ੍ਰਾਂ ਦੇ (ਭੌਹੈਂ) ਭ੍ਰਵੱਟੇ (ਚਾਢੇ) ਚੜ੍ਹਾਏ ਹੋਏ ਹਨ।
ਏਕਹਿ ਬਾਰ ਬਾਰ ਬਹੁ ਕਰ ਹੈਂ[1]।
[1]ਇੱਕੋ ਵਾਰ ਬਹੁਤੇ ਵਾਰ ਕਰਦੇ ਹਨ।
ਜੁਝਿਰੁਝਿ ਦੋਊ ਤਹਿਂ ਮਰ ਹੈਂ[1] ॥੫੩॥
[1](ਆਪਸ ਵਿੱਚ) (ਰੁਝ) ਰੁੱਝ ਕੇ, ਫਸ ਕੇ (ਜੁਝ) ਲੜ ਕੇ ਦੋਵੇਂ ਹੀ ਮਰ ਜਾਂਦੇ ਹਨ।

ਹੂਰ ਬਿਲੋਕ ਸੂਰ ਕੌ ਬਰ ਕੈ[1]।
[1]ਹੂਰਾਂ ਸੂਰਮਿਆਂ ਨੂੰ ਵੇਖ ਕੇ ਵਰ ਕੇ (ਵਿਆਹ ਕਰਵਾ ਕੇ)।
ਜਾਤ ਅਸਮਾਨ ਬਿਵਾਨਨ ਚਰ੍ਹ ਕੈ[1]।
[1]ਚੜ੍ਹ ਕੇ।
ਛੁਟਤ ਖਤੰਗ ਤੁਫੰਗ ਅਪਾਰੇ[1]।
[1](ਅਪਾਰੇ) ਬਹੁਤ (ਖਤੰਗ) ਤੀਰ ਤੇ (ਤੁਫੰਗ) ਬੰਦੂਕਾਂ ਛੁਟਦੀਆਂ ਹਨ।
ਮਾਨਹੁ ਕਾਲ ਕਰਾਲ ਕੁਠਾਰੇ[1] ॥੫੪॥
[1]ਜਾਣੋ ਭਿਆਨਕ ਕਾਲ ਦੇ (ਕੁਠਾਰੇ) ਕੁਹਾੜੇ ਹਨ।

ਛੁਹਿਤ ਜਾਂਹਿ ਤਹਿਂ ਕੁਹਿਤ ਨਿਸੰਗੈਂ[1]।

[1]ਜਿਸ ਨੂੰ ਛੋਂਹਦੇ ਹਨ ਤਿਸ ਨੂੰ (ਨਿਸੰਗੈ) ਨਿਰਭਯ ਹੋ ਕੇ (ਕੁਹਿਤ) ਨਾਸ਼ ਕਰ ਦੇਂਦੇ ਹਨ।

ਭੇਦਤ ਚਰਮ ਬਰਮ ਹੈਂ ਅੰਗੈਂ[1]।

[1](ਚਰਮ) ਢਾਲਾਂ, (ਬਰਮ) ਸੰਜੋਆਂ ਅਤੇ ਅੰਗਾਂ ਨੂੰ (ਭੇਦਤ) ਵਿੰਨ੍ਹ ਦੇਂਦੇ ਹਨ।

ਨਿਕਸਤ ਜ੍ਵਾਨ ਕਿਕਾਨਨ ਮਾਂਹੀ[1]।

[1](ਅੱਗੋਂ) ਜਵਾਨਾਂ ਦੇ (ਅੰਗਾਂ 'ਚੋਂ) ਨਿਕਲ ਕੇ (ਕਿਕਾਨਨ) ਘੋੜਿਆਂ (ਦੇ ਸ਼ਰੀਰਾਂ) ਵਿੱਚ (ਧਸ ਜਾਂਦੇ ਹਨ।)

ਮਹਾਂ ਮਰੀ ਜਨੁ ਪਰੀ ਮਹਾਂਹੀਂ[1] ॥੫੫॥

[1]ਜਾਣੋ (ਮਹਾਹੀਂ) ਬਹੁਤੀ (ਮਹਾ ਮਰੀ) (ਹੈਜ਼ਾ, ਪਲੇਗ ਆਦਿ) ਘਾਤਕ ਬੀਮਾਰੀ ਪਈ ਹੋਈ ਹੈ।

ਨਿਸਨ ਕ੍ਰਿਪਾਨ ਮਜਾਨ ਤੈ ਦਮਕੈ[1]।

[1]ਕ੍ਰਿਪਾਨ ਮਿਆਨ 'ਚੋਂ (ਨਿਸਰ) ਨਿਕਲ ਕੇ (ਦਮਕੈ) ਚਮਕਦੀ ਹੈ।

ਮਾਨਹੁ ਮ੍ਰਿਤੁ ਬੀਜਰੀ ਚਮਕੈ[1]।

[1]ਜਾਣੋ ਮੌਤ ਦੀ ਬਿਜਲੀ ਚਮਕਦੀ ਹੈ।

ਲਹ-ਲਹਾਤ ਜਨੁ ਜੀਹ ਕਾਲ ਸੀ[1]।

[1]ਜਾਣੋ ਕਾਲ ਦੀ (ਜੀਹ ਸੀ) ਜੀਭ ਵਰਗੀ (ਲਹਲਾਤ) ਚਮਕਦੀ ਹੈ।

ਖਾਤ ਅਘਾਤ ਨ ਪ੍ਰਲੈ ਜ੍ਵਾਲ ਸੀ[1] ॥੫੬॥

[1]ਪ੍ਰਲੋ ਦੀ ਅੱਗ ਵਰਗੀ (ਜੀਵਾਂ ਨੂੰ) ਖਾਂਦੀ ਹੋਈਰਜਦੀ ਨਹੀਂ।

ਤੀਖੇ ਤੀਰ ਤੇਜ ਤੈ ਸ਼ੂੰਕਤ[1]।

[1]ਤੇਜ ਨਾਲ ਸ਼ੂਕਦੇ ਹਨ।

ਫਿਰੈਂ ਸਪੱਛ ਸਾਂਪ ਜਨੁ ਫੂੰਕਤ[1]।

[1]ਜਾਣੋ (ਸਪੱਛ) ਖੰਭਾਂ ਵਾਲੇ ਸੱਪ ਫੁਕਾਰੇ ਮਾਰਦੇ ਫਿਰਦੇ ਹਨ।

ਮਾਰੂ ਕਾਲ ਮੇਘ ਸਮ ਗਰਜੈਂ[1]।

[1](ਮਾਰੂ) ਜੰਗੀ ਵਾਜੇ ਕਾਲ ਦੇ ਬੱਦਲ ਵਾਂਗ ਗੱਜਦੇ ਹਨ।

ਤੋਪ ਪਲੀਤੇ ਤੜਕਾ ਤਰਜੈਂ[1] ॥੫੭॥

[1]ਤੋਪਾਂ ਦੇ ਪਲੀਤੇ ਬਿਜਲੀ ਨੂੰ ਤਾੜਦੇ ਹਨ, ਭਾਵ ਬਿਜਲੀ ਤੋਂ ਵੱਧ ਚਮਕਦੇ ਹਨ। (ਪਲੀਤਾ- ਵੱਟੀ ਹੋਈ ਬੱਤੀ, ਤੋਪ ਨੂੰ ਅੱਗ ਦੇਣ ਦਾ ਡੋਰਾ।)

ਬਰਛੀ ਤਿਰਛੀ ਨਾਗਨਿ ਕਾਲੀ[1]।

[1]ਤਿੱਖੀ ਬਰਛੀ ਮਾਨੋ ਕਾਲੀ ਸਪਣੀ ਹੈ।

ਚੱਕ੍ਰ ਬੱਕ੍ਰ ਜਨੁ ਗੀਧਨ-ਮਾਲੀ[1]।

[1](ਬੱਕ੍ਰ) ਟੇਢੇ ਚੱਕ੍ਰ ਜਾਣੋ (ਗੀਧ) ਗਿਰਝਾਂ ਦੀ (ਮਾਲੀ) ਡਾਰ ਹੈ।

ਝਪਟਤ ਲਪਟਤ[1] ਜਾਂ ਕੇ ਤਨ ਕੌਂ।

[1]ਝਪਟ ਮਾਰ ਕੇ ਚਿੰਬੜਦੀਆਂ ਹਨ।

ਗੇਰਤ ਬਾਢੀ ਜਜੋਂ ਬਢਿ ਬਨ ਕੌਂ[1] ॥੫੮॥

[1]ਜਿਵੇਂ (ਬਾਢੀ) ਤਰਖਾਣ (ਬਨ) ਜੰਗਲ ਨੂੰ (ਬਢਿ) ਵੱਢ ਕੇ (ਗੇਰਤ) ਸੁੱਟਦਾ ਹੈ।

ਸੂਰਨ ਲਾਲੀ ਕੂਰਨ ਜਰਦੀ।
ਚਢੀ ਅਪਾਰ[1], ਬਢੀ ਪਰ ਮਰਦੀ[2]।

[1]ਸੂਰਮਿਆਂ ਦੇ (ਮੁਖਾਂ ਤੇ) ਲਾਲੀ ਤੇ (ਕੂਰਨ) ਕਾਇਰਾਂ ਦੇ (ਮੂੰਹਾਂ ਤੇ) (ਜਰਦੀ) ਪੀਲੱਤਣ (ਅਪਾਰ) ਬਹੁਤੀ ਚੜ੍ਹ ਗਈ।
[2](ਪਰ) ਪ੍ਰੰਤੂ (ਮਰਦੀ) ਸੂਰਮਤਾਈ (ਬਢੀ) ਵੱਧ ਗਈ ਭਾਵ ਕਾਇਰਾਂ ਨਾਲੋਂ ਸੂਰਮੇਂ ਵੱਧ ਨਿਕਲੇ।

ਇਤ ਉਤ ਫਿਰੈਂ ਬੀਰ ਬਰ[1] ਲਰਤੇ।

[1]ਚੰਗੇ ਸੂਰਮੇਂ।

ਬਾਹਿਤ ਜਿਸੈ ਦੋਇ ਧਰ ਕਰਤੇ[1] ॥੫੯॥

[1]ਜਿਸ ਨੂੰ ਮਾਰਦੇ ਹਨ ਦੋ ਧੜ ਕਰ ਦੇਂਦੇ ਹਨ।

ਭਿਗੀ ਪੁਸ਼ਾਕ ਖੂਨ ਸੈਂ ਸਾਰੀ।

ਖੇਲਤ ਮਾਨਹੁ ਫਾਗ[1] ਖਿਲਾਰੀ।	[1]ਹੋਲੀ।
ਗਹਿ ਸ਼ਮਸ਼ੇਰਨ ਸਿੰਘ ਸਮ ਸ਼ੇਰਨ[1]।	[1]ਸਿੰਘ ਸ਼ੇਰਾਂ ਵਾਂਗ (ਸ਼ਮਸ਼ੇਰਨ) ਤਲਵਾਰਾਂ ਪਕੜ ਕੇ।
ਜਿਸ ਦਿਸ ਪਰੈਂ ਤੁ ਕਰੈਂ ਨਿਬੇਰਨ ॥੬੦॥	
ਦੁਹੂੰ ਓਰ ਸਰਦਾਰ ਲੜਾਵਤ।	
ਸਜਾਪੇ ਮੈਂ ਜਨੋਂ ਨਾਰਿ[1] ਪਿਟਾਵਤ।	[1]ਇਸਤ੍ਰੀ ਭਾਵ ਮਿਰਾਸਣ ਜਾਂ ਨਾਇਣ।
ਮਾਚਯੋ ਜੰਗ ਜਾਮ ਤ੍ਰੈ[1] ਭਾਰੀ।	[1]ਤਿੰਨ ਪਹਿਰ।
ਚਢੀ ਲੁੱਥ ਪਰ ਲੁੱਥ ਅਪਾਰੀ ॥੬੧॥	
ਫੇਰ ਸਿੰਘਨ ਕੇ ਮਿਲਿ ਸਰਦਾਰੈਂ।	
ਹੱਲਾ ਦਯੋ ਕਰਾਇ ਉਦਾਰੈਂ[1]।	[1]ਚੰਗਾ।
ਜਯੋਂ ਜਯੋਂ ਜ਼ਖਮ ਸਿੰਘਨ ਕੌ ਲਾਗੈਂ।	
ਤਯੋਂ ਤਯੋਂ ਰੋਸ[1] ਬੀਰ ਰਸ ਜਾਗੈਂ ॥੬੨॥	[1]ਗ਼ੁੱਸਾ।
ਤੁਰਕ ਪੇਖਿ ਇਕ ਜ਼ਖਮੀ ਤੁਰਕੈ[1]।	[1]ਤੁਰਕ (ਆਪਣੇ ਸਾਥੀ) ਇਕ ਤੁਰਕ ਨੂੰ ਜ਼ਖ਼ਮੀ ਹੋਇਆ ਵੇਖ ਕੇ।
*ਔਰ ਦਸਕ ਡਰਿ ਢਿਗ ਤੈ ਢੁਰਕੈਂ[1]।	[1]ਹੋਰ ਦਸਕ ਤੁਰਕ ਡਰ ਕੇ ਕੋਲੋਂ (ਢੁਰਕੈਂ) ਖਿਸਕ ਜਾਂਦੇ ਹਨ। *ਅੰਕ ਨੰ: ੬੩ ਦੀ ਦੂਜੀ ਤੁਕ ਦਿੱਲੀ ਐਡੀਸ਼ਨ 'ਚੋਂ ਲਈ ਹੈ।
ਪਰੈਂ ਸਿੰਘ ਤੁਰਕਨ ਪਰ ਬਲ ਕੈ[1]।	[1]ਬਲ ਕਰਕੇ।
ਜਯੋਂ ਕੂੰਜਨ ਪਰ ਬਹਰੀ ਢਲ ਕੈ[1] ॥੬੩॥	[1]ਜਿਵੇਂ ਬਹਰੀ ਕੂੰਜਾਂ ਤੇ ਝੁਕ ਕੇ ਪੈਂਦੀ ਹੈ, (ਬਹਰੀ- ਬਾਜ਼ ਵਰਗਾ ਇਕ ਸ਼ਿਕਾਰੀ ਪੰਛੀ।)
ਆਖਰ ਤੁਰਕ ਹਾਰ ਜਬਿ ਗਏ।	
ਦਹਲਤ[1] ਸਭਿ ਮਨ ਹੀ ਮੈਂ ਭਏ।	[1]ਡਰ ਗਏ, ਕੰਬ ਗਏ।
ਧੀਰਜ ਟੂਟ ਗਯੋ ਡਰ ਕੈ ਕੈ[1]।	[1]ਕਰਕੇ।
ਚਲੇ ਸ਼ਹਰ ਕੀ ਓਰ ਪਲੈ ਕੈ[1] ॥੬੪॥	[1]ਦੌੜ ਕੇ।
ਦੋਹਰਾ:	
ਬਹੁ ਸਿੰਘਨ ਕੋ ਸੰਗ ਲੈ,	
ਸਿੰਘ ਬਘੇਲ ਤਬਿ ਧਾਇ।	
ਧਸਯੋ, ਜਲਾਵਲ ਦੀਨ ਕੇ	
ਕਿਲੇ ਮੱਧ[1], ਤਬਿ ਜਾਇ ॥੬੫॥	[1]ਜਲਾਲ ਦੀਨ ਦੇ ਕਿਲ੍ਹੇ ਵਿੱਚ।
ਕਬਿੱਤ:	
ਔਰ ਸਭਿ ਖਾਲਸੇ ਬਿਸਾਲਸੇ ਲੈ ਤੇਗ ਬੇਗ[1],	[1]ਹੋਰ ਸਾਰੇ ਖ਼ਾਲਸੇ ਨੇ (ਬੇਗ) ਛੇਤੀ ਨਾਲ (ਬਿਸਾਲਸੇ) ਬਹੁਤੀਆਂ ਤਲਵਾਰਾਂ ਲੈ ਕੇ।

ਮਾਰ ਕਰਿ ਕਰਜੋ ਹੈ ਤੁਕਾਨ ਕੌ ਬਿਹਾਲਸੇ[1]। — [1]ਬੁਰੇ ਹਾਲ ਵਾਲੇ। (ਅ) ਵਿਆਕੁਲ।

ਪੈਸ ਕੈ[1] ਸ਼ਹਿਰ ਬਡ ਕਹਿਰ ਮਚਾਇ ਦਯੋ[2], — [1]ਵੜ ਕੇ। [2]ਮੁਸੀਬਤ ਪਾ ਦਿੱਤੀ।

ਲੂਟ ਮਾਰ ਪਾਰ[1] ਧਰੀ ਕਤਲ ਕਮਾਲਸੇ[2]। — [1]ਪਾ ਕੇ ਭਾਵ ਕਰਕੇ। [2](ਕਮਾਲਸੇ) ਬਹੁਤੀ ਕਤਲਾਮ (ਧਰੀ) ਕੀਤੀ।

ਏਕ ਬੋਦੀ-ਵਾਰੋ[1] ਔਰ ਸਾਮ[2] ਪਯੋ ਤੁਕ ਜੋਊ, — [1]ਹਿੰਦੂ। [2]ਸ਼ਰਣ।

ਦਯੋ ਛੋਰ ਸੋਊ ਬਾਕੀ ਮਾਰ ਦਯੋ ਖਾਲਸੇ।

ਪਰੀ ਤਬਿ ਭਾਗ ਠੌਰ ਠੌਰ ਗੌਰ ਰੌਰ ਪਰਜੋ[1], — [1]ਤਦੋਂ ਥਾਂ ਥਾਂ ਤੇ (ਭਾਗ) ਭਾਜੜ ਪੈ ਗਈ (ਗੌਰ) ਬਹੁਤਾਰੌਲਾ ਪੈ ਗਿਆ।

ਮਿਲੈ ਹੈਂ ਤੁਕਾਨਿ ਤਾਂਈ ਸਿੰਘ ਹੋਇ ਕਾਲ ਸੇ[1] ॥੬੬॥ — [1]ਕਾਲ ਵਰਗੇ।

ਭਾਈ ਕੌ ਨ ਭਾਈ ਪਾਯੋ ਸਸੁਰ ਜਵਾਈ, ਪਾਈ

ਪੂਤ ਕੌ ਨ ਮਾਈ, ਤੀਆ ਪੀਆ ਬਿਨ ਜਾਤ ਹੈ[1]। — [1]ਭਰਾ ਨੂੰ ਭਰਾ ਤੇ ਸਹੁਰੇ ਨੂੰ ਜਵਾਈ ਨਾ (ਪਾਯੋ) ਲੱਭਾ, ਪੁੱਤਰ ਨੂੰ ਮਾਂ ਨਹੀਂ (ਪਾਈ) ਲੱਭੀ, ਇਸਤ੍ਰੀ ਪਤੀ ਬਿਨਾਂ ਜਾਂਦੀ ਹੈ।

ਸੂਰ ਸਸਿ ਕਬਿ ਨ ਨਿਹਾਰੀ ਜੇਊ ਨਾਰੀ,

ਭਾਰੀ ਰੂਪ ਗੁਨਵਾਰੀ ਤੇ ਉਘਾਰੀ ਹੀ ਪਰਾਤ ਹੈਂ[1]। — [1]ਭਾਰੀ ਰੂਪ ਤੇ ਗੁਣਾਂ ਵਾਲੀਆਂ ਜਿਹੜੀਆਂ ਇਸਤ੍ਰੀਆਂ ਸੂਰਜ ਤੇ ਚੰਦ ਨੇ ਵੀ ਕਦੇ ਨਹੀਂ ਸਨ ਦੇਖੀਆਂ ਉਹ (ਉਘਾਰੀ) ਨੰਗੀਆਂ ਹੀ (ਪਰਾਤ) ਨੱਠੀਆਂ ਜਾਂਦੀਆਂ ਹਨ।

ਓਢਨੀ ਨ ਪਾਤੀ, ਬਿਨ ਪਨਹੀ ਦੁਖਾਤੀ ਜਾਤੀ,

ਤਾਤੀ ਰੇਤੀ ਵੀਚ, ਮੁਰਝਾਤੀ ਬਿਲਲਾਤ ਹੈਂ[1]। — [1](ਉਹਨਾਂ ਨੂੰ) ਸਿਰ ਤੇ ਲੈਣ ਨੂੰ) (ਓਢਨੀ) ਚੁੰਨੀ ਨਹੀਂ ਲੱਭੀ, ਬਿਨਾਂ (ਪਨਹੀ) ਜੁੱਤੀ ਤੋਂ ਦੁਖੀ ਹੋਈਆਂ ਜਾਂਦੀਆਂ ਤੱਤੀਰੇਤ ਵਿੱਚ ਮੁਰਝਾਈਆਂ ਹੋਈਆਂ ਵਿਰਲਾਪ ਕਰਦੀਆਂ ਹਨ।

ਭੌਖਤੀ ਗਡਾਤੀ ਪਗ, ਧੌਖਤੀ ਚਲਾਤੀ ਮਗ,

ਔਖੜੀ ਨਸਾਤੀ ਚੌਕ ਚੌਕ ਬਰੜਾਤ ਹੈਂ[1] ॥੬੭॥ — [1](ਉਹਨਾਂ ਦੇ) (ਪਗ) ਪੈਰਾਂ 'ਚ (ਭੌਖੜੀ) ਭੱਖੜਾ (ਗਡਾਤੀ) ਚੁੱਭਦਾ ਹੈ, ਰਸਤੇ ਵਿੱਚ (ਚਲਾਤੀ) ਚੱਲਦੀਆਂ ਹੋਈਆਂ (ਧੌਖੜੀ) ਧਮਕੜੇ ਪਈਆਂ ਅਰਥਾਤ ਹੌਂਕਦੀਆਂ ਜਾਂਦੀਆਂ ਹਨ, (ਔਖੜੀ) ਔਖੇਰਾਹਾਂ ਵਿੱਚ ਨਸਦੀਆਂ ਹਨ ਤੇ (ਚੌਕ ਚੌਕ) ਤ੍ਰੱਬਕ ਤ੍ਰੱਬਕ ਕੇ ਬਰੜਾਉਂਦੀਆਂ ਹਨ।

ਧਰਤੀ ਨ ਪਾਉਂ ਕਬੀ ਧਰਤੀ ਸੁਘਰ ਤੀਯ,

ਡਰਤੀ ਨ ਘਰਤੀ ਨਿਸਰਤੀ ਕਦਾਪਿਤੀ[1]। — [1]ਜਿਹੜੀਆਂ (ਸੁਘੜ) ਚਤੁਰ ਇਸਤ੍ਰੀਆਂ ਕਦੇ ਵੀ ਧਰਤੀ ਤੇ ਪੈਰ ਨਹੀਂ ਸਨ ਧਰਦੀਆਂ ਅਤੇ (ਡਰਤੀ) ਡਰਦੀਆਂ ਹੋਈਆਂ (ਘਰਤੀ) ਘਰ ਵਿੱਚੋਂ (ਕਦਾਪਿਤੀ) ਕਦੇ ਵੀ ਨਹੀਂ ਸਨ (ਨਿਸਰਤੀ) ਨਿਕਲਦੀਆਂ।

ਮਖਮਲ ਪੌਢਤੀ ਸੀ ਓਢਤੀ ਜੋ ਮਲਮਲ,

ਸੋਊ ਚਲਿ ਚਲਿ ਬਨ ਨਾਂਗੇ ਪਾਉਂ ਧਾਵਤੀ[1]। — [1]ਜੋ (ਇਸਤ੍ਰੀਆਂ) ਮਖ਼ਮਲਾਂ ਪਹਿਨਦੀਆਂ ਸਨ, ਤੇ ਮਲਮਲ

ਉਪਰ ਲੈਂਦੀਆਂ ਸਨ ਉਹ ਜੰਗਲਾਂ ਵਿੱਚ ਚਲ ਚਲ ਕੇ ਨੰਗੇ ਪੈਰੀਂ ਦੌੜਦੀਆਂ ਹਨ।

ਭਰੀ ਰੂਪ ਜੋਬਨ ਜੋ ਜਰੀ ਜੇਵਰਾਨ ਸੰਗ,
ਫੂਲ ਕੀ ਛਰੀ ਸੀ, ਡਰੀ ਖਰੀ ਬਿਲਲਾਵਤੀ[1]।

[1]ਜਿਹੜੀਆਂ (ਇਸਤ੍ਰੀਆਂ) ਜੁਆਨੀ ਤੇ ਰੂਪ ਨਾਲ ਭਰੀਆਂ ਹੋਈਆਂ ਸਨ ਤੇ ਗਹਿਣਿਆਂ ਨਾਲ ਜੜੀਆਂ ਹੋਈਆਂ ਫੁੱਲਾਂ ਦੀਆਂ ਛਟੀਆਂ ਵਰਗੀਆਂ (ਕੋਮਲ ਤੇ ਪਤਲੀਆਂ) ਸਨ (ਉਹ) ਡਰੀਆਂ ਹੋਈਆਂ ਬਹੁਤ ਵਿਰਲਾਪ ਕਰਦੀਆਂ ਸਨ।

ਸ਼ੀਰ-ਫੇਨ ਪਾਵਤੀ ਜੋ ਨ੍ਹਾਵਤੀ ਅਤਰ ਹੌਜ਼,
ਮੌਜ ਮੈਂ ਰਹਾਵਤੀ ਸੋ ਬੀਆ-ਬਾਨ ਜਾਵਤੀ[1] ॥੬੮॥

[1]ਜਿਹੜੀਆਂ ਇਸਤ੍ਰੀਆਂ (ਸ਼ੀਰ- ਫੇਨ) ਦੁੱਧ ਦੀ ਮਿਲਾਈ ਪਾਉਂਦੀਆਂ ਭਾਵ ਖਾਂਦੀਆਂ ਤੇ ਅਤਰ ਨਾਲ ਮਿਲੇ ਹੋਏ ਪਾਣੀ ਦੇ ਹੌਜ਼ਾਂ ਵਿੱਚ ਨ੍ਹਾਉਂਦੀਆਂ ਤੇ ਮੌਜ (ਅਨੰਦ) 'ਚ ਰਹਿੰਦੀਆਂ ਸਨ ਉਹ ਉਜਾੜਾਂ 'ਚ (ਨੱਸੀਆਂ) ਜਾਂਦੀਆਂ ਹਨ।

ਦੋਹਰਾ:

ਬਾਮ ਆਮ ਤੁਰਕਾਨ ਕੀ[1],
ਸਿੰਘ ਨਾਮ ਸੁਨਿ ਕਾਨ।
ਮੁਰਛਿਤ ਹ੍ਵੈ ਛਿਤ ਪਰਤ ਗਿਰ,
ਘਰਿ ਬਨ ਮੱਧ ਪਛਾਨ[1] ॥੬੯॥

[1](ਆਮ) ਸਾਰੇ ਤੁਰਕਾਂ ਦੀਆਂ (ਬਾਮ) ਇਸਤ੍ਰੀਆਂ।

[1](ਮੁਰਛਿਤ ਹ੍ਵੈ) ਬੇਹੋਸ਼ ਹੋ ਕੇ (ਛਿਤ) ਧਰਤੀ ਤੇ ਡਿੱਗ ਡਿੱਗ ਪੈਂਦੀਆਂ ਹਨ, ਘਰ ਵਿੱਚ (ਹੁੰਦੀਆਂ ਹੋਈਆਂ ਹੀ ਆਪਣੇ ਆਪ ਨੂੰ) ਜੰਗਲਾਂ 'ਚ ਸਮਝਦੀਆਂ ਹਨ।

ਚੌਪਈ:

ਸ਼ਹਰ ਜਲਾਲਾ-ਬਾਦ ਲੁਹਾਰੀ।
ਲੂਟਯੋ ਸਿੰਘਨ ਭਲ[1] ਬਲ ਧਾਰੀ।
ਨਾਰਿ ਨਰਨ ਕੌ ਬਾਂਧਿ ਬਾਂਧਿ ਤਬਿ।
ਧਨ ਕਢਵਾਇ ਲਯੋ ਦੱਬਯੋ ਸਭਿ ॥੭੦॥
ਵਡ ਤੁਰਕਨ ਕੇ ਲੁਟੇ ਖ਼ਜ਼ਾਨੇ।
ਸ਼ਸਤਰ ਬਸਤਰ ਅੱਸ੍ਵ ਮਹਾਨੇ।
ਜੋ ਅਕਰੇ ਝਟਕੇ ਸਮ ਬਕਰੇ[1]।
ਕੇਤਿਕ ਪਕਰਿ ਜਕਰ ਲਿਯ ਤਕਰੇ[1] ॥੭੧॥
ਫਿਰ ਨੁਵਾਬ ਕੇ ਮਹਲੀਂ ਧਸੇ।
ਲੋਗ ਨੁਵਾਬ ਕੇਰ ਫੜਿ ਕਸੇ[1]।
ਸੁਨਿ ਨੁਵਾਬ ਧਰਿ ਤ੍ਰਾਸ ਕਿਤਾਨੇ[1]।
ਕਾਯਰ ਗੀਦੀ ਭਯੋ ਮਹਾਨੇ ॥੭੨॥

[1]ਚੰਗਾ।

[1]ਜਿਹੜੇ (ਅਕਰੇ) ਆਕੜੇ ਉਹ ਬੱਕਰਿਆਂ ਵਾਂਗ ਝਟਕਾ ਦਿੱਤੇ।

[1]ਤਕੜੇ।

[1]ਬੰਨ੍ਹ ਲਏ।

[1](ਕਿਤਾਨੇ) ਕਿਤਨਾ ਭਾਵ ਬਹੁਤਾ ਡਰ ਧਾਰ ਕੇ।

ਅਪਨੀ ਜਾਨ ਬਚਾਵਨ ਹੇਤੈਂ।	
ਛਪਜੋ ਭੋਹਰੇ ਵੀਚ ਨਿਕੇਤੈਂ[1]।	[1](ਨਿਕੇਤੈਂ) ਘਰ ਦੇ ਭੋਰੇ ਵਿੱਚ।
ਖੋਜ ਨੁਵਾਬ ਤਈਂ ਸਿੰਘ ਰਹੇ।	
ਪਾਯੋ ਕਹੀਂ ਨਹੀਂ ਜਬਿ ਵਹੇ[1] ॥ ੭੩ ॥	[1]ਉਸ ਨੂੰ।
ਤਬੈ ਜ਼ਨਾਨੈ ਮਹਲ ਮਝਾਰੀ।	
ਧਸੇ ਸਿੰਘ ਪਕਰੀ ਤਿਹ ਨਾਰੀ।	
ਧਨ ਜ਼ੇਵਰ ਅਸਬਾਬ ਅਪਾਰੇ।	
ਤਿਨ ਤੈ ਲਯੋ ਕਢਾਇ ਸੁਧਾਰੇ[1] ॥ ੭੪ ॥	[1]ਚੰਗੀ ਤਰ੍ਹਾਂ।
ਤਿਨ ਹੀ ਤੈ ਨੁਵਾਬ ਬੁਝਿ[1] ਫੜਿਓ।	[1]ਪੁੱਛ ਕੇ।
ਪਾਇ ਖਾਟ ਪਰ ਨੀਕੈ ਕੜਿਓ[1]।	[1](ਖਾਟ) ਮੰਜੇ ਤੇ ਪਾ ਕੇ ਚੰਗੀ ਤਰ੍ਹਾਂ (ਕੜਿਓ) ਬੰਨ੍ਹ ਲਿਆ।
ਬਾਹਰ ਡੇਰਾ ਕੀਨੋ ਜਹਾਂ।	
ਫੜਿ ਬਘੇਲ ਸਿੰਘ ਲਜਾਯੋ ਤਹਾਂ ॥ ੭੫ ॥	
ਜੋ ਦਿਜ ਕਹੀ ਸਜਾ ਸੋ ਠਾਟੀ[1]।	[1]ਮੁਕੱਰਰ ਕਰ ਦਿੱਤੀ।
ਜੜ ਤੈ ਲਿੰਗ ਇੰਦਰੀ ਕਾਟੀ।	
ਪੁਨਾ ਸੂਰ ਕਾ ਝਟਕਾ ਕਰਿ ਕੈ।	
ਖੁਲਵਾਯੋ ਤਿਸ ਕੋ ਬਲਿ ਧਰ ਕੈ[1] ॥ ੭੬ ॥	[1]ਜ਼ੋਰ ਨਾਲ ਫੜ ਕੇ।
ਨਾਕ ਹਾਥ ਜਿਹਵਾ ਕਟ ਤਾਂ ਕੀ।	
ਦਯੋ ਛੋਰ ਕਛ ਛੋਰ ਨ ਬਾਕੀ[1]।	[1]ਛੱਡ ਦਿੱਤਾ ਪਰ ਕੁਝ ਬਾਕੀ ਨਹੀਂ ਛੱਡਿਆ।
ਹੁਤੋ ਕੁਲਾਲ[1] ਵਜ਼ੀਰ ਇਕ ਤਾਂ ਕਾ।	[1]ਘੁਮਿਆਰ।
ਲੋਲਪ[1] ਕਾਂਮੀ ਕੁਟਲ[2] ਕੁਬਾਂਕਾ[3] ॥ ੭੭ ॥	[1]ਬਹੁਤ ਲਾਲਚੀ। [2]ਟੇਢਾ। [3]ਖੋਟਾ ਤੇ ਵਿੰਗਾ।
ਬਿਭਚਾਰੀ ਦੱਲਾ[1] ਪਰ ਨਾਰੀ।	[1]ਨੀਚ ਕਰਮ ਦੀ ਦਲਾਲੀ ਕਰਨ ਵਾਲਾ, ਭੇਟੂ, ਭੜੂਆ।
ਦੇਤ ਮੰਗਾਇ ਨੁਵਾਬੈਂ ਨਾਰੀ।	
ਦੈ ਦੁਖ ਬਹੁ ਸੋ ਸਿੰਘਨ ਮਾਰਾ।	
ਐਸੇ ਐਸੇ ਔਰ ਅਪਾਰਾ ॥ ੭੮ ॥	
ਤੁਰਕ ਜਿਤਿਕ ਥੇ ਸੁਨੇ ਖਰਾਬੈਂ।	
ਕਾਫਰ ਕਰਿ ਦੈ ਹਤੇ ਅਜਾਬੈਂ[1]।	[1]ਦੁੱਖ ਦੇ ਕੇ ਮਾਰੇ।
ਮਿਲ ਕਰਿ ਤੁਰਕ ਹਿੰਦੁ ਫਿਰ ਆਮੈ[1]।	[1]ਸਾਰੇ।
ਆਇ ਪਰੇ ਸਿੰਘਨ ਕੀ ਸਾਮੈਂ[1] ॥ ੭੯ ॥	[1]ਸ਼ਰਣ।
ਪੰਥ ਅਮਨ[1] ਫਿਰ ਸਭ ਕੋ ਦੈ ਕੈ।	[1]ਸ਼ਾਂਤੀ।
ਦ੍ਵਜ ਕੀ ਸੁਤਾ[1] ਤਈਂ ਬੁਲਵੈ ਕੈ।	[1]ਬ੍ਰਾਹਮਣ ਦੀ ਲੜਕੀ।

ਅਰ ਤਿਸ ਕੇ ਪੇਕੇ ਸੁਸਰਾਰੈਂ[1]।	[1]ਸਹੁਰੇ ਘਰ।
ਉਭੈ ਗ੍ਰਾਮ ਕੇ[1] ਲੋਗ ਅਪਾਰੈਂ ॥੯੦॥	[1]ਦੋਹਾਂ ਪਿੰਡਾਂ ਦੇ।
ਪੰਥ ਆਪ ਕੇ ਪਾਸ ਹਕਾਰੇ[1]।	[1]ਸੱਦੇ।
ਏਕ ਠੌਰ ਮੈਂ ਸਭਿ ਬੈਠਾਰੇ।	
ਦਿਜ ਕੀ ਬੇਟੀ ਗੰਗਾ ਜਲ ਸੋਂ।	
ਨੁਲ੍ਹਵਾਈ ਸਿੰਮ੍ਰਿਤਿ ਬਿਧਿ ਭਲ ਸੋਂ[1] ॥੯੧॥	[1]ਸਿੰਮ੍ਰਿਤੀਆਂ ਦੀ ਬਿਧੀ ਨਾਲ ਚੰਗੀ ਤਰ੍ਹਾਂ।
ਤਿਸ ਕੇ ਕਰ ਤੇ[1] ਭੋਜਨ ਕਾਚੇ।	[1]ਹੱਥੋਂ।
ਸਭਿ ਕੋ ਖੁਲਵਾਏ ਭਲ ਸਾਚੇ।	
ਪੁਨ ਤਿਸ ਕੇ ਪਤਿ ਕੋ ਭੁਜ[1] ਤਾਂ ਕੀ।	[1]ਬਾਂਹ।
ਪਕਰਾਈ ਪ੍ਰਗਟ ਹੀ ਬਾਂਕੀ[1] ॥੯੨॥	[1]ਸੁੰਦਰ (ਲੜਕੀ ਦੀ)।
ਧਰਮ ਪੁੱਤ੍ਰੀ ਪੰਥ ਬਨੈ ਕੈ।	
ਧਨ ਦੀਨੋ ਬਹੁ ਚੰਦਾ ਕੈ ਕੈ[1] ॥੯੩॥	[1]ਚੰਦਾ ਇਕੱਠਾ ਕਰਕੇ।
ਦੋਹਰਾ:	
ਤੁਰਕ ਦੁਸ਼ਟ ਕੋ ਮਾਰ ਕੈ,	
ਦਿਜ ਕਾ ਕਿਯ ਉਪਕਾਰ।	
ਹੁਤੋ ਅਠਾਰਾਂ ਸੈ ਤਬੈ,	
ਸਾਲ ਚੁਤਾਲੀ ਸਾਰ[1] ॥੯੪॥	[1]ਸ੍ਰੇਸ਼ਟ ਸੰਮਤ ੧੮੪੪ ਬਿ: ਸੀ।
ਚੌਪਈ:	
ਸਾਜਿ[1] ਗੁਰਮਤਾ ਪੰਥ ਮਹਾਨੈ।	[1]ਕਰਕੇ।
ਚਢਯੋ ਫੇਰ ਦਿਸ ਹਿੰਦੁਸਤਾਨੈ[1]।	[1]ਯੂ.ਪੀ. ਦੇ ਇਲਾਕੇ ਵੱਲ।
ਨਗਰ ਡਗਰ ਕੇ[1] ਸਗਰੇ ਲੂਟੇ।	[1]ਰਸਤੇ ਦੇ।
ਦੀਨੀ ਨਜ਼ਰਾਂ ਜਿਨ, ਸੋ ਛੂਟੈ ॥੯੫॥	
ਜੇ ਮੁਕਾਬਲੇ ਪਰ ਅਰਿ ਆਏ।	
ਤੇ ਸਿੰਘਨ ਸਭਿ ਮਾਰਿ ਗਿਰਾਏ।	
ਹੜ੍ਹ ਕੇ ਜਲ ਜਯੋਂ ਤਬਿ ਸਿੰਘ ਫਿਰ ਹੀਂ।	
ਦੋ ਦਿਨ ਕਿਸੀ ਠੌਰ ਨਹਿਂ ਥਿਰਹੀਂ ॥੯੬॥	
ਬਾਦ-ਬੇਗਮਾਂ[1] ਆਦਿ ਅਪਾਰੇ।	[1]ਬੇਗਮਾਂਬਾਦ ਸ਼ਹਿਰ।
ਲੂਟੇ ਕਸਬੇ ਗਾਮ ਉਦਾਰੇ।	
ਲੂਟ ਮੁਜੱਫਰ-ਨਗਰੈਂ ਔਰੈਂ।	
ਮਗਲੌਰੈਂ ਲੌ ਠੌਰੈਂ ਗੌਰੈਂ[1] ॥੯੭॥	[1]ਮਗਲੌਰ ਸ਼ਹਿਰ ਤੱਕ ਚੰਗੀਆਂ ਜਗ੍ਹਾਂ।

ਭੰਬੂ-ਖਾਨ ਨਜੀਬਾਵਾਦੀ।
ਲਰਜੋ ਪੰਥ ਸੋਂ ਕੁਛਕ ਬਿਖਾਦੀ[1]। [1]ਝਗੜਾ ਕਰਕੇ।
ਮਿਲਜੋ ਆਇ ਫਿਰ ਦੈ ਨਜ਼ਰਾਨਾ।
ਲੂਟਨ ਤੈ ਨਿਜ ਸ਼ਹਰ ਬਚਾਨਾ ॥੮੮॥
ਧਾਮਪੁਰਾ ਫਿਰ ਲੁਟਜੋ ਨਗੀਨਾ।
ਸ਼ਹਰ ਅਨੂਪ, ਰਾਮਪੁਰ ਛੀਨਾ।
ਰਾਜ ਘਾਟ, ਖਾਤੌਲੀ ਆਦੈਂ।
ਬਾਜੋਈ, ਮੌਰਾਦਾਬਾਦੈਂ ॥੮੯॥
ਬਾਰੋਲੀ ਹਰਦੁਆ ਚੰਦੌਸੀ।
ਕੋਇਲ, ਕਾਸ-ਗੰਜ, ਹਰਦੌਸੀ।
ਇਤਜਾਦਿਕ ਨਗਰਨ ਕੇ ਤਾਂਈਂ।
ਗਾਰਤ ਕਰਿ[1] ਸਿੰਘ ਹਟੇ ਪਿਛਾਂਈਂ ॥੯੦॥ [1]ਤਬਾਹ ਕਰਕੇ।
ਦਸਕ ਕੋਸ ਤੈ ਧਾਵਾ ਕੈ ਕੈ।
ਦਿੱਲੀ ਵੀਚ ਧਸੇ ਪੁਨ ਐ ਕੈ।
ਮੁਗਲ ਮਹੱਲੇ ਆਗ ਲਗਾਈ।
ਝਟਪਟ ਲੂਟਜੋ ਸ਼ਹਿਰ ਮਹਾਂਈਂ[1] ॥੯੧॥ [1]ਬਹੁਤਾ।
ਨਿਕਸੇ ਸਿੰਘ ਜਬੈ ਪੁਨ ਬਾਹਰ।
ਮਗਰ ਚਢੀ ਤੂਕਾਨੀ ਜਾਹਿਰ[1]। [1]ਪ੍ਰਗਟ ਹੀ ਤੁਰਕਾਂ ਦੀ ਫੌਜ।
ਅਜਮੇਰੀ ਦਰਵਾਜੇ ਢਿਗ ਫਿਰ।
ਸਿੰਘ ਲਰਨ ਹਿਤ ਭਏ ਤਹਾਂ ਥਿਰ[1] ॥੯੨॥ [1]ਖੜ੍ਹੇ ਹੋ ਗਏ।
ਪਾਂਚ ਘਰੀ ਤਹਿਂ ਭਈ ਲਰਾਈ।
ਤੀਰ ਤੁਫੰਗਨ ਕੀ ਬਹੁ ਭਾਈ[1]। [1]ਬਹੁਤ ਤਰ੍ਹਾਂ।
ਆਖਰ ਖੈਂਚਿ ਸਿੰਘ ਸ਼ਮਸ਼ੇਰੈਂ।
ਪਰੇ ਬੈਰੀਅਨ ਪਰ ਸਮ ਸ਼ੇਰੈਂ[1] ॥੯੩॥ [1]ਸ਼ੇਰਾਂ ਵਾਂਗ।
ਦੌਰਿ ਤੂਕਾਨੀ ਭੀਤਰ ਬਰੀ।
ਕਾਯਮ ਸ਼ਹਿਰ ਪਨਾਹ[1] ਫਿਰ ਕਰੀ। [1]ਓਟ ਭਾਵ ਸ਼ਹਿਰ ਦੀ ਰੱਖਿਆ ਦੀ ਕੰਧ।
ਲਾਹੌਰੀ ਦਰਵਾਜੇ ਓਰੈਂ।
ਝੁਕੇ ਸਿੰਘ ਫਿਰ ਦੈ ਕਰਿ ਜੋਰੈਂ ॥੯੪॥
ਸਬਜ਼-ਮੰਡੀ ਅਰ ਗੰਜ-ਪਹਾੜੈਂ[1]। [1]ਪਹਾੜ ਗੰਜ।
ਯਹਿ ਤੌਂ ਕੀਨੇ ਸਿੰਘਨ ਉਜਾੜੈਂ।

ਪੁਨਾ ਸਿੰਘ ਮਜਨੂ ਕੇ ਟੀਲੈਂ।
ਉਤਰੇ ਜਾਇ ਤਬੈ ਬਿਨ ਢੀਲੈਂ ॥੯੫॥
ਦੂਸਰ ਦਿਨ ਫਿਰ ਓਰ ਪੰਜਾਬੈਂ।
ਪਾਯੋ ਪੰਥ ਬਹੀਰ ਸ਼ਿਤਾਬੈਂ[1]। [1]ਛੇਤੀ ਚਾਲਾ ਪਾ ਦਿੱਤਾ।
ਜੇ ਕਰ ਸਿੰਘ ਠਹਿਰਤੇ ਤਬੈ।
ਦਿੱਲੀ ਨਾਂਹਿ ਛੋਡਤੇ ਕਬੈ ॥੯੬॥
ਦੌਲਤ ਫੌਜ ਹਕੂਮਤ ਸ਼ਾਹੀ।
ਰਹੀ ਨ ਥੀ ਕੁਛ ਉਨ ਦਿਨ ਮਾਂਹੀਂ।
ਕੁਛ ਅੰਗ੍ਰੇਜ਼ਨ ਮਰ੍ਹਟਜੋਂ ਨੈ ਕੁਛ।
ਕਰਿ ਰਾਖੀ ਥੀ ਸ਼ਾਹੀ ਅਤਿ ਤੁਛ[1] ॥੯੭॥ [1]ਬਹੁਤੀ ਕਮਜ਼ੋਰ।
ਯਹਿ ਤੋ ਸਿੰਘਨ ਨਾਹਿਂ ਵਿਚਾਰਾ।
ਬਿੱਤ[1] ਲੂਟ ਕਾ ਕਰਜੋ ਪਜਾਰਾ। [1]ਧਨ।
ਪੁਨਾ ਪੰਥ ਮੈਂ ਇਕ ਸਰਦਾਰੈਂ।
ਹੁਤੋ ਨ ਥਾ, ਜੋ ਲੇਤ ਸੰਭਾਰੈਂ ॥੯੮॥
ਅਪਨੀ ਅਪਨੀ ਮਰਜ਼ੀ ਸੇਤੀ[1]। [1]ਨਾਲ।
ਦਿਸ ਪੰਜਾਬ ਚਲ ਦੀਨੋ ਛੇਤੀ।
ਲੂਟ ਕੂਟ ਕਰਿ ਆਨੰਦ ਭਏ।
ਰਾਜਨੀਤਿ ਕੀ ਰੀਤਿ ਭੁਲਏ ॥੯੯॥
ਨਿਜ ਨਿਜ ਠੌਰਹਿ ਜਾਇ ਥਿਰਾਏ[1]। [1]ਠਹਿਰ ਗਏ।
ਮੁਲਕ ਪੰਜਾਬ ਮਾਲਵੇ ਭਾਏ[1] ॥੧੦੦॥ [1]ਚੰਗੇ ਲੱਗੇ।

ਦੋਹਰਾ:
ਯਾ ਬਿਧਿ ਹਿੰਦੁਸਤਾਨ ਮੈਂ,
ਲੂਟ ਮਾਰ ਕਰਿ ਭਾਰ[1]। [1]ਬਹੁਤੀ।
ਦੌਲਤ ਲੈ ਬਹੁ ਪੰਥ ਫਿਰ,
ਗਯੋ ਪੰਜਾਬ ਮਝਾਰ ॥੧੦੧॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ, 'ਬ੍ਰਾਹਮਣ ਕੇ ਹੇਤ ਜਲਾਲਾਬਾਦ-ਲੁਹਾਰੀ ਮਾਰਨ, ਹਿੰਦੁਸਤਾਨ ਲੂਟਨ ਪ੍ਰਸੰਗ', ਬਰਨਨੰ ਨਾਮ ਅਠਤਾਲੀਸਮੋਂ ਬਿਸ੍ਰਾਮ ॥੪੮॥

੪੯. {ਸਰਦਾਰ ਬਘੇਲ ਸਿੰਘ ਦਾ ਦਿੱਲੀ ਜਾਣਾ, ਦਿੱਲੀ ਦਾ ਕੋਤਵਾਲ ਬਣ ਕੇ ਗੁਰਦੁਆਰੇ ਬਣਾਉਣੇ}

ਦੋਹਰਾ:

ਅਰਜਨ ਸਦਗੁਨ ਹੋਤ ਹੈਂ,
ਅਰਿਜਨ ਅਗੁਨ ਅਕਾਥ[1]।

[1](ਅਰਜਨ) ਸ਼ੁੱਧ ਚਿੱਤ ਵਾਲੇ (ਸੇਵਕ) ਚੰਗੇ ਗੁਣਾਂ ਦੇ ਮਾਲਕ ਹੋ ਗਏ। ਵੈਰੀ ਪੁਰਸ਼ ਅਉਗੁਣਾਂ ਕਰ ਕੇ ਨਿਸਫਲ ਚਲੇ ਗਏ।

ਅਰਜਨ ਅਰਜਨ ਦੇਵ ਕੌ,
ਬੰਦੌਂ ਅਰਜਨ ਸਾਥ[1] ॥੧॥

[1](ਅਰਜਨ) ਕਲਪ ਬ੍ਰਿੱਛ (ਵਾਂਗ ਸਰਬ ਇੱਛਾ ਪੂਰਨ ਕਰਨਹਾਰ) ਸ੍ਰੀ ਗੁਰੂ ਅਰਜਨ ਦੇਵ ਜੀ ਨੂੰ (ਅਰਜਨ) ਬੇਨਤੀਆਂ ਨਾਲ ਨਮਸ਼ਕਾਰ ਕਰਦਾ ਹਾਂ।

ਦਿੱਲੀ ਜਾਇ ਬਘੇਲ ਸਿੰਘ,
ਟਕੇ[1] ਲਏ ਬਲ ਸਾਥ।
ਗੁਰੁਦ੍ਵਾਰੇ ਬਨਵਾਇ ਹੈ,
ਕਹੋਂ ਅਬੈ ਵਹਿ ਗਾਥ ॥੨॥

[1]ਰੁਪਏ।

ਇਤ ਜਮਨਾ ਉਤ ਅਟਕ ਲੌਂ,
ਏਤਿਕ ਸਭਿ ਹੀ ਦੇਸ।
ਲੀਨੋ ਬਲ ਤਰਵਾਰ ਕੈ,
ਸਿੰਘਨ ਕਰਿ ਨਿਜ ਵੇਸ[1] ॥੩॥

[1]ਸਿੰਘਾਂ ਨੇ ਆਪਣੇ (ਵੇਸ) ਚੰਗੇ ਗੁਣਾਂ ਕਰਕੇ।

ਭਏ ਸਿੰਘ ਇਸ ਮੁਲਕ ਕੇ,
ਹਾਕਮ ਬਾ-ਇਖਤਯਾਰ[1]।
ਲਗੇ ਹੁਕਮਰਾਨੀ[1] ਕਰਨ,
ਨਿਜ ਨਿਜ ਠੌਰ ਉਦਾਰ[1] ॥੪॥

[1]ਮਾਲਕੀ ਸਹਿਤ।
[1]ਹਕੂਮਤ।
[1]ਆਪੋ ਆਪਣੀ ਥਾਂ ਬਹੁਤੀ।

ਰਾਜ ਖਾਲਸੇ ਕਾ ਭਯੋ,
ਜਬਿ ਤੈ ਮੁਲਕ ਮਝਾਰ।
ਕਲਿ ਮੈਂ ਵਰਤਯੋ ਸਤਜੁਗੈਂ,
ਤਬਿ ਸਭਿ ਹੀ ਪਰਕਾਰ ॥੫॥
ਘਰ ਘਰ ਜਾਪ ਅਕਾਲ ਕਾ,
ਜਪਨ ਲਗੇ ਸਭਿ ਲੋਗ।
ਸੁਕ੍ਰਿਤ ਮੈਂ ਤਤਪਰ ਭਏ[1],
ਜੈਸਾ ਜਿਸ ਕੇ ਜੋਗ[1] ॥੬॥

[1]ਚੰਗੇ ਕਰਮਾਂ ਵਿੱਚ ਲੱਗ ਗਏ।
[1]ਲਾਇਕ।

ਭਗਤਿ ਈਸ਼ ਕੀ ਨਾਰਿ ਨਰ,
ਲਗੇ ਕਰਨ ਦਿਨ ਰੈਨ।

ਈਤ ਭੀਤ ਦੁਰ-ਭਿੱਖ ਲੌ, ਮਿਟੇ ਸਕਲ ਦੁਖ ਐਨ[1] ॥੭॥	[1](ਦੁਰਭਿੱਖ) ਕਾਲ ਤੱਕ ਸੱਤਾਂ ਈਤਾਂ ਦਾ (ਭੀਤ) ਡਰ ਤੇ ਸਾਰੇ ਦੁੱਖ (ਐਨ) ਚੰਗੀ ਤਰ੍ਹਾਂ ਮਿਟ ਗਏ। (ਸੱਤ ਈਹਾਂ ਬਾਰੇ ਦੇਖੋ ਬਿਸ੍ਰਾਮ ਨੰ: ੪੭ ਦੇ ਅੰਕ ਨੰ: ੩ ਦੇ ਟਿੱਪਣੀ ਨੰ: ੬ ਦੇ ਅਰਥ)।
ਬਰਖਾ ਬਾਂਛਿਤ ਸਰਬਦਾ[1], ਕਰਤ ਮੇਘ ਸੁਖ-ਦਾਨ।	[1]ਹਮੇਸ਼ਾਂ।
ਕਹਿਤ ਰਹਿਤ[1] ਸੁਖ ਸਹਿਤ ਤਬਿ, ਸਭਿ ਹੀ ਭਯੋ ਜਹਾਨ ॥੮॥	[1]ਕਾਲ ਤੋਂ ਬਿਨਾਂ।
ਪਰ ਤੀਯ[1] ਮਾਤਾ ਬਹਿਨ ਧੀ, ਸਮ ਸਮਝਤ ਸਰਦਾਰ।	[1]ਪਰਾਈ ਇਸਤ੍ਰੀ ਨੂੰ।
ਜਤੀ ਸਤੀ ਹਠੀਏ ਤਪੀ, ਹੁਤੇ ਬੀਰ ਬਰ ਸਾਰ[1] ॥੯॥	[1]ਸਾਰੇ ਚੰਗੇ ਸੂਰਮੇਂ।
ਚੌਪਈ: ਸਭਿ ਹੀ ਸਿੱਖ ਸੂਦਾਰਨ ਤੈ ਤਬਿ।	
ਬਾਂਛਤ ਪਾਵਤ ਥੇ ਜਾਚਕ[1] ਸਭਿ।	[1]ਮੰਗਤੇ।
ਹੁਤੇ ਉਦਾਰ ਸਾਰ ਗੁਨ ਗ੍ਰਾਹੀ[1]। ਹਰਿ ਗੁਰੁ ਭਗਤਿ ਜਗਤ ਸੁਖ ਚਾਹੀ ॥੧੦॥ ਕੇਤਿਕ ਸਾਲ ਬਿਤੈ ਜਬਿ ਐਸੇ।	[1]ਦਾਤੇ ਤੇ ਚੰਗੇ ਗੁਣਾਂ ਨੂੰ ਗ੍ਰਹਿਣ ਕਰਨ ਵਾਲੇ।
ਰਾਜ ਸੁਤੰਤਰ ਕਰਿਹੀਂ ਬੈਸੇ[1]। ਧਾਵਾ ਕਰਯੋ ਨ ਕਿਤ ਦਿਸ ਕੋਈ।	[1]ਟਿਕ ਕੇ।
ਸਭਿ ਬਿਧਿ ਸੁਖੀ ਭਈ ਸਭਿ ਲੋਈ[1] ॥੧੧॥ ਸਾਲ ਅਠਾਰਾਂ ਸੈ ਇਕਵੰਜੇ।	[1]ਲੋਕ, ਪਰਜਾ।
ਗਦਰ ਜਦਰ ਫਿਰ ਪਰਜੋ ਅਭੰਜੇ[1]।	[1]ਫੇਰ ਮੁਲਕ ਵਿੱਚ (ਗਦਰ) ਬਗ਼ਾਵਤ (ਹੋਣ ਦੇ ਕਾਰਨ) (ਅਭੰਜੇ) ਲਗਾਤਾਰ (ਜਦਰ) ਜੰਗ (ਪਰਜੋ) ਪਿਆ ਭਾਵ ਹੁੰਦਾ ਰਿਹਾ।
ਢਿਗ ਕਰਨਾਲ ਛਲੌਂਦੀ ਗ੍ਰਾਮੂ।	
ਰਹਿਤ ਬਘੇਲ ਸਿੰਘ ਅਭਿਰਾਮੂ[1] ॥੧੨॥ ਹੁਤੀ ਵਹੈ ਤਿਸ ਕੀ ਰਜਧਾਨੀ। ਤ੍ਰੈ ਕੁ ਲਾਖ ਕੀ ਅਤਿ ਸੁਖਦਾਨੀ।	[1]ਸੁੰਦਰ (ਗੁਣਾਂ ਵਾਲਾ)।
ਝਾਂਜ[1] ਸਾਹਿਬ ਜਬਿ ਹਾਂਸੀ ਵਾਰਾ।	[1]ਹਾਂਸੀ ਦਾ ਇਕ ਅੰਗਰੇਜ਼ਰਾਜਾ।

ਲੈ ਨਿਜ ਸੈਨਾ ਸੰਗ ਅਪਾਰਾ ॥ ੧੩ ॥
ਸਤਲੁਜ ਤਕ ਪਹੁੰਚ੍ਯੋ ਕਰਿ ਧਾਵਾ।
ਲੋਗ ਜਹਾਜ ਕਹਤ ਜਿਹ ਆਵਾ[1]। — [1]ਆਮ ਲੋਕ ਜਿਸ ਨੂੰ ਜਹਾਜ਼ ਕਹਿੰਦੇ ਹਨ।
ਸਭਿ ਸਿੰਘਨ ਕੋ ਲੈ ਬਘੇਲ ਸਿੰਘ।
ਤਿਸ ਕੇ ਸਨਮੁਖ ਭਯੋ ਜਾਇ ਧਿੰਗ[1] ॥ ੧੪ ॥ — [1]ਜ਼ੋਰਾਵਰ, ਬਲੀ (ਸੂਰਮਾ)।
ਨਿਸ ਕੋ ਤਿਸ ਕੇ ਲਸ਼ਕਰ ਊਪਰ।
ਮਾਰ੍ਯੋ ਛਾਪਾ ਸਿੰਘਨ ਖੂਪਰ[1]। — [1]ਚੰਗਾ।
ਬਹੁ ਨੁਕਸਾਨ ਉਠੈ ਕੈ ਝਾਂਜੈ[1]। — [1]ਝਾਂਜਾ ਸਾਹਿਬ।
ਆਯੋ ਲੌਟ ਮੁਲਕ ਨਿਜ ਮਾਝੈ[1] ॥ ੧੫ ॥ — [1]ਵਿੱਚ।
ਫਰਾਂਸੀਸ ਵਹਿ ਹੁਤੋ ਫਿਰੰਗੀ[1]। — [1]ਉਹ ਫਰਾਂਸ ਦਾ ਅੰਗਰੇਜ਼ ਸੀ।
ਕਰ੍ਯੋ ਕਾਮ ਉਨ ਔਰ ਦੁਰੰਗੀ[1]। — [1]ਧੋਖੇ ਦਾ।
ਫਰਾਂਸੀਸ ਤਬਿ ਔਰ ਅਪਾਰੈਂ।
ਮਰੁਟ੍ਯੋਂ ਕੇ ਘਰ ਥੇ ਸਰਦਾਰੈਂ ॥ ੧੬ ॥
ਚੁਕ ਮਰੱਟ੍ਯੋਂ ਕੋ ਤਿਨ ਦ੍ਵਾਰਾ[1]। — [1]ਉਹਨਾਂ ਫਰਾਂਸੀਸੀਆਂਰਾਹੀਂ।
ਲਜਾਇ ਮੁਲਕ ਸਿੰਘਨ ਪਰ ਡਾਰਾ।
ਲੈ ਬਹੁ ਸੈਨਾ ਪੀਤਲ-ਰਾਵੈਂ[1]। — [1]ਪੀਤਲ-ਰਾਵ (ਮਰਹੱਟੇ) ਨੇ।
ਚਢ੍ਯੋ ਮ੍ਰਹੱਟਾ ਧਰਿ ਮਨਿ ਚਾਵੈ ॥ ੧੭ ॥
ਵੀਚ ਮੁਲਕ ਸਿੰਘਨ ਕੈ ਐ ਕੈ।
ਪਾਈ ਗਰਦੀ[1] ਲੂਟ ਮਚੈ ਕੈ। — [1]ਬਗ਼ਾਵਤ, ਹਲਚਲੀ।
ਪਹੁੰਚ੍ਯੋ ਸ਼ਹਰ ਪਟਜਾਲੇ ਪਾਸੈਂ।
ਸੈਫਾਵਾਦ ਉਤਰ ਕੈ ਖਾਸੈਂ[1] ॥ ੧੮ ॥ — [1]ਆਪ।
ਲੈਨਾ ਚਹ੍ਯੋ ਪਟਜਾਲਾ ਜਬਿ ਉਨ।
ਤਬੈ ਬਘੇਲ ਸਿੰਘ ਫਿਰ ਮਨਿ ਗੁਨਿ[1]। — [1]ਵਿਚਾਰ ਕੇ।
ਜਮਨਾ ਸਤਲੁਜ ਮਧ ਥੇ ਜੇਤੇ।
ਸਿੰਘ ਬਟੋਰੇ[1] ਜਿਸ ਨੈ ਤੇਤੇ ॥ ੧੯ ॥ — [1]ਇਕੱਠੇ ਕੀਤੇ।
ਪਰੇ ਮਰੁੱਟੋਂ ਪਰ ਜਬਿ ਧਾਈ[1]। — [1]ਹੱਲਾ ਕਰਕੇ।
ਮਰੁਟੇ ਪਾਛੇ ਗਏ ਪਲਾਈ[1]। — [1]ਦੌੜ ਗਏ।
ਫੇਰ ਅਠਾਰਾਂ ਸਏ ਚੁਰੰਜੇ।
ਆਇ ਰੁਹੇਲ੍ਯੋਂ ਨੈ ਬਹੁ ਭੰਜੇ[1] ॥ ੨੦ ॥ — [1](ਰੁਹੇਲੇ ਤੁਰਕਾਂ ਨੇ) ਭੰਨੇ, ਨਾਸ ਕੀਤੇ, ਮਾਰੇ।
ਮੇਰਟ, ਝੱਜਰ, ਗਢ ਨਾਜੀਬੈਂ।

ਵਾਰ[1] ਨੁਵਾਬ ਜੁ ਹੁਤੇ ਅਜੀਬੈਂ[2]।
ਛੋਟੇ ਬਡੇ ਨੁਵਾਬ ਰੁਹੇਲੇ।
ਇਤ ਉਤ ਕੇ ਤੁਰਕਨ ਕੋ ਮੇਲੇ ॥੨੧॥
ਸੈਨ ਬਟੋਰਿ ਪਚਾਸ ਹਜਾਰਕ।
ਚਢੇ ਦੀਨ ਮਾਹੰਮਦ ਪਾਰਕ[1]।
ਮੁਲਕ ਆਹਿ ਸਤਲੁਜ ਲੌਂ ਜੇਤਾ।
ਲੇਹੁ ਛੁਡਾਇ ਸਿੰਘਨ ਤੈ ਤੇਤਾ ॥੨੨॥
ਯਹਿ ਸਲਾਹਿ ਕਰਿ ਆਏ ਧਾਈ।
ਦੇਸ ਵੀਚ ਵਡ ਗਰਦੀ ਪਾਈ।
ਪਹੁੰਚੇ ਜਬਿ ਘੁੜਾਮ ਲੌਂ ਆਈ।
ਪਰਜੋ ਫਿਕਰ ਸਿੰਘਨ ਕੋ ਜਾਈ ॥੨੩॥
ਹ੍ਵੈ ਬਘੇਲ ਸਿੰਘ ਸਭ ਕੇ ਅੱਗੈ।
ਪੰਥ ਖਾਲਸਾ ਲੀਨੋ ਸੰਗੈ।
ਲਸ਼ਕਰ ਤੁਰਕਾਨੀ ਪਰ ਧੈ ਕੈ।
ਨਿਸ ਕੌਂ ਪਰੇ ਸਿੰਘ ਬਲ ਕੈ ਕੈ ॥੨੪॥
ਕਰੀ ਸੰਗ ਬੈਰਿਨ ਕੈ ਐਸੀ।
ਰਹੈ ਯਾਦ ਆਯੁ-ਭਰ[1] ਜੈਸੀ।
ਲੂਟ ਅਸਬਾਬ ਮਾਲ ਸਭਿ ਲੀਓ।
ਦੁਸ਼ਮਨ ਕਾਢ ਦੇਸ ਤੈ ਦੀਓ ॥੨੫॥
ਆਖਰ ਪਾਇ ਅਜਾਬ ਨੁਵਾਬੂ[1]।
ਪਹੁੰਚੇ ਨਿਜ ਨਿਜ ਠੌਰ ਸ਼ਿਤਾਬੂ[1]।
ਆਏ ਥੇ ਜੋ ਨਫਾ ਉਠਾਵਨ।
ਕੀਨੋ ਤਿਨ ਨਿਜ ਮੂਲ ਗਵਾਵਨ ॥੨੬॥
ਖੱਟੇ ਦਾਂਤ ਤਿਨੋ ਕੇ ਐਸੇ।
ਕੀਨੇ, ਸਿੰਘਨ ਜਾਨੇ ਜੈਸੇ।
ਹੈ ਮਸ਼ਹੂਰ ਮਿਸਲ[1] ਜਗ ਆਮ।
ਧਾੜ ਮਾਂਗਵੀ ਦੇਤ ਨ ਕਾਮ ॥੨੭॥
ਕਬਿੱਤ:
ਫੇਰ ਸਤਵੰਜੇ ਸਾਲ ਹਿਰਸ ਬਿਸਾਲ ਕੁੱਦੀ[1],
ਦੇਹਲੀ ਕੇ ਆਜ਼ਮ ਬਜ਼ੀਰ ਕੋ[1] ਪਛਾਨੀਏ।

[1]ਵਾਲੇ। [2]ਅਨੋਖੇ, ਅਸਚਰਜ।
[1]ਮੁਹੰਮਦ ਦੇ ਮਜ਼ਹਬ ਨੂੰ (ਪਾਰਕ) ਵਧਾਉਣ ਵਾਲੇ।
[1]ਸਾਰੀ ਉਮਰ।
[1](ਸਾਰੇ) ਨੁਵਾਬ (ਅਜਾਬ) ਦੁੱਖ ਪਾ ਕੇ।
[1]ਛੇਤੀ।
[1]ਦ੍ਰਿਸ਼ਟਾਂਤ।
[1]ਬਹੁਤੀ ਤ੍ਰਿਸ਼ਨਾ (ਕੁੱਦੀ) ਪੈਦਾ ਹੋਈ।
[1]ਵੱਡੇ ਵਜ਼ੀਰ ਨੂੰ।

ਸ਼ਾਹਜ਼ਾਦੇ ਗੌਹਰ-ਅਲੀ ਕੌ ਲੀਨੋ ਸੰਗ ਨਿਜ,
ਕਾਦਰ-ਗੁਲਾਮ ਚਢਜੋ ਸੈਨ ਲੈ ਮਹਾਨੀਏ।
ਸਿੰਘਨ ਤੈ ਮੁਲਕ ਛੁਡਾਵਨ ਕੀ ਧਾਰੀ ਮਨਿ,
ਬਾਉਨੀ ਸਰੂੰਦ[1] ਕੀ ਥੀ ਜੇਤਿਕ ਪਛਾਨੀਏ।
ਕਾਹੂੰ ਸਿੰਘ ਕਰੀ ਨ ਲਰਾਈ, ਅਗਵਾਈ ਗਏ
ਸਭਿ ਹੀ ਪਲਾਈ, ਛੋਰਿ ਨਿਜ ਰਜਧਾਨੀਏ ॥੨੮॥

[1]੫੨ ਪਿੰਡਾਂ ਦਾ ਪਰਗਣਾ।

ਲੂਟ ਮਾਰ ਪਾਰ ਕੈ[1] ਉਜਾਰ ਬਹੁ ਸਿੰਘਨ ਕੌ,
ਉਤਰਜੋ ਵਜ਼ੀਰ ਜਾਇ ਸ਼ਹਰ ਸਨੌਰ ਹੈ।
ਪਰਜੋ ਤਬਿ ਅਧਿਕ ਫਿਕਰ ਪਟਲੇਸ਼੍ਵਰ ਕੋ,
ਗੁਰੂ ਕੋ ਮਨਾਯੋ ਹੋਇ ਏਕ ਚਿੱਤ ਗੌਰ[1] ਹੈ।
ਗਯੋ ਹੁਤੋ ਤਬਿ ਥੋ ਬਘੇਲ ਸਿੰਘ ਦੂਾਬੇ ਬੀਚ,
ਸੁਨ ਕੈ ਹਵਾਲ ਸੋਊ ਆਯੋ ਇਤ ਦੌਰ ਹੈ।
ਲੀਨੋ ਪੰਥ ਖਾਲਸਾ ਬਿਸਾਲਸਾ ਮਿਲਾਇ ਸੰਗ,
ਸਤਲੁਜ ਤੈ ਅਬੂਰ ਭਯੋ ਭੂਰਰੌਰ ਹੈ[1] ॥੨੯॥

[1]ਪਾ ਕੇ ਭਾਵ ਕਰਕੇ।
[1]ਬਹੁਤਾ।
[1]ਸਤਲੁਜ (ਦਰਿਆ) ਲੰਘ ਕੇ ਬਹੁਤਾਰੌਲਾ ਹੋਇਆ।

ਕਾਹੂੰ ਜਨ ਆਨ ਕੈ ਅਚਾਨਕੈ ਵਜੀਰ ਢਿਗ,
ਕਹਜੋ ਚਢ ਆਯੋ ਧਾਇ ਤੁਮ ਪੈ ਸਸਾਜ[1] ਹੈ।
ਸਭ ਹੀ ਜੋ ਖਾਲਸਾ ਉਤਾਲਸਾ ਕਹਿਰ ਸੰਗ[1],
ਪਕਰਿ ਜਕਰਿ ਮਾਰੈਂ ਤੋਹਿ ਦੈ ਅਜਾਬ[1] ਹੈ।
ਆਜ ਸ਼ਬ ਖੂਨ ਕੈ ਬਦੂਨ ਕਰੈਂ ਟਰੈਂ ਨਾਂਹਿ
ਸੁਨ ਕੈ ਬਜੀਰ ਹ੍ਵੈ ਤਗੀਰ ਮੈਂ ਸ਼ਿਤਾਬ ਹੈ[1]।

[1](ਸਾਜ) ਹਥਿਆਰਾਂ (ਸ) ਸਹਿਤ।
[1]ਕਾਹਲੀ ਤੇ (ਕਹਿਰ) ਕ੍ਰੋਧ ਨਾਲ।
[1]ਦੁੱਖ।
[1]ਅਜ (ਸ਼ਬ) ਰਾਤ ਨੂੰ (ਖੂਨ ਕੈ) ਮਾਰ ਕੇ (ਬਦੂਨ) ਬਹੁਤ ਦੁਖੀ ਕਰਨਗੇ ਟਲਣਗੇ ਨਹੀਂ, ਵਜ਼ੀਰ (ਦੇ ਮਨ ਵਿੱਚ) ਸੁਣ ਕੇ ਛੇਤੀ ਹੀ (ਤਗੀਰੀ) ਤਬਦੀਲੀ ਭਾਵ ਚਿੰਤਾ ਹੋ ਗਈ।

ਔਰ ਪਟਲੇਸ਼੍ਵਰ ਕੇ ਧਜਾਵਨੇ ਪੈ ਆਨਿ ਗੁਰੁ,
ਅਸ ਭੈ ਦਿਖਾਯੋ ਭਏ ਮੁਸਲੇ ਬੇਤਾਬ[1] ਹੈਂ ॥੩੦॥

[1]ਸ਼ਕਤੀ ਤੋਂ ਬਿਨਾਂ ਭਾਵ ਕਮਜ਼ੋਰ ਹੋ ਗਏ।

ਅਚਾਚੇਤ ਰੌਰ ਕਰਿ ਦੌਰ ਪਰੀ ਸ਼ਾਹੀ ਸੈਨ,
ਸ਼ਾਹਿਜ਼ਾਦੇ ਔ ਬਜ਼ੀਰ ਧਰੀ ਨਾਹਿੰ ਧੀਰ ਹੈ।
ਸਿੰਘ ਆਨ ਪਰੇ ਏਹੀ ਆਪਸ ਮੈਂ ਰਰੈਂ[1] ਸਭਿ,
ਬਿਨ ਹੀ ਪਛਾਨ ਏਕ ਦੂਸਰੇ ਕੋ ਚੀਰ ਹੈਂ[1]।

[1]ਕਹਿੰਦੇ ਹਨ।
[1]ਕਟਦੇ ਭਾਵ ਮਾਰਦੇ ਹਨ।

ਛੋਰਿ ਅਸਬਾਬ ਤੰਬੂ ਤੋਪ ਮੇਖ-ਜੀਨ[1] ਸਭਿ, — [1]ਮੈਗਜ਼ੀਨ, ਬਾਰੂਦ ਗੋਲੀ ਆਦਿ ਦਾ ਗੁਦਾਮ।
ਏਕ ਆਗੇ ਏਕ ਦੌਰਯੋ ਹੋਇ ਕੈ ਤਗੀਰ[1] ਹੈ। — [1]ਦੁਖੀ ਹੋ ਕੇ।
ਗਏ ਹੈਂ ਬਹੀਰ ਪਾਇ[1] ਦਿੱਲੀ ਲੌ ਨ ਲਾਏ ਪਾਇੰ[2], — [1]ਚਾਲੇ ਪਾ ਕੇ। [2]ਪੈਰ।
ਆਏ ਨਫੇ ਕੋ ਥੇ ਧਾਇ ਗਏ ਮੂਲ ਖੋਇ ਬੀਰ[1] ਹੈਂ ॥੩੧॥ — [1]ਸੂਰਮੇਂ

ਦੋਹਰਾ:

ਸ਼ਾਹੀ ਲਸ਼ਕਰ ਪਰਯੋ ਥਾ,
ਜਹਿ ਠਾਂ ਗਿਰਦ ਸਨੌਰ।
ਸੂਰ ਉਦੈ ਤੇ ਭੂਰ ਵਹਿ,
ਖਾਲੀ ਦੇਖੀ ਠੌਰ[1] ॥੩੨॥ — [1]ਸੂਰਜ ਚੜ੍ਹਦੇ ਸਾਰ ਹੀ ਉਹ ਸਾਰੀ (ਠੌਰ) ਜਗ੍ਹਾ ਖ਼ਾਲੀ ਦੇਖੀ।
ਸੁਨ ਨ੍ਰਿਪ ਸਾਹਿਬ ਸਿੰਘ ਨੈ,
ਹ੍ਵੈ ਕਰਿ ਖੁਸ਼ੀ ਅਪਾਰ।
ਮੇਖ-ਜੀਨ ਤੰਬੂ ਘਨੇ,
ਤੋਪਾਂ ਲਈਂ ਸੰਭਾਰ ॥੩੩॥
ਔਰ ਸਿੰਘ ਸਰਦਾਰ ਸਭਿ,
ਪਹੁੰਚੇ ਨਿਜ ਨਿਜ ਠੌਰ।
ਉਰਿ ਅਨੰਦ ਸਭਿ ਕੇ ਛਯੋ[1], — [1]ਸਾਰਿਆਂ ਦੇ ਹਿਰਦੇ ਵਿੱਚ ਅਨੰਦ ਭਰ ਗਿਆ।
ਗਯੋ ਜੁ ਦੁਸ਼ਮਨ ਦੌਰ ॥੩੪॥
ਸਾਲ ਅਠਾਰਾਂ ਸੈ ਜਬੈ,
ਭਯੋ ਉਣਾਸਠ ਫੇਰ[1]। — [1]ਫੇਰ ਜਦੋਂ ਸੰਮਤ ੧੮੫੯ ਬਿ: ਹੋਇਆ।
ਆਇ ਮਹਾਂ ਜੀ ਸੇਧੀਆ[1], — [1]ਮਰਹੱਟਿਆਂ ਦੇ ਸਰਦਾਰ ਦਾ ਨਾਮ।
ਦਿੱਲੀ ਧਸਯੋ ਹੇਰਿ[1] ॥੩੫॥ — [1]ਦੇਖ ਕੇ।

ਚੌਪਈ:

ਆਲਮ ਸ਼ਾਹ ਪਾਤਿਸ਼ਾਹ ਤਾਂਏਂ[1]। — [1]ਤਾਂਈਂ, ਨੂੰ।
ਕੈਦ ਕਰਯੋ ਨਿਜ ਤਹਿਦ[1] ਬੈਠਾਏ। — [1]ਆਪਣਾ (ਤਹਦ) ਦਬਦਬਾ ਬਿਠਾਇਆ।
ਔਰ ਜਗੀਰ ਅਮੀਰਨ ਕੇਰੀ।
ਛੀਨ ਲੀਨ ਕਿਯ ਜੁਲਮ ਬਧੇਰੀ ॥੩੬॥
ਬਹੁ ਲੋਗਨ ਕੋ ਤੰਗ ਕਰਯੋ ਜੌਂ।
ਬੀਚ ਅਮੀਰਨ ਰੌਰ ਪਰਯੋ ਤੌਂ।

ਤਬਿ ਗੁਲਾਮ-ਕਾਦਰ ਬਾਜੀਰੈਂ।
ਇਕਠੇ ਕਰੇ ਬਜੀਰ ਅਮੀਰੈਂ ॥ ੩੭ ॥
ਮਿਲਿ ਸਲਾਹਿ ਸਭਿਹਨਿ ਠਹਿਰਾਈ।
ਸਿੰਘਨ ਕਾ ਦਲ ਲੈਹੁ ਬੁਲਾਈ।
ਹੈਂ ਵਹਿ ਸੂਰ ਬੀਰ ਬੇਬਾਕੈਂ[1]। — [1]ਬੇ-ਖੌਫ਼, ਨਿੱਡਰ।
ਤਿਨ ਕੀ ਧੂਮ ਧਾਮ ਹੈ ਬਾਂਕੈਂ[1] ॥ ੩੮ ॥ — [1]ਡੰਡਰੌਲਾ ਸੁੰਦਰ ਹੈ।
ਹਮਰੀ ਮੱਦਦ ਵਹਿ ਜਬਿ ਐਹੈਂ।
ਦਿੱਲੀ ਕੋ ਮਰ੍ਹਟੇ ਤਜ ਜੈਹੈਂ।
ਸਾਂਪ ਮਾਰੀਏ ਦੁਸ਼ਮਨ ਛਾਤੀ।
ਦੁਹਿ ਮੈਂ ਇਕ ਮਰ ਹੈ ਬਖਯਾਤੀ ॥ ੩੯ ॥
ਪੁਨਾ ਸਿੰਘ ਹੈਂ ਭੋਲੇ ਭਾਲੇ।
ਰਾਜਨੀਤਿ ਕੇ ਲਖਤ ਨ[1] ਚਾਲੇ। — [1]ਨਹੀਂ ਜਾਣਦੇ।
ਤਿਨ ਕੋ ਕੁਛ ਦੈ ਕੈ ਨਜ਼ਰਾਨਾ।
ਕਰਵੈਹੈਂ ਫਿਰ ਪਾਛੇ ਪਜਾਨਾ[1] ॥ ੪੦ ॥ — [1]ਤੋਰ ਦਿਆਂਗੇ।
ਯਹਿ ਤਦਬੀਰ[1] ਬਜੀਰ ਅਮੀਰਨ। — [1]ਵਿਉਂਤ।
ਕਰਿ ਕੈ ਮਸਲਤ[1] ਠੀਕ ਸਧੀਰਨ[2]। — [1]ਸਲਾਹ। [2]ਧੀਰਜ ਵਾਨਾਂ ਨੇ।
ਲਿਖਿ ਮੁਰਾਸਲਾ[1] ਯਾ ਬਿਧਿ ਪਠਜੋ[2]। — [1]ਪੱਤ੍ਰ, ਚਿੱਠੀ। [2]ਭੇਜਿਆ।
ਢਿਗ ਬਘੇਲ ਸਿੰਘ ਦੇਰ ਨ ਠਟਜੋ[1] ॥ ੪੧ ॥ — [1]ਕੀਤੀ।
ਥੀ ਬਘੇਲ ਸਿੰਘ ਕੀ ਰਜਧਾਨੀ।
ਨਗਰ ਛਲੌਂਦੀ ਵੀਚ ਮਹਾਂਨੀ।
ਢਿਗ ਕਰਨਾਲ ਦੇਹਲੀ ਓਰੈਂ[1]। — [1]ਤਰਫ਼।
ਹੁਤੋ ਬਘੇਲ ਸਿੰਘ ਸਹਿਜੋਰੈਂ[1] ॥ ੪੨ ॥ — [1]ਜ਼ੋਰ ਸਹਿਤ, ਬਲੀ।
ਪਢਿ ਮੁਰਾਸਲਾ ਸਿੰਘ ਬਘੇਲੈਂ।
ਪੰਥ ਖਾਲਸਾ ਲਯੋ ਸਕੇਲੈਂ[1]। — [1]ਇਕੱਠਾ ਕਰ ਲਿਆ।
ਉਸ ਹੀ ਸਮੈਂ ਫੇਰ ਇਕ ਔਰੈਂ।
ਭਈ ਬਾਤ ਸੁਨ ਲੀਜੈ ਗੌਰੈਂ[1] ॥ ੪੩ ॥ — [1]ਧਿਆਨ ਨਾਲ।
ਲਾਰਡ-ਲੀਕ[1] ਗਵਰਨਰ ਜਨਰਲ[2]। — [1]ਨਾਮ। [2]ਜਿਸ ਦੇ ਅਧੀਨ ਸਾਰੇ (ਗਵਰਨਰ) ਹਾਕਮ ਹੋਣ, ਮੁਲਕੀ ਲਾਟ। ਮੁਲਕ ਦਾ ਸਭ ਤੋਂ ਵੱਡਾ ਹਾਕਮ।
ਲਸ਼ਕਰ ਲਜਾਜੋ ਦੀਰਘ ਅਤਿ ਭਲ[1]। — [1]ਵੱਡਾ ਤੇ ਬਹੁਤ ਚੰਗਾ।
ਘੇਰਿ ਅਲੀ-ਗਢ ਲਰਜੋ ਮਹਾਂਈ।

ਮ੍ਰਹੱਟਜੋ ਤੈ ਤਿਨ ਲਯੋ ਛੁਡਾਈ ॥੪੪॥
ਮਰ੍ਹਟੇ ਦੌਰਿ ਡੀਂਘ[1] ਦਿਸ ਗਏ। [1]ਯੂ.ਪੀ. ਦਾ ਇਕ ਨਗਰ।
ਕੋਇਲ[1] ਬੀਚ ਅੰਗ੍ਰੇਜ਼ ਧਸਏ[2]। [1]ਯੂ. ਪੀ. ਦਾ ਇਕ ਨਗਰ, ਜਿਸ ਦਾ ਹੁਣ ਨਾਉਂ ਅਲੀਗੜ੍ਹ ਹੈ। [2]ਵੜ ਗਏ।
ਲੋਣੀ-ਅਖਟਰ[1] ਇਕ ਕਰਨੈਲੈਂ। [1]ਕਰਨੈਲ ਦਾ ਨਾਮ।
ਹੁਤੋ ਲਾਟ ਸਾਹਿਬ ਕੇ ਗੈਲੈਂ[1] ॥੪੫॥ [1]ਨਾਲ ਸੀ।
ਤਿਸ ਕੋ ਦਿੱਲੀ ਓਰ ਪਠਾਯੋ।
ਆਪ ਮਰ੍ਹੱਟਜੋਂ ਪੀਛੇ ਧਾਯੋ।
ਹੁਤੇ ਮਰੱਟੇ ਜੋ ਮਧ ਦਿੱਲੀ।
ਛੋਡ ਗਏ ਦਿੱਲੀ ਬਿਨ ਢਿੱਲੀ[1] ॥੪੬॥ [1]ਢਿੱਲ, ਦੇਰੀ।
ਲੋਣੀ-ਅਖਟਰ ਬਿਨ ਹੀ ਜੰਗੈਂ।
ਲੀਨੀ ਦਿੱਲੀ ਆਇ ਨਿਸੰਗੈਂ[1]। [1]ਨਿਰਭਯ ਹੋ ਕੇ।
ਉਸ ਹੀ ਸਮੈਂ ਪੰਜਾਬ ਓਰ ਤੈ।
ਚਢੇ ਸਿੰਘ ਮਿਲਿ ਅਧਿਕ ਜੋਰ ਤੈ[1] ॥੪੭॥ [1]ਬਹੁਤ ਜ਼ੋਰ ਨਾਲ।

ਸ੍ਵੈਯਾ:
ਜਬਿ ਧੌਂਸ ਬਜਾਇ[1] ਝੁਲਾਇ ਨਿਸ਼ਾਨ, [1]ਧੌਂਸੇ ਵਜਾ ਕੇ।
ਚਢ੍ਯੋ ਦਲ ਸਿੰਘਨ ਕਾ ਡਟ ਕੈ।
ਤਰਨੀ ਸਮ ਕਾਂਪ ਉਠੀ ਧਰਨੀ,
ਗਿਰ-ਸ੍ਰਿੰਗ ਗਿਰੇ ਗਰੂਏ ਫਟ ਕੈ[1]। [1](ਧਰਨੀ) ਧਰਤੀ (ਤਰਨੀ ਸਮ) ਬੇੜੀ ਵਾਂਗ ਕੰਬ ਉੱਠੀ (ਗਰੂਏ) ਭਾਰੇ (ਗਿਰ ਸ੍ਰਿੰਗ) ਪਹਾੜਾਂ ਦੇ ਟਿੱਲੇ (ਚੋਟੀਆਂ) ਫਟ ਕੇ ਡਿੱਗ ਪਏ।
ਨਭ ਮੰਡਲ ਦੇਵ ਪ੍ਰਚੰਡ ਡਰੇ,
ਬਰਬੰਡ ਅਖੰਡਲ ਸੇ ਖਟਕੈ[1]। [1]ਅਕਾਸ਼ ਮੰਡਲ ਦੇ (ਪ੍ਰਚੰਡ) ਪ੍ਰਤਾਪੀ ਦੇਵਤੇ ਡਰ ਗਏ। (ਬਰਬੰਡ) ਬਲਵਾਨ (ਅਖੰਡਲ) ਇੰਦ੍ਰ ਵਰਗੇ (ਖਟਕੈ) ਫ਼ਿਕਰਮੰਦ ਹੋ ਗਏ।
ਪਟਕੈ ਸਿਰ ਸੇਸ ਅਸੇਸ ਤਲੇ,
ਫਿਰ ਕੂਰਮ ਕੋਲ ਭਲੇ ਸਟਕੈ[1] ॥੪੮॥ [1](ਸੇਸ) ਸ਼ੇਸ਼ ਨਾਗ (ਆਪਣੇ) ਸਿਰ ਨੂੰ (ਤਲੇ) ਹੇਠਾਂ (ਅਸੇਸ) ਸਾਰੇ (ਪਟਕੈ) ਜ਼ੋਰ ਨਾਲ ਮਾਰਦਾ ਹੈ। ਫੇਰ (ਕੂਰਮ) (ਧਰਤੀ ਹੇਠਲਾ) ਕੱਛੂ ਤੇ (ਕੋਲ) ਸੂਰ (ਭਲੇ) ਚੰਗੀ ਤਰ੍ਹਾਂ (ਸਟਕੈ) ਭੱਜਦੇ ਹਨ।
ਨਭ ਧੂਰ ਭਰ੍ਯੋ ਦਬ ਸੂਰ ਗਯੋ,
ਬਸੁ ਦਿੱਗਜ ਕੇ ਦਿਲ ਦਹਿਲ ਬਢ੍ਯੋ[1]। [1]ਅਕਾਸ਼ ਧੂੜ ਨਾਲ ਭਰ ਗਿਆ, ਸੂਰਜ ਦਬ ਗਿਆ (ਵਸੁ)

ਅੱਠਾਂ ਦਿਸ਼ਾਂ ਦੇ ਅੱਠਾਂ ਦੇਵਤਿਆਂ ਤੇ (ਦਿਗਜ) ਅੱਠਾਂ ਦਿਸ਼ਾਂ ਦੇ ਅੱਠਾਂ ਹਾਥੀਆਂ ਦੇ ਦਿਲਾਂ ਵਿੱਚ (ਦਹਿਲ) ਹੌਲ ਵੱਧ ਗਿਆ।

ਛੁਟ ਧਜਾਨ ਗਯੋ ਗਿਰਜਾਪਤਿ ਕੀ,
ਸਤ ਸਾਗਰ ਕੇ ਜਲ ਚਹਿਲ ਕਢਜੋ[1]।

[1](ਗਿਰਜਾ ਪਤਿ) ਪਾਰਬਤੀ ਦੇ ਪਤੀ ਸ਼ਿਵ ਦਾ ਧਿਆਨ ਛੁਟ ਗਿਆ, ਸੱਤਾਂ ਸਮੁੰਦਰਾਂ ਦੇ ਪਾਣੀ ਨੇ (ਚਹਿਲ) ਗਾਰਾ (ਚਿੱਕੜ) ਕੱਢਿਆ ਭਾਵ ਡਰ ਨਾਲ ਪਾਣੀ ਸੁੱਕ ਕੇ ਚਿੱਕੜ ਹੋ ਗਿਆ।

ਜਗਿ ਜੇਤਿਕ ਕੌਮ ਮਲੇਛਨ ਕੀ,
ਸਭਿ ਕੇ ਉਰ ਮੈਂ ਦੁਖ ਕਹਿਲ ਮਢਜੋ[1]।
ਹਰਿ ਗਜਾਨ ਮਚਜੋ ਥਰਥੱਲ ਮਹਾ[1],
ਦਲ ਸਿੰਘਨ ਕਾ ਜਬਿ ਅਹਿਲ[1] ਚਢਜੋ ॥੪੯॥

[1]ਹਿਰਦੇ ਵਿੱਚ ਦੁੱਖ ਤੇ (ਕਹਿਲ) ਘਬਰਾਹਟ ਮੜ੍ਹੀ ਗਈ।
[1]ਬਹੁਤੀ ਹਲਚਲੀ ਮੱਚ ਗਈ।
[1]ਯੋਗ, ਲਾਇਕ।

ਕਬਿੱਤ:
ਸਭ ਹੀ ਸਨੱਧ ਬੱਧ ਪੇਖੀਏ ਬੇਹੱਦ ਬੱਧ,
ਮਾਨੋ ਮਹਾਂ ਮੇਘਨ ਮੈਂ ਬੀਜਰੀ ਲਸਾਤ ਹੈ[1]।

[1]ਸਾਰੇ (ਹੀ ਸਿੰਘ) (ਬੇਹੱਦ) ਬਹੁਤ ਹੀ (ਵੱਧ) ਜ਼ਿਆਦਾ (ਸਨੱਧ ਬੱਧ) ਸ਼ਸਤ੍ਰ ਬੰਨ੍ਹ ਕੇ ਤਿਆਰ ਬਰ ਤਿਆਰ ਹੋਏ ਦੇਖੀਦੇ ਹਨ, ਜਾਣੋ ਬਹੁਤੇ ਬੱਦਲਾਂ ਵਿੱਚ ਬਿਜਲੀ (ਲਸਾਤ) ਚਮਕਦੀ ਹੈ।

ਕਾਹੂੰ ਪੈ ਤ੍ਰਿਸੂਲ ਝੂਲਿ ਸੂਲ ਦੇਤ ਬੈਰਿਨ ਕੋ,
ਕਾਹੂੰ ਪੈ ਪ੍ਰਚੰਡੇ ਦੰਡੇ ਖੰਡੇ ਲਹਿਰਾਤ ਹੈਂ[1]।

[1]ਕਿਸੇ ਪਾਪ ਤ੍ਰਿਸੂਲ ਸ਼ਸਤ੍ਰ (ਝੂਲ) ਹੁਲਾਰੇ ਖਾ ਰਿਹਾ ਹੈ (ਜੋ) ਵੈਰੀਆਂ ਨੂੰ (ਸੂਲ) ਦੁੱਖ ਦੇਂਦਾ ਹੈ, ਕਿਸੇ ਪਾਸ ਲੋਹੇ ਦੇ ਡੰਡੇ ਤੇ (ਪ੍ਰਚੰਡ) ਬਹੁਤ ਤਿੱਖੇ ਖੰਡੇ ਹਿਲੋਰੇ ਖਾ ਰਹੇ ਹਨ।

ਕਾਹੂੰ ਪੈ ਸਰੋਹੀ ਸੈਫ ਸੈਹਥੀ ਗੁਲੇਲ ਸੈਲ,
ਰਾਮਜੰਗੇ ਚੰਗੇ ਤੋੜੇਦਾਰ ਬਖਜਾਤ ਹੈਂ[1]।

[1]ਕਿਸੇ ਕੋਲ ਸਰੋਹੀ (ਰਾਜਿਸਥਾਨ ਦੇ ਸ਼ਹਿਰ ਸਿਰੋਹੀ ਦੀ ਬਣੀ ਹੋਈ ਚੰਗੀ ਕਿਸਮ ਦੀ ਤਲਵਾਰ) ਸੈਫ (ਸਿੱਧੀ ਤਲਵਾਰ) ਸੈਹਥੀ (ਬਰਛੀ) ਗੁਲੇਲ, (ਸੇਲ) ਬਰਛੇ, (ਰਾਮਜੰਗੇ) ਬੰਦੂਕਾਂ ਚੰਗੀਆਂ ਤੋੜੇਦਾਰ ਪ੍ਰਗਟ ਹਨ।

ਕਾਹੂੰ ਪੈ ਤੁਫੰਗ ਫਤੇ-ਜੰਗ ਭਾਰੀ ਜੰਗ ਕਾਰੀ,
ਭੰਗ ਘੋਟਨੇ ਉਦਾਰੀ ਢੰਗ ਪੈ ਸੁਹਾਤ ਹੈਂ[1] ॥੫੦॥

[1]ਕਿਸੇ ਕੋਲ (ਤੁਫੰਗ) ਬੰਦੂਕ, (ਜੰਗ ਕਾਰੀ) ਭਾਰੀ ਜੰਗ ਕਰਨ ਵਾਲੀ ਤੇ (ਫਤੇ ਜੰਗ) ਜੰਗ ਵਿੱਚ ਫਤਹ ਦੇਣ ਵਾਲੀ ਹੈ ਅਤੇ ਭੰਗਰਗੜਨ ਵਾਲੇ ਘੋਟਣੇ (ਉਦਾਰੀ) ਚੰਗੇ ਢੰਗ ਨਾਲ ਸ਼ੋਭ ਰਹੇ ਹਨ।

ਕਾਹੂੰ ਜ੍ਵਾਨ ਕੇ ਕ੍ਰਿਪਾਨ ਪਾਨ ਹੈਂ ਕਮਾਨ ਬਾਨ,
ਮੀਚ ਕੀ ਸੀ ਖਾਨ ਸਾਨ ਚਢੇ ਖਰ ਸਾਰੇ ਹੈਂ[1]।

[1]ਕਿਸੇ ਜਵਾਨ ਦੇ (ਪਾਨ) ਹੱਥ ਵਿੱਚ ਕਿਰਪਾਨ ਹੈ ਤੇ ਕਿਸੇ ਦੇ ਹੱਥ ਵਿੱਚ ਕਮਾਣ ਤੇ ਤੀਰ ਹਨ, ਜੋ ਮੌਤ ਦੀ ਖਾਣੀ ਹਨ ਸਾਰੇ

ਸਾਣ ਤੇ ਚੜ੍ਹੇ ਹੋਏ (ਬਹੁਤੇ) ਤਿੱਖੇ ਹਨ।

ਚੱਕ੍ਰ ਬੱਕ੍ਰ ਚੰਦ੍ਰ-ਹਾਸ ਢਾਲ ਪਸਤੌਲ ਖਾਸ,
ਸਫਾਜੰਗ ਜਮ-ਦਾਢ ਸਾਂਗ ਗਦਾ ਭਾਰੇ ਹੈਂ[1]।

[1](ਕਈਆਂ ਪਾਸ) ਟੇਢੇ ਚੱਕ੍ਰ, (ਚੰਦ੍ਰ-ਹਾਸ) ਤਲਵਾਰਾਂ, ਚੰਗੇ ਪਿਸਤੌਲ, (ਸਫਾਜੰਗ) ਟਕੂਏ, (ਜਮਦਾੜ) ਕਟਾਰਾਂ, (ਸਾਂਗ) ਬਰਛੀਆਂ ਤੇ ਭਾਰੀਆਂ ਗਦਾਂ ਹਨ।

ਬਾਘ-ਬੱਚੇ ਧਾਰਾ-ਧਰੀ ਛੁਰੀ ਔ ਕਟਾਰੀ ਬੁਰੀ,
ਪੇਟੀਆਂ ਸੰਜੋਏਂ ਖਰੀਂ ਨੇਜੇ ਨੋਕਦਾਰੇ ਹੈਂ[1]।

[1](ਬਾਘ-ਬੱਚੇ) ਪੇਸ਼ ਕਬਜ਼, (ਧਾਰਾਧਰੀ) ਤਿੱਖੀਆਂ ਤਲਵਾਰਾਂ, ਛੁਰੀਆਂ (ਬੁਰੀ) ਭਿਆਨਕ ਕਟਾਰੀਆਂ ਚੰਗੀਆਂ ਪੇਟੀਆਂ ਤੇ ਸੰਜੋਆਂ ਅਤੇ ਨੋਕਦਾਰ ਨੇਜੇ ਹਨ।

*ਕਮਰੇਂ ਮਸਾਲੇ ਭਰੀ ਸੰਚੇ ਹੈਂ ਤਮੰਚੇ ਬਰੀ,
ਪਾਂਚ ਸਾਤ ਧਾਰੀ ਕੇ ਕਮਰਕਸੇ ਧਾਰੇ ਹੈਂ[1] ॥੫੧॥

*ਅੰਕ ਨੰ: ੫੧ ਦੀ ਚੌਥੀ ਤੁਕ ਦਾ ਪਾਠ ਦਿੱਲੀ ਐਡੀਸ਼ਨ ਦਾ ਹੈ।

[1]ਜੰਗ ਦੇ (ਹਿਤੈ) ਵਾਸਤੇ (ਸਿੰਘਾਂ ਦੀਆਂ) ਕਮਰਾਂ (ਮਸਾਲੇ) ਸਾਮਾਨ ਨਾਲ ਭਰੀਆਂ ਹੋਈਆਂ ਹਨ, (ਬਰੀ) ਚੰਗੇ (ਤਮੰਚੇ) ਪਸਤੌਲ (ਸੰਚੇ ਹੈਂ) ਇਕੱਠੇ ਕੀਤੇ ਹਨ ਭਾਵ ਬੰਨ੍ਹੇ ਹੋਏ ਹਨ। ਪੰਜਾਂ ਸੱਤਾਂ ਧਾਰੀਆਂ ਵਾਲੇ ਕਪੜੇ ਦੇ ਕਮਰ-ਕਸੇ ਬੰਨ੍ਹੇ ਹੋਏ ਹਨ।

ਚਾਲੇ ਯੌਂ ਬਿਸਾਲੇ ਬੀਰ ਬਾਂਕੁਰੇ ਛਬੀਲੇ ਧੀਰ[1],

[1](ਬਾਂਕਰੇ) ਸੁੰਦਰ (ਛਬੀਲੇ) ਛਬ ਵਾਲੇ ਤੇ ਧੀਰਜ ਵਾਲੇ ਬਹੁਤ ਸੂਰਮੇਂ ਇਉਂ ਚੱਲੇ।

ਕਈ ਕੋਸ ਲੌ ਬਹੀਰ ਜਾਤ ਝੰਡੇ ਝੂਲਤੇ।
ਖੇਲਤ ਸ਼ਿਕਾਰੇ ਕੇਊ ਮਾਰੇ ਹੈਂ ਨਿਸ਼ਾਨੇ ਭਾਰੇ,
ਦੁੱਜਨ ਬਿਦਾਰੇ ਮਗ ਪਾਰੇ ਹਾਲ-ਹੂਲ ਤੈ[1]।

[1](ਦੁੱਜਨ) ਦੁਸ਼ਮਣਾਂ ਨੂੰ ਮਾਰਦੇ ਹੋਏ, ਰਸਤੇ ਵਿੱਚ (ਹਾਲ ਹੂਲ) ਡੰਡਰੌਲਾ ਪਾਉਂਦੇ ਜਾਂਦੇ ਹਨ।

ਆਯੁਧ ਉਭਾਰੈਂ ਕੇਊ ਖੇਤਨ ਉਪਾਰੈਂ ਕੇਊ,
ਲੂਟ ਕੂਟ ਡਾਰੈਂ ਦੈ ਜਿਕਾਰੈ ਬੋਲ ਤੂਲ ਤੈ[1]।

[1]ਕਈ ਸ਼ਸਤ੍ਰ ਚੁੱਕੀ ਜਾਂਦੇ ਹਨ, ਕਈ ਖੇਤਾਂ ਨੂੰ ਪੁੱਟੀ ਜਾਂਦੇ ਹਨ, ਲੁੱਟ ਕੁੱਟ ਕੇ ਸੁੱਟ ਦੇਂਦੇ ਹਨ, (ਤੂਲ ਤੈ) ਲੰਬੀ ਅਵਾਜ਼ ਨਾਲ (ਬੋਲ) ਬੋਲ ਕੇ ਜੈਕਾਰੇ ਦਿੰਦੇ ਭਾਵ ਛੱਡਦੇ ਹਨ।

ਜੋਊ ਸਾਮ[1] ਆਵੈ ਸੋਊ ਅਭੈ ਦਾਨ ਪਾਵੈ,

[1]ਸ਼ਰਣ।

ਔ ਉਠਾਵੈ ਜੋ ਬਿਰੋਧ ਸੋਧ ਲੇਤ ਤਾਂਹਿ ਮੂਲ ਤੈ[1] ॥੫੨॥

[1]ਮੁੱਢ ਤੋਂ ਹੀ ਸੋਧ ਲੈਂਦੇ ਹਨ ਭਾਵ ਜਾਨੋਂ ਹੀ ਮਾਰ ਦੇਂਦੇ ਹਨ।

ਐਸੀ ਭਾਂਤਿ ਖਾਲਸਾ ਬਿਸਾਲਸਾ ਉਤਾਲਸਾ ਹ੍ਵੈ,
ਬੈਰਿਨ ਕੋ ਕਾਲ ਸਾ ਔ ਸਾਲਸਾ ਤੁਕਾਨਿ ਕੌ[1]।

[1]ਇਸ ਤਰ੍ਹਾਂ ਬਹੁਤਾ ਖ਼ਾਲਸਾ (ਉਤਾਲਸਾ) ਕਾਹਲਾ ਹੋ ਕੇ ਚੱਲਿਆ, ਜਿਹੜਾ ਵੈਰੀਆਂ ਨੂੰ ਕਾਲ ਵਰਗਾ ਅਤੇ ਤੁਰਕਾਂ ਨੂੰ (ਸਾਲਸਾ) ਦੁਖਦਾਈ ਹੈ।

ਡਾਲਿ ਹਾਲ-ਚਾਲਸਾ ਬਿਹਾਲਸਾ ਕਰਾਤ ਜਾਤ,

ਦੈਨਗੋ ਸਮਾਲਸਾ ਸੋ ਹਿੰਦੁ ਅਸਤਾਨ ਕੌ[1]।

[1](ਸਿੰਘ) (ਹਾਲ ਚਾਲਸਾ) ਹਲਚਲੀ (ਡਾਲ) ਪਾ ਕੇ (ਦੁਸ਼ਮਣਾਂ ਨੂੰ) (ਬਿਹਾਲਸਾ) ਵਿਆਕੁਲ ਕਰਦੇ ਜਾਂਦੇ ਹਨ, (ਸੋ) ਉਹ (ਖਾਲਸੇ) ਗਊਆਂ, ਹਿੰਦੂਆਂ ਤੇ ਹਿੰਦੁਸਤਾਨੀਆਂ ਨੂੰ (ਸਮਾਲਸਾ) ਆਸਰਾ (ਦੈਨ) ਦੇਣ ਵਾਲੇ ਹਨ।

ਲੈਹੈਂ ਲੂਟ ਮਾਲਸਾ ਨਿਰਾਲਸਾ ਨ ਟਾਲਸਾ ਕੈ,
ਜੰਗ ਔ ਜਦਾਲਸਾ ਕਤਾਲਸਾ ਜਹਾਨ ਕੌ[1]।

[1](ਨਿਰਾਲਸਾ) ਬਿਨਾਂ ਆਲਸ ਤੋਂ ਹੋ ਕੇ (ਸਾਲਸਾ) ਸਾਮਾਨ ਲੁੱਟ ਲੈਂਦੇ ਹਨ, ਟਾਲਾ ਨਹੀਂ ਕਰਦੇ, ਜੰਗ ਤੇ (ਜੰਦਾਲਸਾ) ਜੁਧ ਕਰ ਕੇ ਜਗਤ ਨੂੰ (ਕਤਾਲਸਾ) ਕਤਲ ਕਰ ਦੇਂਦੇ ਹਨ।

ਕਾਲਸਾ ਕਰਾਲਸਾ ਮਲੇਛਨ ਕੋ ਗਾਲਸਾ ਹੈ,
ਖਾਲਸਾ ਸੰਭਾਲਸਾ ਹੈ ਪਾਲਸਾ ਹਿੰਦਾਨ ਕੌ[1] ॥ ੫੩ ॥

[1]ਖ਼ਾਲਸਾ ਕਾਲ ਵਰਗਾ (ਕਰਾਲਸਾ) ਭਿਆਨਕ ਹੈ, ਤੁਰਕਾਂ ਨੂੰ ਗਾਲ੍ਹਦਾ ਹੈ, ਹਿੰਦੂਆਂ ਨੂੰ ਪਾਲਦਾ ਤੇਰੱਖਿਆ ਕਰਦਾ ਹੈ।

ਘਾਲਸਾ ਘਮੰਡ ਪਰਚੰਡ ਤੇਜ ਜ੍ਵਾਲਸਾ,
ਅਖੰਡ ਬਰਬੰਡ ਬ੍ਰਹਮੰਡ ਕੋ ਉਜਾਲਸਾ[1]।

[1](ਖ਼ਾਲਸਾ) (ਘਮੰਡ) ਜੰਗ (ਘਾਲਸਾ) ਪਾਉਂਦਾ ਹੈ ਜਿਸ ਦਾ ਤੇਜ (ਜ੍ਵਾਲਸਾ) ਅੱਗ ਵਰਗਾ (ਪਰਚੰਡ) ਤਿੱਖਾ ਹੈ, (ਅਖੰਡ) ਇਕਰਸ (ਬਰਬੰਡ) ਬਲਵਾਨ ਹੈ, (ਸਾਰੇ) ਬ੍ਰਹਮੰਡ ਨੂੰ ਚਾਨਣ ਕਰਦਾ ਹੈ।

ਡਾਲਸਾ ਕਸਾਲਸਾ ਹੈ ਕਾਲਸਾ ਤੁਕਾਨ ਹੇਤ,
ਆਲਸਾ ਨ ਲੂਟਬੇ ਕੋ ਕੀਨੋ ਕਬੀ ਟਾਲਸਾ[1]।

[1]ਤੁਰਕਾਂ ਵਾਸਤੇ (ਕਾਲਸਾ) ਕਾਲ ਵਾਂਗ (ਕਸਾਲਸਾ) ਮੁਸੀਬਤ (ਡਾਲਸਾ) ਪਾਉਂਦਾ ਹੈ, ਲੁੱਟਣ ਨੂੰ ਕਦੀ ਵੀ ਆਲਸ ਤੇ ਟਾਲਾ ਨਹੀਂ ਕਰਦਾ।

ਮੀਤਨ ਕੋ ਢਾਲਸਾ ਕੁਮੀਤਨ ਕੋ ਜਾਲਸਾ ਹੈ,
ਗੋ ਗ੍ਰੀਬ ਧੇਨੁ ਦਿਜ ਸੰਤਨ ਸੰਭਾਲਸਾ[1]।

[1]ਮਿੱਤ੍ਰਾਂ ਨੂੰ ਢਾਲ ਵਰਗਾ (ਰੱਖਿਅਕ ਹੈ), (ਕੁਮੀਤਨ) ਦੁਸ਼ਮਣਾਂ ਨੂੰ ਜਾਲ ਵਾਂਗ (ਫਸਾਣ ਵਾਲਾ) ਹੈ, (ਗੋ) ਧਰਤੀ ਗ਼ਰੀਬਾਂ (ਧੇਨ) ਗਊਆਂ, ਬ੍ਰਾਹਮਣਾਂ ਤੇ ਸੰਤਾਂ ਦੀ (ਸੰਭਾਲਸਾ) ਰੱਖਿਆ ਕਰਦਾ ਹੈ।

ਡਾਰਤ ਜਵਾਲਸਾ ਨਿਖਾਲਸਾ ਹੈ ਬੈਰਿਨ ਪੈ,
ਜੋ ਅਖੰਡ ਖਜਾਲਸਾ ਕਰਤ ਪੰਥ ਖਾਲਸਾ[1] ॥ ੫੪ ॥

[1]ਵੈਰੀਆਂ ਉੱਪਰ (ਆਪਣੇ ਤੇਜ ਪ੍ਰਤਾਪ ਦੀ) (ਨਿਖਾਲਸਾ) ਨਿਰੋਲ (ਜ੍ਵਾਲਸਾ) ਅੱਗ (ਡਾਰਤ) ਸੁੱਟਦਾ ਹੈ, ਖ਼ਾਲਸਾ ਪੰਥ (ਉਹ ਕੰਮ) ਕਰਦਾ ਹੈ ਜੋ ਜਿਸ ਤਰ੍ਹਾਂ ਦੇ (ਉਸ ਦੇ ਆਪਣੇ) (ਅਖੰਡ) ਅਟੁੱਟ (ਖਜਾਲਸਾ) ਖ਼ਿਆਲ ਹਨ।

ਕਸਬੇ[1] ਕਿਤਾਨ[2] ਗ੍ਰਾਮ ਸ਼ਹਿਰ ਮਹਾਨ ਦੇਸ,

[1]ਛੋਟੇ ਸ਼ਹਿਰ। [2]ਕਿਤਨੇ ਭਾਵ ਬਹੁਤੇ।

ਹਿੰਦੁ-ਅਸਤਾਨ ਗ੍ਰਿਦ[1] ਦੇਹਲੀ ਅਪਾਰ ਹੈਂ।

[1]ਆਸ ਪਾਸ।

ਲੂਟੇ ਤੈ ਬਿਨਾਹੀਂ ਪੰਥ ਛੋਰਯੋ ਤਬਿ ਕੋਊ ਨਾਂਹੀਂ,
ਲੀਓ ਜਾਂਹੀ ਜੰਗ, ਦੀਓ ਤਾਂਹੀਂ ਕੋ ਬਿਦਾਰ ਹੈਂ[1]।

[1]ਜਿਸ ਨੇ ਜੰਗ ਲਿਆ ਭਾਵ ਕੀਤਾ ਉਸੇ ਨੂੰ ਮਾਰ ਦੇਂਦੇ ਹਨ।

ਲੈ ਕੈ ਨਜ਼ਰਾਨਾ ਆਨ ਮਿਲੇ ਜੌ ਮੁਸਲਮਾਨ,
ਹਿੰਦੂ ਸੋਂ ਅਮਾਨ ਰਹੇ ਜਾਨ ਮਾਲ ਸਾਰ ਹੈਂ[1]।

[1](ਜੋ) ਹਿੰਦੂਆਂ ਨਾਲ (ਅਮਾਨ) ਸ਼ਾਂਤੀ ਨਾਲ ਰਹੇ, ਉਹਨਾਂ ਦੀ ਜਾਨ ਤੇ ਮਾਲ ਦੀ (ਸਾਰ) ਸੰਭਾਲ (ਰਾਖੀ) (ਸਿੰਘ) ਕਰਦੇ ਰਹੇ।

ਮਾਚਯੋ ਹਾਹਾਕਾਰ ਹੈ ਮਝਾਰ ਹੈ ਮੁਲਕ, ਪਰੀ
ਭਾਜੜਾਂ ਅਪਾਰ ਹੈਂ ਨ ਕਾਹੂੰ ਕੋ ਸੰਭਾਰ ਹੈਂ ॥ ੫੫ ॥

ਮਾਰਤ ਹੈਂ ਖੇਤਨ ਕੋ ਜੈਸੇ ਦਰਯਾਵ ਹੜ੍ਹ,
ਜਾਰਤ ਹੈਂ ਜੰਗਲਾਂ ਕੋ ਦਾਵਾਨਲ ਜਾਲਸਾ[1]।

[1](ਜਾਲਸਾ) ਸਾਰੇ ਜੰਗਲਾਂ ਨੂੰ (ਦਾਵਾਨਲ) ਜੰਗਲ ਦੀ ਅੱਗ ਵਾਂਗ ਸਾੜਦੇ ਹਨ।

ਸਾਤ ਈਤਿ ਕੀ ਨ ਭੀਤਿ ਐਸੀ ਚੀਤਿ ਕਾਹੂੰ ਕੀਤਿ,
ਜੈਸੋ ਕੁਛ ਪਰਯੋ ਡਰ ਪੰਥ ਕਾ ਬਿਸਾਲਸਾ[1]।

[1]ਜਿਸ ਤਰ੍ਹਾਂ ਦਾ ਕੁਝ ਬਹੁਤਾ ਡਰ ਖ਼ਾਲਸਾ ਪੰਥ ਦਾ ਪੈ ਗਿਆ, ਇਸ ਤਰ੍ਹਾਂ ਦਾ ਡਰ ਤਾਂ ਸੱਤਾ ਈਤਾਂ ਦਾ ਵੀ ਕਦੇ ਕਿਸੇ ਨੇ ਚਿੱਤ ਵਿੱਚ (ਧਾਰਨ) ਨਹੀਂ ਕੀਤਾ ਸੀ।

ਮਾਰ-ਲੂਟ ਕੈ ਅਪਾਰ ਮੁਲਕ ਉਜਾਰਿ ਖ੍ਵਾਰ,
ਐਸੋ ਕਰਿ ਡਾਰਯੋ ਜੈਸੇ ਝੁਰੈਂ ਜਾਂਡ ਫਾਲਸਾ[1]।

[1](ਅਪਾਰ) ਬਹੁਤ ਹੀ ਲੁੱਟ ਮਾਰ ਕਰ ਕੇ ਮੁਲਕ ਨੂੰ ਉਜਾੜ ਕੇ ਐਸਾ (ਖ੍ਵਾਰ) ਖ਼ਰਾਬ ਕਰ ਸੁੱਟਿਆ ਜਿਵੇਂ ਜੰਡ ਤੇ ਫਾਲਸੇ (ਦੇ ਦਰੱਖ਼ਤ) ਝੁਰਦੇ ਹਨ (ਤਿਵੇਂ ਲੋਕ ਝੁਰਦੇ ਹਨ।)

ਕੀਓ ਦੁਰ-ਹਾਲਸਾ ਉਛਾਲਸਾ ਨਦੀ ਕੋ ਪੰਥ,
ਛਿੜਿਓ ਮੰਡਜਾਲਸਾ ਨ ਧਰੇ ਧੀਰ ਖਾਲਸਾ[1] ॥ ੫੬ ॥

[1]ਪੰਥ ਰੂਪ (ਨਦੀ) ਦਰਿਆ ਨੇ ਉੱਛਲ ਕੇ ਦੇਸ਼ ਦਾ (ਦੁਰ ਹਾਲਸਾ) ਬੁਰਾ ਹਾਲ ਕਰ ਦਿੱਤਾ, ਬੰਡਿਆਲਾਂ ਵਾਂਗ ਛਿੜਿਆ ਹੋਇਆ ਖ਼ਾਲਸਾ ਪੰਥ (ਫੇਰ) ਧੀਰਜ ਨਹੀਂ ਧਾਰਦਾ (ਭਾਵ ਰੁਕ ਨਹੀਂ ਸਕਦਾ)।

ਹੁਤੇ ਜੇ ਰਈਸ ਭਏ ਘੀਸ ਨਿਜ ਬਿਲ ਹੂੰ ਕੇ,
ਖੀਸ ਬਏ ਦਾਂਤ ਪੀਸ ਰਹੇ ਰੀਸ ਠਾਨ ਹੈਂ[1]।

[1]ਜਿਹੜੇ (ਰਈਸ) ਰਿਆਸਤਾਂ ਦੇ ਮਾਲਕ ਸਨ ਉਹ ਆਪਣੇ ਘਰਾਂ ਰੂਪ (ਬਿਲਹੂੰ) ਖੁੱਡਾਂ ਦੀਆਂ ਘੀਸਾਂ ਬਣ ਗਏ (ਖੀਸ ਬਏ) ਗੁੱਸੇ ਹੋ ਕੇ ਦੰਦ ਪੀਹ ਰਹੇ ਹਨ ਤੇ ਪੰਥ ਦੀ (ਰੀਸ) ਬਰਾਬਰੀ ਕਰਦੇ ਹਨ।

ਮੁਗਲ ਪਠਾਨ ਸ਼ੇਖ ਸੱਯਦ ਹਿਰਾਨ ਦੇਖਿ,
ਭਏ ਪਰੇਸ਼ਾਨ ਬੈਠੇ ਮੂੰਡ ਦੈ ਜੰਘਾਨ[1] ਹੈਂ।

[1](ਜੰਘਾਨ) ਲੱਤਾਂ ਭਾਵ ਗੋਡਿਆਂ ਵਿੱਚ (ਮੂੰਡ) ਸਿਰ ਦੇ ਕੇ। (ਜੰਘ- ਗੋਡਿਆਂ ਤੋਂ ਹੇਠਲਾ ਭਾਗ ਲੱਤ, ਟੰਗ।)

ਬੈਠਿ ਬੈਠਿ ਭੀਤਨੇ ਕੀ ਓਟ ਗੋਠ ਬਾਂਧਿ ਸਭਿ[1],

[1]ਸਾਰੇ (ਭੀਤਨ) ਕੰਧਾਂ ਦੇ ਆਸਰੇ ਬੈਠ ਬੈਠ ਕੇ (ਗੋਠ ਬਾਂਧਿ) ਮੁਟਕੜੀਆਂ ਮਾਰ ਕੇ ਭਾਵ ਸੁੰਗੜੇ ਜਿਹੇ ਬੈਠੇ ਹਨ।

ਆਪਸ ਮੈ ਕੈਹੈਂ ਆਈ ਕਜਾਮਤ ਮਹਾਨ ਹੈ।
ਜਾਹਲ ਜਹਾਲਤ ਜ਼ੁਲਮ ਕੈ ਹੈਂ ਜ਼ਾਲਮ ਧੇ,
ਅਜਬ ਗਜ਼ਬ ਮੂਜੀ ਮਜ਼ਬ ਸਿੰਘਾਨ ਹੈ[1] ॥੫੭॥

[1](ਜਹਾਲਤ) ਅਨਪੜ੍ਹਤਾ ਕਰ ਕੇ (ਜਾਹਲ) ਮੂਰਖ ਹਨ ਅਤੇ ਇਹ ਜ਼ਾਲਮ ਜ਼ੁਲਮ (ਕੈਹੈਂ) ਕਰਦੇ ਹਨ ਤੇ ਇਹ ਸਿੰਘਾਂ ਦਾ ਮੂਜੀ (ਦੁਖਦਾਈ) ਮਜ਼ਹਬ ਅਸਚਰਜ (ਗਜ਼ਬ) ਮੁਸੀਬਤ ਹੈ।

ਹੁਤੇ ਜੇ ਸਿਯਾਨੇ ਦਾਨੇ[1] ਆਲਮ[2] ਮੁੱਸਲਮੀਨ,

[1]ਅਕਲਮੰਦ, ਚਤੁਰ। [2]ਵਿਦਵਾਨ।

ਖੀਨ ਮਨਿ ਦੀਨ ਭੇ ਮਲੀਨ ਛੀਨ ਸਾਨ ਪੈ[1]।

[1](ਪੈ) ਪੁਨਾ (ਖੀਨ) ਉਦਾਸ (ਦੀਨ) ਕਮਜ਼ੋਰ ਤੇ ਮੈਲੇ ਮਨਾਂ ਵਾਲੇ (ਛੀਨ) ਮੁਰਦਿਆਂ ਦੇ (ਸਾਨ) ਸਦਰਸ (ਸਮਾਨ) ਹੋ ਗਏ।

ਹਾਯ ਹਾਯ ਹਾਯ ਕੈਸੋ ਹੋਇਗੋ ਹਮਾਰੋ ਹਾਲ,
ਆਪਸ ਮੈਂ ਭਾਖੈਂ ਮਿਲਿ ਬੈਠਿ ਕੈ ਠਿਕਾਨ ਪੈ[1]।

[1]ਟਿਕਾਣਿਆਂ (ਘਰਾਂ) ਵਿੱਚ।

ਭਏ ਏਹੁ ਕਹਾਂ ਤੈ ਖੁਦਾਇ ਮਾਰੇ ਸਿੰਘ ਧਿੰਗ[1],

[1]ਜ਼ੋਰਾਵਰ, ਬਲੀ।

ਬੈਰੀ ਦੀਨ ਹਮਰੇ ਕੇ ਭਾਰੇ ਦਿਲ ਜਾਨ ਪੈ[1]।

[1]ਤਕੜੇ ਦਿਲ ਤੇ ਜਾਨ ਵਾਲੇ ਹਨ।

ਤਾਕਤ ਤੁਕਾਨ ਮੈਂ ਨ ਲਰਨ ਮਿਦਾਨ ਮੈਂ,
ਨ ਹੋਸ਼ ਹੈ ਠਿਕਾਨ ਮੈਂ, ਰਹੇ ਹੈਂ ਕਹੂੰ ਆਨ ਪੈ[1] ॥੫੮॥

[1]ਹੋਰ ਕਿਸ ਪਾਸ ਜਾ ਕੇਰਹਿਣ।

ਪਰੀ ਤਬਿ ਭਾਜੜੇਂ ਮਹਾਨ ਆਨ ਓਸ ਦੇਸ,
ਤੁਰਕਾਨ ਹਿੰਦੁਵਾਨ ਕੋ ਸਿੰਘਾਨ ਨਾਂਉ ਤੈ।
ਤਾਤ ਕੌ ਨ ਤਾਤ ਭ੍ਰਾਤ ਮਾਤ ਕੌ ਨ ਪੂਤ ਮਿਲ੍ਯੋ,
ਨਾਰਿ ਕੌ ਨ ਪਤਿ ਭਾਈ ਭੈਣ ਕੌ ਨ ਭਾਉ ਤੈ[1]।

[1](ਤਾਤ) ਪਿਤਾ ਨੂੰ (ਤਾਤ) ਪੁੱਤਰ, ਭਰਾ ਨੂੰ ਭਰਾ, ਮਾਂ ਨੂੰ ਪੁੱਤਰ, ਇਸਤ੍ਰੀ ਨੂੰ ਪਤੀ ਤੇ ਭੈਣ ਨੂੰ ਭਰਾ (ਭਾਉ ਤੈ) ਪ੍ਰੇਮ ਨਾਲ ਨਹੀਂ ਮਿਲਿਆ।

ਦੇਖਿ ਸੁਨ ਕੈ ਹਵਾਲ ਪੰਥ ਕਾ ਬਿਸਾਲ,
ਲੋਣੀ ਅਖਟਰ ਬੂਝ੍ਯੋ ਬਜੀਰ ਕੋ ਸੁਭਾਉ ਤੈ[1]।

[1]ਚੰਗੀ ਤਰ੍ਹਾਂ ਖ਼ਿਆਲ ਕਰਕੇ।

ਭਾਖ੍ਯੋ ਵਜ਼ੀਰ ਤਬਿ ਐਸੀ ਤਦਬੀਰ[1] ਸੰਗ,

[1]ਤਰਕੀਬ, ਢੰਗ, ਵਿਉਂਤ।

ਜੈਸੇ ਦਿੱਲੀ ਛੋਰਿ ਅੰਗ੍ਰੇਜ ਜਾਂਹਿਂ ਤਾਉ ਤੈ[1] ॥੫੯॥

[1](ਤਾਉ ਤੈ) ਤੇਜੀ ਨਾਲ, ਕਾਹਲੀ ਨਾਲ।

ਪੇਖ ਕਰਿ ਤਾਕਤੈਂ ਬੇਬਾਕਤੈਂ[1] ਸਿੰਘਾਨ ਕੀ,

[1]ਨਿੱਡਰਤਾਂਈਆਂ।

ਔ ਸੁਨ ਕਰਿ ਧਾਂਕ[1] ਲੋਣੀ ਦਿਲ ਦਹਿਲਾਇ ਕੈ[2]।

[1]ਦਬਦਬਾ, ਪ੍ਰਤਾਪ। [2]ਡਰ ਕੇ, ਕੰਬ ਕੇ।

ਛੋਡਿ ਦਿੱਲੀ ਤਾਂਈਂ ਬਿਨਾਂ ਢਿੱਲੀ[1] ਗਯੋ ਅਲੀ-ਗਢ,

[1]ਦੇਰ ਤੋਂ ਬਿਨਾਂ ਭਾਵ ਛੇਤੀ।

ਸੁਨਿ ਚਢ ਆਏ ਸਿੰਘ ਜਿੱਲੀ[1] ਵਡ ਪਾਇ ਕੈ।
ਢੁਕੇ ਜਬਿ ਆਇ ਅਜਮੇਰੀ ਦਰਵਾਜੇ ਸਿੰਘ,
ਦਿੱਲੀ ਕੇ ਤੁਰਕ ਮਿਲਿ ਬਢੇ ਬਲ ਲਾਇ ਕੈ।
ਭਈ ਹੈ ਲਰਾਈ ਉਭੇ ਓਰ ਤੈ ਮਹਾਂਈਂ ਤਬਿ,
ਤੀਰ ਔ ਤੁਫੰਗ ਤਰਵਾਰਨ ਕੀ ਆਇ ਕੈ ॥ ੬੦ ॥

[1]ਡੰਡਰੌਲੀ।

ਜੋਰ ਤੁਰਕਾਨ ਕਾ ਮਹਾਨ ਪੇਖਿ ਸਿੰਘ ਤਹਾਂ,
ਛੋਰ ਕੈ ਲਰਾਈ ਦਿਸ ਹੋਰ ਝੁਕੇ ਧਾਇ ਕੈ।
ਤ੍ਰੁਕਮਾਨ ਦਰਵਾਜੇ ਮੁਗਲ ਮਹੱਲੇ ਪੈਠਿ,
ਦਸਤ-ਦਰਾਜ਼ੀ ਬੇ-ਅੰਦਾਜੀ ਕਰੀ ਜਾਇ ਕੈ[1]।

[1]ਤ੍ਰੁਕਮਾਨ ਦਰਵਾਜ਼ੇ ਰਾਹੀਂ ਮੁਗ਼ਲ ਮਹੱਲੇ ਵਿੱਚ ਵੜ ਕੇ (ਬੇ-ਅੰਦਾਜ਼ੀ) ਬੇ-ਹਿਸਾਬੀ, (ਦਸਤ ਦਰਾਜ਼ੀ) ਲੁੱਟ ਮਾਰ ਜਾ ਕੇ ਕੀਤੀ।

ਲੂਟ ਕੈ ਬਜਾਰਨ ਅਗਾਰਨ ਅਪਾਰਨ ਕੌ[1],
ਘਨੇ ਨਰ ਨਾਰਿਨ ਕੌ ਮਾਰਨ ਮਨਾਇ ਕੈ[1]।
ਧੂਮ-ਧਾਮ ਪਾਇ ਕੈ ਮਚਾਇ ਕੈ ਅਧਿਕ ਸ਼ੋਰ[1],
ਜੋਰ ਸ੍ਵੈ[1] ਦਿਖਾਇ ਕੈ ਤ੍ਰੁਕਾਨਿ ਕੋ ਦਬਾਇ ਕੈ ॥ ੬੧ ॥

[1]ਬਹੁਤੇ ਘਰਾਂ ਨੂੰ।
[1]ਮਾਰ ਕੇ (ਜਾਂ) ਮਨਾ ਕੇ।
[1]ਭੀੜ ਭੜੱਕਾ ਪਾ ਕੇ ਬਹੁਤਾਰੌਲਾ ਕਰਕੇ।
[1]ਆਪਣਾ ਜ਼ੋਰ।

ਸਿੰਘ ਬਡ ਸ਼ਹਿਰ ਮੈਂ ਹਹਿਰ ਕਹਿਰ ਡਾਰਿ[1]
ਨਿਕਸੇ ਬਹਿਰ ਫਿਰ ਲਹਰ ਬਢਾਇ ਕੈ[1]।
ਉਤਰੇ ਹੈਂ ਜਾਇ ਕੈ ਸੋ ਮਜਨੂੰ ਕੇ ਟਿੱਲੇ ਪਰ,
ਲੰਗਰ ਸਜਾਇ ਕੈ ਛਕਯੋ ਹੈ ਮੋਦ ਪਾਇ ਕੈ।
ਭਾਗ ਪਰੀ[1] ਦਿੱਲੀ ਮਾਂਹੀ ਢਿੱਲੀ ਬਿਨ ਦਿਨ ਤਾਂਹੀਂ,
ਰੌਰ ਗੌਰ ਪਰੋ ਤਬਿ ਠੌਰ-ਠੌਰ ਆਇ ਕੈ।
ਦੇਖ ਕੈ ਜਦਾਲ ਜੰਗ[1] ਸਿੰਘਨ ਕਾ ਹੋਇ ਤੰਗ,
ਸ਼ਾਹਿ ਔ ਬਜ਼ੀਰ ਰੰਗ ਢੰਗ ਬਦਲਾਇ ਕੈ ॥ ੬੨ ॥

[1](ਹਹਿਰ) ਡਰ ਤੇ (ਕਹਿਰ) ਮੁਸੀਬਤ ਪਾ ਕੇ।
[1]ਅਨੰਦ ਵਧਾ ਕੇ।
[1]ਭਾਜੜ ਪੈ ਗਈ।
[1]ਜੰਗ ਤੇ ਜੁੱਧ।

ਬਾਦਸ਼ਾਹ ਹੁਤੋ ਤਬਿ ਗੌਹਰ-ਅਲੀ, ਖਿਤਾਬ
ਸਾਨੀ ਸ਼ਾਹ ਬਹਾਦਰ, ਸਾਦਿਰ ਤਾਂਹਿ ਬੇਸ ਹੈ[1]।

[1]ਬਾਦਸ਼ਾਹ ਦਾ ਨਾਮ ਗੌਹਰ ਅਲੀ ਸੀ ਤੇ ਉਸ ਦਾ ਖ਼ਿਤਾਬ ਬਹਾਦਰ ਸ਼ਾਨ ਸਾਨੀ (ਦੂਜਾ ਬਹਾਦਰ ਸ਼ਾਹ) ਸੀ ਅਤੇ ਉਸ ਦਾ (ਬੇਸ) ਸੁਭਾਵ (ਸਾਦਿਰ) ਬੇਫ਼ਿਕਰ ਜਿਹਾ ਸੀ।

ਸਿੰਘਨ ਕਾ ਪੇਖਿ ਕੰਮ ਭਯੋ ਤਾਂ ਕੋ ਬੰਦ ਦੰਮ,
ਗਰਕਯੋ ਅਲੰਮ ਗੰਮ ਵੀਚ ਸੋ ਅਸੇਸ ਹੈ[1]।

[1]ਉਹ (ਅਸੇਸ) ਬਹੁਤੇ (ਅਲੰਮ) ਦੁੱਖ ਤੇ (ਗੰਮ) ਚਿੰਤਾ ਵਿੱਚ (ਗਰਕਯੋ) ਡੁੱਬ ਗਿਆ (ਭਾਵ ਲੀਨ ਹੋ ਗਿਆ)।

ਬੋਲ ਕੈ ਅਮੀਰਨ ਵਜੀਰਨ ਕੋ ਕਹਯੋ ਸ਼ਾਹਿ,
ਕਰੋ ਤਤਬੀਰ[1] ਕਾਈ ਮਿਟੈ ਜਯੋਂ ਕਲੇਸ਼ ਰਹੈ।

[1]ਤਰਕੀਬ, ਢੰਗ, ਵਿਉਂਤ।

ਕੋਊ ਕਹੇ ਜੰਗ ਕਰੋ ਕੋਊ ਕਹੇ ਦਾਮ[1] ਭਰੋ,

[1]ਦਮੜੇ, ਰੁਪਏ।

ਕੋਊ ਕਹੇ ਸਾਮ ਪਰੋ[1] ਰਰੈਂ ਯੌਂ ਬਿਸੇਸ ਹੈਂ[2] ॥੬੩॥

[1]ਸ਼ਰਣ ਪਰੋ। [2]ਇਉਂ ਬਹੁਤ ਕਹਿੰਦੇ ਹਨ।

ਦੋਹਰਾ:

ਸਿਮਰੂ ਕੀ ਬੇਗਮ ਹੁਤੀ,
ਉਸ ਹੀ ਮਸਲਤ ਮਾਂਹਿਂ[1]।

[1]ਸਲਾਹ ਵਿੱਚ।

ਮੇਲ ਕਰਨ ਤਿਨ ਕਹਯੋ ਭਲ,
ਮਾਨ ਲਯੋ ਸਭਿ ਕਾਂਹਿਂ[1] ॥੬੪॥

[1]ਸਭ ਕਿਸੇ ਨੇ।

ਚੌਪਈ:

ਸਿਮਰੂ ਨਾਮ ਇਕ ਭਯੋ ਫਿਰੰਗੀ।
ਫਰਾਂਸੀਸ[1], ਆਕਲ ਬਡ ਜੰਗੀ[2]।

[1]ਫਰਾਂਸ ਦਾ ਵਸਨੀਕ (ਫਿਰੰਗੀ) ਅੰਗਰੇਜ਼ ਸੀ। [2]ਜੰਗ ਕਰਨ ਨੂੰ ਵੱਡਾ ਅਕਲਮੰਦ ਸੀ।

ਪਤਿਸ਼ਾਹਿਨ ਢਿਗ ਬਹੁ ਦਿਨ ਰਹਾ।
ਕਰੇ ਕਾਮ ਵਡ ਮੁਲਕ ਸੁਲਹਾ[1] ॥੬੫॥

[1]ਲੈ ਲਿਆ।

ਥਈ ਸਰਧਨਾ[1] ਤਿਹ ਰਜਧਾਨੀ।

[1]ਸ਼ਹਿਰ।

ਰਹਯੋ ਮੁਹੰਮਦ ਸ਼ਾਹ ਅਗਵਾਨੀ[1]।

[1]ਮੁਖੀ, ਆਗੂ।

ਜਬਿ ਵਹਿ ਮਰਯੋ ਮੇਮ ਪੁਨ ਵਾਹੀ[1]।

[1]ਉਸ ਦੀ।

ਰਹੀ ਸ਼ਾਹ ਢਿਗ ਮਸਲਤ ਮਾਂਹੀਂ ॥੬੬॥
ਹੁਤੀ ਮੇਮ ਵਹਿ ਸਭਿ ਬਿਧਿ ਸਜਾਨੀ।
ਆਕਲ ਆਲਮ ਫਾਜ਼ਲ ਦਾਨੀ[1]।

[1]ਅਕਲ ਵਾਲੀ (ਫਾਜ਼ਿਲ) ਵੱਡੀ (ਆਲਮ) ਵਿਦਵਾਨ ਤੇ (ਦਾਨੀ) ਸਿਆਣੀ ਸੀ।

ਪਾਸ ਬੇਗਮੋਂ ਕੇ ਵਹਿ ਜਾਤੀ।
ਕਾਰ-ਬਾਰ ਸਭਿ ਖੁਦ ਭੁਗਤਾਤੀ[1] ॥੬੭॥

[1]ਸਾਰੇ ਕੰਮ-ਕਾਰ ਆਪ ਕਰਵਾਉਂਦੀ।

ਸਿਮਰੂ ਕੀ ਬੇਗਮ ਤਿਸ ਤਾਂਈਂ।
ਕਹਿਤ ਰਹਿਤ ਸਭ ਲੋਗ ਤਦਾਂਈਂ।
ਔਰ ਕਾਰ ਜੇਤਿਕ ਪਤਿਸ਼ਾਹੀ।

ਹੁਤੋ ਸਭੀ ਤਿਸ ਕੇ ਕਰ ਮਾਹੀਂ[1] ॥੬੮॥ — [1]ਹੱਥ ਵਿੱਚ, ਅਧੀਨ।
ਬਾਦਸ਼ਾਹਿ ਭੀ ਤਿਸ ਕੀ ਬਾਤੈਂ।
ਮਾਨਤ ਰਹਿਤ ਸਦਾ ਬਖਜਾਤੈਂ ॥੬੯॥
ਦੋਹਰਾ:
ਕਹੀ ਅਮੀਰਨ ਸੋਚਿ ਫਿਰ,
ਸ਼ਾਹਿ ਪਾਸ ਯਹਿ ਬਾਤ।
ਹੈ ਇਨ ਮਾਹਿਂ ਬਘੇਲ ਸਿੰਘ,
ਵਡ ਸਰਦਾਰ ਬਖਜਾਤ ॥੭੦॥
ਚੌਪਈ:
ਬਾਤ ਪੰਥ ਸਭਿ ਤਿਸ ਕੀ ਮਾਨੈ।
ਬੀਰ ਬਡੋ ਵਹਿ ਨੀਤੀ ਜਾਨੈ।
ਅਰ ਹਦੂਦ[1] ਹਮਰੀ ਉਸ ਕੇਰੀ। — [1]ਹੱਦ।
ਹੈ ਇਕਠੀ ਸੁਨਿਪਤਿ ਦਿਸ ਨੇਰੀ[1] ॥੭੧॥ — [1]ਸੋਨੀਪਤਿ ਸ਼ਹਿਰ ਵਾਲੇ ਪਾਸੇ ਨੇੜੇ ਹੈ।
ਚੌਪਈ:
ਨਗਰ ਛਲੌਂਦੀ ਵਡ ਰਜਧਾਨੀ।
ਹੈ ਤਿਸ ਕੀ ਹਮਰੇ ਨਿਜਕਾਨੀ[1]। — [1]ਨਜ਼ਦੀਕ, ਨੇੜੇ।
ਮੇਲ ਹੋਇ ਜਬਿ ਉਸ ਕਾ ਹਮਰਾ।
ਕਾਮ ਦੁਹੂੰ ਦਿਸ ਰਹਿ ਹੈ ਸਮਰਾ[1] ॥੭੨॥ — [1]ਸਉਰਿਆ ਰਹੇਗਾ।
ਪੁਨ ਸਿਮਰੂ ਕੀ ਬੇਗਮ ਜੋਈ।
ਧਰਮ-ਭਿਰਾਉ ਯਾਹਿ ਕਾ ਸੋਈ।
ਬੇਗਮ ਤੈ ਨਿਰਨੈ ਕਰਿ ਲੀਜੈ।
ਇਸੀ ਦਵਾਰਾ ਮੇਲ ਕਰੀਜੋ ॥੭੩॥
ਬਾਦਸ਼ਾਹਿ ਤਬਿ ਬੇਗਮ ਬੂਝੀ[1]। — [1]ਬੇਗ਼ਮ ਤੋਂ ਪੁੱਛਿਆ।
ਬੇਗਮ ਕਹੀ ਜੈਸ ਥੀ ਸੂਝੀ[1]। — [1]ਸਮਝੀ।
ਸਾਲ ਅਠਾਰਾਂ ਸੈ ਮੱਧ ਬੱਤੀ।
ਬਾਤ ਬਨੀ ਥੀ ਯੌਂ ਅਲਵੱਤੀ[1] ॥੭੪॥ — [1](ਅਲਵੱਤੀ) ਬਿਨਾਂ ਸੰਸੇ ਤੋਂ ਜਾਣੋ ਕਿ ਗੱਲ ਐਉਂ ਬਣੀ ਸੀ।
ਏਕ ਬਾਰ ਮੈਂ ਦਿਸ ਕਰਨਾਲੈਂ।
ਦੌਰਾ ਕਰਨੇ ਗਈ ਬਿਸਾਲੈਂ।
ਜਬਿ ਮੈਂ ਰੁਹਤਕ ਕੇ ਢਿਗ ਗਈ।
ਕਿਨਹੂੰ ਖਬਰ ਸਿੰਘਨ ਕੋ ਦਈ ॥੭੫॥

ਜੰਗਲ ਮੈਂ ਸਿੰਘਨ ਮੁਹਿ ਘੇਰਾ।	
ਲੂਟ ਲਯੋ ਅਸਬਾਬ ਬਧੇਰਾ[1]।	[1]ਬਹੁਤਾ।
ਉਨਹਿਂ ਕਜਾਕੋਂ ਕਾ[1] ਸਰਦਾਰੈਂ।	[1]ਉਨ੍ਹਾਂ ਡਾਕੂਆਂ ਦਾ, ਲੁਟੇਰਿਆਂ ਦਾ।
ਥਾ ਬਘੇਲ ਸਿੰਘ ਤਬਿ ਉਨ ਨਾਰੈਂ[1] ॥ ੭੬ ॥	[1]ਨਾਲ।
ਸੰਗ ਫੌਜ ਥੀ ਹਮਰੇ ਜੇਤੀ।	
ਗਈ ਦੌਰ, ਕਿਛ ਸਿੰਘਨ ਛੇਤੀ[1]।	[1]ਛੇਦੀ, ਕੱਟੀ ਭਾਵ ਮਾਰੀ।
ਜਬੈ ਪਾਲਕੀ ਮੇਰੀ ਘੇਰੀ।	
ਦਈ ਦੁਹਾਈ ਮੈਂ ਇਸ ਕੇਰੀ ॥ ੭੭ ॥	
ਸੁਨਿ ਬਘੇਲ ਸਿੰਘ ਆਯੋ ਦੌਰੀ।	
ਸਿੰਘ ਹਟਾਏ ਪਾਛੇ ਔਰੀ।	
ਤਬਿ ਇਨ ਮੁਝ ਸੋਂ ਯੌਂ ਥਾ ਕਹਜੋ।	
ਕਹੋ ਭੈਣ ਜੀ ਕਜਾ ਤੁਮ ਚਹਜੋ ॥ ੭੮ ॥	
ਤਬਿ ਮੈਂ ਭੀ ਨਿਜ ਮਤਲਬ ਪਾਛੇ।	
ਭਾਈ-ਧਰਮ ਬਨਾਯੋ ਆਛੇ।	
ਸਿਰੇ-ਪਾਉ ਮੈਂ ਇਸ ਕੋ ਦਯੋ।	
ਯਹਿ ਪੁਨ ਮੁਹਿ ਨਿਜ ਘਰ ਲੈ ਗਯੋ ॥ ੭੯ ॥	
ਜੋ ਅਸਬਾਬ ਗਯੋ ਥਾ ਮੇਰਾ।	
ਦਯੋ ਫਿਰਾਇ ਸਿੰਘਨ ਤੈ ਫੇਰਾ[1]।	[1]ਫੇਰ ਸਿੰਘਾਂ ਤੋਂ ਵਾਪਸ ਮੁੜਾ ਦਿੱਤਾ।
ਖਿਜਮਤ[1] ਔਰ ਕਰੀ ਮਮ ਭਾਰੀ।	[1]ਸੇਵਾ।
ਤੇਵਰ ਜ਼ੇਵਰ[1] ਦਏ ਅਪਾਰੀ ॥ ੮੦ ॥	[1]ਤਿਉਰ (ਸ਼ਰੀਰ ਦੇ ਤਿੰਨ ਤਿੰਨ ਕਪੜੇ) ਜੇਵਰ (ਗਹਿਣੇ)।
ਜਿਤਿਕ ਭੈਣ ਭਾਈ ਕੀ ਰੀਤੀ।	
ਸਭੀ ਰਸੂਮ ਵਾਹਿ ਭਲ ਕੀਤੀ[1]।	[1]ਸਾਰੀਆਂ (ਰਸੂਮ) ਰਸਮਾਂ (ਰੀਤਾਂ) (ਵਾਹਿ) ਉਸ (ਬਘੇਲ ਸਿੰਘ) ਨੇ ਚੰਗੀ ਤਰ੍ਹਾਂ ਕੀਤੀਆਂ।
ਹ੍ਵੈ ਅਸਵਾਰ ਸੰਗ ਮਮ ਅਯੋ।	
ਦਿੱਲੀ ਦਾਖਲ ਕਰਿ ਫਿਰ ਗਯੋ ॥ ੮੧ ॥	
ਤਬਿ ਤੈ ਹਮ ਸੋਂ ਸੋਈ ਨਾਤਾ[1]।	[1]ਰਿਸ਼ਤਾ, ਸਾਕ।
ਰਾਖਤ ਹੈ ਯਹਿ ਪਾਕ[1] ਬਖਜਾਤਾ।	[1]ਪਵਿੱਤ੍ਰ।
ਜਬਿ ਜਬਿ ਦਲ ਸਿੰਘਨ ਕਾ ਆਯੋ।	
ਲੂਟਨ ਤੈ ਮਮ ਮੁਲਕ ਬਚਾਯੋ ॥ ੮੨ ॥	
ਤੋਲ ਬੋਲ ਕਾ ਹੈ ਯਹਿ ਪੂਰਾ।	

ਬੀਰ ਬਾਂਕੁਰੋ[1] ਧਰਮੀ ਸੂਰਾ। — [1]ਸੁੰਦਰ ਸੂਰਮਾਂ।
ਪੰਥ ਖਾਲਸਾ ਭੀ ਇਸ ਕੇਰੀ।
ਮਾਨਤ ਬਾਤ ਸਾਤ ਭਲ ਹੇਰੀ[1] ॥੯੩॥ — [1]ਸੱਚ ਮੰਨਦਾ ਹੈ ਇਹ ਗੱਲ ਚੰਗੀ ਤਰ੍ਹਾਂ ਦੇਖੀ ਹੈ।
ਐਸੇ ਵਡ ਸਰਦਾਰ ਮਰਦ ਸੈਂ।
ਰਖਨਾ ਚਾਹੀਏ ਮੇਲ ਦਰਦ ਸੈਂ[1]। — [1]ਹਮਦਰਦੀ ਨਾਲ।
ਦੈਹੈ ਕਾਮ ਬਡੋ ਕਿਤ ਏਹੂ।
ਰਾਖਹੁ ਅਪਨਾ ਕਰਿ ਇਸ ਕੇਹੂ[1] ॥੯੪॥ — [1]ਇਸ ਨੂੰ।

ਦੋਹਰਾ:
ਬਾਦਸ਼ਾਹ ਸੁਨਿ ਪੁਨ ਕਹਜੋ,
ਤੁਮ ਲਿਹੁ ਸੰਗ ਬਜੀਰ।
ਜਾਵਹੁ ਅਬਿ ਹੀ ਸਿੰਘਨ ਢਿਗ,
ਕਰੋ ਐਸ ਤਦਬੀਰ[1] ॥੯੫॥ — [1]ਵਿਉਂਤ।
ਬੈਰ-ਭਾਵ ਪਿਛਲਾ ਤਜੈ,
ਪੰਥ ਖਾਲਸਾ ਸਾਰ[1]। — [1]ਸਾਰਾ।
ਆਗੇ ਕੋ ਜਜੋਂ ਬਨਜੋ ਰਹਿ,
ਹਮਰੋ ਮੱਦਦਗਾਰ ॥੯੬॥

ਕਬਿੱਤ:
ਸ਼ਾਹਿ ਕਾ ਹੁਕਮ ਚਾਹਿ ਬੇਗਮ ਤਮੀਲ ਕੀਓ[1], — [1]ਬੇਗ਼ਮ (ਤਮੀਲ) ਅਮਲ ਕਰਨਾ ਚਾਹੁੰਦੀ ਹੈ।
ਫੀਲ[1] ਬਡ ਦੈ ਵਕੀਲ ਸਿੰਘ ਪੈ ਪਠਾਯੋ ਹੈ। — [1]ਹਾਥੀ।
ਬੇਗਮ ਕੀ ਓਰ ਤੈ ਸਫੀਰ[1] ਜਾਇ ਸਿੰਘ ਜੀ ਕੋ, — [1]ਰਾਜ ਦੂਤ।
ਬਾਤਨ ਰਿਝਾਇ[1] ਕੈ ਚਢਾਇ ਸੰਗ ਲਜਾਯੋ ਹੈ। — [1]ਪ੍ਰਸੰਨ ਕਰਕੇ।
ਪਾਂਚਕ ਸੈ ਅਸਵਾਰ ਲਜਾਯੋ ਸੰਗ ਸਰਦਾਰ,
ਬੇਗਮ ਕੇ ਬਾਗ ਮੈਂ ਬਘੇਲ ਸਿੰਘ ਆਯੋ ਹੈ।
ਭੈਣ ਭਾਈ ਜਿਮ ਉਭੈ[1] ਮਿਲੇ ਤਬਿ ਮੋਦ ਪਾਇ, — [1]ਦੋਵੇਂ।
ਬੇਗਮ ਨੈ ਵਹਾਂ ਹੀ ਬਜੀਰ ਕੋ ਬੁਲਾਯੋ ਹੈ ॥੯੭॥
ਬਾਦਸ਼ਾਹਿ ਓਰ ਤੈ ਬਜੀਰ ਮੁਲਾਕਾਤ ਕਰਿ,
ਸਿੰਘ ਜੀ ਕੋ ਕਹਜੋ ਆਪ ਹੂਜੀਏ ਹਮਾਰੇ ਹੈਂ।
ਛੋਰ ਦੀਜੈ ਬੈਰ-ਭਾਵ ਪਾਛੇ ਜੋਊ ਭਏ ਸਭਿ,
ਆਇੰਦੇ ਕੋ[1] ਮੇਲ ਅਬਿ ਰਾਖੀਏ ਅਪਾਰੇ ਹੈਂ। — [1]ਅੱਗੋਂ ਆਉਣ ਵਾਲੇ ਸਮੇਂ ਵਾਸਤੇ।
ਬਾਬੇ ਕੈ ਹੈਂ ਤੁਮ, ਅਰ ਬਾਬਰ ਕੇ ਹਮਹੂੰ ਹੈਂ,

ਕਹਯੋ ਜੋ ਦਸਮ ਗੁਰੁ ਲੇਹੁ ਉਰ ਧਾਰੇ ਹੈਂ।
ਕਰਾਮਾਤ ਹੂੰ ਤੈਂ ਵਡੀ ਮੁਲਾਕਾਤ ਗਾਤ ਜਗ[1],
ਮਿਲਬੇ ਕੀ ਮਹਿਮਾ ਤੋ ਗ੍ਰੰਥ ਭੀ ਉਚਾਰੇ ਹੈਂ[1] ॥ ੮੮ ॥

[1]ਜਗਤ (ਗਾਤ) ਕਹਿੰਦਾ ਹੈ।
[1]ਮਿਲਾਪ ਦੀ ਮਹਿਮਾਂ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵੀ ਕਹਿੰਦੇ ਹਨ:- ਜਿਵੇਂ:- "ਮਿਲਬੇ ਕੀ ਮਹਿਮਾਂ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ ॥ "

ਤੁਮਰੀ ਹਮਾਰੀ ਜਬਿ ਦੋਸਤੀ ਰਹੇਗੀ, ਤਬਿ
ਮੂਹਟੇ ਫਿਰੰਗੀ ਡਰਿ ਖੁਦ ਹੀ ਨ ਆਇ ਹੈਂ।
ਚਾਹਿਤ ਹੈਂ ਆਪ ਜੋਈ ਅਬਿ ਲੈਹੁ ਮੋ ਤੇ ਸੋਈ,
ਸਿੰਘਨ ਕਾ ਦਲ ਪਾਛੇ ਦੀਜੀਏ ਹਟਾਇ ਹੈ।
ਲੂਟ ਮਾਰ ਕੀਜੀਏ ਨਾ ਦੂਖ ਕਾਹੂੰ ਦੀਜੀਏ,
ਲਖੀਜੀਏ ਸਭੀ ਕੌ ਰੂਪ ਖਲਕ ਖੁਦਾਇ ਹੈ[1]।
ਮੀਠੀ ਮੀਠੀ ਬਾਤੈਂ ਕਰਿ ਰਾਜਨੀਤਿ ਹੂੰ ਕੀ ਤਰ[1],
ਚਾਹਿਤ ਬਜੀਰ ਭਰ ਟਾਲਯੋ ਬਲਾਇ ਹੈ[1] ॥ ੮੯ ॥

[1]ਸਾਰੀ (ਖ਼ਲਕਤ) ਸ੍ਰਿਸ਼ਟੀ ਨੂੰ ਖ਼ੁਦਾ ਦਾ ਹੀ ਰੂਪ ਜਾਣੋ।
[1]ਬਹੁਤੀਆਂ।
[1](ਭਰ) ਜੰਗ ਦੀ ਬਲਾ ਟਾਲੀ ਚਾਹੁੰਦਾ ਹੈ।

ਬਤੀਆਂ ਬਜੀਰ ਕੀ ਬਘੇਲ ਸਿੰਘ ਸਰਦਾਰ,
ਸੁਨ ਕਰਿ ਖ਼ੁਸ਼ੀ ਹੋਇ, ਕਹਯੋ ਯੌਂ ਸੁਨਾਇ ਹੈ।
ਮੇਲ ਤੁਮ ਰਾਖੈਂ ਤਬਿ ਹਮਹੂੰ ਨ ਨਾਖੈਂ,
ਰਸਬੀਰ ਆਪ ਚਾਖੈਂ ਹਮ ਮਾਖੈਂ ਬਹੁ ਭਾਇ ਹੈਂ[1]।

[1]ਤਾਂ ਅਸੀਂ (ਨਾਖੈਂ) ਉਲੰਘਣਾ ਨਹੀਂ ਕਰਾਂਗੇ, ਜੇ ਆਪ ਭਾਵ ਤੁਸੀਂ ਬੀਰ-ਰਸ ਚੱਖਣਾ ਚਾਹੋਗੇ ਭਾਵ ਜੰਗ ਕਰੋਗੇ ਤਾਂ ਅਸੀਂ ਵੀ (ਬਹੁ ਭਾਇ) ਬਹੁਤ ਤਰ੍ਹਾਂ ਭਾਵ ਹਰ ਤਰ੍ਹਾਂ (ਮਾਖੈਂ) ਕਰੋਧ ਸਹਿਤ ਹੋ ਕੇ (ਜੰਗ ਲੜਾਂਗੇ)।

ਦੋਸਤੋਂ ਕਾ ਦੋਸਤ ਹੈ ਬੈਰਿਨ ਕਾ ਬੈਰੀ ਪੰਥ,
ਕਪਟੀ ਸੋਂ ਕਪਟੀ ਸਫਾਇ ਸੋਂ ਸਫਾਇ ਹੈ।
ਪੰਥ ਗੁਰੂ ਖਾਲਸਾ ਬਿਸਾਲਸਾ ਕਲਪ ਤਰੁ[1]
ਦੇਤ ਮਨ-ਇੱਛ ਫਰ ਲੀਜੈ ਅਜਮਾਇ ਹੈ ॥ ੯੦ ॥

[1](ਬਿਸਾਲਸਾ) ਵੱਡਾ ਕਲਪਤਰ ਬ੍ਰਿੱਛ ਹੈ।

ਆਪ ਕੇ ਬੁਲਾਏ ਹਮ ਆਏ ਧਾਏ ਈਹਾਂ ਲਗ[1],
ਔਰ ਜਹਾਂ ਚਹੋ ਤਹਾਂ ਲੈ ਚਲੋ ਲਰਾਨ ਕੌ।
ਜਾਂਹਿ ਕੋ ਸੁਭਾਵ ਜੈਸੇ ਹੋਤ, ਨਾਹਿੰ ਖੋਤ ਤੈਸੋ[1],
ਲੂਟ ਮਾਰ ਦੰਗਾ ਜਾਤਿ ਗੋਤ ਹੈ ਸਿੰਘਾਨ ਕੌ।
ਚਾਹਿਤ ਜੌ ਪਾਛੇ ਅਬਿ ਇਨ ਕੋ ਹਟਾਯੋ ਆਛੇ[1],

[1]ਏਥੋਂ ਤੱਕ।
[1]ਉਹੋ ਜਿਹਾ ਸੁਭਾਵ ਉਹ ਛੱਡ ਨਹੀਂ ਸਕਦਾ।
[1]ਚੰਗੀ ਤਰ੍ਹਾਂ।

ਦੀਜੀਏ ਨਕਦ ਕਿਛ ਖਰਚ ਇਨ੍ਹਾਨ ਕੌ[1]। — [1]ਇਨ੍ਹਾਂ (ਸਿੰਘਾਂ) ਨੂੰ।
ਸੁਨ ਕੈ ਬਜ਼ੀਰ ਹ੍ਵੈ ਅਧੀਰ[1] ਕਹਯੋ ਮਾਫ ਕੀਜੈ, — [1]ਧੀਰਜ ਤੋਂ ਰਹਿਤ, ਘਬਰਾ ਕੇ।
ਮਾਂਗਤ ਖਰਚ ਨਾਲੇ ਲੂਟਯੋ ਜਹਾਨ ਕੌ ॥ ੯੧ ॥
ਫੇਰ ਕਹਯੋ ਸਿੰਘ ਜੀ ਨੈ ਆਯੋ ਪੰਥ ਜਿਸ ਹੇਤ,
ਸੋਊ ਕਾਮ ਕੀਏ ਬਿਨਾ ਹਟੈਂ ਨਾ ਹਟਾਏ ਹੈਂ।
ਭਾਖਯੋ ਬਜ਼ੀਰ ਵਹਿ ਕੋ ਹੈ ਕਾਮ ਕਰੋ ਕਿ ਨ[1], — [1]ਉਹ ਕਿਹੜਾ ਕੰਮ ਹੈ (ਕਰੋ ਕਿ ਨ) ਤੇ ਤੁਸੀਂ ਕਿਉਂ ਨਹੀਂ ਕਰਦੇ ਭਾਵ ਤੁਸੀਂ ਕਰੋ।
ਕਹਯੋ ਸਿੰਘ ਗੁਰੂ ਜੋ ਹਮਾਰੇ ਈਹਾਂ ਆਏ ਹੈਂ।
ਹਿੰਦੁ ਕੇ ਧਰਮ ਹੇਤ ਦੀਏ ਸਿਰ ਜਹਾਂ ਉਨ,
ਸੋਊ ਤੋ ਮਕਾਨ[1] ਪੰਥ ਚਾਹਿਤ ਬਨਾਏ ਹੈਂ। — [1]ਅਸਥਾਨ ਭਾਵ ਗੁਰਦੁਆਰੇ।
ਜਾਇ ਫਿਰ ਬੇਗਮ ਬਜੀਰ ਬਾਦਸ਼ਾਹਿ ਢਿਗ,
ਸਿੰਘਨ ਕੇ ਮਨੋ ਰਾਜ[1] ਸ਼ਾਹਿ ਕੋ ਸੁਨਾਏ ਹੈਂ ॥ ੯੨ ॥ — [1]ਸੰਕਲਪ, ਇਰਾਦੇ।
ਕਹਯੋ ਬਾਦਸ਼ਾਹਿ ਜਹਾਂ ਚਾਹਿਤ ਬਘੇਲ ਸਿੰਘ,
ਲੇਵੈ ਬਨਵਾਇ ਨਿਜ ਗੁਰੋਂ ਕੇ ਮਕਾਨ ਸੋ।
ਗੁਰੁਦ੍ਵਾਰੇ ਦ੍ਵਾਦਸ ਬਨਾਵਨੇ ਕਾ ਹੁਕਮ,
ਲਿਖਾਇ ਬਾਦਸ਼ਾਹਿ ਤੈ ਬਜੀਰ ਦਯੋ ਆਨ ਸੋ।
ਪੰਥ ਕਾ ਦਿਖਾਇ ਜੋਰ ਬੇਗਮ ਬਜੀਰ ਫੇਰ
ਸਹੀਆਂ ਕਰਾਇ ਦਈਆਂ ਔਰ ਅਮੀਰਾਨ ਸੋਂ[1]। — [1](ਤੁਰਕ) ਸਰਦਾਰਾਂ ਕੋਲੋਂ।
ਕਹਯੋ ਫੇਰ ਸਿੰਘ ਬਿਨਾ ਹਾਕਮੀ ਨ ਬਨੈ ਏਹੁ,
ਦੇਹੁ ਕੋਟਵਾਲੀ ਔ ਜਗਾਤ ਮੋਹਿ ਆਨ ਸੋ[1] ॥ ੯੩ ॥ — [1](ਕੁਟਵਾਲੀ) ਸ਼ਹਿਰ ਦੀ ਰੱਖਿਆ ਤੇ ਇਨਸਾਫ਼ ਕਰਨ ਵਾਲੀ ਅਹੁਦੇਦਾਰੀ ਅਤੇ (ਜਗਾਤ) ਸ਼ਹਿਰ ਦੀ ਚੁੰਗੀ (ਸੋ) ਉਹ ਮੈਨੂੰ ਲਿਆ ਕੇ ਦਿਉ।
ਸੋ ਭੀ ਫਿਰ ਸ਼ਾਹਿ ਤੈ ਲਿਖਾਇ ਦਯੋ ਬੇਗਮ ਨੈ,
ਭਯੋ ਤਬਿ ਸਿੰਘ ਦਿੱਲੀ ਹਾਕਮ ਇਸ ਤੌਰ ਹੈ[1]। — [1]ਇਸ ਢੰਗ ਨਾਲ।
ਪਾਂਚ ਸੌ ਸਵਾਰ ਢਿਗ ਚੁਣਮੇਂ ਲਏ ਹੈਂਰਾਖ,
ਪਾਛੇ ਕੋ ਹਟਾਇ ਦਯੋ ਆਛੇ ਪੰਥ ਔਰ ਹੈ।
ਸਬਜ਼-ਮੰਡੀ ਮੈਂ ਡੇਰਾ ਠੱਟ ਕੈ[1] ਬਘੇਲ ਸਿੰਘ, — [1]ਬਣਾ ਕੇ, ਸਜਾ ਕੇ।
ਬੈਠ ਕੈ ਚਬੂਤਰੇ[1] ਹੁਕਮ ਕੀਓ ਗੌਰ ਹੈ। — [1]ਕੋਤਵਾਲ ਦੀ ਕਚਹਿਰੀ।
ਫੇਰ ਦਿਲਵਾਲੀ ਸਿੱਖ ਗੁਰੂ ਕੇ ਬੁਲਾਇ ਬੂਝੇ[1], — [1]ਪੁੱਛੇ।
ਤਿਨਹੂੰ ਬਤਾਈ ਤਹਾਂ ਜੇਤੀ ਗੁਰੁ ਠੌਰ ਹੈਂ ॥ ੯੪ ॥

ਚੌਪਈ:

ਮਾਤ ਸੁੰਦਰੀ ਸਾਹਿਬ ਦੇਵੀ।
ਦਸਮ ਗੁਰੂ ਕੇ ਮਹਿਲ ਜੁ ਥੇਵੀ[1]। — [1]ਜੋ ਮਹਿਲ ਸਨ।
ਰਹੇ ਹਵੇਲੀ ਜਹਿਂ ਮੱਧ ਦਿੱਲੀ।
ਪੀੜ੍ਹੇ ਰਚੇ ਤਾਹਿਂ ਬਿਨ ਢਿੱਲੀ ॥੯੫॥
ਕਰਿ ਪਰਸਾਦ ਤਹਾਂ ਬਟਵਾਯੋ[1]। — [1]ਵਰਤਾਇਆ।
ਤੁੰਗ ਨਿਸ਼ਾਨ[1] ਏਕ ਝੁਲਵਾਯੋ। — [1]ਉੱਚਾ ਨਿਸ਼ਾਨ ਸਾਹਿਬ।
ਪੁਨਾ ਜੈਪੁਰੇ ਬਸਤੀ ਮਾਂਹੀਂ[1]। — [1]ਜੈ ਸਿੰਘਰਾਜੇ ਦੇ ਨਾਮ ਤੇ ਵਸਾਈ ਹੋਈ ਅਬਾਦੀ ਵਿੱਚ।
ਦੇਹ ਤਜੀ ਅਸ਼ਟਮ ਗੁਰੁ ਜਾਂਹੀ[1] ॥੯੬॥ — [1]ਜਿੱਥੇ।
ਤਹਾਂ ਬੰਗੁਲਾ ਸਾਹਿਬ ਨੀਕੇ।
ਰਚਜੋ ਅਹੇ ਅਬਿ ਲੌਂ ਜੋ ਠੀਕੇ।
ਕਰਿ ਪਰਸਾਦ ਝੁਲਾਯੋ ਝੰਡਾ।
ਜਸ ਅਖੰਡ ਗੁਰੁ ਘਰ ਕਾ ਮੰਡਾ[1] ॥੯੭॥ — [1]ਸਜਾਇਆ।
ਦੇਹ ਜਹਾਂ ਗੁਰੁ ਅਸ਼ਟਮ ਕੇਰੀ।
ਔਰ ਉਭੈ ਮਾਤਾ ਕੀ ਫੇਰੀ[1]। — [1]ਫੇਰ, ਪੁਨਹ।
ਸਸਕਾਰੀ ਥੀਂ ਸਿੱਖਨਿ ਜਹਾਂ।
ਬਾਰਾਂ ਪੁਲ ਨਾਲਾ ਹੈ ਤਹਾਂ ॥੯੮॥
ਦੇਹਲੀ ਦਰਵਾਜੇ ਤੈ ਬਾਹਰ।
ਰਚੇ ਦੇਹੁਰੇ* ਤੀਨੋ ਜ਼ਾਹਰ। — *ਹੁਣ ਉਸ ਜਗ੍ਹਾ ਦਾ ਨਾਮ ਗੁਰਦੁਆਰਾ ਬਾਲਾ ਸਾਹਿਬ ਹੈ।
ਪੁਨਾ ਰਕਾਬ ਗੰਜ ਮੈਂ ਔਰੈਂ।
ਨੌਮ ਗੁਰੂ ਕਾ ਤਨ ਜਿਸ ਠੌਰੈਂ ॥੯੯॥
ਸਸਕਾਰਜੋ ਥਾ ਸਿੱਖ ਲੁਬਾਣੇ।
ਨਾਇਕ ਲੱਖੀ ਨਾਮ ਮਹਾਨੇ[1]। — [1](ਨਾਇਕ) ਵਣਜਾਰਿਆਂ ਦੇ ਵੱਡੇ ਸਰਦਾਰ ਲੱਖੀ ਸ਼ਾਹ ਨਾਮ ਦੇ ਮਹਾਨ ਸਿੱਖ ਨੇ।
ਸਮਾਂ ਪਾਇ ਤਿਸ ਠੌਰ ਪਰੈਂ ਹੀ[1]। — [1]ਉਸ ਜਗ੍ਹਾ ਦੇ ਉੱਪਰ ਹੀ।
ਮਹਿਜਦ ਤੁਰਕੈਂ ਰਚੀ ਧਰੈਂ ਹੀ[1] ॥੧੦੦॥ — [1]ਤੁਰਕਾਂ ਨੇ (ਮਹਿਜਦ) ਮਸੀਤ ਬਣਾਰੱਖੀ ਸੀ।
ਸੰਤਤ[1] ਲੱਖੀ ਕੀ ਥੀ ਜੋਈ। — [1]ਉਲਾਦ।
ਤਿਨੈ ਆਇ ਸਿੰਘ ਇਮ ਗੋਈ[1]। — [1]ਕਹੀ।
ਗੁਰੁ ਤਨ ਕੀ ਬਿਭੂਤ ਜੋ ਥਾਈ[1]। — [1]ਸੀ।
ਭਰਿ ਗਾਗਰ ਥੀ ਇਹਾਂ ਦਬਾਈ ॥੧੦੧॥

ਇਹੁ ਸੁਨ ਸਿੰਘ ਜੀ ਦ੍ਰਿਢ ਮਨ ਮਾਨੀ[1]। — [1]ਪੱਕੀ ਤਰ੍ਹਾਂ ਮਨ 'ਚ ਮੰਨ ਕੇ।
ਚਾਹੀ ਮਹਿਜਦ ਜਬੈ ਗਿਰਾਨੀ[1]। — [1]ਢਾਹੁਣੀ ਚਾਹੀ।
ਪੇਖਿ ਅਈ ਚਢ ਮਿਲਿ ਤੁਰਕਾਨੀ।
ਦੰਗਾ[1] ਹੋਵਨ ਲਗ੍ਯੋ ਮਹਾਨੀ ॥੧੦੨॥ — [1]ਜੰਗ।
ਸੁਨਿ ਪਤਿਸ਼ਾਹਿ ਬਜੀਰ ਪਠਾਯੋ।
ਜੰਗ ਹੋਨ ਤੈ ਤਾਂਹਿ ਹਟਾਯੋ।
ਸਿੰਘ ਜੀ ਕਹ੍ਯੋ ਹਮਾਰ ਨਿਸ਼ਾਨੀ।
ਹੈ ਮਸੀਤ ਕੇ ਤਲੇ ਮਹਾਨੀ ॥੧੦੩॥
ਹਮਰੇ ਗੁਰੁ ਕੀ ਇਸ ਹੀ ਠੌਰੈਂ।
ਮਹਿਜਦ ਰਚੀ ਪੁਨਾ ਇਨ ਗੌਰੈਂ[1]। — [1]ਵੱਡੀ, ਭਾਰੀ।
ਹਮਰੇ ਗੁਰੁ ਕੇ ਤਨ ਕੀ ਖਾਕੈਂ[1]। — [1]ਰਾਖ, ਬਿਭੂਤੀ।
ਗਾਗਰ ਭਰੀ ਧਰੀ ਹੈ ਪਾਕੈਂ[1] ॥੧੦੪॥ — [1]ਪਵਿੱਤ੍ਰ।
ਜੇ ਕਰ ਹਮਰੀ ਏਹੁ ਨਿਸ਼ਾਨੀ।
ਨਹਿਂ ਨਿਕਸੈ ਤਬਿ ਕੂਰ ਪਛਾਨੀ।
ਫਿਰ ਮਸੀਤ ਐਸੀ ਰਚ ਦੈਹੈਂ।
ਨਿਕਸੈ ਤੌ ਗੁਰੁਦ੍ਵਾਰ ਰਚੈ ਹੈਂ ॥੧੦੫॥
ਬਾਤ ਏਹੁ ਸਭਿ ਕੇ ਮਨਿ ਭਾਈ।
ਤੁਰਕਨ ਤੈ ਬਜੀਰ ਲਿਖਵਾਈ।
ਕਹੀ ਬਘੇਲ ਸਿੰਘ ਜੋ ਠੌਰੈਂ।
ਸੋ ਬਜੀਰ ਪੁਟਵਾਈ ਗੌਰੈਂ[1] ॥੧੦੬॥ — [1]ਖ਼ਿਆਲ ਨਾਲ, ਪਿਆਰ ਨਾਲ।
ਸ਼ਕਤੀ ਸਾਗਰ[1] ਗਾਗਰ ਨਿਕਸੀ। — [1]ਸ਼ਕਤੀ ਦਾ ਸਮੁੰਦਰ।
ਪਿਖਿ ਸਿੱਖਨ ਕੀ ਬੁੱਧੀ ਬਿਗਸੀ[1]। — [1]ਖਿੜ ਗਈ।
ਭਰੀ ਬਿਭੂਤੀ ਸੋਂ ਮਜ਼ਬੂਤੀ[1]। — [1]ਤਕੜਾਈ ਨਾਲ।
ਤੁਰਕ ਲਜਾਨੇ ਪੇਖਿ ਕਸੂਤੀ[1] ॥੧੦੭॥ — [1](ਕਸੂਤੀ) ਆਪਣੇ ਵਿਰੁੱਧ ਗੱਲ ਵੇਖ ਕੇ ਤੁਰਕ ਸ਼ਰਮਿੰਦੇ ਹੋਏ।
ਪੜੇ ਘੜੇ ਪਾਨੀ ਮਧ ਸਿਰ ਕੇ[1]। — [1]ਸਿਰ ਵਿੱਚ (ਸੌ) ਘੜੇ ਪਾਣੀ ਦੇ ਪੈ ਗਏ ਭਾਵ ਚੁੱਪ ਹੋ ਗਏ।
ਨੀਚੇ ਨਾਰ ਡਾਰ ਸਭਿ ਸਿਰ ਕੇ[1]। — [1]ਥੱਲੇ ਧੌਣਾਂ ਸਿੱਟ ਕੇ ਸਾਰੇ (ਸਿਰਕੇ) ਖਿਸਕ ਗਏ ਭਾਵ ਚਲੇ ਗਏ।
ਰਚੋ ਦੇਹੁਰਾ ਕਹ੍ਯੋ ਵਜੀਰੈਂ।
ਪੰਥ ਖਾਲਸੇ ਤਬਿ ਬਿਨ ਧੀਰੈ[1] ॥੧੦੮॥ — [1]ਡੇਰੀ ਤੋਂ ਬਿਨਾਂ।

ਢਾਹਿ ਮਸੀਤ ਰਚਯੋ ਗੁਰੁਦ੍ਵਾਰਾ।
ਧਰੇ ਨਿਸ਼ਾਨ, ਨਿਸ਼ਾਨ ਝੁਲਾਰਾ[1]। — [1]ਧੌਂਸੇਰੱਖ ਦਿੱਤੇ, ਨਿਸ਼ਾਨ ਸਾਹਿਬ ਝੁਲਾ ਦਿੱਤਾ।
ਰਾਗੀ ਬੋਲਿ[1] ਸ਼ਬਦ ਪਢਵਾਯੋ। — [1]ਬੁਲਾ ਕੇ।
ਪੰਚਾਂਮ੍ਰਿਤ ਬਹੁ ਕਰਿ ਵਰਤਾਯੋ ॥੧੦੯॥
ਲਿਖ ਜਗੀਰ ਕਾ ਦੀਨੋ ਪੱਟਾ[1]। — [1]ਸਨਦ, ਅਧਿਕਾਰ-ਪੱਤ੍ਰ।
ਯੇ ਗੁਰੁਦ੍ਵਾਰਾ ਖਸ਼ਟਮ ਠੱਟਾ[1] ॥੧੧੦॥ — [1]ਛੇਵਾਂ ਗੁਰਦੁਆਰਾ ਬਣਵਾਇਆ।

ਕਬਿੱਤ:
ਜਹਾਂ ਸੀਸ-ਗੰਜ ਆਹਿ ਸਿੰਘ ਖੋਜ ਰਹੇ ਤਾਂਹਿ,
ਚਿੰਨ ਕਿਛੁ ਮਿਲੈ ਨਾਂਹਿ ਵਾਹਿ ਤਬਿ ਠੌਰ ਕੋ।
ਫੇਰ ਯੌਂ ਵਿਚਾਰ ਕੈ ਬਘੇਲ ਸਿੰਘ ਸਰਦਾਰ,
ਬੂਝੇ ਨਰ ਨਾਰਿ ਬ੍ਰਿਧ ਬੂਢੇ ਬੋਲ ਔਰ ਕੋ[1]। — [1]ਵੱਡੀ ਉਮਰ ਦੇ ਬੁੱਢੇ ਤੇ ਹੋਰਨਾਂ ਨੂੰ ਬੁਲਾ ਕੇ ਪੁੱਛਿਆ।
ਬੋਲੀ ਏਕ ਤੁਰਕਾਨੀ ਬੁਢੀਆ ਪੁਰਾਨੀ ਅਤਿ,
ਮਾਸ਼ਕਨ[1] ਸਜਾਨੀ ਔ ਮਹਾਨੀ ਵਰ ਤੌਰ ਕੋ[2]। — [1]ਮਾਸ਼ਕੀ ਦੀ ਇਸਤ੍ਰੀ। [2]ਚੰਗੇ ਤ੍ਰੀਕੇ ਵਾਲੀ।
ਪਾਊਂ ਜੌ ਇਨਾਮ ਤੌ ਦਿਖਾਊਂ ਤੁਮੈ ਸੋਊ ਠੌਰ,
ਜਹਾਂ ਸੀਸ ਉਤਰਯੋ ਤੁਮਾਰੇ ਗੁਰੁ ਗੌਰ ਕੋ[1] ॥੧੧੧॥ — [1]ਵੱਡੇ ਗੁਰਾਂ ਦਾ।
ਲੈ ਕਰਿ ਅਪਾਰ ਧਨ ਕਹਯੋ ਤਬਿ ਮਾਸ਼ਕਨ,
ਕੂਪ ਕੋਟਵਾਲੀ ਹੂੰ ਕੇ ਤਟ ਬਟ ਕੈ ਤਰੇ[1]। — [1]ਕੋਤਵਾਲੀ ਦੇ ਖੂਹ ਦੇ ਕਿਨਾਰੇ ਬੋਹੜ ਦੇ ਥੱਲੇ।
ਭਜਨ ਕਰਤ ਗੁਰੁ ਤੁਮਰੇ ਨਿਹਾਰੇ ਹਮ,
ਬਾਲਕ ਅਨੇਕ ਤਹ ਖੇਲ ਰਹੇ ਥੇ ਭਰੇ[1]। — [1]ਭਲੀ ਪ੍ਰਕਾਰ।
ਤਾਂਹੀ ਸਮੇਂ ਸ਼ਾਹਿ ਕੇ ਹੁਕਮ ਸੇ ਜਲਾਦ ਆਇ,
ਕਤਲਾਏ ਗੁਰੂ ਲੋਗ ਦੇਖ ਰਹੇ ਥੇ ਖਰੇ[1]। — [1]ਖੜ੍ਹੇ ਹੋ ਕੇ।
ਪਾਛੇ ਤੈ ਮਸੀਤ ਲਈ ਤੁਰਕਨ ਉਸਾਰ ਆਛੇ,
ਆਹਿ ਏਕ ਹਾਥ ਸੋਈ ਉਸ ਠੌਰ ਤੈ ਪਰੇ ॥੧੧੨॥
ਸੁਨ ਕੈ ਬਘੇਲ ਸਿੰਘ ਜਾਇ ਸਾਥ ਬੁਢੀਆ ਕੇ,
ਪੇਖਿ ਠੌਰ ਮਾਥ ਨਾਇ[1] ਰਹਯੋ ਬਿਸਮਾਇ ਕੈ[2]। — [1]ਮੱਥਾ ਟੇਕਿਆ। [2]ਅਸਚਰਜ ਹੋ ਰਿਹਾ।
ਹੋਇ ਕੈ ਦਲੇਰ ਫੇਰ ਗੁਰੁ ਕੋ ਮਨਾਇ,
ਕਹਯੋ ਸਿੰਘਨ ਕੌ, ਦੇਹੁ ਏਹੁ ਮਹਿਜਦ ਗਿਰਾਇ ਕੈ[1]। — [1]ਮਸੀਤ ਢਾਹ ਦਿਉ।

ਮਾਨ ਕੈ ਹੁਕਮ ਸਿੰਘ ਮਹਿਜਦ ਗਿਰਾਨ ਲਾਗੇ,
ਮਿਲਿ ਤੁਰਕਾਨਿ ਦੰਗਾ ਕੀਓ ਵਡ ਆਇ ਕੈ।
ਬੀਸ ਤੀਸ ਮਰੇ ਭਏ ਜ਼ਖਮੀ ਪਚਾਸ ਸਾਠ,
ਛੋਡ ਕੈ ਮਸੀਤ ਸਿੰਘ ਡੇਰ ਥਿਰੇ ਜਾਇ ਕੈ ॥ ੧੧੩ ॥
ਮਿਲ ਕੈ ਮਹਾਨੀ ਤੁਰਕਾਨੀ ਜਾਇ ਸ਼ਾਹਿ ਢਿਗ,
ਕਰੀ ਫਰਯਾਦ ਔਰ ਰੌਰ ਵਡ ਪਾਇ ਹੈ।
ਮੌਲਵੀ ਅਮੀਰ[1] ਕਾਜੀ ਪੀਰ ਔ ਫਕੀਰ ਹਾਜੀ, [1]ਅਮੀਰਾਂ, ਸਰਦਾਰਾਂ।
ਮਿਲਿ ਸਭਿ ਹੀ ਨੈ ਕਹਯੋ ਜਾਇ ਯੌਂ ਸੁਨਾਇ ਹੈ।
ਸੁਨੀਏ ਜਹਾਂ-ਪਨਾਹਿ[1] ਤੁਮੈ ਕਰਯੋ ਬਾਦਸ਼ਾਹਿ, [1]ਜਗਤ ਦੇਰਾਖੇ।
ਦੀਨ ਰਾਖਬੇ ਕੋ ਹੈ ਪਿਗੰਬਰ ਖੁਦਾਇ ਹੈ[1]। [1]ਖ਼ੁਦਾ ਦੇ ਪੈਗ਼ੰਬਰ ਨੇ ਤੁਹਾਨੂੰ (ਦੀਨ) ਮੁਸਲਮਾਨ ਮਜ਼ਹਬ ਦੀ ਰੱਖਿਆ ਵਾਸਤੇ ਬਾਦਸ਼ਾਹ ਬਣਾਇਆ ਹੈ।
ਲੱਗਯੋ ਮਸੀਤਾਂ ਤੂ ਹੈਂ ਕਾਫਰੋਂ ਤੈ ਗਿਰਵਾਨੇ,
ਕਾਫਰ ਹੀ ਆਪ ਥਏ ਸਾਫ ਹਮ ਗਾਇ ਹੈਂ[1] ॥ ੧੧੪ ॥ [1]ਅਸੀਂ ਸਾਫ਼ ਕਹਿੰਦੇ ਹਾਂ ਕਿ ਤੁਸੀਂ ਵੀ ਕਾਫ਼ਰ ਹੋ ਗਏ ਹੋ।

ਚੌਪਈ:

ਬਾਦਸ਼ਾਹ ਫਿਰ ਤਿਨ ਪ੍ਰਤਿ ਗਾਯੋ[1]। [1]ਉਨ੍ਹਾਂ ਤਾਈਂ ਕਿਹਾ।
ਤੁਮ ਪਹਿਲੇ ਮੁਹਿ ਕਯੋਂ ਨ ਸੁਨਾਯੋ।
ਮੈਂ ਅਬਿ ਯਹਿ ਸਿੰਘਹਿਂ ਲਿਖ ਦਯੋ।
ਨਿਜ ਗੁਰੁਦ੍ਵਾਰੇ ਤੁਮ ਰਚ ਲਯੋ ॥ ੧੧੫ ॥
ਅਬਿ ਜੇ ਹਮ ਇਕਰਾਰੋਂ ਹਾਰੈਂ।
ਤੌ ਫਿਰ ਸਿੰਘ ਕਰੈਂ ਮੁਹਿ ਖ੍ਵਾਰੈਂ[1]। [1]ਖ਼ਰਾਬ, ਬਰਬਾਦ।
ਸਿੰਘ ਬਘੇਲ ਪੰਥ ਬੁਲਵੈ ਹੈ।
ਦੇਸ ਹਮਾਰ ਉਜਾਰ ਕਰੈ ਹੈ ॥ ੧੧੬ ॥
ਆਖਰ ਜਬਿ ਬਹੁ ਮਿਲਿ ਤੁਰਕਾਨੀ।
ਕਰਯੋ ਸ਼ਾਹਿ ਕੋ ਕੁੰਦ[1] ਮਹਾਨੀ। [1]ਤੰਗ।
ਸ਼ਾਹਿ ਚੋਰੀਏਂ[1] ਸਿੰਘ ਜੀ ਤਾਂਈ। [1]ਤੁਰਕਾਂ ਤੋਂ ਚੋਰੀਓਂ।
ਕਹਿ ਪਠਯੋ ਲਿਹੁ ਪੰਥ ਬੁਲਾਈ ॥ ੧੧੭ ॥
ਤਬਿ ਬਘੇਲ ਸਿੰਘ ਪੰਥ ਬੁਲਾਯੋ।
ਦਿੱਲੀ ਗਿਰਦ ਗਦਰ[1] ਮਚਵਾਯੋ। [1]ਬਗ਼ਾਵਤ, ਹਲਚਲ।

ਜਿਨ ਜਿਨ ਸ਼ੋਰ ਅਮੀਰਨ ਕਰਿ ਕੈ[1]।
ਰੋਕਯੋ ਥਾ ਗੁਰੁਦ੍ਵਾਰਾ ਬਰ ਕੈ[1] ॥੧੧੮॥
ਮੁਲਕ ਜਹਾਂ ਥਾ ਤਿਨ ਤਿਨ ਕੇਰਾ।
ਲੁਟਵਾਯੋ ਸਿੰਘ[1] ਪੰਥ ਪਰੇਰਾ।
ਤਿਨ ਕੇ ਜੋ ਮਕਾਨ ਮੱਧ ਦਿੱਲੀ।
ਥੇ, ਲੁਟਵਾਏ ਸੋ ਬਿਨ ਢਿੱਲੀ ॥੧੧੯॥
ਆਖਰ ਖੁਦ ਹੀ ਹੋਇ ਲਚਾਰੇ[1]।
ਲਗੇ ਮਿਲਨ ਸਿੰਘ ਜੀ ਕੌ ਸਾਰੇ।
ਯੌਂ ਹੀ ਸਭਿ ਤੈ ਸਹੀ ਕਰਾਈ।
ਕਾਗਦ ਊਪਰ ਸਿੰਘ ਤਦਾਂਈਂ ॥੧੨੦॥
ਰਾਮ-ਦਯਾਲ ਇਕ ਹੁਤੋ ਦਿਵਾਨੁ।
ਬਾਦਸ਼ਾਹਿ ਕਾ ਬਡੋ ਸੁਜਾਨੁ।
ਸੋ ਕਾਗਦ ਤਿਸ ਕੋ ਸਿੰਘ ਦਯੋ।
ਬਾਦਸ਼ਾਹਿ ਢਿਗ ਸੋ ਲੈ ਗਯੋ ॥੧੨੧॥
ਸ਼ਾਹਿ ਪੇਖ ਕਰ ਹ੍ਵੈ ਪ੍ਰਸੰਨਯ।
ਕਹਯੋ ਅਕਲ ਸਿੰਘ ਜੀ ਕੀ ਧੰਨਯ।
ਕਾਫਰ ਮੈਂ ਅਬਿ ਰਹਯੋ ਨ ਏਕੈਂ।
ਕਾਫਰ ਮੁਝ ਸੰਗ ਭਏ ਅਨੇਕੈਂ ॥੧੨੨॥
ਭਲਾ ਕਰਯੋ ਇਹੁ ਸਿੰਘਨ ਮਹਾਂਏਂ।
ਬਹੁ ਤੁਰਕਨ ਕੇ ਹਾਥ ਕਟਾਏ।
ਬੋਲਨ ਜੋਗ ਨ ਛਾਡਯੋ ਕੋਈ।
ਸਿੰਘ ਜੀ ਨੇ, ਅਮੀਰ ਥੇ ਜੋਈ ॥੧੨੩॥
ਸ਼ਾਹਿ ਹੁਕਮ, ਸਿੰਘ ਕੋ ਤਬਿ ਦਯੋ।
ਅਬਿ ਨਿਸੰਗ ਗੁਰੁਦ੍ਵਾਰ ਬਨਯੋ।
ਫਿਰ ਬਜੀਰ, ਸਿੰਘ ਤਈਂ ਹਕਾਰਾ[1]।
ਕਹਯੋ ਕਰੋ, ਜਯੋਂ ਬਢੈ ਨਰਾਰਾ[1] ॥੧੨੪॥
ਸਿੰਘ ਬਘੇਲ ਬਜੀਰ ਤਈਂ ਤਬਿ।
ਨਿਜ ਤਰਫੋਂ ਇਖਤਯਾਰ ਦਯੋ ਸਭਿ।
ਫਿਰ ਬਜੀਰ ਸਿੰਘ ਜੀ ਸੰਘ ਆਯੋ।
ਥੜਾ ਕੂਪ ਕਾ ਕਿਛ ਤੁੜਵਾਯੋ ॥੧੨੫॥

[1]ਜਿਨ੍ਹਾਂ ਜਿਨ੍ਹਾਂ ਸਰਦਾਰਾਂ ਨੇਰੌਲਾ ਕਰਕੇ।
[1]ਬਲ ਕਰਕੇ।
[1]ਬਘੇਲ ਸਿੰਘ ਨੇ।
[1]ਦੁਖੀ, ਬੇ-ਬਸ।
[1]ਵਜ਼ੀਰ ਨੇ ਬਘੇਲ ਸਿੰਘ ਨੂੰ ਸੱਦਿਆ।
[1]ਲੜਾਈ।

ਕਿਛ ਮਸੀਤ ਕੀ ਤੋਰਿ ਪਿਛਾਰੀ।
ਪਾਂਚਕ ਗਜ ਯੌਂ[1] ਜਗਾ ਨਿਕਾਰੀ। — [1]ਇਸ ਤਰ੍ਹਾਂ।
ਕੁਛ ਕੁਟਵਾਲੀ ਓਰ ਦਬੈ ਕੈ[1]। — [1]ਦਬਾ ਕੇ।
ਅਰ ਬੀਥੀ[1] ਵਹਿ ਤੰਗ ਬਨੈ ਕੈ ॥੧੨੬॥ — [1]ਗਲੀ।

ਦੋਹਰਾ:
ਮੰਜੀ ਸਾਹਿਬ ਰਚੀ ਤਬਿ, ਬਟ ਤਰੁ ਤਰੇ ਸੁਧਾਰਿ[1]। — [1]ਬੋਹੜ ਦੇ ਬ੍ਰਿੱਛ ਦੇ ਹੇਠ ਸਵਾਰ ਕੇ।
ਢਿਗ ਤਿਹ ਰਚੀ ਤਿਦਰੀ[1] ਇਕ, ਗੁਰੁ ਗ੍ਰੰਥ ਹਿਤ ਸਾਰ[2] ॥੧੨੭॥ — [1]ਤਿੰਨਾਂ ਦਰਾਂ ਵਾਲੀ ਕੋਠੜੀ। [2]ਚੰਗੀ।

ਕਬਿੱਤ:
ਦੁੰਦਭੀ[1] ਬਜਾਇ ਪ੍ਰਸਾਦ ਵਰਤਾਇ — [1]ਧੌਂਸਾ।
ਗੁਰੁ ਸ਼ਬਦ ਪਢਾਇ ਕੈ ਨਿਸ਼ਾਨ ਝੁਲਵਾਏ ਹੈਂ।
ਸਾਤ ਗੁਰੁਦ੍ਵਾਰੇ ਯੌਂ ਰਚਾਇ ਕੈ ਬਘੇਲ ਸਿੰਘ,
ਤੁਰਕਨ ਕੇ ਘਰ ਦਿੱਲੀ ਵੀਚ ਗਦ ਲਾਏ ਹੈਂ[1]। — [1]ਦਾਗ਼ ਲਾ ਦਿੱਤਾ ਭਾਵ ਸਾਰੇ ਤੁਰਕਾਂ ਨੂੰ ਦਾਗ਼ੀ ਕਰ ਦਿੱਤਾ।
ਛੋਰਿ ਗੁਰੁਦ੍ਵਾਰਨ ਕੀ ਸੇਵ ਹਿਤ ਸਿੱਖ[1], — [1]ਗ੍ਰੰਥੀ ਸਿੰਘ ਤੇ ਸੇਵਾਦਾਰ ਸਿੱਖ।
ਸਭਿ ਠੌਰਨ ਬਿਠਾਏ, ਗੁਰੁ ਗ੍ਰੰਥ ਜੀ ਖੁਲਾਏ ਹੈਂ।
ਜਬਿ ਲੌ ਰਹੈਗੋ ਰਵਿ ਸਸਿ[1] ਪੰਥ ਸਿੱਖਨ ਕਾ, — [1]ਸੂਰਜ ਤੇ ਚੰਦ।
ਤਬਿ ਲੌ ਸੁਜਸ ਸਿੰਘ ਜੀ ਕਾ ਛਬਿ ਛਾਏ ਹੈਂ[1] ॥੧੨੮॥ — [1](ਛਬਿ) ਸੋਭਾ ਸਹਿਤ (ਛਾਏ ਹੈਂ) ਫੈਲਦਾ ਰਹੇਗਾ।
ਫੇਰ ਏਕ ਪੀਪਲੀ ਗਰਾਮ ਚਾਰ ਸਹਿਸ ਕਾ[1], — [1]ਚਾਰ ਹਜ਼ਾਰ ਦੀ ਆਮਦਨ ਦਾ।
ਸ਼ਾਹਿ ਤੈ ਦਿਵਾਇ ਪਟਾ[1] ਲਯੋ ਲਿਖਵਾਇ ਹੈ। — [1]ਸਨਦ, ਅਧਿਕਾਰ ਪੱਤ੍ਰ।
ਔਰ ਨਿਜ ਓਰ ਤੈ[1] ਦੁਸਾਂਝਾਂ ਆਦਿ ਤੀਨ ਗਾਂਉਂ, — [1]ਬਘੇਲ ਸਿੰਘ ਨੇ ਆਪਣੀ ਤਰਫ਼ੋਂ।
ਸਾਤਕ ਹਜ਼ਾਰ ਕੇ ਲਗਾਏ ਮੋਦ ਪਾਇ ਹੈ[1]। — [1]ਅਨੰਦ ਪਾ ਕੇ।
ਸਾਤੋਂ ਗੁਰੁਦ੍ਵਾਰਨ ਕੇ ਹਿੱਸੇ ਕਰਿ ਦੀਏ ਸਮ,
ਜਿਸ ਮੈਂ ਸੇ ਅਬਿ ਭੀ ਹਜ਼ਾਰ ਦੁਇ ਕੁ ਆਇ ਹੈ।
ਜਬਿ ਗੁਰੁਦ੍ਵਾਰੇ ਯੌਂ ਬਘੇਲ ਸਿੰਘ ਸਰਦਾਰ,
ਤੀਨਕ ਮਹੀਨੇ ਵੀਚ ਚੁਕਯੋ ਬਨਵਾਇ ਹੈ ॥੧੨੯॥
ਫੇਰ ਏਕ ਬ੍ਰਿੱਧ ਦਿਲਵਾਲੀ ਸਿੱਖ ਕਹਯੋ ਆਇ,
ਦਸਮ ਗੁਰੂ ਕੀ ਰਹੀ ਦੋਇ ਠੌਰ ਔਰ ਹੈਂ।

ਸੁਨ ਕਰਿ ਮੋਦ ਮਾਨ[1] ਤਬਿ ਹੀ ਬਘੇਲ ਸਿੰਘ, — [1]ਅਨੰਦ ਮੰਨ ਕੇ।
ਸੋਊ ਬਨਵਾਏ ਉਭੈ ਸਹਿਜ ਸੇ ਤੌਰ ਹੈਂ[1]। — [1]ਦੋਵੇਂ ਗੁਰਦੁਆਰੇ ਸਹਜੇ ਸਹਜੇ ਤ੍ਰੀਕੇ ਨਾਲ ਬਣਵਾਏ।
ਏਕ ਬਾਗ ਮੋਤੀਏ ਮੈਂ, ਜਹਾਂ ਗੁਰੁ ਦਸਮ
ਰਹੇ ਥੇ ਆਇ ਆਗਰੇ ਸੈਂ, ਮੋਦ ਭਰਿ ਗੌਰ ਹੈ[1]। — [1]ਬਹੁਤਾ ਅਨੰਦ ਪਾ ਕੇ।
ਦੂਸਰੋ ਪੁਰਾਨੇ ਕਿਲੇ ਪਾਸ ਜਹਾਂ ਬੈਠ ਗੁਰੁ,
ਹਾਥੀ ਥੇ ਲੜਾਏ ਦਮਦਮਾ ਵਹਿ ਠੌਰ ਹੈ[1] ॥ ੧੩੦ ॥ — [1]ਉਸ ਜਗ੍ਹਾ ਦਮਦਮਾ ਹੈ।

ਮਜਨੂੰ ਕੇ ਟਿਲੇ ਪਰ ਜਹਾਂ ਬੈਠ ਆਦਿ ਗੁਰੁ,
ਫੀਲ[1] ਥਾ ਜਿਵਾਯੋ ਔਰ ਚੱਕੀਆਂ ਚਲਾਇ ਕੈ। — [1]ਹਾਥੀ।
ਕੈਦ ਬਾਦਸ਼ਾਹਿ ਕੀ ਤੈਂ ਕੇਤਿਕ ਹਜਾਰ ਸਾਧੁ,
ਛੁਡਵਾਯੋ ਅਜ਼ਮਤ[1] ਅਧਿਕ ਦਿਖਾਇ ਕੈ। — [1]ਸ਼ਕਤੀ, ਕਰਾਮਾਤ।
ਫੇਰ ਹਰਿਗੋਬਿੰਦ ਗੁਰੁ ਥੇ ਰਹੇ ਵਾਂਹੀਂ ਠੌਰ[1], — [1]ਉਸੇ ਜਗ੍ਹਾ।
ਰਾਮ-ਰਾਇ ਪ੍ਰਿਥੀ ਚੰਦ ਆਦਿ ਰਹੇ ਆਇ ਕੈ।
ਹੁਤੇ ਉਨ ਠੌਰਨ ਮੈਂ ਕਾਬਜ ਉਦਾਸੀ ਸਾਧੁ,
ਉਨੋ ਨ ਬਨਾਨ ਦਈ ਮੰਜੀਆਂ ਸੁਭਾਇ ਕੈ[1] ॥ ੧੩੧ ॥ — [1]ਸ਼ੋਭਨੀਕ ਮੰਜੀਆਂ।

ਦੋਹਰਾ:
ਭਏ ਫਰਾਗਤ[1] ਸਿੰਘ ਜਬਿ, — [1]ਵਿਹਲੇ, ਬੇਫ਼ਿਕਰ।
ਗੁਰੁਦ੍ਵਾਰੇ ਬਨਵਾਇ।
ਦਿਸ ਪੰਜਾਬ ਫਿਰ ਜਾਨ ਕੋ,
ਥਏ ਤਜਾਰ ਹੁਲਸਾਇ[1] ॥ ੧੩੨ ॥ — [1]ਉਤਸ਼ਾਹ ਨਾਲ।

ਸ੍ਵੈਯਾ:
ਸੁਨ ਕੈ ਯਹਿ ਬਾਤ, ਬਜੀਰ ਤਈਂ
ਗੁਨ ਕੈ ਪਤਿਸ਼ਾਹਿ, ਕਹਯੋ ਯੌਂ ਉਚਾਰੀ।
ਹਮ ਨੈ ਸੁਨਿਓ ਯਹਿ ਸਿੰਘ ਬਘੇਲ,
ਚਲਯੋ ਚਹਿ ਓਰ ਪੰਜਾਬ ਸੁਧਾਰੀ।
ਪਿਖ ਆਵਤ ਜੋਊ ਅਮੀਰ ਤਿਸੈ,
ਮਮ ਪਾਸ ਤਰੀਫ ਕਰੈ ਵਹਿ ਭਾਰੀ।
ਹਮ ਭੀ ਇਸ ਹੇਤ ਚਹੈਂ ਨਿਰਖਯੋ,
ਇਸ ਸਿੰਘ ਤਈਂ ਅਬਿ ਲੇਹੁ ਹਕਾਰੀ[1] — [1]ਬੁਲਾ ਲਵੋ।

॥ ੧੩੩ ॥

ਜਾਇ ਬਜੀਰ ਲਿਯਾਵਹੁ ਤਾਂਹਿ,
ਕਹਯੋ ਪਤਿਸ਼ਾਹਿ ਮਿਲੈਂ ਮੁਹਿ ਆਈ[1]।
[1]ਮੈਨੂੰ ਆ ਕੇ ਮਿਲਣ।
ਮਾਨਿ ਬਜੀਰ ਗਯੋ ਸਿੰਘ ਜੀ ਢਿਗ,
ਬਾਤ ਕਹੀ ਸਭਿ ਹੀ ਸਮਝਾਈ।
ਸਿੰਘ ਕਹਯੋ ਹਮਰੀ ਪਤਿਸ਼ਾਹਿ ਸੋਂ,
ਹੋਵਨ ਭੇਟਰਹੇ ਕਠਨਾਈ[1]।
[1](ਭੇਟ) ਮੁਲਾਕਾਤ ਹੋਣ 'ਚ ਔਖਿਆਈ ਹੈ।
ਕੁੰਨਸ[1] ਨਾ ਕਰਨੀ ਹਮ ਨੈ ਝੁਕਿ,
[1]ਨਮਸ਼ਕਾਰ।
ਚੂੰਮਹਿਂ ਨਾਹਿਂ ਧਰਾ ਢਿਗ ਜਾਈ[1] ॥ ੧੩੪ ॥
[1]ਅਸੀਂ ਕੋਲ ਜਾ ਕੇ ਧਰਤੀ ਨਹੀਂ ਚੁੰਮ ਸਕਦੇ।
ਚਾਹਿਤ ਹੈਂ ਹਮ ਭੀ ਪਤਿਸ਼ਾਹਿ ਕਾ,
ਕੀਓ ਦਿਦਾਰ ਮੁਬਾਰਕ ਜੋ ਹੈ[1]।
[1]ਜੋ (ਮੁਬਾਰਕ) ਬਰਕਤ ਸਹਿਤ (ਦੀਦਾਰ) ਦਰਸ਼ਨ ਹਨ।
ਜਗ ਮੈਂ ਸ਼ਹਿ ਰੂਪ ਖੁਦਾਇ ਅਹੇ,
ਮਿਲਨੈ ਸਮ ਬਾਤ ਨਹੀਂ ਬਰ ਕੋ ਹੈ[1]।
[1]ਕੋਈ ਗੱਲ ਚੰਗੀ ਨਹੀਂ ਹੈ।
ਪੈ ਹਮ ਏਕਲ ਨਾਂਹਿ ਚਲੈਂ,
ਅਰ ਆਯੁਧ ਕੋ ਨਹਿਂ ਤਜਾਗ ਬਨੋ ਹੈ[1]।
[1]ਸ਼ਸਤ੍ਰਾਂ ਨੂੰ ਤਿਆਗਣਾ ਨਹੀਂ ਬਣਦਾ।
ਵਾਹਿਗੁਰੂ ਕੀ ਫਤੇ ਉਚਰੈਂ,
ਇਸ ਤੈ ਮਿਲਨੋ ਹਮਰਾ ਕਠਨੋ ਹੈ[1] ॥ ੧੩੫ ॥
[1]ਔਖਾ ਹੈ।
ਜੇ ਕਰਿ ਸ਼ਾਹਿ ਕਬੂਲ ਕਰੈ,
ਮਿਲ ਹੈਂ ਹਮ ਹੂੰ ਤਬਿ ਮੋਦ ਬਢਾਈ।
ਫੇਰ ਬਜੀਰ ਗਯੋ ਪਤਿਸ਼ਾਹਿ ਪੈ,
ਬਾਤ ਕਹੀ ਸਭਿ ਹੀ ਸਮੁਝਾਈ।
ਰਾਮ-ਦਯਾਲ ਦਿਵਾਨ ਪੁਨਾ,
ਢਿਗ ਤੈ ਗੁਰੁ ਕੀ ਸਭਿ ਰੀਤਿ ਸੁਨਾਈ।
ਸ਼ਾਹਿ ਕਹਯੋ ਜਿਮ ਰੀਤਿ ਸਿੰਘਾਨ ਕੀ
ਹੈ, ਮਿਲ ਹੈਂ ਤਿਮਹੂੰ ਵਹਿ ਆਈ ॥ ੧੩੬ ॥
ਆਇ ਬਜੀਰ ਕਹਯੋ ਸਿੰਘ ਪੈ,
ਤੁਮ ਚਾਹਿਤ ਹੋ ਜਿਮ ਹੋਵਗ ਸਾਏ[1]।
[1]ਉਵੇਂ ਹੋਵੇਗੀ।
ਦੇਰ ਤਜੋ ਅਬਿ ਸਾਜ ਸਜੋ[1],
[1]ਸ਼ਸਤ੍ਰ ਬਸਤ੍ਰ ਸਜਾਉ।
ਤਬਿ ਸਿੰਘ ਸਭੈ ਸਰਦਾਰ ਬੁਲਾਏ।
ਪੋਸ਼ਸ਼ ਆਯੁਧ ਭੂਰ ਸਨਾਹਿ

ਸਜੇ[1], ਸਭਿ ਸਿੰਘਨ ਠੀਕ ਬਨਾਏ।	[1]ਪੁਸ਼ਾਕਾਂ, ਬਹੁਤੇ ਸ਼ਸਤ੍ਰ ਤੇ ਸੰਜੋਆਂ ਸਜਾ ਲਈਆਂ।
ਬੇਗਮ ਨੈ[1] ਤਬਿ ਹੀ ਬਹੁਰਾਜ	[1]ਸਿਮਰੂ ਦੀ ਬੇਗ਼ਮ ਨੇ।
ਸਮਾਜ[1], ਦਯੋ ਸਿੰਘ ਪਾਸ ਪਠਾਏ ॥੧੩੭॥	[1]ਸ਼ਾਹੀ ਸਾਮਾਨ।
ਆਪ ਬਘੇਲ ਮ੍ਰਿਗੇਸ, ਚਢਜੋ ਗਜ	
ਤੁੰਗ ਕੀ ਪੀਠ ਪੈ ਮੱਧ ਅੰਬਾਰੀ[1]।	[1]ਆਪ ਬਘੇਲ ਸਿੰਘ (ਤੁੰਗ) ਉੱਚੇ ਹਾਥੀ ਦੀ ਪਿੱਠ ਉੱਤੇ ਅੰਬਾਰੀ ਵਿੱਚ ਚੜ੍ਹਿਆ।
ਔਰ ਸਭੈ ਸਰਦਾਰ ਅਪਾਰ,	
ਚਲੇ ਚਢਿ ਫੀਲਨ ਪੈ ਮੁਦ ਧਾਰੀ[1]।	[1]ਹਾਥੀਆਂ ਉੱਪਰ ਅਨੰਦ ਧਾਰ ਕੇ।
ਚਾਮਰ ਚਾਰੁ ਢੁਰੈ[1] ਸਿੰਘ ਊਪਰ,	[1]ਸੁੰਦਰ ਚੌਰ ਝੁਲਦਾ ਹੈ।
ਸੀਸ ਜਿਗਾ ਕਲਗੀ ਛਬਿ ਭਾਰੀ[1]।	[1]ਬਹੁਤੀ ਸ਼ੋਭਾ ਵਾਲੀ।
ਭਾਟ ਨਕੀਬ[1] ਚਲੇ ਜਸ ਬੋਲਤ,	[1]ਬਾਦਸ਼ਾਹਾਂ ਦੇ ਅੱਗੇ ਅੱਗੇ ਜਸ ਕਰਦੇ ਜਾਣ ਵਾਲੇ ਬੰਦੀ ਜਨ।
ਬਾਦ[1] ਬਜੈਂ ਬਹੁ ਭਾਂਤਿ ਅਗਾਰੀ ॥੧੩੮॥	[1]ਵਾਜੇ।
ਘੋੜ ਚੜ੍ਹੇ[1] ਬਹੁ ਸਿੰਘ ਚਢੇ ਸੰਗ,	[1]ਘੋੜ ਸਵਾਰ।
ਆਯੁਧ ਅੰਗ ਮਢੇ ਸਭਿ ਕੋ ਹੈਂ[1]।	[1]ਸਾਰਿਆਂ ਦੇ ਅੰਗ ਸ਼ਸਤ੍ਰਾਂ ਨਾਲ ਮੜ੍ਹੇ ਹੋਏ ਹਨ।
ਸੋਹਿਤ ਸੇਤ[1] ਸਿਆਮ[2] ਸਜੇ,	[1]ਚਿੱਟੇ। [2]ਕਾਲੇ।
ਸੁਚ ਕੇਸਰੀ ਚੈਲ[1] ਪਟੰਬਰ[2] ਜੋ ਹੈਂ।	[1]ਸੁੱਚੇ (ਕੇਸਰੀ) ਪੀਲੇਰੰਗ ਦੇ (ਚੈਲ) ਬਸਤ੍ਰ। [2]ਰੇਸ਼ਮੀ ਬਸਤ੍ਰ।
ਬੀਰ[1] ਬਨੈਤ[2] ਪਟੈਤ[3] ਕਟੈਤ[11],	[1]ਸੂਰਮੇਂ। [2]ਬਣੇ ਹੋਏ, ਸਜੇ ਹੋਏ। [3]ਗੱਤਕੇ ਬਾਜ਼, ਪਟੇ ਬਾਜ਼। [11]ਕੱਟਣ ਵਾਲੇ।
ਬਲੀ ਬਡ ਬਾਂਕੁਰੇ[1] ਸੁੰਦਰ ਸੋਹੈਂ।	[1]ਬਾਂਕੇ।
ਰੂਪ ਅਨੂਪ ਅਪਾਰ ਨਿਹਾਰਿ,	
ਸਭੈ ਨਰ ਨਾਰਿਨ ਕੇ ਮਨ ਮੋਹੈਂ[1] ॥੧੩੯॥	[1]ਮਨਾਂ ਨੂੰ ਭਾਉਂਦੇ ਹਨ।
ਭਾਵਤ ਅੱਸੂ[1] ਕੁਦਾਵਤ ਜਾਵਤ,	[1]ਘੋੜੇ।
ਛੈਲ ਛਕੇ ਛਬਿ ਛੁੰਗ ਛਬੀਲੇ[1]।	[1](ਛੁੰਗ) ਸਮੂੰਹ (ਛੈਲ) ਸੁੰਦਰ ਜਵਾਨ (ਛਬੀਲੇ) ਛਬ ਵਾਲੇ (ਛਬਿ) ਸ਼ੋਭਾ ਨਾਲ (ਛਕੇ) ਫਬੇ ਹੋਏ ਹਨ।
ਸੁੱਧ ਸਫਾਇ ਸਮੱਸ੍ਰੂ ਸੋਹਿਤ,	
ਭੌਂਹ ਸੁ ਮੂਛਹਿਂ ਨੈਨ ਚਢੀਲੇ[1]।	[1]ਸਿੱਧੇ ਤੇ ਸਾਫ਼ (ਸਮੱਸ੍ਰੂ) ਦਾਹੜੇ ਸੋਹ ਰਹੇ ਹਨ, ਭ੍ਰਵੱਟੇ ਮੁੱਛਾਂ ਤੇ ਨੇਤ੍ਰ ਚੜ੍ਹੇ ਹੋਏ ਹਨ।
ਫੀਮ ਸੁਖੇ ਗਹਿਰੇ ਸੁ ਛਕੇ,	
ਫਹਿਰੈਂ ਫਰਰੇ ਸੇਤ ਪੀਤ ਰੁ ਨੀਲੇ[1]।	[1]ਅਫੀਮ ਅਤੇ ਗਾੜ੍ਹੇ ਸੁੱਖੇ ਦੇ (ਗੱਫੇ) ਛਕੇ ਹੋਏ ਹਨ, ਚਿੱਟੇ, ਪੀਲੇ ਅਤੇ ਨੀਲੇ ਫਰਰੇ (ਫਹਿਰੈਂ) ਝੂਲ ਰਹੇ ਹਨ।
ਮਾਨਹੁ ਮੈਨ ਮ੍ਰਿਗੇਸ ਬਘੇਲ,	

ਬਿਸੇਸ ਪਰੇ ਨਿਜ ਰੂਪ ਰੰਗੀਲੇ[1] ॥੧੪੦॥ — [1]ਜਾਣੋ ਬਘੇਲ ਸਿੰਘ ਰੂਪ (ਮੈਨ) ਕਾਮਦੇਵ ਨੇ ਨਿਜ ਆਪਣੇ (ਵਿਸ਼ੇਸ਼) ਬਹੁਤੇ (ਰੰਗੀਲੇ) ਸੁੰਦਰ ਰੂਪ ਧਾਰੇ ਹਨ।

ਸਿੰਘਨ ਕੀ ਚਢਤੀ ਜਡਤੀ,
ਬਢਤੀ ਪਿਖ ਕੈ ਸਭਿ ਭਾਂਤਿ ਮਹਾਨੀ[1]। — [1]ਸਿੰਘਾਂ ਦੀ ਸਭ ਤਰ੍ਹਾਂ ਬਹੁਤੀ (ਚਢਤੀ) ਚੜ੍ਹਤ ਤੇ ਸ਼ਸਤ੍ਰਾਂ ਤੇ ਬਸਤ੍ਰਾਂ ਦੀ (ਜਡਤੀ) ਜੜਤ (ਬਢਤੀ) ਵਧਦੀ ਹੋਈ ਦੇਖ ਕੇ।

ਸੱਯਦ ਸ਼ੇਖ ਮੁਗੱਲ ਪਠਾਨਨ
ਕੀ ਤਬਿ ਹੀ ਸੁੱਧ ਸਾਤ ਭੁਲਾਨੀ[1]। — [1]ਸੱਤੇ ਸੁਧਾਂ ਭੁੱਲ ਗਈਆਂ। (ਸੱਤ ਸੁੱਧਾਂ- (ਦੋਹਰਾ:- ਧੀਰਜ, ਬੁੱਧਿ, ਬਿਬੇਕ, ਬਲ, ਗਤਿ, ਮਿਤ, ਔਸਰ ਬਾਤ। ਸਿੰਘਨ ਡਰ ਤੁਰਕਾਨ ਕੀ ਭੂਲ ਗਈ ਸੁਧ ਸਾਤ।)

ਲੈ ਕਰਿ ਦਾਂਤਨ ਮੈਂ ਅੰਗੁਰੀ,
ਸਭਿ ਹੀ ਚਕਚੌਂਧ[1] ਕਹੈਂ ਇਮ ਬਾਨੀ[2]। — [1]ਚੱਕ੍ਰਾ ਕੇ, ਬਹੁਤ ਹੈਰਾਨ ਹੋ ਕੇ। [2]ਬਚਨ।
ਜੇ ਕਰ ਸਿੰਘ ਚਹੈਂ ਅਬਿ ਹੀ,
ਯਹਿ ਦਿੱਲੀ ਦਬਾਇ ਬਹੈਂ ਬਲ ਠਾਨੀ[1] ॥੧੪੧॥ — [1]ਬਲ ਕਰਕੇ।
ਕੌਨ ਨਿਕਾਸ ਸਕੈ ਇਨ ਕੌ ਫਿਰ,
ਪੇਸ਼[1] ਨ ਕਾਂਹਿ ਕੀ ਲੇਸ[2] ਚਲੈ ਹੈ। — [1]ਵਾਹ, ਤਾਕਤ। [2]ਥੋੜ੍ਹੀ ਜਿਹੀ ਵੀ।
ਜੱਟ ਮਰੁੱਟਨ ਕੀ ਨਹਿਂ ਬੱਟਤ[1], — [1]ਕੁਝ ਨਹੀਂ ਵੱਟੀ ਦੀ।
ਕਜ਼ਾ ਅੰਗਰੇਜ ਮਜੇਜ[1] ਕਰੈ ਹੈਂ। — [1]ਆਕੜ।
ਯੌਂ ਸੁਨ ਕੈ ਫਿਰ ਦਾਨੇ ਕਹੈਂ,
ਤੁਮ ਸਾਚ ਕਹੀ ਯਹਿ ਬਾਤ ਸਭੈ ਹੈ।
ਔਰ ਸਭੈ ਬਿਧਿ ਹੈਂ ਸਿੰਘ ਪੂਰਨ,
ਪੈ ਇਨ ਮੈਂ ਇਤਫਾਕ ਨ ਐਹੈ[1] ॥੧੪੨॥ — [1]ਏਕਾ ਨਹੀਂ ਹੈ।

ਕਬਿੱਤ:

ਔਰ ਬਹੁ ਬਗਰ[1] ਬਜਾਰਨ ਅਗਾਰਨ ਪੈ[2], — [1]ਵਿਹੜਿਆਂ। [2]ਬਾਜ਼ਾਰਾਂ ਤੇ ਘਰਾਂ ਉੱਪਰ।
ਮਿਲੀ ਤੁਰਕਾਨਿ ਹਿੰਦਵਾਨਿ ਇਮ ਰਰ ਹੈ[1]। — [1]ਤੁਰਕਾਣੀ ਤੇ ਹਿੰਦਵਾਣੀ (ਖਲਕਤ) ਇਉਂ ਕਹਿੰਦੀ ਹੈ।
ਕੋਊ ਕਹੈਂ ਬੀਰਰਸ, ਕੈਧੋਂ ਯੇ ਸਰੀਰ ਧਰੇ,
ਕੋਊ ਕਹੈਂ ਕਾਮ ਕੇ ਅਨੂਪ ਰੂਪ ਤਰ ਹੈਂ[1]। — [1]ਕੋਈ ਕਹਿੰਦੇ ਹਨ ਕਿ ਜਾਂ ਬੀਰ-ਰਸ ਨੇ ਹੀ ਇਹ ਸਰੀਰ ਧਾਰੇ ਹਨ, ਕੋਈ ਕਹਿੰਦੇ ਹਨ ਕਿ ਇਹ ਕਾਮ ਦੇ ਹੀ (ਤਰ) ਬਹੁਤੇ ਅਨੂਪ ਰੂਪ ਹਨ।

ਕੇਊ ਕਹੈਂ ਦੇਵਤਾ ਫਰੇਸ਼ਤਾ ਮਲਾਇਕ[1] ਹੈਂ, — [1]ਫਰਿਸ਼ਤਿਆਂ ਦੀ ਇਕ ਵਿਸ਼ੇਸ਼ ਜਾਤੀ।
ਲਾਇਕ ਖਲਾਇਕ ਕੇ ਦਾਯਕ ਅਪਰ ਹੈਂ[1]। — [1]ਖਲਕਤ ਨੂੰ ਬਹੁਤਾ (ਸੁਖ) ਦੇਣ ਦੇ (ਲਾਇਕ) ਯੋਗ ਹਨ।
ਏਕ ਕਹੈਂ, ਮਘਵਾ ਬਘੇਲ ਸਿੰਘ ਦੇਵ-ਗਨ

ਸੰਗ ਲੀਏ[1], ਆਯੋ ਲੈਨ ਸ਼ਾਹਿ ਕੀ ਖਬਰ ਹੈ ॥ ੧੪੩ ॥

[1]ਬਘੇਲ ਸਿੰਘ ਰੂਪ (ਮਘਵਾ) ਇੰਦ੍ਰ ਬਹੁਤੇ ਦੇਵਤਿਆਂ ਨੂੰ ਨਾਲ ਲੈ ਕੇ।

ਵੈਸੇ ਹੀ ਸਰੂਪ ਹੈ ਅਨੂਪ ਰੂਪ ਦੇਖੀਯਤ[1],

[1]ਉਹਨਾਂ (ਦੇਵਤਿਆਂ) ਵਰਗੀ ਹੀ ਸ਼ਕਲ ਹੈ, ਸੁੰਦਰ ਸਰੂਪ ਦੇਖੀਦੇ ਹਨ।

ਵੈਸੇ ਹੀ ਸ਼ਿੰਗਾਰ ਚਾਰੁ[1] ਵੈਸੇ ਹੀ ਅਛੂਤ[2] ਹੈਂ।

[1]ਸੁੰਦਰ। [2]ਛੋਹਣ ਤੋਂ ਰਹਿਤ, ਜਿਨ੍ਹਾਂ ਨੂੰ ਕੋਈ ਛੋਹ ਨਹੀਂ ਸਕਦਾ।

ਵੈਸੇ ਹੀ ਛਬੀਲੇ ਛੈਲ ਛਾਂਕੁਰੇ[1] ਚਲਾਕ ਚੋਖ[2],

[1](ਛਬੀਲੇ) ਛਬ ਵਾਲੇ (ਛਾਂਕੁਰੇ) ਸੁੰਦਰ (ਛੈਲ) ਜਵਾਨ ਹਨ। [2](ਚੋਖ) ਬਹੁਤੇ ਚਲਾਕ।

ਤੇਜ-ਧਾਰੀ ਭਾਰੀ ਬਲੀ ਵੈਸੇ ਮਜ਼ਬੂਤ ਹੈਂ।
ਵੈਸ ਹੀ ਪ੍ਰਬੀਨ ਬਿੱਦਜਾ ਆਯੁਧ ਅਧੀਨ ਸੰਤ,
ਗਾਨ ਤਾਨ ਮੰਗਲ ਪ੍ਰਮੋਦ ਮੋਦ ਯੁਤ ਹੈਂ[1]।

[1]ਉਹੋ ਜਿਹੇ ਹੀ ਸ਼ਸਤਰ ਵਿੱਦਿਆ ਵਿੱਚ ਚਤੁਰ ਹਨ, ਸੰਤਾਂ ਦੇ ਅਧੀਨ (ਤਾਨ) ਸੁਰਾਂ ਦੇ ਵਿਸਤਾਰ ਸੰਗੀਤ ਅਨੁਸਾਰ ਗਾਉਣ ਵਾਲੇ ਹਨ, ਖ਼ੁਸ਼ੀਆਂ ਤੇ ਬਹੁਤ ਤੋਂ ਬਹੁਤ ਅਨੰਦ ਦੇ ਸਹਿਤ ਹਨ।

ਸਿੰਘ ਦੇਵ ਸਮ ਹੈਂ, ਮਗਰ ਤੀਨ ਬਾਤ ਹੀਨ,
ਲੋਪਨਾ ਵਿਕਾਰੀ ਔ ਅਦਿੱਤੀ ਕੇ ਨ ਪੂਤ ਹੈਂ[1] ॥ ੧੪੪ ॥

[1]ਸਿੰਘ ਦੇਵਤਿਆਂ ਵਰਗੇ ਹਨ ਪਰ ਤਿੰਨਾਂ ਗੱਲਾਂ ਤੋਂ ਬਿਨਾਂ ਹਨ (ਉਹ ਤਿੰਨ ਗੱਲਾਂ ਇਹ ਹਨ) ਸਿੰਘ (ਲੋਪ) ਲੋਭੀ ਤੇ ਕਾਮੀਂ ਨਹੀਂ ਅਤੇ ਨਾ ਹੀ ਅਦਿੱਤੀ ਦੇ ਪੁੱਤਰ ਹਨ।

ਕਾਮਨੀ ਅਨੂਪ ਰੂਪ ਸਿੰਘਨ ਭੁਜੰਗਨ ਕੇ,
ਹੇਰ ਕੈ ਅਲਿੰਗਨ ਕੇ ਭਾਵ ਭੂਰ ਧਾਰ ਹੈਂ[1]।

[1]ਇਸਤ੍ਰੀਆਂ, ਸਿੰਘਾਂ (ਭੁਜੰਗਨ) ਸੂਰਮਿਆਂ ਦੇ ਸੁੰਦਰ ਸਰੂਪ ਨੂੰ ਦੇਖ ਕੇ (ਅਲਿੰਗਨ) ਛੋਹਣ ਦੇ (ਭਾਵ) ਖ਼ਿਆਲ ਬਹੁਤੇ ਮਨ ਵਿੱਚ ਧਾਰਦੀਆਂ ਹਨ।

ਕਪਟੀ ਕਠੋਰ ਕੂਰ ਕਾਇਰ ਕਰੂਰ ਮੂਰ,
ਦੈਨ ਹਾਰ ਸੂਰ ਜਮਧਾਰ ਸੀ ਨਿਹਾਰ ਹੈਂ[1]।

[1]ਛਲੀਏ, ਕਰੜੇ, ਝੂਠੇ, ਡਰਪੋਕ, (ਕਰੂਰ) ਜ਼ਾਲਮ (ਤੇ) (ਮੂਰ) ਮੂਰਖ, ਸਿੰਘਾਂ ਨੂੰ (ਜਮਧਾਰ) ਕਟਾਰ ਵਾਂਗ (ਸੂਰ) ਦੁਖ ਦੇਣ ਵਾਲੇ ਦੇਖਦੇ ਹਨ।

ਬੀਰ ਦੇਖੈਂ ਸੂਰਬੀਰ, ਬੈਰੀ ਬਕੈਂ ਯੌਂ ਅਧੀਰ,
ਬਾਲਕੇ ਅਕਾਲ ਕੇ ਯੇ ਕਾਲ ਕੇ ਅਕਾਰ ਹੈਂ[1]।

[1]ਸੂਰਮੇਂ (ਸਿੰਘਾਂ ਨੂੰ) ਬਹਾਦਰ ਜੋਧੇ ਦੇਖਦੇ ਹਨ, ਵੈਰੀ ਘਬਰਾ ਕੇ ਐਉਂ ਬੋਲਦੇ ਹਨ ਇਹ ਅਕਾਲ ਦੇ ਸਪੁੱਤਰ (ਸਿੰਘ) ਕਾਲ ਦਾ ਹੀ (ਅਕਾਰ) ਸਰੂਪ ਹਨ।

ਜਾਚਕ ਦਾਤਾਰ ਪੇਖੈਂ ਮੀਤ ਮੀਤ ਪਾਰ ਲੇਖੈਂ,
ਹਿੰਦੁ ਧਰਮ ਧਾਰ ਦੇਖੈਂ, ਭਾਵਨਾ ਅਪਾਰ ਹੈਂ[1] ॥ ੧੪੫ ॥

[1]ਮੰਗਤੇ (ਸਿੰਘਾਂ ਨੂੰ) ਦਾਤੇ ਵੇਖਦੇ ਹਨ, ਮਿੱਤ੍ਰ ਮਿੱਤ੍ਰਾਂ ਦੀ ਪਾਲਣਾ ਕਰਨ ਵਾਲੇ (ਲੇਖੈਂ) ਜਾਣਦੇ ਹਨ, ਹਿੰਦੂ, ਧਰਮ ਦੀ (ਸਾਰ) ਰੱਖਿਆ ਕਰਣ ਵਾਲੇ ਦੇਖਦੇ ਹਨ (ਉਹਨਾਂ ਦੀ) (ਸਿੰਘਾਂ ਤੇ) ਬਹੁਤ ਸ਼ਰਧਾ ਹੈ।

ਐਸੀ ਭਾਂਤਿ ਚਲੇ ਜਾਤ ਛਲੇ[1] ਮਨ ਸਭਿ ਹੀ ਕੇ,	[1]ਮੋਹ ਲਏ।
ਢੁਕੇ ਢਿਗ ਜਾਇ ਭਲੇ ਕਿਲੇ ਕੇ ਦੁਆਰ ਪੈ[1]।	[1]ਕਿਲ੍ਹੇ ਦੇ ਦਰਵਾਜ਼ੇ ਪਾਸ (ਭਲੇ) ਚੰਗੀ ਤਰ੍ਹਾਂ ਨੇੜੇ ਜਾ ਪੁੱਜੇ।
ਤਹਾਂ ਗਜ ਛੋਰਿ ਚਢਯੋ ਅੱਸ੍ਵ ਪੈ ਬਹੋਰ ਸਿੰਘ[1],	[1]ਉੱਥੇ ਹਾਥੀ ਛੱਡ ਕੇ ਫੇਰ ਬਘੇਲ ਸਿੰਘ ਘੋੜੇ ਉੱਪਰ ਚੜ੍ਹ ਪਿਆ।
ਔਰ ਫੌਜ ਛੋਰਿ[1] ਲੀਏ ਸੰਗ ਸਰਦਾਰ ਪੈ।	[1]ਛੱਡ ਕੇ।
ਨਾਖ[1] ਪਾਂਚ ਡੇਵਢੀ ਤੁਰੰਗ ਤਜ ਦੀਨ ਤਹਾਂ[2],	[1]ਲੰਘ ਕੇ। [2]ਉੱਥੇ ਘੋੜਾ ਛੱਡ ਦਿੱਤਾ।
ਆਯੋ ਹੈ ਬਜੀਰ ਪੇਸ਼ਵਾਈ ਹਿਤ ਸਾਰ ਪੈ[1]।	[1]ਚੰਗੀ ਅਗਵਾਈ ਵਾਸਤੇ ਭਾਵ ਚੰਗੇ ਸੁਆਗਤ ਲਈ।
ਰਾਮ ਦਜਾਲ ਲੌ ਅਮੀਰ ਭੀਰ ਥਈ ਤਹਾਂ ਆਇ,	
ਲੈ ਚਲੇ ਲਵਾਇ ਪੇਸ਼ਵਾਈ ਕੈ ਅਗਾਰਿ ਪੈ[1] ॥ ੧੪੬ ॥	[1](ਅਗਾਰ ਪੈ) ਅੱਗੋਂ ਆ ਕੇ ਅਗਵਾਨੀ ਕਰ ਕੇ ਨਾਲ ਲੈ ਚੱਲੇ।
ਹਾਥ ਸੋਂ ਪਕਰਿ ਹਾਥ ਲੀਏ ਸਿੰਘ ਜੀ ਕੋ ਸਾਥ,	
ਚਾਲਯੋ ਬਜੀਰ ਬਾਤ ਕਰਤ ਅਗਾਰੀ ਹੈ[1]।	[1]ਅੱਗੇ ਨੂੰ ਚੱਲਿਆ।
ਏਲਚੀ[1] ਅਮੀਰ[2] ਔ ਦਿਵਾਨ[3] ਦਿਸ ਸਿੰਘਨ ਤੈ,	[1]ਹਲਕਾਰੇ। [2]ਸਰਦਾਰ। [3]ਵਜ਼ੀਰ।
ਕੁੰਨਸਾਂ[1] ਕਰਤ ਚਲੇ ਸ਼ਾਹਿ ਕੋ ਉਦਾਰੀ ਹੈ[2]।	[1]ਨਮਸ਼ਕਾਰਾਂ। [2]ਚੰਗੀ ਤਰ੍ਹਾਂ।
ਸ਼ਾਹਿ ਮਸਨੰਦ[1] ਬੈਠੋ ਬਖਤ ਬੁਲੰਦ[2], ਕੰਦ	[1]ਗੱਦੀ ਉੱਤੇ। [2]ਉੱਚੇ ਭਾਗਾਂ ਵਾਲਾ।
ਅਨੰਦ ਤਖਤ ਪੈ[1], ਕਚਹਿਰੀ ਮਝਾਰੀ ਹੈ।	[1]ਆਨੰਦ ਨਾਲ ਸ਼ਾਹੀ ਤਖ਼ਤ ਉੱਤੇ।
ਜਾਇ ਢਿਗ ਸਿੰਘਨ, ਉਠਾਇ ਹਾਥ ਮਾਥ ਪਰਿ,	
ਫਤੇ ਨਿਜ ਨਾਥ ਕੀ ਸੁਭਾਵਤੀ ਉਚਾਰੀ ਹੈ[1] ॥ ੧੪੭ ॥	[1]ਆਪਣੇ ਮਾਲਕ ਵਾਹਿਗੁਰੂ ਜੀ ਕੀ ਫ਼ਤਹ ਆਪਣੇ ਸੁਭਾਵ ਅਨੁਸਾਰ ਬੁਲਾਈ।
ਲੈ ਗਏ ਬਘੇਲ ਸਿੰਘ ਜੀ ਕੋ ਢਿਗ ਸ਼ਾਹਿ ਪੁਨਾ,	
ਰਾਮ ਦਜਾਲ ਤੈ ਬਜੀਰ ਸੰਗ ਮੈਂ ਲਵਾਇ ਕੈ[1]।	[1]ਆਪਣੇ ਨਾਲ ਲੈ ਕੇ।
ਉਨਹੂੰ ਤੌ ਝੁਕ ਕਰਿ ਕੁੰਨਸ ਜ਼ਮੀਨ ਚੂੰਮੀ[1],	[1]ਉਹਨਾਂ (ਵਜ਼ੀਰਾਂ) ਨੇ ਤਾਂ ਝੁਕ ਕੇ (ਕੁਨਸ) ਨਮਸ਼ਕਾਰ ਕੀਤੀ ਤੇ ਧਰਤੀ ਨੂੰ ਚੁੰਮਿਆ।
ਸਿੰਘ ਜੀ ਗਜਾਈ ਫਤੇ ਹਾਥ ਦੋ ਉਠਾਇ ਕੈ।	
ਸਿੰਘਨ ਕੇ ਮਜ੍ਹਬ ਕੀ ਅਜਬ ਪੁਨੀਤ ਰੀਤਿ,	
ਦੇਖਿ ਪਾਤਿਸ਼ਾਹਿ ਮਾਨੀ ਫਤੇ ਮੋਦ ਪਾਇ ਕੈ।	
ਸਿੰਘ ਫੇਰ ਨਜ਼ਰ[1] ਕਮਾਣ ਦਈ ਸ਼ਾਹਿ ਤਾਂਈ,	[1]ਭੇਟਾ।
ਲਈ ਸ਼ਾਹਿ ਦੋਊ ਹਾਥ ਖੁਸ਼ੀ ਹ੍ਵੈ ਬਢਾਇ ਕੈ ॥ ੧੪੮ ॥	
ਸਿੰਘ ਕੇ ਬਿਠਾਇਬੇ ਕੋ ਸ਼ਾਹਿ ਨੈ ਅਸ਼ਾਰਾ[1] ਕੀਨ,	[1]ਇਸ਼ਾਰਾ, ਸੈਨਤ।

ਆਸਨ ਪੈ ਸਿੰਘ ਕੋ ਬਜੀਰ ਨੈ ਬਿਠਾਯੋ ਹੈ।
ਔਰ ਸਰਦਾਰ, ਚੋਬਦਾਰਨ ਬਿਠਾਏ ਸਭਿ,
ਕਾਯਦੇ ਬਮੂਜਬ ਫਰਸ਼ ਪਰ ਭਾਯੋ ਹੈ[1]।

[1]ਅਸੂਲ ਅਨੁਸਾਰ (ਭਾਯੋ) ਚੰਗੀ ਵਿਛਾਈ ਤੇ ਹੋਰ ਸਾਰੇ ਸਰਦਾਰ ਬਿਠਾਏ।

ਖੈਰ ਔ ਅਫੀਤ[1] ਫਿਰ ਬਾਦਸ਼ਾਹਿ ਸਿੰਘ ਜੀ ਕੌ

[1](ਖ਼ੈਰ) ਸੁਖ ਤੇ (ਅਫੀਤ) ਆਰਾਮ।

ਬੂਝੀ, ਸਿੰਘ ਅਦਬ ਅਦਾਬ ਯੁਤ ਗਾਯੋ ਹੈ[1]।

[1]ਸਤਿਕਾਰ ਨਾਲ ਕਿਹਾ।

ਆਪ ਕੇ ਦੀਦਾਰ ਕਰਤਾਰ ਸਮ ਪਾਇ ਹਮ,
ਰਾਵਰੇ ਕਰਮ ਤੈ[1] ਆਨੰਦ ਵਡ ਪਾਯੋ ਹੈ ॥੧੪੯॥

[1]ਆਪ ਦੀ ਬਖ਼ਸ਼ਸ਼ ਨਾਲ।

ਸੁਨ ਕਰਿ ਬਾਦਸ਼ਾਹਿ ਭਯੋ ਮੋਦ ਮਨ ਮਾਂਹਿ,
ਲਜਾਕਤ ਗੁਫਤਗੂ[1] ਸਿੰਘਾਨ ਕੀ ਨਿਹਾਰ ਕੈ।

[1]ਸਿੰਘਾਂ ਦੀ (ਗੁਫ਼ਤਗੂ) ਗੱਲਬਾਤ ਕਰਨ ਦੀ ਯੋਗਯਤਾ।

ਖਾਨ ਉਮਰਾਵ ਔ ਅਮੀਰ ਤੈ ਬਜੀਰ ਭੂਪ,
ਮੁਨਸ਼ੀ ਦੀਵਾਨ ਸਰਦਾਰਨ ਅਪਾਰ ਕੈ[1]।

[1]ਬਹੁਤੇ।

ਏਲਚੀ ਸੁਦਾਗਰ ਵਿਸੇਸ ਦੇਸ ਦੇਸਨ ਕੇ,
ਸਭਾ ਜੋ ਅਪਾਰ ਥੀ ਮਲਕ ਏਕਸਾਰ ਕੈ[1]।

[1](ਮਲਕ) ਬਾਦਸ਼ਾਹ ਦੀ ਸਭਾ ਜੋ (ਅਪਾਰ) ਬਹੁਤੀ (ਏਕ ਸਾਰ ਕੈ) ਇਕੋ ਜਿਹੀ ਸੀ।

ਦੇਖ ਕੈ ਅਨੂਪ ਰੂਪ ਸਿੰਘਨ ਕੇ ਖੂਪ ਤਬਿ,
ਸਭ ਹੀ ਕੇ ਭਏ ਮਨ ਮੋਦ ਬੈਰ ਡਾਰ ਕੈ[1] ॥੧੫੦॥

[1]ਛੱਡ ਕੇ।

ਦਬਦਬਾ ਇਕਬਾਲ ਪੈ ਜਾਹੋ ਜਲਾਲ,
ਜ਼ੇਬ ਔ ਜਲੂਸ ਸ਼ਾਨ ਸ਼ੌਕਰੰਗ ਢੰਗ ਪੈ[1]।

[1](ਸਿੰਘਾਂ ਦਾ) ਦਬਦਬਾ (ਜਮਾਲ) ਸੁੰਦਰਤਾ (ਇਕਬਾਲ ਪੈ) ਚੰਗੀ ਕਿਸਮਤ, (ਜਾਹੋ ਜਲਾਲ) ਚੰਗੀ ਚਮਕ ਦਮਕ, (ਜ਼ੇਬ) ਸੋਭਾ, ਅਤੇ (ਜਲੂਸ) ਸਜ ਧਜ ਦੀ ਸਵਾਰੀ, (ਸ਼ਾਨ) ਵਡਿਆਈ, (ਸ਼ੌਕ) (ਸ਼ੌਕਤ) ਤੇਜੀ (ਅਨੇਕਾਂ) ਰੰਗਾਂ ਢੰਗਾਂ ਦੀ ਹੈ।

ਚੜ੍ਹਤ ਬਨਾਵਟ ਤਨਾਵਟ ਪ੍ਰਤਾਪ ਤੇਜ,
ਸ਼ਸਤਰ ਔ ਬਸਤ੍ਰ ਸਜਾਵਟ ਸਭਿ ਅੰਗ ਪੈ[1]।

[1]ਚੜ੍ਹਾਈ ਦੀ ਬਣਤਰ ਤੇਜ ਪ੍ਰਤਾਪ ਦਾ (ਤਨਾਵਟ) ਫੈਲਾਉ ਸ਼ਸਤ੍ਰਾਂ ਤੇ ਬਸਤ੍ਰਾਂ ਦੀ ਸਾਰਿਆਂ ਅੰਗਾਂ ਉੱਪਰ ਸਜਾਵਟ।

ਦਾਢੀਆਂ ਮੁਛਹਿਰੇ ਕਛਹਿਰੇ ਅਛਹਿਰੇ,
ਔ ਚਿਹਰੇ ਤੈ ਮੁਹਿਰੇ ਸਫਾਈ ਅੰਗ-ਰੰਗ ਪੈ[1]।

[1]ਦਾੜ੍ਹੀਆਂ, ਮੁੱਛਾਂ (ਅਛਹਿਰੇ) ਚੰਗੇ ਕਛਹਿਰੇ ਅਤੇ ਚਿਹਰਿਆਂ ਮੁਹਰਿਆਂ ਤੇ ਚੰਗਾਰੰਗ ਤੇ ਸਾਰੇ ਅੰਗਾਂ ਤੇ ਸਫਾਈ ਹੈ।

ਸ਼ਕਲੈਂ ਮੁਹੀਬ ਪੈ ਗਰੀਬ ਔ ਅਜੀਬ ਬਾਨੇ,
ਦਮਕ ਦਮਾਗ ਦੇਖ ਭਏ ਤ੍ਰੁਕ ਦੰਗ ਪੈ[1] ॥੧੫੧॥

[1]ਸ਼ਕਲਾਂ (ਮੁਹੀਬ) ਡਰਾਉਣੀਆਂ (ਪੈ) ਪਰ ਮਨ ਕਰ ਕੇ ਗਰਬੀ, ਪੁਸ਼ਾਕੇ ਅਸਚਰਜ ਤੇ ਦਿਮਾਗੀ ਚਮਕ ਦਮਕ ਦੇਖ ਕੇ ਤੁਰਕ (ਦੰਗ) ਹੈਰਾਨ ਹੋ ਗਏ।

ਆਪਸ ਮੈਂ ਲਹਿਰੀ ਕਚਹਿਰੀ ਕੇ ਲੋਗ,
ਲਗੇ ਸ਼ਾਰਤੈਂ ਬੁਝਾਰਤੈਂ ਕਰਨ ਬਹੁ ਭਾਇ ਕੈ[1]।

[1]ਕਚਹਿਰੀ ਦੇ ਲੋਕ (ਲਹਿਰੀ) ਖ਼ੁਸ਼ੀ ਵਿੱਚ (ਬਹੁ ਭਾਇ ਕੈ) ਬਹੁਤ ਤਰ੍ਹਾਂ ਆਪਸ ਵਿੱਚ ਬੁਝਾਰਤਾਂ ਪਾਉਣ ਤੇ ਇਸ਼ਾਰੇ ਕਰਨ ਲੱਗੇ।

ਸਭੀ ਸਰਦਾਰਨ ਤੈ ਨਜਰੈਂ ਕਮੰਠੇ, ਸਿੰਘ
ਸ਼ਾਹਿ ਕੌ ਦਿਲਾਏ ਫੇਰ ਅਰਜ਼ ਕਰਾਇ ਕੈ[1]।

[1]ਬਘੇਲ ਸਿੰਘ ਨੇ ਸਾਰੇ ਸਰਦਾਰਾਂ ਤੋਂ ਬਾਦਸ਼ਾਹ ਨੂੰ ਬੇਨਤੀ ਕਰਵਾਕੇ (ਕਮੰਠੇ) ਧਨੁਸ਼ਾਂ ਦੀਆਂ ਭੇਟਾਂ ਦਿਵਾਈਆਂ।

ਪਤਿਸ਼ਾਹਿ ਫੇਰ ਵਡ ਖਿਲਤ[1] ਮੰਗਾਇ,
ਦਯੋ ਸਿੰਘ ਜੀ ਕੋ ਸਿਰੋਪਾਉ, ਮੋਦ ਮਨ ਪਾਇ ਕੈ।
ਮੋਤਿਨ ਕੀ ਮਾਲ[1] ਜਿਗਾ ਕਲਗੀ ਰਸਾਲ[2], ਏਕ
ਦੁਰਦ ਬਿਸਾਲ[1], ਦਯੋ ਸਾਜ ਸਜਵਾਇ ਕੈ ॥੧੫੨॥

[1]ਬਾਦਸ਼ਾਹ ਵੱਲੋਂ ਦਿੱਤੀ ਜਾਣ ਵਾਲੀ ਪੁਸ਼ਾਕ।

[1]ਮੋਤੀਆਂ ਦੀ ਮਾਲਾ। [2]ਸੁੰਦਰ।

[1]ਵੱਡਾ ਹਾਥੀ।

ਔਰ ਸਰਦਾਰਨ ਕੌ ਸਿਰੇਪਾਉ ਜਥਾ ਜੋਗ,
ਫੇਰ ਪਤਿਸ਼ਾਹਿ ਨੈ ਬਜੀਰ ਤੈ ਦਿਲਾਏ ਹੈਂ।
ਬਿਦਾ ਹੋਨ ਲਾਗਯੋ ਜਬਿ ਸ਼ਾਹਿ ਤੈ ਬਘੇਲ ਸਿੰਘ,
ਸ਼ਾਹਿ ਮੁਸਕਾਇ ਤਬਿ ਬੈਨ ਯੌਂ ਅਲਾਏ ਹੈਂ।
ਸਿੰਘ ਸੁਨੇ ਹਮ ਨੈ ਲੁਟੇਰੇ ਹੈਂ ਵਧੇਰੇ ਅਤਿ,
ਲੂਟਤੇ ਨ ਹੇਰੇ[1] ਕਬੀ ਕੈਸੇ ਲੂਟ ਖਾਏ ਹੈਂ।
ਸਿੰਘ ਜੀ ਨੇ ਕਹਯੋ ਹੱਸ ਕਲ ਹੀ ਕੋ ਲੀਜੈ ਪਸ[1],
ਆਪ ਕੋ ਦਿਖਾਰੈਂ ਬਸ[1] ਖੇਤ ਕੋ ਲੁਟਾਏ ਹੈਂ ॥੧੫੩॥

[1]ਦੇਖੇ।

[1]ਦੇਖ ਲਵੋ।

[1]ਸਿਰਫ਼, ਕੇਵਲ।

ਦੋਹਰਾ:
ਖੇਤ ਪੋਨਜੋਂ ਕੇ ਖਰ੍ਹੇ[1], ਯਹਿ ਜੋ ਜਮਨਾ ਪਾਰ।
ਇਨ ਕੇ ਕਿਰਸਾਨਨ ਤਈਂ, ਦਾਮ[1] ਦੇਹੁ ਤੁਮ ਤਾਰ ॥੧੫੪॥

[1]ਖੜ੍ਹੇ ਹਨ।

[1]ਰੁਪਏ।

ਸ੍ਵੈਯਾ:
ਸਿੰਘ ਸਕਾਰੇ[1] ਚਢੈਂ ਜਬਿ ਲੂਟਨ,

[1]ਸਵੇਰੇ।

ਆਪ ਪਿਖ੍ਯੋ ਥਿਰਿ ਊਚ ਮਕਾਨੈਂ।
ਯੌਂ ਕਹਿ ਕੈ ਸਿੰਘ ਹੋਇ ਬਿਦਾ,
ਨਿਜ ਡੇਰੇ ਅਯੋ ਮੁਦ ਮਾਨਿ[1] ਮਹਾਨੈ। — [1]ਅਨੰਦ ਮੰਨ ਕੇ।
ਬੋਲਿ ਕਹ੍ਯੋ ਸਭਿ ਪੰਥ ਤਈਂ,
ਅਕਰਾਰ ਕਰ੍ਯੋ ਜੋਊ ਸ਼ਾਹਿ ਸੰਗਾਨੈਂ[1]। — [1]ਬਾਦਸ਼ਾਹ ਨਾਲ।
ਪ੍ਰਾਤ ਭਏ ਸਭਿ ਸਿੰਘਨ ਕੀ ਹਿਤ
ਲੂਟਨ ਛੂਟ ਕਰਾ ਦਈ ਵਾ ਨੈਂ[1] ॥ ੧੫੫ ॥ — [1]ਉਸ ਬਘੇਲ ਸਿੰਘ ਨੇ (ਛੂਟ) ਹੱਲਾ ਕਰਵਾ ਦਿੱਤਾ।
ਲੈ ਦਤੀਆਂ[1] ਖੁਰਪੇ[2] ਕਸੀਆਂ[3] — [1]ਦਾਤੀਆਂ। [2]ਰੰਬੇ। [3]ਕਹੀਆਂ (ਕਹੀ- ਮਿੱਟੀ ਪੁੱਟਣ ਦਾ ਸੰਦ।)
ਪਰਸੇ[1], ਗਹਿ ਤੇਗ ਛੁਰੇ ਸਿੰਘ ਧਾਏ। — [1]ਕੁਹਾੜੇ।
ਪਾਰ ਭਏ ਜਮਨਾ ਤਰ ਕੈ ਪਹਿਲੇ[1] — [1]ਪਹਿਲਾਂ ਪਹੁੰਚਣ ਵਾਲੇ।
ਕਟਿ ਊਖ ਭਰੇ ਬੰਧਿ ਲਜਾਏ[1]। — [1]ਕਮਾਦ (ਪੋਨਿਆਂ) ਨੂੰ ਕੱਟ ਕੇ ਉਹਨਾਂ ਦੇ ਭਰੇ (ਪੰਡਾਂ) ਬੰਨ੍ਹ ਲਿਆਏ।
ਔਰ ਗਏ ਇਤ ਤੈ ਸਿੰਘ ਧਾਇ,
ਦਈ ਤਿਨਹੂੰ ਤਹਿਂ ਲੂਟ ਮਚਾਏ।
ਛੀਨਤ ਹੈ ਇਕ ਤੈ ਸਿੰਘ ਦੂਸਰਿ,
ਤਾਂਹਿ ਤੈ ਤੀਸਰ ਔਰ ਛਿਨਾਏ[1] ॥ ੧੫੬ ॥ — [1]ਖੋਹ ਲੈਂਦਾ ਹੈ।
ਆਪਸ ਮਾਹਿਂ ਲਗੇ ਲਰਨੇ,
ਸਿੰਘ ਪੋਨਨ ਪੈ, ਭਏ ਗਾਰਮ ਗਾਰੈਂ[1]। — [1]ਗਾਲੋ ਗਾਲੀ।
ਏਕ ਉਠਾਇ ਭਗੈ ਜਬਿ, ਤਾਂਹਿ ਤੈ
ਦੂਸਰ ਛੀਨਤ ਹੈ[1] ਬਲ ਧਾਰੈ। — [1]ਖੋਂਹਦਾ ਹੈ।
ਸੋ ਜੁਗ ਹੀ[1] ਲਰਤੇ ਰਹਿ ਜਾਵਤ, — [1]ਦੋਨੋਂ ਹੀ।
ਤੀਸਰ ਔਰ ਉਠਾਇ ਪਧਾਰੈ[1]। — [1]ਦੌੜ ਜਾਂਦਾ ਹੈ।
ਫੇਰ ਵਹੈ ਤਿਸ ਕੋ ਗਹਿ ਮਾਰਤ,
ਦਾਢੀ ਉਪਾਰਤ[1] ਪਾਗ ਉਤਾਰੈ ॥ ੧੫੭ ॥ — [1]ਦਾਹੜੀ ਪੁੱਟਦਾ ਹੈ।
ਸਿੰਘ ਅਪਾਰ ਹਜਾਰਨ ਠੌਰਨ,
ਆਪਸ ਮਾਂਹਿ ਲਰੈਂ ਇਮ ਗਾਢੇ[1]। — [1]ਤਕੜੇ।
ਬਾਂਧਤ ਭਾਰ ਕਿਤੇ ਕਟਿ ਊਖਹਿਂ,
ਲੈ ਕਰਿ ਦੌਰ ਚਲੈਂ ਕਿਤ ਠਾਢੇ।
ਕੇਚਤ ਪੋਨਨ ਕੌ ਕਟ ਹੀ ਰਹਿਂ[1], — [1]ਕਟਦੇ ਹੀ ਰਹਿ ਜਾਂਦੇ ਹਨ।

ਖੇਤ ਕ੍ਰਿਸਾਨ ਬਢੈਂ ਜਿਮ ਬਾਢੇ[1]। — [1]ਵੱਢਣ ਵਾਲੇ।
ਚੁੱਕਤ ਔਰ ਕਟੇ ਤਿਨ ਕੇ,
ਲਰਹੀਂ ਤਬਿ ਕੇਸ ਪੁਟਾਵਤ ਦਾਢੇ[1] ॥੧੫੮॥ — [1]ਦਾੜ੍ਹੇ।
ਕੇਚਤ ਸੰਗ ਲਰੈਂ ਪਨਹੀ[1], — [1]ਜੁੱਤੀਆਂ ਨਾਲ।
ਕਿਤ ਥੱਪੜ[1] ਲੱਪੜ[2] ਲੱਕੜ ਸੰਗੈਂ[3]। — [1]ਧੱਫਾ, ਧੌਲ। [2]ਲਫੇੜਾ, ਚਪੇੜ। [3]ਸੋਟੀਆਂ ਨਾਲ।
ਕਿਤ ਗੱਫੀਆਂ[1] ਪਾਇ ਖਰ੍ਹੇ ਭਿਰ ਹੈਂ, — [1]ਜੱਫੀਆਂ।
ਗਿਰ ਹੈਂ ਧਰ ਪੈ ਕਿਤ ਫੋਰਤ ਅੰਗੈਂ[1]। — [1]ਅੰਗਾਂ ਨੂੰ ਭੰਨ ਦੇਂਦੇ ਹਨ।
ਕਿਤ ਪੋਨਨ ਸੰਗ ਸਫਾਜੰਗ[1] ਸੋਂ, — [1]ਗੰਡਾਸਿਆਂ ਨਾਲ।
ਕਿਤ ਸੇਲ[1] ਛੁਰੀ ਟਕੂਏ ਬਹੁ ਢੰਗੈਂ[2]। — [1]ਬਰਛਿਆਂ। [2]ਬਹੁਤ (ਢੰਗੈ) ਕਿਸਮਾਂ ਦੇ (ਸ਼ਸਤ੍ਰ)।
ਵਡ ਜੰਗ ਕਰੈਂ ਕਿ ਭਿਰੈਂ[1] ਸਿੰਘ ਮੱਲ, — [1]ਘੁਲ ਰਹੇ ਹਨ।
ਕਿ ਲੂਟਤ ਊਖ ਕਿ ਭੂਖਤ ਦੰਗੈਂ[1] ॥੧੫੯॥ — [1]ਕਮਾਦ ਨੂੰ ਲੁੱਟਦੇ ਹਨ ਜਾਂ (ਦੰਗਾ) ਝਗੜਾ (ਭੂਖਤ) ਸਜਾ ਰਹੇ ਹਨ।

ਸਿੰਘ ਹਜ਼ਾਰ ਛਿ ਸਾਤਕ ਯੌਂ ਤਬਿ,
ਕੋਸ ਦੁ-ਤੀਨ ਕੁ ਮਾਂਹਿ ਫਿਰਾਂਹੀਂ।
ਕੇਤਿਕ ਬਾਂਧਿ ਭਰੇ ਜਮਨਾ ਮਧ
ਲੈ ਕਰਿ ਪੈਰਤ ਆਵਨ ਚਾਂਹੀਂ[1]। — [1]ਤਰ ਕੇ ਆਉਣਾ ਚਾਹੁੰਦੇ ਹਨ।
ਔਰ ਬਲੀ ਤਰ ਕੈ, ਤਿਨ ਤੈ
ਹਰ ਕੈ[1], ਦਰਜਾਵ ਮੈਂ ਲੁਟ ਲਿਜਾਂਹੀਂ। — [1]ਖੋਹ ਕੇ।
ਕੇਤਿਕ ਯੌਂ ਮਧ ਧਾਰ ਰੁੜ੍ਹੇ,
ਲਰਤੇ ਤਲ ਊਪਰ[1] ਹੋਵਤ ਜਾਂਹੀਂ ॥੧੬੦॥ — [1]ਹੇਠ ਉੱਤੇ।
ਲਘੁ ਸੇ ਜਲ ਮੈਂ ਬਰ ਕੈ ਧਰ ਕੈ
ਲਰ ਕੈ ਗਿਰ ਕੈ ਕਿਤ ਓਰ ਪਲੈ ਹੈਂ[1]। — [1]ਛੋਟੇ ਜਿਹੇ ਜਲ ਵਿੱਚ ਵੜ ਕੇ (ਦੂਜੇ ਨੂੰ) (ਧਰ ਕੈ) ਪਕੜ ਕੇ, ਲੜ ਕੇ, ਡਿੱਗ ਕੇ ਕਿਸੇ ਹੋਰ ਤਰਫ਼ ਚਲੇ ਜਾਂਦੇ ਹਨ।

ਪੋਸ਼ਸ਼ ਕੱਛਨ ਕੇਸਨ ਦਾਢਿਨ
ਤੈ, ਜਲ ਕੀਚੜ੍ਹ ਧਾਰ ਚੁਚੈ ਹੈਂ[1]। — [1]ਪੁਸ਼ਾਕਿਆਂ, ਕਛਹਿਰਿਆਂ, ਕੇਸਾਂ, ਦਾਹੜਿਆਂ ਤੋਂ ਪਾਣੀ ਤੇ ਚਿੱਕੜ ਦੀਆਂ ਧਾਰਾਂ ਚੋਂਦੀਆਂ ਹਨ।

ਕੇਚਿਤ ਮੱਧ ਬਰੇਤੀ ਗਿਰੈਂ ਲਰਿ,
ਕੇਤਿਕ ਕੀਚਹਿਂ ਵੀਚ ਲਰੈ ਹੈਂ[1]। — [1]ਲੜਦੇ ਡਿੱਗ ਪੈਂਦੇ ਹਨ, ਕਈ ਚਿੱਕੜ ਵਿੱਚ ਲੜਦੇ ਹਨ।
ਜਿਮ ਗ੍ਰੀਖਮ ਮੈਂ[1] ਮਹਿਖੇ[2] ਰਿਛ ਸੂਰ, — [1]ਜਿਵੇਂ (ਗ੍ਰੀਖਮ) ਗਰਮੀ ਦੀਰੁੱਤ ਵਿੱਚ। [2]ਮਹੇਂ, ਸਾਨ੍ਹ।
ਲਿਟੈਂ ਬਹੁ ਕੀਚ ਕੇ ਵੀਚ ਭਿਰੈ ਹੈਂ[1] ॥੧੬੧॥ — [1]ਭਿੜਦੇ ਹਨ।
ਦਸ ਬੀਸ ਪਚਾਸ, ਕਿਤੈ ਮਿਲ ਕੈ ਸਿੰਘ,

ਊਂਟ ਤੁਰੰਗ ਨਿਸੰਗ ਲਦੈ ਹੈਂ[1]।
[1]ਊਠ ਤੇ ਘੋੜੇ ਲੱਦ ਲੈਂਦੇ ਹਨ।
ਸੋ ਮਗ ਮੈਂ ਚਲ ਹੈਂ ਜਬਿ ਲੈ ਕਰਿ,
ਔਰ ਘਨੇ ਤਿਨ ਪੈ ਪੁਨ ਪੈਹੈਂ[1]।
[1](ਖੋਹਣ) ਆ ਪੈਂਦੇ ਹਨ।
ਡੇਰਨ ਤੈ ਅਰ ਖੇਤਨ ਲੌਂ,
ਇਮ ਲੂਟ ਰੁ ਕੂਟ ਮਚੀ ਬਹੁਤੈਹੈਂ[1]।
[1]ਬਹੁਤੀ।
ਨਿਜ ਸੰਗ ਲਏ ਸਰਦਾਰ ਵਿਸ਼ੇਸ਼,
ਬਘੇਲ ਮ੍ਰਿਗੇਸ ਖੜ੍ਰੋ ਲੁਟਵੈ ਹੈ ॥ ੧੬੨ ॥
ਦੇਖ ਰਹ੍ਯੋ ਉਤ ਤੈ ਪਤਸ਼ਾਹਿ,
ਥਿਰ੍ਯੋ ਨਿਜ ਮੰਦਰ ਊਪਰ ਤੈਹੈਂ[1]।
[1]ਉੱਪਰ ਤੋਂ।
ਔਰ ਅਮੀਰ ਬਜੀਰ ਦਿਵਾਨ,
ਨੁਵਾਬ ਰੁ ਖਾਨ ਉਮ੍ਰਾਵ ਸਭੈ ਹੈਂ।
ਪਿਖਿ ਕੌਤਿਕ ਛੂਟ[1] ਰੁ ਲੂਟ ਸੁ ਕੂਟ
[1]ਹੱਲਾ।
ਸਿੰਘਾਨ ਕੀ, ਹੋਇ ਰਹੇ ਚਕਤੈਹੈਂ[1]।
[1]ਚੱਕ੍ਰਤ, ਹੈਰਾਨ।
ਢਿਗ ਸ਼ਾਹਿ ਬਢ੍ਯੋ ਰਸ ਹਾਸ ਬਿਲਾਸ,
ਸਿੰਘਾਨ ਪੈ ਵਾਹਿ ਹੀ ਵਾਹਿ ਅਲੈ ਹੈਂ ॥ ੧੬੩ ॥

ਦੋਹਰਾ:

ਪੇਖਿ ਖਾਲਸੇ ਪੰਥ ਕੀ,
ਲੂਟ ਕੂਟ ਬਹੁ ਭਾਇ।
ਬਾਦਸ਼ਾਹਿ ਗੌਹਰ-ਅਲੀ,
ਭਯੋ ਮੋਦ ਬਿਸਮਾਇ ॥ ੧੬੪ ॥
ਬੂਝ੍ਯੋ ਰਾਮ ਦਜਾਲ ਤੈ,
ਸਿੰਘ ਸਦਾ ਇਮ ਚਾਲ।
ਜੇ ਚਲ ਹੈਂ ਰਣ ਲੂਟ ਮੈਂ,
ਬਢ੍ਯੋ ਕੈਸ ਇਕਬਾਲ[1] ॥ ੧੬੫ ॥
[1]ਪ੍ਰਤਾਪ।
ਦਸਤ-ਬਸਤ ਹ੍ਵੈ[1] ਕਰਿ ਕਹ੍ਯੋ,
[1]ਹੱਥ ਬੰਨ੍ਹ ਕੇ।
ਫਿਰ ਸ਼ਹਿ ਪਾਸ ਦਿਵਾਨ।
ਆਪਸ ਮੈਂ ਯਹਿ ਸਿੰਘ ਸਭਿ,
ਰਹਿ ਹੈਂ ਮੀਤ ਮਹਾਨ ॥ ੧੬੬ ॥
ਦੀਸਨ ਕੋ ਯਹ ਲਰਤ ਹੈਂ,
ਯਹਿ ਕਰਿ ਹੈਂ ਨਿਜ ਖੇਲ।

ਸਕੇ ਬਿਰਾਦਰ ਜਯੋਂ ਰਿਦਯੋਂ,
ਰਾਖਤ ਹੈਂ ਦ੍ਰਿਢ ਮੇਲ[1] ॥੧੬੭॥ — [1]ਸਕੇ ਭਰਾਵਾਂ ਵਾਂਗ ਦਿਲੋਂ ਪੱਕਾ ਮੇਲ ਰੱਖਦੇ ਹਨ।
ਗੈਰ ਮਜ਼ਬ ਸੋਂ ਬਰਤ ਜਬਿ,
ਧਰਤ ਔਰ ਹੀ ਭਾਂਤਿ[1]। — [1]ਹੋਰ ਤ੍ਰੀਕਾ ਧਾਰਦੇ ਹਨ।
ਖਾਨੇ ਹੇਤ ਦਿਖਾਨ ਕੇ,
ਜਯੋਂ ਦੁਬਿਧਾ ਗਜ ਦਾਂਤ[1] ॥੧੬੮॥ — [1]ਹਾਥੀ ਦੇ ਦੋ ਤਰ੍ਹਾਂ ਦੇ ਦੰਦ ਹੁੰਦੇ ਹਨ।
ਇਨ ਮੈਂ ਸੇ ਜਬਿ ਏਕ ਕੋ,
ਪਰਤ ਕਾਮ ਕਿਛੁ ਆਇ।
ਤਹਿਂ ਯਹਿ ਸਭਿ ਦਿਲ ਜਾਨ ਤੈ,
ਕਰ ਹੈਂ ਆਇ ਸਹਾਇ ॥੧੬੯॥
ਜੰਗ ਵੀਚ ਇਕ ਮੇਕ ਹ੍ਵੈ[1], — [1]ਇਕ ਮਿਕ ਹੋ ਕੇ।
ਹੋਵਨ ਚਹਿਤ ਸ਼ਹੀਦ।
ਹੱਲਾ ਕਰਿ ਕੈ ਪਰਤ ਹੈਂ[1], — [1]ਪੈਂਦੇ ਹਨ।
ਲਰਤ ਸੁ ਕਰਤ ਤਗੀਦ[1] ॥੧੭੦॥ — [1]ਤਕੜਾਈ, ਪਕਿਆਈ।
ਬੈਰੀ ਬਲੀ ਬਿਸਾਲ ਕਿਨ[1], — [1]ਕਿਉਂ ਨਾ।
ਆਵੈ ਸਮੁਖ ਅਪਾਰ।
ਛੋਰਤ ਜੰਗ ਮੈਦਾਨ ਕਾ,
ਯਹਿ ਨਹਿਂ ਕਿਸੀ ਪ੍ਰਕਾਰ ॥੧੭੧॥
ਔਰ ਵਸਤ ਲੂਟਤ ਜਹਾਂ,
ਕੋਇ ਨ ਕਿਸ ਕੀ ਲੇਤ।
ਖਾਨ ਪਾਨ ਕੀ ਵਸਤੁ ਪਰ,
ਕਰਤ ਇਸੀ ਬਿਧਿ ਨੇਤ[1] ॥੧੭੨॥ — [1]ਨਿੱਤ, ਹਰਰੋਜ਼।
ਅਬਿ ਯਹਿ ਪੋਨੇ ਲੂਟ ਕਰਿ,
ਰਖ ਹੈਂ ਸਭਿ ਇਕ ਠੌਰ।
ਬਾਂਟ ਲੈਂਹ ਸਮ ਭਾਗ ਪੁਨ,
ਕਰਹਿਂ ਨ ਕਿੰਚਤ ਰੌਰ[1] ॥੧੭੩॥ — [1]ਫੇਰ ਇਕੋ ਜਿਹੇ ਹਿੱਸੇ ਵੰਡ ਲੈਣਗੇ, ਥੋੜ੍ਹਾ ਜਿੰਨਾ ਵੀ ਰੌਲਾ ਨਹੀਂ ਕਰਨਗੇ।

ਆਗਯਾ ਸਭਿ ਸ੍ਰਦਾਰ ਕੀ,
ਮਾਨਤ ਈਸ਼ਰ ਤੌਰ[1]। — [1]ਈਸ਼ਰ ਦੀ ਤਰ੍ਹਾਂ।
ਅਧਿਕ ਇਕਾਯਤ[1] ਇਨੋ ਮੈਂ, — [1]ਏਕਾ।

ਇਹ ਪਿਖ ਲੀਜੈ ਗੌਰ[1] ॥੧੭੪॥

[1]ਧਿਆਨ ਨਾਲ।

ਇਸੀ ਹੇਤ ਸ਼ਹਿ ਮਾਤਬਰ[1],
ਡੇਰੇ ਸਿੰਘਨ ਪਠਾਇ।
ਜਯੋਂ ਦਿਵਾਨ ਭਾਖਯੋ ਸਹੀ,
ਸੋ ਲੀਨੋ ਅਜ਼ਮਾਇ ॥੧੭੫॥

[1]ਆਪਣੇ ਇਤਬਾਰ ਵਾਲੇ।

ਸੁਨਿ ਪਿਖਿ ਸਿੰਘਨ ਕੀ ਕਥਾ,
ਸ਼ਾਹਿ ਮੋਦ ਮਨ ਪਾਇ।
ਕੁਣਕੇ ਹਿਤ ਬਹੁ ਰਜਤਪਣ[1],
ਦਯੋ ਇਨਾਮ ਪੁਚਾਇ ॥੧੭੬॥

[1]ਰੁਪਏ।

ਦਿੱਲੀ ਮੈਂ ਕਰਿ ਹੁਕਮ ਨਿਜ,
ਗੁਰਦ੍ਵਾਰੇ ਬਨਵਾਇ।
ਮੁਲਾਕਾਤ ਕਰਿ ਸ਼ਾਹਿ ਸੋਂ,
ਲੂਟ ਖੇਤ ਦਿਖਰਾਇ ॥੧੭੭॥
ਦੂਸਰ ਦਿਵਸ ਬਘੇਲ ਸਿੰਘ,
ਚਢਿ ਆਯੋ ਨਿਜ ਦੇਸ।
ਸਾਲ ਅਠਾਰਾਂ ਸੈ ਤਬੈ,
ਸਾਠਕ ਹੁਤੋ ਵਿਸੇਸ[1] ॥੧੭੮॥

[1]ਸੱਠ ਵੱਧ ਸੀ ਭਾਵ ੧੮੬੦ ਬਿ: ਸੰਮਤ ਸੀ।

ਚਲ ਦਿੱਲੀ ਤੈ ਸਿੰਘ ਸਭਿ,
ਪਹੁੰਚੇ ਨਿਜ ਨਿਜ ਠੌਰ।
ਨਿਜ ਨਿਜ ਰਜਧਾਨੀ ਵਿਖੈ,
ਥਿਰੇ ਪਾਇ ਸੁਖ ਗੌਰ[1] ॥੧੭੯॥

[1]ਭਾਰੀ, ਬਹੁਤਾ।

ਕਰੇ ਸੁਕਾਜ ਬਘੇਲ ਸਿੰਘ,
ਜਿਹਿ ਬਿਧਿ ਦਿੱਲੀ ਜਾਇ।
ਕਹਿ ਗਾਥਾ ਸਭਿ ਤਹਾਂ ਕੀ,
ਇਤੀ ਭਯੋ[1] ਯਹਿ ਧਜਾਇ ॥੧੮੦॥

[1]ਸੰਪੂਰਨ ਹੋ ਗਿਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ, 'ਸ੍ਰਦਾਰ ਬਘੇਲ ਸਿੰਘ ਕਾ ਦਿੱਲੀ ਜਾਵਨ ਪ੍ਰਸੰਗ', ਬਰਨਨੰ ਨਾਮ ਉਣਚਾਸਮੋਂ ਬਿਸ੍ਰਾਮ ॥੪੯॥

੫੦. {ਬਾਬਾ ਦੀਪ ਸਿੰਘ ਜੀ ਸ਼ਹੀਦ ਕੀ ਕਥਾ}

ਦੋਹਰਾ:

ਮਨ ਤਨ ਬਚਿ ਭਜਿ[1] ਆਦਿ ਗੁਰੁ[2], — [1]ਤਨ ਮਨ ਤੇ ਬਾਣੀ ਕਰ ਕੇ ਭਜਨ ਕਰ। [2]ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ।

ਰੇ ਮਨ ਤੂੰ ਦਿਨ ਰੈਨ।
ਹਲਤ ਪਲਤ ਬਾਂਛਤ ਮਿਲੈ,
ਭੁਗਤ ਮੁਕਤਿ ਸੁਖ ਚੈਨ[1] ॥੧॥ — [1]ਲੋਕ-ਪ੍ਰਲੋਕ ਦੇ ਮਨ-ਭਾਉਂਦੇ (ਭੁਗਤ) ਪਦਾਰਥ, ਮੁਕਤੀ ਸੁਖ ਤੇ ਸ਼ਾਂਤੀ ਮਿਲ ਜਾਣਗੇ।

ਦੀਪ ਸਿੰਘ ਸ਼ਾਹੀਦ ਕੀ
ਗਾਥਾ ਸੁਨੋ ਉਦਾਰ[1]। — [1]ਸ੍ਰੇਸ਼ਟ।
ਧਰਮ ਜੁੱਧ ਕਰਿ ਸਿਰ ਦਯੋ,
ਥਯੋ ਸ਼ਹੀਦ ਵਿਚਾਰ[1] ॥੨॥ — [1]ਜਿਵੇਂ ਸ਼ਹੀਦ ਹੋਇਆ ਹੈ (ਉਹ) ਵਿਚਾਰ (ਸੁਣੋ)।

ਚੌਪਈ:

ਅੱਠਾਰਾਂ ਸੈ ਚੌਬੀ ਮਾਹੈਂ।
ਆਯੋ ਜਬੈ ਦੁਰਾਨੀ ਸ਼ਾਹੈ।
ਬੇਰ ਬਾਰ੍ਹਵੀਂ ਵੀਚ ਪੰਜਾਬੈਂ।
ਕੀਨੇ ਉਨ ਸਿੰਘ ਘਨੇ ਖਰਾਬੈਂ ॥੩॥
ਸਿਖ ਸਰਦਾਰ ਠੌਰ ਨਿਜ ਨਿਜ ਹੈਂ।
ਤਜ ਕੈ ਧਸੇ ਜੰਗਲੈਂ ਖਿੜ ਹੈਂ।
ਦਿੱਲੀ ਦਿਸ ਅਹਿਮਦ ਸ਼ਾਹ ਗਯੋ।
ਖਾਨ ਨਜੀਬ ਬਜੀਰ ਬੁਲਯੋ ॥੪॥
ਤਿਸ ਕੇ ਦੁਸ਼ਮਨ ਮੂਟਜੋਂ ਤਾਂਈਂ।
ਮਾਰਿ ਦਬਾਇ ਗਯੋ ਪਿਛਵਾਈ।
ਯੁਤ ਗਿਲਜਜੋਂ ਕੀ ਸੈਨ ਮਹਾਨਾ।
ਸ਼ਾਹ-ਤਹਿਮੂਰ ਲਹੌਰ ਥਿਰਾਨਾ[1] ॥੫॥ — [1]ਟਿਕਾ ਦਿੱਤਾ।
ਸਿੰਘਨ ਕੇ ਸਬੰਧੀਓਂ ਤਾਂਈਂ।
ਗਿਲਜਜੋਂ ਦੀਨੇ ਦੂਖ ਮਹਾਂਈਂ।
ਰਹੈਂ ਸੁਧਾਸਰ ਮਾਂਹਿ ਦੁਰਾਨੀ।
ਕਰੈਂ ਬਿਅਦਬੀ ਦਾਇ ਗਿਲਾਨੀ[1] ॥੬॥ — [1]ਨਫ਼ਰਤ ਦੇਣ ਵਾਲੀ।
ਅਧਿਕ ਪੰਥ ਥਾ ਤਬੈ ਮਾਲਵੇ।
ਸੁਨੈਂ ਬਿਅਦਬੀ ਬਲ ਨ ਚਾਲਵੇ।

ਸੰਸਾ ਸ਼ੋਕ ਧਰਮ ਉਰਿ ਦੈ ਹੈ[1]।

[1]ਧਰਮ (ਅਸਥਾਨਾਂ ਦੀ ਬੇਅਦਬੀ ਸਿੰਘਾਂ ਦੇ) ਹਿਰਦੇ ਵਿੱਚ ਸ਼ੋਕ ਤੇ ਸੰਸਾ ਦੇ ਰਹੀ ਹੈ।

ਪੰਥ ਇਕੱਠਾ ਹੋਨ ਨ ਪੈਹੈ ॥੭॥
ਮਿਸਲ ਸ਼ਹੀਦਨ ਕਾ ਸਰਦਾਰੈਂ।
ਦੀਪ ਸਿੰਘ ਥਾ ਬਡੋ ਉਦਾਰੈਂ।
ਨਿਕਟਿ ਜਲੰਧਰ ਗ੍ਰਾਮ ਦੁਕੋਹੇ।
ਕੇਰ, ਹੁਤੋ ਸੰਧੂ ਜਟ* ਵੋਹੇ[1] ॥੮॥

[1]ਉਹ (ਬਾਬਾ ਦੀਪ ਸਿੰਘ ਜੀ) ਜਲੰਧਰ ਦੇ ਕੋਲ ਦੁਕੋਹੇ ਪਿੰਡ ਦੇ ਸੰਧੂ ਜੱਟ ਸਨ। *ਜ਼ਿਲ੍ਹਾ ਲਾਹੌਰ ਦੇ ਪਿੰਡ ਪੋਹੂਵਿੰਡ ਵਿੱਚ ਰਹਿਣ ਵਾਲੇ ਖਰ੍ਹਾ ਗੋਤ ਦੇ ਜੱਟ ਸਨ। ਦੇਖੋ ਮਹਾਨ ਕੋਸ਼ ਪੰਨਾ ੧੬੦੯। ਉਸ ਪਿੰਡ ਦੇ ਲੋਕ ਇਨ੍ਹਾਂ ਦੇ ਪਿਤਾ ਦਾ ਨਾਮ ਭਗਤ ਸਿੰਘ ਅਤੇ ਮਾਤਾ ਦਾ ਨਾਮ ਜਿਉਣੀ ਦੱਸਦੇ ਹਨ।

ਅਧਿਕ ਦਮਦਮੇਂ ਰਹਿ ਤਲਵੰਡੀ[1]।

[1]ਸਾਬੋ ਕੀ ਤਲਵੰਡੀ ਪਾਸ ਗੁਰਦੁਆਰਾ ਦਮਦਮਾ ਸਾਹਿਬ (ਗੁਰੂ ਕਾਂਸ਼ੀ ਵਿੱਚ ਬਹੁਤਾਰਹਿੰਦੇ ਸਨ।

ਹੁਤੋ ਬੀਰ ਬਰ ਬਲੀ ਘਮੰਡੀ[1]।

[1]ਚੰਗਾ ਬਲੀ ਤੇ (ਘਮੰਡੀ) ਲੜਾਕਾ ਸੂਰਮਾ ਸੀ?

ਸੁਨਿ ਬੇਅਦਬੀ ਬਹੁ ਗੁਰੁਦ੍ਵਾਰੈਂ[1]।

[1]ਗੁਰਦੁਆਰਿਆਂ ਦੀ ਬਹੁਤੀ ਬੇਅਦਬੀ ਸੁਣ ਕੇ।

ਚੰਡੀ ਚਢੀ ਤਾਂਹਿ ਅਤਿ ਭਾਰੈਂ[1] ॥੯॥

[1]ਉਸ ਨੂੰ ਬਹੁਤ ਜ਼ਿਆਦਾ ਕ੍ਰੋਧ ਚੜ੍ਹ ਗਿਆ।

ਸਭਾ ਮੱਧ ਤਿਨ ਐਸ ਉਚਾਰਾ।
ਸੂਰਬੀਰ ਸਿੰਘ ਹੈ ਕੋਊ ਭਾਰਾ।
ਰਖੈ ਧਰਮ ਨਿਜ ਜੋ ਗੁਰੁਦ੍ਵਾਰਾ।
ਜਾਇ ਸੁਧਾਸਰ ਕਰੈ ਅਖਾਰਾ[1] ॥੧੦॥

[1]ਜੰਗ।

ਇਮ ਸੁਨਿ ਪੁਨ ਬਹੁ ਸਿੰਘਨ ਬਖਾਨਾ।
ਲਾਇਕ ਏਸ ਨ ਤੁਮ ਸਮ ਆਨਾ[1]।

[1]ਤੁਹਾਡੇ ਵਰਗਾ ਹੋਰ ਕੋਈ ਲਾਇਕ ਨਹੀਂ।

ਜਤੀ ਸਤੀ ਹਠ ਤਪ ਪੂਣ ਪੂਰੇ।
ਸਿਰ ਲੌ ਦਾਨੀ ਸਿਦਕੀ ਸੂਰੇ ॥੧੧॥
ਸਭ ਗੁਨ ਪੂਰਨ ਰਾਵਰ ਜੈਸੇ।
ਨਿਕਸੈਂ ਥੋਰੇ ਸਿੰਘਨ ਮੈਂ ਸੇ[1]।

[1]ਸਿੰਘਾਂ ਵਿੱਚੋਂ ਤੁਹਾਡੇ ਵਰਗੇ ਥੋੜ੍ਹੇ ਹੀ ਨਿਕਲਣਗੇ।

ਆਪ ਸਰੀਖੇ[1], ਦੇਵਹਿਂ ਜੇ ਸਿਰ।

[1]ਵਰਗੇ।

ਹ੍ਵੈ ਨ ਬਿਅਦਬੀ ਅੰਮ੍ਰਿਤਸਰ ਫਿਰ ॥੧੨॥
ਸੁਨਿ ਸਿੰਘ ਪਾਠ-ਅਖੰਡ ਕਰਾਯੋ।
ਹਮਨ ਕਰਜੋ* ਕੰਗਨਾ[1] ਬੰਧਵਾਯੋ।

[1](ਸ਼ਹੀਦੀ) ਗਾਨਾ। *ਹਵਨ ਕਰਨਾ ਗੁਰਮਤਿ ਨਹੀਂ ਹੈ। ਬਾਬਾ ਜੀ ਵਰਗੇ ਸਿੰਘ ਹਵਨ ਨਹੀਂ ਕਰ ਸਕਦੇ।

ਕਹਜੋ ਸਭਾ ਮੈਂ ਸਿਰ ਜੋ ਦੈ ਹੈ।

ਸੰਗ ਹਮਾਰੇ ਸੋ ਅਬਿ ਥੈਹੈ[1] ॥੧੩॥ — [1]ਹੋਵੇ ਭਾਵ ਚੱਲੇ।
ਚਾਰ ਹਜ਼ਾਰ ਹੁਤੋ ਅਸਵਾਰੈਂ।
ਤਾਂ ਕੇ ਢਿਗ ਹੀ ਤਹਾਂ ਜਰਾਰੈਂ[1]। — [1]ਲੜਾਕਾ।
ਦੋਇ ਹਜ਼ਾਰ ਸੰਗ ਤਿਹ ਭਯੋ।
ਬਾਕੀ ਤਿਸ ਹੀ ਠੌਰੈਂ ਰਹਯੋ ॥੧੪॥
ਲੱਖੀ ਜੰਗਲ ਨੇਹੀਆਂ ਵਾਲੇ।
ਔਰ ਪੰਥ ਥਾ ਥਿਰਯੋ ਬਿਸਾਲੇ।
ਤਹਾਂ ਆਇ ਸਿੰਘ ਬੋਲਯੋ ਬੈਨਾ।
ਧਰਮ ਹੇਤ ਜਿਨ ਹ੍ਵੈ ਸਿਰ ਦੈਨਾ ॥੧੫॥
ਅੰਮ੍ਰਿਤਸਰ ਸੋ ਹਮਰੇ ਸੰਗੈਂ।
ਚਲਿ ਤੁਰਕਨ ਸੋਂ ਲਰੈਂ ਨਿਸੰਗੈਂ।
ਇਕ ਹਜ਼ਾਰ ਸਿੰਘ ਤਹਿਂ ਤੇ ਮਿਲੇ।
ਸੁਨਿ ਸੁਨਿ ਔਰ ਅਧਿਕ ਆ ਭਿਲੇ[1] ॥੧੬॥ — [1]ਆ ਕੇਰਲ ਗਏ, ਸ਼ਾਮਿਲ ਹੋ ਗਏ।
ਕਿਛ ਮਲਵਈ ਮਝੈਲ ਬਿਰਾੜੈਂ।
ਪਾਂਚ ਹਜ਼ਾਰਕ ਥਯੋ ਉਘਾੜੈਂ[1] ॥੧੭॥ — [1]ਪ੍ਰਗਟ ਹੀ ਹੋ ਗਿਆ।

ਦੋਹਰਾ:
ਪੱਤਣ ਲਖ ਕੈ[1] ਹਰੀ ਕੇ, — [1]ਲੰਘ ਕੇ।
ਤਰਣ ਤਾਰਣ ਪੁਨ ਆਇ।
ਕਰਿ ਇਸ਼ਨਾਨ ਸਕੇਸ[1] ਸਭਿ, — [1]ਸਣੇ ਕੇਸੀਂ।
ਬਸਤਰ ਸ਼ਸਤ੍ਰ ਸਜਾਇ ॥੧੮॥

ਚੌਪਈ:
ਪੰਚਾਂਮ੍ਰਿਤ ਅਧਿਕੈਂ ਕਰਵਾਏ।
ਥਿਰਿ ਗੁਰੁਦ੍ਵਾਰੇ ਛਕੇ ਛਕਾਏ।
ਦਈ ਤੁਰੰਗੈਂ[1] ਅਧਿਕ ਨਿਹਾਰੀ[2]। — [1]ਘੋੜਿਆਂ ਨੂੰ। [2]ਭੋਜਨ, ਘਿਉ ਦਾਣਾ ਆਦਿ।
ਪੰਚਾਂਮ੍ਰਿਤ ਕੀ[1] ਸਭਿ ਨੈ ਭਾਰੀ ॥੧੯॥ — [1]ਕੜਾਹ ਪ੍ਰਸ਼ਾਦ ਦੀ।
ਚਢੇ ਤਹਾਂ ਤੈ ਲੈਨ ਸ਼ਹੀਦੀ।
ਅੰਮ੍ਰਿਤਸਰ ਦਿਸ ਧਾਰਿ ਤਗੀਦੀ[1]। — [1]ਦ੍ਰਿੜ੍ਹਤਾ, ਪਕਿਆਈ।
ਇਹੁ ਜਬਿ ਖਬਰ ਜਬਰ[1] ਸੁਨ ਪਾਈ। — [1]ਜ਼ਬਰਦਸਤ ਖ਼ਬਰ, ਬਹੁਤ ਵੱਡੀ ਖ਼ਬਰ।
ਮਿਲੇ ਮਝੈਲ ਸਿੰਘ ਬਹੁ ਆਈ ॥੨੦॥
ਸਭਿ ਕੇ ਮਨ ਮੈਂ ਅਤਿ ਉਤਸ਼ਾਹੈਂ।

ਮਨੋ ਬਰਾਤ ਜੁੜੀ ਹਿਤ ਬਜਾਹੈਂ।
ਅੱਸ੍ਵ ਕੁਦਾਵਤ ਜਾਵਤ ਅਧਿਕੈਂ।
ਮਨੋ ਢੁਕਾਉ ਕਰਤ ਬਧ ਬਧ ਕੈ[1] ॥੨੧॥ — [1]ਵੱਧ ਵੱਧ ਕੇ।
ਮੁਕਤਿ ਤੀਆ ਬਰਬੇ ਹਿਤ ਚਾਰੂ[1]। — [1]ਮੁਕਤੀ ਰੂਪ ਸੁੰਦਰ ਇਸਤ੍ਰੀ ਨੂੰ ਵਿਆਹੁਣ ਲਈ।
ਸਸੁਰਾਲੇ ਚਾਲੇ ਗੁਰੁਦ੍ਵਾਰੂ[1]। — [1]ਗੁਰਦੁਆਰੇ ਰੂਪ ਸਹੁਰੇ ਘਰ ਚੱਲੇ।
ਝਕਾ-ਝੱਕ ਸਸਤ੍ਰ ਲਾਸੱਕੈਂ[1]। — [1]ਝਿਲਮਿਲ ਝਿਲਮਿਲ ਕਰਦੇ ਹੋਏ ਸ਼ਸਤ੍ਰ ਲਿਸ਼ਕਦੇ ਹਨ।
ਦਾਮਨਿ ਮਨੋ ਬਜੰਤ ਦਮੱਕੈਂ[1] ॥੨੨॥ — [1]ਜਾਂਣੋ ਬਹੁਤੀਆਂ ਬਿਜਲੀਆਂ ਚਮਕਦੀਆਂ ਹਨ।
ਜਬਿ ਗਿਲਜਜੋਂ ਨੈ ਇਹੁ ਸੁਨ ਪਾਈ।
ਆਏ ਸਿੰਘ ਇਤੈ ਬਹੁ ਧਾਈ।
ਜਿਤਿਕ ਸੁਧਾਸਰ ਹੁਤੇ ਦੁਰਾਨੀ।
ਆਇ ਅਰੇ ਸੰਮੁਖ ਬਲ ਠਾਂਨੀ[1] ॥੨੩॥ — [1]ਬਲ ਕਰਕੇ।
ਸੱਯਦ ਸਾਬਰ-ਅਲੀ ਖਾਨ ਜੋ।
ਮੀਰ-ਜਾਨ, ਜਹਾਠ ਖਾਨ ਲੌਂ।
ਅਫਸਰ ਤੁਰਕਨ ਕੇ ਥੇ ਖਰੇ[1]। — [1]ਚੰਗੇ ਅਫ਼ਸਰ ਸਨ।
ਚੱਬੇ ਗਾਮ ਨਿਕਟਿ ਪੁਗਿ[1] ਲਰੇ ॥੨੪॥ — [1]ਪੁੱਜ ਕੇ।

ਨਰਾਜ ਛੰਦ:

ਮਚਜੋ ਮਹਾਨ ਜੰਗ ਥੋ,
ਅਭੰਗ ਚੰਗ ਦੋ ਦਿਸੈਂ[1]। — [1]ਦੋਹਾਂ ਪਾਸਿਆਂ ਤੋਂ ਲਗਾਤਾਰ ਚੰਗਾ ਭਾਰੀ ਜੰਗ ਹੋਣ ਲੱਗ ਪਿਆ।

ਉਮੰਗ ਸੰਗ ਸੂਰਮੇ,
ਲਰੰਤ-ਵੰਤ ਹ੍ਵੈ ਰਿਸੈਂ[1]। — [1]ਸੂਰਮੇ ਉਤਸ਼ਾਹ ਨਾਲ ਗ਼ੁੱਸੇ ਵਾਲੇ ਹੋ ਕੇ ਲੜ ਰਹੇ ਹਨ।
ਧਰਮ ਜੁੱਧ ਦੀਨ ਔ
ਮਜਬ ਕਾ ਅਜੱਬ ਹੈ[1]। — [1]ਅਸਚਰਜ ਹੈ।
ਵਿਚਾਰ ਚੀਤਿ ਜੀਤ ਹੇਤ,
ਖੇਤ ਮੈਂ ਗਜੱਬ ਹੈ[1] ॥੨੫॥ — [1](ਖੇਤ) ਮੈਦਾਨੇ ਜੰਗ ਵਿੱਚ ਜਿੱਤ ਵਾਸਤੇ ਚਿੱਤ ਵਿੱਚ (ਗਜੱਬ) ਅਸਚਰਜ ਵਿਚਾਰ ਕਰਦੇ ਹਨ।

ਕਰੋਧ ਕੋ ਬਢਾਇ ਕੈ,
ਬਿਰੋਧ ਹੂੰ ਅਪਾਰ ਕੈ[1]। — [1]ਬਹੁਤਾ ਵੈਰ ਕਰਕੇ।
ਭਿਰੰਤ ਭੂਰ ਘੂਰਿ ਘੂਰਿ,
ਦੂਰ ਢਾਰਿ ਟਾਰ ਕੈ[1]। — [1]ਘੂਰ ਘੂਰ ਕੇ ਤੇ (ਢਾਰ) ਢਾਲ ਨਾਲ ਦੂਰ (ਟਾਰ) ਹਟਾ ਕੇ ਬਹੁਤੇ ਭਿੜਦੇ ਹਨ।

ਛੁਟੰਤ ਚੱਕ੍ਰ ਬਕ੍ਰੈਂ,
ਫਿਰੰਤ ਗੀਧ ਮਾਲ ਸੀ[1]।
ਲਸੰਤ ਤੇਗ ਸੈਹਥੀ,
ਦਿਸੰਤ ਜੀਹ ਕਾਲ ਸੀ[1] ॥੨੬॥

[1]ਟੇਢੇ ਚੱਕ੍ਰ ਛੁਟ ਕੇ ਗਿਰਝਾਂ ਦੀਆਂ ਡਾਰਾਂ ਵਾਂਗ ਫਿਰਦੇ ਹਨ।

[1]ਚਮਕਦੀਆਂ ਹੋਈਆਂ ਤਲਵਾਰਾਂ ਤੇ ਬਰਛੀਆਂ ਕਾਲ ਦੀ ਜੀਭ ਵਾਂਗ ਦਿਸਦੀਆਂ ਹਨ।

ਬਿਲੱਛ ਲੱਛ ਸਾਯਕਾ,
ਸਪੱਛ ਸਾਂਪ ਸੇ ਫਿਰੈਂ[1]।

[1](ਬਿਲੱਛ) ਅਨੋਖੇ (ਸਾਯਕਾ) ਤੀਰ (ਲੱਛ) ਨਿਸ਼ਾਨੇ (ਤੇ ਅਪੜਨ ਲਈ) ਖੰਭਾਂ ਵਾਲੇ ਸੱਪਾਂ ਵਾਂਗ ਫਿਰਦੇ ਹਨ।

ਫੁਕੰਤ ਆਸਮਾਨ ਮੈਂ,
ਛੁਹੰਤ ਪ੍ਰਾਨ ਕੋ ਹਿਰੈਂ[1]।

[1](ਤੀਰਾਂ ਰੂਪ ਸੱਪ) ਅਸਮਾਨ ਵਿੱਚ ਫੁੰਕਾਰੇ ਮਾਰਦੇ ਫਿਰਦੇ ਹਨ (ਜੋ ਸੂਰਮਿਆਂ ਦੇ ਸਰੀਰਾਂ ਨੂੰ) ਛੋਹਿੰਦਿਆਂ ਹੀ ਪ੍ਰਾਣਾਂ ਨੂੰ ਨਾਸ਼ ਕਰ ਦੇਂਦੇ ਹਨ।

ਚਲੰਤ ਲੋਹ-ਦੰਡ ਚੰਡਿ,
ਦੰਡ-ਧਾਰਿ ਤੈ ਬੁਰੈਂ[1]।

[1]ਲੋਹੇ ਦੇ ਡੰਡੇ (ਚੰਡਿ) ਤੇਜ਼ੀ ਨਾਲ ਚਲ ਰਹੇ ਹਨ (ਜਿਹੜੇ) (ਦੰਡ ਧਾਰ) ਜਮ ਤੋਂ ਵੀ ਬੁਰੇ ਹਨ।

ਗੁਲੇਲ ਸੇਲ ਗੋਫਨੈ,
ਅਰੋਪਨੈਂ ਨ ਸੋ ਪੁਰੈਂ[1] ॥੨੭॥

[1](ਸੇਲ) ਬਰਛੇ (ਅਰੋਪਨ) ਜੜਨੇ, ਗੁਲੇਲਾਂ ਤੇ ਗੋਪੀਏ (ਪੁਰੈਂ) ਪੂਰੇ (ਅਰੋਪਨ) ਭਰਨੇ ਨਹੀਂ (ਮਿਲਦੇ) ਭਾਵ ਬਹੁਤ ਤੇਜ਼ੀ ਨਾਲ ਚਲਾ ਰਹੇ ਹਨ।

ਤਰੱਜ ਗੱਜ ਕੈ, ਗੁਰੱਜ
ਤੱਜਿ ਚੂਰਨੰ ਕਰੈਂ[1]।

[1]ਗੱਜ ਕੇ ਤੇ ਤਾੜ ਕੇ ਅਤੇ ਗੁਰਜਾਂ (ਤੱਜ ਕੈ) ਮਾਰ ਕੇ (ਚੂਰਨ) ਨਾਸ਼ ਕਰ ਦੇਂਦੇ ਹਨ।

ਫਤੇ-ਕੁਮੈਤ ਪੇਲਹੀਂ,
ਪਰੱਸ ਤੱਸ ਹੀ ਧਰੈਂ[1]।

[1](ਫਤੇ ਕੁਮੈਤ) ਸੋਟੇ (ਪੇਲਹੀਂ) ਚਲਾਉਂਦੇ ਹਨ (ਤੱਸ) ਤਿਵੇਂ ਹੀ (ਪਰੱਸ) ਕੁਹਾੜੇ (ਧਰੈਂ) ਮਾਰਦੇ ਹਨ।

ਟਰੰਤ ਏਕ ਪੈਰ ਨਾ,
ਪਿਛਾਂਹਿ ਸਿੰਘ ਸੂਰਮੇ।
ਬਢੰਤ ਜਾਤ ਅੱਗਰੈਂ,
ਸਮੱਗਰੈਂ ਸ਼ਹੂਰ ਮੇਂ[1] ॥੨੮॥

[1]ਸਾਰੇ (ਸ਼ਹੂਰ ਮੇਂ) ਸਮਝ ਨਾਲ ਅੱਗੇ ਵੱਧਦੇ ਜਾਂਦੇ ਹਨ।

ਝਲੰਤ ਝਾਲ ਤੇਗ ਬੇਗ,
ਆਨਨੈ ਸੁ ਭਾਲ ਪੈ[1]।

[1](ਬੇਗ) ਤੇਜ਼ੀ (ਨਾਲ ਚੱਲਦੀ ਹੋਈ) ਤਲਵਾਰ ਦੀ ਝਾਲ ਨੂੰ ਮੁੱਖ ਤੇ ਮੱਥੇ ਤੇ ਸਹਾਰਦੇ ਹਨ।

ਜੁਝੰਤ ਸਿੰਘ ਏਕ,

ਛੇਕਿ ਸੱਤਰੂ ਬਿਸਾਲ ਪੈ[1]।	[1]ਇਕ ਸਿੰਘ (ਬਿਸਾਲ ਪੈ) ਬਹੁਤੇ (ਸੱਤਰੂ) ਵੈਰੀਆਂ ਨੂੰ (ਛੇਕਿ) ਮਾਰ ਕੇ (ਜੁਝੰਤ) ਸ਼ਹੀਦ ਹੁੰਦਾ ਹੈ।
ਸੁ ਚਾਰ ਚਾਰ ਉਂਗਲੈਂ, ਭਵੰਤ ਦੇਹ ਹੈਂ ਜਬੈ[1]।	[1]ਜਦੋਂ (ਸਿੰਘਾਂ ਦੀਆਂ) ਦੇਹਾਂ ਚਾਰ ਚਾਰ ਉਂਗਲਾਂ (ਦੇ ਟੁਕੜੇ) ਹੋ ਜਾਂਦੀਆਂ ਹਨ।
ਗਿਰੰਤ ਔਨਿ ਸੰਮੁਖੈਂ, ਅਗਾਂਹਿ ਪੈਰ ਪਾ ਤਬੈ[1] ॥੨੯॥	[1]ਤਦੋਂ ਅੱਗੇ ਪੈਰ ਪਾ ਕੇ (ਸੰਮੁਖੈਂ) ਸਾਹਮਣੇ (ਔਨਿ) ਧਰਤੀ ਤੇ ਡਿਗਦੇ ਹਨ।
ਸ਼ਹੀਦ ਹ੍ਵੈ ਰਸੀਦ ਲੈ, ਭਵਾਂਬੁਧੈਂ ਤਰੰਤ ਹੈਂ[1]।	[1]ਸ਼ਹੀਦ ਹੋ ਕੇ (ਭਵਾਂਬੁਧੈ) ਸੰਸਾਰ ਸਮੁੰਦਰ ਨੂੰ ਤਰਦੇ ਹਨ ਤੇ (ਸੱਚਖੰਡ) ਦੀ (ਰਸੀਦ) ਪਹੁੰਚ ਲੈ ਲੈਂਦੇ ਹਨ, ਭਾਵ ਸੱਚਖੰਡ ਪਹੁੰਚ ਜਾਂਦੇ ਹਨ।
ਸਇੱਛ ਭੋਗ ਜੋ ਮਰੈਂ, ਸੁਰਾਂਗਨਾਂ ਬਰੰਤ ਹੈਂ[1]।	[1]ਜਿਹੜੇ ਭੋਗਾਂ ਦੀ ਇੱਛਾ ਸਹਿਤ ਮਰਦੇ ਹਨ ਉਹ (ਸੁਰਾਗਨਾਂ) ਅੱਪਛਰਾਂ ਨੂੰ ਵਰਦੇ ਹਨ।
ਸ਼ਹੀਦ ਦੀਪ ਸਿੰਘ ਜੂ, ਮਹੀਪ ਪੰਥ ਮੈਂ ਤਹਾਂ[1]।	[1]ਉਥੇ ਪੰਥ ਵਿੱਚ ਦੀਪ ਸਿੰਘ ਸ਼ਹੀਦ (ਮਹੀਪ) ਰਾਜਾ ਸੀ।
ਜਿਤੈ ਪਰੰਤ ਦੌੜ ਕੈ, ਕਰੰਤ ਚੌੜ ਹੈ ਮਹਾਂ[1] ॥੩੦॥	[1]ਜਿਧਰ ਦੌੜ ਕੇ ਪੈਂਦਾ ਸੀ (ਉਧਰ ਹੀ) ਬਹੁਤ (ਚੌੜ) ਤਬਾਹੀ ਕਰਦਾ ਜਾਂਦਾ ਸੀ।
ਅਮੀਰ ਜਾਨ-ਖਾਨ ਥਾ, ਹਜਾਰ ਪਾਂਚ ਕੋ ਪਤੀ[1]।	[1]ਪੰਜ ਹਜ਼ਾਰ (ਫੌਜ ਦਾ) ਮਾਲਕ ਸੀ।
ਨਿਹਾਰਿ ਫੌਜ ਆਪਨੀ, ਲਚਾਰ ਹਾਰਤੀ ਗਤੀ[1]।	[1]ਆਪਣੀ ਫੌਜ ਦੀ (ਲਚਾਰੀ) ਬੇਬਸੀ ਤੇ ਹਾਰਨ ਦੀ ਹਾਲਤ ਦੇਖ ਕੇ।
ਮਿਦਾਨ ਮੈਂ ਸਿੰਘਾਨ ਕਾ, ਮਹਾਨ ਜੰਗ ਹੇਰ ਕੈ[1]।	[1]ਦੇਖ ਕੇ।
ਅਰਜੋ ਸੁ ਆਇ ਸੰਮੁਖੈਂ[1],	[1]ਸਾਹਮਣੇ।
ਲਰਜੋ ਬਧੇਰ ਟੇਰ ਕੈ[1] ॥੩੧॥	[1]ਬਹੁਤਾ ਬੋਲ ਕੇ।
ਬਿਲੋਕਿ ਦੀਪ ਸਿੰਘ ਜੂ, ਸਕੋਪ ਰੋਪ ਪੈਰ ਹੈਂ[1]।	[1]ਦੇਖ ਕੇ ਦੀਪ ਸਿੰਘ ਜੀ ਨੇ ਗ਼ੁੱਸੇ ਨਾਲ ਪੈਰਰੋਕ ਕੇ।
ਤਜੇ ਸਮਾਨ ਮੇਂਹ ਬਾਨ,	

ਦੋ ਦਿਸੈਂ ਸਧੈਰ ਹੈਂ[1]।

[1]ਦੋਹਾਂ ਪਾਸਿਆਂ ਤੋਂ (ਸਧੈਰ ਹੈਂ) ਧੀਰਜ ਸਹਿਤ ਹੋ ਕੇ ਮੀਂਹ ਵਾਂਗ ਤੀਰ ਛੱਡਦੇ ਹਨ।

ਯਦੀ ਅਪਾਰ ਸੂਰਮੇ
ਭਏ ਸਮਾਨ ਛਾਨਣੀ[1]।

[1](ਯਦਿ) ਭਾਵੇਂ ਬਹੁਤੇ ਸੂਰਮੇ ਛਾਨਣੀ ਵਾਂਗ (ਜ਼ਖਮੀ) ਹੋ ਗਏ।

ਤਦੀ ਭਿ ਲਾਜ ਨਾਮ ਕੀ
ਪਰੀ ਸੁ ਠੀਕ ਪਾਲਣੀ[1] ॥ ੩੨ ॥

[1]ਤਾਂ ਵੀ (ਆਪਣੇ) ਨਾਮ ਦੀ ਲਾਜ ਚੰਗੀ ਤਰ੍ਹਾਂ ਪਾਲਣੀ ਹੀ ਪਈ।

ਭਜੰਤ ਨਾ ਤਜੰਤ ਨਾ,
ਗਜੰਤ ਖੇਤ ਮੈਂ ਖਰੇ[1]।

[1](ਜੰਗ 'ਚੋਂ) ਭਜਦੇ ਨਹੀਂ (ਤੇ ਸ਼ਸਤ੍ਰ) ਛੱਡਦੇ ਨਹੀਂ, ਜੰਗ ਦੇ ਮੈਦਾਨ ਵਿੱਚ ਖੜ੍ਹੇ ਗੱਜਦੇ ਹਨ।

ਪਰੰਤ ਹੂਲ ਹਾਲ ਕੈ
ਕਰਾਲ ਰੋਹ ਕੇ ਭਰੇ[1]।

[1]ਭਿਆਨਕ ਗ਼ੁੱਸੇ ਨਾਲ ਭਰੇ (ਹੂਲ ਹਾਲ ਕੈ) ਡੰਡਰੌਲਾ ਕਰ ਕੇ (ਦੁਸ਼ਮਣਾਂ ਤੇ) ਪੈਂਦੇ ਹਨ।

ਤਬੈ ਸ਼ਹੀਦ ਦਜਾਲ ਸਿੰਘ
ਮਾਹਲੈ[1] ਨਿਹਾਰ ਹੈ।

[1]ਪਿੰਡ। (ਅ) ਗੋਤ।

ਜ੍ਵਾਨ ਸਿੰਘ ਪਾਂਚ ਸੌ,
ਮਿਲਾਇ ਸੰਗ ਸਾਰ ਹੈਂ[1] ॥ ੩੩ ॥

[1]ਚੰਗੇ।

ਪਰਜੋ ਅਮੀਰ ਜਾਨ-ਖਾਨ
ਪੈ, ਸੁ ਜਾਇ ਬੀਜ ਜਜੋਂ[1]।

[1]ਬਿਜਲੀ ਵਾਂਗ।

ਹਰੇ ਅਨੰਤ ਸ਼ੱਤਰੂ,
ਲਰੇ ਪਠਾਨ ਖੀਜ ਤਜੋਂ[1]।

[1](ਸਿੰਘਾਂ ਨੇ) ਬਹੁਤ ਵੈਰੀ ਮਾਰੇ ਤਿਵੇਂ ਪਠਾਣ ਵੀ ਖਿਝ ਕੇ ਲੜੇ।

ਹੁਤੋ ਅਮੀਰ ਜਾਨ ਫੀਲ
ਪੈ, ਲਰੰਤ ਸ੍ਹਾਮਨੈ[1]।

[1]ਅਮੀਰ ਜਾਨ ਖ਼ਾਂ ਹਾਥੀ ਤੇ (ਸਵਾਰ) ਸੀ ਤੇ ਸਾਹਮਣਿਓਂ ਲੜਦਾ ਸੀ।

ਹਰੀ-ਦਿਆਲ ਅੱਸ੍ਰ ਕੋ,
ਬਧਾਇ ਸਾਮ ਬਾਂਮਨੈ[1] ॥ ੩੪ ॥

[1]ਦਿਆਲ ਸਿੰਘ ਨੇ ਘੋੜੇ ਨੂੰ (ਸਾਮ ਬਾਮਨੈ) ਬਾਵਨ ਅਵਤਾਰ ਵਾਂਗ ਵਧਾਇਆ।

ਧਰਾਇ ਸੁੰਬ ਫੀਲ ਮਾਥਿ,
ਹਾਥ ਐਸ ਮਾਰਿਓ[1]।

[1]ਹਾਥੀ ਦੇ ਮੱਥੇ ਤੇ (ਘੋੜੇ ਦਾ) ਪੌੜਰਖਾ ਕੇ (ਤਲਵਾਰ ਦਾ) ਐਸਾ ਹੱਥ ਮਾਰਿਆ।

ਉਤਾਰਿ ਮੂੰਡ[1] ਖਾਨ ਕੋ,

[1]ਸਿਰ।

ਕੱਦੂ ਸਮਾਨ ਡਾਰਿਓ।
ਅਨੇਕ ਔਰ ਸੰਗੀਐਂ,
ਪਠਾਨ ਛੇਕ ਜੋ ਸੁਟੇ[1]। — [1]ਜਦੋਂ ਹੋਰ ਅਨੇਕਾਂ ਪਠਾਣਾਂ ਦੇ ਸਾਥੀ (ਛੇਕ) ਕੱਟ ਸੁੱਟੇ।
ਅਯੂਬ-ਖਾਂ ਜਹਾਨ ਖਾਂ,
ਸੂਦਾਰ ਕੋਪਿ ਤੋ ਉਠੇ[1] ॥ ੩੫ ॥ — [1]ਤਾਂ ਕ੍ਰੋਧ ਨਾਲ ਉੱਠੇ।
ਅਯੂਬ ਖੂਬ ਦੇਖਿ,
ਦਿਆਲ ਸਿੰਘ ਕੀ ਬਹਾਦਰੀ[1]। — [1]ਚੰਗੀ ਬਹਾਦਰੀ।
ਲਰੇ ਬਢਾਇ ਪਾਇ ਸੋ,
ਲਗਾਇ ਜੋਰ ਨਾਦਰੀ[1]। — [1]ਪੈਰ ਵਧਾ ਕੇ ਤੇ (ਨਾਦਰੀ) ਅਣੋਖਾ ਜ਼ੋਰ ਲਾ ਕੇ ਲੜੇ।
ਤਬੈ ਪਠਾਨ ਗੌਰ[1] ਹੋਰ, — [1]ਬਹੁਤੇ।
ਆ ਗਏ ਲਹੌਰ ਤੇ।
ਅਮਾਨ ਖਾਂ ਯਕੂਬ ਖਾਂ,
ਅਏ ਸੂਦਾਰ ਔਰ ਥੇ ॥ ੩੬ ॥
ਕਰੂਰ[1] ਜੰਗ ਮੱਚਿਓ, — [1]ਤਿੱਖਾ, ਤੇਜ, ਗਰਮ।
ਜਰੂਰ ਸੂਰਮੇ ਅਰੇ[1]। — [1]ਅੜ ਗਏ।
ਸਿੰਘਾਨ ਨੈ ਪਠਾਣ ਕੈ,
ਗਰੂਰ[1] ਦੂਰ ਥੇ ਕਰੇ। — [1]ਹੰਕਾਰ।
ਕਟਾ ਸੁ ਕੁੱਟ ਤੁੱਛ-ਮੁੱਛ,
ਹੱਥ-ਵੱਥ ਹ੍ਵੈ ਪਰੇ[1]। — [1]ਚੰਗੀ ਤਰ੍ਹਾਂ ਕੱਟ ਕੁੱਟ ਕੇ, ਤੱਛ ਮੁੱਛ ਕੇ ਹੱਥੋ ਹੱਥੀ ਹੋ ਪਏ।
ਚਢਾਇ ਲੁਥ-ਲੁਥ ਪੈ,
ਪਲੁੱਥ ਗੁੱਥ ਕੈ ਧਰੇ[1] ॥ ੩੭ ॥ — [1]ਲੋਥਾਂ ਤੇ ਲੋਥਾਂ (ਐਉਂ) ਚੜ੍ਹਾ ਦਿੱਤੀਆਂ (ਜਾਣੋ) ਲੋਥਾਂ ਨੂੰ (ਪਲੁੱਥ) ਉਲਟ ਪੁਲਟ ਕਰ ਕੇ ਗੁੰਦ ਕੇਰੱਖ ਦਿੱਤਾ ਹੈ।

ਭੁਜਾਂ ਸਕੰਧ ਮੂੰਡ ਜੰਘ,
ਪੈਰ ਹੱਥ ਸੱਥਲੈਂ[1]। — [1]ਬਾਹਾਂ, ਮੋਢਿਆਂ, ਸਿਰਾਂ, ਲੱਤਾਂ, ਪੈਰਾਂ, ਹੱਥਾਂ ਦੇ ਪੱਟਾਂ ਨਾਲ।
ਧਰਾ ਸਕੀਰਣੈਂ ਭਈ,
ਸਰੋਣ ਮਾਸ ਗੱਤਲੈਂ[1]। — [1]ਲਹੂ ਤੇ ਮਾਸ ਦੇ (ਗੱਤਲੈਂ) ਟੁਕੜਿਆਂ ਨਾਲ ਧਰਤੀ (ਸਕੀਰਣੈ ਭਈ) ਢੱਕੀ ਗਈ।

ਮਨੋ ਸੁ ਫਾਗ ਖੇਲਯੋ,
ਝਰੇ ਮਹੀਰੁ ਕਿੰਸਕੈਂ[1]। — [1]ਜਾਣੋ (ਫਾਗ) ਹੋਲੀ ਖੇਲੀ ਹੈ (ਜਾਂ) ਕੇਸੂ ਦੇ ਦਰੱਖ਼ਤਾਂ ਤੋਂ ਫੁੱਲ ਝੜੇ ਹਨ।

ਕਿਕਾਨ ਜ੍ਵਾਨ ਘਾਇਲੈਂ,

ਲਿਟੈਂ ਅਧੀਰ ਚਿੰਸਕੈਂ[1] ॥ ੩੮ ॥

[1]ਘੋੜੇ ਤੇ ਜਵਾਨ ਜ਼ਖ਼ਮੀ ਹੋ ਕੇ ਘਬਰਾ ਕੇ ਚੀਕਾਂ ਮਾਰਦੇ ਤੇ ਲੇਟਦੇ ਹਨ।

ਦੁ ਤੀਨ ਕੋਸ ਮੈਂ ਸਰੋਸ,
ਖੂਬ ਖੇਤ ਥਾ ਪਰਾ[1]।

[1]ਦੋ ਤਿੰਨਾਂ ਕੋਹਾਂ ਵਿੱਚ ਗ਼ੁੱਸੇ ਨਾਲ ਚੰਗਾ (ਖੇਤ) ਜੰਗ ਹੋ ਰਿਹਾ ਸੀ।

ਮਨੋ ਉਢਾਇ ਚੁਨਰੀ,
ਦਈ ਸੁਹਾਗ ਕੀ ਧਰਾ[1]।

[1]ਜਾਣੋ ਧਰਤੀ ਨੂੰ ਸੁਹਾਗ ਦੀ ਚੁੰਨੀ ਪਹਿਨਾ ਦਿੱਤੀ ਹੈ।

ਖਵੀਸਨੀ[1] ਪਿਸਾਚਨੀ[2],

[1]ਦੇਉ ਦੀ ਇਸਤ੍ਰੀ। [2]ਰਾਖਸ਼ੀ। (ਪਿਸ- ਮਾਸ ਆਚਣੀ- ਖਾਣ ਵਾਲੀ।)

ਬਿਤਾਲ[1] ਬੀਰ[2] ਭੈਰਵੀ[3]।

[1]ਭੂਤਾਂ ਦੀ ਇਕ ਜਾਤੀ। [2]ਦੇਵਤਿਆਂ ਦੇ ਗਣ। [3]ਭੈਰੋਂ ਦੀ ਇਸਤ੍ਰੀ।

ਪਲਾਚਨੀ[1] ਚੁਰੇਲ[2] ਭੁਤਿ[3]

[1]ਮਾਸ ਖਾਣੀ, ਕਾਲੀ ਦੇਵੀ। [2]ਚੁੜੇਲ, ਜੀਵਾਂ ਨੂੰ ਘੇਰ ਲੈਣ ਵਾਲੀ। [3]ਭੂਤ ਦੀ ਇਸਤ੍ਰੀ।

ਡਾਕਨੀ[1] ਪਰੇਤਵੀ[2] ॥ ੩੯ ॥

[1]ਡਾਇਣ। [2]ਪ੍ਰੇਤ ਦੀ ਇਸਤ੍ਰੀ।

ਸਿਆਰ, ਸ੍ਵਾਨ, ਕਾਕ, ਗੀਧ,
ਜੋਗਨੀ ਅਪਾਰ ਹੀ[1]।

[1]ਗਿੱਦੜ, ਕੁੱਤੇ, ਕਾਂ, ਗਿਰਝਾਂ ਤੇ ਬੇਅੰਤ ਹੀ ਜੋਗਣੀਆਂ। (ਜੋਗਣੀ=ਦੁਰਗਾ ਦੀ ਅੜਚਲ ਵਿੱਚ ਰਹਿਣ ਵਾਲੀ ਘੋਰ ਦੇਵੀ ਜੋ ਜੰਗ ਵਿੱਚ ਯੋਧਿਆਂ ਦਾ ਲਹੂ ਪੀਂਦੀ ਹੈ।)

ਛਕੰਤ ਮਾਸ ਰੁੱਧਰੈਂ[1],

[1]ਲਹੂ।

ਸਿੰਘਾਨ ਜੈ ਉਚਾਰ ਹीं।
ਸੁੱਧਾ-ਮ੍ਰਿਗੇਸ[1], ਦੀਪ ਸਿੰਘ,

[1]ਸੁੱਧਾ ਸਿੰਘ।

ਦਜਾਲ ਸਿੰਘ ਕੇਹਰੈਂ[1]।

[1]ਕੇਹਿਰ ਸਿੰਘ।

ਬਸੰਤ ਸਿੰਘ, ਰਾਮ ਸਿੰਘ
ਬੀਰ ਸਿੰਘ, ਜੇਹਰੈਂ[1] ॥ ੪੦ ॥

[1]ਜਿਹੜੇ।

ਹਰੀ-ਮ੍ਰਿਗੇਸ[1], ਕੌਰ ਸਿੰਘ

[1]ਹਰੀ ਸਿੰਘ।

ਨੌਧ ਸਿੰਘ, ਆਦਿਕੈਂ।
ਘਮੰਡ ਮੰਡਿ ਕੈ ਪ੍ਰਚੰਡ,
ਖੰਡ ਸੱਤ੍ਰੂ ਬਾਦ ਕੈ[1]।

[1](ਪ੍ਰਚੰਡ) ਤਿੱਖਾ (ਘਮੰਡ) ਜੰਗ (ਮੰਡ ਕੈ) ਰਚ ਕੇ (ਬਾਦ ਕੈ) ਝਗੜਾ ਕਰ ਕੇ ਵੈਰੀਆਂ ਦੇ (ਖੰਡ) ਟੁਕੜੇ ਟੁਕੜੇ ਕਰ ਦਿੱਤੇ।

ਸੁਧਾ-ਸਰੋਵਰੈਂ ਦਿਸਾ,
ਬਢਾਇ ਪੈਰ ਅੱਗਰੈਂ[1]।

[1]ਅੰਮ੍ਰਿਤਸਰ ਸਰੋਵਰ ਦੀ ਤਰਫ਼ ਅੱਗੇ ਪੈਰ ਵਧਾ ਕੇ।

ਚਲੇ ਲਰੰਤ ਸਿੰਘ ਜੌਂ,

ਦੁਰਾਨਿ ਸੈਂ ਸਮੱਗਰੈਂ[1] ॥੪੧॥	[1]ਜਦੋਂ ਸਾਰੇ ਸਿੰਘ ਦੁਰਾਨੀਆਂ ਨਾਲ ਲੜਦੇ ਚੱਲੇ।
ਤਬੈ ਕੁ-ਪਾਪ ਥਾਪਿ[1], ਹੇਤ[2]	[1]ਤਦੋਂ ਖੋਟਾ ਪਾਪ ਮਨ ਵਿੱਚ ਧਾਰਿਆ। [2]ਵਾਸਤੇ।
ਰੋਕਬੇ ਸਿੰਘਾਨ ਕੇ।	
ਅਪਾਰ ਗਾਇਂ ਅੱਗਰੈਂ,	
ਤੁਰੁਕੈਂ ਸੁ ਕੀਨ ਲਜਾਨ ਕੇ[1]।	[1]ਤੁਰਕਾਂ ਨੇ ਬਹੁਤੀਆਂ ਗਾਈਆਂ ਲਿਆ ਕੇ ਅੱਗੇ (ਖੜ੍ਹੀਆਂ) ਕਰ ਦਿੱਤੀਆਂ।
ਨਿਹਾਰਿ[1] ਦੀਪ ਸਿੰਘ,	[1]ਦੇਖ ਕੇ।
ਬੰਦ ਕੀਨ ਤੀਰ ਤੁੱਪਕੈਂ[1]।	[1]ਬੰਦੂਕਾਂ।
ਹੱਲਾ ਕਰਾਇ ਦੀਨ ਬੇਗ[1],	[1]ਛੇਤੀ।
ਤੇਗ ਕੇਰ ਕੁੱਪ ਕੈ[1] ॥੪੨॥	[1]ਕ੍ਰੋਧਵਾਨ ਹੋ ਕੇ।
ਪੱਲਾ ਸੁ ਬਾਂਧਿ ਖਾਲਸਾ,	
ਉਤਾਲਸਾ ਸੁ ਯੌਂ ਚਲਾ[1]।	[1]ਖ਼ਾਲਸਾ ਪਰ੍ਹਾ (ਕਤਾਰ) ਬੰਨ੍ਹ ਕੇ ਕਾਹਲੀ ਨਾਲ ਐਉਂ ਚੱਲਿਆ।
ਮਨੋ ਕਰਾਲ ਕਾਲ ਸਿੰਧੁ,	
ਕੋਪ ਕੈ ਸੁ ਉੱਛਲਾ[1]।	[1]ਜਾਣੋ ਭਿਆਨਕ ਕਾਲ ਦਾ ਸਮੁੰਦਰ ਕਰੋਧ ਕਰ ਕੇ ਉੱਛਲਿਆ ਹੈ।
ਅਪਾਰ ਮਾਰਿ ਸੱਤਰੂ,	
ਸਥਾਰ ਕੀਨ ਪੰਥ ਹੈ[1]।	[1]ਪੰਥ ਨੇ ਬਹੁਤੇ ਵੈਰੀਆਂ ਨੂੰ ਮਾਰ ਕੇ (ਸੱਥਰੈਂ) ਢੇਰ ਲਾ ਦਿੱਤੇ।
ਬਚਾਇ ਧੇਨੁ, ਘਾਇ ਕੈ	
ਅਰੀਨ, ਲੀਨ ਪੰਥ ਹੈ[1] ॥੪੩॥	[1]ਗਊਆਂ ਬਚਾ ਕੇ, ਵੈਰੀਆਂ ਨੂੰ ਮਾਰ ਕੇ (ਲੰਘਣ ਨੂੰ) ਰਸਤਾ ਲੈ ਲਿਆ।
ਪੁਨਾ ਚਲਾਇ ਤੀਰ	
ਤੁਪਕੈਂ ਮਹਾਂਇ[1] ਤੱਤ੍ਰੈਂ[2]।	[1]ਬਹੁਤੀਆਂ ਬੰਦੂਕਾਂ। [2]ਉੱਥੇ।
ਗੁਰੂਦੁਆਰ ਓਰ[1] ਚਾਲ,	[1]ਤਰਫ਼।
ਪੈ ਧਕਾਇ ਸੱਤ੍ਰੈਂ[1]।	[1]ਵੈਰੀਆਂ ਨੂੰ ਧੱਕ ਕੇ।
ਯਕੂਬ-ਖਾਨ ਸਾਬਰੈਂ	
ਅਲੀ, ਜਹਾਨ-ਖਾਨ ਹੈਂ।	
ਸਕੋਪ ਪਾਉ ਰੋਪ ਕੈ[1],	[1]ਗ਼ੁੱਸੇ ਨਾਲ ਪੈਰਰੋਕ ਕੇ।
ਲਰੇ ਸੁ ਅੱਗ੍ਰ ਆਨ ਹੈਂ ॥੪੪॥	
ਤਦਾਂਹਿ ਦੀਪ ਸਿੰਘ,	
ਖਾਂ ਯਕੂਬ ਕੌ ਪ੍ਰਚਾਰ ਕੈ[1]।	[1]ਵੰਗਾਰ ਕੇ।

ਕੁਵੰਡ ਖੰਡਿ ਖੈਂਚ ਕੈ,
ਨਰਾਚ ਮੇਂਹ ਡਾਰ ਕੈ[1]।

[1](ਕੁਵੰਡ) ਧਨੁਸ਼ ਤੇ ਖੰਡੇ ਖਿੱਚ ਕੇ ਤੇ (ਨਰਾਚ) ਤੀਰਾਂ ਦਾ ਮੀਂਹ ਪਾ ਕੇ।

ਉਭੈ ਸੁ ਭੱਟ ਜੁੱਟਗੇ
ਅੱਘਟ ਠੱਟ ਜੰਗ ਹੈਂ[1]।

[1](ਅਘੱਟ) ਲਗਾਤਾਰ ਜੰਗ (ਠੱਟ ਹੈਂ) ਕਰਦੇ ਹਨ।

ਫੁਲਾਦ ਕੇ ਸੰਜੋਇ ਟੋਪ,
ਥੇ ਸਜੇ ਸੁ ਅੰਗ ਹੈਂ ॥੪੫॥
ਮਰੇ ਕਿਕਾਨ[1] ਦੋਇ ਕੇ,
ਪੁਨਾ ਖਰੋਇ ਕੇ ਭਿਰੇ।

[1]ਘੋੜੇ।

ਅਖੀਰ ਹੱਥ ਵੱਥੁ ਹ੍ਵੈ[1],
ਉਭੈ ਜ਼ਮੀਨ ਪੈ ਗਿਰੇ।

[1]ਹਥੋ-ਪਾਈ ਹੋ ਕੇ।

ਗਰੱਜ ਸਿੰਘ, ਸਿੰਘ ਜਯੋਂ,
ਗੁਰਜ ਸੇਰ ਤੀਸ ਕੈ[1]।

[1]ਸ਼ੇਰ ਵਾਂਗ ਦੀਪ ਸਿੰਘ ਗੱਜਿਆ ਤੇ ਤੀਹ ਸੇਰ ਦੀ ਗੁਰਜ।

ਉਭਾਰਿ, ਭੀਮ ਪੌਨ
ਪੂਤ ਕੇ ਸਮਾਨ, ਰੀਸ ਕੈ[1] ॥੪੬॥

[1]ਭੀਮ ਸੈਨ, ਹਨੁਮਾਨ ਵਾਂਗ ਗੁੱਸੇ ਹੋ ਕੇ (ਉਭਾਰਿ) ਉੱਘਰ ਕੇ।

ਪ੍ਰਹਾਰ ਕੀਨ ਚੂਰਨੰ,
ਸਟੋਪ ਮੁੰਡ ਖਾਨ ਕੋ[1]।

[1]ਮਾਰ ਕੇ ਯਕੂਬ ਖਾਨ ਦਾ ਸਿਰ ਟੋਪ ਸਣੇ ਚੂਰਨ ਕਰ ਦਿੱਤਾ।

ਮਨੋ ਤ੍ਰਬੂਜ, ਮੱਟ
ਫੋਰਿਓ ਦਧੀ ਸੁ ਕਾਨ੍ਹ ਕੋ[1]।

[1]ਜਾਣੋ ਮਤੀਰਾ ਜਾਂ ਕ੍ਰਿਸ਼ਨ ਨੇ ਦਹੀਂ ਦਾ ਮੱਟ ਭੰਨਿਆਂ ਹੈ।

ਨਿਹਾਰਿ ਮੀਰ ਜਾਨ ਖਾਂ,
ਤੁਰੰਗ ਛੇਰ ਕੈ ਅਯੋ।
ਸਮਾਨ ਮੇਂਹ ਗੱਜਿ[1],
ਵਾਹ ਵਾਹ ਸਿੰਘ ਕੌ ਕਯੋ ॥੪੭॥

[1]ਬੱਦਲ ਵਾਂਗ ਗੱਜ ਕੇ।

ਕਹਜੋ ਕਰੈਹੁ ਦੁੰਦ-ਜੁੱਧ,
ਹੌਂਸ ਮੋਹਿ ਪੂਰਨੰ[1]।

[1]ਤੁਸੀਂ ਦੁੰਦ ਜੁੱਧ ਕਰ ਕੇ ਮੇਰੀ (ਹੌਂਸ) ਇੱਛਾ ਪੂਰੀ ਕਰੋ।

ਤੁਮਾਰ ਸਿੰਘ ਨਾਮ ਸਾਚ,
ਜੇ ਲਰੈਹੁ ਤੂਰਨੰ[1]।

[1]ਜੇ ਤੁਸੀਂ ਛੇਤੀ ਲੜੋ ਤਾਂ ਤੁਹਾਡਾ ਸਿੰਘ ਨਾਮ ਸੱਚਾ (ਸਮਝਾਂਗਾ)।

ਤਬੈ ਸਕੋਪ ਨੌਧ ਸਿੰਘ
ਗਿੱਲ, ਅੱਸ੍ਰ ਛੇਰ ਕੈ[1]।

[1]ਤਦੋਂ ਕਰੋਧ ਨਾਲ ਨੌਧ ਸਿੰਘ ਗਿੱਲ ਘੋੜੇ ਨੂੰ ਛੇੜ ਕੇ।

ਅਮੀਰ ਜਾਨ-ਖਾਨ ਸੋਂ
ਭਿਰਜੋ ਮਹਾਨ ਟੇਰ ਕੈ[1] ॥੪੮॥

[1]ਬੋਲ ਕੇ।

ਕਮਾਨ ਤਾਨ ਤਾਨ ਕੈ,
ਤਕਾਇ ਬਾਨ ਝਾੜਹੀਂ[1]।

[1]ਕਮਾਣ ਖਿੱਚ ਖਿੱਚ ਕੇ (ਤੇ) ਤੱਕ ਕੇ ਤੀਰ ਮਾਰਦਾ ਹੈ।

ਖਰ੍ਹੇ ਦਿਸਾਨ ਦੋਇ ਤੈ,
ਪਠਾਨ ਸਿੰਘ ਤਾੜਹੀਂ[1]।

[1]ਦੋਹੀਂ ਪਾਸੀਂ ਖੜ੍ਹੇ ਹੋ ਕੇ ਸਿੰਘ ਤੇ ਪਠਾਣ (ਇਕ ਦੂਜੇ ਨੂੰ) ਤਾੜਦੇ ਹਨ।

ਗਿਰੇ ਤੁਰੰਗ ਭੰਗ ਹ੍ਵੈ,
ਭਿਰੇ ਕ੍ਰਿਪਾਲ ਲੈ ਪੁਨਾ[1]।

[1]ਘੋੜੇ ਮਰ ਕੇ ਡਿੱਗ ਪਏ (ਤਾਂ) ਫੇਰ ਕ੍ਰਿਪਾਨਾਂ ਲੈ ਕੇ ਟੱਕਰ ਪਏ।

ਪਟੇ ਸੁ ਬਾਜ ਥੇ ਉਭੈ,
ਬਲੀ ਲਰਾਕਿ ਸੌ ਗੁਨਾ[1] ॥੪੯॥

[1]ਦੋਨੋਂ ਬਲਵਾਨ (ਸੂਰਮੇਂ) ਗਤਕੇ ਦੇ ਖਿਡਾਰੀ ਤੇ ਸੌ ਗੁਣਾਂ ਲੜਾਕੇ ਸਨ।

ਸਰੋਹ ਲੋਹ ਮੈਂ ਮਢੇ,
ਪਢੇ ਕ੍ਰਿਪਾਨ ਬਾਹਿਨੈ[1]।

[1]ਲੋਹੇ 'ਚ ਮੜ੍ਹੇ ਹੋਏ ਗ਼ੁੱਸੇ ਦੇ ਸਹਿਤ ਹਨ ਤੇ ਕ੍ਰਿਪਾਨਾਂ ਚਲਾਉਣੀਆਂ ਪੜ੍ਹੇ ਹੋਏ ਸਨ ਭਾਵ ਸਿੱਖੇ ਹੋਏ ਸਨ।

ਘੜੈਂ ਠਠਜਾਰ ਘਾੜ ਜਜੋਂ,
ਪੜੈਂ ਤ੍ਰਵਾਰ ਤਾਹਿੰਨੈ[1]।

[1]ਜਿਵੇਂ ਠਠਿਆਰ (ਘਾੜ) ਭਾਂਡੇ ਘੜਦਾ ਹੈ (ਤਿਵੇਂ) (ਤਾਂਹਿਨੈ) ਤਿਨ੍ਹਾਂ ਦੀਆਂ ਤਲਵਾਰਾਂ (ਪੜੈਂ) ਪੈਂਦੀਆਂ ਹਨ।

ਰਹੀਂ ਜੁ ਮੂਠ ਮੂਠ ਮੈਂ,
ਸੁ ਤੇਗ ਬੇਗ ਟੂਟ ਕੈ[1]।

[1]ਤਲਵਾਰਾਂ ਛੇਤੀ ਟੁੱਟ ਕੇ ਜੋ (ਉਹਨਾਂ ਦੀਆਂ) ਮੁੱਠਾਂ (ਹੱਥਾਂ ਦੀਆਂ) ਮੁੱਠਾਂ ਵਿੱਚ ਹੀਰਹਿ ਗਈਆਂ।

ਪੁਨੈ ਘਮੰਡ ਚੰਡਿ ਮੰਡਿ,
ਲੋਹ-ਦੰਡ ਛੂਟ ਕੈ[1] ॥੫੦॥

[1]ਫੇਰ ਲੋਹੇ ਦੇ ਡੰਡ (ਛੂਟ ਕੈ) ਛੱਡ ਕੇ ਭਾਵ ਚਲਾ ਕੇ (ਪ੍ਰਚੰਡ) ਤਿੱਖਾ (ਘਮੰਡ) ਜੰਗ (ਮੰਡਿ) ਰਚਿਆ ਭਾਵ ਕੀਤਾ।

ਗਿਰੰਤ ਔਨਿ ਪੈ ਕਬੀ,
ਉਠੰਤ ਕੋਪ ਪੈ ਲਰੈਂ[1]।

[1]ਕਦੀ ਤਾਂ (ਔਨਿ) ਧਰਤੀ ਤੇ ਡਿੱਗ ਪੈਂਦੇ ਹਨ ਤੇ ਕਦੀ ਉੱਠ ਕੇ ਕਰੋਧ ਨਾਲ ਲੜਦੇ ਹਨ।

ਟੁਟੀ ਸੰਜੋਇ ਢਾਲ,
ਘਾਇਲੈਂ ਬਿਹਾਲ ਹ੍ਵੈ ਭਰੈਂ[1]।

[1]ਦੋਹਾਂ ਦੀਆਂ ਸੰਜੋਆਂ ਤੇ ਢਾਲਾਂ ਟੁੱਟ ਗਈਆਂ (ਭਰੈਂ) ਜੰਗ ਵਿੱਚ (ਘਾਇਲ) ਜ਼ਖ਼ਮੀ ਹੋ ਕੇ (ਬਿਹਾਲ) ਬੇਹੋਸ਼ ਹੋਏ ਪਏ ਹਨ। (ਭਰ- ਜੰਗ, ਨਿਰੁਕਤ ਵਿੱਚ ਲਿਖਿਆ ਹੈ ਕਿ ਜਿੱਤਣ ਵਾਲੇ ਨੂੰ ਧਨ ਨਾਲ ਭਰ ਦੇਂਦਾ ਹੈ ਇਸ ਲਈ ਜੰਗ ਦਾ ਨਾਮ ਭਰ ਹੈ।)

ਅਤੀਵ ਦੁੰਦ-ਜੁੱਧ,
ਸੁੱਧ-ਬੁੱਧਿ ਕ੍ਰੁੱਧ ਕੈ ਕਰਾ[1]।

[1](ਦੁੰਦ) ਦੋਹਾਂ (ਸੂਰਮਿਆਂ ਨੇ) (ਸੁੱਧ ਬੁੱਧਿ) ਚੰਗੀ ਅਕਲ ਤੇ ਕਰੋਧ ਨਾਲ (ਅਤੀਵ) ਬਹੁਤਾ ਜੰਗ ਕੀਤਾ।

ਅਖੀਰਿ ਬੀਰਿ ਧੀਰਿ ਵੇਗਿ,
ਭੀਰ ਜੰਗ ਕੈ ਖਰਾ[1] ॥੫੧॥

[1]ਅਖ਼ੀਰ ਨੂੰ (ਬੀਰ) ਸੂਰਮਿਆਂ ਨੇ ਧੀਰਜ ਤੇ (ਵੇਗ) ਜ਼ੋਰ ਨਾਲ (ਖਰਾ) ਚੰਗਾ (ਭੀਰ) ਭਿਆਨਕ ਜੰਗ ਕੀਤਾ।

ਕਟਾਰ ਧਾਰਿ ਹੱਥ ਤੱਥ,
ਹੱਥ ਵੱਥ ਹ੍ਵੈ ਗਏ[1]।

[1]ਹੱਥਾਂ ਵਿੱਚ ਕਟਾਰਾਂ ਪਕੜ ਕੇ (ਤੱਥ) ਓਥੇ ਹੱਥੋ-ਹੱਥੀ ਹੋ ਗਏ।

ਦੁਹੂੰ ਸੁ ਏਕ ਬਾਰ ਹੀ
ਧਸਾਇ ਪੇਟ ਮੈਂ ਦਏ[1]।

[1]ਦੁਹਾਂ ਨੇ ਇਕੋ ਵਾਰ ਹੀ (ਕਟਾਰ) ਪੇਟ 'ਚ ਧਸਾ ਦਿੱਤੇ।

ਭਏ ਸ਼ਹੀਦ ਸੋ ਮਹੀਦ[1],

[1]ਵੱਡੇ।

ਦੇਵ ਅੰਗਨਾ ਬਰੇ[1]।

[1]ਅਪੱਛਰਾਂ ਨੇ ਵਰ ਲਏ।

ਬਸੇ ਬਿਕੁੰਠ ਜਾਇ,
ਲਾਭ ਪਾਇ ਦੇਹ ਕੋ ਭਰੇ[1] ॥੫੨॥

[1]ਦੇਹ ਦਾ (ਭਰੇ) ਚੰਗਾ ਲਾਭ ਪਾ ਕੇ।

ਇਸੀ ਪ੍ਰਕਾਰ ਚਾਰ ਪਾਂਚ,
ਔਰ ਹੂੰ ਸੁਦਾਰ ਜੌਂ[1]।

[1]ਜਦੋਂ ਦੁੰਦ ਜੁੱਧ (ਧਾਰ) ਕਰ ਕੇ ਤੁਰਕਾਂ ਦੇ ਸਰਦਾਰ (ਜੁਝਿ) ਲੜ ਕੇ ਮਰ ਗਏ।

ਮਰੇ ਤੁਰਕਾਨ ਕੇਰ ਜੁਝਿ,
ਦੁੰਦ ਜੁੱਧ ਧਾਰ ਜੌਂ।
ਤਬੈ ਜਹਾਨ ਖਾਂ, ਯਕੂਬ
ਖਾਨ, ਸਾਬਰੈਂ ਅਲੀ।
ਲਰੇ ਲਗਾਇ ਜੋਰ,
ਹੋਰ ਸੈਨ ਐਨ ਲੈ ਭਲੀ[1] ॥੫੩॥

[1](ਭਲੀ) ਚੰਗੀ ਤੋਂ (ਐਨ) ਚੰਗੀ ਹੋਰ (ਸੈਨ) ਫੌਜ ਲੈ ਕੇ।

ਸਕੋਪ[1] ਦੀਪ ਸਿੰਘ ਜੂ,

[1]ਕਰੋਧ ਨਾਲ।

ਯਕੂਬ ਖਾਨ ਆਦਿਕੈਂ[1]।

[1]ਆਦਿਕਾਂ ਨੂੰ।

ਹਰੇ ਅਪਾਰ ਸੱਤਰੂ,
ਲਰੇ ਜੁ ਆਇ ਬਾਦ ਕੈਂ[1]।

[1]ਜੋ (ਬਾਦ ਕੈਂ) ਝਗੜਾ ਕਰ ਕੇ ਤੇ ਆ ਕੇ ਲੜੇ ਸਨ ਬਹੁਤੇ ਵੈਰੀ ਮਾਰ ਦਿੱਤੇ।

ਤਹਾਂ ਅਮਾਨ-ਖਾਨਹੂੰ
ਸੁਦਾਰ ਪਾਉਂ ਰੁੱਪ ਕੈ[1]।

[1]ਪੈਰ ਗੱਡ ਕੇ।

ਲਰਯੋ ਮਹਾਨ ਦੀਪ ਸਿੰਘ

ਸੰਗ, ਭੂਰ ਕੁੱਪ ਕੈ[1] ॥੫੪॥
[1]ਬਹੁਤਾ ਕ੍ਰੋਧਵਾਨ ਹੋ ਕੇ।

ਹਏ ਕਿਕਾਨ ਦੋਇ ਕੈ,
ਟੁਟੇ ਸੰਜੋਇ ਆਯੁਧੈਂ[1]।
[1]ਦੋਹਾਂ ਦੇ ਘੋੜੇ ਮਰ ਗਏ, ਸੰਜੋਆਂ ਤੇ ਸ਼ਸਤ੍ਰ ਟੁੱਟ ਗਏ।

ਭਏ ਸੁ ਹੱਥ-ਵੱਥ ਹੱਥ,
ਧੋਇ ਦੋਇ ਆਯੁ ਤੈ[1] ॥੫੫॥
[1]ਹੱਥੋ-ਹੱਥੀ ਹੋ ਪਏ, ਦੋਹਾਂ ਨੇ (ਆਯੁ ਤੈ) ਉਮਰ ਤੋਂ ਹੱਥ ਧੋ ਲਏ ਭਾਵ ਜੀਵਨ ਦੀ ਆਸ ਛੱਡ ਦਿੱਤੀ।

ਦੋਹਰਾ:

ਚਲੀ ਤੇਗ ਅਤਿ ਬੇਗ ਸੈਂ[1],
[1]ਬਹੁਤੀ ਕਾਹਲੀ ਨਾਲ ਚੱਲੀ।

ਦੁਹੂੰ ਕੇਰ ਬਲ-ਵਾਰ[1]।
[1]ਦੋਹਾਂ ਦੀ ਬਲਵਾਲੀ (ਤਲਵਾਰ)।

ਉਤਰ ਗਏ ਸਿਰ ਦੁਹੁੰ ਕੇ,
ਪਰਸ-ਪਰੈਂ ਇਕ ਸਾਰ[1] ॥੫੬॥
[1]ਆਪਸ ਵਿੱਚੀਂ (ਇਕੱਠਿਆਂ ਦੇ ਵਾਰ ਚੱਲਣ ਨਾਲ) (ਇਕ ਸਾਰ) ਇਕ-ਦਮ ਦੋਹਾਂ ਦੇ ਸਿਰ ਉਤਰ ਗਏ।

ਚੌਪਈ:

ਢਿਗ ਤੈ ਏਕ ਸਿੰਘ ਪਿਖਿ ਕਹ੍ਯੋ।
ਪਰਣ ਤੁਮਾਰ ਦੀਪ ਸਿੰਘ ਰਹ੍ਯੋ।
ਗੁਰੁਪੁਰਿ[1] ਜਾਇ ਸੀਸ ਮੈਂ ਦੈਹੋਂ।
[1]ਅੰਮ੍ਰਿਤਸਰ।

ਸੋ ਤੇ ਦੋਇ ਕੋਸ ਇਸ ਠੈਹੋਂ[1] ॥੫੭॥
[1]ਇਸ ਜਗ੍ਹਾ ਤੋਂ ਹੈ।

ਸੁਨਿ ਸਿੰਘ ਜੀ ਨਿਜ ਪਰਣ ਸੰਭਾਰਾ।
ਨਿਜ ਸਿਰ ਬਾਮ-ਹਾਥਿ[1] ਨਿਜ ਧਾਰਾ।
[1]ਖੱਬੇ ਹੱਥ ਉੱਪਰ।

ਦਹਿਨੇ ਹਾਥਿ ਤੇਗ ਖਰ ਧਾਰਾ[1]।
[1]ਸੱਜੇ ਹੱਥ ਵਿੱਚ ਤਿੱਖਾ ਤੇਗਾ (ਧਾਰਾ) ਫੜਿਆ।

ਵਜਨ ਜਾਂਹਿ ਥਾ ਸੇਰ ਅਠਾਰਾਂ ॥੫੮॥
ਲਰਤ ਕਬੰਧ ਤੁਰਕ ਗਨ ਸੰਗੈਂ[1]।
[1](ਗਨ) ਬਹੁਤੇ ਤੁਰਕਾਂ ਨਾਲ (ਕਬੰਧ) ਧੜ ਲੜਦਾ ਹੈ।

ਓਰ ਸੁਧਾਸਰ ਚਲ੍ਯੋ ਨਿਸੰਗੈਂ।
ਗਰਜਤ ਤਰਜਤ ਤਨ ਘਨ ਨਜਾਈ[1]।
[1](ਬਾਬਾ ਜੀ ਦਾ) ਸ਼ਰੀਰ ਬੱਦਲ ਵਾਂਗ ਗੱਜਦਾ ਤੇ ਤਾੜਦਾ ਹੈ।

ਤੁਰਕ ਚਲੇ ਭਗ ਡਰਿ ਅਗਵਾਈ ॥੫੯॥
ਜੱਟ ਸਰਾਇ ਮਹਿਤ ਸਿੰਘ ਤ੍ਯੋਂ ਹੀ[1]।
[1]ਤਿਵੇਂ ਹੀ ਸਰਾਇ ਗੋਤ ਦਾ ਜੱਟ ਮਹਤ ਸਿੰਘ ਵੀ।

ਮਾਰਿ ਸੱਤ੍ਰਗਨ ਜੁਝ੍ਯੋ ਜ੍ਯੋਂ ਹੀ[1]।
[1]ਬਹੁਤੇ ਵੈਰੀਆਂ ਨੂੰ ਮਾਰ ਕੇ ਜਦੋਂ ਸ਼ਹੀਦ ਹੋਇਆ ਤਾਂ (ਬਾਬਾ ਜੀ) ਵਾਂਗ ਹੀ।

ਲਰ੍ਯੋ ਕਬੰਧ-ਤਾਂਹਿ ਕਾ ਭਾਰਾ[1]।
[1]ਤਿਸ ਦਾ (ਕਬੰਧ) ਧੜ (ਭਾਰਾ) ਬਹੁਤਾ ਲੜਿਆ।

ਢਿਗ ਚਾਟੀਪਿੰਡ[1] ਗਿਰ੍ਯੋ ਜੁਝਾਰਾ[2] ॥੬੦॥
[1]ਚਾਟੀਵਿੰਡ ਪਿੰਡ ਦੇ ਕੋਲ। [2]ਸੂਰਮਾ।

ਦੁਤੀ ਮਤਾਬ ਸਿੰਘ ਗਿੱਲ ਤਹਾਂ।

ਲਰਿ ਸ਼ਹੀਦ ਹੋਯੋ ਤਬਿ ਜਹਾਂ।	
ਉਭੈ ਸ਼ਹੀਦ ਗੰਜ ਇਨ ਕੇਰੇ।	
ਹੈਂ ਚਾਟੀਪਿੰਡ ਮਨਤਿ ਬਧੇਰੇ[1] ॥ ੬੧ ॥	[1]ਬਹੁਤ ਲੋਕ ਮੰਨਦੇ ਹਨ।
ਨੌਧ ਸਿੰਘ ਜੁਝ੍ਯੋ ਢਿਗ ਚੱਬੇ।	
ਸੜਕ ਮੱਧ ਤਿਹ ਜਾਗਾ ਅੱਬੇ[1]।	[1]ਹੁਣ ਹੈ।
ਹਰੀ ਮ੍ਰਿਗੇਸ ਬੀਰ ਸਿੰਘ, ਆਹਿਬ।	
ਕਰਿ, ਜੁਝੇ ਸੰਗਰਾਣੈ ਸਾਹਿਬ[1] ॥ ੬੨ ॥	[1](ਆਹਬ) ਜੰਗ ਕਰ ਕੇ ਸੰਗਰਾਣੇ ਸਾਹਿਬ ਸ਼ਹੀਦ ਹੋਏ।
ਔਰੈਂ ਧਕਾ ਧਕੀ ਦੁਹਿ ਧਿਰ ਤੈ।	
ਕਰਤੇ ਲਰਤੇ ਗੇਰਤ ਗਿਰਤੈ।	
ਚਲੇ ਸੁਧਾਸਰ ਓਰ ਜੋਰ ਦੈ।	
ਲਰਤ ਕਬੰਧ ਅਵਾਜ ਘੋਰ[1] ਦੈ ॥ ੬੩ ॥	[1]ਭਿਆਨਕ।
ਹੇਰ ਹਿਰਾਨ ਤੁਰਾਨੀਰਹੇ।	
ਹ੍ਵੈ ਭੈ-ਭੀਤ ਚਲੇ ਭਗ ਵਹੇ[1]।	[1]ਬਹੁਤ ਡਰ ਕੇ (ਵਹੇ) ਉਹ (ਦੁਰਾਨੀ) ਭੱਜ ਚੱਲੇ।
ਇਮ ਭਟ-ਭੇਰ[1] ਕਰਤ ਸਿੰਘ ਸੂਰੇ।	[1]ਸੂਰਮਿਆਂ ਦਾ ਭੇੜ, ਜੰਗ।
ਪਹੁੰਚੇ ਜਬੈ ਗੁਰੂ ਚਕ ਰੂਰੇ[1] ॥ ੬੪ ॥	[1]ਸੁੰਦਰ ਅੰਮ੍ਰਿਤਸਰ।
ਤਬਿ ਇਕ ਸਿੰਘ ਨੈ ਐਸ ਉਬਾਚਾ[1]।	[1]ਕਿਹਾ।
ਧੰਨ ਦੀਪ ਸਿੰਘ ਪ੍ਰਣ ਕਿਯ ਸਾਚਾ।	
ਗੁਰੁ-ਪੁਰਿ, ਤੀਰ ਰਾਮਸਰ ਆਏ[1]।	[1]ਅੰਮ੍ਰਿਤਸਰ, ਰਾਮਸਰ ਦੇ ਕਿਨਾਰੇ ਆ ਗਏ ਹਾਂ।
ਯਹਿ ਸੁਨਿ ਸਿੰਘ ਜੀ ਤਹਾਂ ਥਿਰਾਏ[1] ॥ ੬੫ ॥	[1]ਬੈਠ ਗਏ।
ਨਿਜ ਸਿਰ ਨਿਜ ਸੱਥਲਾ ਪਰ[1] ਧਰ ਕੈ।	[1]ਆਪਣੇ ਪੱਟਾਂ ਉਪਰ।
ਫਤੇ ਗਜਾਈ ਉਚਿ ਉਚਰ ਕੈ।	
ਅਏ ਬਿਵਾਨ ਦੇਵ ਗਨ ਲੈ ਕੈ।	
ਸੁਮਨ ਸੁਮਨ ਬਰਖੇ ਹਰਖੈ ਕੈ[1] ॥ ੬੬ ॥	[1]ਖੁਸ਼ ਹੋ ਕੇ (ਸੁਮਨ) ਦੇਵਤਿਆਂ ਨੇ (ਸੁਮਨ) ਫੁੱਲਾਂ ਦੀ ਵਰਖਾ ਕੀਤੀ।
ਦੁੰਦਭਿ ਬਜੇ ਧੰਨਜ ਧੁਨਿ ਭਰਗੀ[1]।	[1]ਧੌਂਸੇ ਵੱਜੇ ਤੇ ਧੰਨ ਧੰਨ ਦੀ ਅਵਾਜ਼ (ਸਾਰੇ) ਭਰ ਗਈ।
ਨਭ ਧਰ ਸੁਰ ਨਰ ਭੀਰਾ ਅਰਗੀ[1]।	[1]ਅਕਾਸ਼ ਵਿੱਚ ਦੇਵਤਿਆਂ ਦੀ ਅਤੇ ਧਰਤੀ ਵਿੱਚ ਮਨੁੱਖਾਂ ਦੀ (ਭੀਰਾ) ਭੀੜ (ਅਰਗੀ) ਫਸ ਗਈ ਭਾਵ ਬਹੁਤ ਹੋ ਗਈ।
ਇੰਦ੍ਰਾਦਿਕ ਸੁਰ[1] ਸਿੰਘ ਜੀ ਤਾਂਈਂ।	[1]ਦੇਵਤੇ।
ਰਤਨ ਜਟਤ[1] ਬੇਵਾਨ ਬਿਠਾਈ ॥ ੬੭ ॥	[1]ਜੜਿਆ ਹੋਇਆ।
ਨਭ ਮਗ ਚਲੇ ਸਮੋਦ ਲਵਾਏ[1]।	[1]ਅਨੰਦ ਦੇ ਸਹਿਤ (ਲਵਾਏ) ਆਪਣੇ ਨਾਲ ਲੈ ਕੇ ਅਕਾਸ਼ ਦੇਰਸਤੇ ਚੱਲੇ।

ਅੱਗ੍ਰ ਨਟੀ-ਸੁਰ ਨ੍ਰਿਤਤ ਜਾਏ[1]।	[1](ਨਟੀ-ਸੁਰ) ਦੇਵਤਿਆਂ ਦੀਆਂ ਇਸਤ੍ਰੀਆਂ ਅੱਗੇ (ਨ੍ਰਿਤਤ) ਨਾਚ ਕਰਦੀਆਂ ਜਾਂਦੀਆਂ ਹਨ।
ਭਰ ਪਰਕਾਸ਼ ਅਕਾਸ਼ ਰਹਾਨਾ[1]।	[1]ਅਕਾਸ਼ ਪ੍ਰਕਾਸ਼ ਨਾਲ ਭਰ ਰਿਹਾ ਹੈ।
ਮਨੋ ਸਸੀ ਰਵਿ ਪ੍ਰਗਟੈ ਨਾਨ੍ਹਾ[1] ॥੬੮॥	[1]ਜਾਣੋ (ਨਾਨ੍ਹਾ) ਅਨੇਕਾਂ ਹੀ ਚੰਦ ਤੇ ਸੂਰਜ ਪ੍ਰਗਟ ਹੋ ਗਏ ਹਨ।
ਮਦਰ ਦੇਸ ਕੇ[1] ਸਭਿ ਨਰ ਨਾਰੀ।	[1]ਪੰਜਾਬ ਦੇਸ ਦੇ।
ਰਹੇ ਚਕਿਤ ਪਿਖਿ ਗਿਲਜੇ ਭਾਰੀ[1]।	[1]ਅਤੇ ਗਿਲਜੇ ਵੀ ਵੇਖ ਕੇ (ਭਾਰੀ) ਬਹੁਤ (ਚਕਿਤ) ਚੱਕ੍ਰਤ (ਹੈਰਾਨ) ਰਹਿ ਗਏ।
ਉਤ ਬੈਕੁੰਠਿ ਪਰੈਂ ਗੁਰੁ-ਪੁਰਿ ਹੈ[1]।	[1]ਉਧਰ ਬੈਕੁੰਠ ਤੋਂ ਪਰੇ ਗੁਰਾਂ ਦੀ ਪੁਰੀ ਹੈ।
ਸੱਚਖੰਡ ਜਿਹ ਨਾਮ ਉਚਰ ਹੈਂ ॥੬੯॥	
ਤਹਿਂ ਪਹੁੰਚਾਇ ਦੇਵ[1] ਸਿੰਘ ਤਾਂਈਂ।	[1]ਦੇਵਤੇ।
ਕਰਿ ਬੰਦਨ ਲੌਟੇ ਪਿਛਵਾਈ[1]।	[1]ਪਿੱਛੇ ਮੁੜੇ।
ਦਿੱਬਜ ਪੁਰਖ[1] ਤਹਿਂ ਔਰੈਂ ਆਏ।	[1]ਗੁਰਪੁਰ ਵਾਸੀ ਪੁਰਖ।
ਸਿੰਘ ਕੋ ਸਾਦਰ ਸੰਗ ਲਵਾਏ[1] ॥੭੦॥	[1]ਦੀਪ ਸਿੰਘ ਜੀ ਨੂੰ ਆਦਰ ਨਾਲ ਨਾਲ ਲੈ ਕੇ।
ਗੁਰੂ ਲੋਕ ਮੈਂ ਜਾਇ ਉਤਾਰਾ।	
ਪਿਖਿ ਸਿੱਖਨ ਬੋਲਯੋ ਜੈਕਾਰਾ।	
ਦਸ ਗੁਰੁ ਪਗ ਬੰਦੇ ਸਿੰਘ ਜਾਈ।	
ਦਸਮੇਸ਼ੈਂ ਢਿਗ ਲਯੋ ਬਿਠਾਈ ॥੭੧॥	
ਕਬੀ ਨ ਕਾਲ ਫੇਰ ਜਹਿਂ ਗਿਲ ਹੈ[1]।	[1]ਨਹੀਂ ਨਿਗਲਦਾ ਭਾਵ ਨਹੀਂ ਮਾਰਦਾ।
ਬਾਂਛਤ ਭੋਗ ਸਰਬਦਾ[1] ਮਿਲ ਹੈਂ ॥੭੨॥	[1]ਹਮੇਸ਼ਾਂ।
ਦੋਹਰਾ:	
ਸਾਖੀ ਰਾਖੀ ਵੀਚ ਜੋ,	
ਇਤੈ ਸੁਧਾਸਰ ਕੇਰ[1]।	[1](ਇਤੈ) ਏਥੇ ਅੰਮ੍ਰਿਤਸਰ ਦੀ ਸਾਖੀ ਜੋ ਵਿੱਚ (ਰਾਖੀ) ਰਹਿ ਗਈ ਸੀ।
ਬਾਕੀ ਤਾਂ ਕੀ ਸੁਨੋ ਅਬਿ,	
ਦਾਯਕ ਸਿਦਕ ਬਧੇਰ[1] ॥੭੩॥	[1]ਬਹੁਤ ਸਿਦਕ ਦੇਣ ਵਾਲੀ।
ਚੌਪਈ:	
ਬੇੜੇ ਹੋਤ ਸਿਦਕ ਕੇ ਪਾਰੈਂ।	
ਸਿਦਕਵਾਨ ਲੇਵਤ ਫਲ ਚਾਰੈਂ।	
ਸਿਦਕੀ ਪਿਖੋ ਮਾਲਵਜੋਂ ਚਲ ਪੈ।	
ਜੁਝੇ ਆਇ, ਧਰਮ ਇਕ ਗਲ ਪੈ[1] ॥੭੪॥	[1]ਧਰਮ ਦੀ ਇਕ ਗਲ (ਹਰਿਮੰਦਰ ਸਾਹਿਬ ਦੀ ਪਵਿੱਤ੍ਰਤਾ)

	ਉੱਪਰ।
ਲਰਜੋ ਕਬੰਧ[1] ਰਾਮ ਸਿੰਘ ਕੇਰਾ।	[1]ਧੜ।
ਤਟ[1] ਬਿਬੇਕਸਰ ਫਿਰ ਕਿਯ ਡੇਰਾ।	[1]ਕਿਨਾਰੇ।
ਬੀਰ ਸਿੰਘ, ਸਿੰਘ ਕੌਰ ਉਦਾਰੈਂ।	
ਮੰਨਾ ਸਿੰਘ ਬਸੰਤ ਸਿੰਘ ਚਾਰੈਂ ॥੭੫॥	
ਥਏ ਸ਼ਹੀਦ ਮਾਰਿ ਅਰਿ ਬੱਧੈਂ[1]।	[1](ਬੱਧੈਂ) ਬਹੁਤਿਆਂ ਵੈਰੀਆਂ ਨੂੰ ਮਾਰ ਕੇ।
ਸਰ ਬਿਬੇਕ ਗੁਰੁ ਬਾਗ ਸੁ ਮੱਧੈਂ[1]।	[1]ਬਿਬੇਕਸਰ ਤੇ ਗੁਰੂ ਕੇ ਬਾਗ ਵਿਚਕਾਰ ਸ਼ਹੀਦ ਹੋਏ।
ਬਾਗ ਗੁਰੂ ਕਾ ਹੈ ਅਬਿ ਜਹਾਂ।	
ਅਰੇ ਦੁਰਾਨੀ ਫਿਰ ਥਿਰਿ ਤਹਾਂ ॥੭੬॥	
ਸੱਯਦ ਸਾਬਰ-ਅਲੀ ਖਾਨ ਬਡ।	
ਪਾਂਚ ਹਜ਼ਾਰੀ ਜੂਝਯੋ ਤਹਿਂ ਖਡ[1]।	[1](ਖਡ) ਖੜ੍ਹ ਕੇ (ਜੂਝਯੋ) ਮਰਿਆ।
ਦੁੰਦ ਜੁੱਧ ਕਰਿ ਸੁੱਧ ਉਦਾਰਾ[1]।	[1](ਉਦਾਰਾ) ਬਹੁਤਾ (ਸੁੱਧ) ਚੰਗਾ ਦੁੰਦ ਜੁੱਧ ਕਰਕੇ।
ਹੀਰਾ ਸਿੰਘ ਨੈ ਤਿਸ ਕੋ ਮਾਰਾ ॥੭੭॥	
ਜਬਰਦਸਤ ਖਾਂ ਬੀਸ ਹਜਾਰੀ।	
ਖਾਵਤ ਨਿਤ ਪ੍ਰਤਿ ਬਕਰੀ ਸਾਰੀ।	
ਨਿਜ ਤਨ ਅੱਸ੍ਰ ਸੰਜੋਐਂ ਮਢਯੋ[1]।	[1]ਆਪਣਾ ਤੇ ਘੋੜੇ ਦਾ ਸਰੀਰ ਸੰਜੋਆਂ ਨਾਲ ਮੜ੍ਹਿਆ ਹੋਇਆ ਸੀ।
ਗਰਜ ਤਰਜ ਦਿਸ ਸਿੰਘਨ ਬਢਯੋ[1] ॥੭੮॥	[1]ਗੱਜਦਾ ਤੇ ਤਾੜਦਾ ਸਿੰਘਾਂ ਦੀ ਤਰਫ਼ ਵਧਿਆ।
ਕੱਦ ਬਿਹੱਦ ਮਿਨਾਰ ਸਮਾਨੇ[1]।	[1](ਮਿਨਾਰ) ਬੁਰਜ ਵਾਂਗ ਬਹੁਤਾ (ਬਿਹੱਦ) ਉੱਚਾ ਕੱਦ ਸੀ।
ਭੀਛਨ ਅਤਿ ਤੀਛਨ ਬਲਿਵਾਨੇ[1]।	[1](ਭੀਛਨ) ਭਿਆਨਕ ਤੇ ਬਹੁਤਾ ਤਿੱਖਾ ਬਲਵਾਨ ਸੀ।
ਮੱਤ ਮਤੰਗ ਤੁੰਗ ਕਿ ਨ ਗਰਜੈਂ[1]।	[1](ਤੁੰਗ) ਉੱਚੇ ਤੇ ਮਸਤ ਹਾਥੀ ਕਿਉਂ ਨਾ ਗੱਜਣ।
ਕੇਹਰ ਪਿਖਿ ਲਘੁ ਭੀ ਨਹਿਂ ਲਰਜੈ[1] ॥੭੯॥	[1](ਉਨ੍ਹਾਂ ਨੂੰ) ਵੇਖ ਕੇ ਸ਼ੇਰ ਥੋੜ੍ਹਾ ਜਿਹਾ ਵੀ ਨਹੀਂ ਕੰਬਦਾ।
ਯੱਦਪਿ[1] ਰਹੇ ਸਿੱਖ ਪਿਖ ਤੱਜਬ[2]।	[1]ਭਾਵੇਂ। [2]ਹੈਰਾਨ।
ਤੌ ਭੀ ਭਏ ਸੰਮੁਖ ਧਰਿ ਗੱਜਬ[1]।	[1]ਤਾਂ ਵੀ ਕ੍ਰੋਧ ਧਾਰ ਕੇ ਸਾਹਮਣੇ ਹੋਏ।
ਹਰਿ-ਬਲਵੰਤ[1] ਬਜੰਤ ਬਲਵਾਨਾ।	[1]ਬਲਵੰਤ ਸਿੰਘ।
ਸੰਪਟ ਆਹਨ ਆਪ ਕਿਕਾਨਾ[1] ॥੮੦॥	[1]ਆਪ ਤੇ (ਕਿਕਾਨਾ) ਘੋੜਾ (ਆਹਨ) ਲੋਹੇ ਨਾਲ (ਸੰਪਟ) ਮੜ੍ਹਿਆ ਹੋਇਆ ਸੀ।
ਛੋੜਿ ਤੁਰੰਗ ਉਭੈ ਭਟ ਗਰਜੇ[1]।	[1]ਘੋੜੇ ਛੋੜ ਕੇ ਦੋਵੇਂ ਸੂਰਮੇਂ (ਜ਼ਬਰਦਸਤ ਖ਼ਾਂ ਤੇ ਬਲਵੰਤ ਸਿੰਘ) ਗੱਜੇ।
ਸੁਨਿ ਜਿਨ ਕੋ ਘਨ ਸਾਵਨ ਲਰਜੇ[1]।	[1]ਸਾਵਣ ਦਾ ਬੱਦਲ ਵੀ (ਲਰਜੇ) ਕੰਬ ਜਾਂਦਾ ਹੈ।
ਆਯੁਧ ਬਿੱਦਜਾ ਮੈ ਜੁਗ[1] ਪੂਰੇ।	[1]ਦੋਵੇਂ।

ਜਗਨ ਰੋਸ ਜਨੁ ਅਗਨਿ ਬਘੂਰੇ[1] ॥੯੧॥	[1](ਉਨ੍ਹਾਂ ਦੇ) ਗ਼ੁੱਸੇ ਜਗਦੇ ਹਨ ਜਾਣੋ ਅੱਗ ਦੇ ਹੀ (ਬਘੂਰੇ) ਵਾ-ਵਰੋਲੇ ਹਨ।
ਛੇਰਤ ਅੱਸ੍ਰ ਇਤ ਉਤੈ ਫਿਰੈ ਹੈਂ।	
ਦਾਵ ਤਕਾਵ ਘਾਵ[1] ਕਿਯ ਚੈਹੈਂ।	[1]ਜ਼ਖ਼ਮ।
ਨੈਨ ਨੈਨ ਮੈਂ ਦਏ ਨ ਝਮਕੈਂ।	
ਸੈਨ ਸੈਨ ਮੈਂ ਐਨ ਸੁ ਰਮਕੈਂ[1] ॥੯੨॥	[1]ਸੈਨਤਾਂ ਹੀ ਸੈਨਤਾਂ ਵਿੱਚ (ਐਨ) ਚੰਗੀ ਤਰ੍ਹਾਂ (ਰਮਕੈਂ) ਚਲਦੇ ਹਨ।
ਚਮਕਤ ਨੈਨ ਰੈਨ ਜਨੁ ਤਾਰੇ।	
ਕਿਧੋਂ ਮਸਾਲੈਂ ਲੰਬੁ ਬਾਰੇ[1]।	[1]ਲੰਬੁ (ਲਾਟਾਂ) ਬਲ ਰਹੀਆਂ ਹਨ।
ਦੁਹਿ ਦਿਸ ਕੇ ਦਲ ਖਰੇ ਨਿਹਾਰੈਂ।	
ਮੱਧ ਮੈਦਾਨ ਭਿਰਤ ਭਟ ਭਾਰੈਂ ॥੯੩॥	
ਤਕਿ ਤਕਿ ਤੀਰ ਬੀਰ ਜੁਗ ਛੋਰੈਂ।	
ਤਨਕ ਤਨਕ ਧਸਿ ਜਿਰਹਾ ਫੋਰੈਂ[1]।	[1]ਥੋੜ੍ਹੇ, ਥੋੜ੍ਹੇ, ਵਿੱਚ ਧਸ ਕੇ ਸੰਜੋਆਂ ਪਾੜਦੇ ਹਨ।
ਅਰਜਨ ਕਰਣ ਕਿ ਘਨ-ਰਵਿ[1] ਲਛਮਨ।	[1]ਮੇਘ ਨਾਦ।
ਭਿਰਤ ਫਿਰਤ ਤਿਮ ਇਹੁ ਧਰ ਕਛਰਨ[1] ॥੯੪॥	[1](ਜਾਣੋ) ਧਰਤੀ (ਕਛਰਨ) ਕੱਛਦੇ ਹਨ।
ਕਟਯੋ ਕੁਵੰਡ ਸਿੰਘ ਹਤਿ ਚੱਕ੍ਰੈਂ[1]।	[1]ਸਿੰਘ ਨੇ ਚੱਕ੍ਰ ਮਾਰ ਕੇ (ਕੁਵੰਡ) ਧਨੁਖ ਕੱਟ ਸੁੱਟਿਆ।
ਸ਼ੀਘ੍ਰ ਫੇਰ ਸੈਹਥੀ ਬੱਕ੍ਰੈਂ[1]।	[1]ਟੇਢੀ ਬਰਛੀ।
ਦਈ ਧਸਾਇ ਅੱਸ੍ਰ ਕੇ ਪੇਟੈਂ।	
ਧਰ ਪਰ ਗਿਰਯੋ ਅੱਸ੍ਰ ਲਗਿ ਫੇਟੈਂ[1] ॥੯੫॥	[1]ਸੱਟ ਲੱਗਣ ਤੋਂ।
ਚੱਕ੍ਰ ਐਸ ਖਰ[1] ਫਿਰ ਸਿੰਘ ਛੋਰਾ।	[1]ਤਿੱਖਾ।
ਭੁਜਾ[1] ਖਾਨ ਕੀ ਕਟੀ ਬਹੋਰਾ[2]।	[1]ਬਾਂਹ। [2]ਫੇਰ।
ਤੌ ਭੀ ਖਾਨ ਰੌਸ ਧਰਿ ਧਾਵਾ।	
ਗਰਜਿ ਤਰਜਿ[1] ਸਿੰਘ ਜੀ ਢਿਗ ਆਵਾ ॥੯੬॥	[1]ਤਾੜ ਕੇ।
ਤੇਗ ਬੇਗ[1] ਸਿੰਘ ਕੇ ਅੱਸ੍ਰ ਤਾਂਈ।	[1]ਛੇਤੀ।
ਮਾਰਿ ਧਰਾ ਪੈ ਦਯੋ ਗਿਰਾਈ।	
ਝਟਪਟ ਏਕ ਜ਼ਖ਼ਮ ਸਿੰਘ ਕੋ ਹੈ।	
ਲਾਯੋ ਖਾਨ, ਗੁਰੂ ਰਖਗੋ ਹੈ[1] ॥੯੭॥	[1]ਰੱਖ ਗਿਆ ਹੈ।
ਜਿਰਾ[1] ਖਾਨ ਕੀ ਕਟੀ ਪਿਖੈ ਕੈ।	[1]ਸੰਜੋਅ।
ਬੱਖੀ ਪਰ ਸਿੰਘ ਦਾਉ ਤਕੈ ਕੈ।	

ਬਲ ਧਰਿ ਰੋਸ ਹੋਸ਼ ਅਲਵੱਤਾ[1]। — [1]ਬਿਨਾਂ ਸ਼ੱਕ ਤੋਂ।
ਕੱਤਾ ਹੱਤਾ ਕਰਿ ਗਯੋ ਕੱਤਾ[1] ॥ ੮੮ ॥ — [1](ਕੱਤਾ) ਤਲਵਾਰ (ਹੱਤਾ) ਮਾਰ ਕੇ (ਕੱਤਾ) ਕਤਲ ਕਰ ਗਿਆ।

ਦ੍ਵੈ ਧਰ ਹ੍ਵੈ ਧਰ ਖਾਨ ਗਿਰੀਓ[1]। — [1]ਪਠਾਣ ਦੋ ਧੜ ਹੋ ਕੇ ਧਰਤੀ 'ਤੇ ਡਿੱਗ ਪਿਆ।
ਪੌਨ ਤੋਰ ਤੁਰ ਬਡ ਜਨੁ ਦੀਓ[1]। — [1]ਜਾਣੋ ਹਵਾ ਨੇ ਵੱਡਾ ਦਰੱਖ਼ਤ ਤੋੜ ਦਿੱਤਾ ਹੈ।
ਦੈ ਫਲੰਗ[1] ਸਿੰਘ ਗਰਜਯੋ ਭਾਰਾ। — [1]ਛਾਲ ਮਾਰ ਕੇ।
ਸਭਿ ਸਿੰਘਨ ਬੋਲਯੋ ਜੈਕਾਰਾ ॥ ੮੯ ॥

ਦੋਹਰਾ:

ਜਬਰਦਸਤ ਖਾਂ ਜਬਿ ਮਰਯੋ,
ਰੁਸਤਮ ਖਾਂ ਤਿਹ ਬੀਰ[1]। — [1]ਭਰਾ।
ਅਤੀ ਕੋਪਿ[1] ਹਮਲਾ ਕਰਯੋ, — [1]ਬਹੁਤ ਕ੍ਰੋਧਵਾਨ ਹੋ ਕੇ।
ਲੈ ਗਿਲਜਯੋਂ ਕੀ ਭੀਰ[1] ॥ ੯੦ ॥ — [1]ਭੀੜ।

ਚੌਪਈ:

ਰੁਸਤਮ ਖਾਂ ਸਿੰਘ-ਬਲਵੰਤ ਸਹਿਲੈਂ[1]। — [1]ਸੁਖਾਲੇ ਹੀ।
ਭਿਰੇ ਅਧਿਕ ਦੋਈ ਸਮ ਪਹਿਲੈਂ[1]। — [1]ਪਹਿਲੇ (ਸੂਰਮਿਆਂ) ਵਾਂਗ।
ਚਲੀ ਤੇਗ ਦੁਹਿਂ ਕੀ ਬਲਕਾਰੀ।
ਭਏ ਸ਼ਹੀਦ ਉਭੈ ਇਕ ਵਾਰੀ ॥ ੯੧ ॥
ਅਕਸਰ[1] ਅਫਸਰ ਗਿਲਜੇ ਭਾਰੇ। — [1]ਬਹੁਤੇ।
ਹੀਰਾ ਸਿੰਘ ਭੀ ਬਹੁਤ ਪਛਾਰੇ[1]। — [1]ਪਛਾੜ ਦਿੱਤੇ, ਮਾਰ ਦਿੱਤੇ।
ਸੰਮੁਖ[1] ਲਰਿ ਕਟਿ ਪੁਰਜੇ ਪੁਰਜੇ। — [1]ਸਾਹਮਣੇ।
ਭਯੋ ਸ਼ਹੀਦ ਮਹੀਦ ਸਫੁਰਜੇ[1] ॥ ੯੨ ॥ — [1](ਮਹੀਦ) ਵੱਡਾ ਸ਼ਹੀਦ (ਸਫੁਰਜੇ) ਪ੍ਰਗਟ ਹੋ ਗਿਆ।
ਗੰਡਾ ਸਿੰਘ, ਨਿਹਾਲ ਸਿੰਘ ਸੂਰੇ।
ਲਹਿਣਾ ਸਿੰਘ, ਗੁਪਾਲ ਸਿੰਘ ਪੂਰੇ।
ਰਣ ਸਿੰਘ, ਭਾਗ ਸਿੰਘ ਲੌ ਔਰੈਂ।
ਭਏ ਸ਼ਹੀਦ ਸਿੰਘ ਤਹਿਂ ਗੌਰੈਂ[1] ॥ ੯੩ ॥ — [1]ਬਹੁਤੇ।
ਆਹਿ ਸ਼ਹੀਦ ਗੰਜ ਅਬਿ ਜਹਾਂ।
ਬਾਗ-ਗੁਰੂ ਮੈਂ ਜੂਝੇ[1] ਤਹਾਂ। — [1]ਸ਼ਹੀਦ ਹੋਏ।
ਦਯਾਲ ਸਿੰਘ ਨੱਥਾ ਸਿੰਘ ਮਾਹਿਲ[1]। — [1]ਗੋਤ ਦਾ।
ਸਿੰਘ ਨਿਹਾਲ ਬਾਲ ਸਿੰਘ ਚਾਹਿਲ ॥ ੯੪ ॥
ਤਾਰਾ ਸਿੰਘ ਕੰਗ ਸਿੰਘ-ਖਜਾਲਾ।

ਸੁੱਧਾ ਸਿੰਘ ਸ੍ਰਦਾਰ ਬਿਸਾਲਾ।
ਦੀਪ ਸਿੰਘ ਕੇ ਥੇ ਇਹੁ ਸੰਗੀ।
ਕਰਯੋ ਜੰਗ ਫਿਰ ਇਨ ਬਿਧਿ ਚੰਗੀ ॥੯੫॥
ਇਨ ਸਰਦਾਰਨ ਰਿਸ ਕੈ ਗਾਢੇ।
ਅੰਮ੍ਰਿਤਸਰ ਤੈ ਗਿਲਜੇ ਕਾਢੇ।
ਆਨਨ ਪੀਤ ਦੁਰਾਨਿਨ ਹੋਏ[1]। — [1]ਦੁਰਾਨੀਆਂ ਦੇ ਮੂੰਹ ਪੀਲੇ ਹੋ ਗਏ।
ਲਰਯੋ ਠਹਿਰ ਫਿਰ ਗਹਿਰ ਨ ਕੋਏ[1] ॥੯੬॥ — [1]ਫੇਰ ਕੋਈ ਵੀ (ਗਹਿਰ) ਸੂਰਮਾਂ ਠਹਿਰ ਕੇ ਨਹੀਂ ਲੜਿਆ। (ਗਹਰ=ਗਹੀਰ=ਮਦਾਨੇ ਜੰਗ ਵਿੱਚ ਨਾ ਹਿੱਲਣ ਵਾਲਾ ਸੂਰਮਾ।)
ਦੌਰੇ ਗਏ ਲਹੌਰੈਂ ਦਾਏ[1]। — [1]ਤਰਫ਼।
ਫਿਰੇ ਨ ਫੇਰ ਸੁਧਾਸਰ ਆਏ[1]। — [1]ਫੇਰ (ਫਿਰੇ) ਮੁੜ ਕੇ ਅੰਮ੍ਰਿਤਸਰ ਨਹੀਂ ਆਏ।
ਪੰਥ ਅਟਾਰੀ ਢਿਗ ਤੈ ਫਿਰ ਹੈ[1]। — [1]ਪੰਥ ਅਟਾਰੀ ਪਿੰਡ ਤੋਂ ਮੁੜ ਕੇ।
ਆਇ ਥਯੋ ਅੰਮ੍ਰਿਤਸਰ ਥਿਰ ਹੈ[1] ॥੯੭॥ — [1]ਅੰਮ੍ਰਿਤਸਰ ਆ ਕੇ (ਥਿਰ) ਟਿਕ (ਥਯੋ) ਗਿਆ।
ਸਿੰਘ ਸ਼ਹੀਦ ਭਏ ਥੇ ਜੇਈ।
ਕਈ ਠੌਰ, ਸਸਕਾਰੇ ਤੇਈ[1]। — [1]ਕਈ ਥਾਵਾਂ ਵਿੱਚ ਸ਼ਹੀਦ ਹੋਏ ਸਨ, ਉਹਨਾਂ ਦਾ ਸਸਕਾਰ ਕਰ ਦਿੱਤਾ।
ਜ਼ਖਮੀ ਅਪਨੇ ਸਭੀ ਸੰਭਾਰੇ।
ਤੁਰਕ ਸਿਟਾਏ ਗਢਜੋਂ ਮਝਾਰੇ[1] ॥੯੮॥ — [1]ਟੋਇਆਂ ਵਿੱਚ ਸੁੱਟ ਦਿੱਤੇ।
ਦੀਪ ਸਿੰਘ ਕਾ ਤੀਰ ਰਾਮਸਰ।
ਹੈ ਸ਼ਹੀਦ ਗੰਜ ਦਾਇ ਚਾਰ ਫਰ[1]। — [1]ਚਾਰੇ ਫਲ ਦੇਣ ਵਾਲਾ।
ਦੀਪ ਸਿੰਘ ਕਾ ਥਾ ਅਗਵਾਨੀ[1]। — [1]ਜਾਨਸ਼ੀਨ ਉੱਤ੍ਰਾਧਿਕਾਰੀ।
ਸੁੱਧਾ ਸਿੰਘ ਸਰਦਾਰ ਮਹਾਨੀ ॥੯੯॥
ਦਯੋ ਪੰਥ ਤਿਸ ਕੋ ਦਸਤਾਰਾ।
ਦੀਪ ਸਿੰਘ ਕੀ ਠੌਰ ਬਿਠਾਰਾ।
ਜਹਿਂ ਸ਼ਹੀਦ ਬੁੰਗਾ ਅਬਿ ਆਹੀ।
ਅੰਮ੍ਰਿਤਸਰ ਤਟ[1] ਦੱਖਨ ਬਾਹੀ ॥੧੦੦॥ — [1]ਕਿਨਾਰੇ।
ਲਗਤ ਦਿਵਾਨ ਨਿੱਤ ਤਿਸ ਠੌਰੈਂ।
ਮਿਸਲ ਸ਼ਹੀਦਨ ਕੇਰੋ-ਗੌਰੈਂ[1]। — [1]ਭਾਰੀ ਦੀਵਾਨ।
ਸਾਕਾ[1] ਏਹੁ ਦੀਪ ਸਿੰਘ ਜਬਿ ਤੈ। — [1]ਇਤਿਹਾਸਕ ਘਟਨਾ।
ਕੀਨੋ, ਫੇਰ ਦੁਰਾਨੀ ਤਬਿ ਤੈ ॥੧੦੧॥
ਲੌਟਿ[1] ਸੁਧਾਸਰ ਕਬੀ ਨ ਆਏ। — [1]ਮੁੜ ਕੇ।

ਥਈ ਬਿਅਦਬੀ ਫਿਰ ਨ ਕਦਾਏ[1]। — [1]ਕਦੇ ਨਹੀਂ ਹੋਈ।
ਜਨਮ ਸਫਲ ਸਿੰਘ ਜੀ ਕਾ ਥਯੋ[1]। — [1]ਹੋ ਗਿਆ।
ਜਿਨ ਤ੍ਰਿਨ ਜਿਮ ਸਿਰ ਗੁਰੁ ਹਿਤ ਦਯੋ[1] ॥ ੧੦੨ ॥ — [1]ਜਿਨ੍ਹਾਂ ਨੇ ਕੱਖ (ਜਿਮ) ਵਾਂਗ ਗੁਰਾਂ ਵਾਸਤੇ ਸਿਰ ਦਿੱਤਾ।
ਇਹੁ ਸੁਨਿ ਪੰਥ ਖਾਲਸਾ ਆਯੋ।
ਦਿਸ ਚਾਰਨ ਤੈ ਕਠ ਬਡ ਥਾਯੋ।
ਦੀਪ ਸਿੰਘ ਕੀ ਗਾਥਾ ਸੁਨਿ ਸੁਨਿ।
ਧੰਨਜ ਧੰਨਜ ਸਭਿ ਕੈਹੈਂ ਪੁਨ ਪੁਨ ॥ ੧੦੩ ॥

ਸੋਰਠਾ:

ਪਢੈ ਸੁਨੈ ਨਰ ਨਾਰਿ,
ਦੀਪ ਸਿੰਘ ਕੀ ਗਾਥ ਜੋ।
ਸਿਖੀ ਸਿਦਕ ਫਲ ਚਾਰ,
ਲਹੈ ਗਜਾਨ ਸਿੰਘ ਸਾਚ ਕਹਿ ॥ ੧੦੪ ॥
ਸਿੰਘ ਜੀ ਸਾਕਾ ਯਾਹਿ ਧਰਮ
ਮਜ਼ਬ ਹਿਤ[1] ਕੀਨ ਬਡ। — [1]ਆਪਣੇ ਮਜ਼ਹਬ ਦੇ ਧਰਮ ਦੀ ਰੱਖਿਆ ਵਾਸਤੇ।
ਦਸ ਅਠ ਚੌਬੀ ਮਾਂਹਿ,
ਪੰਚਮ ਸੁਦੀ ਬਿਸਾਖ ਕੋ[1] ॥ ੧੦੫ ॥ — [1]ਸੰਮਤ ੧੮੨੪ ਬਿ: ਵਿਸਾਖ ਸੁਦੀ ੫ ਨੂੰ।

ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ, 'ਦੀਪ ਸਿੰਘ ਸ਼ਹੀਦ ਕੀ ਕਥਾ ਪ੍ਰਸੰਗ', ਬਰਨਨੰ ਨਾਮ ਪਚਾਸਮੋਂ ਬਿਸ੍ਰਾਮ ॥ ੫੦ ॥

੫੧. {ਦਿਆਲ ਸਿੰਘ ਤੇ ਨੱਥਾ ਸਿੰਘ ਸ਼ਹੀਦਾਂ ਦੀ ਕਥਾ, ਗੁਰਦੁਆਰਾ ਬਾਬੇ ਦੀ ਬੇਰ ਦਾ ਪ੍ਰਸੰਗ}

ਸੋਰਠਾ:

ਫੁਰ ਬਾਨੀ ਉਰਿ ਆਇ,
ਕਲਗੀਧਰ ਗੁਰੁ ਧਜਾਨ ਦੈਂ[1]। — [1]ਕਲਗੀਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ (ਜੇ ਆਪਣੇ ਸਰੂਪ) ਦਾ ਧਿਆਨ (ਦੈਂ) ਦੇ ਦੇਣ ਤਾਂ ਹਿਰਦੇ ਵਿੱਚ (ਬਾਣੀ) ਕਵਿਤਾ ਫੁਰ ਆਉਂਦੀ ਹੈ।

ਢੁਰ ਗੁਰੁ-ਸਿੱਖਨ ਪਾਇ,
ਕਥਾ ਸ਼ਹੀਦਨ ਕੀ ਕਥੋਂ[1] ॥੧॥ — [1]ਗੁਰ-ਸਿੱਖਾਂ ਦੇ ਚਰਨਾਂ ਤੇ (ਢੁਰ) ਢੁਲ ਕੇ ਭਾਵ ਨਮਸ਼ਕਾਰ ਕਰ ਕੇ ਸ਼ਹੀਦਾਂ ਦੀ ਕਥਾ ਕਹਿੰਦਾ ਹਾਂ।

ਬੇਰ ਆਦਿ ਗੁਰੁ ਕੇਰ[1], — [1]ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬੇਰ।
ਸਯਾਲਕੋਟ ਹੈ ਹੇਰ ਜੋ[1]। — [1]ਜੋ ਸਿਆਲਕੋਟ ਹੈ, ਦੇਖੋ।
ਭਏ ਸ਼ਹੀਦ ਬਧੇਰ[1], — [1]ਵੱਡੇ ਸ਼ਹੀਦ।
ਤਹਿਂ ਨੱਥਾ ਸਿੰਘ ਦਯਾਲ ਸਿੰਘ ॥੨॥

ਚੌਪਈ:

ਸ੍ਰੀ ਅੰਮ੍ਰਿਤਸਰ ਪਰਗਨ ਮਾਂਹੀਂ[1]। — [1]ਇਲਾਕੇ ਵਿੱਚ।
ਪਿੰਡ ਕਾਲੇ ਕੇ ਮਾਹਿਲ[1] ਆਹੀਂ। — [1]ਗੋਤ ਦੇ।
ਜਿਮੀਂਦਾਰ ਸੇਵਾ ਸਿੰਘ ਤਹਾਂ।
ਬਸਤ ਖਾਲਸੇ ਸੈਂ ਮਿਲਰਹਾ ॥੩॥
ਦਯਾਲ ਸਿੰਘ ਨੱਥਾ ਸਿੰਘ ਤਾਂ ਕੇ।
ਪੂਤ ਪੂਤ ਥੀਏ ਬਡ ਬਾਂਕੇ[1]। — [1]ਪਵਿੱਤ੍ਰ ਪੁੱਤਰ ਵੱਡੇ (ਬਾਂਕੇ) ਸੁੰਦਰ ਹੋਏ ਹਨ।
ਦੀਪ ਸਿੰਘ ਸ਼ਾਹੀਦ ਉਦਾਰੈਂ।
ਭਯੋ ਪੰਥ ਮੈਂ ਬਿਦਤ ਅਪਾਰੈਂ ॥੪॥
ਤਿਸ ਤੇ ਅੰਮ੍ਰਿਤ ਇਨਹੂੰ ਲੀਓ।
ਨਾਮ ਸ਼ਹੀਦ ਇਨੈ ਇਮ ਥੀਓ।
ਜਬਿ ਜਬਿ ਜੰਗ ਪਰਤ ਕਿਤ ਕੋਊ।
ਗਾਨੇ ਬੰਨ੍ਹਿ ਚਢਿਤ ਇਹ ਦੋਊ ॥੫॥
ਅੱਗ੍ਰ ਅਰਤ ਹਰਤ ਅਰਿ ਗਨ ਸੋਂ[1]। — [1]ਅੱਗੇ ਜਾ ਅੜਦੇ ਸਨ ਤੇ ਬਹੁਤੇ ਵੈਰੀਆਂ ਨੂੰ ਮਾਰਦੇ ਸਨ।
ਡਰਤ ਨ ਟਰਤ ਲਰਤ ਅਨਗਨ ਸੋਂ।
ਫਤੇ ਨਸੀਬ ਅਜੀਬ ਉਦਾਰੈਂ[1]। — [1]ਅਸਚਰਜ ਤੇ ਸ੍ਰੇਸ਼ਟ ਫ਼ਤਹ (ਇਨ੍ਹਾਂ ਨੂੰ) (ਨਸੀਬ) ਪ੍ਰਾਪਤ ਰਹਿੰਦੀ ਸੀ।
ਪਾਕ ਜ਼ਮੀਰ ਪੀਰ ਬਲਵਾਰੈਂ ॥੬॥

ਥੇ[1], ਯਾਂ ਤੇ ਸਭਿ ਪੰਥ ਮਝਾਰੈਂ। — [1]ਪਵਿੱਤ੍ਰ (ਜ਼ਮੀਰ) ਬੁੱਧੀ ਵਾਲੇ (ਪੀਰ) ਪੂਜਨੀਕ ਤੇ ਬਲ ਵਾਲੇ ਸਨ।

ਪ੍ਰਗਟੇ ਸਹੀ ਸ਼ਹੀਦ ਅਪਾਰੈਂ।
ਝੰਡਾ ਸਿੰਘ ਭੰਗੀ ਸਰਦਾਰੈਂ।
ਸੰਗ ਮੁਹੱਬਤ ਥੀ ਇਨ ਭਾਰੈਂ ॥੭॥
ਯਾਂ ਤੇ ਤਿਸ ਕੇ ਸੰਗ ਰਹਾਏ।
ਸਭਿ ਜੰਗਨ ਮੈਂ ਕਰੀ ਸਹਾਏ।
ਜੰਮੂ ਸ਼ਹਿਰ ਜਬੈ ਉਨ ਮਾਰਾ।
ਇਨ ਭੀ ਦੌਲਤ ਲਈ ਅਪਾਰਾ ॥੮॥
ਤਬਿ ਤੈ ਇਨ ਅਸਵਾਰ ਪਾਂਚ ਸੈ।
ਨਿਜ ਢਿਗ ਨੌਕਰ ਰਖਯੋ ਸਾਂਚ ਸੈ[1]। — [1]ਇਕੱਠਾ ਕਰਕੇ।
ਦੇਸ ਦੁਰਾਨੀ ਕਾ ਕਰਿ ਫਾਨੀ[1]। — [1]ਨਾਸ਼, ਤਬਾਹ।
ਕਰੀ ਹਕੂਮਤ ਨਾਦਰ ਸਾਨੀ[1] ॥੯॥ — [1]ਨਾਦਰ (ਬਾਦਸ਼ਾਹ) ਵਰਗੀ।
ਭੰਗੀ ਸਰਦਾਰਨ ਕਾ ਜਬ ਤੈ।
ਜੰਮੂ-ਪਤਿ ਤਾਬੇ ਥਿਯ, ਤਬ ਤੈ।
ਝੰਡਾ ਸਿੰਘ ਕੀ ਦਿਸ ਤੈ ਏਹੈਂ[1]। — [1]ਇਹ (ਦਿਆਲ ਸਿੰਘ ਤੇ ਨੱਥਾ ਸਿੰਘ)।
ਟਕੇ ਜੰਮੂ ਕੇ ਲੇਤ ਰਹੇ ਹੈਂ ॥੧੦॥
ਅਠਾਰਾਂ ਸੈ ਸੋਲਾਂ ਮਾਹੈਂ।
ਪਕਰਿ ਜੋਰ ਜਬਿ ਪੰਥ ਮਹਾਂਹੈਂ[1]। — [1]ਬਹੁਤਾ।
ਏਸ ਦੇਸ ਤੈ ਕਢੇ ਦੁਰਾਨੀ।
ਪਾਸ ਰੁਤਾਸ ਲਰਾਈ ਠਾਨੀ[1] ॥੧੧॥ — [1]ਕੀਤੀ।
ਕਾਬਲੇਸ ਕਾ ਨਾਜ਼ਮ[1] ਚਾਚਾ। — [1]ਸੂਬਾ।
ਪਕਰਿ ਬੁਲੰਦ ਖਾਨ ਫਿਰ ਤਾਚਾ[1]। — [1]ਛੱਡ ਦਿੱਤਾ।
ਮੁਲਕ ਖਾਲਸੇ ਮੱਲਯੋ ਸਭੈ।
ਦਜਾਲ ਸਿੰਘ, ਨੱਥਾ ਸਿੰਘ ਤਬੈ ॥੧੨॥
ਏਕ ਲਾਖ ਕਾ ਲਯੋ ਇਲਾਕਾ।
ਸਜਾਲਕੋਟ ਕੇ ਗਿਰਦੇ ਬਾਂਕਾ।
ਹੁਤੋ ਨੁਵਾਬ ਜ਼ਜਾਫਤੈਂ-ਖਾਨੂੰ।
ਦੁਰਚਾਰੀ ਹਿੰਦੈਂ ਦੁਖ ਦਾਨੂੰ[1] ॥੧੩॥ — [1]ਮੰਦਕਰਮੀ ਤੇ ਹਿੰਦੂਆਂ ਨੂੰ ਦੁੱਖ ਦੇਣ ਵਾਲਾ।
ਜੁਲਮ ਅਤੁਲਮ[1] ਤਾਂਹਿ ਕੇ ਸੁਨ ਕੈ। — [1]ਬਹੁਤੇ।

ਦਯੋ ਨਿਕਾਰ ਕਿਲਾ ਲਿਯ ਗੁਨ ਕੈ[1]।	[1]ਵਿਚਾਰ ਕੇ।
ਰੱਯਤ ਕੋ ਸੁਖ ਦੀਨੇ ਭਾਰੇ।	
ਸਾਫ ਕਰੈਂ ਇਨਸਾਫ਼ ਉਦਾਰੇ[1] ॥੧੪॥	[1]ਸ਼੍ਰੇਸ਼ਟ ਤੇ ਸਾਫ ਇਨਸਾਫ਼ ਕਰਦੇ ਹਨ।
ਜਿਮੀਂਦਾਰ ਜੋ ਖੁਸ਼ਿ ਹ੍ਵੈ ਦੇਵੈਂ।	
ਸੋਈ ਖੁਸ਼ੀ ਹੋਇ ਸਿੰਘ ਲੇਵੈਂ।	
ਕਲਿ ਮੈਂ ਸਤਿਜੁਗ ਫਿਰ ਬਰਤਾਯੋ।	
ਜੁਲਮੀ ਪਾਪੀ ਰਹਿਨ ਨ ਦਾਯੋ[1] ॥੧੫॥	[1]ਦਿੱਤਾ।
ਨਿਜ ਨੌਕ੍ਰਨ ਸਭਿ ਤਈਂ ਜਗੀਰੈਂ।	
ਜਥਾ ਜੋਗ ਦੈ ਰਖੀ ਸਧੀਰੈਂ[1]।	[1]ਧੀਰਜਵਾਨਾਂ ਨੇ।
ਤਾਰਕ[1] ਦੁਨੀਆਂ ਉਭੈ ਭਰਾਤਾ।	[1]ਤਾਰਨ ਵਾਲੇ।
ਜਤੀ ਸਤੀ ਪੂਣ-ਪੂਰ ਬਖਜਾਤਾ ॥੧੬॥	
ਰਹੇ ਆਪਰਸ ਬਿਸ਼ੇ ਤਿਆਗੀ।	
ਹਰਿ ਗੁਰੁ ਭਗਤਿ ਕੇਰ ਅਨੁਰਾਗੀ[1]।	[1]ਪ੍ਰੇਮੀ।
ਸੰਤਨ ਜਜਨ[1] ਭਜਨ ਪ੍ਰਭ ਮਾਂਹੀਂ।	[1]ਸੰਤਾਂ ਦੀ (ਜਜਨ) ਪੂਜਾ ਭਾਵ ਸੇਵਾ।
ਨਿਜਾਨੰਦ ਮੈਂ ਬ੍ਰਿਤਿ ਰਖਾਂਹੀਂ[1] ॥੧੭॥	[1]ਆਪਣੇ ਸਰੂਪ ਦੇ ਅਨੰਦ ਵਿੱਚ ਬ੍ਰਿਤੀ ਰੱਖਦੇ ਹਨ।
ਪਦਮ-ਪੱਤ੍ਰ ਜਿਮ[1] ਜਗ ਮੈਂ ਰੈਹੈਂ।	[1]ਕੰਵਲ ਦੇ ਪੱਤ੍ਰ ਵਾਂਗ।
ਅਧਿਕ ਮੁਨੀਸ ਜੁਗੀਸਨ ਤੇ ਹੈਂ[1]।	[1]ਮੁਨੀਆਂ ਤੇ ਜੋਗੀਆਂ ਤੋਂ ਵੱਡੇ ਹਨ।
ਨਿਜ ਜਗੀਰ ਮੈਂ ਸੇ ਜੋ ਆਵੈ[1]।	[1]ਵਿੱਚੋਂ ਜੋ (ਆਮਦਨ) ਆਉਂਦੀ ਹੈ।
ਛਕੈਂ ਛਕਾਵੈਂ ਲੰਗਰ ਲਾਵੈਂ ॥੧੮॥	
ਬੇਰਿ ਆਦਿ-ਗੁਰੁ ਕੇਰ ਜਹਾਂ ਹੈ।	
ਕਰੈਂ ਟਹਿਲ ਰਹਿ ਸਹਿਲ[1] ਤਹਾਂ ਹੈ।	[1]ਸੁਖਾਲੇ।
ਸੁਖ ਨਿਧਾਨ ਪੰਚਾਮ੍ਰਿਤ ਵਾਰੀ[1]।	[1]ਵਾਲੀ।
ਦੇਗ ਦੁ-ਵਕਤੈਂ ਬਰਤੈ ਭਾਰੀ ॥੧੯॥	
ਆਪ ਸਨੱਧ ਬੱਧ ਹਰਿ ਵਖਤੇ।	
ਹਰਿ ਗੁਰੁਬਾਨੀ ਕਾ ਰਸ ਚਖਤੇ।	
ਔਰ ਬਿਸ਼ੇ ਰਸ ਕੋਉ ਨ ਚਾਖੇ।	
ਦੁਵਿਧਾ ਸੱਤ੍ਰਨ ਪਰ ਰਹਿਂ ਮਾਖੇ[1] ॥੨੦॥	[1]ਦੋ ਤਰ੍ਹਾਂ ਦੇ ਵੈਰੀਆਂ (ਬਾਹਰਲਿਆਂ ਤੇ ਅੰਦਰਲਿਆਂ) ਉੱਪਰ (ਮਾਖੇ) ਕ੍ਰੋਧ ਸਹਿਤ ਰਹਿੰਦੇ ਹਨ।
ਜਹਾਂ ਪੰਥ ਕਾ ਪਰੈ ਅਖਾਰਾ[1]।	[1]ਜੰਗ।
ਜਾਇ ਭਿਰੈਂ ਤਿਹ ਅੱਗ੍ਰ ਉਦਾਰਾ।	

ਫਤੇ ਪਾਇ ਸੱਤ੍ਰੁਨ ਪਰ ਐਹੈਂ।
ਰੱਖਕ ਹਿੰਦੁ ਧਰਮ ਕੇ ਰੈਹੈਂ ॥੨੧॥

ਦੋਹਰਾ:

ਤਨ ਮਨ ਧਨ ਅਰਪਣ ਜਿਨੈ,
ਕਰਿ ਰਾਖ੍ਯੋ ਗੁਰੁ ਹੇਤ।
ਰਹਿਤ ਬਹਿਤ ਸਭਿ ਜਨਕ ਸਮ,
ਧਰਮ ਸੁਕਰਮ ਨਿਕੇਤ[1] ॥੨੨॥ — [1]ਘਰ।

ਨਰਾਜ ਛੰਦ:

ਪਰੋਪਕਾਰ ਕੀਨ ਪੀਨ ਏਨ[1], ਜੋ ਅਪਾਰ ਹੈਂ। — [1]ਇਹਨ੍ਹਾਂ ਨੇ (ਪੀਨ) ਭਾਰੇ ਪ੍ਰਉਪਕਾਰ।
ਲਿਖੋਂ ਸਮੂਹ ਜੇ ਵਹੀ, ਬਢੈ ਗ੍ਰੰਥ ਭਾਰ ਹੈ।
ਸੁਨੈਂਹੁ ਏਸ ਹੇਤ ਦੋਇ ਤੀਨ ਗਾਥ ਪਾਵਨੀ[1]। — [1]ਪਵਿੱਤ੍ਰ ਕਥਾਵਾਂ।
ਲਿਖੈਂਹੁ ਦੋਇ ਬੀਰ ਕੀ ਜੁ ਧੀਰਤਾ ਬਢਾਵਨੀ ॥੨੩॥
ਜਬੈ ਸੁ ਬਾਰਿ ਗਜਾਰਵੀਂ ਅਠਾਰਾਂ ਸੈ ਅਠਾਰਨੈ[1]। — [1]ਸੰਮਤ ੧੮੧੮ ਬਿ: ਨੂੰ।
ਅਯੋ ਸਕੋਪ ਕਾਬਲੇਸ ਓਪ ਪੰਥ ਟਾਰਨੈ[1]। — [1]ਪੰਥ ਦੀ ਉਪਮਾਂ ਘਟਾਉਣ ਨੂੰ।
ਨਜੀਕ ਗੁੱਜਰਵਾਲ ਰਾਇਪੁਰਿ ਜੰਗ ਕੈ ਅਤੀ[1]। — [1]ਬਹੁਤਾ ਜੰਗ ਕਰਕੇ।
ਘਲੂ ਸੁ ਘਾਰ ਦੀਰਘੈਂ ਕਰੈ ਗਯੋ ਸਿੰਘੈਂ ਛਤੀ[1] ॥੨੪॥ — [1]ਵੱਡੇ ਘੱਲੂਘਾਰੇ ਨਾਲ ਸਿੰਘਾਂ ਦਾ (ਛਤੀ) ਨੁਕਸਾਨ ਕਰ ਗਿਆ ਭਾਵ ਮਾਰ ਗਿਆ।
ਗੁਰੂਦ੍ਵਾਰ ਢਾਹਿਗੋ ਸੁਧਾ-ਤਲਾਵ ਚੰਗੜੈ[1]। — [1]ਹਰਿਮੰਦਰ ਜੀ ਨੂੰ ਤੇ ਅੰਮ੍ਰਿਤ ਦੇ ਚੰਗੇ ਸਰੋਵਰ ਨੂੰ ਢੁਹਾ ਗਿਆ।
ਸਠਜਾਲਿਯੇ[1] ਬੁਤਾਲਿਯੇ[2] ਮੰਡਜਾਲੀਏ[3] ਸੁਰੰਘੜੈਂ[11]। — [1]ਸਠਿਆਲੇ ਪਿੰਡ ਦੇ ਚੌਧਰੀ। [2]ਬੁਤਾਲੇ ਪਿੰਡ ਦੇ। [3]ਮੰਡਿਆਲੇ ਪਿੰਡ ਦੇ। [11]ਗੋਤ ਦੇ।
ਜੰਡਜਾਲਿਯੇ[1] ਚੰਡਜਾਲੀਏ ਢਹਾਇਓ ਦਾਸ-ਆਕੁਲੈਂ[2]। — [1]ਜੰਜਿਆਲੇ ਪਿੰਡ ਦੇ। [2]ਚੰਡਾਲ ਆਕੁਲ ਦਾਸ ਨੇ ਢੁਹਾਇਆ।
ਸੁਨੀ ਜੁ ਬਾਤ ਏਹੁ ਦਜਾਲ ਸਿੰਘ ਹੋਇ ਬਜਾਕੁਲੈਂ ॥੨੫॥
ਤਦਾਂਹਿ ਜੀਤ ਸਿੰਘ ਜਜੂਣ ਸਿੰਘ ਮੋਹਰ ਸਿੰਘ ਲੌਂ।
ਦਿਵਾਨ ਸਿੰਘ, ਨਾਹਰੈਂ[1] ਦੂਗਾਹਾ ਸਿੰਘ ਧਿੰਗ ਲੌਂ[2]। — [1]ਨਾਹਰ ਸਿੰਘ। [2]ਬਲਵਾਨਾਂ ਤੱਕ।
ਹੁਤੇ ਸੂਦਾਰ ਯੇ ਪਹਾਰ ਦੇਸ ਡੁੱਗਰੈਂ ਤਬੈ[1]। — [1]ਤਦੋਂ ਪਹਾੜਾਂ ਵਿੱਚ (ਡੁੱਗਰੈਂ) ਡੁੱਗਰਾਂ ਦੇ ਇਲਾਕੇ।

ਡਰੰਤ ਕਾਬਲੇਸ ਤੇ ਧਸੇ ਥਿ ਧਾਇ ਕੈ ਸਭੈ[1] ॥੨੬॥ — [1]ਸਾਰੇ ਦੌੜ ਕੇ ਜਾ ਵੜੇ ਸਨ।

ਹੁਤੋ ਹਜਾਰ ਚਾਰ ਕੈ ਸਵਾਰ ਏਨ ਸੰਗ ਹੈ[1]। — [1]ਇਨ੍ਹਾਂ (ਦਿਆਲ ਸਿੰਘ ਤੇ ਨੱਥਾ ਸਿੰਘ) ਦੇ ਨਾਲ ਹੈ।
ਸ਼ਹੀਦ ਦਜਾਲ ਸਿੰਘ ਜੁ ਕਰਜੋ ਸੁ ਚਾਹਿ ਜੰਗ ਹੈ।
ਅਨੇਕ ਬਾਰ ਹੂੰ ਇਨੈ ਬਿਬੇਕ ਤਾੜ ਯੌਂ ਕਹੇ[1]। — [1]ਵਿਚਾਰ ਨਾਲ ਤਾੜ ਕੇ ਇਉਂ ਕਿਹਾ।
ਬਚੈਹੁਂ ਜਾਨ ਕਾਲ ਤੈ, ਕਿਤੋਕ ਅੰਤ ਸੋ ਲਹੇ[1] ॥੨੭॥ — [1](ਕਿਤੋਕ) ਕਿੱਥੋਂ ਕੁ ਤੱਕ ਜਾਨ ਨੂੰ ਕਾਲ ਤੋਂ ਬਚਾਉਗੇ ਅੰਤ ਨੂੰ ਤਾਂ ਉਹ ਕਾਲ (ਜਾਨ ਨੂੰ) ਲੈ ਹੀ ਲਵੇਗਾ।

ਲਹੋ ਸੁਜੱਸ ਬਦਲਾ, ਕੁਸੱਤ੍ਰ ਤੈ ਪ੍ਰਚੰਡ ਹੂੰ[1]। — [1](ਪ੍ਰਚੰਡ ਹੂੰ) ਬਹੁਤ ਤਿੱਖੇ ਤੇ (ਕੁਸੱਤ੍ਰ) ਖੋਟੇ ਵੈਰੀ (ਤੈਂ) ਤੋਂ ਬਦਲਾ ਤੇ ਚੰਗਾ ਜਸ ਲੈ ਲਵੋਗੇ।
ਜੀਐਂ ਤੁ ਰਾਜ ਹੂੰ ਲਹੈਂ, ਮਰੈਂ ਤੁ ਸੱਚ ਖੰਡ ਹੂੰ।
ਪੁਨਾ ਤੁਮ੍ਹਾਰ ਸਿੰਘ ਨਾਮ, ਲਾਜ ਏਹੁ ਪਾਲਿਯੇ।
ਛੁਡਾਇ ਲੈਹੁ ਹਿੰਦੂਐਂ, ਗਹੇ ਜੁ ਜਾਤਿ ਜਾਲਿਯੇ[1] ॥੨੮॥ — [1]ਜਿਹੜੇ (ਜਾਲਯੇਂ) ਬਹੁਤੇ (ਗਹੇ) ਪਕੜੇ (ਜਾਤ) ਜਾ ਰਹੇ ਹਨ।

ਦੁਹੂੰ ਸੁ ਹਾਥ ਮੋਦਕੈਂ, ਛਕੈਹੁ ਥੈਹੁ ਸੂਰ ਹੈ[1]। — [1]ਤੁਹਾਡੇ ਦੋਹੀਂ ਪਾਸੀਂ (ਮੋਦਕੈਂ) ਲੱਡੂ ਹਨ ਸੂਰਮੇ ਹੋ ਕੇ ਛਕੋ।
ਸਮੂਹ ਕੋ ਸਿਖਾਇਓ, ਬਢਾਇ ਰੋਸ ਭੂਰ ਹੈ।
ਲਵਾਇ ਸੰਗ ਧੈ ਅਯੋ, ਸੁ ਆਪ ਅੱਗ੍ਰ ਥਾਇ ਕੈ[1]। — [1]ਆਪ ਅੱਗੋਂ ਹੋ ਕੇ ਨਾਲ ਲੈ ਕੇ ਦੌੜ ਕੇ ਆਇਆ।
ਪਰੇ ਸਮਾਨ ਬੀਜਰੀ ਤੁਕਾਨ ਪੈ ਸੁ ਆਇ ਕੈ ॥੨੯॥

ਮਨੋ ਪਹਾਰ ਤੈ ਪਰਜੋ ਦਰਜਾਉ ਕਾਲ ਕਾਹਿਰੈਂ[1]। — [1]ਜਾਣੋ ਪਹਾੜ ਤੋਂ (ਕਾਹਿਰੈਂ) ਭਿਆਨਕ ਕਾਲ ਦਾ ਦਰਿਆ ਆ ਪਿਆ ਹੈ।
ਦਈ ਸੁ ਪਾਇ ਹਾਲ ਚਾਲ ਸਤ੍ਰੈਂ ਦੁਪਾਹਿਰੈਂ[1]। — [1]ਵੈਰੀਆਂ ਨੂੰ ਦੋ ਕੁ ਪਹਿਰਾਂ ਵਿੱਚ ਹੀ ਹਲਚਲੀ ਪਾ ਦਿੱਤੀ।
ਤਦਾਂਹਿ ਬਾਦਸ਼ਾਹਿ ਤੋ ਪਹੂੰਚਯੋ ਪਸ਼ੌਰ ਥਾ।
ਹੁਤੋ ਝਨਾਉ ਨਾਖਤੋ ਬਹੀਰ ਤਾਂਹਿ ਔਰ ਥਾ[1] ॥੩੦॥ — [1]ਤਿਸਦਾ ਹੋਰ (ਬਾਕੀ) (ਵਹੀਰ) ਦਲ ਝਨਾਂ (ਦਰਿਆ) (ਨਾਖਤੋ) ਲੰਘ ਰਿਹਾ ਸੀ।

ਹਿੰਦੂ ਹਜ਼ਾਰ ਆਠਕੈਂ ਤਿਯਾ ਮਨੁਖ ਥੇ ਤਹੇਂ।
ਗਿਲਿਜਯੌਂ ਕੀ ਜੇਲ ਮੈਂ ਲਚਾਰ ਜਾਤ ਥੇ ਗਹੇ[1]। — [1]ਪਕੜੇ ਹੋਏ ਬੇਵਸ ਜਾ ਰਹੇ ਸਨ।
ਚੁਕਾਇ ਬੋਝ ਮੂੰਡ ਪੈ[1] ਲਵਾਇ ਸੰਗ[2] ਥੇ ਚਲੇ। — [1]ਸਿਰਾਂ ਉੱਪਰ। [2]ਨਾਲ ਲੈ ਕੇ।
ਗੁਲਾਮ ਤੁਕ ਕਰਨ ਕੀ ਉਮੈਦ ਮਾਂਹਿ ਥੇ ਭਲੇ[1] ॥੩੧॥ — [1]ਤੁਰਕ (ਉਨ੍ਹਾਂ ਹਿੰਦੂਆਂ ਨੂੰ) ਭਲੀ ਪ੍ਰਕਾਰ ਗ਼ੁਲਾਮ ਬਣਾਉਣ ਦੀ ਆਸ ਵਿੱਚ ਸਨ।

ਲਏ ਛੁਡਾਇ ਸੋ ਸਭੀ ਸਿੰਘਾਨ ਠਾਨ ਜੰਗ ਹੈ।

ਸੁ ਦੌਰਿ ਦੌਰਿ ਸੋਇ ਭੀ, ਮਿਲੇ ਸਿੰਘਾਨ ਸੰਗ ਹੈਂ।
ਜਥਾ ਸੁ ਜੋਗ ਲੈ ਹਥਜਾਰ ਖੀਜ ਸੋਇ ਭੀ ਲਰੇ[1]। [1]ਖਿਝ ਕੇ ਉਹ ਹਿੰਦੂ ਵੀ ਲੜੇ।
ਸਿੰਘਾਨ ਸੱਤ੍ਰ ਕੱਤ੍ਰ ਜੌ ਅਪਾਰ ਤੱਤ੍ਰ ਹੈਂ ਧਰੇ[1] ॥੩੨॥ [1]ਸਿੰਘਾਂ ਨੇ ਬਹੁਤੇ ਵੈਰੀ (ਕੱਤ੍ਰ) ਕੱਟ ਕੇ (ਤੱਤ੍ਰ) ਉਥੇ ਹੀਰੱਖ ਦਿੱਤੇ।
ਸਿਪੈ-ਸਲਾਰ[1] ਪਾਰ ਥਾ ਅਲਾਹ-ਯਾਰ-ਖਾਂ ਤਬੈ। [1]ਸੈਨਾਪਤਿ।
ਸੁਨਜੋ ਹਲਾਕ ਦੀਨ ਭਾ[1] ਸਿੰਘਾਨ ਕੀਨ ਹੈ ਸਭੈ। [1]ਜਦੋਂ ਸੁਣਿਆ ਕਿ ਸਾਡੇ ਦੀਨ ਇਸਲਾਮ ਦਾ (ਹਲਾਕ) ਨਾਸ਼ ਹੋ ਗਿਆ ਹੈ।
ਅਯੋ ਲਵਾਇ ਸੈਨ ਐਨ ਕੁੰਮਕੈ ਸੁ ਹੇਤੁ ਹੈ[1]। [1](ਕੁਮਕੈ) ਮਦਦ ਦੇ (ਹੇਤ) ਵਾਸਤੇ ਚੰਗੀ ਫੌਜ ਨਾਲ ਲੈ ਕੇ ਆਇਆ।
ਇਤੈ ਦਿਆਲ ਸਿੰਘ, ਜੋਰ ਦਾਇ ਤੋਰਿ ਸੇਤ ਹੈ[1] ॥੩੩॥ [1]ਜ਼ੋਰ ਦੇ ਕੇ ਪੁਲ ਤੋੜ ਦਿੱਤਾ।
ਹੱਲਾ ਕਰਾਇ ਬੇਗ[1] ਤੇਗ ਤੀਰ ਤੁੱਪਕਾਨ[2] ਕੌਂ। [1]ਛੇਤੀ। [2]ਬੰਦੂਕਾਂ ਦਾ।
ਸਥਾਰ ਕੀਨ ਮਾਰ ਕੈ ਉਰਾਰ ਕੀ ਤੁਕਾਨਿ ਕੌਂ[1]। [1]ਉਰਲੇ ਪਾਸੇ ਦੀ ਤੁਰਕਾਂ ਦੀ ਫੌਜ ਨੂੰ ਮਾਰ ਕੇ ਢੇਰ ਕਰ ਦਿੱਤਾ।
ਤੁਰੰਗ ਚੰਗ[1] ਆਯੁਧੈਂ ਸਮਾਨ ਛੀਨ ਔਰ ਹੈ। [1]ਚੰਗੇ।
ਲਵਾਇ ਸੰਗ ਹਿੰਦੂਐਂ ਅਏ ਪਿਛਾਂਹਿ ਦੌਰ ਹੈਂ ॥੩੪॥
ਉਤੈ ਲਚਾਰ ਮਾਰ ਖਾਇ ਹਾਰ ਪਾਰ ਹੋਇ ਕੈ।
ਗਏ ਸੁ ਤੁਕ ਢੁਰਕ[1], ਰੋਇ ਜਾਨ ਮਾਲ ਖੋਇ ਕੈ। [1]ਢੁਲਕ (ਖਿਸਕ) ਗਏ।
ਇਤੈ ਬਿਸਾਲ ਪਾ ਫਤੇ ਦਿਆਲ ਸਿੰਘ ਆਇ ਕੈ।
ਸਿਆਲਕੋਟ ਛੋਟ ਹਿੰਦੂਐਂ ਖਰਚ ਦਾਇ ਕੈ[1] ॥੩੫॥ [1]ਦੇ ਕੇ।
ਪਠੇ ਸੁ ਧਾਮ ਆਪਨੇ ਗਏ ਸੁ ਜੱਸ ਗਾਵਤੇ।
ਮਨੋ ਜਨੰਮ ਦੂਸਰੋ ਲਹਜੋ ਸਮੋਦ ਭਾਵਤੇ[1]। [1]ਮਨ-ਭਾਉਂਦੇ ਅਨੰਦ ਸਹਿਤ।
ਕਹੈਂ, ਇਮਾਨ[1] ਜਾਨ ਤੇ ਹਮਾਰਿ ਸਿੰਘ ਜੀ ਰਖੇ। [1]ਧਰਮ।
ਜਮੇਸ ਕੀ ਜਮਾਤ ਤੈ ਛੁਡੈਂਹ ਅੰਤ ਯੇ ਸਖੇ[1] ॥੩੬॥ [1]ਇਹ (ਸਖੇ) ਮਿੱਤ੍ਰ (ਸਿੰਘ) ਧਰਮਰਾਜ ਦੀ ਜਮਾਤ ਭਾਵ ਜਮਾਂ ਤੋਂ ਵੀ ਛੁਡਾ ਲੈਣਗੇ।
ਇਹੀ ਵਿਚਾਰਿ ਕੇਤਿਕੈਂ ਗੁਰੂ ਕੇ ਸਿੰਘ ਹੂੰ ਸਜੇ।
ਤਜੇ ਵਿਕਾਰ ਮਾਰ ਲੌਂ[1] ਵਿਚਾਰਿ ਈਸ ਕੌ ਭਜੇ ॥੩੭॥ [1]ਕਾਮ-ਦੇਵ ਤੱਕ।
ਦੋਹਰਾ:

ਤੇਜ ਪ੍ਰਤਾਪ ਸੁਧਰਮ ਜਸ,
ਬਢਜੋ ਦਜਾਲ ਸਿੰਘ ਕੇਰ।
ਭਾਖੀ ਸਾਖੀ ਏਕ ਯਹਿ,
ਦੁਤੀ ਸੁਨੋ ਅਬਿ ਫੇਰ ॥੩੮॥

ਚੌਪਈ:

ਜਬਿ ਗੁਰੁਦ੍ਵਾਰਾ ਥਾ ਅਰਿ ਢਾਹਾ[1]। — [1]ਜਦੋਂ ਵੈਰੀ (ਅਹਿਮਦ ਸ਼ਾਹ ਅਬਦਾਲੀ) ਨੇ ਗੁਰਦੁਆਰਾ (ਸ੍ਰੀ ਹਰਿਮੰਦਰ ਸਾਹਿਬ) ਢਾਹਿਆ ਸੀ।
ਗੇਰਨ ਹਿਤ ਜਿਨ ਦਈ ਸਲਾਹਾ।
ਸੁਨਿ ਜੁਗ ਬੀਰਨ ਕੇ[1] ਉਰਿ ਭਾਰੀ। — [1]ਦੋਹਾਂ ਸੂਰਮਿਆਂ (ਦਿਆਲ ਸਿੰਘ ਤੇ ਨੱਥਾ ਸਿੰਘ) ਦੇ।
ਜਗੀ ਅਗਨਿ ਰਿਸ ਕੇਰ[1] ਅਪਾਰੀ ॥੩੯॥ — [1]ਗੁੱਸੇ ਦੀ।
ਹਤਿ[1] ਗਿਲਜੇ ਹਿੰਦੂ ਛੁਡਵਾਏ। — [1]ਮਾਰ ਕੇ।
ਬੁਝੀ ਕਿਛੁਕ ਚਹਿਂ ਔਰ ਬੁਝਾਏ।
ਨੱਥਾ ਸਿੰਘ ਦਜਾਲ ਸਿੰਘ ਤਬੈ।
ਸਿਖ ਸਰਦਾਰ ਮਿਲਾਪੀ ਸਭੈ ॥੪੦॥
ਇਕਠੇ ਹ੍ਵੈ ਅੰਮ੍ਰਿਤਸਰ ਆਏ।
ਔਰ ਸਿੰਘ ਤਹਿਂ ਮਿਲੇ ਮਹਾਂਏਂ[1]। — [1]ਬਹੁਤੇ।
ਪਿਖਿ ਹਵਾਲ ਹਰਿਮੰਦਰ ਕੇਰੈਂ।
ਜਗੀ ਅਗਨਿ ਕਰ ਸਕੇ ਨ ਜੇਰੈਂ[1] ॥੪੧॥ — [1]ਧੀਰਜ।
ਚਢਿ ਮੰਡਜਾਲੇ ਪਰ ਬਢ ਆਏ[1]। — [1]ਵੱਧ ਆਏ।
ਲੂਟ ਮਾਰ ਦਈ ਆਗ ਲਗਾਏ।
ਮੱਸੇ ਰੰਘੜ ਕੇ ਸੁਤ ਨਾਤੀ[1]। — [1]ਪੁੱਤਰ ਪੋਤਰੇ।
ਕਰੇ ਕਤਲ ਬਿਨ ਬੇਰ ਬਖਜਾਤੀ[1] ॥੪੨॥ — [1]ਬਿਨਾਂ ਦੇਰੀ ਤੋਂ ਪ੍ਰਗਟ ਹੀ।
ਔਰ ਗਏ ਡਰਿ ਇਤ ਉਤ ਧੈ ਕੈ[1]। — [1]ਦੌੜ ਕੇ।
ਖਾਕ ਪਾਕ ਕਿਯ ਗ੍ਰਾਮ ਜਰੈ ਕੈ[1]। — [1](ਪਾਕ) ਮੂਰਖਾਂ ਦਾ ਪਿੰਡ ਸਾੜ ਕੇ ਸੁਆਹ ਕਰ ਦਿੱਤਾ।
ਜੋ ਅਬਿ ਥੇਹ ਪਰਜੋ ਉਚ ਭਾਰਾ।
ਹਮ ਨੈ ਭੀ ਨਿਜ ਨੈਨ ਨਿਹਾਰਾ ॥੪੩॥
ਬਸਜੋ ਮੰਡਜਾਲਾ ਪੁਨ ਤਿਸ ਪਾਹੈਂ[1]। — [1]ਪਾਸ, ਕੋਲ।
ਕਥਾ ਸੁਨਾਈ ਉਨ ਮੁਹਿ ਯਾਹੈ[1]। — [1]ਉਹਨਾਂ (ਪਿੰਡ ਵਾਲਿਆਂ ਨੇ) ਮੈਨੂੰ ਇਹ ਕਥਾ ਸੁਣਾਈ।
ਤਹਿਂ ਤੇ ਓਰ ਜੰਡਜਾਲੇ ਚਢ ਹੈਂ।
ਅਏ ਪ੍ਰਲੈ ਜਲ ਜਜੋਂ ਸਿੰਘ ਬਢ ਹੈਂ[1] ॥੪੪॥ — [1]ਵੱਧ ਕੇ।

ਅਮਰ ਗੁਰੂ ਅਰਜਨ ਕੀ ਬਖਸ਼ਸ਼।	
ਲਖ ਕੈ[1] ਕਰੀ ਨ ਅਧਿਕੈਂ ਖਰਖਸ[2]।	[1]ਜਾਣ ਕੇ। [2]ਬਹੁਤੀ ਲੜਾਈ। (ਖਰਖਸਾ- ਝਗੜਾ, ਬਖੇੜਾ, ਟੰਟਾ।)
ਆਕਲ ਦਾਸ ਮਹੰਤੈ ਤਾਂਈਂ।	
ਦਈ ਅਕਲ ਜੋ ਹੁਤੋ ਤਦਾਂਈਂ ॥ ੪੫ ॥	
ਲੂਟ ਲਯੋ ਤਿਸ ਕਾ ਘਰ ਬਾਰੈਂ।	
ਬਾਰ ਉਖਾਰੇ ਮਾਰ ਪੰਜਾਰੈਂ[1]।	[1](ਪੰਜਾਰੈਂ) ਜੁੱਤੀਆਂ ਮਾਰ ਕੇ ਵਾਲ ਉਖੇੜ ਦਿੱਤੇ।
ਭਾਨਾਂ, ਝੰਡਾ, ਕਰਮਾਂ, ਲਾਜੂ।	
ਤਿਸਕੇ ਮੰਦ ਮਸੰਦ ਦਰਾਜੂ[1] ॥ ੪੬ ॥	[1]ਬਹੁਤੇ ਮਾੜੇ ਮਸੰਦ।
ਥੇ ਸਲਾਹਿ ਇਨਹੂੰ ਦੈ ਭਾਰੈਂ[1]।	[1]ਬਹੁਤੀਆਂ ਸਲਾਹਾਂ।
ਗੁਰੁ ਥਲ ਕਰਵਾਯੋ ਮਿਸਮਾਰੈਂ[1]।	[1]ਢਹਾ ਦਿੱਤਾ।
ਇਨ ਚਾਰੋਂ ਕੋ ਦੁਖ ਦੈ ਮਾਰਾ।	
ਗਾਮ ਜੰਡਜਾਲਾ ਲੁਟ ਕੈ ਸਾਰਾ ॥ ੪੭ ॥	
ਪਹੁੰਚ ਸਠਜਾਲੇ ਜਾਇ ਬੁਤਾਲੇ।	
ਰੰਘੜ ਘੇਰੇ ਲਰੇ ਬਿਸਾਲੇ[1]।	[1]ਬਹੁਤ।
ਜੰਗ ਤੁਫੰਗ[1] ਤੀਰ ਕਾ ਥਯੋ[2]।	[1]ਬੰਦੂਕ। [2]ਹੋਇਆ।
ਦੋਇ ਜਾਮ[1], ਫਿਰ ਨਿਸ ਤਮ ਛਯੋ[2] ॥ ੪੮ ॥	[1]ਪਹਿਰ। [2]ਰਾਤ ਦਾ ਅਨ੍ਹੇਰਾ ਫੈਲ ਗਿਆ।
ਪਾਇ ਖਬਰ ਇਹੁ ਔਰ ਖਾਲਸਾ।	
ਆਇ ਪਹੁੰਚਜੋ ਤਹਿਂ ਬਿਸਾਲਸਾ[1]।	[1]ਬਹੁਤਾ।
ਗਢੀ ਵੀਚ ਥੇ ਰੰਘੜ ਆਕੀ।	
ਦੁਤੀ ਦਿਵਸ ਜਬਿ ਬਢੀ ਹਲਾਕੀ[1] ॥ ੪੯ ॥	[1]ਮਾਰ ਵਧੀ।
ਦਜਾਲ ਸਿੰਘ ਸ਼ਾਹੀਦ ਉਦਾਰੈਂ।	
ਹੱਲਾ ਕਰਵਾਯੋ ਤਬਿ ਭਾਰੈਂ।	
ਤੋੜਿ ਕਿਵਾੜ[1] ਗੜ੍ਹੀ ਮੈਂ ਧਸੇ।	[1]ਤਖ਼ਤੇ।
ਬੇਗ[1] ਤੇਗ ਸੈਂ ਰੰਘੜ ਕਸੇ[2] ॥ ੫੦ ॥	[1]ਛੇਤੀ। [2]ਮਾਰੇ।
ਜਿਨੈ ਬਿਅਦਬੀ ਗੁਰੁ ਥਲ ਕੇਰੀ।	
ਕਰਵਾਈ ਅਰ ਕਰੀ ਬਧੇਰੀ[1]।	[1]ਬਹੁਤੀ।
ਤਿਨ ਕੇ ਨਾਮ ਨਿਸ਼ਾਨ ਨ ਛੋਰੇ।	
ਢਾਹਿ ਮੁਕਾਨ ਕਰੇ ਤਿਨ ਖੋਰੇ[1] ॥ ੫੧ ॥	[1]ਖੋਲ੍ਹੇ।
ਲੂਟੇ ਪਿੰਡ ਉਭੈ[1] ਬਲ ਪਾਏ।	[1]ਦੋਵੇਂ।

ਮਿਲਿ ਜਟ ਫਿਰ ਸਿੰਘ ਜੀ ਢਿਗ ਆਏ।	
ਗਰਿ-ਅੰਚਰ ਮੁਖ ਮਾਂਹਿ ਘਾਸ ਤੇ[1]।	[1]ਗਲ੍ਹ 'ਚ ਪੱਲਾ ਤੇ ਮੂੰਹ ਵਿੱਚ ਘਾਹ ਲੈ ਕੇ (ਕਹਿਣ ਲੱਗੇ)।
ਬਖਸ਼ੋ ਹਮ ਕੌ ਗੁਰੂ ਵਾਸਤੇ ॥੫੨॥	
ਆਪ ਗਰੀਬ ਨਿਵਾਜ ਖਾਲਸਾ।	
ਹਮ ਗਰੀਬ ਅਤਿ ਮੰਦ ਹਾਲਸਾ[1]।	[1]ਬੁਰੇ ਹਾਲ ਵਾਲੇ।
ਸੁਨਿ ਸਿੰਘ ਜੀ ਉਰਿ ਦਯਾ ਉਪਾਈ।	
ਜੱਟਨ ਕੀ ਸਭਿ ਲੂਟ ਮੁੜਾਈ ॥੫੩॥	
ਰੰਘੜ ਪਠੇ ਜਹੰਨਮ ਕੋ ਹੈ[1]।	[1]ਨਰਕਾਂ ਨੂੰ ਭੇਜ ਦਿੱਤੇ ਹਨ।
ਤਹਿਂ ਤੇ ਆਗੇ ਚਢੇ ਸਰੋਹੈਂ[1]।	[1]ਗੁੱਸੇ ਨਾਲ।
ਇਤ ਉਤ ਤੈ ਸਿੰਘ ਮਿਲੇ ਬਧੇਰੈਂ।	
ਲਸ਼ਕਰ ਥਯੋ ਸ਼ਹੀਦਨ ਕੇਰੈਂ ॥੫੪॥	
ਸਿੰਘਨ ਔ ਗੁਰੁਦ੍ਵਾਰਨ ਸੰਗੈਂ।	
ਜੇ ਜਢ[1] ਕਰਤੇਰਹੇ ਕੁਢੰਗੈਂ[2]।	[1]ਮੂਰਖ। [2]ਖੋਟਾ ਵਰਤਾਉ।
ਜਥਾ ਜੋਗ ਫਲ ਤਿਨੈ ਭੁਗਾਏ।	
ਇਤ-ਉਤ ਫਿਰ ਤਬਿ ਇਨ ਬਹੁ ਥਾਂਏਂ ॥੫੫॥	
ਜੋਧ ਨਗਰ[1] ਲੂਟਜੋ ਕਰਿ ਧਾਵਾ।	[1]ਸ਼ਹਿਰ ਦਾ ਨਾਮ।
ਗਹਜੋ ਅਧਰਮ ਦਾਸ ਸਠ[1] ਬਾਵਾ।	[1]ਮੂਰਖ।
ਤਿਸ ਨੈ ਥੇ ਬਹੁ ਸਿੰਘ ਮਰਵਾਏ।	
ਤੁਰਕੈਂ ਗਹਾਇ[1] ਇਨਾਮ ਲਹਾਏ[2] ॥੫੬॥	[1]ਪਕੜਾ ਕੇ। [2]ਲਏ ਸਨ।
ਇਸ ਹਿਤ ਲੂਟ ਕੂਟ ਤਿਸ ਤਾਂਈਂ।	
ਦਈ ਸਜ਼ਾ ਕਿਰਦਾਰ ਮਹਾਂਈ[1]।	[1]ਕਰਮਾਂ ਅਨੁਸਾਰ ਬਹੁਤੀ।
ਕਰਮੇ ਛੀਨੇ ਕਾ ਘਰ ਲੂਟਾ।	
ਮਾਰਿ ਪੁਟਜੋ ਵਹਿ ਕੰਟਕ ਬੂਟਾ[1] ॥੫੭॥	[1]ਕੰਡਿਆਂ ਵਾਲਾ ਬੂਟਾ ਭਾਵ ਦੁਖਦਾਈ।
ਘਣੀਆਂ ਪਿੰਡ ਤੈਸ ਹੂੰ ਮਾਰਾ।	
ਰਾਮੇ ਰੰਧਾਵੇ ਕੌ ਗਾਰਾ[1]।	[1]ਗਾਲਿਆ ਭਾਵ ਮਾਰਿਆ।
ਡਫਰ ਵਾਲੀਆ ਖੱਤ੍ਰੀ ਲਾਲੂ[1]।	[1]ਨਾਮ।
ਮਾਰਜੋ ਲੂਟਜੋ ਤੈਸ ਬਿਸਾਲੂ ॥੫੮॥	
ਕਲਾਨੌਰੀਏ ਰਤਨ ਮਲ੍ਹੌਤ੍ਰੇ[1]।	[1]ਮਲਹੋਤ੍ਰੇ ਗੋਤ ਦਾ।
ਸਿਖ ਮਰਵਾਏ ਬਹੁ ਤਿਨ ਔਤ੍ਰੇ[1]।	[1]ਉਲਾਦ ਹੀਨ ਨੇ।
ਹੁਤੇ ਚੌਧਰੀ ਜੇ ਇਤਜਾਦੈਂ[1]।	[1]ਇਸ ਤੋਂ ਇਲਾਵਾ ਹੋਰ ਵੀ।

ਸਿੰਘਨ ਸੋਂ ਰਖਤੇ ਬਡ ਬਾਦੈਂ[1] ॥੫੯॥ — [1]ਝਗੜਾ।
ਮੁਖਬਰ ਮੂਢ ਮੁਖਬਰੀ ਕੈ ਕੈ[1]। — [1]ਮੂਰਖ ਚੁਗ਼ਲ ਚੁਗ਼ਲੀ ਕਰਕੇ।
ਸਿੰਘਨ ਕੋ ਤੁਰਕੈਂ ਪਕਰੈ ਕੈ।
ਲੇਤ ਇਨਾਮ ਜੁ ਰਹੇ ਬਧੇਰੇ।
ਤਿਨ ਕੇ ਕਰਮਨ ਸਿੰਘ ਪਰੇਰੇ ॥੬੦॥
ਜਥਾ ਜੋਗ ਪ੍ਰਭ ਸਜਾ ਦਿਲਾਈ।
ਸਿੰਘਨ ਕੇ ਕਰ ਤੈ ਤਿਨ ਤਾਂਈ ॥੬੧॥

ਦੋਹਰਾ:

ਰੋਸ ਕੋਪ ਕੀ[1] ਅਗਨਿ ਇਮ, — [1]ਗੁੱਸੇ ਤੇ ਕ੍ਰੋਧ ਦੀ।
ਉਭੈ ਸ਼ਹੀਦ ਨਿਵਾਰਿ।
ਸਜਾਲਕੋਟ ਮੈਂ ਥਿਰੇ ਪੁਨ,
ਧਰਮ ਸੁਜਸ ਬਿਸਤਾਰਿ ॥੬੨॥

ਨਰਾਜ ਛੰਦ:

ਸੁਨੈਂਹੁ ਸਾਖਿ ਤੀਸਰੀ
ਤਿਨੈਹੁਂ ਔਰ ਬੇਸ[1] ਹੈ। — [1]ਸ੍ਰੇਸ਼ਟ, ਚੰਗੀ।
ਅਠਾਰ ਸੌ ਦੁਬਿੰਸਤੈਂ[1] — [1]ਸੰਮਤ ੧੮੨੨ ਬਿ: ਨੂੰ।
ਅਯੋ ਜੁ ਕਾਬਲੇਸ[1] ਹੈ। — [1]ਕਾਬਲ ਦਾ ਬਾਦਸ਼ਾਹ।
ਸੁਦਾਰ ਸਿੰਘ ਜੇ ਤਬੈ, ਹੁਤੇ ਸੁ ਏਸ ਦੇਸ ਮੈਂ।
ਗਏ ਸੁ ਭੱਜ ਤੱਜ ਧਾਮ[1] ਔਰ ਠੌਰ ਵੇਸ ਮੈਂ[2] ॥੬੩॥ — [1]ਘਰ ਛੱਡ ਕੇ। [2]ਹੋਰ ਚੰਗੀ ਜਗ੍ਹਾ ਵਿੱਚ।
ਪਰੀ ਸੁ ਹਾਲ-ਚਾਲ[1] ਦੇਸ ਮਾਂਹਿ ਭੂਰ[2] ਭਾਜੜੈਂ। — [1]ਹਲਚਲੀ। [2]ਬਹੁਤੀਆਂ।
ਦਏ ਅਪਾਰ ਦੂਖ ਥੇ ਦੁਰਾਨਿਨੈਂ ਮਹਾਂ ਜੜ੍ਹੈਂ[1]। — [1]ਬਹੁਤੇ ਮੂਰਖ ਦੁਰਾਨੀਆਂ ਨੇ।
ਸਿਪੈ-ਸਲਾਰ[1] ਤਾਂਹਿ ਕਾ ਜੁਝਾਰ ਸੈਨ ਲੈ ਘਨੀ[2]। — [1]ਸੈਨਾਪਤੀ। [2]ਬਹੁਤੀ ਲੜਾਕੀ ਫੌਜ ਲੈ ਕੇ।
ਫਿਰਜੋ ਸਿੰਘਾਨ ਕੈ ਪਿਛੇ, ਲੁਟੇ ਕਿਤਾਨ ਹੈਂ ਗਨੀ[1] ॥੬੪॥ — [1]ਕਿਤਨੇ ਹੀ ਭਾਵ ਬਹੁਤੇ ਧਨੀ।
ਸੁਨਜੋ ਸਜਾਲਕੋਟ ਮੈਂ ਅਪਾਰ ਸਿੰਘ ਹੈਂ ਲੁਕੇ।
ਅਯੋ ਸੁ ਜੋਰ ਦੇ ਇਤੈਂ[1], ਤਿਤੈਂਹ[2] ਸਿੰਘ ਭੀ ਝੁਕੇ। — [1]ਇਸ ਪਾਸੇ ਵੱਲ। [2]ਉਧਰੋਂ, ਉਸ ਪਾਸਿਉਂ।
ਕੁੱਲੂ ਸੁ ਨਾਮ ਗਾਮ, ਸਾਤ ਕੋਸ ਸਜਾਲਕੋਟ ਤੈ।
ਅਹੇ ਝਨਾਉ ਤੀਰ ਪੈ[1], ਲਰੇ ਤਹਾਂ ਅਟੋਟ ਤੈ[2] ॥੬੫॥ — [1]ਕਿਨਾਰੇ ਉੱਤੇ। [2]ਲਗਾਤਾਰ, ਇਕਰਸ।

ਮਚਜੋ ਮਹਾਨ ਭਜਾਨਕੈਂ ਅਭੰਗ ਜੰਗ ਦੋ ਦਿਸੈਂ[1]।	[1]ਦੋਹਾਂ ਪਾਸਿਆਂ ਤੋਂ।
ਉਮੰਗ ਸੰਗ ਢੰਗ ਚੰਗ ਸੈਂ, ਲਰੰਤ ਸੋ ਰਿਸੈਂ[1]।	[1]ਉਹ ਗੁੱਸੇ ਨਾਲ।
ਚਲੰਤ ਚੱਕ੍ਰ ਬੱਕ੍ਰੈਂ ਫਿਰੰਤ ਗੀਧ ਮਾਲ ਸੀ[1]।	[1]ਟੇਢੇ ਚੱਕ੍ਰ ਚਲਦੇ ਹੋਏ ਗਿਰਝਾਂ ਦੀ ਡਾਰ ਵਾਂਗ ਫਿਰਦੇ ਹਨ।
ਲਸੰਤ[1] ਤੇਗ ਸੈਹਥੀ[2] ਦਿਸੰਤ ਜੀਭ ਕਾਲ ਸੀ ॥੬੬॥	[1]ਚਮਕਦੀ ਹੈ। [2]ਬਰਛੀ।
ਬਿਲੱਛ ਅੱਛ ਸਾਯਕਾ, ਸਪੱਛ ਸਾਂਪ ਸੇ ਫਿਰੈਂ[1]।	[1]ਵਿਲੱਖਣ ਤੇ ਚੰਗੇ ਤੀਰ ਖੰਭਾਂ ਵਾਲੇ ਸੱਪਾਂ ਵਾਂਗ ਫਿਰਦੇ ਹਨ।
ਫੁਕੰਤ[1] ਆਸਮਾਨ ਮੈਂ, ਛੁਹਿੰਤ ਪ੍ਰਾਨ ਕੋ ਹਿਰੈਂ[2]।	[1]ਫੁੰਕਾਰੇ ਮਾਰਦੇ। [2]ਨਾਸ਼ ਕਰ ਦੇਂਦੇ ਹਨ।
ਚਲੰਤ ਲੋਹ ਦੰਡ ਚੰਡ ਦੰਡ-ਧਾਰਿ ਤੈਂ ਖਰੈਂ[1]।	[1](ਚੰਡ) ਤਿੱਖੇ ਲੋਹੇ ਦੇ ਡੰਡੇ ਚਲਦੇ ਹਨ (ਜਿਹੜੇ) ਜਮਾਂ (ਦੇ ਡੰਡਿਆਂ) ਤੋਂ ਵੀ ਚੰਗੇ ਹਨ।
ਤਰੱਜ ਗੱਜ ਤੱਜ ਕੈ, ਗੁਰੱਜ ਚੂਰਨੈ ਕਰੈਂ[1] ॥੬੭॥	[1]ਤਾੜ ਕੇ ਤੇ ਗੱਜ ਕੇ ਗੁਰਜਾਂ (ਤੱਜ ਕੈ) ਮਾਰ ਕੇ ਚੂਰਨ ਕਰ ਦੇਂਦੇ ਹਨ।
ਕਹੂੰ ਛੁਟੰਤ ਸੈਹਥੀ ਲਸੰਤ ਅੰਤ ਮੌਤ ਸੀ[1]।	[1]ਕਿਤੇ ਬਰਛੀ (ਛੁਟੰਤ) ਚਲਦੀ ਹੈ, ਅੰਤ (ਕਰਨ ਵਾਲੀ) ਮੌਤ ਵਾਂਗ ਚਮਕਦੀ ਹੈ।
ਛਿਦੰਤ ਤ੍ਰਾਣ ਪ੍ਰਾਣ ਕੋ, ਲਹੰਤ ਡੈਣ ਔਤ ਸੀ[1]।	[1](ਤ੍ਰਾਣ) ਸੰਜੋਆਂ ਤੇ ਪ੍ਰਾਣਾਂ ਨੂੰ ਕੱਟ ਦੇਂਦੀ ਹੈ (ਇਹ) ਔਤਰੀ ਡੈਣ ਵਰਗੀ (ਲਹੰਤ) ਦਿਸਦੀ ਹੈ।
ਬਹੰਤ ਤੇਗ ਬੇਗ ਸੈਂ, ਛਕੰਤ ਆਂਤ ਰੁੱਕੜੇ[1]।	[1](ਬੇਗ) ਜ਼ੋਰ ਨਾਲ ਤਲਵਾਰ ਚੱਲਦੀ ਹੈ (ਉਹ) ਆਂਦਰਾਂ ਤੇ (ਰੁਕੜੇ) ਗੁਰਦਿਆਂ ਨੂੰ ਖਾਂਦੀ ਹੈ।
ਕਟੰਤ ਟੋਪ ਮੁੰਡ ਦੇਹ, ਜੀਨ ਅੱਸ੍ਵ ਉੱਕੜੇ[1] ॥੬੮॥	[1]ਟੋਪ, ਸਿਰ ਤੇ ਦੇਹ ਨੂੰ ਕੱਟਦੀ ਹੈ, ਘੋੜੇ ਦੀ ਕਾਠੀ ਤੋਂ ਓਕੜ ਕੇ ਭਾਵ ਅੱਗੇ ਨੂੰ ਝੁਕ ਕੇ।
ਸੁਟੰਤ ਖੰਡ ਖੰਡ ਕੈ, ਦੁਫਾਰ ਆਰਿ ਤਾਰ ਜਸੋਂ[1]।	[1](ਆਰਿ) ਆਰੀ ਤੇ ਤਾਰ ਵਾਂਗ ਦੋ ਫਾੜ ਕਰ ਕੇ ਤੇ (ਖੰਡ ਖੰਡ) ਟੁਕੜੇ ਟੁਕੜੇ ਕਰ ਕੇ ਸੁੱਟੀ ਜਾਂਦੀ ਹੈ।
ਬਢੰਤ ਬਾਢ ਕਾਨਨੈ ਤਖਾਨਨੈ ਅਪਾਰ ਜਸੋਂ[1]।	[1]ਜਿਵੇਂ ਬਹੁਤੇ ਤਰਖਾਣ (ਆਪਣੇ ਹਥਿਆਰਾਂ ਦੀ) (ਬਾਢ) ਤਿੱਖੀ ਧਾਰ ਨਾਲ (ਕਾਨਨੈ) ਜੰਗਲ ਨੂੰ ਵੱਢਦੇ ਹਨ।
ਨਰੀਛਨੰ ਸੁ ਤੀਛਨੰ ਕਿ ਭੀਛਨੰ ਬਿਅੰਤ ਹੈਂ[1]।	[1](ਨਰੀਛਨੰ) ਦੇਖਣ ਨੂੰ (ਤੀਰ) ਤਿੱਖੇ ਤੇ ਬਹੁਤ ਭਿਆਨਕ ਹਨ।
ਉਡੰਤ ਕਾਲ ਬਜਾਲ ਸੇ ਫਿਰੰਤ ਤੇ ਸ਼ੁਕੰਤ ਹੈਂ[1] ॥੬੯॥	[1]ਕਾਲੇ ਸੱਪਾਂ ਵਰਗੇ ਉਡਦੇ ਸ਼ੁਕਦੇ ਫਿਰਦੇ ਹਨ।
ਲਗੰਤ ਜਾਂਹਿ, ਤਾਂਹਿ ਕੇ ਪ੍ਰਾਨ ਝੱਟ ਚੱਟ ਹੈਂ[1]।	[1]ਛੇਤੀ ਖ਼ਤਮ ਕਰ ਦੇਂਦੇ ਹਨ।
ਦੁਸਾਰ ਪਾਰ ਹੋਇ ਕੈ, ਗਿਰਾਤ ਚੱਟ-ਪੱਟ ਹੈਂ[1]।	[1]ਦੂਜੇ ਪਾਸੇ ਪਾਰ ਲੰਘ ਕੇ ਛੇਤੀ ਡੇਗ ਦੇਂਦੇ ਹਨ।
ਤੜਾਕ ਤੱਕਿ ਤੁੱਪਕੈਂ ਤਮੱਕ ਤੇਜ ਛੱਡ ਹੀਂ[1]।	[1](ਵੈਰੀ ਵੱਲ) ਤੱਕ ਕੇ (ਤਮੱਕ) ਗ਼ੁੱਸੇ ਤੇ (ਤੇਜ) ਜ਼ੋਰ ਨਾਲ (ਤੁਪਕੈਂ) ਬੰਦੂਕਾਂ ਨੂੰ ਜਦੋਂ ਛੱਡਦੇ ਹਨ ਤਾਂ ਤੜ-ਤੜ ਸ਼ਬਦ ਹੁੰਦਾ ਹੈ।
ਭੜਾਕ ਭੰਨ ਢਾਲ ਤ੍ਰਾਣ ਦੇਹ ਪਾਰ ਕੱਢ ਹੀਂ[1]	[1]ਭੜੱਕ ਸ਼ਬਦ ਨਾਲ ਢਾਲ ਨੂੰ ਭੰਨ ਕੇ (ਤ੍ਰਾਣ) ਸੰਜੋਅ ਤੇ ਦੇਹ

॥ ੭੦ ॥

ਤੋਂ ਪਾਰ ਕੱਢ ਦੇਂਦੇ ਹਨ।

ਲੁਠਾਇ ਔਨਿ ਤੌਨ ਕੋ, ਫਿਰਾਇ ਫੇਰ ਪੂਰਤੈਂ[1]।

[1]ਤਿਨ੍ਹਾਂ ਨੂੰ (ਔਨਿ) ਧਰਤੀ ਤੇ (ਲੁਠਾਇ) ਲਟਾ ਕੇ ਫੇਰ (ਫਿਰਾਇ) ਮੁੜ ਕੇ (ਬੰਦੂਕਾਂ ਨੂੰ) (ਪੂਰਤੈਂ) ਭਰ ਲੈਂਦੇ ਹਨ।

ਝੜਾਇ ਬਾੜ ਸ਼ੀਘਰੈਂ, ਗਿੜਾਇ ਦੇਤ ਦੂਰ ਤੈਂ[1]।

[1]ਛੇਤੀ (ਬਾੜ) ਬੰਦੂਕਾਂ ਦਾ ਇਕੱਠਾ ਵਾਰ (ਝੜਾਇ) ਝਾੜ ਕੇ ਭਾਵ ਚਲਾ ਕੇ ਦੂਰ ਤੋਂ ਹੀ (ਗਿੜਾਇ ਦੇਤ) ਡੇਗ ਦੇਂਦੇ ਹਨ।

ਸ਼ਹੀਦ ਦਜਾਲ ਸਿੰਘ ਜੂ, ਨੱਥਾ-ਮ੍ਰਿਗੇਸ਼ ਸੂਰਮੇਂ।

ਮਲੇਛ ਭੇਛ ਬ੍ਰਿੰਦ ਕੋ, ਮਿਲਾਤ ਜਾਤ ਧੂਰ ਮੇਂ[1] ॥ ੭੧ ॥

[1](ਮਲੇਛ) ਤੁਰਕਾਂ ਦੇ ਭੇਸ ਵਾਲੇ ਸਾਰਿਆਂ ਨੂੰ ਧੂੜ 'ਚ ਮਿਲਾਂਦੇ ਜਾਂਦੇ ਹਨ।

ਪਰੰਤ ਜੱਤ੍ਰ ਧਾਇ ਬੀਰ, ਛੀਰ ਭੀਰ ਤੈ ਕਰੈਂ[1]।

[1]ਜਿਸ ਪਾਸੇ ਸੂਰਮੇਂ ਜਾ ਕੇ (ਪਰੰਤ) ਪੈਂਦੇ ਹਨ ਭੀੜ ਤੋਂ (ਛੀਰ) ਛੀੜ (ਭਾਵ) ਵਿਹਲ ਕਰ ਦੇਂਦੇ ਹਨ।

ਝਪੱਟ ਕੈ ਲਪੱਟ ਕੈ, ਦਪੱਟ ਕੱਟ ਹੀ ਧਰੈਂ[1]।

[1](ਝਪੱਟ ਕੈ) ਹੱਲਾ ਕਰ ਕੇ (ਲਪੱਟ ਕੈ) ਉੱਛਲ ਕੇ ਤੇ (ਦਪੱਟ) ਦੌੜ ਕੇ ਕੱਟ ਕੇ ਹੀਰਖ ਦੇਂਦੇ ਹਨ।

ਮਹਾਨ ਪੌਨ-ਪੂਤ ਅੰਗਦੰ ਸਮਾਨ ਘੇ ਲਰੈਂ[1]।

[1]ਇਹ ਮਹਾਨ (ਜੋਧੇ) (ਪੌਨ-ਪੂਤ) ਹਨੂਮਾਨ ਤੇ ਅੰਗਦ ਵਾਂਗ ਲੜਦੇ ਹਨ।

ਬਸਾਇ ਬਾਨ ਮੇਂਹ ਜਜੋਂ, ਤੁਕਾਨਿ ਪ੍ਰਾਨ ਕੋ ਹਰੈਂ[1] ॥ ੭੨ ॥

[1]ਮੀਂਹ ਵਾਂਗ ਤੀਰ ਵਰ੍ਹਾ ਕੇ ਤੁਰਕਾਂ ਦੇ ਪ੍ਰਾਣ ਨਾਸ਼ ਕਰਦੇ ਹਨ।

ਭਗਤ ਸਿੰਘ, ਜੀਤ ਧਜਾਨ ਸਿੰਘ, ਮਾਨ[1] ਕੇਹਰੈਂ।

[1](ਸਿੰਘ)।

ਚੜੱਤ ਸਿੰਘ ਕੌਰ ਭਾਗ ਸਿੰਘ, ਬੀਰ ਮੋਹਰੈਂ।

ਸੁਜਾਨ ਸਿੰਘ, ਗੁੱਜਰੰ-ਮ੍ਰਿਗੇਸ ਲੌ ਬਿਸੇਸ ਥੇ[1]।

[1]ਗੁੱਜਰ ਸਿੰਘ ਤੱਕ ਬਹੁਤ ਸਨ।

ਭਿਰੰਤ ਮਾਰ ਮਾਰ ਕੈ, ਸ੍ਰਦਾਰ ਘੇ ਅਸੇਸ ਥੇ[1] ॥ ੭੩ ॥

[1](ਇਹ ਜਿਹੜੇ) (ਅਸੇਸ) ਸਾਰੇ ਸਰਦਾਰ ਸਨ, ਮਾਰ ਲੌ ਮਾਰ ਲੌ ਕਰ ਕੇ ਭਿੜਦੇ ਭਾਵ ਲੜਦੇ ਹਨ।

ਲਰੰਤ ਭੱਜ ਭੱਜ ਕੈ, ਅਗਾਂਹਿ ਬੱਢ ਬੱਢ ਕੈ[1]।

[1]ਅੱਗੇ ਵੱਧ ਵਧ ਕੇ।

ਧਰੰਮ ਜੰਗ ਜਾਨ ਕੈ, ਅਤਜੰਤ ਪੈਰ ਗੱਡ ਕੈ।

ਉਤੈ ਬਿਹੱਦ ਕੱਦ ਕੇ[1], ਪਠਾਨ ਥੇ ਮਿਨਾਰਿ ਸੇ[2]।

[1]ਵੱਡੇ ਕੱਦਾਂ ਵਾਲੇ। [2]ਬੁਰਜਾਂ ਵਰਗੇ ਸਨ।

ਪਲੇ ਸੁ ਮਾਸ ਮੇਵਿਐਂ, ਸਜੋਰ ਅੰਗਿ-ਭਾਰਿ ਸੇ[1] ॥ ੭੪ ॥

[1]ਮਾਸ ਤੇ ਮੇਵਿਆਂ ਨਾਲ ਪਲੇ ਹੋਏ ਜ਼ੋਰਾਵਰ ਭਾਰੇ ਅੰਗਾਂ ਵਾਲੇ ਸਨ।

ਛਕੰਤ ਏਕ ਏਕ ਨੀਤ ਹੂੰ ਸਬੂਤ[1] ਬੱਕਰੇ।

[1]ਸਾਬਤ, ਪੂਰੇ।

ਬਿਬਾਕ ਬੀਰ ਪ੍ਰਬਲੈਂ, ਲੜਾਕ ਐਨ ਅੱਕਰੇ[1]।

[1](ਬਿਬਾਕ) ਨਿੱਡਰ ਤੇ (ਪ੍ਰਬਲ) ਜ਼ੋਰਾਵਰ ਸੂਰਮੇਂ, ਜੋ (ਐਨ) ਚੰਗੇ ਲੜਾਕੇ ਤੇ (ਅੱਕਰੇ) ਆਕੜ ਵਾਲੇ ਸਨ।

ਇਤੈ ਭਿ ਸਿੰਘ ਸੂਰਬੀਰ, ਧੀਰ-ਗੀਰ ਨਾਦਰੈਂ[1]।

[1]ਏਧਰ ਵੀ ਸਿੰਘ (ਧੀਰ-ਗੀਰ) ਧੀਰਜ ਧਾਰੀ (ਨਾਦਰੈਂ) ਅਸਚਰਜ (ਬੀਰ) ਬਹਾਦਰ ਸੂਰਮੇਂ ਸਨ।

ਬਿਪੱਤਿ ਅਤਿ ਮੈਂ ਪਲੇ, ਪਿਖੋ ਗਰੰਥ ਸਾਦਰੈਂ[1]

[1]ਬਹੁਤੀ ਬਿਪਤਾ ਵਿੱਚ ਪਲੇ ਹੋਏ ਸਨ (ਇਹ ਗੱਲ) ਗ੍ਰੰਥਾਂ ਵਿੱਚ ਸਤਿਕਾਰ ਨਾਲ ਦੇਖੋ।

॥ ੭੫ ॥

ਤਥਾਪਿ ਜੰਗ ਸਿੰਧੁ ਕੇ, ਸੁ ਮੱਛੁ ਥੇ ਬਹਾਦਰੈਂ[1]।	[1]ਤਾਂ ਭੀ ਜੰਗ ਰੂਪ ਸਮੁੰਦਰ ਦੇ ਚੰਗੇ ਬਹਾਦਰ ਮੱਛ ਸਨ।
ਨ ਔਰ ਕੋਇ ਮੱਦਤੈਂ ਗੁਰੂ ਸਿਵਾਇ ਕਾਦਰੈਂ[1]।	[1]ਗੁਰੂ ਤੇ (ਕਾਦਰੈਂ) ਵਾਹਿਗੁਰੂ ਤੋਂ (ਸਿਵਾਇ) ਬਿਨਾਂ ਹੋਰ ਕੋਈ ਮਦਦਗਾਰ ਨਹੀਂ ਸੀ।
ਬਚੇ ਭਿ ਯਾਂਹਿ ਹੇਤ ਤੈ ਤੁਰਕਾਨਿ ਬਾਦਸ਼ਾਹਿ ਤੇ[1]।	[1]ਤੁਰਕਾਂ ਦੇ ਬਾਦਸ਼ਾਹਾਂ ਤੋਂ ਇਸੇ ਕਾਰਨ ਕਰ ਕੇ ਬਚ ਗਏ।
ਨਹੀਂ ਤੁ ਕਜਾ ਮਜਾਲ ਥੀ ਪਹਾੜ ਐਸ ਢਾਹਿ ਤੇ[1] ॥ ੭੬ ॥	[1]ਨਹੀਂ ਤਾਂ (ਸਿੰਘਾਂ ਦੀ) ਕੀ (ਮਜਾਲ) ਸ਼ਕਤੀ ਸੀ (ਕਿ ਤੁਰਕਾਂ ਦੇ ਬਾਦਸ਼ਾਹਾਂ ਵੱਲੋਂ ਬਿਪਤਾ ਦੇ) ਏਡੇ ਵੱਡੇ ਪਹਾੜ ਸੁੱਟਣ ਦੇ (ਬਾਵਜੂਦ ਵੀ ਸਿੰਘ ਬਚ ਰਹੇ)।
ਜਿਨੈ ਹਰਾਮ ਹ੍ਵੈ ਰਹੇ, ਅਰਾਮ ਦੇਹ ਕੇ ਜਿਤੇ[1]।	[1]ਜਿਨ੍ਹਾਂ (ਸਿੰਘਾਂ) ਦੇ ਸਰੀਰ ਦੇ (ਜਿਤੇ) ਸਾਰੇ ਅਰਾਮ ਹਰਾਮ ਹੋ ਰਹੇ ਸਨ।
ਨਿਸਾ ਦਿਵੱਸ ਜੰਗਲੈਂ, ਉਦੰਗਲੈਂ ਮਧੈਂ ਬਿਤੇ[1]।	[1](ਉਦੰਗਲ) ਸੰਘਣੇ ਜੰਗਲਾਂ ਵਿੱਚ ਗੁਜ਼ਰੇ।
ਪਰੰਤੁ ਜੰਗ ਸਾਧਨੰ ਕਮਾਲ ਜੋਰਖੱਤ ਥੇ[1]।	[1]ਪ੍ਰੰਤੂ ਜੋ (ਸਿੰਘ) ਜੰਗ ਦੇ (ਸਾਧਨ) ਢੰਗ (ਕਮਾਲ) ਪੂਰੇ ਭਾਵ ਬਹੁਤ ਚੰਗੇਰੱਖਦੇ ਸਨ।
ਇਸੀ ਪ੍ਰਤਾਪ ਸੈਂ ਸੁ ਪਾਂਚ ਬੀਸ ਸੈਂ ਲਰੰਤ ਥੇ ॥ ੭੭ ॥	
ਮਰੰਨ ਮਾਰਨੋਂ ਸੁ ਸਿੰਘ ਨ ਟਰੰਤ ਥੇ ਕਬੀ।	
ਮੁਹੰਮਦੀ[1] ਬਚਾਇ ਜਾਨ ਕੋ, ਨਰੰਤ ਥੇ ਸਭੀ।	[1]ਤੁਰਕ।
ਇਸੀ ਸਬੱਬ[1], ਦੋਇ ਬਾਦਸ਼ਾਹੀਆਂ ਤੁਰਕਾਨ ਕੀ।	[1]ਕਾਰਨ ਕਰਕੇ।
ਦਿਲੇਸ ਕਾਬਲੇਸ ਕੀ ਸਿੰਘੈਂ ਬਿਸੇਸ ਹਾਨ ਕੀ[1] ॥ ੭੮ ॥	[1]ਦਿੱਲੀ ਤੇ ਕਾਬਲ ਦੇ ਬਾਦਸ਼ਾਹਾਂ ਦੀਆਂ (ਦੋਨੋਂ ਬਾਦਸ਼ਾਹੀਆਂ) ਸਿੰਘਾਂ ਨੇ ਬਹੁਤੀਆਂ ਨਾਸ਼ ਕਰ ਦਿੱਤੀਆਂ।
ਭਵੰਤ ਈਸ ਮੱਦਤੈਂ ਕਰੰਤ ਜੋਇ ਹਿੰਮਤੈਂ[1]।	[1]ਜਿਹੜੇ ਆਪ ਹਿੰਮਤ ਕਰਦੇ ਹਨ ਈਸ਼ਰ ਉਹਨਾਂ ਦੀ ਮਦਦ ਕਰਦਾ ਹੈ।
ਲਹੰਤ ਵਾਹਿ ਬਾਂਛਤੈਂ, ਪਰੰਤ ਯਾਹਿ ਕਿੰਮਤੈਂ[1]।	[1]ਉਹੋ ਹੀ ਮਨ-ਇੱਛਤ ਫਲ ਪਾਉਂਦੇ ਹਨ ਇਸੇ ਕਰ ਕੇ ਹੀ (ਉਹਨਾਂ ਦੀਆਂ) ਕੀਮਤਾਂ ਪੈਂਦੀਆਂ ਹਨ।
ਸੁਨੋ ਹਵਾਲ ਚੰਗਰੰਗ ਭੂਮਿ ਕੇਰ[1] ਹੂੰ ਅਬੈ।	[1](ਰੰਗ ਭੂਮਿ) ਜੰਗ ਦੀ ਧਰਤੀ ਦਾ ਚੰਗਾ ਹਾਲ।
ਅਘੱਟ ਜੰਗ ਠੱਟ ਜੋਰਹੇ ਸੁ ਭੱਟ ਥੇ ਸਭੈ[1] ॥ ੭੯ ॥	[1]ਸਾਰੇ ਸੂਰਮੇਂ ਜਿਹੜਾ ਜੰਗ (ਅਘੱਟ) ਲਗਾਤਾਰ (ਠੱਟ) ਕਰ ਰਹੇ ਸਨ।
ਰਸਾਲ-ਦਾਰ[1] ਕੋਪ ਕੈ ਬਹਾਰ ਖਾਂ ਗਰੱਜਯੋ।	[1]ਘੋੜ ਚੜ੍ਹੀ ਫੌਜ ਦਾ ਸੈਨਾਪਤੀ।
ਮਿਦਾਨ ਮੈਂ ਨਿਕੱਸ ਕੈ ਸਿੰਘਾਨ ਕੋ ਤਰੱਜਯੋ[1]।	[1]ਤਾੜਿਆ।
ਸੁਜਾਨ ਸਿੰਘ ਤਾਨ ਕੈ ਕਮਾਨ ਆਨਿ ਜੁੱਟਯੋ।	
ਬਸਾਇ ਬਾਨ ਮੇਂਹ ਜਯੋਂ, ਕਿਕਾਨ ਹਾਨ ਸੁੱਟਯੋ[1] ॥ ੮੦ ॥	[1]ਘੋੜਾ ਮਾਰ ਸੁੱਟਿਆ।

ਕਰੁੱਧ ਕੈ ਬਿਰੁੱਧ ਖਾਨ, ਆਨਿ ਸੂਰ ਜਜੋਂ ਪਰਜੋ[1]।

[1]ਗੁੱਸੇ ਨਾਲ (ਕੈ ਬਿਰੁਧ) ਉਲਟ ਕੇ ਬਾਹਰ ਖ਼ਾਨ, ਸੂਰ ਵਾਂਗ ਆ ਕੇ ਪਿਆ।

ਲਪੱਟ ਝੱਟ-ਪੱਟ, ਅੱਸੂ ਕੱਟਿ ਸਿੰਘ ਸੈਂ ਅਰਜੋ[1]।

[1]ਛੇਤੀ (ਲਪੱਟ) ਉਛਲ ਕੇ ਘੋੜਾ ਕੱਟ ਕੇ ਸਿੰਘ ਨਾਲ ਆ ਅੜਿਆ।

ਕ੍ਰਿਪਾਨ ਢਾਲ ਪਾਨ[1] ਲੈ, ਮਹਾਨ ਜੁਾਨ ਦ੍ਵੈ ਲਰੇ।

[1]ਹੱਥ ਵਿੱਚ।

ਗਿਰੇ ਸੁ ਟੂਕ ਟੂਕ ਹ੍ਵੈ, ਤਰੇ ਭਵਾਂਬੁਧੈਂ ਖਰੇ[1] ॥੮੧॥

[1](ਭਵਾਂਬੁਧੈ) ਸੰਸਾਰ ਸਮੁੰਦਰ ਨੂੰ (ਖਰੇ) ਚੰਗੀ ਤਰ੍ਹਾਂ ਤਰ ਗਏ।

ਇਸੀ ਪ੍ਰਕਾਰ ਜੀਤ ਸਿੰਘ, ਦੀਨਦਾਰ ਖਾਨ ਹੂੰ।

ਲਰੇ ਮਿਦਾਨ ਮੈਂ ਮਰੇ, ਬਰੇ ਪਰੀਨ ਜੁਾਨ ਹੂੰ[1]।

[1](ਦੋਹਾਂ) ਜਵਾਨਾਂ ਨੂੰ ਪਰੀਆਂ ਨੇ ਵਰ ਲਿਆ।

ਤਹਾਂਹਿ ਖਾਂ ਦਿਲਾਵਰੈਂ, ਦਿਲਾਵਰੈਂ ਥਵੈ ਅਤੀ[1]।

[1]ਤਦੋਂ ਦਿਲਾਵਰ ਖਾਂ ਨੇ ਬਹੁਤ (ਦਿਲਾਵਰ) ਬਹਾਦਰ ਹੋ ਕੇ।

ਹੁਤੋ ਹਜ਼ਾਰ ਦ੍ਵਾਦਸੈਂ, ਸਵਾਰ ਕੇਰ ਸੋ ਪਤੀ[1] ॥੮੨॥

[1]ਬਾਰਾਂ ਹਜ਼ਾਰ ਅਸਵਾਰ ਦਾ ਉਹ ਮਾਲਕ ਸੀ।

ਮਿਦਾਨ ਮੱਧ ਆਨਿ, ਮਾਨ ਸਿੰਘ ਸੰਗ ਸੋ ਜੁਟਜੋ।

ਤਕਾਇ ਦਾਇ ਪਾਇ, ਖਾਨ ਘਾਇ ਸਿੰਘ ਜੌ ਸੁਟਜੋ[1]।

[1]ਦਾਅ ਤਕਾਇਆ (ਤੇ ਮੌਕਾ) ਪਾ ਕੇ ਦਿਲਾਵਰ ਖ਼ਾਂ ਨੇ ਜਦੋਂ ਮਾਨ ਸਿੰਘ ਨੂੰ ਜ਼ਖ਼ਮੀ ਕਰ ਸੁੱਟਿਆ।

ਸ਼ਹੀਦ ਨੱਥੇ ਸਿੰਘ ਜੀ, ਨਿਹਾਰਿ ਕੋਪ ਠਾਨ ਕੈ।

ਦਯੋ ਨ ਜਾਨ ਖਾਨ ਕੋ, ਲਯੋ ਮਿਦਾਨ ਆਨ ਕੈ ॥੮੩॥

ਤੁਰੰਗ ਛੋੜਿ ਭੇੜ-ਭੱਟ ਠੱਟ, ਅੱਟ ਗੱਜ ਕੈ[1]।

[1]ਆਪਣਾ ਘੋੜਾ ਛੋੜ ਕੇ ਸੂਰਮਿਆਂ ਦਾ ਭੇੜ ਭਾਵ ਜੰਗ (ਠੱਟ) ਰਚ ਕੇ ਤੇ (ਅੱਟ) ਬਹੁਤਾ ਗੱਜ ਕੇ।

ਬਿਰੁੱਧ ਕ੍ਰੁੱਧ ਉੱਧ ਕੈ, ਬਿਸੁੱਧ ਜੁੱਧ ਸੱਜ ਕੈ[1]।

[1](ਬਿਰੁੱਧ) ਬਹੁਤਰੁਕ ਕੇ ਕ੍ਰੋਧ ਨਾਲ (ਉੱਧ ਕੈ) ਉੱਚਾ ਹੋ ਕੇ (ਬਿਸੁੱਧ) ਬਹੁਤ ਸਾਫ਼ ਜੰਗ ਸਜਾ ਕੇ।

ਨਰਾਂਚ ਪਾਂਚ ਤੱਜ ਕੈ, ਕਿਕਾਨ ਹਾਨ ਖਾਨ ਕੋ[1]।

[1]ਪੰਜ (ਨਰਾਂਚ) ਤੀਰ ਛੱਡ ਕੇ ਖ਼ਾਨ ਦਾ (ਕਿਕਾਨ) ਘੋੜਾ ਮਾਰ ਦਿੱਤਾ।

ਦਏ ਬਿਸੱਖ ਬੀਸ ਕੈ, ਭਿਦਜੋ ਸੁ ਢਾਲ ਤ੍ਰਾਨ ਕੋ[1] ॥੮੪॥

[1]ਵੀਹ ਕੁ (ਬਿਸੱਖ) ਤੀਰ (ਦਏ) ਮਾਰ ਕੇ ਢਾਲ ਤੇ (ਤ੍ਰਾਣ) ਸੰਜੋਅ ਨੂੰ ਵਿੰਨ੍ਹ ਦਿੱਤਾ।

ਤਬੈ ਸਰੋਸ[1] ਖਾਨ, ਜੋਸ਼ ਹੋਸ਼ ਹੂੰ ਸੰਭਾਰ ਕੈ।

[1]ਗੁੱਸੇ ਨਾਲ।

ਕੁਵੰਡ ਚੰਡ ਐਂਚਿ ਬਾਨ ਤੀਛਨੰ ਪ੍ਰਹਾਰ ਕੈ[1]।

[1](ਚੰਡ) ਤਿੱਖਾ (ਕੁਵੰਡ) ਧਨੁਸ਼ (ਐਚਿ) ਖਿੱਚ ਕੇ ਤਿੱਖੇ ਤੀਰ ਮਾਰ ਕੇ।

ਤੁਰੰਗ ਅੰਗ ਭੰਗ, ਕੀਨ ਸਿੰਘ ਕੋ ਬਿਹੋਸ਼ ਹੈ।

ਲਗਜੋ ਜੁ ਘਾਵ ਸਿੰਘ ਕੈ, ਜਗਜੋ ਅਤੀਵ ਰੋਸ[1] ਹੈ ॥੮੫॥

[1]ਬਹੁਤਾ ਗ਼ੁੱਸਾ।

ਕ੍ਰਿਪਾਨ ਜ੍ਵਾਨ ਖੈਂਚ ਕੈ, ਸਓਜ ਖਾਨ ਕੈ ਦਈ[1]।	[1](ਸਓਜ) ਬਲ ਨਾਲ ਖ਼ਾਨ ਦੇ ਮਾਰ ਦਿੱਤੀ।
ਸਟੋਪ ਮੁੰਡ ਕੱਟ ਕੈ, ਦੁਫਾਰਿ ਦੇਹ ਹੈ ਕਈ[1]।	[1]ਸਣੇ ਟੋਪ ਸਿਰ ਕੱਟ ਕੇ ਦੇਹ ਦੋ ਫਾੜ ਕਰ ਦਿੱਤੀ।
ਹੁਤੋ ਜੁ ਖਾਂ ਸਲਾਬਤੈਂ, ਨਜੀਕ ਸਿੰਘ ਪੈ ਅਯੋ।	
ਪ੍ਰਚਾਰ ਕੈ ਪ੍ਰਹਾਰਿ ਸਾਂਗ, ਘਾਵ ਜਾਂਘ ਪੈ ਕਯੋ[1] ॥ ੮੬ ॥	[1]ਵੰਗਾਰ ਕੇ ਬਰਛੀ ਮਾਰ ਕੇ (ਜਾਂਘ) ਲੱਤ 'ਤੇ ਜ਼ਖ਼ਮ ਕਰ ਦਿੱਤਾ।
ਸ਼ਹੀਦ ਦਜਾਲ ਸਿੰਘ ਜੂ, ਨਿਹਾਰਿ ਬੀਰਿ ਘਾਇਲੈਂ[1]।	[1]ਭਰਾ ਨੂੰ ਜ਼ਖ਼ਮੀ ਦੇਖ ਕੇ।
ਦੁਰਾਇ ਅੱਸ੍ਵ ਜਾਇ, ਸੱਤ੍ਰ ਕੀਨ ਤੱਤ੍ਰ ਜਾਇ ਲੈ[1]।	[1]ਘੋੜਾ ਦੁੜਾ ਕੇ ਜਾ ਕੇ ਵੈਰੀ ਨੂੰ (ਤੱਤ੍ਰ) ਉਸੇ ਜਗ੍ਹਾ ਵਿੱਚ (ਲੈ) ਨਾਸ਼ ਕਰ ਦਿੱਤਾ ਭਾਵ ਉੱਥੇ ਹੀ ਮਾਰ ਦਿੱਤਾ।
ਝੁਕੇ ਜੁ ਔਰ ਪਾਂਚ ਸਾਤ, ਤੇਗ ਬੇਗ ਬਾਹਿ ਕੈ।	
ਫੁਲੱਥ ਹੱਥ ਕੱਢਿ ਸਿੰਘ, ਵੱਢਿ ਮੱਥ ਤਾਂਹਿ ਕੈ[1] ॥ ੮੭ ॥	[1](ਫੁਲੱਥ) ਗਤਕੇ ਦੇ ਹੱਥ ਕੱਢ ਕੇ ਸਿੰਘ ਤਿਨ੍ਹਾਂ ਦੇ (ਮੱਥ) ਸਿਰ ਵੱਢ ਕੇ।
ਕਰੇ ਬਧੇਰ ਘਾਇਲੈਂ, ਸੁਟੇ ਨਿਬੇਰ ਕੇਤਿਕੈਂ[1]।	[1]ਬਹੁਤੇ ਜ਼ਖ਼ਮੀ ਕਰ ਦਿੱਤੇ (ਕੇਤਕੈਂ) ਕਿਤਨੇ ਹੀ ਭਾਵ ਬਹੁਤੇ ਮਾਰ ਦਿੱਤੇ।
ਬਚਾਇ ਆਪ ਕੇ ਤਈਂ, ਗਯੋ ਅਛੂਤ ਏਤ ਕੈ[1]।	[1]ਇਸ ਤਰ੍ਹਾਂ ਕਰ ਕੇ ਆਪ ਅਛੋਹ ਚਲਿਆ ਗਿਆ।
ਹਜ਼ਾਰ ਪਾਂਚ ਕੋ ਧਨੀ[1], ਮਕ੍ਰੱਬ ਖਾਂ ਸੂਦਾਰ ਹੈ।	[1]ਮਾਲਕ।
ਰਹਜੋ ਨਿਹਾਰਿ ਤੱਜਬੈਂ, ਸਗੱਜਬੈਂ ਅਪਾਰ ਹੈ[1] ॥ ੮੮ ॥	[1]ਦੇਖ ਕੇ (ਸਗੱਜਬੈਂ) ਕ੍ਰੋਧ ਸਹਿਤ ਬਹੁਤ ਹੈਰਾਨ ਹੋਇਆ।
ਝੁਕਾਇ ਫੀਲ ਅੱਗਰੈਂ, ਤਰੱਜ ਬੱਜ ਗੱਜ ਕੈ[1]।	[1]ਅੱਗੇ ਨੂੰ ਹਾਥੀ ਝੁਕਾਅ ਕੇ, ਤਾੜ ਕੇ ਤੇ ਗੱਜ ਵੱਜ ਕੇ।
ਕਹਜੋ ਸਦਾਇ ਸਿੰਘ ਤੂੰ, ਚਲਜੋ ਕਿਥਾਇਂ ਭੱਜ ਕੈ।	
ਸ਼ਹੀਦ ਨਾਮ, ਕੰਗਨਾ ਧਰਜੋ ਸੁ ਕਾਂਹਿ ਖਾਮ[1] ਹੈ।	[1]ਕੱਚਾ।
ਲਰੈਹੁ ਸੰਗ ਮੋਹਿ ਕੈ, ਤਜੈਹੁ ਸਿੰਘ ਨਾਮ ਹੈ ॥ ੮੯ ॥	
ਸੁਨੰਤ ਦਜਾਲ ਸਿੰਘ ਯੌਂ, ਤੁਰੰਤ ਰੁੱਦ੍ਰ ਹੂੰ ਥਯੋ[1]।	[1]ਛੇਤੀ ਬਹੁਤਾ ਕ੍ਰੋਧਵਾਨ ਹੋ ਗਿਆ। (ਰੁਦ੍ਰ-ਸ਼ਿਵ, ਤਮੋ-ਗੁਣ ਦਾ ਦੇਵਤਾ ਹੋਣ ਤੇ ਬਹੁਤ ਕ੍ਰੋਧਵਾਨ।)
ਤਪਜੋ ਸੁ ਲਾਲ ਲੋਹ ਜਜੋਂ, ਫਿਰਾਇ ਅੱਸ੍ਵ ਹੂੰ ਲਯੋ।	
ਗਰੱਜ ਨਾਰ ਸਿੰਘ ਸੋਂ[1], ਅਕਾਲ ਗਾਇ ਅੱਛ ਹੈ।	[1]ਨਰਸਿੰਘ ਵਾਂਗ ਗੱਜ ਕੇ।
ਪਰਜੋ ਸੁ ਖੀਜ ਬੀਜ ਜਜੋਂ, ਕਿ ਬੀਰ-ਭੱਦ੍ਰ ਅੱਛ ਹੈ[1] ॥ ੯੦ ॥	[1]ਖਿਝ ਕੇ ਬਿਜਲੀ ਵਾਂਗ ਪਿਆ ਜਾਂ (ਸਮਝੋ) ਬੀਰ ਭੱਦ੍ਰ ਹੈ ਜਾਂ (ਰਾਵਣ ਦਾ ਪੁੱਤਰ) ਅਕਸ਼ ਕੁਮਾਰ ਹੈ।

ਖੜੱਪੜੈਂ ਖੜੱਪੜੈਂ, ਕੜੱਕੜੈਂ ਕੜਾ ਕੜੈਂ[1]।	[1]ਇਹ ਘੋੜੇ ਦੇ ਚੱਲਣ ਸਮੇਂ ਟਾਪਾਂ ਦੀਆਂ ਅਵਾਜ਼ਾਂ ਹਨ।
ਉਠਾਇ ਬਾਗ ਅੱਸ੍ਵ ਕੋ ਕੁਦਾਇ ਕੈ ਸੜਾ ਸੜੈਂ[1]।	[1]ਝਟਾ-ਪੱਟ, ਬਹੁਤ ਛੇਤੀ।
ਝਮੱਕਣੀ ਨ ਅੱਖ ਦੀਨ ਆਯੁਧੈਂ ਸੰਭਾਰਨੈ[1]।	[1]ਨਾ ਅੱਖ ਝਮਕਣ ਦਿੱਤੀ ਤੇ ਨਾ ਸ਼ਸਤ੍ਰ ਸੰਭਾਲਣ ਦਿੱਤੇ।
ਉਭਾਰਿ ਤੇਗ ਬੇਗ ਸੈਂ ਸੰਭਾਰਿ ਓਜ ਭਾਰ ਨੈ[1] ॥ ੯੧ ॥	[1](ਬੇਗ) ਜ਼ੋਰ ਨਾਲ ਤਲਵਾਰ (ਉਭਾਰਿ) ਚੁੱਕ ਕੇ ਆਪਣੇ (ਓਜ) ਬਲ ਤੇ ਭਾਰ ਨੂੰ ਸੰਭਾਲ ਕੇ।
ਬਿਠਾਇਓ ਡਰਾਇ ਫੀਲ, ਪੀਲਵਾਨ ਕੱਟਯੋ[1]।	[1]ਡਰਾ ਕੇ ਹਾਥੀ ਬਿਠਾ ਲਿਆ ਤੇ ਹਾਥੀ ਚਲਾਉਣ ਵਾਲੇ ਨੂੰ ਕੱਟ ਦਿੱਤਾ।
ਧਰਾਇ ਸੁੰਬ ਫੀਲ ਮਾਥ, ਹਾਥ ਐਸ ਸੁੱਟਯੋ[1]।	[1]ਹਾਥੀ ਦੇ ਮੱਥੇ ਤੇ ਘੋੜੇ ਦਾ ਪੌੜ ਰਖਾ ਕੇ ਐਸਾ ਹੱਥ ਮਾਰਿਆ।
ਸਟੋਪ ਮੁੰਡ ਦੇਹ ਹੌਦ ਨਾਗ ਤੇਗ ਕੱਟ ਕੈ[1]।	[1]ਸਣੇ ਟੋਪ ਸਿਰ, ਦੇਹ, ਹੌਦਾ ਤੇ ਹਾਥੀ ਕੱਟ ਕੇ।
ਸਿਧੀ ਪਤਾਲ ਲੌ ਬਿੱਧੀ, ਗਿਧੀ ਸੁ ਕੋਲ ਝੱਟਕੈ[1] ॥ ੯੨ ॥	[1](ਤਲਵਾਰ) ਸਿੱਧੀ ਪਤਾਲ ਤੱਕ ਬਿੰਨ੍ਹਦੀ ਹੋਈ (ਪਹੁੰਚ ਗਈ ਜਿਹੜੀ) (ਕੋਲ) ਸੂਰ (ਵਰਾਹ) ਨੂੰ ਝਟਕਾਉਣ (ਗਿਧੀ) ਗਿੱਝੀ ਹੋਈ ਸੀ।
ਉਤਾਰਿ ਸੀਸ ਖਾਨ ਕੋ, ਜੁਵਾਨਿ[1] ਐਸ ਡਾਰਯੋ।	[1]ਜਵਾਨ ਦਿਆਲ ਸਿੰਘ ਨੇ।
ਕੱਦੂ ਮਹੀਰੁ ਬੇਲ ਤੈ ਕਰੂੰਜੜੇ ਉਤਾਰਯੋ[1]।	[1]ਜਿਵੇਂ (ਮਹੀਰੁ) ਦਰੱਖਤ (ਤੇ ਚੜ੍ਹੀ) ਵੇਲ ਤੋਂ (ਕਰੂੰਜੜੇ) ਸਬਜ਼ੀ ਵੇਚਣ ਵਾਲੇ ਨੇ ਕੱਦੂ ਲਾਹਿਆ ਹੁੰਦਾ ਹੈ।
ਕਟਾਰ ਪੇਸ਼-ਕੱਬਜੈਂ[1] ਸਤੇਗ ਖਾਨ ਡੱਬ ਤੈ[2]।	[1]ਕਰਦ ਦੇ ਅਕਾਰ ਦਾ ਇਕ ਸ਼ਸਤ੍ਰ ਜਿਸ ਦਾ ਕਬਜ਼ਾ ਪੇਟੀ ਵਿੱਚ ਸਾਹਮਣੇ ਹੋਵੇ। [2]ਸਣੇ ਤਲਵਾਰ ਦੇ ਖ਼ਾਨ ਦੇ (ਡੱਬ) ਥੈਲੇ 'ਚੋਂ।
ਨਿਕਾਰ ਸਿੰਘ ਲੈ ਅਯੋ, ਝਟੱਕ ਏਸ ਢੱਬ ਤੈ[1] ॥ ੯੩ ॥	[1]ਛੇਤੀ ਏਸ ਢੰਗ ਨਾਲ।
ਤੁਰੰਗ ਕੋ ਫਿਰਾਇ ਸਿੰਘ ਰੰਗ ਯੌਂ ਦਿਖਾਇ ਕੈ[1]।	[1]ਸਿੰਘ ਇਉਂ ਜੰਗ ਦਾ ਰੰਗ ਦਿਖਾ ਕੇ ਘੋੜੇ ਨੂੰ ਮੋੜ ਕੇ।
ਅਯੋ ਉਮੰਗ ਪੰਥ ਮੈਂ, ਫਤੇ ਸੁ ਚੰਗ ਪਾਇ ਕੈ।	
ਜਹਾਨ ਖਾਨ ਲੌ ਪਠਾਨ ਦੇਖਿ ਦੰਗ ਹ੍ਵੈ ਰਹੇ।	
ਸਹੀ ਸ਼ਹੀਦ ਸਿੰਘ ਯੇ, ਫਿਰੇਸ਼ਤਾ ਹੈਂ ਕੋ ਕਹੇ ॥ ੯੪ ॥	
ਅਜੱਬ ਢੱਬ ਤੱਜਬੈਂ ਸੁ ਗੱਜਬੈਂ ਕਰੈ ਗਯੋ[1]।	[1]ਅਨੋਖੇ ਢੰਗ ਨਾਲ ਹੈਰਾਨ ਤੇ (ਗੱਜਬੈਂ) ਅਸਚਰਜ ਕਰ ਗਿਆ।
ਸੁਨੀ ਨ ਪਿਖੀ ਐਸ ਜੋ, ਬਹਾਦਰੀ ਦਿਖੈ ਗਯੋ।	
ਤਬੈ ਜਹਾਨ ਖਾਨ ਨੈ, ਹੱਲਾ ਕਰਾਇ ਹੈ ਦਯੋ।	
ਅਲੀ ਸੁ ਅਲੀ ਯਅਲਾ ਅਕਾਲ ਬੋਲ ਛੈ ਗਯੋ[1] ॥ ੯੫ ॥	[1]ਇਸ ਤਰ੍ਹਾਂ ਦੇ ਬੋਲੇ (ਉਥੇ) ਫੈਲ ਗਏ।
ਜੰਜੈਲ[1] ਸੇਲ[2] ਸੈਹਥੀਂ[3], ਤੁਫੰਗ[11] ਤੇਗ ਤੀਰ ਹੂੰ।	[1]ਲੰਬੀਆਂ ਬੰਦੂਕਾਂ। [2]ਬਰਛੇ। [3]ਬਰਛੀਆਂ। [11]ਬੰਦੂਕਾਂ।

ਸਮਾਨ ਮੇਂਹ ਗੁੱਲਕਾ[1] ਤਜੇ ਅਪਾਰ ਬੇਗ ਹੂੰ।	[1]ਗੋਲੀਆਂ।
ਨ ਥੋਰ ਜੰਗ ਕੀਨ, ਜੋਰਿ ਘੋਰ ਓਰ ਦੋਇ ਤੈ[1]।	[1]ਦੋਹਾਂ ਪਾਸਿਆਂ ਤੋਂ ਭਿਆਨਕ ਜ਼ੋਰ ਦੇ ਕੇ।
ਮਰੇ ਕਿਕਾਨ[1] ਜ੍ਵਾਨ ਭੂਰ[2], ਅੱਗ੍ਰ ਹੋਇ ਹੋਇ ਤੈ ॥ ੯੬ ॥	[1]ਘੋੜੇ। [2]ਬਹੁਤੇ।
ਮਨੋ ਮਲੰਗ ਭੰਗ ਖਾਨਿ ਸੰਗ ਚੰਗ ਸੋਰਹੇ[1]।	[1]ਜਾਣੋ ਪਠਾਣ ਰੂਪ ਮਲੰਗ ਭੰਗ ਨਾਲ (ਰੱਜ ਕੇ) ਚੰਗੀ ਤਰ੍ਹਾਂ ਸੌਂ ਰਹੇ ਹਨ।
ਪਰੇ ਅਪਾਰ ਘਾਇਲੈਂ[1] ਪੁਕਾਰ ਆਬ ਕੋ ਰਹੇ[2]।	[1]ਜ਼ਖ਼ਮੀ। [2]ਪਾਣੀ ਮੰਗ ਰਹੇ ਹਨ।
ਤਦਾਂਹਿਂ ਲੌ ਦਿਵਾਕਰੈਂ ਅਥਜੇ, ਅੰਧੇਰ ਛੈ ਗਯੋ[1]।	[1]ਤਦੋਂ ਤੱਕ ਸੂਰਜ ਛਿਪ ਗਿਆ ਤੇ ਅਨ੍ਹੇਰਾ ਫੈਲ ਗਿਆ।
ਦੁਹੂੰ ਸਓਰ ਛੋਰਿ ਜੰਗ ਚੈਨ[1] ਸੈਨ ਨੈ ਕਯੋ ॥ ੯੭ ॥	[1]ਆਰਾਮ।
ਮਸਾਲ ਹੂੰ ਜਗਾਇ ਕੈ, ਉਠਾਇ ਘਾਇਲੈਂ ਲਏ।	
ਬੰਧਾਇ ਸਾਲ ਪੱਤਰੈਂ, ਸੁਚੇਤ ਤੱਤ੍ਰੈਂ ਕਏ[1]।	[1]ਸਾਲ ਦਰੱਖ਼ਤ ਦੇ ਪੱਤ੍ਰ ਬੰਨ੍ਹਵਾ ਕੇ (ਤੱਤ੍ਰੈਂ) ਛੇਤੀ ਸਾਵਧਾਨ ਕਰ ਲਏ।
ਗੁਰੂ ਗੁਬਿੰਦ ਸਿੰਘ ਭੀ, ਪੁਰੀ-ਅਨੰਦ ਜੰਗ ਮੈਂ।	
ਕਰੰਤ ਚੰਗ ਹੂੰ, ਰਹੇ ਇਹੀ ਬੰਧਾਇ ਅੰਗ ਮੈਂ ॥ ੯੮ ॥	
ਬਰੰ ਦੁਵਾਇ[1] ਮਾਨ ਕੈ, ਗੁਰੂ ਕੀ ਫੇਰ ਸਿੰਘ ਭੀ।	[1]ਚੰਗੀ ਦਵਾਈ।
ਹਮੇਸ਼ ਯੇਹੀ ਬਾਂਧਤੇ ਰਹੇ, ਕਰੰਤ ਚੰਗ ਭੀ[1]।	[1]ਇਹ ਜ਼ਖ਼ਮ ਨੂੰ ਚੰਗਾ ਵੀ ਕਰ ਦੇਂਦੀ ਸੀ।
ਮਿਟੰਤ ਪੀੜ ਸ਼ੀਘ੍ਰ ਹੀ, ਭਰੰਤ ਘਾਉ ਝੱਟ ਕੈਂ।	
ਬੰਧਾਇ ਦਜਾਲ ਸਿੰਘ ਜੂ, ਪੁਨਾ ਸਲਾਹਿ ਠੱਟ ਕੈ[1] ॥ ੯੯ ॥	[1]ਕਰਕੇ।
ਅਰੱਧ ਰੈਨ[1] ਜੌਂ ਬਿਤੀ, ਸਨੱਧਬੱਧ ਹੋਇ ਕੈ[2]।	[1]ਅੱਧੀਰਾਤ। [2]ਸ਼ਸਤ੍ਰ ਬੰਨ੍ਹ ਕੇ ਤਿਆਰ-ਬਰ-ਤਿਆਰ ਹੋ ਕੇ।
ਪਰੇ ਸੁ ਸੈਨ ਸੱਤ੍ਰ ਪੈ, ਕਦੀਮਿ ਰੀਤਿ ਜੋਇ[1] ਕੈ।	[1]ਜਿਹੜੀ ਪੁਰਾਣੀਰੀਤੀ ਹੈ।
ਸਮਾਨ ਲੂਟ, ਮਾਰ ਕੂਟ ਸੱਤਰੈਂ ਅਚਾਨਕੈ।	
ਧਸੇ ਧਵਾਇ ਅੱਸ੍ਵ, ਮੱਧ ਕਾਨਨੈ ਪਛਾਨ ਕੈ[1] ॥ ੧੦੦ ॥	[1]ਸਮਾਂ ਪਛਾਣ ਕੇ ਘੋੜੇ ਭਜਾ ਕੇ ਜੰਗਲਾਂ ਵਿੱਚ ਜਾ ਵੜੇ।
ਮੰਗਾਇ ਕੈ ਦੁਰਾਨਨੈਂ[1] ਲੁਟਾਇ ਕੈ ਸਮਾਨ ਹੈ।	[1]ਦੁਰਾਨੀਆਂ ਨੂੰ ਮੰਗਾ ਕੇ।
ਗਯੋ ਲਹੌਰ ਓਰ ਹ੍ਵੈ ਦੁਖੀ ਜਹਾਨ ਖਾਨ ਹੈ।	
ਇਤੈ ਦਯਾਲ ਸਿੰਘ ਜੂ, ਅਯੋ ਸਿਆਲ-ਕੋਟ ਹੈ।	
ਕ੍ਰਿਪਾ ਅਕਾਲ ਤੈ ਫਤੇ, ਬਿਸਾਲ ਪਾਇ ਮੋਟ[1] ਹੈ	[1]ਮੋਟੀ, ਵੱਡੀ।

॥ ੧੦੧ ॥
ਗਏ ਸੂਦਾਰ ਔਰ, ਯਾਂਹਿ ਤੌਰ[1] ਠੌਰ ਆਪਨੀ।
[1]ਇਸੇ ਤਰ੍ਹਾਂ ਹੀ।
ਕਥਾ ਦਯਾਲ ਸਿੰਘ ਕੇਰ, ਆਹਿ ਦੋਖ ਕਾਪਨੀ[1]
[1]ਦੋਸ਼ਾਂ ਨੂੰ ਕੱਟਣ ਵਾਲੀ।
॥ ੧੦੨ ॥

ਦੋਹਰਾ:

ਮਾਰ ਖਾਨ ਕੋ ਦਜਾਲ ਸਿੰਘ,
ਪੇਸ਼ ਕਬਜ਼ ਕਾਟਾਰ।
ਲਜਾਯੋ ਥਾ ਜੋ ਸੋ ਅਹੇ,
ਅਬਿ ਤਹਿੰ ਮਧ ਦਰਬਾਰ[1] ॥ ੧੦੩ ॥
[1]ਹੁਣ ਤੱਕ ਓਥੇ (ਬਾਬੇ ਦੀ ਬੇਰ ਦੇ) ਗੁਰਦੁਆਰੇ ਵਿੱਚ ਹੈ।
ਕਾਬਲੇਸ ਬੁਲਵਯੋ ਥਾ,
ਦੇਹਲੀ ਕੇਰ ਬਜੀਰ।
ਮੂਹੱਟਜੋਂ ਨੈ ਕਰਿ ਰਖ੍ਯੋ ਥਾ,
ਤਿਸ ਕੋ ਅਤੀ ਤਗੀਰ[1] ॥ ੧੦੪ ॥
[1]ਦੁੱਖੀ, ਤੰਗ।
ਬਾਦਸ਼ਾਹਿ ਕੀ ਸੈਨ ਮੈਂ,
ਹੈਜਾ ਪਰ੍ਯੋ ਅਪਾਰ।
ਢਿਗ ਕਰਨਾਲ ਯਾਂ ਤੈ ਥਿਰ੍ਯੋ,
ਹ੍ਵੈ ਕਰਿ ਅਧਿਕ ਲਚਾਰ[1] ॥ ੧੦੫ ॥
[1]ਬੇਵੱਸ।
ਤੌ ਭੀ ਤਿਸ ਕੀ ਧਾਂਕ ਤੈ[1]
[1]ਦਬਦਬੇ ਜਾਂ ਰੋਹਬ ਦਾਬ ਤੋਂ।
ਗਏ ਮੂਹੱਟੇ ਦੌਰ।
ਨਜੀਬ ਖਾਨ ਬਾਜੀਰ ਤੈ,
ਲੈ ਨਜਰਾਨਾ ਗੌਰ[1] ॥ ੧੦੬ ॥
[1]ਬਹੁਤੀ ਭੇਟਾ।
ਕਾਬਲ ਕੀ ਦਿਸ ਮੁੜ ਗਯੋ,
ਸ਼ੀਘਰ ਇਮ ਪਤਸ਼ਾਹਿ।
ਮਾਰਿ ਲੂਟਿ ਬਹੁ ਸਿੰਘਨ ਭੀ,
ਦੀਨੋ ਅਟਕ ਟਪਾਹਿ ॥ ੧੦੭ ॥
ਤਬਿ ਭੀ ਮਿਲ ਕੈ ਪੰਥ ਸੈਂ,
ਆਗੇ ਹ੍ਵੈ ਸਿੰਘ ਦਜਾਲ।
ਨਾਮ ਸਫਲ ਸ਼ਾਹੀਦ ਕਿਯ,
ਸੱਤ੍ਰੂ ਹਤੇ ਬਿਸਾਲ ॥ ੧੦੮ ॥
ਸਜਾਲ-ਕੋਟ ਮੈਂ ਥਿਰੇ ਪੁਨ,

ਰਾਮ ਲਖਨ ਸਮ ਬੀਰ[1]।
ਕੀਨ ਰਾਜ ਸਮ ਜਨਕ ਕੇ,
ਧਰਮ ਸੁਜਸ ਯੁਤ ਧੀਰ ॥੧੦੯॥
ਰਾਮ ਸਿੰਘ ਸ਼ਾਹੀਦ ਜਬਿ,
ਜੂਝ[1] ਸਾਂਹਚੀ ਸੰਗ।
ਥਯੋ ਸ਼ਹੀਦ ਮਹੀਦ[1] ਅਤਿ,
ਤਹਿਂ ਠਾਂ ਇਕ ਪਰਸੰਗ ॥੧੧੦॥
ਇਨੈ ਸ਼ਹੀਦਨ ਕਾ ਅਹੇ,
ਲਿਖਯੋ ਤਹਾਂ ਤਬਿ ਸੋਇ[1]।
ਗ੍ਰੰਥ ਬਢਨ ਡਰ ਮਾਨ ਕੈ,
ਲਿਖਯੋ ਨ ਠੌਰੈਂ ਦੋਇ ॥੧੧੧॥

ਚੌਪਈ:

ਸਾਖੀ ਇਨ ਕੀ ਅੰਤਿਮ ਔਰੈਂ।
ਲਿਖੌਂ ਸਿਦਕ ਦਾਯਕ ਅਤਿ ਗੌਰੈਂ।
ਸੁਨੋ ਖਾਲਸਾ ਜੀ ਮਨ ਦੈ ਹੈ।
ਜੋ ਸੁਨਿ ਸਿੱਖੀ ਸਿਦਕ ਬਢੈ ਹੈ ॥੧੧੨॥
ਕਾਯਰ ਭਟ ਸਾਕਤ ਸਿਖ ਹ੍ਵੈ ਹੈ[1]।
ਧਰਮ ਸੁਕਰਮ ਵੀਚਰਤਿ ਥੈਹੈ[1]।
ਕਾਮ ਸਿਦਕਵਾਨੋਂ ਕੇ ਹੇਰੋ।
ਕੈਸਿ ਕੈਸਿ ਦ੍ਰਿਢ ਕਰੇ ਭਲੇਰੋ[1] ॥੧੧੩॥
ਅਹੋ ਖਾਲਸਾ ਜੀ ਮਤਿ ਧੀਰੈਂ।
ਤੁਮ ਭੀ ਥੇ ਜੋ ਗੁਨੀ ਗਹੀਰੈਂ[1]।
ਜਗਤ ਸਬੰਧਿ ਕੂਰ ਦਿਨ ਚਾਰੈਂ।
ਲੈਨੋ ਚਹੀਏ ਸੁਜਸ ਉਦਾਰੈਂ ॥੧੧੪॥
ਨਿੰਦਯਾ ਚੁਗਲੀ ਚੋਰੀ ਯਾਰੀ।
ਮਤਸਰ[1] ਹੰਕ੍ਰਿਤ[2] ਮੰਦ ਅਚਾਰੀ[3]।
ਤਯਾਗੋ ਇਨ ਕੋ ਸਰਪ ਸਮਾਨੋ[1]।
ਬਿਸ਼ੇ ਬਾਸ਼ਨਾ ਬਿਸ ਸਮ[1] ਮਾਨੋ ॥੧੧੫॥
ਅਤੀ ਦੁਖਦ ਇਹੁ ਲੋਕ ਪ੍ਰਲੋਕੈਂ।

[1]ਰਾਮ ਤੇ ਲਛਮਣ ਵਾਂਗ ਸੂਰਮੇ।
[1]ਲੜ ਕੇ।
[1]ਬਹੁਤ ਵੱਡਾ।
[1]ਤਦੋਂ (ਤਹਾਂ) ਉਥੇ ਉਹ ਪ੍ਰਸੰਗ ਲਿਖਿਆ ਹੈ ਦੇਖੋ ਬਿਸ੍ਰਾਮ ਨੰ: ੫੨ ਦੇ ਅੰਕ ਨੰ: ੧ ਤੋਂ ੧੭੭ ਤੱਕ।
[1]ਡਰਪੋਕ ਤੋਂ ਸੂਰਮਾ ਤੇ ਸਾਕਤ ਤੋਂ ਸਿੱਖ ਹੋ ਜਾਂਦਾ ਹੈ।
[1]ਪ੍ਰੀਤੀ ਹੋ ਜਾਂਦੀ ਹੈ।
[1]ਕਿਸ ਕਿਸ ਤਰ੍ਹਾਂ ਪੱਕੇ ਹੋ ਕੇ ਚੰਗੇ (ਕੰਮ) ਕੀਤੇ ਹਨ।
[1]ਤੁਸੀਂ ਵੀ ਜੋ (ਪਿਛਲੇ ਸਮੇਂ ਵਿੱਚ) ਗੁਣਾਂ ਦੇ ਸਮੁੰਦਰ ਸਉ।
[1]ਈਰਖਾ। [2]ਹੰਕਾਰ। [3]ਭੈੜੇ ਕਰਮ।
[1]ਸੱਪ ਵਾਂਗ (ਜ਼ਹਿਰੀਲੇ) ਜਾਣ ਕੇ।
[1]ਵਿਹੁ ਵਾਂਗ।

ਤਜਿ ਇਨ ਕੋ ਭਜਿ ਪ੍ਰਭੈਂ ਬਿਸੋਕੈਂ[1]।
[1]ਸ਼ੋਕ ਤੋਂ ਰਹਿਤ ਭਾਵ ਅਨੰਦ ਸਰੂਪ ਪ੍ਰਮੇਸ਼ਰ ਨੂੰ। (ਅ) ਤੁਸੀਂ ਵੀ ਸ਼ੋਕ ਤੋਂ ਰਹਿਤ ਹੋ ਜਾਵੋਗੇ।

ਧੀਰਜ ਧਰਮ ਦਯਾ ਉਪਕਾਰੈਂ।
ਗਹੋ ਨਿੰਮ੍ਰਿਤਾ ਤਜਿ ਹੰਕਾਰੈਂ ॥੧੧੬॥
ਉੱਦਮ ਕਰਨੋ ਚਹੀਏ ਪੁਸ਼ਟੈਂ[1]।
[1]ਤਕੜਾ, ਬਹੁਤਾ।
ਰਹਿਨੋ ਜਥਾ ਲਾਭ ਸੰਤੁਸਟੈਂ[1]।
[1]ਜਿਸ ਤਰ੍ਹਾਂ ਦਾ ਕੋਈ ਪਦਾਰਥ (ਲਾਭ) ਪ੍ਰਾਪਤ ਹੋਵੇ ਉਸੇ ਵਿੱਚ ਪ੍ਰਸੰਨਰਹਿਣਾ ਚਾਹੀਦਾ ਹੈ।

ਕਰਿ ਬਜਾਪਾਰ ਨੌਕਰੀ ਖੇਤੀ।
ਧਰਮ ਕ੍ਰਿਤ ਇਤਜਾਦਿਕ ਜੇਤੀ ॥੧੧੭॥
ਕਰਿ ਕੈ ਲਾਭ ਹੋਇ ਜੌ ਤਾਂ ਤੈ।
ਸਤ ਸੰਤੋਖ ਸਹਿਤ ਸਭ ਭਾਂਤੈ।
ਨਿਜ ਸਬੰਧੀਅਨ ਕੌ ਸਮੁਦਾਈ।
ਪਾਲੋ ਪ੍ਰਭੁ ਕੀ ਸ੍ਰਿਸ਼ਟਿ ਲਖਾਈ[1] ॥੧੧੮॥
[1]ਜਾਣ ਕੇ।
ਮੋਹ ਅਗਜਾਨ ਅਧਿਕ ਦੁਖਦਾ ਹੈ[1]।
[1]ਦੁੱਖਦਾਈ ਹੈ।
ਜਾਨਿ ਤਜੋ ਛਲ ਕਪਟ ਸੁਭਾ ਹੈ।
ਜਥਾ ਜੋਗ ਸੰਤਨ ਕੀ ਸੇਵਾ।
ਕੀਜੈ ਲੀਜੈ ਜਸ ਪੁੰਨੇਵਾ[1] ॥੧੧੯॥
[1]ਇਸ ਤਰ੍ਹਾਂ ਪੁੰਨ ਕਰ ਕੇ ਜਸ ਲਉ।
ਸਤ-ਸੰਗ ਕਰਿ ਬ੍ਰਹਮਾਤਮ ਗਜਾਨੈਂ।
ਉਪਜਾਵੋ, ਜੋ ਸੁਖਦ ਮਹਾਨੈਂ।
ਸ੍ਵਾਸ ਸ੍ਵਾਸ ਗੁਰੁ-ਮੰਤਰ ਜਪੀਐ।
ਗੁਰਬਾਨੀ ਅੰਮ੍ਰਿਤ ਰਸ ਅਪੀਐ[1] ॥੧੨੦॥
[1]ਛਕੀਏ।
ਅਭਜਾਗਤ[1] ਸਿੱਖ ਸੰਤ ਗਰੀਬੈਂ।
[1]ਸੁੱਤੇ ਸਿੱਧ ਘਰ ਆਇਆ ਹੋਇਆ।
ਪਾਲਨ ਸਮ ਨ ਸੁਕ੍ਰਿਤ ਅਜੀਬੈਂ[1]।
[1]ਅਸਚਰਜ ਪੁੰਨ।
ਧਰਮਸਾਲ ਗੁਰੁਦ੍ਵਾਰ ਅਮੰਦੈਂ[1]।
[1]ਉੱਜਲ, ਸ੍ਰੇਸ਼ਟ।
ਮਿਲਤ ਟਹਿਲ ਤੈ ਮਹਿਲ ਬੁਲੰਦੈਂ[1] ॥੧੨੧॥
[1]ਉੱਚਾ ਦਰਜਾ।
ਸੁਕ੍ਰਿਤ ਕਰਨ[1] ਨਰਨ ਭਲ ਸੇਵਾ।
[1]ਚੰਗੇ ਕਰਮ ਕਰਨੇ।
ਪ੍ਰਭ ਭਾਣਾ ਮਾਨਨ ਭਲ ਏਵਾ।
ਕਿੰਚਤ ਰੀਤਿ ਉਕਤਿ ਜੋ ਗਾਈ[1]।
[1]ਜੋ ਉਪਰ ਕਹੀ ਹੈ।
ਜੇ ਇਸ ਤੈ ਪ੍ਰਭੁ ਮਿਲੈ ਨ ਭਾਈ ॥੧੨੨॥
ਤੌ ਜਾਮਨ ਗੁਰੁ ਗ੍ਰੰਥ ਸੰਤ ਹੈਂ।

ਸਹੀ ਕੀਨ ਹਮ ਯਹੀ ਮੰਤ ਹੈ[1]।
[1]ਇਹੋ ਹੀ ਸਿਧਾਂਤ ਨਿਸ਼ਚੇ ਕੀਤਾ।
ਦਜ਼ਾਲ ਸਿੰਘ ਨੱਥਾ ਸਿੰਘ ਕੇਰੋ।
ਸੁਨੋ ਪ੍ਰਸੰਗ ਉਮੰਗ ਉਚੇਰੋ ॥ ੧੨੩ ॥
ਜੋ ਜਨ ਸੁਨ ਮਨ ਧਾਰਨ ਕੈਹੈ।
ਸਿੱਖੀ ਤਿੱਖੀ ਪ੍ਰਾਪਤਿ ਥੈਹੈ।
ਜਨਮ ਮਰਨ ਭਵ ਬੰਧ[1] ਮਿਟੈ ਹੈਂ।
[1]ਸੰਸਾਰ ਦੇ ਬੰਧਨ।
ਸਭਿ ਸੁਖ ਲੋਕ ਪ੍ਰਲੋਕ ਭੁਗੈ ਹੈਂ ॥ ੧੨੪ ॥
ਹਾਥ ਜੋਰਿ ਅਬਿ ਮਾਥ ਨਾਇ ਕੈ[1]।
[1]ਸਿਰ ਨਿਵਾ ਕੇ।
ਪ੍ਰੇਮ ਸਾਥ ਗੁਰੁ ਨਾਥ ਧਜ਼ਾਇ ਕੈ।
ਗੁਰੂ ਖਾਲਸੇ ਕੋ ਕਰਿ ਬੰਦਨ।
ਜਿਹ ਪ੍ਰਤਾਪ ਕਿਯ ਦੋਖ ਨਿਕੰਦਨ[1] ॥ ੧੨੫ ॥
[1]ਦੋਸ਼ ਕੱਟਣਾ ਕੀਤੇ।
ਕਹਹਿਂ ਗਾਥ ਸ਼ਹੀਦਨ ਕੇਰੀ।
ਤਵਾਰੀਖ ਮੈਂ ਜੈਸੇ ਹੇਰੀ[1]।
[1]ਜਿਵੇਂ ਹੋਰ ਤਵਾਰੀਖ਼ਾਂ ਵਿੱਚ ਦੇਖੀ ਹੈ।
ਅੱਠਾਰਾਂ ਸੌ ਚੌਬੀ ਮਾਂਹੀ।
ਅਹਿਮਦ ਸ਼ਾਹਿ ਪੰਜਾਬੈਂ ਆਹੀ[1] ॥ ੧੨੬ ॥
[1]ਆਇਆ।
ਪਹੁੰਚਯੋ ਲੌਟ[1] ਕਾਬਲੈਂ ਜਬੈ।
[1]ਮੁੜ ਕੇ।
ਗਿਲਯੋ[1] ਮੌਤ ਨੈ ਤਾਂ ਕੋ ਤਬੈ।
[1]ਨਿਗਲ ਲਿਆ ਭਾਵ ਮਾਰ ਦਿੱਤਾ।
ਸੁਤ ਤਾਂ ਕਾ ਤਹਿਮੂਰ ਸ਼ਾਹਿ ਬਡ।
ਬਾਦਸ਼ਾਹਿ ਹੋਯੋ ਤਿਸ ਸਮ ਤਡ[1] ॥ ੧੨੭ ॥
[1]ਤੁਰੰਤ, ਛੇਤੀ।
ਇਤ ਦਿਸ ਸਿੰਘਨ ਮੁਲਕ ਪੰਜਾਬੈਂ।
ਲਯੋ ਸੰਭਾਰ ਸਜੋਰ ਸ਼ਿਤਾਬੈਂ।
ਹੁਤੋ ਕਾਬਲੀ-ਮਲ ਜੋ ਸੂਬਾ।
ਬੀਚ ਲਹੌਰ ਤੰਗ ਕਿਯ ਖੂਬਾ[1] ॥ ੧੨੮ ॥
[1]ਚੰਗੀ ਤਰ੍ਹਾਂ।
ਤਿਨ ਤਬਿ ਸ਼ਹਿ ਤਹਿਮੂਰ ਬੁਲਾਯੋ।
ਸੋ ਭੀ ਚਢਿ ਪੰਜਾਬ ਦਿਸ ਆਯੋ।
ਅੱਠਾਰਾਂ ਸੌ ਬੱਤੀ ਮਾਹੈਂ।
ਅਟਕ ਝਟਕ ਜਬਿ ਲਖਯੋ ਵਾਹੈਂ[1] ॥ ੧੨੯ ॥
[1]ਜਦੋਂ (ਵਾਹੈਂ) ਉਹ ਛੇਤੀ ਅਟਕ ਲੰਘਿਆ।
ਥਰਥਲ[1] ਪਰਿਓ ਮੁਲਕ ਮਝਾਰੈਂ।
[1]ਹਲਚਲੀ।
ਪਰੀ ਭਾਜੜੈਂ ਫੇਰ ਅਪਾਰੈਂ।
ਤਜੇ ਠਿਕਾਨੇ ਸਿਖ ਸਰਦਾਰੈਂ।

ਧਸੇ ਪਹਾੜਨ ਝਾੜਨ ਭਾਰੈਂ ॥੧੩੦॥
ਸਾਵਨ ਸਿੰਘ ਗੁੱਜਰ ਸਿੰਘ ਭੰਗੀ।
ਗੁਰਬਖ਼ਸ਼ ਸਿੰਘ ਮਾਹਾਂ ਸਿੰਘ ਜੰਗੀ[1]। — [1]ਸੂਰਮੇਂ।
ਇਤਜਾਦਿਕ ਸਰਦਾਰ ਬਹਾਦਰ।
ਜਿਹਲਮ ਤੀਰ ਲੜੇ ਕਿਛ ਸਾਦਿਰ[1] ॥੧੩੧॥ — [1]ਜਿਹਲਮ ਦੇ ਕਿਨਾਰੇ (ਸਾਦਿਰ) ਨਿੱਡਰ ਹੋ ਕੇ ਕੁਝ ਲੜੇ।
ਪੈ[1] ਦੁਰਾਨੀਓਂ ਕਾ ਪਿਖਿ ਜੋਰੈਂ। — [1]ਪੁਨਾ।
ਆਏ ਦੌਰਿ ਸੁਧਾਸਰ ਓਰੈਂ।
ਇਸ ਹੀ ਤੌਰ ਠੌਰ ਬਹੁ ਦੰਗੇ।
ਕਰਿ ਕਰਿ ਦੌਰੇ ਸਿੰਘ ਨਿਸੰਗੇ ॥੧੩੨॥
ਤਬਿ ਤੌਂ ਥਾ ਲਹੌਰ ਮੈਂ ਸੂਬਾ।
ਮੱਲ-ਕਾਬਲੀ ਸ਼ਹਿ ਕਾ[1] ਖੂਬਾ। — [1]ਕਾਬਲ ਦੇ ਬਾਦਸ਼ਾਹ ਦਾ।
ਸ਼ਾਹਜ਼ਾਦਾ ਲਾਹੌਰ ਪਹੂਚਾ।
ਬਿਥਰਯੋ ਦੇਸ ਮਾਹਿ ਦਲ ਮੂਚਾ[1] ॥੧੩੩॥ — [1]ਬਹੁਤ ਵੱਡਾ, ਵਿਸਤਾਰ ਵਾਲਾ।
ਜਥਾ ਸਿੰਘਨ ਕਾ ਜਹਾਂ ਸੁਨੈ ਹੈਂ।
ਗਿਲਜੇ ਧਾਇ ਪਹੂੰਚੈਂ ਤੈਹੈਂ।
ਲਰੈਂ ਸਿੰਘ ਕਿਤ ਕਾਨਨ[1] ਧਸ ਹੈਂ। — [1]ਜੰਗਲਾਂ ਵਿੱਚ।
ਦੁਹਿ ਦਿਸ ਜ੍ਵਾਨਨਿ ਜਾਨਨਿ ਕਸ ਹੈਂ[1] ॥੧੩੪॥ — [1]ਦੋਹੀਂ ਪਾਸੀਂ ਜਵਾਨਾਂ ਦੀਆਂ ਜਾਨਾਂ ਨੂੰ (ਕਸ ਹੈਂ) ਕਸ਼ਟ ਹੋ ਰਿਹਾ ਹੈ।
ਜ਼ਾਲਮ ਗਿਲਜੇ ਮੂਢ ਫਸਾਦੀ।
ਕਰੈਂ ਹਿੰਦੂਅਨ ਬਡ ਬਰਬਾਦੀ।
ਕਹਿਰ ਕਰਾਲ ਕਾਲ ਉਨ ਮੇਲਾ[1]। — [1]ਉਹਨਾਂ ਨੇ (ਕਹਿਰ) ਜ਼ੁਲਮ ਦਾ ਭਿਆਨਕ ਸਮਾਂ ਲੈ ਆਂਦਾ।
ਮਾਚਯੋ ਹਾਹਾਕਾਰ ਦੁਹੇਲਾ[1] ॥੧੩੫॥ — [1]ਦੁੱਖਦਾਈ।

ਦੋਹਰਾ:
ਨੱਥਾ ਸਿੰਘ ਦਯਾਲ ਸਿੰਘ,
ਮੋਹਰ ਸਿੰਘ ਸਿੰਘ-ਜੀਤ।
ਜੀਵਣ ਸਿੰਘ ਮਾਂਹਾਂ-ਹਰੀ,
ਨਾਹਰ ਸਿੰਘ ਆਭੀਤ[1] ॥੧੩੬॥ — [1]ਨਿੱਡਰ।

ਚੌਪਈ:
ਸਿਖ ਸਰਦਾਰ ਇਤਜਾਦਿ ਉਦਾਰੇ।
ਸਜਾਲ-ਕੋਟ ਘਿਰਰਹੇ ਅਪਾਰੇ।

ਦਯਾਲ ਸਿੰਘ ਸਭਿ ਪ੍ਰਤਿ ਇਮ ਪ੍ਰੀਹਾ[1]। — [1]ਕਿਹਾ।
ਦੈਨਾ ਹੈ ਸਿਰ ਜਿਸ ਨੈ ਈਹਾਂ ॥੧੩੭॥
ਸੋਊ ਰਹੈ ਔਰੈਂ ਭਗ ਜਾਈ।
ਹਮ ਤੋ ਬਾਜੀ ਸਿਰ ਲੌ ਲਾਈ।
ਸਿਦਕ ਧਰਮ ਨੈ ਸਾਨੀ[1] ਬਾਨੀ। — [1]ਨਾਲ ਮਿਲੀ ਹੋਈ।
ਸੁਨ ਕੈ ਸਿੰਘ ਖੁਸ਼ਿ ਭਏ ਮਹਾਨੀ ॥੧੩੮॥
ਰਹੇ ਤਹਾਂ ਹੀ ਥਿਰੇ ਅਪਾਰੈਂ।
ਕਸਮੈਂ ਕੀਨੀ ਚਲਿ ਗੁਰੁਦ੍ਵਾਰੈਂ।
ਬਲਕੈ[1] ਇਹੁ ਸੁਨ ਕੈ ਸਿੰਘ ਔਰੈਂ। — [1]ਸਗੋਂ।
ਸਾਦਕ ਸ਼ਾਯਕ ਆਏ ਗੌਰੈਂ[1] ॥੧੩੯॥ — [1]ਸਿਦਕ ਵਾਲੇ ਤੇ (ਜੰਗ ਦੇ) ਸ਼ੌਕ ਵਾਲੇ ਬਹੁਤੇ ਆ ਗਏ।
ਚਾਰ ਹਜਾਰਕ ਜੁਰਜੋ ਬਹਾਦਰ।
ਲਰਨ ਮਰਨ ਜੋ ਚੈਹੈਂ ਸਾਦਿਰ[1]। — [1]ਨਿੱਡਰ ਹੋ ਕੇ।
ਦਜਾਲ ਸਿੰਘ ਨੱਥਾ ਸਿੰਘ ਭਾਈ।
ਖਾਨ ਪਾਨ ਦੈਹੈਂ ਸਭਿ ਤਾਂਈਂ ॥੧੪੦॥
ਪੰਚਾਮ੍ਰਿਤ ਯੁਤ ਲੰਗਰ ਬਰਤੈ।
ਸੁਖ ਨਿਧਾਨ ਕੀ ਦੇਗ ਦੁ-ਵਕਤੈਂ।
ਸ਼ਸਤ੍ਰਨ ਕੋ ਸਿੰਘ ਸਿਕਲ ਕਰੈ ਹੈਂ।
ਨਿਸ ਦਿਨ ਮਾਖੇ[1] ਅਰਿ ਪਰਰੈਹੈਂ ॥੧੪੧॥ — [1]ਕ੍ਰੋਧਵਾਨ।
ਲਗੇ ਦਿਵਾਨ ਰੋਜ ਗੁਰੁਦ੍ਵਾਰੈ।
ਥਿਰੈਂ ਸਨੱਧ ਬੱਧ ਸਿੰਘ ਸਾਰੈਂ।
ਢਾਢੀ ਪਢੈਂ ਸੁਰਮਿਨ[1] ਵਾਰੈਂ। — [1]ਜੋਧਿਆਂ ਦੀਆਂ।
ਜੋ ਸੁਨਿ ਚਢੈ ਬੀਰ ਰਸ ਭਾਰੈਂ ॥੧੪੨॥
ਕੂਰ ਸੂਰ ਹ੍ਵੈਂ ਸੂਰ ਬੀਰ ਹ੍ਵੈਂ[1]। — [1]ਕਾਇਰ ਸੂਰਮੇਂ ਤੇ ਸੂਰਮੇਂ ਬਹਾਦਰ ਹੋ ਜਾਂਦੇ ਹਨ।
ਮਹਾਂਬੀਰ ਹ੍ਵੈਂ ਅਤੀ ਧੀਰ ਹ੍ਵੈਂ।
ਯਾਂਹੀ ਤੈ ਸਿੰਘ ਸਭਿ ਨਿਤ ਸੁਨ ਹੀਂ।
ਮਰਨ ਮਾਰਨੋ ਹੀ ਦਿਢ ਗੁਨ ਹੀਂ[1] ॥੧੪੩॥ — [1]ਮਰਨਾ ਮਾਰਨਾ ਹੀ ਪੱਕਾ ਵਿਚਾਰਦੇ ਹਨ।
ਉਭੈ ਸ਼ਹੀਦ ਸਿੰਘ ਸਰਦਾਰੈਂ।
ਯੁਤ, ਬੈਠੈਂ ਨਿਤ ਸਭਾ ਮਝਾਰੈਂ।
ਦਿਪਤ ਨੂਰ ਮੁਖ ਤੇਜ ਸਰੋਹੈਂ[1]। — [1]ਗੁੱਸੇ ਨਾਲ ਮੁੱਖ 'ਤੇ ਤੇਜ਼ੀ ਤੇ ਨੂਰ ਚਮਕਦਾ ਹੈ।
ਜਨੁ ਨਰ-ਸਿੰਘ ਧਾਰੇ ਤਨ ਦੋ ਹੈਂ ॥੧੪੪॥

ਭ੍ਰਿਕੁਟੀ ਬਿਕਟੈਂ[1] ਚਢੇ ਮੁਛਹਿਰੇ।	[1]ਟੇਢੇ ਭ੍ਰਵੱਟੇ।
ਫੇਰਤ ਕਰ ਮੁਛ ਪਰ, ਰਿਸ ਗਹਿਰੇ[1]।	[1]ਤਕੜੇ ਗੁੱਸੇ ਨਾਲ ਮੁੱਛਾਂ ਤੇ ਹੱਥ ਫੇਰਦੇ ਹਨ।
ਦ੍ਰਿਗ ਰਤਨਾਰੈਂ ਤ੍ਰਿਛੇ ਕਟਾਰੇ[1]।	[1]ਨੇਤ੍ਰ ਲਾਲ ਤੇ ਕਟਾਰਾਂ ਵਰਗੇ ਤਿੱਖੇ ਹਨ।
ਮਨੋ ਸਾਨ ਰਸ-ਰੁੱਦਰ ਚਾਰ੍ਹੇ[1] ॥੧੪੫॥	[1]ਜਾਣੋਰੌਦ੍ਰਰਸ-ਰੂਪ ਸਾਣ ਤੇ ਚਾੜ੍ਹੇ ਹੋਏ ਹਨ।
ਸੱਤ੍ਰੁਨ ਕੇ ਆਵਨ ਕੀ ਬਾਤੈਂ।	
ਕਰੈਂ, ਚਿਤੈਂ ਜਨੁ ਕੇਹਰ ਘਾਤੈਂ[1]।	[1]ਜਾਣੋ ਸ਼ੇਰ (ਘਾਤੈਂ) ਦਾਅ (ਚਿਤੈਂ) ਤਕਦੇ ਹਨ।
ਲਰਨ ਮਰਨ ਕੋ ਇਤਿਕ ਉਮਾਹੈਂ।	
ਜਨਕ ਬਨਕ ਹਿਤ ਬਜਾਹਿ ਉਛਾਹੈਂ[1] ॥੧੪੬॥	[1](ਜਨਕ) ਜਾਣੋ (ਬਨਕ) ਬਾਣੀਆਂ ਵਿਆਹ ਵਾਸਤੇ ਉਤਸ਼ਾਹ ਕਰ ਰਿਹਾ ਹੈ।
ਬੀਰਾਸਨ ਥਿਰਿ, ਸਰ ਕਰ ਫੇਰੈਂ[1]।	[1]ਹੱਥ ਵਿੱਚ ਤੀਰ ਫੇਰਦੇ ਹਨ।
ਸ਼ਸਤ੍ਰਨ ਸੁਭਟਨ ਕਾ ਜਸ ਟੇਰੈਂ[1]।	[1]ਕਹਿੰਦੇ ਹਨ।
ਕੰਧਿ[1] ਧਨਖ ਕਟਿ[2] ਭੱਥੇ ਪੇਟੀ।	[1]ਮੋਢੇ ਤੇ। [2]ਲੱਕ ਵਿੱਚ।
ਬਾਘ-ਬਚੇ[1] ਪਸਤੌਲ ਅਖੇਟੀ[2] ॥੧੪੭॥	[1]ਪੇਸ਼-ਕਬਜ਼ ਦੀ ਕਿਸਮ ਦਾ ਸ਼ਸਤ੍ਰ ਜਿਸ ਦੀ ਮੁੱਠ ਉੱਪਰ ਸ਼ੇਰ ਦੀ ਮੂਰਤੀ ਹੁੰਦੀ ਹੈ। [2](ਦੁਸ਼ਮਣ ਰੂਪ ਮ੍ਰਿਗਾਂ ਦਾ ਸ਼ਿਕਾਰ ਕਰਨ ਵਾਲੇ) ਸ਼ਿਕਾਰੀ ਹਨ।
ਜੰਭੀਏ-ਪੇਸ਼-ਕਬਜ਼[1] ਤਾਮੰਚੇ[2]।	[1]ਜਾੜ੍ਹ ਦੀ ਕਿਸਮ ਦਾ ਇਕ ਪੇਸ਼-ਕਬਜ਼। [2]ਇਕ ਕਿਸਮ ਦਾ ਪਸਤੌਲ।
ਦਸ ਦਸ ਇਕ ਇਕ ਸਿੰਘ ਨੇ ਸੰਚੇ[1]।	[1]ਇਕੱਠੇ ਕਰ ਲਏ।
ਸਿੰਗੜੇ[1] ਭਰੇ ਬਰੂਦਨ ਕੇਰੇ।	[1]ਛੱਤ੍ਰਿਆਂ ਦੇ ਮੋਟੇ ਤੇ ਮਧਰੇ ਸਿੰਗ ਜਿਨ੍ਹਾਂ 'ਚ ਯੋਧੇ ਬਰੂਦ ਪਾ ਕੇ ਪੇਟੀਆਂ ਨਾਲ ਬੰਨ੍ਹਦੇ ਸਨ।
ਅਲਪਟੀਆਂ[1] ਸਾਮਾਨ ਬਧੇਰੇ ॥੧੪੮॥	[1]ਉਹ ਥੈਲੀਆਂ ਜਿਨ੍ਹਾਂ ਵਿੱਚ ਸਿਪਾਹੀ ਬਰੂਦ ਗੋਲੀ ਆਦਿ ਸਾਮਾਨ ਪਾ ਕੇ ਪੇਟ ਨਾਲ ਬੰਨ੍ਹੀ ਰੱਖਦੇ ਹਨ।
ਗਰ ਤੇਗੇ ਕਰ ਸੈਫੈਂ ਸਾਂਗੈਂ[1]।	[1]ਗਲ੍ਹ 'ਚ ਤਲਵਾਰਾਂ ਤੇ ਹੱਥਾਂ ਵਿੱਚ ਸਿੱਧੀਆਂ ਤਲਵਾਰਾਂ ਤੇ ਬਰਛੀਆਂ।
ਭਰਮਾਹੈਂ ਢਾਲੇ ਚੱਕ੍ਰਾਂਗੈਂ[1]।	[1]ਅੰਗਾਂ ਨਾਲ ਚੱਕ੍ਰਾਂ ਤੇ ਢਾਲਾਂ ਨੂੰ ਘੁਮਾਉਂਦੇ ਹਨ।
ਸਿੰਘ ਸਨੱਧ ਬੱਧ ਸਭਿ ਸੋਹੈਂ।	
ਅਸੁਰਨ ਪਰ ਸੁਰ ਜੁਰੇ ਸਰੋਹੈਂ[1] ॥੧੪੯॥	[1]ਜਿਵੇਂ ਦੈਂਤਾਂ ਉੱਪਰ ਗੁੱਸੇ ਨਾਲ ਦੇਵਤੇ ਇਕੱਠੇ ਹੋਏ ਹੁੰਦੇ ਹਨ।
ਸੱਤ੍ਰੁਨ ਤਈਂ ਉਡੀਕਤ ਮੂਚੈਂ[1]।	[1]ਬਹੁਤਾ।
ਲੈਨ ਸ਼ਹੀਦੀ ਪਦ ਚਹਿਂ ਊਚੈਂ।	
ਠੌਰੈਂ ਅਨਿਕ ਸਿੰਘਨਿ ਜਬਿ ਔਰੈਂ।	
ਸੁਨਜੋ[1] ਦਜਾਲ ਸਿੰਘ ਲਰ ਹੈ ਗੌਰੈਂ ॥੧੫੦॥	[1]ਅਨੇਕਾਂ ਥਾਵਾਂ ਤੇ ਜਦੋਂ ਹੋਰ ਸਿੰਘਾਂ ਨੇ ਸੁਣਿਆ।

ਭਰਯੋ ਜਹਾਜ[1] ਕਰਯੋ ਚਹਿ ਪਾਰੈਂ।
ਭਵੈਂ ਸ਼ਹੀਦ ਲਵੈਂ ਜਸ ਭਾਰੈਂ।
ਹਮ ਭੀ ਚਲਿ ਤਿਸਿ ਚਢੈਂ ਜਹਾਜੈਂ।
ਭਵੈਂ ਪਾਰ ਭਵ ਸਾਗਰ ਆਜੈਂ ॥੧੫੧॥
ਮਰੈਂ ਭਿਸ਼ਤ ਲੈਂਹ ਜੀਐਂ ਤੁਰਾਜੈਂ।
ਸਵਰੇ ਦੁਹੂੰ ਤੌਰ[1] ਹਮ ਕਾਜੈਂ।
ਇਮ ਠਟ[1] ਸਾਦਿਕ ਸੁਭਟ ਉਦਾਰੈਂ।
ਦਜਾਲ ਸਿੰਘ ਢਿਗ ਅਏ ਅਪਾਰੈਂ ॥੧੫੨॥
ਉਤੈ ਦੁਰਾਨੀ ਜੁਲਮ ਗੁਜਾਰਤ।
ਹਿੰਦੁਨ ਕੇ ਬਹੁ ਪਿੰਡ ਉਜਾਰਤ।
ਬੇਟੀ ਬਹੁ ਬਿੱਤ[1] ਢਿਗ ਕਾਹੂੰ।
ਤਜੇ ਅਛੂਤ ਨ ਊਤਨ ਵਾਹੂੰ[1] ॥੧੫੩॥
ਮੁਲਕ ਵਿਰਾਨ ਹਿਰਾਨ ਕਰਯੋ ਹੈ।
ਜਨੁ ਬਨ ਕੋ ਦਵ ਲਾਗ ਰਹਯੋ ਹੈ[1]।
ਬਕਰੀ ਗਊ ਅਪਾਰੈਂ ਮਾਰਤ।
ਲੂਟ ਕੂਟਿ ਗ੍ਰਾਮਨ ਕੋ ਜਾਰਤ[1] ॥੧੫੪॥
ਫਿਰਤ ਇਤੈ ਉਤ ਦੇਸ ਮਝਾਰੈਂ।
ਹਾਹਾਕਾਰ ਰਹਯੋ ਮਚ ਭਾਰੈਂ।
ਸਰ ਬੁਲੰਦ-ਖਾਂ ਬੀਸ ਹਜਾਰੀ।
ਆਇ ਵਜੀਰਾਬਾਦ ਲੁਠਾਰੀ[1] ॥੧੫੫॥

ਦੋਹਰਾ:

ਸਜਾਲ-ਕੋਟ ਮੈਂ ਸਿੰਘ ਬਹੁ,
ਜੁਰੇ ਥਿਰੇ ਹਿਤ ਜੰਗ।
ਇਹੁ ਸੁਨ ਅਯੋ ਸਕੋਪ ਚਢਿ,
ਇਤੈ ਸੈਨ ਲੈ ਚੰਗ ॥੧੫੬॥

ਨਰਾਜ ਛੰਦ:

ਸੁਨੰਤ ਦਜਾਲ ਸਿੰਘ ਜੂ,
ਬਟੋਰਿ[1] ਪੰਥ ਕੇ ਤਈਂ।
ਤਿਆਰ ਹੋਇ ਜੰਗ ਕੋ,
ਬਜਾਇ ਦੁੰਦਭੀ[1] ਦਈ।

[1]ਆਪਣੇ ਦਲ ਰੂਪ ਜਹਾਜ਼ ਨੂੰ।
[1]ਦੋਹਾਂ ਢੰਗਾਂ ਨਾਲ।
[1]ਵਿਉਂਤ ਬਣਾ ਕੇ।
[1]ਧਨ।
[1]ਉਨ੍ਹਾਂ (ਊਤਨ) ਮੂਰਖਾਂ ਨੇ ਛੋਹਣ ਤੋਂ ਬਿਨਾਂ ਨਹੀਂ ਛੱਡੇ।
[1]ਜਾਣੋ ਜੰਗਲ ਨੂੰ ਡਉਂ ਅਗਨੀ ਲੱਗ ਰਹੀ ਹੈ।
[1]ਸਾੜਦੇ ਹਨ।
[1]ਲੁੱਟਦਾ ਹੋਇਆ।
[1]ਇਕੱਠਾ ਕਰਕੇ।
[1]ਧੌਂਸਾ।

ਸੁੱਖੇ ਅਫੀਮ ਖਾਇ ਕੈ,
ਮਿਦਾਨ ਜਾਇ ਨ੍ਹਾਇ ਕੈ[1]। [1]ਜੰਗਲ ਮੈਦਾਨ ਜਾ ਕੇ ਤੇ ਇਸ਼ਨਾਨ ਕਰਕੇ।
ਤਿਹਾਵਲੈਂ ਕਰਾਇ ਬਾਂਟਿ[1], [1]ਵੰਡ ਕੇ।
ਸੋ ਛਕਯੋ ਛਕਾਇ ਕੈ ॥ ੧੫੭ ॥
ਸਨੱਧ ਬੱਧ ਥਾਇ ਕੈ[1], [1]ਸ਼ਸਤ੍ਰ ਬੰਨ੍ਹ ਕੇ ਤਿਆਰ ਬਰ ਤਿਆਰ ਹੋ ਕੇ।
ਗੁਰੂਦੁਵਾਰ ਜਾਇ ਕੈ,
ਝੁਕਾਇ ਮਾਥ ਨਾਥ ਕੋ[1], [1]ਗੁਰੂ ਨੂੰ ਮੱਥਾ ਟੇਕ ਕੇ।
ਸੁ ਭੇਟ ਹੂੰ ਚਢਾਇ ਕੈ।
ਅਰਦਾਸ ਹੂੰ ਕਰਾਇ ਕੈ,
ਬੰਧਾਇ ਹਾਥ ਕੰਗਨਾ[1]। [1]ਸ਼ਹੀਦੀ ਗਾਨਾ।
ਲਰੈਂ ਸਮੱਛ ਅੱਛ ਹੂੰ[1], [1]ਚੰਗੀ ਤਰ੍ਹਾਂ (ਸਮੱਛ) ਸਾਹਮਣੇ ਹੋ ਕੇ ਲੜੀਏ।
ਗੁਰੂ ਤੈ ਕੀਨ ਮੰਗਨਾ ॥ ੧੫੮ ॥
ਉਭੈ ਭਰਾਤ ਬ੍ਰਾਤ ਲੈ,
ਸਿੰਘਾਨ ਕੀ ਅਪਾਰ ਹੈਂ।
ਚਢੇ ਸੁ ਲੈਨ ਮੋਛ ਤੀਯ[1], [1]ਮੁਕਤੀ ਰੂਪ ਇਸਤ੍ਰੀ।
ਬਜਾਹਿਨੇ ਉਦਾਰ ਹੈਂ।
ਬਰਾਤ ਜੈਸ ਦੂਲਹੋ,
ਚਢੰਤ ਗੀਤ ਗਾਇ ਹੈਂ।
ਦੀ ਮਦੀਨ ਜੋਬਨੈ
ਪ੍ਰਮੋਦ ਹੂੰ ਬਢਾਇ ਹੈਂ[1] ॥ ੧੫੯ ॥ [1]ਜਿਵੇਂ ਜੁਆਨੀ ਵਿੱਚ (ਮਦੀ) ਮਸਤ (ਮਦੀਨ) ਇਸਤ੍ਰੀਆਂ ਬਹੁਤ ਅਨੰਦ ਵਧਾਉਂਦੀਆਂ ਹਨ।

ਗੁਰੂ ਗ੍ਰੰਥ ਕੇ ਸ਼ਬਦ,
ਸਿੰਘ ਤੈਸ ਗਾਵਤੇ।
ਚਲੇ ਦਿਆਲ ਸਿੰਘ ਪੈ,
ਸੁ ਚੌਰ ਹੂੰ ਢੁਰਾਵਤੇ।
ਚਲਯੋ ਹਜਾਰ ਚਾਰ ਕੈ,
ਗਰੱਟ ਸਿੰਘ ਠੱਟ ਹੈਂ[1]। [1]ਸਿੰਘ (ਗਰੱਟ) ਜੱਥਾ (ਠੱਟ ਹੈਂ) ਬਣਾ ਕੇ।
ਕੁਦਾਇ ਅੱਸ੍ਵ ਨੱਸ ਨੱਸ,
ਹੱਸ ਹੱਸ ਅੱਟ[1] ਹੈਂ ॥ ੧੬੦ ॥ [1]ਬਹੁਤਾ।
ਕਹੈਂ ਕਿ ਆਜ ਸਾਜ[1] ਜੰਗ, [1]ਸਜਾ ਕੇ, ਕਰਕੇ।

ਮੋਛ ਰਾਜਿ ਦੋਇ ਮੈਂ[1]।

[1]ਮੁਕਤੀ ਤੇਰਾਜ ਦੋਹਾਂ ਵਿੱਚੋਂ।

ਲਹੈਂਹ ਏਕ ਤੋ ਨਿਸੰਗ,
ਕੀਰਤੀ ਸੁ ਗੋਇ ਮੈਂ[1]।

[1]ਇਕ ਤਾਂ ਬਿਨਾਂ ਸ਼ੰਕਾ ਤੋਂ ਲੈ ਹੀ ਜਾਵਾਂਗੇ (ਤੇ ਨਾਲੇ ਸੰਸਾਰ) ਵਿੱਚ ਲੋਕ ਚੰਗਾ ਜਸ (ਗੋਇ) ਕਹਿਣਗੇ।

ਝਕਾ ਸੁ ਝੱਕ ਸਾਯੁਧੈਂ,
ਲਸੰਤ ਮੇਘ ਬੀਜ ਜਜੋਂ[1]।

[1](ਝਕਾ ਸੁ ਝੱਕ) ਚਮਕੀਲੇ ਸ਼ਸਤ੍ਰਾਂ ਸਹਿਤ (ਲਸੰਤ) ਚਮਕਦੇ ਹਨ ਜਿਵੇਂ ਬੱਦਲਾਂ ਵਿੱਚ ਬਿਜਲੀ (ਚਮਕਦੀ) ਹੈ।

ਬਜੰਤ ਦੀਹ ਦੁੰਦਭੀ,
ਬਜਤ ਸਿੰਘ ਖੀਝ ਤਜੋਂ[1] ॥੧੬੧॥

[1](ਜਿਵੇਂ ਜਿਵੇਂ) ਵੱਡੇ ਧੌਂਸੇ ਵਜਦੇ ਹਨ ਤਿਵੇਂ ਤਿਵੇਂ ਸਿੰਘ ਖਿੱਝ ਖਿੱਝ ਕੇ ਹੋਰ ਵਜਾਉਂਦੇ ਹਨ।

ਨਦੀ ਸਿਆਲ-ਕੋਟ ਤੈ
ਜਨੂਬ ਓਰ ਜੋ ਬਹੇ[1]।

[1]ਦੱਖਣ ਦੀ ਤਰਫ਼ ਜੋ ਵਗਦੀ ਹੈ।

ਗਰਾਮ ਤੀਨ ਕੋਸ ਪੈ,
ਤਟੈ[1] ਜੁ ਤਾਂਹਿ ਕੇ ਅਹੇ।

[1]ਕਿਨਾਰੇ।

ਤਹਾਂ ਪਠਾਨ ਭੀ ਅਏ,
ਵਜੀਰਬਾਦ ਤੈ ਚਲੇ।
ਨਿਹਾਰ ਕੈ ਸਿੰਘਾਨ ਕੋ,
ਭਏ ਤਹਾਂਹਿ ਸੋ ਖਲੇ[1] ॥੧੬੨॥

[1]ਖੜ੍ਹੇ ਹੋ ਗਏ।

ਅਤਾ-ਮੁਹੰਮਦੰ ਹੁਤੋ,
ਹਜਾਰ ਪਾਂਚ ਕੋ ਧਨੀ[1]।

[1]ਮਾਲਕ।

ਲਰਜੋ ਸਜੋਰ ਆਇ ਸੋ,
ਬਟੋਰਿ ਹੋਰ ਸ੍ਵੈ ਅਨੀ[1]।

[1]ਆਪਣੀ ਫੌਜ।

ਚਲੀ ਬੰਦੂਕ ਜੋਂ ਘਨੀ,
ਪਰਜੋ ਅਪਾਰ ਸ਼ੋਰ ਹੈ।
ਹੁਤੇ ਜੁ ਦੂਰ ਹੂੰ ਕਿਤੇ,
ਅਏ ਦੁਰਾਨਿ ਹੋਰ ਹੈ ॥੧੬੩॥
ਸਰੰ ਬੁਲੰਦ ਖਾਂ ਅਯੋ,
ਅਪਾਰ ਸੈਨ ਲੈ ਤਬੈ।
ਜੁਟੇ ਸੁਭੱਟ ਝੱਟ-ਪੱਟ,
ਅੱਟ ਨਾਦ ਕੈ ਸਭੈ[1]।

[1]ਸਾਰੇ (ਸੁਭੱਟ) ਸੂਰਮੇ (ਅੱਟ ਨਾਦ ਕੈ) ਬਹੁਤਾ ਸ਼ਬਦ ਕਰ ਕੇ (ਝੱਟ-ਪੱਟ) ਛੇਤੀ (ਜੁਟੇ) ਟੱਕਰ ਪਏ।

ਚਲੰਤ ਤੀਰ ਤੁੱਪਕੈਂ,
ਸਮਾਨ ਮੇਂਹ ਸਾਵਨੈ।
ਚਹੰਤ ਏਕ ਏਕ ਕੋ,
ਪਿਛਾਂਹਿ ਸੋ ਧਕਾਵਨੈ ॥ ੧੬੪ ॥
ਧਰੰਮ ਜੁੱਧ ਜਾਨ ਕੈ,
ਅਗਾਂਹਿ ਬੀਰ ਬੱਢ ਕੈ[1]। — [1]ਵੱਧ ਕੇ।
ਪਰਾ-ਕਰੰਮ ਹੂੰ[1] ਕਰੈਂ, — [1]ਬਲ, ਉੱਦਮ।
ਲਰੈਂ ਚਰੰਨ ਗੱਡ ਕੈ।
ਅਨੇਕ ਢੋਲ ਦੁੰਦਭੀ,
ਸੁਨਾਇ[1] ਸੰਖ ਭੈਰਕਾ[2]। — [1]ਸਰਨਾਈਆਂ, ਨਫ਼ੀਰੀਆਂ, ਤੂਤੀਆਂ। [2]ਭੇਰੀਆਂ। (ਭੇਰੀ-ਨਫ਼ੀਰੀਆਂ ਨਾਲ ਵਜਾਉਣ ਵਾਲਾ ਨਗਾਰਾ।)
ਬਜੰਤ ਬਾਦ ਚਾਉ-ਦਾ,
ਜੁਝਾਉ ਭਾਉ ਪੈਰਕਾ[1] ॥ ੧੬੫ ॥ — [1]ਖ਼ੁਸ਼ੀ ਦੇਣ ਵਾਲੇ ਵਾਜੇ ਵੱਜਦੇ ਹਨ ਜਿਹੜੇ ਜੰਗ ਦੇ ਪ੍ਰੇਮ ਵਿੱਚ ਤਾਰਨ ਵਾਲੇ ਹਨ।
ਸੁਨੰਤ ਜਾਂਹਿ ਕਾਇਰੈਂ,
ਭਵੰਤ ਸੂਰਬੀਰ ਹੈਂ।
ਭੁਲੰਤ ਦੇਹ ਗੇਹ ਕੋ[1], — [1]ਘਰ ਨੂੰ।
ਥਵੰਤ[1] ਮੱਤ ਧੀਰ ਹੈਂ। — [1]ਹੋ ਜਾਂਦੇ ਹਨ।
ਦਿਆਲ ਸਿੰਘ ਛੇਰਿ ਅੱਸੂ,
ਅੱਗਰੈਂ ਰਹਾਵਹੀ।
ਭਵੱਕ ਧੱਕ ਸ਼ੇਰ ਜਸੋਂ,
ਬਿਸ਼ੱਕ ਸੱਤ੍ਰ ਘਾਵਹੀ[1] ॥ ੧੬੬ ॥ — [1]ਸ਼ੇਰ ਵਾਂਗ (ਭਵੱਕ) ਭਬਕ ਮਾਰ ਕੇ (ਗੱਜ ਕੇ) ਤੇ ਧੱਕ ਕੇ ਬਿਨਾਂ ਸ਼ੱਕ ਤੋਂ ਵੈਰੀਆਂ ਨੂੰ ਮਾਰਦਾ ਹੈ।
ਪਰੰਤ ਜੱਤ੍ਰ ਧਾਇ,
ਤੱਤ੍ਰ ਹਾਲਚਾਲ ਮੇਲ ਹੈ[1]। — [1]ਜਿਸ ਪਾਸੇ ਦੌੜ ਕੇ ਪੈਂਦਾ ਹੈ ਹਲਚਲੀ ਪਾ ਦੇਂਦਾ ਹੈ।
ਝਪੱਟ ਕੈ ਲਪੱਟ ਸੋਂ,
ਦਪੱਟ ਕੱਟਿ ਠੇਲ ਹੈ[1]। — [1](ਝੱਪਟ ਕੈ) ਹੱਲਾ ਕਰ ਕੇ (ਲਪੱਟ ਸੋਂ) ਫੁਰਤੀ ਨਾਲ ਉੱਛਲ ਕੇ, (ਦਪੱਟ) ਦੌੜ ਕੇ ਕੱਟ ਕੇ (ਠੇਲ) ਰੇੜ੍ਹ ਦੇਂਦਾ ਹੈ।
ਬੁੰਦਾਲੀਆ[1] ਦਿਵਾਨ ਸਿੰਘ, — [1]ਬੁੰਦੇਲ ਗੋਤ ਦਾ।
ਮਾਨ ਸਿੰਘ ਮਾਨ[1] ਹੈ। — [1]ਗੋਤ।
ਪਰੰਤ ਜੌਨ ਕੌਨ ਕੋ,

ਮਚੈਹਂ ਤੌੜ ਘਾਨ ਹੈਂ[1] ॥੧੬੭॥

[1]ਜਿਸ ਕਿਸੇ ਨੂੰ ਪੈਂਦੇ ਹਨ (ਤੌੜ) ਛੇਤੀ ਹੀ (ਘਾਣ) ਗਾੜ੍ਹਾ ਚਿੱਕੜ (ਮਚੈਂਹ) ਕਰ ਦੇਂਦੇ ਹਨ।

ਬਲੀ ਸੁਲਤਾਨ ਵਿੰਡੀਆ,
ਝੰਡਾ ਮ੍ਰਿਗੇਸ ਮਾਹਿਲੈਂ[1]।

[1]ਮਾਹਲ ਗੋਤ ਦਾ।

ਤਵੀ ਕਿਨਾਰ ਲੌਂ[1], ਹੁਤੀ

[1]ਤਵੀ ਨਦੀ ਦੇ ਕਿਨਾਰੇ ਤੱਕ।

ਜਗੀਰ ਤਾਂਹਿ ਸਾਹਿਲੈਂ[1]।

[1]ਸੁਖਦਾਈ, ਨਫ਼ੇ ਵਾਲੀ।

ਪਰੰਤ ਜੋਰ ਜਾਹਿਂ ਓਰ,
ਹੋਇ ਅੱਗ੍ਰ ਸੋ ਅਰੈ।
ਲੁਠਾਇ ਦੇਤ ਔਨਿ, ਪੌਨਿ
ਜੈਸ ਕੱਦਲੀ ਤਰੈਂ[1] ॥੧੬੮॥

[1](ਔਨਿ) ਧਰਤੀ ਤੇ (ਐਉਂ) ਲਿਟਾ ਦੇਂਦਾ ਹੈ ਜਿਵੇਂ ਹਵਾ ਕੇਲੇ ਦੇ ਦਰੱਖ਼ਤ ਨੂੰ।

ਕਿਤੈ ਮ੍ਰਿਗੇਸ ਨਾਹਰੈਂ,
ਬਰਜਾਮ ਸਿੰਘ ਗਜਾਨ[1] ਹੈ।

[1]ਗਿਆਨ ਸਿੰਘ।

ਹਰੱਤ ਦੌਰਿ ਦੁੱਜਨੈਂ,
ਫਿਰੰਤ ਲੇਤ ਜਾਨ ਹੈਂ[1]।

[1]ਦੌੜ ਕੇ (ਦੁੱਜਨੈ) ਵੈਰੀਆਂ ਨੂੰ (ਹਰੱਤ) ਮਾਰਦੇ ਹਨ, ਜਾਨਾਂ ਲੈਂਦੇ ਫਿਰਦੇ ਹਨ।

ਕਿਤੈ ਸੁ ਮੋਹਰ ਸਿੰਘ,
ਜਜੂਣ ਸਿੰਘ ਸਿੰਘ ਜੀਤ ਹੈਂ।
ਫਿਰੰਤ ਸੱਤ੍ਰੁ ਘਾਵਤੇ[1]

[1]ਵੈਰੀਆਂ ਨੂੰ ਮਾਰਦੇ।

ਚਹੰਤ ਪੰਥ ਜੀਤ ਹੈਂ ॥੧੬੯॥
ਬਰੂਦ ਏਕ ਲੱਪ ਕੈਂ,
ਸੁ ਠੋਕ ਦੋਇ ਗੁੱਲਕੈਂ[1]।

[1]ਇਕ ਲੱਪ ਕੁ ਬਰੂਦ ਪਾ ਕੇ ਦੋ ਗੋਲੀਆਂ ਠੋਕ ਦੇਂਦੇ ਹਨ।

ਫਿਰਾਇ ਝੱਟ ਡੰਭਹੀਂ,
ਗਿਰਾਇ ਹੈਂ ਉਥੱਲ ਕੈ[1]।

[1](ਕਲਾ ਨੂੰ) ਮੋੜ ਕੇ ਝੱਟ ਹੀ ਅੱਗ ਲਾ ਦੇਂਦੇ ਹਨ, ਭਾਵ ਚਲਾ ਦੇਂਦੇ ਹਨ, ਉਲਟਾ ਕੇ ਡੇਗ ਦੇਂਦੇ ਹਨ।

ਕੜੱਕ ਕੈ ਤੜੱਤ ਸੀ
ਤੜੱਕ ਮਾਰ ਕੈ ਸੁਟੈਂ[1]।

[1](ਤੜੱਤ) ਬਿਜਲੀ ਵਾਂਗ ਕੜਕ ਕੇ (ਤੜੱਕ) ਛੇਤੀ ਮਾਰ ਕੇ ਸੁੱਟ ਦੇਂਦੇ ਹਨ।

ਦੜੱਕ ਭੂਮਿ ਡਿੱਗ ਹੈਂ,
ਮਸ਼ੱਕ ਰੰਗ ਸੀ ਫੁਟੈਂ[1] ॥੧੭੦॥

[1]ਦੜੱਕ ਸ਼ਬਦ ਕਰ ਕੇ ਧਰਤੀ ਤੇ ਡਿੱਗ ਪੈਂਦੇ ਹਨ, ਰੰਗ ਦੀਆਂ ਮਸ਼ਕਾਂ ਵਰਗੀਆਂ (ਦੇਹਾਂ) ਫੁਟਦੀਆਂ ਹਨ।

ਸ਼ਹੀਦ ਦਜਾਲ ਸਿੰਘ ਜੂ,

ਨਥਾ ਮ੍ਰਿਗੇਸ ਸੂਰਮੇ।
ਮਲੇਛ ਭੇਛ ਬ੍ਰਿੰਦ ਕੋ,
ਮਿਲਾਤ ਜਾਤ ਧੂਰ ਮੇਂ[1]।

[1]ਤੁਰਕੀ (ਭੇਛ) ਬਿਲਾਸ ਵਾਲਿਆਂ ਸਾਰਿਆਂ ਨੂੰ ਧੂੜ ਵਿੱਚ ਮਿਲਾਈ ਜਾਂਦੇ ਹਨ।

ਸਮਾਨ ਪੌਨ ਪੂਤ ਅੰਗਦੈਂ,
ਸੁ ਅੰਗ ਦੈ ਲਰੈਂ[1]।

[1]ਪਉਣ ਦੇ ਪੁੱਤ੍ਰ ਹਨੂਮਾਨ ਤੇ ਅੰਗਦ ਵਾਂਗ ਚੰਗੀ ਤਰ੍ਹਾਂ (ਅੰਗ ਦੈ) ਸ਼ਰੀਰ ਦੇ ਕੇ ਲੜਦੇ ਹਨ।

ਬ੍ਰਸਾਇ ਬਾਨ ਮੇਂਹ ਸੋਂ,
ਤ੍ਰੁਕਾਨ ਪ੍ਰਾਨ ਕੋ ਹਰੈਂ ॥੧੭੧॥
ਕੁਵੰਡ ਚੰਡਿ ਖੈਂਚ ਕੈ,
ਪ੍ਰਦੰਡ ਤੀਰ ਤੀਛਨੈ[1]।

[1](ਚੰਡ) ਗੁੱਸੇ ਨਾਲ ਧਨੁਸ਼ ਖਿੱਚ ਕੇ (ਪ੍ਰਚੰਡ) ਬਹੁਤ ਤੇਜ ਤੇ (ਤੀਛਨੈ) ਤਿੱਖੇ ਤੀਰਾਂ ਨੂੰ।

ਸਜੋਰ ਓਰ ਦੋਇ ਤੈ,
ਤਜੰਤ ਬੀਰ ਭੀਛਨੈ[1]।

[1]ਦੋਹਾਂ ਪਾਸਿਆਂ ਤੋਂ ਜ਼ੋਰ ਨਾਲ ਭਿਆਨਕ ਸੂਰਮੇਂ ਛੱਡਦੇ ਹਨ।

ਫਿਰੰਤ ਲੇਤ ਜਾਨ ਸੋ,
ਕਿਕਾਨ ਜ੍ਵਾਨ ਜਾਲ ਕੀ[1]।

[1]ਉਹ (ਜਾਲ) ਬਹੁਤੇ ਘੋੜੇ ਤੇ ਜਵਾਨਾਂ ਦੀ ਜਾਨ ਲੈਂਦੇ ਫਿਰਦੇ ਹਨ।

ਕਿਧੋਂ ਸਪੱਛ ਨਾਗਰਨੀ,
ਬਿਲੱਛ ਸੈਨ ਕਾਲ ਕੀ[1] ॥੧੭੨॥

[1]ਜਾਂ ਇਹ ਖੰਭਾਂ ਵਾਲੀ ਸਪਣੀ ਹੈ (ਜਾਂ) ਕਾਲ ਦੀ (ਬਿਲੱਛ) ਵਿਲੱਖਣ ਫੌਜ ਹੈ।

ਸਰੋਹਿ ਮਾਰ ਮਾਰ ਕੈ,
ਉਠਾਇ ਸੈਫ ਸੈਹਥੀ[1]।

[1]ਗੁੱਸੇ ਨਾਲ ਮਾਰ ਲੌ ਮਾਰ ਲੌ ਕਰ ਕੇ (ਸੈਫ) ਸਿੱਧੀਆਂ ਤਲਵਾਰਾਂ ਤੇ (ਸੈਹਥੀ) ਬਰਛੀਆਂ ਚੁੱਕ ਕੇ।

ਕਢੰਤ ਪਾਰ ਤੀਨ ਚਾਰ
ਪਾਂਚ ਕੈ, ਹਥੈ ਹਥੀ[1]।

[1]ਹੱਥੋ-ਹੱਥੀ ਭਾਵ ਬਹੁਤ ਛੇਤੀ ਤਿੰਨਾਂ ਚਹੁੰ ਪੰਜਾਂ ਦੇ (ਸ਼ਰੀਰਾਂ ਵਿੱਚ ਦੀ) ਪਾਰ ਕੱਢ ਦੇਂਦੇ ਹਨ।

ਗਰੱਜ ਕੈ ਤਰੱਜ ਕੈ,
ਸੁ ਭੱਜ ਕੈ ਸਪੱਟ ਹੈ[1]।

[1]ਗੱਜ ਕੇ, ਤਾੜ ਕੇ ਚੰਗੀ ਤਰ੍ਹਾਂ (ਸਪੱਟ=ਸਰਪੱਟ) ਸਿਰ ਤੋੜ ਭੱਜ ਕੇ।

ਦਪੱਟ ਕੈ ਲਪੱਟ ਕੈ,
ਝਪੱਟ ਕੈ ਨ ਹੱਟ ਹੈਂ[1] ॥੧੭੩॥

[1](ਦਪੱਟ ਕੈ) ਦੌੜ ਕੇ (ਲਪੱਟ ਕੈ) ਲਪਕ ਕੇ (ਉੱਛਲ ਕੇ) (ਝਪੱਟ ਕੈ) ਹੱਲਾ ਕਰ ਕੇ (ਫੇਰ ਪਿੱਛੇ) ਨਹੀਂ ਹਟਦੇ।

ਨ ਲੱਜ ਹੈਂ ਨ ਕੱਜ ਹੈਂ

ਮੁਖੈਂ, ਸੁ ਖੇਤ ਗੱਜ ਹੈਂ[1]।

[1](ਜੰਗ ਕਰਦੇ) ਸ਼ਰਮ ਨਹੀਂ ਕਰਦੇ, ਮੂੰਹ ਨਹੀਂ ਢੱਕਦੇ, (ਖੇਤ) ਜੰਗ ਦੇ ਮੈਦਾਨ 'ਚ ਚੰਗੀ ਤਰ੍ਹਾਂ ਗੱਜਦੇ ਹਨ।

ਨ ਭੱਜ ਹੈਂ ਨ ਤੱਜ ਹੈਂ[1],
ਲਰੰਤ ਨਾਂਹਿ ਰੱਜ ਹੈਂ।
ਹਥਾ ਸੁ ਵੱਥ ਹ੍ਵੈ ਪਰੇ,
ਅਪਾਰ ਠੌਰ ਠੌਰ ਮੈਂ[1]।
ਉਛਾਰ ਕੈ ਤ੍ਰਵਾਰ ਕੋ,
ਪ੍ਰਹਾਰਿ ਜੋਰਿ ਜੋਰਿ ਮੈਂ[1] ॥੧੭੪॥

[1]ਨਾ ਭਜਦੇ ਹਨ, ਨਾ (ਜੰਗ ਦੀ ਥਾਂ ਹੀ) ਛੱਡਦੇ ਹਨ।

[1]ਜਗ੍ਹਾ ਜਗ੍ਹਾ ਬਹੁਤ ਥਾਈਂ ਹੱਥੋ-ਹੱਥੀ ਹੋ ਪੈਂਦੇ ਹਨ।

[1]ਤਲਵਾਰ ਨੂੰ ਉਛਾਲ ਕੇ ਜ਼ੋਰ ਨਾਲ (ਜੋਰ ਮੈਂ) ਜੋੜਾਂ ਵਿੱਚ ਮਾਰਦੇ ਹਨ।

ਗਿਰੰਤ ਟੂਕ ਟੂਕ ਹ੍ਵੈ,
ਬਰੰਤ ਦੇਵ ਅੰਗਨਾ[1]।
ਬਿਕੁੰਠ ਬਾਸ ਪਾਇ ਹੈਂ,
ਭਵੰਤ[1] ਫੇਰ ਤੰਗ ਨਾ।
ਦੁਲੱਭ ਜੋ ਜੋਗੀਸਰੈਂ
ਮੁਨੀਸਰੈਂ ਮੁਕਾਨ[1] ਹੈ।
ਲਹੰਤ ਸੋ ਪਲੱਕ ਮੈਂ,
ਖਲੱਕ ਬੇਦ ਭਾਨ ਹੈਂ[1] ॥੧੭੫॥

[1]ਅਪੱਛਰਾਂ ਵਰਦੀਆਂ ਹਨ।

[1]ਹੁੰਦੇ।

[1]ਅਸਥਾਨ ਭਾਵ ਸੱਚਖੰਡ।

[1](ਖਲੱਕ) ਲੋਕ ਤੇ ਵੇਦ (ਭਾਨ) ਕਹਿੰਦੇ ਹਨ (ਕਿ ਸੂਰਮੇਂ ਉਹ ਅਸਥਾਨ) ਪਲਕ ਵਿੱਚ ਲੈ ਲੈਂਦੇ ਹਨ।

ਜਬੈ ਸਿੰਘਾਨ ਜੋਰ ਦੈ,
ਸੁ ਘੋਰ ਜੰਗ ਠਾਨ ਕੈ।
ਛੁਡਾਇ ਲੀਨ ਮੋਰਚਾ,
ਤੁਕਾਨ ਤੈ ਪਲਾਨ ਕੈ[1]।
ਹਟੀ ਸਿਪਾਹਿ[1] ਜੋ ਪਿਛਾਂਹਿ,
ਦੇਖਿ ਤਾਂਹਿ ਅਫਸਰੈਂ।
ਅਪਾਰ ਬ੍ਰੱਜ ਤ੍ਰੁੱਜ ਕੈ,
ਠਰਾਇ ਠੀਕ ਅਕਸਰੈਂ[1] ॥੧੭੬॥

[1]ਭਜਾ ਕੇ।

[1]ਫੌਜ।

[1]ਬਹੁਤ ਵਰਜ ਕੇ (ਰੋਕ ਕੇ) ਤਾੜ ਕੇ (ਅਕਸਰੈਂ) ਬਹੁਤਿਆਂ ਨੂੰ ਠਹਿਰਾ ਲਿਆ।

ਅਤਾ-ਮੁਹੰਮਦੈ ਤਬੈ,
ਤੁਰੰਗ ਛੋਰਿ ਆਪ[1] ਹੈ।
ਉਮੰਗ ਸੰਗ ਸੂਰਮੇ,
ਪਠਾਨ ਲੈ ਅਮਾਪ[1] ਹੈ।

[1]ਆਪ ਘੋੜਾ ਛੋੜ ਕੇ।

[1]ਬਹੁਤੇ।

ਪਰਜੋ ਸੁ ਧਾਇ, ਹਾਲ-ਹੂਲ[1]
ਪਾਇ, ਆ ਸਿੰਘਾਨ ਪੈ।
ਕਰਜੋ ਸੁ ਕੱਟ-ਬੱਢ,
ਤੱਛ-ਮੁੱਛ ਅੱਛ ਘਾਨ ਪੈ[1] ॥੧੭੭॥

[1]ਹਲਚਲੀ।

[1]ਕਟਾ-ਵੱਢੀ ਕੀਤੀ (ਲੱਕੜ ਵਾਂਗ ਸੂਰਮਿਆਂ ਨੂੰ) ਤੱਛ ਤੇ ਮੋਢੇ ਪਾ ਦਿੱਤੇ, (ਅੱਛ) ਚੰਗੇ (ਘਾਨ) ਸੱਥਰ (ਢੇਰ) (ਪੈ) ਪਾ ਦਿੱਤੇ।

ਤਰੱਜ ਗੱਜ ਬੋਲਿਓ,
ਨਥਾ-ਮ੍ਰਿਗੇਸ ਹੈ ਕਹਾਂ।
ਅਜੀਤ ਸਿੰਘ ਦਜ਼ਾਲ ਸਿੰਘ
ਆਦਿ, ਬੀਰ ਜੇ ਮਹਾਂ।
ਲਰੰਤ ਕਜੋਂ ਨ ਸੰਗ ਮੋਹਿ,
ਅੱਗ੍ਰ ਆ ਮਿਦਾਨ ਮੈਂ।
ਤਜੈਹੁਂ ਸਿੰਘ ਕੌਮ ਕੋ ਨ,
ਆਜ ਮੈਂ ਜਹਾਨ ਮੈਂ ॥੧੭੮॥
ਨਥਾ ਮ੍ਰਿਗੇਸ ਜੌ ਸੁਨੀ,
ਧੁਨੀ ਪਠਾਨ ਏਸ ਕੀ[1]।

[1]ਪਠਾਣਾਂ ਦੇ ਸੈਨਾਪਤੀ ਦੀ (ਧੁਨੀ) ਅਵਾਜ਼।

ਗਜੇਸ ਕੀ ਗਰੱਜ ਪੈ,
ਦਸਾ ਜਜੋਂ ਹ੍ਵੈ ਮ੍ਰਿਗੇਸ ਕੀ[1]।

[1]ਵੱਡੇ ਹਾਥੀ ਦੀ ਗਰਜ ਸੁਣਨ (ਪੈ) ਪਿੱਛੋਂ ਜਿਵੇਂ ਸ਼ੇਰ ਦੀ ਹਾਲਤ ਹੁੰਦੀ ਹੈ।

ਪਰੀ ਬਰੂਦ ਆਗ ਜਜੋਂ,
ਜਗਜੋ ਕਰੋਧ ਸਿੰਘ ਕੋ[1]।

[1]ਜਿਵੇਂ ਬਰੂਦ ਤੇ ਅੱਗ ਪੈਂਦੀ ਹੈ ਐਉਂ ਸਿੰਘ ਦਾ ਕ੍ਰੋਧ ਜਾਗਿਆ।

ਪਗਜੋ ਸੁਰੱਸ-ਰੁੱਦਰੈਂ
ਭਗਜੋ ਬਢਾਇ ਡਿੰਘ ਕੋ[1] ॥੧੭੯॥

[1]ਚੰਗੇਰੌਦਰਰਸ 'ਚਰੰਗਿਆ ਗਿਆ, ਸਿੰਘ ਕਦਮ ਨੂੰ ਵਧਾ ਕੇ ਦੌੜਿਆ।

ਕੁਦਾਇ ਅੱਸ੍ਵ ਝਟਪਟੈਂ,
ਤੜੱਕ ਖਾਨ ਜਾ ਲਯੋ[1]।

[1]ਬਹੁਤ ਛੇਤੀ ਘੋੜਾ ਦੌੜਾ ਕੇ (ਤੜੱਕ) ਫੌਰਨ ਖ਼ਾਨ ਜਾ ਲਿਆ।

ਗਰੱਜ ਮੇਘ ਚੇਤ ਜਜੋਂ,
ਰਿਦਾ ਬਿਦੀਰਣੈ ਕਯੋ[1]।

[1]ਹਿਰਦਾ ਪਾੜ ਦਿੱਤਾ।

ਕਹਜੋ ਕਿ ਖਾਂ ਸੰਭਾਰ ਬਾਰ
ਲੇਹੁ, ਕੈ ਸੁਚੇਤ ਹ੍ਵੈ[1]।

[1]ਕਿਹਾ ਕਿ ਹੇ ਖ਼ਾਨ (ਆਪਣੇ ਆਪ ਨੂੰ) ਸੰਭਾਲ ਤੇ ਸਾਵਧਾਨ ਹੋ ਕੇ (ਮੇਰਾ) ਵਾਰ ਲੈ।

ਨਹੀਂ ਤਾਂ ਹੌਂਸ ਤੋਰ ਹੂੰ,
ਰਹੈਹ ਜੈਹ ਏਤ ਹੈ[1] ॥੧੯੦॥

[1]ਨਹੀਂ ਤਾਂ (ਤੇਰੇ ਚਿੱਤ ਦੀ) (ਹੌਂਸ) ਇੱਛਾ (ਏਤ) ਇਸੇ ਤਰ੍ਹਾਂਰਹਿ ਜਾਵੇਗੀ ਭਾਵ ਪੂਰੀ ਨਹੀਂ ਹੋਵੇਗੀ।

ਅਬੀ ਝਮੱਕ ਅੱਖ ਮੈਂ,
ਨਹੀਂ ਤੁ ਤੋਂਹਿ ਮੈਂ ਹਰੋ[1]।

[1]ਨਹੀਂ ਤਾਂ ਹੁਣੇ ਅੱਖ ਦੇ ਝਮਕਣ (ਜਿੰਨੇ ਚਿਰ) ਵਿੱਚ ਤੈਨੂੰ ਮੈਂ ਮਾਰ ਦਿਆਂਗਾ।

ਕਰੋਂ ਨਿਦਾਨ ਖਾਨ ਕੌਮ ਕੋ,
ਮਿਦਾਨ ਜੋ ਅਰੋ[1]।

[1]ਜੇ ਜੰਗ ਦੇ ਮੈਦਾਨ 'ਚ ਅੜੋਗੇ ਤਾਂ ਪਠਾਣ ਕੌਮ ਦਾ (ਨਿਦਾਨ) ਅੰਤ ਕਰ ਦਿਆਂਗਾ।

ਤਮੱਕ ਖਾਇ ਖਾਨ ਲੈ
ਕਮਾਨ ਪਾਨ ਕਾਨ ਲੌਂ।
ਤਨਾਇ[1], ਤੀਰ ਤੀਛਨੈ

[1]ਗੁੱਸਾ ਖਾ ਕੇ ਖ਼ਾਨ ਨੇ ਹੱਥ 'ਚ ਕਮਾਣ ਲੈ ਕੇ ਕੰਨ ਤੱਕ ਤਾਣ ਲਈ।

ਤਜੇ ਤੁਰੰਤ ਤਾਨ ਲੌਂ[1] ॥੧੯੧॥

[1](ਤਾਨ ਲੌਂ) ਸਾਰਾ ਜ਼ੋਰ ਲਾ ਕੇ ਛੇਤੀ ਤਿੱਖੇ ਤੀਰ ਛੱਡੇ।

ਅਪਾਰ ਬਾਨ ਮੇਂਹ ਜਯੋਂ,
ਬਸਾਇ ਦੀਨ ਖਾਨ ਨੈ।
ਸਸੀ-ਅਕਾਰ ਬਾਨ ਸੈਂ,
ਕਟੇ ਸੁ ਸਿੰਘ ਜ੍ਵਾਨ ਨੈ[1]।

[1]ਚੰਦ੍ਰਮਾਂ ਦੀ ਸ਼ਕਲ ਦੇ ਤੀਰਾਂ ਨਾਲ ਸਿੰਘ ਜਵਾਨ ਨੇ (ਖ਼ਾਨ ਦੇ ਤੀਰ) ਕੱਟ ਦਿੱਤੇ।

ਕਿਤੇਕ[1] ਢਾਲ ਪੈ ਲਏ,

[1]ਕਿਤਨੇ ਕੁ, ਕੁਝ ਕੁ।

ਕਿਤੇਕ ਤੇਗ ਸੈਂ ਕਟੈ।
ਕਿਤੇਕ ਘਾਇ ਅੰਗ ਮੈਂ,
ਕਰੈ ਗਏ ਝਟੈਂਪਟੈਂ[1] ॥੧੯੨॥

[1](ਖ਼ਾਨ ਦੇ ਤੀਰ) ਅੰਗਾਂ ਵਿੱਚ ਕਿਤਨੇ ਕੁ ਜ਼ਖ਼ਮ ਝਟਾਪਟ ਕਰ ਗਏ।

ਹੁਤੀ ਸੰਜੋਇ ਦੋਇ ਕੇ,
ਕਿਕਾਨਨੈ ਸਮੇਤ[1] ਹੈਂ।

[1]ਘੋੜਿਆਂ ਸਣੇ।

ਮਢੇ ਫੁਲਾਦ ਮੈਂ ਹੁਤੇ,
ਬਚੇ ਸੁ ਏਸ ਹੇਤ[1] ਹੈਂ।

[1]ਇਸੇ ਵਾਸਤੇ।

ਤਬੈ ਬੰਦੂਕ ਡੰਭ ਦੀਨ[1],

[1]ਚਲਾ ਦਿੱਤੀ।

ਸਿੰਘ ਨੈ ਤਕਾਇ ਕੈ।
ਤੜਾਕ ਤੋੜਿ ਤ੍ਰਾਣ ਕੋ,
ਸੁਟਯੋ ਤੁਰੰਗ ਘਾਇ ਕੈ[1] ॥੧੯੩॥

[1](ਤੜਾਕ) ਛੇਤੀ (ਤ੍ਰਾਣ) ਸੰਜੋਅ ਨੂੰ ਤੋੜ ਕੇ ਘੋੜਾ ਮਾਰ

ਸੁੱਟਿਆ।

ਜਿਤੀ ਕੁ ਦੇਰ ਖਾਨ ਕੋ,
ਉਠੰਤ[1] ਭੁਮਿ ਤੈ ਲਗੀ।
[1]ਉਠਦੇ ਨੂੰ।
ਤਦਾਂਹਿ ਲੌ ਬੰਦੂਕ ਸਿੰਘ
ਕੇਰ, ਦੂਸਰੀ ਦਗੀ[1]।
[1]ਚਲ ਗਈ।
ਲਗਯੋ ਦੁਗਾੜ[1] ਖਾਨ ਕੋ,
[1]ਦੋ ਗੋਲੀਆਂ।
ਪਛਾੜ ਖਾਇ[1] ਸੋ ਗਿਰਯੋ।
[1]ਪਿੱਛੇ ਨੂੰ ਧੱਕਾ ਖਾ ਕੇ।
ਮਨੋ ਮਿਨਾਰ ਬਿੱਜਲੀ,
ਉਪਾੜਿ ਫਾੜਿ ਹੈ ਡਿਰਯੋ[1] ॥੧੯੪॥
[1]ਜਾਣੋ ਬਿਜਲੀ ਨੇ ਮੁਨਾਰਾ ਪੁੱਟ ਕੇ ਤੇ ਪਾੜ ਕੇ ਡੇਗ ਦਿੱਤਾ ਹੈ।
ਸੁਟੀ ਸੁ ਭੰਨ ਸੱਥਲੈਂ,
ਤੁਟੀ ਸੰਜੋਇ ਥੀ ਵਹੈਂ[1]।
[1]ਪੱਟਾਂ ਭੰਨ ਸੁੱਟੀਆਂ ਤੇ (ਵਹੈ) ਉਹ ਸੰਜੋਅ ਵੀ ਟੁੱਟ ਗਈ ਸੀ।

ਝਟੱਕ ਸਿੰਘ ਸਾਂਗ ਸੈਂ,
ਪਰੋਇ ਗ੍ਰੀਵ ਲੀਵ ਹੈ[1] ॥੧੯੫॥
[1]ਛੇਤੀ ਹੀ ਸਿੰਘ ਨੇ ਬਰਛੀ ਨਾਲ ਧੌਣ ਪਰੋ ਲਈ ਹੈ।

ਦੋਹਰਾ:

ਜਬਿ ਨੱਥਾ ਸਿੰਘ ਇਮ ਹਤਾ[1],
[1]ਮਾਰ ਦਿੱਤਾ।
ਅਤਾ-ਮੁਹੰਮਦ ਖਾਨ।
ਜੈ ਜੈ ਕਾਰ ਸਿੰਘਾਨ ਕਿਯ,
ਹਾ ਹਾ[1] ਕਰੈਂ ਪਠਾਨ ॥੧੯੬॥
[1]ਹਾਇ ਹਾਇ।

ਸ੍ਵੈਯਾ:

ਹੇਰਿ ਹਿਰਾਨ ਰਹਾਇ ਪਠਾਨਨ,
ਖਾਇ ਤਮੱਕ ਚਮੱਕ ਅਤੇ ਹੈਂ[1]।
[1](ਅਤੇ ਹੈਂ) ਬਹੁਤਾ (ਚਮੱਕ) ਖਿਝ ਕੇ ਤੇ (ਤਮੱਕ) ਗ਼ੁੱਸਾ ਖਾ ਕੇ।

ਕੀਨ ਹਲਾ ਅਤਿ ਬੋਲਿ ਅਲਾ ਅਲੀ,
ਤੁੱਪਕ ਤੀਰ ਤਜੇ ਸਮ ਮੇਹੈਂ।
ਸਿੰਘਨ ਬੋਲਿ ਅਕਾਲ ਅਕਾਲ,
ਸੰਭਾਲ ਲਏ ਅਰਿ ਨਾਹਿਂ ਹਲੇ ਹੈਂ[1]।
[1]ਵੈਰੀ ਸੰਭਾਲ ਲਏ ਭਾਵਰੋਕ ਲਏ ਆਪ ਨਹੀਂ ਹੱਲੇ।
ਦੋ ਦਿਸ ਤੈ ਰਿਸ ਤੈ[1] ਲਰਹੀਂ,
[1]ਗ਼ੁੱਸੇ ਨਾਲ।
ਟਰਹੀਂ ਨਹਿਂ ਕੋ ਮਰਹੀਂ ਬਲਕੇ[1] ਹੈਂ ॥੧੯੭॥
[1]ਸਗੋਂ।
ਤੌ ਲਗ ਆਨਿ ਅਤਾਉਲ-ਖਾਨ,
ਹਜਾਰ ਦ੍ਵਾਦਸ ਕੇ ਸਰਦਾਰੈਂ[1]।
[1]ਤਦੋਂ ਤੱਕ ਬਾਰਾਂ ਹਜ਼ਾਰ ਫੌਜ ਦੇ ਸਰਦਾਰ ਅਤਾਉੱਲਾਖ਼ਾਨ ਨੇ

ਆ ਕੇ।

ਦੀਨ ਝੁਕਾਇ ਦੁਰਾਨਿਨ ਕੋ,
ਅਕ ਕੈ ਪਸ਼ਤੋ ਬਕ ਕੈ ਬਹੁ ਗਾਰੈਂ[1]।

[1](ਅੱਕ ਕੈ) ਖਿੱਝ ਕੇ ਤੇ ਪਸ਼ਤੋ ਬੋਲੀ ਵਿੱਚ ਬਹੁਤੀਆਂ ਗਾਹਲਾਂ (ਬਕ ਕੈ) ਕੱਢ ਕੇ ਦੁਰਾਨੀਆਂ ਨੂੰ ਜੰਗ ਵਿੱਚ ਝੋਕ ਦਿੱਤਾ।

ਜੇਤਿਕ ਤੁੰਮਨਦਾਰ[1] ਹੁਤੇ,
ਵਹਿ ਅੱਗਰ ਦੇਤ ਚਲੇ ਲਲਕਾਰੈਂ।

[1]ਜੱਥੇਦਾਰ।

ਸਿੰਘ ਲਚਾਰ[1] ਕਰੇ ਗਿਲਜਜੋਂ ਤਬਿ,

[1]ਦੁੱਖੀ, ਬੇਵਸ।

ਭੂਰ ਮਰੇ ਜ਼ਖਮੀ ਭਵ ਭਾਰੈਂ[1] ॥੧੮੮॥

[1]ਬਹੁਤੇ ਮਰ ਗਏ (ਭਾਰੈਂ) ਬਹੁਤੇ ਜ਼ਖ਼ਮੀ (ਭਵ) ਹੋ ਗਏ।

ਸਿੰਘ ਦਿਆਲ ਬਿਸਾਲ ਬਲੀ,
ਪਿਖ ਕੈ ਤਬਿ ਕੇਹਰ ਜਯੋਂ ਗਰਜਯੋ ਹੈ।
ਛੇੜਿ ਤੁਰੰਗ ਉਮੰਗ ਯੁਤੈਂ,
ਭਵ ਅੱਗਰ ਦੁੱਜਨ ਕੋ ਤਰਜਯੋ ਹੈ[1]।

[1]ਉਤਸ਼ਾਹ ਸਹਿਤ ਅੱਗੇ (ਭਵ) ਹੋ ਕੇ (ਦੁੱਜਨ) ਵੈਰੀਆਂ ਨੂੰ ਤਾੜਿਆ।

ਖਾਨ ਅਤਾਉਲਾ ਆਨਿ ਲਰਯੋ ਤਬਿ,
ਦੋਨਨ ਮੈਂ ਨਹਿਂ ਕੋ ਲਰਜਯੋ ਹੈ[1]।

[1]ਕੋਈ ਨਹੀਂ ਕੰਬਿਆ ਭਾਵ ਡਰਿਆ।

ਦੁੰਦ ਸੁ ਜੁੱਧ ਠਟਯੋ ਅਤਿ ਸੁੱਧ,
ਦੁਹੂੰ ਨਿਜ ਸੈਨਨ ਕੋ ਬਰਜਯੋ ਹੈ[1] ॥੧੮੯॥

[1]ਚੰਗਾ ਤੇ ਬਹੁਤ ਸਾਫ਼ ਦੁੰਦ- ਜੁੱਧ ਕੀਤਾ, ਦੋਹਾਂ ਨੇ ਆਪੋ ਆਪਣੀਆਂ ਫੌਜਾਂ ਨੂੰ ਰੋਕ ਦਿੱਤਾ। (ਦੁੰਦ ਜੁੱਧ- ਸਿਰਫ਼ ਦੋਂਹ ਸੂਰਮਿਆਂ ਦਾ ਜੰਗ।)

ਜੌ ਲਗ ਏਕ ਗਿਰੈ ਹਮ ਮੈਂ ਨਹਿਂ,
ਤੌ ਲਗ ਦੇਖਹੁ ਜੰਗ ਹਮਾਰੈ।
ਮੱਦਦ ਕੋਇ ਨ ਕਾਂਹਿ ਕਰੋ,
ਹਮਹੂੰ ਕਰ ਹੈਂ ਭਟ-ਭੇਰ ਉਦਾਰੈਂ[1]।

[1]ਚੰਗਾ ਜੰਗ।

ਯੌਂ ਸੁਨਿ ਦੇਖਨ ਲਾਗੇ ਸਭੈ ਇਤ,
ਸਿੰਘ ਪਠਾਨ ਜੁਟੇ ਸੁ ਜੁਝਾਰੈਂ[1]।

[1]ਸੂਰਮੇਂ।

ਬੀਰ ਬਲੀ ਮਸ਼ਹੂਰ ਉਭੈ,
ਸਰਦਾਰ ਹੁਤੇ ਜੁਗ ਓਰਨ ਭਾਰੈਂ[1] ॥੧੯੦॥

[1]ਦੋਹਾਂ ਪਾਸਿਆਂ ਦੇ ਦੋਵੇਂ ਵੱਡੇ ਸਰਦਾਰ ਸਨ।

ਭੁਜੰਗ ਪ੍ਰਯਾਤ ਛੰਦ:
ਮਢੇ ਲੋਹ ਦੋਊ ਫੁਲਾਦੀ ਸੰਜੋਏਂ।
ਤੁਰੰਗੈਂ ਸਮੇਤੈਂ ਉਘਾਰੇ ਨ ਕੋਏ[1]।
ਦਏ ਨੈਨ ਮੈਂ ਨੈਨ ਹੈਂ ਐਨ ਦੋਹੈਂ।

[1]ਘੋੜਿਆਂ ਸਣੇ ਕੋਈ ਵੀ ਅੰਗ (ਉਘਾਰੇ) ਨੰਗਾ ਨਹੀਂ ਸੀ।

ਚਿਤੈਂ ਏਕ ਕੋ ਦੂਸਰੋ ਹੀ ਸਰੋਹੈਂ[1] ॥੧੯੧॥	[1]ਇਕ ਨੂੰ ਦੂਸਰਾ ਗ਼ੁੱਸੇ ਨਾਲ (ਚਿਤੈ) ਦੇਖਦਾ ਹੈ।
ਫਿਰੈਂ ਛੇਰਤੇ ਅੱਸ੍ਰੈਂ ਇੱਤ ਉਤੈਂ।	
ਤਕੈਂ ਦਾਉ ਮਾਰਯੋ ਚਹੈਂ ਘਾਉ ਕਿਤੈਂ।	
ਕਹਯੋ ਸਿੰਘ ਤੋਂ ਗੱਜ ਕੈ ਖਾਨ ਕੋ ਹੈ।	
ਕਰੋ ਬਾਰ ਨਾ ਤੋਰਹੈ ਹੌਂਸ ਤੋਹੈਂ[1] ॥੧੯੨॥	[1]ਤੇਰੀ (ਹੌਂਸ) ਮਨ ਦੀ ਇੱਛਾਰਹਿ ਜਾਵੇਗੀ।
ਨਹੀਂ ਤੋ ਅਬੀ ਹੀ ਤੁਝੈ ਮਾਰਤਾ ਹੂੰ।	
ਧਰਾ ਪਲਕ ਹੀ ਝਲਕ ਮੈਂ ਡਾਰਤਾ ਹੂੰ[1]।	[1](ਪਲਕ) ਅੱਖ ਦੇ (ਝਲਕ ਮੈਂ) ਫਰਕਣ ਵਿੱਚ ਹੀ ਧਰਤੀ ਤੇ ਸਿੱਟਦਾ ਹਾਂ।
ਤਬੈ ਗ੍ਰੱਜ ਕੈ ਤ੍ਰੱਜ ਕੈ[1], ਖਾਨ ਭਾਖਯੋ।	[1]ਤਾੜ ਕੇ।
ਗਜੈ ਮੱਤ ਮਾਤੰਗ ਜਯੋਂ ਮੱਦ ਚਾਖਯੋ[1] ॥੧੯੩॥	[1]ਜਿਵੇਂ (ਮਾਤੰਗ) ਹਾਥੀ (ਮਦ) ਸ਼ਰਾਬ ਪੀ ਕੇ ਮਸਤ ਹੋਇਆ ਗੱਜਦਾ ਹੈ।
ਨਹੀਂ ਖਾਨ-ਬੇਹਾਰ-ਮੱਕ੍ਰਬ[1] ਮੈਂ ਹੂੰ।	[1]ਇਕ ਪਠਾਣ ਦਾ ਨਾਮ।
ਨਹੀਂ ਸਾਂਹਚੀ ਖਾਨ ਜੱਲਾਲ ਥੈਹੂੰ[1]।	[1]ਨਹੀਂ ਹੋਵਾਂਗਾ।
ਅਤਾ[1] ਨਾਹਿਂ ਮੈਹੂੰ ਕਤਾ ਔਰ ਕੋਹੀ[2]।	[1]ਅਤਾ ਮੁਹੰਮਦ। [2]ਹੋਰ (ਜਿਨ੍ਹਾਂ) (ਕੋਹੀ) ਪਹਾੜੀਆਂ ਨੂੰ ਤੁਸਾਂ (ਕਤਾ) ਕਤਲ ਕੀਤਾ ਹੈ ਮੈਂ ਉਹ ਵੀ ਨਹੀਂ ਹਾਂ।
ਤੁਮੈਂ ਕੀਨ ਹੰਕਾਰ ਜੌ ਮਾਰਿ ਵੋਹੀ[1] ॥੧੯੪॥	[1]ਉਨ੍ਹਾਂ ਨੂੰ।
ਤਿਨੈ ਕੌਨ ਜਾਨੈ ਭਏ ਕੌਨ ਪਾਜੀ[1]।	[1]ਕਾਇਰ।
ਲਖੋ ਮੋਹਿ ਮੰਮੂ-ਜ਼ਈ ਖਾਨ ਗਾਜੀ[1]।	[1]ਮੈਨੂੰ ਪਠਾਣਾਂ ਦੀ ਮੰਮੂ ਜ਼ਈ ਨਾਮ ਦੀ ਬਹਾਦਰ ਕੌਮ ਦਾ (ਗਾਜ਼ੀ) ਸੂਰਮਾ ਜਾਣੋ।
ਰਹੀ ਕੌਮ ਸ਼ਾਹਾਨ ਤੈ[1] ਜੋਇ ਆਕੀ।	[1]ਬਾਦਸ਼ਾਹਾਂ ਤੋਂ।
ਭਿਰੈ ਜਾਂਹਿ ਸੋ ਨਾ ਤਜੈਂ ਤਾਂਹਿ ਬਾਕੀ[1] ॥੧੯੫॥	[1]ਜਿਸ ਨਾਲ ਲੜਦੇ ਹਨ ਉਸ ਨੂੰ ਬਾਕੀ ਨਹੀਂ ਛੱਡਦੇ।
ਪਲੇ ਹੈਂ ਹਮੈਂ ਖਾਇ ਕੈ ਮਾਸ ਮੇਵਾ।	
ਛਕੈਂ ਬੱਕਰਾ ਸਾਬਤੈਂ ਰੋਜ ਏਵਾ[1]।	[1]ਇਸ ਤਰ੍ਹਾਂ।
ਪੁਨਾ ਅਸਤ੍ਰੀ ਸ਼ਸਤ੍ਰੀ ਹੈਂ ਸਿਪਾਹੀ।	
ਇਹੀ ਆਹਿ ਪੇਸ਼ਾ ਘਨੀ ਪੁਸ਼ਤ ਕਾ ਹੀ[1] ॥੧੯੬॥	[1]ਅਸਤ੍ਰਾਂ ਤੇ ਸ਼ਸਤ੍ਰਾਂ ਦੀ ਵਿੱਦਿਆ ਦੇ ਜਾਣੂ ਸਿਪਾਹੀ ਹਨ, ਸਾਡਾ ਬਹੁਤ (ਪੁਸ਼ਤ) ਪੀੜ੍ਹੀਆਂ ਦਾ ਹੀ ਇਹ (ਪੇਸ਼ਾ) ਕਿੱਤਾ ਹੈ।
ਬਲੀ ਬੀਰ ਬੇਬਾਕ[1] ਬੋਲੰਦ ਕੱਦੈਂ[2]।	[1](ਬੇਬਾਕ) ਨਿੱਡਰ। [2]ਉੱਚੇ ਕੱਦਾਂ ਵਾਲੇ ਹਨ।
ਕਰੇ ਜੰਗ ਆਯੂ ਭਰੇ ਹੈਂ ਬਿਹੱਦੈਂ[1]।	[1]ਉਮਰ ਭਰ ਵਿੱਚ (ਬਿਹੱਦੈਂ) ਅਣਗਿਣਤ ਹੀ ਜੰਗ ਕੀਤੇ ਹਨ।
ਸੁਨੀ ਹੋਗ ਤੈਂ ਭੀ ਕਬੀ ਬਾਤ ਐਹੈਂ[1]।	[1]ਇਹ।
ਜੰਮੇ ਕਾਬਲੈਂ ਨਿੱਤ ਮੋਹਿੰਮ ਰੈਹੈਂ[1] ॥੧੯੭॥	[1]ਕਾਬਲ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ (ਲੜਾਈਆਂ)

	ਰਹਿੰਦੀਆਂ ਹਨ।
ਪੁਨਾ ਦ੍ਵਾਦਸੈਂ ਸਹਸ ਅਸਵਾਰ ਕੇਰੋ[1]।	[1]ਫੇਰ ਬਾਰਾਂ ਹਜ਼ਾਰ ਅਸਵਾਰਾਂ ਦਾ।
ਮੁਝੈ ਹੀ ਜਥੇਦਾਰ ਸਰਦਾਰ ਹੇਰੋ।	
ਪਿਛੈ ਮੱਦਤੈਗਾਰ[1] ਹੈ ਸ਼ਾਹਿ ਮੇਰੋ।	[1]ਸਹਾਇਕ।
ਨਹੀਂ ਏਕ ਭੀ ਕੂਰ ਮੈਂ ਯਾਹਿ ਟੇਰੋ[1] ॥੧੯੮॥	[1]ਕਿਹਾ।
ਇਤੀ ਬਾਤ ਮੈਂ ਸੇ ਤੁਮੈ ਮੱਧ ਕੋਈ।	
ਨਹੀਂ ਹਾਸਲੈ, ਅੱਸਲੈਂ ਲੇਹੁ ਜੋਈ[1]।	[1]ਦੇਖ ਲਵੋ ਕਿ ਇਤਨੀਆਂ ਗੱਲਾਂ ਵਿੱਚੋਂ ਤੁਹਾਡੇ ਵਿੱਚ ਕਿਸੇ ਨੂੰ ਵੀ ਅਸਲ ਵਿੱਚ ਕੋਈ ਗੱਲ ਪ੍ਰਾਪਤ ਨਹੀਂ।
ਇਸੀ ਤੈ[1] ਤੁਮੈਂ ਜਾਨ ਗਾਰੀਬ ਭਾਰੇ।	[1]ਏਸੇ ਕਰਕੇ।
ਹਮੈਂ ਭੀ ਤਜੈ ਹੈਂ ਭਜੋ ਸ਼ਸਤ੍ਰ ਡਾਰੇ[1] ॥੧੯੯॥	[1]ਅਸੀਂ ਵੀ ਤੁਹਾਨੂੰ ਛੱਡ ਦੇਂਦੇ ਹਾਂ (ਤੁਸੀਂ) ਸ਼ਸਤ੍ਰ ਛੱਡ ਕੇ ਭੱਜ ਜਾਵੋ।
ਸਮੰ ਜੇ ਹਮੰ ਨਜਾਮਤੈਂ ਚੈਹੁ ਖਾਨੇ[1]।	[1]ਜੇ ਤੁਸੀਂ ਸਾਡੇ ਵਾਂਗ (ਨਿਆਮਤੈਂ) ਚੰਗੇ ਪਦਾਰਥ ਖਾਣੇ ਚਾਹੁੰਦੇ ਹੋ।
ਕਰੋ ਦੀਨ ਕਾਬੂਲ ਹੱਮਾਰ ਆਨੇ[1]।	[1]ਆ ਕੇ।
ਤਬੈ ਸਿੰਘ ਦਇਆਲ ਜੁ ਐਸ ਭਾਖਾ।	
ਅਰੇ ਖਾਨ ਤੈ ਨੈ, ਯਦੀ[1] ਸਾਚ ਆਖਾ ॥੨੦੦॥	[1]ਜੇ ਕਰ, ਭਾਵੇਂ।
ਤਦਾ ਭੀ[1] ਗੁਰੂ ਜੋ ਭਏ ਹੈਂ ਹਮਾਰੇ।	[1]ਤਾਂ ਵੀ।
ਸੁਧਾ[1] ਦੀਨ ਜੋਊ ਤਿਨੈ ਹੂੰ ਉਦਾਰੇ।	[1]ਅੰਮ੍ਰਿਤ।
ਸਮੰ ਤਾਂਹਿ ਨਾ ਨਜਾਮਤੈਂ ਔਰ ਕੋਈ।	
ਜਿਸੈ ਪਾਇ ਕੈ ਜਨਮ ਨ ਮ੍ਰਿਤੁ[1] ਹੋਈ ॥੨੦੧॥	[1]ਮੌਤ।
ਸਭੈ ਲੋਕ ਪਰਲੋਕ ਕੇ ਸ਼ੋਕ ਜੈਹੈਂ[1]।	[1]ਚਲੇ ਜਾਂਦੇ ਹਨ।
ਜਿਤੇ ਦੀਨ ਔਰੈਂ ਤੁਛੈ ਹੀ ਦਿਖੈ ਹੈਂ[1]।	[1]ਤੁੱਛ ਹੀ ਦਿਸਦੇ ਹਨ।
ਨਰੰ ਨਾਰਿ ਕੋਈ ਛਕੈ ਜੋ ਸੁਧਾ ਸੋ।	
ਬੁਜੋ ਤੈ ਭਵੈ ਕੇਹਰੈਂ ਲੈ ਮੁਦਾ ਸੋ[1] ॥੨੦੨॥	[1](ਬੁਜੋ) ਬੱਕਰੇ ਤੋਂ (ਕੇਹਿਰੈਂ) ਸ਼ੇਰ (ਭਵੈ) ਹੋ ਜਾਂਦਾ ਹੈ ਤੇ ਉਹ (ਮੁਦਾ) ਅਨੰਦ ਲੈ ਲੈਂਦਾ ਹੈ।
ਨਹੀ ਕੱਦ ਕੀ ਬੱਧ ਭੀ ਕੋ ਬਡਾਈ[1]।	[1]ਕੱਦ ਦੇ (ਬੱਧ) ਵੱਡੇ ਹੋਣ ਦੀ ਵੀ ਕੋਈ ਵਡਿਆਈ ਨਹੀਂ।
ਬੱਚਾ ਸ਼ੇਰ ਕਾ ਗੇਰ ਹੈ ਫੀਲ ਤਾਂਈ[1]।	[1]ਹਾਥੀ ਨੂੰ।
ਅੱਲਾ ਰੱਬ ਅੱਕਾਲ ਜੋ ਏਕ ਆਹੀ[1]।	[1]ਹੈ।
ਨਹੀਂ ਕੌਨ ਸੀ ਬਾਤ ਸੋ ਕੈ ਸਕਾਹੀ[1] ॥੨੦੩॥	[1]ਉਹ (ਕੌਣ ਸੀ) ਕਿਹੜੀ ਗੱਲ ਹੈ (ਜਿਹੜੀ ਉਹ) ਪ੍ਰਮੇਸ਼ਰ (ਕੈ) ਕਰ ਨਹੀਂ ਸਕਦਾ।
ਗਦਾਓਂ ਕਰੈ ਸ਼ਾਹਿ ਸ਼ਾਹੋਂ ਗਦਾ ਹੈ[1]।	[1]ਮੰਗਤਿਆਂ ਤੋਂ ਉਹ ਬਾਦਸ਼ਾਹ ਤੇ ਬਾਦਸ਼ਾਹਾਂ ਤੋਂ ਮੰਗਤੇ ਕਰ ਦੇਂਦਾ ਹੈ।

ਤਿਸੀ ਪੈ ਭਰੋਸਾ ਹਮੈਂ ਭੀ ਬਧਾ ਹੈ[1]।	[1]ਬਹੁਤ ਹੈ।
ਭਏ ਪੂਤ ਤਾਂ ਕੇ ਗੁਰੂ ਹੈਂ ਹਮਾਰੇ।	
ਵਹੀ ਪੰਥ ਕੇ ਮੱਦਤੈਂ-ਗਾਰ ਭਾਰੇ ॥੨੦੪॥	
ਭਵੋ ਤੁਰਕ ਜੋਊ ਹਮੈਂ ਯੌਂ ਸੁਨੈ ਹੈ[1]।	[1]ਜਿਹੜਾ ਸਾਨੂੰ ਇਹ ਸੁਣਾਵੇ ਕਿ ਤੁਸੀਂ ਤੁਰਕ (ਭਵੋ) ਹੋ ਜਾਉ।
ਦਿਵੈਂ ਸੂਰ ਤਾਂ ਕੇ ਮੁਖੈਂ ਮੂਤਰੈ ਹੈਂ[1]।	[1]ਅਸੀਂ ਉਸ ਦੇ ਮੂੰਹ ਵਿੱਚ ਸੂਰ ਦਾ ਮੂਤ੍ਰ ਪਾ ਦਿਆਂਗੇ।
ਅਰੇ ਕਾਯਰੇ ਕੂਰ[1] ਤੂੰ ਕਜਾ ਬਕੈ ਹੈਂ।	[1]ਝੂਠ।
ਜੁਟੋ ਜੰਗ ਕੈ ਤੋ ਹਟੋ ਅੱਗ੍ਰ ਤੈਹੈ[1] ॥੨੦੫॥	[1](ਕੈ ਤੋ) ਜਾਂ ਤਾਂ ਜੰਗ ਕਰੋ ਨਹੀਂ ਤਾਂ ਅੱਗੋਂ (ਪਿੱਛੇ) ਹਟ ਜਾਉ।
ਲਖੈਂ ਲਾਨਤੈਂ ਦੀਨ ਤੋ ਪੈ ਪਠੋ ਹੈ[1]।	[1]ਤੇਰਾ (ਦੀਨ) ਮਜ਼ਹਬ ਤੈਨੂੰ ਲੱਖਾਂ ਲਾਹਨਤਾਂ ਭੇਜੇਗਾ।
ਹਿਤੈ ਜਾਨ ਬੱਚਾਨ ਜੋ ਬਾਤ ਕੈਹੈਂ[1]।	[1]ਜੇਕਰ ਤੂੰ ਜਾਨ ਬਚਾਉਣ ਵਾਸਤੇ ਕੋਈ ਗੱਲ ਕਹੇਂਗਾ।
ਜਬੈ ਸਿੰਘ ਭਾਖਯੋ ਇਮੈਂ ਖਾਨ ਤਾਂਈਂ।	
ਚਢਯੋ ਰੋਸ ਭਾਰੀ ਬਢਯੋ ਅੱਗ੍ਰ ਆਈ[1] ॥੨੦੬॥	[1]ਵੱਧ ਕੇ ਅੱਗੇ ਆਇਆ।
ਉਭੈ ਬੀਰ ਬੱਜੇ ਤਰੱਜੇ ਰਿਸੈਹੈਂ[1]।	[1]ਦੋਵੇਂ ਸੂਰਮੇਂ ਇਕ ਦੂਜੇ ਨੂੰ (ਤਰੱਜੇ) ਤਾੜ ਕੇ (ਰਿਸੈਹੈਂ) ਗ਼ੁੱਸੇ ਨਾਲ ਵੱਜ ਪਏ ਭਾਵ ਟੱਕਰ ਪਏ।
ਮਨੋ ਮੇਘ ਗੱਜੇ ਪ੍ਰਲੈ ਕੇਰ ਐਹੈਂ[1]।	[1]ਜਾਣੋ ਪ੍ਰਲੋ ਦੇ ਸਮੇਂ ਦੇ ਬੱਦਲ ਗੱਜਦੇ ਹੋਏ ਆ ਰਹੇ ਹਨ।
ਖਿਚੈਂ ਦੰਡ ਕੋਵੰਡ ਪਰਚੰਡ ਜੋਰੈਂ[1]।	[1](ਕੋਵੰਡ) ਧਨੁਸ਼ ਦੇ (ਪ੍ਰਚੰਡ) ਕਠੋਰ ਡੰਡੇ ਨੂੰ ਜ਼ੋਰ ਨਾਲ ਖਿੱਚਦੇ ਹਨ।
ਚਿਕਾਰੇ ਮਨੋ ਬੀਜਰੀ ਕੀਨ ਸ਼ੋਰੈਂ[1] ॥੨੦੭॥	[1]ਧਨੁਸ਼ (ਚਿਕਾਰੇ) ਚਿਰੜ ਚਿਰੜ ਸ਼ਬਦ ਕਰਦੇ ਹਨ ਜਾਣੋ ਬਿਜਲੀਰੌਲਾ ਕਰ ਰਹੀ ਹੈ।
ਤਕਾ ਤੱਕ ਤੀਖੇ ਘਨੇ ਤੀਰ ਤੱਜੇ[1]।	[1]ਤੱਕ ਤੱਕ ਕੇ ਬਹੁਤੇ ਤਿੱਖੇ ਤੀਰ ਛੱਡੇ।
ਜਿਨੈ ਹੇਰ ਕੈ ਸਾਂਵਨੈ ਮੈਂਹ ਲੱਜੈ।	
ਜਿਰੈਂ ਛੇਦ ਕੈ ਭੇਦ ਕੈ ਢਾਲ ਕੇਤੇ[1]।	[1](ਜਿਰੈਂ) ਸੰਜੋਆਂ ਨੂੰ (ਛੇਦ ਕੈ) ਕੱਟ ਕੇ ਤੇ (ਕੇਤੇ) ਬਹੁਤੀਆਂ ਢਾਲਾਂ ਨੂੰ (ਭੇਦ ਕੈ) ਵਿੰਨ੍ਹ ਕੇ।
ਧਸੇ ਵੀਚ ਜੁੱਸੇ ਕੁੱਸੇ ਅੰਗ ਤੇਤੇ[1] ॥੨੦੮॥	[1](ਜੁੱਸੇ) ਸਰੀਰ ਵਿੱਚ ਜਾ ਧਸੇ (ਤੇਤੇ) ਸਾਰੇ ਅੰਗ ਕੱਟ ਦਿੱਤੇ।
ਦਿਆਲ ਸਿੰਘ ਸ਼ਹੀਦ ਤੌਂ ਕੋਪਿ ਚੰਗੇ।	
ਕਸੀ ਦੋਇ ਗੋਲੀ ਮਧੰ ਰਾਮਜੰਗੇ[1]।	[1]ਬੰਦੂਕ ਵਿੱਚ ਦੋ ਗੋਲੀਆਂ ਕਸੀਆਂ।
ਦਯੋ ਡੰਭ, ਬੇਲੰਬ ਨਾ ਕੀਨ ਤੌਨੇ[1]।	[1](ਡੰਭ) ਚਲਾ ਦਿੱਤੀਆਂ ਤਿਸ ਨੇ ਦੇਰ ਨਹੀਂ ਕੀਤੀ।
ਲਾਗੀ ਅਸ੍ਵ ਕੇ ਸੋ ਗਿਰਯੋ ਝੂਮ ਔਨੈ[1] ॥੨੦੯॥	[1]ਘੋੜੇ ਦੇ ਲਗੀ ਉਹ ਗੇੜਾ ਖਾ ਕੇ ਧਰਤੀ ਡਿੱਗ ਪਿਆ।
ਅਈ ਖਾਨ ਕੀ ਜੰਘ[1] ਤੁਰੰਗ[2] ਹੇਠੈਂ।	[1]ਲਤ। [2]ਘੋੜੇ।
ਗਯੋ ਭੂਮਿ ਪੈ ਸੋਇ ਭੀ ਸੰਗ ਲੇਟੈਂ।	
ਮਰਯੋ ਜਾਨ ਕੈ ਤੇ ਫਿਰਯੋ ਸਿੰਘ ਪਾਛੇ[1]।	[1]ਸਿੰਘ ਪਿੱਛੇ ਮੁੜ ਆਇਆ।

ਝੁਕੇ ਖਾਨ ਖੂੰਨੀ[1] ਘਨੇ ਔਰ ਆਛੇ ॥੨੧੦॥
[1]ਲੜਾਕੇ ਪਠਾਣ।

ਤਿਨੈ ਰੋਕਿਓ ਆਨਿ ਸਿੰਘਾਨ ਔਰੈਂ।
ਜੁਟੇ ਜੁਵਾਨ ਜੋਧੇ ਤਿਵੈਂ ਭੂਰ ਠੌਰੈਂ[1]।
[1]ਤਿਵੇਂ ਹੀ ਜਵਾਨ ਸੂਰਮੇਂ ਬਹੁਤੀ ਥਾਈਂ ਟੱਕਰ ਪਏ।

ਤਬੀ ਲੌ ਕਿਸੀ ਨੈ ਤਿਸੈ ਭੀ ਨਿਕਾਰਾ।
ਉਨਜੋ ਖਾਨ ਅੱਤਾਉਲਾ ਫੇਰ ਭਾਰਾ ॥੨੧੧॥
ਬਕਜੋ ਹੈ ਕਹਾਂ ਸਿੰਘ ਦਇਆਲ ਜੋਧਾ।
ਲਰੋਂ ਮੈਂ ਤਿਸੀ ਸੋਂ ਭਰਜੋ ਭੂਰ ਕ੍ਰੋਧਾ।
ਪਰੀ ਸਿੰਘ ਕੇ ਕਾਨ ਜੌ ਬਾਨਿ[1] ਏਹੈਂ।
[1]ਬੋਲੀ।

ਝੁਕਜੋ ਝੱਟ ਉਤੈ ਮਰਜੋ ਅੱਸ੍ਰ ਤੈਹੈ[1] ॥੨੧੨॥
[1]ਛੇਤੀ ਉਸ ਪਾਸੇ ਵੱਲ ਝੁਕਿਆ (ਤੈਹੈ) ਤਿਸ (ਦਿਆਲ ਸਿੰਘ) ਦਾ ਵੀ ਘੋੜਾ ਮਰ ਗਿਆ ਸੀ।

ਪੁਨਾ ਪੈਰ ਪਜਾਦੇ ਉਭੈ ਬੀਰ ਜੁੱਟੇ[1]।
[1]ਫੇਰ ਪੈਦਲ (ਪਿਆਦੇ) ਸਿਪਾਹੀਆਂ ਵਾਂਗ ਦੋਵੇਂ ਸੂਰਮੇਂ ਟੱਕਰ ਪਏ।

ਠਣੰਕਾਰ ਛੰਕਾਰ ਤੇਗਾਨ ਉਠੇ[1]।
[1](ਢਾਲਾਂ ਦੇ ਵੱਜਣ ਤੋਂ) ਠਣ ਠਣ ਤੇ ਤਲਵਾਰਾਂ ਦੇ ਵੱਜਣ ਤੋਂ ਛਣ ਛਣ ਦੀ (ਧੁਨੀ) ਉਠ ਰਹੀ ਹੈ।

ਤਬੈ ਸਿੰਘ ਅੱਕਾਲ ਕਾ ਧਜਾਨ ਕੈ ਕੈ[1]।
[1]ਕਰਕੇ।

ਪਬੈਂ ਭਾਰ ਹ੍ਵੈ ਓਜ ਸੰਭਾਰ ਪੈ ਕੈ[1] ॥੨੧੩॥
[1]ਬਲ ਸੰਭਾਲ ਕੇ ਤੇ ਭੱਜ ਕੇ।

ਧਰਜੋ ਖਾਨ ਕੇ ਮੂੰਡ ਪੈ ਤੱਕ ਤੇਗੈਂ[1]।
[1]ਖ਼ਾਨ ਦੇ (ਮੂੰਡ) ਸਿਰ ਤੇ ਤੱਕ ਕੇ ਤਲਵਾਰ ਮਾਰੀ।

ਕਟਜੋ ਟੋਪ ਮੂੰਡੂੰ ਧਰੈਂ ਔਨਿ ਬੇਗੈਂ[1]।
[1]ਟੋਪ ਤੇ ਸਿਰ ਕਰ ਕੇ ਛੇਤੀ ਨਾਲ (ਔਨਿ) ਧਰਤੀ ਤੇਰੱਖ ਦਿੱਤੇ।

ਧਸੀ ਜਾਇ ਪਾਤਾਲ ਮੈਂ ਕੋਲ ਘਾਯੋ[1]।
[1]ਸੂਰ (ਵਰਾਹ) ਨੂੰ ਮਾਰ ਦਿੱਤਾ।

ਗਿਧੀ ਥੀ ਸੁ ਸੂਰੈਂ ਵਹੀ ਯਾਦ ਆਯੋ[1] ॥੨੧੪॥
[1]ਸੂਰਾਂ ਨੂੰ ਮਾਰਨ ਗਿਝੀ ਹੋਈ ਸੀ ਉਹੀ ਸੂਰ ਯਾਦ ਆ ਗਿਆ।

Drw pY prw swP do Pwr QYhY[1][
[1]ਸਾਫ਼ ਦੋਫਾੜ ਹੋ ਕੇ ਧਰਤੀ ਤੇ ਪੈ ਗਿਆ।

ਸੁਟਜੋ ਜਜੋਂ ਤਖਾਨੈ ਤਰੰ ਚੀਰਿ ਚੈਹੈ[1] ॥੨੧੫॥
[1]ਜਿਵੇਂ (ਚੈਹੈ) ਸ਼ੌਕ ਨਾਲ ਤਰਖਾਣ ਨੇ ਦਰੱਖਤ ਚੀਰ ਕੇ ਸੁੱਟਿਆ ਹੈ।

ਕਬਿੱਤ:

ਅਤਾਉਲਾ ਖਾਨ ਭਾਰੀ ਦ੍ਵਾਦਸੈਂ ਹਜਾਰੀ[1]
[1]ਬਾਰਾਂ ਹਜ਼ਾਰ ਅਸਵਾਰਾਂ ਦਾ ਸਰਦਾਰ।

ਜਬਿ ਸੁਟਜੋ ਸਿੰਘ ਮਾਰੀ ਯੌਂ ਅਪਾਰੀ ਰਣ ਸੱਜ ਕੈ।
ਸਿੰਘਨ ਜਕਾਰੇ ਹਾਹਾਕਾਰੇ ਅਫਗਾਨੈ[1] ਕੀਨ,
[1]ਪਠਾਣਾਂ ਨੇ।

ਸੁਨ ਕੈ ਸਰ ਬੁਲੰਦ ਖਾਨ ਰੋਯੋ ਰੱਜ ਕੈ।
ਬੁਲੰਦ-ਸਰ[1] ਸ਼ੋਕ ਮੈਂ ਮਗਨ ਹੋਇ ਦੇਰ ਤਕ,
[1]ਸਰ ਬੁਲੰਦ ਖ਼ਾਂ।

ਫੇਰ ਟੇਰਿ[1] ਸਰਦਾਰੈਂ ਪੈਠਜੋ[2] ਰਣਿ ਗੱਜ ਕੈ।
[1]ਬੁਲਾ ਕੇ। [2](ਪੈਠਜੋ) ਵੜਿਆ।

ਦੈ ਦੈ ਲਲਕਾਰੇ ਹੈਂ ਲਰਾਏ ਸਰਦਾਰ ਭਾਰੇ,
ਆਏ ਅਰਰਾਇ ਪਰੇ[1] ਸਿੰਘਨ ਪੈ ਭੱਜ ਕੈ ॥੨੧੬॥ — [1]ਅਰੜਾ ਕੇ ਆ ਪਏ।

ਦਜਾਲ ਸਿੰਘ ਨੱਥਾ ਸਿੰਘ ਜੀਤ ਸਿੰਘ ਜਜੋਣ ਸਿੰਘ,
ਮੋਹਰ ਮ੍ਰਿਗੇਸ਼ ਮਾਹਾਂ ਸਿੰਘ ਸਿੰਘ ਨਾਹਰੈਂ।
ਹੋਇ ਕੈ ਦਲੇਰ ਹੂੰ ਲਰਾਏ ਸਿੰਘ ਫੇਰ ਭੂਰ,
ਤੀਰ ਤੇਗ ਤੁੱਪਕੈਂ ਚਲੇ ਸੁ ਬੇਗ ਕਾਹਰੈਂ[1]। — [1](ਬੇਗ) ਜ਼ੋਰ ਤੇ (ਕਾਹਰੈਂ) ਕਾਹਲੀ ਨਾਲ।
ਮਾਰ ਮਾਰ ਬਕਤ[1] ਥਕਤ ਨਾਂਹਿ ਓਰ ਦੋਇ, — [1]ਬੋਲਦੇ ਹੋਏ।
ਦਜਾਲ ਸਿੰਘ ਮਾਰੇ ਸਰਦਾਰ ਹੋਰ ਜਾਹਰੈਂ[1]। — [1]ਪ੍ਰਤੱਖ ਹੀ।
ਤਾਂਹੀਂ ਸਮੇਂ ਲਾਗਿਓ ਦੁਗਾੜਾ[1] ਆਇ ਮਾਥ ਵੀਚ, — [1]ਦੋ ਇਕੱਠੀਆਂ ਗੋਲੀਆਂ।
ਨਿਕਸਜੋ ਕਪਾਲ ਫੋਰਿ ਦੁਤੀ ਓਰ ਬਾਹਰੈਂ[1] ॥੨੧੭॥ — [1]ਸਿਰ ਦੀ ਖੋਪਰੀ ਭੰਨ ਕੇ ਦੂਜੇ ਪਾਸੇ ਬਾਹਰ ਜਾ ਨਿਕਲੀਆਂ।

ਤੌ ਭੀ ਸਿੰਘ ਦੌਰ ਕੈ ਅਗਾਂਹਿ ਪਾਂਚ ਸਾਤ ਢਾਹਿ[1], — [1]ਮਾਰ ਦਿੱਤੇ।
ਵਾਹਿਗੁਰੂ ਬੋਲ ਚਾਹਿ ਗਿਰਜੋ ਮੂੰਹ ਭਾਹਿਰੈਂ[1]। — [1]ਮੂੰਹ ਭਾਰ।
ਨੱਥਾ ਸਿੰਘ ਨਾਹਿਰੈਂ[1] ਉਠਾਇ ਲਜਾਏ ਝੱਟਪਟ, — [1]ਨਾਹਰ ਸਿੰਘ।
ਕਿਲੇ ਮੈਂ ਪਠਾਇ ਦੀਨ ਜੰਗ ਕੀਨ ਠਾਹਿਰੈਂ[1]। — [1]ਠਹਿਰ ਕੇ, ਖੜੋ ਕੇ।
ਤਾਂਹੀਂ ਸਮੇਂ ਰਾਮ ਸਿੰਘ ਜੀਤ ਸਿੰਘ, ਮੋਹਰ ਸਿੰਘ
ਆਦਿਕੈਂ ਸ਼ਹੀਦ ਹ੍ਵੈ, ਨਿਬਾਹਜੋ ਸੰਗ ਜਾਹਿਰੈਂ।
ਹੇਲ ਕਰਿ ਸੱਤ੍ਰੈ[1] ਧਕੇਲ ਲਏ ਸਿੰਘ ਫੇਰ ਜਬਿ, — [1]ਵੈਰੀਆਂ ਨੇ ਹੱਲਾ ਕਰਕੇ।
ਤਬ ਨੱਥਾ ਸਿੰਘ ਕੀਨ ਇਮ ਆਹਿਰੈ[1] ॥੨੧੮॥ — [1]ਉੱਦਮ, ਉਪਾਉ, ਯਤਨ।

ਪਾਂਚ ਸਿੰਘ ਖੜ੍ਹੇ ਕਰ ਅਰਦਾਸ ਕਰਵਾਈ,
ਗੁਰੁ ਦਸਮੇਸ਼ ਪੈ ਬਿਸ਼ੇਸ਼[1] ਹੂੰ ਪੁਕਾਰ ਕੈ। — [1]ਬਹੁਤੀ।
ਏ ਜੁ ਮਹਾਰਾਜ ਆਜ ਕਠਨ ਵਖਤ ਪਰਜੋ,
ਰਾਖ ਲੇਹੁ ਲਾਜ ਨਿਜ ਬਿਰਦ ਸੰਭਾਰ ਕੈ।
ਦ੍ਰੋਪਤੀ ਕੀ ਬੇਰ ਆਪ ਦੇਰ ਨਾ ਕਰੀ ਜਜੋਂ ਨਾਥ,
ਕਰੀ[1] ਕੀ ਪੁਕਾਰ ਪੈ ਨ ਆਏ ਕਰਿ ਬਾਰ ਕੈ[2]। — [1]ਹਾਥੀ। [2]ਦੇਰੀ ਕਰਕੇ।
ਸੰਕਟ ਬਿਕਟ[1] ਕਾਟੇ ਦਾਸਨ ਕੇ ਡਾਂਟੇ ਅਰਿ, — [1]ਕਰੜੇ ਕਸ਼ਟ।
ਪ੍ਰਹਿਲਾਦ ਅਹਿਲਾਦ ਦੀਨ ਥੰਭ ਫਾਰ ਕੈ[1] ॥੨੧੯॥ — [1]ਥੰਮ੍ਹ ਪਾੜ ਕੇ।

ਘਲੂਘਾਰੇ ਦੋਇ ਮੈਂ ਉਬਾਰੇ[1] ਸਿੰਘ ਸੱਤ੍ਰੂੰ ਤੇ, — [1]ਬਚਾਏ।
ਮੀਰਮੰਨੂ ਬੇਰ[1] ਫੇਰ ਦੇਰ ਜੈਸ ਨਾ ਕਰੀ। — [1]ਵਾਰੀਂ।
ਭਰਤ-ਪੁਰੇ ਮੈਂ ਕਰਿ ਸਰਤ[1] ਬਚਾਏ ਸਿੱਖ, — [1]ਸਹਾਇਤਾ।
ਸਰਤ ਮੈਂ[1] ਡੂਬਤੇ ਤਰਾਏ ਜੈਸ ਹ੍ਵੈ ਤਰੀ[2]। — [1]ਨਦੀ 'ਚ। [2]ਜਿਵੇਂ ਬੇੜੀ ਹੋਵੇ।
ਹਾਠੂ ਸਿੰਘ ਤੈ ਨਿਬਾਹੂ ਸਿੰਘ ਕੇ ਨਿਬਾਹੂ ਥਏ[1], — [1](ਲੱਜਾ) ਨਿਬਾਹੁਣ ਵਾਲੇ ਹੋਏ।
ਦਾਸਨ ਕੀ ਆਸ ਬਹੁ ਠੌਰੈਂ ਐਸ ਜਸੋਂ ਭਰੀ[1]। — [1]ਜਿਵੇਂ ਆਸ ਪੂਰੀ ਕੀਤੀ।
ਆਜ ਮਹਾਰਾਜ ਇਹੁ ਤੇਰੋ ਹੀ ਜਹਾਜ[1] ਆਹਿ, — [1]ਪੰਥ ਰੂਪ ਜਹਾਜ਼।
ਰਾਖ ਲਾਜ ਗਾਜ ਕੈ ਗੁਬਿੰਦ ਸਿੰਘ ਜੂ ਹਰੀ[1] ॥੨੨੦॥ — [1]ਹੇ ਹਰੀ ਰੂਪ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਗਾਜ ਕੈ) ਪ੍ਰਗਟ ਹੋ ਕੇ ਲਾਜ ਰੱਖੋ।

ਦੀਨ ਦਜਾਲ ਬਿਰਦ ਸੰਭਾਲ ਹ੍ਵੈ ਕ੍ਰਿਪਾਲ ਝਟ,
ਫੌਜ ਲੈ ਬਿਸਾਲ ਸੰਗ ਗੁਪਤੋਂ[1] ਕੀ ਆਏ ਹੈਂ। — [1]ਸ਼ਹੀਦਾਂ ਦੀ।
ਨੱਥਾ ਸਿੰਘ ਆਦਕੈਂ ਸਿਦਕ ਵਾਰੇ ਸਿੰਘਨ ਕੋ,
ਦੀਓ ਹੈ ਦਿਦਾਰ ਗੁਰੁ ਧੀਰਜ ਧਰਾਏ ਹੈਂ।
ਤਾਂਹੀਂ ਸਮੇਂ ਤੁੰਮ ਕੈ ਸ਼ਹੀਦਨਿ[1] ਗਿਰਾਏ ਅਰਿ, — [1]ਸ਼ਹੀਦਾਂ ਨੇ (ਤੁੰਮ ਕੈ) ਬਲ ਕਰਕੇ।
ਗਿਲਜੇ ਲੁਠਾਏ ਧਰ ਲੋਟਤ ਮਹਾਂਏਂ ਹੈਂ[1]। — [1]ਧਰਤੀ ਤੇ ਲਿਟਾਏ ਹੋਏ (ਮਹਾਂਏਂ) ਬਹੁਤੇ ਲਿਟ ਰਹੇ ਹਨ।
ਦੌਰ ਗਏ ਸੱਤ੍ਰੂ[1] ਅਵੱਤ੍ਰੂ[2] ਅਗੱਤ੍ਰੂ ਹ੍ਵੈ[3], — [1]ਵੈਰੀ। [2]ਅਵੈੜੇ, (ਅ) ਔਤ੍ਰੇ। [3]ਬੁਰੀ ਹਾਲਤ ਵਾਲੇ ਹੋ ਕੇ।
ਭਜਾਨਕ ਸਰੂਪ ਜੋ ਸ਼ਹੀਦਨ ਦਿਖਾਏ ਹੈਂ ॥੨੨੧॥

ਪਾਂਚ ਸਿੰਘ ਆਗੇ ਯੌਂ ਪਚਾਸ ਭਾਗੇ ਸੋ ਅਭਾਗੇ[1], — [1](ਯੌਂ) ਇਸ ਤਰ੍ਹਾਂ ਪੰਜਾਂ ਸਿੰਘਾਂ ਦੇ ਅੱਗੇ ਪੰਜਾਹ ਤੁਰਕ (ਅਭਾਗੇ) ਬਿਨਾਂ ਭਾਗਾਂ ਤੋਂ (ਸੋ) ਉਹ ਭੱਜ ਗਏ।
ਲਾਗੇ ਜਿਮ ਇੱਜੜ ਬਘਜਾੜ ਕੇ ਅਗਾਰੀਐਂ।
ਮਾਰੈਂ ਸਿੰਘ ਤਰਵਾਰੈਂ ਸੋਊ ਨਾ ਉਭਾਰੈਂ[1] ਹਾਥ, — [1]ਚੁੱਕਦੇ ਨਹੀਂ।
ਨਾਥ ਕੇ ਪ੍ਰਤਾਪ ਤੇ ਫਤੇ ਥਵਈ[1] ਭਾਰੀਐਂ। — [1]ਹੋਈ।
ਬਚੇ ਜੋਊ ਦੌਰਿ ਸੋ ਲਹੌਰ ਓਰ ਗਏ ਅਰਿ,
ਸੁਨਿ ਸ਼ਾਹ ਜਾਂ ਕੈ ਹਾਲ ਕੀਨ ਝਟ ਤਜਾਰੀਐਂ।
ਯਾਂਹੀਂ ਤੌਰ ਔਰ ਬਹੁ ਠੌਰਨ ਤੈ ਦੌਰ ਆਏ,
ਗਿਲਜੇ ਲਹੌਰ ਤਬਿ ਸਿੰਘਨ ਤੈ ਹਾਰੀਐਂ ॥੨੨੨॥

ਮੱਲ-ਕਾਬਲੀ ਕੋ ਤਹਿਂ ਛੋਰਿ ਕਰਿ ਕਾਮਰਾਨ[1], — [1]ਤੈਮੂਰ ਦੀ ਫੌਜ ਦਾ ਸੈਨਾਪਤੀ।
ਕਾਬਲ ਕੀ ਓਰ ਕੋ ਬਟੋਰਿ ਸੈਨ ਸੋ ਗਯੋ।

ਜਾਇ ਤਹਿਮੂਰ ਸ਼ਾਹਿ ਪਾਹਿ ਕਹਜੋ ਤਾਂਹਿ ਯਾਹਿ,
ਸਿੰਘਨ ਕੀ ਮੱਦਦ ਖੁਦਾਇ ਆਪ ਹੈ ਥਯੋ[1]। — [1]ਹੋ ਗਿਆ ਹੈ।
ਮੁਲਕ ਪੰਜਾਬ ਐਹੈ ਹਾਥ ਅਬਿ ਥਾਰੇ[1] ਨੈਹੈਂ, — [1]ਤੁਹਾਡੇ।
ਥੈਹੈ ਨਾ ਇਨਤਜ਼ਾਮ ਹਮ ਲਖਹੁੰ ਲਯੋ[1]। — [1]ਜਾਣ ਲਿਆ ਹੈ।
ਤਾਂ ਤੇ ਅਬਿ ਸਿੰਘਨ ਤੈ ਲਿਖਵਾਇ ਕਰਾ[1] ਕਿਛੁ, — [1]ਸ਼ਾਹੀ ਟੈਕਸ।
ਚਹੀਏ ਮੁਲਕ ਵਹਿ ਤਿਨ ਹੀ ਕੋ ਹੀ ਦਯੋ ॥੨੨੩॥
ਮਾਨਿ ਤਹਿਮੂਰ-ਸ਼ਾਹਿ ਕਰਨੀ ਚਹੀ ਜੌ ਯਾਹਿ[1], — [1]ਜਦੋਂ ਇਹ (ਗੱਲ)।
ਖਾਲਸੇ ਨੇ ਮਾਨੀ ਨਾਹਿਂ ਹ੍ਵੈ ਖਮੋਸ਼[1] ਸੋ ਬਹਯੋ। — [1]ਚੁੱਪ।
ਇਤ ਦੇਸ ਸਿੰਘਨ ਇਲਾਕੇ ਨਿਜ ਨਿਜ ਸਾਭਿ,
ਮੱਲ-ਕਾਬਲੀ ਕੋ ਤੰਗ ਕੀਨ ਅਤਿਸੈ ਦਹਯੋ[1]। — [1]ਸਾੜਿਆ, ਦੁੱਖੀ ਕੀਤਾ।
ਮੱਦਦ ਨ ਕਾਬਲੇਸ ਜੌ ਪਠੀ ਬਿਸੇਸ, ਤਬਿ
ਤਾਂਹਿ ਹ੍ਵੈ ਲਚਾਰ[1] ਤੈ ਲਹੌਰ ਛੋਡਨਾ ਚਹਜੋ। — [1]ਬੇਬਸ ਹੋ ਕੇ, ਦੁੱਖੀ ਹੋ ਕੇ।
ਗੁੱਜਰ-ਮ੍ਰਿਗੇਸ ਲਹਿਣਾ ਸਿੰਘ ਜੀਤ ਸਿੰਘ ਭੰਗੀ
ਸਰਦਾਰੈਂ, ਤਾਂਹਿ ਤੈ ਲਹੌਰ ਛੀਨ ਹੈ ਲਹਜੋ[1] ॥੨੨੪॥ — [1]ਖੋਹ ਕੇ ਲੈ ਲਿਆ।

ਦੋਹਰਾ:
ਤਬਿ ਤੈ ਮੁਲਕ ਪੰਜਾਬ ਮੈਂ,
ਰਾਜ ਖਾਲਸੇ ਕੇਰ।
ਥਜੋ ਅਡੰਡ[1] ਲਜੋ ਤੇਗ ਸੋਂ, — [1]ਸੁਤੰਤਰ, ਅਜ਼ਾਦ।
ਹਤਿ ਸੱਤ੍ਰੂ-ਗਨ ਹੇਰਿ[1] ॥੨੨੫॥ — [1]ਬਹੁਤੇ ਵੈਰੀ ਮਾਰ ਕੇ, ਦੇਖ ਲਵੋ।
ਦਜਾਲ ਸਿੰਘ ਸ਼ਾਹੀਦ ਕੀ,
ਤਜੀ ਬੀਚ ਜੋ ਗਾਥ।
ਸੋ ਅਬਿ ਕਹਿ ਹੋਂ ਸੁਨੋ ਸਭਿ,
ਗੁਰੁਸਿਖ ਸਿਦਕੈਂ ਸਾਥ ॥੨੨੬॥

ਚੌਪਈ:
ਜ਼ਖਮੀ ਹੋਇ ਸਿੰਘ[1] ਜਬਿ ਗੌਰੈਂ[2]। — [1]ਦਿਆਲ ਸਿੰਘ। [2]ਬਹੁਤਾ।
ਗਿਰਿਓ ਸੰਮੁਖ ਸੰਗੀ ਔਰੈਂ[1]। — [1]ਹੋਰ ਸਾਥੀਆਂ ਸਮੇਤ।
ਕਿਲੇ ਮਾਂਹਿਂ ਲੈ ਗਏ ਉਠਾਈ।
ਇਤੈ ਫਤੇ ਜਿਮਰਣ ਮੈਂ ਥਾਈ[1] ॥੨੨੭॥ — [1]ਹੋਈ।

ਨੱਥਾ ਸਿੰਘ ਸਭਿ ਜਾਇ ਸੁਨਾਈ।	
ਜਯੋਂ ਗੁਰ ਦਸਮ ਦਰਸ ਦਿਯ ਆਈ।	
ਪੀਛੇ ਸੋ ਭੀ ਹਮ ਕਹਿ ਆਏ।	
ਸੁਨ ਸਿੰਘ ਥਯੋ ਪ੍ਰਮੋਦ ਮਹਾਂਏ[1] ॥੨੨੮॥	[1]ਸੁਣ ਕੇ ਦਿਆਲ ਸਿੰਘ ਨੂੰ ਬਹੁਤ ਅਨੰਦ ਹੋਇਆ।
ਮੱਲਮ ਪੱਟੀ ਸਭੈ ਹਟੈ ਕੈ।	
ਕਰਿ ਇਸ਼ਨਾਨ ਕੁਸਾਸਨ* ਕੈ ਕੈ[1]।	[1]ਕੁਸ਼ਾ (ਦੱਭ) ਦਾ ਆਸਨ ਕਰਕੇ। *ਦਿਆਲ ਸਿੰਘ ਵਰਗੇ ਧਰਮੀ ਯੋਧੇ ਤੇ ਸ਼ਹੀਦ ਸਿੰਘ ਨੂੰ ਦੱਭ ਦੇ ਆਸਰੇ ਦੀ ਲੋੜ ਨਹੀਂ, ਅਜਿਹੀਆਂ ਰਸਮਾਂ ਮਨਮਤਿ ਹਨ।
ਜਪੁ ਜਪ ਜਾਪ ਅਨੰਦ ਪਢੈ ਹੈਂ[1]।	[1]ਜਪੁਜੀ, ਜਾਪ ਤੇ ਅਨੰਦ ਸਾਹਿਬ ਆਦਿ ਬਾਣੀਆਂ ਦਾ (ਜਪ) ਪਾਠ ਪੜ੍ਹਦੇ ਹਨ।
ਤ੍ਰਿਨ ਜਯੋਂ ਤਨ ਤਜਿ ਗਯੋ ਚਢੈ ਹੈਂ[1] ॥੨੨੯॥	[1]ਕੱਖ ਵਾਂਗ (ਸੁਖੱਲੇ ਹੀ) ਸਰੀਰ ਤਿਆਗ ਕੇ ਚੜ੍ਹ ਗਏ ਭਾਵ ਸਚਖੰਡ ਨੂੰ ਚੜ੍ਹਾਈ ਕਰ ਗਏ।
ਜਹਿ ਦਰਬਾਰ ਆਦਿ ਗੁਰੁ ਕੇਰਾ[1]।	[1]ਜਿੱਥੇ ਗੁਰਦੁਆਰਾ ਹੈ ਸ੍ਰੀ ਗੁਰੁ ਨਾਨਕ ਦੇਵ ਜੀ ਦਾ।
ਹੈ ਬਾਬੇ ਦੀ ਬੇਰ ਉਜੇਰਾ[1]।	[1]ਪ੍ਰਕਾਸ਼ ਮਾਨ।
ਦਜਾਲ ਸਿੰਘ ਕੋ ਤਹਿਂ ਸਸਕਾਰਾ।	
ਮਿਲਿ ਸਿੰਘਨਿ ਯੁਤ ਬਿਧੀ ਉਦਾਰਾ ॥੨੩੦॥	
ਆਹਿ ਦੇਹੁਰਾ ਢਿਗ ਦਰਵਾਰੈਂ।	
ਪੂਜਤ ਜਨ ਪਾਵਤ ਫਲ ਚਾਰੈਂ।	
ਮਧ ਗੁਰਦ੍ਵਾਰ ਤਾਂਹਿ ਕਾ ਝੰਡਾ।	
ਝੂਲਤ ਦੁਤੀ ਉਤੰਗ ਅਖੰਡਾ[1] ॥੨੩੧॥	[1]ਦੂਜਾ ਉੱਚਾ ਝੰਡਾ (ਅਖੰਡ) ਲਗਾਤਾਰ ਭਾਵ ਹਮੇਸ਼ਾਂ ਝੂਲਦਾ ਹੈ।
ਪਾਇ ਸ਼ਹੀਦੀ ਪਦ ਸਿੰਘ ਭਾਰੀ।	
ਆਪ ਤਰਯੋ ਇੱਕੀ ਕੁਲ ਤਾਰੀ।	
ਗੁਰੁਪੁਰਿ ਸੱਚ-ਖੰਡ ਕਿਯ ਵਾਸੈਂ।	
ਜਹਾਂ ਨ ਬਜਾਪਤ ਮਾਯਾ ਤ੍ਰਾਸੈਂ[1] ॥੨੩੨॥	[1]ਡਰ।
ਸਫਲ ਜਨਮ ਕੀਨੋ ਨਿਜ ਖਾਸੈਂ[1]।	[1](ਨਿਜ) ਆਪ (ਖਾਸੈ) ਆਪਣਾ।
ਅਬਿ ਪੂਰਤ ਸਭਿ ਦਾਸਨਿ ਆਸੈਂ।	
ਨੱਥਾ ਸਿੰਘ ਪੁਨ ਉਨ ਕੇ ਭ੍ਰਾਤਾ।	
ਮਾਲਕ ਮੁਲਕ ਭਏ ਬਖਯਾਤਾ ॥੨੩੩॥	
ਕਰੀ ਅਲੌਕਕ ਤਿਨ ਕੀ ਕਰਨੀ[1]।	[1]ਤਿਨ੍ਹਾਂ ਦੀ (ਕਰੀ) ਕੀਤੀ ਹੋਈ ਕਰਣੀ ਅਸਚਰਜ ਹੈ।
ਮਹਿਮਾਂ ਅਧਿਕ ਜਾਤ ਨਹਿਂ ਬਰਨੀ[1]।	[1]ਕਹੀ ਨਹੀਂ ਜਾਂਦੀ।

ਕਿੰਚਤ[1] ਚਾਲ ਚਲਨ ਤਿਸ ਕੇਰੋ।	[1]ਥੋੜ੍ਹਾ ਜਿਹਾ।
ਲੈ ਸਿੰਧੁ ਤੈ ਇਕ ਬੂੰਦ ਕੁ ਟੇਰੋ[1] ॥੨੩੪॥	[1]ਸਮੁੰਦਰ 'ਚੋਂ ਇਕ ਬੂੰਦ ਕੁ ਲੈ ਕੇ ਕਹਿੰਦਾ ਹਾਂ।
ਉਮਰ ਭਰੈਂ ਜਤ ਸਤ ਦਿਢਰਾਖਾ।	
ਕਰਜੋ ਨ ਗ੍ਰਿਸਥ ਫੁਰੀ ਅਭਿਲਾਖਾ[1]।	[1]ਗ੍ਰਹਿਸਥ ਕਰਨ ਦੀ ਇੱਛਾ ਹੀ ਨਹੀਂ ਫੁਰੀ।
ਬਿਨ ਦਾੜ੍ਹੀ ਮੁੰਡਾ ਤਿਯ ਦੋਊ।	
ਦ੍ਰਿਗ ਭਰਿ[1] ਕਬੀ ਨ ਹੇਰੇ ਸੋਊ ॥੨੩੫॥	[1]ਨੇਤ੍ਰਾਂ 'ਚ (ਵਿਸ਼ੇ ਵਾਸ਼ਨਾ) ਭਰਕੇ।
ਸੁਇਨੇ ਰੁਪੇ[1] ਤਾਂਬੇ ਕੋ[2] ਹੈ।	[1]ਚਾਂਦੀ। [2]ਨੂੰ।
ਹਾਥ ਲਗਾਤੇ ਨਹਿਂ ਥੇ ਸੋ ਹੈ[1]।	[1]ਉਹ।
ਮੂੰਗੀ ਕੋ ਰਿੰਧਵਾਇ ਹਮੇਸ਼ੈਂ।	
ਤਾਂ ਕਾ ਜਲ ਅਧ ਸੇਰ ਅਸ਼ੇਸ਼ੈਂ[1] ॥੨੩੬॥	[1]ਬਾਕੀ।
ਆਠ ਪਹਰ ਪੀਛੇ ਸੋ ਪੀਤੇ।	
ਖਟਰਸ[1] ਅੰਗੀਕਾਰ ਨ ਕੀਤੇ।	[1]ਛੇਰਸ, ਖੱਟਾ, ਕੌੜਾ, ਕਸੈਲਾ, ਚਰਪਰਾ, ਨਮਕੀਨ ਤੇ ਮਿੱਠਾ।
ਖਾਨ ਪਾਨ ਔਰੈਂ ਜਗ ਜੇਤੇ।	
ਤਜਾਗ ਰਖੇ ਥੇ ਉਨ ਦਿਢ ਤੇਤੇ ॥੨੩੭॥	
ਅਰਧ ਨਿਸਾ ਉਠਿ ਸੀਤ ਕਾਲ ਮੈਂ[1]।	[1]ਠੰਢ ਦੀਰੁੱਤ ਵਿੱਚ ਅੱਧੀ ਰਾਤ ਉੱਠ ਕੇ।
ਤਪ ਕਰਤੇ ਥਿਰਿ ਜਿਸ ਬਿਸਾਲ ਮੈਂ[1]।	[1]ਡੂੰਘੇ ਪਾਣੀ ਵਿੱਚ।
ਪ੍ਰਿਸ਼ਟ ਧਰਾ ਪਰ ਲਾਇ ਨ ਸੋਏ[1]।	[1]ਧਰਤੀ ਤੇ ਪਿੱਠ ਲਾ ਕੇ ਨਹੀਂ ਸੁੱਤੇ।
ਪਲੰਘ ਸਪ੍ਰਸਜੋ[1] ਕਬੀ ਨ ਕੋਏ ॥੨੩੮॥	[1]ਛੋਹਿਆ।
ਸੂਧਾ ਸਾਦਾ ਸੁਕਲ ਲਵਾਸੈਂ[1]।	[1]ਚਿੱਟਾ ਲਿਬਾਸ।
ਪਹਿਰਤ ਰਹੇ ਉਮਰ ਭਰ ਖਾਸੈਂ[1]।	[1]ਆਪ।
ਨਿਸ ਕੋ ਬਸਤ ਕਿਲੇ ਮੈਂ ਜਾਏ।	
ਬਡੀ ਫਜਰ[1] ਫਿਰ ਬਾਹਰ ਆਏ ॥੨੩੯॥	[1]ਵੱਡੇ ਸਵੇਰੇ ਭਾਵ ਅੰਮ੍ਰਿਤ ਵੇਲੇ।
ਤੀਰ ਨਦੀ ਨਿਜ ਬਾਗ ਮਝਾਰੇ।	
ਦਿਨ ਭਰ ਸਤਸੰਗ ਕਰਤ ਉਦਾਰੇ।	
ਮੰਦਰ ਅੰਦਰ ਪਦਮਾਸਨ[1] ਕਰਿ।	[1]ਕਮਲ ਦੀ ਸ਼ਕਲ ਦਾ ਇਕ ਆਸਨ, ਸੱਜਾ ਪੈਰ ਖੱਬੇ ਪੱਟ ਉੱਤੇ ਅਤੇ ਖੱਬਾ ਪੈਰ ਸੱਜੇ ਪੱਟ ਉੱਤੇਰੱਖ ਕੇ, ਛਾਤੀ ਦਾ ਵਲ ਕੱਢ ਕੇ ਸਿੱਧੇ ਬੈਠਣਾ, ਸੱਜੀ ਬਾਂਹ ਪਿੱਛੋਂ ਦੀ ਲਿਆ ਕੇ ਸੱਜੇ ਪੈਰ ਦਾ ਅਤੇ ਖੱਬੀ ਨਾਲ ਖੱਬੇ ਪੈਰ ਦਾ ਅੰਗੂਠਾ ਫੜਨਾ, ਠੋਡੀ ਛਾਤੀ ਨਾਲ ਲਾ ਕੇ ਨੇਤ੍ਰਾਂ ਦੀ ਟਕ ਨੱਕ ਦੀ ਨੋਕ ਪੁਰ ਜਮਾਉਣੀ।

ਰਹਿਤੇ ਬੈਠ ਇਕੰਤ ਧਜਾਨ ਧਰਿ ॥੨੪੦॥
ਗੁਰਦੁਆਰੇ ਕੀ ਟਹਿਲ ਬਧੇਰੈਂ[1]। — [1]ਬਹੁਤੀ।
ਕਰਵਾਤੇ ਰਹਿਤੇ ਨਿਤ ਹੇਰੈਂ[1]। — [1]ਦੇਖ ਕੇ।
ਮੰਦਰ ਸੁੰਦਰ ਬਿਪਲ[1] ਰਚੈ ਹੈਂ। — [1]ਵਿਸਤਾਰ ਵਾਲੇ ਭਾਵ ਵੱਡੇ। (ਅ) ਬਹੁਤ।
ਜਿਨ ਮੈਂ ਸਿੱਖ ਸੰਤ ਅਬਿ ਰੈਹੈਂ ॥੨੪੧॥
ਹਿੰਦੂ ਤੁਰਕ ਗ੍ਰੀਬ ਨਰ ਨਾਰੀ।
ਰੱਯਤ ਸਾਧੂ ਸਿੱਖ ਅਪਾਰੀ।
ਸਭਿ ਕੋ ਲੰਗਰ ਬਹੁ ਬ੍ਰਤਵੈਂ ਹੈਂ।
ਅਰਥੀ ਕੋ ਨਹਿੰ ਬਜਰਥ ਭਿਜੈ ਹੈਂ[1] ॥੨੪੨॥ — [1]ਮੰਗਤੇ ਨੂੰ ਖ਼ਾਲੀ ਨਹੀਂ ਸਨ ਭੇਜਦੇ।
ਜਿਤਿਕ ਗ੍ਰਾਮ ਥੇ ਤਿਨ ਕੇ ਪਾਹੈਂ[1]। — [1]ਪਾਸ, ਕੋਲ।
ਧਰਮਸ਼ਾਲ ਬਨਵਾ ਸਭਿ ਮਾਹੈਂ।
ਜਥਾ ਜੋਗ ਜਾਗੀਰੈਂ ਦੈਹੈਂ।
ਗੁਰੂ ਗ੍ਰੰਥ ਖੁਲਵਾਏ ਤੈਹੈਂ[1] ॥੨੪੩॥ — [1]ਤਹਾਂ, ਓਥੇ।
ਔਰ ਅਨਿਕ ਗੁਰੁਦੁਆਰਨ ਸੰਤੈਂ।
ਲੈ ਲੈ ਦਏ ਅਧਿਕ ਗੁਰੁ ਗ੍ਰੰਥੈਂ।
ਉਨ ਕੋ ਆਮਦਨੀ ਥੀ ਜੇਤੀ।
ਇਸੀ ਤੌਰ ਖਰਚਤ ਥੇ ਤੇਤੀ ॥੨੪੪॥
ਆਪ ਨਿਰਿੱਛਤ[1] ਰਹਿਤੇ ਤਜਾਗੀ। — [1]ਬਿਨਾਂ ਇੱਛਾ ਤੋਂ।
ਨਿਜਾਨੰਦ ਮੈਂ ਬ੍ਰਿਤਿ ਅਨੁਰਾਗੀ[1]। — [1]ਆਪਣੇ ਸਰੂਪ ਦੇ ਅਨੰਦ ਵਿੱਚ ਬ੍ਰਿਤੀ ਪ੍ਰੇਮਣ ਲਈ ਹੋਈ ਹੋਈ ਸੀ।
ਸੁਨਜੋ ਜਨਕ ਕਾ ਜੈਸ ਅਚਰਨੈ[1]। — [1]ਇਖ਼ਲਾਕ, ਚਾਲ ਚਲਣ।
ਤ੍ਰੇਤਾ ਜੁਗ ਮੈਂ ਕਵਿ ਜਨ ਬਰਨੈ ॥੨੪੫॥
ਕਲਿ ਮੈਂ ਨੱਥਾ ਸਿੰਘ ਸਹੀਦੈਂ।
ਤਿਸ ਤੈ ਭੀ ਕਿਯ ਕਰਮ ਮਹੀਦੈਂ[1]। — [1]ਵੱਡੇ।
ਸਾਂਤ-ਚਿੱਤ ਇੰਦ੍ਰੈ-ਜਿੱਤ[1] ਭਾਰੈਂ। — [1]ਇੰਦ੍ਰੀਆਂ ਨੂੰ ਵਸ 'ਚਰੱਖਣ ਵਾਲਾ।
ਨਿੰਮ੍ਰੀ ਅਤੀ ਸੁਹਿਰਦ ਉਦਾਰੈਂ[1] ॥੨੪੬॥ — [1]ਬਹੁਤ ਨਿੰਮਰਤਾ ਵਾਲਾ, ਨੇਕ-ਦਿਲ ਤੇ ਦਾਤਾ ਸੀ।
ਸਤਵਾਦੀ[1] ਸਮ ਦਰਸੀ[2] ਗਜਾਨੀ। — [1]ਸੱਚ ਬੋਲਣ ਵਾਲਾ। [2]ਇਕੋ ਜਿਹਾ ਦੇਖਣ ਵਾਲਾ।
ਪੂਰਨ ਸੰਤ ਜੁਗੀਸ ਸਮਾਨੀ।
ਝਗੜਾ ਉਨ ਕੀ ਰੱਯਤ ਮਾਹੈਂ।
ਤਿਨੈ ਪ੍ਰਤਾਪ ਹੋਵਤੋ ਨਾਹੈਂ ॥੨੪੭॥

ਜੇ ਹੋਤੋ ਤੌ ਕ੍ਰਤ ਇਨਸਾਫੈਂ।	
ਸਾਚ ਝੂਠ ਲਖ ਲੇਤੇ[1] ਆਪੈਂ।	[1]ਜਾਣ ਲੈਂਦੇ।
ਸ੍ਰੀ ਰਣਜੀਤ ਮ੍ਰਿਗੇਸ ਬਹਾਦਰ।	
ਮਾਨਤ ਰਹੇ ਤਿਨਹਿ ਨਿੱਤ ਸਾਦਰ ॥੨੪੮॥	
ਔਰ ਸਿੱਖ ਸਰਦਾਰਨ ਕੇਰੇ।	
ਛੀਨ ਲਏ ਥੇ[1] ਮੁਲਕ ਬਧੇਰੇ।	[1]ਖੋਹ ਲਏ ਸਨ।
ਇਨ ਕਾ ਗ੍ਰਾਮ ਏਕ ਨਹਿਂ ਛੀਨਾ।	
ਬਲਿਕੈ[1] ਅਦਬ ਰਾਖਤੇ ਪੀਨਾ[2] ॥੨੪੯॥	[1]ਸਗੋਂ। [2]ਬਹੁਤਾ।
ਬਹੁਤ ਬਾਰ ਖੁਦ ਹੀ ਸਰਕਾਰੈਂ[1]।	[1]ਮਹਾਰਾਜਾ ਰਣਜੀਤ ਸਿੰਘ ਨੇ।
ਕਹਜੋ ਆਪ ਇਮ ਮਧ ਦਰਬਾਰੈਂ[1]।	[1]ਆਪਣੇ ਦਰਬਾਰ ਵਿੱਚ।
ਨੱਥਾ ਸਿੰਘ ਬਾਬੇ ਸਮ ਕਰਨੀ।	
ਕਰੀ ਨ ਬਹੁਤਜੋਂ ਆਗੇ ਕਰਨੀ[1] ॥੨੫੦॥	[1](ਪਿੱਛੇ) ਬਹੁਤਿਆਂ ਨੇ (ਇਨ੍ਹਾਂ ਵਰਗੀ) ਕਰਨੀ ਨਹੀਂ ਕੀਤੀ ਭਾਵ ਇਹਨਾਂ ਤੋਂ ਪਹਿਲਾਂ ਬੜੇ ਘੱਟ ਬੰਦਿਆਂ ਨੇ ਇਹਨਾਂ ਵਰਗੀ ਕਰਨੀ ਕੀਤੀ ਹੋਵੇਗੀ ਅੱਗੋਂ ਕਿਸੇ ਨੇ ਨਹੀਂ ਕਰਨੀ।
ਥੰਮ ਜਿਮੀਂ ਅਸਮਾਨੈ ਕੇਰੇ।	
ਇਨ ਸਮ ਸੰਤ ਨ ਜਗਤ ਬਧੇਰੇ[1]।	[1]ਬਹੁਤੇ ਨਹੀਂ ਭਾਵ ਘੱਟ ਹਨ।
ਇਨ ਹੀਂ ਜੈਸਜੋਂ ਕੇ ਪ੍ਰਤਾਪ ਤੇ।	
ਰਾਜ ਕਰਤ ਹੈਂ ਹਮ ਅਮਾਪਤੇ[1] ॥੨੫੧॥	[1]ਮਿਣਤੀ ਤੋਂ ਰਹਿਤ ਭਾਵ ਵੱਡਾ।
ਮਹਾਰਾਜ ਮਹਿਮਾਂ ਇਨ ਕੇਰੀ।	
ਅਧਿਕੈਂ ਅਧਿਕ ਕਈ ਬਿਰ ਟੇਰੀ[1]।	[1]ਕਹੀ।
ਹਾਜ਼ਰੀਨ ਕਰਤੇ ਤਸਦੀਕੈਂ[1]।	[1]ਦਰਬਾਰ ਵਿੱਚ ਹਾਜ਼ਰ ਆਦਮੀ (ਤਸਦੀਕੈਂ) ਪੁਸ਼ਟੀ ਕਰਦੇ ਸਨ।
ਸੁਨਤੇ ਜਿਮ ਤਿਮ ਪਿਖਤੇ ਠੀਕੈਂ ॥੨੫੨॥	
ਪਦਮ ਪੱਤ੍ਰ ਸਮ[1] ਰਾਜ ਮਝਾਰੇ।	[1]ਕੰਵਲ ਦੇ ਪੱਤ੍ਰ ਵਾਂਗ (ਨਿਰਲੇਪ)।
ਨੱਥਾ ਸਿੰਘ ਜੀ ਰਹੇ ਉਦਾਰੇ।	
ਪਿਖਜੋ ਅੰਤ ਦਿਨ ਨਿਕਟੈਂ ਜਬੈ।	
ਕਿਯ ਸਰਬੰਸ[1] ਪੁੰਨਜ ਉਨ ਤਬੈ ॥੨੫੩॥	[1]ਸਾਰਾ ਧਨ, ਪਦਾਰਥ।
ਜਹਿਂ ਜਹਿਂ ਸੰਤ ਸਿੱਖ ਥੇ ਨੇਕੈਂ।	
ਤਿਨ ਕੋ ਦੀਨੇ ਪਿੰਡ ਅਨੇਕੈਂ।	
ਕੁਛ ਅਕਾਲ ਬੁੰਗੇ[1] ਦਰਵਾਰੈਂ[2]।	[1]ਸ੍ਰੀ ਅਕਾਲ ਤਖ਼ਤ ਸਾਹਿਬ। [2]ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ।

ਪੁਰਿ-ਅਨੰਦ ਆਦਿਕ ਗੁਰਦੁਆਰੈਂ ॥੨੫੪॥
ਰਣ ਸਿੰਘ ਨਾਮ ਨਿਰਮਲੇ ਸਾਧੂ।
ਰਹਿਤ ਸੁਧਾਸਰ ਸੁਮਤਿ ਅਗਾਧੂ[1]। — [1]ਸ੍ਰੇਸ਼ਟ ਤੇ (ਅਗਾਧ) ਡੂੰਘੀ ਮੱਤਿ ਵਾਲੇ।
ਅਧਿਕ ਪਿੰਡ ਦੈ ਏਤਿਕ ਡੇਰੈਂ।
ਬਾਕੀ ਸਭਿ ਬਾਬੇ ਦੀ ਬੇਰੈਂ ॥੨੫੫॥
ਸਰਬੰਸ ਕੀ ਅ੍ਰਦਾਸ ਕਰੈ ਕੈ।
ਲਾਯਕ ਸਿੰਘ-ਨਿਹਾਲ ਪਿਖੈ ਕੈ।
ਹੁਤੇ ਰਾਮਗੜ੍ਹੀਆ ਸਿੰਘ ਵੈਹੈ[1]। — [1]ਉਹ।
ਜਪੀ ਤਪੀ ਪੂਰਨ ਸਮ ਤੈਹੈ[1] ॥੨੫੬॥ — [1]ਤਿਸ (ਨੱਥਾ ਸਿੰਘ) ਵਰਗਾ।
ਤਿਸ ਕੋ ਕੀਨ ਮਹੰਤ ਬਡੇਰੈਂ।
ਦਸਕ ਹਜਾਰ ਜਗੀਰੈਂ ਕੇਰੈਂ ॥੨੫੭॥
ਦੋਹਰਾ:
ਨੱਥਾ ਸਿੰਘ ਸ਼ਹੀਦ ਤਬਿ,
ਆਪ ਕੁਸਾਸਨ* ਡਾਰਿ[1]। — [1]ਦੱਭ ਦਾ ਆਸਣ ਵਿਛਾ ਕੇ। *ਦੇਖੋ ਬਿਸ੍ਰਾਮ ਨੰ: ੫੧ ਦੇ ਅੰਕ ਨੰ: ੨੨੯ 'ਤੇ * ਨਿਸ਼ਾਨ ਦੀ ਪੈਰ ਟੂਕ।
ਪ੍ਰਾਣ ਨਿਕਾਰੇ ਦੇਹ ਤੈ,
ਮੱਖਣ ਤੈ ਜਿਮ ਬਾਰ[1] ॥੨੫੮॥ — [1]ਵਾਲ।
ਤਨ ਤਜ ਕੈ ਗਜ ਮਾਲ ਜਯੋਂ[1], — [1]ਜਿਵੇਂ ਹਾਥੀ (ਗਲ੍ਹ ਦੀ) ਮਾਲਾ (ਸੁਖੱਲਿਆਂ ਹੀ ਲਾਹ ਦਿੰਦਾ ਹੈ)।
ਦਸਮ ਗੁਰੂ ਢਿਗ ਜਾਇ।
ਸੱਚ-ਖੰਡ ਗੁਰਪੁਰੀ ਮੈਂ,
ਬਸਜੋ ਮੋਦ ਮਨਿ ਪਾਇ ॥੨੫੯॥
ਜਨਮ ਮ੍ਰਿਤੁ ਦੁਖ ਭੂਖ ਜਹਿਂ
ਬਜਾਪਤ ਕਬੀ ਨ ਮਾਇ[1]। — [1]ਜਿੱਥੇ ਮਾਇਆ ਕਦੇ ਵੀ (ਬਿਆਪਤ) ਅਸਰ ਨਹੀਂ ਕਰਦੀ।
ਬਾਂਛਤ[1] ਸੁਖ ਭੋਗਤ ਸਦਾ, — [1]ਮਨ-ਇੱਛਤ।
ਬਸਨ ਵਾਰ ਤਿਸ ਠਾਂਇ ॥੨੬੦॥
ਚੌਪਈ:
ਨਿਜ ਨਿਜ ਕਰਨੀ ਕੇ ਅਨੁਸਾਰੈਂ।
ਗੁਰੁ ਕੇ ਸਿੱਖ ਉਪਾਸ਼ਕ ਭਾਰੈਂ[1]। — [1]ਭਾਰੀ ਉਪਾਸ਼ਨਾ ਕਰਨ ਵਾਲੇ।
ਮੁਕਤਿ ਚਤੁ੍ਰਧਾ ਕਾ[1] ਸੁਖ ਲੈ ਹੈਂ। — [1]ਚਾਰ ਤਰ੍ਹਾਂ ਦੀਆਂ ਸ਼ਕਤੀਆਂ ਦਾ।

ਮਹਾਂ ਪ੍ਰਲੈ ਜਬਿ ਹੋਵਤ ਤੈਹੈਂ[1] ॥੨੬੧॥ — [1]ਓਥੇ।
ਗਜ਼ਾਨ ਬ੍ਰਹਮਾਤਮ ਸੁਤੇ ਸਿਧੈ ਹੈਂ[1]। — [1]ਬ੍ਰਹਮ ਆਤਮਾ ਦਾ ਗਿਆਨ (ਸੁੱਤੇ ਸਿੱਧ) ਆਪਣੇ ਆਪ ਹੀ (ਪ੍ਰਾਪਤ)।
ਥੈ ਹੈ[1], ਸਭਿ ਕੋ ਕੈਵਲ ਪੈਹੈਂ[2]। — [1]ਹੋ ਜਾਂਦਾ ਹੈ। [2]ਸਾਰੇ ਕੇਵਲ ਮੁਕਤੀ ਪ੍ਰਾਪਤ ਕਰ ਲੈਂਦੇ ਹਨ।
ਸੁਖ ਸਰੂਪ ਪਰਬ੍ਰਹਮ ਮਿਲੈ ਹੈਂ[1]। — [1]ਪਾਰਬ੍ਰਹਮ 'ਚ ਮਿਲ ਜਾਂਦੇ ਹਨ।
ਬੂੰਦ ਜੈਸ ਜਲ ਮੈਂ ਮਿਲ ਜੈ ਹੈ ॥੨੬੨॥
ਸੋ ਪਦ ਨੱਥਾ ਸਿੰਘ ਜਾ ਪਾਯੋ।
ਪੀਛੈ ਸਿੰਘ-ਨਿਹਾਲ ਰਹਾਯੋ।
ਤਿਨ ਭੀ ਸੁਕ੍ਰਿਤ[1] ਕੀਨੇ ਭਾਰੈਂ। — [1]ਚੰਗੇ ਕੰਮ।
ਲੀਨੋ ਸੁਜਸ ਸੇਵਿ ਗੁਰੁਦੁਾਰੈਂ ॥੨੬੩॥
ਰਾਜ ਅੰਗ੍ਰੇਜੀ ਥੀਓ ਜਬ ਤੈਂ।
ਥਈ ਜਗੀਰ ਘਨੇਰੀ ਜਪਤੈਂ[1]। — [1](ਸਰਕਾਰ ਦੇ) ਕਬਜ਼ੇ ਵਿੱਚ ਹੋ ਗਈ।
ਅਬਿ ਭੀ ਸਾਤ ਹਜਾਰਕ ਕੇਰੀ।
ਹੈ ਹਮੇਸ਼ ਲੀਏ ਭਲ ਹੇਰੀ ॥੨੬੪॥
ਤਿਸ ਮੈਂ ਸਿੱਖਨ ਕੇ ਬਰਤਾਰੇ[1]। — [1]ਸਿੱਖਾਂ ਨੂੰ ਵਰਤਾ ਦੇਂਦਾ ਹੈ।
ਹੈ ਮਹੰਤ ਦੇਵਤ ਮੁਦ ਧਾਰੇ।
ਦੇਹਰਾ ਨੱਥਾ ਸਿੰਘ ਜੀ ਕੇਰਾ।
ਹੈ ਗੁਰੁਦੁਾਰੇ ਨਿਕਟਿ ਚੰਗੇਰਾ ॥੨੬੫॥
ਚਾਰੋ ਬਰਨ ਮਾਨ ਹੈਂ ਤਾਂਹੂੰ।
ਆਵਤ ਸੁਖਣਾ ਬਰ ਸਭਿ ਕਾਹੂੰ[1]। — [1]ਜਿਹੜੇ ਆ ਕੇ ਸੁੱਖਣਾ ਸੁਖਦੇ ਹਨ, ਸਭ ਕਿਸੇ ਨੂੰ ਵਰ ਮਿਲਦੇ ਹਨ।
ਨੇਬ[1] ਹਰੀ ਸਿੰਘ ਜੁ ਸਰਦਾਰੈਂ। — [1]ਨਾਇਬ।
ਪ੍ਰੇਮ ਸਿੰਘ ਮਾਹੰਤ ਉਦਾਰੈਂ ॥੨੬੬॥
ਮਿਲਿ ਪੱਕਾ ਤਹਿੰ ਤਾਲ ਲਗਾਯੋ।
ਅਰ ਮੁਕਾਨ ਵਰ[1] ਔਰ ਰਚਾਯੋ। — [1]ਸ੍ਰੇਸ਼ਟ ਮੰਦਰ।
ਪ੍ਰੇਮ ਸਿੰਘ ਅਬਿ ਤਹਾਂ ਮਹੰਤੈਂ।
ਪੂਰਨ ਪੁਰਖ ਆਹਿ ਸਮ ਸੰਤੈਂ[1] ॥੨੬੭॥ — [1]ਸੰਤਾਂ ਵਰਗਾ।
ਸਤਿਸੰਗ ਕੀਰਤਨ ਕਥਾ ਹਮੇਸ਼ੈਂ।
ਰਖਵਾਵਤ ਯੁਤ ਪ੍ਰੇਮ ਬਿਸ਼ੇਸ਼ੈਂ।
ਪ੍ਰੇਮ ਭਜਨ ਸ਼ਰਧਾ ਕੀ ਮੂਰਤਿ।

ਅਤਿ ਉਦਾਰ ਸਦ ਗੁਨ ਗਨ ਪੂਰਤ[1] ॥੨੬੮॥ — [1]ਸਾਰੇ ਚੰਗੇ ਗੁਣਾਂ ਨਾਲ ਭਰਿਆ ਹੋਇਆ ਹੈ।
ਲਗਰ ਦੇਤ ਅਖੁਟ ਸਭਿ ਤਾਂਈਂ।
ਦੋਇ ਵਕਤ ਭਲ ਦੁੰਦਭਿ ਵਾਈ[1]। — [1]ਧੌਂਸਾ ਵਜਾ ਕੇ।
ਔਰ ਕਿਸੀ ਗੁਰਦ੍ਵਾਰੇ ਮਾਂਹੀਂ।
ਰਚਨਾ ਰੌਨਕ ਐਸੀ ਨਾਹੀਂ ॥੨੬੯॥
ਜੋ ਬ੍ਰਿੱਕਤ[1] ਸਾਧੂ ਸਿੱਖ ਜੈਹੈ। — [1]ਤਿਆਗੀ।
ਸਭਿ ਕੋਊ ਤਹਿਂ ਤੇ ਵਰਸੈ ਹੈ[1] ॥੨੭੦॥ — [1]ਵਰੋਸਾਉਂਦਾ ਹੈ।

ਦੋਹਰਾ:
ਉਭੈ ਸ਼ਹੀਦਨ ਕੀ ਕਥਾ,
ਕਥੀ ਜਥਾਰਥ ਸਾਰ[1]। — [1]ਸੱਚੀ ਤੇ ਸ੍ਰੇਸ਼ਟ ਕਹੀਂ ਹੈ।
ਸੁਨੈ ਪਢੈ ਜੋ ਪ੍ਰੇਮ ਕਰਿ
ਪੈਹੈ ਸੋ ਫਲ ਚਾਰ ॥੨੭੧॥
ਸਯਾਲਕੋਟ ਗੁਰੁਦ੍ਵਾਰ ਜਿਮ,
ਥਿਯ ਬਾਬੇ ਦੀ ਬੇਰ।
ਸੋ ਭੀ ਅਬਿ ਪ੍ਰਸੰਗ, ਤੈ
ਕਿੰਚਤ ਦੈਹੋਂ ਟੇਰ ॥੨੭੨॥

ਚੌਪਈ:
ਹਮਜ਼ਾ ਗੌਂਸ ਫਕੀਰ ਪੀਰ ਤਹਿਂ।
ਰਹਿਤ ਅਜ਼ਮਤੀ ਬਡੋ ਹੁਤੋ ਵਹਿ।
ਹਿੰਦੂ ਤੁਰਕ ਤਾਂਹਿ ਕੋ ਸੇਵੈਂ।
ਅਜ਼ਮਤ ਅਨਿਕ ਪਿਖੈਂ ਫਲ ਲੇਵੈਂ ॥੨੭੩॥
ਹਰਜਸ ਨਾਮ ਖੱਤ੍ਰੀ ਏਕੈਂ।
ਬਸਤ ਧਨੀ ਤਹਿਂ ਬਿਨ ਸੁਤ ਨੇਕੈਂ[1]। — [1]ਚੰਗੇ ਪੁੱਤਰ ਬਿਨਾਂ।
ਦੰਪਤਿ[1] ਕਰਿ ਫਕੀਰ ਕੀ ਸੇਵਾ। — [1]ਇਸਤ੍ਰੀ-ਪਤੀ (ਦੋਹਾਂ) ਨੇ।
ਮਾਂਗਜੋ ਸੁਤ ਕਰਾਰ ਕਰਿ ਏਵਾ[1] ॥੨੭੪॥ — [1]ਇਸ ਤਰ੍ਹਾਂ ਇਕਰਾਰ ਕਰਕੇ।
ਜੇ ਹਮਰੇ ਘਰ ਪੁੱਤ੍ਰ ਥੈਹੈ।
ਸੋ ਚਢਾਇ ਤੁਮ ਹੀ ਕੋ ਦੈਹੈਂ।
ਭਯੋ ਏਕ ਦ੍ਵੈ ਤ੍ਰੈ ਪੁਨ ਚਾਰੈਂ।
ਕਰਜੋ ਨ ਪੂਰਾ ਉਨ ਅਕਰਾਰੈਂ ॥੨੭੫॥
ਮਾਂਗ ਫਕੀਰ ਏਕ ਸੁਤ ਰਹਾ।

ਕਿਮ ਦਿਹਂ ਤੁਰਕੈਂ[1] ਉਨ ਇਮ ਕਹਾ।	[1]ਤੁਰਕ ਨੂੰ।
ਕਹ੍ਯੋ ਫਕੀਰ ਹੋਇ ਰਿਸ ਵਸ ਹੈ[1]।	[1]ਗੁੱਸੇ ਦੇ ਵੱਸ 'ਚ ਹੋ ਕੇ।
ਸ਼ਹਿਰ ਏਹੁ ਝੂਠ੍ਯੋਂ ਕਾ ਬਸ ਹੈ ॥੨੭੬॥	
ਅਬਿ ਮੈਂ ਨਿਜ ਅਜ਼ਮਤ ਬਲ ਯਾਂ ਕੋ[1]।	[1]ਇਸ ਸ਼ਹਿਰ ਨੂੰ।
ਕਰਿਹੌਂ ਗਰਕ ਛਿਲਾ ਕਢਿ ਬਾਂਕੋ[1]।	[1]ਚੰਗਾ ਛਿਲਾ ਕੱਢ ਕੇ। (ਛਿਲਾ, ਚਾਲੀਸਾ- ੪੦ ਦਿਨ ਵਿੱਚ ਪੂਰਾ ਹੋਣ ਵਾਲਾ ਜਪ ਦਾ ਨਿਯਮ।)
ਜਬਿ ਲੌ ਗਰਕ ਨ ਇਹੁ ਪੁਰਿ ਥੈਹੈ।	
ਤਬਿ ਲੌ ਸੂਰਜ ਹਮ ਨ ਪਿਖੈ ਹੈਂ ॥੨੭੭॥	
ਇਮ ਕਹਿ ਥਿਰ੍ਯੋ ਮਕਬਰੇ[1] ਮਾਹੈਂ।	[1]ਮਕਬਲਾ- ਕਬਰ ਉਪਰ ਬਣਿਆ ਮਕਾਨ।
ਚਾਰ ਤਰਫ ਤੈ ਬੰਦ ਕਰਾ ਹੈ।	
ਦੋਇ ਚਲੀਹੇ ਕਾਟੇ ਉਨ ਜਬਿ।	
ਲਗੇ ਭੁਚਾਲ ਹੋਵਨੇ ਬਹੁ ਤਬਿ ॥੨੭੮॥	
ਸ੍ਰੀ ਗੁਰੁ ਨਾਨਕ ਸਰਬੱਗ ਸ੍ਵਾਮੀ।	
ਧਰਮ ਮ੍ਰਯਾਦ ਰਖਕ ਅਭਿਰਾਮੀ।	
ਤਾਰਕ ਜਨ ਪਾਰਕ ਸ੍ਰੁਤਿ ਸੇਤੈਂ[1]।	[1]ਜਨਾਂ ਨੂੰ ਤਾਰਨ ਵਾਲੇ ਤੇ (ਸ੍ਰੁਤਿ) ਵੇਦ ਆਦਿਕ ਧਾਰਮਿਕ ਗ੍ਰੰਥਾਂ ਰੂਪ (ਸੇਤ) ਪੁਲ ਦੀ (ਪਾਰਕ) ਪਾਲਨਾ ਭਾਵਰਾਖੀ ਕਰਨ ਵਾਲੇ।
ਥਿਯ ਅਵਤਾਰ ਜਿਨੈ ਇਸ ਹੇਤੈਂ[1] ॥੨੭੯॥	[1]ਇਸੇ ਵਾਸਤੇ।
ਆਇ ਪਹੁੰਚੇ ਸਜਾਲਕੋਟ ਹੈਂ।	
ਜਿਨ ਦਰਸੇ ਅਘ ਕਟੈਂ ਕੋਟਿ ਹੈਂ[1]।	[1]ਕ੍ਰੋੜਾਂ ਹੀ।
ਨਿਕਟਿ ਮਕਬਰੇ ਕਬਰਨ ਮਾਹੈਂ।	
ਬੇਰੀ ਤਰੁ ਕੇ ਤਰੇ ਥਿਰਾ ਹੈ[1] ॥੨੮੦॥	[1]ਬੇਰੀ ਦੇ ਦਰੱਖ਼ਤ ਦੇ ਹੇਠ ਬੈਠ ਕੇ।
ਪਠ੍ਯੋ ਫਕੀਰ ਪਾਸ ਮਰਦਾਨਾ।	
ਅੰਤਰਜਾਮੀ ਗੁਰੁ ਭਗਵਾਨਾ।	
ਕਹ੍ਯੋ ਦਰਸ ਦੇਵੋ ਅਰ ਲੈਵੋ।	
ਧਰਮ ਫਕੀਰਨਿ ਕੋਪ ਨ ਕੈਵੋ[1] ॥੨੮੧॥	[1]ਕ੍ਰੋਧ ਨਾ ਕਰਨਾ ਫ਼ਕੀਰਾਂ ਦਾ ਧਰਮ ਹੈ।
ਜਾਇ ਮ੍ਰਦਾਨੇ ਜਬਿ ਇਮ ਗਾਯੋ[1]।	[1]ਕਿਹਾ।
ਸੁਨਿ ਫਕੀਰ ਨਹਿਂ ਉੱਤਰ ਦਾਯੋ[1]।	[1]ਦਿੱਤਾ।
ਮਰਦਾਨਾ ਹਟਿ ਗੁਰੁ ਢਿਗ ਆਯੋ।	
ਦੁਤੀ ਬੇਰ ਗੁਰੁ ਫੇਰ ਪਠਾਯੋ ॥੨੮੨॥	
ਪੁਨ ਮਰਦਾਨੇ ਭਾਖ੍ਯੋ ਐਸੇ।	

ਗੁਰੁ ਨਾਨਕ ਹੈਂ ਬਾਹਰ ਬੈਸੇ।
ਮਿਲਬੇ ਕੇ ਹਿਤ ਤੁਮੈਂ ਬੁਲੈ ਹੈਂ।
ਚਲੋ ਫਕੀਰ ਧੀਰ ਤਜਿ ਤੈਹੈਂ[1] ॥੨੮੩॥ — [1]ਹੇ ਫ਼ਕੀਰ (ਤੈਹੈਂ) ਓਥੇ (ਗੁਰਾਂ ਪਾਸ) (ਧੀਰ) ਦੇਰੀ ਨੂੰ ਛੱਡ ਕੇ ਚਲੋ।
ਕਹਯੋ ਸਗ੍ਰਬ[1] ਫਕੀਰ ਤਬੈ ਹੈ। — [1]ਹੰਕਾਰ ਨਾਲ।
ਜਬਿ ਲੌਂ ਨਗਰ ਨ ਇਹੁ ਗਰਕੈ ਹੈ।
ਤਬਿ ਲੌਂ ਹਮ ਨ ਚਾਂਦਨਾਂ ਪੇਖੈਂ[1]। — [1]ਚਾਨਣਾ ਨਹੀਂ ਵੇਖਾਂਗਾ।
ਇਹੁ ਪ੍ਰਣ ਮੈਂ ਨਿਜ ਕੀਨ ਬਿਸੇਖੈਂ[1] ॥੨੮੪॥ — [1]ਬਹੁਤਾ, ਵੱਡਾ।
ਆਇ ਮ੍ਰਦਾਨੇ ਇਹੁ ਸਭਿ ਗਾਈ।
ਸੁਨਿ ਗੁਰੁ ਉਤ ਦਿਸ ਪਿਖਯੋ ਯਦਾਈ[1]। — [1]ਜਦੋਂ।
ਫਟਯੋ ਮਕਬਰਾ ਊਪਰ ਤੈ ਤਬਿ।
ਨਿਰਖਯੋ ਫਕਰ ਚਾਂਦਨਾ ਇਮ ਜਬਿ ॥੨੮੫॥
ਦੁਤੀ ਠੌਰ ਤੈ ਔਰ ਫੁਟਾਨੋ।
ਪਿਖਿ ਰਵਿ[1] ਰਹਯੋ ਫਕੀਰ ਹਿਰਾਨੋ। — [1]ਸੂਰਜ।
ਗੁਰੁ ਕੋ ਵਲੀ ਪਿਗੰਬਰ ਜਾਨਾ।
ਰੂਪ ਖੁਦਾ ਕੋ ਸ਼ਕਤਿ ਨਿਧਾਨਾ[1] ॥੨੮੬॥ — [1]ਸ਼ਕਤੀਆਂ ਦੇ ਖਜ਼ਾਨੇ।
ਖੋਲਿ ਕਿਵਾੜ[1] ਆਇ ਗੁਰੁ ਦਰਸੇ। — [1]ਤਖ਼ਤੇ।
ਕਦਮ ਪਦਮ ਸੁਖ ਸਦਮ ਸਪਰਸੇ[1]। — [1]ਸੁਖਾਂ ਦੇ ਘਰ ਗੁਰਾਂ ਦੇ ਚਰਨ-ਕਮਲ ਛੋਹੇ।
ਪੈਗੰਬਰ ਬਪੁ[1] ਗੁਰੂ ਨਿਹਾਰੇ। — [1]ਸਰੂਪ।
ਥਯੋ ਜੋਰਿ ਕਰ ਠਾਢ ਅਗਾਰੇ ॥੨੮੭॥
ਕਹਯੋ ਗੁਰੂ ਇਹੁ ਕਜਾ ਤੁਮ ਧਾਰੀ।
ਮੂਰਖ ਮਤਿ ਸਤਿ ਕੀ ਨਹਿਂ ਕਾਰੀ[1]। — [1]ਇਹ ਤਾਂ ਮੂਰਖਾਂ ਵਾਲੀ ਮੱਤਿ ਹੈ, ਸੱਚ ਦੀ ਕਾਰ ਨਹੀਂ।
ਕਾਚ ਪਾਚ ਹਿਤ ਸਾਚ ਗਵੈ ਹੈਂ[1]। — [1]ਕੱਚੇ ਪਿੱਲੇ ਕੰਮ ਵਾਸਤੇ ਸੱਚ ਨੂੰ ਗਵਾ ਰਿਹਾ ਹੈਂ।
ਨਗਰ ਸਗਰ ਗਰਕਾਵਨ ਚੈਹੈਂ ॥੨੮੮॥
ਇਕ ਬਦਲੇ ਦੁਖ ਦੇਵਤ ਬਹੁ ਕੋ।
ਹੁਕਮ ਅਦੂਲ ਹੋਤ ਤੂੰ ਸ਼ਹੁ ਕੋ[1]। — [1]ਤੂੰ ਮਾਲਕ (ਪ੍ਰਮੇਸ਼ਰ) ਦਾ ਹੁਕਮ ਉਲਟਾਉਣ ਵਾਲਾ ਹੋ ਰਿਹਾ ਹੈਂ।
ਜਪ ਤਪ ਦੈ ਨਿਜ ਸਰਬ ਕਮਾਈ।
ਧੂਮ ਪਹਾਰੀ ਚਹਿਤ ਢਹਾਈ[1] ॥੨੮੯॥ — [1]ਧੂਏਂ ਦੀ ਪਹਾੜੀ (ਨਗਰੀ) ਢਾਹੀ ਚਾਹੁੰਦਾ ਹੈਂ।
ਤਾਂ ਪਰ ਭੀ ਫਿਰ ਭਵੈਂ[1] ਗੁਨਾਹੀਂ। — [1]ਹੋਵੇਂਗਾ।

ਕਾਮ ਫਕੀਰਨ ਕੋ ਇਹੁ ਨਾਹੀਂ।
ਬਾਲਕ ਸੋ ਤੁਵ ਸੰਗ ਨ ਜੈਹੈ।
ਜਿਸ ਹਿਤ ਏਤਿਕ ਕਸ਼ਟ ਉਠੈ ਹੈਂ ॥੨੯੦॥
ਹੁਤੋ ਤੁਮਾਰ ਤੁ ਤੁਮ ਪੈ ਆਤੋ।
ਕੋਕਿਲ ਬੱਤਕ ਸੁਤ ਜਯੋਂ ਜਾਤੋ[1]।

[1]ਜਿਵੇਂ (ਕੋਇਲ ਦਾ ਬੱਚਾ (ਕਾਉਣੀ) ਤੇ ਬੱਤਖ ਦਾ ਬੱਚਾ ਕੁਕੜੀ ਕੱਢਦੀ ਹੈ ਪਰ ਵੱਡੇ ਹੋ ਕੇ) ਕੋਇਲ ਤੇ ਬੱਤਖ ਦੇ ਬੱਚੇ (ਉਨ੍ਹਾਂ ਕੋਲ ਹੀ) ਚਲੇ ਜਾਂਦੇ ਹਨ।

ਕਹਯੋ ਫਕੀਰ ਔਰ ਨਹਿਂ ਇੱਛਯਾ।
ਝੂਠਾ ਸ਼ਹਿਰ ਜਾਨਿ ਦਿਹੁਂ ਸਿੱਛਯਾ[1] ॥੨੯੧॥

[1]ਸਿੱਖਿਆ।

ਕਹਯੋ ਗੁਰੂ ਪਰਤਯਾ ਹਮ ਦੈਹੈਂ[1]।

[1]ਅਸੀਂ ਪ੍ਰੀਖਿਆ ਕਰ ਦੇਂਦੇ ਹਾਂ।

ਨਗਰ ਸਗਰ ਨਹਿਂ ਕੂਰੋ ਥੈਹੈ[1]।

[1]ਹੋ ਸਕਦਾ।

ਇਮ ਕਹਿ ਗੁਰੁ ਮਰਦਾਨੇ ਤਾਂਈਂ।
ਦੈ ਦੁਇ ਪੈਸੇ ਪਠਯੋ ਤਦਾਈਂ ॥੨੯੨॥
ਇਕ ਕਾ ਝੂਠ ਸਾਚ ਇਕ ਕੇਰੋ।
ਲਯਾਉ ਖਰੀਦ ਨਗਰ ਤੈ ਹੇਰੋ।
ਗਯੋ ਮ੍ਰਦਾਨਾ ਫਿਰਯੋ ਬਜਾਰੈਂ।
ਮੂਲੇ ਖੱਤ੍ਰੀ ਕੀਨ ਵਿਚਾਰੈਂ ॥੨੯੩॥
ਮਰਦਾਨੇ ਤੈ ਲੈ ਦੁਇ ਪੈਸੇ।
ਦੁਇ ਕਾਗਜ਼ ਲਿਖ ਦੀਨੇ ਐਸੇ।
ਮਰਣ ਸੱਚ ਜੀਵਣ ਜਗ ਕਾਚਾ।
ਸੰਤਨ ਬੇਦ ਕਤੇਬੋਂ ਵਾਚਾ[1] ॥੨੯੪॥

[1]ਪੜ੍ਹਿਆ ਹੈ।

ਲੈ ਮਰਦਾਨਾ ਗੁਰੁ ਢਿਗ ਆਵਾ।
ਇਮ ਫਕੀਰ ਕੋ ਦਿਯ ਪ੍ਰਤਯਾਵਾ ॥੨੯੫॥
ਦੋਹਰਾ:
ਤਬਿ ਤੈ ਖਾਦਮ ਦਿਵ[1] ਭਯੋ,

[1]ਪੱਕਾ ਸੇਵਕ।

ਸੋ ਫਕੀਰ ਗੁਰੁ ਕੇਰ।
ਤਿਸ ਕਾ ਭੀ ਹੈ ਮਕਬਰਾ,
ਢਿਗ ਬਾਰੇ ਦੀ ਬੇਰ ॥੨੯੬॥
ਜਿਸ ਬੇਰੀ ਤੇ ਤਰੇ ਗੁਰੁ,
ਬੈਠੇ ਥੇ ਤਬਿ ਜਾਇ।

ਗੁਰੁਦ੍ਵਾਰਾ ਤਿਸ ਠੌਰ ਅਬਿ,
ਅਧਿਭੁਤ ਰਹਜੋ ਸੁਹਾਇ ॥੨੯੭॥
ਪਾਛੇ ਆਛੇ ਸਭਿ ਕਹੀ,
ਔਰ ਗਾਥ ਤਿਹ ਸਾਰ[1]।
ਮਾਨ ਸਰੋਵਰ ਰਚ ਰਖ੍ਯੋ,
ਪ੍ਰੇਮ ਸਿੰਘ ਗੁਰੁਦ੍ਵਾਰ ॥੨੯੮॥
ਸਿੱਖ ਗੁਰੂ ਕੇ ਜਿਤਿਕ ਹੈਂ,
ਗੁਰੁਦ੍ਵਾਰੀਏ ਔਰ।
ਬਖਸ਼ੈਂ ਗੁਰੁ ਸਭਿ ਕੋ ਸੁਮਤਿ,
ਗਹੈਂ ਤਾਂਹਿ ਕਾ ਤੌਰ[1] ॥੨੯੯॥
ਧਰਮ ਸੁਜਸ ਸੁਖ ਸੰਪਤਾ,
ਜਾਂ ਤੈ ਭਵੈ ਅਪਾਰ[1]।
ਝਗੜੇ ਬਾਦ ਬਿਬਾਦ ਤਜਿ,
ਭਜੈਂ ਮਿਲਾਪ ਉਦਾਰ[1] ॥੩੦੦॥

ਸਜਾਲਕੋਟ ਗੁਰੁਦ੍ਵਾਰ ਕੀ,
ਔਰ ਸ਼ਹੀਦਨ ਕੇਰ।
ਗਜਾਨ ਸਿੰਘ ਗਾਥਾ ਕਹੀ,
ਪੰਥ ਪ੍ਰਤਾਪ ਉਚੇਰ ॥੩੦੧॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ, 'ਦਜਾਲ-ਸਿੰਘ, ਨੱਥਾ ਸਿੰਘ ਸ਼ਹੀਦੋਂ ਕਾ ਪ੍ਰਸੰਗ, ਬਾਬੇ ਦੀ ਬੇਰ ਪ੍ਰਸੰਗ', ਬਰਨਨੰ ਨਾਮ ਇਕਵੰਜਮੋਂ ਬਿਸ੍ਰਾਮ ॥੫੧॥

[1]ਤਿਸ ਗੁਰਦੁਆਰੇ ਦੀ ਚੰਗੀ ਕਥਾ।

[1]ਤ੍ਰੀਕਾ, ਢੰਗ।

[1]ਜਿਸ ਕਰ ਕੇ ਸੁਖ ਤੇ ਸਮੱਗ੍ਰੀ ਬਹੁਤ ਹੋਵੇ।

[1]ਝਗੜੇ ਤੇ ਬਿਅਰਥ ਚਰਚਾ ਛੱਡ ਕੇ ਚੰਗੇ ਮਿਲਾਪ ਦੀ ਵਰਤੋਂ ਕਰਨ।

੫੨. {ਸਾਂਹਚੀ ਨਾਲ ਪੰਥ ਦਾ ਜੰਗ, ਬਾਬੇ ਰਾਮ ਸਿੰਘ ਬੇਦੀ ਦੀ ਸ਼ਹੀਦੀ, ਸਾਂਹਚੀ ਦਾ ਮਰਨਾ, ਮਹਾਰਾਜਾ ਰਣਜੀਤ ਸਿੰਘ ਦਾ ਲਾਹੌਰ ਤੇ ਕਬਜ਼ਾ}

ਬਜਾਸ ਪਰਾਸਰ[1] ਨਾਰਦ ਸਾਰਦ[2],
ਬੁਧਿ ਬਿਸਾਰਦ[1] ਜੇ ਜਗ ਥੀਏ।
ਦੇਵ ਰਿਖੀਸ਼ ਤਪੀਸ਼ ਮੁਨੀਸ਼,
ਜੁਗੀਸ਼ ਸਿਧੇਸ੍ਵਰ ਏਸ੍ਵਰ ਥੀਏ[1]।
ਜੇ ਅਵਤਾਰ ਪਿਗੰਬਰ, ਅੰਬਰ
ਪੈ ਚਲ ਕੈ, ਮੁਖ ਲੰਬਰ ਲੀਏ[1]।
ਤੇ ਗੁਰੁ ਕੇ ਪਦ ਪੰਕਜ ਸੇਵਿ
ਭਏ ਬਡ, ਸੋ ਧਰ ਹੈਂ ਹਮ ਹੀਏ[1] ॥੧॥

[1]ਬਿਆਸ ਦਾ ਪਿਤਾ, ਕਪਲ ਮੁਨੀ ਦਾ ਚੇਲਾ, ਵਿਸ਼ਿਸ਼ਟ ਦਾ ਪੁੱਤਰ ਸੀ। [2]ਸਰੁਸਤੀ, ਵਿੱਦਿਆ ਦੀ ਦੇਵੀ।

[1]ਚਤੁਰ ਬੁੱਧੀ ਵਾਲੇ।

[1]ਦੇਵਤੇ, ਰਿਖੀਆਂ ਦੇ ਈਸ਼ਰ, ਤਪੀਆਂ ਦੇ ਈਸ਼ਰ, ਮੁਨੀਆਂ ਦੇ ਈਸ਼ਰ, ਜੋਗੀਆਂ ਦੇ ਈਸ਼ਰ, ਸਿੱਧਾਂ ਦੇ ਈਸ਼ਰ ਤੇ ਸ਼ਿਵ ਆਦਿ ਹੋਏ ਹਨ।

[1]ਜਿਨ੍ਹਾਂ ਅਵਤਾਰਾਂ ਤੇ ਪੈਗ਼ੰਬਰਾਂ ਨੇ ਅਕਾਸ਼ ਭਾਵ ਬੈਕੁੰਠ ਵਿੱਚ ਜਾ ਕੇ ਮੁੱਖ ਦਰਜੇ ਪ੍ਰਾਪਤ ਕੀਤੇ ਹਨ।

[1]ਉਹ ਗੁਰਾਂ ਦੇ ਚਰਨਾਂ ਕਮਲਾਂ ਦੀ ਸੇਵਾ ਕਰ ਕੇ ਵੱਡੇ ਹੋਏ ਹਨ ਉਹਨਾਂ (ਚਰਨ-ਕਮਲਾਂ) ਨੂੰ ਮੈਂ ਹਿਰਦੇ ਵਿੱਚ ਧਾਰਦਾ ਹਾਂ।

ਸੋਰਠਾ:
ਗਾਥ ਔਰ ਸਿਰਮੌਰ[1],
ਸੁਨੋ ਗੌਰ ਕਰਿ[1] ਠੌਸ ਇਸ।
ਪੌਰ ਮੁਕਤਿ ਸਭਿ ਤੌਰ,
ਗੌਰ ਖੌਰ ਸਮ ਗ੍ਰੰਥ ਕੋ[1] ॥੨॥

[1]ਸ਼੍ਰੋਮਣੀ ਕਥਾ।

[1]ਖ਼ਿਆਲ ਕਰਕੇ।

[1](ਇਸ) ਗ੍ਰੰਥ ਨੂੰ ਸਭ ਤਰ੍ਹਾਂ ਕਰ ਕੇ ਮੁਕਤੀ ਦਾ ਦਰਵਾਜ਼ਾ ਤੇ (ਗੌਰ) ਸੁਨਹਿਰੀ (ਖੌਰ) ਤਿਲਕ ਦੇ ਸਮਾਨ (ਜਾਣੋ)।

ਬੇਦੀਰਾਮ-ਮ੍ਰਿਗੇਸ਼,
ਆਦਿ ਸਿੰਘ ਮਾਹੀਦ[1] ਜਜੋਂ।
ਭਏ ਸ਼ਹੀਦ ਬਿਸ਼ੇਸ਼[1],
ਗਾਥ ਚਾਰ ਫਲ ਦਾਇ ਤਿਨ[1] ॥੩॥

[1]ਵੱਡੇ।

[1]ਬਹੁਤੇ।

[1]ਤਿਨ੍ਹਾਂ ਦੀ ਕਥਾ ਚਾਰ (ਧਰਮ, ਅਰਥ, ਕਾਮ, ਮੋਖ ਆਦਿ) ਫਲਾਂ ਨੂੰ ਦੇਣ ਵਾਲੀ ਹੈ।

ਕਹਿ ਹੋਂ ਸੁਨੋ ਸੁਜਾਨ,
ਅੰਤਮ[1] ਬਡ ਪਰਸੰਗ ਯਹਿ।
ਸੰਗ ਸਾਂਹਚੀ[1] ਜਾਨੁ,
ਲਰਜੋ ਜੈਸ ਸਭਿ ਪੰਥ ਮਿਲਿ ॥੪॥

[1]ਅਖ਼ੀਰਲਾ।

[1]ਇਸ ਦਾ ਅਸਲ ਨਾਉਂ ਅਹਿਮਦ ਖਾਂ ਸੀ। ਇਹ ਅਹਿਮਦ ਸ਼ਾਹ ਦੇ ਪੋਤਰੇ ਜਮਾਨ ਸ਼ਾਹ ਕਾਬਲ ਦੇ ਬਾਦਸ਼ਾਹ ਦਾ ਸੈਨਾਪਤੀ ਸੀ।

ਕਬਿੱਤ:

ਸ੍ਰੀਰਾਮ ਸਿੰਘ ਬੇਦੀ ਸਾਹਿਬ ਅਛੇਦੀ[1] ਭਯੋ,	[1]ਕੱਟਣ ਤੋਂ ਰਹਿਤ।
ਭੇਦੀ ਗੁਰੁ ਦਸਹੂੰ ਕੀਰਤਿ ਕਾ ਉਦਾਰੇ ਹੈ[1]।	[1]ਦਸਾਂ ਸਤਿਗੁਰਾਂ ਦੀ ਸ੍ਰੇਸ਼ਟ ਪ੍ਰੀਤੀ ਦਾ ਭੇਤੀ, (ਜਾਣੂ) ਸੀ।
ਜਿਲੇ ਗੁਜਰਾਤ ਗਾਮ ਕੋਟਲੀ ਲਖੈ ਹੈਂ ਆਮ[1],	[1]ਸਾਰੇ ਜਾਣਦੇ ਹਨ।
ਤਹਾਂ ਰਚਿ ਧਾਮ ਥਾ ਅਰਾਮ ਸੋ ਸੁਧਾਰੇ ਹੈ[1]।	[1]ਉਥੇ ਘਰ ਬਣਾ ਕੇ ਉਹ ਅਰਾਮ ਨਾਲ (ਸੁਧਾਰੇ) ਚੰਗੀ ਤਰ੍ਹਾਂ (ਰਹਿੰਦਾ) ਸੀ।
ਸਦਗੁਨ ਗਨ ਕੋ ਅਗਾਰ ਬੀਰ ਭਾਰਿ ਅਤਿ,	
ਕਰਨੀ ਉਦਾਰ-ਵਾਰ ਜਤ ਸਤ ਭਾਰੇ ਹੈਂ[1]।	[1]ਬਹੁਤੇ ਸ੍ਰੇਸ਼ਟ ਗੁਣਾਂ ਦਾ ਘਰ ਤੇ ਬਹੁਤਾ ਭਾਰਾ ਸੂਰਮਾਂ ਸੀ, ਚੰਗੀ ਕਰਨੀ ਵਾਲਾ ਤੇ ਭਾਰੇ ਜਤ ਸਤ ਵਾਲਾ ਸੀ।
ਪੰਥ ਖਾਲਸੇ ਕੇ ਸੰਗ ਰੈਹ ਬਹੁ ਕੀਨੇ ਜੰਗ,	
ਸੱਤ੍ਰੂ ਅਪਾਰ ਅੰਗ ਭੰਗ ਕਰਿ ਡਾਰੇ ਹੈਂ ॥੫॥	
ਜਹਾਂ ਜਹਾਂ ਪੈ ਹੈ ਰਣ ਆਗੇ ਹ੍ਵੈ ਲਰੈ ਹੈ ਤਨਿ[1],	[1]ਆਕੜ ਕੇ।
ਕਰਾਮਾਤ ਕੋ ਭੀ ਕਣ[1] ਹੁਤੋ ਮਧ ਤਾਂਹਿ ਹੈ।	[1]ਕਿਣਕਾ, ਬੀਜ।
ਗੁਰੂ ਕੇ ਤੋ ਕੂਕਰੋਂ ਮੇ ਕਰਾਮਾਤਾਂ ਕੈਹੈਂ ਐਹੈ[1],	[1]ਕੁੱਤਿਆਂ ਵਿੱਚ ਕਰਾਮਾਤਾਂ ਹਨ (ਇਹ ਗੱਲ ਲੋਕ) ਕਹਿੰਦੇ ਹਨ।
ਏਹੁ ਤੋ ਸਪੂਤ ਹੁਤੋ ਕਯੋਂ ਨ ਹ੍ਵੈ ਮਹਾਂਹਿ[1] ਹੈਂ।	[1]ਵੱਡਾ (ਕਰਾਮਾਤੀ)।
ਪਰੀ ਭੀਰ ਸਿੰਘੈਂ ਆਇ ਜਹਾਂ ਤਹਾਂ ਆਗੇ ਥਾਇ[1]।	[1]ਹੋ ਕੇ।
ਤੁਰਕਨ ਕੋ ਦੈ ਦਿਖਾਇ ਦਏ ਸੋ ਭਗਾਹਿ ਹੈਂ।	
ਪਾਯੋ ਧਨ ਤਾਂਹਿ ਜੇਤੋ ਸਿੱਖਨ ਕੋ ਦਯੋ ਤੇਤੋ,	
ਲੰਗਰ ਚਲੈਹੈ ਵੇ ਤੋ ਅਧਿਕ ਉਮਾਹਿ ਹੈ[1] ॥੬॥	[1]ਉਹ ਤਾਂ ਬਹੁਤੇ ਉਤਸ਼ਾਹ ਨਾਲ ਲੰਗਰ ਚਲਾਉਂਦਾ ਹੈ।
ਥਯੋ[1] ਜਥਾ ਸਿੰਘਨ ਕਾ ਤਾਂਹਿ ਸੰਗ ਯਾਂ ਤੈ ਚੰਗ[2],	[1]ਹੋ ਗਿਆ ਸੀ। [2]ਚੰਗਾ।
ਭਜਨ ਉਮੰਗ ਜੰਗ ਕਰਤੋ ਕਰਾਵਤੋ।	
ਦੀਪ ਸਿੰਘ ਆਦਿਕ ਸ਼ਹੀਦਨ ਮੈਂ ਮੁਖੀਆ ਥਾ,	
ਯਾਂਹਿ ਹੇਤੁ ਤਾਂਹਿ ਕੋ ਸ਼ਹੀਦ ਪੰਥ ਗਾਵਤੋ[1]।	[1]ਕਹਿੰਦਾ ਸੀ।
ਫੇਰ ਏਕ ਬੇਰ ਭਾਰਾ ਜੰਗ ਕਰਿ ਇਨੈ ਮਾਰਾ,	
ਗਿਲਜਜੋਂ ਕਾ ਸਰਦਾਰਾ ਖਾਂ-ਜਮਾਲ ਭਾਵਤੋ[1]।	[1]ਜਿਹੜਾ ਗਿਲਜਿਆਂ ਨੂੰ ਭਾਉਂਦਾ ਸੀ।
ਡੱਲੇ ਗ੍ਰਾਮਰਾਵੀ ਤੱਟ[1] ਸ਼ਾਹਿ ਸੰਗ ਜੰਗ ਠੱਟੇ[2],	[1]ਕਿਨਾਰੇ। [2]ਅਹਿਮਦ ਸ਼ਾਹ ਅਬਦਾਲੀ ਨਾਲ ਜੰਗ ਕਰਕੇ।
ਸ਼ੱਤਰੂ ਅਘੱਟ[1] ਮਾਰੇ ਆਦਿ ਖਾਂ-ਸਲਾਵਤੋ[2] ॥੭॥	[1]ਬਹੁਤੇ ਵੈਰੀ। [2]ਸਲਾਵਤ ਖ਼ਾਂ ਬੀਸ ਹਜ਼ਾਰੀ ਆਦਿਕ।
ਐਸ ਹੀ ਅਨੇਕ ਜੰਗ ਕੀਨੇ ਥੇ ਅਭੰਗ[1] ਇਨੈ,	[1]ਲਗਾਤਾਰ।
ਜਾਨ ਕੈ ਗੁਰੰਸ[1] ਭਟ ਸਿੱਖ[2] ਸਭਿ ਮਾਨੈਂ ਥੇ।	[1]ਗੁਰਾਂ ਦੀ ਅੰਸ ਭਾਵ ਬੇਦੀ ਜਾਣ ਕੇ। [2]ਸਿੱਖ ਸੂਰਮੇਂ।

ਸੁੰਦਰ ਸਰੂਪ ਖ੍ਰੂਪ ਭੂਪਨ ਕੇ ਭੂਪ ਹੁਤੇ[1],
ਚੰਦ ਸਮ ਦੂਜ ਪੂਜ ਹਿੰਦੁ ਕੈ ਮਹਾਨੈਂ ਥੇ[1]।

[1]ਚੰਗੇਰਾਜਿਆਂ ਦੇ ਰਾਜੇ ਸਨ।

[1]ਦੂਜ ਦੇ ਚੰਦ ਵਾਂਗ ਹਿੰਦੂਆਂ ਦੇ ਵੀ ਮਹਾਨ ਪੂਜਨੀਕ ਸਨ।

ਤੇਜ ਥਾ ਪੁਰੰਦਰ ਸੋਂ ਮੰਦਰ ਉਦਾਰਤਾ ਕੇ,
ਇੰਦ੍ਰਾ ਅਧੀਨ ਹੁਤੀ ਸ਼ਕਤਿ ਨਿਧਾਨੈਂ ਥੇ[1]।

[1]ਇੰਦਰ ਵਰਗਾ ਤੇਜ ਤੇ ਦਾਤਾਪਨ ਦੇ ਮੰਦਰ ਸਨ। (ਇੰਦਰਾ) ਲੱਛਮੀ ਆਗਿਆ ਵਿੱਚ (ਰਹਿੰਦੀ) ਸੀ ਤੇ ਸ਼ਕਤੀ ਦੇ ਖਜ਼ਾਨੇ ਸਨ।

ਜਨਕ ਸੈਂ ਮਾਨੈਂ ਥੇ ਕਿਰਾਮ ਸੈਂ ਪ੍ਰਧਾਨੈ,
ਰਿਖਿ-ਰਾਜ ਤੈ ਮਹਾਨੈ ਭਟ ਪਾਰਥ ਤੈ ਸਜਾਨੈ ਥੇ[1] ॥੮॥

[1]ਜਨਕ ਤੋਂ ਵੀ ਜ਼ਿਆਦਾ ਮਾਨਯੋਗ ਸਨ, ਜਾਂਰਾਮ ਚੰਦਰ ਤੋਂ ਵੀ ਮੁਖੀ ਸਨ, ਰਾਜ ਰਿਖੀ (ਵਿਸ਼ਵਾਮਿਤ੍ਰ) ਤੋਂ ਵੱਡੇ, (ਪਾਰਥ) ਅਰਜਣ ਸੂਰਮੇਂ ਤੋਂ ਵੀ ਸਿਆਣੇ ਸੂਰਮੇਂ ਸਨ।

ਕੰਜ ਪਾਂਖੜੀ ਤੈ ਮੰਜ ਦ੍ਰਿਗ ਮ੍ਰਿਗ ਹੂੰ ਤੈ ਨੀਕ,
ਪੂਰੇ ਰਸ ਬੀਰ ਧੀਰ ਧ੍ਰਮ ਹੂੰ ਤੈ ਦਾਨੈ ਥੇ[1]।

[1]ਕੰਵਲ ਦੀਆਂ ਪੰਖੜੀਆਂ ਤੋਂ (ਮੰਜ) ਉੱਜਲ ਤੇ ਹਰਨ ਦੇ ਨੇਤ੍ਰਾਂ ਤੋਂ ਵੀ ਚੰਗੇ ਨੇਤ੍ਰ ਸਨ, ਬੀਰ-ਰਸ ਨਾਲ ਭਰੇ ਹੋਏ, ਧੀਰਜਵਾਨ ਤੇ (ਧ੍ਰਮ) ਜੁਧਿਸ਼ਟਰ ਤੋਂ ਸਿਆਣੇ ਸਨ।

ਭੀਮ ਸੇ ਭਜਾਨਕ ਥੇ ਸੱਤ੍ਰੈਂ ਖਪਾਨਕ ਥੇ,
ਮਿੱਤ੍ਰੈਂ- ਕਲਜਾਨਕ ਥੇ ਅੱਤ੍ਰੈ ਧਰਾਨੈ ਥੇ[1]।

[1]ਭੀਮ-ਸੈਨ ਤੋਂ ਵੀ ਭਿਆਨਕ, ਵੈਰੀਆਂ ਨੂੰ ਖਪਾਉਣ ਵਾਲੇ, ਮਿੱਤਰਾਂ ਨੂੰ ਸੁਖ ਦੇਣ ਵਾਲੇ ਅਤੇ ਸ਼ਸਤ੍ਰਾਂ ਨੂੰ ਧਾਰਨ ਵਾਲੇ ਸਨ।

ਪੂਰਨ ਪ੍ਰਤਾਪੀ ਜਾਪੀ ਨਾਮ ਗੁਰਬਾਨੀ ਆਪੀ,
ਖਾਪੀ ਮੋਹ ਸੈਨ ਕੇ ਮਿਲਾਪੀ ਐਨ ਗਜਾਨੈ ਥੇ[1]।

[1]ਪੂਰਨ ਪ੍ਰਤਾਪ ਵਾਲੇ, ਆਪ ਨਾਮ ਤੇ ਗੁਰਬਾਣੀ ਦੇ ਜਪਣ ਵਾਲੇ, ਮੋਹ ਦੀ ਫੌਜ (ਕਾਮਾਦਿਕਾਂ) ਨੂੰ ਖਪਾਉਣ ਵਾਲੇ, ਚੰਗੇ ਮਿਲਾਪੀ ਤੇ ਗਿਆਨਵਾਨ ਸਨ।

ਅਪਰ ਅਪਾਰੈਂ ਹੁਤੀ ਮਹਿਮਾਂ ਉਦਾਰੈਂ ਤਿਨੈਂ,
ਈਸ ਅਵਤਾਰੈਂ ਥੇ ਕਿ ਪੁਰਖ ਮਹਾਨੈ ਥੇ[1] ॥੯॥

[1]ਤਿਨ੍ਹਾਂ ਦੀ ਬੇਅੰਤ ਤੋਂ ਬੇਅੰਤ ਸ੍ਰੇਸ਼ਟ ਮਹਿਮਾਂ ਸੀ, ਈਸ਼ਰ ਦਾ ਹੀ ਅਵਤਾਰ ਸਨ ਕਿ ਮਹਾਨ-ਪੁਰਖ ਸਨ।

ਕੰਧ ਪੈ ਕੁਵੰਡ ਦੰਡ ਚੱਕ੍ਰ ਪ੍ਰਚੰਡ ਚੰਡ,
ਮੰਡ ਜਿਹ ਤਨ ਪੈ ਅਖੰਡ ਸਦ ਥੇ ਰਹੈਂ[1]।

[1]ਮੋਢੇ ਤੇ ਧਨੁਸ਼, ਡੰਡੇ (ਪ੍ਰਚੰਡ) ਬਹੁਤ ਤਿੱਖੇ ਤੇ (ਚੰਡ) ਭਿਆਨਕ ਚੱਕ੍ਰ ਜਿਹੜੇ ਸਦਾ ਲਗਾਤਾਰ ਸਰੀਰ ਤੇ (ਮੰਡ) ਸਜੇਰਹਿੰਦੇ ਸਨ।

ਪੂਰਨ ਤੁਨੀਰਨ ਥੇ ਕਟਿ ਸਾਥ ਭਾਥ, ਜੁਗ
ਹਾਥ ਦੰਡ ਲੋਹ ਗਦਾ ਸਵਾ ਮਣ ਕੀ ਗਹੈਂ[1]।

[1](ਤੁਨੀਰਨ) ਤੀਰਾਂ ਨਾਲ (ਪੂਰਨ) ਭਰੇ ਹੋਏ (ਭਾਥ) ਭੱਥੇ (ਕਟਿ) ਲੱਕ ਨਾਲ ਸਨ, ਦੋਹਾਂ ਹੱਥਾਂ ਵਿੱਚ ਲੋਹੇ ਦਾ ਡੰਡਾ ਤੇ ਸਵਾ ਮਣ ਦੀ ਗੁਰਜ ਫੜੀਰੱਖਦੇ ਸਨ।

ਤੇਗ ਹਥ ਨਾਲ ਢਾਲ ਸੈਹਥੀ ਬਿਸਾਲ ਲੋਹ,

ਬਾਘ-ਬੱਚੇ ਤੈ ਤਮੰਚੇ ਸੰਚੇ ਪੇਟੀ ਮੈਂ ਅਹੈਂ[1]।

[1]ਤਲਵਾਰ, (ਹਥ-ਨਾਲ) ਬੰਦੂਕ, ਢਾਲ (ਬਿਸਾਲ) ਲੰਬੀ ਲੋਹੇ ਦੀ (ਸਾਂਗ) ਬਰਛੀ, (ਬਾਂਘ ਬੱਚੇ) ਪੇਸ਼-ਕਬਜ਼ ਦੀ ਕਿਸਮ ਦੇ ਸ਼ਸਤ੍ਰ (ਜਿਨ੍ਹਾਂ ਦੀ ਮੁੱਠ ਤੇ ਸ਼ੇਰ ਦੀ ਤਸਵੀਰ ਬਣੀ ਹੁੰਦੀ ਹੈ), (ਤਮੰਚੇ) ਪਸਤੌਲ ਪੇਟੀ ਵਿੱਚ (ਸੰਚੈ) ਇਕੱਠੇ ਕੀਤੇ ਹੋਏ ਹਨ।

ਜੰਭੀਏ ਕਟਾਰ ਪੇਸ਼-ਕਬਜ ਅਪਾਰ, ਗੋਲੀ
ਪਥਰੀ ਬਰੂਦ ਲੌਂ ਸਮਾਨ ਸਭਿ ਕੋ ਕਹੈ[1] ॥੧੦॥

[1]ਜੰਭੀਏ (ਜਾੜ੍ਹ ਦੀ ਕਿਸਮ ਦਾ ਪੇਸ਼ ਕਬਜ਼) ਕਟਾਰ, ਪੇਸ਼ ਕਬਜ਼, ਬਹੁਤੀਆਂ ਗੋਲੀਆਂ ਪੱਥਰੀ ਤੋਂ ਬਰੂਦ ਤੱਕ ਸਾਰੇ ਸਾਮਾਨ ਨੂੰ ਕੌਣ ਕਹਿ ਸਕਦਾ ਹੈ।

ਲੋਗ ਜੇ ਪੁਰਾਨੇ ਸੋ ਬਖਾਨੈ ਹੈਂ ਅਢਾਈ ਮਣ ਕੇਰ[1],
ਥਾ ਕਮਰ-ਕਸਾ ਤਿਨਹੂੰ ਕੋ ਸਭੇ ਹੈਂ।
ਔਰ ਭੀ ਅਨੇਕ ਸਿੰਘ ਐਸ ਹੀ ਬਿਵੇਕ ਵਾਰੇ[1]
ਪੰਥ ਮੈਂ ਬਹਾਦਰ ਬਲੀ ਥੇ ਬਡ ਤਬੇ ਹੈਂ।
ਠੀਕ ਹੋਗ[1] ਗਜਾਨ ਸਿੰਘ ਕਰਤੱਬਜ ਰਾਖਤੇ ਥੇ,
ਰਾਤ ਦਿਨ ਜੰਗ ਹੀ ਮੈਂ ਰਹਿਤੇ ਸੁ ਫਬੇ ਹੈਂ।
ਦਸ ਦਸ ਮਣ ਹੂੰ ਕੇ ਮੁਗਦਰ ਮੁੰਗਲੀਆਂ,
ਅਬਿ ਭੀ ਚੁਕਤ ਜ੍ਵਾਨ ਕਸਰਤ ਢਬੇ ਹੈਂ[1] ॥੧੧॥

[1]ਢਾਈ ਮਣ ਦਾ। [1]ਵਿਚਾਰ ਵਾਲੇ। [1]ਹੋਵੇਗਾ। [1]ਢੰਗ ਨਾਲ।

ਔਰ ਅਬਿ ਕਾਹੂੰ ਕਾਹੂੰ ਠੌਰ ਹੈਂ ਪੁਰਾਨੇ ਪਰੇ,
ਬਰਛੇ ਗੁਰਜ ਸੈਫ[1] ਜਿਰੈਂ[2] ਜੋ ਸਿੰਘਾਨ ਕੇ।
ਆਜ ਕੇ ਜਮਾਨੇ ਕੇ ਜ੍ਵਾਨ ਚਾਇ ਸਕਤ ਨ[1],
ਚਿੱਲੇ ਕਾਹੂੰ ਤੈ ਨ ਚਢੈਂ ਉਨ ਕੀ ਕਮਾਨ ਕੇ।
ਸੁਨੋ ਅਬਿ ਪ੍ਰੇਮ ਸੰਗ ਜੰਗ ਰਾਮ ਸਿੰਘ ਜੀ ਕੋ,
ਥਯੋ ਜੋਊ ਗੁੱਜਰਾਤ ਸੰਗ ਤੁਰਕਾਨ ਕੇ।
ਅਚਰਜ ਥੈਹੈ ਸੁਨ ਬੀਰਤਾ ਬਢੇ ਹੈ ਜਾਂ ਤੇ,
ਸਿਦਕ ਭਵੈ ਹੈ[1] ਸਿੱਖੀ ਤਿੱਖੀ ਪੈਹੈਂ ਜਾਨ ਕੇ[2] ॥੧੨॥

[1]ਸਿੱਧੀਆਂ ਤਲਵਾਰਾਂ। [2]ਸੰਜੋਆਂ। [1]ਚੁੱਕ ਨਹੀਂ ਸਕਦੇ। [1](ਪੈਦਾ) ਹੋਵੇਗਾ। [2]ਤਿੱਖੀ ਸਿੱਖੀ ਨੂੰ (ਚੰਗੀ) ਜਾਣ ਕੇ (ਪੈਹੈਂ) ਪ੍ਰਾਪਤ ਕਰ ਲੈਣਗੇ।

ਸੰਮਤ ਅਠਾਰਾਂ ਸੌ ਬਤੀਸ ਮੈਂ, ਛਿਤੀਸ ਹ੍ਵੈ[1]
ਜ਼ਮਾਨ-ਸ਼ਾਹ, ਸ਼ਾਹ ਤਹਮੂਰ ਹੂੰ ਕੀ ਠੌਰ ਹੈ।
ਸਿੰਘਨ ਤੈ ਮੁਲਕ ਛੁਡਾਨ ਕੀ ਹਿਰਸ ਕੁਦੀ[1],
ਕਰਿ ਕੈ ਸਲਾਹਿ ਬਹੁ ਸੈਨ ਹੂੰ ਬਟੌਰ ਹੈ[1]।
ਏਕ ਲਾਖ ਦੈ ਕੈ ਅਸਵਾਰ ਹੂੰ ਜਰਾਰ[1] ਭਾਰ,

[1]ਧਰਤੀ ਦਾ ਬਾਦਸ਼ਾਹ ਹੋ ਕੇ। [1]ਤ੍ਰਿਸ਼ਨਾ ਪੈਦਾ ਹੋਈ। [1]ਬਹੁਤੀ ਫੌਜ ਇਕੱਠੀ ਕਰਕੇ। [1]ਭਾਰੀ ਲੜਾਕੇ।

ਸ਼ਾਹਜ਼ਾਦਾ ਸ਼ਾਹ-ਕਿਰਾਂ[1] ਪਠਜੋ ਬੀਰ ਗੌਰ[2] ਹੈ।
ਹੁਤੋ ਤੋਪਖਾਨੇ ਕਾ ਦਰੋਗਾ ਬਡ ਜਾਹਲੈਂ ਸੋ,
ਸ਼ਾਹਚੀ ਆਤਸ਼-ਬਾਜ਼ ਮੀਰ ਨਾਮ ਔਰ ਹੈ[1] ॥ ੧੩ ॥

[1]ਨਾਮ। [2]ਭਾਰੀ ਸੂਰਮਾ।

[1]ਉਸ ਦੇ ਨਾਲ (ਔਰ ਹੈ) ਹੋਰ ਤੋਪਖਾਨੇ ਦਾ (ਜਾਹਲੈਂ) ਮੂਰਖ ਦਰੋਗਾ (ਹੁਤੋ) ਸੀ ਉਸ ਦਾ ਨਾਮ ਸ਼ਾਹਚੀਂ ਸੀ ਤੇ ਉਹ ਆਤਸ਼ਬਾਜ਼ਾਂ ਦਾ ਵੀ ਸਰਦਾਰ ਸੀ ਭਾਵ ਵੱਡਾ ਆਤਸ਼ਬਾਜ਼ ਸੀ। (ਇਸ ਦਾ ਅਸਲ ਨਾਮ ਅਹਿਮਦ ਖ਼ਾਨ ਸੀ।)

ਅਟਕ ਪਟਕ ਵਹਿ ਝਟਕ ਅਟਕ ਲਖਿ,
ਕਟਕ ਕਰੂਰ ਭੂਰ ਸਟਕ ਲੈ ਧਾਇਓ[1]।

[1](ਅਟਕ) ਰੁਕਾਵਟ ਨੂੰ (ਪਟਕ) (ਪਟਕਾ ਕੇ, ਪਛਾੜ ਕੇ) ਦੂਰ ਕਰ ਕੇ ਉਹ (ਝਟਕ) ਬਹੁਤ ਛੇਤੀ ਅਟਕ ਦਰਿਆ (ਲਖਿ) ਲੰਘ ਕੇ (ਕਟਕ) ਫੌਜ ਦਾ ਦਲ (ਕਰੂਰ) ਭਿਆਨਕ ਤੇ (ਭੂਰ) ਬਹੁਤਾ (ਸਟਕ) ਛੇਤੀ ਲੈ ਕੇ ਦੌੜਿਆ।

ਮਾਰ ਲੂਟ ਕਤਲਾਮ ਜਾਰਤ ਗਰਾਮ ਆਮ,
ਹਿੰਦੁਨ ਬਿਰਾਮ[1] ਦੁਖ ਦੇਤ ਅਤਿ ਆਇਓ।

[1](ਆਮ) ਬਹੁਤੇ ਪਿੰਡਾਂ ਨੂੰ ਸਾੜਦਾ ਤੇ ਹਿੰਦੂਆਂ ਨੂੰ ਬੇ-ਆਰਾਮ ਕਰਦਾ।

ਦੇਸ ਏਸ ਮਾਂਹਿ ਪਰੀ ਭਾਜੜੈਂ ਬਿਸੇਸ ਖਰੀ[1],
ਜੁਲਮੀ ਅਤੁਲਮੀ[1] ਸੁ ਕਰੀ ਮਨ ਭਾਇਓ।
ਜੰਗ ਤਾਂਹਿ ਸੰਗ ਕਾਹੂੰ ਲੀਓ ਨ ਉਮੰਗ ਸੰਗ,
ਤੁਰਕ ਤਮਾਮ ਮਿਲੇ ਉਧਮ ਮਚਾਯੋ[1] ॥ ੧੪ ॥

[1]ਬਹੁਤੀਆਂ ਜ਼ਿਆਦਾ।

[1](ਅਤੁਲਮੀ) ਬਹੁਤਾ (ਜ਼ੁਲਮੀ) ਜ਼ੁਲਮ ਕੀਤਾ।

[1]ਡੰਡਰੌਲਾ ਪਾ ਦਿੱਤਾ।

ਸਿੰਘ ਏਸ ਦੇਸ ਜੇਊ ਥਏ ਥੇ ਨਰੇਸ ਨਏ[1],
ਜੋਰ ਤਾਂਹਿ ਹੇਰਿ ਘੋਰ ਛੋਰ ਨਿਜ ਦੇਸ ਸੋ[1]।

[1]ਨਵੇਂਰਾਜੇ।

[1]ਤਿਸ ਦਾ ਭਿਆਨਕ ਜ਼ੋਰ ਦੇਖ ਕੇ ਉਹ ਆਪਣੇ ਦੇਸਾਂ ਨੂੰ ਛੱਡ ਕੇ।

ਜੰਗਲੈਂ ਧਸਾਏ[1] ਕਿਛੁ ਆਏ ਸੁਧਾਸਰ ਓਰ,
ਕੇਊ ਲਰੇ ਭਰੇ ਮਰੇ ਮਾਰੇ ਤੁਰਕੇਸ ਸੋਂ[1]।

[1]ਧਸ ਗਏ, ਵੜ ਗਏ।

[1]ਕਈ ਤੁਰਕਾਂ ਦੇ ਰਾਜੇ (ਸੋਂ) ਨਾਲ (ਭਰੇ) ਜੰਗ ਲੜੇ (ਕਈਆਂ ਨੂੰ) ਮਾਰ ਕੇ ਮਰ ਗਏ।

ਸ਼ਾਹਜ਼ਾਦੇ ਪਹੁੰਚ ਲਹੌਰ ਮੈਂ ਤਗਾਦੇ ਯੁਤ,
ਸ਼ਾਂਹਚੀ ਸਫੌਜ ਜ਼ਜਾਦੇ ਪਠਜੋ ਮਧ ਦੇਸ ਸੋ[1]।

[1]ਸ਼ਾਹਜ਼ਾਦੇ ਨੇ ਲਾਹੌਰ ਵਿੱਚ ਪਹੁੰਚ ਕੇ (ਤਗਾਦੇ) ਪ੍ਰੇਰਣਾ ਦੇ ਸਹਿਤ ਸ਼ਾਂਹਚੀ ਨੂੰ ਸਣੇ ਜ਼ਿਆਦਾ ਫੌਜ ਦੇ ਮਾਝੇ ਦੇਸ ਵੱਲ ਨੂੰ ਭੇਜਿਆ।

ਗਿਲਜੇ ਗੁਮਾਨੀ ਮੂਢ ਹੂਢ ਮਾਰ ਚੂਢ ਭਾਰੀ,
ਤਿਨ ਕੇ ਅਗਾਰੀ ਕਾਂਹਿ ਚਾਲੈ ਨਾਂਹਿ ਪੇਸ਼ ਸੋ[1] ॥ ੧੫ ॥

[1]ਗਿਲਜੇ ਹੰਕਾਰੀ ਮੂਰਖ (ਹੂਡ ਮਾਰ) ਸੂਰ ਵਾਂਗ ਹੁੱਡ ਮਾਰ (ਭਾਰੀ) ਬਹੁਤੇ (ਚੂਢ) ਚੰਡਾਲ ਸਨ ਤਿਨ੍ਹਾਂ ਦੇ ਅੱਗੇ ਕਿਸੇ ਦੀ (ਪੇਸ਼) ਵਾਹ ਨਹੀਂ ਚੱਲਦੀ ਸੀ।

ਦੌਲਤ ਸਮੇਟੀ ਬਹੁ ਬੇਟੀ ਭੇਟੀ ਲੋਗਨ ਕੀ[1],

[1]ਮਾਇਆ ਇਕੱਠੀ ਕਰ ਲਈ ਲੋਕਾਂ ਦੀਆਂ ਬਹੁ-ਬੇਟੀਆਂ ਨਾਲ ਮੰਦ-ਕਰਮ ਕੀਤੇ।

ਹੇਠੀ ਕਰ ਹਿੰਦੂਓਂ ਕੀ ਇੱਜ਼ਤੈਂ ਬਿਗਾਰੀਆਂ।
ਪੋਠੋਹਾਰ[1] ਧੱਨੀ[2] ਘੇਬ[3] ਦੜਪ[11] ਜੰਮੂ ਲੌ ਏਵ,

[1]ਦਰਿਆ ਜਿਹਲਮ ਤੇ ਸਿੰਧ ਦੇ ਵਿਚਕਾਰ ਦਾ ਇਲਾਕਾ ਜਿਸ ਦਾ ਬਹੁਤਾ ਭਾਗ ਜ਼ਿਲ੍ਹਾਰਾਵਲਪਿੰਡੀ ਵਿੱਚ ਹੈ। [2]ਜ਼ਿਲ੍ਹਾ ਜਿਹਲਮ ਵਿੱਚ ਤਹਿਸੀਲ ਚਕਵਾਲ ਦਾ ਇਲਾਕਾ। [3]ਫਤੇ ਜੰਗ ਅਤੇ ਪਿੰਡੀ ਘੇਬ ਦਾ ਇਲਾਕਾ ਜੋ ਜ਼ਿਲ੍ਹਾ ਕੈਂਬਲਪੁਰ ਵਿੱਚ ਹੈ। [11]ਦਰਿਆਰਾਵੀ ਤੇ ਝਨਾਂ ਦੇ ਮੱਧ ਦਾ ਇਲਾਕਾਰਚਨ ਦੁਆਬ।

ਜ਼ੁਲਮ ਅਮੇਵ[1] ਕੀਨ ਦੀਨ ਦੁਖ ਭਾਰੀਆ।

[1]ਬਹੁਤੇ।

ਕਹਿਰ ਕਰਾਲ ਕਾਲ ਹਾਲਚਾਲ ਪਾਇ ਦੀਨੋ[1],

[1]ਕਾਲ ਵਾਂਗ ਭਿਆਨਕ (ਕਹਿਰ) ਉਪੱਦ੍ਰਵ ਕਰ ਕੇ ਹਲਚਲੀ ਪਾ ਦਿੱਤੀ।

ਹਾਹਾਕਾਰ ਠੌਰ ਠੌਰ ਮਾਚਗੋ ਕਰਾਰੀਆ।
ਹਾਲੀ ਧਰ ਚਾਲੀ ਸਮ ਬੇੜੀਐਂ ਬਿਸਾਲੀ[1],

[1]ਧਰਤੀ ਬੇੜੀਆਂ ਵਾਂਗ ਬਹੁਤ ਹਿੱਲ ਚੱਲੀ।

ਪਾਪ ਥਏ ਹੈਂ ਕਮਾਲੀ ਜੇਊ ਜਾਤ ਨਾਂ ਉਚਾਰੀਆ ॥੧੬॥
ਸਿੰਘਨ ਕੋ ਤਾਨੇ ਹੂੰ ਮਹਾਨੇ[1] ਦੇਤ ਹਿੰਦੂ ਸਭਿ,

[1]ਬਹੁਤ ਹੀ ਮਿਹਣੇ।

ਕੈਹੈਂ ਇਨੈ ਗਰਬ ਸਰਬ ਥਯੋ ਦੂਰ ਹੈ।
ਭਾਗੇ ਜਾਤ ਲੋਗ ਨਾਂਗੇ ਪਾਇ ਚਾਇ ਬੋਝ ਸਿਰਿ[1],

[1]ਨੰਗੇ ਪੈਰੀਂ ਸਿਰ ਤੇ ਭਾਰ ਚੁੱਕ ਕੇ।

ਦੇਖ ਹੈਂ ਨਾ ਫਿਰ ਪਾਛੇ ਥਾਇ ਐਸ ਕੂਰ ਹੈਂ[1]।

[1]ਐਸੇ ਡਰਪੋਕ ਹੋ ਗਏ ਹਨ।

ਮਾਝੇ ਦ੍ਵਾਬੇ ਮਾਲਵੇ ਪਧਾਰੇ ਥੇ[1] ਅਪਾਰੇ ਸਿੰਘ,

[1]ਚਲੇ ਗਏ ਸਨ।

ਰਹੇ ਸੋ ਤਕਾਇ ਦਾਇ ਜੰਗ ਕਾ ਜਰੂਰ ਹੈਂ।
ਆਖਰੈਂ ਸਧੀਰ ਭੀਰ ਥਈ ਆਇ ਸੁਧਾਸਰ,
ਸਰਦਾਰ ਲੈ ਬਹੀਰ ਜੁਰੇ ਬੀਰ ਭੂਰ ਹੈਂ[1] ॥੧੭॥

[1]ਅਖ਼ੀਰ ਨੂੰ ਧੀਰਜ ਨਾਲ ਅੰਮ੍ਰਿਤਸਰ ਆ ਭੀੜ ਹੋਈ, ਸਰਦਾਰ ਬਹੁਤੇ ਸੂਰਮਿਆਂ ਦੀ (ਬਹੀਰ) ਦਲ ਲੈ ਕੇ ਆ ਇਕੱਠੇ ਹੋਏ।

ਬਿੱਪ੍ਰ[1] ਖੱਤ੍ਰੀ ਅਪਾਰੇ ਦੇਸ ਏਸ ਵਾਰੇ[2]

[1]ਬ੍ਰਾਹਮਣ। [2]ਵਾਲੇ।

ਬਹੁ ਭਾਰੇ ਦੁਖਿਜਾਰੇ ਹੋਇ ਆਏ ਪੰਥ ਪਹਿ ਹੈਂ।
ਪੰਡਤ ਪ੍ਰਬੀਨ[1] ਏਕ ਪੀਨ ਥਾ ਰਈਸ ਵਾ ਮੈਂ[2],

[1]ਚਤੁਰ। [2]ਉਨ੍ਹਾਂ ਵਿੱਚ ਇਕ ਤਕੜਾਰਈਸ ਸੀ।

ਆਗੇ ਬਢਿ ਖਢਿ ਤਿਨ ਦੀਨ ਥਾਇ ਚਹਿ ਹੈਂ[1]।

[1]ਤਿਸ ਨੇ ਅੱਗੇ ਵੱਧ ਕੇ ਖੜ੍ਹੇ ਹੋ ਕੇ (ਬੋਲਣਾ ਚਾਹਿਆ ਸਿੰਘਾਂ ਨੇ) (ਚਹ ਹੈ) ਤੱਕ ਕੇ ਉਸ ਨੂੰ, ਥਾਂ ਦਿੱਤੀ।

ਤਖਤ ਅਕਾਲ ਆਗੇ ਰਹਜੋ ਥਾ ਦਿਵਾਨ ਲਾਗੇ,
ਰੋਸ ਜਿਮ ਜਾਗੇ ਢਾਢੀ ਵਾਰਾਂ ਪਢੇਂ ਤਹਿ ਹੈਂ।
ਮਾਥ ਨਾਇ ਹਾਥ ਜੋਰਿ ਸਾਥ ਆਜਜ਼ੀ ਨਿਹੋਰਿ[1]

[1]ਗ਼ਰੀਬੀ ਨਾਲ (ਨਿਹੋਰ) ਬੇਨਤੀ ਕਰਨ ਲੱਗੇ।

ਪੰਥ ਕੀ ਤਾਰੀਫ ਬਿਪ੍ਰ ਬਹੁ ਬਿਧਿ ਕਹਿ ਹੈ

॥ ੧੮ ॥

ਏ ਜੁ ਪੰਥ ਖਾਲਸਾ ਖਜਾਲ ਸਾ ਕਰੀਜੈ ਜਰਾ,
ਮੇਲਯੋ ਭੁਵ-ਚਾਲਸਾ ਦੁਰਾਨੀਓ ਕਮਾਲਸਾ[1]।

[1]ਦੁਰਾਨੀਆਂ ਨੇ (ਕਮਾਲਸਾ) ਬਹੁਤਾ ਭੁਚਾਲ ਪਾ ਛੱਡਿਆ ਹੈ।

ਦਲ ਹੈ ਕਰਾਲਸਾ ਸਬਲ ਬਲ ਟਾਲਸਾ,
ਸੋ ਹਿੰਦੁਨ ਕੋ ਜਾਲਸਾ ਪਵੱਯਾ ਦੱਯਾ ਸਾਲਸਾ[1]।

[1]ਉਹ ਭਿਆਨਕ ਦਲ ਹੈ, ਜਿਹੜਾ ਬਲਵਾਨਾਂ ਦਾ ਵੀ ਜ਼ੋਰ ਟਾਲਣ ਵਾਲਾ ਹੈ, ਹਿੰਦੂਆਂ ਨੂੰ ਜਾਲ ਪਾ ਕੇ (ਸਾਲਸਾ) ਦੁੱਖ ਦੇਣ ਵਾਲਾ ਹੈ।

ਪਾਲਸਾ ਧਰਮ ਤੁਮ ਛੱਤ੍ਰੀ ਉਜਾਲਸਾ ਹੋ,
ਢਾਲ ਸਾ ਰਖੱਯਾ ਹਿੰਦੁ ਜਯੋਂ ਗੁਬਿੰਦ ਗੁਵਾਲਸਾ[1]।

[1]ਤੁਸੀਂ ਧਰਮ ਨੂੰ ਪਾਲਣ ਵਾਲੇ ਉੱਜਲ ਛੱਤ੍ਰੀ ਹੋ, ਜਿਵੇਂ (ਗੋਬਿੰਦ) ਕ੍ਰਿਸ਼ਨ ਨੇ ਗਵਾਲਿਆਂ ਦੀ ਰੱਖਿਆ ਕੀਤੀ, ਤਿਵੇਂ ਤੁਸੀਂ ਢਾਲ ਵਾਂਗ ਹਿੰਦੂਆਂ ਦੀ ਰੱਖਿਆ ਕਰਨ ਵਾਲੇ ਹੋ।

ਆਲਸਾ ਕੋ ਹਾਨ ਅਬਿ ਘਾਲਸਾ ਹੋ ਘਮਸਾਨ,
ਕਾਲਸਾ ਤੁਰਕਾਨ ਪ੍ਰਤੱਖ ਪੰਥ ਖਾਲਸਾ[1] ॥ ੧੯ ॥

[1]ਆਲਸ ਨੂੰ ਛੱਡ ਕੇ ਹੁਣ ਤੁਸੀਂ (ਘਮਸਾਨ) ਜੰਗ (ਘਾਲਸਾ) ਪਾਉ ਭਾਵ ਕਰੋ, ਖ਼ਾਲਸਾ ਪੰਥ ਤੁਰਕਾਂ ਨੂੰ ਪ੍ਰਤੱਖ ਕਾਲ ਵਰਗਾ ਹੈ।

ਕਾਬਲੀ ਕੁਰੰਗਨ ਕੀ ਮਾਲਸਾ ਕਸਾਲਸਾ ਦੈ,
ਸਾਲਿਸਾ ਧਰਮ ਹਿੰਦੁ ਖੇਤ ਖਯੋ ਖਾਲਸਾ[1]।

[1]ਕਾਬਲੀਆਂ ਰੂਪ ਹਰਨਾਂ ਦੀ (ਮਾਲਸਾ) ਡਾਰ (ਕਸਾਲਸਾ) ਕਸ਼ਟ ਦੇ ਕੇ ਹਿੰਦੂ ਧਰਮ ਰੂਪ (ਸਾਲਸਾ) ਝੋਨੇ ਦਾ (ਖ਼ਾਲਸਾ) ਖਾਸ ਖੇਤ ਖਾ ਗਈ ਹੈ।

ਦੁਖ ਦੈ ਬਿਸਾਲਸਾ ਕੁਚਾਲਸਾ ਕਹਿਰ ਮੇਲਿ,
ਜ਼ੁਲਮ ਜਲਾਲਸਾ ਦਿਖਾਯੋ ਦੁਰ-ਹਾਲਸਾ[1]।

[1]ਬਹੁਤਾ ਦੁੱਖ ਦੇ ਕੇ (ਕੁਚਾਲਸਾ) ਕੁਰੀਤੀਆਂ ਤੇ (ਕਹਿਰ) ਉਪੱਦ੍ਰਵ (ਮੇਲਿ) ਮੇਲ ਕੇ ਤੇ (ਜਲਾਲਸਾ) ਭਾਰੀ ਜ਼ੁਲਮ ਕਰ ਕੇ (ਦੁਰ-ਹਾਲਸਾ) ਬੁਰਾ ਹਾਲ ਕਰ ਦਿਖਾਇਆ ਹੈ।

ਹਿੰਦੁ ਬਾਗ ਫਾਲਸਾ ਕੋ ਕਟਕ ਸੁੰਡਾਲਸਾ ਨੈ,
ਕੀਨ ਪਾਇ-ਮਾਲਸਾ ਥਵੀਜੀਏ ਸੰਭਾਲਸਾ[1]।

[1]ਹਿੰਦੂਆਂ ਰੂਪ ਫਾਲਸੇ ਦੇ ਬਾਗ ਨੂੰ ਕਾਬਲੀਆਂ ਰੂਪ (ਸੁੰਡਾਲਸਾ) ਹਾਥੀਆਂ ਦੇ (ਕਟਕ) ਦਲ ਨੇ (ਪਾਇ-ਮਾਲਸਾ) ਪੈਰਾਂ ਹੇਠ ਮਲ ਦਿੱਤਾ ਹੈ (ਤੁਸੀਂ) ਸੰਭਾਲਣ ਵਾਲੇ ਹੋਵੋ।

ਝਾਲਸਾ ਹੋ ਝਾਲ ਇਨੈ ਆਪ ਦੀਨ ਦਜਾਲਸਾ ਹੋ,
ਬੈਰੀ ਬਨ ਦਾਹਿ ਕੌ ਅਨਾਲਸਾ ਹੈ ਖਾਲਸਾ[1] ॥ ੨੦ ॥

[1]ਤੁਸੀਂ ਇਨ੍ਹਾਂ ਦੀ ਝਾਲ ਝੱਲਣ ਵਾਲੇ ਹੋ ਤੇ ਗ਼ਰੀਬਾਂ ਤੇ ਦਇਆ ਕਰਨ ਵਾਲੇ ਹੋ। ਵੈਰੀਆਂ ਰੂਪ ਜੰਗਲ ਦੇ ਸਾੜਨ ਲਈ ਹੋ, ਖ਼ਾਲਸਾ ਪੰਥ ਆਪ (ਅਨਾਲਸਾ) ਅਗਨੀ ਵਾਂਗ ਹੋ।

ਆਯੋ ਮੈਂ ਸਰਨ ਥਾਰੀ ਹਰਨ-ਪੁਰੀ[1] ਤੈ ਚਲਿ,
ਕਰਿ ਕੈ ਪਰਨ ਭਲ ਮਰਨ ਵਿਚਾਰੀ ਹੈ[1]।
ਭਾਰੀ ਰੂਪ ਗੁਨਵਾਰੀ ਬੇਟੀਐਂ ਹਮਾਰੀ ਨਾਰੀ,

[1]ਸ਼ਹਿਰ।
[1]ਮਰਨਾ ਹੀ ਚੰਗਾ ਵਿਚਾਰਿਆ ਹੈ।

ਜਬਰਨ ਸ਼ਾਂਹਚੀ ਲਜਾਯੋ ਗਹਿ ਸਾਰੀ ਹੈ[1]।

[1]ਭਾਰੀ ਰੂਪ ਤੇ ਗੁਣਾਂ ਵਾਲੀਆਂ ਸਾਡੀਆਂ ਬੇਟੀਆਂ ਤੇ ਇਸਤ੍ਰੀਆਂ ਸਾਰੀਆਂ ਨੂੰ ਸ਼ਾਂਹਚੀਂ ਬਦੋ-ਬਦੀ ਪਕੜ ਕੇ ਲੈ ਆਇਆ ਹੈ।

ਦਿਜਨੀ ਵਿਚਾਰੀ ਯਦੀ ਪਿਜਨੀ ਨ ਤਾਂ ਪੈ ਕਬੀ,
ਖਿਜਨੀ ਅਧਿਕ ਐ ਪੈ ਬਿਜਨੀ ਸੋ ਭਾਰੀ ਹੈ[1]।

[1]ਬ੍ਰਾਹਮਣੀਆਂ ਵਿਚਾਰੀਆਂ ਉਹਨਾਂ ਉੱਤੇ ਕਦੇ ਵੀ ਧਿਜਦੀਆਂ ਨਹੀਂ, ਬਹੁਤ ਖਿਝਦੀਆਂ ਹਨ ਪਰ ਉਹ ਬਹੁਤ (ਬਿਜਨੀ) ਮਾਰਦੇ ਹਨ।

ਖਾਪ ਤਾਂਹਿ ਆਪ ਯੇ ਅਮਾਪ ਉਪਕਾਰ ਕੀਜੈ,
ਹਿੰਦੁ ਕੇ ਸੰਤਾਪ ਮੇਟਿ ਲੇਹੁ ਜਸ ਭਾਰੀ ਹੈ[1] ॥੨੧॥

[1]ਆਪ ਉਹਨਾਂ ਨੂੰ ਖਪਾ ਕੇ (ਅਮਾਪ) ਬਹੁਤ ਵੱਡਾ ਪ੍ਰਉਪਕਾਰ ਕਰੋ, ਹਿੰਦੂਆਂ ਦੇ ਕਸ਼ਟ ਮੇਟ ਕੇ ਭਾਰੀ ਜਸ ਲਵੋ।

ਦਿਜ ਕੀ ਅਰਜ ਸੁਨਿ ਫਰਜ ਸਮਝਿ ਨਿਜ,
ਸਿੰਘਨਿ ਲਰਜਿ[1] ਤਬਿ ਧੀਰ ਸਭਿ ਕੋ ਦਯੋ।

[1]ਡਰਿਆਂ ਹੋਇਆਂ (ਬ੍ਰਾਹਮਣਾਂ ਨੂੰ)।

ਫੇਰ ਸਰਦਾਰੈਂ ਗੁਰਮਤਾ ਕਰਿ ਭਾਰੈਂ, ਜਾਇ
ਗੁਰੁਦ੍ਵਾਰੈਂ ਦਰਵਾਰੈਂ[1], ਵਾਕ[2] ਗੁਰੁ ਕੋ ਲਯੋ।

[1]ਸ੍ਰੀ ਹਰਿਮੰਦਰ ਸਾਹਿਬ। [2]ਹੁਕਮ।

ਪੈਜ ਰਾਖੀ ਕਰਤਾਰੇ ਦੂਤ ਔ ਦੁਸ਼ਟ ਮਾਰੇ,
ਗੁਰੂ ਕਾਜ ਹੂੰ ਸਵਾਰੇ ਥਾਰੇ[1] ਵਾਕ ਯੌਂ ਅਯੋ[2]।

[1]ਤੁਹਾਡੇ। [2]ਇਉਂ ਹੁਕਮ ਆਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੨੦੧ ਤੇ ਇਹ ਅਸਲ ਤੁਕਾਂ ਇਸ ਤਰ੍ਹਾਂ ਹਨ:- ਗਉੜੀ ਮਹਲਾ ੫॥ ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ॥ ਸਤਿਗੁਰਿ ਤੁਮਰੇ ਕਾਜ ਸਵਾਰੇ॥

ਸੁਨ ਕੈ ਮਹਾਨ ਮੋਦ ਠਾਨ ਪੰਥ ਜਾਨਿ ਸਹੀ[1],

[1](ਵਾਕ ਨੂੰ) ਸੱਚਾ ਜਾਣ ਕੇ।

ਬਾਂਟ ਕੈ ਤਿਹਾਂਵਲੈ ਉਤਾਵਲੈਂ ਚਢੈ ਪਯੋ[1] ॥੨੨॥

[1]ਛੇਤੀ ਚੜ੍ਹ ਪਿਆ।

ਸੋਧਿ ਅਰਦਾਸੇ ਖਾਸੇ[1] ਦੁੰਦਭੀ ਬਜਾਇ ਦੀਹ[2],

[1]ਚੰਗੀ ਤਰ੍ਹਾਂ। [2]ਵੱਡੇ ਧੌਂਸੇ ਵਜਾ ਕੇ।

ਫਰਰੇ ਛੁਡਾਇ ਲੈ ਨਿਸ਼ਾਨ ਅੱਗ੍ਰ ਹੈਂ ਕਏ।
ਔਰ ਠੌਰ ਠੌਰ ਹੂੰ ਪੁਚਾਇ ਤਾਤਕਾਰ ਸਾਰ[1],

[1]ਛੇਤੀ ਖ਼ਬਰ।

ਇਤ ਉਤ ਹੂੰ ਤੈ ਸਿੰਘ ਸਭ ਹੀ ਬੁਲਾ ਲਏ।
ਚਢਜੋ ਪੰਥ ਖਾਲਸਾ ਬਿਸਾਲਸਾ ਕਰੋਧ ਠਾਨ,
ਬੈਰਿਨ ਕੇ ਹਾਨਬੇ ਕੋ ਧਜਾਨ ਗੁਰੁ ਕੋ ਧਏ[1]।

[1]ਧਾਰ ਕੇ।

ਮਾਨੋ ਮੇਘ ਮੰਡਲ ਅਖੰਡਲ ਗੁਰੂ ਕੇ ਪੁਰਿ
ਹੂੰ ਤੈ, ਚਲਜੋ ਸਸ ਹਿੰਦੁਵਾਨ ਪਾਲਵੇ ਲਏ[1] ॥੨੩॥

[1]ਜਾਣੋ (ਅਖੰਡਲ) ਇੰਦ੍ਰ ਗੁਰਾਂ ਦੀ ਪੁਰੀ (ਅੰਮ੍ਰਿਤਸਰ) ਤੋਂ ਬੱਦਲਾਂ ਦਾ (ਮੰਡਲ) ਇਕੱਠ ਲੈ ਕੇ ਹਿੰਦੂਆਂ ਰੂਪ (ਸਸ) ਖੇਤੀ ਨੂੰ ਪਾਲਣ ਵਾਸਤੇ ਚਲਿਆ ਹੈ।

ਚੜ੍ਹਤ ਸਿੰਘ ਜਜੋਣ ਸਿੰਘ ਗੁੱਜਰ ਮ੍ਰਿਗੇਸ ਬੇਸ[1],

[1]ਸ੍ਰੇਸ਼ਟ।

ਝੰਡਾ ਸਿੰਘ ਗੰਡਾ ਸਿੰਘ ਸੱਦਾ ਸਿੰਘ ਕੌਰ[1] ਹੈਂ। — [1]ਕੌਰ ਸਿੰਘ।
ਤਾਰਾ ਸਿੰਘ ਗੈਬਾ[1], ਜਸਾ ਸਿੰਘ ਦੋਊ, ਸੁਧਾ ਸਿੰਘ, — [1]ਅੱਲ।
ਕ੍ਰਮ ਸਿੰਘ ਸੰਗਤ ਮ੍ਰਿਗੇਸ ਸੁਬਾ ਗੌਰ ਹੈਂ[1]। — [1]ਸੂਬਾ ਸਿੰਘ (ਆਦਿ) ਭਾਰੀ (ਸੂਰਮੇਂ) ਹਨ।
ਜੈ ਸਿੰਘ ਖੁਸ਼ਾਲ ਸਿੰਘ ਖਜਾਲਾ ਸਿੰਘ ਆਦਿ ਬੀਰ,
ਹੁਤੇ ਜੇ ਮਿਸਲ-ਦਾਰ[1] ਸਰਦਾਰ ਔਰ ਹੈਂ। — [1]ਮਿਸਲਾਂ ਦੇ ਜੱਥੇਦਾਰ।
ਨਿਜ ਨਿਜ ਤਾਬੇਦਾਰ ਬੁਲਵਾਏ ਔਰ ਸਾਰ[1], — [1]ਸਾਰੇ।
ਆਏ ਸਭਿ ਧਾਏ ਚਾਹਿ ਉਤਸ਼ਾਹਿ ਤੌਰ ਹੈਂ[1] ॥੨੪॥ — [1]ਉਤਸ਼ਾਹ ਦੇ ਢੰਗ ਨਾਲ।
ਏਕ ਹੂੰ ਤੈ ਏਕ ਬੱਧ[1] ਸਭਿ ਹੀ ਸਨੱਧ ਬੱਧ[2], — [1](ਅੱਗੇ) ਵੱਧ ਕੇ। [2]ਸ਼ਸਤ੍ਰ ਬੰਨ੍ਹ ਕੇ ਤਿਆਰ ਬਰਤਿਆਰ ਹੋ ਕੇ।
ਸੁਮਿਲ ਸੁਕੱਦ ਤੈ ਬਿਹੱਦ ਜੱਦ ਏਕ ਕੈ[1]। — [1]ਚੰਗੇ ਮਿਲਵੇਂ ਕੱਦਾਂ ਵਾਲੇ (ਬੇਹੱਦ) ਬਹੁਤੇ ਇਕੋ ਹੀ (ਜੱਦ) ਵੰਸ਼ ਦੇ ਹਨ।
ਸੋਹਿਤ ਦਮਾਲੇ ਸੇਤ ਪੀਤ ਲਾਲ ਕਾਲੇ ਥੇ,
ਭੁਜੰਗੀ ਯੌਂ ਬਿਸਾਲੇ ਚਾਲੇ ਸਾਲੇ ਅਰਿ ਭੇਕ ਕੈ[1]। — [1]ਉੱਚੇ ਦਸਤਾਰੇ ਚਿੱਟੇ, ਪੀਲੇ, ਲਾਲ ਤੇ ਕਾਲੇ ਸੋਂਹਦੇ ਸਨ। ਇਉਂ ਬਹੁਤੇ (ਭੁਜੰਗੀ) ਸੱਪਾਂ ਵਾਂਗ (ਸਿੰਘ) ਵੈਰੀਆਂ ਰੂਪ (ਭੇਕ) ਡੱਡੂਆਂ ਨੂੰ (ਸਾਲੇ) ਵਿੰਨ੍ਹਣ ਵਾਸਤੇ ਚੱਲੇ।
ਦੁੰਦਭੀ ਘੁਰੈ ਹੈਂ ਘਟਾਂ ਭਾਦਵੀ ਲਜੈ ਹੈਂ,
ਪੁੰਜ ਫਰਰੇ ਲਸੈ ਹੈਂ ਸਮ ਬੀਜਰੀ ਬਿਵੇਕ ਕੈ[1]। — [1]ਨਗਾਰੇ ਗੱਜਦੇ ਹਨ (ਜਿਨ੍ਹਾਂ ਨੂੰ ਸੁਣ ਕੇ) ਭਾਦੋਂ ਮਹੀਨੇ ਦੀਆਂ ਘਟਾਂ ਸ਼ਰਮਿੰਦਾ ਹੋ ਰਹੀਆਂ ਹਨ, (ਬਿਵੇਕ ਕੈ) ਵਿਚਾਰ ਕੇ (ਦੇਖਿਆ ਹੈ ਕਿ) ਬਹੁਤੇ ਫਰਰੇ ਬਿਜਲੀ ਵਾਂਗ ਚਮਕ ਰਹੇ ਹਨ।
ਸਾਠਕ ਹਜਾਰ ਸਿੰਘ ਜੁਰਜੋ ਥਾ ਜੁਝਾਰ ਭਾਰ[1], — [1]ਭਾਰੀ ਸੂਰਮਾਂ।
ਲਰ ਕੈ ਅਪਾਰ ਮਗ ਬੈਰਿਨ ਕੋ ਛੇਕ ਕੈ[1] ॥੨੫॥ — [1]ਬਹੁਤ ਲੜ ਕੇਰਸਤੇ ਵਿੱਚ ਵੈਰੀਆਂ ਨੂੰ (ਛੇਕ ਕੈ) ਮਾਰ ਕੇ।
ਪਹੁੰਚੇ ਵਜੀਰਾਬਾਦ ਅਹਿਲਾਦ ਯੁਤ[1] ਜਬਿ, — [1]ਅਨੰਦ ਸਹਿਤ।
ਰਾਮ ਸਿੰਘ ਬੇਦੀ ਬੀਰ ਸੁਨਿ ਮੋਦ ਠੱਟ ਹੈ[1]। — [1]ਸੁਣ ਕੇ ਅਨੰਦ ਕੀਤਾ। ਸ਼ਸਤ੍ਰ ਤੇ ਸੰਜੋਆਂ ਧਾਰ ਕੇ।
ਆਯੁਧ ਸਨਾਹਿ ਧਰਿ ਸੰਗ ਸਿੰਘ ਲੈ ਅਪਰ[1], — [1]ਹੋਰ।
ਆਯੋ ਮਨ ਮੋਦ ਭਰ ਕੋਟਲੀ ਤੈ ਝੱਟ ਹੈ।
ਪੰਥ ਰਤਨਾਕਰ ਮੈਂ ਆ ਕਰਿ ਮਿਲਾਯੋ ਸੋਇ,
ਗੰਗਧਾਰ ਸਮ ਤੇਜ ਪਾਵਨ ਅਘੱਟ ਹੈ[1]। — [1]ਉਹ (ਰਾਮ ਸਿੰਘ ਦਾ ਜੱਥਾ) ਜੋ ਗੰਗਾ ਦੀ ਧਾਰ ਵਾਂਗ ਤੇਜ ਤੇ (ਅਘੱਟ) ਬਹੁਤ ਪਵਿੱਤ੍ਰ ਹੈ, ਪੰਥ ਰੂਪ (ਰਤਨਾਕਰ) ਸਮੁੰਦਰ

ਵਿਚ ਮਿਲਾ ਦਿੱਤਾ।

ਸ਼ਾਂਹਚੀ ਥਾ ਤਬਿ ਖਾਸ ਮਧ ਕਿਲੇ ਹੂੰ ਰੁਤਾਸ,
ਪਾਇ ਸਾਰ ਸਮੇਂ ਤਾਸ ਸਿੰਘਨ ਕੀ ਸੱਟ ਹੈ[1] ॥੨੬॥

[1]ਤਦੋਂ ਸ਼ਾਂਹਚੀ ਆਪਰੁਤਾਸ ਦੇ ਕਿਲ੍ਹੇ ਵਿੱਚ ਸੀ ਤਿਸ ਸਮੇਂ ਸਿੰਘਾਂ ਦੀ (ਸੱਟ) ਛੇਤੀ ਹੀ ਖ਼ਬਰ ਪਾ ਕੇ।

ਫੌਜ ਗਿਲਜਈ ਥੀ ਖਿੰਡਈ ਹੁਤੀ ਠੌਰ ਬਹੁ,
ਲਈ ਮੀਰ ਸਾਂਹਚੀ ਬਟੋਰ ਝੱਟ-ਪੱਟ ਕੈ[1]।

[1]ਛੇਤੀ ਇਕੱਠੀ ਕਰ ਲਈ।

ਬਜਵਾਇ ਦੁੰਦਭੀ ਲਵਾਇ ਸੰਗ[1] ਸੈਨ ਨਿਜ,

[1]ਨਾਲ ਲੈ ਕੇ।

ਐਨ ਠਾਠੈਂ ਦਰਿਆਉ ਕਹਿਰੈਂ ਸੀ ਠੱਟ ਕੈ[1]।

[1]ਦਰਿਆ (ਐਨ) ਚੰਗੀ ਤਰ੍ਹਾਂ ਕਹਿਰ ਦੀਆਂ ਠਾਠਾਂ (ਠੱਟ ਕੈ) ਮਾਰਦਾ ਆ ਰਿਹਾ ਸੀ।

ਆਯੋ ਚਢ ਅੱਗਰ ਸਮਾਨ ਲੈ ਸਮੱਗਰ,
ਸੋ ਜੰਗ ਕੋ ਉਜੱਗ੍ਰ ਹੱਠਗ੍ਰ ਅਘੱਟ ਕੈ[1]।

[1]ਉਹ (ਅਘੱਟ) ਬਹੁਤ (ਹਠੱਗ੍ਰ) ਹਠੀਆ (ਸਾਂਹਚੀ) ਜੰਗ ਕਰਨ ਨੂੰ (ਉਜੱਗ੍ਰ) ਮਸ਼ਹੂਰ ਸੀ, ਸਾਰਾ ਸਾਮਾਨ ਲੈ ਕੇ ਅੱਗੋਂ ਚੜ੍ਹ ਆਇਆ।

ਅਲਾ ਯਾਰ ਦਾਦ ਖਾਂ ਹਰਾਵਲ ਅਗਾਰੀ ਆਯੋ,
ਹੁਤੋ ਸੋ ਹਜਾਰੀ ਦਸ ਭਾਰੀ ਭੀਰ ਭੱਟ ਕੈ[1] ॥੨੭॥

[1]ਅੱਲਾ ਯਾਰ ਦਾਦ ਖ਼ਾਂ (ਹਰਾਵਲ) ਫੌਜ ਦੇ ਮੁਹਰਲੇ ਦਸਤੇ ਨਾਲ ਅੱਗੇ ਆਇਆ, ਉਹ ਦਸ ਹਜ਼ਾਰ ਸੂਰਮਿਆਂ ਦੀ ਭਾਰੀ ਭੀੜ ਦਾ (ਸੈਨਾਪਤੀ) ਸੀ।

ਦੋਹਰਾ:

ਬੀਸ ਸਹਿਸ[1] ਗਿਲਜਾ ਹੁਤੋ,

[1]ਵੀਹ ਹਜ਼ਾਰ।

ਸੁਭਟ[1] ਤਾਂਹਿ ਕੇ ਸੰਗ।

[1]ਸੂਰਮਾਂ।

ਨਿਕਟਿ ਤਬੈ ਗੁਜਰਾਤ ਕੈ,
ਬਿਕਟ ਠਟਜੋ ਤਿਨ ਜੰਗ[1] ॥੨੮॥

[1]ਭਿਆਨਕ ਜੰਗ ਕੀਤਾ।

ਕਬਿੱਤ:

ਮੋਰਚੇਰਚਾਇ ਦੁਹੂੰ ਓਰ ਤੈ ਮਹਾਂਇ,
ਬਹੁ ਛੋਹੀਆਂ ਪੁਟਾਇ ਤਬਿ ਪਾਇ ਜੰਗ ਦੀਨ ਹੈ[1]।

[1]ਦੋਹਾਂ ਪਾਸਿਆਂ ਤੋਂ (ਮਹਾਏਂ) ਵੱਡੇ ਮੋਰਚੇ ਬਣਾ ਲਏ ਤੇ ਬਹੁਤੀਆਂ (ਛੋਹੀਆਂ) ਖ਼ਾਲੀਆਂ ਪੁਟਵਾ ਕੇ ਤਦੋਂ ਜੰਗ ਸ਼ੁਰੂ ਕਰ ਦਿੱਤਾ।

ਦੌਂ ਦੌਂ ਦੀਹ ਬਾਜਤੇ ਨਗਾਰੇ ਭਏ ਭਾਰੇ ਅਤਿ,
ਦੁਹਿਰੀ ਚਲਾਈ ਚੋਬ ਸ਼ੁਤਰੀ ਘੁਰੀਨ ਹੈ[1]।

[1]ਦੌਂ ਦੌਂ ਸ਼ਬਦ ਕਰ ਕੇ ਵੱਡੇ ਤੇ ਭਾਰੇ ਬਹੁਤੇ ਨਗਾਰੇ ਵੱਜ ਪਏ ਜਦੋਂ ਦੂਹਰੀ ਚੋਬ ਚਲਾਈ ਤਾਂ (ਸ਼ੁਤਰੀ) ਊਠਾਂ ਤੇ ਲੱਦ ਕੇ ਲਿਜਾਣ ਵਾਲੇ ਨਗਾਰੇ ਵੀ (ਘੁਰੀਨ) ਗੱਜ ਪਏ।

ਤੋਪ ਤੀਰ ਤੁੱਪਕੈਂ[1] ਜੰਜੈਲ[2] ਤੈ ਜੰਬੂਰੇ[3] ਜੋਰਿ[11],

[1]ਬੰਦੂਕਾਂ। [2]ਲੰਬੀਆਂ ਬੰਦੂਕਾਂ। [3]ਛੋਟੀਆਂ ਤੋਪਾਂ। [11]ਜੋੜ ਕੇ।

ਹਥ-ਨਾਰੈਂ ਭਰਿ ਮਾਰੈਂ ਔ ਗੁਬਾਰੈਂ ਪੀਨ ਹੈਂ[1]।

[1](ਹਥ-ਨਾਰੈਂ) ਹਲਕੀਆਂ ਬੰਦੂਕਾਂ ਅਤੇ (ਪੀਨ) ਤਕੜੇ ਗੁਬਾਰੇ ਭਰ ਕੇ ਮਾਰਦੇ ਹਨ। (ਗੁਬਾਰਾ- ਚੌੜੇ ਮੂੰਹ ਵਾਲੀ ਅਤੇ ਲੰਬਾਈ ਵਿੱਚ ਬਹੁਤ ਛੋਟੀ ਤੋਪ।)

ਪੱਥਰ ਕਲਾ[1] ਮਸਾਲੇਦਾਰੈਂ[2] ਤੈ ਦੁਨਾਲੀਆਂ ਲੌਂ[3],

[1]ਉਹ ਬੰਦੂਕ ਜਿਸ ਦੀ ਕਲਾ ਉਪਰ ਅੱਗ ਦੇਣ ਲਈ ਪੱਥਰੀ ਹੋਵੇ ਭਾਵ ਤੋੜੇ ਦੀ ਥਾਂ ਪੱਥਰ ਨਾਲ ਜਿਸ ਨੂੰ ਅੱਗ ਦਿੱਤੀ ਜਾਵੇ। [2]ਮਸਾਲਾ ਪਾ ਕੇ ਚਲਾਉਣ ਵਾਲੀਆਂ। [3]ਦੋ ਨਾਲਾਂ ਵਾਲੀਆਂ ਬੰਦੂਕਾਂ ਤੱਕ।

ਚਾਲੀਆਂ ਬਿਸਾਲੀਆਂ ਕਰਾਲੀਆਂ ਕਿਤੀਨ ਹੈਂ[1] ॥੨੯॥

[1]ਕਿਤਨੀਆਂ ਹੀ।

ਬਰਖਾ ਜਸੋਂ ਬਰਖੈਂ ਅਕਰਖੈਂ ਪ੍ਰਾਨਨ ਕੋ,
ਹਰਖੈਂ ਸੁਭਟ ਸੁਨ ਧਰਖੈਂ ਡਰਾਕਲੈਂ[1]।

[1]ਮੀਂਹ ਵਾਂਗ ਵਰ੍ਹਦੀਆਂ ਪ੍ਰਾਣਾਂ ਨੂੰ ਖਿੱਚੀ ਜਾਂਦੀਆਂ ਹਨ। ਸੂਰਮੇ ਸੁਣ ਕੇ ਖ਼ੁਸ਼ ਹੁੰਦੇ ਹਨ ਤੇ ਡਰਪੋਕਾਂ ਦੇ ਦਿਲ ਧੜਕਦੇ ਹਨ।

ਧੂੰਆਂਧਾਰ ਧੂੰਧੁਕਾਰ ਮਾਚਿਓ ਅਪਾਰ ਅਤਿ,
ਸੂਰ ਨਾ ਦਿਖਾਈ ਦੇਤ ਕੁਹੂ-ਰੈਨ ਸਾਂਕਲੈਂ[1]।

[1]ਧੂੰਏਂ ਦੀ ਧਾਰ ਵਾਂਗ ਬਹੁਤ ਜ਼ਿਆਦਾ (ਧੁੰਧੁਕਾਰ) ਗਾੜ੍ਹਾ ਅਨ੍ਹੇਰਾ (ਮਾਚਜੋ) ਹੋ ਗਿਆ (ਕੁਹੂਰੈਨ) ਮੱਸਿਆ ਦੀਰਾਤ (ਸਾਂਕਲੈ) ਵਾਂਗ ਸੂਰਜ ਦਿਖਾਈ ਨਹੀਂ ਦਿੰਦਾ।

ਬਾਜੀ ਹਿਨਨਾਤ ਗਜ ਗਹਿਰੇ ਗਜਾਤ ਜੰਗੀ,
ਕੇਊ ਕਿਤ ਭਾਗੇ ਜਾਤ ਥਏ ਸੋ ਬਜਾਕੁਲੈਂ[1]।

[1]ਘੋੜੇ ਹਿਣਕਦੇ ਹਨ ਤੇ ਜੰਗੀ ਹਾਥੀ (ਗਹਿਰੇ) ਬਹੁਤੇ ਗੱਜਦੇ ਹਨ। ਕੋਈ ਕਿਸੇ ਪਾਸੇ ਭੱਜੇ ਜਾਂਦੇ ਸਨ, ਉਹ ਵਿਆਕੁਲ ਹੋ ਗਏ।

ਤੂਕਨ ਕੀ ਤੋਪਨ ਕਾ ਜੋਰ ਘੋਰ ਹੇਰਿ,
ਫੇਰ ਹੱਲਾ ਕਰਜੋ ਭਾਰੈਂ ਸਿੱਖ ਸਰਦਾਰੈਂ ਆਕੁਲੈਂ[1] ॥੩੦॥

[1]ਅਕਲ ਵਾਲਿਆਂ।

ਮੋਰਚਾ ਛਡਾਇ ਲੀਨ ਛੀਨ ਤੋਪ ਖਾਨਾ ਪੀਨ[1],

[1]ਤਕੜਾ ਤੋਪਖਾਨਾ ਖੋਹ ਲਿਆ।

ਢੀਲ ਬਿਨ ਕੀਲ ਠੋਕ ਦੀਨ ਖੀਨ ਭੇ ਜਦੀ[1]।

[1]ਜਦੋਂ ਢਿੱਲ ਤੋਂ ਬਿਨਾਂ ਕਿੱਲ ਠੋਕ ਦਿੱਤਾ (ਭਾਵ ਤੁਰਕਾਂ ਦੀ ਗੋਲਾਬਾਰੀ ਬੰਦ ਹੋ ਗਈ) ਤਾਂ (ਤੁਰਕ) ਵਿਆਕੁਲ ਹੋ ਗਏ।

ਤਬਿ ਹੀ ਲੌਂ ਗਿਲਜੇ ਪਹੂੰਚੇ ਔਰ ਆਇ ਝੱਟ,
ਮਾਚਜੋ ਜੰਗ ਗਾਢਾ ਬਾਢਾ ਰੋਹ ਅਤਿਸੈਂ ਬਦੀ[1]।

[1]ਜਿਨ੍ਹਾਂ ਗਿਲਜਿਆਂ ਦੇ ਮਨ ਵਿੱਚ (ਬਦੀ) ਬੁਰਾਈ ਸੀ ਉਨ੍ਹਾਂ ਨੂੰ ਬਹੁਤਾ ਗ਼ੁੱਸਾ ਵਧਿਆ।

ਦੋਊ ਦਿਸ ਦੂਨਾ ਦੂਨ ਦੌਰਿ ਦੌਰਿ ਦੈ ਦਰੇਰੇ,
ਗੂੰਨਾ ਗੂੰਨ ਬਾਨੇ ਬੀਰ ਆਯੁਧੈਂ ਕਸੈਂ ਸਦੀ[1]।

[1]ਦੋਹੀਂ ਪਾਸੀਂ ਦੁੱਗਣਾ ਦੁੱਗਣਾ ਭਾਵ ਬਹੁਤ ਹੀ ਤੇਜ਼ ਦੌੜ ਦੌੜ ਕੇ (ਦਰੇਰੇ) ਦਰੜ ਦੇਣ ਵਾਲੇ ਹੱਲੇ (ਦੈ) ਦੇਣ ਲਈ ਭਾਵ ਕਰਨ ਲਈ ਅਤੇ (ਗੂਨਾ ਗੂਨ) ਰੰਗ ਬਰੰਗੇ (ਬਾਨੇ) ਪੁਸ਼ਾਕੇ ਤੇ (ਆਯੁਧ) ਸ਼ਸਤ੍ਰ (ਸਦੀ) ਛੇਤੀ ਕਸ ਰਹੇ ਹਨ।

ਜੁੱਟੇ ਬੋਲ ਮਾਰਿ ਮਾਰਿ ਤੁੱਟੇ ਸੇਲ ਕਰਵਾਰ,
ਫੁੱਟੇ ਢਾਲ ਧਨ ਭਾਰ ਹੁੱਟੇ ਪੈਰ ਨਾ ਤਦੀ[1] ॥ ੩੧ ॥

[1]ਇਸ ਦੂਜੇ ਨੂੰ ਬੋਲ ਮਾਰ ਮਾਰ ਕੇ ਜੁੱਟ ਪਏ, ਬਰਛੇ ਤੇ ਤਲਵਾਰਾਂ ਟੁੱਟ ਗਈਆਂ, ਢਾਲਾਂ ਤੇ ਭਾਰੇ ਧਨੁਸ਼ ਫੁੱਟ ਗਏ ਪਰ (ਸੂਰਮਿਆਂ) ਦੇ ਪੈਰ (ਤਦੀ) ਤਾਂ ਵੀ ਪਿੱਛੇ ਨਹੀਂ ਹਟੇ।

ਚਾਲੀ ਜ੍ਵਾਲ-ਬਮਣੀ ਬਿਸਾਲੀ ਫੇਰ ਹੂੰ ਕਰਾਲੀ,
ਕਾਲੀ ਨਚੀ ਤਾਲੀ ਦੈ ਕਮਾਲੀ ਧੁੰਮ ਸੱਜ ਕੈ[1]।

[1]ਫੇਰ ਬਹੁਤ ਭਿਆਨਕ (ਜ੍ਵਾਲਾ ਬਮਣੀ) ਬੰਦੂਕਾਂ ਚੱਲੀਆਂ (ਕਮਾਲੀ) ਬਹੁਤਾ (ਧੁੰਮ) ਡੰਡਰੌਲਾ (ਸਜ ਕੈ) ਪਾ ਕੇ ਕਾਲੀ ਦੇਵੀ ਹੱਥਾਂ ਦੀ (ਤਾਲੀ) ਤਾੜੀ ਦੇ ਕੇ ਨੱਚੀ।

ਕਰਖ ਕਮਾਨ ਜ੍ਵਾਨ ਕਾਨ ਲੌ ਚਲਾਤ ਬਾਨ,
ਰਾਮਜੰਗੇ ਕਰਾਚੋਲ ਪਸਤੌਲ ਤੱਜ ਕੈ[1]।

[1]ਕੰਨ ਤੱਕ ਕਮਾਣ (ਕਰਖ) ਖਿੱਚ ਕੇ ਜਵਾਨ ਤੀਰ ਚਲਾਉਂਦੇ ਹਨ, (ਰਾਮ-ਜੰਗੇ) ਬੰਦੂਕਾਂ (ਕਰਾਚੋਲ) ਤਲਵਾਰਾਂ ਤੇ ਪਸਤੌਲ ਛੱਡਦੇ ਹਨ।

ਘਾਇ ਕੈ ਕਿਕਾਨ ਜ੍ਵਾਨ ਸੁਟੇ ਹੈਂ ਮਹਾਨ ਧਰ,
ਜੋਗਣੀ ਜਮਾਤ ਹੂੰ ਛਕਾਤ ਸ੍ਰੌਣ ਰੱਜ ਕੈ[1]।

[1]ਬਹੁਤੇ ਘੋੜੇ ਤੇ ਜਵਾਨ ਮਾਰਕੇ ਧਰਤੀ ਤੇ ਸੁੱਟ ਦਿੱਤੇ ਹਨ, ਜੋਗਣੀਆਂ ਦੀ ਜਮਾਤਰੱਜ ਕੇ ਲਹੂ ਪੀਂਦੀ ਹੈ।

ਸਟਾ-ਸਟ ਕਟਾ-ਕੱਟ ਮਚੀ ਚਟਾ-ਪਟ ਸੱਚੀ,
ਰੱਚੀ ਮਤਿ ਜੰਗ, ਨਾ ਲਰੰਤ ਅੰਗ ਕੱਜ ਕੈ[1] ॥ ੩੨ ॥

[1](ਸਟਾ-ਸਟ) ਛੇਤੀ ਕਟਾ ਵੱਢ (ਮਚੀ) ਹੋ ਰਹੀ ਹੈ (ਇਹ) ਸੱਚੀ (ਗੱਲ ਹੈ ਕਿ ਸੂਰਮਿਆਂ ਦੀ) ਮਤਿ, (ਚਟ- ਪਟ) ਛੇਤੀ ਹੀ ਜੰਗ ਵਿੱਚਰਚ ਗਈ ਹੈ (ਜਿਸ ਕਰ ਕੇ ਜੋਧੇ) ਅੰਗ ਢੱਕ ਕੇ ਨਹੀਂ ਲੜਦੇ।

ਬਰਖਤ ਗੋਲੀ ਤੀਰ ਹਰਖਤ ਸੂਰ ਬੀਰ,
ਧਰਖਤ ਉਰ ਕੀਰ ਮਨ ਕਾਯਰੈਂ ਡਰੈਂ[1]।

[1]ਗੋਲੀਆਂ ਤੇ ਤੀਰਾਂ ਦੀ ਵਰਖਾ ਹੋ ਰਹੀ ਹੈ, ਸੂਰਬੀਰ ਪ੍ਰਸੰਨ ਹੁੰਦੇ ਹਨ (ਕੀਰ) ਸੂੰਮਾਂ ਦੇ ਹਿਰਦੇ ਧੜਕਦੇ ਹਨ ਤੇ ਡਰਪੋਕਾਂ ਦੇ ਮਨ ਡਰਦੇ ਹਨ।

ਸਰਕਤ ਸਰ ਖਰ ਕਰਖਤ ਪ੍ਰਾਨ ਤਰ,
ਪਰਖਤ ਹੂਰ ਵਰ ਸੂਰਨ ਵਰੈਂ ਕਰੈਂ[1]।

[1](ਸਰ ਖਰ) ਤਿੱਖੇ ਤੀਰ (ਸਰਕਤ) ਚਲਦੇ ਹਨ (ਤਰ) ਬਹੁਤੇ ਪ੍ਰਾਣਾਂ ਨੂੰ (ਕਰਖ਼ਤ) ਖਿੱਚਦੇ ਹਨ, ਹੂਰਾਂ (ਪਰਖਤ) ਪਰਖ ਕੇ (ਵਰ) ਚੰਗੇ ਸੂਰਮਿਆਂ ਨੂੰ (ਵਰੈ ਕਰੈ) ਵਰਦੀਆਂ ਹਨ।

ਤਰਫਤ ਘਾਇਲ ਚਬਾਇਲ ਸਾਇਲ ਮ੍ਰਿਗ,
ਕਾਇਲ ਅਵਾਇਲ ਹਵਾਇਲ ਬੁਰੈਂ ਖਰੈਂ[1]।

[1](ਘਾਇਲ) ਜ਼ਖ਼ਮੀਂ (ਸੂਰਮੇਂ ਐਉਂ) ਤੜਫਦੇ ਹਨ (ਜਿਵੇਂ ਸ਼ੇਰ ਦਾ) (ਚਬਾਇਲ) ਚੱਬਿਆ ਹੋਇਆ ਭਾਵ ਜ਼ਖ਼ਮੀ ਕੀਤਾ ਹੋਇਆ (ਸਾਯਲ) ਕਾਲਾ (ਮ੍ਰਿਗ) ਹਰਨ (ਕਾਇਲ) ਵਿਆਕੁਲ (ਹੋਇਆ ਤੜਫ਼ਦਾ ਹੈ)। ਉਨ੍ਹਾਂ (ਅਵਾਇਲ) ਮੰਦ-ਭਾਗੀਆਂ (ਭਾਵ ਤੁਰਕਾਂ) ਦੇ (ਖਰੇ) ਬਹੁਤੇ ਬੁਰੇ (ਹਵਾਇਲ) ਹਾਲ ਹਨ।

ਕਾਟੇ ਕਰ ਪਗ ਫਾਟੇ ਪੇਟ ਪਰੇ ਧਰ ਪਰ,
ਤੌ ਭੀ ਦਾਟੈਂ ਭਟ ਚਾਟੈਂ ਓਠਨ ਪਰੈਂ ਪਰੈਂ[1]
॥ ੩੩ ॥

[1]ਹੱਥ ਪੈਰ ਕੱਟੇ ਹੋਏ ਤੇ ਪੇਟ ਫਟੇ ਹੋਏ ਧਰਤੀ ਤੇ ਪਏ ਹਨ ਤਾਂ ਵੀ ਸੂਰਮੇਂ (ਦੁਸ਼ਮਣਾਂ ਨੂੰ) ਡਾਂਟਦੇ ਹਨ (ਪਰੈਂ ਪਰੈਂ) ਪਏ ਪਏ (ਓਠਨ) ਬੁੱਲ੍ਹਾਂ ਨੂੰ ਚਟਦੇ ਹਨ।

ਕਮਰ ਕਸਤ ਹਿਤ ਸਮਰ ਮਸਤ ਬਨਿ,
ਲਸਤ ਸਨਧ ਬਧ ਬਧ ਬਧ ਝਟ ਝਟ[1]।

[1](ਸੂਰਮੇਂ) ਮਸਤ (ਬਨ) ਹੋ ਕੇ (ਸਿਮਰ) ਜੰਗ ਕਰਨ ਵਾਸਤੇ (ਕਮਰ) ਲੱਕ (ਕਸਤ) ਬੰਨ੍ਹਦੇ ਹਨ, (ਸਨੱਧ ਬੱਧ) ਸ਼ਸਤ੍ਰ ਬੰਨ੍ਹ ਕੇ ਤਿਆਰ ਬਰ ਤਿਆਰ ਹੋਏ (ਲਸਤ) ਚਮਕਦੇ ਹਨ, ਛੇਤੀ ਛੇਤੀ (ਅੱਗੇ) ਵੱਧ ਵੱਧ ਕੇ।

ਲਰ ਲਰ ਕਸਤ ਸਮਸਤ ਸ੍ਵਰ ਅਰਿ
ਪਟਕਤ ਧਰ ਪਰ ਸਟਕਤ ਮਟ ਮਟ[1]।

[1]ਲੜ ਲੜ ਕੇ (ਸਮਸਤ) ਸਾਰੇ (ਸੂਰਮੇਂ) ਵੈਰੀਆਂ ਉਪਰ (ਸ੍ਵਰ) ਅਵਾਜ਼ੇ ਕਸਦੇ ਹਨ ਭਾਵ ਵੈਰੀਆਂ ਨੂੰ ਲਲਕਾਰਦੇ ਹਨ, ਧਰਤੀ ਤੇ (ਪਟਕਤ) ਪਟਕਾ ਕੇ ਸੁੱਟ ਦੇਂਦੇ ਹਨ ਤੇ ਆਪ (ਮਟ ਮਟ) ਅਕੜ ਅਕੜ ਕੇ (ਸਟਕਤ) ਚਲਦੇ ਹਨ।

ਫਟ ਫਟ ਸਟ ਸਟ ਹਟ ਹਟ ਦਟ ਦਟ,
ਥਟ ਥਟ ਚਟ-ਪਟ ਅਘਟ ਸੁ ਕਟ ਕਟ[1]।

[1](ਫਟ) ਜ਼ਖਮਾਂ ਨਾਲ (ਫਟ) ਫੱਟੜ (ਜ਼ਖ਼ਮੀ) ਕਰ ਕੇ (ਸਟ ਸਟ) ਛੇਤੀ ਛੇਤੀ ਆਪ ਪਿੱਛੇ ਹਟ ਹਟ ਕੇ (ਦੁਸ਼ਮਣਾਂ ਨੂੰ) (ਦਟ ਦਟ) ਡਾਂਟ ਡਾਂਟ ਕੇ (ਆਪ) ਥਟ ਥਟ ਫਬ ਫਬ ਕੇ ਅਤੇ (ਚਟ ਪਟ) ਛੇਤੀ ਛੇਤੀ (ਅਘੱਟ) ਬਹੁਤੇ ਦੁਸ਼ਮਣਾਂ ਨੂੰ ਕੱਟ ਕੱਟ ਕੇ।

ਸਧਰ ਨ ਹਟਤ ਕਟਤ ਅਧਰਨ ਭਟ,
ਮਧਰਨ ਬਕਤ ਥਕਤਰਵ ਅਟ ਅਟ[1] ॥ ੩੪ ॥

[1](ਸੂਰਮਿਆਂ ਦੀ) (ਸਧਰ) ਇੱਛਾ (ਨ ਹਟਤ) ਹਟਦੀ ਨਹੀਂ ਭਾਵ ਪੂਰੀ ਨਹੀਂ ਹੁੰਦੀ, (ਭਟ) ਸੂਰਮੇਂ (ਅਧਰਨ) ਬੁੱਲ੍ਹਾਂ ਨੂੰ ਕਟਦੇ ਹਨ (ਮਧ-ਰਨ) ਜੰਗ ਵਿੱਚ (ਬਕਤ) ਬੋਲਦੇ ਹਨ, (ਘਟ ਘਟ) ਬੋਲ ਬੋਲ ਕੇ (ਰਵ) ਅਵਾਜ਼ (ਥਕਤੀ) ਥੱਕ ਜਾਂਦੀ ਹੈ ਭਾਵ ਸੰਘ ਬੈਠ ਜਾਂਦਾ ਹੈ।

ਤਰਨ ਤਰਨ ਤੁਲ ਅਰਨ ਬਰਨ ਕੁਲ,
ਲਰਨ ਪਰਨ ਢੁਲ ਹਰਨ ਟਰਨ ਨਹਿਂ[1]।

[1](ਤਰਨ) ਦੋਪਹਿਰ ਦੇ (ਤਰਨ) ਸੂਰਜ ਵਾਂਗ (ਕੁਲ) ਸਾਰਿਆਂ ਦੇ (ਬਰਨ) ਰੰਗ (ਅਰਨ) ਲਾਲ ਹਨ। (ਲਰਨ ਪਰਨ) ਲੜ ਪੈਣ ਨੂੰ (ਢੁਲ) ਚਲ ਪਏ ਹਨ, (ਹਰਨ) ਮਾਰਨੋਂ ਟਲਦੇ ਨਹੀਂ।

ਲਰ ਲਰ ਮਰ ਮਰ ਚਰ ਚਰ ਨਭ ਮਗ,
ਖਗਪਤਿ ਪੁਰ ਬਸ ਸੁਰ ਤਿਯ ਰਸ ਲਹਿਂ[1]।

[1]ਲੜ ਲੜ ਕੇ ਮਰ ਮਰ ਕੇ (ਨਭ-ਮਗ) ਅਕਾਸ਼ ਦੇਰਸਤੇ (ਉੱਪਰ) ਚੜ੍ਹ ਚੜ੍ਹ ਕੇ, (ਖਗਪਤਿ) ਗਰੁੜ ਦੀ ਪੁਰੀ 'ਚ ਵਸ ਕੇ (ਸੁਰ-ਤੀਯ) ਅਪੱਛਰਾਂ ਦਾ (ਰਸ) ਅਨੰਦ ਲੈਂਦੇ ਹਨ।

ਜੁਗਨਿ ਭੁਗਨਿ ਭਰਿ ਖਪਰ ਛਪਰ ਸਰਿ,
ਰੁਧਰ ਉਦਰ ਭਰਿ ਅਪਰ ਅਪਰ ਤਹਿੰ[1]।

[1]ਜੋਗਣੀਆਂ ਉੱਥੇ (ਜੰਗ ਵਿੱਚ) (ਅਪਰ ਅਪਰ) ਅੱਪੜ ਅਪੱੜ ਕੇ (ਛਪਰ) ਛੱਪੜਾਂ (ਸਰਿ) ਵਰਗੇ ਖੱਪਰਾਂ ਨੂੰ ਲਹੂ ਨਾਲ ਭਰ ਕੇ (ਭੁਗਨਿ) ਛਕਦੀਆਂ ਹਨ (ਇਉਂ ਉਹ ਆਪਣਾ) ਪੇਟ ਭਰਦੀਆਂ ਹਨ।

ਫਰ ਫਰਣ ਗਰਤ ਧਰ ਧਰ ਧਰਕਤ
ਉਰ, ਹਰ ਹਰਖਤ ਸੁਭਟਨ ਸਿਰ ਲਹਿੰ[1] ॥ ੩੫ ॥

[1](ਕਈ) (ਗਰਤ) ਟੋਇਆਂ 'ਚ ਪਏ (ਫਰ ਫਰਣ) ਫੜ-ਫੜਾਉਂਦੇ ਭਾਵ ਤੜਫਦੇ ਹਨ (ਤੇ ਕਈਆਂ ਦੇ) ਧੜ ਤੇ ਹਿਰਦੇ ਧਰਤੀ ਤੇ ਪਏ ਧੜਕਦੇ ਭਾਵ ਕੰਬ ਰਹੇ ਹਨ। (ਹਰ) ਸ਼ਿਵ ਸੂਰਮਿਆਂ ਦੇ ਸਿਰ ਲੈ ਕੇ (ਹਰਖਤ) ਪ੍ਰਸੰਨ ਹੋ ਰਿਹਾ ਹੈ।

ਸਟਕ ਸਟਕ ਲਰ ਕਟਕ ਅਟਕ ਹਰ,
ਚਟਕ ਪਟਕ ਪਰ ਰਪਟ ਸਪਟ ਧਰ[1]।

[1](ਸਟਕ ਸਟਕ) ਦੌੜ ਦੌੜ ਕੇ ਲੜਦੇ ਹਨ (ਇਉਂ ਦੁਸ਼ਮਣਾਂ ਦੀ) (ਕਟਕ) ਫੌਜ ਦੀ (ਅਟਕ) ਰੋਕ ਦੂਰ ਕਰਦੇ ਹਨ (ਕਈ ਵਾਰ) (ਚਟਕ) ਫੁਰਤੀ ਕਰਦੇ ਕਰਦੇ (ਰਪਟ) ਤਿਲਕ ਕੇ (ਸਾਰਿਆਂ ਦੇ) (ਸਪਟ) ਸਾਹਮਣੇ ਹੀ (ਧਰ) ਧਰਤੀ ਦੇ (ਪਰ) ਉਪਰ (ਪਟਕ) ਡਿੱਗ ਪੈਂਦੇ ਹਨ।

ਪਰ ਕਰਿ ਕਸ ਕਰ ਕਮਠ ਕਮਨ ਫਰ,
ਬਲ ਧਰ ਬਰਖਤ ਸਰ ਖਰ ਝਰਿ ਭਰ[1]।

[1](ਪਰਿਕਰ) ਕਮਰ-ਕੱਸੇ ਕਸ ਕਰ ਕੇ ਕਰੜੇ (ਕਮਠ) ਧਨੁਸ਼ ਫੜ ਕੇ ਬਲ ਧਾਰ ਕੇ, (ਝਰਿ) ਝੜੀ (ਭਰ) ਵਾਂਗ (ਸਰ ਖਰ) ਤਿੱਖੇ ਤੀਰਾਂ ਦੀ ਵਰਖਾ ਕਰਦੇ ਹਨ।

ਭਰ ਭਰ ਤਜਤ ਨ ਲਜਤ ਕਜਤ ਮੁਖ,
ਸਜਤ ਸੁਭਟਰਨ ਗਜਤ ਅਜਿਤ ਤਰ[1]।

[1](ਤੀਰਾਂ ਦੇ ਭੱਥੇ) ਭਰ ਭਰ ਕੇ ਛੱਡਦੇ ਹਨ, ਸ਼ਰਮ ਨਹੀਂ ਕਰਦੇ ਤੇ ਨਾ ਹੀ ਮੂੰਹ ਢੱਕਦੇ ਹਨ (ਤਰ) ਬਹੁਤੇ ਅਜਿੱਤ ਸੂਰਮੇਂ ਜੰਗ ਵਿੱਚ ਗੱਜਦੇ ਹੋਏ ਸਜ ਰਹੇ ਹਨ।

ਤਰਤ ਸਰਤ ਪਤਿ ਭਵ ਭਵ ਭਵ ਸਤ,
ਬਸਤ ਭਿਸਤ ਤਤ ਸਭ ਤਬ ਮਰ ਕਰ[1] ॥ ੩੬ ॥

[1](ਤਬ) ਤਦੋਂ ਮਰ ਕੇ (ਨਿਸ਼ਕਾਮੀ ਸੂਰਮੇ) (ਭਵ) ਸੰਸਾਰ (ਸਰਤ-ਪਤਿ) ਸਮੁੰਦਰ ਨੂੰ (ਤਰਤ) ਤਰ ਕੇ (ਭਵ) ਕਲਿਆਣ ਸਰੂਪ ਤੇ (ਸਤ) ਸਤ ਸਰੂਪ (ਭਵ) ਹੋ ਜਾਂਦੇ ਹਨ (ਤੇ ਬਾਕੀ) (ਸਬ) ਸਾਰੇ (ਤਤ) ਛੇਤੀ (ਭਿਸਤ) ਸੁਰਗਾਂ ਵਿੱਚ ਜਾ ਵਸਦੇ ਹਨ।

ਭਵਕ ਭਵਕ ਭਟ ਮ੍ਰਿਗ-ਪਤਿ ਸਮ, ਝਟ
ਸਟਕ ਸਟਕ ਦਟ ਤੁਪਕ ਤਜਤ ਭਰ[1]।

[1](ਭਟ) ਸੂਰਮੇ (ਮ੍ਰਿਗਪਤਿ) ਸ਼ੇਰ ਵਾਂਗ (ਭਵਕ ਭਵਕ) ਭਬਕਾਂ ਮਾਰ ਮਾਰ ਕੇ ਛੇਤੀ (ਸਟਕ ਸਟਕ) ਦੌੜ ਦੌੜ ਕੇ (ਤੇ ਦੁਸ਼ਮਣਾਂ ਨੂੰ (ਦਟ) ਡਾਟ ਕੇ ਬੰਦੂਕਾਂ ('ਚ ਗੋਲੀਆਂ) ਭਰ ਕੇ ਛੱਡਦੇ ਹਨ।

ਧਰ ਧਰ ਸ਼ਸਤਰ ਸਨਮੁਖ ਅਰ ਅਰ,
ਸਿਪਰਨ ਪਰਹਰ ਜੁਗ ਜੁਗ ਜੁਟ ਲਰ[1]।

[1]ਸ਼ਸਤ੍ਰਾਂ ਨੂੰ (ਧਰ ਧਰ) ਫੜ ਫੜ ਕੇ ਸਾਹਮਣੇ ਅੜ ਅੜ ਕੇ (ਸਿਪਰਨ) ਢਾਲਾਂ (ਪਰਹਰ) ਮਾਰ ਕੇ (ਜੁਗ ਜੁਗ) ਦੋ ਦੋ (ਜੁਟ) ਟੱਕਰ ਕੇ ਲੜਦੇ ਹਨ।

ਮਜਬ ਅਜਬ ਹਿਤ ਗਜਬ ਸਜਬ ਜੁਧ,
ਸੁਧ ਬੁਧਿ ਯੁਤ ਬਨ ਅਮਰ ਅਮਰ ਮਰ[1]।

[1](ਅਜਬ) ਅਸਚਰਜ ਮਜ਼ਹਬ ਵਾਸਤੇ (ਗਜ਼ਬ) ਕ੍ਰੋਧ ਤੇ ਸ਼ੁੱਧ ਬੁੱਧੀ ਸਹਿਤ ਜੰਗ (ਸਜਬ) ਕਰ ਕੇ (ਮਰ) ਸ਼ਹੀਦ ਹੋ ਗਏ, (ਅਮਰ) ਦੇਵਤਾ ਬਣ ਕੇ (ਅਮਰ) ਮੁਕਤ ਹੋ ਗਏ।

ਸੁਰਪੁਰਿ ਗੁਰਪੁਰਿ ਬਸਤ ਲਸਤ ਸਦ,
ਲਹਿਤ ਅਮਿਤ ਸੁਖ ਜਨਮ ਸਫਲ ਕਰ[1] ॥੩੭॥

[1](ਸਕਾਮੀ) (ਸੁਰਪੁਰਿ) ਸੁਰਗਾਂ ਵਿੱਚ (ਤੇ ਨਿਸਕਾਮੀ) (ਗੁਰਪੁਰਿ) ਸੱਚ-ਖੰਡ ਵਿੱਚ ਵਸਦੇ ਸਦਾ (ਲਸਤ) ਚਮਕਦੇ ਹਨ, ਜਨਮ ਸਫਲਾ ਕਰ ਕੇ (ਅੰਮ੍ਰਿਤ) ਬਹੁਤਾ ਸੁਖ ਲੈਂਦੇ ਹਨ।

ਨਰਾਜ ਛੰਦ:
ਤਦਾਂਹਿ ਲੌ ਅਪਾਰ ਸੈਨ,
ਸਾਂਹਚੀ ਲਵਾਇ ਕੈ[1]।

[1]ਤਦੋਂ ਤੱਕ ਸਾਂਹਚੀ ਬਹੁਤੀ ਫ਼ੌਜ ਨਾਲ ਲੈ ਕੇ।

ਅਯੋ ਸੁਰੰਗ ਭੂਮਿ ਮੈਂ,
ਨਿਹਾਰਿ ਕੋਪ ਥਾਇ ਕੈ[1]।

[1]ਜੰਗ ਦੇ ਮੈਦਾਨ ਵਿੱਚ ਆਇਆ ਦੇਖ ਕੇ ਕ੍ਰੋਧਵਾਨ ਹੋ ਕੇ।

ਬਰੱਜ ਨਿਜ ਸੈਨ ਕੋ,
ਗਰੱਜ ਤਾੜ ਤਾੜ ਕੈ[1]।

[1]ਆਪਣੀ ਫੌਜ ਨੂੰ ਰੋਕ ਕੇ ਗੱਜ ਕੇ ਤੇ ਤਾੜ ਤਾੜ ਕੇ।

ਬਢਾਇ ਅੱਗ੍ਰ ਹੂੰ ਕਰੀ,
ਝੜਾਇ ਬਾੜ ਸਾੜਕੈਂ[1] ॥੩੮॥

[1]ਵਧਾ ਕੇ ਅੱਗੇ ਕਰ ਦਿੱਤੀ (ਸਾੜਕੈਂ) ਸੜੱਕ ਦੇ ਕੇ ਬਾੜ ਝਾੜ ਦਿੱਤੀ ਭਾਵ ਛੇਤੀ ਇਕੋ ਵਾਰ ਸਾਰੀਆਂ ਬੰਦੂਕਾਂ ਦਾ ਫਾਇਰ (ਵਾਰ) ਕਰ ਦਿੱਤਾ।

ਜਿਤੈ ਚੜ੍ਹੱਤ ਸਿੰਘ ਥਾ,
ਲਰੱਤ ਜੋਰ ਸ਼ੋਰ ਸੈਂ।
ਤਿਤੈ ਅਲਾਹ ਯਾਰ ਖਾਂ,
ਭਯੋ ਅਗਾਂਹ ਜੋਰ ਸੈਂ।
ਤਰੱਜ[1] ਸਿੰਘ ਕੇ ਤਈਂ,

[1]ਤਾੜ ਕੇ।

ਬਰੱਖ ਬਾਨ ਭੂਰ ਹੈਂ[1]।

[1]ਬਹੁਤੇ ਤੀਰਾਂ ਦੀ ਵਰਖਾ ਕੀਤੀ।

ਕਰੱਖ[1] ਪ੍ਰਾਨ ਹੂੰ ਲਏ

[1]ਖਿੱਚ ਲਏ।

ਕਿਤਾਨ ਕੇ[1] ਜਰੂਰ ਹੈਂ ॥੩੯॥

[1]ਕਿਤਨਿਆਂ ਦੇ।

ਨਿਹਾਰਿ ਸਿੰਘ ਤਾਂਹਿ ਕੋ,
ਪ੍ਰਚਾਰ ਢਿੱਗ ਢੂਕ ਹੈਂ[1]।

[1]ਚੜ੍ਹਤ ਸਿੰਘ ਨੇ ਤਿਸ ਨੂੰ ਦੇਖ ਕੇ, ਨੇੜੇ ਪਹੁੰਚ ਕੇ ਵੰਗਾਰਿਆ।

ਬੰਦੂਕ ਡੰਭ ਗੁੱਲਕਾਂ,
ਉਭੈ ਲਗੇ ਅਚੂਕ ਹੈਂ[1]।

[1]ਬੰਦੂਕ (ਡੰਭ) ਚਲਾ ਦਿੱਤੀ ਦੋਹਾਂ ਗੋਲੀਆਂ ਦੇ ਅਚੁੱਕ (ਨਿਸ਼ਾਨੇ) ਲੱਗੇ।

ਸੁਟਜੋ ਤੁਰੰਗ ਖਾਨ ਕਾ,
ਦੜੱਕ ਭੂਮ ਯੌਂ ਜਬੈ[1]।

[1]ਜਦੋਂ ਇਉਂ ਖਾਨ ਦਾ ਘੋੜਾ ਦੜੱਕ ਸ਼ਬਦ ਕਰ ਕੇ ਧਰਤੀ ਤੇ ਸੁੱਟਿਆ।

ਦਯੋ ਨ ਖਾਨ ਉੱਠਨੇ,
ਕੁਦਾਇ ਅੱਸ੍ਰ ਕੋ ਤਬੈ[1] ॥੪੦॥

[1]ਤਦੋਂ ਚੜ੍ਹਤ ਸਿੰਘ ਘੋੜੇ ਨੂੰ ਭਜਾ ਕੇ।

ਸੜੱਕ ਮੂੰਡ ਖਾਨ ਕਾ,
ਤੜੱਕ ਸਿੰਘ ਡੁੱਕਿਓ[1]।

[1]ਚੜ੍ਹਤ ਸਿੰਘ ਨੇ ਸੜੱਕ ਸ਼ਬਦ ਨਾਲ (ਤੜੱਕ) ਛੇਤੀ ਹੀ ਅਲਾ ਯਾਰ ਦਾਦ ਖ਼ਾਂ ਦਾ ਸਿਰ (ਡੁੱਕਿਓਂ) ਕੱਟ ਲਿਆ।

ਹਤੇ ਅਨੇਕ ਔਰ ਹੂੰ,
ਨਜੀਕ ਜੋਇ ਢੁੱਕਿਓ।
ਫੁਲੱਥ ਹੱਥ ਕੱਢਿ ਸਿੰਘ[1],
ਝੱਟ-ਪੱਟ ਹਟ ਕੈ।

[1]ਸਿੰਘ ਨੇ (ਫੁਲੱਥ) ਗੱਤਕੇਬਾਜ਼ੀ ਦੇ ਹੱਥ ਕੱਢ ਕੇ।

ਅਯੋ ਸਿੰਘਾਨ ਕੈ ਵਿਖੇ,
ਪਠਾਨਨੈਂ ਦਪੱਟ ਕੈ[1] ॥੪੧॥

[1]ਪਠਾਣਾਂ ਨੂੰ (ਦਪੱਟ ਕੈ) ਭਜਾ ਕੇ।

ਮਰਜੋ ਅਲਾਹ ਯਾਰ ਖਾਂ
ਹਰਾਵਲੈਂ ਉਤਾਵਲੈਂ[1]।

[1](ਹਰਾਵਲੈਂ) ਫੌਜ ਦੇ ਅਗਲੇ ਦਸਤੇ ਦਾ ਮੁਹਰੀ ਅਲਾਹ ਯਾਰ ਖਾਂ (ਉਤਾਵਲੈਂ) ਛੇਤੀ ਮਰ ਗਿਆ।

ਅਰਜੋ ਇਮਾਨ ਖਾਨ ਆ,
ਰਹਾਨ ਵਾਰ ਕਾਬਲੈਂ[1]।

[1]ਕਾਬਲ ਦੇ ਰਹਿਣ ਵਾਲਾ ਇਮਾਨ ਖ਼ਾਂ ਆ ਅੜਿਆ।

ਲਰਜੋ ਮ੍ਰਿਗੇਸ ਗੁੱਜਰੈਂ,
ਸਉਜੱਰੈਂ ਸੁ ਗੌਰ ਤੈ[1]।

[1]ਗੁੱਜਰ ਸਿੰਘ (ਸਉੱਜਰੈ) ਜ਼ੋਰ ਨਾਲ ਤੇ (ਸੁ ਗੌਰ ਤੈ) ਚੰਗੇ ਖ਼ਿਆਲ ਨਾਲ ਲੜਿਆ।

ਧਕਾਇ ਪੁੰਜ ਖਾਨ ਕੌ,
ਦਯੋ ਪਿਛਾਂਹਿ ਠੌਰ ਤੈ[1] ॥੪੨॥

[1](ਪੁੰਜ) ਬਹੁਤੇ ਪਠਾਣਾਂ ਨੂੰ ਧੱਕ ਕੇ (ਜੰਗ ਦੀ) ਥਾਂ ਤੋਂ ਪਿੱਛੇ ਹਟਾ ਦਿੱਤਾ।

ਨਿਹਾਰਿ ਖਾਂ ਅਲਾਉਲੈਂ,

ਹਜ਼ਾਰ-ਪਾਂਚ ਕੋ ਪਤੀ[1]।
ਅਯੋ ਧਵਾਇ ਅੱਸ੍ਵ ਕੋ,
ਸਕੋਪ ਓਪ ਤੈ ਅਤੀ[1]।

ਝਟਾਂਹਿ-ਪੱਟ ਬੀਜੁਰੀ
ਸਮਾਨ ਆਨ ਹੈ ਪਯੋ[1]।
ਬਿਸੇਸ ਘਾਇ ਗੁਜਰੈਂ,
ਮ੍ਰਿਗੇਸ ਕੋ ਕਰੈ ਗਯੋ[1] ॥ ੪੩ ॥
ਹੁਤੋ ਜੁ ਸਿੰਘ-ਸਾਹਿਬੰ,
ਨਜੀਕ ਪੂਤ ਤਾਂਹਿ ਕੋ[1]।
ਨਿਹਾਰ ਕੈ ਨ ਜਾਨ ਦੀਨ
ਖਾਨ ਸੋ ਅਗਾਂਹਿ ਕੋ।
ਕਮਾਨ ਤਾਨ ਕਾਨ ਲੌ,
ਪ੍ਰਹਾਨ ਬਾਨ ਭੀਛਨੈ[1]।
ਦੁਸਾਰ ਪਾਰ ਹੂੰ ਕਢੇ,
ਯੁਤੈਂ ਕਿਕਾਨ ਤੀਛਨੈਂ[1] ॥ ੪੪ ॥
ਉਠਾਇ ਬਾਪ ਆਪਨੋ,
ਪਠਾਇ ਦੀਨ ਪਾਛ ਹੈ[1]।
ਬੰਧਾਇ ਸਾਲ-ਪੱਤਰੈਂ,
ਕਰਜੋ ਤੁਰੰਤ ਆਛ ਹੈ[1]।
ਉਤੈ[1] ਤੁਰੰਗ ਖਾਨ ਕਾ,
ਗਿਰਜੋ ਜੁ ਅੰਗ ਭੰਗ ਹ੍ਵੈ।
ਚੁਚਾਤ ਸ੍ਰੋਣ ਆਪ ਸੋ
ਭਗਜੋ ਪਿਛਾਂ ਕੁਰੰਗ ਹ੍ਵੈ[1] ॥ ੪੫ ॥

ਮਨੋ ਛ੍ਰਿਕਾਉ ਮਾਸ਼ਕੀ,
ਕਰੰਤ ਜਾਤ ਰੰਗ ਕੋ[1]।
ਧਵਾਇ ਅੱਸ੍ਵ ਸਿੰਘ ਜੀ,
ਬਢਾਇ ਕੈ ਉਮੰਗ ਕੋ।
ਹੁਲਾਰ ਕੈ ਭੁਜਾ, ਤ੍ਰਵਾਰ

[1]ਪੰਜ ਹਜ਼ਾਰ ਫ਼ੌਜ ਦੇ ਮਾਲਕ ਅਲਾਉਲ ਖ਼ਾਂ ਨੇ ਦੇਖ ਕੇ।

[1]ਕ੍ਰੋਧ ਸਹਿਤ (ਅਤੀ) ਬਹੁਤੀ (ਓਪ ਤੈ) ਚਮਕ ਦਮਕ ਨਾਲ ਘੋੜਾ ਭਜਾ ਕੇ ਆਇਆ।

[1]ਝਟਪਟ ਬਿਜਲੀ ਵਾਂਗ ਆ ਪਿਆ।

[1]ਗੁੱਜਰ ਸਿੰਘ ਨੂੰ ਬਹੁਤਾ ਜ਼ਖ਼ਮ ਕਰ ਗਿਆ।

[1]ਤਿਸ ਗੁੱਜਰ ਸਿੰਘ ਦਾ ਪੁੱਤਰ ਸਾਹਿਬ ਸਿੰਘ ਕੋਲ ਹੀ ਸੀ।

[1](ਭੀਛਨੈ) ਭਿਆਨਕ ਤੀਰ ਮਾਰੇ।

[1]ਤਿੱਖੇ (ਤੀਰ) ਘੋੜੇ ਸਮੇਤ (ਖਾਨ ਦੇ) ਦੂਜੇ ਪਾਸੇ ਕੱਢ ਦਿੱਤੇ।

[1]ਆਪਣੇ ਪਿਤਾ ਗੁੱਜਰ ਸਿੰਘ ਨੂੰ ਚੁੱਕ ਕੇ ਪਿੱਛੇ ਭੇਜ ਦਿੱਤਾ।

[1]ਛੇਤੀ (ਆਛ) ਤੰਦਰੁਸਤ ਕਰ ਦਿੱਤਾ।

[1]ਓਧਰ।

[1]ਉਸ ਖ਼ਾਨ ਦੇ ਆਪਣੇ ਸ਼ਰੀਰ ਵਿੱਚੋਂ ਖ਼ੂਨ ਚੋਂਦਾ ਸੀ ਇਸ ਲਈ ਆਪ (ਕੁਰੰਗ) ਹਰਨ ਭਾਵ ਕਾਇਰ ਹੋ ਕੇ ਪਿੱਛੇ ਭੱਜ ਗਿਆ।

[1]ਜਾਣੋ ਮਾਸ਼ਕੀ (ਲਾਲ) ਰੰਗ ਦਾ ਛਿੜਕਾ ਕਰਦਾ ਜਾਂਦਾ ਹੈ।

ਝਾਰਿ ਮੂੰਡ ਤਾਂਹਿ ਪੈ[1]।	[1]ਬਾਹਾਂ ਉਲਾਰ ਕੇ ਤਿਸ ਦੇ ਮੂੰਹ ਉੱਤੇ ਤਲਵਾਰ ਮਾਰ ਕੇ।
ਸਟੋਪ ਮੂੰਡ ਤ੍ਰਾਣ ਕੱਟਿ,	
ਦੇਹ ਔਨਿ ਲਾਹਿ ਪੈ[1] ॥੪੬॥	[1]ਫੇਰ ਸਣੇ ਟੋਪ ਮੂੰਹ ਤੇ ਸੰਜੋਅ ਕੱਟ ਕੇ ਦੇਹ ਨੂੰ (ਔਨਿ) ਧਰਤੀ ਉੱਤੇ ਲਾਹ ਕੇ ਸੁੱਟ ਦਿੱਤਾ।
ਸੁਟ੍ਯੋ ਦੁਫਾਰ ਚੀਰ,	
ਜਥੋਂ ਸ਼ਤੀਰ ਹੂੰ ਤਖਾਨ ਹੈ[1]।	[1]ਜਿਵੇਂ ਤਰਖਾਣ ਨੇ ਸ਼ਤੀਰ ਨੂੰ ਦੋ-ਫਾੜ ਕਰ ਕੇ ਸੁੱਟਿਆ ਹੁੰਦਾ ਹੈ।
ਝੁਕੇ ਪਠਾਨ ਸਿੰਘ ਪੈ,	
ਲਯੋ ਸੁ ਘੇਰ ਆਨ ਹੈ।	
ਸਜੀ ਫੁਲਾਦ ਥੀ ਜਿਰਾ,	
ਭਯੋ ਨ ਘਾਉ ਯਾਂਹਿ ਤੈ[1]।	[1]ਫੁਲਾਦ ਦੀ ਸੰਜੋਅ (ਸਜੀ) ਪਹਿਨੀ ਹੋਈ ਸੀ ਇਸ ਕਰ ਕੇ ਜ਼ਖਮ ਨਹੀਂ ਹੋਇਆ।
ਪੁਗੇ ਸੁ ਝੱਟ ਪਟ ਸਿੰਘ,	
ਔਰ ਦੌਰਿ ਜਾ ਤਿਤੈ[1] ॥੪੭॥	[1](ਤਿਤੈ) ਓਥੇ ਹੋਰ ਸਿੰਘ ਦੌੜ ਕੇ ਛੇਤੀ ਜਾ (ਪੁਗੇ) ਪੁੱਜੇ।
ਥਏ ਸੁ ਹੱਥ ਵੱਥ ਦੋਇ	
ਓਰ ਘੋਰ ਹੀ ਲਰੇ[1]।	[1]ਹੱਥੋ-ਹੱਥੀ ਹੋ ਪਏ ਦੋਹਾਂ ਪਾਸਿਆਂ ਤੋਂ ਭਿਆਨਕ ਲੜੇ।
ਪਠਾਨ ਸਿੰਘ ਜ੍ਵਾਨ,	
ਠੌਰ ਤਾਂਹਿ ਗੌਰ ਹੀ ਮਰੇ[1]।	[1]ਜਵਾਨ ਸਿੰਘ ਤੇ ਪਠਾਣ ਉਸ ਜਗ੍ਹਾ (ਗ਼ੌਰ) ਬਹੁਤੇ ਮਰੇ।
ਨੱਥਾ-ਮ੍ਰਿਗੇਸ ਸਜਾਲਕੋਟ	
ਵਾਰ[1], ਖੈਂਚ ਤੇਗ ਕੋ।	[1]ਵਾਲਾ।
ਪਰਯੋ ਤਹਾਂਹਿ ਜਾਇ, ਮਾਤ	
ਕੀਨ ਬੀਜ ਬੇਗ ਕੋ[1] ॥੪੮॥	[1]ਬਿਜਲੀ ਦੀ (ਬੇਗ) ਤੇਜ਼ੀ ਨੂੰ ਮਾਤ ਪਾ ਦਿੱਤਾ।
ਜੁਝਾਰ[1] ਸਿੰਘ ਔਰ ਭੀ,	[1]ਸੂਰਬੀਰ।
ਅਪਾਰ ਸੰਗ ਤਾਂਹਿ ਕੇ।	
ਪਰੇ ਤੁਕਾਨ ਪੈ ਤਬੈ,	
ਲਰੇ ਮਹਾਨ ਚਾਹਿ ਕੇ[1]।	[1]ਉਤਸ਼ਾਹ ਕਰਕੇ।
ਚਢਾਇ ਲੁੱਥ ਲੁੱਥ ਪੈ,	
ਭੁਜਾ ਸਮੂੰਡ ਸੱਥਲੈਂ[1]।	[1]ਲੋਥ ਤੇ ਲੋਥ ਚੜ੍ਹਾ ਦਿੱਤੀ ਸਣੇ ਮੂੰਹ ਤੇ ਪੱਟਾਂ ਦੇ।
ਬਿਥਾਰ ਔਨ ਪੈ ਦਏ,	
ਸ੍ਰੋਣ ਮਾਸ ਗੱਤਲੈਂ[1] ॥੪੯॥	[1]ਲਹੂ ਤੇ ਮਾਸ ਦੇ (ਗੱਤਲੈਂ) ਟੁਕੜੇ (ਔਨਿ) ਧਰਤੀ ਦੇ ਉੱਪਰ ਬਿਥਾਰ) ਖਿੰਡਾ ਦਿੱਤੇ।

ਨਿਵਾਜ- ਖਾਂਰ ਸਾਲ-ਦਾਰ,
ਮਾਰਿ ਮਾਰਿ ਗਾਇ ਕੈ[1]।
ਅਨੇਕ ਸਿੰਘ ਪਾਇਮਾਲ
ਕੀਨ, ਪੀਨ ਘਾਇ ਕੈ[1]।

[1]ਬੋਲ ਕੇ।

[1]ਅਨੇਕਾਂ ਸਿੰਘ (ਪੀਨ) ਬਹੁਤੇ (ਘਾਇਕੈਂ) ਜ਼ਖ਼ਮੀਂ ਕਰ ਕੇ (ਪਾਇਮਾਲ) ਪੈਰਾਂ ਹੇਠ ਮਲ ਦਿੱਤੇ।

ਨਿਹਾਰਿ ਨਾਰ-ਸਿੰਘ ਜਜੋਂ
ਭਵੱਕ, ਕੋਪ ਤਾਨ ਕੈ[1]।

[1]ਦੇਖ ਕੇ ਨਰ ਸਿੰਘ ਵਾਂਗ ਭਬਕ ਮਾਰ ਕੇ, ਕ੍ਰੋਧ ਤੇ ਬਲ ਕਰਕੇ।

ਨੱਥੇ-ਮ੍ਰਿਗੇਸ ਸੋ ਹਤਜੋ,
ਬਿਸੇਸ ਜੰਗ ਠਾਨ ਕੈ[1] ॥੫੦॥

[1]ਬਹੁਤ ਜੰਗ ਕਰ ਕੇ ਉਹ ਨਿਵਾਜ਼ ਖ਼ਾਂ ਨੱਥਾ ਸਿੰਘ ਨੇ ਮਾਰ ਦਿੱਤਾ।

ਤਬੈ ਕਮਾਲ-ਦੀਨ ਖਾਂ,
ਬਿਹੱਦ ਕੱਦ[1] ਸੂਰਮਾ।
ਧਸਜੋ ਸਿੰਘਾਨ ਸੈਨ ਮੈਂ,
ਮਿਲਾਤ ਜਾਤ ਧੂਰਮਾਂ[1]।
ਗਰੱਜ ਮੇਘ ਜਜੋਂ, ਤਰੱਜ
ਭਜਾਨਕੈ ਅਤੇਵ ਹੈਂ[1]।

[1]ਵੱਡੇ ਕੱਦ ਦਾ।

[1]ਧੂੜ ਵਿੱਚ।

[1](ਅਤੇਵ) ਬਹੁਤੇ ਭਿਆਨਕ ਬੱਦਲ ਵਾਂਗ ਗੱਜ ਕੇ ਤੇ ਤਾੜ ਕੇ।

ਲਰੱਜ ਕੱਜ ਆਨਨੈ
ਸਿੰਘਾਨ ਨੈ ਲਹੇਵ ਹੈਂ[1] ॥੫੧॥

[1](ਲਰੱਜ) ਕੰਬ ਕੇ ਸਿੰਘਾਂ ਨੇ ਆਪਣੇ (ਆਨਨੈ) ਮੂੰਹ ਢੱਕ (ਲਹੇਵ ਹੈਂ) ਲਏ ਹਨ।

ਲਏ ਸੁਭੱਟ ਗੁੱਟ ਕੋ,
ਫਿਰੱਤ ਇੱਤ ਉੱਤ ਸੋ[1]।

[1]ਉਹ ਸੂਰਮਿਆਂ ਦਾ (ਗੁੱਟ) ਜੱਥਾ ਲੈ ਕੇ ਏਧਰ ਓਧਰ ਫਿਰਦਾ ਹੈ।

ਮਨੋ ਕਰਾਲ ਕਾਲ ਸੈਨ
ਰਾਖਸ਼ਾਨ ਪੁੱਤ ਸੋ[1]।

[1]ਜਾਣੋ ਕਾਲ ਦੀ ਭਿਆਨਕ ਫ਼ੌਜ ਹੈ ਜਾਂ ਉਹਰਾਖਸ਼ਾਂ ਦੇ ਪੁੱਤਰ ਹਨ।

ਗਜਿੰਦ-ਮਤ ਬ੍ਰਿੰਦ ਜਜੋਂ,
ਛੁਧੱਤ ਬਾਗ ਮੈਂ ਬਰੈਂ[1]।
ਉਖਾਰ ਤੋਰ ਡਾਰਿ ਕੈ,
ਵਿਰਾਨ ਦਾਗਿ-ਮੈ ਕਰੈਂ[1] ॥੫੨॥

[1]ਜਿਵੇਂ ਬਹੁਤੇ ਭੁੱਖੇ ਤੇ ਮਸਤ ਹਾਥੀ ਬਾਗ਼ ਵਿੱਚ ਵੜ ਜਾਣ।

[1](ਬੂਟਿਆਂ ਨੂੰ) ਉਖੇੜ ਕੇ ਤੋੜ ਸੁਟਦੇ ਹਨ (ਵਿਰਾਨ) ਉਜਾੜ ਕਰ ਕੇ ਦਾਗ਼ੀ ਕਰ ਦੇਂਦੇ ਹਨ।

ਤਿਵੈਂ ਸਿੰਘਾਨ ਸੈਨ ਮੈਂ,

ਮਿਨਾਰਿ ਸੇ ਬਟੌੜ ਸੇ[1]।

[1]ਤਿਵੇਂ ਸਿੰਘਾਂ ਦੀ ਫੌਜ ਵਿੱਚ (ਮਿਨਾਰ ਸੇ) ਬੁਰਜਾਂ ਵਰਗੇ ਤੇ (ਬਟੌੜ ਸੇ) ਗਹੀਰਿਆਂ ਵਰਗੇ (ਤੁਰਕ)।

ਪਰੰਤ ਜੱਤ੍ਰ ਦੌੜ ਕੈ,
ਕਰੰਤ ਤੱਤ੍ਰ ਚੌੜ ਸੇ[1]।

[1]ਜਿਧਰ ਦੌੜ ਕੇ ਪੈਂਦੇ ਹਨ ਉਧਰ ਹੀ (ਚੌੜ ਸੇ) ਤਬਾਹੀ ਕਰਦੇ ਜਾਂਦੇ ਹਨ।

ਮਢੇ ਫੁਲਾਦ ਕੇ ਹੁਤੇ,
ਕਿਕਾਨਨੈਂ ਸਮੇਤ ਸੋ[1]।

[1]ਉਹ ਘੋੜਿਆਂ ਸਮੇਤ ਫੌਲਾਦ ਦੇ ਮੜ੍ਹੇ ਹੋਏ ਸਨ।

ਗਿਰੰਤ ਘਾਇ ਖਾਇ ਨਾਹਿਂ
ਵਾਹਿ, ਯਹਿ ਹੇਤ ਸੋਂ[1] ॥੫੩॥

[1]ਉਹ ਇਸੇ ਕਾਰਨ ਜ਼ਖ਼ਮ ਖਾ ਕੇ ਡਿਗਦੇ ਨਹੀਂ ਸਨ।

ਲਰਜੋ ਨ ਪੈਰ ਗੱਡ ਕੈ,
ਸ੍ਰਦਾਰ ਔਰ ਕੋ ਜਬੈ।
ਨਿਹਾਰਿ ਰਾਮ ਸਿੰਘ
ਬੇਦਿ ਬੰਸ-ਸਾਹਿਬੈਂ ਤਬੈ[1]।

[1]ਤਦੋਂ ਬੇਦੀ ਬੰਸ ਦੇ ਸਾਹਿਬਰਾਮ ਸਿੰਘ ਨੇ ਦੇਖ ਕੇ।

ਹੁਤੋ ਭਗੱਤਿ ਅੱਤਿ ਸੋ,
ਸ਼ੱਕਤਿ ਯੁਤਿ ਪੂਰਨੈ[1]।

[1]ਉਹ ਬਹੁਤੀ ਸ਼ਕਤੀ ਸਹਿਤ ਪੂਰਨ ਭਗਤ ਸੀ।

ਬਲੀ ਬਿਸਾਲ ਬੀਰ ਧੀਰ,
ਮੀਰ ਪੀਰ ਕੂਰ ਨੈ[1] ॥੫੪॥

[1]ਬਹੁਤਾ ਭਲੀ, ਬਹਾਦਰ, ਧੀਰਜਵਾਨ, ਤੇ (ਪੀਰ) ਧਾਰਮਿਕ ਆਗੂ ਸੀ (ਕੂਰ ਨੈ) ਇਹ ਝੂਠ ਨਹੀਂ ਹੈ।

ਸਕੋਪ ਓਪ ਸੱਤ੍ਰੈਂ
ਘਟਾਵਨੇ ਹਿਤੱਛ ਸੋ[1]।

[1](ਸੋ) ਉਹ ਵੈਰੀਆਂ ਦੀ (ਓਪ) ਉਪਮਾਂ (ਸ਼ੋਭਾ ਘਟਾਉਣ ਵਾਸਤੇ) (ਹਿਤੱਛ) ਚੰਗੀ ਤਰ੍ਹਾਂ ਕ੍ਰੋਧ ਸਹਿਤ ਹੋ ਕੇ।

ਦੁੜਾਇ ਅਸ੍ਵ ਕੇ ਤਈਂ,
ਭਯੋ ਸਮੱਛ ਅੱਛ ਸੋ[1]।

[1]ਉਹ ਘੋੜੇ ਨੂੰ ਦੌੜਾ ਕੇ (ਅੱਛ) ਚੰਗੀ ਤਰ੍ਹਾਂ (ਸਮੱਛ) ਸਾਹਮਣੇ ਆਇਆ।

ਤਰੱਜ ਗੱਜ ਵੱਜ ਕੈ,
ਮੁਰੀਦ-ਖਾਨ ਸੋਂ ਅਰਜੋ[1]।

[1](ਤਰੱਜ) ਤਾੜ ਕੇ ਤੇ ਗੱਜ ਵੱਜ ਕੇ ਮੁਰੀਦ ਖ਼ਾਨ ਨਾਲ ਆ ਕੇ ਅੜਿਆ।

ਕੁਵੰਡ ਦੰਡ ਖੈਂਚ ਕੈ,
ਘਮੰਡ ਚੰਡ ਹੈ ਕਰਜੋ[1] ॥੫੫॥

[1](ਕੁਵੰਡ) ਧਨੁਸ਼ ਦਾ ਡੰਡਾ ਖਿੱਚ ਕੇ (ਚੰਡ) ਤਿੱਖਾ (ਘਮੰਡ) ਜੰਗ ਕੀਤਾ।

ਘਨੇ ਸ੍ਰਦਾਰ ਸਿੰਘ ਔਰ,
ਗੌਰ ਠੌਰ ਤਾਂਹਿ ਹੈਂ[1]।

[1]ਉਸ ਜਗ੍ਹਾ ਹੋਰ ਬਹੁਤੇ (ਗੌਰ) ਭਾਰੇ ਸਿੰਘ ਸਰਦਾਰ ਸਨ।

ਅਏ ਲਵਾਇ ਫੌਜ, ਮੌਜ
ਸਿੰਧੁ ਜਯੋਂ ਉਮਾਹਿ ਹੈ[1]।

[1]ਸਮੁੰਦਰ ਦੀਆਂ (ਮੌਜ) ਲਹਿਰਾਂ ਵਾਂਗ ਉਤਸ਼ਾਹ ਨਾਲ ਫ਼ੌਜਾਂ (ਲਵਾਇ) ਨਾਲ ਲੈ ਕੇ ਆਏ।

ਜੁਟੇ ਪਠਾਨ ਸਿੰਘ, ਜੰਗ
ਜੋਰ ਘੋਰ ਹੈ ਜਗਯੋ[1]।

[1]ਪਠਾਣ ਤੇ ਸਿੰਘ ਜੁੱਟ ਪਏ ਜ਼ੋਰ ਦਾ ਭਿਆਨਕ ਜੰਗ (ਜਗਯੋ) ਹੋਣ ਲੱਗ ਪਿਆ।

ਅਨੰਤ ਠੌਰ ਦ੍ਵੰਦ-ਜੁੱਧ,
ਸੁੱਧ ਹੋਵਨੈ ਲਗਯੋ[1] ॥ ੫੬ ॥

[1]ਬਹੁਤੇ ਥਾਈਂ ਦੋ ਦੋ ਸੂਰਮਿਆਂ ਦੇ (ਸੁੱਧ) ਚੰਗੇ ਜੰਗ ਹੋਣ ਲੱਗ ਪਏ।

ਮੁਰੀਦ-ਖਾਨ ਖਾਸ[1],
ਰਾਮ ਸਿੰਘ ਸੰਗ ਹੀ ਜੁਟਯੋ।
ਪਿਛਾਂਹਿ ਨਾਂਹਿ ਤਾਂਹਿ ਕਾਂਹਿ[1],
ਏਕ ਪੈਰ ਭੀ ਪੁਟਯੋ।
ਹੁਤੋ ਸੂਦਾਰ- ਖਾਨ,
ਸੋ ਦ੍ਵਾਦਸੈਂ ਹਜ਼ਾਰ ਕੋ।
ਇਤੈ ਗੁਰੰਸ ਮਾਨਨੀਯ
ਪੰਥ ਥਾ ਅਪਾਰ ਕੋ[1] ॥ ੫੭ ॥

[1]ਆਪ।

[1]ਤਿਨ੍ਹਾਂ (ਦੋਹਾਂ ਵਿੱਚੋਂ) ਕਿਸੇ ਨੇ ਵੀ।

[1]ਇਧਰੋਂ (ਰਾਮ ਸਿੰਘ) ਗੁਰਾਂ ਦੀ ਅੰਸ ਵਿੱਚੋਂ ਪੰਥ ਦੇ ਬਹੁਤਾ ਮੰਨਣ ਯੋਗ ਸੀ।

ਸਜੀ ਸੰਜੋਇ ਦੋਇ ਕੈ,
ਨ ਘਾਇ ਥਾਇ ਯਾਂਹਿ ਤੈ[1]।

[1]ਇਸੇ ਕਰ ਕੇ ਜ਼ਖ਼ਮ ਨਹੀਂ ਸੀ ਹੁੰਦਾ।

ਕਰੈ ਤੁਨੀਰ ਸੱਖਣੇ,
ਬਸਾਇ ਬਾਨ ਚਾਹਿ ਤੈ[1]।

[1](ਚਾਹਿ ਤੈ) ਉਤਸ਼ਾਹ ਨਾਲ ਤੀਰਾਂ ਦੀ ਬਰਖਾ ਕਰ ਕੇ (ਤੁਨੀਰ) ਭੱਥੇ ਖ਼ਾਲੀ ਕਰ ਦਿੱਤੇ।

ਗਿਰੇ ਤੁਰੰਗ ਅੰਗ ਭੰਗ
ਹੋਇ, ਦੋਇ ਕੇ ਜਬੈਂ।
ਲਰੇ ਕ੍ਰਿਪਾਨ ਸੈਂ ਤਬੈ,
ਅਰੇ ਜੁਆਨ ਯੌਂ ਢਬੈਂ[1] ॥ ੫੮ ॥

[1]ਇਸ ਢੰਗ ਨਾਲ ਆ ਕੇ ਜੋ ਅੜੇ।

ਮਨੋ ਮ੍ਰਿਗਿੰਦ ਦ੍ਵੈ ਲਰੈਂ
ਗਜਿੰਦ ਸਾਂਢ ਮੱਲ ਹੈਂ[1]।

[1]ਜਾਣੋ ਦੋ ਸ਼ੇਰ ਜਾਂ ਦੋ ਹਾਥੀ ਜਾਂ ਦੋ ਸਾਨ੍ਹ ਜਾਂ ਦੋ ਮੱਲ ਲੜ ਰਹੇ ਹਨ।

ਸੁਮਿੱਤ੍ਰ ਮੇਘ ਨਾਦ ਜਯੋਂ,
ਭਿਰੰਤ ਨਾਂਹਿ ਟੱਲ ਹੈਂ[1]।

[1](ਸੁਮਿੱਤ੍ਰ) ਲਛਮਣ ਤੇ (ਰਾਵਣ ਦੇ ਪੁੱਤਰ) ਮੇਘ ਨਾਦ ਵਾਂਗ

(ਭਿਰੰਤ) ਲੜਦੇ ਹੋਏ ਟਲਦੇ ਨਹੀਂ।

ਕਟੈਂ ਜਿਰਾਹਿੰ ਤੇਗ ਸੰਗ,
ਬੇਗ ਬੇਗ ਝਾਰ ਹੈਂ[1]।

[1](ਜਿਰਾਹਿ) ਸੰਜੋਆਂ ਨੂੰ ਤਲਵਾਰਾਂ ਨਾਲ ਕਟਦੇ ਹਨ ਛੇਤੀ ਛੇਤੀ ਮਾਰਦੇ ਹਨ।

ਕਬੀ ਸੁ ਲੇਤ ਢਾਲ ਪੈ,
ਤੁ੍ਵਾਰ ਪੈ ਕੁ੍ਵਾਰ ਹੈਂ[1] ॥੫੯॥

[1]ਕਦੇ ਤਾਂ (ਤਲਵਾਰ ਦਾ ਵਾਰ) ਢਾਲ ਤੇ ਕਦੇ ਤਲਵਾਰ (ਦਾ ਵਾਰ) ਤਲਵਾਰ ਤੇ ਹੀ ਲੈ ਲੈਂਦੇ ਹਨ।

ਮਨੋ ਘੜੰਤ ਘਾੜ ਸੋ,
ਠਠਜਾਰ ਜਯੋਂ ਲੁਹਾਰ ਹੈਂ[1]।

[1]ਜਾਣੋ ਜਿਵੇਂ ਠਠਿਆਰ ਤੇ ਲੁਹਾਰ (ਘਾੜ) ਭਾਂਡੇ ਘੜਦੇ ਹਨ।

ਭਏ ਸੁ ਟੂਕ ਟੂਕ,
ਤੇਗ ਸੈਫ ਲੌਂ ਦੁਧਾਰ ਹੈਂ[1]।

[1]ਤਲਵਾਰਾਂ (ਸੈਫ) ਸਿੱਧੀਆਂ ਤਲਵਾਰਾਂ ਤੇ ਦੋਧਾਰੇ ਖੰਡਿਆਂ ਤੱਕ (ਸਭ) ਟੁਕੜੇ ਟੁਕੜੇ ਹੋ ਗਏ।

ਗਹੇ ਕਟਾਰ ਫੇਰ,
ਹੱਥ ਵੱਥ ਅਤਿ ਹ੍ਵੈ ਪਏ[1]।

[1]ਕਟਾਰਾਂ ਫੜ ਕੇ ਫਰ ਬਹੁਤੇ ਹੱਥੋ-ਹੱਥੀ ਹੋ ਪਏ।

ਧਕਾਂਹਿ ਧੱਕ ਧੱਕ,
ਯੱਕ ਔਨਿ ਪੈ ਗਿਰੈਂ ਜਏ[1] ॥੬੦॥

[1]ਧੱਕਿਆਂ ਨਾਲ (ਇਕ ਦੂਜੇ ਨੂੰ) ਧਕਦੇ ਧਕਦੇ (ਦੋਵੇਂ ਹੀ) (ਯੱਕ) ਇਕੋ ਵਾਰ ਇਕੱਠੇ ਹੀ ਧਰਤੀ ਤੇ ਜਾ ਡਿੱਗੇ।

ਉਠੈਂ ਕਰੋਧ ਕੈ ਪੁਨਾ,
ਕਰਾਲ ਲਾਲ ਨੈਨ ਕੈ[1]।

[1]ਭਿਆਨਕ ਤੇ ਲਾਲ ਨੇਤ੍ਰ ਕਰ ਕੇ ਫੇਰ ਕ੍ਰੋਧ ਨਾਲ ਉੱਠੇ। (ਅ) ਫੇਰ ਕ੍ਰੋਧ ਕਰ ਕੇ ਉੱਠੇ ਤੇ ਭਿਆਨਕ ਲਾਲ ਨੇਤ੍ਰ ਕੀਤੇ।

ਛੁਟੰਤ ਧੂੰਮ ਨਾਕ ਤੈਂ,
ਛਯੋ ਸੁਮੱਧ ਗੈਨ ਕੈ[1]।

[1](ਦੋਹਾਂ ਦੇ) ਨੱਕਾਂ 'ਚੋਂ ਧੂੰਆਂ ਨਿਕਲਿਆਂ ਤੇ ਉਹ (ਗੈਨ) ਅਕਾਸ਼ ਵਿੱਚ ਫੈਲ ਗਿਆ।

ਚੁਚਾਤ ਰੱਤ ਦੇਹ ਤੈ
ਲਗੇ ਅਪਾਰ ਘਾਉ ਤੈ[1]।

[1](ਮੁਰੀਦ ਖ਼ਾਨ ਦੇ ਸ਼ਰੀਰ ਤੇ) ਬਹੁਤੇ ਜ਼ਖ਼ਮ ਲੱਗਣ ਕਰ ਕੇ ਸ਼ਰੀਰ ਵਿੱਚੋਂ ਲਹੂ ਚੋ ਰਿਹਾ ਹੈ।

ਮਸ਼ੱਕ ਰੰਗ ਕੀ ਫੁਟੀ,
ਛਿ੍ਕਾਉ ਹ੍ਵੈ ਸੁਭਾਉ ਤੈ[1] ॥੬੧॥

[1]ਜਾਣੋ (ਲਾਲ) ਰੰਗ ਦੀ ਮਸ਼ਕ ਫੁਟ ਗਈ ਤੇ (ਸੁਭਾਉ ਤੈ) ਸੁੱਤੇ ਸਿੱਧ ਛਿੜਕਾਉ ਹੋ ਰਿਹਾ ਹੈ।

ਹੁਤੋ ਅਤੀ ਸੁ ਮੋਟ ਖਾਨ,
ਪੋਟ ਦੇਹ ਭਾਰੀਆ[1]।

[1]ਉਸ ਪਠਾਣ ਦੀ ਦੇਹ (ਪੋਟ) ਪੰਡ ਵਾਂਗ (ਭਾਰੀਆ) ਬਹੁਤੀ ਮੋਟੀ ਸੀ।

ਸ੍ਵਾਸ ਤਾਂਹਿ ਉਖੜਜੋ,

ਗਿਰਯੋ ਜਮੀਨ ਹਾਰੀਆ[1]।

[1]ਹਾਰ ਕੇ।

ਤਕਾਇ ਦਾਇ ਸਿੰਘ ਨੈ,
ਜਿਰਾ ਉਠਾਇ ਝੱਟ ਕੈ[1]।

[1]ਰਾਮ ਸਿੰਘ ਨੇ ਦਾਅ ਤੱਕ ਕੇ (ਝੱਟ ਕੈ) ਛੇਤੀ ਨਾਲ (ਮੁਰੀਦ ਖਾਨ ਦੀ) ਸੰਜੋਅ (ਉਪਰ) ਚੁੱਕ ਕੇ।

ਦਯੋ ਧਸਾਰ[1] ਪੇਟ ਮੈਂ,

[1]ਧਸਾ ਦਿੱਤੀ, ਖੋਭ ਦਿੱਤੀ।

ਕਟਾਰ ਜੋਰਿ ਥੱਟ ਕੈ[1] ॥੬੨॥

[1]ਜ਼ੋਰ ਕਰਕੇ।

ਤ੍ਰਬੂਜ ਜਯੋਂ ਸੁਟਯੋ
ਬਿਥਾਰ ਫਾਰਿ ਆਂਤ ਰੁੱਕੜੇ[1]।

[1]ਆਂਦਰਾਂ ਤੇ (ਰੁੱਕੜੇ) ਗੁਰਦੇ ਪਾੜ ਕੇ (ਤ੍ਰਬੂਜ) ਮਤੀਰੇ ਵਾਂਗ (ਬਿਥਾਰ) ਖਿੰਡਾ ਸੁੱਟਿਆ।

ਕਿਲੱਕ ਕੈ ਫਲੰਗ ਦੈ,
ਅਯੋ ਸੁ ਸਿੰਘ ਉਕੜੇ[1]।

[1](ਕਿਲਕ ਕੈ) ਕਿਲਕਾਰੀਆਂ ਮਾਰ ਕੇ ਤੇ (ਫਲੰਗ ਦੈ) ਛਾਲਾਂ ਮਾਰਦਾ ਹੋਇਆਰਾਮ ਸਿੰਘ (ਮੁਰੀਦ ਖ਼ਾਨ ਨੂੰ) (ਉਕੜੇ) ਵਢ ਕੇ ਆ ਗਿਆ। (ਉਕੜਨਾ- ਉਕਰਨ ਸੰ: ਉਤਕ੍ਰਤਨ, ਕ੍ਰਿਆ, ਵੱਢਣਾ, ਟੁੱਕਣਾ।)

ਗੁਰੰਸ ਬੇਦੀ ਸਾਹਿਬੈਂ
ਅਤਜੰਤ ਸੱਤ੍ਰ ਘਾਇ ਕੈ[1]।

[1]ਗੁਰਾਂ ਦੀ ਅੰਸ ਬੇਦੀ ਸਾਹਿਬ (ਬਾਬਾਰਾਮ ਸਿੰਘ ਜੀ) ਬਹੁਤ ਵੱਡੇ ਵੈਰੀ ਨੂੰ ਮਾਰ ਕੇ।

ਅਯੋ ਸਿੰਘਾਨ ਫੌਜ ਮੈਂ,
ਫਤੇ ਮਹਾਨ ਪਾਇ ਕੈ ॥੬੩॥
ਪੁਰਾ ਮੁਰੀਦ ਜਾਨ ਕੈ[1],

[1]ਪਹਿਲੇ ਜਨਮ ਦਾ (ਮੁਰੀਦ) ਚੇਲਾ ਜਾਣ ਕੇ।

ਮੁਰੀਦ ਖਾਨ ਕੇ ਤਈਂ।
ਸ਼ਹੀਦ ਕੀਨ ਸਾਹਿਬੈਂ,
ਤਗੀਦ ਮ੍ਰਿਤੁ ਖੈ ਦਈ[1]।

[1]ਮੌਤ ਦੀ (ਤਗੀਦ) ਪਕਿਆਈ ਗਵਾ ਦਿੱਤੀ (ਭਾਵ ਉਸ ਦਾ ਅੱਗੋਂ ਲਈ ਜੰਮਣ ਮਰਨ ਮੇਟ ਦਿੱਤਾ, ਮੁਕਤ ਕਰ ਦਿੱਤਾ)।

ਬਰਯੋ ਪਰੀ ਸੁ ਖਾਨ ਕੋ,
ਚਢਾਇ ਜਾਨ[1] ਲੈ ਚਲੀ।

[1](ਜਾਨ) ਸਵਾਰੀ ਤੇ ਭਾਵ ਬਬਾਣ ਤੇ ਚੜ੍ਹਾ ਕੇ।

ਥਿਰਾਇ[1] ਆਸਮਾਨ ਖਾਨ,

[1]ਖੜ੍ਹੇ ਹੋ ਕੇ।

ਬਾਤ ਕੀਨ ਯੌਂ ਭਲੀ ॥੬੪॥

ਦੋਹਰਾ:

ਸ੍ਰੀ ਗੁਰੁ ਨਾਨਕ ਦੇਵ ਕੀ,
ਬੇਦੀ ਸਾਹਿਬ ਅੰਸ।
ਹੈਂ ਫਕੀਰ ਚੰਦ ਜੋ ਭਏ,

ਪ੍ਰਗਟ ਜਗਤ ਸਮ ਹੰਸ[1] ॥੬੫॥

[1]ਸੂਰਜ ਸਮਾਨ। (ਅ) ਹੰਸ ਸਮਾਨ, ਤੱਤ ਬੇਤੇ, ਬ੍ਰਹਮ ਗਿਆਨੀ।

ਸੇਵਕ ਤਿਨ ਕਾ ਮੈਂ ਹੁਤੋ,
ਪੂਰਬ ਜਨਮ ਮਝਾਰ।
ਇਕ ਦਿਨ ਬੈਲਨ ਕੇ ਤਈਂ,
ਗਯੋ ਪਿਲਾਵਨ ਵਾਰਿ[1] ॥੬੬॥

[1]ਪਾਣੀ।

ਬੋਲੀ ਕਰੀ ਸ਼ਰੀਕ ਨੈ,
ਜੇ ਸੰਮ੍ਰਥ ਗੁਰੁ ਤੋਹਿ।
ਤੌ ਰਾਵੀ ਕੋ ਲਜਾਇ ਘਰ,
ਪਿਲਵੈਹੈਂ ਜਲ ਵੋਹਿ[1] ॥੬੭॥

[1]ਉਹ।

ਇਹੀ ਬਾਤ ਜਬਿ ਮੈਂ ਕਹੀ,
ਆਇ ਸਾਹਿਬੋਂ ਪਾਸ।
ਪੁਨ ਉਨ ਇਮ ਮੁਝ ਪ੍ਰਤਿ ਕਹਜੋ,
ਖੂੰਡੀ ਦੈ ਨਿਜ ਖਾਸ[1] ॥੬੮॥

[1]ਆਪਣੀ ਖ਼ਾਸ ਖੂੰਡੀ ਦੇ ਕੇ।

ਗੁਰੁ ਦਰਜਾਵੈਂ[1] ਜਾਇ ਕਹੁ,

[1]ਵਰਨ ਦੇਵਤੇ ਨੂੰ (ਜੋ ਸਾਰੇ ਦੇਵਤਿਆਂ ਦਾ ਰਾਜਾ ਹੈ।)

ਚਲੌਂ ਹਮਾਰੇ ਸੰਗ।
ਬੁਲਵੈ ਹੈ ਫਾਕੀਰ ਚੰਦ,
ਅੰਸ ਆਦਿ ਗੁਰੁ ਚੰਗ[1] ॥੬੯॥

[1]ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਚੰਗੀ ਅੰਸ (ਉਲਾਦ) ਬੇਦੀ ਫ਼ਕੀਰ ਚੰਦ ਬੁਲਾਉਂਦੇ ਹਨ।

ਇਮ ਕਹਿ ਹਮਰੀ ਛਟੀ ਸੈਂ,
ਖੈਂਚਤ ਅਈਓ ਲੀਕ।
ਪਾਛੇ ਹਟ ਕੇ ਨਹਿਂ ਪਿਖਜੋ,
ਐਹੈ ਨਦੀ ਅਲੀਕ[1] ॥੭੦॥

[1]ਬਿਨਾਂ ਦੇਰੀ ਦੇ।

ਮਾਨਿ ਬਚਨ ਜਬਿ ਮੈਂ ਕਰੀ,
ਰੀਤਿ ਇਹੈ ਸਭਿ ਜਾਇ।
ਰਾਵੀ ਉਨ ਕੇ ਧਾਮ ਮੈਂ,
ਤੁਰਤ[1] ਪਹੁੰਚੀ ਆਇ ॥੭੧॥

[1]ਛੇਤੀ।

ਖੁਰਲੀ ਪਰੈਂ[1] ਪਿਲਾਯੋ,

[1]ਉਪਰ (ਖੜ੍ਹਿਆਂ ਨੂੰ)।

ਨਿਜ ਬੈਲਨ ਕੋ ਵਾਰਿ।
ਬੋਲੀ ਕਰੀ ਸ਼ਰੀਕ ਕੀ
ਪੂਰਨ, ਗੁਰੂ ਉਦਾਰ ॥੭੨॥

ਧਾਮ ਸ਼ਰੀਕਨ ਕੇ ਗਿਰੇ,
ਮਗ ਮੈਂ ਥੇ ਜੁ ਬਧੇਰ[1]। [1]ਰਸਤੇ ਵਿੱਚ ਜੋ ਸ਼ਰੀਕਾਂ ਦੇ ਘਰ ਸਨ ਉਨ੍ਹਾਂ 'ਚੋਂ (ਬਧੇਰ) ਬਹੁਤੇ ਡਿੱਗ ਪਏ।

ਸ਼ਰਨ ਗਹੀ ਘਿਘਜਾਇ[1] ਉਨ, [1]ਲੇਲ੍ਹੜੀਆਂ ਕੱਢ ਕੇ।
ਸ਼ਕਤਿ ਗੁਰੂ ਕੀ ਹੇਰਿ[1] ॥੭੩॥ [1]ਦੇਖ ਕੇ।
ਤਬਿ ਫਕੀਰ ਸਸਿ ਫੇਰ ਦਿਯ[1], [1]ਮੋੜ ਦਿੱਤਾ।
ਜਲ ਦਰਜਾਵ ਪਿਛਾਂਹਿ।
ਕਹਜੋ, ਨ ਪੁਨ ਇਹੁ ਆਇ ਹੈ,
ਕਬੀ ਨਗਰ ਇਸ ਮਾਂਹਿ ॥੭੪॥
ਇਤਜਾਦਿਕ ਅਜ਼ਮਤ ਘਨੀ,
ਮੈਂ ਪੇਖੀ ਉਨ ਕੇਰ।
ਏਸ ਰਾਮ ਸਿੰਘ ਕੀ ਸੁਨੋ,
ਆਪ ਬਿਤੀ ਦਿਹੁਂ ਟੇਰ[1] ॥੭੫॥ [1]ਆਪਣੀ ਹੱਡ-ਬੀਤੀ ਕਹਿ ਦੇਂਦੀ ਹਾਂ।
ਪਾਂਚ ਬਰਸ ਕਾ ਤਬਿ ਹੁਤੋ,
ਸ਼ਾਹਬਜ਼ਾਦਾ ਏਹੁ।
ਕਰੀ ਅਵੱਗਜਾ[1] ਏਕ ਦਿਨ, [1]ਨਿਰਾਦਰੀ।
ਮੈਂ ਇਨ ਕੀ ਬਹੁਤੇਰੁ[1] ॥੭੬॥ [1]ਬਹੁਤੀ।
ਕੋਪ ਹੋਇ ਇਨ ਮੁਝ ਪ੍ਰਤੀ,
ਦਯੋ ਸ੍ਰਾਪ ਇਸ ਭਾਇ[1]। [1]ਇਸ ਤਰ੍ਹਾਂ।
ਤੁਮ ਮਲੇਛ-ਪਨ ਕਰਤ ਹੋ,
ਭਵੋ ਮਲੇਛਹਿ ਜਾਇ ॥੭੭॥
ਇਮ ਸੁਨਿ ਮੈਂ ਪਛੁਤਾਇ ਅਤਿ,
ਸ੍ਰਾਪ ਨਿਵਿਰਤੀ ਹੇਤ[1]। [1]ਸਰਾਪ ਦੂਰ ਕਰਾਉਣ ਵਾਸਤੇ।
ਕਰੀ ਅਰਜ ਫਿਰ ਇਨ ਕਹਜੋ,
ਮੈਂ ਤੁਹਿ ਹਤਿ ਮਧ ਖੇਤ[1] ॥੭੮॥ [1]ਮੈਂ ਤੈਨੂੰ (ਖੇਤ) ਜੰਗ ਦੇ ਮੈਦਾਨ 'ਚ ਮਾਰਾਂਗਾ।
ਜੋਨਿ ਮਲੇਛ ਛੁਡਾਇ ਹੌਂ,
ਸੱਚ-ਖੰਡ ਦਿਹੁਂ ਦਾਸ।
ਅਹੋ ਖਾਲਸਾ ਅਬਿ ਭਈ,
ਪੂਰਨ ਮਮ ਸਭਿ ਆਸ ॥੭੯॥
ਇਨ ਨਿਜ ਵਾਕ ਸੰਭਾਰ ਕੈ,

ਕਰੀ ਮੋਹਿ ਕਲਜਾਨ।
ਅਬਿ ਮੈਂ ਗੁਰਪੁਰਿ ਜਾਤ ਹੌਂ,
ਸਭਿ ਕੋ ਬੰਦਨ ਠਾਨ ॥੯੦॥
ਦੇਖ ਰਹੇ ਥੇ ਉਭੈ ਦਲ,
ਖਰੇ ਜੰਗ ਇਨ ਕੇਰ।
ਧਾਰਿ ਦਿਬਜ-ਤਨ[1] ਖਾਨ ਜਬਿ,
ਕਹੀ ਉਚ ਇਹੁ ਟੇਰਿ[1] ॥੯੧॥
ਸੁਨਿ ਅਚਰਜ ਅਤਿ ਰਹੇ ਸਭਿ,
ਸਿੰਘ ਔਰ ਅਫਗਾਨ[1]।
ਬੇਦੀ ਸਾਹਿਬ ਰਾਮ ਸਿੰਘ,
ਮਾਨਜੋ ਸ਼ਕਤਿ-ਨਿਧਾਨ[1] ॥੯੨॥
ਨਯੋ ਭਯੋ ਅਚਰਜ ਨਹੀਂ,
ਇਹੁ ਗੁਰ ਅੰਸਹਿ ਕੇਰ।
ਪੂਰਬ ਸੰਮ੍ਰਥ ਜੇ ਭਏ,
ਪਰਚੇ ਦਏ ਬਧੇਰ[1] ॥੯੩॥
ਰਾਮ ਸਿੰਘ ਕੀ ਬੰਸ ਮੈਂ,
ਪੁਨ ਪ੍ਰਗਟੇ ਸਮ ਹੰਸ[1]।
ਬਾਬਾ ਸਿਰੀ ਮਤਾਬ ਸਿੰਘ,
ਸ਼ਕਤਿ-ਨਿਧੀ ਗੁਰੁ-ਅੰਸ ॥੯੪॥
ਮੁਯੋ ਹੁਯੋ ਸੁਤ ਸਿੱਖ ਕਾ[1],
ਉਨੈ ਜਿਵਯੋ ਪ੍ਰਤੱਖ[1]।
ਇਹੁ ਗਾਥਾ ਸਭਿ ਦੇਸ ਮੈਂ,
ਅਬਿ ਲੌ ਕੈਹਤ ਖਲੱਕ[1] ॥੯੫॥
ਕਹਿ ਦੀਨੀ ਪਰਸੰਗ ਤੈ,
ਹਮ ਕਿੰਚਤ ਇਹੁ ਗਾਥ[1]।
ਸੁਨੋ ਜੰਗ ਜਜੋਂ ਹ੍ਵੈ ਰਹਜੋ,
ਪੰਥ ਗੁਰੂ ਮਮ-ਨਾਥ ॥੯੬॥
ਨਰਾਜ ਛੰਦ:
ਹਤਜੋ ਮੁਰੀਦ ਖਾਨ ਥਾ,

[1]ਨੂਰੀ ਸ਼ਰੀਰ, ਚਾਨਣ ਦਾ ਹੀ ਸ਼ਰੀਰ, (ਅ) ਦੇਵਤਾ ਸ਼ਰੀਰ।
[1]ਬੋਲ ਕੇ।
[1]ਪਠਾਣ।
[1]ਸ਼ਕਤੀ ਦੇ ਖਜ਼ਾਨੇ।
[1]ਪਹਿਲਾਂ ਜੋ ਸ਼ਕਤੀ ਵਾਲੇ ਹੋਏ ਹਨ ਉਨ੍ਹਾਂ ਨੇ (ਬਧੇਰ) ਬਹੁਤੇ (ਪਰਚੇ) ਕਰਾਮਾਤ ਦੇ ਚਮਤਕਾਰ (ਦਏ) ਦਿਖਾਏ ਹਨ।
[1]ਸੂਰਜ ਸਮਾਨ (ਅ) ਹੰਸ ਸਮਾਨ, ਤੱਤ, ਬੇਤੇ, ਬ੍ਰਹਮ ਗਿਆਨੀ।
[1]ਸਿੱਖ ਦਾ ਪੁੱਤਰ।
[1]ਸਾਰਿਆਂ ਦੇ ਸਾਹਮਣੇ ਜਿਊਂਦਾ ਕਰ ਦਿੱਤਾ।
[1]ਹੁਣ ਤੱਕ ਸਾਰੇ ਲੋਕ ਕਹਿੰਦੇ ਹਨ।
[1]ਥੋੜ੍ਹੀ ਜਿਹੀ ਇਹ ਕਥਾ।

ਸੁ ਰਾਮ ਸਿੰਘ ਜੁ ਜਬੈ।
ਨਿਹਾਰ ਕੋਪ ਠਾਨ ਕੈ,
ਪਠਾਨ ਦੌਰ ਕੈ ਸਭੈ।
ਲਵਾਇ ਸੰਗ ਸਾਂਹਚੀ,
ਚਢਾਇ ਕੋਪ ਓਪਨੀ[1]।

[1]ਸਾਂਹਚੀ ਨੂੰ ਆਪਣੇ ਨਾਲ ਲੈ ਕੇ (ਤੇ ਉਸ ਦੇ) (ਕੋਪ) ਕ੍ਰੋਧ ਨੂੰ (ਓਪਨੀ) ਸਾਣ ਤੇ ਚੜ੍ਹਾ ਕੇ ਭਾਵ ਬਹੁਤਾ ਕ੍ਰੋਧਵਾਨ ਕਰਕੇ।

ਪਰਜੋ ਸੁ ਆਇ ਬਾਰ
ਏਕ ਹੀ, ਮਹਾਂਹਿ ਧੋਪਨੀ[1] ॥੮੭॥

[1]ਬਹੁਤੀਆਂ (ਧੋਪਨੀ) ਸਿੱਧੀਆਂ ਤਲਵਾਰਾਂ ਲੈ ਕੇ।

ਮਚਾਇ ਹਾਲ ਹੂਲ[1],

[1]ਹਲਚਲੀ ਪਾ ਕੇ।

ਤੈ ਬੁਲਾਇ ਕੈ ਅਲੀ ਅਲੀ।
ਸਮਾਨ ਬੂੰਦ ਉਲਕਾ,
ਨਰਾਚ ਗੁੱਲਕਾ ਚਲੀ[1]।

[1](ਮੀਂਹ ਦੀਆਂ) ਬੂੰਦਾਂ ਤੇ (ਉਲਕਾ) ਗੜਿਆਂ ਵਾਂਗ ਤੀਰ ਤੇ ਗੋਲੀਆਂ ਚੱਲੀਆਂ।

ਸਿੰਘਾਨ ਭੀ ਸਿਮੱਟ ਕੈ,
ਗਰੱਟ ਠੱਟ ਬੱਡ ਕੈ[1]।

[1]ਸਿੰਘਾਂ ਨੇ ਵੀ (ਸਿਮੱਟ ਕੈ) ਇਕੱਠੇ ਹੋ ਕੇ (ਬਡ) ਵੱਡਾ (ਗਰੱਟ) ਜੱਥਾ (ਠਟ) ਬਣਾ (ਕੈ) ਕੇ।

ਸਮੱਛ ਅਛ ਪੱਛ ਕੈ,
ਪ੍ਰਤੱਛ ਪੈਰ ਗੱਡ ਕੈ[1] ॥੮੮॥

[1](ਸਮੱਛ) ਅੱਖਾਂ ਦੇ ਸਾਹਮਣੇ (ਅੱਛ) ਚੰਗੀ ਤਰ੍ਹਾਂ (ਪੱਛ ਕੈ) ਪੱਖ ਬਣਾ ਕੇ ਪ੍ਰਤੱਖ ਹੀ ਪੈਰ ਗੱਡ ਕੇ।

ਬਿਸਾਰ ਦੇਹ ਗੇਹ ਨੇਹ,
ਧਾਰ ਏਹ ਸੋਚ ਹੈਂ[1]।

[1]ਸ਼ਰੀਰ ਤੇ ਘਰ ਦਾ (ਨੇਹ) ਮੋਹ ਭੁਲਾ ਕੇ, (ਚਿੱਤ ਵਿੱਚ) ਇਹ ਸੋਚ (ਵਿਚਾਰ) ਧਾਰਦੇ ਹਨ।

ਜਿਤੈਂ ਤੁ ਲੈਂਹ ਰਾਜ ਹੂੰ,
ਮਰੈਂ ਤੁ ਪੈਂਹ ਮੋਛ ਹੈਂ[1]।

[1]ਜੇ ਜਿੱਤਾਂਗੇ ਤਾਂਰਾਜ ਲੈ ਲਵਾਂਗੇ ਜੇ ਮਰ ਗਏ ਤਾਂ ਮੁਕਤੀ ਪ੍ਰਾਪਤ ਕਰ ਲਵਾਂਗੇ।

ਦੁਹੂੰ ਸੁ ਹਾਥ ਮੋਦਕੈਂ,
ਪ੍ਰਮੋਦ ਦਾ ਹਮਾਰਿ ਹੈਂ[1]।

[1]ਸਾਡੇ ਦੋਹਾਂ ਹੱਥਾਂ ਵਿੱਚ (ਪ੍ਰਮੋਦ ਦਾ) ਬਹੁਤ ਅਨੰਦ ਦੇਣ ਵਾਲੇ (ਮੋਦਕੈਂ) ਲੱਡੂ ਹਨ।

ਇਹੀ ਬਿਬੇਕ ਨੇਕ ਏਕ,
ਠੀਕ ਸਿੰਘ ਧਾਰ ਹੈਂ[1] ॥੮੯॥

[1]ਏਹੀ ਇਕ ਨੇਕ ਵਿਚਾਰ ਨੂੰ ਠੀਕ ਜਾਣ ਕੇ ਸਿੰਘ ਧਾਰਦੇ ਹਨ।

ਗੁਰੂ ਗੁਬਿੰਦ ਸਿੰਘ ਕਾ,
ਧਜਾਨ ਠਾਨ[1] ਚਿੱਤ ਸੈਂ।

[1]ਕਰਕੇ।

ਲਗਾਇ ਜੋਰ ਹੂੰ ਲਰੇ,
ਪਰੇ ਧਵਾਇ ਬਿੱਤ ਸੈਂ[1]।
[1](ਬਿੱਤ ਸੈਂ) ਬਲ ਨਾਲ (ਘੋੜੇ) (ਧਵਾਇ) ਦੌੜਾ ਕੇ ਪਏ।

ਗੁਬਾਰਿ[1] ਤੋਪ ਤੁੱਪਕੈਂ,
[1]ਗੁਬਾਰੇ- (ਗੁਬਾਰਾ- ਚੌੜੇ ਮੂੰਹ ਵਾਲੀ ਤੇ ਲੰਬਾਈ ਵਿੱਚ ਬਹੁਤ ਛੋਟੀ ਤੋਪ।)

ਜੰਜੈਲ ਤੈ ਜੰਬੂਰ ਹੈਂ[1]।
[1]ਬੰਦੂਕਾਂ, (ਜੰਜੈਲ) ਲੰਬੀਆਂ ਬੰਦੂਕਾਂ (ਜੰਬੂਰੇ) ਛੋਟੀਆਂ ਤੋਪਾਂ ਹਨ।

ਚਲਾਇ ਚਾਹਿ ਚੌਗੁਨੋ,
ਗੁਬਾਰ ਕੀਨ ਭੂਰ ਹੈਂ[1] ॥੯੦॥
[1]ਚੌਗੁਣੇ ਉਤਸ਼ਾਹ ਨਾਲ ਚਲਾਉਂਦੇ ਹਨ, (ਭੂਰ) ਬਹੁਤਾ ਅਨ੍ਹੇਰਾ ਕਰ ਦਿੱਤਾ।

ਨਰੀਛਨੈਂ ਸੁ ਤੀਛਨੈਂ
ਕਿ ਭੀਛਨੈ ਤਤੀਛਨੈਂ[1]।
[1](ਸਿੰਘ ਸੂਰਮੇਂ) (ਤੀਛਨੈਂ) ਤਿੱਖੇ ਤੇ (ਭੀਛਨੈ) ਭਿਆਨਕ (ਨਰੀਛਨੈ) ਨੇਤ੍ਰਾਂ ਨਾਲ (ਸਮੀਛਨੈ) ਚੰਗੀ ਤਰ੍ਹਾਂ ਦੇਖ ਕੇ (ਤਤੀਛਨੈ) ਛੇਤੀ (ਅਰੀਨ) ਵੈਰੀਆਂ ਦੇ ਪ੍ਰਾਣ (ਕ੍ਰੀਛਨੈਂ) ਖਿੱਚਣ ਵਾਸਤੇ (ਪ੍ਰਤੀਛਨੈ) ਉਡੀਕ ਰਹੇ ਹਨ।

ਸਮੀਛਨੈਂ ਪ੍ਰਤੀਛਨੈਂ
ਅਰੀਨ ਪ੍ਰਾਨ ਕ੍ਰੀਛਨੈਂ[1]।
[1](ਸਿੰਘ ਸੂਰਮੇਂ) (ਤੀਛਨੈਂ) ਤਿੱਖੇ ਤੇ (ਭੀਛਨੈ) ਭਿਆਨਕ (ਨਰੀਛਨੈ) ਨੇਤ੍ਰਾਂ ਨਾਲ (ਸਮੀਛਨੈ) ਚੰਗੀ ਤਰ੍ਹਾਂ ਦੇਖ ਕੇ (ਤਤੀਛਨੈ) ਛੇਤੀ (ਅਰੀਨ) ਵੈਰੀਆਂ ਦੇ ਪ੍ਰਾਣ (ਕ੍ਰੀਛਨੈਂ) ਖਿੱਚਣ ਵਾਸਤੇ (ਪ੍ਰਤੀਛਨੈ) ਉਡੀਕ ਰਹੇ ਹਨ।

ਬਰੱਸ ਮੇਘ ਤੈ ਸਰੱਸ,
ਪੱਸ ਤ੍ਰੱਸ ਦਾਇਕੈਂ[1]।
[1](ਤੀਰ) ਬੱਦਲ ਨਾਲੋਂ ਵੀ (ਸਰੱਸ) ਬਹੁਤੇ ਵਰ੍ਹ ਰਹੇ ਹਨ, (ਪੱਸ) ਦੇਖਣ ਨੂੰ (ਤ੍ਰੱਸ ਦਾਇਕੈਂ) ਡਰਾਉਣੇ ਲੱਗਦੇ ਹਨ।

ਧਰਾ ਅਕਾਸ਼ ਪੂਰਿਓ,
ਸੁ ਸੂਰਿਓਂ ਸੁਭਾਇ ਕੈ[1] ॥੯੧॥
[1]ਸਿੰਘ ਸੂਰਮਿਆਂ ਨੇ ਸੁਤੇ ਸਿੱਧ (ਤੀਰਾਂ ਨਾਲ) ਧਰਤੀ ਤੇ ਅਕਾਸ਼ ਭਰ ਦਿੱਤਾ।

ਚਲਾਇ ਚੱਕ੍ਰ ਬੱਕ੍ਰ[1],
[1]ਟੇਢੇ ਚੱਕ੍ਰ।

ਸੇਲ[1] ਸੈਹਥੀ[2] ਕ੍ਰਿਪਾਨ ਹੈਂ।
[1]ਬਰਛੇ। [2]ਬਰਛੀਆਂ।

ਅਰੇ ਦੁਹੂੰਨ ਓਰ ਤੈ,
ਜਵਾਨ ਰੋਸ ਠਾਨ ਹੈਂ।
ਕਟਾ ਸੁ ਕੱਟ ਬੱਢਿ,
ਤੱਛ ਮੁੱਛ ਕੀਨ ਹੂੰ ਖਰੈਂ[1]।
[1]ਚੰਗੀ ਤਰ੍ਹਾਂ (ਕਟਾ) ਟੁਕੜੇ ਕੱਟ ਵੱਢ ਕੇ (ਮਗਰੋਂ) (ਤੱਛ) ਤੱਛ ਕੇ (ਖਰੇ) ਚੰਗੀ ਤਰ੍ਹਾਂ (ਮੁੱਛ) ਮੋਛੇ ਪਾ ਦਿੱਤੇ।

ਬਿਲੱਛ ਭੂਮਿ ਕੱਛ ਕੈ,

ਸਮੱਛ ਪੱਛ ਕੈ ਲਰੈਂ[1] ॥ ੯੨ ॥

[1](ਭੂਮ) ਧਰਤੀ ਉੱਤੇ (ਬਿਲੱਛ) ਅਨੋਖੇ ਢੰਗ ਨਾਲ (ਕੱਛ ਕੈ) ਪੈਂਤੜੇ ਕੱਢ ਕੇ (ਸਮੱਛ) ਅੱਖਾਂ ਦੇ ਸਾਹਮਣੇ (ਪੱਛ ਕੈ) ਪੱਖ ਕਰ ਕੇ ਲੜਦੇ ਹਨ।

ਮਚਾਇ ਕੀਚ ਔਣ ਮੈਂ,
ਸਰੌਣ ਮਾਸ ਕੋ ਦਯੋ[1]।

[1](ਔਣ) ਧਰਤੀ ਵਿੱਚ ਲਹੂ ਤੇ ਮਾਸ ਦਾ ਚਿੱਕੜ ਕਰ ਦਿੱਤਾ।

ਸਸੈਨ ਰੁੱਦ੍ਰ ਮੋਦ ਹ੍ਵੈ,
ਪਿਖੇਂਨ ਗੈਨ ਤੈ ਅਯੋ[1]।

[1](ਰੁੱਦ੍ਰ) ਸ਼ਿਵ (ਮੋਦ) ਅਨੰਦ ਹੋ ਕੇ (ਸਸੈਨ) ਸਣੇ ਆਪਣੀ ਫੌਜ ਦੇ (ਗੈਨ) ਅਕਾਸ਼ ਤੋਂ ਵੇਖਣ ਆਇਆ।

ਪਿਸਾਚ ਭੂਤ ਭੈਰਵੀ,
ਖਵੀਸ ਗੀਧ ਜੋਗਣੀ[1]।

[1](ਪਿਸਾਚ) ਮਾਸ ਖਾਣੇ ਭੂਤ, ਭੈਰੋਂ ਦੀ ਇਸਤ੍ਰੀ (ਖਵਸਿ) ਜਿੰਨ, ਗਿਰਝਾਂ ਤੇ ਜੋਗਣੀਆਂ।

ਸਜਾਰ ਸ੍ਵਾਨ ਕੰਕ ਬੰਕ
ਮਾਲ ਮਾਸ ਭੋਗਣੀ[1] ॥ ੯੩ ॥

[1]ਮਾਸ ਖਾਣੇ ਗਿੱਦੜ, ਕੁੱਤੇ, ਕਾਵਾਂ ਦੀਆਂ (ਬੰਕ) ਟੇਢੀਆਂ (ਮਾਲ) ਡਾਰਾਂ।

ਮਨਿੱਛਤੈਂ ਛਕੰਤ ਸੋਂ,
ਪਿਵੰਤ ਪੂਰਿ ਖੱਪਰੈ[1]।

[1]ਮਨ-ਭਾਉਂਦਾ (ਮਾਸ) ਖਾਂਦੀਆਂ ਹਨ ਅਤੇ (ਜੋਗਣੀਆਂ) ਲਹੂ ਦੇ ਖੱਪਰ ਭਰ ਭਰ ਕੇ ਪੀਂਦੀਆਂ ਹਨ।

ਕਰੈਂ ਕਲੋਲ ਲੋਲ ਹ੍ਵੈ,
ਅਤੋਲ ਬੋਲਿ ਲੱਪਰੈਂ[1]।

[1](ਲੋਲ) ਚੰਚਲ ਹੋ ਕੇ (ਕਲੋਲ) ਅਨੰਦ ਦੀਆਂ ਖੇਲਾਂ ਕਰਦੀਆਂ ਹਨ, ਬਹੁਤਾ ਬੋਲ ਕੇ (ਲੱਪਰੈਂ) ਸ਼ੋਰ ਪਾਉਂਦੀਆਂ ਹਨ।

ਚਢਾਇ ਸੀਸ ਈਸ ਕੋ,
ਅਸੀਸ ਬੀਸ ਬਿੱਸਵੇ[1]।

[1](ਈਸ) ਸ਼ਿਵ ਜੀ ਨੂੰ (ਸੂਰਮਿਆਂ ਦੇ) ਸਿਰ ਭੇਟਾ ਚੜ੍ਹਾਉਂਦੀਆਂ ਹਨ (ਤੇ ਸਿੰਘਾਂ ਨੂੰ) (ਬੀਸ ਬਿੱਸਵੇ) ਪੂਰਨਰੀਤੀ ਨਾਲ ਅਸੀਸਾਂ ਦੇਂਦੀਆਂ ਹਨ।

ਸੁ ਕਾਲਕਾ ਪ੍ਰਸੰਨ ਹੋਇ,
ਦੇਤ ਖੇਤ ਤਿੱਸ ਮੇਂ[1] ॥ ੯੪ ॥

[1]ਕਾਲੀ ਦੇਵੀ ਖ਼ੁਸ਼ ਹੋ ਕੇ ਤਿਸ (ਖੇਤ) ਮੈਦਾਨੇ ਜੰਗ ਵਿੱਚ ਐਉਂ (ਅਸੀਸਾਂ) ਦੇਂਦੀ ਹੈ।

ਭਵੈ ਸਿੰਘਾਨ ਜੀਤ ਹੂੰ,
ਅਭੀਤ ਰਾਜ ਯੇ ਧਰੇਂ[1]।

[1]ਸਿੰਘਾਂ ਦੀ ਜਿੱਤ ਹੋਵੇ ਇਹ (ਅਭੀਤ) ਅਭੈਰਾਜ (ਧਰੈਂ) ਕਰਨ।

ਜਿਨੈ ਹਮਾਰਿ ਦੂਖ ਭੂਖ,
ਦੂਰ ਦੇਹ ਕੇ ਕਰੇ।
ਬਜੰਤ ਬਾਦ ਦੁੰਦਭੀ,

ਸਨਾਇ ਢੋਲ ਬੈਰਕਾਂ[1]।

[1](ਬਾਦ) ਵਾਜੇ (ਦੁੰਦਭੀ) ਧੌਂਸੇ (ਸਨਾਇ) ਤੂਤੀਆਂ ਢੋਲ ਤੇ (ਬੈਰਕਾਂ) ਭੇਰੀਆਂ (ਬਜੰਤ) ਵਜਦੀਆਂ ਹਨ।

ਤੰਬੂਰ ਡੱਫ ਝਾਂਜ,
ਤਾਸ ਨੌਬਤੈਂ ਬਸੈਰਕਾਂ[1] ॥ ੯੫ ॥

[1](ਤੰਬੂਰ) ਛੋਟਾ ਢੋਲ (ਡਫ) ਇਕ ਪਾਸਿਓਂ ਚੰਮ ਨਾਲ ਮੜ੍ਹਿਆ ਗੋਲ ਵਾਜਾ ਜੋ ਡੱਗੇ ਨਾਲ ਵਜਾਈਦਾ ਹੈ। (ਝਾਂਜ) ਵੱਡੇ ਛੈਣੇ, (ਤਾਸ) ਅਤੇ (ਨੌਬਤਾਂ) ਛੋਟੇ ਧੌਂਸੇ (ਬਸੈਰਕਾਂ) ਬੰਸਰੀਆਂ।

ਸੁਨਤ ਜਾਂਹਿ ਕਾਯਰੰ,
ਤੁਰੰਤ[1] ਸੂਰਬੀਰ ਹ੍ਵੈ।

[1]ਛੇਤੀ।

ਬਿਸਾਰ ਨੇਹਿ ਦੇਹ ਕੋ,
ਲਰੰਤ ਵੰਤ-ਧੀਰ ਹ੍ਵੈਂ[1]।

[1]ਦੇਹ ਦਾ ਮੋਹ ਭੁਲਾ ਕੇ ਧੀਰਜਵਾਨ ਹੋ ਕੇ ਲੜਦੇ ਹਨ।

ਤਬੈ ਸਜੋਸ਼[1] ਜੈਨ ਖਾਂ,

[1]ਜੋਸ਼ ਨਾਲ।

ਹਜ਼ਾਰ ਸਾਤ ਮਾਲਕੈਂ।
ਅਯੋ ਦੁੜਾਇ ਅੱਸੁ ਕੋ,
ਸਿੰਘਾਨ ਓਰ ਚਾਲ ਕੈ ॥ ੯੬ ॥
ਬਲਾਹ ਕੈ ਸਮਾਨ ਗੱਜਿ,
ਚਾਹ ਕੈ ਕਹ੍ਯੋ ਸੁ ਯੌਂ[1]।

[1](ਬਲਾਹਕੈ) ਬੱਦਲ ਵਾਂਗ ਗੱਜ ਕੇ (ਚਾਹ ਕੈ) ਉਤਸ਼ਾਹ ਨਾਲ ਇਉਂ ਕਿਹਾ।

ਕਹਾਂ ਚੜ੍ਹੱਤ ਸਿੰਘ ਹੈ
ਅੜੱਤ ਆਇ ਸੋ ਨ ਕ੍ਯੋਂ[1]।

[1]ਉਹ ਆ ਕੇ ਕਿਉਂ ਨਹੀਂ ਅੜਦਾ।

ਗੁਲਾਬ ਸਿੰਘ ਝੰਡਾ ਸਿੰਘ,
ਗੁੱਜਰ ਮ੍ਰਿਗੇਸ ਹੈ।
ਜੱਸਾ-ਮ੍ਰਿਗਿੰਦ[1] ਜੈ ਹਰੀ,

[1]ਸਿੰਘ।

ਹਕੀਕਤ ਮ੍ਰਿਗੇਸ ਹੈ ॥ ੯੭ ॥
ਖੁਸ਼ਾਲ ਸਿੰਘ ਬਾਘ ਸਿੰਘ,
ਕੌਰ ਸਿੰਘ ਨਾਹਰੈਂ[1]।

[1]ਨਾਹਰ ਸਿੰਘ।

ਲਰੰਤ ਕ੍ਯੋਂ ਨ ਅੱਗ੍ਰ ਆ
ਹਮਾਰਿ ਸੰਗ ਜਾਹਿਰੈਂ[1]।

[1]ਪ੍ਰਗਟ ਹੋ ਕੇ।

ਸੁਨੰਤ ਬਾਘ ਸਿੰਘ ਯੌਂ,
ਭਵੱਕ ਬਾਘ ਜਿਉਂ ਧਯੋ[1]।

[1]ਸ਼ੇਰ ਵਾਂਗ ਭਬਕ ਮਾਰ ਕੇ ਦੌੜਿਆ।

ਕਮਾਨ ਤਾਨ ਕਾਨ ਲੌਂ[1],

[1]ਕੰਨ ਤੱਕ ਖਿੱਚ ਕੇ।

ਨਜੀਕ ਖਾਨ ਕੇ ਅਯੋ ॥ ੯੮ ॥
ਪ੍ਰਚਾਰ ਬਾਰ ਖਾਨ ਖਾ,
ਸੰਭਾਰਿ ਤੇਗ ਸ੍ਵੈ ਦਈ[1]।

[1](ਪ੍ਰਚਾਰ) ਵੰਗਾਰ ਕੇ ਤੇ ਖ਼ਾਨ ਦਾ ਵਾਰ ਖਾ ਕੇ (ਆਪਣੇ ਆਪ ਨੂੰ) ਸੰਭਾਲ ਕੇ (ਸ੍ਵੈ) ਆਪਣੀ (ਤੇਗ਼) ਤਲਵਾਰ ਦੇ ਦਿੱਤੀ ਭਾਵ ਚਲਾ ਦਿੱਤੀ।

ਸਟੋਪ ਮੁੰਡ ਦੇਹ ਅੱਸ੍ਵ,
ਕਾਟ ਬੇਗ ਸੈਂ ਗਈ[1]।

[1]ਸਣੇ ਟੋਪ, ਸਿਰ, ਦੇਹ ਤੇ ਘੋੜੇ ਨੂੰ ਛੇਤੀ ਨਾਲ ਕੱਟ ਗਈ।

ਗਿਰਯੋ ਮਿਨਾਰਿ ਜਿਉਂ ਧਰਾ,
ਭਰਾਤ ਤਾਂਹਿ ਦੇਖਤੈਂ[1]।

[1]ਬੁਰਜ ਵਾਂਗ ਧਰਤੀ ਤੇ ਡੇਗ ਦਿੱਤਾ, ਉਸ ਦਾ ਭਰਾ (ਦੇਖਤੈਂ) ਦੇਖਦਿਆਂ ਸਾਰ।

ਪਰਯੋ ਸਮਾਨ ਬੀਜਰੀ,
ਮ੍ਰਿਗੇਸ ਪੈ ਬਿਸੇਖ ਤੈ[1] ॥ ੯੯ ॥

[1](ਬਿਸੇਖ ਤੈ) ਖ਼ਾਸ (ਮ੍ਰਿਗੇਸ) ਬਾਘ ਸਿੰਘ ਤੇ ਪਿਆ।

ਬਿਬਾਕ[1] ਨੌਜਵਾਨ ਥੇ
ਲੜਾਕ, ਦ੍ਵੈ ਚਲਾਕ ਹੂੰ।

[1]ਨਿੱਡਰ।

ਭਿਰੇ ਉਲੱਥ ਪੱਥਲੈਂ,
ਫੁਲੱਥ ਹੱਥ ਪਾਕ ਹੂੰ[1]।

[1]ਉਲਟ-ਪੁਲਟ ਹੋ ਕੇ ਤੇ ਗਤਕੇਬਾਜ਼ੀ ਦੇ (ਪਾਕ) ਪਵਿੱਤ੍ਰ ਹੱਥਾਂ ਨਾਲ (ਭਿਰੇ) ਲੜੇ।

ਗਿਰੇ ਤੁਰੰਗ ਅੰਗ ਭੰਗਿ,
ਰੰਗ -ਭੂਮਿ[1] ਦੋਇ ਕੈ।

[1]ਜੰਗ ਦੀ ਧਰਤੀ ਉੱਤੇ।

ਡਹੇ ਕ੍ਰਿਪਾਨ ਲੈ ਜਵਾਨ,
ਔਨ ਪੈ[1] ਖਲੋਇ ਕੈ ॥ ੧੦੦ ॥

[1]ਧਰਤੀ ਉੱਪਰ।

ਕਟੈ ਕਟੈ ਜਰੀ ਜਰੀ,
ਕਰੀ ਜਿਰਾਹ ਹੂੰ ਖਰੀ[1]।

[1]ਚੰਗੀ ਸੰਜੋਅ ਕੱਟ ਕੱਟ ਕੇ ਜਰਾ ਜਰਾ (ਭੋਰਾ-ਭੋਰਾ) ਕਰ ਦਿੱਤੀ।

ਤਕਾ ਤਕਾਇ ਦਾਇ,
ਘਾਇ ਕੀਨ ਪੀਨ ਥੇ ਵਰੀ[1]।

[1]ਤੱਕ ਤੱਕ ਕੇ (ਪੀਨ) ਤਕੜੇ (ਵਰੀ) ਚੰਗੇ ਜ਼ਖ਼ਮ ਕਰ ਦਿੱਤੇ।

ਚਲੀ ਜੁ ਤੇਗ ਬੇਗ ਸੈਂ[1],

[1]ਜ਼ੋਰ ਨਾਲ।

ਵਲੀ ਦੁਹੂੰਨ ਕੀ[1] ਭਲੀ।

[1]ਬਲਵਾਨਾਂ ਦੀ।

ਪਰੀ ਸੁ ਪਾਰ ਫਾਰ ਕੈ[1],

[1]ਪਾੜ ਕੇ।

ਗਈ ਪਤਾਰ ਲੌਂ[1] ਚਲੀ ॥ ੧੦੧ ॥

[1]ਪਾਤਾਲ ਤੱਕ।

ਝੁਕੇ ਸੁ ਮੱਥ ਭਾਰ ਹੋਇ,

ਹਥ ਦੋਇ ਕੈ ਪਰੇ[1]।

[1](ਮਾਥ) ਸਿਰ (ਆਪੋ ਆਪਣੇ) ਭਾਰ ਨਾਲ (ਅੱਗੇ ਨੂੰ) ਝੁਕੇ ਹੋਏ ਸਨ (ਇਸ ਕਰਕੇ) ਦੋਹਾਂ ਦੇ (ਇਕ ਦੂਜੇ ਨੂੰ) ਹੱਥ ਪੈ ਗਏ (ਤੇ ਇਉਂ ਦੋਨੋਂ ਹੀ)।

ਗਿਰੇ ਨ ਯਾਂਹਿ ਹੇਤੁ ਤੈ,
ਮਰੇ ਭਿਰਹੇ ਸੋ ਅਰੇ[1]।

[1]ਇਸੇ ਕਾਰਨ ਕਰ ਕੇ ਡਿੱਗੇ ਨਹੀਂ, ਮਰਨ ਦੇ ਬਾਵਜੂਦ ਵੀ (ਉਹ ਇਕ ਦੂਜੇ ਨਾਲ) ਅੜੇ ਰਹੇ।

ਮਨੋ ਕ੍ਰਿਸਾਨ ਬਾਂਧਿ ਤੂਲ
ਪੂਲ, ਕੀਨ ਥੇ ਖਰੇ[1]।

[1]ਜਾਣੋ ਕਿਰਸਾਨ ਨੇ (ਤੂਲ) ਲੰਬੇ ਪੂਲੇ ਬੰਨ੍ਹ ਕੇ ਖੜ੍ਹੇ ਕੀਤੇ ਹਨ।

ਇਸੀ ਪ੍ਰਕਾਰ ਔਰ ਠੌਰ,
ਭੀ ਅਪਾਰ ਥੇ ਲਰੇ ॥ ੧੦੨ ॥
ਦ੍ਵੈ ਦ੍ਵੈ ਜੁਟੈਂ ਜੁਟੈਂ,
ਕਟੈਂ ਕਟੈਂ ਚਟੈਂ ਪਟੈਂ[1]।

[1]ਦੋ ਦੋ (ਆਪਸ ਵਿੱਚੀ) ਜੁੱਟ ਜੁੱਟ ਕੇ ਕੱਟ ਕੱਟ ਕੇ (ਚਟੈਂ-ਪਟੈ) ਛੇਤੀ ਛੇਤੀ।

ਲੜੈਂ ਲੜੈਂ ਗਿੜੈਂ ਗਿੜੈਂ,
ਦੜੈਂ ਦੜੈਂ ਸਟੈਂ ਝਟੈਂ[1]।

[1]ਲੜ ਲੜ ਕੇ (ਆਪੋ ਆਪਣੇ ਉਦਾਲੇ) ਗਿੜ ਗਿੜ ਕੇ ਦਾੜ-ਦਾੜ ਸ਼ਬਦ ਨਾਲ (ਝਟੈਂ) ਛੇਤੀ ਹੀ (ਧਰਤੀ ਤੇ) (ਸਟੈਂ) ਸੁੱਟ ਦੇਂਦੇ ਹਨ।

ਸਰਹੋ ਸੂਰ ਜੂਝਹੀਂ,
ਬਜਾਇ ਲੋਹ ਲੋਹ ਸੈਂ[1]।

[1]ਗੁੱਸੇ ਨਾਲ ਸੂਰਮੇ (ਲੋਹ) ਸ਼ਸਤ੍ਰਾਂ ਨਾਲ ਸਸਤ੍ਰ ਵਜਾ ਕੇ ਭਾਵ ਮਾਰ ਕੇ ਸ਼ਹੀਦ ਹੁੰਦੇ ਹਨ।

ਟਰੈਂ ਨ ਪੈਰ ਏਕ ਹੂੰ,
ਲਰੈਂ ਨ ਨੈਕ ਧੋਹ ਸੈਂ[1] ॥ ੧੦੩ ॥

[1]ਧੋਖੇ ਨਾਲ।

ਪੁਸ਼ਾਕ ਪਾਕ ਰੱਤ ਸੈਂ,
ਚੁਚਾਤ ਅਤਿਸੈਂ ਖਰੀ[1]।

[1]ਪੁਸ਼ਾਕਾਂ ਵਿੱਚੋਂ ਪਾਕ ਤੇ ਲਹੂ (ਖਰੀ) ਚੰਗੀ ਤਰ੍ਹਾਂ ਬਹੁਤਾ ਚੋਂਦਾ ਹੈ।

ਮਨੋ ਖਿਲਾਰ ਖੇਲ ਫਾਗ,
ਰੰਗ ਸੰਗ ਭੇ ਤਰੀ[1]।

[1]ਜਾਣੋ (ਖਿਲਾਰ) ਖਿਡਾਰੀ (ਫਾਗ) ਹੋਲੀ ਖੇਡਦੇਰੰਗ ਨਾਲ (ਤਰੀ) ਗਿੱਲੇ ਹੋ ਗਏ ਹਨ।

ਹੱਲੇ[1] ਸਿੰਘਾਨ ਜੌ ਕਰੇ,

[1]ਹੱਲੇ; ਹਮਲੇ, ਧਾਵੇ।

ਚਲੇ ਪਠਾਨ ਤੌ ਹਲੇ[1]।

[1]ਹਿੱਲ ਚੱਲੇ, ਉੱਖੜ ਚੱਲੇ।

ਨਿਹਾਰਿ ਹਾਰ ਹੋਵਤੀ,
ਸਿਪੈ-ਸਲਾਰ ਹ੍ਵੈ ਖਲੇ[1] ॥ ੧੦੪ ॥

[1]ਸੈਨਾਪਤੀ (ਸਾਂਹਚੀ) ਨੇ ਖੜ੍ਹੇ ਹੋ ਕੇ।

ਸਜੋਸ਼ ਐਨ ਸੈਨ ਮੈਂ,
ਨਸਾਇ ਅੱਸ੍ਵ ਡੋਲ ਕੈ[1]। — [1]ਜੋਸ਼ ਨਾਲ ਚੰਗੀ ਤਰ੍ਹਾਂ ਆਪਣੀ ਫੌਜ ਵਿੱਚ ਘੋੜਾ ਦੁੜਾ ਕੇ ਤੇ (ਡੋਲ ਕੈ) ਫਿਰ ਤੁਰ ਕੇ।
ਠਰਾਇ ਕੈ[1] ਲਰਾਵਤੋ — [1](ਫੌਜ ਨੂੰ) ਖੜ੍ਹੀ ਕਰਕੇ।
ਭਯੋ, ਸੁ ਬੋਲ ਬੋਲ ਕੈ।
ਜਲਾਲ-ਖਾਂ ਸੂਦਾਰ ਤੌ
ਬਿਸਾਲ ਹ੍ਵੈ ਹਠੱਗਰੈਂ[1]। — [1]ਬਹੁਤਾ ਹਠੀ ਹੋ ਕੇ।
ਸਮੱਗਰੈਂ ਉੱਜਗਰੈਂ
ਲਵਾਇ ਆਇ ਅੱਗਰੈਂ[1] ॥੧੦੫॥ — [1]ਸਾਰਿਆਂ ਨੂੰ ਪ੍ਰਗਟ ਹੀ ਨਾਲ ਲੈ ਕੇ ਅੱਗੇ ਆਇਆ।
ਧਵਾਇ[1] ਅੱਸ੍ਵ ਕੋ ਫਿਰਜੋ, — [1]ਦੁੜਾ ਕੇ।
ਮਿਦਾਨ ਬੀਚ ਬੱਜ ਕੈ[1]। — [1]ਗੱਜ ਵੱਜ ਕੇ।
ਕਹਜੋ ਸਿੰਘਾਨ ਕੇ ਤਈਂ,
ਤਰੱਜ[1] ਐਸ ਗੱਜ ਕੈ। — [1]ਤਾੜ ਕੇ।
ਕਹਾਂ ਦਿਵਾਨ ਸਿੰਘ ਹੈ,
ਨਥਾ-ਮ੍ਰਿਗੇਸ ਨਾਹਰੈਂ[1]। — [1]ਨਾਹਰ ਸਿੰਘ।
ਕਹਾਂ ਨਖੱਤ੍ਰ ਸਿੰਘ ਗੈਬਾ,
ਸੁਰਬੀਰ ਕਾਹਿਰੈਂ[1] ॥੧੦੬॥ — [1]ਕਹਿਰ ਦਾ ਸੂਰਬੀਰ ਤਾਰਾ ਸਿੰਘ ਗ਼ੈਬਾ ਕਿੱਥੇ ਹੈ।
ਜੱਸਾ ਮ੍ਰਿਗੇਸ ਹ੍ਵੈ ਕਹਾਂ,
ਖੁਸ਼ਾਲ ਸਿੰਘ, ਸੰਗਤੈਂ[1]। — [1]ਸੰਗਤ ਸਿੰਘ।
ਇਤਜਾਦਿਕੈਂ ਸੂਦਾਰ ਜੇ,
ਅਏ ਇਹਾਂ ਉਮੰਗ ਤੈਂ।
ਦਿਖੈਹੁ ਹਾਥ ਮਾਥ ਮੋਂ,
ਲਰੈਹੁ ਅੱਗ੍ਰ ਬਾਢ ਕੈ[1]। — [1]ਮੈਨੂੰ ਆਪਣੇ ਹੱਥ ਤੇ ਮੱਥਾ ਭਾਵ ਮੂੰਹ ਦਿਖਾਉ ਤੇ ਅੱਗੇ ਵਧ ਕੇ ਲੜੋ।
ਚਖੈਹੁ ਸ੍ਵਾਦ ਜੰਗ ਕੋ,
ਦਿਖੇਹੁ ਚੰਦ ਚਾਢ ਕੈ[1] ॥੧੦੭॥ — [1]ਚੰਦ ਚਾੜ੍ਹ ਕੇ ਭਾਵ ਅਨੋਖਾ ਕਾਰਨਾਮਾ ਕਰ ਕੇ ਵਿਖਾਉ।
ਜਸੇ-ਮ੍ਰਿਗੇਸ ਬੇਸ ਯੇ[1] — [1]ਸ੍ਰੇਸ਼ਟ ਜੱਸਾ ਸਿੰਘ ਨੇ ਇਹ (ਗੱਲ)।
ਨਜੀਕ ਤੈ ਸੁਨੀ ਜਬੈ।
ਸਛੋਹ ਲੋਹ ਜਯੋਂ ਤਪਯੋ,
ਤੁਰੰਗ ਛੇੜ ਸ੍ਵੈ ਤਬੈ[1]। — [1]ਗੁੱਸੇ ਨਾਲ ਲੋਹੇ ਵਾਂਗ ਤਪਿਆ ਤਦੋਂ (ਸ੍ਵੈ) ਆਪਣਾ ਘੋੜਾ ਛੇੜ ਕੇ।

ਭਵੱਕ ਸਿੰਘ ਸਿੰਘ ਜਸੋਂ,
ਝਵੱਕ ਬਾਤ ਯੌਂ ਕਹੀ[1]।

[1]ਸ਼ੇਰ ਵਾਂਗ ਭਬਕ ਮਾਰ ਕੇ ਜੱਸਾ ਸਿੰਘ ਨੇ ਛੇਤੀ ਇਉਂ ਗੱਲ ਆਖੀ।

ਕਰੈਹੁ ਬਾਰ ਖਾਨ ਹੂੰ,
ਰਹੈਹੁ ਹੌਂਸ ਹੂੰ ਨਹੀਂ[1] ॥੧੦੮॥

[1]ਤੇਰੀ ਇੱਛਾ ਨਾਰਹਿ ਜਾਵੇ।

ਜਲਾਲ ਖਾਂ, ਕਮਾਲ ਦਾਉ
ਥੇ ਕਰਾਲ ਤੌ ਕਰੇ[1]।

[1]ਤਾਂ ਜਲਾਲ ਦੀਨ ਨੇ ਕਮਾਲ ਦੇ ਭਿਆਨਕ ਦਾਅ ਕੀਤੇ।

ਕਿਤਾਨ ਬਾਨ, ਤਾਨ ਕੈ
ਕਮਾਨ ਕਾਨ ਲੌਂ, ਛਰੇ[1]।

[1]ਕੰਨ ਤੱਕ ਕਮਾਣ ਖਿੱਚ ਕੇ ਕਿਤਨੇ ਹੀ ਤੀਰ ਛੱਡੇ।

ਜਸੇ-ਮ੍ਰਿਗੇਸ ਬੇਸ ਹੂੰ,
ਬਿਸੇਸ ਚੱਕ੍ਰ ਛੋਰ ਹੈ[1]।

[1]ਜੱਸਾ ਸਿੰਘ (ਬਿਸੇਸ) ਬਹੁਤੇ (ਬੇਸ) ਚੰਗੇ ਚੱਕ੍ਰ ਛੱਡਦਾ ਹੈ।

ਛਿਦੀ ਸੰਜੋਇ ਖਾਨ ਕੀ,
ਮਿਦਾਨ ਕੀਨ ਘੋਰ ਹੈ[1] ॥੧੦੯॥

[1]ਖ਼ਾਨ ਦੀ ਸੰਜੋਅ ਕੱਟੀ ਗਈ (ਦੋਹਾਂ) ਭਿਆਨਕ ਜੰਗ ਕੀਤਾ।

ਤੁਰੰਗ ਦੋਇ ਕੇ ਮਰੇ,
ਲਰੇ ਸੁ ਫੇਰ ਤੇਗ ਸੈਂ।
ਤਕਾਇ ਦਾਇ ਸਿੰਘ ਜੂ,
ਚਲਾਇ ਤੇਗ ਬੇਗ ਸੈਂ[1]।

[1]ਜ਼ੋਰ ਨਾਲ।

ਦਈ ਧਸਾਇ ਪੇਟ ਮੈਂ,
ਧਕਾਇ[1] ਫੇਰ ਸੁੱਟਿਓ।

[1]ਧੱਕਾ ਦੇ ਕੇ।

ਮਨੋ ਮਿਨਾਰ ਡਿੱਗਿਓ,
ਤਰੂ ਕਿ ਬਜਾਰ ਪੁੱਟਿਓ[1] ॥੧੧੦॥

[1]ਜਾਣੋ ਬੁਰਜ ਡਿੱਗਿਆ ਹੈ ਜਾਂ (ਬਜ਼ਾਰ) ਹਵਾ ਨੇ (ਤਰੂ) ਦਰੱਖ਼ਤ ਪੁੱਟਿਆ ਹੈ।

ਉਡੇ ਹਵਾਸ ਸੱਤਰੈਂ,
ਹੁਲਾਸ ਤੱਤਰੈਂ ਗਯੋ[1]।

[1]ਵੈਰੀਆਂ ਦੇ ਹੋਸ਼ ਹਵਾਸ਼ ਉੱਡ ਗਏ (ਤਤਰੈਂ) ਉੱਥੇ ਹੀ ਉਤਸ਼ਾਹ (ਮਾਰਿਆ) ਗਿਆ।

ਦਲੇਲ ਖਾਂ ਬਘੇਲ ਜਯੋਂ[1],
ਗਰੱਜ ਭੱਜ ਕੈ ਅਯੋ।

[1]ਸ਼ੇਰ ਵਾਂਗ।

ਕਮਾਨ ਤਾਨ ਕਾਨ ਲੌਂ,
ਬ੍ਰਸਾਨ ਬਾਨ[1] ਸੋ ਲਗਯੋ।

[1]ਤੀਰ ਬਰਸਾਉਣ।

ਅਯੋ ਜੁ ਘਾਵ ਸਿੰਘ ਕੇ[1]
ਮਹਾਨ ਰੋਸ ਤੌ ਜਗਯੋ ॥੧੧੧॥

[1]ਜੱਸਾ ਸਿੰਘ ਦੇ ਜ਼ਖ਼ਮ।

ਹੁਤੀ ਬਤੀਸ ਸੇਰ ਸੈਹਥੀ,
ਕੁਸੱਤ੍ਰ ਪੈ ਧਰੀ[1]। — [1]ਜੋ ਬੱਤੀ ਸੇਰ ਦੀ ਬਰਛੀ ਸੀ ਉਹ ਖੋਟੇ ਵੈਰੀ ਦੇ ਮਾਰੀ।
ਜਿਰਾਹ[1] ਢਾਲ ਦੇਹ ਕੋ, — [1]ਸੰਜੋਅ।
ਪਰੋਇ ਪਾਰ ਹੂੰ ਪਰੀ।
ਉਥੱਲ ਕੈ ਤੁਰੰਗ ਤੈ,
ਪੁਥੱਲ ਭੂਮਿ ਡਾਰਯੋ[1]। — [1]ਉਲਟਾ ਕੇ ਘੋੜੇ ਤੋਂ ਪਲਟਾ ਕੇ (ਪੁਠਾ ਕਰਕੇ) ਧਰਤੀ ਤੇ ਸੁੱਟ ਦਿੱਤਾ।

ਮਨੋ ਸ੍ਰਿੰਗ ਕੋਹ ਤੁੰਗ,
ਬੀਜਰੀ ਉਖਾਰਯੋ[1] ॥੧੧੨॥ — [1]ਜਾਣੋ (ਕੋਹ) ਪਹਾੜ ਦਾ (ਤੁੰਗ) ਉੱਚਾ (ਸ੍ਰਿੰਗ) ਟਿੱਲਾ ਬਿਜਲੀ ਨੇ ਉਖੇੜ ਦਿੱਤਾ ਹੈ।

ਤਬੈ ਜਲਾਲਖਾਨ ਕੋ
ਜਮਾਲ-ਖਾਂ ਬਿਰਾਦਰੈਂ[1]। — [1]ਭਰਾ।
ਅਯੋ ਸੁ ਦੌਰਿ, ਲੈਨ ਬੈਰ
ਬੀਰ ਕੇਰ ਸਾਦਿਰੈਂ[1]। — [1]ਨਿੱਡਰ ਹੋ ਕੇ।
ਲਰਜੋ ਬਹਾਲ ਸਿੰਘ, ਹ੍ਵੈ
ਅਗਾਂਹਿ ਝੱਟ ਤਾਂਹਿ ਕੈ।
ਅਨੇਕਧਾ ਬਿਬੇਕ ਸੈਂ
ਲਰੇ, ਉਮਾਹਿ ਚਾਹਿ ਕੈ[1] ॥੧੧੩॥ — [1]ਅਨੇਕ ਢੰਗਾਂ ਨਾਲ ਤੇ ਵਿਚਾਰ ਨਾਲ ਉਤਸ਼ਾਹ ਤੇ ਇੱਛਾ ਕਰ ਕੇ ਲੜ।

ਥਏ[1] ਸ਼ਹੀਦ ਦੋਇ, — [1]ਹੋਏ।
ਏਕ ਬਾਰ ਬਾਰ ਕੈ ਭਲੇ[1]। — [1]ਇਕੋ ਵਾਰ ਚੰਗੇ (ਇਕੱਠੇ) ਵਾਰ ਕਰਕੇ।
ਬੁਰੇ ਸੁ ਦੇਵ-ਅੰਗਨਾ[1] — [1]ਅਪੱਛਰਾਂ ਨੇ ਵਰ ਲਏ।
ਬਿਵਾਨ ਪੈ ਚਢੇ ਚਲੇ।
ਮਰੇ ਸੂਦਾਰ ਬੀਸ ਤੀਸ,
ਖਾਨ ਐਸ ਜੌ ਬਡੇ।
ਨਿਹਾਰਿ ਮੀਰ ਸਾਂਹਚੀ,
ਗਡਜੋ ਕੁਸੋਕ ਕੇ ਗਢੇ[1] ॥੧੧੪॥ — [1]ਖੋਟੇ ਸੋਗ ਦੇ ਟੋਏ ਵਿੱਚ ਦੱਬਿਆ ਗਿਆ।
ਮਹਾਨ ਕੋਪ ਧਾਰਿ,
ਪ੍ਰਨਾਰਿ ਆਗ ਕਾ ਭਯੋ[1]। — [1]ਅੱਗ ਦਾ ਪ੍ਰਨਾਲਾ ਹੋ ਗਿਆ।
ਅਪਾਰ ਗਾਰਿ ਦੈ, ਬਟੋਰਿ[1] — [1]ਇਕੱਠੀ ਕਰਕੇ।
ਸੰਗ ਸੈਨ ਕੋ ਲਯੋ।

ਹੱਲਾ ਕਰਾਇ ਦੀਨ, ਤੌ
ਅੱਲਾ ਅੱਲਾ ਅਲਾਪ ਹੈ[1]।
ਲਏ ਅਪਾਰ ਸੂਰਮੇ,
ਭਯੋ ਸੁ ਅੱਗ੍ਰ ਆਪ ਹੈ ॥ ੧੧੫ ॥
ਪ੍ਰਹਾਰ ਪੁੰਜ ਆਯੁਧੈਂ,
ਸਤੋਪ ਜੋਰ ਘੋਰ ਹੈਂ[1]।

ਬਰੱਖ ਗੋਲੇ ਗੁੱਲਕਾਂ
ਨਰਾਂਚ, ਮਾਚ ਸ਼ੋਰ ਹੈ[1] ॥ ੧੧੬ ॥

ਸੋਰਠਾ:
ਘੋਰ ਘਨੋ ਘਮਸਾਨ,
ਘਾਲਜੋ ਘੁਲਿ ਘੁਲਿ ਦੁਹੂੰ ਦਿਸ[1]।

ਮਰੇ ਕਿਕਾਨ[1] ਜਵਾਨ,
ਪਰੇ ਮਹਾਨ ਮਿਦਾਨ ਮੈਂ ॥ ੧੧੭ ॥
ਚੌਪਈ:
ਮੀਰ ਸਾਂਹਚੀ ਆਤਸ਼ਬਾਜ਼ੈਂ[1]।

ਨਿਜ ਪ੍ਰਤਿਨਾ ਪ੍ਰਤਿ ਬੋਲ ਦਰਾਜੈਂ[1]।

ਜੰਗ ਕਰਾਯੋ ਦੈ ਲਲਕਾਰੈਂ।
ਜਥਾ ਜੋਗ ਤਾੜਨ ਕਰਿ ਪਜਾਰੈਂ ॥ ੧੧੮ ॥
ਦੀਨੋ ਬੋਲਿ ਇਨਾਮ ਮਹਾਨੈਂ।
ਲੜੇ ਪਠਾਨ ਤੋੜਿ ਤਬਿ ਜਾਨੈਂ।
ਕੜ ਕੜ ਤੜ ਭੜ[1] ਚਲੀ ਬੰਦੂਕੈਂ।
ਭਰਿ ਜੁਗ ਗੁਲਕਾ ਹਤੈਂ ਅਚੂਕੈਂ[1] ॥ ੧੧੯ ॥
ਝਾੜੈਂ ਬਾੜੈਂ ਝਟਪਟ ਡੰਭੈਂ[1]।

ਤੋਪ ਗਰਾਫ ਸਾਫ ਬਹੁ ਤੰਬੈਂ[1]।

[1]ਬੋਲਦਾ ਹੈ।

[1]ਭਿਆਨਕ ਜ਼ੋਰ ਨਾਲ ਸਣੇ ਤੋਪ ਦੇ (ਪੁੰਜ) ਸਾਰੇ ਸ਼ਸਤ੍ਰ (ਪ੍ਰਹਾਰ) ਮਾਰਦੇ ਹਨ।

[1]ਗੋਲੇ, ਗੋਲੀਆਂ ਤੇ (ਨਰਾਂਚ) ਤੀਰਾਂ ਦੀ ਬਰਖਾ ਨਾਲ ਸ਼ੋਰ ਮੱਚ ਰਿਹਾ ਹੈ।

[1]ਦੋਹਾਂ ਪਾਸਿਆਂ ਤੋਂ ਘੁਲ ਘੁਲ ਕੇ ਭਾਵ ਜ਼ੋਰਕ ਨਾਲ ਲੜ ਲੜ ਕੇ ਬਹੁਤਾ ਭਿਆਨਕ (ਘਮਸਾਨ) ਜੰਗ (ਘਾਲਜੋ) ਕੀਤਾ।

[1]ਘੋੜੇ।

[1]ਫੌਜ ਦੇ (ਮੀਰ) ਸਰਦਾਰ ਸਾਂਹਚੀ ਖ਼ਾਨ ਆਤਸ਼ ਬਾਜ਼ (ਤੋਪ-ਖਾਨੇ ਵਾਲੇ) ਨੇ।

[1]ਆਪਣੀ (ਪ੍ਰਤਿਨਾ) ਫੌਜ ਨੂੰ (ਦਰਾਜੈਂ) ਬਹੁਤਾ (ਬੋਲ) ਵੰਗਾਰ ਕੇ।

[1]ਬੰਦੂਕਾਂ ਦੇ ਚੱਲਣ ਦੀ ਅਵਾਜ਼।

[1]ਦੋ ਗੋਲੀਆਂ ਭਰ ਕੇ (ਨਿਸ਼ਾਨੇ ਤੇ) ਅਚੁੱਕ ਮਾਰਦੇ ਹਨ।

[1]ਛੇਤੀ (ਡੰਭੈਂ) ਚਲਾ ਕੇ ਬਾੜ ਝਾੜਦੇ ਹਨ। (ਬਾੜ ਝਾੜਨੀ-ਸਾਰੀਆਂ ਬੰਦੂਕਾਂ ਦਾ ਇਕੱਠਾ ਵਾਰ ਕਰਨਾ।)

[1]ਤੋਪ ਦੇ (ਗੋਲਿਆਂ ਦੇ) ਸਾਫ਼ (ਗਰਾਫ਼) ਸ਼ਰਰੇ (ਰੈਣੇ) ਬਹੁਤਾ (ਤੰਬੈ) ਦੰਡ ਦੇਂਦੇ ਹਨ। (ਗਰਾਫ਼- ਗ੍ਰੇਪ ਸ਼ਾਟ (Grape Shat) ਅਗੂਰ ਦੀ ਸ਼ਕਲ ਦਾ ਸ਼ਰਰਾ, ਰੌਣਾ। (ਤੰਬੈ-ਤੰਬੀਹ- ਸਜ਼ਾ, ਦੰਡ।)

ਸਰ ਖਰ ਬਰਖੈਂ ਕਰਖੈਂ ਜਾਨੈਂ[1]।	[1]ਤਿੱਖੇ ਤੀਰ ਵਰ੍ਹਦੇ ਜਾਨਾਂ ਖਿਚਦੇ ਹਨ।
ਅਸੀ ਸਹਿਸ ਬੰਦੂਕ ਕਮਾਨੈਂ[1] ॥੧੨੦॥	[1]ਹਜ਼ਾਰਾਂ (ਅਸੀ) ਤਲਵਾਰਾਂ।
ਤੋਪ ਜੰਬੂਰ[1] ਗੁਬਾਰੇ[2] ਭਰਿ ਭਰਿ।	[1]ਛੋਟੀਆਂ ਤੋਪਾਂ। [2]ਚੌੜੇ ਮੂੰਹ ਵਾਲੀਆਂ ਲੰਬਾਈ ਵਿੱਚ ਬਹੁਤ ਘੱਟ ਤੋਪਾਂ।
ਚੱਲਤ ਹੱਲਤ ਧਰ ਤਰੁ ਥਰ ਥਰ[1]।	[1]ਜਦੋਂ ਚਲਦੀਆਂ ਹਨ ਤਾਂ ਧਰਤੀ ਤੇ ਦਰੱਖ਼ਤ ਥਰ ਥਰ ਹਿਲਦੇ ਹਨ।
ਕੜ ਕੜਾਟ ਘਹਿਰਾਵਤ ਸ਼ੁਤਰੀ[1]।	[1](ਸ਼ੁਤਰੀ) ਊਠਾਂ ਤੇ ਲੱਦੇ ਧੌਂਸੇ ਕੜ ਕੜ ਸ਼ਬਦ ਕਰ ਕੇ (ਘਹਿਰਾਵਤ) ਗੰਭੀਰ ਧੁਨੀ ਨਾਲ ਗੱਜਦੇ ਹਨ।
ਜਨੁ ਬਿਜਰੀ ਬਹੁ ਘਨ ਯੁਤ ਉਤਰੀ[1] ॥੧੨੧॥	[1]ਜਾਣੋ ਬਹੁਤੇ ਬੱਦਲਾਂ ਸਣੇ ਬਿਜਲੀ (ਥੱਲੇ) ਉੱਤਰੀ ਹੈ।
ਚਟਪਟ[1] ਤੜ ਤੜਾਕ ਹ੍ਵੈ ਭਾਰੀ।	[1]ਛੇਤੀ ਬਹੁਤਾ ਤੜ ਤੜ ਸ਼ਬਦ ਹੋਇਆ।
ਜਨ ਡਵ ਬਨ ਕੋ ਲਗੀ ਅਪਾਰੀ[1]।	[1]ਜਾਣੋ ਜੰਗਲ ਨੂੰ ਬਹੁਤੀ ਡਉਂ ਅਗਨੀ ਲੱਗੀ ਹੋਈ ਹੈ।
ਗੋਲੀ ਗੋਲਨ ਸਰ ਝਰਿ ਲਾਈ[1]।	[1]ਗੋਲੀਆਂ ਗੋਲਿਆਂ ਤੇ ਤੀਰਾਂ ਨੇ ਝੜੀ ਲਾਈ ਹੋਈ ਹੈ।
ਸਿੰਘਨ ਕੀ ਕਿਛੁ ਪੇਸ਼[1] ਨ ਜਾਈ ॥੧੨੨॥	[1]ਵਾਹ।
ਜਯੋਂ ਜਯੋਂ ਬਢ ਹੈਂ ਤੁਰਕ ਅਗਾਹੈਂ।	
ਪਰੈ ਪੰਥ ਕਾ ਪੈਰ ਪਿਛਾਹੈਂ।	
ਅਰੇ ਮਰੇ ਬਹੁ ਘਾਯਲ ਕੀਏ[1]।	[1]ਬਹੁਤੇ ਅੜ ਕੇ ਮਰ ਗਏ ਬਹੁਤੇ (ਘਾਯਲ) ਜ਼ਖ਼ਮੀ ਕਰ ਦਿੱਤੇ।
ਚਹੈਂ ਪਲਾਯਨ ਕਾਯਲ ਥੀਏ[1] ॥੧੨੩॥	[1](ਕਾਯਲ) ਵਿਆਕੁਲ (ਥੀਏ) ਹੋਏ (ਪਲਾਯਨ) ਭੱਜਣਾ ਚਾਹੁੰਦੇ ਹਨ।
ਪੇਖਿ ਸਿੱਖ ਸਰਦਾਰ ਝੁਰੈ ਹੈਂ[1]।	[1]ਝੂਰਦੇ ਹਨ।
ਸਿਰ ਧੁਨ ਧੁਨ ਪੁਨ ਪੁਨ ਇਮ ਕੈਹੈਂ[1]।	[1]ਸਿਰ ਹਿਲਾ ਹਿਲਾ ਕੇ ਤੇ ਮੁੜ ਮੁੜ ਇਉਂ ਕਹਿੰਦੇ ਹਨ।
ਜੀਤ ਤੁਰਤ ਜੇ ਅਬਿ ਕੇ ਜੈਹੈਂ[1]।	[1]ਜੇ ਇਸ ਵਾਰ ਤੁਰਕ ਜਿੱਤ ਕੇ ਚਲੇ ਗਏ।
ਫੇਰ ਨ ਕਬੀ ਪੰਜਾਬ ਤਜੈ ਹੈਂ ॥੧੨੪॥	
ਬਿਨ ਸਤਿਗੁਰੁ ਅਬਿ ਹਮਰਾ ਰੱਖਕ।	
ਔਰ ਨਹੀਂ ਤੁਰਕਨ ਕਾ ਭੱਖਕ[1]।	[1]ਨਾਸ਼ ਕਰਤਾ।
ਢਿਗ ਤੈ ਸਿਦਕੀ ਸਿੰਘ ਇਮ ਕੈਹੈਂ।	
ਡਰੋ ਨ ਉਰਿ ਗੁਰੁ ਫਤੇ ਦਿਲੈਹੈਂ ॥੧੨੫॥	
ਕੋ ਸਤ-ਪੁਰਖ ਸਿੰਘ ਸਿਰ ਲਾਵੈ।	
ਤੌ ਤੁਰਕਨ ਕਾ ਤੇਜ ਨਸਾਵੈ।	
ਤਬੈ ਰਾਮ ਸਿੰਘ ਬੇਦੀ ਸਾਹਿਬ।	
ਸੁਨਤ ਤਯਾਰ ਹੋਯੋ ਹਿਤ ਆਹਿਬ[1] ॥੧੨੬॥	[1]ਜੰਗ ਵਾਸਤੇ।

ਸੀਸ ਦੈਨ ਕਾ ਸੋਧ ਅੁਦਾਸੈਂ।
ਚਾਲਜੋ ਤੁਰਕੈਂ ਦਿਸ ਸ-ਹੁਲਾਸੈਂ[1]। — [1]ਉਤਸ਼ਾਹ ਸਹਿਤ।
ਨੱਥਾ ਸਿੰਘ ਭਾਗ ਸਿੰਘ ਨੈਣਾ।
ਸੰਤ ਸਿੰਘ ਦੇਸਾ ਸਿੰਘ ਸੈਣਾ[1] ॥੧੨੭॥ — [1](ਸਿੰਘ)।
ਗੱਜਾ ਸਿੰਘ ਬਹਾਦਰ ਸਿੰਘ ਗਜਾਨੂ[1]। — [1]ਗਿਆਨ ਸਿੰਘ।
ਅਘੜ ਸਿੰਘਰਣ ਸਿੰਘ ਸੁਜਾਨੂ[1]। — [1]ਸੁਜਾਨ ਸਿੰਘ।
ਇਤਜਾਦਿਕ ਸਿਦਕੀ ਬੰਨ੍ਹਿ ਗਾਨੇ।
ਬੇਦੀ ਸਾਹਿਬ ਸੰਗ ਪਯਾਨੇ ॥੧੨੮॥
ਸ਼ਸਤ੍ਰ ਬਖਤ੍ਰ ਸਜਿ ਬਿਬਿਧੈ ਹੈਂ[1]। — [1]ਅਨੇਕ ਤਰ੍ਹਾਂ ਦੇ ਸ਼ਸਤ੍ਰ ਤੇ (ਬਖਤ੍ਰ) ਸੰਜੋਆਂ ਸਜਾ ਕੇ।
ਕੇਹਰ ਠਵਨ ਗਵਨ ਕਿਯ ਤੈਹੈਂ[1] ॥੧੨੯॥ — [1]ਸ਼ੇਰ (ਦੀ ਚਾਲ ਨਾਲ) ਓਥੇ (ਜੰਗ ਦੀ) ਥਾਂ ਨੂੰ ਚੱਲੇ ਗਏ।
ਪਿਖਿ ਸੁਨਿ ਔਰ ਸਿੱਖ ਸਰਦਾਰੈਂ।
ਚਲੇ ਸਾਹਿਬੈਂ ਪਿਛੈ ਅਪਾਰੈਂ ॥੧੨੯॥
ਹਾਲ-ਹੂਲ[1] ਕਰਿ ਸ਼ੋਰ ਬਿਸਾਲੈਂ। — [1]ਹਲਚਲੀ।
ਬੋਲਤ ਉਚ ਅਕਾਲ ਅਕਾਲੈਂ।
ਮਿਲ ਜੇ ਹਿਲ ਥੇ ਗਿਲਜੇ ਆਏ[1]। — [1](ਜੇ) ਜਦੋਂ (ਹਿਲ ਕੇ) ਗਿੱਝੇ ਹੋਏ ਗਿਲਜੇ (ਮਿਲਿ) (ਇਕੱਠੇ ਹੋ ਕੇ) ਆਏ।
ਭਿਲਜੋ ਖਾਲਸਾ ਤਿਨੈਂ ਮਧਾਏ[1] ॥੧੩੦॥ — [1]ਖ਼ਾਲਸਾ ਉਨ੍ਹਾਂ ਦੇ ਵਿੱਚ ਹੀ (ਭਿਲਜੋ) ਮਿਲ ਗਿਆ।
ਤੋਪ ਗੁਬਾਰਨ ਮਾਰਨ ਤੈਹੈਂ[1]। — [1]ਤੋਪਾਂ ਤੇ ਗੁਬਾਰਿਆਂ ਦੀ ਮਾਰ ਤੋਂ। (ਗੁਬਾਰਾ- ਚੌੜੇ ਮੂੰਹ ਵਾਲੀ ਤੇ ਲੰਬਾਈ 'ਚ ਬਹੁਤ ਛੋਟੀ ਤੋਪ।)
ਗਏ ਸਿੰਘ ਇਸ ਭਾਂਤਿ ਬਚੈ ਹੈਂ।
ਠਟਜੋਂ ਕਰਾਲ ਕਮਾਲ ਜੰਗ ਫਿਰ[1]। — [1]ਫੇਰ (ਕਮਾਲ) ਬਹੁਤਾ ਭਿਆਨਕ ਜੰਗ (ਠਟਜੋ) ਕੀਤਾ।
ਤੁਪਕਨ ਤੇਗਨ ਤੀਰਨ ਸੈਂ ਥਿਰਿ[1] ॥੧੩੧॥ — [1]ਖੜ੍ਹੇ ਹੋ ਕੇ।
ਯੱਦਪਿ ਔਰ ਸਭੀ ਸਰਦਾਰੈਂ।
ਹਤੇ ਦੁਰਾਨੀ ਮਾਨੀ ਭਾਰੈਂ।
ਤੌ ਭੀ ਰਾਮ ਸਿੰਘ ਪਗ ਗਡ ਕੈ।
ਲਰਜੋ ਅੱਗ੍ਰ ਹ੍ਵੈ ਸਭਿ ਤੈ ਬਢ ਕੈ ॥੧੩੨॥
ਪਾਂਚ ਹਜ਼ਾਰੀ ਸਾਤ ਹਜ਼ਾਰੀ।
ਗਿਲਜੇ ਤਬਿ ਉਨ ਹਤੇ ਅਪਾਰੀ।
ਹੁਤੋ ਸਾਂਹਚੀ ਕਾ ਲਘੁ[1] ਭਾਈ। — [1]ਛੋਟਾ।
ਅਸਦੁੱਲਾ ਖਾਂ ਬੀਰ ਮਹਾਂਈ ॥੧੩੩॥

ਪਾਂਚ ਹਜ਼ਾਰਕ ਲੈ ਅਸਵਾਰੈਂ।	
ਅਰਜੋ ਲਰਜੋ ਦੈ ਬਹੁ ਲਲਕਾਰੈਂ।	
ਭੰਗੀ ਸਰਦਾਰਨ ਕੀ ਸੈਨਾ।	
ਲਰਤ ਹੁਤੀ ਜਹਿਂ ਤਹਿਂ ਬਲ-ਐਨਾ[1] ॥੧੩੪॥	[1]ਬਲ ਦਾ ਘਰ।
ਬਰਖੇ ਤਿਨ ਪੈ ਗੋਲੀ ਤੀਰੈਂ।	
ਸਿੰਘ ਕਰੇ ਹਤਿ ਤਿਨ ਬਹੁ ਲੀਰੈਂ।	
ਝੰਡਾ ਸਿੰਘ ਕੇ ਸੰਗੀ ਔਰੈਂ।	
ਮਾਰੇ ਗਿਲਜਜੋਂ ਨੈ ਤਬਿ ਗੌਰੈਂ[1] ॥੧੩੫॥	[1]ਬਹੁਤੇ।
ਤਿਨੈ ਯਾਦ ਬਾਬੇ ਕੋ ਕਰਿਓ।	
ਸ਼ੀਘਰ ਆਇ ਰਾਮ ਸਿੰਘ ਅਰਿਓ।	
ਦੇਸਾ ਸਿੰਘ ਲੌ ਸੰਗੀ ਜੇਤੇ।	
ਜੁਝੇ[1] ਔਰ ਦੁਜਨ ਸੋਂ[2] ਤੇਤੇ ॥੧੩੬॥	[1]ਲੜੇ। [2]ਦੁਸ਼ਮਣਾਂ ਨਾਲ।
ਬਾਬੇ ਜੀ ਅਸਦੁੱਲੇ ਖਾਂ ਸੇ[1]।	[1]ਨਾਲ।
ਕਿਯ ਭਟ-ਭੇਰ ਬਧੇਰ ਬਿਨਾਸੇ[1]।	[1](ਭਟ-ਭੇਰ) ਜੰਗ ਕੀਤਾ (ਪਰ ਬਾਬੇ ਜੀ ਨੇ) ਬਹੁਤੇ ਨਾਸ਼ ਕੀਤੇ।
ਅਧਿਕ ਸਾਰ ਸੈਂ ਸਾਰ[1] ਬਜਾਯੋ।	[1]ਲੋਹੇ ਨਾਲ ਲੋਹਾ।
ਘੜੈ ਘਾੜ ਠਠਜਾਰ ਜਥਾਯੋ[1] ॥੧੩੭॥	[1]ਜਿਵੇਂ ਠਠਿਆਰ (ਘਾੜ) ਭਾਂਡੇ ਘੜਦਾ ਹੈ।
ਜ੍ਵਾਨ ਕਿਕਾਨ ਮਿਦਾਨ ਮਝਾਰੇ।	
ਫਾਨੀ ਕਰੇ[1] ਦੁਰਾਨੀ ਭਾਰੇ।	[1]ਨਾਸ਼ ਕੀਤੇ।
ਬਾਹੀ ਤੇਗ ਬੇਗ ਕਰਿ ਹੇਲੈਂ[1]।	[1]ਜ਼ੋਰ ਦਾ ਹੱਲਾ ਕਰਕੇ।
ਬਾਢੀ ਬਢੈ ਬਾਗ ਜਿਮ ਕੇਲੈਂ[1] ॥੧੩੮॥	[1]ਜਿਵੇਂ ਕੇਲਿਆਂ ਦਾ ਬਾਗ (ਬਾਢੀ) ਤਰਖਾਣ ਵੱਢਦਾ ਹੈ।
ਕੱਦ ਬਿਹੱਦ ਸਨੱਧ ਬੱਧ ਅਰਿ[1]।	[1]ਵੱਡੇ ਕੱਦਾਂ ਵਾਲੇ ਸ਼ਸਤ੍ਰ ਬੰਨ੍ਹ ਕੇ ਤਿਆਰ ਬਰ ਤਿਆਰ ਵੈਰੀ।
ਗਿਰਤ ਮਿਨਾਰੇ ਸੇ[1] ਗਿਲਜੇ ਲਰਿ।	[1]ਬੁਰਜਾਂ ਵਰਗੇ।
ਹੋਵਤ ਹਾਨਿ ਪਛਾਨ ਨਿਜੈ ਹੈਂ[1]।	[1]ਆਪਣਿਆਂ (ਬੰਦਿਆਂ) ਨੂੰ ਨਾਸ਼ ਹੁੰਦਿਆਂ ਪਛਾਣ ਕੇ।
ਤਹਿਂ ਵਜੀਰ ਖਾਂ ਪੁਗਜੋ ਖਿਝੈ ਹੈ[1] ॥੧੩੯॥	[1]ਖਿਝ ਕੇ ਪੁੱਜਿਆ।
ਪਾਂਚ ਹਜ਼ਾਰੀ ਬੀਰ ਬਹਾਦਰ।	
ਬਾਬੇ ਦਿਸੈਂ ਝੁਕਜੋ ਜਬਿ ਸਾਦਿਰ[1]।	[1]ਨਿੱਡਰ ਹੋ ਕੇ।
ਨੱਥੇ ਸਿੰਘ ਸ਼ਹੀਦ ਹ੍ਵੈ ਅੱਗ੍ਰ।	
ਰੋਕਜੋ ਵਹਿ ਲਖਿ ਬਲੀ ਉਜੱਗ੍ਰ[1] ॥੧੪੦॥	[1]ਮਸ਼ਹੂਰ।
ਜੁੱਟੇ ਉਭੈ ਸੁਭੱਟ ਰਿਸ ਕੈ ਕੈ[1]।	[1]ਗੁੱਸਾ ਕਰ ਕੇ ਦੋਵੇਂ ਸੂਰਮੇ ਟੱਕਰ ਪਏ।

ਗਰਜਿ ਤਰਜਿ ਘਨ ਬੀਜ ਲਜੈ ਕੈ[1]।	[1]ਗੱਜ ਕੇ ਤਾੜ ਕੇ ਬੱਦਲਾਂ ਤੇ ਬਿਜਲੀ ਨੂੰ ਸ਼ਰਮਿੰਦਾ ਕਰਕੇ।
ਬਰਖੇ ਸਰ ਸਰਖੇ ਸਮ ਮੇਹੈਂ[1]।	[1]ਤੀਰ (ਸਰਖ) ਚਲਾ ਕੇ ਮੀਂਹ ਵਾਂਗ ਵਰ੍ਹਾਏ।
ਕਰਖੇ ਪ੍ਰਾਨ ਕਿਤਿਕ ਕੇ ਤੇਹੈਂ[1] ॥੧੪੧॥	[1](ਤਿਨ੍ਹਾਂ ਤੀਰਾਂ ਨੇ) ਕਿਤਨਿਆਂ ਦੇ ਉਥੇ ਪ੍ਰਾਣ ਖਿੱਚੇ ਭਾਵ ਮਾਰੇ।
ਕਟੇ ਘਨੇ ਸਿੰਘ ਲਏ ਢਾਲ ਪੈ[1]।	[1]ਨੱਥਾ ਸਿੰਘ ਨੇ ਬਹੁਤੇ (ਤੀਰ) ਕੱਟ ਦਿੱਤੇ (ਤੇ ਕੁਝ) ਢਾਲ ਤੇ ਲੈ ਲਏ।
ਲਗ੍ਯੋ ਘਾਵ ਤਬਿ ਰਿਸ ਕਰਾਲ ਪੈ[1]।	[1]ਜਦੋਂ ਨੱਥਾ ਸਿੰਘ ਨੂੰ ਜ਼ਖ਼ਮ ਲੱਗਾ ਤਾਂ ਭਿਆਨਕ ਗ਼ੁੱਸਾ ਖਾ ਕੇ।
ਛੇੜਿ ਤੁਰੰਗੈਂ ਝਟਪਟ ਦਟਪਟ[1]।	[1]ਛੇਤੀ (ਦਟਪਟ) ਦੌੜ ਕੇ।
ਕਟਿ ਪਟ ਸਟਪਟ ਕਰਬਕ ਅਟਪਟ[1] ॥੧੪੨॥	[1](ਕਟ) ਲੱਕ ਨੂੰ (ਸਟਪਟ) ਛੇਤੀ ਅਟਪਟਾ ਜਿਹਾ (ਪਟ) ਬਸਤ੍ਰ (ਕਰਬਕ) ਬੰਨ੍ਹ ਲਿਆ ਭਾਵ ਕਮਰ ਕੱਸਾ ਕਰ ਲਿਆ।
ਲਪਟ ਝਪਟ ਬਿਨ ਕਪਟ ਜ੍ਵਾਨ ਨੈ[1]।	[1]ਜਵਾਨ ਨੱਥਾ ਸਿੰਘ ਨੇ ਬਿਨਾਂ ਛਲ ਤੋਂ (ਲਪਟ) ਹੱਲਾ ਕਰ ਕੇ ਝਪਟ ਮਾਰੀ।
ਪਲਕ ਨ ਝਲਕਨ ਦਈ ਖਾਨਨੈ[1]।	[1]ਵਜ਼ੀਰ ਖਾਨ ਨੂੰ ਅੱਖ ਦੀ ਪਲਕ ਵੀ ਝਮਕਣ ਨਹੀਂ ਦਿੱਤੀ।
ਭੁਜਾਂ ਉਭਾਰਿ ਭਾਰ ਹ੍ਵੈ ਪੱਬਨ[1]।	[1]ਬਾਹਾਂ ਚੁੱਕ ਕੇ ਭੱਬਾਂ ਦੇ ਭਾਰ ਹੋ ਕੇ।
ਓਜ ਸੰਭਾਰ ਢਾਰ ਭੱਟ ਭੱਬਨ[1] ॥੧੪੩॥	[1](ਓਜ) ਬਲ ਤੇ (ਢਾਰ) ਢਾਲ ਸੰਭਾਲ ਕੇ (ਭੱਬਨ) ਸੁੰਦਰ (ਭੱਟ) ਸੂਰਮੇ ਨੇ।
ਤੇਗ ਬੇਗ ਬੱਜਰ ਸੀ ਬਾਹੀ[1]।	[1](ਬੱਜਰ ਸੀ) ਇੰਦ੍ਰ ਦੇ ਧਨੁਸ਼ ਵਰਗੀ ਤਲਵਾਰ (ਬੇਗ) ਛੇਤੀ ਚਲਾ ਦਿੱਤੀ।
ਤਾਜ ਮੁੰਡ ਕਟਿ ਧਰ ਅੱਸ੍ਵ ਲਾਹੀ[1]।	[1]ਤਾਜ ਤੇ ਸਿਰ ਕੱਟ ਕੇ ਧੜ ਤੇ ਘੋੜਾ ਵੀ (ਲਾਹੀ) ਲਾਹ ਦਿੱਤਾ ਭਾਵ ਕੱਟ ਦਿੱਤਾ।
ਹਸੀ ਬੀਜ ਸੀ ਧਸੀ ਜਮੀਨੇ[1]।	[1]ਬਿਜਲੀ ਵਰਗੀ (ਹਸੀ) ਚਮਕੀ ਤੇ ਜ਼ਮੀਨ 'ਚ ਧਸ ਗਈ।
ਖਾਨ ਕਿਕਾਨ ਚਾਰ ਟੂਕ ਕੀਨੇ[1] ॥੧੪੪॥	[1]ਖ਼ਾਨ ਤੇ ਘੋੜੇ ਦੇ ਚਾਰ ਟੁਕੜੇ ਕਰ ਦਿੱਤੇ ਭਾਵ ਦੋਹਾਂ ਦੇ ਦੋ ਦੋ ਟੁਕੜੇ ਹੋ ਗਏ।
ਗਿਲਜੇ ਔਰ ਅਏ ਥੇ ਭਿਲ ਜੇ[1]।	[1](ਜੇ) ਜੇਹੜੇ ਹੋਰ ਗਿਲਜੇ (ਭਿਲ) ਇਕੱਠੇ ਹੋ ਕੇ ਆਏ ਸਨ।
ਮਿਲਿ ਜੇ ਲਰੇ, ਪਰੇ ਧਰ ਸਿਲ ਜੇ[1]।	[1]ਜਿਹੜੇ ਮਿਲ ਕੇ ਲੜੇ ਉਹ ਪੱਥਰ ਦੀਆਂ ਸਿਲਾਂ ਵਰਗੇ (ਮਰ ਕੇ) ਧਰਤੀ ਤੇ ਪੈ ਗਏ।
ਝੰਡਾ ਸਿੰਘ ਸੁਲਤਾਨ ਪਿੰਡੀਏ।	
ਸੂਰਬੀਰ ਬਹੁ ਹਤੇ ਹਿੰਡੀਏ[1] ॥੧੪੫॥	[1]ਜ਼ਿੱਦੀਏ (ਹਠੀਏ) ਨੇ।
ਖਜਾਲ ਸਿੰਘ ਆਦਿਕ ਮਿਲਿ ਕੰਗੈਂ[1]।	[1]ਕੰਗ ਗੋਤ ਦੇ ਸਿੰਘਾਂ ਨੇ।
ਡਾਰ੍ਯੋ ਕਰਿ ਗਿਲਜਯੋਂ ਕਾ ਕੰਗੈਂ[1]।	[1]ਗਿਲਜਿਆਂ ਦਾ ਕੰਘਾ ਕਰ ਸੁੱਟਿਆ ਭਾਵ ਮਾਰ ਕੇ ਸਫ਼ਾਈ ਕਰ ਦਿੱਤੀ।
ਇਸ ਹੀ ਤੌਰ ਔਰ ਬਹੁ ਠੌਰੈਂ।	
ਹਤੇ ਦੁਰਾਨੀ ਸਿੰਘਨ ਗੌਰੈਂ ॥੧੪੬॥	

ਬਾਬੇ ਜੀ ਅਸਦੁੱਲੇ ਖਾਂ ਸੈਂ[1]। — [1]ਅਸਦੁੱਲੇ ਖ਼ਾਂ ਨਾਲ।
ਦੁੰਦ- ਜੁੱਧ ਕਰਿ ਸੁੱਧ ਮਹਾਂਸੈਂ[1]। — [1]ਬਹੁਤ ਸਫ਼ਾਈ ਨਾਲ।
ਦਾਇ ਤਕਾਇ ਅਦਾਇ ਚਾਇ ਸੈਂ[1]। — [1](ਚਾਇ ਸੈਂ) ਉਤਸ਼ਾਹ ਨਾਲ (ਇਕ ਦੂਜੇ ਨੂੰ) (ਅਦਾਇ) ਤਬਾਹ ਕਰਨ ਲਈ ਦਾਅ ਤਕਾਉਂਦੇ ਹਨ।
ਜਨੁ ਜੁਗ ਰੁੱਦਰ ਬਿਬਿਧਿ ਭਾਇ ਸੈਂ[1] ॥੧੪੭॥ — [1]ਜਾਣੋ ਦੋ ਸ਼ਿਵ ਅਨੇਕ ਢੰਗਾਂ ਨਾਲ।
ਅਰੇ ਲਰ ਨਹਿਂ ਟਰੇ ਠਾਂਇ ਸੇ[1]। — [1]ਅੜ ਕੇ ਲੜੇ (ਆਪਣੀ) ਥਾਂ ਤੋਂ ਪਿੱਛੇ ਨਹੀਂ ਹਟੇ।
ਜਗਜੋ ਰੋਸ ਅਤਿ ਲਗਜੋ ਘਾਇ ਸੇ[1]। — [1]ਜ਼ਖ਼ਮ ਲੱਗਣ ਨਾਲ।
ਅਰਨ ਨੈਨ ਮੁਖ ਤਰਨ ਸਮਾਨੈ।
ਤਪਜੋ[1], ਝਪਜੋ ਚਹਿਂ ਕੇਹਰ ਸਾਨੈ[2] ॥੧੪੮॥ — [1]ਨੇਤ੍ਰ ਲਾਲ ਤੇ ਮੁਖ ਸੂਰਜ ਵਾਂਗ ਤਪਿਆ। [2]ਸ਼ੇਰ ਵਾਂਗ (ਇਕ ਦੂਜੇ ਨੂੰ) (ਝਪਜੋ) ਬੋਚਣਾ ਚਾਹੁੰਦੇ ਹਨ।

ਨਿਕਟਿ ਢੁਕਿ ਤਬਿ ਬਿਕਟ ਸੈਹਥੀ[1]। — [1]ਕਠੋਰ ਬਰਛੀ।
ਮ੍ਰਿਤੁ ਜੀਭ ਕੈ ਬੀਜ ਵੈਹ ਥੀ[1]। — [1]ਮੌਤ ਦੀ ਜੀਭ ਸੀ ਜਾਂ ਉਹ ਬਿਜਲੀ ਸੀ।
ਲਹਲਹਾਤ ਮਣ ਏਕ ਸਾਰ ਕੀ[1]। — [1]ਇਕ ਮਣ (ਸਾਰ) ਲੋਹੇ ਦੀ (ਲਹਲਹਾਤ) ਚਮਕਦੀ ਸੀ।
ਬੇਦੀ ਭੇਦੀ ਸੱਤ੍ਰ ਪਾਰ ਕੀ[1] ॥੧੪੯॥ — [1]ਬੇਦੀਰਾਮ ਸਿੰਘ ਨੇ (ਵੈਰੀ ਨੂੰ) ਵਿੰਨ੍ਹ ਕੇ ਪਾਰ ਕਰ ਦਿੱਤੀ।
ਸੁਟਜੋ ਉਥੱਲ[1] ਪੱਲ[2] ਨਹਿਂ ਲਾਯੋ। — [1]ਉਲਟਾ ਕੇ। [2]ਪਲ ਜਿੰਨਾ ਚਿਰ।
ਬਾਬੇ ਹਤਜੋ ਬਿਕੁੰਠ ਸਿਧਾਯੋ ॥੧੫੦॥

ਦੋਹਰਾ:

ਖਾਸ[1] ਸਾਂਹਚੀ ਪਾਸ ਥਾ, — [1]ਆਪ।
ਮਰਜੋ ਸਕਾ ਜਿਹ ਭ੍ਰਾਤ।
ਪੇਖਿ ਸਭੀਤ ਸਰੁੱਦ੍ਰ ਰਸ,
ਭਏ ਤਾਂਹਿ ਬਖਜਾਤ[1] ॥੧੫੧॥ — [1](ਭਰਾ ਮਰੇ ਨੂੰ) ਦੇਖ ਕੇ ਤਿਸ ਨੂੰ (ਸਭੀਤਸ) ਬਿਭੱਤਸਰਸ ਤੇ (ਰੁਦ੍ਰਰਸ) (ਦੋਨੋਂਰਸ) ਪ੍ਰਗਟ ਹੋਏ।

ਥਯੋ ਭਬੂਕਾ ਆਗ ਕੋ[1], — [1]ਅੱਗ ਦਾ ਭਾਂਬੜ।
ਧਯੋ ਸਿੰਘਨ ਕੀ ਓਰ।
ਲਯੋ ਘੇਰ ਬੇਦੀ ਤਈਂ,
ਪਯੋ ਜੰਗ ਫਿਰ ਜੋਰ ॥੧੫੨॥

ਨਰਾਜ ਛੰਦ:

ਹੁਤੇ ਜੁ ਸਿੰਘ ਸੰਗ
ਬੇਦੀ ਸਾਹਿਬਾਨ ਕੇ ਤਹਾਂ।
ਲਰੇ ਸੁ ਜਾਨ ਤੋੜ ਕੈ,
ਚਲਾਇ ਆਯੁਧੈਂ ਮਹਾਂ[1]। — [1]ਬਹੁਤੇ ਸ਼ਸਤ੍ਰਾਂ ਨੂੰ।

ਗਿਰਾਇ ਬੀਸ ਤੀਸ ਕੈ,
ਤੁਕੀਸ ਕੇ ਬਹਾਦਰੈਂ[1]।
ਥਏ ਸ਼ਹੀਦ ਭਾਗ ਸਿੰਘ,
ਸੰਤ ਸਿੰਘ ਨਾਦਰੈਂ[1] ॥੧੫੩॥
ਗਰੱਜ ਸਿੰਘ-ਗਜਾਨ ਜੁ,
ਤਰੱਜਿ[1] ਸਾਂਹਚੀ ਤਈਂ।
ਕਿਕਾਨ[1] ਛੋੜਿ ਜ੍ਵਾਨ ਨੈ,
ਕ੍ਰਿਪਾਨ ਤਾਂਹਿ ਕੇ ਦਈ।
ਗਿਰਾਇ ਅੱਸ੍ਵ ਤਾਂਹਿ
ਨੱਸ ਪੱਸ ਪਾਂਇ ਨਾ ਭਯੋ[1]।
ਮਰਯੋ ਸਟੂਕ ਟੂਕ ਹ੍ਵੈ,
ਤਹਾਂ ਸ਼ਹੀਦ ਹੂੰ ਥਯੋ ॥੧੫੪॥
ਪਰਯੋ ਪਤੰਗ ਜਿਉਂ[1],
ਉਮੰਗ ਸੰਗ ਸਿੰਘ ਜੁ ਤਬੈ।
ਜਹਾਨ ਖਾਨ ਸੈਂ ਜੁਟਯੋ,
ਸੁਟਯੋ ਮਿਦਾਨ ਸੋ ਜਬੈ।
ਅਪਾਰ ਕੌ ਬਿਦਾਰ ਕੈ,
ਗਿਰਯੋ ਸਮੱਛ ਜੂਝ ਕੈ[1]।
ਤਿਵੈਂ ਭਿ ਨੈਣਾ ਸਿੰਘ ਜੁ,
ਥਯੋ ਸ਼ਹੀਦ ਲੂਝ ਕੈ[1] ॥੧੫੫॥
ਇਕਾਦਸੈਂ ਸੁਭੱਟ ਸਿੰਘ,
ਬਾਦ ਸੈਂ ਲਰੇ ਤਹੈਂ[1]।
ਜੁ ਖਾਸ[1] ਰਾਮ ਸਿੰਘ ਕੇ
ਹਮੇਸ਼ ਪਾਸ ਥੇ ਰਹੈਂ।
ਮਰੇ ਉਮੰਗ ਜੰਗ ਕੈ,
ਸੁ ਟੂਕ ਟੂਕ ਹ੍ਵੈ ਭਰਯੋ[1]।
ਨਿਹਾਰਿ ਰਾਮ ਸਿੰਘ ਜੂ,
ਦੁਧਾਰਿ[1] ਖੈਂਚ ਕੈ ਪਰਯੋ ॥੧੫੬॥
ਪ੍ਰਹਾਰਿ ਦਾਰ-ਤੁੰਮਨੈਂ,
ਬਿਦਾਰ ਔਨਿ ਪੈ ਡਰਯੋ[1]।

[1]ਤੁਰਕਾਂ ਦੇ ਸੈਨਾਪਤੀਆਂ ਦੇ ਵੀਹ ਤੀਹ ਬਹਾਦਰਾਂ ਨੂੰ ਡੇਗ ਕੇ।
[1]ਅਨੋਖੇ ਸੂਰਮੇਂ।
[1]ਤਾੜ ਕੇ।
[1]ਘੋੜਾ।
[1]ਨੱਸ ਕੇ (ਪਾਇ) ਪੈਰ (ਪੱਸ) ਪਿੱਛੇ ਨਹੀਂ ਹੋਇਆ।
[1]ਭਮੱਕੜ ਵਾਂਗ।
[1]ਬਹੁਤਿਆਂ ਨੂੰ ਮਾਰ ਕੇ ਸਾਹਮਣੇ ਸ਼ਹੀਦ ਹੋ ਕੇ ਡਿੱਗਿਆ।
[1]ਲੜ ਕੇ।
[1]ਗਿਆਰਾਂ ਸੂਰਮੇਂ ਸਿੰਘ ਉਥੇ (ਬਾਦ ਸੈਂ) ਝਗੜ ਕੇ ਲੜੇ।
[1]ਬਹੁਤਾ।
[1]ਜੰਗ ਵਿੱਚ। (ਭਰ- ਜੰਗ)।
[1]ਖੰਡਾ।
[1](ਖੰਡੇ ਦਾ) (ਪ੍ਰਹਾਰ) ਵਾਰ ਕਰ ਕੇ (ਦਾਰ-ਤੁੰਮਨੈ) ਫੌਜ ਦੇ

ਸਰਦਾਰ ਨੂੰ ਮਾਰ ਕੇ (ਔਨਿ) ਧਰਤੀ ਤੇ ਸੁੱਟ ਦਿੱਤਾ।

ਸਿੰਘਾਨ ਕੋ ਪ੍ਰਚਾਰ ਕੈ[1],
ਉਚਾਰ ਐਸ ਹੂੰ ਕਰਜੋ।

[1]ਵੰਗਾਰ ਕੇ।

ਅਹੋ ਸੁ ਪੰਥ ਖਾਲਸਾ,
ਵਕੱਤ[1] ਠੀਕ ਅੱਜ ਹੈ।

[1]ਵਕਤ, ਸਮਾਂ।

ਦੁਹੂੰ ਸੁ ਹਾਥ ਮੋਦਕੈਂ[1],
ਛਕੈਹੁ ਲੈਹੁ ਰੱਜ ਹੈ ॥ ੧੫੭ ॥

[1]ਲੱਡੂ।

ਖੁਲ੍ਹੇ ਕਿਵਾੜ, ਸੱਚ-ਖੰਡ
ਜੱਨਤੈ ਪਵਰਗ ਕੇ[1]।

[1]ਸਚਖੰਡ, (ਜੱਨਤ) ਸੁਰਗ ਤੇ (ਪਵਰਗ) ਮੁਕਤੀ ਦੇ (ਕਿਵਾੜ) ਦਰਵਾਜ਼ੇ ਖੁੱਲ੍ਹੇ ਪਏ ਹਨ।

ਲਿਯੇ ਫਿਰੰਤ ਦੇਵਤਾ,
ਬਿਵਾਨ ਹੈਂ ਸਵਰਗ ਕੇ।
ਸੁਰੰਗਨਾ ਪਰੀ
ਸ਼ਹੂਰ-ਵਾਰਿ ਹੂਰ ਅੱਛਰੀ[1]।

[1](ਸ਼ਹੂਰ ਵਾਰਿ) ਅਕਲ ਵਾਲੀਆਂ (ਸੁਰੰਗਨਾਂ) ਦੇਵਤਿਆਂ ਦੀਆਂ ਇਸਤ੍ਰੀਆਂ ਪਰੀਆਂ, ਹੂਰਾਂ ਤੇ (ਅੱਛਰੀ) ਅਪੱਛਰਾਂ।

ਕਰੰਤ ਕੰਤ ਚਾਹਿੰ ਕੈ,
ਮਰੰਤ ਜੋ ਸਮੱਛਰੀ[1] ॥ ੧੫੮ ॥

[1]ਸਾਹਮਣੇ (ਲੜ ਕੇ) ਮਰਦਾ ਹੈ।

ਰਖੰਤ ਭੋਗ ਕਾਮਨਾ ਜੁ,
ਤਾਂਹਿ ਕੋ ਬਰੰਤ ਸੋ।
ਵਿਸ਼ੇ ਨ ਭੋਗ ਚਾਹਿ ਜਾਂਹਿ,
ਮੋਖ ਹੀ ਲਹੰਤ ਸੋ।
ਸਲੋਕ ਪਾਸ ਰੂਪ ਯੁਜ,
ਚਾਰ ਧਾ ਸੁ ਪਾਇ ਹੈ[1]।

[1]ਚਾਰ ਪ੍ਰਕਾਰ ਦੀਆਂ ਮੁਕਤੀਆਂ ਸਲੋਕ, ਸਮੀਪ, ਸਰੂਪ, ਸਾਯੁਜ ਉਹ ਪਾ ਲੈਂਦਾ ਹੈ। (ਸਲੋਕ ਆਪਣੇ ਇਸ਼ਟ ਦੇ ਲੋਕ ਵਿੱਚ ਨਿਵਾਸ ਕਰਨਾ। ਸਮੀਪ- ਇਸ਼ਟ ਦੇ ਨਿਕਟ-ਵਰਤੀ ਹੋਣਾ। ਸਰੂਪ- ਇਸ਼ਟ ਦੇ ਤੁਲ ਸ਼ਕਲ ਦਾ ਹੋਣਾ। ਸਾਯੁਜ- ਉਪਾਸ਼ਯ ਨਾਲ ਉਪਾਸ਼ਕ ਦਾ ਜੁੜ ਜਾਣਾ।)

ਬਜੰਤ ਸਾਲ ਜਾਂਹਿ ਹੇਤ[1],
ਸੰਤ ਈਸ਼ ਧਜਾਇ ਹੈਂ ॥ ੧੫੯ ॥

[1]ਜਿਨ੍ਹਾਂ (ਮੁਕਤੀਆਂ) ਵਾਸਤੇ।

ਜੁਗੀਸਰੈਂ ਮੁਨੀਸਰੈਂ,
ਰਿਖੀਸਰੈਂ ਤਪੀਸ਼੍ਵਰੈਂ।
ਜਗੱਤ ਰੱਤਿ ਹੱਤ ਜੇ,

ਭਗੱਤਿ ਹੋਤ ਈਸ਼੍ਵਰੈਂ[1]।

[1]ਜਿਹੜੇ ਜਗਤ ਦੀ (ਰੱਤ) ਪ੍ਰੀਤੀ ਛੱਡ ਕੇ ਈਸ਼੍ਵਰ ਦੇ ਭਗਤ ਬਣ ਜਾਂਦੇ ਹਨ।

ਤਿਨੈ ਦੁਲੱਭ ਜੋ ਪਦੰ[1],

[1]ਪਦਵੀ, ਦਰਜਾ।

ਲਹੰਤ ਸੂਰ ਸੋਇ ਹੈਂ[1]।

[1]ਸੂਰਮੇਂ ਉਹ ਪਦਵੀ ਲੈ ਲੈਂਦੇ ਹਨ।

ਮਰੰਤ ਮਾਰਿ ਸੱਤ੍ਰੁ ਜੇ,
ਗਿਰੰਤ ਅੱਗ੍ਰ ਹੋਇ ਹੈਂ ॥ ੧੬੦ ॥
ਅਹੋ ਗੁਬਿੰਦ ਸਿੰਘ ਕੋ
ਸਪੂਤ ਪੰਥ ਖਾਲਸਾ।
ਲਹੰਤ ਕਜੋਂ ਨ ਅੱਗ੍ਰ ਹ੍ਵੈ,
ਸਮੱਗ੍ਰ ਸੁਖ-ਮਾਲਸਾ[1]।

[1]ਸਾਰੇ ਸੁੱਖਾਂ ਦੀ ਮਾਲਾ।

ਸੁਨੰਤ ਪੰਥ ਮਾਨ ਕੈ,
ਉਮੰਡ ਮੇਘ ਜਜੋਂ[1] ਤਬੈ।

[1]ਬੱਦਲ ਵਾਂਗ ਉੱਛਲ ਕੇ।

ਲੜਾਕ ਬੀਰ ਪਾਕ ਜੇ,
ਹਥਾ ਸੁ ਵੱਥ ਭੇ ਸਭੈ[1] ॥ ੧੬੧ ॥

[1]ਪਵਿੱਤ੍ਰ ਤੇ ਲੜਾਕੇ ਸੂਰਮੇ ਸਾਰੇ ਹੱਥੋ-ਹੱਥੀ ਹੋ ਪਏ।

ਪਰੇ ਸੁ ਭੱਟ ਅੱਟ ਰੱਟ
ਬੈਨ ਐਨ ਗੱਜ ਕੈ[1]।

[1]ਸੂਰਮੇਂ (ਐਨ) ਚੰਗੀ ਤਰ੍ਹਾਂ (ਅੱਟ) ਬਹੁਤ ਉੱਚੀ (ਬੈਨ) ਬਚਨ (ਰੱਟ) ਬੋਲ ਕੇ ਤੇ ਗੱਜ ਕੇ ਪੈ ਗਏ।

ਲਰੇ ਸੁ ਪੈਰ ਰੁੱਪ,
ਤੀਰ ਤੁੱਪਕੈਨ ਤੱਜ ਕੈ[1]।

[1]ਪੈਰਰੋਕ ਕੇ ਤੇ ਤੀਰਾਂ ਬੰਦੂਕਾਂ ਨੂੰ ਚਲਾ ਕੇ ਲੜੇ।

ਕਿਤੇਕ ਦੋਇ ਦੋ ਜੁਟੇ[1],

[1]ਦੋ ਦੋ ਜੁੱਟ ਪਏ।

ਖਰ੍ਹੇ ਅਪਾਰ ਦੇਖ ਹੀਂ।
ਅਮੀਰ ਧੀਰ ਬੀਰ ਥੇ,
ਸ-ਆਯੁਧੈ ਬਿਸੇਖ ਹੀਂ[1] ॥ ੧੬੨ ॥

[1](ਬਿਸੇਖਹੀਂ) ਬਹੁਤੇ (ਸ- ਆਯੁਧੈ) ਸ਼ਸਤ੍ਰਾਂ ਸਹਿਤ ਉਮਰਾਵ ਤੇ ਧੀਰਜ ਵਾਲੇ ਸੂਰਮੇਂ ਸਨ।

ਲਰੰਤ ਭੱਜ ਭੱਜ ਕੈ,
ਅਗਾਂਹਿ ਬੀਰ ਬੱਢ ਕੈ[1]।

[1]ਵੱਧ ਕੇ।

ਧਰੰਮ ਜੁੱਧ ਜਾਨ ਕੈ,
ਭਿਰੰਤ ਪੈਰ ਗੱਡ ਕੈ।
ਚੜ੍ਹੱਤ ਸਿੰਘ ਗੁੱਜਰੈ
ਮ੍ਰਿਗੇਸ ਜੱਸੇ ਸਿੰਘ ਦ੍ਵੈ।
ਸ਼ਹੀਦ ਨੱਥਾ ਸਿੰਘ ਜੂ,

ਚਲਯੋ ਚਮੱਕ ਧਿੰਗ ਹ੍ਵੈ[1] ॥ ੧੬੩ ॥
ਹਕੀਕਤੰ-ਮ੍ਰਿਗੇਸ ਜੈ[1],
ਖੁਸ਼ਾਲ ਸਿੰਘ ਕੌਰ ਹੈ।
ਸੱਦਾ-ਮ੍ਰਿਗੇਸ ਨਾਹਰੈ,
ਬਜੀਰ ਸਿੰਘ ਗੌਰ ਹੈ[1]।
ਨਖੱਤ੍ਰ ਸਿੰਘ[1] ਸੰਗਤੈ,
ਸੁਧਾ-ਮ੍ਰਿਗੇਸ ਆਦਿਕੈਂ।
ਸੂਦਾਰ ਥੇ ਅਪਾਰ ਹੀ,
ਜੁਟੇ ਉਦਾਰ ਬਾਦ ਕੈ[1] ॥ ੧੬੪ ॥
ਭਯੋ ਸੁ ਅੱਗ੍ਰ ਸੂੱਬ ਕੇ,
ਗੁਰੰਸ[1] ਰਾਮ ਸਿੰਘ ਥੇ।
ਚਪੇ ਸੁ ਚੋਰ ਜਯੋਂ ਲਰੇ,
ਕਸੀਸ ਵੱਟ ਧਿੰਗ ਥੇ[1]।
ਸੂਦਾਰ ਸਿੰਘ ਜੋਰ ਦੈ,
ਪਰੰਤ ਯੱਤ੍ਰ ਦੌੜ ਥੇ[1]।
ਤੁਕਾਨ ਕੋ ਪ੍ਰਹਾਨ ਕੈ,
ਕਰੰਤ ਤ੍ਰੱਟੀ ਚੌੜ ਥੇ[1] ॥ ੧੬੫ ॥
ਕਟਾ ਸੁ ਕੱਟ ਬੱਢ,
ਮਾਰ ਭਾਰਿ ਹੈ ਮਚੀ[1]।
ਬ੍ਰਖਾ ਸਰਾਨ ਗੁੱਲਕਾ,
ਸ-ਉੱਲਕਾ ਥਈ ਸਚੀ[1]।
ਮਨੋ ਸੁ ਰਾਮ ਰਾਵਣੀ,
ਲਰੰਤ ਸੈਂਨ ਅੱਤਿਸੈਂ।
ਚਹੰਤ ਜੀਤ ਦੋ ਦਿਸੈਂ,
ਕਰੰਤ ਜੰਗ ਸੱਤ ਸੈਂ[1] ॥ ੧੬੬ ॥
ਦੁਧਾਰ ਭਾਰ ਖੈਂਚਿ[1]
ਰਾਮ ਸਿੰਘ ਮਾਰ ਮਾਰ ਕੈ।
ਸਥਾਰ ਕੀਨ ਸੱਤਰੈਂ,

[1](ਚਮੱਕ) ਬਹੁਤੇ ਗੁੱਸੇ ਨਾਲ (ਧਿੰਗ ਹ੍ਵੈ) ਜ਼ੋਰਾਵਰ ਹੋ ਕੇ।
[1](ਸਿੰਘ)।
[1]ਭਾਰੀ (ਸੂਰਮਾ) ਹੈ।
[1]ਤਾਰਾ ਸਿੰਘ।
[1]ਬਹੁਤਾ ਝਗੜਾ ਕਰਕੇ।
[1]ਗੁਰਾਂ ਦੀ ਅੰਸ਼, ਬੇਦੀ।
[1](ਧਿੰਗ) ਜ਼ੋਰਾਵਰ ਸਨ, ਖਿਝੇ ਚੋਰ ਵਾਂਗ (ਮਾਰਨ ਮਰਨਾ ਮੰਡ ਕੇ) ਕਸੀਸ ਵੱਟ ਕੇ ਲੜੇ।
[1]ਸਿੰਘਾਂ ਦੇ ਸਰਦਾਰ ਜਿਸ ਪਾਸੇ ਜ਼ੋਰ ਦੇ ਕੇ ਦੌੜ ਕੇ ਪੈਂਦੇ ਸਨ।
[1]ਤੁਰਕਾਂ ਨੂੰ (ਪ੍ਰਹਾਨ ਕੈ) ਮਾਰ ਕੇ (ਤ੍ਰੱਟੀ ਚੌੜ) ਤਬਾਹੀ ਕਰ ਦੇਂਦੇ ਸਨ।
[1]ਕਟਾ ਕੁੱਟੀ ਤੇ ਕਟਾ ਵੱਢੀ ਦੀ ਬਹੁਤੀ ਮਾਰ ਹੋਈ।
[1]ਤੀਰਾਂ ਤੇ ਗੋਲੀਆਂ ਦੀ ਸੱਚੀ ਵਰਖਾ (ਸ-ਉੱਲਕਾ) ਗੜਿਆਂ ਵਾਂਗ ਹੋਈ।
[1]ਬਲ ਨਾਲ (ਅ) ਉਤਸ਼ਾਹ ਨਾਲ। (ੲ) ਧੀਰਜ ਨਾਲ।
[1]ਭਾਰਾ ਦੋਧਾਰਾ ਖੰਡਾ ਖਿੱਚ ਕੇ।

ਸੂਦਾਰ ਭੂਰ ਗਾਰ ਕੈ[1]। — [1]ਵੈਰੀਆਂ ਦੇ ਬਹੁਤੇ ਸਰਦਾਰ ਗਾਲ੍ਹ ਕੇ ਭਾਵ ਮਾਰ ਕੇ (ਸਥਾਰ) ਢੇਰ ਕਰ ਦਿੱਤੇ।

ਅਤੀਵ ਕੋਪਿ[1] ਸਾਂਹਚੀ, — [1]ਬਹੁਤੇ ਕ੍ਰੋਧ ਨਾਲ।
ਲੜਾਕ ਸੈਨ ਲੈ ਘਨੀ।
ਅਨੀ ਸਿੰਘਾਨ ਕੀ ਹਨੀ,
ਤਖਾਨ ਬਾਢਿ ਜਜੋਂ ਬਨੀ[1] ॥੧੯੭॥ — [1]ਜਿਵੇਂ ਤਖਾਣ (ਬਨੀ) ਜੰਗਲ ਨੂੰ ਵੱਢਦਾ ਹੈ ਤਿਵੇਂ ਸਿੰਘਾਂ ਦੀ (ਅਨੀ) ਫੌਜ ਮਾਰੀ।

ਗਰੱਜ ਰਾਮ ਸਿੰਘ ਜੂ,
ਨਜੀਕ ਢੁੱਕ ਤਾਂਹਿ ਕੇ।
ਉਛਾਰਿ ਸੈਫ ਮਾਰ ਕੈ,
ਸੁਟਜੋ ਤੁਰੰਗ ਢਾਹਿ ਕੇ[1]। — [1]ਉਛਾਲ ਕੇ ਸਿੱਧੀ ਤਲਵਾਰ ਮਾਰ ਕੇ ਘੋੜਾ (ਢਾਹਿ ਕੇ) ਮਾਰ ਕੇ ਸੁੱਟ ਦਿੱਤਾ।

ਭਯੋ ਪਿਛਾਂਹਿ ਸਾਂਹਚੀ,
ਦੁਤੀ ਤੁਰੰਗ ਪੈ ਚੜ੍ਹਯੋ।
ਅਲੀ ਹੁਸੈਨ ਸੱਯਦੈਂ,
ਸੂਦਾਰ ਅੱਗ੍ਰ ਆ ਅੜਜੋ ॥੧੯੮॥
ਚਲੀ ਜੁ ਸੈਫ ਹੈਫ ਕੀ,
ਦੁਹੂੰਨ ਏਕ ਸਾਰ ਹੀ[1]। — [1]ਦੁਹਾਂ ਦੀਆਂ (ਇਕ ਸਾਰ) ਇਕੱਠੀਆਂ ਹੀ (ਹੈਫ਼ ਕੀ) ਸ਼ੋਕ ਦੀਆਂ ਸਿੱਧੀਆਂ ਤਲਵਾਰਾਂ ਚਲੀਆਂ।

ਹਯਾਤਿ ਸੀਵ ਗ੍ਰੀਵ ਤੌ
ਕਟੀ ਸੁ ਏਕ ਬਾਰ ਹੀ[1]। — [1]ਜ਼ਿਦਗੀ ਦੀਆਂ (ਸੀਵ) ਹੱਦਾਂ ਧੌਣਾਂ ਤਾਂ ਦੁਹਾਂ ਦੀਆਂ ਇਕੋ ਵਾਰ ਕੱਟੀਆਂ ਗਈਆਂ।

ਉਠਜੋ ਕਬੰਧ ਸਾਹਿਬੈਂ,
ਗਰੱਜ ਬੰਬ ਕੂਪ ਜਜੋਂ[1]। — [1]ਬੇਦੀ ਸਾਹਿਬਰਾਮ ਸਿੰਘ ਦਾ (ਕਬੰਧ) ਧੜ ਖੂਹ ਦੀ (ਬੰਬ) ਤੇਜ਼ ਜਲ ਧਾਰਾ ਵਾਂਗ ਗੱਜ ਕੇ ਉੱਠਿਆ।

ਨਚਜੋ ਮਹਾਨ ਭਜਾਨਕੈਂ,
ਕ੍ਰਿਪਾਨ ਲੈ ਬਿਰੂਪ ਤਜੋਂ[1] ॥੧੯੯॥ — [1]ਤਿਵੇਂ ਸੁੰਦਰਤਾ ਤੋਂ ਬਿਨਾਂ।
ਭਜਜੋ ਤੁਕਾਨ ਓਰ,
ਬੀਰ-ਭੱਦ੍ਰ ਜਜੋਂ ਦਛੇਸ ਪੈ[1]। — [1]ਜਿਵੇਂ ਦੱਛ ਪ੍ਰਜਾਪਤੀ ਉਪਰ ਬੀਰ ਭੱਦ੍ਰ ਭੱਜ ਕੇ ਪਿਆ ਸੀ।
ਕਿਧੌਂ ਸੁ ਦ੍ਰੌਣ, ਸੈਨ
ਪਾਂਡਵਾਨ ਕੇ ਨਰੇਸ ਪੈ[1]। — [1]ਜਾਂ ਦ੍ਰੋਣਾਚਾਰਜ ਪਾਂਡਵਾਂ ਦੀ ਫੌਜ ਅਤੇ ਉਨ੍ਹਾਂ ਦੇ ਰਾਜੇ ਯੁਧਿਸ਼ਟਰ ਉਪਰ (ਪਿਆ ਸੀ)।

ਧਸਜੋ ਤੁਕਾਨ ਸੈਨ ਮੈਂ,
ਕਸਜੋ[1] ਕਿਤਾਨ ਕੇ ਤਈਂ। — [1]ਮਾਰਿਆ।
ਥਿਰੈ ਨ[1] ਕੋਇ ਅੱਗਰੈ, — [1]ਖੜ੍ਹਦਾ ਨਹੀਂ।
ਲਰੈ ਤੁ ਕੌਨ ਹੂੰ ਅਈ ॥੧੭੦॥
ਦਸ਼ਾ ਬਘਜਾੜ ਇੱਜੜੈਂ,
ਸਮਾਨ ਭੀ ਤੁਕਾਨ ਕੀ[1]। — [1]ਬਘਿਆੜ ਅੱਗੇ ਭੇਡਾਂ ਦੇ ਇੱਜੜ ਵਾਂਗ ਤੁਰਕਾਂ ਦੀ ਹਾਲਤ ਹੋ ਗਈ।

ਚਮੂੰ ਨਿਹਾਰ ਦ੍ਵੈ ਰਹੀ[1], — [1]ਦੋਵੇਂ ਫ਼ੌਜਾਂ ਦੇਖ ਰਹੀਆਂ ਸਨ।
ਸੁ ਬਾਤ ਥੀ ਹਿਰਾਨ ਕੀ।
ਮਰੇ ਕਿਕਾਨ ਜ੍ਵਾਨ ਥੇ
ਪਰੇ ਸੁੱਤੇ ਅਮਿੱਤ ਹੈਂ[1]। — [1]ਮਰੇ ਹੋਏ ਘੋੜੇ ਤੇ ਜਵਾਨ ਬਹੁਤੇ ਸੁੱਤੇ ਪਏ ਹਨ।
ਤਿਨੈ ਬਖੇਰ ਦੀਨ
ਚਾਇ ਚਾਇ, ਇੱਤ ਉੱਤ ਹੈਂ[1] ॥੧੭੧॥ — [1]ਉਨ੍ਹਾਂ ਨੂੰ ਚੁੱਕ ਚੁੱਕ ਕੇ ਏਧਰ ਓਧਰ ਖਿੰਡਾ ਦਿੱਤਾ।
ਟਟੋਰ ਸਾਂਹਚੀ ਤਈਂ,
ਰਹਜੋ ਕਬੰਧ ਭੂਰ ਹੂੰ[1]। — [1](ਕਬੰਧ) ਧੜ ਸਾਂਹਚੀ ਨੂੰ (ਭੂਰ) ਬਹੁਤ ਹੀ (ਟਟੋਰ) ਭਾਲਦਾ ਰਿਹਾ।

ਅਘੋ ਨ ਅੱਗ੍ਰ ਸੋ ਤਬੈ,
ਗਯੋ ਡਰੰਤ ਦੂਰ ਹੂੰ।
ਕਬੰਧ ਕੋ ਲਰੰਤ ਹੇਰਿ
ਔਰ ਸਿੰਘ ਭੀ ਘਨੇ।
ਮਹੀਦ ਸਤ੍ਰੁ ਘਾਇ ਕੈ,
ਸ਼ਹੀਦ ਚਾਇ ਕੈ ਬਨੇ[1] ॥੧੭੨॥ — [1](ਮਹੀਦ) ਬਹੁਤੇ ਵੈਰੀਆਂ ਨੂੰ ਮਾਰ ਕੇ, ਚਾਅ ਨਾਲ ਸ਼ਹੀਦ ਬਣੇ।

ਲਰਜੋ ਕਬੰਧ ਦ੍ਵੈ ਘਰੀ,
ਤਬੈ ਤੁਕਾਨ ਦੂਰ ਸੈਂ[1]। — [1]ਦੂਰੋਂ ਹੀ।
ਕਰਜੋ ਸਮਾਨ ਛਾਨਣੀ,
ਨਰਾਂਚ ਗੋਲੀ ਭੂਰ ਸੈਂ[1]। — [1]ਬਹੁਤੀਆਂ ਗੋਲੀਆਂ ਤੇ (ਨਰਾਂਚ) ਤੀਰਾਂ ਨਾਲ।
ਗਿਰਜੋ ਸੁ ਮਾਥ ਭਾਰ,
ਨਾਥ ਧਜਾਇ ਮਾਰ ਮਾਰ ਕੈ[1]। — [1](ਵੈਰੀਆਂ ਨੂੰ) ਮਾਰ ਮਾਰ ਕੇ (ਨਾਥ) ਮਾਲਕ ਵਾਹਿਗੁਰੂ ਨੂੰ ਯਾਦ ਕਰ ਕੇ ਮੱਥੇ ਦੇ ਭਾਰ ਭਾਵ ਅਗਾਹਾਂ ਨੂੰ ਡਿੱਗਿਆ।

ਸੁਰੈਂ ਨਿਹਾਰਿ[1], ਧੰਨ ਧੰਨ — [1]ਦੇਵਤਿਆਂ ਨੇ ਦੇਖ ਕੇ।

ਕੀਨ ਫੂਲ ਡਾਰ ਕੈ ॥੧੭੩॥
ਬਜਾਇ ਸੰਖ ਦੁੰਦਭੀ,
ਕੁਲਾਹਲੈਂ ਉਛਾਹਿ ਕੈ[1]।

[1]ਸੰਖ ਤੇ ਧੌਂਸੇ ਵਜਾਏ, ਉਤਸ਼ਾਹ ਤੇ (ਕੁਲਾਹਲੈਂ) ਖ਼ੁਸ਼ੀ ਦਾ ਡੰਡਰੌਲਾ ਕੀਤਾ।

ਚਢਾਇ ਕੈ ਬਿਵਾਨ ਪੈ,
ਚਲੇ ਲਵਾਇ ਚਾਹਿ ਕੈ[1]।

[1](ਚਾਹਿ ਕੈ) ਖ਼ੁਸ਼ੀ ਨਾਲ (ਲਵਾਇ) ਨਾਲ ਲੈ ਕੇ ਚੱਲੇ।

ਭਯੋ ਪ੍ਰਕਾਸ਼ ਨੱਭ[1] ਮੈਂ,

[1]ਅਕਾਸ਼।

ਨਿਹਾਰ[1] ਸੱਭ ਹੀ ਰਹੇ।

[1]ਦੇਖ।

ਉਚਾਰ ਸਿੰਘ ਵਾਹਿ ਵਾ,
ਤੁਰਕ ਸਦਾਫਰੀਂ ਕਹੇਂ[1] ॥੧੭੪॥

[1]ਸਿੰਘ ਤਾਂ ਵਾਹ ਵਾਹ ਕਹਿੰਦੇ ਹਨ ਤੇ ਤੁਰਕ ਸੌ ਵਾਰ ਸਾਬਾਸ਼ ਕਹਿੰਦੇ ਹਨ।

ਸੁਰਾਗਨਾਂ[1] ਚਲੀ,

[1]ਅਪੱਛਰਾਂ।

ਕਰੰਤ ਨਾਚ ਅੱਗ੍ਰ ਗਾਵਤੀ।
ਦਿਖਾਇ ਹਾਵ ਭਾਵ ਸੋ,
ਅਦਾਇ ਕੈ ਰਿਝਾਵਤੀ[1]।

[1](ਅਦਾਇ ਕੈ) ਕਈ ਢੰਗਾਂ ਦੇ (ਹਾਵ ਭਾਵ) ਨਖਰੇ ਦਿਖਾ ਕੇ ਪ੍ਰਸੰਨ ਕਰਦੀਆਂ ਹਨ।

ਪਿਖਯੋ ਨ ਕਾਂਹਿ ਓਰ,
ਕਾਮ ਭਾਵ ਸੈਂ ਗੁਰੰਸ ਜੌਂ।
ਪੁਚਾਇ ਸੱਚਖੰਡ,
ਦੇਵ ਹੂੰ ਫਿਰੇ ਪ੍ਰਸੰਸ ਤੌਂ[1] ॥੧੭੫॥

[1]ਤਾਂ ਉਸਤਤੀ ਕਰਦੇ ਹੋਏ ਦੇਵਤੇ ਮੁੜ ਆਏ।

ਜਹਾਂ ਨ ਦੂਖ ਭੂਖ ਸੋਕ
ਮਾਯਕੈ[1] ਬਿਆਪ ਹੈ[2]।

[1]ਮਾਇਕੀ। [2]ਨਹੀਂ ਪੋਂਹਦਾ।

ਸਦਾ ਮਨਿੱਛ ਭੋਗ ਥੈ[1]

[1]ਹਨ।

ਪ੍ਰਮਾ ਅਨੰਦ ਜਾਪ ਹੈ।
ਕਰਯੋ ਜੁ ਐਸ ਕਾਮ,
ਰਾਮ ਸਿੰਘ ਬੇਦੀ ਸਾਹਿਬੈਂ।
ਦਸੋਂ ਗੁਰੈਂ ਢਿਗੈਂ ਬਸੋ,
ਅਬੈ ਲੌਂ ਹੈ ਮੁਸਾਹਿਬੈਂ[1] ॥੧੭੬॥

[1]ਮੁਸਾਹਿਬ=ਸੁਹਬਤ ਵਿੱਚ ਰਹਿਣ ਵਾਲਾ, ਸਾਥੀ, ਪਾਰਖਦ।

ਮਨੰਤ ਧਜਾਇ ਤਾਂਹਿ ਜੋ,
ਲਹੰਤ ਚਾਰ ਸੋ ਫਲੈਂ।
ਅਬੈ ਸੁਨੈਂਹੁ ਰੰਗ ਭੂਮਿ

ਜੰਗ ਕੇਰ ਹੂੰ ਭਲੈ[1]।

[1](ਲਹੂ ਨਾਲ) ਚੰਗੀ ਤਰ੍ਹਾਂਰੰਗੀ ਹੋਈ ਜੰਗ ਦੀ (ਧਰਤ) ਦੀ ਹੁਣ (ਕਥਾ) ਸੁਣਾਉਂਦੇ ਹਾਂ।

ਥਏ ਸ਼ਹੀਦ ਰਾਮ ਸਿੰਘ,
ਆਦਿ ਸਿੰਘ ਭੂਰ ਜੇ।
ਹੁਤੇ ਲੜਾਕੁ ਬਾਂਕੁਰੇ,
ਚਲਾਕ ਬੀਰ ਸੂਰ ਸੇ[1] ॥੧੭੭॥

[1](ਸੇ) ਉਹ ਸੂਰਬੀਰ ਸਨ।

ਰਹੰਤ ਅੱਗ੍ਰ ਪੰਥ ਕੇ,
ਲਰੰਤ ਜਾਨ ਤੋਰ ਕੈ।
ਮਰੇ ਨਿਹਾਰਿ ਸੋ, ਅਰੀ
ਲਰੇ ਪੁਨਾਹਿ ਜੋਰ ਕੈ।
ਹੱਲਾ ਕਰਾਇ ਸਾਂਹਚੀ,
ਥਵਾਇ ਅੱਗ੍ਰ ਆਪ ਹੈ।
ਕਰਜੋ ਬਿਹਾਲ[1] ਮਾਰ ਕੈ,
ਸਿੰਘਾਨ ਕੋਂ ਅਮਾਪ[1] ਹੈ ॥੧੭੮॥

[1]ਵਿਆਕੁਲ।
[1]ਬਹੁਤਾ।

ਅਤੀਵ ਜੰਗ ਘੋਰ ਕੀਨ,
ਸ਼ੋਰ ਜੋਰ ਲਾਇ ਕੈ।
ਛੁਡਾਇ ਲੀਨ ਮੋਰਚਾ,
ਸਿੰਘਾਨ ਕੋਂ ਭਗਾਇ ਕੈ[1]।

[1]ਭਜਾ ਕੇ।

ਥਏ ਕੁਖੱਟੇ ਦਾਂਤ ਤੌਂ,
ਗਏ ਛਿ ਛੱਕੇ ਛੂਟ ਹੈਂ[1]।

[1]ਤਦੋਂ ਤੁਰਕਾਂ ਦੇ ਬਹੁਤੇ ਦੰਦ ਖੱਟੇ ਹੋ ਗਏ ਅਤੇ ਛੇ ਛੱਕੇ ਛੁੱਟ ਗਏ। (ਦੰਦ ਖੱਟੇ ਹੋਣੇ- ਦੋਬਾਰਾ ਜੰਗ ਕਰਨ ਦੀ ਹਿੰਮਤ ਨਾਰਹਿਣੀ। ਛੱਕੇ ਛੁੱਟਣੇ- ਪੰਜ ਗਿਆਨ ਇੰਦ੍ਰੀਆਂ ਤੇ ਛੇਵੇਂ ਮਨ ਦਾ ਕਰਮ ਛੁੱਟਣਾ। ਸੁੱਧ ਬੁੱਧਿ ਦਾ ਮਿਟ ਜਾਣਾ, ਹੋਸ਼ ਹਵਾਸ਼ ਟਿਕਾਣੇ ਨਾਰਹਿਣੇ।)

ਭਏ ਗਰੂਰ ਦੂਰ ਹੂੰ,
ਪਏ ਪਿਛਾਂਹਿ ਹੂਟ ਹੈਂ[1] ॥੧੭੯॥

[1]ਹੰਕਾਰ ਦੂਰ ਹੋ ਗਏ ਤੇ (ਹੂਟ) ਥੱਕ ਕੇ ਪਿਛਾਹਾਂ ਨੂੰ ਚੱਲ ਪਏ।

ਦੋਹਰਾ:
ਬਡੀ ਫਜਰ[1] ਰਣ ਮਚਜੋ ਥਾ,
ਰਹਜੋ ਦਿਵਸ ਲਘੁ[1] ਆਇ।
ਮਰੇ ਅਧਿਕ ਜ਼ਖਮੀ ਭਏ,

[1]ਵੱਡੇ ਸਵੇਰੇ।
[1]ਛੋਟਾ ਜਿਹਾ ਦਿਨ।

ਥਕਤ ਪਏ ਦੁਖ ਪਾਇ ॥੧੯੦॥
ਠਿਸਕ ਮਾਨਿ ਨਿਜ ਫਿਸਕ ਸਿੰਘ,
ਖਿਸਕ ਚਲੇ ਤਬਿ ਭੂਰ[1]।

[1](ਜਦੋਂ) ਆਪਣੀ (ਠਿਸਕ) ਹਾਰ ਮੰਨ ਕੇ (ਫਿਸਕ) ਢਿੱਲੇ ਹੋ ਕੇ (ਭੂਰ) ਬਹੁਤੇ ਸਿੰਘ ਖਿਸਕ ਚੱਲੇ।

ਰਿਸਿ ਸਰਦਾਰਨ ਤਿਸ ਸਮੇ,
ਰੋਕੇ ਮਿਸ ਕਰਿ ਘੂਰਿ[1] ॥੧੯੧॥

[1](ਮਿਸ) ਬਹਾਨੇ ਕਰ ਕੇ ਤੇ ਘੂਰ ਕੇ।

ਚੌਪਈ:
ਜੱਸਾ ਸਿੰਘ ਆਦਿਕ ਸਰਦਾਰੈਂ।
ਅੱਸ੍ਰ ਦੁੜਾਇ ਦੁੜਾਇ ਅਪਾਰੈਂ।
ਹਾਥ ਜੋਰਿ ਸਭਿ ਪੰਥ ਅਗਾਰੀ।
ਬਾਰ ਬਾਰ ਇਮ ਕਹੈਂ ਉਚਾਰੀ ॥੧੯੨॥
ਅਹੋ ਖਾਲਸਾ ਜੇ ਅਬਿ ਦੌਰੈਂ।
ਛੋਡਹਿੰਗੇ ਨਹਿਂ ਅਰਿ ਕਿਸਿ ਠੌਰੈਂ।
ਮੁਲਕ ਸੰਭਾਲ ਸੱਤ੍ਰ ਸਭਿ ਲੈਹੈਂ।
ਤੁਮੈਂ ਸ-ਹਿੰਦੈਂ[1] ਤੁਰਕ ਬਨੈ ਹੈਂ ॥੧੯੩॥

[1]ਸਣੇ ਹਿੰਦੂਆਂ ਦੇ।

ਪਾਰੋ[1] ਸਿੰਘ ਨਾਮ ਕੀ ਲਾਜੈਂ।

[1]ਪਾਲੋ।

ਸਮਰਜੋ ਨਾਂਹਿ ਬਿਗਾਰੋ ਕਾਜੈਂ[1]।

[1]ਬਣਿਆਂ ਹੋਇਆਂ ਕੰਮ ਨਾ ਵਿਗਾੜੋ।

ਜੀਤੀ ਬਾਜੀ ਅਬਿ ਨਹਿਂ ਹਾਰੋ।
ਸ੍ਰੀ ਕਲਗੀਧਰ ਤਈਂ ਚਿਤਾਰੋ ॥੧੯੪॥
ਬਿਬਿਧਾ[1] ਇਮ ਕਹਿ ਧੀਰ ਧਰੈ ਕੈ।

[1]ਅਨੇਕ ਤਰ੍ਹਾਂ।

ਪਾਂਚ ਸਿੰਘਨ ਕੋ ਖੜ੍ਹੇ ਕਰੈ ਕੈ।
ਗੁਰੁ ਆਗੇ ਅਰਦਾਸ ਕਰਾਈ।
ਦੀਨ ਹੋਇ ਬਹੁ ਬਿਨੈ ਅਲਾਈ ॥੧੯੫॥
ਅਹੋ ਕ੍ਰਿਪਾਲ ਬਿਸਾਲ ਪ੍ਰਤਾਪੀ।
ਸੁਰਗਨ-ਪਾਰਕ ਅਸੁਰਨ ਖਾਪੀ।
ਸਰਬ ਸ਼ਕਤਿ ਯੁਤ ਭਗਤਨ ਪਜਾਰੈਂ।
ਕਰੁਨਾ ਸਿੰਧੁ ਦੀਨ ਬੰਧੁ ਭਾਰੈਂ[1] ॥੧੯੬॥

[1]ਕਿਰਪਾ ਦੇ ਸਮੁੰਦਰ ਤੇ ਗ਼ਰੀਬਾਂ ਦੇ ਭਾਰੀ (ਬੰਧੁ) ਸਬੰਧੀ।

ਭੀਰ ਪਰੀ ਦਾਸਨ ਕੋ ਜਹਿਂ ਜਹਿਂ।
ਰੱਖਜਾ ਕਰੀ ਅਨਿਕਧਾ ਤਹਿਂ ਤਹਿਂ।
ਲਾਜ ਬਿਰਦ ਨਿਜ ਕੇਰ ਨਿਬਾਹੀ[1]।

[1]ਆਪਣੇ (ਬਿਰਦ) ਸਿੱਖ ਦੀ ਲਾਜ ਨਿਭਾਈ।

ਬੇਦ ਸੰਤ ਜਗ ਦੇਤ ਗਵਾਹੀ ॥ ੧੮੭ ॥

ਦਸ ਬਪੁ ਪੂਰਾ ਧਰੇ ਤੁਮ ਜੈਸੇ[1]। — [1]ਜਿਵੇਂ ਤੁਸਾਂ (ਪੂਰਾ) ਪਹਿਲੇ (ਦਸ ਅਵਤਾਰ ਰੂਪ) ਦਸ ਸਰੂਪ ਧਾਰੇ ਸਨ।

ਗੁਰੁ ਦਸ ਭਏ ਕਲੀ ਮੈਂ ਤੈਸੇ।

ਬਾਂਧਯੋ ਪਾਜ ਨਾਮ, ਭਵ ਪਰ ਹੈ[1]। — [1](ਭਵ) ਸੰਸਾਰ (ਸਮੁੰਦਰ) ਉਪਰ ਨਾਮ ਦਾ (ਪਾਜ) ਪੁਲ਼ ਬੰਨ੍ਹਿਆ।

ਅਨਗਨ ਜਿਹ ਆਸ੍ਰਿਤ ਜਨ ਤਰ ਹੈਂ ॥ ੧੮੮ ॥

ਹੇਤ ਮਲੇਛ ਭੇਛ ਜਰ ਪਾਟਨ[1]। — [1]ਮਲੇਛਾਂ ਦੀ (ਭੇਛ) ਕੌਮ ਦੀ ਜੜ੍ਹ ਪੁੱਟਣ ਵਾਸਤੇ।

ਕੀਨੋ ਪੰਥ ਖਾਲਸਾ ਠਾਟਨ[1]। — [1]ਰਚਣਾ, ਸਾਜਣਾ, ਬਨਾਉਣਾ।

ਅਬਿ ਮਲੰਛ ਬਲ ਪਾਵਨ ਚੈਹੈਂ।

ਕੀਜੈ ਦੂਰ ਇਨੈ ਅਬਿ ਕੈਹੈਂ[1] ॥ ੧੮੯ ॥ — [1]ਕਹਿੰਦੇ ਹਾਂ।

ਗਰਬ[1] ਸਰਬ ਸਿੰਘਨ ਕੇ ਹਾਰੇ। — [1]ਅਭਿਮਾਨ, ਹਉਮੈ।

ਤੁਮ ਬਿਨੁ ਰੱਖਕ ਕੋ ਨ ਨਿਹਾਰੇ।

ਅਰ ਤੁਮ ਬਚਨ ਉਚਾਰੇ ਐਹੈਂ।

ਸਵਾ ਲਾਖ ਸਿਉਂ ਏਕ ਲਰੈ ਹੈਂ ॥ ੧੯੦ ॥

ਚਿੜੀਅਨ ਤੈ ਹਮ ਬਾਜ ਤੁੜੈ ਹੈਂ।

ਬਾਘੈਂ[1] ਬਕਰਜੋਂ ਤੇ ਮਰਵੈ ਹੈਂ। — [1]ਸ਼ੇਰਾਂ ਨੂੰ।

ਬਚਨ ਸਫਲ ਇਹ ਤਬਿ ਹੀ ਥੈਹੈਂ।

ਅਬਿ ਕੇ ਜੀਤ ਜੁ ਹਮੈਂ ਦਿਲੈ ਹੈਂ ॥ ੧੯੧ ॥

ਪੁਨ ਜਿਸ ਕੇ ਕੂਕਰ ਕੋ ਮਾਰੈਂ।

ਨਾਮ ਖਸਮ ਕੇ ਆਵਤ ਗਾਰੈਂ।

ਜਗ ਮੈਂ ਬਾਤ ਚਲਹਿ ਇਹੁ ਸਾਰੇ।

ਸਿੱਖ ਗੁਰੂ ਦਸਮੇਂ ਕੇ ਹਾਰੇ ॥ ੧੯੨ ॥

ਪਾਲਹੁ ਲਾਜ ਬਿਰਦ[1] ਸੰਭਾਰੋ। — [1]ਧਰਮ, ਸੁਭਾਵ।

ਵਖਤ ਪਰਜੋ ਅਬਿ ਪੰਥੈਂ ਭਾਰੋ।

ਅੰਤਰਜਾਮੀ ਸੁਬਗ ਸ੍ਵਾਮੀ।

ਸਰਬ ਸ਼ਕਤਿ-ਮਤਿ[1] ਘਟਿ ਘਟਿ ਗਾਮੀ[2] ॥ ੧੯੩ ॥ — [1]ਸ਼ਕਤੀ ਵਾਲੇ। [2]ਗਮਨ ਕਰਨ ਵਾਲੇ ਵਿਚਰਨ ਵਾਲੇ।

ਦੇਖ ਦੀਨਤਾ ਸਿੰਘਨ ਕੇਰੀ।

ਕਲਗੀਧਰ ਨਭ ਬਾਨੀ ਟੇਰੀ[1]। — [1]ਅਕਾਸ਼ ਬਾਣੀ ਕਹੀ।

ਅਹੋ ਖਾਲਸਾ ਤੁਮ ਜੈ ਪਾਵੋ।

ਸਮੁਖ ਸੱਤ੍ਰ ਹ੍ਵੈ ਜੰਗ ਮਚਾਵੋ ॥੧੯੪॥
ਏਹੁ ਹੁਕਮ ਸੁਨਿ ਸਿੰਘ ਹੁਲਸਾਏ[1]। — [1]ਉਤਸ਼ਾਹ ਸਹਿਤ ਹੋਏ।
ਝਟ-ਪਟ ਘਨ ਘਟ ਜਯੋਂ ਉਮਡਾਏ[1]। — [1]ਬੱਦਲ ਦੀ ਘਟਾ ਵਾਂਗ ਉੱਛਲ ਕੇ ਆਏ।
ਕੇਚਿਤ ਸਿਦਕੀ ਸਿੰਘਨ ਤਾਏਂ।
ਦਰਸ਼ਨ ਦਸਮ ਗੁਰੂ ਕੇ ਥਾਏ ॥੧੯੫॥
ਗੁਪਤ ਸ਼ਹੀਦੀ ਸੈਨ ਅਪਾਰੀ।
ਨ੍ਰਿਖੀ[1] ਨੱਭ ਮੈਂ ਗੁਰੂ ਪਿਛਾਰੀ। — [1]ਦੇਖੀ।
ਸਤ੍ਰੁਨ ਦਿਸ ਸਿੰਘਨ ਕਿਯ ਹੱਲਾ।
ਬੋਲਿ ਅਕਾਲ ਅਕਾਲ ਅਵੱਲਾ[1] ॥੧੯੬॥ — [1]ਅਣੋਖਾ (ਜੈਕਾਰਾ)।
ਤੜ ਤੜ ਤੁੱਪਕ ਤੜਕ ਸਮਾਨੈ[1]। — [1]ਬੰਦੂਕਾਂ ਬਿਜਲੀ ਵਾਂਗ ਤੜ ਤੜ ਸ਼ਬਦ ਕਰਦੀਆਂ ਹਨ।
ਕੜ ਕੜ ਕੜਕੀ ਕਹਿਰ ਕਮਾਨੈਂ[1]। — [1]ਕਮਾਨਾਂ ਕੜ ਕੜ ਸ਼ਬਦ ਕਰ ਕੇ ਕਹਿਰ ਦੀਆਂ ਕੜਕੀਆਂ।
ਸੜ ਸੜ ਸਰ ਤਜਿ ਗੜ ਗੜ ਗੋਲੀ[1]। — [1]ਤੀਰ ਸੜ ਸੜ ਸ਼ਬਦ ਕਰ ਕੇ ਤੇ ਗੋਲੀਆਂ ਗੜ ਗੜ ਸ਼ਬਦ ਕਰ ਕੇ ਛੱਡਦੇ ਹਨ।
ਬਰਖੇ ਸਰਖੇ ਮੇਂਹ ਅਤੋਲੀ[1] ॥੧੯੭॥ — [1]ਬਹੁਤੇ ਮੀਂਹ (ਸਰਖੇ) ਵਾਂਗ ਬਰਖਾ ਹੋਈ।
ਸੈਫ ਸੈਹਥੀ ਸੇਲ ਸਰੋਹੀ[1]। — [1]ਸਿੱਧੀਆਂ ਤਲਵਾਰਾਂ, ਬਰਛੀਆਂ, ਬਰਛੇ ਤੇ ਸਿਰੋਹੀ ਨਗਰ ਦੀਆਂ ਬਣੀਆਂ ਤਲਵਾਰਾਂ।
ਚਲੀ ਅਪਾਰੈਂ ਗੁਰਜੈਂ ਛੌਹੀ[1]। — [1]ਛਵ੍ਹੀਆਂ।
ਘਾਣ ਖਾਲਸੇ ਸੱਤ੍ਰੈਂ ਲਾਹੇ।
ਸੰਮੁਖ ਖਲੇ ਨ ਚਲੇ ਪਲਾਹੇ[1] ॥੧੯੮॥ — [1]ਨੱਠ ਚੱਲੇ।
ਮਨੀ ਸਿੰਘ ਕਾ ਹੁਤੋ ਭਤੀਜਾ।
ਸਿੰਘ ਥਰਾਜ ਭੀਮ ਜਨ ਬੀਜਾ[1]। — [1]ਜਾਣੋ ਦੂਜਾ ਭੀਮ ਸੈਨ ਸੀ।
ਰਹਿਤ ਖੁਸ਼ਾਲ ਸਿੰਘ ਕੇ ਸੰਗੈਂ।
ਹਤਤੋ[1] ਸੱਤ੍ਰ ਅਧਿਕ ਮਧ ਜੰਗੈਂ ॥੧੯੯॥ — [1]ਮਾਰਦਾ।
ਥੀ ਭਰਨਾਲ[1] ਤਾਂਹਿ ਪੈ ਭਾਰੀ। — [1]ਬੰਦੂਕ।
ਆਧਕ ਸੇਰ ਬਰੂਦ ਸੁ ਡਾਰੀ।
ਗੁਲਕਾ ਦੋਇ ਠੋਕ ਕੈ ਕਸੀ।
ਨਿਸਚੇ ਬਾਤ ਏਹੁ ਮਨ ਬਸੀ ॥੨੦੦॥
ਫਟ ਬੰਦੂਕ ਕੈ ਹਮ ਸ਼ਹੀਦ ਹ੍ਵੈਂ।
ਕੈ[1] ਪ੍ਰਬਲ ਅਰਿ ਕੀ ਰਸੀਦ ਹ੍ਵੈ[2]। — [1]ਜਾਂ। [2]ਛੁੱਟੀ ਹੋ ਜਾਵੇਗੀ ਭਾਵ ਮੌਤ ਹੋ ਜਾਵੇਗੀ।
ਮਢਜੋ ਫੁਲਾਦ ਹੁਤੋ ਅਤਿ ਵਾਹੈ।

ਯਾਂ ਤੈਂ ਘਾਵ ਨ ਪਰਤੋ ਤਾਂਹੈਂ ॥੨੦੧॥	
ਸਿੰਘ ਥਰਾਜ ਗੁਰੁ ਧਜਾਨ ਧਰੈ ਕੈ।	
ਨਿਕਟਿ ਸਾਂਹਚੀ ਪਜਾਨ ਕਰੈ ਕੈ[1]।	[1]ਜਾ ਕੇ।
ਧਰ ਕਰ ਪਰ ਝਟ ਦਈ ਡੰਬੈ ਹੈ[1]।	[1]ਹੱਥ ਉੱਪਰਰੱਖ ਕੇ ਝੱਟ ਹੀ ਚਲਾ ਦਿੱਤੀ।
ਸੁਟਜੋ ਉਥੱਲ ਅੱਸੂ ਪਰ ਤੈ ਹੈ[1] ॥੨੦੨॥	[1]ਘੋੜੇ ਉੱਪਰੋਂ ਉਲਟਾ ਕੇ ਸੁੱਟ ਦਿੱਤਾ।
ਮਨੋ ਬੀਜਰੀ ਗਿਰ-ਸਿਰ ਤੋਰਾ[1]।	[1]ਜਾਣੋ ਬਿਜਲੀ ਨੇ ਪਹਾੜ ਦਾ ਟਿੱਲਾ ਤੋੜ ਦਿੱਤਾ ਹੈ।
ਕਿਧੋਂ ਮੁਕਟ ਤੁਰਕਨ ਗੁਰੁ ਫੋਰਾ[1]।	[1]ਜਾਂ ਗੁਰਾਂ ਨੇ ਤੁਰਕਾਂ ਦਾ ਤਾਜ ਫੋੜ ਦਿੱਤਾ ਹੈ।
ਅੱਸੂ ਕੁਦਾਇ ਸਿੰਘ ਤਿਸ ਪਾਂਹੈ[1]।	[1]ਪਾਸ।
ਸਟਪਟ[1] ਜਾਇ ਸੈਫ ਨਿਜ ਬਾਹੈ[2] ॥੨੦੩॥	[1]ਛੇਤੀ। [2]ਆਪਣੀ ਤਲਵਾਰ ਵਾਹ ਕੇ।
ਮੁੰਡ[1] ਖਾਨ ਕਾ ਲਾਹਿ ਉਠਾਯੋ।	[1]ਸਿਰ।
ਸਿੰਘ ਘੁਮਾਰ ਚੱਕ ਤੈ ਮਟ[1] ਲਾਹਜੋ।	[1]ਵੱਡਾ ਘੜਾ।
ਬੋਲਿ ਸਿੰਘ ਨੈਂ ਉਚ ਜਿਕਾਰਾ।	
ਨਿਜ ਸਰਦਾਰੈਂ ਲਜਾਇ ਦਿਖਾਰਾ ॥੨੦੪॥	
ਦੋਹਰਾ:	
ਜਬੈ ਸਾਂਹਚੀ ਰਣਿ ਹਤਜੋ,	
ਬਢਜੋ ਸਿੰਘਨ ਉਤਸ਼ਾਹਿ।	
ਭੂਲੀ ਸਾਤੋਂ ਸੁਧ[1] ਤੁਰਕੈਂ,	[1]ਸੱਤ ਸੁੱਧਾ- ਧੀਰਜ, ਬੁਧਿ ਬਿਬੇਕ, ਬਲ, ਗਤੀ, ਮਿਤ, ਔਸਰ ਬਾਤ।
ਝੂਲੀ ਮ੍ਰਿਤੁ ਸਿਰਿ ਤਾਂਹਿ ॥੨੦੫॥	
ਚੌਪਈ:	
ਉਡੇ ਹਵਾਸ[1] ਹੁਲਾਸ[2] ਪਠਾਨੈਂ।	[1]ਹੋਸ਼, ਅਕਲ। [2]ਉਤਸ਼ਾਹ।
ਪਰਜੋ ਮੂੰਡ ਜਨੁ ਆਬ ਮਸਾਨੈ[1]।	[1]ਜਾਣੋ ਸਿਰ ਤੇ (ਮਸਾਣ) ਮੁਰਦੇ ਦਾ ਪਾਣੀ ਪੈ ਗਿਆ ਹੈ।
ਤ੍ਰਾਸ ਖਾਸ ਦਿਯ ਦਲ ਅਸਮਾਨੀ[1]।	[1]ਅਸਮਾਨੀ ਫੌਜਾਂ ਭਾਵ ਸ਼ਹੀਦੀ ਫੌਜਾਂ ਨੇ (ਖ਼ਾਸ) ਆਪਣਾ ਡਰ ਦਿੱਤਾ।
ਸੁਟੇ ਪਛਾਰ ਅਪਾਰ ਦੁਰਾਨੀ ॥੨੦੬॥	
ਅਤਿ ਭੈ ਭੀਤ ਪੀਤ ਮੁਖ ਜਾਪੈਂ[1]।	[1]ਬਹੁਤੇ ਡਰ ਨਾਲ ਡਰਿਆਂ ਹੋਇਆਂ ਦੇ ਮੂੰਹ ਪੀਲੇ ਜਾਪਦੇ ਹਨ।
ਗਿਰ ਗਿਰ ਪਰਤ ਧਰਤ ਪਰ ਆਪੈਂ।	
ਤੇਗ ਬੇਗ ਸਿੰਘਨ ਤਬਿ ਬਾਹੀ।	
ਘਾਨ ਪਠਾਨਨ ਕੇ ਦਏ ਲਾਹੀ ॥੨੦੭॥	
ਚਲੇ ਭਾਗ ਬਿਚਲਜੋ[1] ਦਲ ਐਸੇ।	[1]ਖਿੰਡ ਗਿਆ।

ਗਜ ਗਨ[1] ਝਪਟ ਸ਼ੇਰ ਤੈ ਜੈਸੇ। — [1]ਬਹੁਤੇ ਹਾਥੀ।

ਛੱਕੇ ਛੁਟੇ ਦਾਂਤ ਭਏ ਖੱਟੇ।

ਝੂਰਨ ਤੂਰਨ[1] ਪੀਛੇ ਹੱਟੇ ॥੨੦੮॥ — [1]ਝੂਰਦੇ ਹੋਏ ਛੇਤੀ।

ਕਾਯਰ ਸੁਭਟ ਭਏ ਸਮ ਏਕੈਂ[1]। — [1]ਇਕੋ ਜਿਹੇ।

ਠਹਿਰ ਗਹਿਰ[1] ਕੋ ਲਰਜੋ ਨ ਨੇਕੈਂ[2]। — [1]ਤਕੜਾ ਹੋ ਕੇ। [2]ਚੰਗੀ ਤਰ੍ਹਾਂ।

ਬਿਨ ਬਜੰਤ੍ਰੀ ਨਚਤ ਨ ਨਾਚਾ।

ਕੇਵਟ[1] ਬਿਨ ਜਹਾਨ ਜਿਮ ਕਾਚਾ[2] ॥੨੦੯॥ — [1]ਮਲਾਹ। [2]ਨਿਕੰਮਾ ਹੈ।

ਥਾਇ ਨ ਸਜਾਪਾ ਬਿਨ ਉਲਾਹਨੀ[1]। — [1]ਅਲਾਹਣੀਆਂ (ਦੇਣ ਵਾਲੀ ਨਾਇਣ ਜਾਂ ਮਿਰਾਸਣ) ਤੋਂ ਬਿਨਾਂ ਸਿਆਪਾ ਨਹੀਂ ਹੁੰਦਾ।

ਬਿਨ ਅਫਸਰ ਹ੍ਵੈ ਤੈਸ ਬਾਹਨੀ[1]। — [1]ਫੌਜ।

ਭਾਗੇ ਗਿਲਜੇ ਸਿੰਘਨ ਅਗਾਰੀ।

ਗੋਧਨ ਮ੍ਰਿਗ ਜਿਮ ਬਾਘ ਨਿਹਾਰੀ[1] ॥੨੧੦॥ — [1]ਜਿਵੇਂ ਸ਼ੇਰ ਨੂੰ ਦੇਖ ਕੇ (ਗੋਧਨ) ਗਊਆਂ ਦਾ ਵੱਗ ਤੇ ਹਰਨ।

ਇਕ ਸਿੰਘ ਆਗੇ ਸੌ ਸੌ ਭਾਗੇ।

ਗਾਡਰ ਜੈਸ ਗਡਰੀਏ ਆਗੇ[1]। — [1]ਜਿਵੇਂ ਭੇਡਾਂ ਚਰਾਣ ਵਾਲੇ ਦੇ ਅੱਗੇ ਭੇਡਾਂ।

ਬਨ ਕੇਲੇ ਕੋ ਬਾਢੀ ਜੈਸੇ[1]। — [1]ਜਿਵੇਂ ਤਖਾਣ ਕੇਲਿਆਂ ਦੇ ਬਗੀਚੇ ਨੂੰ (ਵੱਢਦਾ ਹੈ।)

ਬਢੈਂ ਸਿੰਘ ਗਿਲਜਜੋਂ ਕੋ ਤੈਸੇ ॥੨੧੧॥

ਦਸਕ ਕੋਸ ਲੌ ਦਲ ਤੁਰਕਾਨੀ।

ਦੁਵਿਧਾ ਸਿੰਘਨ ਕੀਨੋ ਫਾਨੀ[1]। — [1]ਦੋ ਤਰ੍ਹਾਂ ਦੇ ਸਿੰਘਾਂ ਨੇ ਇਕ ਖ਼ਾਲਸੇ ਤੇ ਦੂਜੇ ਸ਼ਹੀਦੀ ਫ਼ੌਜਾਂ ਨੇ ਨਾਸ਼ ਕੀਤਾ।

ਜਹਾਂ ਜਾਂਹਿ ਸਿੰਘ ਤਹਾਂ ਨਿਹਾਰੈਂ[1]। — [1]ਜਿੱਥੇ ਤੁਰਕ ਜਾਂਦੇ ਹਨ ਉੱਥੇ ਹੀ ਉਨ੍ਹਾਂ ਨੂੰ ਸਿੰਘ ਦਿਸਦੇ ਹਨ।

ਪਰੇ ਅਧਰਮੇ ਤੁਰਕ ਅਪਾਰੈਂ ॥੨੧੨॥

ਤੁੰਮੇ ਪਰੇ ਦਲ-ਮਲੇ ਭਾਰੈਂ[1]। — [1]ਜਿਵੇਂ ਵੱਡੇ ਵੱਡੇ ਤੁੰਮੇ ਦਲੇ ਮਲੇ ਪਏ ਹੁੰਦੇ ਹਨ।

ਦੀਨ ਹੋਇ ਵਹ ਐਸ ਉਚਾਰੈਂ।

ਆਗੇ ਹੀ ਤੁਮਰੇ ਬਹੁ ਭਾਈ।

ਮਾਰ ਪੀਟ ਗਏ ਡਾਰ ਇਥਾਂਈ ॥੨੧੩॥

ਅੰਮ੍ਰਿਤਸਰ ਕੀ ਕਸਮ ਤੁਮੈਂ ਹੈ।

ਬਖਸ਼ੋ ਜਾਨ ਇਮਾਨ ਹਮੈਂ ਹੈ[1]। — [1]ਸਾਡਾ ਧਰਮ।

ਹਮ ਅਰ ਹਮਰੀ ਸੰਤਤਿ ਜੇ ਹ੍ਵੈ[1]। — [1]ਜੇ ਸਾਡੀ ਉਲਾਦ ਹੋਵੇਗੀ।

ਏਸ ਦੇਸ ਫਿਰ ਕਬੀ ਨ ਐਹੈ ॥੨੧੪॥

ਸੁਨਿ ਸਿੰਘ ਤਰਸ-ਗਾਰ ਤਜ ਦੈਹੈਂ[1]। — [1]ਤਰਸਵਾਨ ਹੋ ਕੇ ਛੱਡ ਦੇਂਦੇ ਹਨ।

ਆਯੁਧ ਅੱਸ੍ਰ ਛੀਨ ਤਿਨ ਲੈਹੈਂ।
ਦਰਦ ਨ ਜਿਨੈਂ ਸੁ ਗਰਦਨ ਮਾਰੈਂ[1]।

[1]ਜਿਨ੍ਹਾਂ ਨੂੰ ਤਰਸ ਨਹੀਂ ਆਉਂਦਾ ਉਹ ਧੌਣਾਂ ਤੇ (ਤਲਵਾਰਾਂ) ਮਾਰ (ਕੇ ਕੱਟ) ਦੇਂਦੇ ਹਨ।

ਧਾਰਨਿ ਸੱਤ੍ਰੈਂ ਮਾਰਿ ਨਸਾਰੈਂ[1] ॥੨੧੫॥

[1](ਤਲਵਾਰਾਂ ਦੀ) (ਧਾਰਨਿ) ਧਾਰਾ ਨਾਲ ਵੈਰੀਆਂ ਨੂੰ ਮਾਰ ਕੇ (ਨਸਾਰੈਂ) ਨਾਸ਼ ਕਰ ਦੇਂਦੇ ਹਨ। (ਅ) (ਨਸਾਰੈਂ) ਨਸਾ ਦੇਂਦੇ ਹਨ, (ੲ) ਨਿਬੇੜ ਦੇਂਦੇ ਹਨ।

ਜੇਹਲਮ ਲੌ ਪਾਛੇ ਸਿੰਘ ਗਏ।
ਮਾਰਿ ਸਥਾਰ[1] ਅਪਾਰ ਕਰਏ।

[1]ਢੇਰ।

ਹੱਥ ਮੱਥ ਸੱਥਲ ਪਗ ਤੈਹੈਂ[1]।

[1]ਹੱਥਾਂ, ਮੱਥਿਆਂ, ਪੱਟਾਂ ਤੇ ਪੈਰਾਂ ਨਾਲ।

ਰੁੰਡ ਮੁੰਡ ਤੁੰਡ ਝੁੰਡ ਯੁਤੈ ਹੈਂ[1] ॥੨੧੬॥

[1]ਬਹੁਤੇ ਧੜਾਂ, ਸਿਰਾਂ ਤੇ ਮੂੰਹਾਂ ਨਾਲ।

ਧਰਾ ਸਕੀਰਣ ਸਗਲੀ ਥਾਈ[1]।

[1]ਸਾਰੀ ਧਰਤੀ (ਸਕੀਰਣ) ਢਕੀ ਗਈ।

ਖਾਵਤ ਪਲਚਰ[1] ਮੋਦ[2] ਮਨਾਈ।

[1]ਮਾਸ ਖਾਣੇ। [2]ਅਨੰਦ।

ਮੇਧ ਮਾਸ ਰੱਤ ਰਜ ਮਿਲ ਭੂਰੈਂ[1]।

[1]ਬਹੁਤੀ ਮਿੱਝ; ਮਾਸ, ਲਹੂ ਤੇ ਧੂੜ ਮਿਲ ਕੇ।

ਮਚਯੋ ਕੀਚ ਧਰ ਵੀਚ ਜਰੂਰੈਂ[1] ॥੨੧੭॥

[1]ਧਰਤੀ ਵਿੱਚ (ਜ਼ਰੂਰੈਂ) ਚੰਗੀ ਤਰ੍ਹਾਂ ਚਿੱਕੜ ਹੋ ਗਿਆ।

ਲਾਲ ਗੁਲਾਲ ਭਈ ਧਰ ਸਾਰੀ[1]।

[1]ਸਾਰੀ ਧਰਤੀ ਗੁਲਾਲ ਦੇਰੰਗ ਵਰਗੀ ਲਾਲ ਹੋ ਗਈ।

ਜਨੁ ਸੁਹਾਗ ਕੀ ਪਹਿਨੀ ਸਾਰੀ[1]।

[1]ਸਾੜ੍ਹੀ।

ਜਿਤ ਕਿਤ ਭਰੇ ਲਹੂ ਕੇ ਛੱਪਰ[1]।

[1]ਛੱਪੜ।

ਜੋਗਨਿ ਭੋਗਨ[1] ਭਰਿ ਭਰਿ ਖੱਪਰ ॥੨੧੮॥

[1]ਪੀਂਦੀਆਂ ਹਨ।

ਨਿਜ ਪੂਤਨ ਕੋ ਦੈ ਦੈ ਲੋਰੀ।
ਪੂਰਿ[1] ਪਿਲਾਵਤ ਲਹੂ ਕਟੋਰੀ।

[1]ਭਰ ਭਰ ਕੇ।

ਭੂਤ ਪਰੇਤ ਪਿਸਾਚ ਖਵੀਸੈਂ[1]।

[1]ਜਿੰਨ, ਦੇਉ।

ਰਜਿ ਰਜਿ ਸਿੰਘਹਿਂ ਦਈ ਅਸੀਸੈਂ ॥੨੧੯॥
ਸਿਰ ਸੁਭਟਨ ਕੇ ਰੁੱਦ੍ਰ ਅਮਿੱਤੈਂ[1]।

[1]ਸੂਰਮਿਆਂ ਦੇ ਬਹੁਤੇ ਸਿਰ ਸ਼ਿਵ ਜੀ ਹਾਥੀ ਦੀ ਖੱਲ ਵਿੱਚ ਪਾ ਕੇ ਮਾਲਾ ('ਚ ਪ੍ਰੋਣ) ਵਾਸਤੇ ਬੈਲ ਉੱਪਰ ਲੱਦ ਕੇਰਸਤੇ ਵਿੱਚ ਚੱਲ ਪਿਆ।

ਡਾਲ ਖਾਲ ਗਜ ਮਾਲ ਨਮਿੱਤੈਂ[1]।

[1]ਸੂਰਮਿਆਂ ਦੇ ਬਹੁਤੇ ਸਿਰ ਸ਼ਿਵ ਜੀ ਹਾਥੀ ਦੀ ਖੱਲ ਵਿੱਚ ਪਾ ਕੇ ਮਾਲਾ ('ਚ ਪ੍ਰੋਣ) ਵਾਸਤੇ ਬੈਲ ਉੱਪਰ ਲੱਦ ਕੇਰਸਤੇ ਵਿੱਚ ਚੱਲ ਪਿਆ।

ਚਲਯੋ ਬੈਲਿ ਲਦਿ ਗੈਲ ਮਝਾਰੇ[1]।

[1]ਸੂਰਮਿਆਂ ਦੇ ਬਹੁਤੇ ਸਿਰ ਸ਼ਿਵ ਜੀ ਹਾਥੀ ਦੀ ਖੱਲ ਵਿੱਚ ਪਾ ਕੇ ਮਾਲਾ ('ਚ ਪ੍ਰੋਣ) ਵਾਸਤੇ ਬੈਲ ਉੱਪਰ ਲੱਦ ਕੇਰਸਤੇ ਵਿੱਚ ਚੱਲ ਪਿਆ।

ਜਨੁ ਤਰਬੂਜ[1] ਲਦੇ ਬਨਜਾਰੇ ॥੨੨੦॥

[1]ਹਦਵਾਣੇ, ਮਤੀਰੇ।

ਸਿੰਧ ਸਮਰ ਮੈਂ ਤੁਰਕਨ ਬੇਰਾ[1]।
ਬੂਡਜੋ, ਭਗੇ ਇਤੈਂ ਉਤ ਫੇਰਾ[1]।
ਬ੍ਰਿੰਦ ਕਪੋਤਨ ਪੈ ਸੀਂਚਾਨੇ।
ਪਰੈਂ[1], ਤੈਸ ਸਿੰਘ ਹਰੈਂ[2] ਤ੍ਰੁਕਾਨੇਂ ॥੨੨੧॥

[1]ਜੰਗ ਰੂਪ ਸਮੁੰਦਰ ਵਿੱਚ ਤੁਰਕਾਂ ਦਾ ਬੇੜਾ।
[1]ਡੁੱਬ ਗਿਆ (ਵੇਖ ਕੇ) ਫੇਰ ਏਧਰ ਓਧਰ ਭੱਜੇ।
[1]ਜਿਵੇਂ ਬਹੁਤੇ ਕਬੂਤਰਾਂ ਉਪਰ (ਸੀਚਾਨੇ) ਬਾਜ਼ ਪੈਂਦੇ ਹਨ। [2]ਮਾਰਦੇ ਹਨ।

ਦੋਹਰਾ:

ਭਾਗਿ ਤੁਰਕ ਜਿਹਲਮ ਲਖੇ[1],
ਰਖੇ ਹੁਤੇ ਪੁਲ ਤਜਾਰ।
ਉਤਰੇ ਪੀਛੇ ਲੌਟ ਸਿੰਘ[1],
ਭਈ ਰੈਨ ਅੰਧਜਾਰ ॥੨੨੨॥
ਗਿਲਜਜੋਂ ਕਾ ਸਾਮਾਨ ਥਾ,
ਰਹਜੋ ਜੰਗ ਮੈਂ ਜੋਇ।
ਜਥਾ ਜੋਗ ਲੂਟਜੋ ਸਿੰਘਨ,
ਰਾਤ ਬਿਤਾਈ ਸੋਇ ॥੨੨੩॥

[1]ਲੰਘ ਗਏ।
[1]ਸਿੰਘ ਪਿੱਛੇ ਮੁੜ ਕੇ ਉਤਰ ਪਏ ਭਾਵ ਜੰਗ ਬੰਦ ਹੋ ਗਿਆ।

ਚੌਪਈ:

ਦੁਤੀ ਦਿਵਸ ਦਲ ਗਿਲਜਜੋਂ ਕੇਰਾ।
ਕਾਬਲ ਕੀ ਦਿਸ ਚਲਜੋ ਬਧੇਰਾ।
ਸਿੰਘ ਭੀ ਲਗੇ ਤਿਨੋ ਕੈ ਪਾਛੇ।
ਮਾਰਤ ਕੂਟਤ ਲੂਟਤ ਆਛੇ ॥੨੨੪॥
ਪਾਰ ਅਟਕ ਤੈ ਕਰਿ ਫਿਰ ਆਏ।
ਗਏ ਤੁਰਕ ਹ੍ਵੈ ਦੁਖੀ ਮਹਾਂਏ।
ਫਿਰ ਆਵਨ ਕੀ ਕਸਮੈ ਪਾਈਂ।
ਸਿੰਘਨ ਸੋਂ ਨਹਿਂ ਲਰੈਂ ਕਦਾਈਂ ॥੨੨੫॥
ਸ਼ਾਹਿ ਜ਼ਮਾਨ ਸੁਨੀ ਇਹੁ ਜਬੈ।
ਸ਼ੋਕ ਨਦੀ ਮੈਂ ਡੂਬਜੋ ਤਬੈ।
ਏਕ ਲਾਖ ਥਾ ਗਯੋ ਦੁਰਾਨੀ।
ਅਰਧ ਭਯੋ ਤਿਸ ਮੈਂ ਸੇ ਫਾਨੀ[1] ॥੨੨੬॥
ਤਿਨ ਕੇ ਘਰ ਘਰ ਸਜਾਪੇ ਥਾਹੀਂ[1]।
ਹਰਜਾ[1] ਭਯੋ ਬਡ ਪਤਿਸ਼ਾਹੀ।
ਬਡੇ ਬਡੇ ਭਟ ਮਨਸਬ ਵਾਰੇ[1]।

[1]ਨਾਸ਼।
[1]ਹੁੰਦੇ ਹਨ।
[1]ਨੁਕਸਾਨ।
[1]ਅਹੁਦਿਆਂ ਵਾਲੇ।

ਮਰੇ ਸਾਂਹਚੀ ਆਦਿ ਅਪਾਰੇ ॥੨੨੭॥
ਤੋਪਨ ਲੌ ਸਮਾਨ ਥਾ ਜੇਤਾ।
ਲੂਟਯੋ ਸਿੰਘਨ ਬਲ ਸੈਂ ਤੇਤਾ।
ਜੋ ਬਚ ਅਏ ਪਏ ਅਧਮਰੇ।
ਨਾਮ ਸਿੰਘਨ ਕਾ ਸੁਨ ਕੈ ਡਰੇਂ ॥੨੨੮॥
ਕਹਤ ਸ਼ਹੀਦੀ ਫੌਜੈਂ ਆਈਂ।
ਤਿਨੈਂ ਹਮੈਂ ਮਾਰਯੋ ਡਰ ਪਾਈ।
ਜਬਿ ਵਜ਼ੀਰ ਇਹੁ ਰਪਟ[1] ਸੁਨਾਈ। [1]ਸਮਾਚਾਰ, ਖਬਰ।
ਬੋਲਯੋ ਸ਼ਹ ਜ਼ਮਾਨ ਦੁਖ ਪਾਈ ॥੨੨੯॥
ਮੱਦਦ ਜਿਨ ਕੀ ਆਪ ਖੁਦਾ ਹੈ।
ਤਿਨ ਪਰ ਹਮਰੀ ਪੇਸ਼ ਨ ਜਾਹੈ।
ਜੱਟ ਗ੍ਰੀਬਨ ਉਠ ਕੈ 'ਚਾਹੀਂ[1]। [1]ਲੈਣੀ ਚਾਹੁੰਦੇ ਹਨ।
ਕਾਬਲ ਦਿੱਲੀ ਕੀ ਪਤਿਸ਼ਾਹੀ' ॥੨੩੦॥
ਕਰੀ ਗਰਕ[1] ਨਹਿਂ ਫਰਕ ਛਡਾ ਹੈ। [1]ਤਬਾਹ।
ਮੁਲਕ ਉਮਦਾ[1] ਲਯੋ ਦਬਾ ਹੈ। [1]ਚੰਗਾ।
ਅਬਿ ਜੋ ਭਈ ਬੀਤ ਸੋ ਗਈ।
ਫਿਰ ਹਮ ਹੂੰ ਹਤ ਹੈਂ[1] ਇਨ ਤਈਂ ॥੨੩੧॥ [1]ਮਾਰਾਂਗੇ।
ਇੰਤਜ਼ਾਮ ਕਰਿ ਮੁਲਕਨ ਕੇਰਾ।
ਮੈਂ ਖੁਦ ਲੈ ਦਲ ਜੈਂਹੁ ਬਧੇਰਾ।
ਸਿੰਘ ਨਾਮ ਕਾ ਤੁਖਮ ਉਠੈਹੋਂ[1]। [1]ਬੀਜ ਨਾਸ ਕਰ ਦਿਆਂਗਾ।
ਦਿੱਲੀ ਲੌ ਸਭਿ ਮੁਲਕ ਦਬੈਹੋਂ ॥੨੩੨॥
ਯਾ ਬਿਧਿ ਬਾਦਸ਼ਾਹ ਗਰਬਾਯੋ[1]। [1]ਹੰਕਾਰ ਕੀਤਾ।
ਤੁਰਕਨ ਕਾ ਹਵਾਲ ਇਹੁ ਗਾਯੋ।
ਜੈਸ ਜ਼ਮਾਨ ਸ਼ਾਹ ਫਿਰ ਐਹੈ।
ਸੋ ਹਮ ਮੌਕੇ ਪਰ ਫਿਰ ਕੈਹੈਂ ॥੨੩੩॥
ਰਾਮ ਸਿੰਘ ਬੇਦੀ ਕੀ ਸਾਖੀ।
ਸੁਨੋ ਬੀਚ ਜੋ ਬਾਕੀ ਰਾਖੀ।
ਗਿਲਜਯੋਂ ਕੋ ਸਿੰਘ ਅਟਕ ਟਪਾ-ਹੈ।
ਫਤੇ ਪ੍ਰਤਾਪ ਗੁਰੂ ਤੈ ਪਾਹੈ ॥੨੩੪॥
ਜੰਗ ਏਹੁ ਅੰਤਮ ਬਡ ਥੀਆ।

ਗੁਰੂ ਜਿਤਾਇ ਪੰਥ ਕੋ ਦੀਆ ॥੨੩੫॥

ਦੋਹਰਾ:

ਆਠ ਹਜ਼ਾਰਕ ਸਿੰਘ ਤਬਿ,
ਥਯੋ ਸ਼ਹੀਦ ਮਹੀਦ[1]। — [1]ਵੱਡਾ ਸ਼ਹੀਦ ਹੋਇਆ।
ਤੀਸ ਹਜ਼ਾਰਕ ਤੁਰਕ ਕੀ,
ਲੈ ਯੁਤ ਜੰਗ ਰਸੀਦ[1] ॥੨੩੬॥ — [1]ਸਣੇ ਜੰਗ ਦੇ (ਰਸੀਦ) ਪਹੁੰਚ ਲੈ ਕੇ ਭਾਵ ਜੰਗ ਦੇ ਖ਼ਾਤਮੇ ਨਾਲ ਤੀਹ ਕੁ ਹਜ਼ਾਰ ਤੁਰਕਾਂ ਦਾ ਵੀ ਖ਼ਾਤਮਾ ਕਰ ਦਿੱਤਾ।

ਬੇਦੀ ਸਾਹਿਬ ਰਾਮ ਸਿੰਘ,
ਲਰਿ ਅਰਿਗਨ ਬਡ ਮਾਰਿ।
ਸੰਮੁਖ ਭਯੋ ਸ਼ਹੀਦ ਜਬਿ,
ਲਰਯੋ ਕਬੰਧ[1] ਅਪਾਰ ॥੨੩੭॥ — [1]ਧੜ।

ਚੌਪਈ:

ਜਾਨਿ ਹਿਰਾਨਿ ਕੇਰਿ ਬਡ ਬਾਤੈਂ।
ਬਿਨ ਸਿਰ ਧਰ ਕਾ ਲਰਨ ਬਖਜਾਤੈਂ।
ਸੀਸ ਸਾਹਿਬੋਂ ਕਾ ਉਠਵੈ ਕੈ।
ਪੇਖਿ ਸਾਂਹਚੀ ਤੱਜਬ ਥੈ ਕੈ[1] ॥੨੩੮॥ — [1]ਸਾਂਹਚੀ (ਜਦੋਂ ਅਜੇ ਜਿਉਂਦਾ ਸੀ) ਦੇਖ ਕੇ ਹੈਰਾਨ ਹੋ ਕੇ।
ਹੇਤ ਦਿਖਾਵਨ ਸ਼ਾਹਿ-ਕਿਰਾਨੈ[1]। — [1]ਸ਼ਾਹ ਜਮਾਨ ਦਾ ਪੁੱਤਰ।
ਸਿਘ ਲਰਤ ਹੈਂ ਐਸ ਮਹਾਨੈ।
ਸ਼ਾਹਜ਼ਾਦੇ ਪੈ ਪਠਯੋ ਲਹੌਰੈਂ[1]। — [1]ਸ਼ਾਹ ਜ਼ਮਾਨ ਦੇ ਸ਼ਹਿਜ਼ਾਦੇ ਸ਼ਾਹ ਕਿਰਾਨ ਪਾਸ (ਬਾਬਾਰਾਮ ਸਿੰਘ ਦਾ ਸਿਰ) ਲਾਹੌਰ ਭੇਜਿਆ।
ਯੁਤ ਸਿੰਘਨ ਸਿਰ ਔਰੈਂ ਗੌਰੈਂ[1] ॥੨੩੯॥ — [1]ਹੋਰ ਸਿੰਘਾਂ ਦੇ (ਗ਼ੌਰੈਂ) ਬਹੁਤੇ ਸਿਰਾਂ ਸਣੇ।
ਪਿਖਿ ਸੁਨਿ ਤੱਜਬ ਰਹਯੋ ਸਜ਼ਾਦਾ।
ਨੂਰ ਜ਼ਹੂਰ ਤੇਜ ਸੁਠ ਜ਼ਜਾਦਾ[1]। — [1]ਪ੍ਰਕਾਸ਼ ਦੀ ਚਮਕ ਦਮਕ ਤੇ ਤੇਜ਼ ਜ਼ਿਆਦਾ (ਸੁਠ) ਸੁੰਦਰ ਹੈ।
ਬਾਂਕੀ ਮੂਛ ਭੌਂਹ ਦ੍ਰਿਗ ਅਰਨੇ[1]। — [1]ਮੁੱਛਾਂ ਤੇ ਭਰਵੱਟੇ ਟੇਢੇ ਤੇ ਨੇਤ੍ਰ (ਅਰਨੇ) ਲਾਲ ਹਨ।
ਚਮਕਤ ਭਜਾਨਕ ਜਨ ਰਵਿ ਤਰਨੇ[1] ॥੨੪੦॥ — [1]ਜਾਣੋ ਦੋਪਹਿਰ ਦਾ ਸੂਰਜ।
ਤੁਰਕ ਸਿੰਘਨ ਕੇ ਸਿਰ ਜਿਸ ਕੂਪੈਂ[1]। — [1]ਖੂਹ ਵਿੱਚ।
ਗੇਰਤ ਥੇ ਤਹਿਂ ਡਾਰੇ ਖੂਪੈਂ।
ਸਿੰਘਨ ਕੇ ਬਲ ਬਿਬਿਧਾ[1] ਬਾਤੈਂ। — [1]ਅਨੇਕ ਤਰ੍ਹਾਂ ਦੀਆਂ।
ਲਰਨ ਕਬੰਧਨ[1] ਲੌ ਬਹੁ ਭਾਂਤੈਂ ॥੨੪੧॥ — [1]ਧੜਾਂ।
ਲਿਖ ਕੈ ਕਾਬਲ ਪਠੀ ਸ਼ਾਹਿ ਪੈ[1]। — [1]ਜਮਾਨ ਸ਼ਾਹ ਪਾਸ ਭੇਜੀਆਂ।

ਜੋ ਸੁਨਿ ਤੱਜਬ ਰਹਜੋ ਵਾਹਿ[1] ਪੈ। [1]ਉਹ।
ਸੀਸ ਸਾਹਿਬੋਂ ਕਾ ਮਧ ਕੂਏ।
ਰਹਜੋ, ਫੇਰ ਜਬਿ ਸਿੰਘ ਨ੍ਰਿਪ ਹੂਏ ॥੨੪੨॥
ਗੁੱਜਰ ਸਿੰਘ, ਲੈਹਣਾ ਸਿੰਘ ਜੀਤੋ।
ਲੌ ਪੁਰ ਇਨ ਸਰਦਾਰੈਂ ਲੀਤੋ[1]। [1]ਇਨ੍ਹਾਂ ਸਰਦਾਰਾਂ ਨੇ ਲਾਹੌਰ ਜਿੱਤ ਕੇ ਆਪਣੇ ਕਬਜ਼ੇ ਕਰ ਲਿਆ।
ਲਹਿਣਾ ਸਿੰਘ ਕੇ ਨਹਿਂ ਥੀ ਸੰਤਤਿ[1]। [1]ਉਲਾਦ।
ਨਿਤ ਪ੍ਰਤਿ ਕਰਤ ਉਪਾਇ ਬਿਅੰਤਤ ॥੨੪੩॥
ਗੁਰੂ ਪੀਰ ਸੋ ਰਹਜੋ ਮਨਾ ਹੈ।
ਭਰੀ[1] ਕਾਮਨਾਂ ਨਹਿਂ ਥੀ ਕਾਂਹੈਂ। [1]ਪੂਰੀ ਕੀਤੀ।
ਰਾਮ ਸਿੰਘ ਜੀ ਤਬਿ ਨਿਜ ਘਰ ਹੈਂ।
ਨਿਜ ਤਿਯ ਢਿਗ ਜਾਤੇ ਨਿਤ ਵਰ ਹੈਂ[1] ॥੨੪੪॥ [1]ਚੰਗੇ ਢੰਗ ਨਾਲ।
ਪੁਰਾ[1] ਰੂਪ ਥਾ ਜੈਸੋ ਸੁੰਦਰ। [1]ਪਹਿਲਾ।
ਤੈਸ[1] ਸ਼ਹੀਦ ਰਹੇ ਗੁਨ ਮੰਦਰ। [1]ਤੈਸੇ ਰੂਪ ਵਿੱਚ ਹੀ।
ਬਲਕੈ[1] ਜਬਿ ਸ਼ਹੀਦ ਥੇ ਭਏ। [1]ਸਗੋਂ।
ਸਾਮਾਣੀ[1] ਅਪਣੀ ਢਿਗ ਗਏ ॥੨੪੫॥ [1]ਇਸਤ੍ਰੀ।
ਹੁਤੀ ਪਤੀਬਰਤਾ ਵਹਿ ਭਾਰੀ।
ਯਾਂ ਤੇ ਤਿਸ ਪ੍ਰਤਿ ਐਸ ਉਚਾਰੀ।
ਨਿਜ ਸੁਹਾਗ ਤੁਮ ਨਾਂਹਿ ਉਤਰੀਓ।
ਹਮ ਕੋ ਜੀਵਤ ਸਦਾ ਨਿਹਰੀਓ ॥੨੪੬॥
ਧਰਿ ਸਿੰਗਾਰ ਤੁਮ ਅਤ੍ਰ ਲਗੈ ਕੈ।
ਵੀਚ ਚੁਬਾਰੇ ਪਲੰਘ ਕਸੈ ਕੈ।
ਰਹੋ ਇਕੰਤ ਕੰਤ ਹਿਤ ਤਿਯ ਜਯੋਂ।
ਐਹੈਂ ਹਮ ਤੁਮ ਪੈ ਨਿਤ ਪ੍ਰਤਿ ਯੌਂ ॥੨੪੭॥
ਮਾਨ ਬਚਨ ਉਨ ਇਹੀ ਕਰਜੋ ਥਾ।
ਨਾਂਹਿ ਸ਼ਿੰਗਾਰ ਉਤਾਰ ਧਰਜੋ ਥਾ।
ਜੀਵਤ ਸਮ ਸਾਹਿਬ ਨਿਤ ਤਾਂ ਪੈ।
ਬਸ ਰਸ ਜਾਤੇ ਫਿਰ ਕਿਤ ਆਪੈ ॥੨੪੮॥
ਪੈ ਤਿਸ ਸੈਂ ਇਹੁ ਥਾ ਅਕਰਾਰੈਂ।
ਜਬਿ ਕਿਸਿ ਢਿਗ ਤੂੰ ਭੇਦ ਉਚਾਰੈਂ।

ਤਾਂ ਦਿਨ ਤੈ ਹਮ ਫੇਰ ਨ ਐਹੈਂ।
ਰਾਖੀ ਏਹੁ ਪ੍ਰਤੱਗਜਾ ਕੈਹੈ ॥੨੪੯॥
ਯਾਂਹੀਂ ਤੈ ਸੋ ਵੀਚ ਚੁਬਾਰੈਂ।
ਰਹਿਤੀ ਸਾਨੰਦ ਧਾਰਿ ਸ਼ਿੰਗਾਰੈਂ।
ਯੱਦਪਿ ਸਭੈ ਸਬੰਧੀ ਤਾਂ ਕੇ।
ਕਹਿਤੇ ਰਹਿਤੇ ਬੈਨ ਕੁਬਾਂਕੇ[1] ॥੨੫੦॥ [1]ਖੋਟੇ ਤੇ ਟੇਢੇ।
ਤੂੰ ਸੁਹਾਗ ਕਿਸ ਹਿਤ ਧਰਿ ਰਾਖਾ।
ਕਿਆ ਕਿਛੁ ਮੰਦ ਆਹਿ ਅਭਿਲਾਖਾ।
ਭਏ ਬਰਸ ਪਤਿ ਥਏ ਸ਼ਹੀਦੈਂ।
ਕਯੋਂ ਨ ਰੰਡੀਯਨ ਸੀ ਰਹਿਂ ਸੀਧੈਂ[1] ॥੨੫੧॥ [1]ਸਿੱਧੀ ਹੋ ਕੇ, ਸਾਫ਼ ਚਿੱਤ ਹੋ ਕੇ।
ਦੇਤੇ ਬਿਬਿਧਾ ਨਿੱਤ ਤਿਹ ਤਾਨ੍ਹੇ।
ਪੈ ਸੋ ਨਹਿਂ ਕਿਸ ਹੂੰ ਕੀ ਮਾਨੇ।
ਆਖਰ ਸਾਸ ਸਸੁਰ[1] ਤਿਸ ਕੇਰੇ। [1]ਸੱਸ ਤੇ ਸਹੁਰਾ।
ਬੂਝਨ ਤਿਸ ਕੋ ਲਗੇ ਬਧੇਰੇ ॥੨੫੨॥
ਭੇਦ ਸਮਾਣੀ ਨਾਂਹਿ ਬਤਾਵੈ।
ਸੋ ਭੀ ਨਾਂਹਿ ਖਿਆਲ ਤਜਾਵੈਂ।
ਅੰਤ ਸਮਾਣੀ ਦੀਨੋ ਕੈਹੈ।
ਸੁਤ ਤੁਮਰਾ ਆਵਤ ਮੁਝ ਪੈ ਹੈ ॥੨੫੩॥
ਜੋ ਕਿਛੁ ਹੁਕਮ ਉਨੈ ਦੈ ਰਾਖਾ।
ਸੋ ਮੈਂ ਕਰਤ ਭਰਤ ਅਭਿਲਾਖਾ[1]। [1]ਇੱਛਾ ਪੂਰਨ ਕਰਦੀ ਹਾਂ।
ਪੈ ਨ ਆਜ ਤੇ ਫਿਰ ਸੋ ਐਹੈਂ।
ਥਾ ਇਕਰਾਰ ਇਹੀ ਹਮ ਸੈਂ ਹੈਂ[1] ॥੨੫੪॥ [1]ਸਾਡੇ (ਦੋਹਾਂ) ਵਿੱਚ।
ਆਜ ਰਾਂਡਿ ਮੁਹਿ ਤੁਮੈਂ ਬਨਾਯੋ।
ਕਹਿਹੋ ਜਿਮ ਰਹਿਹੋਂ ਤਿਸ ਭਾਯੋ[1]। [1]ਉਸੇ ਤਰ੍ਹਾਂ।
ਸਸੁਰ ਸਾਸ ਸੁਨਿ ਝੁਰੇ ਅਪਾਰੀ।
ਕਹਜੋ ਦਿਖਾਉ ਹਮੈਂ ਇਕ ਬਾਰੀ ॥੨੫੫॥
ਉਨ ਲਖਿ ਫਰਜ਼ ਅਰਜ਼ ਕਰਿ ਭਾਰੈਂ।
ਦਿਯ ਕਰਵਾਇ ਉਨੈਂ ਦੀਦਾਰੈਂ।
ਗਏ ਨ ਕਬੀ ਸ਼ਹੀਦ ਤਹਾਂ ਫਿਰ।
ਮੈਲਾ ਵੇਸ ਸਮਾਣੀ ਕਿਯ ਥਿਰਿ[1] ॥੨੫੬॥ [1]ਕਰ ਕੇ ਬੈਠ ਰਹਿੰਦੀ।

ਬਾਤ ਏਹੁ ਬਿਦਤੀ ਤਿਸ ਠੌਰੈਂ।
ਰਾਮ ਸਿੰਘ ਕੀ ਅਜ਼ਮਤ ਔਰੈਂ।
ਲਹਿਣੇ ਸਿੰਘ ਸ੍ਰਦਾਰ ਸੁਨਿ ਗੌਰੈਂ।
ਧਜਾਯੋ ਬਾਬਾ ਮੰਨਤ ਤੌਰੈਂ[1] ॥੨੫੭॥ — [1]ਢੰਗ ਨਾਲ।
ਸਾਹਿਬ ਰਾਮ ਸਿੰਘ ਮਨ ਭਾਯੋ।
ਲਹਿਣਾ ਸਿੰਘ ਕੋ ਸ੍ਵਪਨ ਦਿਖਾਯੋ।
ਲਵਪੁਰ ਕਿਲ੍ਹੇ ਕੇਰ ਦਰ ਜੋਈ।
ਸ਼ਹਿਰ ਓਰ ਅਬਿ ਮੁੰਦ੍ਰਿਤ[1] ਸੋਈ ॥੨੫੮॥ — [1]ਬੰਦ ਹੈ।
ਹੁਤੋ ਨਿਖਾਸ[1] ਚੌਕ ਤਿਸ ਆਗੇ। — [1]ਮੰਡੀ ਦਾ।
ਸੀਸ ਸਿੰਘਨ ਕੇ ਤਹਿਂ ਬਹੁ ਲਾਗੇ।
ਤਿਨ ਸਿੰਘਨ ਯੁਤ ਸੀਸ ਹਮਾਰਾ।
ਢਿਗ ਮਸੀਤ ਹੈ ਕੂਪ ਮਝਾਰਾ ॥੨੫੯॥
ਹਮਰੇ ਮਸਤਕ ਪਰ ਹੈ ਰੇਖਾ[1]। — [1]ਮੱਥੇ ਤੇ (ਰੇਖਾ) ਲਿਖਤ ਹੈ।
ਓਅੰ ਸਤਿ ਨਾਮ ਦ੍ਰਿਢ ਲੇਖਾ[1]। — [1]੧ਓ ਸਤਿਨਾਮ ਪੱਕੀ ਤਰ੍ਹਾਂ ਲਿਖਿਆ ਹੋਇਆ ਹੈ।
ਵਾਹਿਗੁਰੂ ਕੀ ਫਤੇ ਅਖਰ ਜੇ।
ਮਨੀ ਸਿੰਘ ਕੇ ਮਾਥੇ ਪਰ ਸੇ[1] ॥੨੬੦॥ — [1]ਮੱਥੇ ਉੱਪਰ ਸਨ।
ਔਰ ਕਿਤਿਕ ਸਿੰਘਨ ਕੇ ਭਾਲੈਂ[1]। — [1]ਮੱਥਿਆਂ 'ਤੇ।
ਵਾਹਿ ਆਹਿ ਕੈ ਹੋਗ ਅਕਾਲੈਂ[1]। — [1]ਵਾਹਿ ਸ਼ਬਦ ਹੈ ਜਾਂ ਅਕਾਲ ਸ਼ਬਦ ਹੋਵੇਗਾ।
ਬਰਣ ਗੁਰਮੁਖੀ ਹ੍ਵੈਂ ਪਢ ਲੀਜੋ।
ਇਨ ਸਭਿ ਤਈਂ ਸ਼ਹੀਦ ਲਖੀਜੋ ॥੨੬੧॥
ਅੰਸ ਅਵਤਾਰ[1] ਗੁਰੂ ਕੇ ਪਜਾਰੇ। — [1]ਕਲਾ (ਸ਼ਕਤੀ) ਵਾਲੇ ਅਵਤਾਰ।
ਹੈਂਵਹਿ, ਬਰਣ[1] ਭਾਲ ਜਿਨ ਧਾਰੇ। — [1]ਅੱਖਰ।
ਕਾਢ ਤਹਾਂ ਤੈ ਤੁਮ ਸਿਸਕਾਰੋ।
ਰਚੋ ਸ਼ਹੀਦ ਗੰਜ ਭਲ ਭਾਰੋ ॥੨੬੨॥
ਪੂਰਨ ਮਨਸਾ ਤੁਮਰੀ ਥੈਹੈ।
ਦੀਨੋ ਦਰਸ਼ਨ ਇਮ ਕਹਿ ਤੈਹੈਂ[1] ॥੨੬੩॥ — [1]ਤਿਸ (ਲਹਿਣਾ ਸਿੰਘ) ਨੂੰ।

ਦੋਹਰਾ:
ਲਹਿਣਾ ਸਿੰਘ ਸੁਨਿ ਬਚਨ ਇਹੁ,
ਦਰਸ ਸਾਹਿਬੋਂ ਤਾਂਇਂ।
ਥਾਇ ਮੋਦ ਪਰਮੋਦ ਅਤਿ,

ਕੂਪ ਵਹੇ ਖੁਦਵਾਇ[1] ॥੨੬੪॥

[1]ਬਹੁਤ ਤੋਂ ਬਹੁਤ ਅਨੰਦ ਸਹਿਤ ਹੋ ਕੇ ਤੇ ਉਹ ਖੂਹ ਪੁਟਵਾ ਕੇ।

ਚੌਪਈ:

ਸੀਸ ਸਿੰਘਨ ਕੇ ਸਭਿ ਕਢਵਾਏ।
ਲੱਖਨ[1] ਬਾਬੇ ਥੇ ਜੁ ਬਤਾਏ।
ਜਜੋਂ ਕੇ ਤਜੋਂ ਪ੍ਰਤੱਖ ਸਭਿ ਪਿਖ ਹੈਂ।
ਔਰ ਬੁਲਾਏ ਗੁਰੁ ਕੇ ਸਿਖ ਹੈਂ ॥੨੬੫॥

[1]ਲੱਛਣ, ਨਿਸ਼ਾਨੀਆਂ।

ਪਢਿ ਪਢਿ ਸਭਿ ਨੈ ਬੰਦਨ ਕੀਨੇ।
ਅੰਸ ਅਵਤਾਰ ਗੁਰੂ ਕੇ ਚੀਨੇ।
ਚੰਦਨ ਭਾਰ[1] ਕਈ ਮੰਗਵਾਏ।
ਅਗਰ ਘ੍ਰਿਤ ਜਵ[1] ਤਿਲ ਸਮੁਦਾਏ ॥੨੬੬॥

[1]ਪੰਡਾਂ। (ਅ) ਭਾਰ- ਅੱਠ ਹਜ਼ਾਰ ਤੋਲਾ। (ੲ) ਪੰਜ ਮਣ ਕੱਚਾ।

[1]ਘਿਓ ਤੇ ਜੌਂ।

ਦੋਇ ਠੌਰ ਰਚਿ ਚਿਤਾ ਉਦਾਰਾ[1]।
ਇਕ ਪਰ ਬਾਬੇ ਕਾ ਸਿਰ ਧਾਰਾ[1]।
ਦੂਤੀ ਠੌਰ ਸਭਿ ਸਿੰਘਨ ਕੇਰੇ।
ਮਨੀ ਸਿੰਘ ਲੌਂ ਥੇ ਜੁ ਬਧੇਰੇ ॥੨੬੭॥

[1]ਚੰਗੀਆਂ ਚਿਖਾਂ।

[1]ਰੱਖਿਆ।

ਕਿਯ ਸਿਸਕਾਰ ਯੁਤੈ ਉਤਸ਼ਾਹੈਂ।
ਪੰਚਾਂਮ੍ਰਿਤ ਬਰਤਯੋ ਮਹਾਂਹੈਂ।
ਦੋਇ ਸ਼ਹੀਦ ਗੰਜ ਰਚਵਾਏ।
ਮਨੀ ਸਿੰਘ ਕਾ ਏਕ ਸਦਾਏ ॥੨੬੮॥
ਦੂਤੀ ਸਾਹਿਬੋਂ ਕੇਰ ਕਹਾਏ।
ਊਪਰ ਸੁਚ ਰੁਮਾਲ ਪਹਿਰਾਏ।
ਤਿਸ ਪਰ ਸ਼ਸਤ੍ਰ ਧਰੇ ਮਹਾਨੇ।
ਤਨੀ ਚਾਂਦਨੀ ਚਾਂਦ ਸਮਾਨੇ ॥੨੬੯॥
ਝੰਡਾ ਤਹਾਂ ਸ਼ਹੀਦਨ ਕੇਰਾ।
ਝੁਲਵਾਯੋ ਸਰਦਾਰ ਬਡੇਰਾ।
ਸੁੰਦਰ ਦਿਯ ਮੁਕਾਨ ਬਨਵਾਏ।
ਦਈ ਜਗੀਰ ਔਰ ਬਹੁ ਲਾਏ ॥੨੭੦॥
ਸਿਦਕੀ ਸਿੰਘ ਥਾ ਏਕ ਅਰੋੜਾ[1]।
ਹਰਿ ਗੁਰੁ ਭਗਤਿ ਉਦਾਰ ਅਮੋੜਾ[1]।
ਗਜਾਨ ਸਿੰਘ ਜਪ ਤਪ ਕੀ ਮੂਰਤਿ।

[1]ਗੋਤ ਦਾ।

[1]ਪੱਕਾ, ਅਰੁੱਕ।

ਤਿਸੈ ਟਹਿਲ ਸੌਂਪੀ ਸਭਿ ਸੁਰਤ[1] ॥੨੭੧॥ — [1]ਸਭ ਤਰ੍ਹਾਂ ਦੀ।
ਜੋੜ[1] ਤਹਾਂ ਮੱਸਜਾ ਕਾ ਹੋਵੈ। — [1]ਜੋੜ ਮੇਲਾ।
ਦਰਸ਼ਨ ਕਰਿ ਜਨ ਸੰਕਟ ਖੋਵੈਂ।
ਅਬਿ ਹਰਿ ਭਗਤ ਸਿੰਘ ਤਿਹ ਬੇਟਾ।
ਉਪਕਾਰੀ ਸਿਦਕੀ ਆਮੇਟਾ ॥੨੭੨॥
ਹੈ ਸੋ ਤਹਾਂ ਮਹੰਤ ਪੁਜਾਰੀ।
ਟਹਿਲ ਕਰਤ ਇਕ ਔਰੈਂ ਭਾਰੀ।
ਨਨਕਾਣੇ ਸਾਹਿਬ ਗੁਰੁਦ੍ਵਾਰੈਂ।
ਸੰਗਤ ਲੈ ਨਿਜ ਸੰਗ ਅਪਾਰੈਂ ॥੨੭੩॥
ਸਾਲ ਬਸਾਲਹਿ[1] ਜਵਾਤ ਵੈ[2] ਹੈ। — [1]ਹਰ ਸਾਲ। [2]ਉਹ।
ਕਰਿ ਉਗ੍ਰਾਹੀ ਲੰਗਰ ਦੈਹੈ।
ਅਬਿ ਸਰਕਾਰ ਅੰਗ੍ਰੇਜ਼ੀ ਤੈਹੈਂ[1]। — [1]ਤੋਂ, ਪਾਸੋਂ।
ਮਿਲੀ ਜ਼ਮੀਨ ਤਾਂਹਿ ਮਗ ਮੈਂਹੈਂ[1] ॥੨੭੪॥ — [1]ਰਾਹ ਵਿੱਚ।
ਔਰੈਂ ਲੋਗਨ ਕੂਪ ਲਗਾਏ।
ਦਏ ਮੁਕਾਨ ਧਰਮ ਹਿਤ ਪਾਏ।
ਸ੍ਰੀ ਧਮਧਾਣ ਸਾਹਿਬੈਂ ਕੇਰੋ।
ਮਲ-ਸਿੰਘ ਹੈ ਮਹੰਤ ਭਲ ਹੇਰੋ ॥੨੭੫॥
ਤਿਨ ਭੀ ਕੂਪ ਏਕ ਤਹਿੰ ਲਾਯੋ।
ਰਸਤਾ ਸੰਗਤ ਹੇਤ ਸੁਧਾਯੋ[1]। — [1]ਠੀਕ ਕਰਵਾਇਆ।
ਇਤਯਾਦਿਕ ਉਪਕਾਰ ਉਦਾਰੇ।
ਕੀਨ ਭਗਤ ਸਿੰਘ ਹਮੈਂ ਨਿਹਾਰੇ ॥੨੭੬॥
ਸੇਵ ਸ਼ਹੀਦਨ ਕੀ ਸਦ ਕਰਿ ਹੈ।
ਰੌਣਕ ਰਾਖਤ ਸ਼ਰਧਾ ਧਰ ਹੈ ॥੨੭੭॥
ਦੋਹਰਾ:
ਲੈਹਣਾ ਸਿੰਘ ਸਰਦਾਰ ਇਮ,
ਟੈਹਲ ਸ਼ਹੀਦਨ ਕੇਰ।
ਕਰੀ ਜਬੈ ਮਨਸਾ ਭਰੀ[1], — [1]ਇੱਛਾ ਪੂਰੀ ਹੋਈ।
ਭਏ ਪੂਤ ਜੁਗ[1] ਫੇਰ ॥੨੭੮॥ — [1]ਦੋ।
ਜਿਨ ਕੀ ਸੰਤਤਿ ਅਬਿ ਅਹੈ,
ਬਣੀਏ ਗ੍ਰਾਮ ਮਝਾਰ।

ਅਰਜਨ ਸਿੰਘ ਅਰ ਕਿਸ਼ਨ ਸਿੰਘ,
ਆਦਿਕ ਭਲ ਸਰਦਾਰ ॥੨੭੯॥
ਬੇਦੀ ਸਾਹਿਬ ਰਾਮ ਸਿੰਘ,
ਭਏ ਸ਼ਹੀਦ ਸੁ ਜੈਸ।
ਪੁਨ ਸ਼ਹੀਦ-ਗੰਜ ਬਨਯੋ ਜਿਮ,
ਗਾਥਾ ਭਾਖੀ ਤੈਸ ॥੨੮੦॥
ਪਢੈ ਸੁਨੈ ਜੋ ਨਾਰਿ ਨਰ,
ਧਰ ਸ਼ਰਧਾ ਕਰਿ ਚਾਇ।
ਤਾਂ ਕੀ ਪੁਰਵੈਂ ਆਸਨਾ,
ਸਿੰਘ ਸ਼ਹੀਦ ਸਭਿ ਭਾਇ[1] ॥੨੮੧॥

[1]ਸ਼ਹੀਦ ਸਿੰਘ ਉਸ ਦੀਆਂ ਸਭ ਤਰ੍ਹਾਂ ਦੀਆਂ ਕਾਮਨਾ ਪੂਰੀਆਂ ਕਰਨਗੇ।

ਰਾਮ ਅਗਨਿ ਬਸੁ ਸਸੀ ਥੋਂ,
ਚੌਦਸ ਬਦੀ ਬਿਸਾਖ[1]।
ਗੁਰੁ ਦਿਨ[1] ਭਏ ਸ਼ਹੀਦ ਥੇ,
ਰਾਮ ਸਿੰਘ ਲਿਹੁ ਲਾਖ[1] ॥੨੮੨॥

[1]ਸੰਮਤ ੧੮੩੩ ਵਿਸਾਖ ਵਦੀ ੧੪ ਸੀ।

[1]ਵੀਰਵਾਰ ਦਿਨ।

[1]ਜਾਣ ਲਵੋ।

ਜੰਗ ਸਾਂਹਚੀ ਸੰਗ ਬਡ,
ਕਰਯੋ ਖਾਲਸੇ ਜੈਸ।
ਫਤੇ ਪਾਇ ਅੰਤਮ ਅਤੀ,
ਮੇਟੀ ਸਭਿ ਟਕ-ਟੈਂਸ[1] ॥੨੮੩॥

[1]ਰਗੜਾ ਝਗੜਾ। (ਅ) ਤੁਰਕਾਂ ਦੀ ਆਕੜ ਫਾਕੜ।

ਦੋਹਰਾ:
ਕਾਯਮ ਹੋਣਾ ਮੁਲਕ ਪਰ[1],
ਪੰਥ ਖਾਲਸੇ ਕੇਰ।
ਸ਼ਹਿ ਜਮਾਨ ਕਾ ਆਵਨਾ,
ਬੀਚ ਲਹੌਰੈਂ ਹੇਰ[1] ॥੨੮੪॥

[1]ਭਾਵ ਮੁਲਕ ਦੇ ਮਾਲਕ ਬਣਨਾ।

[1]ਦੇਖੋ।

ਫਿਰ ਲਹੌਰ ਰਣਜੀਤ ਸਿੰਘ,
ਲੀਨੋ ਜਿਸ ਪਰਕਾਰ।
ਇਤਿਕ ਗਾਥ ਔਰੈਂ ਸੁਨੋ,
ਪੰਥ ਖਾਲਸਾ ਸਾਰ[1] ॥੨੮੫॥

[1]ਸ੍ਰੇਸ਼ਟ।

ਜਬੈ ਤੇਤੀਏ ਸਾਲ ਮੈਂ
ਪੰਥ ਜੰਗ ਬਡ ਠਾਨ।

ਮਾਰਿ ਸਾਂਹਚੀ ਕੇ ਤਈਂ,
ਮੁਲਕੋਂ ਕਢੇ ਪਠਾਨ ॥੨੮੬॥
ਚੌਪਈ:
ਫਿਰ ਗੁਜਰਾਤ ਜੰਗ ਕਰਿ ਭਾਰੀ।
ਪਾਂਚ ਹਜਾਰੀ ਬੀਸ ਹਜਾਰੀ।
ਗਿਲਜੇ ਹਤੇ ਸ੍ਰਦਾਰ ਮਹਾਨੀ।
ਦੀਨੇ ਅਟਕ ਟਪਾਇ ਦੁਰਾਨੀ ॥੨੮੭॥
ਹਿੰਦੁਨ ਕੀ ਬਾਂਦੇਂ[1] ਛੁਡਵਾਈਂ।

[1]ਹਿੰਦੂਆਂ ਦੀਆਂ ਉਹ ਬਹੁ-ਬੇਟੀਆਂ ਜਿਨ੍ਹਾਂ ਨੂੰ ਪਕੜ ਕੇ ਤੁਰਕ ਗਜ਼ਨੀ 'ਚ ਲੈ ਕੇ ਜਾ ਕੇ ਟਕੇ ਟਕੇ ਨੂੰ ਵੇਚ ਦੇਂਦੇ ਸਨ ਤੇ ਲੈਣ ਵਾਲੇ ਉਹਨਾਂ ਨੂੰ ਆਪਣੀਆਂ ਬਾਂਦੀਆਂ (ਟਹਿਲਣਾ) ਬਣਾ ਕੇ ਕੰਮ ਲੈਂਦੇ ਸਨ। ਬਾਂਦੀ ਦਾ ਅਰਥ ਹੈ ਟਹਿਲਣ, ਦਾਸੀ।

ਬਿੱਪ੍ਰ ਹਰਨ-ਪੁਰ-ਵਾਰੇ ਤਾਂਈ।
ਤਿਸ ਕੀ ਬੇਟੀ ਬਹੁ ਦਿਲਾਈ।
ਪੈ ਨ ਹਿੰਦੂਐਂ ਸੋਊ ਮਿਲਾਈ ॥੨੮੮॥
ਰਹੀ ਨਿਆਰੀ ਅਬਿ ਲੌ ਸੋਊ।
ਜਾਨਤ ਓਸ ਦੇਸ ਕੇ ਲੋਊ[1]।

[1]ਲੋਕ।

ਪੰਥ ਖਾਲਸੇ ਮੁਲਕ ਸੰਭਾਰਾ।
ਹਿੰਦੁਨ ਕੋ ਦਿਯ ਅਮਨ[1] ਉਦਾਰਾ ॥੨੮੯॥

[1]ਚੰਗੀ ਸ਼ਾਂਤੀ (ਅਮਨ- ਅਰਾਮ, ਸ਼ਾਂਤੀ, ਟਿਕਾ।)

ਪਹਿਲੇ ਹੁਤੋ ਜਿਸ ਕਾ ਜਿਸ ਪਾਸੈਂ।
ਕਬਜੇ ਕੀਨ ਤਿਤਿਕ ਤਿਨ ਖਾਸੈਂ[1]।

[1]ਤਿਨ੍ਹਾਂ ਨੇ ਉਨਾ ਕੁ (ਖਾਸੈਂ) ਆਪਣੇ ਆਪ।

ਪਰ ਧਨ ਤਿਯ ਜ਼ਮੀਨ ਨਹਿਂ ਛੇਰੈਂ।
ਕਰਹੀਂ ਭਲ ਇਨਸਾਫ ਬਧੇਰੈਂ ॥੨੯੦॥
ਖੁਸ਼ੀ ਹੋਇ ਰੱਯਤ ਜੋ ਦੇਵੈ।
ਆਪ ਖੁਸ਼ੀ ਹ੍ਵੈ ਸੋਊ ਲੇਵੈਂ।
ਅਤਿ ਗਰੀਬ ਕੋ ਢਿਗ ਤੈ ਦੈ ਹੈਂ।
ਭੁੱਖਾ ਨੰਗਾ ਪਿਖ ਨ ਸਕੈ ਹੈਂ ॥੨੯੧॥
ਪਰਜਾ ਅਰ ਨ੍ਰਿਪ ਸਿੰਘਨ ਕੇਰੇ।
ਲੱਖਨ ਜੇਤਿਕ ਔਰ ਬਧੇਰੇ।
ਆਗੇ ਚਲਿ ਸੋ ਭਲ ਦਿਖਰੈ ਹੈਂ।
ਪੁਸਤਕ ਜਹਾਂ ਸਮਾਪਤਿ ਕੈ ਹੈਂ ॥੨੯੨॥

ਅਬਿ ਜਿਮ ਸਿੰਘਨ ਲਯੋ ਲਹੌਰੈਂ।
ਸੋ ਗਾਥਾ ਸੁਨ ਲਿਹੁ ਕਰਿ ਗੌਰੈਂ[1]। — [1]ਖ਼ਿਆਲ, ਧਿਆਨ।
ਜਬੈ ਸਾਂਹਚੀ ਰਣ ਮੈਂ ਮਾਰਾ।
ਮੁਲਕੋਂ ਗਿਲਜਜੋਂ ਤਈਂ ਨਿਕਾਰਾ ॥੨੯੩॥
ਜਮਨਾ ਤੈ ਉਤ ਅਟਕ ਪ੍ਰਯੰਤੈਂ[1]। — [1]ਤੱਕ।
ਰਾਜ ਸਿੰਘਨ ਨਿਜ ਕੀਨ ਸੁਤੰਤੈਂ[1]। — [1]ਆਜ਼ਾਦਰਾਜ।
ਪੈ ਬਿਚ ਬਿਚ ਕਿਛੁ ਤੁਰਕ ਰਹਾਨੇ।
ਗੱਖੜ[1], ਚੱਠੇ, ਸ਼ੇਖ, ਟੁਮਾਨੇ ॥੨੯੪॥ — [1]ਮੁਸਲਮਾਨਾਂ ਦੇ ਗੋਤਰ ਹਨ।
ਰਾਇ, ਪਠਾਨ ਛਿ ਸਾਤਕ ਠੌਰੈਂ।
ਸੂਬਾ ਸ਼ਾਹੀ ਰਹਜੋ ਲਹੌਰੈਂ।
ਗੁੱਜਰ ਸਿੰਘ ਫੜਿ ਹਿੰਮਤ ਜੋਰੈਂ।
ਸੰਗ ਮਿਲਾਇ ਸਿੰਘ ਬਹੁ ਹੋਰੈਂ ॥੨੯੫॥
ਅੱਠਾਰਾਂ ਸੌ ਪੈਂਤੀ ਮਾਹੈਂ।
ਹਮਲੇ ਕਰਿ ਲਹੌਰ ਮਰ ਤਾਂਹੈਂ[1]। — [1]ਤਿਸ ਨੇ ਮਾਰ ਲਿਆ ਭਾਵ ਕਬਜ਼ਾ ਕਰ ਲਿਆ।
ਕਈ ਮਾਸ ਰਖ ਜੰਗ ਫਸਾਦੈਂ।
ਸੂਬਾ ਤੰਗ ਕਰਜੋ ਬਰਬਾਦੈਂ ॥੨੯੬॥
ਜਮਾਂਦਾਰ ਦਰਵਾਜਜੋਂ ਕੇਰੋ।
ਲਯੋ ਮਿਲਾਇ ਸੰਗ ਨਿਜ ਹੇਰੋ।
ਬਡੀ ਫਜਰ[1] ਹਮਲਾ ਇਨ ਕੀਨਾ। — [1]ਅੰਮ੍ਰਿਤ ਵੇਲੇ, ਵੱਡੇ ਤੜਕੇ।
ਖੋਲ ਦੁਵਾਜਾ ਤਿਸ ਨੈ ਦੀਨਾ ॥੨੯੭॥
ਸ਼ੇਰਾਂ ਵਾਲੇ ਬੜਿ[1] ਦਰਵਾਜੈਂ। — [1]ਵੜ ਕੇ।
ਧਸੇ ਸ਼ਹਿਰ ਮੈਂ ਸਿੰਘ ਦਰਾਜੈਂ[1]। — [1]ਬਹੁਤੇ।
ਗਲੀ ਗਲੀ ਫਿਰ ਗਏ ਬਜਾਰੈਂ।
ਲੂਟ ਮਾਰ ਕੀਨੀ ਅਤਿ ਭਾਰੈਂ ॥੨੯੮॥
ਜਿਸ ਨੈ ਅੱਗਜੋਂ ਹੱਥ ਉਠਾਯੋ।
ਸੋ ਤੇਗਨ ਕੋ ਬੇਗ ਚਖਾਯੋ[1]। — [1]ਉਹ ਤਲਵਾਰਾਂ ਨੂੰ (ਬੇਗ) ਛੇਤੀ ਚਖਾਇਆ ਭਾਵ ਕਤਲ ਕਰ ਦਿੱਤਾ।
ਸ਼ਹਿਰੀ ਮਿਲੇ ਚੌਧਰੀ ਆਏ।
ਰੱਯਤ ਬਨੇ ਸਿੰਘਨ ਕੀ ਸਾਏ[1] ॥੨੯੯॥ — [1]ਉਹ।
ਦੀਨੋ ਅਮਨ ਸਮਨ ਦੁਖ ਸਾਰੇ[1]। — [1]ਸਾਰੇ ਦੁੱਖ (ਸਮਨ) ਨਾਸ਼ ਕਰ ਕੇ (ਅਮਨ) ਅਰਾਮ ਦਿੱਤਾ।

ਗੁੱਜਰ ਸਿੰਘ ਲਿਯ ਸ਼ਹਿਰ ਸੰਭਾਰੇ।
ਉਨ ਪੁਨ ਇਕ ਬਡ ਕਿਲ੍ਹਾ ਬਨਾਯੋ।
ਜੋ ਅਬਿ ਲੌਂ ਹੈ ਬਿਦਿਤ ਤਹਾਂਯੋ[1] ॥੩੦੦॥ — [1]ਉੱਥੇ ਮਸ਼ਹੂਰ ਹੈ।
ਕਾਰਦਾਰ ਨਿਜ ਤਹਾਂ ਤਜੈ ਹੈ।
ਆਪ ਗਯੋ ਗੁਜਰਾਤ ਦਿਸੈ ਹੈਂ।
ਸੋਭਾ ਸਿੰਘ ਨਿਆਜ ਬੇਗੀਆ[1]। — [1]ਨਿਆਜ਼ ਬੇਗ ਪਿੰਡ ਦਾ।
ਲੈਹਿਣਾ ਸਿੰਘ ਬਣੀਏ ਕਾ ਬੀਆ[1] ॥੩੦੧॥ — [1](ਬੀਆ) ਦੂਜਾ, ਬਣੀਏ ਪਿੰਡ ਦਾ।
ਗੁੱਜਰ ਸਿੰਘ ਕੇ ਥੇ ਇਹੁ ਨਾਇਬ[1]। — [1]ਸਹਾਇਕ, (ਅ) ਉਸ ਦੇ ਥਾਂ ਪਿੱਛੋਂ ਕੰਮ ਸੰਭਾਲਣ ਵਾਲੇ, ਜ਼ਿੰਮੇਂਵਾਰ।
ਯਾਂ ਤੇ ਇਹੁ ਭੀਰਹੇ ਤਹਾਂਇਬ[1]। — [1]ਉੱਥੇ।
ਕਾਬਲੀ-ਮਲ ਸੂਬਾ ਥਾ ਸ਼ਾਹੀ[1]। — [1](ਕਾਬਲ ਦੇ) ਬਾਦਸ਼ਾਹ ਵੱਲੋਂ ਥਾਪਿਆ ਹੋਇਆ ਕਾਬਲੀ ਮੱਲ ਸੂਬਾ ਸੀ।
ਆਕੀ ਰਹਜੋ ਕਿਲੇ ਬਡ ਮਾਂਹੀ ॥੩੦੨॥
ਕਾਬਲ ਮੈਂ ਉਨ ਖਬਰ ਪੁਚਾਈ।
ਜਬਿ ਮੱਦਦ ਤਹਿਂ ਤੇ ਨਹਿਂ ਆਈ।
ਤੰਗ ਹੋਇ ਵਹਿ ਅੰਤ ਬਹੋਰੀ[1]। — [1]ਫੇਰ ਅੰਤ ਨੂੰ।
ਛੋਰ ਕਿਲ੍ਹਾ ਗਜੋ ਕਾਬਲ ਓਰੀ ॥੩੦੩॥
ਲੈਹਿਣਾ ਸਿੰਘ ਸੋਭਾ ਸਿੰਘ ਦੋਊ।
ਰਹਿਨ ਕਿਲ੍ਹੇ ਮੈਂ ਲਾਗੇ ਸੋਊ ॥੩੦੪॥

ਦੋਹਰਾ:
ਤੁਰਕਨ ਤੈ ਛੁਡਵਾਯੋ ਯੌਂ,
ਤਬਿ ਸਿੰਘਨ ਲਾਹੌਰ।
ਲਗੇ ਹਕੂਮਤ ਕਰਨ ਬਡ,
ਖੁਦ ਮੁਖਤਾਰਨ ਤੌਰ[1] ॥੩੦੫॥ — [1]ਖੁਦ-ਮੁਖ਼ਤਾਰਾਂ ਦੇ ਢੰਗ ਨਾਲ।

ਚੌਪਈ:
ਗੰਡਾ ਸਿੰਘ ਭੰਗੀ ਸਰਦਾਰੈਂ।
ਹੁਤੋ ਮਿਸਲ-ਪਤਿ ਤਬਿ ਜੋ ਭਾਰੈਂ।
ਸੋ ਨਿਜ ਮਿਸਲ-ਦਾਰ ਸਰਦਾਰੈਂ।
ਇਕਠੇ ਕਰਿ ਦਲ ਜੋਰ ਅਪਾਰੈਂ ॥੩੦੬॥
ਦਿਸ ਮੁਲਤਾਨ ਗਯੋ ਚਢ ਵੋ[1] ਹੈ। — [1]ਉਹ ਗੰਡਾ ਸਿੰਘ।
ਮੁਲਕ ਫਤੇ ਕੀਨੋ ਉਨ ਸੋ[1] ਹੈ। — [1]ਉਹ ਮੁਲਕ।

ਏਕ ਮਾਸ ਕਰਿ ਜੰਗ ਕਰਾਰੇ।
ਲਿਯ ਮੁਲਤਾਨ ਛੁਡਾ ਬਲ ਧਾਰੇ ॥੩੦੭॥
ਸੂਬਾ ਕਾਬਲ ਕੇਰ ਨਿਕਾਰਾ।
ਸੋ ਭੀ ਕਾਬਲ ਗਯੋ ਦੁਖਯਾਰਾ।
ਇਤ ਤੈ ਮੱਲ ਕਾਬਲੀ ਗਯੋ।
ਹਾਲ ਸਿੰਘਨ ਕਾ ਸਭੀ ਸੁਨਯੋ ॥੩੦੮॥
ਸੁਨਿ ਜ਼ਮਾਨ ਸ਼ਾਹ ਰਿਸ ਕੈ ਭਾਰੀ।
ਗਿਲਜਯੋਂ ਕੀ ਪੁਨ ਫੌਜ ਅਪਾਰੀ।
ਜ਼ਾਲਮ ਖਾਂ, ਸਫਦਰ ਖਾਂ ਸੰਗੈ[1]। [1]ਨਾਲ।
ਦਿਸ ਪੰਜਾਬ ਪਠ ਦਈ ਨਿਸੰਗੈਂ ॥੩੦੯॥
ਗੰਡਾ ਸਿੰਘ ਸਾਵਲ ਸਿੰਘ ਤਾਂਈਂ।
ਆਯੋ ਥਾ ਮੁਲਤਾਨ ਸੌਂਪਾਈ।
ਜਬਿ ਗਿਲਜੇ ਤਹਿਂ ਆਇ ਪਹੂੰਚੇ।
ਸਾਵਲ ਸਿੰਘ ਲਰਯੋ ਅਤਿ ਮੂਚੇ[1] ॥੩੧੦॥ [1]ਬਹੁਤ ਜ਼ਿਆਦਾ।
ਦਸਾ ਮੰਦ[1] ਗਿਲਜਯੋਂ ਕੀ ਕਈ। [1]ਮਾੜੀ ਹਾਲਤ।
ਪੈ ਨਹਿਂ ਮੱਦਦ ਇਤ ਤੈ ਗਈ।
ਆਖਰ ਸੋ ਮੁਲਤਾਨ ਤਜੈ ਕੈ।
ਅਯੋ ਸੁਧਾਸਰ ਓਰੈਂ ਧੈ ਕੈ ॥੩੧੧॥
ਕਾਬਲੀਓਂ ਮੁਲਤਾਨ ਸੰਭਾਰੀ।
ਲੌਪੁਰ ਦਿਸ ਨ ਅਏ ਡਰ ਧਾਰੀ।
ਸਫਦਰ ਖਾਂ ਸੂਬਾ ਤਹਿਂ ਥਯੋ।
ਮੁਜੱਫਰ ਖਾਂ ਸੁਤ ਜਾਂ ਕਾ ਭਯੋ ॥੩੧੨॥
ਜਿਸ ਤੈ ਫਿਰ ਰਣਜੀਤ ਮ੍ਰਿਗੇਸੈਂ।
ਥੀ ਮੁਲਤਾਨ ਛੁਡਈ ਬਿਸੇਸੈਂ।
ਅਬਿ ਸੁਨ ਲਿਹੁ ਲਹੌਰ ਕੀ ਸਾਖੀ।
ਗੁੱਜਰ ਸਿੰਘ ਨੈ ਬਹੁ ਦਿਨ ਰਾਖੀ ॥੩੧੩॥
ਜਬਿ ਵਹਿ ਸਾਨੰਦ[1] ਸੁਰ-ਪੁਰ ਗਯੋ। [1]ਅਨੰਦ ਸਹਿਤ।
ਸਾਹਿਬ ਸਿੰਘ ਸੁਤ ਤਾਂ ਕਾ ਭਯੋ।
ਲੈਹਿਣਾ ਸਿੰਘ ਸੋਭਾ ਸਿੰਘ ਦੋਊ।
ਖੁਦ ਮੁਖਤਾਰ ਭਏ ਤਬਿ ਸੋਊ ॥੩੧੪॥

ਹਾਕਮ ਤੀਨ ਸ਼ਹਿਰ ਕੇ ਭਏ।
ਹਿਸੇ ਬਾਂਟ ਤੀਨ ਇਨ ਲਏ।
ਹਾਕਮ ਸਮ ਤ੍ਰੈ ਮਧ ਇਕ ਸ਼ਹਿਰੈਂ।
ਬਸਨ ਕੈਸ ਦਿਹਂ, ਥੀਓ ਕਹਿਰੈਂ[1] ॥੩੧੫॥

[1]ਕਿਸ ਤਰ੍ਹਾਂ ਵਸਣ ਦੇਣ (ਸ਼ਹਿਰੀਆਂ ਦੇ ਭਾਅ ਦਾ) (ਕਹਿਰ) ਕਸ਼ਟ (ਖੜ੍ਹਾ ਹੋ ਗਿਆ)।

ਚੋਰ ਧਾੜਵੀ ਲੋਗ ਅਪਾਰੈਂ।
ਇਕ ਦਿਸ ਲੁਟ ਦਿਸ ਦੁਤੀ ਪਧਾਰੈਂ।
ਕਈ ਸਾਲ ਇਸ ਭਾਂਤਿ ਬਿਤਾਏ।
ਸ਼ਹਿਰ ਵਿਰਾਨ ਭਯੋ ਇਸ ਭਾਏ ॥੩੧੬॥

ਦੋਹਰਾ:
ਸ਼ਾਹ ਜ਼ਮਾਨ ਕਾਬਲ ਪਤੀ,
ਬਲ ਧਰਿ ਲੈ ਦਲ ਫੇਰ।
ਮੁਲਕ ਛੁਡਾਨੈ ਸਿੰਘਨ ਤੈ,
ਅਯੋ ਕੋਪਿ ਇਤ ਫੇਰ[1] ॥੩੧੭॥

[1]ਫੇਰ ਕ੍ਰੋਧ ਨਾਲ ਇਸ ਪਾਸੇ ਆਇਆ।

ਚੌਪਈ:
ਗਜ਼ਨੀ[1] ਤੁਰੱਕਸਤਾਨ[2] ਬਲੂਚੀ[3]।

[1]ਅਫ਼ਗਾਨਿਸਤਾਨ ਦਾ ਇਕ ਮਸ਼ਹੂਰ ਸ਼ਹਿਰ। [2]ਯੂਰਪ ਦੇ ਏਸ਼ੀਆ ਦੇ ਅੰਤਰਗਤ ਇਕ ਦੇਸ਼, ਜਿਸ ਦਾ ਅੱਧਾ ਹਿੱਸਾ ਚੀਨ ਤੇ ਅੱਧਾ ਹਿੱਸਾਰੂਸ ਦੇ ਕਬਜ਼ੇ ਵਿੱਚ ਹੈ। [3]ਬਲੋਚਿਸਤਾਨ– ਭਾਰਤ ਦੇ ਉੱਤਰ ਪੱਛਮ ਵਿੱਚ ਇਕ ਦੇਸ਼।

ਕੌਮ ਜਮਿਸਤ[1] ਵਜੀਰਾ ਕੂਚੀ।

[1]ਇਕ ਕੌਮ ਦਾ ਨਾਮ।

ਜਾਜੀ ਮਸੋਜਈ ਕਗਾਨੀ।
ਕਰਿ ਕੈ ਫਤੇ ਸੁ ਇਤਿਕ ਮਹਾਨੀ ॥੩੧੮॥
ਸ਼ਾਹ ਜ਼ਮਾਨ ਤਾਨ ਕੈ ਭੌਹੈਂ[1]।

[1]ਭ੍ਰਵੱਟੇ ਖਿੱਚ ਕੇ ਭਾਵ ਹੰਕਾਰ ਨਾਲ।

ਉਤਰਜੋ ਅਟਕ ਕਟਕ ਲੈ ਛੌਹੈਂ[1]।

[1](ਛੌਹੈਂ) ਕ੍ਰੋਧ ਨਾਲ (ਕਟਕ) ਫੌਜ ਲੈ ਕੇ ਅਟਕ ਤੋਂ (ਉਰਲੇ ਪਾਰ) ਆ ਉਤਰਿਆ।

ਸਿੰਘਹਿਂ ਨਿਜ ਨਿਜ ਤਜੇ ਠਿਕਾਨੇ।
ਮਿਲ ਕੈ ਜੰਗ ਨ ਲੀਨ[1] ਮਹਾਨੇ ॥੩੧੯॥

[1]ਲਿਆ ਭਾਵ ਕੀਤਾ।

ਸ਼ਾਹ ਗੌਰ ਕਰਿ ਅਯੋ ਲਹੌਰੈਂ।
ਲੈਹਿਣਾ ਸਿੰਘ ਲੌ ਤਜ ਗਏ ਠੌਰੈਂ।
ਥਯੋ ਸੁਧਾਸਰ ਪੰਥ ਇਕੱਠਾ।
ਲਰਨੇ ਹੇਤ ਗੁਰਮਤਾ ਠੱਟਾ[1] ॥੩੨੦॥

[1]ਕੀਤਾ।

ਪੰਜ ਪੰਜ ਸਤ ਸਤ ਸਹਸ[1] ਮਿਲੈ ਕੈ। [1]ਹਜ਼ਾਰ।
ਹਰਨ ਲਗੇ[1] ਗਿਲਜਜੋਂ ਕੋ ਧੈ ਕੈ। [1]ਮਾਰਨ ਲੱਗੇ।
ਸ਼ਾਹ ਕਿਲ੍ਹੇ ਕੇ ਮਧ ਰਹਾਏ।
ਪੰਦ੍ਰਾਂ ਰੋਜ ਸਰਾਧ ਬਿਤਾਏ ॥੩੨੧॥
ਸਿੰਘਨ ਭੀ ਹ੍ਵੈ ਦੁਖੀ ਮਹਾਂਏ।
ਸ੍ਰੀ ਕਲਗੀਧਰ ਗੁਰੂ ਧਿਆਏ।
ਸ਼ਾਹਿ ਤਈਂ ਤਬਿ ਫੌਜ ਸ਼ਹੀਦੀ।
ਦੈ ਦਰਸ਼ਨ ਡਰਿ ਕਰੈ ਤਗੀਦੀ[1] ॥੩੨੨॥ [1]ਡਰਾ ਕੇ (ਇਹ ਗੱਲ ਪੱਕੀ ਕਰਵਾਉਂਦੀ ਹੈ ਕਿ)।
ਛੋਡ ਜਾਹੁ ਤੁਮ ਦੇਸ ਪੰਜਾਬੈਂ।
ਨਹੀਂ ਤੁ ਮਾਰੈਂਗੇ ਕਰਿ ਖ਼੍ਵਾਬੈਂ।
ਸ਼ਾਹਿ ਡਰੈ ਨਿਤ ਚਲਨੋ ਚੈਹੈ।
ਪੈ ਅਮੀਰ ਨਹਿਂ ਚਲਨੇ ਦੈਹੈਂ ॥੩੨੩॥
ਇਕ ਦਿਨ ਖ਼੍ਵਾਬ[1] ਸ਼ਾਹਿ ਨੈ ਦੇਖਾ। [1]ਸੁਪਨਾ।
ਰੁਦਨ ਕੀਨ ਭੈ ਪਾਇ ਬਿਸੇਖਾ[1]। [1]ਬਹੁਤਾ ਡਰ ਪਾ ਕੇਰੋਇਆ।
ਬੂਝਜੋ ਜਬੈ ਵਜੀਰੈਂ ਤਾਂ ਕੋ।
ਸ਼ਾਹਿ ਭੇਦ ਇਮ ਭਾਖਜੋ ਬਾਂਕੋ[1] ॥੩੨੪॥ [1]ਸੁੰਦਰ।
ਖ਼੍ਵਾਬ ਵੀਚ ਮੈਂ ਗਯੋ ਦ੍ਰਗੈਹੈਂ।
ਪੈਗੰਮਰ ਕੋ ਪੇਖਜੋ ਤੈਹੈਂ[1]। [1]ਓਥੇ।
ਦਿੱਬਜ[1] ਸਿੰਘਾਸਨ ਪਰ ਗੁਰੁ ਨਾਨਕ। [1]ਪ੍ਰਕਾਸ਼ ਰੂਪ।
ਬੈਠੇ ਦਸ ਗੁਰੁ ਯੁਤ ਸਿਖ ਆਨਿਕ[1] ॥੩੨੫॥ [1]ਅਨੇਕਾਂ ਸਿੱਖਾਂ ਦੇ ਸਹਿਤ।
ਇਕ ਕਾਣਾ ਸਾ ਲੜਕਾ ਤਹਾਂ।
ਉਨੈ ਚੌਰ ਕਰਤੋ ਹਮ ਲਹਾ[1]। [1]ਦੇਖਿਆ।
ਦਸਮੇਂ ਗੁਰੁ ਝਟ ਤਾਜ ਹਮਾਰਾ।
ਲਾਹਿ ਤਾਂਹਿ ਕੇ ਸਿਰ ਪੈ ਧਾਰਾ[1] ॥੩੨੬॥ [1]ਲਾਹੌਰ ਦਾ ਹੀ।
ਮੈਂ ਪੈਗੰਮਰ ਪਾਸ ਪੁਕਾਰਾ।
ਉਨ ਮੁਝ ਪ੍ਰਤਿ ਇਮ ਹੁਕਮ ਉਚਾਰਾ।
ਤਾਜ ਤਖਤ ਇਸ ਲੜਕੇ ਤਾਂਈਂ।
ਬਖਸ਼ਜੋਂ ਗੁਰੈਂ ਲਹੌਰੈਂ ਕਾ ਈ ॥੩੨੭॥
ਗੁਰੁ ਨਾਨਕ ਕਾ ਕੀਆ ਨ ਫਿਰ ਹੈ[1]। [1]ਮੁੜਦਾ ਨਹੀਂ ਹੈ।
ਤੁਮ ਲਾਹੌਰ ਤਜਿ ਜਾਵੋ ਘਰ ਹੈ।

ਹੁਕਮ ਪਿਕੰਬਰ ਕਾ ਸੁਨ ਮੈਂ ਹੂੰ।
ਭਯੋ ਬਿਦਾਰ ਵਿਚਾਰਿਰੁਦੈ ਹੂੰ[1] ॥੩੨੮॥ [1]ਜਾਗ ਪਿਆ ਤੇ ਵਿਚਾਰ ਕੇਰੋਂਦਾ ਹਾਂ।
ਅਸ ਕਹਿ ਤੂਰਨ ਕਰੀ ਤਯਾਰੀ।
ਕਾਬਲ ਦਿਸ ਸ਼ਹਿ ਗਯੋ ਪਧਾਰੀ।
ਅੱਠਾਰਾਂ ਸੈ ਹੁਤੋ ਬਵੰਜਾ।
ਸਿੰਘਹਿ ਤੁਰਕੀ ਦਲ ਮਗ ਭੰਜਾ[1] ॥੩੨੯॥ [1]ਰਸਤੇ 'ਚ ਨਾਸ਼ ਕੀਤਾ।
ਅਰਬੀ ਤੁਰਕਸਤਾਨੀ ਘੋੜੇ।
ਗਿਲਜਜੋਂ ਕੇ ਛੀਨੇ ਨਹਿਂ ਥੋੜੇ।
ਲੂਟ ਮਾਰ ਕਰਿ ਅਤੀ ਹਿਰਾਨੈਂ।
ਅਟਕ ਟਪਾਯੋ ਸ਼ਾਹਿ ਸਿੰਘਾਨੈਂ ॥੩੩੦॥
ਫਿਰ ਆਵਨ ਕੀ ਕਸਮੈਂ ਖਾ ਕੈ।
ਪੁਗਜੋ[1] ਪਸ਼ੌਰ ਗੌਰ ਦੁਖ ਪਾ ਕੈ ॥੩੩੧॥ [1]ਪਹੁੰਚ ਗਿਆ।

ਦੋਹਰਾ:

ਜਬਿ ਜ਼ਮਾਨ ਸ਼ਾਹ ਤਖਤ ਤੈ,
ਖਾਰਜ ਹ੍ਵੈ ਬਿਨ ਨੈਨ[1]। [1]ਜਦੋਂ ਜ਼ਮਾਨ ਸ਼ਾਹ ਤਖ਼ਤ ਤੋਂ ਖ਼ਾਰਜ ਹੋ ਗਿਆ ਸੀ ਤੇ ਅੰਨ੍ਹਾ ਹੋ ਗਿਆ ਸੀ। (ਇਸ ਦੇ ਛੋਟੇ ਭਰਾ ਮਹਿਮੂਦ ਸ਼ਾਹ ਨੇ ਇਸ ਦੀਆਂ ਅੱਖਾਂ ਕਢਵਾ ਦਿੱਤੀਆਂ ਸਨ।)
ਰਾਵਲਪਿੰਡੀ ਮਿਲਜੋ ਥਾ,
ਮਹਾਰਾਜ ਕੋ ਐਨ[1] ॥੩੩੨॥ [1]ਮਹਾਰਾਜਾ ਰਣਜੀਤ ਸਿੰਘ ਨੂੰ ਚੰਗੀ ਤਰ੍ਹਾਂ ਮਿਲਿਆ ਸੀ।
ਬੇਦੀ ਸਾਹਿਬ ਸਿੰਘ ਕੇ,
ਬੂਝਨ ਪਰ ਇਹੁ ਬਾਤ।
ਮਹਾਰਾਜ ਕੇ ਰੋਬਰੋ[1], [1]ਸਾਹਮਣੇ।
ਭਾਖਜੋ ਸ੍ਵਪਨ ਬਖਜਾਤ ॥੩੩੩॥

ਚੌਪਈ:

ਸ਼ਾਹ ਜ਼ਮਾਨ ਲਹੌਰੈਂ ਜਬੈ।
ਥਾ ਕਾਬਲ ਦਿਸ ਚਾਲਜੋ ਤਬੈ।
ਮਾਹਾਂ ਸਿੰਘ ਗੁੱਜਰਾਂ-ਵਾਲੈਂ।
ਥਯੋ ਪਹਿਲ ਹੀ ਥਾ ਵਸ ਕਾਲੈਂ[1] ॥੩੩੪॥ [1]ਪਹਿਲਾਂ ਹੀ ਕਾਲ-ਵਸ ਹੋ ਗਏ ਸਨ।
ਸ੍ਰੀ ਰਣਜੀਤ ਸਿੰਘ ਸੁਤ ਤਾਂਕਾ।
ਥਾ ਸਰਦਾਰ ਬਾਪ ਸਮ ਬਾਂਕਾ।

ਰਸਦ ਸ਼ਾਹਿ ਕੋ ਥੀ ਤਿਨ ਦੀਨੀ।
ਲੂਟ ਮਾਰ ਭੀ ਨਹਿਂ ਖੁਦ ਕੀਨੀ ॥੩੩੫॥
ਇਸ ਹਿਤ ਸ਼ਾਹਿ ਖੁਸ਼ੀ ਥਾ ਤਾਂ ਪੈ।
ਔਰ ਏਜ਼ਦੀ ਹੁਕਮ ਲਖਾ ਕੈ[1]। [1]ਅਤੇ (ਏਜ਼ਦੀ) ਰੱਬੀ ਹੁਕਮ ਜਾਣ ਕੇ।
ਜੇਹਲਮ ਮੈਂ ਸਤ ਤੋਪੈਂ ਸ਼ਾਹੀ।
ਥਈ ਗਰਕ ਥੀ ਨਿਕਸੀਂ ਨਾਹੀਂ ॥੩੩੬॥
ਇਸ ਹਿਤ ਪਾਸ਼ਾਵਰ ਤੈ ਸ਼ਾਹੈਂ।
ਲਿਖਯੋ ਥਾ ਮਹਾਰਾਜੈ ਯਾਹੈਂ[1]। [1]ਇਸ ਤਰ੍ਹਾਂ।
ਤੋਪ ਹਮਾਰੀ ਤੁਮ ਨਿਕਲੈ ਹੈ।
ਭੇਜ ਦੇਹੁ ਪਾਸ਼ਾਵਰ ਮੈਹੈਂ ॥੩੩੭॥
ਮਹਾਰਾਜ ਵੈਸੇ ਹੀ ਕੀਨੋ।
ਯਾਂ ਤੇ ਸ਼ਾਹਿ ਹੋਇ ਖੁਸ਼ਿ ਪੀਨੋ[1]। [1]ਬਹੁਤਾ।
ਲਿਖ ਪਠਯੋ ਤੁਮ ਲੇਹੁ ਲਹੌਰੈਂ।
ਬਖਸ਼ਯੋ ਹਮ ਭੀ ਤੁਹਿ ਨਿਜ ਤੌਰੈਂ[1] ॥੩੩੮॥ [1]ਆਪਣੇ ਤੌਰ 'ਤੇ ਭਾਵ ਆਪਣੀ ਤਰਫ਼ੋਂ।
ਯਹਿ ਸੁਨ ਮਹਾਰਾਜ ਦਿਢ ਧਾਰੀ।
ਸਦਾ ਕੌਰ ਨਿਜ ਸਾਸੁ ਹਕਾਰੀ[1]। [1]ਸੱਸ ਸੱਦ ਲਈ।
ਮਿਸਲ ਘਨੱਈਓਂ ਕੀ ਸਰਦਾਰੈਂ।
ਹੁਤੀ ਤਬੈ ਸੋਊ ਬਡ ਭਾਰੈਂ ॥੩੩੯॥
ਰਖਤੀ ਮੱਦਦ ਸਦਾ ਮਹਾਨੈ।
ਚਹਿਤੀ ਇਨੈ ਅਰੂਜ ਬਢਾਨੈ[1]। [1]ਪ੍ਰਤਾਪ ਵਧਾਉਣਾ ਚਾਹੁੰਦੀ ਸੀ।
ਅਪਨੇ ਸਭੈ ਰਫੀਕ[1] ਬੁਲੈ ਕੈ। [1]ਮਿੱਤ੍ਰ।
ਤਜਾਰੀ ਐਨ ਸਲਾਹੈਂ ਕੈ ਕੈ ॥੩੪੦॥
ਸ਼ੁੱਕ੍ਰਚੱਕੀਏ ਮਿਲੇ ਘਨੱਯੇ।
ਸਭਿ ਸਰਦਾਰ ਫੌਜ ਲੈ ਭੱਯੇ[1]। [1]ਭਰਾਵਾਂ ਵਾਂਗ।
ਮਹਾਰਾਜ ਕੇ ਸੰਗੀ ਥਾਏ।
ਲਾਹੌਰੀ ਰਾਈਸ ਮਿਲਾਏ ॥੩੪੧॥
ਖੁਫੀਆ ਸੈਨਾ ਜੋਰਿ ਅਪਾਰੈਂ[1]। [1]ਬਹੁਤੀ ਗੁਪਤ ਫੌਜ ਇਕੱਠੀ ਕਰਕੇ।
ਧਸੇ ਜਾਇ ਲਾਹੌਰ ਮਝਾਰੈਂ।
ਸਾਹਿਬ ਸਿੰਘ ਤਬਿ ਥਾ ਗੁਜਰਾਤੈਂ।
ਲੈਹਿਣਾ ਸਿੰਘ ਲੜ ਸਕਯੋ ਨ ਯਾਂ ਤੈ ॥੩੪੨॥

ਸੋਭਾ ਸਿੰਘ ਕਾ ਮਿਹਰ ਸਿੰਘ ਸੁਤ।
ਆਕੀ ਭਏ ਕਿਲ੍ਹੇ ਮੈਂ ਭੈ ਯੁਤ।
ਤੀਨ ਦਿਵਸ ਲੌ ਕਿਛੁਕ ਲਰੈ ਕੈ[1]।
[1]ਲੜ ਕੇ।
ਗਏ ਕਿਲ੍ਹਾ ਤਜ ਖੁਦ ਹੀ ਧੈ ਕੈ ॥੩੪੩॥
ਅੱਠਾਰਾਂ ਸੈ ਮੱਧ ਛਿਪੰਜੇ।
ਹਾੜ ਪੰਚਮੀ ਸੁਦੀ ਅਭੰਜੇ[1]।
[1]ਇਸ-ਰਸ।
ਮਹਾਰਾਜ ਰਣਜੀਤ ਮ੍ਰਿਗੇਸੈਂ।
ਯਾ ਬਿਧਿ ਲਯੋ ਲਹੌਰ ਬਿਸੇਸੈਂ ॥੩੪੪॥
ਯੱਦਪਿ ਮਿਲਿ ਭੰਗੀ ਸਰਦਾਰੈਂ।
ਰਮਗਢੀਏ ਕਾਸੂਰੀ ਸਾਰੈਂ।
ਪਿੰਡ ਭਸੀਨ ਢਿਗ ਕਰੀ ਲੜਾਈ।
ਤੌ ਭੀ ਮਹਾਰਾਜ ਜੈ ਪਾਈ ॥੩੪੫॥
ਮਿਸਲ ਭੰਗੀਆਂ ਕੀ ਕਮਜ਼ੋਰੈਂ।
ਹੋਇ ਰਹੀ ਥੀ ਤਬਿ ਅਤਿ ਖੋਰੈਂ[1]।
[1]ਕਮਜ਼ੋਰ ਹੋ ਕੇ ਬਹੁਤ (ਖੋਰੈਂ) ਖੋਖਲੀ ਹੋ ਰਹੀ ਸੀ (ਅ) (ਖੋਰੈਂ) ਖੁਰ ਖੁਰ ਕੇ ਬਹੁਤ ਕਮਜ਼ੋਰ ਹੋ ਰਹੀ ਸੀ।
ਮਹਾਰਾਜ ਨੈ ਬਲ ਧਰ ਥਾਂ ਤੈ।
ਮੱਲਜੋ ਮੁਲਕ ਅਧਿਕ ਬਖਜਾਤੈ ॥੩੪੬॥
ਮਹਾਰਾਜ ਜਿਮ ਸ਼ਾਹੀ ਪਾਈ।
ਇਨ ਕੀ ਮਿਸਲ ਵੀਚ ਤਿਮ ਗਾਈ।
ਪੰਥ ਖਾਲਸੇ ਰਾਜ ਮਹਾਂਹੈਂ[1]।
[1]ਵੱਡਾ।
ਮੱਲਜੋ ਜਿਮ ਤਿਮ ਦਯੋ ਸੁਨਾ ਹੈ ॥੩੪੭॥
ਰਾਜ ਸਿੰਘਨ ਪਹਿਲਜੋਂ ਕਿਯ ਜੈਸੇ।
ਪਿਛਲਜੋਂ ਨੇ ਖੋਏ ਫਿਰ ਐਸੇ।
ਚਾਲ ਚਲਨ ਰੀਤੀ ਬਿਬਿਧੈਹੈਂ[1]।
[1]ਅਨੇਕ ਤਰ੍ਹਾਂ ਦੀਆਂ।
ਗ੍ਰੰਥ ਅੰਤ ਮੈਂ ਚਲ ਦਿਖਰੈ ਹੈਂ ॥੩੪੮॥
ਅਬਿ ਦ੍ਵਾਦਸ ਮਿਸਲੋਂ ਕੀ ਗਾਥਾ।
ਕੈਹੋਂ ਅੱਗ੍ਰ ਸੁਨੋ ਹਿਤ ਸਾਥਾ।
ਇਹ ਅਧਜਾਇ ਭਯੋ ਇਤਿ ਝਟਕੈਂ[1]।
[1]ਛੇਤੀ।
ਸਿੰਘਹਿਂ ਰਾਜ ਦਿਲਾਇ ਬਿਖਟਕੈਂ[1] ॥੩੪੯॥
[1]ਬੇ-ਫ਼ਿਕਰ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ, 'ਬਾਬੇਰਾਮ ਸਿੰਘ ਸ਼ਹੀਦੀ ਪਾਈ, ਮਹਾਰਾਜ ਕਾ ਲਾਹੌਰ ਲੇਵਨ', ਪ੍ਰਸੰਗ ਬਰਨਨੰ ਨਾਮ ਬਵੰਜਮੋਂ ਬਿਸ੍ਰਾਮ ॥ ੫੨ ॥

੫੩. {ਭੰਗੀਆਂ, ਘਨੱਈਆਂ, ਨਕੱਈਆਂ, ਰਾਮਗੜ੍ਹੀਆਂ, ਨਿਸ਼ਾਨਾਂ ਵਾਲਿਆਂ, ਸ਼ਹੀਦਾਂ, ਕਰੋੜੀਆਂ ਤੇ ਸ਼ੁੱਕ੍ਰਚੱਕੀਆਂ ਆਦਿ ਅੱਠਾਂ ਮਿਸਲਾਂ ਦੇ ਪ੍ਰਸੰਗ}

ਸੋਰਠਾ:

ਮਿਸਲੋਂ ਕੀ ਅਬਿ ਗਾਥ,
ਮਾਥ ਨਾਇ ਆਗੇ ਕਹੋਂ।
ਸੁਨੋ ਸਜਨ ਹਿਤ ਸਾਥ,
ਪਾਥ ਨੇਕ ਚਲਬੋ ਭਲੋ[1] ॥੧॥ — [1]ਨੇਕ (ਪਾਥ) ਰਸਤੇ ਚਲਣਾ ਚੰਗਾ ਹੈ।

ਕਬਿੱਤ:

ਪੰਥ ਗੁਰੁ ਖਾਲਸੇ ਬਿਸਾਲਸੇ ਇਕੱਠ ਠੱਟ[1], — [1]ਵੱਡਾ ਇਕੱਠ ਕਰਕੇ।
ਸਾਲ ਏਕ ਆਠ ਬੀਸ[1] ਬੀਚ ਬਲ ਧਾਰ ਕੈ। — [1]ਸੰਮਤ ੧੮੨੦ ਬਿ: ਵਿੱਚ।
ਭਾਰਤ ਸਮਾਨ[1] ਰਣ ਠਾਨ ਮਾਰ ਜੈਨ ਖਾਨ ਤਈਂ, — [1]ਮਹਾਂ-ਭਾਰਤ ਦੇ ਜੰਗ ਵਰਗਾ।
ਕਰਿ ਗਾਰਤ[1] ਸਰ੍ਹੰਦ ਕੋ ਉਜਾਰ ਕੈ। — [1]ਤਬਾਹ, ਬਰਬਾਦ।
ਮੁਲਕ ਦਬਾਇ ਲੀਓ ਜਮੁਨਾ ਔ ਸਿੰਧੁ ਤੱਕ,
ਮਿਸਲ ਦ੍ਵਾਦਸ ਪ੍ਰਸਿੱਧ ਡਰ ਡਾਰ ਕੈ[1]। — [1]ਨਿੱਡਰ ਹੋ ਕੇ ਮਸ਼ਹੂਰ ਬਾਰਾਂ ਜੱਥੇ ਬਣਾ ਲਏ।
ਔਰ ਸਰਦਾਰ ਸਭਿ ਨਿਜ ਨਿਜ ਮਿਸਲੋਂ ਕੇ,
ਰਹੇ ਤਾਬੇਦਾਰ ਨਿਜ ਮਿਸਲ ਹੀ ਦਾਰ ਕੈ[1] ॥੨॥ — [1](ਆਪਣੀ ਮਿਸਲ ਦੇ) ਜੱਥੇਦਾਰ ਦੇ।
ਤੁਰਕਨ ਸੰਤਾਏ ਜਬਿ ਹਿੰਦੂ ਅਧਿਕਾਏ,
ਤਬਿ ਹੁਤੇ ਜੇ ਬਹਾਦਰ ਨਾਦਰ ਸੁਧ ਮਤੀਏ[1]। — [1](ਨਾਦਰ) ਅਨੋਖੇ ਬਹਾਦਰ ਤੋਂ ਪਵਿੱਤਰ ਮਤਿ ਵਾਲੇ।
ਸਿੰਘ ਧ੍ਰੰਮ ਧਾਰ ਤਿਨੈ ਹਿੰਦੁ ਕੇ ਉਬਾਰਬੇ ਕੋ,
ਤਰਵਾਰ ਗਹੀ ਸਰੀ ਹਿੰਮਤ ਕੈ ਅਤੀਏ[1]। — [1](ਅਤੀਏ) ਬਹੁਤ ਹਿੰਮਤ ਕਰ ਕੇ ਤਲਵਾਰ ਪਕੜੀ (ਉਹਨਾਂ ਤੋਂ ਇਹੀ ਗੱਲ) (ਸਰੀ) ਹੋ ਆਈ।
ਤਿਨ ਹੂੰ ਮੈਂ ਨਾਮੀ[1] ਸਰਦਾਰ ਡੇਰੇਦਾਰ ਬਡ, — [1]ਮਸ਼ਹੂਰ।
ਭਏ ਜੇਊ ਭਿੰਨ ਭਿੰਨ ਕੈਹੋਂ ਤਿਨ ਗਤੀਏ[1]। — [1]ਹਾਲ।
ਜਗਤ ਮਝਾਰ ਸੋ ਮਿਸਲਦਾਰ ਪ੍ਰਗਟਾਏ,
ਤਿਨ ਹੂੰ ਸੰਗਾਰ[1] ਮਿਲੇ ਔਰ ਸਿੰਘ ਸਤੀਏ[2] ॥੩॥ — [1]ਨਾਲ। [2]ਸੱਚੇ। (ਅ) ਜਤ ਸਤ ਵਾਲੇ।
ਨਾਮ ਅਬਿ ਮਿਸਲੋਂ ਕੇ ਕਹੋਂ ਸਭਿ ਥੇ ਜੁ ਤਬਿ,
ਜਥਾ ਜੋਗ[1] ਸੁਨੋ ਪੰਥ ਖਾਲਸਾ ਮਹਾਨੀਏ। — [1]ਯੋਗਤਾ ਅਨੁਸਾਰ।
ਭੰਗੀ ਔ ਘਨੱਯਨ, ਨਕੱਯਨ, ਕਰੋੜੀਆਂ ਕੀ,
ਰਾਮਗਢੀਓ ਤੈ ਸ਼ੁੱਕ੍ਰਚੱਕੀਓਂ ਕੀ ਮਾਨੀਏ।

ਔਰ ਆਲੂਵਾਲੀਏ, ਨਿਸ਼ਾਨਚੀ, ਸ਼ਹੀਦਨ ਕੀ,
ਡੱਲੇ ਵਾਲੀਓਂ ਕੀ ਸਿੰਘਪੁਰੀਓਂ ਕੀ ਠਾਨੀਏ[1]। — [1]ਕੀਤੀ ਭਾਵ ਬਣਾਈ।
ਗੌਰ ਅਵਤੰਸ[1] ਫੂਲਬੰਸ ਕੀ ਨਿਸੰਸ ਲਖ[2] — [1]ਭਾਰੀ ਤੇ ਸ਼੍ਰੋਮਣੀ। [2]ਬਿਨਾਂ ਸੰਸੇ ਤੋਂ ਜਾਣੋ।
ਏਈ ਭਈ ਦ੍ਵਾਦਸ ਮਿਸਲ ਜਗ ਜਾਨੀਏ ॥੪॥

੧. ਮਿਸਲ ਭੰਗੀਆਂ ਕੀ

ਚੌਪਈ:

ਅਬਿ ਸੁਨ ਨਾਮ ਸੂਦਾਰਨ ਕੇਰੇ।
ਭਏ ਜੁ ਮਿਸਲੈਂ ਕੇਰ ਬਡੇਰੇ।
ਮਿਸਲ ਭੰਗੀਆਂ ਕਾ ਸਰਦਾਰੈਂ।
ਭਯੋ ਹਰੀ ਸਿੰਘ ਬਡ ਮੁਖਤਾਰੈਂ ॥੫॥
ਸੂਰਬੀਰ ਬਡ ਹੁਤੋ ਉਦਾਰੇ।
ਜਿਸ ਕੀ ਤੇਗ ਬਿਦਤ ਜਗ ਸਾਰੇ।
ਭੋਮਾ ਸਿੰਘ ਚੌਧਰੀ ਕੇਰਾ।
ਹੁਤੋ ਪੂਤ ਵਹਿ ਬੀਰ ਬਧੇਰਾ ॥੬॥
ਦਸਮ ਗੁਰੂ ਢਿਗ ਤਾਂ ਕਾ ਬਾਪੂ।
ਰਹਜੋ, ਬਡੋ ਜੰਗੀ ਥਾ ਆਪੂ[1]। — [1]ਆਪ ਵੱਡਾ (ਜੰਗੀ) ਸੂਰਮਾ ਸੀ।
ਝੰਗ ਪ੍ਰਗਨੇ ਪਿੰਡ ਨੱਥੋ ਕਾ।
ਢਿੱਲੋਂ ਜਾਟ ਬਲੀ ਹੱਥੋਂ ਕਾ ॥੭॥
ਬੰਦੇ ਸੰਗ ਪੰਥ ਮੈਂ ਰਹਿ ਕੈ।
ਹਤੇ ਸੱਤ੍ਰੂ ਉਨ ਬਹੁ ਚਹਿ ਕੈ।
ਛੱਜਾ ਸਿੰਘ ਪੰਜਵੜ[1] ਵਾਰਾ। — [1]ਤਸੀਲ ਤਰਨ ਤਾਰਨ ਦਾ ਇਕ ਪਿੰਡ।
ਹੁਤੋ ਤਾਂਹਿ ਕਾ ਭਾਈਚਾਰਾ ॥੮॥
ਸੋ ਸਦ[1] ਤਿਸ ਕੇ ਸੰਗ ਰਹਾਯੋ। — [1]ਸਦਾ, ਹਮੇਸ਼ਾਂ।
ਤਿਸ ਤੈ ਸੁਧਾ ਸੁਤੈ ਨਿਜ ਦਜਾਯੋ[1]। — [1]ਉਸ ਹਰੀ ਸਿੰਘ ਤੋਂ ਆਪਣੇ ਪੁੱਤਰ ਨੂੰ ਅੰਮ੍ਰਿਤ ਦੁਆਇਆ ਭਾਵ ਛਕਵਾਇਆ।
ਰੋੜਾਂ ਵਾਲਾ ਸਿੰਘ ਗੁਰਬਖਸ਼ੂ।
ਅਗਰ ਸਿੰਘ ਖੰਗੂੜਾ[1] ਸ਼ਖਸੂ[2] ॥੯॥ — [1]ਪਿੰਡ। [2]ਚੰਗਾ ਪੁਰਸ਼।
ਸਾਵਲ ਸਿੰਘ ਸੂਦਾਰ ਰੰਧਾਵਾ[1]। — [1]ਗੋਤ। (ਅ) ਚੰਗਾ।
ਸਿੰਘ ਗੁਲਾਬ ਮੀਹਾਂ ਸਿੰਘ ਭਾਵਾ।
ਰੋਸਾ[1] ਠਾਕਰ ਸਿੰਘ, ਸਿੰਘ ਨਾਨੂ। — [1]ਗੁੱਸੇ ਵਾਲਾ। (ਅ) ਰੋਸਾ ਸਿੰਘ।

ਸ਼ੇਰ ਸਿੰਘ ਗੁੱਜਰ ਸਿੰਘ ਜਾਨੁ[1] ॥੧੦॥
[1]ਜਾਣੋ।

ਇਤਜਾਦਿਕ ਸਰਦਾਰ ਅਪਾਰੈਂ।
ਹੁਤੇ ਬਹਾਦਰ ਤਾਂਹਿ ਸੰਗਾਰੈਂ।
ਦਸ ਹਜ਼ਾਰ ਅਸਵਾਰ ਜਰਾਰੈਂ[1]।
[1]ਲੜਾਕਾ।

ਦਬਜੋ ਮੁਲਕ ਅਠ ਲਖ ਕਾ ਭਾਰੈਂ ॥੧੧॥
ਵੈਰੋਵਾਲ ਤਰਨ ਤਾਰਨ ਤੈ।
ਪੱਟੀ ਆਦਿ ਪਰਗਨੇ ਅਨਤੈ[1]।
[1]ਹੋਰ ਇਲਾਕੇ।

ਰਜਧਾਨੀ ਅੰਮ੍ਰਿਤਸਰ ਥਾਪੀ।
ਕਟੜਾ[1] ਏਕ ਬਸਾਯੋ ਆਪੀ[2] ॥੧੨॥
[1]ਵਪਾਰ ਦਾ ਕੂਚਾ, ਸੌਦੇ ਦਾ ਬਜ਼ਾਰ। [2]ਆਪ।

ਧਰਮੀ ਦਾਤਾ ਇਸ ਸਮ ਔਰੈਂ।
ਨਹਿਂ ਥਾ ਸਭੀ ਪੰਥ ਮੈਂ ਗੌਰੈਂ[1]।
[1]ਵੱਡਾ।

ਦੇਗ ਭੰਗ ਕੀ ਦੇਤੋ ਭਾਰੀ।
ਭੰਗੀ ਬਿਦਤਜੋ ਜੈਸ ਉਦਾਰੀ ॥੧੩॥
ਜੇ ਸਰਦਾਰ ਮਿਲੇ ਤਿਸ ਸੰਗੇ।
ਤੇ ਭੀ ਭੰਗੀ ਬਿਦਤੇ ਚੰਗੇ।
ਤਾਕਤਵਰ ਇਸ ਮਿਸਲ ਸਮਾਨੈ।
ਨਾਹਿਂ ਪੰਥ ਮੈਂ ਥਾ ਕੋਊ ਆਨੈ[1] ॥੧੪॥
[1]ਹੋਰ।

ਆਲਾ ਸਿੰਘ ਪਟਯਾਲੇ ਵਾਲਾ।
ਲਰਜੋ ਭੰਗੀਅਨ ਸੈਂ ਜੁ ਬਿਸਾਲਾ।
ਇਨ ਕੋ[1] ਮੱਦਦ ਹੇਤ ਬੁਲਾਯੋ।
[1]ਛੱਜਾ ਸਿੰਘ ਨੂੰ।

ਜੰਗ ਫਤੇ ਇਨ ਜਾਇ ਕਰਾਯੋ ॥੧੫॥
ਪਰ ਤਹਿਂ ਹਰੀ ਸਿੰਘ ਸ਼ਾਹੀਦੀ।
ਪਾਈ, ਭਵ ਤੈ ਲਈ ਰਸੀਦੀ[1]।
[1]ਸੰਸਾਰ ਤੋਂ (ਰਸੀਦੀ) ਛੁੱਟੀ ਲੈ ਲਈ।

ਛੱਜਾ ਸਿੰਘ ਕਾ ਸੁਤ ਸਿੰਘ ਝੰਡਾ*।

*ਟਾਈਪ ਵਾਲੇ ਨੇ ਝੰਡਾ ਸਿੰਘ ਨੂੰ ਹਰੀ ਸਿੰਘ ਦਾ ਪੁੱਤਰ ਲਿਖ ਦਿੱਤਾ ਹੈ, ਜਿਸ ਤੋਂ ਟਪਲਾ ਖਾ ਕੇ ਕਾਹਨ ਸਿੰਘ ਨਾਭਾ ਕਰਤਾ ਮਹਾਨ ਕੋਸ਼ ਨੇ ਵੀ ਟਾਈਪ ਵਾਲੇ ਨੂੰ ਸੱਚਾ ਮੰਨ ਕੇ ਹਰੀ ਸਿੰਘ ਦਾ ਹੀ ਪੁੱਤਰ ਲਿਖ ਦਿੱਤਾ ਹੈ। ਉਪਰ ਜ਼ਿਕਰ ਆਇਆ ਹੈ ਕਿ ਛੱਜਾ ਸਿੰਘ ਨੇ ਆਪਣੇ ਪੁੱਤਰ ਨੂੰ ਹਰੀ ਸਿੰਘ ਤੋਂ ਅੰਮ੍ਰਿਤ ਪਾਨ ਕਰਵਾਇਆ। ਝੰਡਾ ਸਿੰਘ ਨੂੰ ਹਰੀ ਸਿੰਘ ਦੇ ਹੱਥੋਂ ਅੰਮ੍ਰਿਤ ਪਾਨ ਕਰਾਉਣ ਦਾ ਮਤਲਬ ਹਰੀ ਸਿੰਘ ਦਾ ਉੱਤ੍ਰਾਧਿਕਾਰੀ ਬਣਾਉਣਾ ਸੀ। ਜੋ ਏਥੋਂ ਸਪੱਸ਼ਟ ਹੋਇਆ ਹੈ ਕਿ ਮਿਸਲ ਦੇ ਸਿੰਘਾਂ ਨੇ ਹਰੀ ਸਿੰਘ ਤੋਂ ਬਾਦ ਛੱਜਾ ਸਿੰਘ ਦੇ

ਪੁੱਤਰ ਝੰਡਾ ਸਿੰਘ ਨੂੰ ਮਿਸਲ ਦਾ ਜੱਥੇਦਾਰ ਥਾਪਿਆ।

ਮਾਲਕ ਮਿਸਲ ਥਯੋ ਬਰਵੰਡਾ[1] ॥੧੬॥ — [1]ਬਲਵਾਨ।
ਫਤੇ ਕਰੀ ਥੀ ਜਿਨ ਮੁਲਤਾਨੈਂ।
ਟਕੇ ਲਏ ਜੰਮੂ ਤੈ ਵਾ ਨੈ[1]। — [1]ਉਸ ਝੰਡਾ ਸਿੰਘ ਨੇ।
ਇਕ ਕਰੋੜ ਅਰ ਕਈ ਲਾਖ ਕੀ।
ਰਜਾਸਤ ਜੋ ਕਰਿ ਗਏ ਸਾਖ ਕੀ[1] ॥੧੭॥ — [1](ਭਾਵ ਚੰਗੀ ਮਸ਼ਹੂਰ)।
ਰਚਜੋ ਸੁਧਾਸਰ ਕਿਲ੍ਹਾ ਮਹਾਨੀ।
ਥੀ, ਅਬਿ ਰਹੀ ਨ ਤਿਨੈ ਨਿਸ਼ਾਨੀ।
ਏਸ ਮਿਸਲ ਕਾ ਬੀਸ ਹਜ਼ਾਰੈਂ।
ਥੀਓ ਤਬਿ ਪਜਾਦਾ ਅਸਵਾਰੈਂ ॥੧੮॥
ਸਭਿ ਮਿਸਲੋਂ ਤੈ ਬਡੋ ਅਰੂਜੈਂ[1]। — [1]ਤ੍ਰੱਕੀ, ਪ੍ਰਤਾਪ।
ਥਾ ਤਬਿ ਇਸ ਕਾ ਅਧਿਕ ਨਮੂਜੈਂ[1]। — [1]ਨਾਮਵਰੀ, ਮਸ਼ਹੂਰੀ।
ਦੇਹਰੇ ਗਾਜੀ ਖਾਂ ਲੌ ਸਾਰੇ।
ਅਰ ਮੁਲਤਾਨ ਚਣੋਟ[1] ਮਝਾਰੇ ॥੧੯॥ — [1]ਸ਼ਹਿਰ ਦਾ ਨਾਮ।
ਝੰਗ ਸਜਾਲ ਬਹਾਵਲਪੁਰ ਲੌਂ।
ਇਤ ਉਤ ਪਹੁੰਚੇ ਜੰਮੂ ਧੁਰ ਲੌ[1]। — [1]ਧੁਰ ਜੰਮੂ ਤੱਕ।
ਪੁਰ ਫੀਰੋਜ਼ ਕਸੂਰ ਆਦਿ ਸਭਿ।
ਮੁਲਕ ਭੰਗੀਆਂ ਕੇਰ ਹੁਤੋ ਤਬਿ ॥੨੦॥
ਝੰਡਾ ਸਿੰਘ ਮਰੇ ਤੇ ਪਾਛੇ।
ਗੰਡਾ ਸਿੰਘ ਭਯੋ ਨ੍ਰਿਪ ਆਛੇ।
ਚੜ੍ਹਤ ਸਿੰਘ ਤਿਸ ਪਾਛੇ ਭਯੋ।
ਇਸ ਕੇ ਵਕਤ ਮੁਲਕ ਬਹੁ ਗਯੋ ॥੨੧॥
ਦੇਸੂ ਸਿੰਘ ਫੇਰ ਤਹਿਂ ਝੂਲੋ[1]। — [1]ਝੁੱਲਿਆ ਭਾਵ ਮਸ਼ਹੂਰ ਹੋਇਆ।
ਫੇਰ ਕਰਮ ਸਿੰਘ ਹੋਯੋ ਦੂਲੋ[1]। — [1]ਅੱਲ।
ਅੰਮ੍ਰਿਤਸਰ ਦੂਲੋ ਕਾ ਕਟੜਾ।
ਆਹਿ ਅਬਾਦ ਇਸੀ ਕਾ ਥਟੜਾ[1] ॥੨੨॥ — [1]ਬਣਾਇਆ ਹੋਇਆ।
ਫੇਰ ਗੁਲਾਬ ਸਿੰਘ ਜਬਿ ਥੀਆ।
ਰਾਜ ਕਰਜੋ ਥੋਰੇ ਦਿਨ ਜੀਆ।
ਤਾਂ ਕੇ ਸੁਤ ਗੁਰਦਿੱਤ ਸਿੰਘ ਸੈਂ[1]। — [1]ਤੋਂ
ਲਰ ਕੈ ਲਵਪੁਰ ਪਤੀ ਧਿੰਗ ਸੈਂ[1] ॥੨੩॥ — [1]ਬਲੀ ਮਹਾਰਾਜਾ ਰਣਜੀਤ ਸਿੰਘ ਨੇ।

ਅੰਮ੍ਰਿਤਸਰ ਲੌ ਦੇਸ ਤਾਂਹਿ ਕੋ।
ਛੀਨ ਲਯੋ ਨਹਿਂ ਦਯੋ ਵਾਂਹਿ ਕੋ।
ਸੰਤਤਿ ਤਾਂ ਕੀ ਜੋ ਪੁਨ ਹੋਈ।
ਗਾਂਵ ਪੰਜਵੱੜ ਮੈਂ ਅਬਿ ਸੋਈ ॥੨੪॥
ਜ਼ਿਮੀਦਾਰ ਹੈਂ ਜ਼ੈਲਦਾਰ ਬਡ।
ਨ੍ਰਿਪਨ ਸਮ ਮੁਕਾਨ ਅਬਿ ਹੈਂ ਦਿਢ।
ਠਾਕਰ ਸਿੰਘ ਹਾਕਮ ਸਿੰਘ* ਦੋਊ।

*ਹਾਕਮ ਸਿੰਘ ਦਾ ਪੁੱਤਰ ਹਰਦਿੱਤ ਸਿੰਘ ਸੀ ਜੋ ਆਨਰੇਰੀ ਮੈਜਿਸਟ੍ਰੇਟ ਰਿਹਾ। ਇਸ ਦੇ ਇਨਸਾਫ਼ ਨੂੰ ਲੋਕ ਹੁਣ ਤੱਕ ਯਾਦ ਕਰਦੇ ਹਨ। ਹਰਦਿੱਤ ਸਿੰਘ ਦੇ ਅੱਗੋਂ ਤਿੰਨ ਪੁੱਤਰ ਹੋਏ : ਗੁਰਬਖਸ਼ ਸਿੰਘ, ਸ਼ਿਵਦੇਵ ਸਿੰਘ ਤੇ ਗੁਰਦਿਆਲ ਸਿੰਘ। ਸ੍ਰ. ਗੁਰਦਿਆਲ ਸਿੰਘ ਢਿੱਲੋਂ ਪਹਿਲਾਂ ਪੰਜਾਬ ਅਸੈਂਬਲੀ ਦੇ ਮੈਂਬਰ, ਸਪੀਕਰ ਤੇ ਟ੍ਰਾਂਸਪੋਰਟ ਮੰਤ੍ਰੀ ਰਹੇ, ਫਿਰ ਲੋਕ ਸਭਾ ਦੇ ਮੈਂਬਰ ਤੇ ਹੁਣ ਲੋਕ ਸਭਾ ਦੇ ਸਪੀਕਰ ਹਨ।

ਪੌਤਰ ਤਾਂ ਕੇ ਹੈਂ ਅਬਿ ਸੋਊ ॥੨੫॥
ਪੰਦ੍ਰਾਂ ਸੌ ਬਿੱਘੇ ਹੈ ਜਿਮੀ।
ਤਿਨ ਪੈ ਕੂਪ ਮਾਫ ਪੰਜ ਇਮੀ[1]।

[1]ਇਸੇ ਤਰ੍ਹਾਂ ਉਨ੍ਹਾਂ ਦੇ ਪਾਸ ਪੰਜਾਂ ਖੂਹਾਂ ਦੀ ਜ਼ਮੀਨ ਮਾਫ਼ੀ ਹੈ।

ਜੈਲਦਾਰ ਠਾਕੁਰ ਸਿੰਘ ਅਹੇ।
ਗਾਮ ਪੰਜਵੜ ਸੋ ਬਸ ਰਹੇ ॥੨੬॥
ਦੇਖਹੁ ਪਰਮੇਸ੍ਵਰ ਕੇ ਸਾਜਾ[1]।

[1]ਲੀਲ੍ਹਾ।

ਏਸ ਮਿਸਲ ਕਾ ਰਹਯੋ ਨ ਰਾਜਾ।
ਮਿਸਲ ਭੰਗੀਆਂ ਕੀ ਯੌਂ ਭਈ।
ਹੋਇ ਬਘੂਰੇ ਸਮ ਕਮ ਗਈ[1] ॥੨੭॥

[1]ਵਾ-ਵਰੋਲੇ ਵਾਂਗ (ਹੌਲੀ ਹੌਲੀ) ਘਟ ਹੋ ਗਈ।

੨. ਮਿਸਲ ਘਨੱਯਾਂ ਕੀ*

*ਕਾਨ੍ਹੇ ਪਿੰਡ ਦੇ ਸ੍ਰਦਾਰ ਹੋਣ ਕਰਕੇ ਮਿਸਲ ਦਾ ਨਾਮ ਕਨ੍ਹੱਈਆਂ ਜਾਂ ਘਨ੍ਹੱਈਆਂ ਦੀ ਮਿਸਲ ਪੈ ਗਿਆ ਸੀ।

ਦੋਹਰਾ:
ਮਿਸਲ ਘਨੱਯਾਂ ਕੀ ਭਈ,
ਜੈਸੇ ਜਗਤ ਬਖਯਾਤ।
ਅਬਿ ਤਿਸ ਕਾ ਨਿਰਨੈ ਸੁਨੋਂ,
ਕਹੋਂ ਜਥਾ ਮਤਿ ਸਾਤ[1] ॥੨੮॥

[1]ਆਪਣੀ ਮਤ ਅਨੁਸਾਰ (ਸਾਤ) ਸੱਚ ਕਹਾਂਗਾ।

ਕਾਨ੍ਹੇ ਕਾਛੇ ਗ੍ਰਾਮ ਕੇ,
ਹੁਤੇ ਏਹੁ ਸਰਦਾਰ।
ਕਰਯੋ ਰਾਜ ਇਨ ਭੀ ਘਨੋ,

ਨਿਜ ਭੁਜ ਬਲ ਤਰਵਾਰ ॥੨੯॥
ਚੌਪਈ:
ਸੁਨੋ ਨਾਮ ਸਰਦਾਰਨ ਕੇਰੇ।
ਯਾਂਹਿ ਮਿਸਲ ਕੇ ਥੇ ਜੁ ਵਡੇਰੇ।
ਭੋਮਾ ਸਿੰਘ ਤਿਲੋਕ ਸਿੰਘ ਜਾਨੋ।
ਔਰ ਮੁਸੱਦਾ ਸਿੰਘ ਪ੍ਰਮਾਨੋ[1] ॥੩੦॥ [1]ਚੰਗੀ ਤਰ੍ਹਾਂ ਮੰਨ ਲਵੋ।
ਪੁਨਾ ਹਕੀਕਤ ਸਿੰਘ ਵਡ ਜੋਧਾ।
ਜਿਨ ਕਰਿ ਜੰਗ ਦੁਜਨ ਕੋ ਸੋਧਾ[1]। [1]ਦੁਸ਼ਮਣਾਂ ਨੂੰ ਦੰਡ ਦਿੱਤਾ।
ਜੈ ਸਿੰਘ ਬੀਰ ਬਲੀ ਸਰਦਾਰੂ।
ਹੁਤੋ ਮਿਸਲ ਇਸ ਕਾ ਮੁਖਤਾਰੂ[1] ॥੩੧॥ [1]ਜੱਥੇਦਾਰ।
ਦਸ ਹਜ਼ਾਰ ਅਸਵਾਰ ਜਰਾਰੈਂ[1]। [1]ਲੜਾਕੇ।
ਯਾਹਿ ਮਿਸਲ ਕੇ ਹੁਤੋ ਮਝਾਰੈਂ।
ਇਨ ਭੀ ਰਾਜ ਕਮਾਯੋ ਨੀਕੇ।
ਕੋਟ ਕਾਂਗੜੇ ਲੌ ਲਖ ਠੀਕੇ ॥੩੨॥
ਸੋਹੀਆਂ ਪਿੰਡ ਇਨੈ ਰਜਧਾਨੀ।
ਫੇਰ ਬਟਾਲੇ ਠਟੀ ਮਹਾਨੀ।
ਤਵੀ[1] ਨਦੀ ਤਟ ਲੌਂ ਇਨ ਸਾਰੇ। [1]ਨਦੀ ਦਾ ਨਾਮ।
ਮੁਲਕ ਦਬਾਯੋ ਥਾ ਬਡ ਭਾਰੇ ॥੩੩॥
ਕਲਾਨੌਰ ਅਰ ਪੁਰ ਗੁਰੁਦਾਸੈਂ।
ਦੀਨਾ ਨਗਰ ਆਦਿ ਬਹੁ ਖਾਸੈਂ[1]। [1]ਬਹੁਤ ਜ਼ਿਆਦਾ।
ਬਕਲੋ, ਨੂਰਪੁਰਾ, ਮੁੱਕੇਰੀ।
ਕੋਟ ਕਾਂਗੜੇ ਆਦਿ ਬਧੇਰੀ ॥੩੪॥
ਅਨਿਕੈਂ ਠੌਰ ਰਾਜ ਥਾ ਇਨ ਕਾ।
ਭਯੋ ਸਬੰਧ ਪਟਜਾਲੇ ਜਿਨ ਕਾ।
ਕਰਿ ਕੈ ਵਡੇ ਵਡੇ ਇਨ ਜੰਗੈਂ।
ਰਾਜ ਕਰਜੋ ਬਹੁ ਦਿਵਸ ਨਿਸੰਗੈਂ ॥੩੫॥
ਪੁਨ ਜੈ ਸਿੰਘ ਕਾ ਪੂਤ ਬਹਾਦਰ।
ਭਯੋ ਗੁਰਬਖਸ਼ ਸਿੰਘ ਔਜਾਗਰ[1]। [1]ਮਸ਼ਹੂਰ।
ਜਿਨੈ ਰਾਮਗਢੀਏ ਸਰਦਾਰੇ।
ਥੇ ਪੰਜਾਬ ਤੈ ਦਏ ਨਿਕਾਰੇ ॥੩੬॥

ਮਿਲ ਕਰਿ ਫਿਰ ਬਹੁਤੇ ਸਰਦਾਰਨ।
ਕਰੇ ਰਾਮਗੱਢੀਏ ਹੱਕਾਰਨ[1]। [1]ਸੱਦ ਲਏ।
ਜੰਗ ਬਟਾਲੇ ਢਿਗ ਵਡ ਪਰਿਓ।
ਤਹਿਂ ਗੁਰਬਖਸ਼ ਸਿੰਘ ਜਬਿ ਮਰਿਓ ॥੩੭॥
ਤਬਿ ਤੈ ਮਿਸਲ ਏਹੁ ਟੁਟ ਗਈ।
ਫੇਰ ਤਾਬ[1] ਮੁੜ ਕਰਿ ਨਹਿਂ ਅਈ। [1]ਸ਼ਕਤੀ, ਚਮਕ।
ਫਿਰ ਗੁਰਬਖਸ਼ ਸਿੰਘ ਕੀ ਰਾਣੀ।
ਸਦਾ ਕੌਰ ਜੋ ਭਈ ਸਯਾਣੀ ॥੩੮॥
ਤਿਸ ਨੈ ਨਿਜ ਬੇਟੀ ਥੀ ਬਜਾਹੀ।
ਸ੍ਰੀ ਰਣਜੀਤ ਸਿੰਘ ਸੰਗ ਆਹੀ।
ਯਾਹੀਂ ਤੈ ਕੁਛ ਦਿਨ ਸਰਦਾਰੀ।
ਬਨੀ ਰਹੀ ਤਿਸ ਕੀ ਬਿਧਿ ਸਾਰੀ ॥੩੯॥
ਜਬਿ ਰਾਣੀ ਪਰਲੋਕ ਸਿਧਾਈ।
ਸ੍ਰੀ ਰਣਜੀਤ ਸਿੰਘ ਬਲ ਪਾਈ।
ਮਾਲ ਮੁਲਕ ਸਭਿ ਉਸ ਕਾ ਲੀਨਾ।
ਮਿਸਲ ਘਨੱਈਆਂ ਕੀ ਭਈ ਖੀਨਾ[1] ॥੪੦॥ [1]ਕਮਜ਼ੋਰ, ਖ਼ਤਮ।
ਦੋਹਿਤ੍ਰਾ ਥਾ ਜੋ ਇਨ ਕੇਰਾ।
ਸ਼ੇਰ ਸਿੰਘ ਮਹਾਰਾਜ ਬਡੇਰਾ।
ਮਿਲਜੋ ਅਲਾਕਾ ਤਾਂਹਿ ਬਟਾਲਾ।
ਮਾਲ ਨਾਨਕਜੋਂ ਕੇਰ ਸੰਭਾਲਾ ॥੪੧॥
ਪੂਤ ਹਕੀਕਤ ਸਿੰਘ ਕੇ ਤਬੈ।
ਰਹੇ ਫਤੇਗੜ੍ਹ ਮੈਂ ਭਲ ਦਬੈ।
ਅਬਿ ਲੌ ਸੰਤਤਿ ਤਿਸ ਕੀ ਤਹਾਂ।
ਹੈਂ ਸਰਦਾਰ ਬਖਜਾਤੈ ਮਹਾਂ ॥੪੨॥
ਯਾ ਬਿਧਿ ਮਿਸਲ ਘਨੱਈਓਂ ਕੇਰੀ।
ਰਚ ਕਰਿ ਰੁਚਰ[1] ਸੁ ਈਸ਼ ਨਿਬੇਰੀ ॥੪੩॥ [1]ਸੁੰਦਰ।

੩. ਮਿਸਲ ਨਕੱਈਆਂ ਕੀ*

*ਨੱਕੇ ਦੇਸ ਦੇ ਸਰਦਾਰਾਂ ਦੀ ਮਿਸਲ ਹੋਣ ਕਰਕੇ ਨਕੱਈਆਂ ਦੀ ਮਿਸਲ ਮਸ਼ਹੂਰ ਹੋ ਗਈ।

ਦੋਹਰਾ:
ਮਿਸਲ ਨਕੱਈਆਂ ਕੀ ਭਈ,

ਤੀਸਰ ਜੋ ਪ੍ਰਸਿੱਧ।
ਤਿਸ ਕੀ ਗਾਥਾ ਸੁਨੋ ਅਬਿ,
ਕਹੋਂ ਸੁਨੀ ਜਿਸ ਬਿੱਧਿ ॥ ੪੪ ॥

ਚੌਪਈ:

ਨੱਕੇ ਦੇਸ਼[1] ਰਹਾਵਨ ਵਾਰੇ।

[1]ਨੱਕਾ ਦੇਸ਼– ਲਾਹੌਰ ਤੋਂ ਦੱਖਣ, ਰਾਵੀ ਤੇ ਸਤਲੁਜ ਦੇ ਮੱਧ ਦਾ ਦੇਸ਼।

ਕੇਤਿਕ ਥੇ ਸਰਦਾਰ ਉਦਾਰੇ।
ਤਿਨ ਮਿਲ ਪੰਥ ਖਾਲਸੇ ਸੰਗੈਂ।
ਮਾਰੇ ਤੁਰਕ ਠਾਨ ਬਡ ਜੰਗੈਂ ॥ ੪੫ ॥
ਮਿਸਲ ਨਕੱਈਆਂ ਕੀ ਮਸ਼ਹੂਰੀ।
ਭਈ ਏਹੁ ਸਭਿ ਜਗ ਮੈਂ ਰੂਰੀ[1]।

[1]ਸੁੰਦਰ, ਚੰਗੀ।

ਕੁਮਰ ਸਿੰਘ ਹੀਰਾ ਸਿੰਘ ਜਾਨੋ।
ਸੱਦਾ ਸਿੰਘ ਲਾਲ ਸਿੰਘ ਮਾਨੋ ॥ ੪੬ ॥
ਇਤਯਾਦਿਕ ਥੇ ਬਹੁ ਸਰਦਾਰੂ।
ਪੈ ਥਾ ਕੁਮਰ ਸਿੰਘ* ਮੁਖਤਾਰੂ[1]।

[1]ਜੱਥੇਦਾਰ। *ਟਾਈਪ ਵਾਲੇ ਨੇ ਕੁਮਰ ਸਿੰਘ ਦੀ ਥਾਂ ਪਹਿਲਾ ਜੱਥੇਦਾਰ ਹੀਰਾ ਸਿੰਘ ਲਿਖਿਆ ਹੈ, ਜਿਸ ਦੀ ਨਕਲ ਮਹਾਨ ਕੋਸ਼ ਦੇ ਕਰਤਾ ਨੇ ਕਰ ਦਿੱਤੀ ਹੈ, ਜੋ ਕਵੀ ਦੇ ਕਥਨ ਅਨੁਸਾਰ ਗ਼ਲਤ ਹੈ।

ਪਾਂਚ ਹਜ਼ਾਰ ਹੁਤੋ ਅਸਵਾਰੂ।
ਏਸ ਮਿਸਲ ਕਾ ਬਡੋ ਜੁਝਾਰੂ[1] ॥ ੪੭ ॥

[1]ਲੜਾਕਾ, ਸੂਰਮਾਂ।

ਲੰਮਾ[1] ਨੱਕਾ ਦੇਸ ਅਪਾਰੇ।

[1]ਰਾਵੀ ਤੇ ਬਿਆਸ ਦੇ ਵਿਚਕਾਰ ਦਾ ਦੇਸ਼।

ਥੇ ਇਨ ਕੇ ਕਬਜ਼ੇ ਮੈਂ ਸਾਰੇ।
ਪਹਿਲੇ ਕੁਮਰ ਸਿੰਘ ਸਰਦਾਰੈਂ।
ਰਹਯੋ ਮਿਸਲ ਕਾ ਮਾਲਕ ਸਾਰੈ[1] ॥ ੪੮ ॥

[1]ਸਾਰੀ ਮਿਸਲ ਦਾ।

ਜਬਿ ਵਹਿ ਲਰ ਕਰਿ ਸ੍ਵਰਗ ਸਿਧਾਰਾ।
ਹੀਰਾ ਸਿੰਘ ਭਯੋ ਸਰਦਾਰਾ।
ਹੀਰਾ ਸਿੰਘ ਫਿਰ ਜਬਿ ਮਰ ਗਯੋ।
ਦਲ ਸਿੰਘ ਪਾਛੈ ਮਾਲਕ ਭਯੋ ॥ ੪੯ ॥
ਨਗਰ ਚੂਣੀਆਂ, ਬੈਹੜ ਵਾਲੈਂ।
ਗੋਬਿੰਦ ਗੜ੍ਹ ਸ਼ੇਖੂਪੁਰ ਆਲੈਂ[1]।

[1]ਸ਼ੇਖੂਪੁਰ ਵਾਲਿਆਂ।

ਇਨ ਸਰਦਾਰਨ ਕੇ ਥੇ ਧਾਮੈਂ[1]।

[1]ਘਰ ਸਨ।

ਰਜਧਾਨੀ ਮਧ ਚੰਦ ਗਰਾਮੈਂ[1] ॥੫੦॥

[1]ਰਾਜਧਾਨੀ ਵਿੱਚ ਤੇ ਕੁਝ ਕੁ ਪਿੰਡਾਂ ਵਿੱਚ।

ਫਿਰ ਦਲ ਸਿੰਘ ਸਰਦਾਰ ਮਰਯੋ ਜਬਿ।
ਭਾ ਸਰਦਾਰ ਵਜ਼ੀਰ ਸਿੰਘ ਤਬਿ।
ਬੇਟੀ ਜਿਸ ਕੀ ਬਿਦਿਤ ਨਕਾਯਣ[1]।

[1]ਨਕਈ ਸਰਦਾਰਾਂ ਦੀ ਲੜਕੀ।

ਲਵਪੁਰ ਪਤਿ ਸੋਂ ਬਜਾਹੀ ਗਾਇਣ[1] ॥੫੧॥

[1]ਲਾਹੌਰ ਦਾ ਬਾਦਸ਼ਾਹ ਮਹਾਰਾਜਾ ਰਣਜੀਤ ਸਿੰਘ ਨਾਲ ਵਿਆਹੀ (ਗਾਇਣ) ਕਹੀ ਦੀ ਹੈ।

ਖੜਕ ਸਿੰਘ ਜਿਸ ਤੈ ਮਹਾਰਾਜਾ।
ਭਯੋ ਪ੍ਰਗਟ ਲਵਪੁਰਿ ਸਿਰਤਾਜਾ।
ਪੁਨ ਵਜੀਰ ਸਿੰਘ ਕੇ ਸੁਤ ਚਾਰੂ[1]।

[1]ਚਾਰ।

ਭਏ ਬੀਰ ਬਰ ਬਲੀ ਬਰਾਰੂ[1] ॥੫੨॥

[1]ਚੰਗੇ ਸੂਰਮੇਂ ਤੇ ਬਲੀ ਤੇ (ਬਰਾਰੂ) ਲੜਾਕੇ ਹੋਏ ਹਨ।

ਗਜਾਨ ਸਿੰਘ ਤੈ ਸਿੰਘ ਸੁਜਾਨੋ।
ਕਾਨ੍ਹ ਸਿੰਘ, ਸਿੰਘ ਮਾਨ ਪਛਾਨੋ।
ਸ੍ਰੀ ਰਣਜੀਤ ਮ੍ਰਿਗੇਸ ਬਹਾਦਰ।
ਮੁਲਕ ਛੀਨ ਲੀਨੋ ਇਨਿ ਕਾਦਰ[1] ॥੫੩॥

[1]ਸ਼ਕਤੀ ਵਾਲੇ (ਰਣਜੀਤ ਸਿੰਘ) ਨੇ।

ਪੈ ਨੌਕਰ ਨਿਜ ਪਾਸ ਰਖਾਏ।
ਕਰਯੋ ਮਰਤਬਾ[1] ਬਡੋ ਮਹਾਏ।

[1]ਅਹੁਦਾ, ਦਰਜਾ।

ਅਬਿ ਸੰਤਤਿ[1] ਤਿਨ ਕੀ ਬਹੁ ਠੌਰੈਂ।

[1]ਉਲਾਦ।

ਜ਼ੈਲਦਾਰ ਸਰਦਾਰ ਸੁ ਗੌਰੈਂ ॥੫੪॥
ਤਿਨ ਮੈਂ ਸੇ ਈਸ਼ਰ ਸਿੰਘ ਪਾਜੀ[1]।

[1]ਕਾਇਰ, ਡਰਪੋਕ।

ਆਦਿ ਤੁਰਕ ਥੀਏ ਖ੍ਵੈ ਬਾਜ਼ੀ[1]।

[1]ਧਰਮ ਦੀ ਬਾਜ਼ੀ ਗਵਾ ਕੇ।

ਦੇਖਹੁ ਪਰਮੇਸ਼ਰ ਕੀ ਮਾਯਾ।
ਨਾਮ ਮਿਸਲ ਕਾ ਕਲੂ[1] ਦਬਾਯਾ ॥੫੫॥

[1]ਕਲਜੁਗ ਨੇ।

੪. ਮਿਸਲ ਰਾਮਗੜ੍ਹੀਆਂ ਦੀ

ਦੋਹਰਾ:

ਸਿੰਘ ਰਾਮਗੜ੍ਹੀਏ ਹੁਤੇ,
ਜਾਤੀ ਕੇ ਤਰਖਾਨ।
ਦਸਮੇ ਗੁਰੁ ਕੇ ਢਿਗ ਰਹੇ,
ਪਿਤ ਸੁਤ[1] ਹਿਤ ਕਲਜਾਨ ॥੫੬॥

[1]ਪਿਤਾ ਅਤੇ ਪੁੱਤਰ।

ਚੌਪਈ:

ਮਿਸਲ ਰਾਮਗਢੀਆਂ ਕੀ ਜੈਸੇ।

ਭਈ ਪ੍ਰਸਿੱਧ ਭਾਖਹੋ ਤੈਸੈ।
ਮੌਜ਼ੇ ਸੱਯਦ ਬੇਗ ਮਝਾਰੇਂ[1]। [1]ਸੱਯਦ ਬੇਗ (ਮੌਜੇ) ਪਿੰਡ ਵਿੱਚ।
ਜ਼ਿਲੇ ਲਾਹੌਰੈਂ ਬਸਨੇ ਵਾਰੇ ॥੫੭॥
ਗੁਰੁ ਕਾ ਸਿੱਖ ਨਾਮ ਹਰਿਦਾਸੈਂ।
ਸੁਤ ਭਗਵਾਨ ਸਿੰਘ ਤਿਹ ਖਾਸੈਂ[1]। [1]ਸ੍ਰੇਸ਼ਟ।
ਨਿਜ ਸੁਤ ਸਹਤ ਦਸਮ ਗੁਰੁ ਪਾਸੈਂ।
ਕਰੀ ਸੇਵ ਬਹੁ ਸਹਿਤ ਹੁਲਾਸੈਂ ॥੫੮॥
ਫਿਰ ਬੰਦੇ ਕੇ ਸੰਗ ਰਹਾਏ।
ਪੰਥ ਵੀਚ ਥੇ ਬਹੁ ਬਿਦਤਾਏ।
ਈਚੋ-ਗਿੱਲ ਪਿੰਡ ਕੇ ਮਾਂਹੀ।
ਰਹੇ ਬਸਤ ਫਿਰ ਬਹੁ ਦਿਨ ਚਾਹੀ ॥੫੯॥
ਸੁਤ ਭਗਵਾਨ ਸਿੰਘ ਕੇ ਚਾਰੋ[1]। [1]ਚਾਰ।
ਭਏ ਬਡੇ ਜੱਸਾ ਸਿੰਘ ਧਾਰੋ।
ਤਾਰਾ ਸਿੰਘ ਆਲੀ ਸਿੰਘ ਜਾਨੋ।
ਅਰ ਖ਼ੁਸ਼ਹਾਲ ਸਿੰਘ ਪਹਿਚਾਨੋ ॥੬੦॥
ਜੱਸਾ ਸਿੰਘ ਨਿਜ ਬੇਟੀ ਮਾਰੀ।
ਸੁਨੀ ਖਾਲਸੇ ਪੰਥ ਮਝਾਰੀ।
ਪੰਥ ਖਾਲਸੇ ਵਰਤਨ ਤਜਾਗੀ।
ਗੁੱਸਾ ਖਾਇ ਤਖਾਣ ਅਭਾਗੀ ॥੬੧॥
ਖਾਇ ਤਰਕ[1] ਵਹਿ ਲਵਪੁਰ ਗਏ। [1]ਚੁਭਵੀਂ ਨੁਕਤਾਚੀਨੀ ਨਾ ਸਹਾਰ ਕੇ।
ਨੌਕਰ ਤੁਰਕਨ ਕੇ ਜਾ ਭਏ।
ਖਾਨ ਬਹਾਦਰ ਪਾਸ ਰਹਾਏ।
ਵਡੇ ਬਹਾਦਰ ਬੀਰ ਕਹਾਏ ॥੬੨॥
ਨਾਦਰ ਸ਼ਾਹਿ ਜਬੈ ਪੁਨ ਆਯੋ।
ਭਗਵਾਨ ਸਿੰਘ ਲਰਿ ਸ੍ਵਰਗ ਸਿਧਾਯੋ।
ਉਸੀ ਇਵਜ਼ ਮੈਂ ਖਾਨ ਬਹਾਦਰ।
ਦਈ ਜਗੀਰ ਇਨੈ ਕੋ ਸਾਦਰ ॥੬੩॥
ਵੱਲਾ, ਵੇਰਕਾ, ਪਿੰਡ-ਸੁਲਤਾਨੋ।
ਤੁੰਗ, ਚੱਬਾ ਯਹਿ ਪਾਂਚੋ ਜਾਨੋ।
ਤਬਿ ਹੀ ਤੈ ਯਹਿ ਚਾਰੋਂ ਭਾਈ।

ਭਏ ਜਗੀਰਦਾਰ ਬਿਦਤਾਈ ॥ ੬੪ ॥
ਜੱਸਾ ਸਿੰਘ ਬਡੋ ਸਰਦਾਰਾ।
ਰਹਜੋ ਖਾਨ ਢਿਗ ਤੁੰਮਨਦਾਰਾ[1] ॥ ੬੫ ॥ — [1]ਜੱਥੇਦਾਰ।

ਦੋਹਰਾ:
ਫੇਰ ਅਦੀਨਾ ਬੇਗ ਕੇ,
ਪਾਸ ਰਹਜੋ ਵਹਿ ਜਾਇ।
ਜੰਗ ਰਾਮਗਢ ਕੇ ਵਿਖੈ
ਮਿਲਜੋ ਪੰਥ ਸੋਂ ਆਇ ॥ ੬੬ ॥
ਕਿਲ੍ਹਾ ਰਾਮਗਢ[1] ਇਸੀ ਕੋ, — [1]ਅੰਮ੍ਰਿਤਸਰ ਵਿੱਚ ਸ੍ਰੀ ਗੁਰੂਰਾਮਦਾਸ ਜੀ ਦੇ ਨਾਮ ਤੇਰਾਮਸਰ ਤੋਂ ਬਾਹਰ ਵਾਰ ਖ਼ਾਲਸੇ ਦਾ ਬਣਾਇਆ ਇਕ ਕਿਲ੍ਹਾ।
ਦਯੋ ਪੰਥ ਤਬਿ ਹੇਰ।
ਨਾਮ ਰਾਮਗਢੀਏ ਭਯੋ,
ਤਬਿ ਹੀ ਤੈ ਇਨ ਕੇਰ ॥ ੬੭ ॥

ਚੌਪਈ:
ਪੰਥ ਖਾਲਸੇ ਜੇਤਿਕ ਜੰਗੈਂ।
ਤੁਰਕਨ ਸੋਂ ਫਿਰ ਕਰੇ ਨਿਸੰਗੈਂ।
ਜੱਸਾ ਸਿੰਘ ਆਲੀ ਸਿੰਘ ਆਦਕ।
ਰਹੇ ਪੰਥ ਮੈਂ ਮਿਲ ਸੁਖ ਸਾਧਕ[1] ॥ ੬੮ ॥ — [1]ਸੁਖ ਨੂੰ ਪ੍ਰਾਪਤ ਕਰਨ ਵਾਲੇ।
ਜਬਿ ਮਿਸਲਾਂ ਸਿੰਘਨ ਕੀ ਭਈ।
ਤਬੈ ਮਿਸਲ ਇਨ ਭੀ ਨਿਜ ਠਈ[1]। — [1]ਆਪਣੀ ਮਿਸਲ ਬਣਾ ਲਈ।
ਇਨ ਕੀ ਮਿਸਲ ਸੰਗ ਸਰਦਾਰੂ।
ਵਡੇ ਵਡੇ ਬਹੁ ਰਹੇ ਜੁਝਾਰੂ[1] ॥ ੬੯ ॥ — [1]ਲੜਾਕੇ।
ਦੀਨਾ ਨਗਰ ਬਟਾਲਾ ਜਾਨੋ।
ਕਲਾਨੌਰ, ਮਜਾਣੀ ਲੌ ਆਨੋ[1]। — [1]ਹੋਰ (ਨਗਰ)।
ਸ੍ਰੀ ਹਰਿਗੋਵਿੰਦਪੁਰ ਰਜਧਾਨੀ।
ਕਿਲ੍ਹਾ ਰਾਮਗਢ ਔਰ ਮਹਾਨੀ ॥ ੭੦ ॥
ਹੁਤੇਰਾਮ ਗਢੀਓ ਪੈ[1] ਬਾਂਕੇ[2]। — [1]ਪਾਸ। [2]ਸੁੰਦਰ।
ਆਠ ਹਜਾਰ ਸਵਾਰ ਲੜਾਕੇ।
ਬੀਸ ਲਾਖ ਕਾ ਮੁਲਖ ਹੁਤੋ ਬਰ।
ਜੰਗੀ ਮਿਸਲ ਹੁਤੀ ਯਹਿ ਅਤਿ ਤਰ[1] ॥ ੭੧ ॥ — [1]ਬਹੁਤ ਜ਼ਿਆਦਾ (ਜੰਗੀ) ਬਹਾਦਰ ਮਿਸਲ ਸੀ।

ਜੱਸਾ ਸਿੰਘ ਸਰਦਾਰ ਮਰਯੋ ਜਬਿ।
ਜੋਧ ਸਿੰਘ ਸਰਦਾਰ ਭਯੋ ਤਬਿ।
ਸ੍ਰੀਰਣਜੀਤ ਸਿੰਘ ਬਲ ਪਾਏ।
ਮੁਲਕ ਲਯੋ ਇਨ ਕੇਰ ਦਬਾਏ ॥੨੨॥
ਜੋਧ ਸਿੰਘ ਕੇ ਮਰਣੇ ਬਾਦੈਂ[1]। — [1]ਮਰਨ ਤੋਂ ਮਗਰੋਂ।
ਯਹਿ ਭੀ ਮਿਸਲ ਭਈ ਬਰਬਾਦੈਂ।
ਬੀਰ ਸਿੰਘ ਦੀਵਾਨ ਸਿੰਘ ਲਖੁ[1]। — [1]ਜਾਣੋ।
ਲਵਪੁਰਿ ਪਤਿ ਕੇ ਰਹੇ ਦੀਨ ਦਖ[1] ॥੨੩॥ — [1]ਇਹ ਦੋਨੋਂ (ਦੱਖ) ਚਤੁਰ ਸੂਰਮੇਂ ਮਹਾਰਾਜਾ ਰਣਜੀਤ ਸਿੰਘ ਦੇ (ਦੀਨ) ਤਾਬੇ ਰਹੇ।

ਮੁਲਕ ਛੀਨ ਇਨ ਕਾ ਬਹੁ ਲੀਨਾ।
ਰਹਿਨ ਗੁਜਾਰੇ ਮਾਫਕ[1] ਦੀਨਾ। — [1]ਗੁਜ਼ਾਰੇ (ਮਾਫ਼ਕ) ਜੋਗਾ।
ਇਸੀ ਮਿਸਲ ਕਾ ਬਡ ਸਰਦਾਰੈਂ।
ਮੰਗਲ ਸਿੰਘ ਰਹਯੋ ਦਰਬਾਰੈਂ ॥੨੪॥
ਸਰਬਰਾਹਿ ਗੁਰੁਦ੍ਵਾਰਨ ਕੇਰਾ[1]। — [1]ਸ੍ਰੀ ਹਰਿਮੰਦਰ ਸਾਹਿਬ ਆਦਿ ਗੁਰਦੁਆਰਿਆਂ ਦਾ ਸਰਬਰਾਹ ਰਿਹਾ (ਸਰਬਰਾਹ=ਸਰਪ੍ਰਸਤ। ਇੰਤਜ਼ਾਮ ਕਰਨ ਵਾਲਾ ਮੁੱਖਜ ਕਰਮਚਾਰੀ। ਮੈਨੇਜਰ।)
ਵਹਿ ਭੀ ਮੌਤ ਆਇ ਜਬਿ ਘੇਰਾ।
ਸ਼ੇਰ ਸਿੰਘ ਆਦਿਕ ਪਰਬੀਨੈ।
ਹੈਂ ਅਬਿ ਤਿਸ ਕੇ ਬੇਟੇ ਤੀਨੈ ॥੨੫॥
ਏਕ ਤਸੀਲਦਾਰ ਲਖ ਲੀਜੈ।
ਇਨਸਪਕਟਰ ਬਨਯੋ ਹੈ ਬੀਜੈ[1]। — [1]ਦੂਜਾ।
ਹੈ ਜਗੀਰ ਚਾਰਕ ਹਾਜ਼ਾਰੇ।
ਬਸ ਹੈਂ ਸੋ ਗੁਰੁਪੁਰੀ ਮਝਾਰੇ[1] ॥੨੬॥ — [1]ਅੰਮ੍ਰਿਤਸਰ ਵਿੱਚ।
ਔਰ ਇਨੋ ਕਾ ਭਾਈਚਾਰਾ।
ਹਰਿਗੁਬਿੰਦ ਪੁਰ ਬਸਤ ਅਪਾਰਾ।
ਏਸ ਮਿਸਲ ਕੀ ਗਾਥਾ ਗਾਈ।
ਲਿਖੀ ਪਿਖੀ ਅਰ ਸੁਨੀ ਜਥਾਈ[1] ॥੨੭॥ — [1]ਜਿਸ ਤਰ੍ਹਾਂ।

੫. ਮਿਸਲ ਨਿਸ਼ਾਨਾਂ ਵਾਲਿਆਂ ਦੀ

ਦੋਹਰਾ:
ਪੰਚਮ ਹੋਈ ਮਿਸਲ ਜਿਮ,
ਏਹੁ ਨਿਸ਼ਾਨਾ-ਵਾਲ।

ਤਿਸ ਕੀ ਗਾਥਾ ਸੁਨੋ ਅਬਿ,
ਕਹਿ ਹੌਂ ਸਭੀ ਹਵਾਲ ॥੭੮॥

ਕਬਿੱਤ:

ਸੰਗਤ ਮ੍ਰਿਗੇਸ ਔ ਦਸੌਂਧਾ ਸਿੰਘ ਬੇਸ ਬੀਰ[1], — [1]ਚੰਗੇ ਸੂਰਮੇਂ।
ਮੁਹਰ ਸਿੰਘ ਆਦਿ ਸਿੰਘਾਂਵਾਲੇ[1] ਕੇ ਪਛਾਨੀਏ। — [1]ਪਿੰਡ ਸਿੰਘਾਂ ਵਾਲਾ, ਮੋਗੇ ਤੋਂ ਦੱਖਣ ਵੱਲ ਪੰਜ ਮੀਲ ਹੈ।
ਕੁਇਰ ਸਿੰਘ ਢੰਡ[1] ਕੈਰੋਂ-ਵਾਲੀਆ ਜੈ ਸਿੰਘ ਆਦਿ, — [1]ਪਿੰਡ।
ਮਿੱਤ ਸਿੰਘ ਭੰਗਾ ਸਿੰਘ ਭਾਗ ਸਿੰਘ ਮਾਨੀਏ।
ਇਤਯਾਦਿ ਸਰਦਾਰ ਭਏ ਜੋ ਉਦਾਰ,
ਪੰਥ ਖਾਲਸੇ ਮਝਾਰ ਸਦਾ ਰਹਿਤ ਪ੍ਰਮਾਨੀਏ[1]। — [1]ਸਤਿਕਾਰ ਨਾਲ।
ਤੁਰਕਨ ਕੇ ਸੰਗ ਭਾਰੇ ਕਰਤ ਅਪਾਰੇ ਜੰਗ,
ਰਹੇ ਧਰਿ ਮੋਦ[1] ਔ ਬਿਨੋਦ[2] ਮਨ ਠਾਨੀਏ ॥੭੯॥ — [1]ਅਨੰਦ। [2]ਚਾਉ, ਉਤਸ਼ਾਹ।

ਚੌਪਈ:

ਪੰਥ ਖਾਲਸੇ ਮੈਂ ਯਹਿ ਤਬਿ ਹੀ।
ਪਰਗਟ ਸੂਰਬੀਰ ਥੇ ਸਭਿ ਹੀ।
ਚਲਤੇ ਪਕਰਿ ਨਿਸ਼ਾਨ ਅਗਾਰੀ।
ਜੰਗ ਪਰਤ ਥਾ ਜਹਿ ਠਾਂ ਭਾਰੀ ॥੮੦॥
ਯਹਿ ਨਿਸ਼ਾਨਚੀ ਥੇ ਕਹਿਲਾਵਤ।
ਜੰਗ ਜਦਲ[1] ਜਿਨ ਕੌ ਨਿਤ ਭਾਵਤ। — [1]ਜੰਗ ਜੁੱਧ।
ਪਰ ਇਨ ਸਭਿ ਸਰਦਾਰਨ ਮਾਂਹੀ।
ਸੰਗਤ ਸਿੰਘ ਹੁਤੋ ਵਡ ਆਹੀ[1] ॥੮੧॥ — [1]ਹੈ ਸੀ।
ਜਬਿ ਮਿਸਲਾਂ ਸਿੰਘਨ ਕੀ ਭਈ।
ਮਿਸਲ ਨਿਸ਼ਾਨਚੀਆਂ ਨਿਜ ਠਈ[1]। — [1]ਬਣਾ ਲਈ।
ਮਿਸਲ ਨਿਸ਼ਾਨਾਂ ਵਾਲੀ ਬਨੀ।
ਸੰਗਤ ਸਿੰਘ ਭਯੋ ਤਿਸ ਧਨੀ[1] ॥੮੨॥ — [1]ਮਾਲਕ, ਜੱਥੇਦਾਰ।
ਤਾਬੇਦਾਰ ਔਰ ਸਰਦਾਰਾ।
ਸੰਗਤ ਸਿੰਘ ਕੇ ਰਹੇ ਅਪਾਰਾ।
ਭਾਨੁ ਹਜ਼ਾਰ[1] ਸਵਾਰ ਜਮ੍ਹਾਂ ਕਰਿ। — [1]ਬਾਰਾਂ ਹਜ਼ਾਰ।
ਮੇਰਟ ਸ਼ਹਿਰ ਲੁਟਯੋ ਬਲ ਧਰ ਭਰ[1] ॥੮੩॥ — [1]ਭਾਰੀ ਬਲ ਧਾਰ ਕੇ।

ਸਤਲੁਜ ਅਰ ਜਮੁਨਾ ਮਧ ਸਾਰੇ।
ਲੀਨੋ ਮੁਲਕ ਦਬਾਇ ਅਪਾਰੇ।
ਕੁਰੁਖੇਤ੍ਰ ਅਰ ਸ਼ਾਹਾਬਾਦੈਂ।
ਸਾਨ੍ਹੇਵਾਲ ਅੰਬਾਲਾ ਆਦੈਂ ॥੮੪॥
ਖੰਨਾ ਸੌਟੀ ਬੋਹ ਬਲਜਾਲੈਂ[1]। — [1]ਇਕ ਪਿੰਡ ਜੋ ਜ਼ਿਲ੍ਹੇ ਸੰਗਰੂਰ ਵਿੱਚ ਹੈ।
ਅਨਿਕ ਠੌਰ ਇਨ ਲਈ ਬਿਸਾਲੈਂ।
ਸੰਗਤ ਸਿੰਘ ਅਪਨੀ ਰਜਧਾਨੀ।
ਸ਼ਹਿਰ ਅੰਬਾਲਾ ਠਟਜੋ ਮਹਾਨੀ ॥੮੫॥
ਕੇਤਿਕ ਦਿਵਸ ਰਾਜ ਭਲ ਕਰਿਓ।
ਸੰਗਤ ਸਿੰਘ ਜਬੈ ਪੁਨ ਮਰਿਓ।
ਗੁਰਬਖਸ਼ ਸਿੰਘ ਪੁਨ ਤਾਂ ਕੇ ਪਾਛੇ।
ਮਾਲਕ ਭਯੋ ਰਾਜ ਕਾ ਆਛੇ ॥੮੬॥
ਅੱਠਾਰਾਂ ਸੌ ਬਾਹਟ ਮਾਂਹੀਂ।
ਵਹਿ ਭੀ ਗਯੋ ਸ੍ਵਰਗ ਜਬਿ ਚਾਹੀ[1]। — [1]ਉਤਸ਼ਾਹ ਨਾਲ।
ਸੁਤ ਤਾਂ ਕੇ ਘਰ ਨਹਿਂ ਥਾ ਕੋਈ।
ਯਾਂ ਤੇ ਤਿਯ ਤਿਹਂ ਮਾਲਕ ਹੋਈ ॥੮੭॥
ਦਯਾ ਕੌਰ ਥਾ ਨਾਮ ਉਦਾਰਾ।
ਤਿਸ ਨੇ ਮੁਲਕ ਸੰਭਾਲਜੋ ਸਾਰਾ।
ਸ੍ਰੀ ਰਣਜੀਤ ਮ੍ਰਿਗੇਸ ਬਹਾਦਰ।
ਪਹੁੰਚਜੋ ਜਬ ਵਹਿ ਤਹਿਂ ਠਾਂ ਸਾਦਿਰ[1] ॥੮੮॥ — [1]ਨਿੱਡਰ ਹੋ ਕੇ।
ਜਬਰਨ ਮੁਲਕ ਛੀਨ ਤਿਹ ਲੀਨਾ।
ਡੇਢ ਲਾਖ ਕਾ ਕਬਜੇ ਕੀਨਾ।
ਦਯਾ ਕੌਰ ਪੈ ਚਾਰਕ ਗਾਮੂ[1]। — [1]ਪਿੰਡ।
ਤਜੇ ਗੁਜਾਰੇ ਹੇਤ ਤਮਾਮੂ[1] ॥੮੯॥ — [1]ਸਾਰੇ।
ਰਾਜ ਅੰਗ੍ਰੇਜ਼ੀ ਜਬਿ ਤਹਿਂ ਭਯੋ।
ਲਵਪੁਰ-ਪਤਿ ਕੇ ਕਰ ਸੈਂ[1] ਗਯੋ। — [1]ਹੱਥ 'ਚੋਂ।
ਦਯਾ ਕੌਰ ਕੋ ਮੁਲਖ ਫੇਰ ਹੈ[1]। — [1]ਮੋੜ ਕੇ।
ਦਿਯ ਅੰਗ੍ਰੇਜ਼ੈਂ ਨੀਤਿ ਹੇਰ ਹੈ[1] ॥੯੦॥ — [1]ਰਾਜਨੀਤੀ ਦੇਖ ਕੇ।
ਅੱਠਾਰਾਂ ਸੈ ਬਜਾਸੀ ਮਾਂਹੀਂ।
ਦਯਾ ਕੌਰ ਜਬਿ ਮਰੀ ਤਹਾਂ ਹੀ।

ਮੁਲਕ ਤਾਂਹਿ ਅੰਗ੍ਰੇਜ਼ੈਂ ਲਯੋ।
ਨਾਮ ਮਿਸਲ ਬਾਨੀ[1] ਕਾ ਗਯੋ ॥੯੧॥
ਏਸ ਮਿਸਲ ਕੇ ਤਾਬੇਦਾਰੂ।
ਹੈਂ ਅਬਿ ਜੇ ਸ੍ਰਦਾਰ ਉਦਾਰੂ।
ਹਿੱਸੇ ਪੰਚਮ ਮਾਂਹਿ[1], ਬਿਸਾਲੈਂ।
ਲਿਖ ਹੈਂ, ਤਿਨ ਕਾਂ ਤਹਿਂ ਸਭਿ ਹਾਲੈਂ ॥੯੨॥
ਮਿਸਲ ਨਿਸ਼ਾਨਾ ਵਾਰੀ ਜੋਈ।
ਹੋਈ ਜੈਸ ਤੈਸ ਹਮ ਗੋਈ[1] ॥੯੩॥

[1]ਮੋਢੀ, ਮੁਹਰੀ, ਮੁੱਖੀਆ।
[1]ਤਵਾਰੀਖ਼ ਗੁਰੂ ਖ਼ਾਲਸੇ ਦੇ ਪੰਜਵੇਂ ਹਿੱਸੇ ਵਿੱਚ।
[1]ਕਹੀ।

੬. ਮਿਸਲ ਸ਼ਹੀਦਾਂ

ਦੋਹਰਾ:
ਮਿਸਲ ਸ਼ਹੀਦਨ ਕੀ ਭਈ,
ਜੈਸ ਬਿਦਿਤ ਸੰਸਾਰ।
ਦਏ ਸੀਸ ਜਿਨ ਧਰਮ ਹਿਤ,
ਗਾਥਾ ਲਿਖੋਂ ਉਦਾਰ ॥੯੪॥
ਚੌਪਈ:
ਪੋਹੂ-ਵਿੰਡ ਨਾਮ ਇਕ ਗ੍ਰਾਮੂ।
ਨਿਕਟਿ ਜਲੰਧਰ* ਬਿਦਤ ਲਲਾਮੂ[1]।

[1]ਮਸ਼ਹੂਰ ਹੈ, ਸੁੰਦਰ ਹੈ। *ਬਾਬਾ ਦੀਪ ਸਿੰਘ ਜੀ ਸ਼ਹੀਦ ਜ਼ਿਲ੍ਹਾ ਲਾਹੌਰ ਦੇ ਪਿੰਡ ਪੋਹੂ-ਵਿੰਡ ਵਿੱਚ ਰਹਿਣ ਵਾਲੇ ਖਰ੍ਹਾ ਗੋਤ ਦੇ ਜੱਟ ਸਨ। ਦੇਖੋ ਮਹਾਨ ਕੋਸ਼ ਪੰਨਾ ੧੯੧੯। ਉਸ ਪਿੰਡ ਦੇ ਲੋਕ ਇਨ੍ਹਾਂ ਦੇ ਪਿਤਾ ਦਾ ਨਾਮ ਭਗਤ ਸਿੰਘ ਤੇ ਮਾਤਾ ਦਾ ਨਾਮ ਜਿਊਣੀ ਦੱਸਦੇ ਹਨ।

ਦੀਪ ਸਿੰਘ ਤਹਿਂ ਬਸਨੇ ਵਾਰੈਂ।
ਜਿਮੀਂਦਾਰ ਥਾ ਬੀਰ ਉਦਾਰੈਂ ॥੯੫॥
ਬੰਦਾ ਜਬਿ ਪੰਜਾਬ ਮੈਂ ਆਯੋ।
ਸਿੰਘ ਹੋਇ ਇਹ ਸੰਗ ਰਹਾਯੋ।
ਬੜੇ ਬੜੇ ਜੰਗਨ ਕੇ ਮਾਂਹੀਂ।
ਹਤੇ ਸੱਤ੍ਰ ਹੋਇ ਅੱਗ੍ਰ ਮਹਾਂਹੀਂ[1] ॥੯੬॥
ਸੂਰਬੀਰ ਯਾਂ ਤੈ ਬਿਦਿਤਾਯੋ।
ਪੰਥ ਮਾਂਹਿ ਮਰਤਬ ਬਡ ਪਾਯੋ।
ਇਕ ਗੁਰਬਖਸ਼ ਸਿੰਘ ਬਡ ਜੋਧਾ।
ਮਿਲਜੋ ਆਇ ਯਾਹੀਂ ਸੰਗ ਸੋਧਾ[1] ॥੯੭॥

[1]ਬਹੁਤੇ।
[1]ਪਵਿੱਤ੍ਰ ਜੀਵਨ ਵਾਲਾ।

ਖੇਮ ਕਰਣ ਢਿਗ ਲੀਲ ਗ੍ਰਾਮੂ।
ਜਾਟ ਤਹਾਂ ਕਾ ਥਾ ਯਹਿ ਨਾਮੂ[1]। [1]ਮਸ਼ਹੂਰ।
ਸੋ ਭੀ ਮਿਲਯੋ ਦੀਪ ਸਿੰਘ ਸੰਗੈਂ।
ਹਤੇ ਸੱਤ੍ਰ ਉਨ ਬਹੁ ਮਧ ਜੰਗੈਂ ॥੯੮॥
ਸਾਖੀ ਇਸ ਕੀ ਪੀਛੈ ਗਾਈ।
ਯਾਂ ਤੇ ਯਹਾਂ ਨ ਲਿਖ ਹੌਂ ਭਾਈ।
ਸੰਧੂ[1] ਸੁੱਧਾ ਸਿੰਘ ਲੜਾਕਾ। [1]ਗੋਤ।
ਗਾਮ ਦੁਕੋਹੇ ਕਾ ਥਾ ਬਾਂਕਾ ॥੯੯॥
ਹੁਤੋ ਤਹਾਂ ਕਾ ਬਸਨੇ ਵਾਰਾ।
ਸੋ ਭੀ ਮਿਲਯੋ ਇਨੈ ਸੰਗਾਰਾ।
ਨੱਥਾ ਸਿੰਘ ਆਦਿਕ ਸਰਦਾਰੂ।
ਰਹਿਤ ਸੰਗ ਨਿਤ ਇਨਹਿਂ ਉਦਾਰੂ ॥੧੦੦॥
ਜਥਾ ਇਨੋ ਕਾ ਬਡ ਇਕ ਥਾਯੋ[1]। [1]ਹੋ ਗਿਆ।
ਦੀਪ ਸਿੰਘ ਸਰਦਾਰ ਰਹਾਯੋ।
ਬੰਦੇ ਸੋਂ ਜਬਿ ਝਗੜਾ ਪਯੋ।
ਤਿਸ ਤੈ ਪੰਥ ਨਯਾਰਾ ਥਯੋ ॥੧੦੧॥
ਦੀਪ ਸਿੰਘ ਨੈ ਤਬਿ ਨਿਜ ਝੰਡਾ।
ਸਭਿ ਤੇ ਪਹਿਲੇ ਨਯਾਰਾ ਮੰਡਾ[1]। [1]ਬਣਾ ਲਿਆ।
ਔਰ ਪੰਥ ਭੀ ਸਭੀ ਮਿਲਾਯੋ।
ਤੱਤ ਖਾਲਸਾ ਜੋ ਬਿਦਿਤਾਯੋ ॥੧੦੨॥
ਜਬਿ ਜਬਿ ਜੰਗ ਅਖਾਰੇ ਪਰੇ[1]। [1]ਜੰਗ, ਜੁੱਧ ਹੋਏ।
ਦੀਪ ਸਿੰਘ ਹ੍ਵੈ ਆਗੇ ਲਰੇ।
ਇਸ ਕੇ ਸੰਗੀ ਸਿੰਘ ਅਪਾਰੇ।
ਥਏ ਸ਼ਹੀਦ ਸੱਤ੍ਰ ਹਤਿ ਭਾਰੇ ॥੧੦੩॥
ਨਾਮ ਸ਼ਹੀਦਾਂ ਵਾਲਾ ਡੇਰਾ।
ਬਿਦਤਯੋ ਯਾਂ ਤੈ ਏਹੁ ਬਧੇਰਾ।
ਜਬਿ ਜਬਿ ਸ਼ਾਹਿ ਦੁਰਾਨੀ ਆਯੋ।
ਮਾਰ ਲੂਟ ਇਨ ਸੋ ਸੰਤਾਯੋ ॥੧੦੪॥
ਅੱਠਾਰਾਂ ਸੈ ਬੀਚ ਅਠਾਰੈਂ।
ਕਰਿ ਦੁਰਾਨੀਓਂ ਜੰਗ ਕਰਾਰੈਂ।

ਦੇਸ ਪੰਜਾਬੋਂ ਪੰਥ ਨਿਕਾਰਾ।
ਅੰਮ੍ਰਿਤਸਰ ਗੇਰਯੋ ਗੁਰੁਦ੍ਵਾਰਾ ॥੧੦੫॥
ਕਰੀ ਬੇਅਦਬੀ ਔਰ ਮਹਾਂਏ।
ਸਿੰਘਨ ਕੀ ਕੁਛ ਪੇਸ਼ ਨ ਜਾਏ।
ਸੁਨਿ ਗੁਰਬਖਸ਼ ਸਿੰਘ ਬਡ ਜੋਧਾ।
ਆਨੰਦਪੁਰ ਤੈ ਚੜ੍ਹਯੋ ਸ, ਕ੍ਰੋਧਾ ॥੧੦੬॥
ਚਾਰ ਹਜ਼ਾਰ ਸਵਾਰੈ ਸੰਗੈਂ।
ਆਇ ਸੁਧਾਸਰ ਕੀਨੋ ਜੰਗੈਂ।
ਥਯੋ ਸ਼ਹੀਦ ਮਾਰ ਬਹੁ ਸੱਤ੍ਰੈਂ।
ਤੌ ਭੀ ਰਹੇ ਦੁਰਾਨੀ ਤੱਤ੍ਰੈਂ[1] ॥੧੦੭॥ — [1]ਓਸੇ ਤਰ੍ਹਾਂ।
ਦੀਪ ਸਿੰਘ ਇਹੁ ਗਾਥਾ ਜਬੈ।
ਸੁਨੀ ਕੋਪ ਬਾਢਯੋ ਤਿਹ ਤਬੈ।
ਦੇਸ ਮਾਲਵੇ ਮਾਂਹਿ ਉਦਾਰਾ।
ਆਹਿ ਦਮਦਮਾ ਜਹਿਂ ਗੁਰੁਦ੍ਵਾਰਾ ॥੧੦੮॥
ਤਹਿਂ ਤੈ ਚਢਿ ਆਯੋ ਸਹਿ ਜੋਰੈਂ[1]। — [1]ਜ਼ੋਰ ਨਾਲ।
ਪਾਂਚ ਹਜ਼ਾਰ ਸਵਾਰ ਬਟੋਰੈਂ[1]। — [1]ਇਕੱਠੇ ਕਰਕੇ।
ਅੰਮ੍ਰਿਤਸਰ ਚੱਬੇ ਢਿਗ ਭਾਰਾ।
ਕਰਯੋ ਜੰਗ ਇਨ ਅਤੀ ਕਰਾਰਾ ॥੧੦੯॥
ਅਨਿਕ ਸੰਗੀਅਨ ਲਈ ਸ਼ਹੀਦੀ।
ਇਕ ਸਿੰਘ ਭਗਯੋ ਨ ਹ੍ਵੈ ਕੈ ਗੀਦੀ[1]। — [1]ਕਾਇਰ।
ਤਾਲ ਰਾਮਸਰ ਗੁਰੁ ਕਾ ਜਹਾਂ।
ਥਯੋ ਸ਼ਹੀਦ ਦੀਪ ਸਿੰਘ ਤਹਾਂ ॥੧੧੦॥
ਸਾਖੀ ਇਸ ਕੀ ਸਭਿ ਬਿਧਿ ਆਛੇ।
ਇਸੀ ਗ੍ਰੰਥ ਮੈਂ ਲੇਖੀ ਪਾਛੇ ॥੧੧੧॥

ਦੋਹਰਾ:

ਹੁਤੋ ਮੁਸਾਹਿਬ[1] ਤਾਂਹਿ ਕਾ, — [1]ਸੁਹਬਤ 'ਚ ਰਹਿਣ ਵਾਲਾ ਸਾਥੀ, ਉੱਤ੍ਰਾਧਿਕਾਰੀ।
ਸੁਧਾ ਸਿੰਘ ਬਡ ਬੀਰ।
ਮਾਲਕ ਥਾਪਯੋ ਮਿਸਲ ਕਾ,
ਜਾਨ ਸਿੰਘਨ ਬਡ ਧੀਰ ॥੧੧੨॥

ਚੌਪਈ:

ਏਕ ਸਾਲ ਸੁੱਧਾ ਸਿੰਘ ਰਹਾ।
ਮਾਲਕ ਮਿਸਲ ਸ਼ਹੀਦਨ ਅਹਾ[1]। [1]ਸੀ।
ਜਬੈ ਸਰੂੰਦ ਪੰਥ ਨੈ ਮਾਰੀ।
ਅੱਠਾਰਾਂ ਸੈ ਬੀਸ ਮਝਾਰੀ ॥ ੧੧੩ ॥
ਸਭਿ ਸਿੰਘੋ ਨੈ ਮੁਲਕ ਦਬਾਯੋ।
ਏਸ ਮਿਸਲ ਨੈ ਭੀ ਬਹੁ ਪਾਯੋ[1]। [1]ਬਹੁਤਾ ਦੇਸ ਪਾ ਲਿਆ ਭਾਵ ਕਬਜ਼ੇ 'ਚ ਕਰ ਲਿਆ।
ਗੁਰਬਖਸ਼ ਸਿੰਘ ਕਾ ਹੁਤੋ ਭਤੀਜਾ।
ਸੂਬਾ ਸਿੰਘ ਰੁਸਤਮ ਜਨ ਬੀਜਾ[1] ॥ ੧੧੪ ॥ [1]ਜਾਣੋ ਦੂਜਾਰੁਸਤਮ ਪਹਿਲਵਾਨ ਸੀ।
ਆਨੰਦਪੁਰ ਕੇ ਨਿਕਟਿ ਅਲਾਕਾ।
ਇਨ ਭੀ ਅਧਿਕ ਦਬਾਯੋ ਬਾਂਕਾ।
ਆਨੰਦ ਪੁਰ ਮੈਂ ਵਾਸਾ ਲੀਆ।
ਗੜ੍ਹ-ਅਨੰਦ ਨਿਜ ਕਬਜੇ ਕੀਆ ॥ ੧੧੫ ॥
ਅਰ ਪਰੇਮ ਸਿੰਘ ਸੰਧੂ ਜੋਈ।
ਰਹਜੋ ਪ੍ਰਕਾਲੀ ਮੈਂ ਪੁਨ ਸੋਈ।
ਇੰਬਲੀ[1] ਨੱਥਾ ਸਿੰਘ ਸੰਭਾਲੀ। [1]ਪਿੰਡ ਦਾ ਨਾਮ।
ਔਰ ਗ੍ਰਾਮ ਤਹਿੰ ਸੰਗ ਬਿਸਾਲੀ ॥ ੧੧੬ ॥
ਸੁੱਧਾ ਸਿੰਘ ਸਜਾਦ-ਪੁਰ ਮਾਂਹੀਂ।
ਰਹਜੋ ਮੁਲਕ ਮੱਲਜੋ ਬਹੁ ਆਹੀ[1]। [1]ਸੀ।
ਪੁਨ ਜਬਿ ਵਹਿ ਪੰਜਾਬ ਮੈ ਆਯੋ।
ਨਿਕਟਿ ਜਲੰਧਰ ਜੰਗ ਮਚਾਯੋ ॥ ੧੧੭ ॥
ਪਾਈ ਤਹਿ ਠਾਂ ਓਨ ਸ਼ਹੀਦੀ।
ਜਨਮ ਮਰਨ ਤੈ ਲਈ ਰਸੀਦੀ[1]। [1]ਛੁੱਟੀ, ਮੁਕਤੀ।
ਰਿਸ਼ਤੇਦਾਰ ਰਫੀਕੀ[1] ਤਾਂ ਕੋ। [1]ਮਿੱਤ੍ਰ।
ਹੁਤੋ ਕਰਮ ਸਿੰਘ ਜੋਧਾ ਬਾਂਕੋ ॥ ੧੧੮ ॥
ਗਾਮ ਮਰਾਕੇ ਬਸਨੇ ਵਾਰੋ।
ਜਿਲੇ ਲਾਹੌਰੈਂ ਬਿਦਿਤ ਉਦਾਰੋ।
ਸੁਧਾ ਸਿੰਘ ਕਾ ਭਾਈਚਾਰਾ।
ਸੋ ਭੀ ਸੰਧੂ ਹੁਤੋ ਉਦਾਰਾ ॥ ੧੧੯ ॥
ਤਿਸ ਕੋ ਲਾਇਕ ਪੰਥਹਿ ਚੀਨਾ।
ਸੁਧਾ ਸਿੰਘ ਕੀ ਠੌਰਹਿੰ ਕੀਨਾ।

ਤਿਸ ਨੇ ਅਪਨਾ ਮੁਲਕ ਸੰਭਾਰਾ।
ਰਹਿਨਾ ਸਦ ਸਜਾਦਪੁਰ ਧਾਰਾ ॥੧੨੦॥
ਹੁਤੋ ਦਮਦਮੇ ਕੇਰ ਇਲਾਕਾ।
ਚਾਰ ਹਜਾਰ ਕੇਰ ਜੋ ਬਾਂਕਾ।
ਗੁਰੁਦ੍ਵਾਰੇ ਕੀ ਹੇਤ ਅਬਾਦੀ[1]। [1]ਤਰੱਕੀ ਵਾਸਤੇ।
ਦਯੋ ਪੰਥ ਨੈ ਯੁਤ ਅਹਿਲਾਦੀ ॥੧੨੧॥
ਦੀਪ ਸਿੰਘ ਕੋ ਥਾ ਸੋ ਦਾਯੋ[1]। [1]ਜੋ ਦੀਪ ਸਿੰਘ ਨੂੰ ਦਿੱਤਾ ਹੋਇਆ ਸੀ।
ਸੋ ਭੀ ਕਬਜੇ ਇਸ ਕੇ ਆਯੋ।
ਗਾਦੀ ਮਿਸਲ ਸ਼ਹੀਦਨ ਕੇਰੀ।
ਆਹਿ ਦਮਦਮਾ ਲਖੋ ਬਧੇਰੀ ॥੧੨੨॥
ਲੰਗਰ ਇਨ ਕਾ ਤਹਾਂ ਚਲੈ ਹੈ।
ਅਬਿ ਲੌ ਸੋ ਕਬਜੇ ਇਨ ਮੈਂ ਹੈ।
ਜਬੈ ਕਰਮ ਸਿੰਘ ਸ੍ਵਰਗ ਸਿਧਾਰਾ।
ਤਾਂ ਕਾ ਸੁਤ ਗੁਲਾਬ ਸਿੰਘ ਭਾਰਾ ॥੧੨੩॥
ਪਦਰੀ ਮੁਲਕ ਸੰਭਾਰਜੋ ਤਾਂ ਤੈ[1]। [1]ਇਸ ਕਰ ਕੇ ਆਪਣੇ ਪਿਤਾ ਦਾ ਮੁਲਕ ਸੰਭਾਲ ਲਿਆ।
ਪੈ ਕੁਛ ਗਾਮ ਗਏ ਛੁਟ ਵਾਂ ਤੈ[1]। [1]ਉਸ ਪਾਸੋਂ।
ਜਬਿ ਗੁਲਾਬ ਸਿੰਘ ਸੁਰਪੁਰ ਗਯੋ।
ਸੁਤ ਕ੍ਰਿਪਾਲ ਸਿੰਘ ਤਾਂ ਕਾ ਥਯੋ ॥੧੨੪॥
ਸੋ ਭੀ ਕੁਛ ਦਿਨ ਰਾਜ ਕਰੈ ਕੈ।
ਗੁਰਪੁਰ ਪਹੁੰਚਜੋ ਦੇਹ ਤਜੈ ਕੈ।
ਜੀਵਨ ਸਿੰਘ ਤਾਂਹਿ ਕਾ ਬੇਟਾ।
ਮਾਲਕ ਗਾਦੀ ਭਯੋ ਅਮੇਟਾ[1] ॥੧੨੫॥ [1]ਪੱਕਾ।
ਤਿਸ ਕੀ ਸ਼ਾਦੀ ਬੀਚ ਪਟਜਾਲੈਂ।
ਸੁਤਾ[1] ਮਹਿੰਦ੍ਰ ਸਿੰਘ ਕੀ ਨਾਲੈਂ। [1]ਪੁੱਤਰੀ।
ਹੋਈ ਦੌਲਤ ਆਈ ਭਾਰੀ।
ਤਬਿ ਤੇ ਇੱਜ਼ਤ ਬਢੀ ਅਪਾਰੀ ॥੧੨੬॥
ਹੈ ਅਬਿ ਸੋ ਗਾਦੀ ਪਰ ਕਾਇਮ।
ਰਾਖੈ ਪ੍ਰਭ ਸਰਦਾਰੀ ਦਾਇਮ[1] ॥੧੨੭॥ [1]ਹਮੇਸ਼ਾਂ।
ਦੋਹਰਾ:
ਮਿਸਲ ਸ਼ਹੀਦਨ ਕੀ ਕਹੀ,

ਸੁਨੀ ਪਿਖੀ ਹਮ ਜੈਸ।
ਭੂਲ ਚੂਕ ਮਮ ਬਖਸ਼ੀਓ,
ਤਜਿ ਬਿਰਥੀ ਟਕਟੈਂਸ[1] ॥੧੨੮॥ [1]ਬਿਅਰਥ ਝਗੜਾ।

੭. ਮਿਸਲ ਕਰੋੜੀਆਂ

ਦੋਹਰਾ:
ਅਬਿ ਸੁਨਿ ਮਿਸਲ ਕਰੋੜੀਆਂ,
ਕੇਰੋ ਹਾਲ ਰਸਾਲ[1]। [1]ਸੁੰਦਰ।
ਜਿਨ ਕੇ ਬੀਚ ਬਘੇਲ ਸਿੰਘ,
ਹੁਤੋ ਬਡੋ ਸਰਦਾਰ ॥੧੨੯॥

ਚੌਪਈ:
ਸ਼ਜਾਮ ਸਿੰਘ ਥਾ ਬਡ ਸਰਦਾਰੈਂ।
ਗਾਮ ਪੈਜ-ਗੜ ਬਸਨੇ ਵਾਰੈਂ।
ਦੁਤੀ ਕਰਮ ਸਿੰਘ ਤਾਹਿਂ ਬਿਰਾਦਰ[1]। [1]ਭਰਾ।
ਖੱਤ੍ਰੀ ਅੱਤ੍ਰੀ[1] ਹੁਤੋ ਬਹਾਦਰ ॥੧੩੦॥ [1]ਸ਼ਸਤ੍ਰਧਾਰੀ।
ਖਾਨ ਬਹਾਦਰ ਸੂਬੇਦਾਰੂ।
ਭਯੋ ਲਹੌਰ ਕੇਰ ਜੋ ਭਾਰੂ।
ਹਿੰਦੂ ਥੇ ਉਨ ਅਤਿ ਸੰਤਾਏ।
ਜਬਰਨ ਬਹੁਤੇ ਤੁਰਕ ਬਨਾਏ ॥੧੩੧॥
ਖੱਤ੍ਰੀ ਤਬੈ ਪੈਜ-ਗੜ ਵਾਰੇ।
ਤੁਰਕ ਕਰੇ ਉਨ ਕੇਤਿਕ ਭਾਰੇ।
ਸ਼ਜਾਮ ਸਿੰਘ ਕਰਮ ਸਿੰਘ ਆਦੀ।
ਦੌੜ ਅਏ ਢਿਗ ਪੰਥ ਸਤਾਦੀ[1] ॥੧੩੨॥ [1]ਕਾਹਲੀ ਨਾਲ।
ਸਜ ਕੈ ਸਿੰਘ ਬੀਰ ਬਡ ਥੀਏ।
ਹਤ ਸੱਤ੍ਰੂ ਬਡ ਪਲਟੇ ਲੀਏ।
ਨਿਜ ਲਜਾਕਤ ਬਡ ਤਾਕਤ ਸੰਗੈਂ।
ਬਿਦਿਤੇ ਪੰਥ ਮਾਹਿ ਕਰਿ ਜੰਗੈਂ ॥੧੩੩॥
ਦੋਇ ਕੁ ਸੌ ਅਸਵਾਰ ਜਰਾਰੈਂ[1]। [1]ਲੜਾਕੇ।
ਡੇਰਾ ਬਨਿਓ ਇਨ ਕਾ ਭਾਰੈਂ।
ਸੁੱਖਾ ਸਿੰਘ ਤ੍ਰਖਾਨ ਬਹਾਦਰ।
ਪੂਰਬ ਕਹੀ ਗਾਥ ਜਿਹ ਨਾਦਰ[1] ॥੧੩੪॥ [1]ਅਨੋਖੀ, ਅਸਚਰਜ।

ਸ਼ਜਾਮ ਸਿੰਘ ਕਾ ਥਾ ਸੋ ਚੇਲਾ।
ਹਨਤ ਰਹਜੋ ਸੱਤ੍ਰੈਂ ਕਰਿ ਹੇਲਾ।
ਤਿਸ ਨੈ ਭੀ ਇਹੁ ਡੇਰਾ ਭਾਰੈਂ।
ਪਰਗਟ ਕੀਨੋ ਪੰਥ ਮਝਾਰੈਂ ॥੧੩੫॥
ਨਾਦਰ ਏਸ ਦੇਸ ਜਬਿ ਆਯੋ।
ਤਬੈ ਸ਼ਹੀਦ ਸ਼ਜਾਮ ਸਿੰਘ ਥਾਯੋ।
ਸਤ੍ਰਾਂ ਸੈ ਸਤਾਨਵੇਂ ਮਾਹੈਂ।
ਭਯੋ ਕਰਮ ਸਿੰਘ ਤਿਸ ਕੀ ਜਾਹੈਂ[1] ॥੧੩੬॥ [1]ਜਗ੍ਹਾ।
ਅਨਿਕ ਜੰਗ ਇਨ ਬਡ ਬਡ ਕਰੇ।
ਸੱਤ੍ਰੂ ਤੁਰਕ ਦੁਰਾਨੀ ਹਰੇ[1]। [1]ਮਾਰੇ।
ਗੁਰੁ[1] ਵਡਭਾਗ ਸਿੰਘ ਹਿਤ ਜਬੈ। [1]ਗੁਰੂ ਕੀ ਅੰਸ।
ਹਤੀ ਜਲੰਧਰ ਸਿੰਘਨ ਤਬੈ ॥੧੩੭॥
ਸੰਗ ਅਦੀਨਾ ਬੇਗ ਮਿਲੈ ਕੈ।
ਹਾਕਮ ਨਾਸਰ ਦੀਨ ਹਤੈ ਕੈ[1]। [1]ਮਾਰ ਕੇ।
ਅਰ ਖੈਰੇ ਸ਼ਾਹ ਸਿਪਹ-ਸਲਾਰੈਂ[1]। [1]ਸੈਨਾਪਤੀ।
ਹਤਜੋ, ਕਰਮ ਸਿੰਘ ਯੁਤ ਤਲਵਾਰੈਂ ॥੧੩੮॥
ਤਬਿ ਤੈ ਏਹੁ ਬੀਰ ਪ੍ਰਗਟਾਨਾ।
ਅੰਮ੍ਰਿਤਸਰ ਲਰਿ ਗੁਰੁ-ਪੁਰਿ ਪਜਾਨਾ।
ਬਰਕ[1] ਜੱਟ ਇਕ ਸਿੰਘ-ਕਰੋੜਾ। [1]ਗੋਤ ਦਾ।
ਗਾਮ ਬਰਕੀਆਂ ਕੇਰ ਅਮੋੜਾ ॥੧੩੯॥
ਹੁਤੋ ਮੁਸਾਹਿਬ[1] ਤਾਂ ਕਾ ਭਾਰੀ। [1]ਸਾਥੀ, ਉਤ੍ਰਾਧਿਕਾਰੀ।
ਪੰਥ ਦਈ ਤਾਂ ਕੋ ਸਰਦਾਰੀ।
ਇਨ ਨਿਜ ਡੇਰਾ ਅਧਿਕ ਬਢਾਏ।
ਲੁਟੇ ਸ਼ਹਿਰ ਬਹੁ ਸੱਤ੍ਰੂ ਘਾਏ[1] ॥੧੪੦॥ [1]ਵੈਰੀ ਮਾਰੇ।
ਜਵਾਹਰ- ਮੱਲ ਭਰਤ-ਪੁਰ ਵਾਰੇ।
ਜਬੈ ਖਾਲਸਾ ਲੀਓ ਹਕਾਰੇ[1]। [1]ਸੱਦਿਆ।
ਤਬਿ ਪੰਥੈਂ ਮਧ ਹਿੰਦੁਸਤਾਨੈਂ।
ਲੂਟੇ ਸ਼ਹਿਰ ਸੁ ਅਧਿਕ ਮਹਾਨੈਂ ॥੧੪੧॥
ਫਰਖਾਬਾਦੈਂ ਮੈਂ ਤਬਿ ਜਾਈ।
ਲੂਟੀ ਦੌਲਤ ਇਨ ਅਧਿਕਾਈ।

ਤਿਸ ਤੈ ਬਡਾ ਅਰੂਜ[1] ਬਢਾਯੋ। — [1]ਪ੍ਰਤਾਪ।
ਸਾਤ ਹਜ਼ਾਰ ਸਵਾਰ ਬਨਾਯੋ ॥ ੧੪੨ ॥
ਦੌਲਤ ਬਾਂਟਿ ਸਭਿਨਿ ਕੋ ਦਈ।
ਇਸ ਕੇ ਨਾਮ ਮਿਸਲ ਬਿਦਤਈ[1]। — [1]ਮਸ਼ਹੂਰ ਹੋਈ।
ਪੁਨ ਜਬਿ ਡੱਲੇ ਗਾਮ ਨਜ਼ੀਕੈਂ।
ਤਟ[1] ਰਾਵੀ ਰਣ ਥੀਓ ਠੀਕੈਂ ॥ ੧੪੩ ॥ — [1]ਕਿਨਾਰੇ।
ਸਰ ਬੁਲੰਦ ਖਾਂ ਇਸ ਨੈ ਮਾਰਾ।
ਲੁਟਯੋ ਖਜਾਨਾ ਤਾਂ ਕਾ ਭਾਰਾ।
ਨਿਜ ਸੰਗੀ ਸਿੰਘਨ ਕੇ ਤਾਂਈਂ।
ਬਾਂਟਿ ਰਫੀਕ[1] ਸੁ ਲਏ ਬਨਾਈ ॥ ੧੪੪ ॥ — [1]ਮਿੱਤ੍ਰ।
ਅੱਠਾਰਾਂ ਸੈ ਸੋਲਾਂ ਮਾਂਹੈਂ।
ਦੂਾਬੇ ਦਾਬੇ ਨਗਰ ਮਹਾਂਹੈਂ[1]। — [1]ਦੁਆਬੇ 'ਚ ਬਹੁਤੇ ਨੱਗਰ ਦਬਾ ਲਏ।
ਬਡੋ ਪਰਗਨਾ ਸ਼ਜਾਮ-ਚੁਰਾਸੀ।
ਹਰਜਾਨਾ ਲੌ ਮੱਲੇ ਖਾਸੀ[1] ॥ ੧੪੫ ॥ — [1]ਬਹੁਤੇ।
ਸ਼ਜਾਮ ਸਿੰਘ ਸੁਲਤਾਨ ਪਿੰਡੀਆ।
ਹੁਤੋ ਮੁਸਾਹਿਬ ਤਾਂਹਿ ਹਿੰਡੀਆ[1]। — [1]ਹਠੀਆ।
ਤਾਂਹਿ ਕਾਠਗੜ੍ਹ ਲੀਨੋ ਖਾਸੈਂ[1]। — [1]ਆਪ।
ਜੋ ਅਬਿ ਹੈ ਤਿਹ ਸੰਤਤਿ[1] ਪਾਸੈਂ ॥ ੧੪੬ ॥ — [1]ਉਲਾਦ।
ਪੁਨ ਸਰਹੰਦ ਪੰਥ ਜਬਿ ਮਾਰੀ।
ਮੱਲਯੋ ਇਨ ਭੀ ਮੁਲਕ ਅਪਾਰੀ।
ਧੀਨ-ਮੁਲਾਣਾ ਨਿਜ ਰਜਧਾਨੀ।
ਥਪੀ ਕਰੋੜਾ ਸਿੰਘ ਮਹਾਨੀ ॥ ੧੪੭ ॥
ਸਿੰਘ ਬਘੇਲ ਚੁਭਾਲਹਿਂ ਕੇਰਾ[1]। — [1]ਝਬਾਲ ਪਿੰਡ ਦਾ।
ਧਾਲੀਵਾਲ ਗੋਤ ਜਟ ਹੇਰਾ।
ਹੁਤੋ ਮੁਸਾਹਿਬ ਤਾਂਹਿ ਮਹਾਨਾ।
ਲਯੋ ਪਰਗਨਾ ਤਾਂਹਿ ਹਰਜਾਨਾ ॥ ੧੪੮ ॥
ਔਰ ਛਲੌਂਦੀ ਕੇਰ ਇਲਾਕਾ।
ਢਿਗ ਕਰਨਾਲ ਤਾਂਹਿ ਲਿਯ ਬਾਂਕਾ[1]। — [1]ਸੁੰਦਰ (ਇਲਾਕਾ)।
ਸਿੰਘ ਦਸੌਂਧੇ ਆਦਿ ਸਢੌਰਾ।
ਮੱਲਯੋ ਮੁਲਕ ਐਸ ਇਨ ਗੌਰਾ[1] ॥ ੧੪੯ ॥ — [1]ਬਹੁਤਾ।

ਗੁਲਾਮ-ਕਾਦਰ ਰੁਹੇਲਾ ਜੋਈ।
ਲਰਜੋ ਪੰਥ ਸੋਂ ਤਬਿ ਬਡ ਸੋਈ।
ਢਿਗ ਤਰਾਵੜੀ ਜੰਗ ਮਝਾਰੀ।
ਗੋਲੀ ਸੰਗ ਤੁਫੰਗ ਕਰਾਰੀ[1] ॥੧੫੦॥ — [1]ਬੰਦੂਕ ਦੀ (ਕਰਾਰੀ) ਤੇਜ਼ ਗੋਲੀ ਨਾਲ।
ਸਿੰਘ ਕਰੋੜਾ ਸ੍ਵਰਗ ਸਿਧਾਨਾ।
ਤਬੈ ਪੰਥ ਕਰਿ ਮਤਾ ਮਹਾਨਾ ॥੧੫੧॥

ਦੋਹਰਾ:

ਕਿਯ ਸਰਦਾਰ ਬਘੇਲ ਸਿੰਘ,
ਏਸ ਮਿਸਲ ਕਾ ਫੇਰ।
ਹੁਤੋ ਬਹਾਦਰ ਬੀਰ ਬਡ,
ਪਿਖ ਕੈ ਸਖੀ[1] ਦਲੇਰ ॥੧੫੨॥ — [1]ਦਾਤਾ।

ਚੌਪਈ:

ਬਨਿ ਬਘੇਲ ਸਿੰਘ ਬਡ ਸਰਦਾਰੈਂ।
ਹਤੇ ਸੱਤ੍ਰੂਰਣ ਕਰਿ ਭਾਰੈਂ।
ਪੁਨ ਬਹੁ ਸਿੰਘਹਿਂ ਸੰਗ ਮਿਲਾਈ।
ਪੂਰਬ ਦਿਸ ਬਡ ਕਰੀ ਚੜ੍ਹਾਈ ॥੧੫੩॥
ਤੀਸ ਹਜ਼ਾਰ ਸਵਾਰ ਜਰਾਰਾ[1]। — [1]ਲੜਾਕਾ।
ਚੜ੍ਹੇ ਸੰਗ ਤਿਹ ਬਹੁ ਸਰਦਾਰਾ।
ਔਰ ਲੁਟੇਰੇ ਲੋਗ ਅਪਾਰਾ।
ਲੂਟਨ ਕੇ ਹਿਤ ਮਿਲੇ ਸੰਗਾਰਾ ॥੧੫੪॥
ਹਿੰਦੁਸਤਾਨ ਦੇਸ[1] ਮੈਂ ਜਾਈ। — [1]ਯੂ.ਪੀ. ਦੇ ਇਲਾਕੇ।
ਦਿੱਲੀ ਗਿਰਦੇ ਧੂੰਮ ਮਚਾਈ[1]। — [1]ਡੰਡਰੌਲੀ ਪਾ ਦਿੱਤੀ।
ਹੜ੍ਹ ਪਾਣੀ ਜਯੋਂ ਚੜ੍ਹਿ ਦਲ ਸਿੰਘੈਂ।
ਲੂਟਤ ਫਿਰਹੀਂ ਧਿੰਗਮ ਧਿੰਗੈਂ[1] ॥੧੫੫॥ — [1]ਜ਼ੋਰੋ ਜ਼ੋਰੀ।
ਜੱਟ ਜਵੰਧੇ ਨ੍ਰਿਪ ਉਦਾਰਾ[1]। — [1]ਜਵੰਧੇ ਗੋਤ ਦਾ ਚੰਗਾਰਾਜਾ।
ਰਾਮ ਸਿੰਘ ਬੱਲਮ ਗੜ੍ਹ ਵਾਰਾ।
ਦੈ ਨਜ਼ਰਾਨਾ ਸਰਣਿ ਸਿਧਾਨਾ[1]। — [1]ਸ਼ਰਨ 'ਚ ਜਾ ਕੇ ਨਜ਼ਰਾਨਾ ਦਿੱਤਾ।
ਦੇਗ ਮਿਸ਼ਟ ਦਈ ਸੁਖ ਨਿਧਾਨਾ[1] ॥੧੫੬॥ — [1]ਸੁੱਖੇ ਦੀ ਮਿੱਠੀ ਦੇਗ ਦਿੱਤੀ।
ਕੁਣਕਾ ਸੁੱਖਾ ਛਕਿ ਸਿੰਘ ਸਾਰੇ।
ਖੁਸ਼ਿ ਹ੍ਵੈ ਤਿਹ ਤਜਿ ਅਨਤ ਸਿਧਾਰੇ।

ਨਗਰ ਅਮੀਰਨ ਕੇ ਬਹੁ ਲੂਟੇ।
ਜੋ ਅਕੜੇ ਤਕੜੇ ਸੋ ਕੂਟੇ[1] ॥੧੫੭॥ — [1]ਜੋ ਆਕੜੇ ਉਹ ਬਹੁਤੇ ਕੁੱਟੇ।
ਧਸੇ ਆਇ ਪੁਨ ਦਿੱਲੀ ਮਾਂਹੈਂ।
ਦਰਵਾਜੇ ਅਜਮੇਰੀ ਰਾਹੈਂ।
ਮੁਗਲ ਮਹੱਲੇ ਆਗ ਲਗਾਈ।
ਲੂਟਯੋ ਸ਼ਹਿਰ ਅਧਿਕ ਬਲ ਪਾਈ ॥੧੫੮॥
ਪਰਯੋ ਸ਼ਹਿਰ ਮੈਂ ਹਹਿਰ ਮਹਾਨੈ[1]। — [1]ਬਹੁਤਾ ਡਰ।
ਕਰਯੋ ਕਹਿਰ ਕਹਿਂ ਆਨਿ ਸਿੰਘਾਨੈ[1]। — [1](ਲੋਕ) ਕਹਿੰਦੇ ਹਨ ਕਿ ਸਿੰਘਾਂ ਨੇ ਆ ਕੇ ਸਖ਼ਤੀ ਕੀਤੀ ਹੈ।
ਸ਼ਹਿਰ ਲੂਟਤੇ ਕਿਤਿਕ ਰਹਾਏ[1]। — [1]ਕਿਤਨੇ ਕੁ ਤਾਂ ਸ਼ਹਿਰ ਲੁਟਦੇਰਹਿ ਗਏ।
ਧਸੇ ਕਿਲ੍ਹੇ ਮਹਿ ਕੇਤਿਕ ਧਾਏ ॥੧੫੯॥
ਜੱਸਾ ਸਿੰਘ ਆਲੂ ਸਰਦਾਰੈਂ।
ਦਯੋ ਤਖਤ ਪੈ ਸਿੰਘਨ ਬਿਠਾਰੈਂ।
ਤਬਿ ਤੈ ਜੱਸਾ ਸਿੰਘ ਪਤਿਸ਼ਾਹੈ।
ਬਿਦਤਯੋ ਪੰਥ ਮਾਂਹਿ ਇਮ ਵਾਹੈ[1] ॥੧੬੦॥ — [1]ਉਹ।
ਬਚਨ ਨੁਵਾਬ ਕਪੂਰ ਹਰੀ ਕਾ।
ਥਯੋ ਸਫਲ ਜੋ ਕੀਨ ਬਰੀ ਕਾ[1]। — [1]ਚੰਗਾ।
ਪੂਰਬ ਗਾਥਾ ਵਹਿ ਕਹਿ ਆਏ।
ਸੁਨੋ ਇਹਾਂ ਕੀ ਔਰੈਂ ਭਾਏ[1] ॥੧੬੧॥ — [1]ਹੋਰ ਤਰ੍ਹਾਂ ਦੀ।
ਜੱਸਾ ਸਿੰਘ ਕਾ ਤਖਤ ਬਿਠਾਨਾ।
ਬਹੁ ਸਰਦਾਰੋਂ ਕੋ ਨਹਿਂ ਭਾਨਾ[1]। — [1]ਚੰਗਾ ਨਹੀਂ ਲੱਗਾ।
ਕਰਿ ਮਤਸਰ[1] ਸੋ ਦਯੋ ਉਠਾਈ। — [1]ਈਰਖਾ।
ਅਪਨੇ ਪਾਉਂ ਕੁਹਾੜੀ ਲਾਈ ॥੧੬੨॥
ਸਿਮਰੂ ਕੀ ਬੇਗਮ ਕੇ ਤਾਂਈਂ।
ਥੀ ਮੁਖਤਾਰ ਜੁ ਤਬੈ ਤਹਾਂਈਂ।
ਗੌਹਰ-ਅਲੀ ਬਾਦਸ਼ਾਹ ਜਬਿ ਹੀ।
ਕਹਯੋ ਮਿਲੋ ਤੁਮ ਸਿੰਘਹਿਂ ਅਬਿ ਹੀ ॥੧੬੩॥
ਨਜ਼ਰਾਨਾ ਹਮ ਤੈ ਲੈ ਜਾਵੈਂ।
ਨਹਿਂ ਜਾਰੈਂ ਨਹਿਂ ਲੂਟ ਮਚਾਵੈਂ।
ਬੇਗਮ ਲੈ ਅਮੀਰ ਬਹੁ ਸੰਗੈਂ।
ਢਿਗ ਬਘੇਲ ਸਿੰਘ ਗਈ ਨਿਸੰਗੈਂ ॥੧੬੪॥

ਧਰਮ ਭੈਣ ਸਿੰਘ ਕੀ ਥੀ ਸੋਈ।
ਸੋ ਗਾਥਾ ਹਮ ਪੂਰਬ ਗੋਈ[1]। — [1]ਕਹੀ ਹੈ।
ਤਾਂ ਕਾ ਕਹਜਾ ਮਾਨ ਤਬਿ ਲੀਓ।
ਲੂਟਨ ਸ਼ਹਰ ਬੰਦ ਕਰਿ ਦੀਓ ॥੧੬੫॥
ਦੌਲਤ ਅਧਿਕ ਸ਼ਾਹਿ ਤੈ ਲੈ ਕੈ।
ਖੁਦ ਹੀ ਨਿਕਸੇ ਕਿਲ੍ਹਾ ਤਜੈ ਕੈ।
ਜੋ ਵਸਤੁ ਜਿਸ ਕੇ ਮਨ ਭਾਈ।
ਤਹਿਂ ਤੇ ਸੋ ਉਨ ਲੀਨ ਉਠਾਈ ॥੧੬੬॥
ਜੱਸਾ ਸਿੰਘ ਰਾਮਗੜ੍ਹ-ਵਾਰੇ।
ਸਾਤ ਤੋਪ ਖਿਚ ਲਈ ਉਦਾਰੇ ॥੧੬੭॥

ਦੋਹਰਾ:
ਟਿੱਲੇ ਮਜਨੂੰ ਊਪਰੈ,
ਉਤਰੇ ਸਭ ਸਿੰਘ ਆਇ।
ਦੇਖਹੁ ਭਾਵੀ ਨੈ ਦਈ,
ਸਭਿ ਕੀ ਅਕਲ ਭੁਲਾਇ ॥੧੬੮॥

ਚੌਪਈ:
ਦਿੱਲੀ ਤਖਤ ਨ ਜੇ ਸਿੰਘ ਤਜਤੇ।
ਅਬ ਲੌ ਅਪਨੀ ਸ਼ਾਹੀ ਭਜਤੇ[1]। — [1]ਆਪਣੀ ਪਾਤਸ਼ਾਹੀ ਭੋਗਦੇ।
ਪੁਨ ਬਘੇਲ ਸਿੰਘ ਭਲ ਮਨਿ ਠੱਟਜੋ[1]। — [1]ਚੰਗੀ ਗੱਲ ਮਨ 'ਚ ਧਾਰ ਕੇ।
ਬਾਦਸ਼ਾਹਿ ਢਿਗ ਇਮ ਲਿਖਿ ਪੱਠਜੋ ॥੧੬੯॥
ਹਮਰੇ ਗੁਰੂਅਨ ਕੇ ਅਸਥਾਨੈ।
ਆਹਿਂ, ਕਿਤਿਕ ਹਮ ਚਹਿਤ ਬਨਾਨੈ।
ਸੋਊ ਬਨਾਵਨ ਹਿਤ ਲਿਖ ਦੀਜੈ।
ਹਮੈਂ ਰੁਕਾਵਟ ਫਿਰ ਨਹਿਂ ਥੀਜੈ[1] ॥੧੭੦॥ — [1]ਹੋਵੇ।
ਇਸ ਹਿਤ ਹਮ ਕੋ ਦੇਹੁ ਹਕੂਮਤ।
ਸ਼ਹਿਰ ਕੇਰ ਜਜੋ ਮਿਟੈਂ ਹਜੂਮਤ[1]। — [1]ਜਿਵੇਂ ਸ਼ਹਿਰ ਦਾ (ਸਿੰਘਾਂ ਦਾ) (ਹਜੂਮਤ) ਇਕੱਠ ਏਥੋਂ ਚਲਿਆ ਜਾਵੇ।
ਦਿੱਲੀ ਤਬੈ ਖਾਲਸਾ ਤਜ ਹੈ।
ਨਹੀਂ ਤ ਕਾਰਣ ਔਰੈ ਸਜ ਹੈ[1] ॥੧੭੧॥ — [1]ਨਹੀਂ ਤਾਂ ਹੋਰ (ਲੜਾਈ ਦਾ) ਕਾਰਨ ਬਣ ਜਾਵੇਗਾ।
ਬਾਦਸ਼ਾਹਿ ਤਬਿ ਡਰਿ ਮਨ ਮਾਂਹੀ।

ਜੋ ਸਿੰਘ ਕਹਯੋ ਦਯੋ ਲਿਖ ਵਾਹੀ[1]। — [1]ਉਸੇ ਤਰ੍ਹਾਂ।
ਤਹਿਂ ਤੇ ਸਿੰਘ ਬਹੁ ਤਿਸੀ ਦਿਹਾਰੇ।
ਲੂਟ ਕੇਰ ਧਨ ਚਾਇ ਅਪਾਰੇ[1] ॥੧੭੨॥ — [1]ਬਹੁਤਾ ਧਨ (ਚਾਇ) ਚੁੱਕ ਕੇ।
ਆਪਹਿ ਆਪ ਨਗਰ ਨਿਜ ਓਰੈਂ।
ਚਲੇ ਅਏ ਬਿਨ ਮਤੇ ਬਹੋਰੈਂ[1]। — [1]ਫੇਰ ਬਿਨਾਂ ਸਲਾਹ ਤੋਂ ਹੀ।
ਦੋਇ ਹਜ਼ਾਰ ਸਵਾਰੈਂ ਸੰਗੈਂ।
ਰਹਯੋ ਬਘੇਲ ਸਿੰਘ ਤਹਿਂ ਚੰਗੈਂ[1] ॥੧੭੩॥ — [1]ਚੰਗੇ ਢੰਗ ਨਾਲ।
ਦਿੱਲੀ ਸ਼ਹਿਰ ਕੇਰ ਕੁਟਵਾਲੀ[1]। — [1]ਕੋਤਵਾਲ ਦਾ ਅਹੁਦਾ, ਸ਼ਹਿਰ ਦੀ ਵੱਡੀ ਅਫ਼ਸਰੀ।
ਸ਼ਾਹਿ ਦਈ ਲਿਖਿ ਤਾਂਹਿ ਬਿਸਾਲੀ।
ਉਨ ਬਨਵਾਏ ਤਬਿ ਗੁਰੁਦ੍ਵਾਰੇ।
ਏਕ ਸਾਲ ਰਹਿ ਤਹਾਂ ਉਦਾਰੇ ॥੧੭੪॥
ਦਿੱਲੀ ਸ਼ਹਰ ਕੇਰ ਮਾਸੂਲੈਂ।
ਚੌਥਾਈ ਕਰਵਾਇ ਕਬੂਲੈਂ[1]। — [1]ਪ੍ਰਵਾਨ ਕਰਵਾ ਕੇ।
ਤਜਿ ਕੁਟਵਾਲੀ ਨਿਜ ਘਰ ਆਯੋ।
ਜਬਿ ਲੌਂ ਜੀਓ ਲੇਤ ਰਹਾਯੋ[1] ॥੧੭੫॥ — [1]ਚੁੰਗੀ ਆਪ ਲੈਂਦਾ ਰਿਹਾ।
ਅਮਰ ਸਿੰਘ ਪਟਿਆਲੇ ਵਾਲੇ।
ਏਸ ਮਿਸਲ ਕੇ ਗਾਮ ਬਿਸਾਲੇ।
ਲਏ ਦਬਾਇ ਜੋਰ ਸੈਂ ਜਬਿ ਹੀ।
ਲਰਯੋ ਜਾਇ ਪਟਜਾਲੇ ਤਬਿ ਹੀ ॥੧੭੬॥
ਪਰ ਤਹਿਂ ਸੁਲ੍ਹਾ ਸਫਾਈ ਭਈ।
ਸੁਨੋ ਗਾਥ ਇਕ ਔਰੈਂ ਨਈ।
ਦਿਹਲੀ ਕਾ ਬਜੀਰ ਬਲ ਪਾਏ।
ਲੈ ਤੂਕਾਨੀ ਚਢਯੋ ਮਹਾਂਏ[1] ॥੧੭੭॥ — [1]ਬਹੁਤੀ।
ਏਕ ਲਾਖ ਅਸਵਾਰ ਪਯਾਦੇ।
ਆਯੋ ਜਬਿ ਵਹਿ ਕਰਤ ਤਗਾਦੇ[1]। — [1]ਝਗੜੇ, ਜੰਗ।
ਸਿੰਘਨ ਤੈ ਹਿਤ ਦੇਸ ਛੁਡਾਵਨ।
ਸਿੰਘ ਬਘੇਲ ਤਿਹ ਪਕਛਯੋ ਦਾਮਨ[1] ॥੧੭੮॥ — [1]ਉਸ ਦਾ ਪੱਲਾ ਫੜ ਲਿਆ ਭਾਵ ਨਾਲ ਰਲ ਗਿਆ।
ਔਰਨ ਤੈ ਨਜ਼ਾਰੈਂ ਦਿਲਵਾਈਂ।
ਇਤ ਤੈ ਪੰਥੈਂ ਲਇਓ ਬੁਲਾਈ।
ਜਥੇਦਾਰ ਸਭਿ ਮਿਸਲਾਂ ਵਾਰੇ।

ਧਏ ਪੰਜਾਬੋਂ ਅਤਿ ਬਲ ਧਾਰੇ ॥੧੭੯॥
ਸ਼ਾਹਾਬਾਦ ਢਿਗੈਂ ਜਬਿ ਡੇਰਾ।
ਕੀਓ ਵਜੀਰਹਿਂ ਆਨਿ ਬਡੇਰਾ।
ਇਤ ਤੈ ਏਕ ਲਾਖ ਅਸਵਾਰੈਂ।
ਭਯੋ ਤਜਾਰ ਸਿੰਘਨ ਕਾ ਸਾਰੈਂ[1] ॥੧੮੦॥
[1]ਸਾਰਿਆਂ ਸਿੰਘਾਂ ਦਾ।
ਮੈਣ-ਦਬਿ[1] ਕੇ ਬਹੁ ਸਰਦਾਰੈਂ।
[1]ਘੱਗਰ ਤੇ ਜਮਨਾ ਦੇ ਵਿਚਕਾਰਲਾ ਇਲਾਕਾ।
ਤਈਂ ਦਯੋ ਸਿੰਘ ਐਸ ਸਿਖਾਰੈਂ[1]।
[1]ਬਘੇਲ ਸਿੰਘ ਨੇ ਇਸ ਤਰ੍ਹਾਂ ਸਿਖਾ ਦਿੱਤਾ।
ਅਰਧ ਨਿਸਾ ਕੋ ਤੁਮ ਮਮ ਡੇਰੈਂ।
ਨਿਜ ਨਿਜ ਦਲ ਲੈ ਅਯੋ ਬਧੇਰੈਂ ॥੧੮੧॥
ਇਤ ਬਜੀਰ ਕੋ ਐਸ ਸੁਨਾਵਾ।
ਆਜ ਸਿੰਘ ਕਰਿ ਹੈਂ ਬਡ ਧਾਵਾ।
ਆਹਿ ਕਰੀਬੈਂ ਤੀਨ ਲਾਖ ਕੇ।
ਤੁਮ ਪਰ ਪਰ ਹੈਂ ਅਮਲ ਚਾਖ ਕੇ ॥੧੮੨॥
ਅਰਧ ਨਿਸਾ ਕੋ ਜਬਿ ਸਿੰਘ ਆਏ।
ਆਪਹਿ ਭਾਜੜ ਦਈ ਪਵਾਏ।
ਭਾਗਜੋ ਦਲ ਬਜੀਰ ਕਾ ਡਰ ਕੈ।
ਆਏ ਸਿੰਘ ਆਏ ਸਿੰਘ ਰਰ ਕੈ[1] ॥੧੮੩॥
[1]ਬੋਲ ਕੇ।
ਪਾਨੀਪਤਿ ਲੌਂ ਭਾਗੇ ਗਏ।
ਨਾਂਹਿ ਪਿਛਾਹਾਂ ਦੇਖਤ ਭਏ।
ਡੇਰਾ ਥਾ ਵਜੀਰ ਕਾ ਜੇਤਾ।
ਲੂਟਜੋ ਸਿੰਘ ਸ੍ਰਦਾਰੈਂ ਤੇਤਾ ॥੧੮੪॥
ਇਸੀ ਤੌਰ ਫਿਰ ਮਰ੍ਹਟੇ ਆਏ।
ਚੜ੍ਹਿ ਸਿੰਘਨ ਪੈ ਅਤਿ ਬਲ ਲਾਏ।
ਤਬਿ ਬਘੇਲ ਸਿੰਘ ਭੀ ਤਿਨ ਸੰਗੈਂ।
ਊਪਰ ਤੈ ਸਭਿ ਬਿਧਿ ਭਲ ਢੰਗੈਂ[1] ॥੧੮੫॥
[1]ਸਭ ਤਰ੍ਹਾਂ ਚੰਗੇ ਢੰਗ ਨਾਲ ਉਪਰੋਂ ਉਨ੍ਹਾਂ ਵੱਲ ਰਿਹਾ।
ਪਟਜਾਲੇ ਤਬਿ ਭਈ ਲੜਾਈ।
ਵਹਿ ਗਾਥਾ ਸਭਿ ਪਾਛੈ ਗਾਈ।
ਜਬੈ ਮਰ੍ਹੱਟੇ ਪਾਸ ਅੰਬਾਲੇ।
ਉਤਰੇ ਤਬਿ ਮਿਲਿ ਸਿੰਘ ਬਿਸਾਲੇ ॥੧੮੬॥
ਅਏ ਪੰਜਾਬ ਓਰ ਤੈ ਧਾਏ।

ਸੋ ਬਘੇਲ ਸਿੰਘ ਥੇ ਬੁਲਵਾਏ।
ਮਿਲੇ ਮਾਲਵੇ ਕੇ ਸਭਿ ਔਰੈਂ।
ਧਾਵਾ ਕੀਨੋ ਜਬਿ ਮਿਲਿ ਗੌਰੈਂ ॥੧੮੭॥
ਤਬਿ ਬਘੇਲ ਸਿੰਘ ਭਾਜੜ ਪਾਈ।
ਨਿਸ ਕੋ ਮਰ੍ਹਟੇ ਗਏ ਪਲਾਈ।
ਇਕ ਤੈ ਆਗੇ ਏਕ ਭਗਾਨਾ।
ਡੇਰਾ ਤਿਨ ਕਾ ਸਿੰਘਨ ਲੁਟਾਨਾ ॥੧੮੮॥
ਯੌਂ ਹੀ ਫਰਾਂਸੀਸ ਸੰਗ[1] ਕੀਨੋ।
ਆਯੋ ਥਾ ਜਬਿ ਲੈ ਦਲ ਪੀਨੋ[1]।
ਤਵਾਰੀਖ ਗੁਰੁ ਖਾਲਸਾ ਮਾਂਹੀਂ।
ਗਾਥਾ ਇਹੁ ਸਭਿ ਲਿਖੀ ਤਹਾਂਹੀਂ ॥੧੮੯॥

[1]ਫਰਾਂਸ ਦੇ ਵਸਨੀਕ ਸਿਮਰੂ ਨਾਲ।
[1]ਤਕੜਾ, ਵੱਡਾ।

ਦੋਹਰਾ:
ਪੁਨ ਬਘੇਲ ਸਿੰਘ ਸੁਧਾਸਰ,
ਆਇ ਦਰਸਯੋ ਨੀਕ।
ਅੱਠਾਰਾਂ ਸੈ ਉਨਸਠੇ[1],
ਮਰਜੋ ਤਹਾਂ ਹੀ ਠੀਕ ॥੧੯੦॥

[1]ਸੰਮਤ ੧੮੫੯ ਬਿ: ਨੂੰ।

ਨਹਿਂ ਉਲਾਦ ਤਾਂ ਕੇ ਹੁਤੀ,
ਦੁਇਰਾਣੀ ਥੀਂ ਨੀਕ।
ਰਾਮ ਕੌਰ ਦੂਬੇ ਰਹੀ,
ਮਾਲਕ ਮੁਲਕਹਿਂ ਠੀਕ ॥੧੯੧॥
ਪੈਂਸਠ ਮੈਂ[1] ਜਬਿ ਵਹਿ ਮਰੀ,
ਮਾਲ ਮੁਲਕ ਤਿਸ ਕੇਰ।
ਛੀਨ ਲਯੋ ਰਣਜੀਤ ਸਿੰਘ,
ਰਤਨ ਕੌਰ[1] ਉਤ ਫੇਰ[2] ॥੧੯੨॥

[1]ਸੰਮਤ ੧੮੬੫ ਬਿ: ਵਿੱਚ।
[1]ਦੂਜੀਰਾਣੀ ਦਾ ਨਾਮ। [2]ਬਾਦ ਵਿੱਚ ਉਸ ਪਾਸੇ।

ਰਾਜ ਕਰਤ ਬਹੁ ਦਿਨ ਰਹੀ,
ਨਿਜ ਸ਼ੌਹਰ ਕਾ ਸਾਚ[1]।
ਸੋਉ ਛਲੌਂਦੀ ਮੈਂ ਮਰੀ,
ਉੱਨੀ ਸੈ ਮਧ ਪਾਂਚ[1] ॥੧੯੩॥

[1]ਆਪਣੇ (ਸ਼ੌਹਰ) ਪਤੀ ਦਾ (ਸਾਚ) ਠੀਕ ਢੰਗ ਨਾਲ।
[1]ਸੰਮਤ ੧੯੦੫ ਬਿ: ਵਿੱਚ।

ਮਾਲ ਮੁਲਕ ਅੰਗ੍ਰੇਜ਼ ਨੈ,
ਤਿਸ ਕਾ ਲਯੋ ਸੰਭਾਰ।

ਔਰ ਠੌਰ ਇਸ ਮਿਸਲ ਕੇ,
ਅਬਿ ਲੌ ਬਹੁ ਸਰਦਾਰ ॥ ੧੯੪ ॥
ਰਾਜ ਕਰਤ ਹੈਂ, ਗਾਥ ਤਿਨ
ਤਵਾਰੀਖ ਕੇ ਮਾਹਿਂ।
ਜੁਦੀ ਜੁਦੀ ਸਭਿ ਕੀ ਲਿਖੀ,
ਭਈ ਮਿਸਲ ਇਤਿ ਯਾਹਿ[1] ॥ ੧੯੫ ॥ — [1]ਏਥੇ ਇਹ ਮਿਸਲ ਪੂਰੀ ਹੋ ਗਈ।

੮. ਮਿਸਲ ਸ਼ੁੱਕ੍ਰਚੱਕੀਆਂ

ਦੋਹਰਾ:

ਸ਼ੁੱਕ੍ਰਚੱਕੀਆਂ ਕੀ ਭਈ,
ਮਿਸਲ ਜੈਸ ਪਰਧਾਨ।
ਅਬਿ ਗਾਥਾ ਤਿਸ ਕੀ ਸੁਨੋ,
ਗੁਰੁ ਕੇ ਸਿੱਖ ਸੁਜਾਨ ॥ ੧੯੬ ॥

ਚੌਪਈ:

ਸਾਲਿਬਾਹਨ ਰਾਜਾ ਇਕ ਭਯੋ।
ਬਿੱਕ੍ਰਮਜੀਤ ਜੀਤ ਤਿਹ ਲਯੋ[1]। — [1]ਤਿਸ ਨੇ ਬਿਕ੍ਰਮਾਜੀਤ ਨੂੰ ਜਿੱਤ ਲਿਆ।
ਪੂਰਣ ਭਗਤ ਰਸਾਲੂ ਰਾਜਾ[1]। — [1]ਪੂਰਨ ਭਗਤ ਤੇਰਾਜਾਰਸਾਲੂ ਸਾਲਿ-ਬਾਹਨ ਦੇ ਦੋਵੇਂ ਪੁੱਤਰ ਸਨ।
ਨੇਕ ਨਾਮ ਇਹੁ ਭਏ ਦਰਾਜਾ[1] ॥ ੧੯੭ ॥ — [1]ਇਹ ਦੋਵੇਂ ਭਰਾ ਬਹੁਤੇ ਨੇਕ ਨਾਮ ਵਾਲੇ ਹੋਏ ਹਨ।
ਸੰਤਤਿ ਰੱਸਾਲੂ ਕੀ ਮਾਹੈਂ।
ਸਹੱਸ੍ਰਾ ਨਾਮ ਭਯੋ ਨ੍ਰਿਪ ਵਾਹੈਂ[1]। — [1]ਉਸ ਸਮੇਂ।
ਗਾਮ ਸਹਿਸਰਾ ਜਾਂਹਿ ਬਸਾਯੋ।
ਸੰਤਹਿ ਤਾਂਹਿ ਨ ਜੀਵਤ ਕਾਯੋ[1] ॥ ੧੯੮ ॥ — [1]ਕੋਈ ਵੀ (ਸੰਤਤਿ) ਉਲਾਦ ਉਸ ਦੀ ਜਿਉਂਦੀ ਨਹੀਂ ਸੀ ਰਹਿੰਦੀ।
ਕਹੇ ਜੋਤਸ਼ੀ ਕੇ ਉਨ ਇਕ ਸੁਤ।
ਦਯੋ ਸਾਂਹਸੀ[1] ਕੋ ਪਾਲਨ ਹਿਤ। — [1]ਇਕ ਨੀਵੀਂ ਜਾਤ ਜੋ ਸਿਰਕੀ ਵਾਸ ਰਹਿੰਦੀ ਹੈ।
ਸਾਂਹਸੀ ਤਾਂਹਿ ਕਹਨ ਜਨ ਲਾਗੇ।
ਭਈ ਉਲਾਦ ਤਾਂਹਿ ਬਡ ਆਗੇ ॥ ੧੯੯ ॥
ਅੱਲ ਸਾਂਹਸੀ ਤਿਨ ਕੀ ਰਹੀ।
ਸੋਈ ਗੋਤ ਥਯੋ ਤਿਨ ਸਹੀ[1]। — [1]ਉਹੋ ਹੀ ਉਨ੍ਹਾਂ ਦਾ ਗੋਤ (ਸਹੀ) ਠੀਕ (ਮਸ਼ਹੂਰ) ਹੋਇਆ।
ਤਖਤ ਮੱਲ ਇਕ ਤਿਨੋਂ ਮਝਾਰੀ।
ਭਯੋ ਚੌਧਰੀ ਬਿਦਤ ਅਪਾਰੀ[1] ॥ ੨੦੦ ॥ — [1]ਬਹੁਤ ਮਸ਼ਹੂਰ ਹੋਇਆ।

ਟਕੇ ਚੁਰਾਸੀ ਗ੍ਰਾਮਨ ਕੇਰੇ।
ਤਾਰਤ ਜਹਾਂਗੀਰ ਕੇ ਬੇਰੇ[1]। — [1]ਵੇਲੇ, ਸਮੇਂ।
ਭਾਗ-ਮੱਲ ਤਿਹਂ ਪੌਤ੍ਰ ਥਯੋ।
ਬੁਢਾ ਸਿੰਘ ਸੁਤ ਤਿਹ ਬਿਦਤਯੋ ॥੨੦੧॥
ਦੇਸੀ[1] ਬੁੱਢਾ ਸਿੰਘ ਮਸ਼ਹੂਰੈਂ। — [1]ਦੇਸ ਵਿੱਚ (ਅ) ਅੱਲ।
ਸੂਰਬੀਰ ਬਡ ਭਯੋ ਜਰੂਰੈਂ[1]। — [1]ਬਹੁਤਾ।
ਸ਼ੁੱਕ੍ਰਚੱਕ ਪਿੰਡ ਬਸਤ ਰਹਾਏ[1]। — [1]ਵਸਦੇ ਰਹੇ।
ਸ਼ੁੱਕ੍ਰਚੱਕੀਏ ਯੌਂ ਬਿਦਤਾਏ ॥੨੦੨॥
ਤਾਂ ਕਾ ਪੂਤ ਨੌਧ ਸਿੰਘ ਭਯੋ।
ਸਿੰਘੀ ਪੰਥ ਦੁਹੂੰ ਨੈ ਲਯੋ।
ਦਸਮ ਗੁਰੂ ਕੇ ਪਾਸ ਰਹਾਏ।
ਬਲੀ ਬੀਰ ਜੰਗੀ ਬਿਦਤਾਏ ॥੨੦੩॥
ਨੌਧ ਸਿੰਘ ਕੀ ਤੀਆ ਜੋਈ।
ਦਾਈ ਰਹੀ ਸੁਤਨ ਗੁਰੁ ਸੋਈ।
ਪੁਰਿ ਅਨੰਦ ਜਬਿ ਭਏ ਅਖਾਰੇ[1]। — [1]ਜੰਗ।
ਲਰੇ ਦਸਮ ਗੁਰੁ ਬਹੁ ਦਿਨ ਭਾਰੇ ॥੨੦੪॥
ਛੁਧਾ ਪਿਪਾਸਾ[1] ਸਿਖਨ ਸਹਾਰੀ। — [1]ਭੁਖ ਤੇ ਤੇਹ।
ਤਬੈ ਮਝੈਲਨ ਸ਼ਰਧਾ ਹਾਰੀ।
ਦੁਨੀ ਚੰਦ ਕੇ ਕਹਿਨੇ ਲਗ ਕੈ।
ਲਿਖਿ ਸਿੱਖੀ[1] ਆਏ ਸਭਿ ਭਗ ਕੈ[2] ॥੨੦੫॥ — [1]ਸਿੱਖੀ ਤੋਂ ਬੇਦਾਵਾ ਲਿਖ ਕੇ। [2]ਭੱਜ ਕੇ।
ਯਿਹ ਭੀ ਉਭੈ[1] ਅਏ ਤਿਨ ਸੰਗੈਂ। — [1]ਦੋਵੇਂ।
ਕਰਜੋ ਮਝੈਲਨ ਏਹੁ ਕੁਰੰਗੈਂ[1]। — [1]ਖੋਟਾਰੰਗ ਭਾਵ ਮਾੜਾ ਕੰਮ।
ਨੌਧ ਸਿੰਘ ਕੇ ਦੁਇ ਸੁਤ ਥੀਏ।
ਚੰਦਾ ਸਿੰਘ ਚੜ੍ਹਤ ਸਿੰਘ ਜੀਏ[1] ॥੨੦੬॥ — [1]ਜਿਊਂਦੇ ਰਹੇ।
ਚੰਦਾ ਸਿੰਘ ਕੀ ਸੰਤਤਿ ਜੋ ਹੈ।
ਸੰਧਾਵਾਲੀਏ ਪਰਗਟ ਸੋ ਹੈ।
ਪੈ ਚੰਦਾ ਸਿੰਘ ਤਾਬੇਦਾਰੈਂ[1]। — [1]ਹਮੇਸ਼ਾਂ ਬਹੁਤਾ ਤਾਬੇਦਾਰ ਰਿਹਾ।
ਰਹਜੋ ਚੜ੍ਹਤ ਸਿੰਘ ਕੇ ਸਦ ਭਾਰੈਂ ॥੨੦੭॥
ਫਿਰ ਜਬਿ ਬੰਦਾ ਗੁਰਿ ਬਿਦਤਾਯੋ[1]। — [1]ਗੁਰਾਂ ਦਾ ਬੰਦਾ ਪ੍ਰਗਟ ਹੋਇਆ।
ਹਿੰਦੁ ਧਰਮ ਰਖਬੇ ਹਿਤ ਆਯੋ।

ਪੰਥ ਖਾਲਸਾ ਸਭਿ ਹੀ ਭਿਲਿਓ[1]। [1]ਮਿਲਿਆ।
ਨੌਧ ਸਿੰਘ ਭੀ ਤਿਸ ਸੋਂ ਮਿਲਿਓ ॥੨੦੮॥
ਬੈਰ ਸ਼ਜ਼ਾਦਜੋਂ ਕਾ ਮਿਲਿ ਲਯੋ।
ਲੁਟੀ ਸਰ੍ਹੰਦ ਬਜੀਦਾ ਹਯੋ[1]। [1]ਮਾਰਿਆ।
ਚੜ੍ਹ ਸਿੰਘ ਨੌਧ ਸਿੰਘ ਕਾ ਬੇਟਾ।
ਭਯੋ ਸਿੰਘ ਬਡ ਸਿਦਕ ਲਪੇਟਾ ॥੨੦੯॥
ਬੇਟਾ ਬਾਪ ਪੰਥ ਕੈ ਸੰਗੈਂ।
ਰਹੇ ਹਰਤ ਸੱਤ੍ਰੈਂ ਮਧ ਜੰਗੈਂ[1]। [1]ਜੰਗ ਵਿੱਚ ਵੈਰੀਆਂ ਨੂੰ ਮਾਰਦੇ ਰਹੇ।
ਜਥੇਦਾਰ ਚੜ੍ਹ ਸਿੰਘ ਫਿਰ ਭਯੋ।
ਬੀਰ ਬਾਂਕੁਰੋ ਬਡ ਬਿਦਤਯੋ ॥੨੧੦॥
ਮੁਲਕ ਖਾਲਸੇ ਮੱਲਜੋ ਜਬੈ।
ਕੁੱਝਰਾਂਵਾਲਾ ਇਨ ਲਿਯ ਤਬੈ।
ਕਿਲ੍ਹਾ ਖਾਮ ਇਸ ਨੈ ਦਿਢ ਰਚਾ[1]। [1]ਇਸ ਨੇ (ਖਾਮ) ਕੱਚਾ ਕਿਲ੍ਹਾ ਪੱਕਾ ਬਣਵਾਇਆ।
ਕਰੇ ਜੰਗ ਸੱਤ੍ਰਨ ਸੋਂ ਸਚਾ[1] ॥੨੧੧॥ [1]ਵੈਰੀਆਂ ਨਾਲ (ਸਚਾ) ਚੰਗੇ ਜੰਗ ਕੀਤੇ।
ਮਿਲ ਕੈ ਭੰਗੀ ਮਿਸਲ ਸੰਗਾਰੀ।
ਪੁਨ ਰੁਤਾਸ[1] ਜਬਿ ਇਸ ਨੈ ਮਾਰੀ। [1]ਕਿਲ੍ਹਾ ਤੇ ਸ਼ਹਿਰ ਦਾ ਨਾਮ।
ਮੁਲਕ ਅਟਕ ਲੌਂ ਅਧਿਕ ਦਬਾਯੋ।
ਸਾਤਕ ਲਾਖ ਕਾ ਇਨ ਭੀ ਪਾਯੋ ॥੨੧੨॥
ਆਠ ਹਜ਼ਾਰ ਸਵਾਰ ਲਰਾਕਾ।
ਹੁਤੋ ਮਿਸਲ ਇਸ ਕੀ ਮੈਂ ਬਾਂਕਾ।
ਰਣਜੀਤ-ਦੇਉ ਨ੍ਰਿਪ ਵਾਲੀ-ਜੰਮੂ।
ਸੁਤ ਦਲੇਲ ਸਿੰਘ ਤਾਂ ਕਾ ਹੰਮੂ[1] ॥੨੧੩॥ [1]ਹੰਕਾਰੀ।
ਪਿਤਾ ਪੁੱਤ੍ਰ ਮੈਂ ਬਢਜੋ ਬਖੇਰਾ।
ਮਦਦ ਹੇਤ ਪੰਥ ਉਨ ਟੇਰਾ[1]। [1]ਉਸ ਜੰਮੂ ਦੇ ਰਾਜੇਰਣਜੀਤ ਦੇਉ ਨੇ ਪੰਥ ਨੂੰ (ਟਰਾ) ਬੁਲਾ ਲਿਆ।
ਸ਼ੁੱਕ੍ਰਚੱਕੀਏ ਨ੍ਰਿਪ ਬੁਲਾਏ।
ਸਿੰਘ-ਦਲੇਲ, ਭੰਗੀ ਸਦਵਾਏ[1] ॥੨੧੪॥ [1]ਬੁਲਵਾ ਲਏ।
ਗਢੀਏ ਰਾਮ[1] ਔਰ ਘਾਨੱਈਏ। [1]ਰਾਮਗੜ੍ਹੀਏ।
ਦੁਹੂੰ ਓਰ ਇਹ ਭੀ ਥੇ ਭੱਈਏ।
ਜੰਗ ਮਚਜੋ ਬਹੁ ਤਹਿਂ ਠਾਂ ਗਾਢਾ।

ਮਰੇ ਕਿਕਾਨ[1] ਜ੍ਵਾਨ ਰਣ ਬਾਢਾ[2] ॥੨੧੫॥
ਫਟੀ ਬੰਦੂਕ ਚੜ੍ਹਤ ਸਿੰਘ ਕੇਰੀ।
ਤਾਂ ਸੋਂ ਮਰਯੋ ਏਹੁ ਬਿਨ ਦੇਰੀ ॥੨੧੬॥

ਦੋਹਰਾ:
ਭਈ ਲੜਾਈ ਬੰਦ ਤਬਿ,
ਪੰਥ ਅਯੋ ਨਿਜ ਦੇਸ।
ਮਾਹਾਂ ਸਿੰਘ ਸੁਤ ਤਾਂਹਿ ਕਾ,
ਪਿਤ ਸਮ ਥਯੋ ਨਰੇਸ[1] ॥੨੧੭॥

ਚੌਪਈ:
ਮਿਸਲ ਭੰਗੀਓਂ ਕੀ ਥੀ ਭਾਰੀ।
ਮਿਲੇ ਰਾਮਗੜ੍ਹੀਏ ਸੰਗਾਰੀ[1]।
ਮਾਹਾਂ ਸਿੰਘ ਕਾ ਦੇਸ ਦਬਾਵਨ।
ਲਾਗੇ ਤਿਸ ਸੋਂ ਬੈਰ ਬਢਾਵਨ ॥੨੧੮॥
ਮਾਹਾਂ ਸਿੰਘ ਕੇ ਸਭੈ ਘਨੱਈਏ।
ਮੱਦਦ-ਗਾਰ ਥੀਏ ਬਡ ਭੱਈਏ[1]।
ਬਚਯੋ ਮੁਲਕ ਤਾਂ ਕਾ ਇਸ ਭਾਂਤੈਂ।
ਪੁਨ ਜੈ ਸਿੰਘ ਸ੍ਰਦਾਰ ਬਖਯਾਤੈਂ ॥੨੧੯॥
ਮਾਹਾਂ ਸਿੰਘ ਕੋ ਅਰ ਨਿਜ ਪੂਤੈਂ[1]।
ਫੂਲ ਬੰਸ ਮੈਂ ਬਿਆਹਿਓ ਸੂਤੈਂ[1]।
ਗਜਪਤ ਸਿੰਘ ਕੀ ਬੇਟੀ ਸਜਾਨੀ।
ਮਾਹਾਂ ਸਿੰਘ ਕੀ ਹੋਈ ਰਾਨੀ ॥੨੨੦॥
ਰਣਜੀਤ ਸਿੰਘ ਤਾਂ ਕਾ ਸੁਤ ਭਯੋ।
ਦਸਕ ਬਰਸ ਕਾ ਸੋ ਜਬਿ ਥਯੋ।
ਮਾਹਾਂ ਸਿੰਘ ਸੁਰ-ਪੁਰਹਿ ਪਧਾਰਾ[1]।
ਰਣਜੀਤ ਸਿੰਘ ਨਿਜ ਰਾਜ ਸੰਭਾਰਾ ॥੨੨੧॥
ਰਾਣੀ ਸਦਾ ਕੌਰ ਕੀ ਬੇਟੀ।
ਬਯਾਹੀ ਉਨ ਗੁਨ ਰੂਪ ਲਪੇਟੀ।
ਸਦਾ ਕੌਰ ਕੀ ਮੱਦਦ ਪਾਏ।
ਰਣਜੀਤ ਸਿੰਘ ਬਹੁ ਮੁਲਕ ਦਬਾਏ ॥੨੨੨॥
ਪਹਲੇ ਚੱਠੇ[1] ਗੱਖੜ[2] ਜੀਤੇ।

[1](ਸਿੰਘ) ਭਰਾ, (ਘੋੜੇ)। [2]ਜੰਗ ਵੱਧ ਗਿਆ।
[1]ਪਿਤਾ ਵਾਂਗਰਾਜਾ ਹੋਇਆ।
[1]ਨਾਲ।
[1]ਭਰਾਵਾਂ (ਵਾਂਗ)।
[1]ਅਤੇ ਆਪਣੇ ਪੁੱਤਰ ਨੂੰ।
[1]ਆਪਸੀ ਪਿਆਰ ਨਾਲ।
[1]ਸੁਰਗ ਨੂੰ ਚਲਾ ਗਿਆ ਭਾਵ ਮਰ ਗਿਆ।
[1]ਇਕ ਜੱਟ ਗੋਤ। [2]ਮੁਸਲਮਾਨਾਂ ਦੀ ਇਕਰਾਜਪੂਤ ਜਾਤੀ।

ਫਿਰ ਲਹੌਰ ਲੀਨੋ ਚੁਪ ਕੀਤੇ।
ਮਿਸਲ ਭੰਗੀਓਂ ਤੈ ਛੁਡਵਾਯੋ।
ਲਵਪੁਰ-ਪਤਿ ਸਰਕਾਰ ਕਹਾਯੋ[1] ॥੨੨੩॥ — [1]ਲਾਹੌਰ ਦਾ ਮਾਲਕ ਬਾਦਸ਼ਾਹ ਅਖਵਾਇਆ।
ਸਨੇ ਸਨੇ ਫੜ ਕੈ ਬਡ ਜੋਰੈਂ।
ਛੀਨੇ ਦੇਸ ਸਿੰਘਨ ਕੇ ਹੋਰੈਂ।
ਪੁਨ ਮੁਲਤਾਨ ਪਸ਼ੌਰ ਦਬਾਯੋ।
ਤੁਰਕਨ ਤੈ ਕਸ਼ਮੀਰ ਛੁਡਾਯੋ ॥੨੨੪॥
ਸਿਖ ਸਰਦਾਰ ਔਰ ਥੇ ਤਬਿ ਜੇ।
ਕਰੇ ਮੁਲਕ ਸਭਿ ਕੇ ਇਨ ਕਬਜੇ।
ਨਿਜ ਅਰੁਜ ਅਤਿਸੈ ਫੈਲਾਯੋ[1]। — [1]ਆਪਣਾ ਬਹੁਤਾ (ਅਰੁਜ) ਪ੍ਰਤਾਪ ਫੈਲਾ ਲਿਆ।
ਮਹਾਰਾਜ ਜਗ ਮੈਂ ਬਿਦਤਾਯੋ ॥੨੨੫॥
ਭੂਪ ਪਹਾੜੀ ਸਭਿ ਸਰਦਾਰੂ।
ਭਏ ਤਾਂਹਿ ਕੇ ਤਾਬੇਦਾਰੂ।
ਚਾਰ ਕੁੰਟ ਕੇ ਮੁਲਕੈਂ ਕੇਰਾ[1]। — [1]ਚਾਰ (ਕੁੰਟ) ਦਿਸ਼ਾਂ ਦੇ ਮੁਲਕਾਂ ਦਾ।
ਬਾਦਸ਼ਾਹਿ ਬਨ ਬਹਜੋ ਉਚੇਰਾ ॥੨੨੬॥
ਐਸੀ ਰਜਧਾਨੀ ਜਗ ਮਾਂਹੀ।
ਭਈ ਨ ਪਾਛੇ ਅਬਿ ਕਿਤ ਨਾਂਹੀ।
ਬਰਸ ਉਣਾਹਟ ਰਹਿ ਜਗ ਪੈਹੈ[1]। — [1]੫੯ ਵਰ੍ਹੇ ਜੱਗ ਉਪਰਰਹਿ ਕੇ ਭਾਵ ਉਮਰ ਭੋਗ ਕੇ।
ਅੱਠਾਰਾਂ ਸੌ ਛਜਾਨਵ ਮੈਂਹੈਂ[1] ॥੨੨੭॥ — [1]ਸੰਮਤ ੧੮੯੬ ਬਿ: ਵਿੱਚ।
ਪੂਨਜੋ ਹਾੜ ਅਖੀਰੀ ਰਾਹੈ।
ਪਰ, ਗੁਰੁ-ਪੁਰਿ ਮੈਂ ਪਹੁੰਚਜੋ ਜਾਹੈ[1]। — [1]ਹਾੜ ਦੀ ਪੁੰਨਿਆਂ ਨੂੰ ਅੰਤਲੇ ਰਾਹ ਪੈ ਕੇ ਗੁਰਪੁਰੀ ਵਿੱਚ ਜਾ ਪਹੁੰਚਿਆ।
ਮਹਾਰਾਜ ਰਣਜੀਤ ਮ੍ਰਿਗੇਸੈਂ।
ਚਮਤਕਾਰ ਦਿਖਰਾਇ ਵਿਸੇਸੈਂ[1] ॥੨੨੮॥ — [1]ਬਹੁਤੇ, (ਅ) ਖ਼ਾਸ।
ਜਦੁਪਤਿ ਸਮ ਨਿਜ ਸੰਗ ਬਿਭੂਤੀ।
ਲਜਾਯੋ ਥਾ, ਲੈ ਗਜੋ ਸੰਗੂਤੀ[1]। — [1]ਕ੍ਰਿਸ਼ਨ ਵਾਂਗ ਸਮੱਗ੍ਰੀ ਨਾਲ ਲਿਆਇਆ ਸੀ ਤੇ ਨਾਲ ਹੀ ਲੈ ਗਿਆ।
ਹੁਤੋ ਪੁਰਸ਼ ਇਹ ਭੀ ਅਵਤਾਰੀ।
ਉਸ ਹੀ ਕੇ ਪਰਤਾਪ ਪਿਛਾਰੀ ॥੨੨੯॥
ਆਠ ਬਰਸ ਕਿਯ ਰਾਜ ਵਿਚਾਰੋ।
ਅਯੋ ਜ਼ਵਾਲ[1] ਪੁਨਾ ਅਤਿ ਭਾਰੋ। — [1]ਘਟਾਉ, ਗਿਰਾਉ।

ਰੰਡੀ ਕਰ ਪੰਜਾਬ ਕੋ ਗਯੋ।
ਸਿੰਘ ਪੰਥ ਕਾ ਰਵੀ ਅਥਯੋ[1] ॥੨੩੦॥

[1]ਸੂਰਜ ਛਿਪ ਗਿਆ।

ਹਿੰਦੁ ਧਰਮ ਕਾ ਗਿਰਯੋ ਮਿਨਾਰੈ[1]।
ਰੋਵਤ ਇਮ ਕਹਿ ਸਭਿ ਨਰ ਨਾਰੈਂ ॥੨੩੧॥

[1]ਬੁਰਜ ਡਿਗ ਪਿਆ।

ਕਬਿੱਤ:

ਏਰੇ ਜਮਰਾਜ ਤੈਂ ਅਕਾਜ ਕਹਾਂ ਕੀਨੋ ਆਜ,
ਭੂਪ ਸਿਰਤਾਜ ਪੈ ਦਰਾਜ ਚੋਟ ਕੈ ਗਯੋ[1]।

[1]ਹੇ ਧਰਮਰਾਜਾ! ਤੈਂ ਕਿਸ ਵਾਸਤੇ ਅੱਜ ਇਹ ਮਾੜਾ ਕੰਮ ਕੀਤਾ ਹੈ (ਜੋ ਸਾਡੇ) ਸ਼੍ਰੋਮਣੀ ਰਾਜੇ (ਮਹਾਰਾਜਾ ਰਣਜੀਤ ਸਿੰਘ) ਤੇ (ਦਰਾਜ) ਵੱਡੀ ਸੱਟ ਕਰ ਗਿਆ ਭਾਵ ਮਰ ਗਿਆ ਹੈਂ।

ਗੋ[1] ਗ੍ਰੀਬ ਮੰਗਨ[2] ਦਿਜ ਦੀਨਨ[3] ਨਿਹੰਗਨ ਕੋ,
ਦਾਰਿਦ ਗਹੇਗੋ ਆਇ[1] ਦਾਰਨ[2] ਦੁਖ ਦੈ ਗਯੋ।

[1]ਗਊਆਂ। [2]ਮੰਗਤਿਆਂ। [3]ਗ਼ਰੀਬ ਬ੍ਰਾਹਮਣਾਂ ਨੂੰ।
[1]ਕੰਗਾਲੀ ਆ ਪਕੜੇਗੀ। [2]ਭਿਆਨਕ।

ਤੋਰਯੋ ਪੰਥ ਅਰਸ਼ ਹੂੰ ਕੋ ਕਿੰਗਰਾ ਨਾ ਤਰਸ ਆਯੋ,
ਬ੍ਰਸਨ ਕੋ ਹਰਸ ਏਕ ਛਿਨਹੂੰ ਮੈਂ ਖ੍ਵੈ ਗਯੋ[1]।

[1]ਪੰਥ ਰੂਪ ਅਕਾਸ਼ ਦਾ ਕਿੰਗਰਾ ਤੋੜ ਦਿੱਤਾ (ਤੈਨੂੰ) ਤਰਸ ਨਾ ਆਇਆ, ਕਈਆਂ ਵਰ੍ਹਿਆਂ ਦਾ (ਹਰਸ) ਅਨੰਦ ਇਕ ਛਿਨ ਵਿੱਚ (ਤੂੰ) ਨਾਸ਼ ਕਰ ਗਿਆ।

ਦੀਪ ਜੰਬੁ ਦੀਪ ਕੋ ਪ੍ਰਦੀਪ ਪੰਥ ਸਿੰਘਨ,
ਮਹੀਪਨ ਮਹੀਪ ਕੋ ਸਮੀਪ ਹੀ ਤੈ ਲੈ ਗਯੋ[1] ॥੨੩੨॥

[1]ਜੰਬੂ ਦੀਪ ਦਾ ਦੀਵਾ ਜੋ ਸਿੰਘਾਂ ਦੇ ਪੰਥ ਨੂੰ (ਪ੍ਰਦੀਪ) ਬਹੁਤਾ ਚਾਨਣ ਕਰਨ ਵਾਲਾ (ਸੀ ਉਸ) ਰਾਜਿਆਂ ਦੇ ਰਾਜੇ ਨੂੰ (ਸਾਡੇ) ਕੋਲ ਤੋਂ ਹੀ ਲੈ ਗਿਆ।

ਕੋਊ ਚੀਰ ਫਾਰੈਂ ਪਰਿਹਾਰੈਂ ਤਨ ਪੀਟ ਪੀਟ,
ਸੁੱਧ ਨਾ ਸੰਭਾਰੈਂ ਬੁੱਧਿ ਸਭਿ ਹੀ ਕੀ ਖ੍ਵੈ ਰਹੀ[1]।

[1]ਕਈ ਕੱਪੜਿਆਂ ਨੂੰ ਪਾੜਦੇ ਹਨ, ਸ਼ਰੀਰ ਤੇ (ਹੱਥ) (ਪ੍ਰਹਾਰੈਂ) ਮਾਰ ਮਾਰ ਕੇ ਪਿੱਟਦੇ ਹਨ, ਹੋਸ਼ ਨਹੀਂ ਸੰਭਾਲਦੇ, ਸਾਰਿਆਂ ਦੀ ਅਕਲ ਗੁੰਮ ਹੋ ਰਹੀ ਹੈ।

ਕੋਊ ਬਾਰ ਪਾਰੇ ਪਾਰੇ ਮੱਖਨ ਕੇ, ਅਖੱਨ ਤੈਂ
ਡਾਰੈਂ ਜਲ ਧਾਰੈਂ ਪਰਨਾਰੇ ਨਾਰੇ ਹ੍ਵੈ ਬਹੀਂ[1]।

[1]ਕੋਈ ਮੱਖਣ ਦੇ ਪਾਲੇ ਹੋਏ (ਸਿਰ ਦੇ) ਵਾਲ ਪੁੱਟਦਾ ਹੈ (ਕੋਈ) ਅੱਖਾਂ ਤੋਂ ਜਲ ਦੀਆਂ ਧਾਰਾਂ ਪਰਨਾਲਿਆਂ ਵਾਂਗ ਸੁੱਟਦੇ ਹਨ (ਜੋ ਅੱਗੋਂ ਪਾਣੀ ਦੇ) ਨਾਲੇ ਹੋ ਕੇ ਵਗ ਤੁਰੀਆਂ।

ਜਬਿ ਹੀ ਪਧਾਰੇ ਰਣਜੀਤ ਸਿੰਘ ਸੁਰਪੁਰਿ,
ਕਹਿਰ ਕੀ ਕੂਕੈਂ ਰੂਕੈਂ ਸ਼ਹਿਰ ਪਵੈ ਰਹੀਂ[1]।

[1]ਜਦੋਂ ਦੇ ਮਹਾਰਾਜਾ ਰਣਜੀਤ ਸਿੰਘ ਸੁਰਗਪੁਰੀ ਨੂੰ ਗਏ ਹਨ, ਸ਼ਹਿਰ ਵਿੱਚ ਕਹਿਰ ਦੀਆਂ ਕੂਕਾਂ ਤੇ (ਰੂਕੈਂ) ਪੁਕਾਰਾਂ ਪੈ ਰਹੀਆਂ ਹਨ।

ਬਗਰ ਬਜਾਰਨ ਅਗਾਰਨ ਨਗਰ ਬਨ,
ਦੇਸਨ ਬਿਦੇਸਨ ਅਧੀਰਤਾ ਛਵੈ ਰਹੀ[1] ॥੨੩੩॥

[1](ਬਗਰ) ਵਿਹੜਿਆਂ ਬਾਜ਼ਾਰਾਂ, (ਅਗਾਰਨ) ਘਰਾਂ, ਸ਼ਹਿਰਾਂ, (ਬਨ) ਬਾਗਾਂ ਦੇਸਾਂ ਤੇ ਪ੍ਰਦੇਸ਼ਾਂ ਵਿੱਚ (ਅਧੀਰਤਾ) ਘਬਾਰਹਟ ਫੈਲ ਗਈ।

ਅਵਨੀ ਉਦਾਸ ਭਈ ਮੋਦਤਾ ਅਕਾਸ਼ ਛਈ,
ਕ੍ਰੂਨਾ ਦੁਖ ਦੀਨਤਾਈ ਪੂਰਗੋ ਮਹਾਨੇ ਕੀ[1]।

[1]ਧਰਤੀ ਉਦਾਸ ਹੋ ਗਈ, ਅਕਾਸ਼ ਵਿੱਚ ਭਾਵ ਸੁਰਗਾਂ ਵਿੱਚ (ਮੋਦਤਾਂ) ਖ਼ੁਸ਼ੀ ਫੈਲ ਗਈ, (ਸੰਸਾਰ ਵਿੱਚ) ਕਰਣਾ-ਰਸ (ਰੋਣ ਪਿੱਟਣ) ਦੁੱਖ ਤੇ (ਦੀਨਤਾਈ) ਨਿਰਾਸ਼ਤਾ ਬਹੁਤੀ ਭਰ ਗਈ।

ਅੰਧ ਧੁੰਧ ਹਾਹਾਕਾਰ ਪਰਗੋ ਅਪਾਰ ਭਾਰ,
ਕੌਨ ਲੈਹੈ ਸਾਰ ਆਜ ਪਰਜਾ ਬਸਾਨੇ ਕੀ[1]।

[1](ਸੋਗ ਦੇ) ਬਹੁਤੇ ਭਾਰ ਨਾਲ ਬਹੁਤ ਅੰਧੇਰਾ (ਹੋ ਗਿਆ ਤੇ) ਹਾਹਾਕਾਰ (ਪਰਗੋ) ਮੱਚ ਗਈ, (ਲੋਕ ਕਹਿੰਦੇ ਹਨ ਕਿ) ਅੱਜ ਪਰਜਾ ਨੂੰ ਵਸਾਉਣ ਦੀ ਕੌਣ (ਸਾਰ) ਖ਼ਬਰ ਲਵੇਗਾ।

ਕੌਨ ਦਿਜ ਦੀਨਨ ਪ੍ਰਬੀਨਨ ਕੀ ਪੂਰੈ ਆਸ,
ਕੌਨ ਧਰੈ ਟੇਕ ਗੁਰੂ ਗ੍ਰੰਥ ਪੰਥ ਬਾਨੇ ਕੀ[1]।

[1]ਬ੍ਰਾਹਮਣਾਂ, ਗ਼ਰੀਬਾਂ ਤੇ ਚਤੁਰ (ਗੁਣੀਆਂ) ਦੀ ਕੌਣ ਇੱਛਾ ਪੂਰੀ ਕਰੇਗਾ, (ਉਸ ਵਾਂਗ) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੌਣ ਓਟਰਖੇਗਾ ਅਤੇ ਕੌਣ ਪੰਥ ਦੇ ਬਾਣੇ (ਸਲਾਬ ਦੀ) ਇੱਜ਼ਤ ਕਰੇਗਾ।

ਧ੍ਰਮ ਧ੍ਵਜਾ ਟੂਟ ਗਈ ਕ੍ਰਮ ਰੇਖ ਫੂਟ ਗਈ,
ਛੂਟ ਗਈ ਧੀਰਤਾ ਤਮਾਮ ਹਿੰਦੁਵਾਨੇ ਕੀ[1] ॥੨੩੪॥

[1]ਧਰਮ ਦਾ ਝੰਡਾ ਹੀ ਟੁੱਟ ਗਿਆ, (ਕੌਮ ਦੇ) ਚੰਗੇ ਕਰਮਾਂ ਦੀ (ਰੇਖ) ਲਕੀਰ ਮਿਟ ਗਈ, ਸਾਰੇ ਹਿੰਦੁਸਤਾਨੀਆਂ ਦੀ ਧੀਰਜ ਜਾਂਦੀ ਰਹੀ।

ਜਾਂ ਦਿਨ ਲਹੌਰ-ਮੌਰ ਭੂਪ ਰਣਜੀਤ ਸਿੰਘ,
ਅਜ਼ਲ ਕੇ ਦਿਨ ਹੂੰ ਕੀ ਗਜ਼ਲ ਬਜੈ ਗਯੋ[1]।

[1]ਜਿਸ ਦਿਨ ਲਾਹੌਰ ਦਾ ਸ਼੍ਰੋਮਣੀਰਾਜਾਰਣਜੀਤ ਸਿੰਘ (ਅਜ਼ਲ) ਮੌਤ ਦੇ ਦਿਨ ਦੀ (ਗਜ਼ਲ) ਘੰਟੀ ਵਜਾ ਗਿਆ ਭਾਵ ਮਰ ਗਿਆ।

ਫੌਜੈਂ ਠਾਢਿ ਰੋਵੈਂ ਗਾਢਿ ਔਜੈਂ ਵਾਰਿ, ਸੌਜੈਂ ਯੁਤ
ਰੋਵਤ ਅਮੀਰ ਕੈਹੈਂ ਮੌਜੈਂ ਹਮ ਖ੍ਵੈ ਗਯੋ[1]।

[1]ਤਕੜੇ ਬਲ ਵਾਲੀਆਂ ਫੌਜਾਂ ਖੜ੍ਹੀਆਂ ਰੋਂਦੀਆਂ ਹਨ, (ਸੌਜੈਂ) ਸਮੱਗ੍ਰੀਆਂ ਦੇ ਸਹਿਤ ਅਮੀਰ ਰੋਂਦੇ ਹੋਏ ਕਹਿੰਦੇ ਹਨ ਕਿ ਸਾਡੀਆਂ ਮੌਜਾਂ ਹੀ ਗਵਾ ਗਿਆ।

ਹਾਇ ਥੀਓ ਹ੍ਰਜਾ ਬਡ ਲ੍ਰਜਾ ਖਾਇ ਪ੍ਰਜਾ ਕੈਹੈ,
ਨਾਤੀ ਸੁਤ ਨਾਰਿ ਰੋਵੈਂ ਤੇਜ ਤਨ ਤ੍ਵੈ ਗਯੋ[1]।

[1](ਲ੍ਰਜਾ ਖਾਇ) ਕੰਬ ਕੇ ਪਰਜਾ ਕਹਿੰਦੀ ਹੈ ਕਿ ਹਾਇ ਬੜਾ (ਹ੍ਰਜਾ) ਨੁਕਸਾਨ ਹੋਇਆ (ਨਾਤੀ) ਪੋਤਰੇ, ਪੁੱਤਰ ਤੇ ਇਸਤ੍ਰੀਆਂਰੋਂਦੀਆਂ ਹਨ (ਕਿ ਹੇ ਮਹਾਰਾਜਾ) ਤੇਰੇ ਸ਼ਰੀਰ ਦਾ ਤੇਜ਼ ਚਲਾ ਗਿਆ ਹੈ।

ਗਜਾਨ-ਹਰਿ ਦਾਨੇ ਜੇ ਜਮਾਨੇ ਕੇ ਬਖਾਨੇ ਇਮ, ਹਾਇ ਹਾਇ ਹਿੰਦੁ ਕੋ ਦਿਨਿੰਦ ਹੀ ਅਥੈ ਗਯੋ[1] ॥੨੩੫॥	[1]ਗਿਆਨ ਸਿੰਘ (ਕਹਿੰਦਾ ਹੈ) ਕਿ ਜ਼ਮਾਨੇ ਦੇ (ਦਾਨੇ) ਸਿਆਣੇ ਬੰਦੇ ਇਉਂ ਕਹਿੰਦੇ ਹਨ ਕਿ ਹਾਇ ਹਾਇ ਹਿੰਦੁਸਤਾਨ ਦਾ ਤਾਂ (ਦਿਨਿੰਦ) ਸੂਰਜ ਹੀ (ਅਥੈ) ਛਿਪ ਗਿਆ।
ਕੀਨੇ ਪਰਸ੍ਵਾਰਥ ਪ੍ਰਮਾਰਥ ਮਹਾਂ-ਰਥ ਲੈ, ਮਹਿਮਾਂ ਮਤੰਗ ਔ ਤੁਰੰਗ ਸੰਗ ਦਾਨ ਹੈ[1]।	[1]ਆਪਣੇ ਵੱਲੋਂ ਕੀਤੇ ਹੋਏ ਪਰਉਪਕਾਰ ਤੇ ਧਰਮ ਸਬੰਧੀ ਕੰਮਾਂ ਦੇ ਵੱਡੇਰਥ, ਮਹਿਮਾਂ ਰੂਪ ਹਾਥੀ ਤੇ ਦਾਨ ਰੂਪ ਘੋੜੇ ਨਾਲ ਲੈ ਕੇ।
ਤੀਖੋ ਤਪ ਤੇਗ ਤੇਜ ਹੂੰ ਕੋ ਤੋਪ-ਖਾਨਾ ਲੀਓ, ਧੀਰਤਾ ਕੀ ਢਾਲ ਨਾਲਿ ਕੀਰਤਿ ਨਿਸ਼ਾਨ ਹੈ[1]।	[1]ਤਿੱਖੇ ਤਪ ਦੀ ਤਲਵਾਰ, ਤੇਜ ਪ੍ਰਤਾਪ ਦਾ ਤੋਪਖਾਨਾ, ਧੀਰਜ ਦੀ ਢਾਲ ਤੇ ਕੀਰਤੀ ਦਾ ਝੰਡਾ ਨਾਲ ਲੈ ਕੇ।
ਭੂਪ ਰਣਜੀਤ ਸਿੰਘ ਜੀਤਿ ਧਰ ਗਜਾਨ-ਹਰੀ, ਦੇਵ ਲੋਕ ਜੀਤਬੇ ਕੋ ਕਰ ਕੈ ਸਮਾਨ ਹੈ[1]।	[1]ਗਿਆਨ ਸਿੰਘ (ਕਹਿੰਦਾ ਹੈ) ਕਿ ਮਹਾਰਾਜਾ ਰਣਜੀਤ ਸਿੰਘ ਧਰਤੀ ਨੂੰ ਜਿੱਤ ਕੇ, ਸੁਰਗ ਲੋਕ ਨੂੰ ਜਿੱਤਣ ਦਾ ਸਮਾਨ (ਇਕੱਠਾ) ਕਰਕੇ।
ਜਸ ਕੋ ਨਗਾਰਾ ਭਾਰਾ ਧਰਮ ਕੋ ਕਟਾਰਾ ਸਾਜਿ, ਆਜ ਮਹਾਰਾਜ ਕੀਨ ਸੁਰਪੁਰਿ ਪਯਾਨ ਹੈ[1] ॥੨੩੬॥	[1]ਜਸ ਦਾ ਵੱਡਾ ਨਗਾਰਾ ਤੇ ਧਰਮ ਦਾ ਕਟਾਰਾ ਬਣਾ ਕੇ ਅੱਜ ਮਹਾਰਾਜਾ ਰਣਜੀਤ ਸਿੰਘ ਨੇ ਸੁਰਗ-ਪੁਰੀ ਨੂੰ ਜਾਣਾ ਕੀਤਾ ਹੈ।
ਚੰਦਨ ਕੀ ਚਿਤਾ ਰਚਿ[1] ਤਾਂ ਪਰ ਧਰਜੋ ਲਿਜਾਇ, ਖੜਗ ਸਿੰਘ ਜੁ ਸਪੁਤ ਜਾਰਜੋ ਲੰਬੁ ਲਾਇ ਕੈ। ਸਰਕਾਰ ਸੰਗ ਸਰਕਾਰਾਂ ਸਤੀ ਥਈ ਗਜਾਰਾਂ, ਆਇ ਕੈ ਕਪੋਤ ਜੋੜਾ ਜਰਜੋ ਰੋਤ ਖਾਇ ਕੈ[1]।	[1]ਚਿਖਾ ਬਣਾ ਕੇ। [1](ਸਰਕਾਰ) ਮਹਾਰਾਜੇ ਨਾਲ ਗਿਆਰਾਂਰਾਣੀਆਂ ਸਤੀ ਹੋਈਆਂ, ਕਬੂਤਰਾਂ ਦਾ ਜੋੜਾ (ਗੋਤਾ) ਗੇੜਾ ਖਾ ਕੇ ਆ ਕੇ (ਚਿਖਾ ਵਿੱਚ ਡਿੱਗ ਕੇ) ਸੜ ਗਿਆ।
ਗਜਾਨ-ਹਰੀ ਔਰ ਕੀ ਕਹਾਨੀ ਕਹਾਂ, ਰੋਏ ਦੇਵ ਤਾਂਹੀਂ ਛਿਨ ਮੇਘ ਦ੍ਵਾਰਾ ਆਂਸੂਆਂ ਬਹਾਇ ਕੈ[1]।	[1]ਗਿਆਨ ਸਿੰਘ (ਕਹਿੰਦਾ ਹੈ) ਕਿ ਹੋਰਨਾਂ ਦੀ ਕਹਾਣੀ ਤਾਂ ਕੀ (ਕਹਿਣੀ ਹੈ) ਉਸ ਛਿਨ ਵਿੱਚ ਬੱਦਲਾਂ ਰਾਹੀਂ ਹੰਝੂ ਵਗਾ ਕੇ ਦੇਵਤੇ ਵੀਰੋਏ।
ਘਾਸ ਕੇ ਅਵਾਸ ਜਿਮ ਛਾਰ ਥੀਓ ਛਿਨਕ ਮੈਂ, ਜਾਰ ਦੀਓ ਹਾਇ ਹਾਇ ਓਹਿ ਓਹਿ ਗਾਇ ਕੈ[1] ॥੨੩੭॥	[1]ਘਾਹ ਦੇ (ਅਵਾਸ) ਛੱਪਰ ਵਾਂਗ ਇਕ ਛਿਨ ਵਿੱਚ ਹੀ ਸੁਆਹ ਕਰ ਦਿੱਤਾ, ਹਾਇ ਹਾਇ ਤੇ ਓਹਿ ਓਹਿ ਕਹਿੰਦਿਆਂ ਨੇ ਸਾੜ ਦਿੱਤਾ।

ਮਹਾਰਾਜ ਕੋ ਸਰੀਰ ਹੇਰਿ ਜਲਤੋ, ਅਮੀਰ
ਪੀਰ ਤੈ ਫਕੀਰ, ਧੀਰ ਕਹੈਂ ਤਜਿ ਤਾਬ ਕੋ[1]।

[1]ਮਹਾਰਾਜੇ ਦੇ ਸ਼ਰੀਰ ਨੂੰ ਸੜਦਾ ਵੇਖ ਕੇ ਅਮੀਰ, ਪੀਰ ਤੇ ਫ਼ਕੀਰ ਧੀਰਜ ਤੇ (ਤਾਬ) ਹੌਂਸਲੇ ਨੂੰ ਛੱਡ ਕੇ ਕਹਿੰਦੇ ਹਨ।

ਬੀਰਨ ਕੀ ਬੀਰਤਾ ਅਮੀਰਤਾ ਅਮੀਰਨਿ,
ਫਕੀਰਨ ਗੁਨੀਨ ਮਾਨ ਪੀਰਨ ਪ੍ਰਭਾਵ ਕੋ[1]।

[1]ਸੂਰਮਿਆਂ ਦੀ ਸੂਰਮਤਾਈ, ਅਮੀਰਾਂ ਦੀ ਅਮੀਰੀ, ਫ਼ਕੀਰਾਂ ਤੇ ਗੁਣੀਆਂ ਦਾ ਸਤਿਕਾਰ ਤੇ ਪੀਰਾਂ ਦਾ ਪ੍ਰਭਾਵ (ਸੜ ਗਿਆ)।

ਹਿੰਦੁਨ ਕੀ ਹਿੰਦ ਜਰੀ ਸਿੰਘਨ ਕੀ ਜਿੰਦ ਜਰੀ,
ਗਜਾਨ ਹਰੀ ਕਵਿਨ ਕੋ ਜਰਯੋ ਮਹਿਤਾਬ ਕੋ[1]।

[1]ਹਿੰਦੂਆਂ ਦੀ ਹਿੰਦੁਸਤਾਨ ਸੜ ਗਈ, ਸਿੰਘਾਂ ਦੀ ਜਿੰਦ ਜਾਨ ਸੜ ਗਈ, ਗਿਆਨ ਸਿੰਘ (ਕਹਿੰਦਾ ਹੈ) ਕਿ ਕਵੀਆਂ (ਰੂਪ ਕਮੀਆਂ) ਦਾ (ਮਹਿਤਾਬ) ਚੰਦ੍ਰਮਾਂ ਸੜ ਗਿਆ।

ਭੂਪਨ ਅਬਾਦੀ ਜਰੀ ਲੌਪੁਰ ਕੀ ਗਾਦੀ ਜਰੀ,
ਜਰ ਗਯੋ ਸੁਹਾਗ ਭਾਗ ਸਗਰੀ ਪੰਜਾਬ ਕੋ[1] ॥੨੩੮॥

[1]ਰਾਜਿਆਂ ਦੀ (ਅਬਾਦੀ) ਬਸਤੀ ਸੜ ਗਈ, ਲਾਹੌਰ ਦੀਰਾਜ-ਗੱਦੀ ਸੜ ਗਈ, ਸਾਰੀ ਪੰਜਾਬ ਦਾ ਚੰਗੇ ਭਾਗਾਂ ਵਾਲਾ ਪਤੀ ਭਾਵ ਮਾਲਕ ਸੜ ਗਿਆ।

ਗਹਿਰੀ ਗਿਲਾਨੀ ਰਾਜਧਾਨੀ ਮੈਂ ਮਹਾਨੀ ਛਈ,
ਕਾਹੂੰ ਕੀ ਨ ਬਾਨੀ ਕੋਊ ਸੁਨੈ ਕਾਨ ਵਾਸ ਮੈਂ[1]।

[1]ਰਾਜਧਾਨੀ ਵਿੱਚ ਬਹੁਤ ਡੂੰਘੀ ਗਿਲਾਨੀ ਫੈਲ ਗਈ, ਕਿਸੇ ਦੀ ਗੱਲ ਕੋਈ ਵੀ ਕੰਨਾਂ ਵਿੱਚ (ਵਾਸ) ਗਹੁ ਨਾਲ ਨਹੀਂ ਸੁਣਦਾ।

ਪੂਤ ਪ੍ਰਲਾਪ ਕਰੈਂ ਬਿੱਪ੍ਰ ਬਿਲਾਪ ਧਰੈਂ,
ਮੰਤ੍ਰੀ ਮੁਰਝਾਇ ਪਰੇ ਸੋਕ ਸਿੰਧੁ ਤ੍ਰਾਸ ਮੈਂ[1]।

[1]ਪੁੱਤਰ (ਪ੍ਰਲਾਪ) ਕੀਰਨੇ ਪਉਂਦੇ ਹਨ, ਬ੍ਰਾਹਮਣ ਵਿਰਲਾਪ ਕਰਦੇ ਹਨ, ਵਜ਼ੀਰ ਸ਼ੋਕ ਤੇ ਡਰ ਦੇ ਸਮੁੰਦਰ ਵਿੱਚ ਮੁਰਝਾਏ ਪਏ ਹਨ।

ਰਾਨੀ ਰਨਵਾਸ ਮੈਂ ਅਵਾਸ ਤੈ ਉਦਾਸ, ਰੋਇ
ਲੇਵਤ ਸਤ੍ਰਾਸ ਸ੍ਵਾਸ ਬਾਂਧੀ ਮੋਹ ਫਾਂਸਿ ਮੈਂ[1]।

[1]ਰਾਣੀਆਂ ਮਹਿਲਾਂ ਵਿੱਚ ਘਰ ਤੋਂ ਉਦਾਸ ਹੋ ਕੇ ਮੋਹ ਦੀ ਫਾਹੀ 'ਚ ਫਸ ਕੇ ਡਰ ਨਾਲ ਹਾਹੁਕੇ ਲੈ ਰਹੀਆਂ ਹਨ।

ਲੈ ਗਯੋ ਸੁਖ ਦੈ ਗਯੋ ਦੁਖ ਗਜਾਨ ਹਰੀ ਮਹਾਰਾਜ,
ਹਾਸ ਮੈਂ ਹੁਲਾਸ ਮੈਂ ਨ ਰਹਯੋ ਕੋਊ ਵਾਸ ਮੈਂ[1] ॥੨੩੯॥

[1]ਗਿਆਨ ਸਿੰਘ (ਕਹਿੰਦਾ ਹੈ ਕਿ) ਮਹਾਰਾਜਾ ਸੁਖ ਲੈ ਗਿਆ, ਦੁੱਖ ਦੇ ਗਿਆ (ਜਿਸ ਕਰਕੇ) ਘਰਾਂ ਵਿੱਚ ਹਾਸੇ ਤੇ ਉਤਸ਼ਾਹ ਨਾਲ ਕੋਈ ਨਹੀਂ ਰਿਹਾ।

ਦੋਹਰਾ:
ਜਾਂ ਦਿਨ ਤੈਰਣਜੀਤ ਸਿੰਘ,
ਸੁਰ-ਪੁਰਿ ਕੀਨ ਨਿਵਾਸ।
ਪਾਛੇ ਲਵਪੁਰ ਦਿਨ ਬਦਿਨ,
ਹੋਵਨ ਲਗਯੋ ਉਦਾਸ ॥੨੪੦॥

ਕਬਿੱਤ:

ਸਾਤ ਪੂਤ ਮਹਾਰਾਜ ਜੂ ਕੇ ਪਾਛੇ ਆਛੇ ਰਹੇ,
ਖੜਗ ਸਿੰਘ ਸ਼ੇਰ ਸਿੰਘ ਤਾਰਾ ਸਿੰਘ ਜਾਨੀਏ।
ਈਸ਼ਰ ਹਰੀ ਪਸ਼ੌਰਾ ਸਿੰਘ ਕਸ਼ਮੀਰਾ ਸਿੰਘ,
ਸਾਤਮੋਂ ਦਲੀਪ ਮ੍ਰਿਗੇਸ ਬੇਸ[1] ਮਾਨੀਏ। — [1]ਸੁੰਦਰ।
ਕੌਰ ਨੌ-ਨਿਹਾਲ ਸਿੰਘ ਔਰ ਪਰਤਾਪ ਸਿੰਘ,
ਸਹਿਦੇਵ ਸਿੰਘ ਤੀਨ ਪੌਤ੍ਰ ਪਛਾਨੀਏ।
ਰਾਜੇ ਤੈ ਬਜੀਰ ਥੇ ਅਮੀਰ ਬੀਰ ਧੀਰ ਭੂਰ,
ਐਪਰ ਨ ਕੋਊ ਰਾਖ ਸਕਜੋ ਰਜਧਾਨੀਏ[1] ॥੨੪੧॥ — [1]ਰਾਜੇ, ਵਜ਼ੀਰ, ਅਮੀਰ ਤੇ ਧੀਰਜ ਵਾਲੇ ਸੂਰਮੇਂ ਭਾਵੇਂ ਬਹੁਤੇ ਸਨ ਪਰ ਕੋਈ ਵੀਰਾਜਧਾਨੀ ਨੂੰ ਕਾਇਮ ਨਾਰਖ ਸਕਿਆ।

ਸਭਿ ਹੀ ਕੀ ਸੱਤਾ ਅਲਵੱਤਾ ਮਤਸਰ ਕੱਤਾ,
ਹੱਤਾ ਕੀਨ ਮੱਤਾ ਮੰਦ ਪੰਧ ਲੀਨ ਖੋਟ ਹੈ[1]। — [1]ਸਾਰਿਆਂ ਦੀ (ਸੱਤਾ) ਸ਼ਕਤੀ (ਅਲਵੱਤਾ) ਬਿਨਾਂ ਸੰਸੇ ਤੋਂ ਜਾਣੋ ਕਿ (ਮਤਸਰ) ਈਰਖਾ ਨੇ ਕੱਟ ਦਿੱਤੀ ਤੇ ਅਕਲ ਨਾਸ਼ ਕਰ ਦਿੱਤੀ, ਮਾੜਾ ਤੇ ਖੋਟਾਰਸਤਾ ਫੜ ਲਿਆ।
ਮਹਾਰਾਜ ਪਾਸ ਪਾਂਚ ਸਾਤ ਆਦਮੀ ਥੇ ਖਾਸ,
ਰਾਣੀ ਸਦਾ ਕੌਰ ਤੈ ਮੁਹਕਮ ਚੰਦ ਮੋਟ[1] ਹੈ। — [1]ਵੱਡਾ ਇਤਬਾਰ ਵਾਲਾ।
ਹਰੀ ਸਿੰਘ ਦੀਨਾ ਨਾਥ, ਬਖਸ਼ੀ[1] ਭਗਤ-ਰਾਮ, — [1]ਫ਼ੌਜਾਂ ਨੂੰ ਤਨਖ਼ਾਹ ਵੰਡਣ ਵਾਲਾ।
ਮਾਨ[1] ਸਰਦਾਰ ਤੈ ਅਟਾਰੀ ਵਾਲੇ ਗੋਟ ਹੈ[2]। — [1]ਮਾਨਾਂ ਵਾਲੇ ਸਰਦਾਰ। [2]ਮੁਹਰੀ ਸਨ।
ਔਰ ਪੇਟ-ਪਾਲਕ ਥੇ ਈਰਖਾ ਕੇ ਬਾਲਕ,
ਸਭੈ ਹੀ ਮਰੇ ਖਹਿ ਖਹਿ ਬਿੱਲੋ ਜਿਮ ਝੋਟ ਹੈਂ[1] ॥੨੪੨॥ — [1]ਬਿੱਲਿਆਂ ਤੇ ਝੋਟਿਆਂ ਵਾਂਗ।

ਸ੍ਰੀ ਰਣਜੀਤ ਸਿੰਘ ਪਾਛੇ ਆਛੇ ਤਾਂ ਕੋ ਸੁਤ,
ਖੜਗ-ਮ੍ਰਿਗੇਸ ਬਡ ਹੁਤੋ ਸੰਤ ਰੂਪ ਹੈ।
ਭਯੋ ਸੋ ਨਰੇਸ ਨਾ ਬਿਸੇਸ[1] ਰਾਜਨੀਤਿ ਗਜਾਨੀ, — [1]ਬਹੁਤਾ।
ਕਾਰਦਾਰ ਥਯੋ ਚੇਤ ਸਿੰਘ ਤਿਹ ਖੂਪ[1] ਹੈ। — [1]ਚੰਗਾ।
ਐਪਰ ਨ ਡੋਗਰਜੋਂ ਕੋ ਭਾਯੋ ਮਰਵਾਯੋ ਸੋਊ,
ਕੌਰ ਜੀ ਸੰਭਾਰਜੋ ਰਾਜ ਕਾਜ ਸਮ ਭੂਪ ਹੈ[1]। — [1]ਰਾਜੇ ਵਾਂਗ ਕੰਵਲ ਨੌਨਿਹਾਲ ਸਿੰਘ ਨੇ ਕੰਮ ਸੰਭਾਲਿਆ।
ਤਾਂ ਪਰ ਖੜਗ ਸਿੰਘ ਕੋਪ ਕੈ ਸਰਾਪ ਦੀਨੋ,
ਕੌਰ ਚੌੜ ਥਯੋ ਪਯੋ ਚੈਹੈ ਕਾਲ ਕੂਪ ਹੈ[1] ॥੨੪੩॥ — [1]ਤਿਸ (ਕੰਵਲ ਨੌਨਿਹਾਲ ਸਿੰਘ) ਉੱਪਰ ਕ੍ਰੋਧਵਾਨ ਹੋ ਕੇ ਖੜਗ ਸਿੰਘ ਨੇ ਪਹਿਲਾਂ ਸਰਾਪ ਦਿੱਤਾ ਹੋਇਆ ਸੀ ਕਿ ਕੌਰ (ਚੌੜ) ਤਬਾਹ ਕਰਨ ਵਾਲਾ ਹੋ ਗਿਆ ਹੈ, ਇਸ ਕਰ ਕੇ ਇਹ

ਹੁਣ ਕਾਲ ਦੇ ਖੂਹ ਵਿੱਚ ਪਿਆ ਚਾਹੁੰਦਾ ਹੈ।

ਮਾਲਕ ਰਹਾਯੋ ਨਾਮ ਮਾਤਰ ਸਾਲਕ ਦੋਇ,
ਐਪਰ ਬਾਲਕ ਤਾਂ ਕੇ ਰਾਜ ਹਾਥ ਮੈਂ ਲਯੋ[1]।

[1](ਕ੍ਰੋਧਵਾਨ ਹੋਣ ਦਾ ਕਾਰਨ ਇਹ ਸੀ ਮਹਾਰਾਜਾ ਖੜਗ ਸਿੰਘ) ਦੋ ਕੁ ਸਾਲ ਨਾਮ-ਮਾਤ੍ਰ ਹੀ ਰਾਜ ਦਾ ਮਾਲਕ ਰਿਹਾ ਪਰ ਤਿਸ ਦੇ ਪੁੱਤਰ (ਕੰਵਲ ਨੌਨਿਹਾਲ ਸਿੰਘ) ਨੇ ਰਾਜ ਦਾ ਪ੍ਰਬੰਧ ਆਪਣੇ ਹੱਥ 'ਚ ਲਿਆ ਹੋਇਆ ਸੀ।

ਜਾਂ ਦਿਨ ਖੜਗ ਸਿੰਘ ਸੁਰਪੁਰ ਗਯੋ, ਦਿਨ
ਤਾਂ ਹੀ ਛੱਜੇ ਹੇਠ ਆਇ ਕੌਰ ਚੌਰ ਕੈ ਗਯੋ[1]।

[1]ਉਸੇ ਦਿਨ ਕੌਰ ਚੌਰ ਕਰਦਾ ਹੋਇਆ ਛੱਜੇ ਹੇਠ ਆ ਕੇ ਮਰ ਗਿਆ।

ਰਾਣੀ ਚੰਦ ਕੌਰ ਕਿਛ ਮਾਸ ਰਾਜ ਕੀਓ ਪਾਛੇ,
ਫੇਰ ਸ਼ੇਰ ਸਿੰਘ ਲਰ ਕਰਿ ਛੀਨ ਹੈ ਲਯੋ।
ਢਾਈ ਸਾਲ ਰਾਜ ਤਬਿ ਤਾਂਹਿ ਹੈ ਕਮਾਲ ਕੀਨੋ,
ਏਕ ਠੌਰ ਪਾਨੀ ਸ਼ੇਰ ਅਜਾ[1] ਕੋ ਪਿਲੈ ਦਯੋ ॥੨੪੪॥

[1]ਬਕਰੀ।

ਸੰਧਾਵਾਲੀਏ ਅਜੀਤ ਸਿੰਘ ਲੈਹਣਾ ਸਿੰਘ, ਆਪ
ਪਾਪ ਕੀਨ ਭਾਰੀ ਗਾਰੀ ਨੀਂਵ ਨਿਜ ਜ਼ਾਤ ਕੀ[1]।
ਤੁੱਪਕ ਦੁਨਾਰੀ ਪਰਿਹਾਰੀ[1] ਦਗੇ ਸੰਗ ਤਿਨੈ,
ਮਹਾਰਾਜ ਸ਼ੇਰ ਸਿੰਘੈਂ ਮਾਰ ਥੀਏ ਪਾਤਕੀ[1]।
ਕੰਨਜਾਂ ਕੀ ਸੰਕ੍ਰਾਂਤ ਤਾਂਹੀ ਦਿਨ ਥੀ ਬਖਜਾਤ,
ਤੁਲਾਦਾਨ ਥਾ ਕਰਾਤ ਸ਼ਾਹਿਜ਼ਾਦਾ ਗਾਤ ਕੀ[1]।

[1]ਆਪਣੀ ਜ਼ਾਤ ਦੀ ਨਿਉਂ ਗਾਲ਼ ਦਿੱਤੀ।

[1]ਦੁਨਾਲੀ ਬੰਦੂਕ ਮਾਰ ਦਿੱਤੀ।

[1]ਪਾਪੀ ਹੋ ਗਏ।

[1]ਅੱਸੂ ਦੀ ਸੰਗਰਾਂਦ ਸੀ ਸ਼ੇਰ ਸਿੰਘ ਆਪਣੇ ਪੁੱਤਰ ਦੇ ਸ਼ਰੀਰ ਦੇ ਬਰਾਬਰ ਕੋਈ ਵਸਤੂ ਤੋਲ ਕੇ ਦਾਨ ਕਰ ਰਿਹਾ ਸੀ।

ਪਰਤਾਪ ਸਿੰਘ ਹੁਤੋ ਬਾਲਕ ਘਗਜਾਨੋ ਘਨੋ[1],
ਤੌ ਭੀ ਲਹਣੇ ਸਿੰਘ ਨਿਰਦਏ ਤਾਂਹਿ ਘਾਤ ਕੀ[1] ॥੨੪੫॥

[1]ਬਹੁਤ ਲੇਲ੍ਹੜੀਆਂ ਕੱਢੀਆਂ।

[1]ਮਾਰ ਦਿੱਤਾ।

ਤਾਂਹੀਂ ਛਿਨ ਮਾਰਿਓ ਬਜੀਰ ਧਜਾਨ ਸਿੰਘ ਤਿਨੈ,
ਦੋਸਤ ਦੁਹੂੰ ਕੇ ਜਾਨੀ ਬਨਿ[1] ਦਗਾ ਹੈ ਕਯੋ।
ਗਾਦੀ ਪੈ ਦਲੀਪ ਸਿੰਘ ਬਾਰਕ ਬਿਠਾਯੋ,
ਸਾਲ ਚਾਰਕ ਕੋ, ਖੁਦ ਹੀ ਬਜੀਰੀ ਪਦ ਹੈ ਲਯੋ।
ਸ਼ੇਰ ਸਿੰਘ ਸੀਸ ਕੇਰ ਲੋਹੂ ਕਾ ਤਿਲਕ ਕੀਓ,
ਯਾਂਹੀ ਤੈ ਬਿਪੱਤੀ ਅੱਤੀ ਮਾਂਹਿ ਵਾਹਿ ਹੈ ਪਯੋ[1]।
ਏਕ ਸ਼ੇਰ ਸਿੰਘ ਹੀ ਨ ਮਾਰਿਓ ਸੰਧਾਵਾਲੀਓਂ ਨੈ,

[1]ਦੋਹਾਂ ਦੇ ਦਿਲੀ ਦੋਸਤ ਬਣ ਕੇ।

[1]ਉਹ ਅਜੀਤ ਸਿੰਘ ਬਹੁਤੀ ਬਿਪਤਾ ਵਿੱਚ ਪੈ ਗਿਆ।

ਹਿੰਦੁ ਕਾ ਧਰਮ ਗਾਰਜੋ ਅੰਗ੍ਰੇਜ਼ ਤੌ ਅਯੋ[1] ॥੨੪੬॥
[1]ਹਿੰਦੁਸਤਾਨੀਆਂ ਦਾ ਅਜ਼ਾਦੀ ਰੂਪ ਧਰਮ ਗਾਲ਼ ਦਿੱਤਾ ਤਾਂ ਹੀ ਫਿਰ ਅੰਗਰੇਜ਼ ਆਇਆ।

ਤਾਂਹੀ ਦਿਨ ਧਜਾਨ ਸਿੰਘ ਜੁ ਕੇ ਬੇਟੇ ਹੀਰਾ ਸਿੰਘ,
ਜਾਇ ਜਰਨੈਲੋਂ ਕਰਨੈਲੋਂ ਪਾਸ ਸੈਨ ਮੈਂ।
ਨਿਜ ਤਰਵਾਰ ਧਰਿ ਆਗੇ ਗਰਾ ਦੀਓ ਕਰਿ[1],
[1](ਆਪਣਾ) ਗਲ ਅੱਗੇ ਕਰ ਦਿੱਤਾ।
ਨੈਨ ਭਰਿ ਕਹਜੋ ਦਾਸ ਪੰਥ ਕਾ ਹੁੰ ਐਨ[1] ਮੈਂ।
[1]ਠੀਕ।
ਜ਼ੁਲਮ ਗੁਜ਼ਾਰੇ ਸੰਧਾਵਾਲੀਓਂ ਨੇ ਭਾਰੇ ਜੇਉ,
ਸੁਨਿ ਗੁਨਿ[1] ਫੌਜ ਕੋਪਿ ਹੋ ਗਈ ਅਚੈਨ ਮੈਂ[2]।
[1]ਵਿਚਾਰ ਕੇ। [2]ਫੌਜ ਕ੍ਰੋਧ ਨਾਲ ਸ਼ਾਂਤੀ ਤੋਂ ਬਿਨਾਂ ਹੋ ਗਈ।
ਔਰ ਭੀ ਸਿਪਾਹੀ ਪ੍ਰਤਿ ਦਮੜਾ ਬਢਾਯੋ ਇਕ,
ਦੈਨੋ ਅਕਰਾਰ ਕੀਨੋ ਹੀਰਾ ਸਿੰਘ ਬੈਨ ਮੈਂ[1] ॥੨੪੭॥
[1]ਬਚਨਾਂ ਨਾਲ।

ਬਾਦਸ਼ਾਹਿ ਸੁਤ ਯੁਤ ਮਾਰਿਓ ਬਜੀਰ ਜਿਨੈ,
ਤਿਨੈ ਗਰਬੀਲੇ ਹੋਇ ਫੌਜ ਨਾ ਸੰਭਾਰੀਆ[1]।
[1]ਹੰਕਾਰੀ ਹੋ ਕੇ ਫੌਜ ਨਾ ਸੰਭਾਲੀ।
ਯਾਂਹੀਂ ਤੈ ਗਰਬ ਤਿਨੈ ਤੋਰਬੇ ਸਰਬ ਫੌਜ,
ਮੌਜ ਸਿੰਧੁ ਕੀ ਸੀ ਥਈ ਡੋਗਰੇ ਸੰਗਾਰੀਆ[1]।
[1]ਏਸੇ ਕਰ ਕੇ ਸਾਰੀ ਫੌਜ ਉਨ੍ਹਾਂ (ਸੰਧਾਵਾਲੀਆਂ) ਦਾ ਹੰਕਾਰ ਤੋੜਨ ਵਾਸਤੇ ਸਮੁੰਦਰ ਦੀ ਲਹਿਰ ਵਾਂਗ ਡੋਗਰੇ ਹੀਰਾ ਸਿੰਘ ਦੇ ਨਾਲ ਹੋ ਗਈ।
ਆਇ ਘੇਰ ਲੀਨੋ ਕਿਲ੍ਹਾ ਮੋਰਚੇ ਲਗਾਇ ਦੀਨੋ,
ਭੀਤਰ ਤੈ[1] ਲਰੇ ਸੰਧਾਵਾਰੀਏ ਗਵਾਰੀਆ[2]।
[1]ਅੰਦਰੋਂ। [2]ਮੂਰਖ।
ਦੋਇ ਜਾਮ[1] ਥੀਓ ਜੰਗ ਕੀਏ ਬਹੁ ਅੰਗ ਭੰਗ,
[1]ਦੋ ਪਹਿਰ।
ਲਹਿਣਾ ਸਿੰਘ ਜੀਤ ਸਿੰਘ ਮਰੇ ਹ੍ਵੈ ਲਚਾਰੀਆ[1] ॥੨੪੮॥
[1]ਦੁੱਖੀ ਹੋ ਕੇ।

ਕਿਲ੍ਹੇ ਵੀਚ ਆਇ ਫਤ੍ਹੇ ਪਾਇ ਹੀਰੇ ਸਿੰਘ ਤਬਿ,
ਕੇਹਰ ਦਲੀਪ ਕਾ ਵਜ਼ੀਰ ਆਪ ਥਾਇ ਕੈ[1]।
[1]ਦਲੀਪ ਸਿੰਘ ਦਾ ਵਜ਼ੀਰ ਆਪ ਹੋ ਕੇ।
ਮਾਸ ਸੰਧਾਵਾਲੀਓਂ ਕਾ ਚੀਲਨ ਕੋ ਗ੍ਰਾਸ ਦੀਓ[1],
[1]ਇੱਲਾਂ ਨੂੰ ਬੁਰਕੀਆਂ ਦਿੱਤੀਆਂ।
ਸੀਸ ਦਰਵਾਜਿਓਂ ਪੈ ਲਟਕਾਏ ਘਾਇ ਕੈ[1]।
[1]ਮਾਰ ਕੇ।
ਆਪ ਰਾਜ ਕਾਜ ਹੈ ਸੰਭਾਰ ਕੈ ਦਰਾਜ ਕੀਓ[1],
[1]ਵੱਡਾ ਕਰ ਲਿਆ।
ਫੇਰ ਫੌਜ ਸੰਗ ਤਾਂਹਿ ਬਿਗਰੀ ਸੁਭਾਇ ਕੈ[1]।
[1]ਸੁੱਤੇ ਸਿੱਧ।
ਨਿਜ ਫੌਜ ਦੌਲਤ ਲੈ ਚਾਲਿਓ ਥਾ ਜੰਮੂ ਓਰ,
ਸ਼ੋਰ ਕਰਿ[1] ਸਿੰਘਨ ਸੋ ਮਾਰਜੋ ਘੇਰ ਜਾਇ ਕੈ
[1]ਰੌਲਾ ਕਰਕੇ।

॥੨੪੯॥	
ਰਾਣੀ ਜਿੰਦ ਕੌਰ ਨਿਜ ਭਾਈ ਕੋ ਵਜ਼ੀਰ ਕੀਓ,	
ਥੀਓ ਤੌ ਜਵਾਹਰ-ਮ੍ਰਿਗੇਸ ਵੇਸ[1] ਮਾਲਕੈਂ।	[1]ਚੰਗਾ।
ਤਾਂਹਿ ਭੀ ਰੁਪਯਾ ਏਕ ਫੌਜ ਕਾ ਬਢਾਯੋ,	
ਪਰ ਦਈ ਨਾ ਤਲਬ[1] ਬੀਤ ਗਯੋ ਏਕ ਸਾਲਕੈਂ।	[1]ਤਨਖ਼ਾਹ।
ਪੈਂਚ ਥੀਏ ਫੌਜ ਮਾਂਹਿਂ ਚਾਹਿਂ ਜੋ ਕਰਾਹਿਂ[1] ਵਾਹਿਂ,	[1]ਫ਼ੌਜ ਵਿੱਚ ਪੈਂਚ ਬਣ ਗਏ ਉਹ ਜੋ ਚਾਹੁੰਦੇ ਹਨ ਫੌਜ ਤੋਂ ਕਰਾਉਂਦੇ ਹਨ।
ਮਾਰਿਓ ਜਵਾਹਰ ਸਿੰਘ ਤਾਂਹਿ ਤਜਿ ਆਲਕੈਂ[1]।	[1]ਆਲਸ ਨੂੰ ਛੱਡ ਕੇ।
ਰਾਣੀ ਰੋਸ ਮਾਨਿ[1] ਅੰਗ੍ਰੇਜਨ ਸੋਂ ਮੇਲ ਠਾਨ,	[1]ਗੁੱਸਾ ਮੰਨ ਕੇ।
ਫੌਜ ਮਰਵਾਈ ਜਾਨ ਬੂਝ ਘਰਿ ਘਾਲ ਕੈ[1]	[1]ਘਰੋਂ ਘੱਲ ਕੇ।
॥੨੫੦॥	
ਲਿਖ ਪਠਜੋ ਲਾਟ ਕੋ[1] ਹਮਾਰਾ ਜੋ ਮੁਲਕ ਪਾਰ[2],	[1]ਵਾਇਸਰਾਏ ਨੂੰ। [2]ਦਰਿਆ ਸਤਲੁਜ ਤੋਂ ਪਾਰ।
ਮੱਲ ਲੇਹੁ ਤੁਮ ਸਿੰਘ ਐਹੈਂ ਜਬਿ ਜੰਗ ਕੋ।	
ਲਰੀਓ ਨਿਸੰਗ ਤੁਮ ਅੰਗ ਭੰਗ ਕਰੀਓ, ਤੈ	
ਖਰਚਾ ਨ ਮੱਦਦ ਪਠੈਹੋਂ ਮੈਂ ਭੀ ਚੰਗ ਕੋ[1]।	[1]ਮੈਂ ਕੋਈ ਵੀ ਚੰਗੀ ਮਦਦ ਤੇ ਖ਼ਰਚਾ ਨਹੀਂ ਭੇਜਾਂਗੀ।
ਚਾਹਿਤੇ ਥੇ ਏਹੀ ਅੰਗ੍ਰੇਜ਼ ਫੂਟ ਪਾਇ ਕਿਵੈਂ,	
ਸੋਈ ਹੋਈ ਨੈਨ ਮਿਲੇ ਜੈਸ ਨੈਨ ਭੰਗ ਕੋ[1]।	[1]ਜਿਵੇਂ ਅੰਨ੍ਹੇ ਨੂੰ ਅੱਖਾਂ ਮਿਲ ਜਾਣ।
ਏਹੀ ਅੰਗ੍ਰੇਜ਼ੈਂ ਕੀਨੀ ਰਾਣੀ ਨਾ ਤਲਬ ਦੀਨੀ,	
ਫੌਜ ਪਠੀ ਪੀਨੀ[1] ਰਾਣੀ ਕਾਟਜੋ ਨਿਜ ਅੰਗ ਕੋ	[1]ਤਕੜੀ, ਬਹੁਤੀ।
॥੨੫੧॥	
ਸਿਪਹਾਸਲਾਰ[1] ਤੇਜ ਸਿੰਘ ਸਰਦਾਰ ਕੀਓ,	[1]ਸੈਨਾਪਤੀ।
ਮੁਖਤਜਾਰ ਨਿਜ ਦਿਜ ਲਾਲ ਸਿੰਘ ਹੈ ਕਰੋ[1]।	[1]ਲਾਲ ਸਿੰਘ ਬ੍ਰਾਹਮਣ ਨੂੰ ਆਪਣਾ ਮੁਖ਼ਤਾਰ ਬਣਾ ਲਿਆ।
ਰਾਜਾ ਹੁਤੋ ਬਾਲਕ ਮਾਲਕ ਥਈ ਨਾਰਿ ਕਾਚੀ	
ਤਾਲਕ ਦਿਜਨ ਕਾਮ ਆਯੋ ਕੋਸ ਹ੍ਵੈ ਭਰੋ[1]।	[1]ਕੰਮ ਬ੍ਰਾਹਮਣਾਂ ਦੇ (ਤਾਲਕ) ਅਧੀਨ ਆ ਗਿਆ (ਦੱਸੋ) ਭਲਾ ਕਿਵੇਂ ਹੋਵੇ।
ਏਕ ਸ਼ਨੀ ਦੂਜੇ ਰਾਹੂ ਤੀਜੇ ਸਾਢ-ਸਤੀ ਜਾਹੂੰ,	
ਕਜੋਂ ਨ ਦੁਖਿ ਪਾਇ ਵਾਹੂ ਜਾਇ ਸੁਖ ਤੈ ਜਰੋ[1]।	[1]ਜਿਵੇਂ (ਜੋਤਸ਼ ਦੇ ਹਿਸਾਬ ਅਨੁਸਾਰ) ਕਿਸੇ ਪੁਰਸ਼ ਦੀਰਾਸ਼ੀ ਵਿੱਚ ਸ਼ਨਿਚਰ ਗ੍ਰਹਿ ਹੋਵੇ ਤੇ ਦੂਜਾਰਾਹੂ ਆ ਜਾਵੇ, ਤੀਜੀ ਸਾਢੇ ਸੱਤ ਸਾਲ ਰਹਿਣ ਵਾਲੀ ਸ਼ਨੀ ਗ੍ਰਹਿ ਦੀ ਦੁਖਦਾਈ ਦਸ਼ਾ ਹੋਵੇ ਉਹ ਕਿਉਂ ਨਾ ਦੁੱਖ ਪਾਵੇ ਉਸ ਦਾ ਸਾਰਾ ਸੁੱਖ ਸੜ ਜਾਂਦਾ ਹੈ।

ਏਕ ਅੰਧਾ ਦੂਤੀ ਕੋੜ੍ਹੀ ਨੀਚ ਜੋੜੀ ਰਾਮ ਜੋੜੀ,
ਕਯੋਂ ਨ ਜਾਇ ਬੇੜੀ ਬੋੜੀ ਐਸਨ ਕੀ ਹੈ ਖਰੋ[1] ॥੨੫੨॥

[1]ਨੀਚਾਂ ਦੀ ਜੋੜੀਰਾਮ ਨੇ ਜੋੜ ਦਿੱਤੀ, ਐਸਿਆਂ ਦੀ ਬੇੜੀ ਚੰਗੀ ਤਰ੍ਹਾਂ ਕਿਉਂ ਨਾ ਡੁੱਬ ਜਾਵੇ।

ਆਖ਼ਰ ਥਵਜੋ ਜੰਗ ਰਾਣੀ ਨੈ ਕਯੋ ਕੁਰੰਗ[1],
ਥੈਲੀਓ ਮੈਂ ਦਈ ਭਰ ਦਾਰੂ ਠੌਰ ਸਰਸੋਂ[1]।
ਹੁਤੀ ਜੋ ਬਰੂਦ ਥੈਲੀ ਪੇਟੀਓਂ ਮੈਂ ਸੋ ਚਲਾਈ,
ਆਈ ਫੇਰ ਸਰਸੋਂ ਤੋ ਥੀਏ ਰੰਗ ਸਰਸੋਂ[1]।

[1]ਖੋਟਾ ਕੰਮ ਕੀਤਾ।
[1]ਬਰੂਦ ਦੀ ਥਾਂ ਸਰ੍ਹੋਂ ਪੀਸ ਕੇ ਭਰ ਦਿੱਤੀ।
[1]ਜਦੋਂ ਸਿੰਘਾਂ ਨੇ ਸਰ੍ਹੋਂ ਆਈ ਵੇਖੀ ਤਾਂ ਸਰ੍ਹੋਂ ਦੇ ਫੁੱਲਾਂ ਵਰਗਾ ਪੀਲਾਰੰਗ ਹੋ ਗਿਆ।

ਮਾਰਿ ਮੇਖਾਂ ਤੋਪਨ ਮੈਂ ਖੈਂਚਿ ਸ਼ਮਸ਼ੇਰੈਂ ਤਬਿ,
ਸਮ ਸ਼ੇਰੈਂ ਪਰੇ ਸਿੰਘ ਬੈਰਿਨ ਪੈ ਸਰਸੋਂ[1]।

[1]ਤਦੋਂ ਤੋਪਾਂ ਬੰਦ ਕਰ ਕੇ ਤਲਵਾਰਾਂ ਖਿੱਚ ਕੇ ਵੈਰੀਆਂ ਤੇ ਸਿੰਘ (ਸਰਸੋਂ) ਅਧਿਕ ਬਲਵਾਨ ਹੋ ਕੇ ਪਏ।

ਮਾਰ ਅਰਿ ਭੂਰ ਆਛੇ ਦੂਰ ਲੌਂ ਦਬਾਏ ਪਾਛੇ,
ਤੇਜ ਪੌਨ ਬੂਰ ਕਾਛੇ ਜਯੋਂ ਹਟਾਏ ਸਰ ਸੋਂ[1] ॥੨੫੩॥

[1]ਬਹੁਤੇ ਦੁਸ਼ਮਣਾਂ ਨੂੰ ਚੰਗੀ ਤਰ੍ਹਾਂ ਮਾਰ ਕੇ ਦੂਰ ਤੱਕ ਪਿੱਛੇ ਦਬਾਈ ਗਏ, ਜਿਵੇਂ (ਸਰ) ਸਰੋਵਰ ਦੇ (ਪਾਣੀ) (ਸੋਂ) ਉਪਰੋਂ ਤੇਜ ਹਵਾ ਬੂਰ ਨੂੰ (ਕਾਛੇ) ਚੰਗੀ ਤਰ੍ਹਾਂ ਹਟਾ ਦੇਂਦੀ ਹੈ।

ਤੇਜਾ ਸਿੰਘ ਪਾਪੀ ਤੌ ਅਮਾਪੀ ਥੀ ਕੁਨੀਤਿ ਥਾਪੀ,
ਭਾਗ ਪਾਇ ਆਪੀ ਫੌਜ ਕੋ ਪਿਛਾਹਾਂ ਲੈ ਗਯੋ[1]।

[1]ਤੇਜਾ ਸਿੰਘ ਪਾਪੀ ਨੇ (ਅਮਾਪੀ) ਬਹੁਤੀ ਖੋਟੀ ਨੀਤੀ ਬਣਾਈ ਹੋਈ ਸੀ, ਆਪ ਹੀ ਭਾਜੜ ਪੁਆ ਕੇ ਫ਼ੌਜ ਨੂੰ ਪਿੱਛੇ ਲੈ ਗਿਆ।

ਉਤੈ ਅੰਗਰੇਜੈਂ ਸਾਰ ਦਈ ਯੇ ਪਹਾਰ ਸਿੰਘ[1],
ਯਾਂ ਹੀ ਮੁਖਬਰੀ ਪਰ[1] ਰਾਜ ਤਾਂਹਿ ਹੈ ਲਯੋ।
ਭੂਪ ਜੇ ਫਰੀਦ ਕੋਟ ਸੰਤਤਿ ਹੈ ਤਾਂਹਿ ਮੋਟ[1],
ਇਤੈ ਫੌਜ ਖਾਲਸੇ ਕਾ ਸੁਨੋ ਹਾਲ ਜਯੋਂ ਭਯੋ।
ਮਾਲਕ ਹੀ ਮਾਰਯੋ ਜਿਨੈ ਚਾਹਿ ਰਾਖੈ ਕੌਨ ਤਿਨੈ,
ਪੈਂਚ ਗ੍ਰਾਮ ਜਯੋਂ ਉਜਾਰੈ ਰਾਖਾ ਖੇਤ ਕੋਂ ਪਯੋ[1] ॥੨੫੪॥

[1]ਉਧਰ ਅੰਗਰੇਜ਼ਾਂ ਨੂੰ ਪਹਾੜਾ ਸਿੰਘ ਨੇ ਇਹ ਖ਼ਬਰ ਦਿੱਤੀ।
[1]ਇਸ ਖ਼ਬਰ ਦੇਣ ਦੇ ਬਦਲੇ।
[1]ਤਿਸ ਦੀ ਚੰਗੀ ਉਲਾਦ ਹੈ।
[1]ਜਿਸ ਨੂੰ ਮਾਲਕ ਹੀ ਮਾਰਿਆ ਚਾਹਵੇ, ਜਿਵੇਂ ਸਰਪੰਚ ਹੀ ਪਿੰਡ ਉਜਾੜੇ ਅਤੇਰਾਖਾ ਹੀ ਖੇਤ ਉਜਾੜਨ ਲੱਗ ਪਏ ਤਾਂ ਤਿਨਾਂ ਦੀ ਰਾਖੀ ਕੌਣ ਕਰੇ।

ਏਕ ਓਰ ਜੋਰ ਦੈ ਕੈ ਬੈਰੀ ਆਏ ਘੋਰ[1] ਚਢਿ,
ਛੋਰਿ ਤੋਪ ਤੈ ਤੁਫੰਗ ਅੰਗ ਭੰਗ ਕਰਤੇ।
ਦੂਤੀ ਓਰ ਮਾਲਕ ਹੀ ਤੇਜਾ ਸਿੰਘ ਆਦਿ ਜੇ ਥੇ,
ਦਗਾ ਕੀਨੋ ਭਾਰੀ ਪਾਪ ਤਿਨੈ ਆਪ ਡਰਤੇ[1]।
ਪੁਲ ਸਤਲੁਜ ਦਰਿਆਇ ਕੇ ਤੁੜਾਇ ਦੀਏ,
ਖੁਦ ਪਾਰ ਹੋਇ ਥਿਰੇ ਮੰਦ ਖਲ ਖਰ ਤੇ[1]।

[1]ਭਿਆਨਕ।
[1]ਤਿਨਾਂ ਆਪਣੇ ਕੀਤੇ ਹੋਏ ਪਾਪਾਂ ਤੋਂ ਡਰਦਿਆਂ।
[1]ਉਹ ਮੰਦੇ ਮੂਰਖ ਤੇ ਖੋਤੇ ਆਪ ਪਾਰ ਹੋ ਖੜੇ।

ਜੀਤ ਸਿੰਘ ਸ਼ਜਾਮ ਸਿੰਘ ਆਦਿ ਸਰਦਾਰੈਂ ਤਬਿ,
ਬਾਹੀ ਤਰਵਾਰੈਂ ਜਸ ਪੂਰ ਗਏ ਧਰ ਤੇ[1] ॥੨੫੫॥
[1]ਧਰਤੀ ਉੱਤੇ ਜਸ ਭਰ ਗਏ।

ਥੀਏ ਤਬਿ ਅਧਿਕ ਸ਼ਹੀਦ ਸਿੰਘ ਮਾਰਿ ਅਰਿ,
ਬਾਕੀ ਦਰਿਆਵ ਤਰਿ ਆਵਨੇ ਥੇ ਜੋ ਲਗੇ।
ਤੇਜਾ ਸਿੰਘ ਅਤਤਾਈ[1] ਅਗਜੋਂ ਚਲਵਾਈ ਤੋਪੈਂ,
[1]ਪਾਪੀ। (ਅਤਤਾਈ ਛੇ ਹਨ: ਅੱਗ ਲਾਉਣ ਵਾਲਾ, ਜ਼ਹਿਰ ਖੁਵਾਉਣ ਵਾਲਾ, ਧਨ ਇਸਤ੍ਰੀ ਤੇ ਜ਼ਮੀਨ ਖੋਹਣ ਵਾਲਾ, ਪ੍ਰਾਣ ਲੈਣ ਵਾਲਾ)।
ਝਾਰ ਕੈ ਗਰਾਫ ਸਾਫ[1] ਮਾਰੇ ਸੰਗ ਸੋ ਦਗੇ।
[1]ਸਾਫ਼ (ਗਰਾਫ਼) ਰੌਣੇ ਮਾਰ ਕੇ।
ਹੁਏ ਗਰਕਾਬ ਭੂਰ[1] ਲਾਗੇ ਕੇਊ ਜਾਇ ਦੂਰ[2],
[1]ਬਹੁਤੇ (ਸਿੰਘ) ਡੁੱਬ ਗਏ। [2]ਦੂਰ (ਕਿਨਾਰੇ) ਜਾ ਲੱਗੇ।
ਬਿੱਪਰੋਂ ਤੈ ਪਾਪ ਕੂਰ ਹੋਯੋ ਸਦ ਹ੍ਵੈ ਅਗੇ[1]।
[1](ਕੂਰ) ਝੂਠੇ ਬਾਮਣਾ ਤੋਂ ਪਾਪ ਹੋਇਆ ਤੇ ਸਦਾ ਅੱਗੋਂ ਨੂੰ ਹੋਵੇਗਾ।
ਪੀਛਜੋਂ ਬੈਰੀ ਮਾਰੈਂ ਅੱਗਜੋਂ ਮਾਲਕ ਹੀ ਗਾਰੈਂ[1],
[1]ਨਾਸ਼ ਕਰਦੇ ਹਨ।
ਦੇਖੋ ਭਾਰੈਂ[1] ਹੀ ਕੁੜੱਕੀ ਵੀਚ ਆਏ ਸਿੰਘ ਕਜੋਂ ਤਗੇ[2] ॥੨੫੬॥
[1]ਬਹੁਤੇ ਹੀ। [2]ਕਿਵੇਂ ਜਾਨ ਬਚਾਉਂਦੇ।

ਆਖਰ ਦਇਆਲੂ ਅੰਗ੍ਰੇਜ਼ਨ ਵਿਚਾਰ ਨੀਤਿ,
ਹੁਕਮ ਸੁਨਾਯੋ ਜਾਹੁ ਆਯੁਧੈਂ ਕੌ ਡਾਰ[1] ਕੈ।
[1]ਸ਼ਸਤ੍ਰ ਸੁੱਟ ਕੇ।
ਛੋਰ ਦੀਏ ਰਾਹਿ ਲੀਏ ਆਯੁਧ ਸੁਟਾਇ ਸਭਿ,
ਸਿੰਘ ਪਏ ਰਾਹਿ ਗੁਰੈਂ ਸ਼ੁਕਰ ਹਜ਼ਾਰ ਕੈ।
ਲਘੁ ਜ਼ਖਮੀ ਭੀ ਗਏ ਵਗ[1] ਜਿਤ ਕਿਤ ਮਗ[2],
[1]ਚਲੇ ਗਏ। [2]ਜਿਧਰ ਕਿਧਰਰਸਤਾ ਮਿਲਿਆ।
ਜ਼ਖਮੀ ਸਖਤ ਦਾਬੇ ਗਢਜੋਂ ਵੀਚ ਡਾਰ ਕੈ[1]।
[1]ਟੋਇਆਂ ਵਿੱਚ ਸੁੱਟ ਕੇ ਦੱਬ ਦਿੱਤੇ।
ਆਇ ਅੰਗ੍ਰੇਜ਼ੈਂ ਤਬਿ ਡਾਰਿਓ ਲਹੌਰ ਡੇਰਾ,
ਕੌਂਸਲ[1] ਬਨਾਈ ਰੀਤਿ ਨੀਤਿ ਕੀ ਵਿਚਾਰ ਕੈ ॥੨੫੭॥
[1]ਸਭਾ।

ਚੌਪਈ:

ਅੰਗ੍ਰੇਜ਼ਨ ਲਵਪੁਰ-ਪਤਿ ਮਾਹੈਂ[1]।
[1]ਆਪਸ ਵਿੱਚ।
ਬੰਧਜੋਂ ਅਹਿਦ ਇਕ ਹੁਤੋ ਇਹਾਹੈਂ[1]।
[1]ਇਸ ਤਰ੍ਹਾਂ ਦਾ ਇਕ ਇਕਰਾਰ ਬੰਨ੍ਹਿਆ ਹੋਇਆ ਸੀ।
ਸਤਲੁੱਜ ਹੱਦ ਰਹੇਗੀ ਕਾਇਮ।
ਦੁਹੂੰ ਬੀਚ ਮਿਤ੍ਰਾਈ ਦਾਇਮ[1] ॥੨੫੮॥
[1]ਹਮੇਸ਼ਾਂ।
ਇਓਂ ਭੀ ਸ਼ਰਤ ਹੁਤੀ ਤਿਸ ਮੋਹੈ[1]।
[1]ਉਸ ਵਿੱਚ।

ਪਹਿਲੇ ਤੋਪ ਚਲਾਵੈ ਜੋ ਹੈ।
ਬੈਰ ਭਾਵ ਧਰਿ ਅਧਿਕ ਲਰੈ ਹੈ।
ਹਾਰ ਖਾਇ ਫਿਰ ਮਿਲਜੋ ਚੈਹੈ ॥੨੫੯॥
ਦੈ ਕੈ ਤੀਨ ਕਰੋੜ ਰੁਪੱਯਾ।
ਬਾਂਧੇ ਹੱਦ ਵਹੀ ਫਿਰ ਭੱਈਆ[1]। [1]ਭਰਾ ਭਾਵ ਧਿਰ।
ਇਹੁ ਵਿਚਾਰ ਫਿਰ ਸਿਖ ਸਰਦਾਰੈਂ।
ਭੂਪ ਗੁਲਾਬ ਸਿੰਘ ਓਦਾਰੈਂ ॥੨੬੦॥
ਜਾਇ ਲਾਟ ਪੈ ਸੋਊ ਸੁਨਾਈ।
ਕਰੀ ਲਾਟ ਮਨਜੂਰ ਇਹਾਈ।
ਭੂਪ ਗੁਲਾਬ ਸਿੰਘ ਤਬਿ ਐ ਕੈ।
ਸਭਿ ਸਰਦਾਰਨ ਤਈਂ ਬੁਲੈ ਕੈ ॥੨੬੧॥
ਕਹਜੋ ਪਚਾਸ ਲਾਖ ਮੈਂ ਦੇਵੋਂ।
ਲਾਖ ਪਚਾਸ ਖਜਾਨਜੋਂ ਲੇਵੋ।
ਦੋਇ ਕਰੋੜ ਸਭੈ ਸਰਦਾਰੂ।
ਦਿਹੁ ਔਹਦੇ ਜਾਗੀਰਨੁਸਾਰੂ[1] ॥੨੬੨॥ [1]ਜਗੀਰਾਂ ਅਨੁਸਾਰ।
ਸਭਿ ਨੈ ਮਾਨੀ ਲਿਖਤੈਂ ਡਾਰੀ[1]। [1]ਲਿਖਤਾਂ ਦੇ ਦਿੱਤੀਆਂ।
ਲਾਲ ਸਿੰਘ ਮਤਸਰ[1] ਧਰਿ ਭਾਰੀ। [1]ਈਰਖਾ।
ਤੇਜਾ ਸਿੰਘ ਤਈਂ ਸੰਗ ਲੈ ਕੈ।
ਰਾਣੀ ਢਿਗ ਭਾਖਜੋ ਇਮ ਜੈ ਕੈ ॥੨੬੩॥
ਜੇ ਗੁਲਾਬ ਸਿੰਘ ਇਹੁ ਕੰਮ ਕਰਿ ਹੈ।
ਸਭਿ ਤੇ ਅੱਗਰ ਹੋਇ ਅਪਰ ਹੈ[1]। [1]ਹੋਰ ਅੱਗੇ ਹੋ ਜਾਵੇਗਾ।
ਬਾਗ ਰਾਜ ਕੀ ਨਿਜ ਕਰ ਰਖ ਹੈ[1]। [1]ਰਾਜ ਦੀ ਵਾਗ ਡੋਰ ਆਪਣੇ ਹੱਥ ਰੱਖੇਗਾ।
ਰਾਖੈ ਕਾਢੈ ਚਹਿ ਜਿਮ, ਦਖ ਹੈ[1] ॥੨੬੪॥ [1](ਉਹ ਬੜਾ) (ਦੱਖ) ਚਤੁਰ ਹੈ।
ਹਮ ਤੁਮ ਪਰ ਪਰਬਲ ਇਹੁ ਥੈਹੈ।
ਨਾਂਹਿ ਹਕੂਮਤ ਤੁਮਰੀ ਰੈਹੈ।
ਰਾਣੀ ਚੜ੍ਹੀ ਹੁਤੀ ਹਥ ਉਨ ਕੇ।
ਮਾਨੀ ਬਾਤ ਨ ਜਾਨੀ ਗੁਨ ਕੇ[1] ॥੨੬੫॥ [1]ਗੱਲ ਵਿਚਾਰ ਕੇ ਨਾ ਜਾਣੀ।
ਖੁਦਗਰਜ਼ੀ ਬਿੱਪ੍ਰਨ ਬਹਿਕਾਈ[1]। [1]ਬਾਹਮਣਾਂ ਦੀ ਖ਼ੁਦਗਰਜ਼ੀ ਨੇ ਭਟਕਾ ਦਿੱਤੀ।
ਭਲਾ ਨ ਦਿਜ ਤੈ ਹੋਤ ਕਦਾਈ।
ਖੁਰੀ ਮੱਤਿ ਨਾਰਿਨ ਕੀ ਐਹੈ[1]। [1]ਇਸਤ੍ਰੀਆਂ ਦੀ (ਖੁਰੀ) ਪੈਰ 'ਚ ਅਕਲ ਹੈ ਭਾਵ ਬਹੁਤ ਘੱਟ

ਮੱਤਿ ਹੈ।

ਗਰਦਨ ਪੀਛੇ ਸਜਾਨੇ ਕੈਹੈਂ[1] ॥੨੬੬॥ — [1]ਧੌਣ ਪਿੱਛੇ, ਗਿੱਚੀ ਵਿੱਚ।

ਲਾਟ ਪਾਸ ਉਨ ਇਮ ਲਿਖ ਪਠਯੋ।
ਨ੍ਰਿਪ ਗੁਲਾਬ ਸਿੰਘ ਜੋ ਠਟਯੋ[1]। — [1](ਮਤਾ) ਕੀਤਾ ਹੈ।
ਸੋ ਬਜੀਰ ਨਹਿਂ ਹਮਰਾ ਸਾਚਾ[1]। — [1]ਸੱਚਾ, ਪੱਕਾ, ਅਸਲ।
ਨਹਿਂ ਮਨਜ਼ੂਰ ਹਮੈਂ ਤਿਹ ਬਾਚਾ[1] ॥੨੬੭॥ — [1]ਬਚਨ।

ਤਬੈ ਲਾਟ ਭੂਪਤਿ ਬੁਲਵਾਯੋ।
ਲਿਖਯੋ ਜੁਰਾਨੀ ਸੋ ਦਿਖਰਾਯੋ।
ਤਬਿ ਗੁਲਾਬ ਸਿੰਘ ਹੋਇ ਉਦਾਸੈਂ।
ਕਹਯੋ ਲਾਟ ਪ੍ਰਤਿ ਯਾ ਬਿਧਿ ਖਾਸੈਂ[1] ॥੨੬੮॥ — [1]ਆਪ।

ਆਪ ਇਜਾਜ਼ਤ ਮੁਝ ਕੋ ਦੀਜੈ।
ਏਕ ਕਰੋੜ ਰੁਪੱਯਾ ਲੀਜੈ।
ਦਿਹੁ ਕਸ਼ਮੀਰ ਮੁਲਕ ਮੁਝ ਤਾਂਈ।
ਰਹਿਹੌਂ ਤਾਬੇਦਾਰ ਸਦਾਈ ॥੨੬੯॥

ਸੋਚਯੋ ਲਾਟ ਇਹੀ ਹੈ ਡਾਢਾ[1]। — [1]ਤਾਕਤਵਰ।
ਦੋਸਤ ਕਰੈਂ ਇਸੈ ਨਿਜ ਗਾਢਾ[1]। — [1]ਤਕੜਾ।
ਸ੍ਵਾਲ ਤਾਂਹਿ ਕਾ ਕਰਿ ਮਨਜ਼ੂਰੈਂ।
ਦੀਨੋ ਤਿਹ ਕਸ਼ਮੀਰ ਜਰੂਰੈਂ ॥੨੭੦॥

ਏਕ ਕਰੋੜ ਰੁਪੱਯਾ ਤਾਂ ਤੈ।
ਲਯੋ, ਔਰ ਭੀ ਸੋਚੀ ਬਾਤੈਂ।
ਹੈ ਕਸ਼ਮੀਰ ਮੁਲਕ ਬਡ ਭਾਰੈਂ।
ਹੱਦ ਲੁਦਾਖ ਔਰ ਕੰਦਜਾਰੈਂ[1] ॥੨੭੧॥ — [1]ਫਾ: ਕੰਦਹਾਰ, ਸੰ: ਗਾਂਧਾਰ, ਕੰਧਾਰ=ਅਫ਼ਗਾਨਿਸਤਾਨ ਦਾ ਇਕ ਇਲਾਕਾ ਤੇ ਉਸ ਦਾ ਪ੍ਰਧਾਨ ਨੱਗਰ।

ਮੁਲਕ ਰੂਸ ਕਾ ਤਹਿਂ ਨਿਕਟੈ ਹੈ।
ਹਮਰੇ ਉਸ ਕੇ ਬਿਚ ਇਹੁ ਰੈਹੈ।
ਅਨਿਕ ਬਾਤ ਕਾ ਸੋਚ ਫਾਇਦਾ।
ਪੂਰਾ ਕੀਨੋ ਤਾਂਹਿ ਵਾਇਦਾ[1] ॥੨੭੨॥ — [1]ਇਕਰਾਰ।

ਥੱਪਯੋ ਵਜੀਰ ਲਾਲ ਸਿੰਘ ਇਤੈ[1]। — [1]ਏਧਰ ਲਾਹੌਰ ਵਿੱਚ।
ਖੈਰ ਖ੍ਵਾਹਰਾਨੀ ਧਰਿ ਚਿਤੈਂ[1]। — [1]ਰਾਣੀ ਨੇ ਸੁਖ ਚਾਹੁਣ ਵਾਲਾ ਚਿਤ ਵਿੱਚ ਧਾਰ ਕੇ।
ਬਨੀ ਬਾਤ ਇਸ ਤੇ ਨਹਿਂ ਵੈ ਹੈ।

ਹੱਦ ਪੁਰਾ[1] ਜਿਮ ਕਾਇਮ ਹ੍ਵੈ ਹੈ ॥੨੭੩॥
ਔਰ ਕਾਮ ਭੀ ਕਰੇ ਨ ਐਸੇ।
ਰਾਜ ਹਮੇਸ਼ੈਂ ਰਹਿ ਹੈ ਜੈਸੇ।
ਦੋਇ ਕੋਟ ਮੈਂ ਬਿਸਤ-ਦੁਵਾਬਾ[1]।
ਅੰਗ੍ਰੇਜ਼ੋ ਨੈ ਤਬਿ ਹੀ ਦਾਬਾ ॥੨੭੪॥
ਦੋਹਰਾ:
ਰਜ਼ੀਡੰਟ[1] ਲਵਪੁਰ ਬਹਜੋ,
ਅੰਗ੍ਰੇਜ਼ਨ ਕਾ ਭਾਰ।
ਫੌਜ ਅੰਗ੍ਰੇਜ਼ੀ ਬਹੁ ਰਖੀ,
ਹੇਤ ਹਿਫਾਜ਼ਤ ਧਾਰਿ[1] ॥੨੭੫॥
ਚੌਪਈ:
ਲਿਖਜੋ ਅਹਿਦ-ਨਾਮਾ[1] ਫਿਰ ਹੋਰੀ।
ਜੋ ਅੰਗ੍ਰੇਜ਼ੈਂ ਦਿਯ ਫਿਰ ਤੋਰੀ[1]।
ਮਹਾਰਾਜ[1] ਜਬਿ ਬਰਸ ਅਠਾਰੈਂ।
ਕੇਰ ਹੋਇ ਹੈ, ਲਾਇਕ ਭਾਰੈਂ ॥੨੭੬॥
ਰਾਜ ਕਾਜ ਅਰ ਮੁਲਖ ਅਪਾਰੈਂ।
ਅਪਨਾ ਆਪੇ ਏਹੁ ਸੰਭਾਰੈਂ।
ਰਜ਼ੀਡੰਟ ਅੰਗ੍ਰੇਜ਼ੀ ਜੋਈ।
ਲਵਪੁਰ ਮਹਿ ਨਹਿੰਰਹਿ ਹੈ ਕੋਈ ॥੨੭੭॥
ਲਿਖੀ ਤਬੈ ਇੱਤਯਾਦਿਕ ਸ਼ਰਤੈਂ।
ਸੋ ਝੂਠਾ ਜੋ ਇਨਹਿਂ ਨ ਬਰਤੈ।
ਦੁਇਕ ਸਾਲ ਇਮ ਕਾਰ ਚਲਾਯੋ।
ਭੂਪਤਿ ਸਿੰਘ-ਦਲੀਪ ਰਖਾਯੋ ॥੨੭੮॥
ਮੂਲ-ਰਾਜ ਸੂਬੇ ਮੁਲਤਾਨੀ।
ਅਸਤੀਫਾ[1] ਦੀਨੋ ਤਬਿ ਆਨੀ।
ਰਜ਼ੀਡੰਟ ਕੌਂਸਲ ਮਨਜ਼ੂਰੈਂ।
ਕਰਿ ਭੇਜਯੋ ਸਿੰਘ-ਸ਼ੇਰ ਜ਼ਰੂਰੈਂ[1] ॥੨੭੯॥
ਹੁਤੋ ਅਟਾਰੀ ਵਾਲਾ ਜੋਈ।
ਕਿਯ ਸੂਬਾ ਮੁਲਤਾਨੈ ਸੋਈ।

[1]ਪਹਿਲੀ ਹੱਦ।
[1]ਦੋ ਕਰੋੜ ਵਿੱਚ ਸਤਲੁਜ ਤੇ ਬਿਆਸ ਦੇ ਵਿਚਕਾਰਲਾ ਇਲਾਕਾ।
[1]ਮੁੱਖ ਪ੍ਰਬੰਧਕ।
[1]ਰੱਖਿਆ ਵਾਸਤੇ ਜਾਣ ਕੇ।
[1]ਇਕਰਾਰ-ਨਾਮਾ।
[1]ਤੋੜ ਦਿੱਤਾ।
[1]ਦਲੀਪ ਸਿੰਘ।
[1]ਤਿਆਗ-ਪੱਤਰ।
[1]ਸ਼ੇਰ ਸਿੰਘ ਨੂੰ (ਜ਼ਰੂਰੈਂ) ਛੇਤੀ ਭੇਜ ਦਿੱਤਾ।

ਫੌਜ ਤਾਂਹਿ ਸੰਗ ਦਈ ਅਪਾਰਨ[1]।	[1]ਬਹੁਤ।
ਅੰਗਨੂੰ[1] ਸਾਹਿਬ ਗਯੋ ਬਿਠਾਰਨ[2] ॥੨੯੦॥	[1]ਨਾਮ। [2]ਬਿਠਾਉਣ ਭਾਵ ਕਬਜ਼ਾ ਦਿਵਾਉਣ।
ਜਬੈ ਕਿਲ੍ਹੇ ਕੇ ਬੀਚ ਪਧਾਰੇ।	
ਚਾਰਜ[1] ਲੇਵਨ ਲਗੇ ਸੁਧਾਰੇ।	[1]ਕਬਜ਼ਾ।
ਏਕ ਸਿਪਾਹੀ ਅੰਗਨੂੰ ਤਾਂਈਂ।	
ਮਾਰਿ ਗਿਰਾਯੋ ਤਬੈ ਤਹਾਂਈਂ ॥੨੯੧॥	
ਔਰ ਕਿਤਿਕ ਹਤ[1] ਜ਼ਖਮੀ ਕੀਨੇ।	[1]ਮਾਰ ਕੇ।
ਬਿਗਰੀ ਫੌਜ ਕਿਲ੍ਹੇ ਕੀ ਪੀਨੇ[1]।	[1]ਬਹੁਤੀ, ਤਕੜੀ।
ਮੂਲ-ਰਾਜ ਭੀ ਸੰਗੀ ਕੀਨੋ।	
ਲਗਯੋ ਜੰਗ ਫਿਰ ਹੋਵਨ ਪੀਨੋ ॥੨੯੨॥	
ਏਕ ਦਿਵਸ ਦੁਹਿ ਦਿਸ ਤੈ ਭਾਰੀ।	
ਚਲੀ ਤੋਪ ਜਨ ਮਰੇ ਅਪਾਰੀ।	
ਸਿੱਖੀ ਫੌਜ ਹੁਤੀ ਤਹਿੰ ਜੇਤੀ।	
ਮੂਲ-ਰਾਜ ਸੋਂ ਮਿਲ ਗਈ ਤੇਤੀ ॥੨੯੩॥	
ਸ਼ੇਰ ਸਿੰਘ ਭੀ ਤਾਂ ਸੋਂ ਭਿਲਾ[1]।	[1]ਮਿਲ ਗਿਆ।
ਪੈ ਨ ਕਿਲ੍ਹੇ ਮੈਂ ਬੜਨਾ ਮਿਲਾ।	
ਮੂਲ-ਰਾਜ ਬਦਜ਼ਨ[1] ਤਬਿ ਹੋਯੋ।	[1]ਨਫ਼ਰਤ ਸਹਿਤ।
ਤਿਸ ਦਿਸ ਤੈ, ਵਹਿ ਕਾਲ ਵਿਗੋਯੋ[1] ॥੨੯੪॥	[1]ਤਿਸ ਸ਼ੇਰ ਸਿੰਘ ਦੀ ਤਰਫ਼ ਤੋਂ (ਜਾਣੋ ਇਹ) ਸਮੇਂ ਨੇ ਹੀ ਉਸ ਨੂੰ ਖ਼ਰਾਬ ਕਰ ਦਿੱਤਾ।
ਸ਼ੇਰ ਸਿੰਘ ਨਿਜ ਸੈਨਾ ਲੈ ਕੈ।	
ਰਾਵਲਪਿੰਡੀ ਦਿਸ ਗਯੋ ਧੈ ਕੈ।	
ਇਤ ਅੰਗ੍ਰੇਜ਼ੈਂ ਕਰਿ ਬਡ ਜੰਗੈਂ।	
ਫਤੇ ਕੀਨ ਮੁਲਤਾਨ ਨਿਸੰਗੈਂ ॥੨੯੫॥	
ਮੂਲ-ਰਾਜ ਕੋ ਪਕਰਿ ਲਿਯਾਏ।	
ਪੂਰਬ ਦਿਸਾ ਦਯੋ ਪਹੁੰਚਾਏ।	
ਸ਼ੇਰ ਸਿੰਘ ਕਾ ਵਾਲਦ[1] ਸੂਬਾ।	[1]ਪਿਤਾ।
ਹੁਤੋ ਪਸ਼ੌਰ ਚਤਰ ਸਿੰਘ ਖੂਬਾ[1] ॥੨੯੬॥	[1]ਚੰਗਾ।
ਸੋ ਭੀ ਬਿਗਰਯੋ ਸੰਗ ਅੰਗ੍ਰੇਜ਼ੈਂ।	
ਸ਼ੇਰ ਸਿੰਘ ਜਾ ਮਿਲਯੋ ਤੇਜੈਂ[1]।	[1]ਛੇਤੀ।
ਸਿੱਖ ਸਰਦਾਰ ਔਰ ਥੇ ਜੇਤੇ।	

ਮਿਲੇ ਫੌਜ ਯੁਤ ਤਿਨ ਸੋਂ ਤੇਤੇ ॥੨੮੭॥
ਪਾਂਚ ਹਜਾਰ ਸਵਾਰ ਦੁਰਾਨੀ।
ਕਾਬਲ ਪਤਿ ਨੈ ਪਠਜੋ ਮਹਾਨੀ।
ਚਤਰ ਸਿੰਘ ਨੈ ਥੇ ਬਲਵਾਏ।
ਸੋ ਭੀ ਮਿਲੇ ਸਿੰਘਨ ਸੋਂ ਆਏ ॥੨੮੮॥
ਮੂੰਗ-ਰਸੂਲ ਗਰਾਮ ਨਜ਼ੀਕੈਂ।
ਫੌਜ ਅੰਗ੍ਰੇਜ਼ੀ ਸਿੰਘਨ ਠੀਕੈਂ[1]। — [1]ਅੰਗਰੇਜ਼ਾਂ ਤੇ ਸਿੰਘਾਂ ਦੀ ਫ਼ੌਜ ਵਿੱਚ ਠੀਕ ਹੀ।
ਗਾਢਾ ਜੰਗ ਮਚਜੋ ਤਹਿਂ ਭਾਰੀ।
ਸਿੰਘਨ ਤਬਿ ਸ਼ਮਸ਼ੇਰ ਸੰਭਾਰੀ ॥੨੮੯॥
ਆਠ ਕੋਸ ਲੌ ਕਟਤੇ ਆਏ।
ਫੌਜ ਅੰਗ੍ਰੇਜ਼ੀ ਦਈ ਭਗਾਏ।
ਦੈ ਲਾਲਚ ਅੰਗ੍ਰੇਜ਼ੈ ਤਬੈ।
ਅਪਨੇ ਕਰੇ ਦੁਰਾਨੀ ਸਭੈ ॥੨੯੦॥
ਉਨ ਦੁਸ਼ਟਨ ਜਬਿ ਭਾਜੜ ਪਾਈ।
ਸਿੰਘ ਭੀ ਇਤ ਉਤ ਗਏ ਪਲਾਈ।
ਕਰਮ ਰੇਖ ਨਹਿਂ ਜਾਈ ਮਿਟਾਈ।
ਫਤੇ ਫੇਰ ਅੰਗ੍ਰੇਜ਼ਨ ਪਾਈ ॥੨੯੧॥
ਮਿਠੇ ਬਨ ਦੈ ਅਧਿਕ ਦਿਲਾਸੇ।
ਕਾਮ ਕੀਨ ਅੰਗ੍ਰੇਜ਼ੈਂ ਖਾਸੇ[1]। — [1]ਬਹੁਤੇ।
ਦੈ ਹੁਲਾਸ ਸਰਦਾਰਨ ਗੌਰੈਂ[1]। — [1]ਵੱਡੇ ਸਰਦਾਰਾਂ ਨੂੰ ਉਤਸ਼ਾਹ ਦੇ ਕੇ।
ਦਗੇ ਸਾਥ ਬੁਲਵਏ ਲਹੌਰੈਂ ॥੨੯੨॥
ਇਕ ਹੀ ਨਿਸ ਮੈਂ ਸਭਿ ਕੇ ਤਾਂਈਂ।
ਠੌਰ ਠੌਰ ਕਿਯ ਕੈਦ ਤਹਾਂਈਂ[1]। — [1]ਉਥੇ ਹੀ।
ਰਾਣੀ ਸ਼ੇਖੂਪੁਰ ਕੇ ਮਾਂਹੀਂ।
ਰਖੀ ਕੈਦ ਥੀ ਕਰਿ ਪਹਿਲਾਂ ਹੀ ॥੨੯੩॥
ਭੂਪ ਦਲੀਪ ਸਿੰਘ ਕੇ ਤਾਂਈਂ।
ਤਖਤੋਂ ਦਯੋ ਉਤਾਰ ਤਦਾਂਈਂ[1]। — [1]ਤਦੋਂ।
ਪੱਜ[1] ਪੜ੍ਹਾਵਨ ਕਾ ਇਨ ਕਰਿ ਕੈ। — [1]ਬਹਾਨਾ।
ਫਰਖਾਬਾਦ ਪਠਾਯੋ ਬਰ ਕੈ[1] ॥੨੯੪॥ — [1]ਜ਼ੋਰ ਨਾਲ, ਬਦੋ-ਬਦੀ।
ਗੜ੍ਹ ਚੰਡਾਲ ਮੈਂ ਭੇਜੀ ਰਾਨੀ।

ਕਿਲ੍ਹਾ ਜੁ ਕਾਂਸੀ ਢਿਗੈ ਮਹਾਨੀ।
ਸਿੱਖ ਸਰਦਾਰ ਔਰ ਥੇ ਜੇਤੇ।
ਪੂਰਬ ਦਿਸਾ ਪਠਾਏ ਤੇਤੇ ॥੨੯੫॥
ਕਿਤਿਕ ਆਗਰੇ ਕੋਊ ਕਾਂਸੀ।
ਕੋ ਪਰਯਾਗ ਆਦਿ ਕਿਯ ਬਾਸੀ।
ਅਨਿਕ ਠੌਰ ਕਰਿ ਕੈਦ ਰਖਾਏ।
ਦੀਨੀ ਪਿਨਸ਼ਨ ਸਭਿ ਕੀ ਲਾਏ ॥੨੯੬॥
ਸਭਿ ਕੀ ਜ਼ਬਤ ਜਗੀਰੈਂ ਕੀਨੀ।
ਔਰ ਮੁਕਾਨ ਢਹਾਏ ਪੀਨੀ[1]।
[1]ਤਕੜੇ, ਵੱਡੇ।
ਮੁਲਖਿ ਰਾਜ ਸਭਿ ਲਯੋ ਸੰਭਾਰੀ।
ਤਾਂ ਦਿਨ ਤੈ ਅੰਗ੍ਰੇਜ਼ੈਂ ਭਾਰੀ ॥੨੯੭॥
ਮਹਾਰਾਜ ਨੈ ਜਿਤਿਕ ਰਾਜ ਥਾ।
ਲੀਨੋ ਕਰਿ ਕਰਿ ਰਣ ਦਰਾਜ[1] ਥਾ।
[1]ਵੱਡੇ ਜੰਗ।
ਸੋ ਅੰਗ੍ਰੇਜਨ ਤਨਕ ਸੰਗ ਸੈਂ[1]।
[1]ਥੋੜ੍ਹੇ ਜਿਹੇ ਜੰਗ ਨਾਲ।
ਨਿਜ ਕਬਜ਼ੇ ਕਿਯ ਦਗੇ ਸੰਗ ਸੈਂ ॥੨੯੮॥
ਖਾਣ ਮਨੁੱਖੈਂ ਜਰ ਕੀ ਭਾਰੀ[1]।
[1]ਮਨੁੱਖਾਂ ਭਾਵ ਸੂਰਬੀਰਾਂ ਤੇ ਸੋਨੇ ਦੀ ਭਾਰੀ ਖਾਣ ਭਾਵ ਪੰਜਾਬ ਦੀ ਧਰਤੀ।
ਕਰ[1] ਅੰਗ੍ਰੇਜ਼ਨ ਆਈ ਸਾਰੀ।
[1]ਹੱਥ।
ਤਾਂ ਦਿਨ ਤੈ ਅਰੂਜ ਇਨ ਬਾਢੇ[1]।
[1]ਇਨ੍ਹਾਂ ਦਾ ਪ੍ਰਤਾਪ ਵਧਿਆ।
ਸ਼ਾਹਿਨ-ਸ਼ਾਹ ਬਨਿ ਬੈਠੇ ਗਾਢੇ ॥੨੯੯॥
ਹਰਿ-ਦਲੀਪ ਸੈਂ ਦਗਾ ਕਮਾਯੋ।
ਹੁਤੋ ਨਬਾਲਗ[1] ਸੋਊ ਤਦਾਯੋ।
[1]ਬੱਚਾ ਸੀ।
ਨਿਰਦੋਸ਼ੇ ਕਾਰਾਜ ਛਿਨਾਯੋ[1]।
[1]ਖੋਹ ਲਿਆ।
ਅਤੀ ਅਨਜਾਇ ਕੀਨ ਮਨ ਭਾਯੋ ॥੩੦੦॥
ਕਿਛ ਦਿਨ ਕਲਕੱਤੇ ਰਖਿ ਤਾਹੂੰ।
ਲੈ ਗਏ ਫੇਰ ਬਲਾਯਤ ਮਾਹੂੰ[1]।
[1]ਇੰਗਲੈਂਡ ਵਿੱਚ।
ਨਿਜ ਮਤ[1] ਬਾਲਤ ਤਈਂ ਦਿਢੈ ਕੈ[2]।
[1]ਆਪਣਾ ਈਸਾਈ ਮਜ਼ਹਬ। [2]ਪੱਕਾ ਕਰਵਾ ਕੇ।
ਕਰਿ ਲੀਨੋ ਈਸਾਈ ਜੈ ਕੈ[1] ॥੩੦੧॥
[1]ਲੈ ਜਾ ਕੇ।
ਪਿਨਸ਼ਨ ਚਾਰ ਲਾਖ ਸਾਲਾਨਾ।
ਕਰਿ ਦੀਨੀ ਨਿਜ ਦੇਸ਼ ਰਖਾਨਾ।

ਸ਼ਾਦੀ ਦੀਨੀ ਤਹਾਂ ਕਰੈ ਹੈ।
ਜੁਗ ਸੁਤ-ਸੁਤ ਯੁਤ ਅਬ ਲੌਂ ਸੋ ਤੈ ਹੈ[1] ॥੩੦੨॥ — [1]ਓਥੇ ਹੈ।
ਜਿੰਦ ਕੌਰ ਰਾਣੀ ਤਿਸ ਮਾਈ।
ਗੜ੍ਹ ਚੰਡਾਲ ਤੈ ਮੌਕਾ ਪਾਈ।
ਭਾਗ ਗਈ ਨੈਪਾਲ ਮਝਾਰੇ।
ਪੁਨ ਨਿਜ ਸੁਤ ਹਿਤ ਮਿਲਨ ਵਿਚਾਰੇ ॥੩੦੩॥
ਨੰਦਨ ਮੈਂ[1] ਨਿਜ ਸੁਤ ਕੇ ਪਾਸੈਂ। — [1]ਲੰਡਨ ਸ਼ਹਿਰ ਵਿੱਚ।
ਪਹੁੰਚੀ, ਰਹਿ ਤਹਿਂ ਗਈ ਅਕਾਸੈਂ[1]। — [1]ਅਕਾਸ਼ ਵਿੱਚ ਭਾਵ ਮਰ ਗਈ।
ਬੂੜ ਸਿੰਘ ਸਰਦਾਰ ਮੁਕੇਰੀ।
ਸੁਨਿ ਉਨ ਜਾਇ ਵਲਾਯਤ ਫੇਰੀ ॥੩੦੪॥
ਲਜਾਇ ਲੋਥ ਰਾਨੀ ਕੀ ਤਹਿਂ ਤੈ।
ਸ਼ਰਤ ਨਿਮਕ ਪਾਲੀ ਦੁਖ ਸਹਿਤੈ[1]। — [1]ਦੁੱਖ ਸਹਾਰ ਕੇ ਨਿਮਕ ਹਲਾਲੀ ਦੀ ਸ਼ਰਤ ਪਾਲੀ ਭਾਵ ਨਿਮਕ ਹਲਾਲ ਕੀਤਾ।
ਗੰਗਾ ਤਟ ਨਾਸਕ ਢਿਗ ਲਜਾਈ।
ਕਰ ਕੈ ਦਾਹਿ[1] ਸਮਾਧਿ ਬਨਾਈ ॥੩੦੫॥ — [1]ਸਸਕਾਰ ਕਰਕੇ।
ਮਹਾਰਾਜ ਸ਼ੇਰ ਸਿੰਘ ਕੇਰੋ।
ਸੁਤ ਸਹਿਦੇਵ ਸਿੰਘ ਥਾ ਜੇਰੋ[1]। — [1]ਜਿਹੜਾ।
ਢਿਗ ਲਖਨਉ ਜਗੀਰ ਤਾਂਹਿ ਸੋਂ।
ਮਿਲੀ, ਰਹਿਤ ਅਬਿ ਤਹਾਂ ਚਾਹਿ ਸੋਂ[1] ॥੩੦੬॥ — [1]ਉਹ ਸ਼ੌਕ ਨਾਲ।
ਪੂਤ ਪਸ਼ੌਰਾ ਸਿੰਘ ਕਾ ਤੈਸੇ।
ਹੈ ਜਗਜੋਤ ਸਿੰਘ ਤਹਿਂ ਵੈਸੇ।
ਆਹਿ ਜਗੀਰ ਤਾਂਹਿ ਪੈ ਤਹਾਂ।
ਕਰਤ ਗੁਜ਼ਰ ਉਪਕਾਰੀ ਮਹਾਂ ॥੩੦੭॥
ਦੇਖਹੁ ਪਰਮੇਸ਼੍ਵਰ ਕੀ ਮਾਯਾ।
ਬਾਗ ਦਿਖਾਇ ਉਠਾਈ ਛਾਯਾ[1]। — [1]ਬਾਗ ਦਿਖਾ ਕੇ ਛਾਂ ਵੀ ਉਠਾ ਦਿੱਤੀ ਭਾਵਰਾਜ ਭਾਗ ਦਿਖਾ ਕੇ ਕੱਖ ਵੀ ਕੋਲ ਨਾ ਰਹਿਣ ਦਿੱਤਾ।
ਇਤਨੇ ਵੱਡੇ ਮਹਾਰਾਜ ਕੋ।
ਸੁਤ ਪੌਤ੍ਰ ਪੰਜਾਬ ਆਜ ਕੋ ॥੩੦੮॥
ਨਹੀ ਪੇਖੀਅਤ ਹੈ ਬਡ ਕੋਈ[1]। — [1]ਇੱਡੇ ਵੱਡੇ ਮਹਾਰਾਜੇ ਰਣਜੀਤ ਸਿੰਘ ਦਾ ਕੋਈ ਵੱਡਾ ਜਾਂ ਛੋਟਾ ਪੁੱਤਰ ਜਾਂ ਪੋਤਰਾ ਅੱਜ ਪੰਜਾਬ ਵਿੱਚ ਕੋਈ ਨਹੀਂ ਦਿਸਦਾ।

ਨੇਕ ਨਾਮ ਜਾਂ ਤੇ ਜੱਦ ਹੋਈ[1]।
ਜੋ ਮੁਤਬੰਨੇ ਕਰੇ ਰਾਣੀਐਂ[1]।
ਆਹਿਂ ਨਲਾਇਕ ਸਭਿ ਪਛਾਣੀਐਂ ॥੩੦੯॥

[1]ਜਿਸ ਕਰ ਕੇ (ਜੱਦ) ਕੁਲ ਦਾ ਚੰਗਾ ਨਾਮ ਕਾਇਮ ਰਹੇ।

[1]ਰਾਣੀਆਂ ਨੇ ਗੋਦੀ ਲਏ ਪੁੱਤ੍ਰਾਂ ਨੂੰ ਆਪਣੀ ਜਾਇਦਾਦ ਦਾ ਮਾਲਕ ਕੀਤਾ।

ਦੋਹਰਾ:
ਦੁਨੀਆਂ ਦੌਲਤ ਗਜਾਨ ਸੁਖ,
ਹੈ ਈਸ਼੍ਵਰ ਕੀ ਦਾਤ।
ਚਹੈ ਤ ਮੇਰੋਂ ਤ੍ਰਿਣ ਕਰੈ[1],
ਤ੍ਰਿਣ ਤੈ ਮੇਰੁ ਦਿਖਾਤ ॥੩੧੦॥

[1]ਸੁਮੇਰ ਤੋਂ ਕੱਖ ਕਰ ਦੇਂਦਾ ਹੈ।

ਤਵਾਰੀਖ ਗੁਰੁ ਖਾਲਸੇ
ਮਾਂਹਿ, ਆਹਿ ਸਭਿ ਗਾਥ।
ਇਨ ਮਿਸਲੋਂ ਕੀ ਜੋ ਚਹੈ,
ਪੇਖੈ ਤਹਾਂ ਬਖਜਾਤ ॥੩੧੧॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ, 'ਆਠ ਮਿਸਲੋਂ ਕਾ ਪ੍ਰਸੰਗ', ਬਰਨਨੰ ਨਾਮ ਤ੍ਰਿਵੰਜਮੋਂ ਬਿਸ੍ਰਾਮ ॥੫੩॥

੫੪. {ਡੱਲੇ-ਵਾਲੀਆਂ, ਫਰਜ਼ੁੱਲਾ-ਪੁਰੀਆਂ, ਆਹਲੂਵਾਲੀਆਂ ਤੇ ਫੂਲਕੀਆਂ ਆਦਿ ਚਾਰ ਮਿਸਲਾਂ ਦੇ ਪ੍ਰਸੰਗ}

੬. ਮਿਸਲ ਡੱਲੇਵਾਲੀਆਂ

ਦੋਹਰਾ:

ਡੱਲੇਵਾਲੀਆਂ ਕੀ ਭਈ,
ਮਿਸਲ ਜੈਸ ਬਿਧਿ ਔਰ।
ਸੁਨੋ ਖਾਲਸਾ ਜੀ ਅਬੈ,
ਕਹੋਂ ਬੰਦਿ ਪਗਿ ਗੌਰ[1] ॥੧॥ — [1]ਧਿਆਨ ਨਾਲ ਚਰਨਾਂ ਤੇ ਨਮਸ਼ਕਾਰ ਕਰਕੇ।

ਚੌਪਈ:

ਦੁਾਬੇ ਬਿਸਤ ਜਲੰਧਰ[1] ਮਾਹੀਂ। — [1]ਬਿਆਸ ਤੇ ਸਤਲੁਜ ਦੇ ਵਿਚਕਾਰਲਾ ਇਲਾਕਾ, ਜਿਸ ਦੀਰਾਜਧਾਨੀ ਜਲੰਧਰ ਸੀ।
ਡੱਲਾ ਨਾਮ ਪਿੰਡ ਬਿਦਤਾਹੀ[1]। — [1]ਪ੍ਰਗਟ ਹੈ।
ਸ਼ਰਮਾ ਰਾਮ ਹੁਤੋ ਤਹਿਂ ਖੱਤ੍ਰੀ।
ਥਿਯ ਗੁਲਾਬ ਸਿੰਘ ਸੁਤ ਤਿਹ ਅੱਤ੍ਰੀ[1] ॥੨॥ — [1]ਸ਼ਸਤ੍ਰਧਾਰੀ।
ਤੁਰਕ ਜਬੈ ਹਿੰਦੁਨ ਕੋ ਜਬਰੈਂ[1]। — [1]ਧੱਕੇ ਨਾਲ।
ਤੁਰਕ ਕਰਨ ਲਾਗੇ ਬੇ-ਸਬਰੈਂ[1]। — [1]ਬੇ-ਸੰਤੋਖੇ ਹੋ ਕੇ।
ਜਾਨ ਧਰਮ ਨਿਜ ਰਾਖਨ ਹੇਤੈਂ[1]। — [1]ਵਾਸਤੇ।
ਮਿਲਜੋ ਖਾਲਸੇ ਮੈਂ ਇਸ ਹੇਤੈਂ[1] ॥੩॥ — [1]ਕਾਰਨ ਕਰਕੇ।
ਨਾਮ ਗੁਲਾਬ ਸਿੰਘ ਬਿਦਤਾਨਾ।
ਬੀਰ ਬਾਂਕੁਰੋ[1] ਬਲੀ ਮਹਾਨਾ। — [1]ਸੁੰਦਰ ਸੂਰਮਾ।
ਹਰਿ-ਦਿਆਲ ਗੁਰਦਜਾਲ-ਹਰੀ ਜੇ।
ਅਜੈਪਾਲ ਸਿੰਘ ਆਦਿ ਵਰੀ[1] ਜੇ ॥੪॥ — [1]ਸ੍ਰੇਸ਼ਟ।
ਇਤਜਾਦਿਕ ਤਿਸ ਕੇਰ ਬਿਰਾਦਰ[1]। — [1]ਭਰਾ।
ਮਿਲੇ ਪੰਥ ਮੈਂ ਸੋ ਭੀ ਸਾਦਰ[1]। — [1]ਆਦਰ ਨਾਲ।
ਜੰਗ ਜਦਲ[1] ਇਨ ਕਰਿ ਕੈ ਭਾਰੇ। — [1]ਜੰਗ ਜੁੱਧ।
ਦੀਨੀ ਦੁਸ਼ਮਨ[1] ਹਤੇ ਅਪਾਰੇ ॥੫॥ — [1]ਧਰਮ ਦੇ ਵੈਰੀ, ਤੁਰਕ।
ਜਹਿਂ ਜਹਿਂ ਰਹੇ ਸਿੰਘ ਤਬਿ ਲੜਤੇ।
ਹੋਇ ਅਗਾਰੀ ਇਹੁ ਥੇ ਅੜਤੇ।
ਲਖਪਤ ਨੈ ਜਬਿ ਘੱਲੂਘਾਰਾ।
ਕੀਓ ਬਸੌਲੀ[1] ਨਿਕਟਿ ਜੁ ਭਾਰਾ ॥੬॥ — [1]ਪਿੰਡ।
ਗੁਰਦਯਾਲ ਹਰਿਦਜਾਲ ਸਿੰਘ ਤਬਿ।

ਡੂਬੇ ਸੋ ਦਰਯਾਵੈਂ ਬੇਢਬ[1]। — [1]ਬਿਨਾਂ ਢੰਗ ਤੋਂ।
ਕੱਲਾ-ਕੰਗ ਪਿੰਡ ਜੋ ਨੀਕਾ।
ਹੁਤੋ ਚੌਧਰੀ ਤਹਾਂ ਮਰੀਕਾ[1] ॥੭॥ — [1]ਅਮਰੀਕ ਸਿੰਘ।
ਤਾਰਾ ਸਿੰਘ ਗੈਬਾ[1] ਸੁਤ ਤਾਂ ਕਾ। — [1]ਗੁਪਤ ਹੱਲਾ ਕਰਨ ਵਾਲਾ।
ਬਿਦਤਯੋ ਪੰਥ ਮਾਂਹਿ ਬਡ ਬਾਂਕਾ।
ਸਿੰਘ ਗੁਲਾਬ ਕਾ ਚੇਲਾ ਥੀਓ।
ਨਾਹਰ ਸਿੰਘ ਭਾਈ ਤਿਹ ਬੀਓ[1] ॥੮॥ — [1]ਦੂਜਾ।
ਖਜਾਲ ਸਿੰਘ ਸੇ ਤਾਂਹਿ ਬਿਰਾਦਰ[1]। — [1]ਭਰਾ।
ਸਜੇ ਸਿੰਘ ਤਿਸ ਸੋਂ ਮਿਲਿ ਸਾਦਿਰ[1]। — [1]ਨਿਰਭੈ ਹੋ ਕੇ।
ਬੀਸਕ ਸੂਰਬੀਰ ਥੇ ਵੇਹੈਂ[1]। — [1]ਉਹ।
ਏਕੈ ਗੋਤ ਜਾਤ ਜੱਟ ਤੇਹੈਂ[1] ॥੯॥ — [1]ਓਥੇ।
ਜਥਾ ਇਨੋ ਕਾ ਭਯੋ ਕਰਾਰਾ।
ਪੰਥ ਮਾਂਹਿ ਜਸ ਲਯੋ ਉਦਾਰਾ।
ਥਾ ਗੁਲਾਬ ਸਿੰਘ ਡੱਲੇ ਕੇਰੋ।
ਮਾਲਕ ਏਸ ਮਿਸਲ ਕਾ ਹੇਰੋ ॥੧੦॥
ਯਾਂ ਤੇ ਮਿਸਲ ਏਹੁ ਬਿਦਤਾਈ।
ਡੱਲੇਵਾਲੀ ਲਖੋ ਮਹਾਂਈ।
ਜੰਗ ਜਦਲ ਇਨ ਬਡ ਬਡ ਕਰ ਕੈ।
ਲੂਟੀ ਦੌਲਤ ਸੱਤ੍ਰੂ ਹਰ ਕੈ ॥੧੧॥
ਪਾਂਚਮ ਵੇਰੈਂ ਸ਼ਾਹਿ ਦੁਰਾਨੀ।
ਲੂਟੀ ਥੀ ਜਬਿ ਹਿੰਦ ਮਹਾਨੀ।
ਤੀਨ ਹਜਾਰਕ ਤਿਯ ਨਰ ਗਹਿ ਕੈ।
ਲੇ ਚਾਲਯੋ ਨਿਜ ਦੇਸਹਿਂ ਚਹਿ ਕੈ[1] ॥੧੨॥ — [1]ਉਤਸ਼ਾਹ ਕਰਕੇ।
ਰਾਵੀ ਤਟ ਢਿਗ ਡੱਲੇ ਗ੍ਰਾਮੂ।
ਪਹੁੰਚਯੋ ਜਬਿ ਸੁਨਿ ਪੰਥ ਤਮਾਮੂ[1]। — [1]ਸਾਰਾ।
ਪੈ[1] ਸਭਿ ਤੇ ਆਗੇ ਸਿੰਘ ਤਾਰਾ। — [1]ਪਰ।
ਲੈ ਨਿਜ ਤੀਨ ਸਹਸ ਅਸਵਾਰਾ ॥੧੩॥
ਜੰਗ ਦੁਰਾਨਿਨ ਸੋਂ ਕਰਿ ਭਾਰੀ।
ਲਏ ਛੁਡਾਇ ਹਿੰਦੁ ਨਰ ਨਾਰੀ।
ਤਬਿ ਲੌ ਪੰਥ ਪੁਗਯੋ[1] ਸਭਿ ਜਾਈ। — [1]ਪਹੁੰਚ ਗਿਆ।

ਪੈ ਵਹਿ ਫਤੇ ਇਸੀ ਹਥ ਆਈ ॥੧੪॥
ਅਰ ਇਨ ਲੂਟਯੋ ਅਧਿਕ ਖਜਾਨਾ।
ਪਤਿਸ਼ਾਹੀ ਅਸਬਾਬ ਮਹਾਨਾ।
ਜਬਿ ਗੁਲਾਬ ਸਿੰਘ ਸ੍ਵਰਗ ਸਿਧਾਰਾ।
ਤਿਸ ਕੀ ਠੌਰ ਭਯੋ ਸਿੰਘ-ਤਾਰਾ ॥੧੫॥
ਜਿਸ ਸੱਤ੍ਰੂ ਸੋਂ ਕਰਤ ਲਰਾਈ।
ਪਰਤ ਅਚਾਨਕ ਤਾ ਪਰ ਧਾਈ।
ਸ਼ਹਿਰ ਸਹਾਰਨ ਜਾਲਾ-ਪੁਰ ਸੇ।
ਲੂਟੇ ਇਨੈ ਅਚਾਨਕ ਢੁਰ ਸੇ[1] ॥੧੬॥ — [1]ਜਾ ਕੇ।
ਤਾਰਾ ਸਿੰਘ ਗੈਬਾ[1] ਇਸ ਹੇਤੈਂ[2]। — [1]ਗੁਪਤ ਹੱਲਾ ਕਰਨ ਵਾਲਾ। [2]ਇਸੇ ਕਾਰਨ ਕਰਕੇ।
ਬਿਦਤਯੋ ਪੰਥ ਮਾਂਹਿ ਬਲ ਸੇਤੈਂ[1]। — [1]ਬਲ ਦੇ ਸਹਿਤ।
ਜਬੈ ਸਰ੍ਹੰਦ ਪੰਥ ਨੈ ਮਾਰੀ।
ਇਨ ਭੀ ਰੋਕਯੋ ਮੁਲਕ ਅਪਾਰੀ ॥੧੭॥
ਬਿਸਤ-ਦੁਆਬੇ ਮਾਂਹਿ ਅਪਾਰੇ।
ਨਵਾਂ-ਸ਼ਹਰ ਰਾਹੋਂ ਲੌ ਭਾਰੇ।
ਤੀਨ ਲਾਖ ਕਾ ਮੁਲਕ ਮਹਾਨੀ।
ਰਾਹੋਂ ਠਾਨੀ ਨਿਜ ਰਜਧਾਨੀ ॥੧੮॥
ਕਿਲ੍ਹਾ ਦੱਖਣੀ[1] ਕਾ ਬਡ ਲੀਨਾ। — [1]ਪਿੰਡ।
ਮੰਡਜਾਲਾ ਜੰਡਜਾਲਾ ਪੀਨਾ[1]। — [1]ਤਕੜਾ (ਪਿੰਡ)।
ਮੁਲਕ ਅਧਿਕ ਨਿਜ ਤਾਬੇਦਾਰੈਂ।
ਲੈ ਦੀਨੋ ਨਿਜ ਮਿਸਲੈਂ ਵਾਰੈਂ ॥੧੯॥
ਜੱਟ ਬਧੇ ਛੇ ਗੋਤ ਉਦਾਰੇ[1]। — [1]ਸ੍ਰੇਸ਼ਟ ਛੇ ਗੋਤਾਂ ਦੇ ਜੱਟ (ਤਾਕਤ ਵਿੱਚ) ਵੱਧ ਗਏ।
ਵੈਰੋ ਗਾਮ ਵੜਾਇਚ[1] ਵਾਰੇ। — [1]ਗੋਤ।
ਸਿੰਘ ਸੁਜਾਨ ਮਾਨ ਸਿੰਘ ਆਦੀ।
ਸੂਰਬੀਰ ਥੇ ਸਿੰਘ ਮ੍ਰਯਾਦੀ ॥੨੦॥
ਸ਼ਾਹਿਕੋਟ ਗਿਰਦੈ ਅਪਨਾਯੋ।
ਮੁਲਕ ਇਨੈ ਤਾਰਾ ਸਿੰਘ ਦਜਾਯੋ[1]। — [1]ਦਿਵਾ ਦਿੱਤਾ।
ਅਬਿ ਲੌ ਸੰਤਤਿ ਤਿਨ ਕੀ ਤਹੀਂ।
ਸਿੰਘ ਜਗੀਰਦਾਰ ਹੈਂ ਸਹੀ ॥੨੧॥
ਖਜਾਲਾ ਸਿੰਘ ਨਾਹਰ ਸਿੰਘ ਆਦੀ।

ਹੁਤੇ ਕੰਗ ਤਿਸ ਹੀ ਕੇ ਜਾਦੀ[1]। [1]ਗੋਤ ਭਾਈ।
ਸਾਹਿਬ ਸਿੰਘ ਸਰਧਾ ਸਿੰਘ ਔਰੈਂ।
ਮਾਨ-ਚੱਕੀਏ[1] ਜਾਨੋ ਗੌਰੈਂ ॥੨੨॥ [1]ਮਾਨ ਚੱਕ (ਪਿੰਡ) ਦੇ।
ਬਚਨ ਸਿੰਘ ਹਰਿ ਕਵਰ[1] ਮਹਾਨੋ। [1]ਕੰਵਰ ਸਿੰਘ।
ਹੁਤੋ ਮੰਡਜਾਲੇ ਕੇ ਜੱਟ ਜਾਨੋ।
ਸੱਜਨ ਸਿੰਘ ਜੋਧ ਸਿੰਘ ਜੋਈ।
ਹੁਤੇ ਘਸੀਟ ਪੁਰੇ ਕੇ ਸੋਈ ॥੨੩॥
ਇਤਜਾਦਿਕ ਨੇ ਗਿਰਦ ਖੁਮਾਨੋ।
ਤੀਨ ਲਾਖ ਕਾ ਮੱਲਯੋ ਜਾਨੋ।
ਏਕ ਲਾਖ ਤੈ ਜਜਾਦੇ ਅਬਿ ਤੱਕ।
ਹੈ ਉਲਾਦ ਤਿਨ ਕੀ ਪੈ ਬੇਸ਼ੱਕ ॥੨੪॥
ਸਿੰਘ ਖੁਮਾਣੋਂ ਵਾਲੇ ਏਹੂ।
ਪਰਗਟ ਹੈਂ ਸਭਿ ਸਿੰਘਨ ਮੇਹੂ[1]। [1]ਵਿੱਚ।
ਫਤਿਆਵਾਦੀ ਗੁਰਦਿੱਤ-ਹਰੀ।
ਮੀਰਾਂਪੁਰ ਜਗੀਰ ਬਹੁ ਬਰੀ[1] ॥੨੫॥ [1]ਚੰਗੀ ਹੈ।
ਭਾਰ ਸਿੰਘ ਨੌਸ਼ਹਿਰੇ ਵਾਰੇ।
ਔੜਾ ਆਦਿਕ ਗਾਮ ਸੰਭਾਰੇ।
ਭਾਗ ਸਿੰਘ ਦੋਬੁਰਜੀ[1] ਵਾਲੇ। [1]ਪਿੰਡ।
ਗਾਮ ਸੀਕਰੀ ਆਦਿ ਸੰਭਾਲੇ ॥੨੬॥
ਭੰਗਾ ਸਿੰਘ ਭਾਗ ਸਿੰਘ ਔਰੈਂ।
ਗਿਰਦ ਥਨੇਸਰ ਮੱਲਯੋ ਗੌਰੈਂ।
ਸਾਹਿਬ ਸਿੰਘ ਕੁੰਢੇ ਨੈ ਬਾਂਕਾ[1]। [1]ਸੁੰਦਰ।
ਲਯੋ ਲਾਡੂਏ[1] ਕੇਰ ਇਲਾਕਾ ॥੨੭॥ [1]ਪਿੰਡ।
ਖੇੜੀ ਕੇਰ ਇਲਾਕਾ ਭਾਰੀ।
ਨੌਧ ਸਿੰਘ ਨੈ ਲੀਓ ਸੰਭਾਰੀ।
ਔਰ ਚੋਲੀਏ[1] ਸਿੰਘਨ ਧਾਈ। [1]ਚੋਲੀਏ ਗੋਤ ਦੇ। (ਅ) ਪਿੰਡ ਦੇ।
ਮੁਲਕ ਬੁੜੈਲ ਗਿਰਦ ਲਿਯ ਜਾਈ ॥੨੮॥
ਤਾਰਾ ਸਿੰਘ ਨੱਥਾ ਸਿੰਘ ਬੀਰੈਂ।
ਕਕਰਾਲੇ ਬਡ ਲਈ ਜਗੀਰੈਂ।
ਹਰੀ ਸਿੰਘ ਨੈ ਰੋਪੜ ਕਸਬਾ[1]। [1]ਛੋਟਾ ਸ਼ਹਿਰ।

ਔਰ ਸਜਾਲਬੇ ਆਦਿਕ ਤਸਬਾ[1] ॥੨੯॥
ਦੋਇ ਲਾਖ ਕਾ ਮੁਲਕ ਸੰਭਾਰਾ।
ਯਾਹੀਂ ਬਿਧਿ ਸਭਿ ਹੀ ਸਰਦਾਰਾ।
ਤੁਰਕ ਰਈਸ ਹੁਤੇ ਜੇ ਭਾਰੇ।
ਤਿਨ ਤੇ ਮੁਲਕ ਛੁਡਯੋ ਅਪਾਰੇ[1] ॥੩੦॥

ਦੋਹਰਾ:
ਅਬਿ ਤਾਰਾ ਸਿੰਘ ਕੀ ਸੁਨੋ,
ਬਾਕੀ ਗਾਥਾ ਔਰ।
ਮਾਲਕ ਥਾ ਵਹਿ ਮਿਸਲ ਕਾ,
ਮੁਲਕ ਸੰਭਾਰਯੋ ਗੌਰ ॥੩੧॥
ਧਰਮ ਕੋਟ ਕਾ ਪਰਗਨਾ
ਅਰ ਘੁੰਘਰਾਣੇ ਕੇਰ।
ਸਤਲੁਜ ਤੈ ਪੂਰਬ ਦਿਸਾ,
ਫਤੇ ਕਰੇ ਤਿਸ ਫੇਰ ॥੩੨॥

ਕਾਬਯ ਛੰਦ:
ਜਬਿ ਸਰ੍ਹੰਦ ਸਿੰਘਨ ਥੀ ਮਾਰੀ,
ਇਹ ਭੀ ਲਰਯੋ ਮਹਾਨਾ।
ਕਿਲ੍ਹੇ ਵੀਚ ਤੈ ਇਸ ਕੋ ਮਿਲਿਓ,
ਸ਼ਾਹੀ ਬਡੋ ਖਜਾਨਾ।
ਹੀਰਾ ਪੰਨਾ ਲਾਲ ਜਵਾਹਰ,
ਮੋਤੀ ਮਣੀਆਂ ਪਾਰਾ।
ਸੋਨਾ ਚਾਂਦੀ ਏਕ ਕੋਟ ਕਾ[1],
ਇਸ ਨੈ ਮਾਲ ਸੰਭਾਰਾ ॥੩੩॥
ਤੋਪ ਚਾਰ ਹੱਥਜ਼ਾਰ ਅਪਾਰੈ,
ਲੈ ਰਾਹੋਂ ਮਧ ਆਯੋ।
ਦਾਮਨ-ਕੋਹ[1] ਤੱਕ ਮੱਧ ਦੁਆਬੈ,
ਇਨ ਬਹੁ ਮੁਲਕ ਦਬਾਯੋ।
ਜੋਧ ਸਿੰਘ ਰਾਮਗੜ੍ਹੀਆ ਔਰੈਂ,
ਫਤੇ ਸਿੰਘ ਨ੍ਰਿਪ ਆਲੂ।
ਅਰ ਸੰਸਾਰ ਚੰਦ ਕਾਟੋਚੀ,

[1]ਕਬਜ਼ਾ ਕਰ ਲਿਆ।
[1]ਉਨ੍ਹਾਂ ਤੋਂ ਬਹੁਤੇ ਮੁਲਕ ਛੁਡਾ ਲਏ।
[1]ਇਕ ਕ੍ਰੋੜ ਦਾ।
[1]ਪਹਾੜ ਦੀਆਂ ਜੜ੍ਹਾਂ ਪਾਸ ਦਾ ਦੇਸ਼।

ਹੁਤੋ ਜੁ ਭੂਪ ਬਿਸਾਲੂ ॥੩੪॥
ਲਰਤ ਰਹੇ ਤੀਨੋ ਸਦ ਇਸ ਸੈਂ,
ਨਿਜ ਨਿਜ ਹੱਦਨ ਪੈਹੈ।
ਪੈ ਤਾਰਾ ਸਿੰਘ ਗੈਬਾ ਲਰ ਕਰਿ,
ਪਾਵਤ ਰਹਜੋ ਫਤੈ ਹੈ।
ਇਸ ਕੇ ਸੰਗੀ ਮਿਸਲ ਦਾਰ ਜੇ,
ਥੇ ਸਰਦਾਰ ਅਪਾਰੇ।
ਜਾਨੈਂ ਤੋੜ ਲੜਤ ਥੇ ਇਸ ਹਿਤ,
ਨਿਜ ਨਿਜ ਦਲ ਸਾਰੇ ॥੩੫॥
ਹੁਤੋ ਉਦਾਰ ਸਖੀ ਅਤਿਸੈ ਇਹੁ,
ਪੈਦਾ[1] ਇਸ ਜੋ ਆਤੀ।
ਸਭਿ ਕੋ ਬਾਂਟ ਦੇਤ ਬਿਨੁ ਦੇਰੈਂ,
ਸ਼ੀਰੀਂ-ਸੁਖਨ ਮਹਾਂ ਥੀ[1]।
ਬਲਿਕੈ[1] ਲੰਗਰ ਗ੍ਰਾਮ ਗ੍ਰਾਮ ਮੈਂ,
ਲਾਇ ਰਖੇ ਥੇ ਭਾਰੇ।
ਸਾਧੂ ਸਿੱਖ ਗਰੀਬ ਰੱਯਤੈਂ,
ਸਭਿ ਕੋ ਦੇਤ ਅਪਾਰੇ ॥੩੬॥
ਇਸ ਹਿਤ ਰੱਯਤ ਇਸ ਕੀ ਮੱਦਦ,
ਕਰਤੀ ਜੰਗ ਮਝਾਰੈਂ।
ਮੁਹਕਮ-ਚੰਦ ਦੀਵਾਨ ਲਹੌਰੀ,
ਗਯੋ ਕਈ ਬਿਰ ਹਾਰੈਂ।
ਲਵਪੁਰ-ਪਤਿ ਸੋਂ[1] ਫਿਰ ਸਲੂਕ ਇਨ,
ਕਰਿ ਲੀਨੋ ਥਾ ਨੀਕੈਂ[1]।
ਅੱਠਾਰਾਂ ਸੈ ਚੌਸਠ ਮੈਂ ਜਬਿ,
ਸੁਰਗ ਸਿਧਾਰਜੋ ਠੀਕੈਂ ॥੩੭॥
ਮਾਤਮ ਪੁਰਸੀ ਹਿਤ[1] ਲਵਪੁਰ-ਪਤਿ,
ਘਰ ਇਸ ਕੇ ਪੁਨ ਆਯੋ।
ਫਤੇ ਸਿੰਘ ਆਲੂ ਕੀ ਮਸਲਤ
ਸੈਂ[1], ਇਮ ਦਗਾ ਕਮਾਯੋ।
ਸਿੰਘ ਦਸੌਂਧਾ ਤਾਰਾ-ਹਰਿ ਕਾ

[1]ਆਮਦਨੀ।
[1]ਬਚਨਾਂ ਵਿੱਚ ਬਹੁਤ ਮਿਠਾਸ ਸੀ।
[1]ਸਗੋਂ।
[1]ਮਹਾਰਾਜਾ ਰਣਜੀਤ ਸਿੰਘ ਨਾਲ।
[1]ਚੰਗਾ (ਸਲੂਕ) ਵਰਤਾਉ।
[1]ਅਫ਼ਸੋਸ ਕਰਨ ਵਾਸਤੇ।
[1]ਸਲਾਹ ਨਾਲ।

ਸੁਤ[1], ਮਿਲਨੇ ਜਬਿ ਆਯੋ।
ਮਹਾਰਾਜ ਨੈ ਕੈਦ ਕਰਜੋ ਸੋ,
ਜਬਰਨ ਮੁਲਕ ਦਬਾਯੋ ॥ ੩੮ ॥
ਰਤਨ ਕੌਰ ਤਿਯ ਤਾਰਾ ਸਿੰਘ ਕੀ,
ਲੜੀ ਪਹਿਰ ਦੁਇ ਆਛੇ।
ਮਹਾਰਾਜਾ ਨ੍ਰਿਪ ਆਲੂ[1] ਕੇਰੀ,
ਫੌਜ ਹਟਾਈ ਪਾਛੇ।
ਗੋਲੇ ਤੋਪਨ ਮੈਂ ਚਾਂਦੀ ਕੇ,
ਚਲਵਾਏ ਇਸ ਭਾਏ।
ਮਹਾਰਾਜ ਕੇ ਤੰਬੂ ਕੇਰੀ,
ਦੀਨੀ ਚੋਬ ਉਡਾਏ ॥ ੩੯ ॥
ਮਹਾਰਾਜ ਛਲ ਬਲ ਕਰ ਤਿਸ ਕੇ,
ਕਾਰਦਾਰ ਭਰਮਾਏ।
ਨਿਮਕ ਹਰਾਮਨ ਖੋਲ੍ਹ ਦਯੋ ਦਰ,
ਧਸਜੋ ਕਿਲ੍ਹੇ ਮੈਂ ਜਾਏ।
ਰਤਨ ਕੌਰ ਕੋ ਸਾਤ ਗਾਮ ਦੈ,
ਪਾਂਚ ਤਾਂਹਿ ਕੇ ਪੂਤੈਂ।
ਮੁਲਖ ਆਠ ਲਖ ਕਾ ਤਿਨ ਕੇਰਾ,
ਲਯੋ ਐਸ ਛਲ ਯੂਤੈਂ[1] ॥ ੪੦ ॥
ਜਵਾਹਰਾਤ ਬੀਸ ਲਖ ਨਕਦੀ,
ਔਰ ਸਮਾਨ ਸੰਭਾਰੇ।
ਦੁਤੀ ਸਾਲ ਫਿਰ ਲਵਪੁਰ ਪਤਿ ਜਬਿ,
ਗਯੋ ਸਤਲੁਜੋਂ ਪਾਰੇ।
ਧਰਮਕੋਟ ਘੁੰਘਰਾਣੇ ਕੇਰੇ,
ਹੁਤੇ ਇਲਾਕੇ ਜੋਊ।
ਤਾਰਾ ਸਿੰਘ ਕਾ ਸੁਤ ਗੁੱਜਰ ਸਿੰਘ,
ਮਾਲਕ ਥਾ ਤਿਨ ਸੋਊ ॥ ੪੧ ॥
ਮਹਾਰਾਜ ਤਿਸ ਤੈ ਸਭ ਛੀਨੇ,
ਦੀਨੋ ਏਕ ਨ ਗ੍ਰਾਮੂ।
ਲਵਪੁਰ-ਪਤਿ ਅਤਿ ਪਾਪ ਕਰਜੋ ਯਹਿ,

[1]ਤਾਰਾ ਸਿੰਘ ਦਾ ਪੁੱਤਰ ਦਸੌਂਧਾ ਸਿੰਘ।

[1]ਆਹਲੂਵਾਲੀਆਰਾਜਾ ਫ਼ਤੇ ਸਿੰਘ।

[1]ਇਸ ਤਰ੍ਹਾਂ ਛਲ ਕਰਕੇ।

ਮਰਜੋ ਸੁ ਹੋਇ ਬਿਰਾਮੁ[1]।
ਅੱਠਾਰਾਂ ਸੌ ਸੱਤਰ ਮੈਂ ਜਬਿ,
ਰਤਨ ਕੌਰ ਫਿਰ ਮੁਈ।
ਗਾਮ ਤਾਂਹਿ ਕੇ ਮਹਾਰਾਜ ਲਿਯ,
ਸੁਨੋ ਬਾਤ ਅਬ ਦੂਈ ॥ ੪੨ ॥
ਝੰਡਾ ਸਿੰਘ ਦਸੌਂਧਾ ਸਿੰਘ ਪੈ,
ਪਾਂਚ ਗਾਮ ਥੇ ਜੋਈ।
ਉਨੇ ਵਾਲੇ ਬੇਦੀ ਜਬਰਨ,
ਛੀਨ ਲਏ ਪੁਨ ਸੋਈ।
ਮਹਾਰਾਜ ਨੈ ਸੁਨੀ ਨ ਕਾਈ,
ਵਹਿ ਫਿਰ ਹੋਇ ਲਚਾਰੇ।
ਨਿਕਟਿ ਨਕੋਦਰ ਬਾਲੂ ਕੇ ਪਿੰਡ,
ਆਇ ਥਿਰੇ ਵਹਿ ਹਾਰੇ ॥ ੪੩ ॥
ਸੋ ਗਰਾਮ ਤਾਰਾ ਸਿੰਘ ਮਾਫੀ,
ਸੰਤਨ ਕੋ ਥਾ ਦੀਨਾ।
ਉਸ ਕੀ ਸੰਤਤਿ ਕੋ ਦੁੱਖਜਾਰੀ,
ਪਿਖਿ ਮਹੰਤ ਇਮ ਕੀਨਾ।
ਆਧਾ ਗ੍ਰਾਮ ਦਯੋ ਤਬਿ ਤਿਨ ਕੋ,
ਆਧਾ ਆਪ ਰਖੈ ਹੈ।
ਅਮਰ ਸਿੰਘ ਆਦਿਕ ਅਬਿ ਤਿਨ ਕੀ,
ਸੰਤਤਿ ਤਹਾਂ ਬਸੈ ਹੈ ॥ ੪੪ ॥
ਜਿਮੀ ਆਠ ਸੌ ਵਿਘੇ ਤਿਨੋ ਪੈ,
ਅਰ ਬਡ ਲੰਬਰਦਾਰੀ।
ਅਮਰ ਸਿੰਘ ਭੀ ਜੈਲਦਾਰ ਹੈ,
ਬਹੁ ਗ੍ਰਾਮਨ ਕੁਨਕਾਰੀ[1]।
ਡੱਲੇਵਾਲੀ ਮਿਸਲ ਕੇਰ ਕੀ
ਗਾਥ ਭਈ ਇਤਿ ਏਹੋ।
ਤ੍ਰਿਣ ਤੈ ਮੇਰੁ ਤੈ ਤ੍ਰਿਣਕਾ
ਕਰੈ ਰੱਬ ਲਖ ਲੇਹੋ ॥ ੪੫ ॥
੧੦. ਮਿਸਲ ਫਰਜ਼ੁੱਲਾ ਪੁਰੀਆਂ ਕੀ

[1]ਬੇਅਰਾਮ ਹੋ ਕੇ।

[1]ਬਹੁਤੇ ਪਿੰਡਾਂ ਦਾ ਕਾਰਕੁਨ (ਅਹਿਲਕਾਰ) ਹੈ।

ਦੋਹਰਾ:
ਫਰਜ਼ੁੱਲਾ-ਪੁਰੀਅਨ ਕੀ,
ਮਿਸਲ ਕੇਰ ਅਬਿ ਹਾਲ।
ਸੁਨੋ ਸੁਨਾਊਂ ਭਲੀ ਬਿਧਿ,
ਗੁਰ ਕੇ ਸਿੱਖ ਰਸਾਲ[1] ॥੪੬॥
ਸਿੰਘ-ਪੁਰੀਆਂ ਕੀ ਭੀ ਕਹੈਂ,
ਇਸੀ ਮਿਸਲ ਕਾ ਨਾਮ।
ਆਹਿ ਜਲੰਧਰ ਨਿਕਟਿ ਇਕ,
ਫਰਜੁੱਲਾ ਪੁਰ ਗ੍ਰਾਮ ॥੪੭॥
ਚੌਪਈ:
ਹੁਤੋ ਤਹਾਂ ਇਕ ਬਸਨੇ ਵਾਰੋ।
ਸਿੰਘ ਕਪੂਰ ਬੀਰ ਬਰ ਧਾਰੋ।
ਮਿਲ ਕਰਿ ਤਾਂਹਿ ਖਾਲਸੇ ਸੰਗਾ।
ਤੁਰਕਨ ਸੋਂ ਕੀਨੇ ਬਹੁ ਜੰਗਾ ॥੪੮॥
ਜੋ ਜੋ ਕਾਮ ਨੇਕ ਤਿੰਹ ਕਰੇ।
ਸੋ ਪਾਛੇ ਆਛੇ ਹਮ ਰਰੇ[1]।
ਤਾਂ ਕੋ ਮਿਲੀ ਨੁਵਾਬੀ ਜੈਸੇ।
ਕਹੀ ਗਾਥ ਪਾਛੇ ਹਮ ਤੈਸੇ ॥੪੯॥
ਮਿਸਲ ਤਾਂਹਿ ਕੀ ਜੈਸੇ ਹੋਈ।
ਸੁਨੋ ਗਾਥ ਅਬਿ ਭਾਖੋਂ ਸੋਈ।
ਸਿੰਘ-ਕਪੂਰ ਬ੍ਰਿਕ ਜੱਟ ਜਾਨੋ।
ਭਯੋ ਪੰਥ ਮੈਂ ਪਰਗਟ ਮਾਨੋ ॥੫੦॥
ਜਬੈ ਕਸੂਰ ਖਾਲਸੇ ਮਾਰੀ।
ਦੌਲਤ ਲੂਟੀ ਸਭਿ ਨੈ ਭਾਰੀ।
ਹਾਥ ਕਪੂਰ ਸਿੰਘ ਕੇ ਤਹਾਂ।
ਦੌਲਤ ਬਹੁ ਬਿਧਿ ਆਈ ਮਹਾਂ ॥੫੧॥
ਰਾਖ ਲਏ ਤਿਨ ਬਹੁ ਅਸਵਾਰੂ।
ਔਰ ਸੰਗ ਬਹੁ ਮਿਲੇ ਸੂਦਾਰੂ।
ਜਥਾ ਭਯੋ ਇਨ ਕਾ ਵਡ ਭਾਰਾ।
ਲੰਗਰ ਚਲਨੇ ਲਗਜੋ ਅਪਾਰਾ ॥੫੨॥

[1]ਸੁੰਦਰ।

[1]ਕਹੇ ਹਨ।

ਨੁਵਾਬ ਕਪੂਰ ਸਿੰਘ ਸਰਦਾਰਾ।
ਭਯੋ ਜਥੇ ਕਾ ਮਾਲਕ ਭਾਰਾ।
ਜੰਗ ਜਦਲ ਜੋ ਇਨ ਬਡ ਕੀਨੇ।
ਪੂਰਬ ਹਮ ਸਭਿ ਗਾਏ ਪੀਨੇ ॥੫੩॥
ਸਨੇ ਸਨੇ ਇਸ ਢਿਗ ਅਸਵਾਰੈਂ।
ਭਯੋ ਇਕੱਠਾ ਆਠ ਹਜਾਰੈਂ।
ਮੁਲਕ ਦਬਾਯੋ ਸਿੰਘਨ ਜਬਿ ਹੀ।
ਰੋਕਯੋ ਮੁਲਕ ਅਧਿਕ ਇਨ ਤਬਿ ਹੀ ॥੫੪॥
ਸ਼ਹਿਰ ਜਲੰਧਰ ਦੁਆਬਾ ਦੇਸ।
ਮੈਣ-ਦਾਬ[1] ਮੈਂ ਔਰ ਵਿਸੇਸ[2]।
ਸਾਤ ਲਾਖ ਕੇ ਲਖੋ ਕਰੀਬੈਂ।
ਭਯੋ ਮੁਲਕ ਇਨ ਪਾਸ ਅਜੀਬੈਂ ॥੫੫॥
ਰਜਧਾਨੀ ਤਿਨ ਠਟੀ[1] ਜਲੰਧਰ।
ਦੁਤੀ ਮਨੌਲੀ ਮਾਲਵ ਅੰਦਰ।
ਗਢ[1] ਅਟੱਲ-ਬੇਲਾ ਪੁਨ ਮਾਨੋ।
ਮੈਣ-ਦਾਬ ਮਧ ਪ੍ਰਗਟ ਪਛਾਨੋ ॥੫੬॥
ਅੱਠਾਰਾਂ ਸੈ ਤੇਈ ਮਝਾਰਾ।
ਜਬਿ ਕਪੂਰ ਸਿੰਘ ਸ੍ਵਰਗ ਸਿਧਾਰਾ।
ਆਹਿ ਸਮਾਧਿ ਸੁਧਾਸਰ ਮਾਹੈਂ।
ਬਾਬਾ ਅਟਲਰਾਇ ਕੇ ਪਾਹੈਂ[1] ॥੫੭॥
ਦੁਇ ਰਜਾਸਤਾਂ ਇਸ ਨੇ ਥਾਪੀ[1]।
ਇਕ ਜੱਸਾ ਸਿੰਘ ਕੇਰ ਅਮਾਪੀ[1]।
ਚੇਲਾ ਪੁਤ੍ਰੈਲਾ ਥਾ ਯਾਂ ਕਾ[1]।
ਆਲੂਵਾਲੀਆ ਸੋ ਬਡ ਬਾਂਕਾ ॥੫੮॥
ਦੁਤੀ ਬਿਰਾਦਰ ਜਾਦੇ ਕੇਰੀ[1]।
ਲੇਹੁ ਖੁਸ਼ਾਲ ਸਿੰਘ ਕੀ ਹੇਰੀ।
ਬਾਦ ਕਪੂਰ ਸਿੰਘ ਤੇ ਸੋਯੋ[1]।
ਮਾਲਕ ਮਿਸਲ ਰਯਾਸਤ ਹੋਯੋ ॥੫੯॥
ਅੱਠਾਰਾਂ ਸੈ ਪੰਝੀ ਮਾਂਹੀਂ।

[1]ਘੱਘਰ ਤੇ ਜਮਨਾ ਵਿਚਕਾਰ ਦਾ ਦੇਸ਼। [2]ਬਹੁਤੇ (ਇਲਾਕੇ)।
[1]ਬਣਾਈ।
[1]ਕਿਲ੍ਹਾ।
[1]ਪਾਸ।
[1]ਬਣਾਈਆਂ।
[1]ਵੱਡੀ।
[1]ਇਸ ਕਪੂਰ ਸਿੰਘ ਦਾ ਚੇਲਾ ਸੀ ਜੋ ਪੁੱਤ੍ਰ ਬਣਾਇਆ ਹੋਇਆ ਸੀ।
[1]ਦੂਜੀ ਰਿਆਸਤ ਭਰਾ ਦੇ ਪੁੱਤਰ (ਖੁਸ਼ਾਲ ਸਿੰਘ) ਦੀ ਸੀ।
[1]ਉਹ (ਖੁਸ਼ਾਲ ਸਿੰਘ)।

ਜੰਗ ਜਦਲ ਇਨ ਠਾਨ ਮਹਾਂਈਂ[1]।
ਸ਼ੇਖ ਸ਼ਰਫ ਜਾਲੰਧਰ ਵਾਰੇ।
ਆਦਿ ਨੁਵਾਬ ਹਤੇ[1] ਇਨ ਭਾਰੇ ॥ ੬੦ ॥
ਕਰਿ ਕੈ ਫਤੇ ਮੁਲਕ ਛੁਡਵਾਯੋ।
ਅਪਨੇ ਕਬਜੇ ਮਾਹਿ ਲਿਆਯੋ।
ਫਿਰ ਰੋਪੜੀਏ ਸੰਗ ਪਠਾਨੈ।
ਜੰਗ ਜਦਲ ਇਨ ਕੀਨ ਮਹਾਨੈਂ ॥ ੬੧ ॥
ਹੁਤੋ ਮਰਾਝ ਸਿੰਘ ਇਕ ਜੋਧਾ।
ਤਾਂਹਿ ਪਠਾਨ ਨ੍ਰਿਪ ਕੋ ਸੋਧਾ[1]।
ਯੱਦਪਿ ਓਨ ਸ਼ਹੀਦੀ ਪਾਈ।
ਪੈ ਗਯੋ ਅਰਿ ਤੈ ਮੁਲਕ ਛੁਡਾਈ ॥ ੬੨ ॥
ਦੁੱਲਤ ਗੋਤ ਜਾਤ ਜਟ ਸੂਰਾ।
ਜਤੀ ਸਤੀ ਥਾ ਗੁਰੁਸਿੱਖ ਪੂਰਾ।
ਆਹਿ ਸ਼ਹੀਦ ਗੰਜ ਤਿਸ ਕੇਰਾ।
ਨਿਕਟਿ ਮਨੌਲੀ ਪੂਜ ਬਧੇਰਾ ॥ ੬੩ ॥
ਲਵਪੁਰ-ਪਤਿ ਕੀ ਮਦਦ ਹਮੇਸ਼ੈਂ।
ਖੁਸ਼ਾਲ-ਹਰੀ ਰਹਜੋ ਕਰਤ ਬਿਸ਼ੇਸ਼ੈਂ।
ਕਾਇਮ ਅਪਨਾ ਰਾਜ ਰਖਾਨਾ।
ਔਰਹਿ ਦਾਬਤ ਰਹਜੋ ਮਹਾਨਾ ॥ ੬੪ ॥
ਸਾਲ ਤ੍ਰਿਤਾਲੀ ਮੈਂ[1] ਤਨ ਤੱਜਜੋ।
ਪਾਛੇ ਬੁਧ ਸਿੰਘ ਸੁਤ ਤਿਹ ਗੱਜਜੋ।
ਲਵਪੁਰ ਪਤਿ ਕੇ ਮੱਧ ਦਰਬਾਰੈਂ।
ਰਹਜੋ ਮਾਨ ਤਿਸ ਕਾ ਅਤਿ ਭਾਰੈਂ ॥ ੬੫ ॥
ਜਬਿ ਮੁਲਤਾਨ ਸੂਕਾਰ ਛੁਡਾਈ।
ਇਹੁ ਭੀ ਲੜਜੋ ਤਹਾਂ ਅਧਿਕਾਈ।
ਫਿਰ ਕਸ਼ਮੀਰ ਜੰਗ ਜਬਿ ਭਯੋ।
ਇਹੁ ਮੱਦਦ ਹਿਤ ਨਹਿਂ ਤਬਿ ਗਯੋ ॥ ੬੬ ॥
ਇਸ ਹਿਤ ਸ੍ਰੀ ਰਣਜੀਤ ਮ੍ਰਿਗੇਸੈਂ।
ਛੀਨਜੋ ਇਸ ਕਾ ਮੁਲਕ ਬਿਸੇਸੈਂ।
ਏਕ ਜਲੰਧਰ ਕੇਰ ਇਲਾਕਾ।

[1]ਬਹੁਤ ਜੰਗ ਜੁੱਧ ਕਰਕੇ।
[1]ਮਾਰੇ।
[1]ਸੋਧਿਆ ਭਾਵ ਮਾਰ ਦਿੱਤਾ।
[1]੧੮੪੩ ਬਿ: ਵਿੱਚ।

ਉਤ ਦਿਸ ਰਹਯੋ ਏਸ ਢਿਗ ਬਾਂਕਾ ॥੬੭॥
ਦਾੜ੍ਹੀ ਕੋ ਇਹੁ ਕਲਫ ਲਗਾਤੋ।
ਇਸ ਹਿਤ ਸਿੱਖ ਗਨ ਬੁਰਾ ਮਨਾਤੋ।
ਇਕ ਦਿਨ ਮਧ ਦਰਬਾਰ ਲਹੌਰੈਂ।
ਬਾਤ ਧਰਮ ਕੀ ਚਾਲੀ ਗੌਰੈਂ ॥੬੮॥
ਫਤੇ ਸਿੰਘ ਆਲੂ ਤਬਿ ਗਾਯੋ।
ਸਿੱਖ ਹੋਇ ਜੋ ਕਲਫ ਲਗਾਯੋ।
ਤਿਸ ਕੋ ਕਿਆ ਤਨਖਾਹ ਲਗਾਨੀ।
ਚਹੀਏ ਸੁਨ ਨ੍ਰਿਪ ਬੋਲਯੋ ਬਾਨੀ ॥੬੯॥
ਤਿਸ ਸਰਦਾਰ ਕੇਰ ਏਲਾਕਾ।
ਛੀਨਨ ਜੋਗ ਅਹੇ ਦਿਢ ਬਾਂਕਾ।
ਏਹੁ ਅਸ਼ਾਰੇ[1] ਬੁਧ ਸਿੰਘ ਸੁਨ ਕੈ।
ਅਰਥ ਸਭੀ ਨਿਜ ਹੀ ਪਰ ਗੁਨ ਕੈ[1] ॥੭੦॥
ਭਾਗ ਸਤਲੁਜੈ ਉਸ ਦਿਸ ਗਯੋ।
ਜਾਲੰਧਰ ਕਾ ਮੁਲਕ ਤਜਯੋ।
ਸੋ ਰਣਜੀਤ ਸਿੰਘ ਦਬ ਲਯੋ।
ਬੁਧ ਸਿੰਘ ਫੇਰ ਉਤੈ ਨਹਿੰ ਗਯੋ ॥੭੧॥
ਅਪਨੇ ਹੀ ਏਲਾਕੇ ਮਾਂਹੀ।
ਰਹਯੋ ਭਰਤਗੜ੍ਹ ਮੈਂ ਸਦ ਚਾਹੀ[1]।
ਚਾਰ ਲਾਖ ਕਾ ਹੁਤੋ ਇਲਾਕਾ।
ਉਸ ਦਿਸ ਭੀ ਬੁੱਧ ਸਿੰਘ ਕਾ ਬਾਂਕਾ ॥੭੨॥
ਗਵਰਮਿੰਟ ਅੰਗ੍ਰੇਜ਼ੀ ਕੇਰੈਂ।
ਰਹਯੋ ਹਮੇਸ਼ ਹਕੂਮਤ ਜ਼ੇਰੈਂ[1]।
ਅਠਾਰਾਂ ਸੈਂ ਪਞੱਤਰੇ ਮਾਂਹੀਂ।
ਸੁਰਪੁਰ ਗਯੋ ਰਾਜ ਤਜਿ ਯਾਹੀ ॥੭੩॥
ਸਾਤ ਪੂਤ ਥੇ ਇਸ ਕੇ ਨੀਕੈਂ।
ਬਡੋ ਅਮਰ ਸਿੰਘ ਥਾ ਭਲ ਠੀਕੈਂ।
ਮਾਲਕ ਸੋ ਰਜਾਸਤ ਕਾ ਥੀਓ।
ਪੈ ਹਿੱਸਾ ਸਭਿ ਹੀ ਕੋ ਦੀਓ ॥੭੪॥
ਹਿੱਸੇ ਦੋਇ ਰਖੇ ਖੁਦ ਭਾਰੀ।

[1]ਇਸ਼ਾਰੇ।
[1]ਇਨ੍ਹਾਂ ਗੱਲਾਂ ਦਾ ਅਰਥ ਭਾਵ ਆਪਣੇ ਉਪਰ ਹੀ ਵਿਚਾਰ ਕੇ।
[1]ਉਤਸ਼ਾਹ ਨਾਲ।
[1]ਅਧੀਨ।

ਉਨ ਪਰ ਬਨੀ ਰਹੀ ਸਰਦਾਰੀ।
ਬੇ-ਇਤਫਾਕੀ ਪਹਿਲੇ ਥਈ[1]। [1]ਹੋ ਗਈ।
ਜਾਂ ਤੇ ਰਜਾਸਤ ਬਾਂਟੀ ਗਈ ॥੭੫॥
ਤਬੈ ਦੁਸ਼ਮਨੋ ਗ੍ਰਾਮ ਬਧੇਰੇ।
ਦਾਬ ਲਏ ਕਰਿ ਝਗਰੇ ਝੇਰੇ।
ਭੂਪਾਲ ਸਿੰਘ ਕੋ ਦਈ ਘਨੌਲੀ।
ਗੁਪਾਲ ਸਿੰਘ ਕੋ ਲਖੋ[1] ਮਨੌਲੀ ॥੭੬॥ [1]ਜਾਣੋ।
ਲਾਲ ਸਿੰਘ ਕੋ ਬੁੰਗਾ ਦੀਓ।
ਹਰਿਦਆਲ ਸਿੰਘ ਬੇਲਾ ਲੀਓ।
ਗੜ੍ਹ-ਅਟੱਲ ਗੁਰੁ ਦਜਾਲ ਸਿੰਘ ਲਿਯ।
ਦਜਾਲ ਸਿੰਘ ਕੋ ਕੰਧੋਲਾ ਦਿਯ ॥੭੭॥
ਏਹੁ ਅਲਾਕੇ ਤਿਨ ਕੋ ਦੈ ਕੈ।
ਰਖਜੋ ਭਰਤ-ਗੜ੍ਹ ਖੁਦ ਅਪਨੈ ਕੈ।
ਹਿੱਸੇ ਦੋਇ ਰਖੇ ਖੁਦ ਭਾਰੀ।
ਉਨ ਪਰ ਬਨੀ ਰਹੀ ਸਰਦਾਰੀ ॥੭੮॥
ਰਜਾਸਤ ਇਨ ਕੀ ਹਲਕੀ ਭਈ।
ਏਕ ਲਾਖ ਕੀ ਹੀ ਰਹਿ ਗਈ।
ਅਮਰ ਸਿੰਘ ਪੁੰਨ ਹੋਇ ਉਦਾਸੈਂ।
ਕਰਜੋ ਜਾਇ ਕੁਰੁਖੇਤਰ ਬਾਸੈਂ[1] ॥੭੯॥ [1]ਵਾਸਾ ਕਰ ਲਿਆ।
ਤੀਰਥ ਹਿੰਦੁਨ ਕੇ ਸਭਿ ਕੀਏ।
ਦਾਨ ਦਿਜਨ ਕੋ ਅਨਗਨ ਦੀਏ।
ਤਾਂ ਕਾ ਸੁਤ ਕ੍ਰਿਪਾਲ ਸਿੰਘ ਪਾਛੇ।
ਮਾਲਕ ਮੁਲਕ ਰਹਜੋ ਬਨ ਆਛੇ ॥੮੦॥
ਅੱਠਾਰਾਂ ਸੌ ਤ੍ਰਾਨਵ ਮਾਹੈਂ।
ਅਮਰ ਸਿੰਘ ਗਜੋ ਸੂਰਗ ਸਿਧਾਹੈ।
ਰਾਜ ਕ੍ਰਿਪਾਲ ਸਿੰਘ ਬਹੁ ਕਰਿ ਕੈ।
ਬਿਨ ਔਲਾਦ ਗਯੋ ਪੁਨ ਮਰ ਕੈ ॥੮੧॥
ਬੇਟਾ ਗੁਰਦਿਆਲ ਸਿੰਘ ਕੇਰਾ।
ਜੈ ਸਿੰਘ ਭਯੋ ਸੁਦਾਰ ਬਡੇਰਾ।
ਮਾਨੌਲੀ ਤਿਸ ਕੀ ਰਜਧਾਨੀ।

ਅਬਿ ਲੌ ਜਾਨੋ ਅਹੇ ਮਹਾਨੀ ॥ ੯੨ ॥
ਜੈ ਸਿੰਘ ਭੀ ਜਬਿ ਸੁਰਪੁਰ ਗਯੋ।
ਸੁਤ ਅਤਾਰ ਸਿੰਘ ਤਿਸ ਕਾ ਥਯੋ ॥ ੯੩ ॥

ਦੋਹਰਾ:

ਰਜਾਸਤ ਪਦਰੀ ਪਰ ਵਹੇ[1],
ਕਰਤ ਹਕੂਮਤ ਚਾਹਿ।
ਕਾਇਮ ਨਿਜ ਨਿਜ ਠੌਰ ਹੈਂ,
ਔਰ ਬਿਰਾਦਰ[1] ਤਾਂਹਿ ॥ ੯੪ ॥

[1]ਉਹ ਪਿਤਾ ਦੀ ਰਿਆਸਤ ਉਪਰ।
[1]ਭਰਾ।

ੴ. ਮਿਸਲ ਆਹਲੂਵਾਲੀਆਂ ਕੀ

ਕਬਿੱਤ:

ਆਹਲੂਵਾਲ ਗ੍ਰਾਮ ਏਕ ਪਰਗਨੇ[1] ਲਹੌਰ ਮੈਂ ਹੈ,
ਬਿਦ੍ਰ ਸਿੰਘ ਬਸਤੋ ਕਲਾਲ[1] ਤਹਾਂ ਜਾਨੀਏ।
ਤਾਂ ਕੇ ਘਰ ਜੱਸਾ ਸਿੰਘ ਪੂਤ ਪਰਤਾਪ ਵਾਰੋ,
ਭਯੋ ਥਾ ਸਤਾਰਾਂ ਸੈਂ ਪਛੱਤ੍ਰ ਮੈਂ ਮਾਨੀਏ।
ਸੁਧਾ ਲੈ ਕਪੂਰ ਸਿੰਘ ਜੀ ਤੇ ਸਿੰਘ ਭਯੋ ਸੋਊ,
ਪੰਥ ਖਾਲਸੇ ਮੈਂ ਬੀਰ ਬਿਦਤਜੋ ਮਹਾਨੀਏ।
ਬਾਘ ਸਿੰਘ ਮਾਮੂੰ ਤਾਂ ਕਾ ਹੁਤੋ ਸਰਦਾਰ ਤਬਿ,
ਸੋਊ ਜਬਿ ਮਰਜੋ ਏਕ ਜੰਗ ਮੈ ਪਛਾਨੀਏ ॥ ੯੫ ॥
ਹੁਤੀ ਨਾ ਉਲਾਦ ਤਾਂ ਕੇ ਯਾਹਿ ਹੇਤ ਖਾਲਸੇ ਨੈ,
ਜੱਸਾ ਸਿੰਘ ਸਰਦਾਰ ਕੀਨੋਂ ਤਾਂ ਕੀ ਠੌਰ ਹੈ।
ਆਪਨੀ ਸਖਾਵਤ[1] ਲਯਾਕਤ ਬਹਾਦਰੀ ਸੈਂ,
ਖਾਲਸੇ ਮੈਂ ਹ੍ਵੈ ਗਯੋ ਉਜਾਗਰ ਸੁ ਗੌਰ ਹੈ[1]।
ਗਾਥ ਬਹੁ ਠਾਇ ਹਮ ਗਾਇ ਚੁਕੇ ਪੀਛੇ ਯਾਂ ਕੀ,
ਯਾਂਹੀ ਤੇ ਨ ਈਹਾਂ ਲਿਖੀ ਅਧਿਕੈਂ ਸੁ ਔਰ ਹੈ।
ਪਾਂਚਕ ਹਜ਼ਾਰ ਅਸਵਾਰ ਥਾ ਜਰਾਰ ਥਯੋ,
ਸੰਗ ਜੱਸਾ ਸਿੰਘ ਕੇ ਬਹਾਦਰ ਬਟੋਰ[1] ਹੈ ॥ ੯੬ ॥
ਗੁਰੁਦੁਆਰਾ ਥੰਮ ਜੀ ਜਰਾਯੋ ਥਾ ਨਾਸਰ ਖਾਂ ਨੈ,
ਯਾਂ ਤੇ ਜੱਸਾ ਸਿੰਘ ਜਾ ਜਲੰਧਰ ਮੈਂ ਲਰਯੋ ਹੈ।
ਉਤ ਤੇ ਜਲੰਧਰੀਏ ਕੋਟਲੀਆਂ ਬਾਈ ਵਾਰੇ[1],

[1]ਇਲਾਕੇ।
[1]ਜਾਤ (ਅ) ਗੋਤ।
[1]ਦਾਤਾ ਪਨ।
[1]ਬਹੁਤਾ ਮਸ਼ਹੂਰ ਹੋ ਗਿਆ।
[1]ਲੜਾਕਾ (ਬਟੋਰ) ਇਕੱਠਾ (ਥਯੋ) ਹੋ ਗਿਆ (ਥਾ) ਸੀ।
[1]ਬਾਈ ਕੋਟਲੀਆਂ ਵਾਲੇ ਪਠਾਣ।

ਜੋਰਿ ਦਲ ਬਲ ਲਾਇ ਆਇ ਜੰਗ ਕਰਯੋ ਹੈ।
ਫਤੇ ਪਾਇ ਪੰਥ ਨੈ ਜਲੰਧਰ ਕੋ ਲੂਟ ਮਾਰਿ,
ਜਾਰਯੋ ਨਾਸਰ ਖਾਨ ਕੋ ਸੁ ਬਦਲਾ ਨਿਕਰਯੋ ਹੈ।
ਪੈਜ ਗਢੀਏ ਲੌਂ ਬਹੁ ਜੂਝੇ ਸਰਦਾਰ ਸਿੱਖ,
ਬੀਰ ਸਿੰਘ ਫਤਜਾਬਾਦੀਆ ਭੀ ਤਹਾਂ ਮਰਯੋ ਹੈ ॥੮੭॥
ਜਾਂ ਕਾ ਸੁਤ ਰਾਜ ਸਿੰਘ ਪੰਥ ਮੈਂ ਦਰਾਜਾ ਭਟ[1], — [1]ਵੱਡਾ ਸੂਰਮਾ।
ਬਿਦਤ ਰਹਾਯੋ ਸਾਹਬ ਸਿੰਘ ਰਾਜਾ ਭੰਗੀ ਪੈ[1]। — [1]ਭੰਗੀਆਂ ਦੀ ਮਿਸਲ ਦੇ ਰਾਜੇ ਸਾਹਿਬ ਸਿੰਘ ਪਾਸ ਪ੍ਰਗਟ ਹੀ ਰਿਹਾ।
ਗੁਰਜਾਲਾ ਨੰਗਲ ਲੌਂ ਗਾਮ ਥੇ ਜਗੀਰ ਤਾਂ ਪੈ,
ਪੂਤ ਤਾਂ ਕਾ ਪੂਤ ਭਾ ਹਮੀਰ ਸਿੰਘ ਰੰਗੀ ਪੈ[1]। — [1]ਪਵਿੱਤਰ ਪੁੱਤਰ ਹਮੀਰ ਸਿੰਘ (ਰੰਗੀ ਪੈ) ਅਨੰਦ ਵਾਲਾ।
ਲਰਯੋ ਮੌਜ਼ਾ[1] ਚੇਲੀਆਂ ਮੈਂ ਅੰਗ੍ਰੇਜੈਂ ਸੰਗ ਬਡ, — [1]ਪਿੰਡ।
ਜਬਤ ਜਗੀਰ ਥਈ ਤਾਂ ਕੀ ਏਸ ਢੰਗੀ ਪੈ[1]। — [1]ਇਸ ਢੰਗ ਕਰਕੇ।
ਹਰੀ ਸਿੰਘ ਸਰਦਾਰ ਤਾਂਕਾ ਸੁਤ ਸਜਾਲਕੋਟ,
ਸਤਿਸੰਗੀ ਅਬਿ ਹੈ ਰਹਤ ਮੌਜ ਚੰਗੀ ਪੈ[1] ॥੮੮॥ — [1]ਚੰਗੀ ਮੌਜ ਨਾਲ।
ਬਡੇ ਬਡੇ ਜੀਤੇ ਜੰਗ ਜੱਸਾ ਸਿੰਘ ਨੈ ਅਭੰਗ[1], — [1]ਲਗਾਤਾਰ।
ਮਾਰ ਕੈ ਕਸੂਰ ਕੋ ਕੁਰੰਗ ਕਰਿ ਡਾਰਿਓ[1]। — [1]ਖੋਟਾਰੰਗ ਕਰ ਸੁੱਟਿਆ।
ਲੀਓ ਧਨ ਭੂਰ ਤੇਜ ਦੂਰ ਕੀਓ ਬੈਰਿਨ ਕਾ,
ਮੁਲਕ ਦਬਾਯੋ ਬਹੁ ਦੁਆਬੇ ਮੈਂ ਨਿਹਾਰਿਓ[1]। — [1]ਦੇਖਿਆ ਹੈ।
ਠਾਨੀ ਰਜਧਾਨੀ ਸੁਖ ਸਾਨੀ[1] ਨਿਜ ਫਤਜਾਬਾਦ, — [1]ਸੁਖ ਦੇਣ ਵਾਲੀ।
ਕੋਊ ਦਿਨਰਾਜ ਕਿਯ ਤਾਂਹੀ ਠੌਰ ਭਾਰਿਓ।
ਮਿਸਲਾਂ ਬਨਾਈ ਜਬਿ ਪੰਥ ਖਾਲਸੇ ਨੇ, ਤਬਿ
ਏਹੁ ਸਰਦਾਰ ਆਹਲੂਵਾਲੀਆ ਉਚਾਰਿਓ ॥੮੯॥
ਯਾਂਹੀਂ ਤੈ ਮਿਸਲ ਆਹਲੂਵਾਲੀਆਂ ਕੀ ਬਿਦਤਾਈ,
ਹੁਤੇ ਜੇਊ ਸਰਦਾਰ ਜੈਲਦਾਰ[1] ਯਾਂਹਿ ਕੇ। — [1]ਛੋਟੇ ਇਲਾਕਿਆਂ ਦੇ ਮਾਲਕ।
ਜਥਾ ਜੋਗ ਸਭਿ ਹੀ ਨੈ ਮੁਲਕ ਦਬਾਯੋ ਤਬਿ,
ਮਾਰੀ ਜਬਿ ਸਰਹੰਦ ਖਾਲਸੇ ਨੈ ਚਾਹਿ ਕੇ[1]। — [1]ਉਤਸ਼ਾਹ ਨਾਲ।

ਜਾਇ ਕੈ ਹਿੰਦੁਸਤਾਨ ਜਬਿ ਹੀ ਮਹਾਨ ਲੂਟਜੋ,
ਖੁਰਜੇ ਚੰਦੌਸੀ ਤੱਕ ਸ਼ਹਿਰ ਤਹਾਂਹਿ ਕੇ[1]। [1]ਓਥੋਂ ਦੇ।
ਜੀਤ ਧਨ ਲਜਾਏ ਬਹੁ ਦਿੱਲੀ ਮਾਂਹਿ ਆਇ ਫਿਰ,
ਪਾਈ ਲੂਟ ਖਾਲਸੇ ਨੈ ਸਾਥ ਉਤਸ਼ਾਹਿ ਕੇ
॥ ੯੦ ॥
ਜੱਸਾ ਸਿੰਘ ਜੀ ਕੋ ਤਬਿ ਦੇਹਲੀ ਕੇ ਤਖਤ ਪੈ,
ਦੀਓ ਥਾ ਬੈਠਾਇ ਖਾਲਸੇ ਨੈ ਬਿਨ ਦੇਰ ਹੈ।
ਕਹਤੋ ਥਾ ਬਾਦਸ਼ਾਹਿ ਪੰਥ ਸਭਿ ਯਾਹਿ ਤਾਂਈਂ,
ਕੀਨੋ ਸੋਊ ਸਫਲਾ ਪੈ ਪਾਲਜੋ ਨ ਫੇਰ ਹੈ[1]। [1]ਸਿੰਘਾਂ ਨੇ ਫੇਰ ਏਸ ਬਚਨ ਨੂੰ ਨਾ ਪਾਲਿਆ।
ਲੂਟਿ ਔਖ ਸੌਖ ਕਰਿ ਆ ਗਏ ਪੰਜਾਬ ਓਰ,
ਬਿਨ ਹੀ ਬਿਚਾਰ ਸ਼ਾਹੀ ਛੋਡੀ ਦਿੱਲੀ ਕੇਰ ਹੈ।
ਹੁਤੋ ਇਤਫ਼ਾਕ ਖਾਲਸੇ ਕਾ ਦ੍ਰਿਢ ਪਾਕ ਨਾਹਿ[1], [1]ਪੱਕਾ ਤੇ ਪਵਿੱਤਰ ਏਕਾ ਨਹੀਂ ਸੀ।
ਸਜਾਰਨ ਕਾ ਪੀਛਾ ਹੁਤੋ ਆਗਾ ਸਮ ਸ਼ੇਰ ਹੈ[1] [1]ਪਿੱਛਾ ਗਿੱਦੜ ਦਾ ਤੇ ਅੱਗਾ ਸ਼ੇਰ ਵਰਗਾ ਹੈ।
॥ ੯੧ ॥
ਗੁਰੁਦੁਆਰਾ ਸੁਧਾਸਰ ਗਯੋ ਥਾ ਦੁਰਾਨੀ ਹਰ[1], [1]ਢਾਹ ਗਿਆ ਸੀ।
ਜੱਸਾ ਸਿੰਘ ਚੰਦਾ ਕਰਿ[1] ਸੋਊ ਬਨਵਾਯੋ ਹੈ। [1]ਉਗਰਾਹੀ ਇਕੱਠੀ ਕਰਕੇ।
ਫਾਨੀ[1] ਕੀਨੇ ਮਾਰ ਕੈ ਦੁਰਾਨੀ ਦੇਸ਼ ਤੈ ਨਿਕਾਰੇ, [1]ਨਾਸ਼।
ਹਿੰਦੁ ਨਰ ਨਾਰਿ ਸਰਸ ਬੀਸਕ ਛੁਡਾਯੋ ਹੈ।
ਰਾਇ ਇਬ੍ਰਾਹੀਮ ਤੈ ਕਪੂਰਥਲਾ ਜੀਤ ਫਿਰ,
ਠਾਨੀ ਰਜਧਾਨੀ ਦ੍ਰਿਢ ਅਬਿ ਲੌਂ ਸੁਹਾਯੋ ਹੈ।
ਕਟੜਾ ਬਸਾਯੋ ਨਿਜ ਨਾਮ ਪਰ ਸੁਧਾਸਰ,
ਕਾਮ ਐਸੇ ਕਰਿ ਬਹੁ ਸੁਜਸ ਲਹਾਯੋ ਹੈ[1] ॥ ੯੨ ॥ [1]ਚੰਗਾ ਜਸ ਪ੍ਰਾਪਤ ਕੀਤਾ ਹੈ।
ਅਮਰ ਮ੍ਰਿਗੇਸ ਪਟਲੇਸ ਕੋ ਸੁਧਾ ਛਕਾਇ,
ਇੱਜ਼ਤ ਬਿਸੇਸ ਪਾਇ ਬਾਦਸ਼ਾਹ ਕਹਾਇਓ।
ਈਸੜੂ ਕਾ ਪ੍ਰਗਣਾ ਗੁਰਜਾਈ ਵੀਚ[1] ਦੀਨੋ ਤਾਂਹਿ, [1]ਅੰਮ੍ਰਿਤ ਛਕਾਉਣ ਦੇ ਇਵਜ਼ ਵਿੱਚ।
ਜਗਰਾਉਂ ਆਦਿ ਦੇਸ ਬਲ ਸੈਂ ਦਬਾਇਓ।
ਸਤਲੁਜ ਹੂੰ ਤੇ ਆਰ ਪਾਰ[1] ਲਾਖ ਪੰਦਰਾਂ ਕਾ, [1]ਉਰਲੇ ਤੇ ਪਰਲੇ ਪਾਸੇ।
ਮੁਲਕ ਦਬਾਇ ਨਿਜ ਸਿੱਕਾ[1] ਥਾ ਲਗਾਇਓ। [1]ਕਿਸੇ ਧਾਂਤ ਤੇ ਲੱਗੀਰਾਜੇ ਦੀ ਮੁਹਰ, ਇਹ ਸੁਤੰਤਰਰਾਜ ਦਾ ਚਿੰਨ੍ਹ ਹੈ।
ਬੇਟਾ ਕੋਊ ਥਯੋ ਨਾਹਿਂ ਯਾਹਿ ਤੈ ਭਤੀਜੇ ਤਾਂਈਂ,

ਸਰਦਾਰੀ ਦੀਨੀ ਭਾਗ ਸਿੰਘ ਕੋ ਸੁਹਾਇਓ
॥ ੯੩ ॥
ਦਸ ਅਠ ਚਾਲੀਏ ਮੈਂ ਦਰਦ ਸ਼ਿਕਮ ਸੰਗ[1], — [1]ਸੰਮਤ ੧੯੪੦ ਬਿ: ਵਿੱਚ ਪੇਟ ਦੇ ਦਰਦ ਨਾਲ।
ਆਪ ਗੁਰੁਪੁਰਿ ਗਯੋ ਸੁਧਾਸਰ ਮਾਂਹਿ ਹੈ।
ਤਾਂਹਿ ਕਾ ਮਰਨ ਸੁਨਿ ਰੋਇ ਸਭਿ ਸਿੰਘ ਕੈਹੈਂ,
ਏਰੇ ਜਮਰਾਜ ਤੈ ਅਕਾਜ ਕੀਨੋ ਕਾਂਹਿ ਹੈ[1]। — [1]ਹੇ ਧਰਮਰਾਜ ! ਤੂੰ ਇਹ ਮਾੜਾ ਕੰਮ ਕਿਉਂ ਕੀਤਾ ?
ਪਰ ਉਪਕਾਰੀ ਸੂਰੋ ਪੂਰੋ ਬੀਰ ਅਤਿ ਭਾਰੀ,
ਪੰਥ ਖਾਲਸੇ ਕਾ ਪਾਰੀ ਥਾ ਉਦਾਰੀ ਵਾਹਿ ਹੈ[1]। — [1]ਉਹ ਪਾਲਣਾ ਕਰਨ ਵਾਲਾ (ਉਦਾਰੀ) ਦਾਤਾ ਸੀ।
ਕੌਨ ਕੋ ਕਹੇਂਗੇ ਬਾਦਸ਼ਾਹਿ ਹਮ ਚਾਹਿ ਨਿਜ[1], — [1]ਅਸੀਂ ਆਪਣੇ ਉਤਸ਼ਾਹ ਨਾਲ।
ਕੌਨ ਦੇਗ ਤੇਗ ਫਤੇ ਸੁਜਸ ਲਹਾਹਿ ਹੈ[1] ॥ ੯੪ ॥ — [1]ਦਿਵਾਏਗਾ।
ਤਾਂ ਕੇ ਪਾਛੇ ਆਛੇ ਰਾਜ ਕੀਨੋ ਚੀਨੋ[1] ਭਾਗ ਸਿੰਘ, — [1]ਜਾਣੋ।
ਲੀਨੋ ਬੈਰ ਬੈਰਿਨ ਤੈ ਦੀਨੋ ਸੁਖ ਸੰਗੀਐਂ।
ਰਾਜ ਸਾਜ ਰੌਣਕ ਬਡਾਈ ਸੁਖਦਾਈ ਅਤਿ,
ਚੜ੍ਹਦੀ ਰਹਾਈ ਕਲਾ ਬੈ[1] ਬਿਤਾਈ ਚੰਗੀਐਂ। — [1]ਉਮਰ।
ਸੰਮਤ ਅਠਾਰਾਂ ਸਦ ਅਠਵੰਜੇ ਦੇਹ ਤਜਿ,
ਦੇਵ ਲੋਕ ਓਕ ਕੀਓ ਲੀਓ ਜਸਰੰਗੀਐਂ[1]। — [1]ਸੁਰਗ 'ਚ ਘਰ ਕਰ ਲਿਆ ਭਾਵ ਮਰ ਗਿਆ (ਜਿਸ ਨੇ) ਜਸ ਤੇ ਆਨੰਦ ਲਿਆ।

ਫਤੇ ਸਿੰਘ ਸਰਦਾਰ ਪੂਤ ਤਾਂ ਕਾ ਮੁਖਤਾਰ ਥਯੋ,
ਤਿਸ ਨੈ ਸੰਭਾਰ ਲਯੋਰਾਜ ਅੰਗੀਐ[1] ॥ ੯੫ ॥ — [1](ਸਾਰੇ) ਪੱਖਾਂ ਤੋਂ।
ਮਹਾਰਾਜ ਰਣਜੀਤ ਸਿੰਘ ਸੰਗ ਤਾਂਕੀ ਬਾਤ,
ਬਨੀ ਰਹੀ ਸਭੀ ਭਾਂਤਿ ਨੀਕ ਬਖਯਾਤ ਹੈ।
ਦਸਤਾਰ ਬਦਲੀ ਤੈ ਦੋਸਤੀ ਪੁਗਾਈ ਦ੍ਰਿਢ,
ਸਭਿ ਹੀ ਹੰਗਾਮਜੋਂ ਮੈਂ[1] ਰਹਜੋ ਫਤੇ ਪਾਤ ਹੈ। — [1]ਜੰਗਾਂ ਵਿੱਚ।
ਰਾਜਗੀ ਖਿਤਾਬ ਪਾਯੋ ਰਾਜ ਅਧਿਕੈਂ ਕਮਾਯੋ,
ਅੰਤ ਸੁਰਪੁਰ ਕੋ ਸਿਧਾਯੋ ਯੁਤ ਸਾਂਤਿ ਹੈ।
ਪੂਤ ਤਾਂਹਿ ਕਾ ਨਿਹਾਲ ਸਿੰਘ ਭੂਪ ਥੀਓ, ਪਾਛੇ,
ਧਰਮ ਸੁਜਸ ਆਛੇ ਰਹਜੋ ਸੋ ਕਮਾਤ ਹੈ ॥ ੯੬ ॥
ਪੂਤ ਤਾਂ ਕੇ ਥਏ ਤੀਨ ਰਣਧੀਰ ਸਿੰਘ ਬੀਨ[1], — [1]ਦੇਖੋ।
ਬਿਕ੍ਰਮਾ ਮ੍ਰਿਗੇਸ ਔ ਸੁਚੇਤ ਸਿੰਘ ਜਾਨੀਏ।
ਜਬਿ ਹੀ ਨਿਹਾਲ ਸਿੰਘ ਦੇਵ-ਲੋਕ ਮੈਂ ਪਧਾਰਜੋ,

ਰਣਧੀਰ ਸਿੰਘ ਥਯੋ ਭੂਪਤਿ ਪਛਾਨੀਏ।
ਬਿੱਕ੍ਰਮਾ ਮ੍ਰਿਗੇਸ ਔ ਸੁਚੇਤ ਸਿੰਘ ਕੋ ਗੁਜਾਰਾ,
ਸਾਠ ਸਾਠ ਸਹਸ ਸਾਲਾਨਾ ਮਿਲਯੋ ਮਾਨੀਏ।
ਰਣਧੀਰ ਸਿੰਘ ਰਾਜ ਕੀਨ ਸੁਖ ਭੀਨ ਅਤਿ[1] — [1]ਬਹੁਤੇ ਸੁਖ 'ਚ ਭਿੱਜ ਕੇ।
ਬਹੁ ਦਿਨ, ਚੀਨ[1] ਕਾਲ ਕੀਨ ਅੰਤ ਹਾਨੀਏ — [1]ਜਾਣੋ।
॥ ੯੭ ॥
ਖੜਗ ਮ੍ਰਿਗੇਸ ਪੂਤ ਤਾਂਹਿ ਕੇ ਬਿਸੇਸ ਆਛੈ,
ਰਾਜ ਕੀਨ ਕੋਊ ਦਿਨ ਪਾਛੈ ਮੋਦ ਮਾਨ ਹੈ।
ਸੋਊ ਜਬਿ ਭਯੋ ਕਾਲ ਵਸ ਹੂੰ ਸੁਜੱਸ ਵਡ,
ਪੂਤ ਤਾਂ ਕਾ ਥਯੋ ਜਗਜੀਤ ਸਿੰਘ ਆਨ ਹੈ[1]। — [1]ਆ ਕੇ।
ਸੋਊ ਅਬਿ ਕਾਇਮ ਹੈ ਰਾਖੇ ਗੁਰੁ ਦਾਇਮ[1] ਹੈ, — [1]ਹਮੇਸ਼ਾਂ।
ਲਾਖ ਪੰਦਰਾਂ ਕਾ ਤਾਂ ਪੈ ਮੁਲਖ ਅਮਾਨ ਹੈ[1]। — [1]ਅਮਨ ਸਹਿਤ, ਰੱਖਿਆ ਸਹਿਤ।
ਗਾਥ ਆਹਲੂਵਾਲੀਆਂ ਕੀ ਗਜਾਨ ਸਿੰਘ ਨੈ ਸੁਨਾਈ,
ਹਾਥ ਜੋਰ ਖਾਲਸੇ ਕੋ ਦੰਡਵਤ ਠਾਨ ਹੈ[1] ॥ ੯੮ ॥ — [1]ਨਮਸ਼ਕਾਰ ਕਰਕੇ।

੧੨. ਮਿਸਲ ਫੂਲਕੀਆਂ ਕੀ

ਦੋਹਰਾ:
ਸੁਨੋ ਫੂਲ ਕੀ ਮਿਸਲ ਕਾ,
ਸਹੀ ਸੰਛੇਪ ਬਿਆਨ[1]। — [1]ਸੰਖੇਪ ਵਰਣਨ।
ਫਲੀ ਫੁਲੀ ਫੈਲੀ ਫਬੀ,
ਪਰਗਟ[1] ਜੈਸ ਮਹਾਨ ॥ ੯੯ ॥ — [1]ਮਸ਼ਹੂਰ ਹੈ।

ਕਬਿੱਤ:
ਸਿੱਧੂ ਗੋਤ ਜ਼ਿਮੀਂਦਾਰ ਮਾਲਵੇ ਮੈਂ ਹੈਂ ਨਿਹਾਰ,
ਤਿਨ ਮੈਂ ਮਝਾਰ ਕੇ[1] ਉਦਾਰ ਜੇ ਅਪਾਰ ਹੈਂ। — [1]ਮਰਾਝ ਦੀ ਬੰਸ ਦੇ ਸਿੱਧੂ।
ਗੁਰੂ ਹਰਿਰਾਇ ਕੋ ਦਰਾਜ ਸੇਵ[1] ਪਾਯੋ ਰਾਜ, — [1]ਵੱਡੀ ਸੇਵਾ।
ਫੂਲ ਨਾਮ ਚੌਧਰੀ ਬਿਦਤ ਸੰਸਾਰ ਹੈ।
ਤਾਂ ਕਾ ਸੁਤ ਚੌਧਰੀ ਤਿਲੋਕ ਸਿੰਘ ਭਯੋ ਪਾਛੇ,
ਰਾਮ ਸਿੰਘ ਤੇਗ ਗਹਿ ਥਯੋ ਸਰਦਾਰ ਹੈ।
ਦੁੱਨਾ ਸਿੰਘ, ਆਲਾ ਸਿੰਘ, ਬਖਤ ਮਲ, ਸੱਭਾ, ਲੱਧਾ,

ਪਾਂਚ ਪੂਤ ਥੀਏ ਰਾਮ ਸਿੰਘ ਕੇ ਉਦਾਰ ਹੈਂ ॥੧੦੦॥
ਲਘੁ ਹੀ ਉਮਰ ਵੀਚ ਲੱਧਾ ਕੋ ਤੋ ਲੱਧਾ ਮੀਚਿ[1], [1]ਮੌਤ ਨੇ ਲੱਭ ਲਿਆ ਭਾਵ ਮਰ ਗਿਆ।
ਸੱਭਾ ਕੇ ਸੰਤਾਨ ਬੀਚ ਭਈ ਕਿਛੁ ਨਾਹਿਂ ਹੈ[1]। [1]ਸੱਭੇ ਦੇ (ਸੰਸਾਰ) ਵਿੱਚ ਕੋਈ ਉਲਾਦ ਨਹੀਂ ਹੋਈ।
ਐਪਰ ਹੰਢਜਾਲਾ ਨਾਮ ਕਸਬਾ ਬਸਾਯਾ ਤਿਨ,
ਬਖਤਾ ਕੀ ਸੰਤਤਿ ਮਲੌਂਦੀਏ ਲੌ ਆਹਿ ਹੈ[1]। [1]ਤੱਕ ਹੈ।
ਕੋਟ ਦੁੱਨੇਵਾਲੇ ਔ ਭਦੌੜੀਏ ਬਿਸਾਲੇ ਜੇਊ,
ਸਰਦਾਰ ਦੁੱਨੇ ਕੀ ਉਲਾਦ ਬਹੁ ਵਾਹਿ ਹੈਂ[1]। [1]ਉਹ ਹਨ।
ਆਲਾ ਸਿੰਘ ਜੂ ਕੇ ਸਰਦੂਲ ਸਿੰਘ ਲਾਲ ਸਿੰਘ,
ਭੋਮੀਆਂ ਮ੍ਰਿਗੇਸ ਥਏ ਪੂਤ ਵੇਸ ਯਾਹਿ ਹੈਂ[1] ॥੧੦੧॥ [1]ਇਹ ਚੰਗੇ ਪੁੱਤਰ ਹੋਏ ਹਨ।
ਬਾਦਸ਼ਾਹੀ ਵੀਚ ਤਬਿ ਪਰਜੋ ਹੁਤੋ ਰੌਰ ਗੌਰ,
ਆਲੇ ਸਿੰਘ ਹਿੰਮਤ ਕੀ ਸ਼ਮਸ਼ੇਰ ਚਾਇ ਕੈ[1]। [1]ਤਲਵਾਰ ਚੁੱਕ ਕੇ।
ਅਸਵਾਰ ਸੰਗ ਲੈ ਜਰਾਰ ਔ ਜੁਝਾਰ[1] ਬਡ, [1]ਲੜਾਕੇ ਅਤੇ ਬਹਾਦਰ।
ਲੂਟ ਮਾਰ ਬੈਰਿਨ ਕੇ ਧੈਰਜ[1] ਛੁਡਾਇ ਕੈ। [1]ਧੀਰਜ।
ਕੱਲੇ-ਰਾਇ, ਰਾਇ-ਕੋਟ-ਵਾਰੇ ਔ ਮਲੇਰੀਓਂ ਸੈਂ,
ਭੱਟੀ ਰਾਜਪੂਤਨ ਸੈਂ ਤੇਗ ਖੜਕਾਇ ਕੈ।
ਮੁਲਕ ਛੁਡਾਯੋ ਬਹੁ ਨਿਜ ਕਬਜੇ ਮੈਂ ਲਜਾਯੋ,
ਭਾਈ-ਚਾਰੇ ਕੋ ਰਖਾਯੋ ਆਪਨੋ ਸਹਾਇਕੈ[1] ॥੧੦੨॥ [1]ਸਹਾਇਤਾ ਕਰਨ ਵਾਲਾ।
ਸੰਮਤ ਸਤਾਰਾਂ ਸੌ ਉਣਾਸੀਏ ਮੈਂ, ਬਰਨਾਲਾ
ਕਸਬਾ ਅਬਾਦ ਕਰਿ, ਰਜਧਾਨੀ ਥਾਪੀਆ[1]। [1]ਬਣਾ ਲਈ।
ਝਲ-ਝੂੰਡ ਹਲਵਾਰਾ ਰਾਣੀਆਂ ਬੁਲਾਢਾ ਬੋਹਿਆ,
ਕਾਕੜਾ ਸਮਾਣਾ ਤਲਵੰਡੀ ਆਦਿ ਖਾਪੀਆ[1]। [1](ਇਹ ਪਿੰਡ) ਮਾਰ ਲਏ ਭਾਵ ਕਬਜ਼ੇ 'ਚ ਕਰ ਲਏ।
ਇਤਜਾਦਿ ਠੌਰ ਕੇ ਨੁਵਾਬ ਥੇ ਤੁਰਕ ਜੇਊ,
ਜੀਤ ਕੈ ਛੁਡਾਯੋ ਦੇਸ ਤਿਨ ਤੈ ਅਮਾਪੀਆ[1]। [1]ਬਹੁਤਾ।
ਪੰਥ ਖਾਲਸਾ ਭੀ ਸਦ ਮਦਦ ਕਰਤ ਰਹਜੋ,
ਸੇਵ ਆਲਾ ਸਿੰਘ ਕੀਨੀ ਪੰਥ ਕੀ ਸਦਾਪੀਆ[1] ॥੧੦੩॥ [1]ਹਮੇਸ਼ਾਂ।

ਸਤ੍ਰਾਂ ਸੈ ਛਜਾਨਵੇ ਮੈਂ ਨਗਰ ਬਸਾਏ ਓਨ,
ਲੌਂਗੋਵਾਲ ਉਭਾਵਾਲ ਆਦਿਕ ਮਹਾਨ ਹੈਂ।
ਸੁਲੀ ਖਾਂ ਸਨੌਰ ਵਾਰੇ ਕਾ ਇਲਾਕਾ ਛੀਨ ਬਾਂਕਾ[1],
[1]ਚੰਗਾ ਇਲਾਕਾ ਖੋਹ ਕੇ।
ਸੰਮਤ ਅਠਾਰਾਂ ਸਦ ਨਉ ਮੈਂ ਪ੍ਰਮਾਨ ਹੈ[1]।
[1]ਸੰਮਤ ੧੮੦੯ ਬਿ: ਵਿੱਚ ਮੰਨੋ।
ਸ਼ਹਰ ਪਟਜਾਲੇ ਰਜਧਾਨੀ ਕੀ ਬੁਨਜਾਦ ਠਾਨੀ[1],
[1]ਨਿਉਂਰੱਖੀ।
ਬਾਦਸ਼ਾਹ ਦੁਰਾਨੀ ਸੰਗ ਮੇਲ ਭਲ ਠਾਨ ਹੈ[1]।
[1]ਚੰਗਾ ਮੇਲ ਕਰ ਲਿਆ।
ਤੀਨ ਲਾਖ ਸਾਲੀਆਨਾ[1] ਦੈਨਾ ਕਰਿ ਅਗਵਾਨਾ[2],
[1]ਸਾਲਾਨਾ। [2]ਪੇਸ਼ਗੀ ਦੇਣਾ ਕਰਕੇ।
ਰਾਜਗੀ ਖਤਾਬ ਪਟਾ ਸਨਦ ਲਹਾਨ ਹੈ[1] ॥ ੧੦੪ ॥
[1]ਅਧਿਕਾਰ ਪੱਤਰ ਲੈ ਲਿਆ।

ਸਿੰਘਨ ਸਰ੍ਹੰਦ ਜਬਿ ਮਾਰੀ, ਏਨ ਭੀ ਬੁਲੰਦ[1]
[1]ਬਹੁਤਾ।
ਮੁਲਕ ਸਮਾਨ ਸ਼ਾਹੀ ਅਧਿਕੈਂ ਸੰਭਾਰਿਓ।
ਲਾਲ ਸਿੰਘ ਤਾਂ ਕੇ ਸੁਤ ਮੂਣਕ ਲੌ ਦੇਸ ਲੀਓ,
ਤਜੋਂ ਹੀ ਸਿੰਘ ਭੋਮੀਏਂ ਨੈ ਬੈਰੀ ਗਨ ਮਾਰਿਓ।
ਸਰਦੂਲ ਹਰਿ ਸਰਦੂਲ ਜਜੋਂ[1] ਗਰਜ ਕਰਿ,
[1]ਸਰਦੂਲ ਸਿੰਘ ਨੇ ਸ਼ੇਰ ਵਾਂਗ।
ਤੂਰਕਨ ਕੋ ਹਰਿ ਲਰਿ[1] ਜਸ ਲੀਨ ਭਾਰਿਓ।
[1]ਲੜ ਕੇ ਤੇ ਮਾਰ ਕੇ।
ਐਪਰ ਸਪੂਤ ਤੀਨੋ ਆਲਾ ਸਿੰਘ ਜੁ ਕੇ ਚੀਨੋ[1],
[1]ਜਾਣੋ।
ਕਾਲ ਵੱਸ ਭਏ ਤਾਂ ਕੇ ਸੰਮੁਖ ਨਿਹਾਰਿਓ[1] ॥ ੧੦੫ ॥
[1]ਅੱਖਾਂ ਦੇ ਸਾਹਮਣੇ ਵੇਖਦਿਆਂ।

ਸਰਦੂਲ ਸਿੰਘ ਕਾ ਸਪੂਤ ਥਾ ਅਮਰ ਸਿੰਘ,
ਤਾਂ ਕੋ ਆਲਾ ਸਿੰਘ ਨਿਜ ਗਾਦੀ ਪੈ ਬਿਠਾਰਿਓ।
ਦੂਸਰੇ ਥੇ ਦੋਈ ਗਏ ਬਿਨ ਹੀ ਉਲਾਦ ਸੋਈ,
ਦਸ ਅਠ ਬਾਈ ਮਾਂਹਿ ਆਪ ਭੀ ਸਿਧਾਰਿਓ[1]।
[1]ਸੰ: ੧੮੨੨ ਬਿ: ਵਿੱਚ ਆਲਾ ਸਿੰਘ ਦਾ ਆਪਣਾ ਦਿਹਾਂਤ ਹੋ ਗਿਆ।
ਅਮਰ ਮ੍ਰਿਗੇਸ ਪਾਛੇ ਰਾਜ ਥਾ ਸੰਭਾਰਜੋ ਆਛੇ,
ਨਾਨੂ-ਮੱਲ ਤਾਂਹਿ ਕਾ ਦੀਵਾਨ ਭਯੋ ਭਾਰਿਓ।
ਸੂਰਬੀਰ ਆਮਲ[1] ਉਦਾਰ ਥਾ ਨਜ਼ੀਰ ਬਿਨ[2],
[1]ਚੰਗੇ ਕਰਮ ਕਰਨ ਵਾਲਾ। [2]ਬੇ-ਮਿਸਾਲ, ਜਿਸ ਵਰਗੀ ਉਦਾਹਰਣ ਨਾ ਮਿਲੇ।
ਮੁਲਕ ਬਢਾਯੋ ਬਹੁ ਬੈਰਿਨ ਕੋ ਮਾਰਿਓ ॥ ੧੦੬ ॥

ਕਾਬਲੇਸ ਦਲ ਲੈ ਬਿਸੇਸ ਫੇਰ ਆਯੋ ਜਬਿ,

ਸੰਮਤ ਅਠਾਰਾਂ ਸਦ ਚੌਬੀ ਮਾਂਹਿ ਜਾਨੀਏ।	
ਔਰ ਸਰਦਾਰ ਸਿੱਖ ਭਏ ਥੇ ਫਰਾਰ[1] ਸਭਿ,	[1]ਦੌੜ ਗਏ ਸਨ।
ਪਟਲੇਸ ਮਿਲਜੋ ਕਾਬਲੇਸ ਕੋ ਪ੍ਰਮਾਨੀਏ[1]।	[1]ਚੰਗੀ ਤਰ੍ਹਾਂ ਮੰਨੋ।
ਆਲਾ ਸਿੰਘ ਦੈਨਾ ਕੀਓ ਥਾ ਜੌ ਸਾਲੀਆਨਾ ਟਕਾ[1],	[1]ਸਾਲਾਨਾਰੁਪਇਆ।
ਸਾਤ ਲਾਖ ਦੀਨੋ ਸੋਈ ਸੇਵ ਔਰ ਠਾਨੀਏ[1]।	[1]ਕੀਤੀ।
ਬਾਦਸ਼ਾਹ ਸਾਬਤੀ ਨਿਹਾਰਿ[1] ਮੋਦ ਥੀਓ ਅਤਿ,	[1](ਬਚਨ ਦੇ) ਪੱਕੇ ਦੇਖ ਕੇ।
ਦੀਓ ਮਹਾਂਰਾਜਗੀ ਖਤਾਬ ਥਾ ਮਹਾਨੀਏ[1] ॥੧੦੭॥	[1]ਮਹਾਰਾਜੇ ਦਾ ਵੱਡਾ ਖ਼ਿਤਾਬ।
ਸ਼ਾਹੀ ਮਰਤਬ[1] ਚੌਰ ਮੁੱਠਾ[2] ਦੁੰਦਭੀ ਨਿਸ਼ਾਨ[3]	[1]ਬਾਦਸ਼ਾਹਾਂ ਵੱਲੋਂ ਪ੍ਰਤਿਸ਼ਠਤ ਆਦਮੀਆਂ ਨੂੰ ਮਿਲਿਆ ਹੋਇਆ ਇਕ ਖ਼ਿਤਾਬ ਅਤੇ ਉਸ ਦਾ ਖ਼ਾਸ ਚਿੰਨ੍ਹ, ਜੋ ਧੁਜਾ ਵਿੱਚ ਮੱਛੀ ਦੇ ਅਕਾਰ ਵਾਲਾ ਹੁੰਦਾ ਸੀ। ਇਹ ਅਮੀਰਾਂ ਜਾਂ ਬਾਦਸ਼ਾਹਾਂ ਦੀ ਸਵਾਰੀ ਅੱਗੇ ਹਾਥੀ ਪੁਰ ਹੋਇਆ ਕਰਦਾ ਸੀ। [2](ਮੋਰ ਦੇ ਖੰਭਾਂ ਦੇ) ਮੁੱਠੇ ਦਾ ਚੌਰ। [3]ਧੌਂਸਾ ਤੇ ਝੰਡਾ।
ਦੈ ਕੈ, ਸਿੱਕਾ ਲਾਵਣੇ ਕੀ ਦੀਨੀ ਪੁਨ ਆਇਸੈਂ[1]।	[1]ਸਿੱਕਾ ਚਲਾਉਣ ਦੀ ਆਗਿਆ ਦਿੱਤੀ।
ਫੇਰ ਨ੍ਰਿਪ ਅਰਜ਼ ਕੈ ਫਰਜ਼ ਸਮਝ ਨਿਜ,	
ਛੁਡਵਾਇ ਹਿੰਦੁ ਕੈਦੀ[1] ਨਰ ਨਾਰਿ ਵਾਹਿ ਸੈਂ[2]।	[1]ਹਿੰਦੂ ਕੈਦੀ। [2]ਉਸ ਪਾਸੋਂ।
ਮੇਰਟ ਸਹਾਰਨ ਔ ਦਿੱਲੀ ਦਿਸ ਹੂੰ ਤੈ ਜਿਨੈ,	
ਗਿਲਜੇ ਥੇ ਲਜਾਏ ਗਹਿ ਤ੍ਰਕ ਕ੍ਰਨ ਖਾਹਿਸ਼ੈਂ[1]।	[1]ਇੱਛਾ ਨਾਲ।
ਨਿਜ ਨਿਜ ਧਾਮ ਪਹੁੰਚਾਏ ਭੂਪ ਖਰਚ ਦੈ,	
ਬੰਦੀ-ਛੋਡ ਅਮਰ ਸਿੰਘ ਬਿਦਤਜੋ ਥਾ ਯਾਹਿ ਸੈਂ[1] ॥੧੦੮॥	[1]ਏਸੇ ਕਰਕੇ।
ਤਬਿ ਤੈ ਅਮਰ ਮਿਰਗੇਸ ਕਾ ਦਿਨੇਸ ਸਮ,	
ਤੇਜ ਥਾ ਬਿਸੇਸ ਬਿਤੇ ਮਕਰ ਜਜੋਂ ਬਢਿਓ[1]।	[1]ਤਦੋਂ ਤੋਂ ਮਹਾਰਾਜਾ ਅਮਰ ਸਿੰਘ ਦਾ ਤੇਜ ਬਹੁਤਾ ਐਉਂ ਵਧਿਆ ਜਿਵੇਂ ਮਕਰਰਾਸ਼ੀ ਭਾਵ ਮਾਘ ਦੇ ਮਹੀਨੇ ਦੇ ਮੁੱਕਣ ਤੋਂ ਸੂਰਜ ਦਾ ਤੇਜ ਵਧਦਾ ਹੈ।
ਕਈ ਬਾਰ ਸ਼ਾਹਜ਼ਾਦੇ[1] ਮੁਗਲ ਬਜ਼ੀਰ ਜ਼ਜਾਦੇ,	[1]ਬਾਦਸ਼ਾਹਾਂ ਦੇ ਪੁੱਤਰ।
ਸੈਨ ਲੈ ਤਗਾਦੇ ਯੁਤ ਆਏ ਚਲਿ ਚਢਿਓ[1]।	[1]ਭੜਕਾਹਟ ਸਹਿਤ ਚੜ੍ਹ ਕੇ ਚਲ ਆਏ।
ਫਰਾਂਸੀਸ ਤੇ ਮਰ੍ਹੱਟੇ ਆਏ ਦਲ ਲੈ ਅਘੱਟੇ[1]	[1]ਬਹੁਤੇ।
ਦਾਂਤ ਕਰਵਾਇ ਖੱਟੇ ਹੱਟੇ ਬਿਨ ਖਢਿਓ[1]।	[1]ਬਿਨਾਂ ਖੜ੍ਹਨ ਤੋਂ ਭਾਵ ਭਗੌੜੇ ਹੋ ਕੇ ਪਿੱਛੇ ਹਟ ਗਏ।
ਆਪ ਨ੍ਰਿਪ ਹਾਂਸੀ ਲਗ ਦੇਸ ਥਾ ਸੰਭਾਰਜੋ ਉਤ[1],	[1]ਉਸ ਪਾਸੇ।

ਔਰ ਹੂੰ ਪੰਜੌਰ ਕਾ ਇਲਾਕਾ ਤਿਯ ਤਢਿਓ[1] ॥ ੧੦੯ ॥

[1]ਛੇਤੀ ਲੈ ਲਿਆ (ਤਢ- ਤੜ-ਛੇਤੀ)।

ਸਿੰਘਨ ਤੈ ਦੇਸ ਛੁਡਾਵਨ ਹੇਤ ਜਬਿ ਜਬਿ,
ਆਏ ਚਢਿ ਸੱਤਰੂ ਤੁਰਕ ਬਲ ਠਾਨ ਹੈਂ।
ਨਿਜ ਜ਼ੈਲਦਾਰਨ ਮਝੈਲ ਸਰਦਾਰਨ ਕੋ,
ਲੈ ਕੈ ਸੰਗ ਨਾਨੂ ਮੱਲ ਲਰਜੋ ਅਗਵਾਨ ਹੈ[1]।

[1]ਅੱਗੇ ਹੋ ਕੇ।

ਹਿਕਮਤ ਅਮਲੀ ਸੈਂ[1], ਕਮਲੀ ਤਿਨੋਂ ਕੀ ਮਤਿ

[1](ਹਿਕਮਤ) ਚਤੁਰਾਈ ਦੇ (ਅਮਲੀ ਸੈਂ) ਕਰਤੱਬਾਂ ਨਾਲ।

ਕਰ ਕੈ ਭਗਾਏ, ਲੇਤ ਰਹਜੋ ਜਰ ਆਨ ਹੈਂ[1]।

[1]ਹੋਰਨਾਂ ਦਾ (ਜਰ) ਧਨ ਲੈਂਦਾ ਰਿਹਾ।

ਨਾਨੂ-ਮੱਲ ਅਪਨੇ ਜਮਾਨੇ ਕਾ ਥਾ ਅਫਲਾਤੂ[1],

[1]ਯੂਨਾਨ ਦੇ ਮਹਾਂ-ਰਿਸ਼ੀ ਸੁਕਰਾਤ ਦਾ ਚੇਲਾ ਜੋ ਪੱਛਮ ਦੇ ਪ੍ਰਾਚੀਨ ਫ਼ਿਲਾਸਫ਼ਰਾਂ ਵਿੱਚੋਂ ਬਹੁਤ ਵਿਦਵਾਨ ਤੇ ਚਤੁਰ ਗਿਣਿਆ ਗਿਆ ਹੈ।

ਅਮਰ ਮ੍ਰਿਗੇਸ ਭਾ ਸਿਕੰਦਰ[1] ਸਮਾਨ ਹੈ ॥ ੧੧੦ ॥

[1]ਯੂਨਾਨ ਦਾ ਮਸ਼ਹੂਰ ਬਾਦਸ਼ਾਹ।

ਸੰਮਤ ਅਠਾਰਾਂ ਸੈ ਅਠੱਤੀ ਮੈਂ ਅਮਰ ਸਿੰਘ,
ਅਮਰ[1] ਸੁਜਸ ਲੈ ਅਮਰ ਲੋਕ[2] ਜੌਂ ਗਯੋ।

[1]ਸਦਾ ਰਹਿਣ ਵਾਲਾ। [2]ਸੁਰਗ ਲੋਕ।

ਸਾਹਿਬ ਮ੍ਰਿਗੇਸ ਥਾ ਨਰੇਸ ਥਯੋ ਪੂਤ ਤਾਂਹਿ,
ਲੱਖ ਕੱਖ ਸਮ ਵਾਹਿ[1] ਭੋਲਾ ਅਤਿ ਸੋ ਭਯੋ।

[1]ਉਸ ਨੂੰ ਲੱਖ ਤੇ ਕੱਖ ਇਕੋ ਜਿਹਾ ਸੀ।

ਐਪਰ ਦੀਵਾਨ ਥਾ ਸੁਜਾਨ ਤਾਂਹਿ ਕਾ ਮਹਾਨ,
ਕਾਰ ਬਾਰ ਰਜਾਸਤ ਕਾ ਰਾਖਜੋ ਠੀਕ ਥੋ ਠਯੋ[1]।

[1](ਉਸ ਨੇ) ਠੀਕ (ਠਯੋ) ਬਣਾ ਕੇਰਖਿਆ ਸੀ।

ਦੇਖਿ ਇਖਤਜਾਰ ਨਾਨੂ-ਮੱਲ ਕਾ ਉਦਾਰ ਅਤਿ,
ਮਤਸਰ ਵਾਰ ਸਰਦਾਰਨ ਥਾ ਯੌਂ ਕਯੋ[1] ॥ ੧੧੧ ॥

[1]ਈਰਖਾ ਵਾਲੇ ਸਰਦਾਰਾਂ ਨੇ ਇਉਂ ਕੀਤਾ।

ਝੂਠੀ ਸੱਚੀ ਬਾਤ ਲਾਇ ਭੂਪਤਿ ਕੋ ਸਿਖਰਾਇ,
ਇਖਤਜਾਰ ਨਾਨੂ ਮੱਲ ਕਾ ਛਿਨਾਇ ਹੈ ਦਯੋ।
ਨਾਨੂ ਮੱਲ ਮੋਯੋ, ਹੋਯੋ ਮੋਦ ਮਨ ਬੈਰਿਨ ਕੇ,
ਤਿਨ ਹੂੰ ਅਨੇਕ ਠੌਰ ਰੌਰ ਮਚਵੈ ਦਯੋ।
ਸਰਸਾ ਤੈ ਰਾਣੀਆਂ ਕਸੋਹਨ ਗੁਹਾਨਾ ਹਾਂਸੀ,
ਪ੍ਰਗਨਾ ਤਾ ਜਾਰਜ ਤਾਮਸਨ ਨੈ ਦਬੈ ਲਯੋ[1]।

[1]ਇਹ ਪਰਗਣੇ ਤਾਂ ਜਾਰਜ ਟਾਮਸ ਅੰਗਰੇਜ਼ ਨੇ ਦਬਾ ਲਏ।

ਔਰ ਹੂੰ ਮਝੈਲ ਸਰਦਾਰੋਂ ਨੈ ਦਬਾਏ ਗਾਮ,
ਰਜਾਸਤ ਮੈਂ ਇਮ ਥਾ ਖਰਾਬਾ ਕਿਛੁ ਐ ਗਯੋ[1] ॥ ੧੧੨ ॥

[1]ਆ ਗਿਆ।

ਤਾਂ ਪਰ ਸਾਹਿਬ ਕੌਰ ਬੀਬੀ ਨੈ ਪਟਜਾਲੇ ਆਇ,
ਕੀਓ ਥਾ ਇਨਤਜ਼ਾਮ ਕਾਰਬਾਰ ਰਾਜ ਕੋ।
ਸੱਤਰੂ ਦਬਾਏ ਗਾਮ ਅਧਿਕੈਂ ਛੁਡਾਏ ਫੇਰ,
ਤਬਿ ਭੀ ਮਰੱਟੇ ਆਏ ਸੈਨ ਲੈ ਦਰਾਜ[1] ਕੋ। [1]ਬਹੁਤੀ।
ਔਰ ਸਭਿ ਰਾਜੇ ਸਰਦਾਰਨ ਤੈ ਨਜ਼ਰਾਨੇ,
ਲੀਏ ਤਿਨ ਹੂੰ ਮਹਾਨੇ ਰਖਯੋ ਨਾ ਲਿਹਾਜ ਕੋ।
ਨਿਜ ਜ਼ੈਲਦਾਰ ਤਬਿ ਸਰਦਾਰ ਸਿੱਖ ਸਭਿ,
ਬੀਬੀ ਬੁਲਵਾਏ ਸਾਜ ਜੰਗ ਕੇ ਸਮਾਜ ਕੋ[1] ॥ ੧੧੩ ॥ [1]ਜੰਗ ਦੇ (ਸਮਾਜ) ਸਾਮਾਨ ਨੂੰ (ਸਾਜ) ਬਣਾ ਕੇ।
ਨਿਕਟਿ ਅੰਬਾਲੇ ਰਾਜ-ਗੜ੍ਹ ਕੇ ਮੈਦਾਨ ਮਾਂਹਿ,
ਜੰਗ ਮਰਟਯੋ ਸੈਂ ਕੀਨ ਪੀਨ ਬਲ ਧਾਰ ਹੈ[1]। [1]ਤਕੜਾ ਬਲ ਕਰਕੇ।
ਰਾਜੇ ਸਰਦਾਰ ਨਿਜ ਓਰ ਕੇ ਲਚਾਰਿ[1], [1]ਦੁੱਖੀ ਹੋ ਕੇ।
ਜਬਿ ਭਾਗਨੇ ਕੋ ਤਯਾਰ ਦੇਖੇ ਤਬਿ ਹੀ ਵਿਚਾਰ ਹੈ[1]। [1]ਵਿਚਾਰ ਕਰਕੇ।
ਮਰਦਾਨਾ ਭੇਸ ਧਰਿ ਰਥ ਤੈ ਉਤਰ ਕਰਿ,
ਢਾਲ ਤਰਵਾਰ ਫਰਿ ਉਚੇ ਲਲਕਾਰ ਹੈ।
ਕਹਯੋ ਸਭਿ ਕੋ ਸੁਨੈ ਕੈ, ਜੈਹੋ ਕਹਾਂ ਨਾਕ ਲੈ ਕੈ?
ਸਿੰਘ ਨਾਮ ਹੂੰ ਸਦੈ ਕੈ, ਕਯੋਂ ਥਵੈਹੋ ਸਯਾਰ ਹੈ[1]? ॥ ੧੧੪ ॥ [1]ਕਿਉਂ ਗਿੱਦੜ ਬਣਨ ਲੱਗੇ ਹੋ।
ਮੈਂ ਤੋ ਅਬਿ ਇਸ ਹੀ ਮੈਦਾਨ ਮੈਂ ਮਰੌਂਗੀ,
ਪਗ ਪਾਛੇ ਨਾ ਧਰੌਂਗੀ, ਚਾਹੇ ਜਾਹੋ ਸਭਿ ਭਾਜ ਹੈ।
ਏਕ ਤੌ ਬਹਿਨ ਮੈਂ ਤੁਮਾਰੇ ਨ੍ਰਿਪ ਕੀ ਹੂੰ,
ਦੂਜੇ ਤੀਆ, ਤੀਜੇ ਏਕਲੀ, ਨ ਐਹੈ ਤੁਮੈਂ ਲਾਜ ਹੈ[1]। [1]ਤੁਹਾਨੂੰ ਸ਼ਰਮ ਨਹੀਂ ਆਵੇਗੀ।
ਫੇਰ ਤੁਮੇ ਬੈਰੀ ਭਾਗਿਓਂ ਕੋ ਭੀ ਨ ਛੋਡੈਂ ਕਿਤ,
ਅੰਤ ਕੋ ਮਰੈਹੋ ਧ੍ਰਮ ਤਜਿ ਲਾਜ ਰਾਜ ਹੈ।
ਬੀਬੀ ਕੀ ਲਲਕਾਰ ਸੁਨਿ ਗੁਨ ਕੈ, ਸਿਪਾਹ[1] ਰਾਜੇ [1]ਫੌਜ।
ਸਰਦਾਰ ਲਰੇ, ਹਟ ਫੇਰ ਹੂੰ ਦਰਾਜ[1] ਹੈ ॥ ੧੧੫ ॥ [1]ਬਹੁਤੇ ਲੜੇ।
ਜੁਝੇ ਜਾਨ ਤੋਰਿ[1] ਮੋਰ ਦੀਏ ਮੁਖ ਬੈਰਿਨ ਕੇ, [1]ਜਾਨਾਂ ਤੋੜ ਕੇ ਲੜੇ।

ਰੈਨ ਥਈ ਐਨ[1] ਜੰਗ ਛੋਰਿ ਦਲ ਦੋ ਥਿਰੇ[2]। [1](ਜਦੋਂ) (ਐਨ) ਚੰਗੀ ਤਰ੍ਹਾਂਰਾਤ ਪੈ ਗਈ। [2]ਟਿਕ ਗਏ।
ਸਭਿ ਕੋ ਬੁਲਾਇ ਬੀਬੀ ਮਤਾ ਹੂੰ ਮਤਾਇ[1], [1]ਸਲਾਹ ਪਕਾ ਕੇ।
ਨਿਸ ਅਰਧ ਬਿਤਾਇ, ਮਾਰਯੋ ਛਾਪਾ ਅਰਿ ਪੈ ਫਿਰੇ[1]। [1]ਮੁੜ ਕੇ ਵੈਰੀ ਤੇ ਛਾਪਾ ਮਾਰਿਆ।
ਮਾਚਯੋ ਰੌਰ ਗੌਰ ਦੌਰ ਗਏ ਅਰਿ ਧੈਰੀ ਬਿਨ[1], [1]ਧੀਰਜ ਤੋਂ ਬਿਨਾਂ।
ਜਾਨਯੋ ਤਿਨੈ ਹਮ ਪੈ ਪੰਜਾਬੀ ਸਿੰਘ ਆ ਗਿਰੇ[1]। [1]ਆ ਪਏ ਹਨ।
ਲੀਏ ਥੇ ਜੁ ਨਜ਼ਰਾਨੇ ਲੁਟਵਾਇ ਗੇ ਮਹਾਨੇ,
ਪੀਛੇ ਕੋ ਪਿਆਨੇ ਫੇਰ ਲੌਟ ਹੇਰਿ ਨਾ ਭਿਰੇ[1] ॥ ੧੧੬ ॥ [1]ਫੇਰ ਮੁੜ ਕੇ ਦੇਖ ਕੇ ਨਹੀਂ ਲੜੇ।

ਨੇਕ ਹੂੰ ਨਸੀਬੀ[1] ਸ਼ੇਰ-ਦਿਲ ਬੀਬੀ ਫਤੇ ਪਾਇ, [1]ਚੰਗੇ ਭਾਗਾਂ ਵਾਲੀ।
ਆਇ ਪਟਜਾਲੇ ਸਿਰੇਪਾਇ ਦਏ ਸੱਭਿ ਕੈ।
ਦੇਖ ਪਰਤਾਪ ਤਾਂ ਕੇ ਹਾਸਦੋਂ ਕੋ[1] ਚਢਯੋ ਤਾਪ, [1]ਈਰਖਾਲੂਆਂ ਨੂੰ।
ਪਾਪ ਥਾਪਿ[1] ਭੂਪ ਸਿਖਰਾਯੋ ਬਹੁ ਢੱਬ ਕੈ[2]। [1](ਮਨ ਵਿੱਚ) ਪਾਪ ਧਾਰ ਕੇ। [2]ਢੰਗਾਂ ਨਾਲ।
ਫਰਕ ਪਵਾਇ ਦਯੋ ਭੈਣ ਭਾਈ ਬੀਚ ਬਡ,
ਰਾਣੀ ਆਸ ਕੌਰ ਇਖਤਜਾਰ ਲੀਓ ਫੱਬ ਕੈ।
ਕੀਓ ਪੈ ਦਿਵਾਨ ਨੌਧਾ ਦੂਜ[1] ਰਾਣੀ ਨੈ ਮਹਾਨ, [1]ਨੌਧਾ ਬ੍ਰਾਹਮਣ।
ਨਾਭੇਪਤਿ ਸੰਗ ਜੰਗ ਥਯੋ ਇਨੈ ਤੱਬ ਕੈ[1] ॥ ੧੧੭ ॥ [1]ਤਦੋਂ।

ਹਾਰ ਜਸਵੰਤ ਸਿੰਘ, ਭਾਗ ਸਿੰਘ, ਜੀਂਦ ਪਤਿ,
ਹੇਤ ਨਿਜ ਮੱਦਦ ਲਹੌਰ-ਮੌਰ ਸੱਦਯੋ[1]। [1]ਜਸਵੰਤ ਸਿੰਘ ਨੇ ਹਾਰ ਕੇ ਭਾਗ ਸਿੰਘ ਜੀਂਦ ਵਾਲੇ ਤੇ ਮਹਾਰਾਜਾ ਰਣਜੀਤ ਸਿੰਘ ਨੂੰ ਆਪਣੀ ਮਦਦ ਲਈ ਸੱਦਿਆ।
ਆਇ ਤਿਨ ਊਧਮ[1] ਮਚਾਇ ਲੂਟ ਪਾਇ ਦਈ, [1]ਡੰਡਰੌਲਾ।
ਪਟਲੇਸ ਸੰਗ ਜੰਗ ਥੀਓ ਅਨੁਵੱਦਯੋ[1]। [1]ਪ੍ਰਸੰਸਾ ਯੋਗ।
ਫੇਰ ਮਲਵੱਯੋਂ ਭੱਯੋਂ ਹੇਰਿ ਨੁਕਸਾਨ ਹੋਤੋ,
ਆਪਸ ਮੈਂ ਸੁਲ੍ਹਾ ਕਰਿ ਲੀਨੀ ਪੀਨੀ ਤੱਦਯੋਂ।
ਮਹਾਰਾਜ ਰਣਜੀਤ ਸਿੰਘ ਜੀ ਕੋ, ਦੈ ਕੈ ਕਿਛੁ
ਤੋਫੇ ਤੈ ਨਕਦ, ਕੀਨੋ ਪਾਰ ਨਿਜ ਹੱਦਯੋਂ[1] ॥ ੧੧੮ ॥ [1]ਆਪਣੀ ਹੱਦ ਤੋਂ।

ਐਪਰ ਲਹੌਰ-ਮੌਰ ਪਾਇ ਭੇਤ ਹ੍ਵੈ ਸੁਚੇਤ,
ਦੂਤੀ ਸਾਲ ਦਲ ਲੈ ਬਿਸਾਲ ਖੁਦ ਹੈ ਅਯੋ।

ਮੁਲਕ ਫਰੀਦਕੋਟ ਰਾਇਕੋਟ ਕੇਰ ਛੀਨ,
ਲੀਨ ਨਜ਼ਰਾਨੇ ਸ੍ਵੈ ਰਫੀਕੈ[1] ਬਾਂਟ ਵੈ ਦਯੋ।
[1]ਆਪਣੇ ਮਿੱਤਰਾਂ ਨੂੰ।
ਪੱਖੋਵਾਲ ਕਾ ਇਲਾਕਾ ਚਾਲੀ ਸਹਸ ਕੇਰ ਬਾਂਕਾ,
ਗਾਮ ਏਕਤੀਸ ਜਸਵੰਤ ਸਿੰਘ[1] ਨੈ ਲਯੋ।
[1]ਨਾਭੇ ਦੇ ਰਾਜੇ।
ਲੁਦਿਹਾਨਾ ਜੰਡਿਆਲੀ ਬਸੀਆਂ ਪੈਂਤਾਲੀ ਪਿੰਡ,
ਭਾਗ ਸਿੰਘ[1] ਨਿਜ ਮਾਮੇ ਕੇ ਹਵਾਲੇ ਕੈ ਗਯੋ ॥੧੧੯॥
[1]ਜੀਂਦ ਦਾ ਰਾਜਾ।
ਮਖੂ ਤੈ ਹਠੂਰ ਦਾਖਾ ਜਗਰਾਉ ਗਾਂਉ ਸੌ ਕੁ[1],
[1]ਇਕ ਸੌ ਪਿੰਡ।
ਫਤੇ ਸਿੰਘ ਆਲੂਵਾਲੀਏ ਕੋ ਦਏ ਜਰ ਲੈ[1]।
[1]ਸੋਨਾ ਭਾਵ ਮਾਇਆ ਲੈ ਕੇ ਦਿੱਤੇ।
ਘੱਲ, ਮੋਗਾ ਸੱਤਰ ਗਰਾਮ ਚੰਦ- ਮੁਹਕਮ ਕੋ[1],
[1]ਮੁਹਕਮ ਚੰਦ ਨੂੰ।
ਭੰਗਾ ਸਿੰਘ ਤਾਂਈਂ ਦਏ ਬਾਰਾਂ ਪਿੰਡ ਕਰ ਲੈ[1]।
[1]ਟੈਕਸ ਲੈ ਕੇ।
ਤਾਰਾ ਸਿੰਘ ਗੈਬੇ ਕਾ ਥਾ ਪੂਤ ਜੋ ਗੁੱਜਰ ਸਿੰਘ,
ਘੁੰਘਰਾਨਾ ਬਦੋਵਾਲ ਤਾਂ ਤੇ ਸਭਿ ਹਰ ਲੈ[1]।
[1]ਖੋਹ ਲਏ।
ਗੁਰਦਿੱਤ ਸਿੰਘ ਪਤਿ ਲਾਡੂਏ ਕੋ[1] ਦਏ ਸੋਊ,
[1]ਲਾਡੂਵਾਲ ਦੇ ਰਾਜੇ ਨੂੰ।
ਤੀਨ ਖਾਨਦਾਨ ਇਮ ਡਾਰੇ ਕਰਿ ਪਰਲੈ[1] ॥੧੨੦॥
[1]ਇਸ ਤਰ੍ਹਾਂ ਤਿੰਨ ਖਾਨਦਾਨ (ਫ਼ਰੀਦਕੋਟ, ਰਾਇਕੋਟ, ਤਾਰਾ ਸਿੰਘ ਗ਼ੈਬੇ ਦਾ) ਨਾਸ਼ ਕਰ ਦਿੱਤੇ।
ਏਕ ਲਾਖ ਨਜਰਾਨਾ ਲੈ ਕਰਿ ਮਲੇਰੀਓਂ ਤੈ,
ਆਇ ਪਟਯਾਲੇ ਮਿਲਯੋ ਨ੍ਰਿਪੈਂ ਭਲ ਤੌਰ ਸੈਂ[1]।
[1]ਚੰਗੇ ਢੰਗ ਨਾਲ।
ਮਾਲਾ ਮੋਤੀਓਂ ਕੀ ਤੋਪ ਕੜੇ ਖਾਂ ਬਿਸਾਲਾ[1] ਮਾਂਗਿ,
[1]ਕੜੇ ਖ਼ਾਂ ਨਾਮ ਦੀ ਵੱਡੀ ਤੋਪ।
ਲੈ ਕਰਿ ਅੰਬਾਲਾ ਜਾਇ ਛੀਨਯੋ ਦਯਾ-ਕੌਰ ਸੈਂ।
ਨਾਹਣ-ਪਤੀ ਸੈਂ ਲੜਿ ਛੀਨਿਓ ਨਰੈਣਗੜ੍ਹ,
ਔਰ ਸਰਦਾਰਨ ਸੈਂ ਅੜ ਕਰਿ ਜੋਰ ਸੈਂ।
ਲੀਏ ਨਜ਼ਰਾਨੇ ਦੁਖ ਦੈ ਮਹੀਨੇ ਸਭਿ ਹੀ ਤੈ,
ਜਮਨਾ ਲੌ ਤਹਿਦ ਬਿਠਾਯੋ ਨਿਜ ਗੌਰ ਸੈਂ[1] ॥੧੨੧॥
[1](ਗ਼ੌਰ) ਗਹੁ ਨਾਲ ਆਪਣਾ (ਤਹਿਦ) ਦਬਦਬਾ ਬਿਠਾਇਆ।
ਰਾਜੇ ਸਰਦਾਰ ਸਭਿ ਕਾਂਪ ਉਠੇ ਏਕ ਬਾਰ,
ਜਬਰੀ ਨਿਹਾਰ ਮਹਾਰਾਜ ਕੀ ਸਤੇਜ ਹੈ[1]।
[1]ਤੇਜ ਦੇ ਸਹਿਤ ਜਬਰਦਸਤੀ ਦੇਖ ਕੇ।
ਸਭਿ ਹੀ ਨੈ ਮਿਲ ਕੈ ਸਲਾਹਿ ਠਹਿਰਾਈ,
ਮ੍ਰਿਤੁ ਹੈਜੇ ਕੀ ਹੈ ਸਿੰਘ[1], ਤਪਦਿਕ ਅੰਗਰੇਜ਼ ਹੈਂ।
[1]ਮਹਾਰਾਜਾ ਰਣਜੀਤ ਸਿੰਘ।
ਏਕ ਕੇ ਕਬੂਲ ਕੀਏ ਬਿਨ ਛੁਟਕਾਰਾ ਨਾਹਿਂ,

ਤਪਦਿੱਕ ਕੋਊ ਦਿਨ ਜਜਾਵੈ ਸ ਪ੍ਰਹੇਜ ਹੈ[1]।
ਕੁੰਡਲ ਕਨਕ ਕਾਂਨ ਤੋਰੇ[1] ਸੋ ਹੈ ਕਾਮ ਕਿਸ,
ਆਪਨੋ ਹ੍ਵੈ ਦੇਵੈ ਦੁਖ ਤਾ ਸੋਂ ਕੈਸੋ ਹੇਜ[1] ਹੈ ॥ ੧੨੨ ॥
ਐਸੇ ਮਨਿ ਧਾਰਿ ਨਿਜ ਰੱਖਕ ਵਿਚਾਰਿ
ਦਿਢ, ਜਾਇ ਦਿਲੀ ਤੈ ਲਜਾਇ ਅੰਗ੍ਰੇਜ਼ੋਂ ਕੇ ਤਈਂ।
ਲਵਪੁਰ-ਪਤਿ ਕੇ ਸਮੁਖ ਲੁਦਿਹਾਨੇ ਬੀਚ,
ਦਸ ਅਠ ਚੌਹਠੇ[1] ਮੈਂ ਛਾਵਨੀ ਪਵਾ ਦਈ।
ਸਤਲੁਜ ਬੰਨਾ[1] ਮੰਨਾ ਦੋਊ ਪਤਿਸ਼ਾਹੈਂ ਚਾਹੈਂ,
ਆਪਸ ਮੈਂ ਅਹਿਦ-ਪਿਮਾਨ ਸ਼ਰਤੈਂ ਕਈ[1]।
ਰਾਜੇ ਸਰਦਾਰਨ ਭੀ ਅੰਗ੍ਰੇਜ਼ੈਂ ਸੰਗ ਇਤ[1],
ਲੀਨੀ ਦੀਨੀ ਲਿਖਤੈਂ ਅਮਲ ਜਿਨ ਪੈ ਹਈ[1] ॥ ੧੨੩ ॥

ਦੋਹਰਾ:
ਤਬਿ ਤੈ ਝਗੜੇ ਸਭਿ ਨਸੇ[1],
ਬਾਹਰ ਕੇ ਥੇ ਜੋਇ।
ਪਟਜਾਲੇ ਦੰਪਤੀ ਕਾ[1],
ਰਗਰਾ ਨਿਤ ਨਿਤ ਹੋਇ ॥ ੧੨੪ ॥

ਚੌਪਈ:
ਮਹਾਰਾਜ ਸਾਹਿਬ ਮਿਰਗੇਸ।
ਭੋਲਾ ਭਾਲਾ ਹੁਤੋ ਬਿਸੇਸ।
ਆਸ ਕੌਰ ਰਾਣੀ ਥੀ ਸਜਾਣੀ।
ਬੰਦੋਬਸਤ ਚਹਿ ਕਰਨ ਮਹਾਨੀ ॥ ੧੨੫ ॥
ਲਪ ਚਕਣੇ[1] ਜਨ ਕਰਣ ਨ ਦੈਹੈਂ।
ਨ੍ਰਿਪ ਰਾਣੀ ਭੁਚਲਾਇ[1] ਲਰੈ ਹੈਂ।
ਬਢਜੋ ਫਸਾਦ ਇਮੈਂ ਜਬਿ ਭਾਰੀ।
ਗਵਰਮਿੰਟ ਤਬਿ ਨੀਤਿ ਵਿਚਾਰੀ ॥ ੧੨੬ ॥
ਸਭਿ ਇਕਤਜਾਰ ਨ੍ਰਿਪ ਕੇ ਛੀਨੇ।

---

[1]ਤਪਦਿਕ ਪ੍ਰਹੇਜ਼ ਨਾਲ ਕੋਈ ਦਿਨ ਜਿਊਂਦਾਰਖਦੀ ਹੈ।
[1]ਸੋਨੇ ਦਾ ਕੁੰਡਲ ਜੋ ਕੰਨ ਤੋੜੇ।
[1]ਪਿਆਰ, ਮੋਹ।
[1]ਸੰ: ੧੮੬੪ ਬਿ: ਵਿੱਚ।
[1]ਹੱਦ।
[1]ਇਕਰਾਰ-ਨਾਮੇ ਦੀਆਂ ਸ਼ਰਤਾਂ ਕਰ ਲਈਆਂ।
[1]ਏਧਰੋਂ।
[1]ਜਿਨ੍ਹਾਂ ਤੇ ਹੁਣ ਅਮਲ ਹੋ ਰਿਹਾ ਹੈ।
[1]ਨੱਸ ਗਏ, ਮਿਟ ਗਏ।
[1]ਇਸਤ੍ਰੀ ਪਤੀ ਦਾ, ਮਹਾਰਾਜਾ ਸਾਹਿਬ ਸਿੰਘ ਤੇ ਉਸ ਦੀਰਾਣੀ ਆਸ ਕੌਰ ਦਾ।
[1](ਚਕਣੇ) ਬੰਦੀ (ਲਪ) ਬੁਰਕੀ (ਖਾਣ) ਵਾਲੇ ਭਾਵ ਖਾਊ ਯਾਰ।
[1]ਭੁਲੇਖੇ 'ਚ ਪਾ ਕੇ।

ਆਸ ਕੌਰ ਰਾਣੀ ਕੋ ਦੀਨੇ।
ਬਾਰਾਂ ਸਹਸ ਗੁਜਾਰਾ ਲਾਯੋ।
ਮਾਹਵਾਰੀ ਨ੍ਰਿਪ ਕੇਰ ਸੁਹਾਯੋ[1] ॥੧੨੭॥ — [1]ਚੰਗਾ।
ਸਜਾ ਦਈ ਸਠ ਲੋਗਨ ਤਾਂਈਂ[1]। — [1]੬੦ ਬੰਦਿਆਂ ਨੂੰ।
ਤਬਿ ਫਿਰ ਰਜਾਸਤ ਫਬੀ ਮਹਾਂਈਂ।
ਰੀਤੀ ਏਹ ਛਜਾਸਠੇ[1] ਕੀਨੀ। — [1]ਸੰ: ੧੮੬੬ ਬਿ: ਵਿੱਚ।
ਨ੍ਰਿਪ ਉਣੱਤ੍ਰੇ ਦੇਹ ਤਜੀਨੀ ॥੧੨੮॥
ਤਾਂ ਕਾ ਪੂਤ ਕਰਮ ਸਿੰਘ ਪਾਛੇ।
ਥਯੋ ਨ੍ਰਿਪ ਦਾਨਾ ਬਡ ਆਛੇ।
ਕਾਰ ਬਾਰ ਰਜਾਸਤ ਕੇ ਰਾਨੀ।
ਕਰਤ ਰਹੀ ਸਭਿ ਨੇਕ ਮਹਾਨੀ ॥੧੨੯॥
ਨੌਧਾ ਮਿੱਸਰ ਰਹਯੋ ਦਿਵਾਨੂ।
ਨਾਨੂ-ਮਲ ਸਮ ਬਢਯੋ ਮਹਾਨੂ।
ਰਾਣੀ ਧਰਮਾਤਮ ਥੀ ਭਾਰੀ।
ਸਦਾਬ੍ਰਤ ਦਿਯ ਦਾਨ ਅਪਾਰੀ ॥੧੩੦॥
ਰਜਾਸਤ ਮੈਂ ਸੰਤਨ ਕੇ ਡੇਰੇ।
ਪਾਇ, ਜਗੀਰੈਂ ਦਈ ਬਧੇਰੇ।
ਦਸ ਅਠ ਸੌ ਏਕਾਨਵ ਮਾਹੈਂ[1]। — [1]ਸੰ: ੧੮੯੧ ਬਿ: ਵਿੱਚ।
ਸੁਰਪੁਰ ਕੋ ਜਬਿ ਗਈ ਸਿਧਾਹੈਂ[1] ॥੧੩੧॥ — [1]ਸੁਰਗ ਨੂੰ ਚਲੀ ਗਈ।
ਕਰਮ ਸਿੰਘ ਨ੍ਰਿਪ ਰਾਜ ਉਦਾਰੈ।
ਕੀਨੋ, ਪਾਛੇ ਭਲ ਪ੍ਰਕਾਰੈਂ।
ਨੌਧਾ ਮਿੱਸਰ ਥਾ ਜਬਿ ਮਰਿਓ।
ਨ੍ਰਿਪ ਨਿਜ ਨਾਇਬ[1] ਤੁਰਕੁ ਕਰਿਓ ॥੧੩੨॥ — [1]ਵਜ਼ੀਰ।
ਬਰਕਤ ਅਲੀ ਖਾਨ ਥਾ ਨਾਮੂ।
ਬੰਧੇ ਕਾਯਦੇ ਤਾਂਹਿ ਤਮਾਮੂ[1]। — [1]ਤਿਸ ਨੇ ਸਾਰੇ ਰਾਜ ਦੇ ਨਿਯਮ ਬੰਨ੍ਹੇ।
ਜੋ ਰਜਾਸਤ ਮੈਂ ਅਬਿ ਲੌ ਚਾਲੈਂ।
ਪਹਿਲੇ ਹੁਤੇ ਔਰ ਹੀ ਢਾਲੈਂ[1] ॥੧੩੩॥ — [1]ਢੰਗ ਦੇ।
ਅੰਗ੍ਰੇਜ਼ਨ ਲਾਹੌਰ ਮਧੈ ਹੈ[1]। — [1]ਲਾਹੌਰ ਦਰਬਾਰ ਤੇ ਅੰਗਰੇਜ਼ਾਂ ਵਿਚਾਲੇ।
ਮਚਯੋ ਜੰਗ ਜਬਿ ਸਤਲੁਜ ਪੈਹੈ।
ਅੰਗ੍ਰੇਜ਼ਨ ਕੀ ਮੱਦਦ ਭਾਰੈਂ।

ਕੀਨੀ ਭੂਪਤਿ ਸਭਿ ਪਰਕਾਰੈਂ ॥ ੧੩੪ ॥
ਪੈ ਉਨੀ ਸੈ ਤ੍ਰੈ ਮੈਂ ਤਬਿ ਹੀ।
ਸੁਰਪੁਰ ਗਯੋ ਨ੍ਰਿਪ ਇਹੁ ਜਬਿ ਹੀ।
ਸਿੰਘ-ਨਰਿੰਦ੍ਰ ਨ੍ਰਿਪ ਸੁਤ ਤਾਂ ਕਾ।
ਭਯੋ ਨਰੇਸ ਬਿਸੇਸ ਚਲਾਕਾ ॥ ੧੩੫ ॥
ਰਾਜ ਕਾਜ ਭੀ ਨਿਜੈ ਸੰਭਾਰਾ।
ਮਦਦ ਅੰਗ੍ਰੇਜ਼ੈਂ ਦਈ ਅਪਾਰਾ।
ਖਤਮ ਜੰਗ ਲਵਪੁਰ ਜਬਿ ਭਯੋ।
ਮੱਦਦ ਖਿਜ਼ਮਤ ਇਵਜ਼ ਲਖਯੋ[1] ॥ ੧੩੬ ॥ — [1]ਸੇਵਾ ਦਾ ਬਦਲਾ ਜਾਣ ਕੇ।
ਛੱਤੀ ਸਹਸ ਕੇਰ ਪਿੰਡ ਔਰੈਂ।
ਦੀਨੇ ਗਵਰਮਿੰਟ ਨੈ ਗੌਰੈਂ।
ਨਾਭੇ ਕੀ ਰਜਾਸਤ ਚੌਥਾਈ।
ਜਬਤ ਭਈ ਥੀ ਜੋਉ ਤਦਾਂਈਂ[1] ॥ ੧੩੭ ॥ — [1]ਤਦੋਂ।
ਅੰਗ੍ਰੇਜ਼ੈਂ ਤਿਸ ਮੈਂ ਸੇ ਹੇਰੋ[1]। — [1]ਦੇਖੋ।
ਮੁਲਕ ਬਹੱਤ੍ਰ ਹਜ਼ਾਰੈਂ ਕੇਰੋ।
ਫਰੀਦਕੋਟ ਪਟਜਾਲੇ ਤਾਂਈਂ।
ਦਯੋ ਬਾਂਟ ਥਾ ਸਮ ਜੁ ਤਦਾਂਈਂ ॥ ੧੩੮ ॥
ਫਿਰ ਨ੍ਰਿਪ ਚੌਦੇ ਗਦਰ ਮਝਾਰੈਂ[1]। — [1]੧੯੧੪ ਬਿ: ਦੇ ਗ਼ਦਰ ਵਿੱਚ।
ਖਿਦਮਤ ਮੱਦਦ ਕਰੀ ਅਪਾਰੈਂ।
ਜਾਂ ਕੇ ਇਵਜ਼ ਵੀਚ ਅੰਗ੍ਰੇਜ਼ੈਂ।
ਦਿਯ ਖਤਾਬ ਬਡ ਇਜ਼ਤ ਅਮੇਜੈਂ[1] ॥ ੧੩੯ ॥ — [1]ਇੱਜ਼ਤ ਨਾਲ (ਅਮੇਜ਼) ਮਿਲੇ ਹੋਏ ਵੱਡੇ ਖ਼ਿਤਾਬ ਦਿੱਤੇ।
ਨਾਰਨੌਲ ਕਨੌੜ ਬੁਧਵਾਨਾ।
ਦਏ ਪਰਗਨੇ ਏਹੁ ਮਹਾਨਾ।
ਤੀਨ ਲਾਖ ਸਾਲਾਨੇ ਕੇਰੈਂ।
ਜੋ ਅਬਿ ਹੈਂ ਰਜਾਸਤ ਕੇ ਜ਼ੇਰੈਂ[1] ॥ ੧੪੦ ॥ — [1]ਅਧੀਨ।
ਔਰ ਖਮਾਣੋ ਕੇਰ ਇਲਾਕਾ।
ਡੇਢ ਲਾਖ ਕਾ ਦੀਨੋ ਬਾਂਕਾ।
ਸਿੰਘ ਜਗੀਰਦਾਰ ਤਹਿਂ ਜੋ ਹੈਂ[1]। — [1]ਜਿਹੜੇ ਹਨ।
ਹੱਕ ਹਕੂਕ ਤਿਨੋ ਪਰ ਵੇ ਹੈਂ[1] ॥ ੧੪੧ ॥ — [1]ਉਨ੍ਹਾਂ ਉੱਪਰ ਉਹ (ਸਾਰੇ) ਹੱਕ ਹਕੂਕ (ਹੁਣ ਪਟਿਆਲੇ ਦੇ) ਹਨ।

ਪਹਿਲੇ ਥੇ ਅੰਗ੍ਰੇਜ਼ੈਂ ਜੋ ਹੈਂ।
ਅਬਿ ਇਖਤਜਾਰ ਪਟਜਾਲੇ ਕੋ ਹੈਂ।
ਕੌਂਸਲ ਕਲਕੱਤੇ ਕੀ ਮਾਹੈਂ।
ਇਸ ਨਰੇਸ ਨੈ ਦਾਖਲ ਥਾਹੈ[1] ॥ ੧੪੨ ॥ — [1]ਇਸ ਰਾਜੇ ਨੇ ਦਾਖ਼ਲ ਹੋ ਕੇ।
ਏਜਾਜ਼ਤ ਮੁਤਬੱਨੇ[1] ਕੇਰੀ। — [1]ਕਿਸੇ ਬੱਚੇ ਨੂੰ ਗੋਦੀ ਪਾ ਕੇ ਆਪਣਾ ਬਣਾ ਕੇ ਜਾਇਦਾਦ ਦਾ ਮਾਲਕ ਬਣਾ ਦੇਣਾ।
ਲੈ ਦੀਨੀ ਸਭਿ ਤਈਂ ਚੰਗੇਰੀ।
ਬਹੁ ਉਪਕਾਰ ਐਸ ਨ੍ਰਿਪ ਕੀਨੇ।
ਨਹੀ ਤ ਹੁਤੀ ਰਜਾਸਤਾਂ ਖੀਨੇ[1] ॥ ੧੪੩ ॥ — [1]ਨਾਸ਼।
ਇਹੁ ਨ੍ਰਿਪ ਧਰਮੀ ਭਯੋ ਉਦਾਰੈਂ।
ਰੱਯਤ ਰਾਖੀ ਸੁਖੀ ਅਪਾਰੈਂ।
ਚਤੁ-ਮਾਸ ਸੰਤਨ ਕੇ ਲਾਏ[1]। — [1]ਚਾਰ ਮਹੀਨੇ (ਹਾੜ ਸੁਦੀ ੧੨ ਤੋਂ ਕੱਤਕ ਸੁਦੀ ੧੨ ਤੀਕ ਦਾ ਸਮਾਂ) ਸਾਧੂ ਵਿਦਵਾਨਾਂ ਦੀ ਸੇਵਾ ਲਈ ਸਦਾ-ਵਰਤ ਲਾਈਰਖਦਾ ਸੀ।
ਯਾ ਤੇ ਜਸ ਜਗ ਬਢਜੋ ਮਹਾਂਏ ॥ ੧੪੪ ॥
ਉੱਨੀ ਸੈ ਉੱਨੀ ਮੈਂ ਅੰਤੈਂ[1]। — [1]ਅੰਤ ਨੂੰ।
ਸੁਰਪੁਰ ਕਰਜੋ ਨਿਵਾਸ ਸੁਤੰਤੈਂ[1] ॥ ੧੪੫ ॥ — [1](ਦੇਹ ਤੋਂ) ਆਜ਼ਾਦ ਹੋ ਕੇ।

ਦੋਹਰਾ:
ਕਿਲ੍ਹਾ ਬਹਾਦਰ ਗੜ੍ਹ ਰਚਜੋ,
ਨ੍ਰਿੱਪ ਕਰਮ ਸਿੰਘ ਜੈਸ।
ਬਾਗ ਪੰਜੌਰ ਬਤੌਰ[1] ਇਨ, — [1]ਪੰਜੌਰ ਦੇ ਬਾਗ ਦੇ ਢੰਗ ਨਾਲ।
ਮੋਤੀ ਬਾਗ ਕਿਯ ਲੈਸ[1] ॥ ੧੪੬ ॥ — [1]ਤਿਆਰ ਕਰਵਾਏ, ਲਗਵਾਏ।
ਤਾਂ ਕਾ ਸੁਤ ਪਾਛੇ ਥਯੋ,
ਭੂਪ ਮਹੇਂਦ੍ਰ ਮ੍ਰਿਗੇਸ।
ਨਹਿਰ ਮੰਗਾ ਤਿਨ ਸਤਲੁਜੈਂ,
ਕਿਯ ਆਬਾਦ ਨਿਜ ਦੇਸ ॥ ੧੪੭ ॥
ਚੌਬੀ ਬਰਸ ਕੀ ਉਮਰ ਮੈਂ,
ਧ੍ਰਮ ਕਾ ਰਾਜ ਕਮਾਇ।
ਉੱਨੀ ਸੌ ਚੌਤੀਸ ਮੈਂ,
ਬਸਜੋ ਅਮਰਪੁਰ ਜਾਇ ॥ ੧੪੮ ॥
ਸੁਤ ਤਿਹ ਅਬਿ ਰਾਜੰਦ੍ਰ ਹਰਿ*, — *ਮਹਾਰਾਜਾ ਰਾਜਿੰਦਰ ਸਿੰਘ ਦਾ ੧੯੦੦ ਈ: 'ਚ ਦੇਹਾਂਤ ਹੋ

ਗਿਆ ਤਾਂ ਭੁਪਿੰਦਰ ਸਿੰਘ ਮਹਾਰਾਜਾ ਥਾਪਿਆ ਗਿਆ। ਇਸ ਤੋਂ ਬਾਅਦ ਯਾਦਵਿੰਦਰ ਸਿੰਘ ਮਹਾਰਾਜਾ ਬਣਿਆ। ਇਸ ਦੇ ਸਮੇਂ ਭਾਰਤ ਦੀਆਂ ਸਾਰੀਆਂ ਰਿਆਸਤਾਂ ਦੇ ਰਾਜਿਆਂ ਦੇ ਅਧਿਕਾਰ ਖੋਹ ਕੇ ਰਿਆਸਤਾਂ ਸਬੰਧਿਤ ਸੂਬਿਆਂ 'ਚ ਮਿਲਾ ਦਿੱਤੀਆਂ ਗਈਆਂ। ਰਿਆਸਤ ਪਟਿਆਲਾ ਪੰਜਾਬ 'ਚ ਮਿਲ ਗਈ, ਮਹਾਰਾਜੇ ਨੂੰ ਨੀਦਰਲੈਂਡ ਦਾ ਰਾਜਦੂਤ ਬਣਾ ਕੇ ਭੇਜਿਆ ਗਿਆ, ਉਥੇ ਹੀ ਉਨ੍ਹਾਂ ਦਾ ੧੭ ਜੂਨ ੧੯੭੪ ਨੂੰ ਹੇਗ ਸ਼ਹਿਰ ਵਿੱਚ ਦੇਹਾਂਤ ਹੋ ਗਿਆ। ਪਿੱਛੇ ਜਾਇਦਾਦ ਦੇ ਵਾਰਸ ਦੋ ਪੁੱਤਰ ਹਨ, ਵੱਡਾ ਅਮਰਿੰਦਰ ਸਿੰਘ ਤੇ ਦੂਜਾ ਮਾਂਲਵਿੰਦਰ ਸਿੰਘ।

ਕਰਤ ਰਾਜ ਤਿਸ ਠੌਰ।
ਕਾਯਮ ਦਾਯਮ[1] ਰਖੈ ਗੁਰੁ,
ਇਹੁ ਅਸੀਸ ਮਮ ਗੌਰ[1] ॥੧੪੯॥
ਮੁਲਕ ਪੈਂਤਾਲੀ ਲਾਖ ਕਾ,
ਦਸ ਹਜ਼ਾਰ ਹੈ ਫ਼ੌਜ।
ਰਾਜੇਂਦ੍ਰ ਮਿਰਗੇਸ ਪੈ,
ਰਹੈ ਸੁਖਦ ਸਭਿ ਸੌਜ[1] ॥੧੫੦॥
ਗ੍ਰੰਥ ਬਢਨ ਡਰ ਗਜ਼ਾਨ ਹਰਿ,
ਲਿਖੀ ਤਨਕ[1] ਇਹ ਕਾਥ।
ਤਵਾਰੀਖ ਗੁਰੁ ਖਾਲਸੇ,
ਮੈਂ ਹੈ ਸਭਿ ਹੀ ਗਾਥ ॥੧੫੧॥
ਸਭਿ ਸਰਦਾਰਨ ਨ੍ਰਿਪਨ ਕਾ,
ਹੈ ਤਹਿਂ ਸਭਿ ਇਤਿਹਾਸ।
ਜੋ ਪੇਖਯੋ ਚਹਿ ਤਹਿਂ ਪਿਖੇ,
ਅਬਿ ਇਤਿ ਥਯੋ ਨਿਵਾਸ[1] ॥੧੫੨॥

[1]ਹਮੇਸ਼ਾਂ।
[1]ਬਹੁਤੀ।
[1]ਸਮੱਗ੍ਰੀ।
[1]ਥੋੜ੍ਹੀ।
[1]ਅਧਿਆਇ ਪੂਰਾ ਹੋ ਗਿਆ ਹੈ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜ਼ਾਨ ਸਿੰਘ ਵਿਰਚਿਤੇ, 'ਫੂਲਕਜੋਂ ਕੀ ਮਿਸਲ ਕਾ ਬਰਨਨੰ', ਨਾਮ ਚਰੁੰਜਮੋਂ ਬਿਸ੍ਰਾਮ ॥੫੪॥

੫੫. {ਨਾਭਾ, ਜੀਂਦ, ਕੈਂਥਲ ਤੇ ਫਰੀਦਕੋਟ ਆਦਿ ਰਿਆਸਤਾਂ ਦੇ ਪ੍ਰਸੰਗ}

ਅਹਵਾਲ ਨਾਭੇ ਕਾ

ਦੋਹਰਾ:

ਨਾਭੇਸ੍ਵਰ ਕੀ[1] ਕਥਾ ਅਬਿ,   [1]ਨਾਭੇ ਦੇ ਰਾਜੇ ਦੀ।
ਦੈਹੋਂ ਤਨਕ ਦਿਖਾਇ।
ਭਯੋ ਫਰਜੰਦ ਜੁ ਫੂਲ ਕਾ,
ਤਲੋਕ ਸਿੰਘ ਵਡ ਸਾਇ[1] ॥੧॥   [1]ਉਹ ਤਲੋਕ ਸਿੰਘ ਫੂਲ ਦਾ ਵੱਡਾ ਪੁੱਤਰ ਸੀ।

ਚੌਪਈ:

ਤਾਂ ਕੇ ਘਰ ਪੁੱਤਰ ਜੁਗ ਭਏ।
ਇਕ ਸੁਖਚੈਨ ਸਿੰਘ ਵਡ ਜਏ[1]।   [1]ਪੈਦਾ ਹੋਇਆ।
ਦੂਸਰ ਗੁਰਦਿਤ ਸਿੰਘ ਬਿਦਤਯੋ।
ਸੂਰਤ ਸਿੰਘ ਤਾਂ ਕੇ ਘਰ ਜਯੋ ॥੨॥
ਇਨ ਭੀ ਕਰਿ ਹਿੰਮਤ ਅਤਿ ਭਾਰੀ।
ਰਾਜਨੀਤਿ ਕੀ ਰੀਤਿ ਸੰਭਾਰੀ।
ਰਾਖਿ ਫੌਜ ਕੀਨੋ ਨਿਜ ਕਾਜਾ।
ਲਯੋ ਸੰਭਾਰ ਮੁਲਕ ਬਹੁ ਰਾਜਾ[1] ॥੩॥   [1]ਰਾਜਾ (ਬਣ ਗਿਆ)।
ਸੂਰਤ ਸਿੰਘ ਕੇ ਭਏ ਉਭੈ ਸੁਤ[1]।   [1]ਦੋ ਪੁੱਤਰ।
ਹਮੀਰ ਸਿੰਘ ਕਪੂਰ ਸਿੰਘ ਯੁਤ।
ਸੂਰਤ ਸਿੰਘ ਗੁਰੁ-ਲੋਕ ਬਸਯੋ ਜਬਿ।
ਭਯੋ ਨ੍ਰਿਪ ਹਮੀਰ ਸਿੰਘ ਤਬਿ ॥੪॥
ਤਿਨ ਹਿੰਮਤ ਕੀ ਗਹਿ ਸ਼ਮਸ਼ੇਰੈਂ।
ਮੁਲਕ ਲਯੋ ਬਹੁ ਹੋਇ ਦਲੇਰੈਂ।
ਨਾਭਾ ਸ਼ਹਿਰ ਅਬਾਦ ਕੀਓ ਪੁਨ।
ਰਜਧਾਨੀ ਵਹਿ ਥਾਪੀ ਨਿਜ ਗੁਨ[1] ॥੫॥   [1]ਵਿਚਾਰ ਕੇ ਆਪਣੀਰਾਜਧਾਨੀ ਬਣਾਈ।
ਸੁਤ ਜਸਵੰਤ ਸਿੰਘ ਤਿਹ ਪੀਨੋ[1]।   [1]ਤਕੜਾ।
ਪਾਛੇ ਭਯੋ ਪ੍ਰਗਟ ਜਗ ਚੀਨੋ[1]।   [1]ਜਾਣੋ।
ਸੁੰਦਰ ਸਬਲ ਬੁਧਿਬਰ ਵਾਰੋ[1]।   [1]ਸੁੰਦਰ, ਬਲੀ ਤੇ ਸ੍ਰੇਸ਼ਟ ਬੁੱਧੀ ਵਾਲਾ।
ਹੁਤੋ ਰਾਜ ਇਨ ਕੀਨੋ ਭਾਰੋ ॥੬॥
ਲਵਪੁਰ ਪਤਿ ਜਬਿ ਉਤ ਦਿਸ ਗਯੋ।
ਮੇਲ ਯਾਂਹਿ ਤਿਸ ਸੋਂ ਬਡ ਠਯੋ[1]।   [1]ਕੀਤਾ।

ਮਹਾਰਾਜ ਤੈ ਏਕ ਇਲਾਕਾ।
ਤੀਨ ਲਾਖ ਕਾ ਲੀਨੋ ਬਾਂਕਾ ॥ ੭ ॥
ਪੱਖੋ ਕੇਰ ਬੱਧਣੀ ਬੀਜੋ[1]।
[1]ਇਕ ਪੱਖੋਵਾਲ ਦਾ ਇਲਾਕਾ ਤੇ ਦੂਜਾ ਬੱਧਣੀ ਦਾ।
ਮਹਾਰਾਜ ਦਿਯ ਅਧਿਕ ਪਤੀਜੋ[1]।
[1]ਖ਼ੁਸ਼ ਹੋ ਕੇ।
ਹਰਿ ਜਸਵੰਤ ਕੇਰ ਜੁਗ ਪੂਤੈਂ।
ਭਏ ਬਹਾਦਰ ਬਲੀ ਯਕੂਤੈਂ[1] ॥ ੮ ॥
[1]ਲਾਲਾਂ ਵਰਗੇ।
ਬਡ ਰਣਜੀਤ ਸਿੰਘ ਪਹਿਚਾਨੋ।
ਲਘੁ ਦੇਵਿੰਦਰ ਸਿੰਘ ਪ੍ਰਮਾਨੋ[1]।
[1]ਮੰਨੋ।
ਪੈ ਰਣਜੀਤ ਸਿੰਘ ਸੌਂ ਬਿਗਰੀ।
ਭੂਪਤਿ ਦਈ ਨ ਯੌਂ ਤਿਹ ਡਿਗਰੀ[1] ॥ ੯ ॥
[1]ਗੱਦੀ।
ਲਘੁ ਸੁਤ ਦੇਵੇਂਦ੍ਰ ਸਿੰਘ ਤਾਂਈਂ।
ਨਿਜ ਠੌਰੈਂ ਨ੍ਰਿਪ ਥਪ੍ਯੋ ਮਹਾਂਈਂ।
ਬਡ ਸੁਤ ਕੇ ਸੁਤ ਔਰੈਂ ਥਯੋ[1]।
[1]ਰਣਜੀਤ ਸਿੰਘ ਦੇ ਹੋਰ ਪੁੱਤਰ ਹੋ ਗਿਆ।
ਨਾਮ ਸੰਤੋਖ ਸਿੰਘ ਬਿਦਤਯੋ[1] ॥ ੧੦ ॥
[1]ਪ੍ਰਗਟ ਹੋਇਆ।
ਝਗੜੇ ਹੀ ਮੈਂ ਉਨ ਨਿਜ ਆਯੁ[1]।
[1]ਉਮਰ।
ਲਈ ਗਵਾਇ, ਥਯੋ ਨਹਿਂ ਕਾਜੁ।
ਏਲਾਕੇ ਪਟਿਆਲੇ ਮਾਂਹੀਂ।
ਬਾਹਾਦਰ ਗਢ, ਚਢ ਗਯੋ ਵਾਹੀ[1] ॥ ੧੧ ॥
[1]ਓਥੇ ਹੀ ਚੜ੍ਹਾਈ ਕਰ ਗਿਆ ਭਾਵ ਮਰ ਗਿਆ।
ਦੇਵੇਂਦ੍ਰ ਸਿੰਘ ਭੂਪਤਿ ਭਯੋ।
ਫਰਕ ਅਕਲ ਤਿਸ ਕੀ ਮੈਂ ਅਯੋ।
ਆਪ ਤਈਂ ਅਵਤਾਰ ਬਖਾਨੈਂ।
ਚਹੈ ਮਨਾਨਾ ਕ੍ਰਿਸ਼ਨ ਸਮਾਨੈ ॥ ੧੨ ॥
ਉਸੀ ਮਰਜ ਕੇ ਬਲ ਸੇ ਵਾ ਨੈ[1]।
[1]ਉਸੇ (ਮਰਜ਼) ਰੋਗ ਦੇ ਬਲ ਕਰ ਕੇ ਉਸ ਨੇ।
ਕਿਯ ਅਸਮੇਧ ਜੱਗਜ ਜਗ ਜਾਨੈ।
ਫੇਰਯੋ ਅਸ੍ਵ ਇਲਾਕੇ ਨਿਜ ਹੈ।
ਲੂਟ ਲੈ ਗਏ ਜਰ ਤਿਹ ਦਿਜ ਹੈ[1] ॥ ੧੩ ॥
[1]ਬ੍ਰਾਹਮਣ ਤਿਸ ਦਾ ਧਨ ਲੁੱਟ ਕੇ ਲੈ ਗਏ।
ਉੱਨੀ ਸੈ ਜਬਿ ਏਕ ਮਝਾਰੀ।
ਭਈ ਲਰਾਈ ਸਤਲੁਜ ਵਾਰੀ।
ਜਿਤਿਕ ਨ੍ਰਿਪ ਥੇ ਉਸ ਦਿਸ ਤੇਜੈਂ[1]।
[1]ਤੇਜ ਵਾਲੇ।
ਸਭਿ ਨੈ ਮੱਦਦ ਦਈ ਅੰਗ੍ਰੇਜ਼ੈਂ ॥ ੧੪ ॥

ਖਿਜਮਤ ਨਾਭੇਸੈਂ[1] ਨਹਿੰ ਕੀਨੀ।
ਰਖੀ ਰਸ਼ਕ[1] ਅੰਗ੍ਰੇਜ਼ੈਂ ਪੀਨੀ[2]।
ਫੌਜ ਲਹੌਰੀ ਜਬੈ ਹਰਾਨੀ।
ਅੰਗ੍ਰੇਜ਼ੈਂ ਲੈ ਫਤੇ ਮਹਾਨੀ ॥੧੫॥
ਦੈ ਇਲਜ਼ਾਮ ਭੂਪ ਪਰ ਪੀਨਾ।
ਜ਼ਬਤ ਮੁਲਕ ਨਾਭੇ ਕਾ ਕੀਨਾ।
ਪੈ ਪਟਲੇਸ਼੍ਵਰ ਆਦਿਕ ਰਾਜੇ।
ਕਰਤ ਤਰੱਦਦ ਭਏ ਦਰਾਜੇ[1] ॥੧੬॥
ਪੱਖੋ ਔਰ ਬੱਧਣੀ ਵਾਲਾ।
ਤੀਨ ਲਾਖ ਕਾ ਮੁਲਕ ਬਿਸਾਲਾ।
ਸੋ ਅੰਗ੍ਰੇਜ਼ੋਂ ਕੇ ਕਰ[1] ਦੈ ਕੈ।
ਗੱਦੀ ਤੈ ਨ੍ਰਿਪ ਖਾਰਜ ਕੈ ਕੈ ॥੧੭॥
ਸੁਤ ਭਰਪੂਰ ਸਿੰਘ ਬਡ ਤਾਂ ਕਾ।
ਗੱਦੀ ਪਰੈ ਬਿਠਾਰਯੋ ਬਾਂਕਾ।
ਦੇਵਿੰਦ੍ਰ ਸਿੰਘ ਤਈਂ ਗੁਜਾਰਾ।
ਦੈ ਕਰਿ ਬਿੰਦ੍ਰਾਬਨ[1] ਬੈਠਾਰਾ ॥੧੮॥
ਨਾਭੇ ਕਾਇਮ ਰਾਜ ਰਹਾਨਾ।
ਬਾਰਾਂ ਲਖ ਕਾ ਲਖੋ ਮਹਾਨਾ।
ਉੱਨੀ ਸੈ ਚੌਦਾਂ ਕੇ ਮਾਹੀਂ।
ਦਿੱਲੀ ਗਦਰ ਭਯੋ ਜਬਿ ਆਹੀ ॥੧੯॥
ਭਰਪੂਰ ਸਿੰਘ ਖਿਦਮਤ ਤਬਿ ਕੀਨੀ।
ਅੰਗ੍ਰੇਜ਼ੋਂ ਕੀ ਅਤਿਸੈ ਪੀਨੀ।
ਵਾਵਲ-ਕਾਂਟੀ[1] ਕੇਰ ਇਲਾਕਾ।
ਜਿਸ ਬਦਲੇ ਮਿਲਿਓ ਤਿਸ ਬਾਂਕਾ ॥੨੦॥
ਜਬਿ ਭਰਪੂਰ ਸਿੰਘ ਤਨ ਛੋਰਾ।
ਭਗਵਾਨ ਸਿੰਘ ਤਿਹ ਬੀਰ ਬਹੋਰਾ।
ਭੂਪਤਿ ਭਯੋ ਰਾਜ ਬਹੁ ਕੀਨਾ।
ਉਨ ਭੀ ਜਬੈ ਦੇਵ-ਮਗ ਲੀਨਾ[1] ॥੨੧॥
ਇਨ ਜੁਗ ਨ੍ਰਿਪਨ ਕੇ ਨਹਿੰ ਕੋਈ।
ਥੀ ਉਲਾਦ, ਯਾਂ ਤੈ ਇਮ ਹੋਈ।

[1]ਨਾਭੇ ਦੇ ਰਾਜੇ ਨੇ।
[1]ਈਰਖਾ। [2]ਬਹੁਤੀ।
[1]ਬਹੁਤ (ਤਰੱਦਦ) ਜਤਨ ਕਰਦੇ ਰਹੇ।
[1]ਹੱਥ।
[1]ਮਥਰਾ ਦੇ ਜ਼ਿਲ੍ਹੇ ਜਮਨਾ ਨਦੀ ਦੇ ਕਿਨਾਰੇ ਇਕ ਜੰਗਲ।
[1]ਇਕ ਇਲਾਕੇ ਦਾ ਨਾਮ।
[1]ਸੁਰਗ ਦਾ ਰਸਤਾ ਲਿਆ, ਭਾਵ ਮਰ ਗਿਆ।

ਅਹਿਦ[1] ਫੂਲ ਕੇ ਨ੍ਰਿਪਨ ਕੇਰੋ।
ਹੈ ਅੰਗ੍ਰੇਜ਼ਨ ਸੋਂ ਇਮ ਹੇਰੋ ॥੨੨॥
ਬਿਨ ਉਲਾਦ ਨ੍ਰਿਪ ਜੋ ਮਰ ਜਾਈ।
ਤਾਂ ਕਾ ਜੱਦੀ[1] ਨਿਕਟੀ ਭਾਈ।
ਵਾਰਸ[1] ਕਰਜੋ ਰਾਜ ਕਾ ਜਾਵੈ।
ਇਹੀ ਸ਼ਰਤ ਅਬਿ ਫਲੀ ਇਥਾਵੈਂ[1] ॥੨੩॥
ਹੀਰਾ ਸਿੰਘ* ਬਰੜਖਿਆਂ ਵਾਲਾ।
ਨਿਕਟੀ ਥਾ ਸਰਦਾਰ ਬਿਸਾਲਾ।
ਉੱਨੀ ਸੈ ਅਠਾਈ ਮੈਹੈਂ।
ਭਗਵਾਨ ਸਿੰਘ ਕੀ ਠੌਰੈਂ ਵੈਹੈ ॥੨੪॥
ਬਨਜੋ ਨ੍ਰਿਪ ਨਾਭੇ ਕਾ ਸੋਈ।
ਹੈ ਅਬਿ ਲੌ ਜਾਨਤ ਸਭਿ ਲੋਈ।
ਗਾਥਾ ਨਾਭੇ ਕੇਰੀ ਜੇਤੀ।
ਚਹੀਅਤ ਥੀ, ਹਮ ਭਾਖੀ ਤੇਤੀ ॥੨੫॥
ਅਹਿਵਾਲ ਜੀਂਦ ਕਾ
ਦੋਹਰਾ:
ਤ੍ਰਿਤੀ ਰਜਾਸਤ ਜਜੋਂ ਭਈ,
ਫੂਲ ਬੰਸ ਕੀ ਹੇਰ।
ਜੀਂਦ-ਪਤੀ ਕੀ ਗਾਥ ਅਬਿ,
ਕਹਿ ਹੋਂ ਸਕਲ ਬਖੇਰ[1] ॥੨੬॥
ਕਬਿੱਤ:
ਭਯੋ ਜੋ ਤਲੋਕ ਸਿੰਘ ਜੁ ਕੇ ਸੁਤ ਚੈਨ ਸਿੰਘ,
ਤਾਂ ਕੇ ਘਰ ਮਾਂਹਿ ਪੁਨ ਤੀਨ ਸੁਤ ਜਏ ਹੈਂ।
ਏਕ ਸਿੰਘ ਆਲਮ ਬੁਲਾਕੀ ਸਿੰਘ ਦੂਜੋ ਲਖ[1],
ਗਜਪਤ ਸਿੰਘ ਤੀਜੇ ਜਗ ਬਿਦਤਏ ਹੈਂ।
ਬਾਂਧ ਕੈ ਕਮਰ ਜਿਨ ਹਿੰਮਤ ਕੀ ਤੇਗ ਗਹਿ,

[1]ਇਕਰਾਰ।
[1]ਵੰਸ ਦਾ।
[1]ਮਾਲਕ।
[1]ਏਥੇ ਸਫ਼ਲ ਹੋਈ।
*ਮਹਾਰਾਜਾ ਹੀਰਾ ਸਿੰਘ ਦੇ ੧੯੧੧ ਈ: ਨੂੰ ਦੇਹਾਂਤ ਤੋਂ ਬਾਅਦ ਰਿਪੁਦਮਨ ਸਿੰਘ (ਗੁਰਚਰਨ ਸਿੰਘ) ਮਹਾਰਾਜਾ ਬਣਿਆ। ਅੰਗਰੇਜ਼ਾਂ ਨੇ ਈਰਖਾ ਵਸ ਹੋ ਕੇ ਇਨ੍ਹਾਂ ਨੂੰ ਗੱਦੀ ਤੋਂ ਲਾਹ ਕੇ ਜੇਲ੍ਹ ਭੇਜ ਦਿੱਤਾ ਤੇ ੨੩ ਫਰਵਰੀ ਸੰਨ ੧੯੨੮ ਨੂੰ ਟਿੱਕਾ ਪ੍ਰਤਾਪ ਸਿੰਘ ਨੂੰ ਨਾਭੇ ਦਾ ਮਹਾਰਾਜਾ ਥਾਪਿਆ ਗਿਆ। ਇਹ ਰਿਆਸਤ ਵੀ ਪੰਜਾਬ ਵਿੱਚ ਮਿਲ ਗਈ ਹੈ।
[1]ਵਿਸਥਾਰ ਨਾਲ।
[1]ਜਾਣੋ।

ਬੈਰਿਨ ਕੋ ਮਾਰ ਕੈ ਇਲਾਕੇ ਬਹੁ ਲਏ ਹੈਂ।
ਲੁਦਿਹਾਨਾ ਖੰਨਾ ਜੀਂਦ ਦਾਦਰੀ ਸਪੀਦੋ ਪੁਨ,
ਸੰਗਰੂਰ ਬਾਲਜਾਂ-ਵਾਲੀ ਆਦਿਕ ਗਨਏ ਹੈਂ ॥੨੭॥
ਰਜਧਾਨੀ ਠਾਨੀ ਬਡ ਜੀਂਦ ਮੈਂ ਮਹਾਨੀ ਜਿਨ,
ਰਾਜਗੀ ਖਿਤਾਬ ਸ਼ਮਸ਼ੇਰ ਜੋਰ ਹੈ ਲਯੋ।
ਤਾਂ ਕੇ ਘਰ ਤੀਨ ਸੁਤ ਭਏ ਵਡੇ ਬੀਰ ਧੀਰ,
ਭਾਗ ਸਿੰਘ ਭੂਪ ਸਿੰਘ ਮੁਹਿਰ ਸਿੰਘ ਹੈ ਜਯੋ।
ਸੁਤਾ ਏਕ ਰਾਜ ਕੌਰ ਬਯਾਹੀ ਮਾਂਹਾਂ ਸਿੰਘ ਸੰਗ,
ਜਾਂ ਕੋ ਸੁਤ ਸ੍ਰੀ ਰਣਜੀਤ ਸਿੰਘ ਹੈ ਭਯੋ।
ਗਜਪਤ ਸਿੰਘ ਪਰਲੋਕ ਮੈਂ ਪਧਾਰਯੋ ਜਬਿ,
ਭਾਗ ਸਿੰਘ ਭੂਪ ਪਾਛੇ ਆਛੇ ਬਡ ਹੈ ਥਯੋ ॥੨੮॥
ਮੁਹਿਰ ਸਿੰਘ ਖੰਨੇ ਕੇ ਇਲਾਕੇ ਪਰ ਕਾਬਜ ਹ੍ਵੈ,
ਤਾਂ ਕਾ ਹਰੀ ਸਿੰਘ ਸੁਤ ਗਯੋ ਬੇ-ਉਲਾਦ ਹੈ।
ਤਾਂ ਕੀ ਸਰਦਾਰਨੀ ਜੋ ਦਯਾ ਕੌਰ ਮਰੀ ਪਾਛੇ,
ਲਯੋ ਅੰਗ੍ਰੇਜ਼ਨ ਇਲਾਕਾ ਸੋਊ ਤਾਦ[1] ਹੈ। [1]ਤਦੋਂ।
ਭਾਗ ਸਿੰਘ ਜੂ ਕੇ ਪਾਛੇ ਫਤੇ ਸਿੰਘ ਥੀਓ ਆਛੇ,
ਬਡ ਸੁਤ ਭੂਪ ਕਾਛੇ ਯੁਤ ਮਰਯਾਦ[1] ਹੈ। [1]ਸੁੰਦਰ ਮਰਯਾਦਾ ਸਹਿਤ।
ਪੀਛੇ ਤਾਂਹਿ ਸੰਗਤ ਮ੍ਰਿਗੇਸ ਜੂ ਨਰੇਸ ਥੀਓ,
ਕੀਓ ਜਿਨ ਸੰਗਰੂਰ ਸ਼ਹਿਰ ਅਵਾਦ ਹੈ ॥੨੯॥
ਫੇਰ ਜਬਿ ਸੋਊ ਬਿਨ ਸੰਤਤਿ ਪ੍ਰਲੋਕ ਗਯੋ,
ਭੂਪ ਸਿੰਘ ਕੀ ਉਲਾਦ ਰਾਜ ਸਾਜ ਪਾਯੋ ਹੈ।
ਭੂਪ ਸਿੰਘ ਜੂ ਕੇ ਸੁਤ ਭਏ ਦੋਇ ਬੀਰ ਬਰ,
ਕਰਮ ਸਿੰਘ ਔ ਬਸਾਵਾ ਸਿੰਘ ਸਭਿ ਭਾਯੋ ਹੈ।
ਕ੍ਰਮ ਸਿੰਘ ਪਾਸ ਤੋ ਜਾਗੀਰ ਥੀ ਬਾਜੀਦ ਪੁਰ,
ਦੂਸਰੇ ਪੈ ਬਰੜ੍ਹਖੇ ਨਗਰ ਸੁਹਾਯੋ ਹੈ।
ਕ੍ਰਮ ਸਿੰਘ ਜੂ ਕੇ ਪੂਤ ਭੂਪਤ ਸਰੂਪ ਸਿੰਘ,
ਨਿਜ ਜੱਦੀ ਗੱਦੀਰਾਜ ਗਯੋ ਫੇਰ ਪਾਯੋ ਹੈ[1] ॥੩੦॥ [1]ਆਪਣੀ (ਜੱਦ) ਵੰਸ ਦਾ ਗਿਆਨ ਹੋਇਆ ਫੇਰਰਾਜ ਪਾਇਆ ਹੈ।

ਰਾਜ ਸਾਜ ਪਾਇ ਕੈ ਕਮਾਇ ਕੈ ਸੁਕ੍ਰਿਤ ਬਹੁ[1],
ਗੁਰੁਪੁਰ ਹੈ ਸਰੂਪ ਸਿੰਘ ਜੌ ਪਧਾਰਿਓ।
ਪਾਛੇ ਤਾਂ ਕੇ ਸੁਤ ਸਾਛੇ[1] ਰਘੁਬੀਰ ਸਿੰਘ* ਕਾਛੇ[2],
ਰਾਜ ਸਾਜ ਕਾਜ ਆਛੇ ਨਿਜ ਹੈ ਸੰਭਾਰਿਓ।
ਸੋਊ ਅਬਿ ਜੀਂਦ ਸੰਗਰੂਰ ਕੇਰ ਭੂਪ ਵਰ,
ਜ਼ਾਹਿਰ ਜਗਤ ਆਹਿ ਕਾਯਮ ਨਿਹਾਰਿਓ।
ਕਥਾ ਜਥਾ-ਮਤਿ ਜੀਂਦ ਪਤੀ ਕੀ ਬਖਾਨੀ ਏਹੁ,
ਗਜਾਨ ਸਿੰਘ ਗਜਾਨੀ ਜੈਸ ਜਾਨੀ ਨਿਰਧਾਰਿਓ[1] ॥੩੧॥

[1]ਬਹੁਤੇ ਪੁੰਨ।

[1]ਚੰਗਾ, ਨੇਕ। [2]ਸੁੰਦਰ। *ਰਘਬੀਰ ਸਿੰਘ ਦੇ ਟਿੱਕਾ ਬਲਬੀਰ ਸਿੰਘ ਦਾ ਦੇਹਾਂਤ ੧੯੧੩ ਈ: 'ਚ ਹੋ ਜਾਣ ਕਰਕੇ ਪੋਤਰਾ ਰਣਬੀਰ ਸਿੰਘ ਮਹਾਰਾਜਾ ਬਣਿਆ। ਇਨ੍ਹਾਂ ਦੇ ਘਰ ਟਿੱਕਾ ਰਾਜਬੀਰ ਸਿੰਘ ਦਾ ਜਨਮ ੨੫ ਸਤੰਬਰ ੧੯੧੮ ਈ: ਨੂੰ ਹੋਇਆ।

[1]ਨਿਰਣਾ ਕਰਕੇ।

ਦੋਹਰਾ:
ਲਘੁ ਲਘੁ ਜੇ ਸਰਦਾਰ ਹੈਂ,
ਫੂਲ ਬੰਸ ਕੇ ਔਰ।
ਜੇ ਗਾਥਾ ਸਭਿ ਕੀ ਲਿਖੋਂ,
ਬਢੈ ਗ੍ਰੰਥ ਅਤਿ ਗੌਰ ॥੩੨॥

ਅਹਿਵਾਲ ਕੈਂਥਲ ਕਾ

ਚੌਪਈ:
ਭਾਈ ਭਗਤੂ ਕੀ ਜੋ ਗਾਥਾ।
ਚਹੀਅਤ ਠੀਕ ਕਹੋਂ ਹਿਤ ਸਾਥਾ।
ਉੱਦਮ ਨਾਮੀ ਜੱਟ ਬਿਰਾਰੈਂ।
ਹੁਤੋ ਗੁਰੂ ਕਾ ਸਿੱਖ ਉਦਾਰੈਂ ॥੩੩॥
ਤਾਂ ਕੇ ਘਰ ਸੁਤ ਭਗਤੂ ਭਯੋ।
ਜੋ ਸਭਿ ਹੀ ਜਗ ਮੈਂ ਬਿਦਤਯੋ।
ਗੁਰੁ ਅਰਜਨ ਸਾਹਿਬ ਕੀ ਸੇਵਾ।
ਕਰਿ ਅਤਿਸੈ ਤਿਨ ਪਾਯੋ ਮੇਵਾ ॥੩੪॥
ਖੁਸ਼ੀ ਹੋਇ ਸਤਿਗੁਰੁ ਤਿਸ ਤਾਂਈ।
ਦਯੋ ਖਿਤਾਬ ਜੁ ਭਗਤੂ ਭਾਈ।
ਭਏ ਉਭੈ ਬੇਟੇ ਤਿਸ ਧਾਮੈਂ।

ਭਾਈ ਗੌਰਾ ਸੰਤੂ ਨਾਮੈਂ ॥ ੩੫ ॥
ਭਾਈ ਸੰਤੂ ਕੀ ਔਲਾਦੈਂ।
ਗਾਮ ਚੱਕ ਮੈਂ[1] ਆਹਿ ਅਬਾਦੈਂ। [1]ਚੱਕ ਨਾਮ ਪਿੰਡ ਵਿੱਚ।
ਭਾਈ ਗੌਰੇ ਕੇ ਸੁਤ ਚਾਰੂ[1]। [1]ਚਾਰ।
ਭਾਈ ਦਜਾਲਾ ਸਿੰਘ ਉਦਾਰੂ ॥ ੩੬ ॥
ਮਾਈ ਦਾਸ ਕਿਸ਼ਨ ਸਿੰਘ ਜਾਨੋ।
ਮੇਹਰ ਸਿੰਘ ਔਰ ਪਰਮਾਨੋ।
ਦਜਾਲ ਸਿੰਘ ਕੇ ਸੁਤ ਇਕ ਭਯੋ।
ਗੁਰੁਬਖਸ਼ ਸਿੰਘ ਭਟ ਜਗ ਬਿਦਤਯੋ ॥ ੩੭ ॥
ਭਏ ਖਸ਼ਟ ਸੁਤ ਤਾਂ ਕੇ ਨਾਦਰ[1]। [1]ਅਨੋਖੇ।
ਧੰਨਾ ਸਿੰਘ, ਗੁਰਦਾਸ ਬਹਾਦਰ।
ਬੁਢਾ ਸਿੰਘ ਬਖਤਾ ਸਿੰਘ ਜਾਨੋ।
ਦੇਸੂ ਸਿੰਘ ਸੁੱਖਾ ਸਿੰਘ ਮਾਨੋ ॥ ੩੯ ॥
ਇਨ ਸਭਿਹਨਿ ਮਿਲਿ ਹਿੰਮਤ ਕਰਿ ਕੈ।
ਗਹਿ ਸ਼ਮਸ਼ੇਰ ਤੁਰਕ ਗਨ ਹਰ ਕੈ[1]। [1]ਮਾਰ ਕੇ।
ਮੁਲਕ ਦਬਾਇ ਠਟੀ[1] ਰਜਧਾਨੀ। [1]ਬਣਾਈ।
ਕੈਂਥਲ ਕਸਬਾ ਬਿਦਤ ਮਹਾਨੀ ॥ ੪੦ ॥
ਮਸਨਦ ਪਰ[1] ਦੇਸੂ ਸਿੰਘ ਥਿਰਿਓ। [1]ਗੱਦੀ ਉਪਰ।
ਰਾਜ ਸਾਜ ਜਿਨ ਬਹੁ ਦਿਨ ਕਰਿਓ।
ਭਾਈ ਦੇਸੂ ਸਿੰਘ ਕੇ ਪਾਛੇ।
ਲਾਲ ਸਿੰਘ ਨ੍ਰਿਪ ਪ੍ਰਗਟੋ ਆਛੇ ॥ ੪੧ ॥
ਲਾਲ ਸਿੰਘ ਜਬਿ ਸੁਰ-ਪੁਰਿ ਗਯੋ।
ਉਦੇ ਸਿੰਘ ਨ੍ਰਿਪ ਸੁਤ ਤਿਹ ਭਯੋ।
ਤਿਨ ਬਹੁ ਪੰਡਤ ਗੁਨੀ ਬਟੋਰੇ[1]। [1]ਇਕੱਠੇ ਕੀਤੇ।
ਹਰਿ ਗੁਰੁ ਭਗਤ ਭਯੋ ਨਹਿਂ ਥੋਰੇ[1] ॥ ੪੨ ॥ [1]ਭਾਵ ਬਹੁਤਾ।
ਬਿੱਦਜਾ ਸੰਸਕ੍ਰਿਤ ਕੀ ਅਤਿਸੈਂ।
ਕਰੀ ਤਰੱਕੀ ਦਿਢ ਗੁਰੁਮਤਿ ਸੈਂ।
ਕਵਿ ਸੰਤੋਖ ਸਿੰਘ ਲੌ ਗੁਨੀ।
ਸਾਦਰ ਰਾਖੇ ਨਿਜ ਢਿੱਗ ਉਨੀ ॥ ੪੩ ॥
ਗੁਰ ਪ੍ਰਤਾਪ ਸੂਰਜ ਪਰਕਾਸ਼ੈਂ।

ਬਾਲਮੀਕ ਰਾਮਾਇਣ ਖਾਸੈਂ।
ਭਾਸ਼ਾ ਬਹੁਤ ਗ੍ਰੰਥ ਬਨਵਾਏ।
ਰਹਜੋ ਸੁਜਸ ਜਾਂ ਤੈ ਜਗ ਛਾਏ ॥੪੪॥
ਰਾਜ ਸਾਜ ਬਹੁ ਦਿਵਸ ਕਰੈ ਕੈ।
ਬਸਜੋ ਜਬੈ ਗੁਰੁਪੁਰਿ ਸੋ ਜੈ ਕੈ।
ਪਾਛੇ ਰਹੀ ਨ ਤਾਂਹਿ ਔਲਾਦੈਂ।
ਯਾਂ ਤੈ ਗਯੋ ਰਾਜ ਬਰਬਾਦੈਂ ॥੪੫॥
ਮੁਲਕ ਹੁਤੋ ਕੈਂਥਲ ਕਾ ਜੇਤਾ।
ਲਯੋ ਸੰਭਾਰ ਅੰਗ੍ਰੇਜ਼ੈਂ ਤੇਤਾ।
ਨਕਦੀ ਥਈ[1] ਰਾਣੀਓਂ ਕੇਰੀ। — [1]ਹੋ ਗਈ।
ਰਹੀ ਪਹੋਏ ਨੇਕ ਬਧੇਰੀ[1] ॥੪੬॥ — [1]ਬਹੁਤ ਨੇਕ ਰਾਣੀ ਪਹੋਏ ਰਹੀ।
ਕੈਂਥਲ ਕੀ ਰਜਧਾਨੀ ਐਸੇ।
ਹੋਇ ਗਈ ਭਾਵੀ ਹਰਿ ਜੈਸੇ[1] ॥੪੭॥ — [1]ਜਿਵੇਂ ਹਰੀ ਨੂੰ (ਭਾਵੀ) ਚੰਗੀ ਲੱਗੀ।

ਕਬਿੱਤ:

ਔਰ ਥੇ ਬਿਰਾਦਰ[1] ਜੋ ਦੇਸੂ ਸਿੰਘ ਕੇਰੇ ਪਾਂਚ, — [1]ਭਰਾ।
ਤਿਨ ਮੈਂ ਸੇ ਚਾਰ ਗਏ ਬਿਨ ਹੀ ਸੰਤਾਨ ਹੈਂ।
ਏਕ ਸੁੱਖਾ ਸਿੰਘ ਕੇ ਬਸਾਵਾ ਸਿੰਘ ਭਯੋ ਪੂਤ,
ਤਾਂ ਕੇ ਸੁਤ ਥਏ ਦੋਇ ਜਾਹਰ ਜਹਾਨ ਹੈਂ।
ਬਡੋ ਥਾ ਗੁਲਾਬ ਸਿੰਘ ਦੂਸਰੋ ਸੰਗਤ ਸਿੰਘ,
ਇਨ ਕੀ ਔਲਾਦ ਅਬਿ ਆਹਿ ਪਰਮਾਨ[1] ਹੈ। — [1]ਮੰਨੋ।
ਭਾਈ ਜਸਮੇਰ ਸਿੰਘ ਮੇਰੁ ਹੈ ਸੁਜਸ ਹੂੰ ਕੋ[1], — [1]ਚੰਗੇ ਜਸ ਦਾ ਸੁਮੇਰ ਪਹਾੜ ਹੈ।
ਪੁੱਤਰ ਗੁਲਾਬ ਸਿੰਘ ਜੂ ਕੋ ਸਮ ਭਾਨੁ[1] ਹੈ ॥੪੮॥ — [1]ਸੂਰਜ।
ਦੂਸਰੇ ਸੰਗਤ ਸਿੰਘ ਜੀ ਕੋ ਹੈ ਅਣੋਖਾ ਸਿੰਘ,
ਭਾਈ ਕੇ ਖਤਾਬ ਮਸ਼ਹੂਰ ਇਨੈ ਖਾਸ ਹੈਂ।
ਰਹਿਤ ਅਣੋਖ ਸਿੰਘ ਸੰਧੂਵਾਲੇ ਗਾਮ ਮਾਂਹਿ,
ਪੰਦਰਾਂ ਹਜ਼ਾਰ ਕੀ ਜਗੀਰ ਏਸ ਪਾਸ ਹੈ।
ਅਰਨੌਲੀ ਨਾਮ ਗਾਮ ਮਾਂਹਿ ਜਸਮੇਰ ਸਿੰਘ,
ਬਸ ਹੈ ਜਗੀਰ ਸਹਸ ਪੰਦ੍ਰਾਂ ਕੀ ਤਾਸ ਹੈ।
ਔਰ ਹੂੰ ਪਵਾਲੇ ਪੱਤੇਵਾਲੇ ਆਦਿ ਭਗਤੂ ਕੇ,

ਲਘੁ ਲਘੁ ਹੂੰ ਜਗੀਰਦਾਰ ਬਹੁ ਭਾਸ ਹੈਂ[1] ॥੪੯॥ — [1]ਚਮਕ ਰਹੇ ਹਨ।

ਦੋਹਰਾ:

ਭਾਈ ਭਗਤੂ ਕੀ ਭਈ,
ਸੰਤਤਿ ਜੋਉ ਨਰੇਸ।
ਤਿਨ ਕੀ ਗਾਥਾ ਤਨਕ ਹੂੰ,
ਭਨਕ ਸੁਨਾਈ ਵੇਸ[1] ॥੫੦॥ — [1]ਚੰਗੀ (ਭਨਕ) ਕਹਿ ਕੇ ਸੁਣਾਈ ਹੈ।

ਅਹਵਾਲ ਫਰੀਦਕੋਟ ਕਾ

ਦੋਹਰਾ:

ਵਾਲੀ[1] ਕੋਟ ਫਰੀਦ ਕੀ, — [1]ਮਾਲਕ।
ਸੁਨੋ ਛੋਟ ਸੀ ਗਾਥ।
ਬੈਰਾੜਨ ਸਿਰਮੌਰ[1] ਜੋ, — [1]ਸ਼੍ਰੋਮਣੀ।
ਗੌਰ ਰੱਯਤੈਂ ਨਾਥ[1] ॥੫੧॥ — [1]ਪਰਜਾ ਦਾ ਭਾਰੀ ਸੁਆਮੀ ਹੈ।
ਸ਼ੇਖ ਫਰੀਦ ਅਬਾਦ ਕਿਯ,
ਹੈ ਇਹੁ ਕੋਟ ਫਰੀਦ।
ਹੈ ਜਾਗਾ ਤਿਸ ਕੀ ਤਹਾਂ,
ਅਬਿ ਲੌਂ ਬਨੀ ਮਹੀਦ[1] ॥੫੨॥ — [1]ਵੱਡੀ।

ਚੌਪਈ:

ਮੁਲਕ ਏਹੁ ਬੈਰਾੜਨ ਕੇਰਾ।
ਲਖੋ ਕਦੀਮੀ[1] ਆਹਿ ਬਧੇਰਾ। — [1]ਪੁਰਾਣਾ।
ਜਬਿ ਜਬਿ ਹਮਲੇ ਕਰੇ ਤੁਕੈਸੈਂ।
ਸੋ ਨਹਿੰ ਧਸੇ ਕਬੀ ਇਸ ਦੇਸੈਂ ॥੫੩॥
ਗਜ ਪਚਾਸ ਪਰ ਧਰ ਮੈਂ ਵਾਰੀ[1]। — [1]ਧਰਤੀ ਵਿੱਚ ਪੰਜਾਹ (੫੦) ਗਜ਼ (ਡੂੰਘਾ) ਪਾਣੀ ਸੀ।
ਮਿਲਤ ਕੂਪ ਤੈ ਸੋ ਭੀ ਖਾਰੀ।
ਕਿਸੀ ਕਿਸੀ ਬਡ ਨਗਰ ਮਝਾਰੇ।
ਹੁਤੋ ਕੂਪ ਭੀ ਤਬਿ ਲਿਹੁ ਧਾਰੇ ॥੫੪॥
ਮੋਠ ਬਾਜਰੀ ਚਨਾ[1] ਜਮਾਰੈਂ[2]। — [1]ਛੋਲੇ। [2]ਜੁਆਰ।
ਹੁਤੋ ਅੰਨ ਯਹਿ ਤੁਛ ਤਬਿ ਸਾਰੈਂ।
ਜੰਡ, ਕਰੀਰ, ਝਾਰਿ[1] ਬਨ ਕੇਰੋ[2]। — [1]ਮਲ੍ਹੇ। [2]ਵਣਾਂ (ਦੇ ਦਰੱਖ਼ਤਾਂ) ਦਾ।
ਜੰਗਲ ਹੁਤੋ ਅਮੰਗਲ ਡੇਰੋ[1] ॥੫੫॥ — [1]ਡਰ ਦਾ ਘਰ।
ਅੰਨ ਆਂਬ ਫਲ ਮਿਲਤ ਨ ਬਾਂਛਿਤ[1]। — [1](ਜਿਤਨਾ) ਚਾਹੀਦਾ ਸੀ।

ਤੁਰਕ ਨ ਜਾਤੇ ਥੇ ਇਮ ਵਾ ਛਿਤ[1]। [1]ਉਸ ਧਰਤੀ 'ਤੇ।
ਜਬਿ ਜਬਿ ਵਖਤ ਸਿੰਘਨ ਕੋ ਪਰਤੇ[1]। [1]ਪੈਂਦੇ।
ਰਹੇ ਗੁਜਾਰੇ ਚਲਿ ਤਹਿਂ ਕਰਤੇ ॥੫੬॥
ਭੱਲਨ ਭਯੋ ਚੌਧਰੀ ਏਕੈਂ।
ਦੇਸ ਬਿਰਾੜਨ ਕੋ ਬਡ ਨੇਕੈਂ।
ਭੱਟੀ ਜੱਟ ਤੁਰਕ ਥੇ ਜੋਈ।
ਲਰਤ ਰਹਯੋ ਬਡ ਤਿਨ ਸੈਂ ਸੋਈ ॥੫੭॥
ਬਲਕੈ[1] ਅਕਬਰ ਕੀ ਮਧ ਸਭਾ। [1]ਸਗੋਂ।
ਲਰ ਕਰਿ ਸਿਰੇਪਾਉ ਉਨ ਲਭਾ।
ਟਕੇ ਦੇਸ ਕੇ ਤਾਰਤ ਰਹਯੋ।
ਬਿਨ ਸੰਤਤਿ ਜਬਿ ਸੁਰਪੁਰ ਲਹਯੋ ॥੫੮॥
ਹੁਤੋ ਚਚੇਰਾ ਭਾਈ[1] ਤਾਂ ਕਾ। [1]ਚਾਚੇ ਦਾ ਪੁੱਤਰ ਭਰਾ।
ਨਾਮ ਕਪੂਰਾ ਸੂਰਾ ਬਾਂਕਾ।
ਬਡੋ ਚੌਧਰੀ ਸੋ ਪੁਨ ਥਾਯੋ।
ਕੋਟ-ਕਪੂਰਾ ਤਾਂਹਿ ਬਸਾਯੋ ॥੫੯॥
ਸੱਤ੍ਰਾਂ ਸੈ ਏਕਾਹਟ ਮਾਂਹੀਂ।
ਗਏ ਜਬੈ ਗੁਰੁ ਦਸਮ ਤਹਾਂਹੀਂ।
ਕਿਲ੍ਹਾ ਕਪੂਰੇ ਤੈ ਉਨ ਮੰਗਾ।
ਕਰਨ ਹੇਤ ਤੁਰਕਨ ਸੋਂ ਦੰਗਾ[1] ॥੬੦॥ [1]ਜੰਗ।
ਨਾਹਿਂ ਕਪੂਰੇ ਦੀਨੋ ਜਬਿ ਹੀ।
ਗੁਰੂ ਸਕੋਪ[1] ਸ੍ਰਾਪ ਦਿਯ ਤਬਿ ਹੀ। [1]ਕ੍ਰੋਧ ਸਹਿਤ ਹੋ ਕੇ।
ਤੈਂ ਜੁ ਕਹਯੋ ਮੈਂ ਤੁਰਕੀ ਬੰਦਾ।
ਹਤ ਹੈਂ ਤੁਰਕ ਤੁਝੈ ਕਰਿ ਗੰਦਾ ॥੬੧॥
ਸੋਈ ਬਾਤ ਬਨੀ ਇਸ ਭਾਏ।
ਈਸੇ ਖਾਂ ਸੱਤ੍ਰੂ ਤਿਸ ਤਾਂਏਂ।
ਦਗੇ ਸੰਗ ਗਹਿ ਮੱਧ ਪਖਾਨੇ[1]। [1]ਟੱਟੀ ਖਾਨੇ 'ਚ।
ਕਰਿ ਕੈ ਬੰਦ ਹਤਯੋ ਦੁਖ ਦਾਨੇ[1] ॥੬੨॥ [1]ਦੁੱਖ ਦੇ ਕੇ।
ਸੱਤ੍ਰਾਂ ਸੈ ਅਠਾਹਟੇ ਮਾਂਹੀਂ।
ਬਚਨ ਗੁਰੂ ਕਾ ਫੁਰਯੋ ਇਦਾਂਹੀਂ[1]। [1]ਇਸ ਤਰ੍ਹਾਂ।
ਸੁਖੀਆ ਮੁਖੀਆ ਸੁਜਾ ਤੀਨੋ।

ਬੇਟੇ ਕਾਪੂਰੇ ਕੇ ਚੀਨੋ ॥੬੩॥
ਰੋੜੀ ਦੋਦਾ ਮੱਤਾ ਆਦੈਂ।
ਗ੍ਰਾਮਨ ਮੈਂ ਜਨ ਜੋਊ ਅਬਾਦੈਂ।
ਮੁਖੀਏ ਕੀ ਸੰਤਤਿ ਹੈ ਸੋਊ।
ਸੂਜੇ ਕੇ ਨਹਿੰ ਹੋਯੋ ਕੋਊ ॥੬੪॥
ਸੁਖੀਆ ਬਾਪ ਠੌਰ ਸਰਦਾਰੈਂ।
ਹੁਤੋ ਗਦਰ[1] ਤਬਿ ਮੁਲਕ ਮਝਾਰੈਂ। [1]ਹਲਚਲ।
ਮੁਲਕ ਅਧਿਕ ਉਨ ਕਬਜ਼ੇ ਕਰਿਓ।
ਸੱਤ੍ਰਾਂ ਸੈ ਨੱਬੇ ਮੈਂ ਮਰਿਓ ॥੬੫॥
ਜੋਧ ਹਮੀਰਾ ਬੀਰਾ ਚੀਨੋ।
ਸੁਖੀਏ ਕੇ ਬੇਟੇ ਥੇ ਤੀਨੋ।
ਜੋਧ ਭਯੋ ਸਰਦਾਰੈਂ ਭਾਰਾ।
ਚਾਰ ਲਾਖ ਕਾ ਮੁਲਕ ਸੰਭਾਰਾ ॥੬੬॥
ਪੈ ਨਫਾਕ[1] ਭਾਈਓਂ ਮੈਂ ਥਾਏ। [1]ਫੁੱਟ।
ਬੀਰੇ ਔਰ ਹਮੀਰੇ ਜਾਏ[1]। [1]ਜਾ ਕੇ।
ਜੱਸਾ ਸਿੰਘ ਆਲੂ ਅਰ ਭੰਗੀ।
ਇਹੁ ਸਰਦਾਰ ਬੁਲਾਏ ਜੰਗੀ ॥੬੭॥
ਅਧਿਕ ਮੁਲਕ ਉਨ ਹੂੰ ਦਬ ਲੀਓ।
ਕਿਛ ਤੀਨੋ ਕੋ ਬਾਂਟ ਸੁ ਦੀਓ।
ਪੈ ਇਨ ਤੀਨੋ ਭਾਈਅਨ ਸੁਧਾ[1]। [1]ਅੰਮ੍ਰਿਤ।
ਕਪੂਰ ਸਿੰਘ ਤੈ ਛਕ ਲਿਯ ਮੁਦਾ[1] ॥੬੮॥ [1]ਅਨੰਦ ਹੋ ਕੇ।
ਸਿੰਘ ਨਾਮ ਇਹੁ ਤਬਿ ਤੇ ਥੀਏ।
ਜੋਧ ਪਾਸ ਬਹੁ ਗ੍ਰਾਮਰਹੀਏ।
ਬੀਰੇ ਕੋ ਮਾੜੀ ਦਿਲਵਾਈ।
ਕੋਟ ਫਰੀਦ ਹਮੀਰੇ ਤਾਂਈਂ ॥੬੯॥
ਜੋਧ ਸਿੰਘ ਕੀ ਪਰੀ ਨਜਾ[1] ਹੈ। [1]ਨਿਜ਼ਾਅ- ਫੁੱਟ (ਅ) ਝਗੜਾ।
ਨ੍ਰਿਪ ਪਟਜਾਲੇ ਸੰਗ ਮਹਾਂ ਹੈ।
ਅਮਰ ਸਿੰਘ ਪਟਜਾਲੇ ਵਾਰੇ।
ਲਰ ਕਰਿ ਜੋਧ ਸਿੰਘ ਕੋ ਮਾਰੇ ॥੭੦॥
ਆਠਾਰਾਂ ਸੈ ਚੌਬੀ ਮਾਹੈਂ।

ਮੁਲਕ ਅਧਿਕ ਰੋਕਯੋ ਨ੍ਰਿਪ ਤਾਂਹੈ।
ਟੇਕ ਸਿੰਘ ਸੁਤ ਜੋਧ ਹਰੀ ਕਾ।
ਥਿਯ ਸਰਦਾਰ ਪਿਤਾ ਸਮ ਨੀਕਾ ॥੭੧॥
ਖਾਨ ਜਲਾਲ ਚੌਧਰੀ ਇਕ ਥਾ।
ਦੁਸ਼ਮਨ ਜਾਨੀ ਇਨ ਕਾ ਠਿਕ ਥਾ[1]। — [1]ਠੀਕ ਸੀ।
ਤਿਸ ਕੋ ਮਾਰ ਪਿੰਡ ਤਿਸ ਚਾਰੇ।
ਟੇਕ ਸਿੰਘ ਕਰਿ ਕਤਲ ਉਜਾਰੇ ॥੭੨॥
ਅਬਿ ਲੌਂ ਜੋ ਜਲਾਲ ਕੇ ਕਹੀਐ।
ਬਸਤ ਬਿਰਾੜ ਲੋਗ ਤਿਨ ਮਹੀਐ।
ਜ਼ਾਲਮ ਟੇਕ ਸਿੰਘ ਥਾ ਭਾਰੀ।
ਯਾਂ ਤੈ ਰੱਯਤ ਬਿਗੜੀ ਸਾਰੀ ॥੭੩॥
ਮਹਾਂ ਸਿੰਘ ਖੁੱਸਰ ਪੁਰ ਵਾਰੇ।
ਮੁਦਕੀ ਗਿਰਦਾ ਦੱਬਯੋ ਭਾਰੇ।
ਜਗਤ ਸਿੰਘ ਸੁਤ ਏਕ ਹਰੀ ਕੇ।
ਮੰਦ ਕਾਮ ਕਿਯ ਪੂਤ ਖਰੀ ਕੇ[1] ॥੭੪॥ — [1]ਖੋਤੀ ਦੇ।
ਕਰਿ ਕੈ ਨਿਜ ਪਿਤ ਸੰਗ ਲਰਾਈ।
ਦਈ ਕਿਲ੍ਹੇ ਮੈਂ ਆਗ ਲਗਾਈ।
ਕੁੱਪੇ ਥੇ ਬਰੂਦ ਕੇ ਤਹਾਂ।
ਕੀਨੋ ਜਿਨੈ ਉਪੱਦ੍ਰਵ ਮਹਾਂ ॥੭੫॥
ਟੇਕ ਸਿੰਘ ਬਹੁ ਨਰ ਯੁਤ ਟੱਬਰ।
ਗਏ ਕਿਤੇ ਉਡ ਮਿਲੀ ਨ ਖੱਬਰ।
ਅੱਠਾਰਾਂ ਸੈ ਬਾਹਟ ਮਾਂਹੈਂ।
ਜਗਤ ਸਿੰਘ ਇਹੁ ਪਾਪ ਕਮਾਹ ॥੭੬॥
ਨਿਜ ਪਿਤ ਸਮ ਸਰਦਾਰ ਸੁ ਭਯੋ।
ਕਰਮ ਸਿੰਘ ਭਾਈ ਤਿਸ ਥਯੋ।
ਬਿਗਰ ਬੀਰ ਸੈਂ, ਮੁਹਕਮ ਚੰਦੈਂ[1]। — [1]ਭਰਾ ਨਾਲ ਵਿਗੜ ਕੇ ਮੁਹਕਮ ਚੰਦ ਨੂੰ।
ਲਜਾਯੋ, ਨਿਜ ਮੱਦਦ ਹਿਤ ਮੰਦੈਂ[1] ॥੭੭॥ — [1]ਮਾੜਾ।
ਮੁਹਕਮ ਚੰਦ ਜੰਗ ਕਰਿ ਪੀਨਾ।
ਇਨ ਕਾ ਸਭੀ ਇਲਾਕਾ ਛੀਨਾ।
ਗ੍ਰਾਮ ਪਾਂਚ ਜੱਲਾਲ ਕੇਰ ਜੋ।

ਨਾਭੇ ਪਤਿ ਕੋ ਦਏ ਫੇਰ ਸੋ[1] ॥੭੮॥

ਦੋਹਰਾ:
ਕੋਟ ਕਪੂਰੇ ਕੀ ਕਥਾ,
ਖਤਮ ਭਈ ਇਸ ਠਾਂਇ।
ਫਰੀਦਕੋਟ ਕੀ ਅਬਿ ਸੁਨੋ,
ਜਥਾ ਜੋਗ ਦਿਹੁਂ ਗਾਇ ॥੭੯॥

ਚੌਪਈ:
ਫਰੀਦਕੋਟ ਮੈਂ ਸਿੰਘ ਹਮੀਰਾ।
ਕਾਬਜ ਰਹਜੋ ਸਗ੍ਰਾਮਨ[1] ਧੀਰਾ।
ਦੋਇ ਪੂਤ ਥੇ ਤਿਸ ਕੇ ਭਏ।
ਦਲ ਸਿੰਘ ਮੁਹਿਰ ਸਿੰਘ ਬਿਦਤਏ ॥੮੦॥
ਦਲ ਸਿੰਘ ਬਿਗਰਜੋ ਨਿਜ ਪਿਤ ਸੰਗੈਂ।
ਯਾਂ ਤੈ ਮਿਲਜੋ ਗੁਜਾਰਾ ਤੰਗੈਂ।
ਢੁਡੀਕੇ ਮਲੋਹ ਦੁਇ ਗ੍ਰਾਮੂ।
ਰਹੇ ਤਾਂਹਿ ਕੇ ਪਾਸ ਤਮਾਮੂ ॥੮੧॥
ਮੁਹਿਰ ਸਿੰਘ ਨੇਰਜਾਸਤ ਪਾਈ।
ਅੱਠਾਰਾਂ ਸੌ ਮੱਧ ਸਤਾਈ।
ਸਿੰਘ ਹਮੀਰ ਸ੍ਵਰਗ ਜਬਿ ਗਯੋ।
ਅਤੀ ਅੱਯਾਸ਼[1] ਮੁਹਿਰ ਸਿੰਘ ਭਯੋ ॥੮੨॥
ਬੇਟਾ ਚੜ੍ਹਤ ਸਿੰਘ ਥਿਯ ਤਾਂ ਕਾ।
ਸਖੀ[1] ਨੇਕ ਬਾਹਾਦਰ ਬਾਂਕਾ।
ਰਜਾਸਤ ਜਬਰਨ ਲਈ ਸੰਭਾਰੇ।
ਨਿਜ ਪਿਤ ਡਾਰਿਓ ਕੈਦ ਮਝਾਰੇ ॥੮੩॥
ਅੱਠਾਰਾਂ ਸੌ ਮੱਧ ਚੁਰੰਜੇ।
ਮੁਹਿਰ ਸਿੰਘ ਮਰਿਓ ਮੱਧ ਰੰਜੈਂ[1]।
ਚੜ੍ਹ ਸਿੰਘ ਫਿਰ ਜਬਿ ਗਾਫਲ[1] ਹੂਆ।
ਦਲ ਸਿੰਘ ਚਚਾ ਸੱਤ੍ਰ ਤਿਹ ਦੂਆ[1] ॥੮੪॥
ਸੈਨਾ ਬਹੁ ਲੈ ਖੁਫੀਆ[1] ਆਏ।
ਚੜ੍ਹ ਸਿੰਘ ਬੇਖਬਰੇ ਦਿਯ ਘਾਏ[1]।
ਚੜ੍ਹ ਸਿੰਘ ਕੀ ਰਾਣੀ ਥੀ ਜੋਈ।

[1]ਉਹ ਮੋੜ ਕੇ।
[1]ਪਿੰਡਾਂ ਉੱਤੇ।
[1]ਬਹੁਤ ਵਿਕਾਰੀ।
[1]ਦਾਤਾ।
[1]ਗੁੱਸੇ ਵਿੱਚ।
[1]ਸੁਸਤ, ਆਲਸੀ।
[1]ਇਹ ਦੂਜਾ ਵੈਰੀ ਸੀ।
[1]ਗੁਪਤ।
[1]ਮਾਰ ਦਿੱਤਾ।

ਬਚੀ ਭਾਗ ਯੁਤ ਪੂਤੈਂ ਸੋਈ ॥ ੮੫ ॥
ਗਈ ਆਪਨੇ ਪਿਉ ਕੇ ਘਰ ਮੈਂ।
ਸ਼ੇਰ ਸਿੰਘ ਵਾਲੇ ਸੁ ਨਗਰ ਮੈਂ।
ਅਠਾਰਾਂ ਸੈ ਛਿਪੰਜੇ ਮੈਹੈਂ।
ਦਲ ਸਿੰਘ ਚੜ੍ਹ ਕੋ ਹਤ ਕੈ ਹੈ[1] ॥ ੮੬ ॥ [1]ਮਾਰ ਕੇ।
ਯੱਦਪਿ ਰਜਾਸਤ ਮਾਲਕ ਥਯੋ।
ਪੈ ਉਨ ਜ਼ੁਲਮ ਕਰਨ ਬਡ ਠਯੋ।
ਰੱਯਤ ਨਿਜ ਮੁਸਾਹਿਬੋਂ ਸੰਗੈਂ[1]। [1]ਅਹਿਲਕਾਰਾਂ ਨਾਲ।
ਲਈ ਬਿਗਾੜ ਤੁ ਭਯੋ ਕੁਢੰਗੈਂ ॥ ੮੭ ॥
ਸਿੰਘ ਗੁਲਾਬ ਪਹਾੜ ਮ੍ਰਿਗੇਸੈਂ।
ਸਾਹਿਬ ਸਿੰਘ ਬੇ ਤੀਨੋ ਬੇਸੈਂ[1]। [1](ਚੜ੍ਹਤ ਸਿੰਘ) ਦੇ ਤਿੰਨ ਚੰਗੇ (ਪੁੱਤਰ ਸਨ)।
ਚੜ੍ਹ ਸਿੰਘ ਕੇ ਸੁਤ ਧਾਮ ਨਾਨਕੇ।
ਪੈਂਚ ਮਿਲੇ ਬਹੁ ਤਿਨੈ ਆਨ ਕੈ ॥ ੮੮ ॥
ਫੌਜੂ ਸਿੰਘ ਮਾਮਾ ਤਿਨ ਕੇਰਾ।
ਥਾ ਸਰਦਾਰ ਬਹਾਦੁ ਬਡੇਰਾ।
ਖੁਫੀਆ ਵਹੁ ਬਹੁ ਲੋਗਨ ਲੈ ਕੈ।
ਆਇ ਪਰਜੋ ਦਲ ਸਿੰਘ ਪਰ ਧੈ ਕੈ ॥ ੮੯ ॥
ਖੋਲ੍ਹ ਦਯੋ ਦਰ ਕਿਲੇਦਾਰ ਹੈ।
ਦਲ ਸਿੰਘ ਕੋ ਫਿਰ ਤਾਂਹਿ ਮਾਰ ਹੈ।
ਗੁਲਾਬ ਸਿੰਘ ਨਿਜ ਭਾਣਜ ਤਾਂਈਂ।
ਮਾਲਕ ਰਜਾਸਤ ਕੀਨ ਪੁਨਾਈਂ[1] ॥ ੯੦ ॥ [1]ਫੇਰ।
ਕਾਰ-ਬਾਰ ਸਭਿ ਆਪ ਸੰਭਾਰਾ।
ਪੈ ਦਸ ਅਠ ਸੌ ਤ੍ਰੇਹਟ ਮਝਾਰਾ[1]। [1]ਸੰ: ੧੮੬੩ ਬਿ: ਵਿੱਚ।
ਮੁਹਕਮ ਚੰਦ ਦਿਵਾਨ ਲਹੌਰੀ।
ਸਤ ਹਜ਼ਾਰ ਲਿਯ ਕਰਾ ਸਜੋਰੀ[1] ॥ ੯੧ ॥ [1]ਜ਼ੋਰ ਨਾਲ ਮਾਮਲਾ ਲਿਆ।
ਚੌਹਟ ਮੈ[1] ਲਵਪੁਰ ਪਤਿ ਜਬੈ। [1]ਸੰ: ੧੮੬੪ ਬਿ: ਵਿੱਚ।
ਆਯੋ ਛੀਨੀ ਰਜਾਸਤ ਸਭੈ।
ਲੈ ਨਜ਼ਰਾਨਾਂ ਬੀਸ ਹਜ਼ਾਰੈਂ।
ਮੁਹਕਮ ਸਸਿ ਕੋ ਦਈ ਸੰਭਾਰੈਂ ॥ ੯੨ ॥
ਸਿੰਘ ਗੁਲਾਬ ਢਿਗ ਪਾਂਚ ਗਰਾਮੂ।

ਰਹੇ ਵਹੇ ਕਿਛੁ ਦਿਵਸ ਤਮਾਮੁ[1] ॥੯੩॥ [1]ਸਾਰੇ।

ਦੋਹਰਾ:

ਜਬਿ ਸਰਕਾਰ ਲਹੌਰ ਕੇ,
ਅਰ ਅੰਗ੍ਰੇਜ਼ਨ ਮਾਂਹਿ।
ਅੱਠਾਰਾਂ ਸੌ ਪੈਂਹਠੇ,
ਅਹਿਦ[1] ਭਯੋ ਦਿਢ ਆਹਿ ॥੯੪॥ [1]ਇਕਰਾਰ।

ਚੌਪਈ:

ਇਨ ਕੀ ਰਜਾਸਤ ਅੰਗ੍ਰੇਜ਼ੈਂ ਤਬਿ।
ਦਈ ਦਿਲਾਇ ਇਨੀ ਕੋ ਫਿਰ ਸਭਿ।
ਕਾਰ ਬਾਰ ਫੌਜੁ ਸਿੰਘ ਸਾਰੀ।
ਸਿੰਘ ਗੁਲਾਬ ਕੀ ਭਲੇ ਸੰਭਾਰੀ ॥੯੫॥
ਪਹਾੜ ਸਿੰਘ ਸਾਹਿਬ ਸਿੰਘ ਤਾਂਈਂ।
ਮਿਲਯੋ ਗੁਜ਼ਾਰਾ ਜੋਗ ਜਥਾਈ[1]। [1]ਜੈਸਾ ਯੋਗ ਸੀ।
ਹਰਿ-ਗੁਲਾਬ ਸ਼ਿਕਾਰ ਮੈਂ ਮੂਆ।
ਅਤਰ ਸਿੰਘ ਤਾਂ ਕਾ ਸੁਤ ਹੂਆ ॥੯੬॥
ਅੱਠਾਰਾਂ ਸੌ ਵੀਚ ਅਠਾਸੀ।
ਅਤਰ ਸਿੰਘ ਭੀ ਕਤਲ ਕਰਾਸੀ[1]। [1]ਕਰਾ ਦਿੱਤਾ ਸੀ।
ਕਾਤਲ ਬਾਪ ਪੂਤ ਕਾ ਜੋਈ।
ਸਾਬਤ ਭਯੋ ਨ ਬਿਨ ਘਰ ਕੋਈ ॥੯੭॥
ਆਮਦ ਦਸ ਹਜ਼ਾਰ ਕੀ ਪਹਿਲੇ।
ਹੁਤੀ, ਕਰੀ ਇਨ ਬੀਸਕ ਸਹਿਲੇ[1]। [1]ਸੁਖਾਲੇ ਹੀ।
ਪਿਤਾ ਪੂਤ ਥੇ ਸਜਾਨੇ ਜਜਾਦੈਂ।
ਕਰੇ ਗਾਂਮ ਥੇ ਅਧਿਕ ਅਬਾਦੈਂ ॥੯੮॥
ਸਿੰਘ ਪਹਾੜ ਅਤਰ ਸਿੰਘ ਪਾਛੇ।
ਮਾਲਕ ਰਜਾਸਤ ਥੀਓ ਆਛੇ।
ਸਾਹਿਬ ਸਿੰਘ ਫਿਰ ਤਿਸ ਕੇ ਭਾਈ।
ਸਿੰਘ ਪਹਾੜ ਸੈਂ ਕਰੀ ਲੜਾਈ ॥੯੯॥
ਇਨ ਨਿਜ ਕੁਲੈਂ ਰੀਤਿ ਅਨੁਸਾਰੈਂ।
ਸੋ ਮਰਵਾਯੋ ਹਰੀ-ਪਹਾਰੈਂ।
ਰਾਜ ਸਭੀ ਬੇਖਟਕੇ[1] ਕੀਨੋ। [1]ਬੇ-ਫ਼ਿਕਰ ਹੋ ਕੇ।

ਫਿਰ ਜਬਿ ਉੱਨੀ ਸੈ ਮੱਧ ਤੀਨੋ ॥ ੧੦੦ ॥
ਫੌਜ ਖਾਲਸੇ ਅਰ ਅੰਗ੍ਰੇਜ਼ੈਂ।
ਸਤਲੁਜ ਤਟ ਥਿਯ ਜੰਗ ਸਤੇਜੈਂ।
ਫੇਰੂ ਸ਼ਹਿਰ ਸਿੰਘਨ ਲਰਿ ਭਾਰੀ।
ਫੌਜ ਅੰਗ੍ਰੇਜ਼ੀ ਥੀ ਬਹੁ ਮਾਰੀ ॥ ੧੦੧ ॥
ਤਜਿ ਮੈਦਾਨ ਅੰਗ੍ਰੇਜ਼ੀ ਦਲ ਸਭਿ।
ਸਾਤ ਕੋਸ ਪਾਛੇ ਭਗ ਗਯੋ ਜਬਿ।
ਅਫਸਰ ਫੌਜ ਖਾਲਸੇ ਕੇਰੇ।
ਤੇਜਾ ਸਿੰਘ ਲਾਲ ਸਿੰਘ ਜੇਰੇ[1] ॥ ੧੦੨ ॥ [1]ਜਿਹੜੇ।
ਥੇ ਅੰਗ੍ਰੇਜ਼ਨ ਕੇ ਸੋ ਪਜਾਰੇ।
ਦੁਸ਼ਮਨ ਦਿਲੀ ਸਿੰਘਨ ਕੇ ਭਾਰੇ[1]। [1]ਬਹੁਤੇ।
ਫਤੇ ਨ ਥੇ ਸਿੰਘਨ ਕੀ ਚਹਿਤੇ।
ਉਨ ਹੱਤਜਾਰਨ ਕਰਿ ਛਲ ਤਹਿਂ ਤੈ[1] ॥ ੧੦੩ ॥ [1]ਉਥੋਂ।
ਫੌਜ ਖਾਲਸੇ ਤਈਂ ਭਗੈ ਕੈ।
ਤੀਨ ਕੋਸ ਪਾਛੇ ਗਏ ਲੈ ਕੈ।
ਭੇਤ ਪਹਾੜ ਸਿੰਘ ਇਹੁ ਪਾ ਕੈ।
ਮੋੜ ਅੰਗ੍ਰੇਜ਼ੈਂ ਲਜਾਯੋ ਧਾ ਕੈ ॥ ੧੦੪ ॥
ਪਿਖਿ ਮੈਦਾਨ ਅੰਗ੍ਰੇਜ਼ੈਂ ਖਾਲੀ।
ਸਿੰਘਨ ਕੀ ਸਭਿ ਸੌਜ[1] ਸੰਭਾਲੀ। [1]ਸਮੱਗਰੀ।
ਫਤੇ ਬਡੀ ਅੰਗ੍ਰੇਜ਼ੈਂ ਲੀਨੀ।
ਉਪਕਾਰ ਪਹਾੜ ਸਿੰਘ ਕਾ ਚੀਨੀ[1] ॥ ੧੦੫ ॥ [1]ਜਾਣ ਕੇ।
ਬੈਰਾਸ-ਫੁੱਟ ਸਾਹਿਬ[1] ਥਾ ਜੋਈ[2]। [1]ਅੰਗਰੇਜ਼ ਦਾ ਨਾਮ। [2]ਜਿਹੜਾ।
ਪਹਾੜ ਸਿੰਘ ਹਿਤ ਲਿਖ ਗਯੋ ਸੋਈ[1]। [1]ਉਹ।
ਮੁਲਕ ਏਕ ਲਖ ਕਾ ਇਸ ਤਾਂਈਂ।
ਇਵਜ ਮਦਦ ਇਸ ਮਿਲੈ ਮਹਾਂਈਂ ॥ ੧੦੬ ॥
ਖਤਮ ਭਯੋ ਸੋਊ ਜੰਗ ਜਬੈ।
ਮੁਲਕ ਪਹਾੜ ਸਿੰਘ ਕੋ ਤਬੈ।
ਕੋਟਕਪੂਰੇ ਕੇਰ ਇਲਾਕਾ।
ਮਿਲਯੋ ਪਚਾਸ ਸਹਸ ਕਾ ਬਾਂਕਾ ॥ ੧੦੭ ॥
ਔਰ ਇਲਾਕਾ ਨਾਭੇ ਕੇਰਾ।

ਥਾ ਜਪਤਜੋ ਅੰਗ੍ਰੇਜ਼ੈਂ ਜੇਰਾ[1]।
ਸੈਂਤੀ ਸਹਸ ਕੇਰ ਕਾ ਵਾਹੀ।
ਗਵਰਮਿੰਟ ਦਿਯ ਤਿਸ ਕੋ ਚਾਹੀ[1] ॥੧੦੮॥
ਰਾਜ ਪਹਾੜ ਸਿੰਘ ਇਮ ਪਾਵਾ।
ਏਕ ਲਾਖ ਕਾ ਲਖੋ ਸੁਹਾਵਾ।
ਪੁਨ ਉੱਨੀ ਸੈ ਪਾਂਚ ਮਝਾਰੀ।
ਜਬਿ ਵਹਿ ਗੁਜਰਜੋ ਤਾਂਹਿ ਪਿਛਾਰੀ ॥੧੦੯॥
ਤਾਂ ਕੇ ਸੁਤ ਵਜ਼ੀਰ ਸਿੰਘ ਆਛੇ।
ਆਮਦਨੀ ਕੀਨੀ ਬਹੁ ਕਾਛੇ[1]।
ਉੱਨੀ ਸੈ ਦਸ ਚਾਰ ਮਝਾਰੀ।
ਕਰਿ ਅੰਗ੍ਰੇਜ਼ੈਂ ਖਿਜ਼ਮਤ[1] ਭਾਰੀ ॥੧੧੦॥
ਬੈਰਾੜ ਬੰਸ ਰਾਜਾ ਬਾਹਾਦਰ।
ਕੇਰ ਖਤਾਬ ਲਯੋ ਉਨ ਨਾਦਰ[1]।
ਖਿਲਰ ਪਾਰਚੇ ਗਜਾਰਾਂ ਦਾਮੀ[1]।
ਸਾਤ ਤੋਪ ਕੀ ਥਈ[1] ਸਲਾਮੀ ॥੧੧੧॥
ਮੁਤਬੱਨਾ ਕਰਨਾ ਇਖਤਜਾਰੈਂ।
ਹਾਸਲ ਕੀਨੋ ਤਾਂਹਿ ਉਦਾਰੈਂ।
ਜਬਿ ਵਜੀਰ ਸਿੰਘ ਸ੍ਰਗ ਸਿਧਾਰਾ।
ਉੱਨੀ ਸੌ ਉਨਤੀਸ ਮਝਾਰਾ ॥੧੧੨॥
ਸੁਤ ਬਿੱਕ੍ਰਮ ਸਿੰਘ ਤਾਂ ਕਾ ਪਾਛੇ।
ਰਾਜ ਕਰਤ ਅਬਿ ਪਿਖੀਅਤ ਆਛੇ।
ਤੀਨ ਲਾਖ ਕੀ ਅਬਿ ਰਜਧਾਨੀ।
ਕਰਿ ਲੀਨੀ ਬਿੱਕ੍ਰਮ ਸਿੰਘ* ਗਜਾਨੀ ॥੧੧੩॥

[1]ਜਿਹੜਾ।

[1]ਚਾਹ ਕੇ।

[1]ਚੰਗੀ।

[1]ਸੇਵਾ।

[1]ਅਨੋਖਾ।

[1](ਪਾਰਚੇ) ਕਪੜਿਆਂ ਦੀਆਂ ਗਿਆਰਾਂ (ਖਿਲਤ) ਪੁਸ਼ਾਕਾਂ (ਦਾਮੀ) ਹਮੇਸ਼ਾਂ ਲਈ (ਮਿਲਣੀਆਂ ਪ੍ਰਵਾਣ ਹੋਈਆਂ)।

[1](ਪ੍ਰਵਾਨ) ਹੋਈ।

*ਰਾਜਾ ਬਿਕ੍ਰਮ ਸਿੰਘ ਨੇ ਬਹੁਤ ਵਿਦਵਾਨ ਇਕੱਠੇ ਕਰਕੇ ਗਿਆਨੀ ਬਦਨ ਸਿੰਘ ਜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਲਿਖਵਾਇਆ ਜੋ ਰਿਆਸਤ ਵੱਲੋਂ ਬਹੁਤ ਧਨ ਖ਼ਰਚ ਕੇ ਦੋ ਵਾਰ ਛਪਵਾਇਆ ਗਿਆ। ਅੰਮ੍ਰਿਤਸਰ ਗੁਰੂ ਕੇ ਲੰਗਰ ਦੀ ਇਮਾਰਤ ਲਈ (੨੫੦੦੦) ਰੁਪਏ ਅਤੇ ਬਿਜਲੀ ਲਈ (੨੫੦੦੦) ਰੁਪਏ ਭੇਟਾ ਕੀਤੇ। ਇਸ ਤੋਂ ਬਾਅਦ ਕੰਵਲ ਬਲਬੀਰ ਸਿੰਘ ਰਾਜਾ ਹੋਇਆ। ਇਸ ਦੇ ਉਲਾਦ ਨਾ ਹੋਣ ਕਰਕੇ ਇਸ ਦੇ ਦੇਹਾਂਤ ਤੋਂ ਬਾਅਦ ਇਸ ਦਾ ਭਤੀਜਾ ਬ੍ਰਿਜਿੰਦਰ ਸਿੰਘ ਮਹਾਰਾਜਾ ਹੋਇਆ। ਫਿਰ ਇਸ ਦਾ ਕੰਵਰ

ਹਰਿੰਦਰ ਸਿੰਘ ਰਾਜਾ ਹੋਇਆ, ਜੋ ਹੁਣ ਹੈ, ਪਰ ਰਿਆਸਤ ਪੰਜਾਬ ਵਿੱਚ ਮਿਲ ਗਈ ਹੈ।

ਹਮਰੀ ਇਹੀ ਅਸੀਸ ਬਿਸੇਸੈਂ।
ਸਤਿਗੁਰੁ ਕਾਯਮ ਰਖੈ ਹਮੇਸ਼ੈਂ।
ਗਾਥ ਫਰੀਦਕੋਟ ਕੀ ਗਾਈ।
ਤਨਕ[1], ਗ੍ਰੰਥ ਬਢਨ ਡਰ ਪਾਈ ॥੧੧੪॥
ਤਵਾਰੀਖ ਖਾਲਸੇ ਮੈਂਹੈਂ।
ਅਧਿਕ ਇਕਾਂਖੀ[1] ਪੇਖੋ ਤੈਹੈਂ।
ਇਤੀ[1] ਫਰੀਦਕੋਟ ਕੀ ਗਾਥਾ।
ਗਜਾਨ ਸਿੰਘ ਕੀਨੀ ਹਿਤ ਸਾਥਾ ॥੧੧੫॥
ਭੂਲ ਚੂਕ ਮਮ ਮਾਫ ਕਰੀਜੈ।
ਬੰਦਨ ਪੰਥ[1] ਗੁਰੂ ਮਮ ਲੀਜੈ ॥੧੧੬॥

[1]ਥੋੜ੍ਹੀ।
[1]ਬਹੁਤੀ ਇੱਛਾ ਵਾਲੇ।
[1]ਸੰਪੂਰਨ।
[1]ਹੇ ਗੁਰੂ ਪੰਥ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਫਰੀਦਕੋਟ ਆਦਿਕ ਰਜਾਸਤੋਂ ਕਾ ਪ੍ਰਸੰਗ', ਬਰਨਨੰ ਨਾਮ ਪਚਵੰਜਮੋਂ ਬਿਸ੍ਰਾਮ ॥੫੫॥

੫੬. {ਭਾਈਰੂਪੇ, ਕਲਸੀਆਂ, ਖੁਮਾਣੋ, ਬੂੜੀਆਂ, ਭਦੌੜ ਆਦਿ ਦੇ ਸਰਦਾਰਾਂ ਦਾ ਪ੍ਰਸੰਗ}
ਅਹਵਾਲ ਭਾਈ ਰੂਪੇ ਕਾ

ਕਬਿੱਤ:

ਭਾਈਰੂਪਾ ਹੁਤੋ ਏਕ ਸਿਦਕੀ ਗੁਰੂ ਕਾ ਸਿੱਖ,
ਜਾਤਿ ਤਰਖਾਣ ਦੇਸ ਮਾਲਵੇ ਮੈਂ ਜਾਨੀਏ।
ਏਕ ਬਾਰ ਗੁਰੂ ਹੋਇ ਤਿਨ ਪੈ ਅਪਾਰ ਖੁਸ਼ਿ,
ਭਾਈ ਕਾ ਖਤਾਬ ਦਯੋ ਬਖਸ਼ ਮਹਾਨੀਏ।
ਧਰਮ ਸਿੰਘ ਪਰਮ ਸਿੰਘ ਭਏ ਸੁਤ ਤਾਂ ਕੇ ਜੁਗ,
ਸਿਦਕੀ ਮਹਾਨ ਸਖੀ ਮਰਦ ਪ੍ਰਮਾਨੀਏ[1]। — [1](ਪ੍ਰਮਾਨੀਏ) ਸਤਿਕਾਰ ਯੋਗ ਵੱਡੇ ਦਾਤੇ ਤੇ ਸੂਰਮੇਂ।
ਧ੍ਰਮ ਸਿੰਘ ਕੇਰੋ ਸੁਤ ਭਯੋ ਫਿਰ ਦਜਾਲ ਸਿੰਘ,
ਤਾਂ ਕੇ ਭਏ ਪਾਂਚ ਸੁਤ ਬੀਰ ਬਲੀ ਮਾਨੀਏ ॥੧॥
ਭਾਈ ਰੂਪੇ ਗਾਮ ਮਾਂਹਿ ਧਾਮ ਅਭਿਰਾਮ ਰਚਿ[1], — [1]ਸੁੰਦਰ ਘਰ ਬਣਾ ਕੇ।
ਬਸਤ ਲਲਾਮ ਤਹਾਂ ਰਹੇ ਮੋਦ ਭਰ ਕੈ[1]। — [1]ਸ਼ੋਭਾ ਸਹਿਤ ਬਹੁਤੇ ਅਨੰਦ ਵਿੱਚ ਭਰ ਕੇ ਵਸ ਰਹੇ ਹਨ।
ਦਯਾਲ ਸਿੰਘ ਕੇਰੋ ਭਾਈ ਗੁੱਦੜ ਸਿੰਘ ਥਯੋ,
ਤੀਆ ਤਾਂ ਕੀ ਮਾਈ ਰੱਜੀ ਪ੍ਰੇਮ ਅਤਿ ਕਰਿ ਕੈ।
ਸਿੱਖ ਸਾਧੁ ਆਵੈ ਜੋਈ ਭੋਜਨ ਛਕਾਵੈ ਤਾਂਹਿ,
ਲੰਗਰ ਚਲਾਵੈ ਲਾਵੈ ਸ੍ਵਾਸ ਹੇਤ ਹਰਿ ਕੈ।
ਲੰਗਰ ਪ੍ਰਸਿੱਧ ਭਯੋ ਮਾਈ ਰੱਜੀ ਕੇਰੋ ਜਗ,
ਪਾਯੋ ਵਡ ਨਾਮ ਨਿਜ ਸੁਜਸ ਬਿਥਰ ਕੈ[1] ॥੨॥ — [1]ਫੈਲਾ ਕੇ।
ਉੱਗ੍ਰ ਮ੍ਰਿਗੇਸ, ਸੁਖਚੈਨ ਮਾਨਕ ਜੂ[1], — [1]ਸੁਖਚੈਨ ਸਿੰਘ ਤੇ ਮਾਨਕ ਸਿੰਘ ਜੀ।
ਹਰਿਦਾਸ ਸਿੰਘ ਗੁਰਮੁਖ ਸਿੰਘ ਤਬਿ ਹੂੰ।
ਇਤਜਾਦਿ ਅੰਸ[1] ਭਾਈ ਰੂਪੇ ਕੇ ਹਮੇਸ਼ ਰਹੇ, — [1]ਉਲਾਦ।
ਫੂਲ ਕੀ ਮਿਸਲ ਸੰਗ ਜੰਗਨ ਮੈਂ ਸਭਿ ਹੂੰ।
ਗਾਰਤ[1] ਸਰ੍ਹੰਦ ਕਰਿ ਜੈਨ ਖਾਨ ਤਾਂਈ ਹਰਿ[2], — [1]ਤਬਾਹ, ਬਰਬਾਦ। [2]ਮਾਰ ਕੇ।
ਮੁਲਕ ਦਬਾਯੋ ਪੰਥ ਖਾਲਸੇ ਨੈ ਜਬਿ ਹੂੰ।
ਆਲਾ ਸਿੰਘ ਆਦਿ ਸਰਦਾਰਨ ਵਿਚਾਰ ਕਰਿ,
ਲੰਗਰ ਕੇ ਹੇਤ ਦਏ ਗਾਉਂ ਤਿਨੈਂ ਤਬਿ ਹੂੰ ॥੩॥
ਬੀਸਕ ਹਜ਼ਾਰ ਕੀ ਜਗੀਰ ਪਰ, ਕਾਬਜ
ਉਲਾਦ ਭਾਈ ਰੂਪੇ ਕੀ ਰਹਾਈ ਸਦ ਜਾਨੀਏ।
ਸੁਤ ਦਜਾਲ ਸਿੰਘ ਕੇਰੋ ਭਾਈ ਸੁਖਚੈਨ ਸਿੰਘ,

ਭਯੋ ਸੋ ਨਸ਼ੀਨ-ਗੱਦੀ[1] ਰਜਾਸਤ ਪਛਾਨੀਏ।
ਠਾਨੀ ਰਜਧਾਨੀ ਪਿੰਡ ਬਾਗੜੀਆਂ ਤਾਂਹਿ ਨਿਜ,
ਭਾਈ ਰੂਪਾ ਰਹ੍ਯੋ ਗਾਮ ਔਰਨ ਪੈ ਭਾਨੀਏ[1]।
ਤਾਂ ਕੇ ਸੁਤ ਭਏ ਚਾਰ ਤੀਨ ਬੇ-ਉਲਾਦ ਗਏ,
ਗੁਰਮੁਖ ਸਿੰਘ ਕੇ ਉਲਾਦ ਭਈ ਮਾਨੀਏ[1] ॥੪॥

[1]ਗੱਦੀ ਤੇ ਬੈਠਾ।
[1]ਕਹੀ ਦਾ ਹੈ।
[1]ਤਿਸ ਸੁਖਚੈਨ ਸਿੰਘ ਦੇ ਚਾਰ ਪੁੱਤਰ ਹੋਏ, ਇਸ ਦੇ ਤਿੰਨ ਭਰਾ (ਉੱਗਰ ਸਿੰਘ, ਮਾਣਕ ਸਿੰਘ, ਹਰਦਾਸੀਆ ਸਿੰਘ) ਬੇਉਲਾਦ ਚਲੇ ਗਏ। ਗੁਰਮੁਖ ਸਿੰਘ ਦੇ ਉਲਾਦ ਸੱਤ ਪੁੱਤਰ ਹੋਏ ਮੰਨੀਦੇ ਹਨ ਜੋ ਇਹ ਹਨ।

ਸਾਹਿਬ ਸਿੰਘ, ਅਤ੍ਰ ਸਿੰਘ ਨ੍ਰਿਪ ਤੈ ਅਨੋਖਾ ਸਿੰਘ,
ਮਹਿਤਾਬ ਸਿੰਘ ਅਰ ਜਵਾਹਰ-ਮ੍ਰਿਗੇਸ ਹੈ।
ਸਤਵੇਂ ਬਹਾਦਰ ਮ੍ਰਿਗੇਸ ਭਾਈ ਗੱਦੀ ਪਾਈ,
ਔਰਨ ਪੈ ਆਹਿ ਕਕਰਾਲਾ ਪਿੰਡ ਬੇਸ[1] ਹੈ।
ਬਹਾਦਰ ਮ੍ਰਿਗੇਸ ਕੇ ਸੰਪੂਰਨ ਮ੍ਰਿਗੇਸ ਭਯੋ,
ਮਹਿਮਾਂ ਮਹਾਨ ਜਾਂ ਕੀ ਗਾਇ ਥਾਕੈ ਸੇਸ[1] ਹੈ।
ਤਾਂ ਕਾ ਸੁਤ ਅਬਿ ਹੈ ਨਰੈਣ ਸਿੰਘ* ਗੱਦੀ ਪਰ,
ਰਾਖੈ ਗੁਰੁ ਐਸੇ ਧਰਮਿਗਜ[1] ਕੋ ਹਮੇਸ਼ ਹੈ ॥੫॥

[1]ਚੰਗਾ।
[1]ਸ਼ੇਸ਼ਨਾਗ।
*ਨਰੈਣ ਸਿੰਘ ਤੋਂ ਬਾਅਦ ਭਾਈ ਅਰਜਨ ਸਿੰਘ ਜੀ ਗੱਦੀ-ਨਸ਼ੀਨ ਹੋਏ। ਅੱਜਕੱਲ੍ਹ ਉਨ੍ਹਾਂ ਦੇ ਸਾਹਿਬਜ਼ਾਦੇ ਭਾਈ ਅਰਿਦਮਨ ਸਿੰਘ ਜੀ ਹਨ, ਜੋ ਇਸ ਵੰਸ਼ ਵਿੱਚ ਪਹਿਲੇ ਬੀ.ਏ. ਪਾਸ ਹਨ। ਆਪ ਧਾਰਮਿਕ ਰੁਚੀ ਰਖਣ ਵਾਲੇ ਤੇ ਚੰਗੇ ਮਿਲਣਸਾਰ ਸਨ।
[1]ਧਰਮ ਦੇ ਗਿਆਤਾ।

ਦੋਹਰਾ:
ਲੰਗਰ ਦੇਤ, ਅਤੋਟ ਨਿੱਤ,
ਵਾਇ[1] ਨਗਾਰਾ ਏਹ।
ਸਦਗੁਨ ਗਨ ਯੁਤ ਧਰਮ ਰਤਿ,
ਸੇਵੀ ਸੰਤ ਅਛੇਹ[1] ॥੬॥

[1]ਵਜਾ ਕੇ।
[1](ਗਨ) ਸਾਰੇ ਸ੍ਰੇਸ਼ਟ ਗੁਣਾਂ ਦੇ ਸਹਿਤ, ਧਰਮ ਦੇ ਪ੍ਰੀਤਵਾਨ ਤੇ (ਅਛੇਹ) ਲਗਾਤਾਰ ਭਾਵ ਹਮੇਸ਼ਾਂ ਸੰਤ-ਸੇਵੀ ਸਨ।

ਭਾਈਰੂਪੇ ਕੀ ਕਥਾ,
ਕਹੀ ਜਥਾ ਮਤਿ ਸਾਰ।
ਮਲਵੱਈਆਂ ਕੀ ਮਿਸਲ ਕੇ,
ਹੁਤੇ ਏਹੁ ਸਰਦਾਰ ॥੭॥

ਮਿਸਲ ਕਲਸੀਆਂ ਕੀ

ਹਾਕਲਾ ਛੰਦ:

ਅਬਿ ਮਿਸਲ ਕਲਸੀਆਂ ਕੇਰੀ।
ਕਹਿ ਹੋਂ ਜੋ ਥਈ ਭਲੇਰੀ।
ਇਕ ਪਿੰਡ ਕਲਸੀਆਂ ਜੋ ਹੈ।
ਢਿਗ ਤਰਨ ਤਾਰਨੈ ਸੋ ਹੈ ॥ ੮ ॥
ਗੁਰਬਖਸ਼ ਸਿੰਘ ਤਹਿਂ ਕੇਰੋ।
ਇਕ ਥਾ ਸਰਦਾਰ ਬਡੇਰੋ।
ਪੁਨ ਕਰਮ ਸਿੰਘ ਹਰਿ ਤੋਗਾ[1]। [1]ਤੋਗਾ ਸਿੰਘ।
ਹੀਰਾ ਸਿੰਘ ਬੁੱਧ ਸਿੰਘ ਜੋਗਾ[1] ॥ ੯ ॥ [1]ਜੋਗਾ ਸਿੰਘ।
ਇੱਤਜਾਦਿਕ ਅਧਿਕ ਬਹਾਦਰ।
ਥੇ ਸਿੰਘ ਸੰਗ ਤਿਹ ਸਾਦਿਰ[1]। [1]ਨਿੱਡਰ।
ਰਹਿ ਪੰਥ ਖਾਲਸੇ ਸੰਗੈਂ।
ਬਹੁ ਕਰੇ ਤੁਰਕ ਅੰਗ ਭੰਗੈਂ ॥ ੧੦ ॥
ਪਲਟੇ ਨਿਜ ਗੁਰੂਅਨ ਕੇਰੇ।
ਸੱਤ੍ਰੂਨ ਤੈ ਲਏ ਬਧੇਰੇ।
ਥਾ ਦੋ ਹਜ਼ਾਰ ਅਸਵਾਰੈਂ।
ਇਨ ਕੇਰੋ ਸੁਭਟ ਜੁਝਾਰੈਂ[1] ॥ ੧੧ ॥ [1]ਲੜਾਕਾ ਸੂਰਮਾ।
ਜਬਿ ਪੰਥ ਸਰ੍ਹੰਦ ਉਜਾਰੀ।
ਸਭਿ ਲੀਨੋ ਮੁਲਕ ਸੰਭਾਰੀ।
ਤਬਿ ਡੇਰੇ ਬਸੀ ਗਰਾਮੂ।
ਕੇ ਗਿਰਦੇ ਮੁਲਕ ਤਮਾਮੂ ॥ ੧੨ ॥
ਛਛਰੌਲੀ ਅਰ ਮਛਰੌਲੀ।
ਅਰ ਪੁਰ-ਬਿਲਾਸ ਚਕਨੌਲੀ।
ਇਤਜਾਦਿਕ ਪ੍ਰਗਨੇ ਸਾਰੇ।
ਛੇ ਸਾਤ ਲਾਖ ਕੇ ਭਾਰੇ ॥ ੧੩ ॥
ਇਸ ਮਿਸਲ ਕੇਰ ਸਰਦਾਰੈਂ।
ਨਿਜ ਕਬਜ਼ੇ ਕਰੇ ਅਪਾਰੈਂ।
ਗੁਰਬਖਸ਼ ਸਿੰਘ ਛਛਰੌਲੀ।
ਰਜਧਾਨੀ ਥਪੀ[1] ਅਮੋਲੀ ॥ ੧੪ ॥ [1]ਬਣਾਈ।
ਅਰ ਮੁਲਕ ਤੀਨ ਲਖ ਕੇਰੋ।
ਨਿਜ ਕਬਜ਼ੇ ਕੀਨ ਅਛੇਰੋ।

ਸੰਗੀ ਥੇ ਤਿਸ ਕੇ ਬਾਂਕੇ।
ਬੀਸਕ ਸਰਦਾਰ ਲਰਾਕੇ ॥੧੫॥
ਉਨ ਜਥਾ ਜੋਗ ਸਭਿ ਤਾਂਈਂ।
ਜਾਗੀਰੈਂ ਦਈਂ ਮਹਾਂਈਂ।
ਵਹਿ ਤਾਬੇਦਾਰਰਹਾਏ।
ਜਹਿਂ ਚਾਹਯੋ ਤਹਾਂ ਲਰਾਏ ॥੧੬॥
ਪੁਨ ਜੋਧ ਸਿੰਘ ਸੁਤ ਤਾਂ ਕੋ।
ਬਿਦਤਯੋ ਭਟ ਬਲੀ ਚਲਾਕੋ।
ਸਰਕਾਰ ਖਾਲਸੇ[1] ਸੰਗੈਂ।
ਉਨ ਮੇਲ ਠਾਨ ਦਿਢ ਚੰਗੈਂ ॥੧੭॥
ਹਰ ਏਕ ਮਾਰਕੇ ਮੈਂਹੈਂ[1]।
ਉਨਰਹਿ ਸਰਕਾਰ ਸੰਗੈ ਹੈਂ।
ਨਿਜ ਇਜ਼ਤ ਅਰੂਜ[1] ਬਢਾਯੋ।
ਸੁਤ ਸੋਭਾ ਸਿੰਘ ਤਿਹ ਥਾਯੋ ॥੧੮॥
ਤਬਿ ਥਯੋ ਰਾਜ ਅੰਗ੍ਰੇਜ਼ੀ।
ਕਿਛੁ ਘਟੀ ਤਾਂਹਿ ਕੀ ਤੇਜੀ।
ਲਹਿਣਾ ਸਿੰਘ ਸੁਤ ਤਿਹ ਥੀਓ।
ਨਿਜ ਰਾਜ ਟਿੱਕਾ[1] ਉਨ ਲੀਓ ॥੧੯॥
ਸੁਤ ਬਿਸ਼ਨ ਸਿੰਘ ਤਿਸ ਕੇਰਾ।
ਫਿਰ ਭਯੋ ਉਦਾਰ ਬਧੇਰਾ।
ਅਬਿ ਪੂਤ ਤਾਂਹਿਂ ਕਾ ਨੀਕਾ।
ਹੈ ਬਾਲਕ ਰਜਾਸਤ ਟੀਕਾ[1] ॥੨੦॥
ਹ੍ਵੈ ਦੌਲਤ ਉਮਰ ਦਰਾਜੈਂ[1]।
ਗੁਰੁ ਰਾਖੈ ਸਦ ਇਸ ਰਾਜੈਂ ॥੨੧॥
ਦੋਹਰਾ:
ਇਨ ਸਭਿ ਮਿਸਲੋਂ ਕੀ ਕਥਾ,
ਅਰ ਸਰਦਾਰਨ ਕੇਰ।
ਤਵਾਰੀਖ ਗੁਰੁ ਖਾਲਸੇ,
ਮੈਂ ਹੈ ਲਿਖੀ ਬਧੇਰ ॥੨੨॥
ਯਾਂ ਤੇ ਏਸ ਗ੍ਰੰਥ ਮੈਂ,

[1]ਮਹਾਰਾਜਾ ਰਣਜੀਤ ਸਿੰਘ।
[1]ਹਰ ਇਕ ਲੜਾਈ ਵਿੱਚ।
[1]ਪ੍ਰਤਾਪ।
[1]ਆਪਣੇ ਰਾਜ ਦਾ ਤਿਲਕ।
[1]ਟਿੱਕਾ ਭਾਵਰਾਜ-ਗੱਦੀ ਦਾ ਹੱਕਦਾਰ।
[1]ਬਹੁਤੀ ਹੋਵੇ।

ਅਤਿ ਸੰਛੇਪੈਂ ਕੀਨ।
ਕਵਿ ਬੰਦਤ ਗੁਰੁ ਪੰਥ ਕੋ,
ਬਖਸ਼ੈ ਭੂਲ ਪ੍ਰਬੀਨ ॥੨੩॥
ਅਹਵਾਲ ਸਰਦਾਰ ਖਮਾਣੋਂ ਵਾਲੋਂ ਕਾ
ਦੋਹਰਾ:
ਡੱਲੇਵਾਲੀ ਮਿਸਲ ਕਾ,
ਤਾਰਾ ਸਿੰਘ ਸਰਦਾਰ।
ਕੰਗ ਗੋਤ ਜੱਟ ਬਡ ਭਯੋ,
ਆਕਲ[1] ਬੀਰ ਉਦਾਰ ॥੨੪॥ [1]ਅਕਲ ਵਾਲਾ।
ਲਖ ਨਿਜ ਭਾਈ ਕੰਗ ਜੱਟ,
ਬਹੁ ਉਨ ਲਏ ਬੁਲਾਇ।
ਦੈ ਮੱਦਦ ਸਜਵਾਇ ਸਿੰਘ,
ਨਿਜ ਸੰਗ ਰਖੇ ਸਹਾਇ ॥੨੫॥
ਚੌਪਈ:
ਨਾਮ ਗਾਮ ਤਿਨ ਕੇ ਕੁਛ ਕੈਹੋਂ।
ਪਾਛੇ ਤਿਨੈ ਅਰੂਜ[1] ਦਿਖੈਹੋਂ। [1]ਪ੍ਰਤਾਪ, ਤਰੱਕੀ।
ਨੌਧ ਸਿੰਘ ਖਜਾਲਾ ਸਿੰਘ ਨਾਹਰ[1]। [1](ਸਿੰਘ)।
ਸਿੰਘ ਗੁਰਬਖਸ਼ ਆਦਿ ਭਟ ਜ਼ਾਹਰ ॥੨੬॥
ਕੰਗ ਗਾਮ ਕੇ ਰਹਿਨੇ ਵਾਰੇ।
ਢਿਗ ਖਡੂਰ ਜੋ ਆਹਿ ਉਦਾਰੇ।
ਸ਼ਰਧਾ ਸਿੰਘ ਸਾਹਿਬ ਸਿੰਘ ਨੱਥਾ।
ਅਮਰ ਸਿੰਘ ਕ੍ਰਮ ਸਿੰਘ ਲੌ ਤੱਥਾ[1] ॥੨੭॥ [1]ਤਿਵੇਂ ਹੀ।
ਦਸਕ ਸਿੰਘ ਇਹੁ ਮਾਲ-ਚੱਕ[1] ਦੇ। [1]ਪਿੰਡ।
ਜੋਧ ਸਿੰਘ ਕੌਰ ਸਿੰਘ ਢੱਕ ਦੇ।
ਸੱਜਨ ਸਿੰਘ ਟੇਕ ਸਿੰਘ ਆਦੈਂ।
ਹੁਤੇ ਮੰਡਜਾਲੇ ਕੇ ਅਠ ਤਾਦੈਂ[1] ॥੨੮॥ [1]ਤਦੋਂ ਇਹ ਅੱਠ ਸਨ।
ਸੁਧਾ ਸਿੰਘ ਮਲ ਸਿੰਘ ਲੌ ਪਾਂਚ।
ਕੰਗ ਗਾਮ ਦੂਸਰ ਕੇ ਸਾਂਚ[1]। [1]ਇਕੱਠੇ ਹੋ ਕੇ।
ਤੀਸਕ ਸਿੰਘਨ ਕਾ ਇਹੁ ਜਥਾ।
ਭਯੋ ਬਿਦਤ ਸੁਭਟਨ ਮਧ ਪਥਾ[1] ॥੨੯॥ [1]ਪੰਥ ਵਿੱਚ।

ਰਹੇ ਪੰਥ ਕੇ ਸਦਾ ਸੰਗਾਰੇ।
ਕਰਿ ਕਰਿ ਜੰਗ ਤੁਰਕ ਗਨ ਗਾਰੇ[1]। [1]ਗਾਲ੍ਹੇ, ਖਪਾਏ।
ਮੁਲਕ ਖਾਲਸੇ ਮੱਲਯੋ ਜਬੈ।
ਇਨ ਭੀ ਕਬਜੇ ਕਿਯ ਬਹੁ ਤਬੈ ॥੩੦॥
ਨਗਰ ਖਮਾਣੋ ਮੁੱਖਯ ਰਜਧਾਨੀ।
ਠਟੀ ਰੋਕਯੋ ਮੁਲਕ ਮਹਾਨੀ।
ਟੌਂਡਰ ਪੁਰ, ਕਕ੍ਰਾਲਾ, ਕਠਾਲਾ।
ਬਾਹੋ ਮਾਜਰਾ, ਲਿਵੜਾ, ਆਲਾ ॥੩੧॥
ਸ਼ੰਮਸ ਪੁਰ ਆਦਿਕ ਬਹੁ ਠੌਰੈਂ।
ਕਿਲ੍ਹੇ ਬਨਾਏ ਜਹਿਂ ਤਹਿਂ ਗੌਰੈਂ।
ਜੇਤਿਕ ਥੇ ਅਸਵਾਰ ਜਾਂਹਿ ਪੈ।
ਹਿੱਸਾ ਆਯੋ ਤਿਤਿਕ ਤਾਂਹਿ ਪੈ ॥੩੨॥
ਚਾਰ ਲਾਖ ਕਾ ਮੁਲਕ ਸੰਭਾਰਾ।
ਥਾ, ਤਬਿ ਇਨ ਸਰਦਾਰਨ ਭਾਰਾ।
ਰਹਿਨ ਲਗੇ ਇਹੁ ਜਬਿ ਬਹੁ ਠੌਰੈਂ।
ਬੇ-ਇਤਫਾਕੀ ਹੋਈ ਗੌਰੈਂ ॥੩੩॥
ਕੁਛ ਲਵਪੁਰ ਪਤਿ ਕੁਛ ਪਟਲੇਸੈਂ।
ਸਰਦਾਰਨ ਔਰਨ ਭੀ ਬੇਸੈਂ[1]। [1]ਚੰਗੇ।
ਇਨ ਕੇ ਲਏ ਦਬਾਇ ਇਲਾਕੇ।
ਅਬਿ ਹੈ ਡੇਢ ਲਾਖ ਕੇ ਬਾਂਕੇ ॥੩੪॥
ਸੌ ਕੁ ਠੌਰ ਸੋ ਬਾਂਟਯੋ ਗਯੋ।
ਹਿੱਸਾ ਜੇਤਿਕ ਜਿਸ ਕੋ ਅਯੋ।
ਨਿਜ ਨਿਜ ਗ੍ਰਾਮਨ ਕੀ ਉਗਰਾਹੀ।
ਕਰਿ ਕੈ ਛਕਤ ਆਪ ਮਨਿ ਚਾਹੀ ॥੩੫॥
ਦੋਆਨੀ ਦੇਵਤ ਪਟਲੇਸੈਂ।
ਤਿਸ ਕੇ ਤਾਬੇਦਾਰ ਰਹੇਸੈਂ।
ਬੇ ਔਲਾਦ ਜਾਤ ਹੈ ਜੋਊ।
ਹਿੱਸਾ ਜਪਤ ਪਟਯਾਲਾ ਸੋਊ ॥੩੬॥
ਲਹਿਣਾ ਸਿੰਘ ਪ੍ਰਤਾਪ ਸਿੰਘ ਉਭੈ।
ਨਾਰਾਇਣ ਸਿੰਘ ਜੁਗ ਬਿਨ ਸ਼ੁਭੈ[1]। [1]ਸ਼ੱਕ ਤੋਂ ਬਿਨਾਂ।

ਕੇਹਰ ਸਿੰਘ ਇਤਜਾਦਿ ਖਮਾਨੋ।
ਹੈਂ ਅਬਿ ਇਹੁ ਸਰਦਾਰ ਮਹਾਨੋਂ ॥੩੭॥
ਬਾਹੋ ਮਾਜਰੇ ਮਾਨ ਹਰੀ ਹੈ।
ਸ਼ੰਮਸ ਪੁਰ ਹਰਿ ਨਥਾ ਵਰੀ ਹੈ[1]। [1]ਸ੍ਰੇਸ਼ਟ ਨੱਥਾ ਸਿੰਘ ਹੈ।
ਇਸ ਹੀ ਤੌਰ ਔਰ ਸਰਦਾਰੈਂ।
ਹੈਂ ਇਹੁ ਸਿਦਕੀ ਗੁਰੁ ਸਿਖ ਭਾਰੈਂ ॥੩੮॥

ਸੋਰਠਾ:

ਜਥਾ ਖਮਾਣੋ ਵਾਰਿ[1], [1]ਖੁਮਾਣੇ ਵਾਲਿਆਂ ਦਾ।
ਸਿੰਘਨ ਕਾ ਹਮ ਬਡ ਪਿਖਯੋ।
ਯਾਂ ਤੈ ਕਿੰਚਤ ਸਾਰ[1], [1]ਥੋੜ੍ਹੀ ਜੇਹੀ ਤੇ ਸ੍ਰੇਸ਼ਟ।
ਕਥਾ ਲਿਖੀ ਤਿਨ ਕੇਰ ਇਹੁ ॥੩੯॥

ਮਿਸਲ ਬੂੜੀਆਂ

ਚੌਪਈ:

ਔਰ ਬੂੜੀਏ ਵਾਲਯੋਂ ਕੇਰੇ।
ਸੁਨੋ ਹਵਾਲ ਰਸਾਲ ਅਛੇਰੇ[1]। [1]ਸੁੰਦਰ ਤੇ ਚੰਗੇ।
ਬਾਇ ਸਿੰਘ ਅਰ ਰਾਇ ਮ੍ਰਿਗੇਸੈਂ।
ਚੁੰਘ[1] ਜਾਟ ਭਟ ਭਏ ਬਿਸੇਸੈਂ ॥੪੦॥ [1]ਗੋਤ।
ਰਹੇ ਖਾਲਸੇ ਸੰਗ ਸਦਾਈ।
ਕਰੇ ਜੰਗ ਜਰ[1] ਤੁਰਕ ਉਠਾਈ। [1]ਜੜ੍ਹ।
ਡੇਢ ਲਾਖ ਕਾ ਮੁਲਕ ਦਬਾਯੋ।
ਰਜਧਾਨੀ ਗਢ-ਦਜਾਲ ਬਨਾਯੋ ॥੪੧॥
ਪੁਨ ਜਗਾਧਰੀ ਕੀਨ ਅਬਾਦੈਂ।
ਗਯੋ ਰਾਇ ਸਿੰਘ ਬੇ-ਔਲਾਦੈਂ।
ਸਿੰਘ ਭਗਵਾਨ ਬਾਇ ਸਿੰਘ ਕੇਰੋ।
ਭਯੋ, ਗਯੋ ਬਿਨ ਸੰਤਤਿ ਹੇਰੋ ॥੪੨॥
ਰਾਣੀ ਤਿਸ ਕੀ ਸੁੱਖਾਂ ਰਹੀ।
ਕਾਬਜ ਰਜਾਸਤ ਪਰ ਭਲ ਸਹੀ।
ਜਬਿ ਵਹਿ ਮਰੀ ਮੁਲਕ ਅੰਗ੍ਰੇਜ਼ੈਂ।
ਲੀਨੋ ਕਰ ਨਿਜ ਸੰਗ ਅਮੇਜੈਂ[1] ॥੪੩॥ [1]ਆਪਣੇ ਨਾਲ ਮਿਲਾ ਲਿਆ।
ਦੁਤੀ ਬੂੜੀਏ ਮੈਂ ਰਜਧਾਨੀ।

ਜੋ ਅਬਿ ਹੈ, ਸੁਨ ਤਾਂਹਿ ਕਹਾਨੀ।
ਨਾਨੂ ਸਿੰਘ ਮਝੈਲ ਬਡ ਬੀਰੈਂ।
ਭਯੋ ਪੰਥ ਮੈਂ ਪਰਗਟ ਧੀਰੈਂ ॥੪੪॥
ਦੋਇ ਲਾਖ ਕਾ ਮੁਲਕ ਦਬਾਯੋ।
ਤਾਂਹਿ ਸਹਾਰਨਪੁਰ ਲੌ ਭਾਯੋ।
ਬਿਨ ਔਲਾਦ ਜਬੈ ਵਹਿ ਗਯੋ।
ਭਾਗ ਸਿੰਘ ਮਾਲਕ ਤਿਸ ਭਯੋ ॥੪੫॥
ਜਜੋਣ ਸਿੰਘ ਅਬਿ ਸੁਤ ਤਿਸ ਕੇਰਾ।
ਆਹਿ ਬੂੜੀਏ ਮਾਂਹਿ ਅਛੇਰਾ।
ਤੀਸ ਸਹਸ ਕੀ ਰਜਾਸਤ ਤਾਂ ਪੈ।
ਹੈ, ਪੈ ਇਨਤਜ਼ਾਮ ਨਹਿਂ ਜਾਂ ਪੈ[1] ॥੪੬॥ — [1]ਜਿਸ ਪਾਸੋਂ ਪ੍ਰਬੰਧ ਨਹੀਂ (ਹੋ ਰਿਹਾ)।
ਅਹਿਲਕਾਰ ਲਪ ਚਕਣੇ[1] ਤਾਂ ਕੇ। — [1]ਖਾਊ ਯਾਰ। (ਲਪ- ਬੁਰਕੀ- ਚਕਨੇ- ਚੀਕਣੀ ਭਾਵ ਥੰਧੀ ਖਾਣ ਵਾਲੇ।)
ਹੈਂ, ਕਿਯ ਕਰਜ਼ਾਈ ਜਿਨ ਖਾ ਕੇ।
ਅਰਜ਼ ਕਰਤ ਹਮ ਗੁਰੂ ਪੈ ਫੇਰੈਂ[1]। — [1]ਮੁੜ ਕੇ।
ਲਾਯਕ ਭਵੈਂ[1] ਪੂਤ ਤਿਸ ਕੇਰੈਂ ॥੪੭॥ — [1]ਹੋ ਜਾਣ।
ਸਿੰਘਨ ਕੀ ਰਜਾਸਤ ਤਬਿ ਰੈਹੈ।
ਨਤ ਔਰਨ ਸਮ ਇਹੁ ਭੀ ਜੈਹੈ।
ਗਾਥਾ ਏਹੁ ਬੂੜੀਏ ਕੇਰੀ।
ਪਿਖੀ ਜਥਾਹਿ ਤਥਾਹਿ ਸੁ ਟੇਰੀ ॥੪੮॥

ਕਥਾ ਭਦੌੜੀਆਂ ਕੀ

ਦੋਹਰਾ:
ਸ੍ਰੀ ਗੁਰੁ ਚਰਨ ਸਰੋਜਰਜ,
ਅੰਜਨ ਨੈਨਿ ਸੁਧਾਰਿ[1]। — [1]ਸ੍ਰੀ ਗੁਰੂ ਜੀ ਦੇ ਚਰਨਾਂ ਦੀ ਧੂੜ ਦਾ (ਅੰਜਨ) ਸੁਰਮਾਂ ਅੱਖਾਂ ਵਿੱਚ ਪਾ ਕੇ।
ਕਹਿ ਹੋਂ ਸਾਥ ਭਦੌੜੀਏ,
ਸਰਦਾਰਨ ਕੀ ਸਾਰ[1] ॥੪੯॥ — [1]ਸ੍ਰੇਸ਼ਟ।
ਕਬਿੱਤ:
ਸਸੀ-ਅੰਸ ਫੂਲ ਬੰਸ ਜੋਗ ਪਰਸੰਸ ਸਿੱਧੂ,
ਜ਼ਿਮੀਂਦਾਰ ਅਵਤੰਸ ਹੰਸ ਸਮ ਭਾਸ ਹੈਂ[1]। — [1]ਚੰਦ੍ਰ ਵੰਸੀ (ਖ਼ਾਨਦਾਨ ਵਿੱਚ) ਪ੍ਰਸੰਸਾ ਯੋਗ ਫੂਲ ਬੰਸੀ ਸਿੱਧੂ ਜ਼ਿਮੀਂਦਾਰ (ਹੰਸ) ਸੂਰਜ ਵਾਂਗ (ਅਵਤੰਸ) ਸ਼੍ਰੋਮਣੀ ਪ੍ਰਕਾਸ਼

ਰਹੇ ਹਨ।

ਤਾਂਹਿ ਮਾਂਹਿ ਤੀਨ ਤੋ ਨਰੇਸ ਹੈਂ ਬਿਸੇਸ ਪੀਨ[1], — [1]ਬਹੁਤ ਤਕੜੇ।
ਕੀਨ ਗਾਥ ਤਿਨਹੂੰ ਕੀ ਪੂਰਬ ਪ੍ਰਕਾਸ਼ ਹੈ।
ਔਰ ਸਰਦਾਰ ਜੋ ਉਦਾਰ ਹੈਂ ਭਦੌੜ-ਵਾਰ,
ਬੇਰ ਔ ਮਲੋਦ ਚਾਰ ਕੋਟ ਦੁੱਨੇ ਵਾਸ[1] ਹੈਂ। — [1]ਚਹੁੰ ਥਾਈਂ ਵਸਦੇ ਹਨ।
ਇਨ ਕੀ ਕਥੈਹੋਂ ਕਥ ਮੇਰੁ ਮੈਂ ਸੇ ਕਨ ਵਥ[1] — [1]ਇਨ੍ਹਾਂ ਦੀ ਕਥਾ ਸੁਮੇਰ ਵਿੱਚੋਂ ਇਕ ਕਿਣਕੇ ਵਾਂਗ ਕਥਨ ਕਰਦਾ ਹਾਂ।
ਸਾਥ ਹਿਤ ਸੁਨੋ ਤਥ[1] ਪੰਥ ਗੁਰੂ ਖਾਸ[2] ਹੈ ॥੫੦॥ — [1]ਇਸ ਤਰ੍ਹਾਂ। [2]ਆਪ।

ਫੂਲ ਚੌਧਰੀ ਕੀ ਫੁਲਵਾਈ ਫੂਲੀ ਫਲੀ ਭਲੀ,
ਫੈਲੀ ਫਬੀ ਕਲੀ ਕਲੀ ਗੁਰੂ ਪਰਤਾਪ ਤੇ[1]। — [1]ਫੂਲ ਚੌਧਰੀ ਦੀ ਵੰਸ ਰੂਪ ਫੁਲਵਾੜੀ ਦੀ ਕਲੀ ਕਲੀ ਗੁਰੂ ਦੇ ਪ੍ਰਤਾਪ ਕਰ ਕੇ ਭਲੀ ਪ੍ਰਕਾਰ ਫੁੱਲੀ, ਫਲੀ, ਫੈਲੀ ਤੇ ਫਬੀ ਹੋਈ ਹੈ।
ਤਾਂ ਕੇ ਸੁਤ ਰਾਮ ਸਿੰਘ ਜੁ ਕੇ ਪੁਤ ਪਾਂਚ ਧਿੰਗ[1], — [1]ਜ਼ੋਰਾਵਰ।
ਪਾਂਡਵੋਂ ਸਮਾਨ ਚੰਗ ਸਬਲ ਅਮਾਪ ਥੇ[1]। — [1]ਬਹੁਤੇ ਬਲੀ ਸਨ।
ਦੁੱਨਾ ਸਿੰਘ ਧਰਮ ਥਾ[1] ਆਲਾ ਸਿੰਘ ਅਰਜਨ, — [1]ਯੁਧਿਸ਼ਟਰ ਸੀ।
ਬਖਤਾ ਮ੍ਰਿਗੇਸ ਭੀਮ ਭਏ[1] ਐਸ ਜਾਪਤੇ[2]। — [1]ਭੀਮ ਸੈਨ ਹੋਏ। [2]ਇਸ ਤਰ੍ਹਾਂ ਜਾਪਦੇ ਸਨ।
ਦੁੱਨੇ ਸਿੰਘ ਬਡੇ ਭਾਈ ਚੌਧਰਾਤ ਪਾਈ,
ਹੱਕ ਜਾਨ ਅਧਿਕਾਈ ਤੈ ਰਸਾਈ ਕਰਿ ਬਾਪ ਤੇ[1] ॥੫੧॥ — [1](ਵੱਡਾ ਪੁੱਤਰ ਹੋਣ ਕਰਕੇ) ਬਹੁਤਾ ਹੱਕ ਜਾਣ ਕੇ ਪਿਤਾ ਨਾਲ ਪਹੁੰਚ ਕਰਕੇ।

ਫੇਰ ਹਾਕਮੋਂ ਕੇ ਸੰਗ ਰਾਖ ਤਿਨ ਮੇਲ ਅੰਗ[1], — [1]ਪੱਖ।
ਅਧਿਕ ਬਢਾਈ ਚੰਗ ਪਨਚਾਈ ਆਪ ਤੈ[1]। — [1]ਆਪਣੇ ਆਪ ਬਹੁਤ ਚੰਗੀ ਚੌਧਰਤਾ ਵਧਾਈ।
ਟਕੇ ਰਹਯੋ ਤਾਰਤੋ ਹਮੇਸ਼ ਨਿਜ ਦੇਸ ਕੇਰ,
ਇੱਜ਼ਤ ਬਿਸ਼ੇਸ਼ ਪਾਈ ਸੰਨਦੈਂ ਸਜਾਫਤੈਂ[1]। — [1](ਉਨ੍ਹਾਂ ਪਾਸੋਂ) (ਸਨਦੈਂ) ਅਧਿਕਾਰ ਪੱਤਰ (ਸਜਾਫਤੈਂ) ਸਹਿਤ ਪ੍ਰੀਤੀ ਭੋਜਨਾਂ ਦੇ ਲਏ।
ਆਲੇ ਸਿੰਘ ਤੁਰਕਾਨ ਸੰਗ ਜੰਗ ਠਾਨ[1] ਬਡ, — [1]ਕਰਕੇ।
ਰਾਜ ਕਾ ਸੰਭਾਰਜੋ ਢੰਗ ਅਰਿਗਨ ਖਾਪਤੈ[1]। — [1]ਬਹੁਤੇ ਵੈਰੀ ਖਪਾ ਕੇ।
ਤਾਂਹੀਂ ਸਮੇਂ ਦੁੱਨੇ ਸਿੰਘ ਮੱਲਯੋ ਭਦੌੜ ਗਾਮ,
ਬਖਤੇ ਸਿੰਘ ਬਖਤ-ਗੜ੍ਹ ਲੀਓ ਨਿਜ ਥਾਪਤੈ[1] ॥੫੨॥ — [1]ਆਪਣਾ ਬਣਾ ਲਿਆ।

ਇਨ ਹੀ ਗਰਾਮਨ ਮੈਂ ਰਚ ਕੈ ਅਵਾਸ ਨਿਜ[1], — [1]ਆਪਣੇ ਘਰ ਬਣਾ ਕੇ।

ਕੀਓ ਹੈ ਨਿਵਾਸ ਖਾਸ[1] ਆਨੰਦ ਬਢਾਇ ਕੈ।	[1]ਆਪ।
ਆਲਾ ਸਿੰਘ ਸੰਗ ਮੇਲ ਰਾਖ ਕੈ ਧਕੇਲ ਅਰਿ,	
ਔਰ ਭੀ ਗਰਾਮ ਕਿਛੁ ਕਬਜੇ ਲਹਾਇ ਕੈ[1]।	[1]ਕਰਕੇ।
ਸੰਮਤ ਸਤਾਰਾਂ ਸੌ ਚੁਰਾਸੀ ਮਾਂਹਿ ਦੁੱਨਾ ਸਿੰਘ,	
ਹੋਇ ਕੈ ਬਿਮਾਰ ਬਸਯੋ ਸੁਰਪੁਰਿ ਜਾਇ ਕੈ।	
ਬਿੱਘਾ ਸਿੰਘ ਪੂਤ ਤਾਂ ਕਾ ਚੌਧਰੀ ਥਵੱਯੋ ਬਾਂਕਾ,	
ਸ਼ਾਹੀ ਟਕੇ ਰਹਯੋ ਸੋਊ ਤਾਰਤੋ ਸੁਭਾਇ ਕੈ[1] ॥ ੫੩ ॥	[1]ਸੁੱਤੇ ਸਿੱਧ (ਪਹਿਲਾਂ ਵਾਂਗ)।
ਤਾਂ ਕੇ ਸੁਤ ਚੂਹੜ ਸਿੰਘ ਮੋਹਰ ਸਿੰਘ ਦਲ ਸਿੰਘ,	
ਭਏ ਸਮ ਸ਼ੇਰ ਸ਼ਮਸ਼ੇਰ ਤਿਨੈ ਗਹਿ ਹੈ[1]।	[1]ਉਨ੍ਹਾਂ ਸ਼ੇਰ ਵਾਂਗ ਤਲਵਾਰਾਂ ਫੜ ਕੇ।
ਸੱਤ੍ਰੂ ਬਿਦਾਰੇ[1] ਭਾਰੇ ਕਰ ਕੈ ਅਖਾਰੇ[2] ਬਹੁ,	[1]ਵੈਰੀ ਖਿੰਡਾ ਦਿੱਤੇ। [2]ਜੰਗ।
ਪਟਲੇਸ ਅਮਰ ਮ੍ਰਿਗੇਸ ਸੰਗ ਰਹਿ ਹੈ।	
ਰੋਕਯੋ ਇਲਾਕਾ ਬਾਂਕਾ ਚੂਹੜ ਸਿੰਘ ਨੱਬੇ ਗਾਉਂ[1],	[1]੯੦ ਪਿੰਡ।
ਸੂਰਬੀਰ ਅਧਿਕੈਂ ਬਹਾਦਰ ਥੋ ਵਹਿ ਹੈ।	
ਔਰ ਬਾਦਸ਼ਾਹੋਂ ਸੰਗ ਮੇਲ ਭੀ ਰਖਾਯੋ ਚੰਗ,	
ਸੰਨਦਾਤ[1] ਤਹਿਮੂਰ ਸ਼ਾਹਿ ਦਈ ਤਹਿਂ[2] ਹੈ ॥ ੫੪ ॥	[1]ਸਨਦਾਂ, ਅਧਿਕਾਰ ਪੱਤਰ, ਪਟੇ। [2]ਉਸ ਨੂੰ।
ਤਾਂਹੀਂ ਸਮੇਂ ਦਲ ਸਿੰਘ ਕੋਟ ਦੁੱਨੇ ਦਾ ਬਸਾਯੋ,	
ਨਿਜ ਦਾਦੇ ਹੂੰ ਕੇ ਨਾਮ ਪਰ ਨਾਮ ਹੈ ਧਰਾ।	
ਔਰ ਹੂੰ ਇਲਾਕਾ ਬਹੁ ਬਾਂਕਾ ਸ਼ਮਸ਼ੇਰ ਬਲ,	
ਤ੍ਰੁਕਨ ਤੈ ਛੁਡਵਾਇ ਨਿਜ ਕਬਜੇ ਕਰਾ।	
ਤਾਂਹਿ ਕੀ ਸੰਤਾਨ ਅਬਿ ਬਸਤ ਮਹਾਨ ਤਹਾਂ,	
ਕਿਸ਼ਨ ਸਿੰਘ ਭਾਗ ਸਿੰਘ ਆਦਿ ਨੇਕ ਹੂੰ ਖਰਾ[1]।	[1]ਬਹੁਤੇ ਨੇਕ ਹਨ।
ਸਾਤਕ ਹਜ਼ਾਰ ਕੀ ਜਗੀਰ ਆਹਿ ਤਿਨੈ ਪਾਹਿ,	
ਸੁਨੋ ਅਬਿ ਔਰ ਪਰਸੰਗ ਵੀਚ ਜੋ ਛਰਾ[1] ॥ ੫੫ ॥	[1]ਛੱਡਿਆ ਸੀ।
ਸੰਮਤ ਅਠਾਰਾਂ ਸੌ ਅਠੱਤੀ ਮਾਂਹਿ ਬਿੱਘਾ ਸਿੰਘ,	
ਗਯੋ ਪਰਲੋਕ ਚੂਹੜ ਸਿੰਘ ਤਾਂਹਿ ਠੌਰ ਹੈ।	
ਜਤੀ ਸਤੀ ਧਰਮੀ ਸੁਕਰਮੀ ਬਰਜਾਮ ਬੀਰ[1],	[1]ਬਹਾਦਰ ਜੋਧਾ।
ਅਧਿਕ ਉਦਾਰ ਥੀਓ ਸਰਦਾਰ ਗੌਰ ਹੈ।	
ਬਾਰ[1] ਜਾਂ ਕੇ ਸੁਜਸ ਬਹਾਦ੍ਰੀ ਕੀ ਲੋਗ ਸਭਿ	[1]ਵਾਰਾਂ ਜੋ ਢਾਡੀ ਪੜ੍ਹਦੇ ਹਨ।

ਗਾਵਤੇ ਹੈਂ ਅਬਿ ਲੌਂ ਭੀ ਗੀਤਨ ਕੇ ਤੌਰ[1] ਹੈਂ।
ਸੂਰਬੀਰ ਲੋਗਨ ਕੀ ਤਾਂਹਿ ਸੰਗ ਭੀਰ ਬਡ,
ਰਹਿਤੀ ਹਮੇਸ਼ ਧਾੜੇ[1] ਮਾਰਤੇ ਸੁ ਦੌਰ ਹੈਂ ॥੫੬॥
ਅਮਰ ਮ੍ਰਿਗੇਸ਼ ਲੌਂ ਨਰੇਸ[1] ਏਸ ਦੇਸ ਕੇਰ,
ਮਾਂਡਤੇ ਬਿਸੇਸ ਜੰਗ ਜਹਾਂ ਅਰਿ ਸੰਗ ਥੇ[1]।
ਮਾਨ ਸਿਤਕਾਰ ਦਾਇ[1] ਚੂਹੜ ਸਿੰਘ ਕੋ ਬੁਲਾਇ,
ਭੇਜਤੇ ਤਹਾਂਇ[1] ਫਤੇ ਪਾਵਤੇ ਨਿਸੰਗ[2] ਥੇ।
ਜੈਮਲ[1] ਤੈ ਫੱਤਾ[2] ਸਿੰਘ ਅਮਰ[3] ਛਤ੍ਰ-ਸਾਲ[11],
ਇਨ ਕੇ ਸਮਾਨ ਇਹੁ ਲਰਤੇ ਨਿਸੰਗ ਥੇ।
ਬਾਨ ਅਰਜਨ ਜੈਸੇ ਭੀਮ ਸੀ ਗੁਰਜ ਯਾਂ ਕੀ,
ਤੇਗ ਮਾਨ ਸਿੰਘ ਤੈ ਭੀ ਕੈਹੈਂ ਲੋਗ ਚੰਗ ਥੇ[1] ॥੫੭॥
ਭੱਟੀ ਤੈ ਪਚਾਧੇ[1] ਲੋਗ ਧਾੜਵੀ ਬਿਰਾੜ ਹੁਤੇ,
ਜੇਊ ਤਬਿ ਲੂਟਤੇ ਥੇ ਦਿੱਲੀ ਲਗ ਦੇਸ ਹੈਂ।
ਸ਼ਾਹਿਨ ਤੈ ਹੁੱਟੇ ਨਾ ਨਰੇਸਨ ਤੈ ਤੁੱਟੇ ਜੇਊ[1],
ਤੇਊ ਲੁੱਟੇ ਮਾਰੇ ਚੂਹੜ ਸਿੰਘ ਥੇ ਬਿਸੇਸ ਹੈਂ।
ਕਈ ਬੇਰ ਜੰਗ ਕਰਯੋ ਹਰਯੋ ਇਨੈਂ ਤਾਂਈਂ ਇਨੈਂ,
ਪਰਯੋ ਬੈਰ ਭਾਰੀ ਧਰਯੋ ਧੀਰਜ ਮ੍ਰਿਗੇਸ ਹੈ[1]।
ਔਰ ਉਨ ਕੀ ਨ ਪੇਸ਼ ਚਾਲੀ ਜਬਿ ਕੋਊ ਬੇਸ[1],
ਕੀਨ ਤਬਿ ਦਗਾ ਨੇਸ ਜਾਲੀ ਸੰਗ ਏਸ ਹੈ[1] ॥੫੮॥
ਆਇ ਮਿਲ ਪੈਰੀ ਪਏ ਦੋਸਤ ਬਿਰਾੜ ਥਏ,
ਕਪਟ ਰਖਏ ਮਨ ਪਾਪੀਓਂ ਨੇ ਭੀਤਰੀ[1]।
ਏਕ ਦਿਨ ਦਲ ਸਿੰਘ ਚੂਹੜ ਸਿੰਘ ਦੋਊ ਭਾਈ,
ਆਵਤੇ ਥੇ ਬਰਨਾਲਯੋਂ ਰਨ ਮਗ ਮੈਂ ਪਰੀ[1]।
ਘਣੀਏ ਗਰਾਮ ਵਾਲੇ ਚੌਧਰੀ ਸੁਜਾਨੇ ਆਦਿ,
ਆਇ ਕੈ ਬਿਰਾੜੈਂ ਬਾਗ ਫਰੀ ਪ੍ਰੀਤਿ ਹੂੰ ਕਰੀ।

[1]ਢੰਗ ਨਾਲ।
[1]ਡਾਕੇ, ਬਲ ਨਾਲ ਲੁੱਟਣਾ।
[1]ਰਾਜੇ।
[1]ਜਿੱਥੇ ਜਿੱਥੇ ਵੈਰੀਆਂ ਨਾਲ ਵੱਡਾ ਜੰਗ ਸਜਾਉਂਦੇ ਸਨ।
[1]ਆਦਰ ਸਤਿਕਾਰ ਦੇ ਕੇ।
[1]ਓਥੇ। [2]ਬਿਨਾਂ ਸ਼ੰਕਾ ਤੋਂ।
[1]ਬੇਦਨੌਰ ਦੇਰਈਸ। [2]ਕੈਲਵਾਰਾ ਦਾ ਸਰਦਾਰ ਪੱਤੋ। [3](ਮੇਵਾੜ ਦੇ ਰਾਜੇਰਾਣਾ ਪ੍ਰਤਾਪ ਸਿੰਘ ਦਾ ਜੇਠਾ ਪੁੱਤਰ) ਅਮਰ ਸਿੰਘ। [11]ਬੁੰਦੇਲਵੰਸ਼ੀ ਚੰਪਤਰਾਇ ਦੇ ਪੁੱਤਰ ਪੰਨੇ ਦਾ ਪ੍ਰਤਾਪੀਰਾਜਾ।
[1]ਤੀਰ ਅਰਜਨ ਵਰਗੇ, ਗੁਰਜ ਇਹਨਾਂ ਦੀ ਭੀਮ ਸੈਨ ਵਰਗੀ, (ਜੈ ਪੁਰ ਦੇ ਰਾਜੇ ਭਗਵਾਨ ਦਾਸ ਦੇ ਭਤੀਜੇ) ਮਾਨ ਸਿੰਘ ਨਾਲੋਂ ਵੀ ਇਹਨਾਂ ਦੀ ਤਲਵਾਰ ਨੂੰ ਲੋਕ ਚੰਗਾ ਕਹਿੰਦੇ ਸਨ।
[1]ਇਕ ਮੁਸਲਮਾਨਰਾਜਪੂਤ ਜਾਤੀ।
[1]ਜਿਹੜੇ ਬਾਦਸ਼ਾਹਾਂ ਤੋਂ ਹਾਰਦੇ ਨਹੀਂ ਸਨ, ਰਾਜਿਆਂ ਤੋਂ ਫ਼ਤਿਹ ਨਹੀਂ ਸਨ ਹੁੰਦੇ।
[1]ਸ਼ੇਰ ਵਾਂਗ।
[1]ਚੰਗੀ।
[1]ਤਦੋਂ ਦਗ਼ੇ ਕਰ ਕੇ ਏਸ ਨੂੰ (ਅੱਗ) (ਸੰਗ) ਨਾਲ (ਨੇਸ) ਰਾਤ ਨੂੰ (ਜਾਲੀ) ਸਾੜ ਦਿੱਤਾ।
[1]ਹਿਰਦੇ ਵਿੱਚ।
[1]ਰਾਹ 'ਚ ਜੰਗ ਹੋ ਪਿਆ।

ਡੇਰਾ ਏਕ ਬੁਰਜ ਮੈਂ ਦੀਨੋ ਕੀਨੋ ਪ੍ਰੇਮ ਅਤਿ,
ਅਧਿਕ ਪਿਲਾਇ ਕੈ ਸ਼ਰਾਬ ਤਿਨ ਹੂੰ ਖਰੀ[1] ॥੫੯॥ — [1]ਚੰਗੀ।
ਸੰਗੀ ਅਸਵਾਰ ਔਰ ਠੌਰ ਹੂੰ ਸੁਲਾਇ ਦਏ,
ਭੋਜਨ ਛਕਾਏ ਕਰੀ ਖਾਤਰ[1] ਅਪਾਰੀਆ। — [1]ਸੇਵਾ।
ਗਏ ਜਬਿ ਸੋਇ ਸਭਿ ਮਿਲ ਕੈ ਬਿਰਾੜੋਂ ਤਬਿ,
ਛਾਪੇ ਔਰ ਲਕੜੀ ਲਯਾਇ ਭਾਰ ਭਾਰੀਆ[1]। — [1]ਬਹੁਤੀਆਂ ਪੰਡਾਂ।
ਬੁਰਜ ਕੇ ਚਿਨ ਕੈ ਚੁਫੇਰੇ ਆਗ ਲਾਇ ਦੀਨੀ,
ਆਯੋ ਜਬਿ ਸੇਕ ਉਠੇ ਬੀਰ ਬਲ-ਕਾਰੀਆ[1]। — [1]ਬਲਵਾਨ।
ਚਢੇ ਛਾਤ ਪਰੇ[1] ਹੇਰੇ ਦੁਸ਼ਮਨ ਦੂਰ ਖਰੇ, — [1]ਛੱਤ ਦੇ ਉਪਰ ਚੜ੍ਹ ਗਏ।
ਤੀਰਨ ਕੇ ਸਾਥ ਆਠ ਦਸ ਡਾਰੇ ਮਾਰੀਆ ॥੬੦॥
ਨਿਕਸ ਨ ਸਾਕੇ ਕਾਹੂੰ ਓਰ ਜੋਰ ਪਾਇ ਦੋਊ,
ਅੰਤ ਸੋਊ ਜਰ ਬਰ ਖਾਕ ਪਾਕ ਹ੍ਵੈ ਗਏ[1]। — [1]ਸੜ ਬਲ ਕੇ ਪਵਿੱਤਰ ਸੁਆਹ ਹੋ ਗਏ।
ਠੀਕ ਪਾਪ ਪਾਪੀ ਕੋ ਪਯਾਰਾ ਗੁਰੂ ਭੀ ਉਚਾਰਾ,
ਦੇਖੋ ਕੈਸੇ ਦਗੇ ਸੰਗ ਬੀਰ ਬਡ ਦ੍ਵੈ ਹਏ[1]। — [1]ਦੋ ਸੂਰਮੇਂ ਮਾਰ ਦਿੱਤੇ।
ਸੰਮਤ ਅਠਾਰਾਂ ਸੈ ਉਣੰਜਾ ਮਾਂਹਿ ਯਾਹਿ ਸਾਕਾ,
ਥਯੋ ਅਤਿ ਮੰਦ ਜੋ ਬਿਰਾੜ ਕਰਤੇ ਭਏ।
ਸਾਰ ਪਾਇ ਯਾਹਿ ਭਾਰ[1] ਚੂਹੜ ਸਿੰਘ ਜੂ ਕੇ ਸੁਤ, — [1]ਇਹ ਭਾਰੀ ਖਬਰ ਸੁਣ ਕੇ।
ਦੀਪ ਸਿੰਘ ਬੀਰ ਸਿੰਘ ਨਿਜ ਫੌਜ ਹੂੰ ਲਏ ॥੬੧॥
ਲੈਣ ਹੇਤ ਬੈਰ ਨਿਜ ਬਾਪ ਕਾ ਅਲਾਪ[1] ਚਢੇ, — [1]ਬੋਲ ਕੇ, ਵੰਗਾਰ ਕੇ।
ਫੌਜ ਪਟਲੇਸ਼੍ਵਰ ਪਠਾਈ ਹੇਤ ਮੱਦਤੈਂ।
ਔਰ ਭਾਈਚਾਰਾ ਸਾਰਾ ਥੀਓ ਸੰਗ ਤਿਨ ਹੂੰ ਕੇ,
ਜਾਇ ਗਾਮ ਘਣੀਏ ਕੋ ਘੇਰਯੋ ਜਾਇ ਸ਼ਿੱਦਤੈਂ[1]। — [1]ਸਖ਼ਤੀ ਨਾਲ।
ਹੁਤੋ ਜੋ ਬਿਰਾਰਨ ਕਾ ਸਰਦਾਰ ਚੌਧਰੀ,
ਸੁਜਾਨਾ ਨਾਮ ਬੈਰੀ ਇਨ ਕੇਰ ਭੱਟ ਬੱਧਤੈਂ[1]। — [1]ਵੱਡਾ ਸੂਰਮਾਂ ਇਨ੍ਹਾਂ ਦਾ ਵੈਰੀ ਸੀ।
ਬਿਨਾ ਸਾਰ ਵਾਹਿ ਤੋ ਸ਼ਿਕਾਰ ਗਯੋ ਖੇਲਬੇ ਥਾ[1], — [1]ਖੇਲਣ ਗਿਆ ਸੀ।
ਦੀਪ ਸਿੰਘ ਸਾਰ ਪਾਇ ਧਾਇ ਜਾਇ ਹੱਦ ਤੈ[1] ॥੬੨॥ — [1]ਹੱਦ ਉੱਤੇ।

ਘੇਰ ਲੀਓ ਜੰਗਲ ਮੈਂ ਸੱਤਰੂ ਅਮੰਗਲ[1] ਕੋ,
[1]ਭਿਆਨਕ।

ਭਾਖਯੋ ਉਦੰਗਲ ਤੈਂ ਦਗਾ ਕੀਨ ਭਾਰੀਆ[1]।
[1](ਉਦੰਗਲ) ਇਕੱਠ ਵਿੱਚ ਕਿਹਾ ਤੈਂ ਭਾਰੀ ਦਗ਼ਾ ਕੀਤਾ ਹੈ।

ਏਰੇ ਮੂਢ ਗੀਦੀ ਪਾਜੀ[1] ਐਸੇ ਸੂਰਬੀਰਨ ਸੋਂ,
[1]ਹੇ ਮੂਰਖ ਕਾਇਰ ਤੇ (ਪਾਜੀ) ਨੀਚ।

ਧੋਹ ਤੈਂ ਕਮਾਯੋ[1] ਅਬਿ ਹੋਹੁ ਹੁਸ਼ਿਆਰੀਆ।
[1]ਧੋਖਾ ਕੀਤਾ ਹੈ।

ਲੇਹੁ ਕਰਿ ਬਾਰ ਰੈਹੈ ਹੌਂਸ[1] ਮਨ ਮਾਂਹਿ ਨੈਹੈਂ,
[1]ਇੱਛਾ।

ਨਾ ਤੋ ਹਮ ਹੂੰ ਹਤੈਂ ਹੈਂ ਤੋਹਿ ਲਲਕਾਰੀਆ।
ਸੁਭਟ ਸਪੂਤ ਹਮ ਬੈਰੀ ਕਾ ਨ ਰਾਖੇਂ ਗੰਮ,
ਛੱਤ੍ਰੀ ਅਛੂਤ ਥੰਮ ਧਰਮ ਸੁਧਾਰੀਆ[1] ॥ ੬੩ ॥
[1](ਅਛੂਤ) ਬਹਾਦਰ (ਛੱਤ੍ਰੀ) ਸੂਰਮੇਂ ਹਾਂ ਤੇ ਧਰਮ ਦੇ (ਸੁਧਾਰੀਆ) ਚੰਗੇ ਥੰਮ ਹਾਂ।

ਐਸ ਹੂੰ ਸੁਜਾਨਾ ਸੁਨਿ ਪਛੁਤਾਇ ਸਿਰ ਧੁਨਿ,
ਕੇਲੇ ਦਲ ਜਿਮ ਪੁਨ ਕਾਂਪਯੋ ਡਰਾਇ ਕੈ[1]।
[1]ਸਿਰ ਮਾਰ ਕੇ ਕੇਲੇ ਦੇ ਪੱਤੇ ਵਾਂਗ ਡਰ ਕੇ ਕੰਬਿਆ।

ਹੋਇ ਕੈ ਅਧੀਰ ਕੀਰ ਯਦੀ ਕਿਛੁ ਛੋਰੇ ਤੀਰ,
ਸਰਦਾਰ ਧਾਰ ਧੀਰ ਢਾਲ ਪੈ ਲਹਾਇ ਕੈ[1]।
[1](ਕੀਰ) ਕੰਗਾਲ (ਸੁਜਾਨੇ) ਨੇ ਧੀਰਜ ਤੋਂ ਰਹਿਤ ਹੋ ਕੇ ਭਾਵੇਂ ਕੁਝ ਤੀਰ ਛੱਡੇ, ਸਰਦਾਰ ਦੀਪ ਸਿੰਘ ਨੇ ਧੀਰਜ ਧਾਰ ਕੇ ਢਾਲ ਤੇ ਲੈ ਲਏ।

ਅਸ੍ਵ ਕੋ ਕੁਦਾਇ ਜਾਇ ਢਿਗ ਰੋਸ ਉਪਜਾਇ,
ਤੇਗ ਬੇਗ ਬਲ ਲਾਇ[1] ਬਾਹੀ ਹੁਲਸਾਇ ਕੈ[2]।
[1]ਜ਼ੋਰ ਨਾਲ। [2]ਉਤਸ਼ਾਹ ਨਾਲ।

ਬੀਜਰੀ ਸਮਾਨ ਲੱਸ, ਸਿਰ ਧਰ ਜ਼ੀਨ ਅੱਸ੍ਵ, ਕ
ਾਟ ਗਈ ਧਰ ਧੱਸ, ਡਾਰਯੋ ਅਰਿ ਘਾਇ ਕੈ[1] ॥ ੬੪ ॥
[1]ਬਿਜਲੀ ਵਾਂਗ (ਲੱਸ) ਚਮਕ ਕੇ, ਸਿਰ-ਧੜ ਕਾਠੀ ਤੇ ਘੋੜਾ ਕੱਟ ਕੇ ਧਰਤੀ 'ਚ ਧਸ ਗਈ ਦੁਸ਼ਮਣ ਸੁਜਾਨੇ ਨੂੰ ਮਾਰ ਕੇ ਸੁੱਟ ਦਿੱਤਾ।

ਔਰ ਜੇ ਬਿਰਾਰ ਥੇ, ਸ਼ਿਕਾਰ ਮਾਂਹਿ ਤਾਂਹਿ ਸੰਗ,
ਜੰਗ ਕਰਿ ਘੇਰਿ ਮਾਰੇ ਸਰਦਾਰ ਸੰਗੀਐਂ[1]।
[1]ਦੀਪ ਸਿੰਘ ਦੇ ਸਾਥੀ ਸਰਦਾਰਾਂ ਨੇ।

ਲੂਟ ਕੂਟ ਗਾਮ ਸੋ ਉਜਾਰਯੋ ਬੈਰੀਆਂ ਕੋ ਮਾਰਯੋ,
ਬਰਬਾਦ ਕਰਿ ਡਾਰਿਓ ਯੁਤ ਸਾਕ ਅੰਗੀਐਂ[1]।
[1]ਸਾਕਾਂ ਅੰਗਾਂ ਸਮੇਤ।

ਬੈਰ ਲੀਓ ਬਾਪ ਕਾ ਅਮਾਪ ਧਾਪ ਖਾਪ ਅਰਿ[1]
[1]ਵੈਰੀਆਂ ਨੂੰ ਖਪਾ ਕੇ (ਅਮਾਪ) ਬਹੁਤਾ (ਧਾਪ) ਪ੍ਰਸੰਨ ਹੋਏ।

ਦੀਪ ਸਿੰਘ ਬੀਰ ਸਿੰਘ ਸਰਦਾਰ ਚੰਗੀਐਂ[1]।
[1]ਜੋ ਚੰਗੇ ਸਰਦਾਰ ਸਨ।

ਸਿਰ ਧਰ[1] ਸੱਤ੍ਰੂ ਕਾ ਲਜਾਇ ਕੈ ਭਦੌੜ ਮਾਂਹਿ,
[1]ਧੜ।

ਲਟਕਾਯੋ ਠੌੜ ਠੌੜ ਕਾਟਿ ਦੁਰ ਢੰਗੀਐਂ[1] ॥ ੬੫ ॥
[1]ਖੋਟੇ ਢੰਗ ਨਾਲ ਕੱਟ ਕੱਟ ਕੇ ਥਾਂ ਥਾਂ ਲਟਕਾ ਦਿੱਤਾ।

ਬਾਪ ਕੀ ਰਜਾਸਤੈਂ ਵਰਾਸਤੈਂ ਕੋ ਸਮ ਭਾਗ[1],
[1]ਮਾਲਕੀ ਦੀ ਜਾਇਦਾਦ ਨੂੰ ਇਕੋ ਜਿਹੇ ਹਿੱਸਿਆਂ ਵਿੱਚ।

ਬੀਰ ਸਿੰਘ ਦੀਪ ਸਿੰਘ ਬਾਂਟ ਭਲ ਹੈ ਲਯੋ।
ਖੜਗ ਮ੍ਰਿਗੇਸ ਪੂਤ ਦੀਪ ਸਿੰਘ ਕਾ ਸਪੂਤ[1], — [1]ਪੁੱਤਰਾਂ 'ਚੋਂ ਸ੍ਰੇਸ਼ਟ ਪੁੱਤਰ ਹੈ।
ਸਰਦਾਰ ਮਜਬੂਤ ਨੇਕ ਅਤਿ ਹੀ ਭਯੋ।
ਅਤਰ ਮ੍ਰਿਗਿੰਦ ਫਰਜ਼ੰਦ ਤਾਂਹਿ ਕੋ ਬੁਲੰਦ[1], — [1]ਅਤਰ ਸਿੰਘ ਤਿਸ ਖੜਗ ਸਿੰਘ ਦਾ ਵੱਡਾ (ਫ਼ਰਜੰਦ) ਪੁੱਤਰ ਹੈ (ਇਸ ਪਾਸ ਚਾਰ ਹਜ਼ਾਰ ਦੀ ਜਾਗੀਰ ਹੈ)।
ਸਰਦਾਰ ਅਬਿ ਹੈ ਅਮੰਦ ਚੰਦ ਜਸੋਂ ਨਯੋ[1]। — [1]ਨਵੇਂ ਚੰਦ ਭਾਵ ਦੂਜ ਦੇ ਚੰਦ ਵਾਂਗ (ਅਮੰਦ) ਉੱਜਲ ਹੈ।
ਆਹਿ ਸੋ ਗੁਨੱਗਜ ਤੱਗਜ ਕੋਵਿਦ ਉਦਾਰ ਚਾਰੁ[1], — [1]ਗੁਣਾਂ ਦਾ ਗਿਆਤਾ, ਤੱਤ ਦਾ ਗਿਆਤਾ, ਵਿਦਵਾਨ, ਦਾਤਾ ਤੇ ਸੁੰਦਰ ਹੈ। (ਇਸ ਪਾਸ ਦੋ ਹਜ਼ਾਰ ਦੀ ਜਾਗੀਰ ਹੈ)।
ਭੂਪ ਕਾ ਖਤਾਬ ਸਰਕਾਰ ਤਾਂਹਿ ਕੋ ਦਯੋ ॥੬੬॥
ਜ੍ਵਾਹਰ ਮ੍ਰਿਗਿੰਦ[1] ਸਿੰਘ-ਜੈਮਲ ਜਗੱਤ-ਸਿੰਘ, — [1]ਸਿੰਘ।
ਬੀਰ ਸਿੰਘ ਜੂ ਕੇ ਪੂਤ ਭਏ ਏਹੁ ਬੇਸ[1] ਹੈਂ। — [1]ਚੰਗੇ।
ਮਾਹਾਂ ਸਿੰਘ ਕੇਹਰ ਮ੍ਰਿਗੇਸ ਅਜੈ ਪਾਲ ਸਿੰਘ[1] — [1](ਬਾਈ ਹਜ਼ਾਰ ਦੀ ਜਾਗੀਰ ਇਸ ਪਾਸ ਹੈ)।
ਆਦਿਕ ਸੰਤਾਨ ਅਬਿ ਤਿਨ ਕੀ ਬਿਸੇਸ[1] ਹੈ। — [1]ਬਹੁਤੀ ਹੈ।
ਬਿੱਘਾ ਸਿੰਘ ਜੂ ਕੇ ਬੇਟੇ ਮੁਹਿਰ ਸਿੰਘ ਕੀ ਉਲਾਦ,
ਦੇਵਾ ਸਿੰਘ ਅਚਲ ਸਿੰਘ ਉੱਤਮ ਮ੍ਰਿਗੇਸ ਹੈ।
ਤਾਬੇਦਾਰ ਭੂਪਤਿ ਪਟਜਾਲੇ ਕੇ ਬਿਸਾਲੇ ਏਹ,
ਕਿੰਚਤ ਭਦੌੜੀਓਂ ਕੀ ਗਾਥ ਬਿਧਿ ਏਸ ਹੈ[1] ॥੬੭॥ — [1]ਇਸ ਤਰ੍ਹਾਂ ਹੈ।

ਦੋਹਰਾ:
ਥੀ ਜਗੀਰ ਇਕ ਲਾਖ ਕੀ,
ਇਨ ਸਰਦਾਰਨ ਪਾਸ।
ਅੱਸੀ ਸਹਸ ਕੀ ਅਬਿ ਅਹੇ,
ਔਰ ਜਬਤ ਭਈ ਖਾਸ[1] ॥੬੮॥ — [1]ਹੋਰ ਬਹੁਤੀ।
ਬੇਉਲਾਦ ਸਰਦਾਰ ਜੋ,
ਜਾਵਤ ਇਨ ਕੇ ਮਾਂਹਿ।
ਨ੍ਰਿਪ ਪਟਜਾਲਾ ਕਰਤ ਹੈ,
ਜਪਤ ਜਗੀਰ ਸੁ ਤਾਂਹਿ ॥੬੯॥

ਸੋਰਠਾ:
ਅਬਿ ਮਲੌਦ, ਪੁਰ-ਰਾਮ,
ਬੇਰ[1] ਕੇਰ ਸਰਦਾਰ ਜੋ। — [1]ਪਿੰਡ ਦਾ ਨਾਮ।

ਤਿਨ ਕੀ ਗਾਥ ਲਲਾਮ[1],
ਸੁਨੋ ਸਜਨ ਕਿੰਚਤ[1] ਕਥੋਂ ॥੨੦॥

[1]ਸੁੰਦਰ। [1]ਥੋੜ੍ਹੀ ਜਿਹੀ।

ਕਬਿੱਤ:

ਨਾਤੀ[1] ਫੂਲ ਕਾ ਬਖਜਾਤੀ[2] ਰਾਮ ਸਿੰਘ ਕਾ ਸਪੂਤ,
ਬਖਤਾ ਮ੍ਰਿਗੇਸ ਜੋ ਬਿਸੇਸ ਬੀਰ ਹੈ ਥਏ।
ਗਾਮ ਏਕ ਤਾਂਹਿ ਨਿਜ ਨਾਮ ਪੈ ਅਵਾਦ ਕੀਓ,
ਆਲੇ ਸਿੰਘ ਸੰਗ ਰੈਹ ਜੰਗ ਬਹੁਤੈ ਕਏ।
ਮਾਨ ਸਿੰਘ ਫਰਜ਼ੰਦ ਤਾਂਹਿ ਕੇ ਬੁਲੰਦ ਬੀਰ,
ਚੀਰ ਅਰਿ-ਗਨ ਕੋ ਇਲਾਕੇ ਬਾਂਕੇ ਹੈਂ ਲਏ।
ਰਾਇ ਉਲਜਾਸ ਤੈ ਛੁਡਾਇ ਲੀਏ ਸੈਣਾ ਚੀਮੇ,
ਕੋਟਲੇ ਮਲੇਰ ਤੈ ਮਲੌਦ ਬੇਰ[1], ਲੈ ਲਏ ॥੨੧॥

[1]ਪੋਤਰਾ। [2]ਮਸ਼ਹੂਰ। [1]ਪਿੰਡ ਦਾ ਨਾਮ।

ਪੂਤ ਦੋਇ ਤਾਂਹਿ ਕੇ ਦਲੇਲ ਸਿੰਘ ਬਾਘ ਸਿੰਘ,
ਹਰਿ ਗੁਰੁ ਭਗਤ ਜਗਤ ਭਟ ਜਾਹਿਰੈਂ।
ਸੰਮਤ ਅਠਾਰਾਂ ਸੌ ਸਤਾਈ ਮਾਂਹਿ ਮਾਨ ਸਿੰਘ,
ਗਯੋ ਪਰਲੋਕ ਤੌ ਦਲੈਲ ਸਿੰਘ ਮਾਹਿਰੈਂ[1]।
ਰਜਾਸਤ ਸੰਭਾਰ ਸਰਦਾਰ ਭਯੋ ਬਾਪ ਸਮ,
ਲਘੁ ਭਾਈ ਬਾਘ ਸਿੰਘ ਤਾਂਈਂ ਕੀਓ ਬਾਹਿਰੈਂ[1]।
ਦੀਓ ਨ ਗੁਜਾਰਾ ਹਿੱਸਾ, ਬਢਜੋ ਤਾਂਹਿ ਪਰ ਕਿੱਸਾ[1],
ਝਗੜਾ ਫਸਾਦ ਦਿਸਾ ਸਾਲ ਕਈ ਕਾਹਿਰੈਂ[1] ॥੨੨॥

[1]ਮੁਖੀ ਹੋ ਗਿਆ। [1]ਬਾਹਰ ਕਰ ਦਿੱਤਾ, ਵੱਖਰਾ ਕਰ ਦਿੱਤਾ। [1]ਕਹਾਣੀ ਵਧ ਗਈ। [1]ਕਈ ਸਾਲ ਝਗੜਾ ਫਸਾਦ ਤੇ (ਕਾਹਿਰੈਂ) ਮੁਸੀਬਤ (ਦੋਹੀਂ) (ਦਿਸਾ) ਤਰਫ਼ੀਂ ਪਈ ਰਹੀ।

ਆਖਰੇਸ ਪਟਲੇਸ[1] ਸਰਦਾਰ ਚੂਹੜ ਸਿੰਘ
ਆਦਿਕੈਂ, ਤਿਹਾਈ ਬਾਘ ਸਿੰਘ ਕੋ ਦਿਲਾ ਦਈ।
ਏਸ ਖਾਨਦਾਨ ਮਾਂਹਿ ਯਾਂਹੀਂ ਤੈ ਹੈ ਰੀਤਿ ਵਾਹਿ,
ਦੁਗੁਨ ਬਡੋ ਲਹਾਹਿ ਲਘੁ ਏਕ ਹੂੰ ਲਈ[1]।

[1]ਅਖ਼ੀਰ ਨੂੰ ਮਹਾਰਾਜਾ ਪਟਿਆਲਾ ਤੇ। [1]ਏਸੇ ਕਰ ਕੇ ਉਹੋਰੀਤੀ ਹੈ ਵੱਡਾ ਦੁੱਗਣਾ (ਹਿੱਸਾ) ਲੈਂਦਾ ਹੈ ਤੇ ਛੋਟਾ ਇਕ ਹਿੱਸਾ ਲੈਂਦਾ ਹੈ।

ਭਏ ਜੁ ਦਲੇਲ ਸਿੰਘ ਜੂ ਕੇ ਪੂਤ ਦੋਇ ਪੁਨ,
ਫਤੇ ਸਿੰਘ ਮਿੱਤ ਸਿੰਘ ਤਿਨੈਂ ਇਮ ਹੀ ਕਈ।
ਫਤੇ ਸਿੰਘ ਕੇ ਹਜੂਰਾ ਸਿੰਘ ਤੈ ਉਤਮ ਸਿੰਘ ਭਏ,

ਐ ਪੈ ਬਿਨ ਪੂਤ ਬਡੇ ਮ੍ਰਿਤੁ ਜੌਂ ਪਈ[1] ॥੨੩॥ — [1]ਪਰ ਜਦੋਂ ਪੁੱਤ ਤੋਂ ਬਿਨਾਂ ਵੱਡੇ ਦੀ ਮੌਤ ਹੋ ਗਈ।
ਯਾਹੀਂ ਤੈ ਉੱਤਮ ਸਿੰਘ ਪਾਸ ਹਿੱਸਾ ਆਯੋ ਸੋ ਭੀ,
ਰਾਮਪੁਰ ਨਾਮ ਗਾਮ ਮੈਂ ਸਲਾਮਤੈਂ ਅਹੇ[1]। — [1]ਕਾਇਮ ਹੈ।
ਆਮਦਨੀ ਪੈਂਤੀਸ ਹਜ਼ਾਰ ਕੀ ਜਗੀਰ ਤਾਂ ਪੈ,
ਅੰਗ੍ਰੇਜ਼ੋਂ ਦਿਸ ਤੈ ਮਜੱਸਟ੍ਰੇਟ ਹੈਂ ਵਹੇ[1]। — [1]ਉਹ ਜੱਜ ਹਨ।
ਮਿਤ ਸਿੰਘ ਜੁ ਮਲੌਦ ਮੈਂ ਅਵਾਦ ਰਹਜੋ[1] ਭਲ, — [1]ਵਸਦਾ ਰਿਹਾ।
ਬੀਸਕ ਹਜ਼ਾਰ ਆਮਦਨੀ ਤਾਂਹਿ ਕੀ ਕਹੇਂ।
ਤਾਂ ਕਾ ਸੁਤ ਬਦਨ-ਮ੍ਰਿਗੇਸ ਤੌ ਮਲੌਂਦ ਮੈਂ ਹੈ,
ਦੂਸਰੋ ਸੁੰਦਰ ਸਿੰਘ ਪੱਖੋ ਗਾਮ ਮੈਂ ਰਹੇ ॥੨੪॥
ਏ ਤੋ ਬਡੀ ਸਾਖ ਕੀ[1] ਕਹਾਨੀ ਹਮ ਭਾਖ ਦਈ, — [1]ਵੰਸ਼ (ਕੁਲ) ਦੀ।
ਅਬਿ ਬਾਘ ਸਿੰਘ ਜੂ ਕੀ ਆਖ ਦੇਤ ਹੈਂ ਸਹੀ।
ਰਣਜੀਤ ਸਿੰਘ ਤੈ ਹਕੀਕਤ ਮ੍ਰਿਗੇਸ ਬੇਸ[1], — [1]ਚੰਗੇ।
ਭਏ ਸੁਤ ਦੋਇ ਤਾਂ ਕੇ ਬਾਂਟ ਰਜਾਸਤੈ ਲਹੀ[1]। — [1]ਰਿਆਸਤ ਵੰਡ ਲਈ।
ਸੰਤਤਿ ਬਿਹੀਨ ਰਣਜੀਤ ਸਿੰਘ ਖੀਨ ਭਯੋ[1], — [1]ਮਰ ਗਿਆ।
ਲੀਨ ਤਾਂ ਕੀ ਰਜਾਸਤ ਹਕੀਕਤ ਹਰੈਂ ਵਹੀ[1]। — [1]ਉਹੋ ਰਿਆਸਤ।
ਬਲਵੰਤ ਸਿੰਘ ਸੁਤ ਤਾਂਹਿ ਕੇਰ ਆਹਿ ਅਬਿ,
ਬੇਰ ਗਾਮ ਮੈਂ ਰਹਾਹਿ ਚੀਮੇਂ ਤਾਂਹਿ ਪੈ ਅਹੀ[1] ॥੨੫॥ — [1]ਚੀਮੇ ਨਾਮ ਦਾ ਪਿੰਡ ਵੀ ਉਸ ਪਾਸ ਹੀ ਹੈ।
ਬੀਸਕ ਹਜ਼ਾਰ ਕੀ ਜਗੀਰ ਹੈ ਉਦਾਰ ਤਾਂ ਪੈ
ਰਾਖੈ ਕਰਤਾਰ ਹਮ ਹੂੰ ਅਸੀਸ ਦਾਏ ਹੈਂ[1]। — [1]ਅਸੀਂ ਅਸੀਸ ਦਿੰਦੇ ਹਾਂ।
ਫੌਂਜਦਾਰੀ ਤੈ ਦਿਵਾਨੀ ਅੰਗ੍ਰੇਜ਼ੀ ਇਨੈ ਮਾਨੀ,
ਦੇਤ ਹੈ ਦੁਆਨੀ ਈਨ ਔਰ ਹੂੰ ਕਮਾਏ ਹੈਂ[1]। — [1]ਫੌਜਦਾਰੀ ਤੇ ਦਿਵਾਨੀ ਮੁਕੱਦਮਿਆਂ ਦੇ ਫੈਸਲੇ ਅੰਗਰੇਜ਼ਾਂ ਦੇ ਇਨ੍ਹਾਂ ਨੇ ਮੰਨ ਲਏ ਹਨ ਭਾਵ ਇਹ ਅਧਿਕਾਰ ਅੰਗਰੇਜ਼ਾਂ ਕੋਲ ਹਨ, (ਰੁਪਏ ਵਿੱਚੋਂ) ਦੁਆਨੀ ਈਨ ਮੰਨਣ ਦੀ ਦਿੰਦੇ ਹਨ, ਹੋਰ ਬਾਕੀ ਆਪ ਕਮਾ ਲੈਂਦੇ ਹਨ, ਭਾਵ ਬਾਕੀ ਆਮਦਨ ਉਨ੍ਹਾਂ ਕੋਲ ਹੀ ਰਹਿੰਦੀ ਹੈ।
ਆਲੇ ਸਿੰਘ ਜੂ ਕੇ ਭਾਈ ਬਖਤੇ ਕੀ ਗਾਥ ਗਾਈ[1], — [1]ਕਥਾ ਕਹੀ ਹੈ।
ਰਘੂ ਔਰ ਸੱਭਾ ਕਿਛੁ ਨਾਂਹਿ ਬਿਦਤਾਏ ਹੈਂ।
ਬੇਰ ਰਾਮਪੁਰ ਤੈ ਮਲੌਦ ਕਾ ਹਵਾਲ ਕਹਜੋ,
ਅਬਿ ਬਰੜੁੱਖੇ ਵਾਰਿਓਂ ਕੀ ਕਿਛੁ ਗਾਏ ਹੈਂ ॥੨੬॥

ਚੌਧਰੀ ਤਿਲੋਕਾ ਸੁਤ ਫੂਲ ਕਾ ਥਯੋ ਬਿਸੋਕਾ[1],
ਪੋਤਾ ਤਾਂ ਕਾ ਗਜਪਤ ਸਿੰਘ ਭੂਪ ਜੋ ਭਯੋ।
ਮੁਹਿਰ ਸਿੰਘ ਭਾਗ ਸਿੰਘ ਭੂਪ ਸਿੰਘ ਪੂਤ ਤਾਂ ਕੇ,
ਥਏ ਬੀਰ ਬਾਂਕੇ ਰਾਜ ਸਿੰਘ ਕੋ ਦਯੋ।
ਮੁਹਿਰ ਸਿੰਘ ਪੈ ਇਲਾਕਾ ਖੰਨੇ ਕੇਰ ਰਹਯੋ ਬਾਂਕਾ,
ਤਾਂ ਕਾ ਸੁਤ ਹਰੀ ਸਿੰਘ ਬੇ-ਉਲਾਦ ਹੀ ਗਯੋ।
ਭੂਪ ਸਿੰਘ ਪਾਸ ਬਰੜ੍ਹਖੇ ਔ ਬਜੀਦਪੁਰ,
ਰਹੇ ਦੋ ਇਲਾਕੇ ਬਾਂਕੇ ਸਰਦਾਰ ਸੋ ਥਯੋ ॥੨੭॥
ਕਰਮ ਸਿੰਘ ਤੈ ਬਸਾਵਾ ਸਿੰਘ ਤਾਂ ਕੇ ਪੂਤ ਭਏ,
ਕਰਮ ਸਿੰਘ ਕੋ ਬਜੀਦ ਪੁਰ ਦੀਓ ਚਾਇ ਕੈ[1]।
ਬਰੜ੍ਹੱਖੇ ਤੇ ਭਵੱਦੀ ਏਹ ਵਸਾਵਾ ਸਿੰਘ ਪਾਸ
ਰਹੇ, ਸਰਦਾਰੀ ਸੋ ਕਮਾਤ ਭਲ ਭਾਇ ਕੈ[1]।
ਸੰਗਤ-ਮ੍ਰਿਗੇਸ ਜੌ ਨਰੇਸ ਜੀਂਦ ਕੇਰ ਬੇਸ[1],
ਬੇ-ਉਲਾਦ ਮੁਯੋ ਪਾਛੇ ਝਗੜਾ ਥਵਾਇ ਕੈ[1]।
ਪੂਤ ਕਰਮ ਸਿੰਘ ਕੇ ਸਰੂਪ ਸਿੰਘ ਜੀ ਕੋ ਰਾਜ,
ਪਟਲੇਸ ਨੈ ਦਿਵਾਯੋ ਅਨਿਕ ਉਪਾਇ ਕੈ ॥੨੮॥
ਸੋ ਤੋ ਭਯੋ ਰਾਜਾ ਜੀਂਦ ਕੇਰ ਹੂੰ ਦਰਾਜਾ[1] ਭਲ,
ਬਰੜ੍ਹੱਖੇ ਆਦਿ ਜੋ ਬਸਾਵਾ ਸਿੰਘ ਪੈ ਰਹਯੋ।
ਤਾਂ ਕੇ ਸੁਤ ਸੁੱਖਾ ਸਿੰਘ ਭਗਵਾਨ ਸਿੰਘ ਭਏ,
ਸਮ ਭਾਗ ਬਾਪ ਕਾ ਇਲਾਕਾ ਬਾਂਟ ਹੈ ਲਹਯੋ[1]।
ਸੁੱਖਾ ਸਿੰਘ ਜੂ ਕੇ ਹਰਨਾਮ ਸਿੰਘ ਹੀਰਾ ਸਿੰਘ
ਭਏ ਸੁਤ, ਬਡੋ ਬੇ-ਉਲਾਦ ਮ੍ਰਿਤੁ ਨੈ ਗਹਯੋ[1]।
ਰਹਯੋ ਹਿੱਸਾ ਤਾਂਹਿ ਕੇਰ ਹੀਰਾ ਸਿੰਘ ਪਾਸ ਫੇਰ,
ਕਰ ਦੀਓ ਸੋ ਸੁਮੇਰ ਲੇਖ ਤਾਂ ਕੇ ਜੌ ਚਹਯੋ[1] ॥੨੯॥
ਭੂਪ ਭਗਵਾਨ ਸਿੰਘ ਨਾਭੇ ਵਾਰੋ ਬੇ-ਉਲਾਦ,
ਉੱਨੀ ਸੌ ਅਠਾਈ ਮਾਂਹਿ ਪਰਲੋਕ ਜੌ ਗਯੋ।
ਤਾਂਹਿ ਕੀਰਜਾਸਤ ਕੇ ਲੈਨ ਹੇਤ, ਦੇਤ ਭਏ
ਅਰਜੀ ਨਜੀਕੀ ਸਭਿ ਝਗੜਾ ਥਵੈ ਪਯੋ[1]।

[1]ਬਿਨਾਂ ਸ਼ੋਕ ਤੋਂ।
[1]ਖੁਸ਼ੀ ਨਾਲ।
[1]ਚੰਗੀ ਤਰ੍ਹਾਂ ਪ੍ਰੇਮ ਨਾਲ।
[1]ਚੰਗੇ।
[1]ਹੋ ਕੇ।
[1]ਵੱਡਾ।
[1]ਲੈ ਲਿਆ।
[1]ਮੌਤ ਨੇ ਪਕੜ ਲਿਆ ਭਾਵ ਮਰ ਗਿਆ।
[1]ਜਦੋਂ ਉਸ ਦੇ (ਲੇਖ) ਕਰਮਾਂ ਨੇ ਚਾਹਿਆ ਤਾਂ ਸੁਮੇਰ ਪਰਬਤ ਵਾਂਗ ਸ਼੍ਰੋਮਣੀ ਕਰ ਦਿੱਤਾ।
[1]ਹੋ ਪਿਆ।

ਉਦੇ ਸਿੰਘ ਜੋਊ ਪਟਜਾਲੇ ਕਾ ਦਿਵਾਨ ਥੋਊ[1], — [1]ਵਜ਼ੀਰ ਸੀ।
ਤਾਂਹਿ ਕਾ ਜਮਾਈ ਸੋਊ ਹੀਰਾ ਸਿੰਘ ਥਾ ਭਯੋ।
ਪੂਤ ਉਦੇ ਸਿੰਘ ਕੇ ਸਪੂਤ ਗੁਰਮੁਖ ਸਿੰਘ,
ਭੂਪਤਿ ਮਹੇਂਦ੍ਰ ਸਿੰਘ ਤਾਂਈਂ ਹਾਥ ਪੈ ਲਯੋ ॥੮੦॥

ਓਨ ਪਟਲੇਸ਼੍ਵਰ ਤੈ ਹੀਰੇ ਮ੍ਰਿਗੇਸ਼੍ਵਰ ਕੋ,
ਨਾਭੇ ਕਾ ਦਿਵਾਯੋ ਰਾਜ ਲਾਟ ਅੰਗ੍ਰੇਜ਼ੀ ਸੈਂ[1]। — [1]ਅੰਗਰੇਜ਼ਾਂ ਦੇ ਵਾਇਸਰਾਇ ਪਾਸੋਂ।
ਹੀਰਾ ਸਿੰਘ ਰਾਜਾ ਅਬਿ ਨਾਭੇ ਕਾ ਦਰਾਜਾ ਆਹਿ,
ਰਾਜ ਕਾਜ ਕਰਿ ਹੈ ਧਰਮ ਬਡ ਤੇਜੀ ਸੈਂ।
ਹੁਤੀ ਜੋ ਜਗੀਰ ਬਰੜੁੱਖਜਾਂ ਮੈਂ ਤਾਂਹਿ ਕੇਰ,
ਤਾਂ ਹੀ ਕੇ ਚਚੇਰੇ ਭਾਈ ਪਾਈ ਸੋ ਅਮੇਜੀ ਸੈਂ[1]। — [1]ਮਿਲਾਪ ਨਾਲ।
ਭਗਵਾਨ ਸਿੰਘ ਜੀ ਕਾ ਪੁੱਤ੍ਰ ਦਿਵਾਨ ਸਿੰਘ
ਬਰੜਖਿਯਾ ਮੈਂ ਸਰਦਾਰ ਹੈ ਅਗੇਜੀ ਸੈਂ[1]: ॥੮੧॥ — [1]ਮੁਖੀਆ।

ਗਾਮ ਬਰੜੁੱਖੇ ਤੈ ਭਵੱਦੀ ਤਾਂਹਿ ਪਾਸ ਖਾਸ,
ਆਮਦਨੀ ਸਾਤਕ ਹਜਾਰ ਕੀ ਲਖਾਏ ਹੈਂ[1]। — [1]ਜਾਣੀ ਦੀ ਹੈ।
ਤਾਬੇਦਾਰ ਰੈਹੈ ਰਾਜਾ ਜੀਂਦ ਪਤਿ ਕੇ ਹੈ ਵੈਹੈ,
ਨੇਕ ਅਤਿਸੈ ਹੈ ਰਤਿ ਧਰਮ ਰਖਾਏ ਹੈ[1]। — [1]ਉਹ ਬਹੁਤਾ ਨੇਕ ਹੈ ਤੇ ਧਰਮ ਦੀ ਪ੍ਰੀਤੀਰੱਖਦਾ ਹੈ।
ਫੂਲ ਕੇ ਸ੍ਰਦਾਰ ਭੂਪ ਲਘੁ ਬਡ ਜੇ ਅਨੂਪ,
ਥੋਰੇ ਥੋਰੇ ਹਾਲ ਖੂਪ[1] ਸਭਿ ਕੇ ਸੁਨਾਏ ਹੈਂ। — [1]ਚੰਗੇ।
ਗਯਾਨ ਸਿੰਘ ਦੈ ਅਸੀਸ ਰਾਖੈ ਜਗਦੀਸ ਇਨੈਂ,
ਬੀਸ ਬਿਸਵੇ ਹੀ ਫੈਲੇ ਫਲੇ ਔ ਫਬਾਏ ਹੈਂ[1] ॥੮੨॥ — [1]ਇਨ੍ਹਾਂ ਨੂੰ ਵਾਹਿਗੁਰੂ ਚੰਗੀ ਤਰ੍ਹਾਂ ਫੈਲੇ ਫੁੱਲੇ ਤੇ ਫਬਾਈਰੱਖੇ।

ਸੋਰਠਾ:
ਯਦੀ ਸਿੰਧੁ ਸੀ[1] ਯਾਹਿ, — [1]ਸਮੁੰਦਰ ਵਰਗੀ ਵੱਡੀ।
ਫੂਲ ਬੰਸ ਕੀ ਗਾਥ ਥੀ।
ਕੁਜੜੀ[1] ਪਾਇ ਦਿਖਾਇ, — [1]ਕੁੱਜੀ ਵਿੱਚ।
ਅਬਿ ਅਧਜਾਇ ਇਹੁ ਇਤਿ ਭਯੋ[1] ॥੮੩॥ — [1]ਪੂਰਾ ਹੋ ਗਿਆ ਹੈ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਯਾਨ ਸਿੰਘ ਵਿਰਚਿਤੇ 'ਸਰਦਾਰ ਖਮਾਣੋ ਵਾਲੇ, ਕਲਸੀਆਂ, ਭਦੌੜੀਆਂ ਆਦਿਕ ਕੀ ਕਥਾ', ਬਰਨਨੰ ਨਾਮ ਛਿਪੰਜਮੋਂ ਬਿਸਰਾਮ ॥੫੬॥

੫੭. {ਸੰਧਾ-ਵਾਲੀਏ, ਅਟਾਰੀ ਵਾਲੇ, ਮਜੀਠੇ ਵਾਲੇ ਅਤੇ ਮਾਨਾਂ ਵਾਲੇ ਸਰਦਾਰਾਂ ਦੀ ਕਥਾ}

ਦੋਹਰਾ:

ਸੰਧਾਂ-ਵਾਲੀਏ ਜਸੋਂ ਭਏ,
ਮਸ਼ਹੂਰੈਂ ਸਰਦਾਰ।
ਗਾਥ ਭਨਕ ਹੌਂ ਤਨਕ ਤਿਨ[1], — [1]ਤਿਨ੍ਹਾਂ ਦੀ ਥੋੜ੍ਹੀ ਜਿਹੀ ਕਥਾ (ਭਨਕ) ਕਹਿੰਦਾ ਹਾਂ।
ਸੁਨੋ ਸਰੋਤਾ ਸਾਰੁ[1] ॥੧॥ — [1]ਸ੍ਰੇਸ਼ਟ।

ਚੌਪਈ:

ਭੂਪ ਸਾਲ-ਬਾਹਨਿ ਜੋ ਭਯੋ।
ਬੰਸ ਤਾਂਹਿ ਜੋਊ ਬਹੁ ਥਯੋ[1]। — [1]ਹੋ ਗਈ ਭਾਵ ਬਹੁਤ ਵੱਧ ਗਈ।
ਸਹਿਸ੍ਰ ਨਾਮ ਨ੍ਰਿਪ ਇਕ ਥੀਓ।
ਤਾਂ ਕੇ ਸੁਤ ਨਹਿਂ ਜਬਿ ਕੋਊ ਜੀਓ ॥੨॥
ਇਕ ਸੁਤ ਦਯੋ ਸਾਂਹਸੀ[1] ਤਾਂਈਂ। — [1]ਇਕ ਨੀਚ ਜਾਤੀ।
ਪਾਲਨ ਹਿਤ ਸੋ ਜੀਓ ਸਦਾਈ।
ਲੋਗ ਸਾਂਹਸੀ ਤਾਂ ਕੋ ਕੈਹੈਂ।
ਭਈ ਜੁ ਸੰਤਤਿ ਅੱਗਰ ਤੈਹੈਂ[1] ॥੩॥ — [1]ਤਿਸ ਦੀ ਅੱਗੋਂ ਜੋ ਉਲਾਦ ਹੋਈ।
ਅੱਲ ਸਾਂਹਸੀ ਤਿਨ ਕੀ ਹੋਈ।
ਬਿਦਤਯੋ ਗੋਤ ਯਾਂਹਿ ਤੈ ਸੋਈ।
ਭਯੋ ਤਖਤ ਮੱਲ ਚੌਧਰੀ ਏਕੈਂ।
ਸ਼ਾਹਜਹਾਂ ਕੇ ਵਕਤੈਂ ਨੇਕੈ[1] ॥੪॥ — [1]ਨੇਕ, ਚੰਗਾ।
ਅਧਿਕ ਅਰੂਜ[1] ਤਾਂਹਿ ਨੈ ਪਾਯੋ। — [1]ਤਰੱਕੀ।
ਰਾਜਾ-ਸਾਂਹਸੀ ਗਾਮ ਬਸਾਯੋ।
ਭਾਗ-ਮੱਲ ਸੁਤ ਥੀਓ ਤਾਂ ਕਾ।
ਬੁੱਢਾ ਸਿੰਘ ਜਾਂ ਕਾ ਸੁਤ ਬਾਂਕਾ ॥੫॥
ਦੇਸੀ ਬੁੱਢਾ ਸਿੰਘ ਮਸ਼ਹੂਰੈਂ।
ਭਯੋ ਜਗਤ ਗੁਰੁ ਭਗਤ ਜ਼ਰੂਰੈਂ।
ਅਜੀਤ ਸਿੰਘ ਸਾਹਿਬ ਕੀ[1] ਦਾਈ। — [1]ਸਾਹਿਬਜ਼ਾਦੇ ਦੀ।
ਗੁਰੁ ਘਰ ਤਿਸ ਕੀ ਤੀਯਾ ਰਹਾਈ ॥੬॥
ਬੁੱਢਾ ਸਿੰਘ ਗੁਰੁ ਦਸਮ ਹਜੂਰੈਂ।
ਅੰਮ੍ਰਿਤ ਛਕਿ ਸਿੰਘ ਸਜਯੋ ਜਰੂਰੈਂ[1]। — [1]ਬਿਨਾਂ ਸੰਸੇ ਤੋਂ।
ਆਨੰਦਪੁਰ ਸਭਿ ਜੰਗਨ ਮਾਹੈਂ।

ਰਹਜੋ ਸਦੀਵ ਗੁਰੁ ਕੇ ਪਾਹੈਂ ॥੭॥
ਜਬਿ ਗੁਰੁ ਦੱਖਨ ਓਰ ਪਧਾਰੇ।
ਇਹੁ ਆਯੋ ਨਿਜ ਧਾਮ ਮਝਾਰੇ।
ਪੈ ਫਿਰ ਬੰਦੇ ਸੰਗ ਰਹਾਯੋ।
ਸੁਭਟ ਪੰਥ ਮੈਂ ਬਡ ਬਿਦਤਾਯੋ ॥੮॥
ਨੌਧ ਸਿੰਘ ਚੰਦਾ ਸਿੰਘ ਦੋਊ।
ਪੂਤ ਭਏ ਭਟ ਤਾਂ ਕੇ ਸੋਊ।
ਪੰਥ ਖਾਲਸੇ ਸੰਗ ਰਹਾਏ।
ਅੱਗ੍ਰ ਹੋਇ ਅਰਿ ਅਨਗਨ ਘਾਏ[1] ॥੯॥ [1]ਅਣਗਿਣਤ ਵੈਰੀ ਮਾਰੇ।
ਸ਼ੁੱਕ੍ਰਚੱਕ ਸਿੰਘ ਨੌਧ ਬਸਾਯੋ।
ਰਚਿ ਘਰ ਤਹਿਂ ਫਿਰ ਸਦਾ ਰਹਾਯੋ।
ਜੰਗ ਮਜੀਠੇ ਢਿਗ ਜਬਿ ਭਾਰਾ।
ਅਹਿਮਦ ਸ਼ਾਹ ਸੈਂ ਥਯੋ ਕਰਾਰਾ ॥੧੦॥
ਨੌਧ ਸਿੰਘ ਤਹਿਂ ਭਯੋ ਸ਼ਹੀਦੈਂ[1]। [1](ਸੰ: ੧੭੮੮ ਬਿ: 'ਚ) ਸ਼ਹੀਦ ਹੋਇਆ।
ਜਨਮ ਮਰਨ ਤੈ ਲਈ ਰਸੀਦੈਂ[1]। [1]ਛੁੱਟੀ, ਮੁਕਤੀ।
ਚੜ੍ਹਤ ਸਿੰਘ ਸੁਤ ਤਾਂ ਕਾ ਰਹਾ।
ਗੁਜਰਾਂਵਾਲਾ ਤਿਸ ਨੈ ਲਹਾ[1] ॥੧੧॥ [1]ਲਿਆ।
ਮਹਾਰਾਜ ਰਣਜੀਤ ਮ੍ਰਿਗੇਸੂ।
ਤਾਂ ਕਾ ਪੌਤ੍ਰ ਥਯੋ ਬਿਸੇਸੂ[1]। [1]ਵੱਡਾ (ਪ੍ਰਤਾਪੀ) ਹੋਇਆ।
ਚੰਦਾ ਸਿੰਘ ਕਾ ਸੁਤ ਦਿਦਾਰ ਸਿੰਘ।
ਭਯੋ ਸੁਭਟ ਯੁਤ ਪਿਤਾ ਬਲੀ ਧਿੰਗ[1] ॥੧੨॥ [1]ਜ਼ੋਰਾਵਰ।
ਚੜ੍ਹਤ ਸਿੰਘ ਕੇ ਸੰਗ ਰਹਾਏ।
ਸਭਿ ਜੰਗਨ ਮੈਂ ਅਗ੍ਰ ਲਰਾਏ।
ਨਗਰ ਰਸੂਲ, ਗੁੱਜਰਾਂਵਾਲਾ।
ਚੜ੍ਹਤ ਸਿੰਘ ਥਾ ਜਬੈ ਸੰਭਾਲਾ[1] ॥੧੩॥ [1](ਸੰ: ੧੮੦੭ ਬਿ: ਵਿੱਚ)।
ਗਾਮ ਪਿਨਸਿਖਾ, ਸੰਧਾਂਵਾਲਾ।
ਇਨ ਤਬਿ ਕਬਜ਼ੇ ਕਰੇ ਬਿਸਾਲਾ।
ਦਿਦਾਰ ਸਿੰਘ ਨਿਜ ਧਾਮ ਰਚੈ ਕੈ।
ਸੰਧਾਂਵਾਲੇ ਸਦਾ ਰਹੈ ਕੈ ॥੧੪॥
ਤਟ ਝਨਾਵ ਮਧ ਜੰਗ ਲਰੈ ਕੈ।

ਭਯੋ ਸ਼ਹੀਦ ਸੱਤ੍ਰ-ਗਨ ਘੈ ਕੈ[1] ॥੧੫॥

[1]ਬਹੁਤੇ ਵੈਰੀਆਂ ਨੂੰ ਮਾਰ ਕੇ (੧੯੩੩ ਬਿ: ਵਿੱਚ) ਸ਼ਹੀਦ ਹੋਇਆ।

ਦੋਹਰਾ:

ਅਮੀਰ ਸਿੰਘ ਗੁਰਬਖਸ਼ ਸਿੰਘ,
ਰਤਨ ਸਿੰਘ ਇਹੁ ਤੀਨ।
ਪਾਛੇ ਸੁਤ ਤਿਸ ਕੇ ਰਹੇ,
ਆਛੇ ਸੁਭਟ ਪ੍ਰਬੀਨ[1] ॥੧੬॥

[1]ਚੰਗੇ ਚਤੁਰ ਸੂਰਮੇਂ।

ਸ੍ਵੈਯਾ ਛੰਦ:

ਮਾਹਾਂ ਸਿੰਘ ਰਣਜੀਤ ਸਿੰਘ ਸੰਗ,
ਸਦ ਹੀ ਏਹੁ ਰਹਾਏ।
ਜਹਿਂ ਜਹਿਂ ਮਚਜੋ ਘਮੰਡ ਚੰਡ ਅਤਿ[1],
ਅੱਗ੍ਰ ਹੋਇ ਅਰਿ ਘਾਏ।
ਮਹਾਰਾਜ ਜਬਿ ਲਈ ਲਹੌਰੈਂ,
ਅਰ ਭਸੀਨ ਮੈਂ ਲਰਿਓ।
ਸਿਰੋਂ ਪਰੇ ਹ੍ਵੈ ਤਬਿ ਇਨ ਤੀਨੋਂ,
ਬੀਰੋਂ ਨੈ ਕੰਮ ਕਰਿਓ ॥੧੭॥

[1]ਬਹੁਤਾ ਤਿੱਖਾ (ਘਮੰਡ) ਜੰਗ ਹੋਇਆ।

ਬੁਧ ਸਿੰਘ ਅਤਰ ਸਿੰਘ ਜੈਮਲ ਸਿੰਘ,
ਲਹਿਣਾ ਸਿੰਘ ਬਸਾਵਾ[1]।
ਪਾਂਚੋ ਪੂਤ ਅਮੀਰ ਸਿੰਘ ਕੇ,
ਰਖਤੇ ਸੁਭਟਨ ਦਾਵਾ[1]।

[1](ਸਿੰਘ)।

[1]ਸੂਰਮਿਆਂ ਵਾਂਗ ਬਹਾਦਰੀ ਤੇ ਆਪਣਾ (ਦਾਵਾ) ਹੱਕ ਰਖਦੇ ਸਨ, ਭਾਵ ਬਹੁਤ ਬਹਾਦਰ ਸੂਰਮੇਂ ਸਨ।

ਸਿੰਘ ਖਜ਼ਾਨ ਨਿਧਾਨ ਸਿੰਘ ਇਹੁ,
ਰਤਨ ਸਿੰਘ ਕੇ ਥਾਏ।
ਮਹਾਰਾਜ ਕੇ ਸੰਗ ਸਦਾ ਇਹੁ,
ਜੰਗਨ ਮਾਂਹਿ ਰਹਾਏ ॥੧੮॥
ਜੈ ਸਿੰਘ ਮਰਜੋ ਜਬੈ ਜੰਮੂ-ਪਤਿ,
ਤਬਿ ਅਮੀਰ ਸਿੰਘ ਜਾਈ।
ਕੀਨੋ ਮੁਲਕ ਤਾਂਹਿ ਕਾ ਕਬਜੇ,
ਫਤੇ ਅਤੈ ਬਡ ਪਾਈ।
ਹਰਜਾਨਾ, ਨੌਨਾਰ, ਰਤੋ,
ਅਬਦਾਲ ਇਲਾਕੇ ਚਾਰੈਂ।

ਖੁਸ਼ੀ ਹੋਇ ਆਮੀਰ ਸਿੰਘ ਕੋ
ਬਖਸ਼ੇ ਤਬਿ ਸਰਕਾਰੈਂ[1] ॥੧੯॥ — [1]ਮ: ਰਣਜੀਤ ਸਿੰਘ ਨੇ।
ਬੁੱਧ ਸਿੰਘ ਕੋ ਹਾਕਮ ਕੀਨੋ,
ਬਾਹਾਵਲਪੁਰ ਕੇਰਾ।
ਫਤੇ ਕਰੇ ਉਨ ਕਿਲ੍ਹੇ ਝੰਗ ਕੇ,
ਕੀਨੋ ਕਾਮ ਬਡੇਰਾ।
ਕਲਾਰ, ਨਿਰਾਲੀ, ਸਾਰੋਂ, ਤਲਬਨ,
ਖੁੱਤ੍ਰ, ਕੱਥੁ-ਨੰਗਲ।
ਡੇਢ ਲਾਖ ਕੇ ਮਿਲੇ ਪਰਗਨੇ,
ਸਰਕਾਰੋਂ ਇਹੁ ਚੰਗਲ[1] ॥੨੦॥ — [1]ਚੰਗੇ।
ਦਸਕ ਹਜ਼ਾਰ ਫੌਜ ਕਾ ਮਾਲਕ,
ਕੀਨੋ ਬੁਧ ਸਿੰਘ ਤਾਂਈਂ।
ਅਟਕ ਪਾਰ ਹ੍ਵੈ ਝਟਕ ਇਨੈ ਹਤਿ[1], — [1]ਇਸ ਨੇ ਛੇਤੀ ਮਾਰ ਕੇ।
ਦੁਸ਼ਮਨ ਦਏ ਭਗਾਈ।
ਏਸ ਫਤੇ ਹਿਤ ਤੀਨ ਲਾਖ ਕੀ,
ਔਰ ਜਗੀਰ ਲਹਾਈ[1]। — [1]ਲੈ ਲਈ।
ਅੱਠਾਰਾਂ ਸੌ ਚੌਰਾਸੀ ਮੈਂ,
ਬੁੱਧ ਸਿੰਘ ਮ੍ਰਿਤੁ ਪਾਈ ॥੨੧॥
ਤਿਸ ਕੀ ਠੌਰ ਅਤਰ ਸਿੰਘ ਹੋਯੋ,
ਅਫਸਰ ਮੁਲਕੀ ਫੌਜੀ[1]। — [1]ਆਪਣੇ ਮੁਲਕ ਦੀ ਫ਼ੌਜ ਦਾ ਅਫ਼ਸਰ।
ਛੈ ਲਖ ਕੀ ਜਗੀਰ ਤਿਸ ਕੇਰੀ,
ਸ਼ਮਸ਼ੇਰ ਸਿੰਘ ਕੋ ਸੌਜੀ[1]। — [1]ਸਜ ਗਈ, ਫਬ ਗਈ ਭਾਵ ਦੇ ਦਿੱਤੀ।
ਲਹਿਣਾ ਸਿੰਘ ਅਰ ਅਤਰ ਸਿੰਘ ਨੈ,
ਮੁਲਕ ਫਤੇ ਬਹੁ ਕੀਏ।
ਇਹੁ ਭੀ ਹਰੀ ਸਿੰਘ ਨਲੂਏ ਸਮ,
ਜੰਗ ਬਹਾਦਰ ਥੀਏ ॥੨੨॥
ਖੜਗ ਸਿੰਘ ਮਹਾਰਾਜ ਜੀਅਤ ਲੌ,
ਇਨ ਅਰੂਜ[1] ਬਡ ਪਾਯੋ। — [1]ਤਰੱਕੀ।
ਕੌਰ ਮਰੇ ਪਰ ਫੇਰ ਨਾਦਰੀ[1], — [1]ਅਣੋਖਾ।
ਕੁਛ ਦਿਨ ਹੁਕਮ ਚਲਾਯੋ।

ਰਹਿਣੇ ਲਗੇ ਰਾਣੀਆਂ ਮੈਂ ਖੁਦ,
ਇਹੁ ਨਹਿੰ ਲੋਗੈਂ ਭਾਯੋ।
ਮਿਲਿ ਵਜ਼ੀਰ ਫੌਜੀ ਲੋਗੋਂ ਨੈਂ,
ਸ਼ੇਰ ਸਿੰਘ ਬੁਲਵਾਯੋ ॥੨੩॥
ਆਕੀ ਹੋਇ ਕਿਲ੍ਹੇ ਮੈਂ ਇਨ ਤਬਿ,
ਜੰਗ ਸੰਗ ਤਿਹ ਕੀਓ।
ਆਖਰ ਸ਼ੇਰ ਸਿੰਘ ਮਹਾਰਾਜੇ,
ਕਿਲ੍ਹਾ ਫਤੇ ਕਰਿ ਲੀਓ[1]। — [1](ਸੰ: ੧੮੯੭ 'ਚ) ਫ਼ਤਹ ਕੀਤਾ।
ਲਹਿਣਾ ਸਿੰਘ ਅਜੀਤ ਸਿੰਘ ਕੋ,
ਪਕਰਿ ਕੈਦ ਮੈਂ ਡਾਰਾ।
ਅਤਰ ਸਿੰਘ ਪਹਿਲੇ ਹੀ ਥਾ,
ਕਲਕੱਤੇ ਓਰ ਪਧਾਰਾ ॥੨੪॥
ਇਕ ਸ਼ਮਸ਼ੇਰ ਸਿੰਘ ਬਿਨ ਇਨ ਕਾ,
ਮੁਲਕ ਜ਼ਬਤ ਸਭਿ ਥੀਆ।
ਪੈ ਫਿਰ ਦੈ ਜਗੀਰ ਤਜਿ ਇਨ ਕੋ,
ਨਿਜ ਰਫੀਕ[1] ਕਰਿ ਲੀਆ। — [1]ਮਿੱਤ੍ਰ।
ਫਿਰ ਭੀ ਇਨੈਂ ਹਾਜ਼ਰੀ ਕੇ ਦਿਨ,
ਨ੍ਰਿਪ ਸੈਂ ਦਗਾ ਕਮਾਯੋ।
ਮਾਰ ਦੁਗਾੜਾ ਮਹਾਰਾਜ ਕੋ,
ਅੱਚਾ-ਚੇਤ[1] ਗਿਰਾਯੋ ॥੨੫॥ — [1]ਅਚਾਨਕ।
ਝਟਪਟ ਸ਼ੇਰ ਸਿੰਘ ਕਾ ਸਿਰ ਫਿਰ,
ਸਿੰਘ ਅਜੀਤ ਉਤਾਰਾ।
ਹੁਤੀ ਫੌਜ ਇਨ ਹੀ ਕੀ ਤਹਿੰ ਬਹੁ,
ਮਿਲ ਇਹੁ ਕਿਯ ਬਡ ਕਾਰਾ[1]। — [1]ਉਪੱਦ੍ਰਵ।
ਸੰਮਤ ਉੱਨੀ ਸੌ ਪੂਰਾ ਥਾ,
ਅੱਸੂ ਕੀ ਸੰਕ੍ਰਾਂਤੀ[1]। — [1]ਸੰਗ੍ਰਾਂਦ।
ਮਹਾਰਾਜ ਕਾ ਸੁਤ ਪ੍ਰਤਾਪ ਸਿੰਘ,
ਉਸ ਹੀ ਦਿਨ ਬਖਜਾਤੀ ॥੨੬॥
ਲਹਿਣਾ ਸਿੰਘ ਨੈ ਕਤਲ ਕਰਜੋ ਥਾ,
ਤੁਲਾ ਦਾਨ ਕਰਵਾਤੋ[1]। — [1]ਆਪਣੇ ਸ਼ਰੀਰ ਦੇ ਬਰਾਬਰ ਕੋਈ ਵਸਤੂ ਤੋਲ ਕੇ ਦਾਨ

ਕਰਦਾ।

ਧਜਾਨ ਸਿੰਘ ਵਜੀਰ ਮਿਲਜੋ ਮਗ,
ਸੋ ਭੀ ਇਨ ਹੀ ਹਾਤੋ[1]। — [1]ਮਾਰ ਦਿੱਤਾ।
ਮਹਾਰਾਜ ਦਾਲੀਪ ਸਿੰਘ ਕੋ,
ਤਖਤ ਊਪਰ ਬੈਠਾਯੋ।
ਸੀਸ ਸ਼ੇਰ ਸਿੰਘ ਕੇ ਕਾ ਲੋਹੂ,
ਟੀਕਾ ਮਾਥੇ ਲਾਯੋ[1] ॥੨੭॥ — [1]ਸ਼ੇਰ ਸਿੰਘ ਦੇ ਸਿਰ ਦਾ ਲਹੂ (ਲੈ ਕੇ) ਮੱਥੇ ਤੇ ਤਿਲਕ ਲਾਇਆ।

ਆਪ ਵਜ਼ੀਰ ਬਨੇ ਰਜਾਸਤ ਕੇ,
ਅਤੀ ਗਰਬ ਉਰਿ ਧਾਰਾ[1]। — [1]ਹਿਰਦੇ 'ਚ ਬਹੁਤ ਹੰਕਾਰ ਧਾਰਿਆ।
ਪੈ ਪ੍ਰਭ ਗਰਬ ਪ੍ਰਹਾਰੀ ਦੀਨੋ[1], — [1]ਹੰਕਾਰ ਨਾਸ਼ ਕਰਨ ਵਾਲੇ ਪ੍ਰਮੇਸ਼ਰ ਨੇ।
ਪਾਪ ਕੇਰ ਫਲ ਭਾਰਾ।
ਲਹਿਣਾ ਸਿੰਘ ਅਜੀਤ ਅਤਰ ਸਿੰਘ,
ਮੂਲ ਕਲ੍ਹੈ ਕੇ ਤੀਨੋ[1]। — [1]ਇਹ ਤਿੰਨੇ (ਕਲ੍ਹੈ) ਲੜਾਈ ਦੇ ਮੁੱਢ ਸਨ।
ਥੇ ਅਤਿ ਭਾਰੀ ਬੀਰ ਬਲੀ ਭੀ
ਔਰੈਂ ਥੇ ਭਲ ਚੀਨੋ[1] ॥੨੮॥ — [1](ਭਾਵੇਂ) ਬਹੁਤੇ ਭਾਰੀ ਬਲੀ ਸੂਰਮੇਂ ਵੀ ਸਨ ਜਾਣੋ ਹੋਰਨਾਂ ਤੋਂ ਚੰਗੇ ਵੀ ਸਨ।

ਧਜਾਨ ਸਿੰਘ ਕੇ ਸੁਤ ਹੀਰਾ ਸਿੰਘ,
ਫੌਜੀ ਸਭਿ ਸਰਦਾਰੈਂ।
ਮੇਲਿ ਰੁਪੱਯਾ ਨਾਲੀ ਬਾਂਧਾ,
ਦੈਨਾ ਕਰਿ ਇਕਰਾਰੈਂ[1]। — [1]ਆਪਣੇ ਨਾਲ ਮੇਲ ਕੇ ਹਰ ਇਕ (ਨਾਲੀ) ਬੰਦੂਕ ਭਾਵ ਹਰ ਸਿਪਾਹੀ ਨੂੰ ਇਕਰੁਪਇਆ ਬੰਨ੍ਹ ਦਿੱਤਾ ਤੇ ਦੇਣ ਦਾ ਇਕਰਾਰ ਕਰ ਲਿਆ।

ਕੰਠੇ ਕੜੇ ਇਨਾਮ ਸੁਨੈ ਕੈ,
ਸਭਿ ਨਿਜ ਮਗਰ ਲਗਾਏ।
ਸੰਧਾਂ ਵਾਲੀਆਂ ਪਰ ਪਹਿਲੇ ਹੀ,
ਦੁਖੀ ਹੁਤੇ ਸਮੁਦਾਏ[1] ॥੨੯॥ — [1]ਸਾਰੇ।
ਚਢ ਕੈ ਘੇਰ ਕਿਲੇ ਕੋ ਲੀਨੋ,
ਕੀਨੋ ਜੰਗ ਤਹਾਂਨੇ[1]। — [1]ਉਨ੍ਹਾਂ ਫੌਜੀਆਂ ਨੇ।
ਸੰਧਾਂਵਾਲੀਏ ਲਰੇ ਅੰਦਰੋਂ,
ਬਾਹਰ ਪੰਥ ਮਹਾਨੇ।

ਢਾਹੀ ਬਾਹੀ ਏਕ ਕਿਲ੍ਹੇ ਕੀ,
ਤੋਪੈਂ ਮਾਰਿ ਜਬੈ ਹੀ।
ਲਹਿਣਾ ਸਿੰਘ ਮਰਯੋ ਲਗਿ ਗੋਲੀ,
ਟੂਟਯੋ ਕਿਲ੍ਹਾ ਤਬੈ ਹੀ ॥੩੦॥
ਪਕਰਯੋ ਗਯੋ ਅਜੀਤ ਸਿੰਘ ਭੀ,
ਪੈ ਤਬਿ ਹੀ ਦਿਯ ਘਾਈ[1]। [1]ਮਾਰ ਦਿੱਤਾ।
ਬੰਦੋਬਸਤ ਰਜਾਸਤ ਕਾ ਕੀਨੋ
ਹੀਰਾ ਸਿੰਘ ਜੈ ਪਾਈ।
ਲਹਿਣਾ ਸਿੰਘ ਅਜੀਤ ਸਿੰਘ ਕੇ,
ਕਰਿ ਟੁਕੜੇ ਲਟਕਾਏ।
ਠੌਰ ਠੌਰ ਲਾਹੌਰੈਂ ਕੇ,
ਦਰਵਾਜਯੋਂ ਪਰ ਦਿਖਰਾਏ ॥੩੧॥
ਸੰਧਾਵਾਲਾ ਗਾਮ ਢਹਾ ਕੇ,
ਊਪਰ ਹਲ ਫਿਰਵਾਏ।
ਨਹਿਂ ਸ਼ਮਸ਼ੇਰ ਸਿੰਘ ਥਾ ਆਯੋ,
ਏਸ ਕਲੇਸ਼ ਮਧਾਂਏ[1]। [1]ਇਸ ਝਗੜੇ ਵਿੱਚ।
ਯਾਂ ਤੈ ਤਿਸ ਬਿਨ ਔਰ ਸਭੀ ਕੀ,
ਕੀਨੀ ਜਪਤ ਜਗੀਰੈਂ।
ਹੀਰਾ ਸਿੰਘ ਦਲੀਪ ਸਿੰਘ ਕਾ,
ਬਨਯੋ ਬਡ ਬਾਜੀਰੈਂ ॥੩੨॥
ਅਤਰ ਸਿੰਘ ਤਬਿ ਊਨੇ ਮੈਂ ਥਾ,
ਬੇਦੀ ਸਾਹਿਬ ਪਾਸੈਂ।
ਕਹਯੋ ਬਿਕ੍ਰਮਾ ਸਿੰਘ ਬੇਦੀ ਤਿਹ,
ਹਮ ਨਹਿਂ ਰਾਖ ਸਕਾਸੈਂ[1]। [1]ਅਸੀਂ ਨਹੀਂਰਖ ਸਕਦੇ।
ਯਾਂ ਤੇ ਅਤਰ ਸਿੰਘ ਭਜਿ ਤਹਿਂ ਤੈ,
ਗਯੋ ਨੁਰੰਗਾਵਾਦੈਂ।
ਭਾਈ ਬੀਰ ਸਿੰਘ ਸਾਧੂ ਕੀ,
ਸਰਣ ਗਹੀ ਉਨ ਜ਼ਜਾਦੈਂ[1] ॥੩੩॥ [1]ਬਹੁਤ (ਅਧੀਨ ਹੋ ਕੇ)।
ਮਾਂਗਦ ਰਹਯੋ ਹੀਰਾ ਸਿੰਘ ਤਿਸ ਕੋ,
ਨਹਿਂ ਭਾਈ ਜਬਿ ਦੀਨੋ।

ਫੌਜ ਚਢਾਈ ਹੀਰਾ ਸਿੰਘ ਤਬਿ,	
ਠਾਠ ਲਰਾਈ ਪੀਨੋ[1]।	[1]ਤਕੜੀ।
ਅਤਰ ਸਿੰਘ ਸਮ ਸ਼ਾਹੀ ਮੁਜਰਮ[1],	[1]ਬਾਦਸ਼ਾਹੀ ਕਸੂਰ ਵਾਰ।
ਔਰ ਅਧਿਕ ਥੇ ਤੈਹੈਂ[1]।	[1]ਓਥੇ।
ਚਾਰ ਹਜਾਰਕ ਕੀ ਥੀ ਭੀੜਾ	
ਭਾਈ ਸਾਹਿਬ ਪੈਹੈ[1] ॥੩੪॥	[1]ਭਾਈ ਬੀਰ ਸਿੰਘ ਪਾਸ।
ਤੋਪੈਂ ਤੁਪਕੈਂ[1] ਤਜ ਕੈ ਫੌਜੈਂ,	[1]ਬੰਦੂਕਾਂ।
ਮਾਰੇ ਕਿਛੁ ਭਗਾਏ[1]।	[1]ਭਜਾ ਦਿੱਤੇ।
ਭਾਈ ਸਾਹਿਬ ਪ੍ਰਾਨ ਦਏ ਤਹਿਂ,	
ਅਤਰ ਸਿੰਘ ਸੰਗਾਏ[1]।	[1]ਨਾਲ ਹੀ।
ਕਸ਼ਮੀਰਾ ਸਿੰਘ, ਮਹਾਰਾਜ ਕਾ[1],	[1]ਰਣਜੀਤ ਸਿੰਘ ਦਾ।
ਸੁਤ ਭੀ ਥਾ ਤਿਸ ਠੌਰੈਂ[1]।	[1]ਤਿਸ ਜਗ੍ਹਾ।
ਵਹਿ ਭੀ ਭਯੋ ਸ਼ਹੀਦ ਤਾਹਾਂਈਂ,	
ਔਰੈਂ ਜੂਝੇ ਗੌਰੈਂ[1] ॥੩੫॥	[1]ਬਹੁਤ ਸ਼ਹੀਦ ਹੋਏ।
ਮੁੱਠਜਾਂਵਾਲੇ ਪਿੰਡ ਸਤਲੁਜ ਤਟ[1],	[1]ਕਿਨਾਰੇ।
ਸਾਕਾ ਥੀਓ ਏਹੈ।	
ਬਾਕੀ ਸੰਧਾਵਾਲੀਏ	
ਰਾਜੇ-ਸਾਂਹਸੀ ਗਾਮ ਰਹੇ ਹੈਂ।	
ਜਵਾਹਰ ਸਿੰਘ ਵਜੀਰ ਭਯੋ ਜਬਿ,	
ਹੀਰਾ ਸਿੰਘ ਮਰੇ ਤੈ।	
ਸੰਧਾਂ ਵਾਲੀਏ ਫੇਰ ਬੁਲਾ ਕੇ,	
ਰਾਖੇ ਤਾਂਹਿ ਖਰੇ ਤੈ[1] ॥੩੬॥	[1]ਉਹ ਚੰਗੇ (ਜਾਣ ਕੇ)।
ਦੋਇ ਲਾਖ ਕੀ ਦਈ ਜਗੀਰੈਂ,	
ਹੁਤੀ ਕਦੀਮੀ[1] ਜੋਈ।	[1]ਪੁਰਾਣੀ।
ਸਿੰਘ ਸ਼ਮਸ਼ੇਰ ਫੌਜ ਕਾ ਅਫਸਰ,	
ਕੀਨੋ ਬਡੋ ਤਦੋਈ[1]।	[1]ਤਦੋਂ।
ਉੱਨੀ ਸੌ ਤ੍ਰੈ ਮੈਂ ਸਤਲੁਜ ਤਟ,	
ਹੋਈ ਜਬੈ ਲਰਾਈ।	
ਜੀਤ ਅੰਗ੍ਰੇਜ਼ੈਂ ਰਜੀਡੰਟ ਨਿਜ[1],	[1]ਆਪਣਾ ਵੱਡਾ ਅਫ਼ਸਰ।
ਦਯੋ ਲਹੌਰ ਬਿਠਾਈ ॥੩੭॥	

ਸ਼ਮਸ਼ੇਰ ਸਿੰਘ ਹਾਕਮ ਤਬਿ ਥੀਓ,
ਜ਼ਿਲੇ ਸੁਧਾਸਰ ਕੇਰੋ।
ਹੰਗਾਮੇ[1] ਮੁਲਤਾਨ ਮਾਂਹਿ ਇਨ, — [1]ਜੰਗ।
ਮੱਦਦ ਦਈ ਬਧੇਰੋ।
ਤੀਸ ਸਹਸ ਕੀ ਅੰਗ੍ਰੇਜ਼ੋਂ ਨੈ,
ਔਰੈਂ[1] ਜਿਸ ਹਿਤ ਦੀਨੀ। — [1]ਹੋਰ (ਜਾਗੀਰ)।
ਮਰੇ ਬਾਦ ਸ਼ਮਸ਼ੇਰ ਸਿੰਘ ਕੇ,
ਜਪਤ ਭਈ ਫਿਰ ਪੀਨੀ[1] ॥੩੮॥ — [1]ਬਹੁਤੀ।
ਖਾਸ[1] ਪੁੱਤ੍ਰ ਤਿਸ ਕਾ ਨਹਿੰ ਥਾ ਕੋ, — [1]ਆਪਣਾ।
ਯਾਂ ਤੈ ਕਿਯ ਮੁਤਬੰਨਾ[1]। — [1]ਕਿਸੇ ਦੇ ਪੁੱਤਰ ਨੂੰ ਝੋਲੀ ਪਾ ਕੇ ਜਾਇਦਾਦ ਦਾ ਮਾਲਕ ਬਣਾ ਲਿਆ।

ਬਖਸ਼ੀਸ਼ ਸਿੰਘ ਸੁਤ ਠਾਕੁਰ ਸਿੰਘ ਕਾ,
ਨਿਜ ਪੁੱਤ੍ਰ ਤਿਹ ਮੰਨਾ।
ਮਾਲ ਮੁਲਕ ਸ਼ਮਸ਼ੇਰ ਸਿੰਘ ਕਾ,
ਪਾਯੋ ਤਿਸ ਨੈ ਯਾਂ ਤੈ।
ਹੈ ਹਜ਼ਾਰ ਪੰਝੀ ਕੀ ਤਿਸ ਪੈ,
ਅਬਿ ਜਗੀਰ ਬਖਜਾਤੈ ॥੩੯॥
ਅਤਰ ਸਿੰਘ ਕੇ ਮਰਣੇ ਪੀਛੇ,
ਕੇਹਰ ਸਿੰਘ ਸੁਤ ਤਾਂ ਕੇ।
ਲੀਨੀ ਸਾਂਭ ਜਗੀਰ ਪਿਤਾ ਕੀ,
ਹੁਤੋ ਖਰਾਬ ਸੁਭਾ ਕੇ।
ਉੱਨੀ ਸੌ ਇੱਕੀ ਮੈਂ ਮਰਿਓ,
ਪੁੱਤ੍ਰ ਰਹਯੋ ਨ ਕੋਈ।
ਜ਼ਬਤ ਜਗੀਰ ਹਜ਼ਾਰ ਛੱਬੀ ਕੀ,
ਸਰਕਾਰੇ ਤਿਹ ਹੋਈ ॥੪੦॥
ਠਾਕੁਰ ਸਿੰਘ ਪਰਤਾਪ ਸਿੰਘ ਥੇ,
ਲਹਿਣਾ ਸਿੰਘ ਕੇ ਬੇਟੇ।
ਪਦਰੀ[1] ਰਜਾਸਤ ਪਰ ਰਹਿ ਕਾਯਮ, — [1]ਪਿਤਾ ਦੀ।
ਯੌਂ ਫਿਰ ਮ੍ਰਿੱਤੁ ਸਮੇਟੇ।
ਉੱਨੀ ਸੈ ਬਾਰਾਂ ਮੈਂ ਗੁਜਰਯੋ,

ਹਰਿ-ਪ੍ਰਤਾਪ ਬਿਨ ਸੰਤਤਿ[1]। [1]ਉਲਾਦ।
ਜ਼ਬਤ ਜਗੀਰ ਗਜਾਰਾਂ ਸਹਿਸ ਕੀ,
ਹੋਈ ਤਾਂਹਿ ਨਿਰੰਤਤਿ[1] ॥੪੧॥ [1]ਸਾਰੀ।
ਠਾਕੁਰ ਸਿੰਘ ਢਿਗ ਛੈ ਹਜ਼ਾਰ ਕੀ,
ਥੀ ਜਾਗੀਰ ਚੰਗੇਰੈ।
ਅਰ ਉਨ ਡਿਪਟੀ ਹ੍ਵੈ ਅੰਗ੍ਰੇਜ਼ੀ,
ਪਿਨਸ਼ਨ ਲਈ ਬਧੇਰੈਂ।
ਸੁਤ ਗੁਰਬਚਨ ਸਿੰਘ ਭੀ ਤਿਸ ਕਾ,
ਥਾ ਅਸਟੰਟ ਬਡੇਰੋ[1]। [1]ਵੱਡਾ ਨਾਇਬ ਸੀ।
ਹੁਤੀ ਪਾਂਚ ਸੌ ਮਾਂਹਵਾਰੀ,
ਤਨਖਾਹਿ ਤਾਂਹਿ ਕੀ ਹੇਰੋ ॥੪੨॥
ਪੈ ਦਲੀਪ ਸਿੰਘ ਢਿਗ ਜਬਿ,
ਠਾਕੁਰ ਸਿੰਘ ਬਲਾਯਤ ਗਯੋ।
ਸੁਨ ਕੈ ਸੀਖ ਯਾਹਿ ਕੀ ਸੋ ਭੀ,
ਹਿਤ ਆਵਨ ਉਮਕੈਯੋ[1]। [1]ਉਤਸ਼ਾਹ ਸਹਿਤ ਹੋਇਆ।
ਆਗਜਾ ਲੈ ਮੁਲਕਾਂ ਤੈ ਜਬਿ ਸੋ,
ਗਯੋ ਪੰਜਾਬਹਿਂ ਓਰੀ।
ਅਦਨ ਮੁਲਕ ਮੈਂ ਸੈ ਅੰਗ੍ਰੇਜ਼ੈਂ,
ਫਿਰ ਵਹਿ ਦੀਨੋ ਮੋਰੀ ॥੪੩॥
ਗੁੱਸੇ ਥਾਇ ਵਾਹਿ ਫਰਜਾਦੀ,
ਸ਼ਾਹਿ ਰੂਸ ਪੈ ਪਹੁੰਚਾ[1]। [1]ਉਹ ਦਲੀਪ ਸਿੰਘ ਗ਼ੁੱਸੇ ਹੋ ਕੇ ਫ਼ਰਿਆਦ ਕਰਨ ਵਾਸਤੇਰੂਸ ਦੇ ਬਾਦਸ਼ਾਹ ਪਾਸ ਪਹੁੰਚਿਆ।
ਸੁਤ ਤਿਯ ਤਿਸ ਕੇ ਰਹੇ ਲੰਦਨ ਮੈਂ,
ਇਤ ਕੀ ਸੁਨਹੁ ਅਗਹੁੰਚਾ[1]। [1]ਏਧਰ ਦੀ (ਅਗਹੁਚਾ) ਫੇਰ ਅੱਗੋਂ ਸੁਣੋ।
ਲਾਟ ਸਾਹਿਬ ਕੀ ਫਿਰੀ ਆਂਖ ਜਬਿ,
ਠਾਕੁਰ ਸਿੰਘ ਨੈ ਹੇਰੀ।
ਸ਼ਾਹ ਫਰਾਂਸ ਪਾਸ ਵਹਿ ਪਹੁੰਚਯੋ,
ਯੁਤ ਕੁਟੰਬ ਬਿਨ ਦੇਰੀ ॥੪੪॥
ਇੱਜ਼ਤ ਕਰੀ ਸ਼ਾਹ ਬਡ ਇਨ ਕੀ,
ਹੋਵਤ ਜੈਸ ਅਮੀਰੈਂ।

ਤਹਿਂ ਤੇ ਹੋਇ ਬਿਮਾਰ ਲੌਟ ਫਿਰ,
ਚੰਦੂ ਨਗਰ ਭਯੋ ਥੀਰੈਂ[1]। — [1]ਇਸਥਤ ਭਾਵ ਟਿਕ ਗਿਆ।
ਸੰਮਤ ਉੱਨੀ ਸੈ ਬੈਤਾਲੀ,
ਮੈਂ ਇਹੁ ਗਾਥਾ ਜੋਈ।
ਸੁਤ ਨਾਤੀ[1] ਤਿਸ ਕੇ ਹੈਂ ਤਹਿਂ, — [1]ਪੁੱਤ ਪੋਤਰੇ।
ਜਿਮ ਗੁਰੁ ਕਰੈ ਤਿਮ ਹੋਈ ॥੪੫॥
ਸਿੰਘ ਰਣਜੋਰ ਬਸਾਵੇ ਸਿੰਘ ਕੇ,
ਬੇਟੇ ਕੀ ਸੁਨ ਲੇਹੋ।
ਉੱਨੀ ਸੌ ਅਠਾਰਾਂ ਮੈਂ ਜਬਿ,
ਭਯੋ ਮ੍ਰਿਤੁ ਵਸ ਵੇਹੋ[1]। — [1]ਉਹ।
ਜਬਤ ਜਗੀਰ ਭਈ ਦੋ ਹਿੱਸੇ,
ਹਿੱਸਾ ਇਤਿਕ ਰਹਾਈ[1]। — [1]ਏਨ੍ਹਾਂ ਕੁ ਭਾਵ ੫੨੮੫ ਰੁਪਏ ਦਾ ਹਿੱਸਾਰਹਿ ਗਿਆ।
ਤਾਂ ਕੇ ਸੁਤ ਰਣਧੀਰ ਸਿੰਘ ਢਿਗ,
ਹੈ ਅਬਿ ਲਖੋ ਤਹਾਂਈ[1] ॥੪੬॥ — [1]ਹੁਣ ਓਥੇ ਉਸ ਕੋਲ ਹੈ ਜਾਣੋ।
ਦੁਤੀ ਪੁੱਤ੍ਰ ਬਸਾਵਾ ਸਿੰਘ ਕਾ,
ਥਾ ਅਜੀਤ ਸਿੰਘ ਜੋਊ।
ਸੁਤ ਤਿਸ ਕੇ ਘਰ ਭਯੋ ਨ ਕੋਊ,
ਮਰਜੋ ਜੰਗ ਮੈਂ ਸੋਊ।
ਗੁਰਮੁਖ ਸਿੰਘ ਕੀ ਸੰਤਤਿ ਕੇ ਢਿਗ,
ਹੈ ਅਬਿ ਸੰਧਾ ਵਾਲਾ।
ਜਗਤ ਸਿੰਘ ਹਰਿ-ਭਗਤ ਦਸੌਂਧਾ
ਸਿੰਘ ਲੌ ਤਹਾਂ ਬਿਸਾਲਾ ॥੪੭॥
ਰਣਧੀਰ ਸਿੰਘ ਬਖਸ਼ੀਸ਼ ਸਿੰਘ ਇਹੁ,
ਰਾਜੇ-ਸਾਂਹਸੀ ਰੈਹੈਂ।
ਸੰਧਾਂ ਵਾਲੀਆਂ ਕੀ ਗਜਾਨ ਸਿੰਘ,
ਗਾਥ ਦਈ ਇਹੁ ਕੈਹੈ ॥੪੮॥

ਕਥਾ ਸੂਦਾਰਾਂਨ ਅਟਾਰੀ

ਕਬਿੱਤ:

ਚਾਰੁ[1] ਸਰਦਾਰ ਜੇ ਅਟਾਰੀ ਵਾਲੇ ਹੈਂ ਉਦਾਰ[2], — [1]ਸੁੰਦਰ। [2]ਦਾਤੇ।
ਗਾਥ ਤਿਨ ਕੀ ਉਚਾਰ ਸਾਰ[1] ਦਿਖਾਰਹਿ ਹੈਂ। — [1]ਸ੍ਰੇਸ਼ਟ।

ਜੈਸਲ ਨਰੇਸ ਕੀ ਬਿਸੇਸ ਬੰਸ ਯਾਹਿ ਜੈਸ,
ਤੈਸ ਫੂਲਕਜਾਂ ਕੀ ਗਾਥ ਮਾਂਹਿ ਆਏ ਕਹਿ ਹੈਂ[1]।

[1]ਜਿਵੇਂ ਜੈਸਲਰਾਜੇ ਦੀ ਇਹ ਵੱਡੀ ਵੰਸ ਹੈ ਤਿਵੇਂ ਫੂਲਕਿਆਂ ਦੀ ਕਥਾ ਵਿੱਚ ਕਹਿ ਆਏ ਹਾਂ। (ਜੈਸਲ- ਯਦੁ ਵੰਸ਼ੀ ਰਾਜਪੂਤ ਦੁਸਾਜ ਦਾ ਪੁੱਤਰ ਰਾਵਲ ਜੈਸਲ (ਜਯਸ਼ਾਲ) ਜਿਸ ਨੇ ਸੰਨ ੧੧੫੬ ਵਿੱਚ ਆਪਣੇ ਨਾਮ ਰਾਜਿਸਥਾਨ ਵਿੱਚ ਜੈਸਲ ਮੇਰ ਸ਼ਹਿਰ ਵਸਾਇਆ। ਫੂਲ ਵੰਸ਼ ਤੇ ਅਟਾਰੀ ਵਾਲੇ ਸਰਦਾਰਾਂ ਦਾ ਨਿਕਾਸ ਵੀ ਜੈਸਲ ਤੋਂ ਹੀ ਹੈ।)

ਸਿੱਧੂ ਜ਼ਿਮੀਂਦਾਰ ਭਏ ਜੱਗਾ ਧੀਰ ਜੇ ਉਦਾਰ,
ਸੰਤਤੀ ਬਿਰਾੜਨ ਮੈਂ ਬਿਦਤਾਏ ਵਹਿ ਹੈਂ[1]।

[1]ਬਿਰਾੜਾਂ ਦੀ ਉਲਾਦ ਵਿੱਚ ਉਹ ਮਸ਼ਹੂਰ ਹੋਏ ਹਨ।

ਇੰਦ-ਪੁਰਾ ਨਾਮ ਗਾਂਮ ਜਗਰਾਂਵ ਕੇ ਨਜ਼ੀਕ,
ਤਿਨ ਹੂੰ ਕੀ ਸੰਤਤੀ ਬਸਾਇ ਬਸੀ ਤਹਿਂ ਹੈਂ[1] ॥ ੪੯ ॥

[1]ਤਸੀਲ ਜਗਰਾਵਾਂ ਦੇ ਨਜ਼ਦੀਕ ਇੰਦ ਪੁਰਾ (ਜਿਸ ਦਾ ਹੁਣ ਪ੍ਰਸਿੱਧ ਨਾਉਂ ਕਾਉਂਕੇ ਹੈ) ਨਾਮ ਦਾ ਪਿੰਡ ਉਨ੍ਹਾਂ ਦੀ ਉਲਾਦ ਵਸਾ ਕੇ ਉੱਥੇ ਵਸਦੀ ਹੈ।

ਭਯੋ ਕਾਨ੍ਹ ਚੰਦ ਏਕ ਚੌਧਰੀ ਅਮੰਦ[1] ਤਹਿਂ,
ਗੌਰ ਸਿੰਘ ਕੌਰ ਸਿੰਘ ਤਾਂ ਕੇ ਸੁਤ ਥਏ ਦੋ।

[1]ਉੱਜਲ।

ਤੁਰਕੋਂ ਨੈ ਹਿੰਦੂ ਜਬਿ ਬਹੁ ਭਾਏ ਥੇ ਸੰਤਾਏ[1],

[1]ਬਹੁਤ ਤਰ੍ਹਾਂ ਦੁਖੀ ਕੀਤੇ।

ਪੰਥ ਮਾਂਹਿ ਆਏ ਵੇਊ ਥਾਏ ਸਿੰਘ ਨਏ ਸੋ[1]।

[1]ਉਹ ਨਵੇਂ ਸਿੰਘ ਹੋ ਗਏ ਭਾਵ ਸਿੰਘ ਸਜ ਗਏ।

ਧਰਮ ਇਮਾਨ ਹਿੰਦੁਵਾਨ ਰਾਖਬੇ ਕੋ ਤਿਨੈ,
ਤੇਗ ਗਹੀ ਹਿੰਮਤ ਕੀ ਕਿੰਮਤ ਬਤਏ ਕੋ[1]।

[1]ਕੀਮਤ ਕਉਣ ਦੱਸ ਸਕਦਾ ਹੈ।

ਕੀਨੇ ਜੰਗ ਭਾਰੇ ਮਾਰੇ ਸੱਤ੍ਰ ਅਪਾਰੇ ਤਿਨੈ,
ਭਏ ਹਸ਼ਮਤ ਵਾਰੇ ਸੁਭਟ ਗਨਏ ਸੋ[1] ॥ ੫੦ ॥

[1]ਬਿਭੂਤੀ ਵਾਲੇ ਹੋ ਗਏ ਤੇ ਉਹ ਸੂਰਮੇਂ ਗਿਣੇ ਗਏ।

ਸੰਮਤ ਸਤਾਰਾਂ ਸੌ ਚੁਰਾਨਮੇਂ ਮੈਂ ਗੌਰ ਪੁਰਾ
ਨਿਕਟਿ ਧਨੇਸਟੇ ਬਸਾਯੋ ਗਾਮ ਹੈ ਸਹੀ।
ਗਢੀ ਖਾਂਮ ਥੀ ਰਚਾਈ[1] ਊਪਰ ਅਟਾਰੀ ਪਾਈ,

[1]ਕੱਚੀ ਗੜ੍ਹੀ ਬਣਾਈ ਸੀ।

ਧਾੜੇ ਮਾਰ ਲੂਟ ਲਜਾਈ ਛਕੈਂ ਤਹਿਂ ਬੈਸ ਹੀ।
ਦੇਹਲੀ ਲਹੌਰ ਕੇਰ ਲੂਟੈਂ ਨਿੱਤ ਰਾਹ ਢੇਰ[1],

[1]ਬਹੁਤੇਰਾਹ।

ਬਿਦਤਾਏ ਧਾੜਵੀ ਅਟਾਰੀ ਵਾਲੇ ਐਸ ਹੀ।
ਯਾਂਹੀਂ ਤੈ ਅਟਾਰੀ ਨਾਮ ਥਯੋ ਯਾਂਹਿ ਗਾਂਮ ਕੇਰ,
ਛੋਡ ਗਏ ਕਈ ਬੇਰ ਆਏ ਫੇਰ ਤੈ ਸਹੀ ॥ ੫੧ ॥
ਗੌਰ ਸਿੰਘ ਕੌਰ ਸਿੰਘ ਸੰਗ ਖਾਲਸੇ ਕੇ ਚੰਗ,
ਰਹੇ ਮੱਧ ਜੰਗਨ ਹਮੇਸ਼ ਬੇਸ[1] ਲਰਤੇ।

[1]ਚੰਗੀ ਤਰ੍ਹਾਂ।

ਰਾਖ ਦਿਖਰਾਯੋ ਹਿੰਦੁ ਧ੍ਰਮ ਨਿਜ ਪੰਥ ਜਿੰਦ,
ਬੈਰਨ ਕੀ ਖੋਈ ਬਿੰਦ[1] ਹਾਕਮੀ ਸੁ ਧਰਤੇ[2]। [1]ਬੀਜ ਨਾਸ਼ ਕਰ ਦਿੱਤਾ। [2]ਉਹ ਹਕੂਮਤ ਕਰਦੇ ਸਨ।
ਮਾਰੀ ਜਬਿ ਥੀ ਕਸੂਰ ਪਾਯੋ ਧਨ ਥਾ ਜਰੂਰ[1], [1]ਬਿਨਾਂ ਸੰਸੇ ਤੋਂ।
ਰਾਖ ਲਏ ਨਿਜ ਭੂਰ ਅਸਵਾਰ ਘਰ ਤੇ[1]। [1]ਆਪਣੇ ਘਰ ਦੇ ਬਹੁਤੇ ਅਸਵਾਰਰੱਖ ਲਏ।
ਗਿਰਦੇ ਅਟਾਰੀ ਗਾਮ ਕੀਏ ਕਬਜੇ ਤਮਾਮ,
ਪੈਹੈ ਜਹਾਂ ਜੰਗ ਕਾਮ ਤੈਹੈਂ ਜਾਇ ਅਰਤੇ[1] ॥੫੨॥ [1]ਅੜਦੇ ਸਨ।

ਆਠ ਸਾਤ ਭਏ ਪੂਤ ਇਨ ਹੂੰ ਕੇ ਮਜਬੂਤ,
ਬੀਰ ਬਾਂਕੁਰੇ ਅਛੂਤ ਛੱਤ੍ਰੀ ਬਿਸਾਲ ਹੈਂ[1]। [1]ਸੁੰਦਰ ਤੇ (ਅਛੂਤ) ਬਹਾਦਰ ਛੱਤ੍ਰੀ ਸੂਰਮੇਂ ਸਨ।
ਟੇਕ ਸਿੰਘ ਜੋਧ[1] ਚੜ੍ਹਤ ਸਿੰਘ ਤੈ ਵਜ਼ੀਰ ਸਿੰਘ, [1](ਸਿੰਘ)।
ਦਲ ਸਿੰਘ ਦਜਾਲ ਸਿੰਘ ਕੇਸਰੀ ਨਿਹਾਲ ਹੈਂ।
ਮਿਸਲ ਘਨੱਈਓਂ ਸੰਗ ਰਹੇ ਸਦ ਹੀ ਨਿਸੰਗ,
ਗਿਲਜਜੋਂ ਸੈਂ ਜੰਗ ਕੀਏ ਇਨ ਭੀ ਕਮਾਲ[1] ਹੈਂ। [1]ਚੰਗੇ।
ਨਿਕਟਿ ਮਜੀਠੇ ਲਰਿ ਬਿਕਟਿ[1] ਦੁਰਾਨੀਓਂ ਸੈਂ, [1]ਭਿਆਨਕ।
ਗੌਰ ਸਿੰਘ ਕਵਰ[1] ਸ਼ਹੀਦ ਅਰਿ ਘਾਲ ਹੈਂ[2] ॥੫੩॥ [1]ਕੌਰ ਸਿੰਘ। [2]ਵੈਰੀਆਂ ਨੂੰ ਮਾਰ ਕੇ।

ਰਾਮਗੜੀਓਂ ਕੇ ਸੰਗ ਜੈ ਸਿੰਘ ਸ੍ਰਦਾਰ ਚੰਗ,
ਕਰਤੋ ਹਮੇਸ਼ ਜੰਗ ਰਹਜੋ ਬਲ ਧਰ ਕੈ।
ਜੈ ਸਿੰਘ ਕਾ ਬੇਟਾ ਹੁਤੋ ਸੁਭਟ ਅਮੇਟਾ[1], [1]ਲੜਾਕਾ।
ਗੁਰਬਖਸ਼ ਮ੍ਰਿਗੇਸ ਲੇਟਾ ਜਬਿ ਅਰਿ ਹਰ ਕੈ[1]। [1]ਵੈਰੀਆਂ ਨੂੰ ਮਾਰ ਕੇ (ਲੇਟਾ) ਮਰ ਗਿਆ।
ਜੈ ਸਿੰਘ ਉਮੰਗ ਹਾਰ[1] ਛੋਡ ਦੀਓ ਜੰਗ ਕਾਰੁ, [1]ਉਤਸ਼ਾਹ ਛੱਡ ਕੇ।
ਹੁਤੇ ਜੇ ਮਦਦਗਾਰ ਬੈਠੇ ਘਰ ਟਰ ਕੈ।
ਭੰਗੀ ਸਰਦਾਰ ਥੇ ਅਪਾਰ ਬਲਵਾਰ ਤਬਿ,
ਤਿਨ ਕੇ ਸੰਗਾਰ ਮਿਲੇ ਏਉ ਮੋਦ ਭਰ ਕੈ ॥੫੪॥

ਵੀਚ ਸਾਂਹਚੀ ਕੇ ਜੰਗ ਕੀਨੇ ਅਰਿ ਅੰਗ ਭੰਗ,
ਔਰ ਬਹੁ ਕਾਮ ਚੰਗ ਇਨੈ ਤਬਿ ਬਧ ਕੈ[1]। [1](ਅੱਗੇ) ਵੱਧ ਕੇ।
ਲਹਿਣਾ ਸਿੰਘ ਗੁੱਜਰ ਮ੍ਰਿਗੇਸ ਹ੍ਵੈ ਬਿਸੇਸ ਖੁਸ਼ੀ,
ਇਨ ਕੋ ਇਲਾਕਾ ਰੋਕ ਦੀਓ ਬਾਂਕਾ ਅਧਿਕੈਂ[1]। [1]ਬਹੁਤਾ।
ਲੀਓ ਜਬਿ ਭੰਗੀਓਂ ਲਹੌਰ ਤੌ ਨਿਹਾਲ ਸਿੰਘ,
ਆਦਿ ਸਾਤੋਂ ਬੀਰਨ ਮਦਦ ਕੀਨੀ ਸਧ ਕੈਂ[1]। [1]ਭਰੋਸੇ ਨਾਲ।

ਜਾਂਹਿ ਹੇਤ ਪਸਰੂਰ ਪ੍ਰਗਨਾ ਲਹਾਯੋ ਭੂਰ,
ਡੇਢ ਲਾਖ ਕੋ ਜਰੂਰ ਇਨੈ ਤਬਿ ਲੱਧ ਕੈ[1] ॥ ੫੫ ॥

[1]ਜਿਸ ਕਰ ਕੇ ਪਸਰੂਰ ਦਾ ਬਹੁਤਾ ਇਲਾਕਾ ਜੋ ਠੀਕ ਡੇਢ ਲੱਖ ਦਾ ਸੀ ਇਨ੍ਹਾਂ ਨੇ ਲੱਭ ਕੇ (ਲਹਾਯੋ) ਦਿਵਾ ਦਿੱਤਾ।

ਮਹਾਰਾਜ ਰਣਜੀਤ ਸਿੰਘ ਜੌ ਲਹੌਰ ਲੀਓ,
ਰਹਜੋ ਇਨ ਕੋ ਬੁਲਾਇ ਮਿਲੇ ਯੇ ਨ ਜਾਇ ਹੈਂ।
ਛੀਨ ਲੀਨ ਤਾਂਹਿ ਯਾਂਹਿ ਕੇਰ ਹੂੰ ਮੁਲਕ ਬਹੁ,
ਮਿਲਿਓ ਨਿਹਾਲ ਸਿੰਘ ਫੇਰ ਧਰ ਭਾਇ ਹੈ[1]।

[1]ਪ੍ਰੇਮ ਧਾਰ ਕੇ।

ਸੱਤਰ ਜੰਬੂਰੇ[1] ਦੋਇ ਤੋਪ ਪਾਂਚ ਸੌ ਸਵਾਰ

[1]੭੦ ਛੋਟੀਆਂ ਤੋਪਾਂ।

ਦੈ, ਪਠਾਯੋ ਛੱਛ ਓਰ[1] ਜਾਇ ਕੈ ਤਹਾਂਇ ਹੈ।

[1]ਛੱਛ ਇਲਾਕੇ ਦੀ ਤਰਫ਼। (ਛੱਛ- ਜ਼ਿਲ੍ਹੇ ਅਟਕ ਦੀ ਅਟਕ ਤਹਿਸੀਲ ਵਿੱਚ ਸਿੰਧੁ ਦੇ ਕਿਨਾਰੇ ਦਾ ਇਕ ਇਲਾਕਾ ਜੋ ੧੯ ਮੀਲ ਲੰਬਾ ਤੇ ੯ ਮੀਲ ਚੌੜਾ ਹੈ ਇਸ ਨੂੰ ਛੱਛ ਹਜ਼ਾਰਾ ਜਾਂ ਚੱਚ ਹਜ਼ਾਰਾ ਭੀ ਆਖਦੇ ਹਨ।)

ਕੀਓ ਸਰ[1] ਮੁਲਕ ਇਨਤਜ਼ਾਮ[2] ਤਾਂਹਿ ਭਲ,

[1]ਫ਼ਤਿਹ। [2]ਪ੍ਰਬੰਧ।

ਦੀਓ ਸੁੱਖੋ ਦਾ ਇਲਾਕਾ ਖੁਸ਼ੀ ਨ੍ਰਿਪ ਥਾਇ ਹੈ[1] ॥ ੫੬ ॥

[1]ਮਹਾਰਾਜਾ ਰਣਜੀਤ ਸਿੰਘ ਨੇ ਖ਼ੁਸ਼ੀ ਹੋ ਕੇ।

ਫੇਰ ਜੌ ਫੀਰੋਜ਼ਪੁਰ ਪਤਿ, ਧੰਨੇ ਸਿੰਘ
ਗੁਰਬਖਸ਼ ਸਿੰਘ ਜੂ ਕੇ ਸੁਤ, ਰੱਯਤ ਦੁਖਾਈ ਹੈ।
ਆਏ ਫਰਜਾਦੀ ਲੋਗ ਮਹਾਰਾਜ ਜੂ ਪੈ ਤਬਿ,
ਮਹਾਰਾਜ ਦੈ ਕੈ ਫੌਜ ਪਠਜੋ ਏਸ ਤਾਂਈਂ ਹੈ।
ਜਾਇ ਏਨ ਜੰਗ ਕੈ ਭਗਾਇ ਦੀਓ ਧੰਨਾ ਸਿੰਘ,
ਦੋਇ ਲਾਖ ਕਾ ਇਲਾਕਾ ਲਯੋ ਸੋ ਛਿਨਾਈ ਹੈ[1]।

[1]ਉਹ ਖੋਹ ਲਿਆ।

ਪ੍ਰਗਨਾ ਅਟਾਰੀ ਕਾ ਇਵਜ਼ ਏਸ ਖਿਦਮਤ[1],

[1]ਏਸ ਸੇਵਾ ਦੇ ਬਦਲੇ।

ਦੀਓ ਮਹਾਰਾਜ ਨੈ ਨਿਹਾਲ ਸਿੰਘ ਤਾਂਈਂ ਹੈ ॥ ੫੭ ॥

ਮਰਜੋ ਸੋ ਚੁਹੱਤ੍ਰ ਮੈਂ ਤਾਂ ਕੇ ਸੁਤ ਸ਼ਜਾਮ ਸਿੰਘ,
ਕਾਮ ਕਰਿ ਨੇਕ ਨਾਮ[1] ਇੱਜ਼ਤੈਂ ਬਡੈਂ ਪਈ[2]।

[1]ਮਸ਼ਹੂਰੀ, ਪ੍ਰਸਿੱਧੀ। [2]ਵੱਡੀ ਇੱਜ਼ਤ ਪਾ ਲਈ।

ਚੁਹੱਤ੍ਰੇ ਮੈਂ ਮੁਲਤਾਨ ਛਿਹੱਤ੍ਰੇ ਮੈਂ ਕਾਸ਼ਮੀਰ,
ਬਜਾਸੀਏ ਮੈਂ ਬੰਨੂ ਕੀ ਮੁਹਿੰਮ ਸਰ ਜੌ ਭਈ[1]।

[1]ਜਾਂ ਜੰਗ ਫ਼ਤਿਹ ਹੋ ਗਈ।

ਦਸਕ ਹਜ਼ਾਰ ਫੌਜ ਮੌਜ ਸਿੰਧੁ ਕੀ ਸੀ[1]

[1]ਸਮੁੰਦਰ ਦੀ ਲਹਿਰ ਵਰਗੀ।

ਸ਼ਜਾਮ ਸਿੰਘ ਆਗੇ ਹ੍ਵੈ ਲਰਾਈ ਫਤੇ ਏਸ ਤ੍ਰੈ

[1]ਏਸ ਨੇ ਤਿੰਨ ਵਾਰ ਫਤੇ ਲਈ।

ਲਈ[1]।
ਫੇਰ ਤਾਂ ਕੀ ਬੇਟੀ ਸਾਥ, ਕੌਰ ਨੌ ਨਿਹਾਲ ਸਿੰਘ
ਜੂ ਕੀ ਸ਼ਾਦੀ, ਕਾਨਵੇਂ ਮੈਂ ਧੂੰਮ ਧਾਮ ਸੈਂ ਭਈ[1] ॥੫੮॥

[1](ਧੂਮ ਧਾਮ) ਉਤਸ਼ਾਹ ਦੇ ਵਾਜਿਆਂ ਗਾਜਿਆਂ ਨਾਲ ੧੮੯੧ ਬਿ: ਵਿੱਚ ਹੋਈ।

ਤੀਸ ਲਾਖ ਖਰਚ ਰਜਤਪਣ[1] ਥੀਓ ਜਾ ਮੈਂ,
ਗਜਾਰਾਂ ਫੀਲ[1] ਕੋਤਰ ਸੌ ਅੱਸ੍ਰ ਊਂਟ ਥੇ ਭਏ[2]।
ਗਊ ਭੈਂਸ ਬੇਸ਼ੁਮਾਰ ਜਰੇ ਜ਼ੇਵਰਨ ਸਾਰ,
ਭਾਰ ਪਸ਼ਮੰਬਰੈਂ, ਪਟੰਬਰੈਂ ਕੇ ਹੈਂ ਦਏ[1]।
ਮਹਾਰਾਜ ਨੈ ਉਘਾੜਾ ਦੀਓ ਸੂਫੀਓਂ ਕਾ ਬਾੜਾ[1],
ਜਾਚਕੋਂ ਨੈ ਮਾਰਯੋ ਧਾੜਾ ਛਾਂਦੇ ਕੀੜਯੋਂ ਕੇ ਲਏ[1]।
ਐਸੋ ਬਜਾਹਿ ਭਯੋ ਹੈ ਨ ਕਰ ਹੈ ਧਰਾ ਪੈ[1] ਕੋਊ,
ਇੰਦ੍ਰ ਕੁਬੇਰ ਰਮਾ ਹਰੀ ਮਾਨੋ ਥੇ ਅਏ[1] ॥੫੯॥

[1]ਜਿਸ ਵਿੱਚ ਤੀਹ ਲੱਖ ਰੁਪਏ ਖ਼ਰਚ ਹੋਏ।
[1]ਹਾਥੀ। [2]੧੦੧ ਘੋੜਾ ਤੇ ੧੦੧ ਊਠ (ਦਾਨ) ਹੋਏ ਸਨ।
[1]ਜੜਾਊ ਤੇ (ਸਾਰ) ਸ੍ਰੇਸ਼ਟ ਗਹਿਣੇ, ਪੱਸ਼ਮ ਤੇਰੇਸ਼ਮ ਦੇ ਬਸਤ੍ਰਾਂ ਦੀਆਂ (ਭਾਰ) ਪੰਡਾਂ ਦਿੱਤੀਆਂ।
[1]ਮ:ਰਣਜੀਤ ਸਿੰਘ ਨੇ ਮੁਹਰਾਂ ਦਾ ਵਾੜਾ ਭਾਵ ਖ਼ਜ਼ਾਨਾ ਹੀ ਖੋਲ੍ਹ ਦਿੱਤਾ।
[1]ਮੰਗਤਿਆਂ ਨੇ ਵੀ ਡਾਕਾ ਮਾਰਿਆ ਜੋ ਆਪਣੇ ਕੋਲ ਡੱਬੀਆਂ 'ਚ ਬੰਦ ਕੀੜਿਆਂ ਦੇ ਵੀ (ਛਾਂਦੇ) ਹਿੱਸੇ ਲਏ।
[1]ਧਰਤੀ ਉੱਤੇ।
[1]ਜਾਣੋ ਇੰਦ੍ਰ, ਕੁਬੇਰ, ਲੱਛਮੀ ਤੇ ਵਿਸ਼ਨੂ ਹੀ ਆਏ ਸਨ।

ਸਤਲੁਜ ਤਟ ਜੰਗ ਠੱਟਨੇ ਮੈਂ ਹੱਠ ਕਰਿ
ਸ਼ਜਾਮ ਸਿੰਘ ਰਹਯੋ ਸਮਝਾਇ ਔ ਹਟਾਇ ਤੈ[1]।

[1]ਸਤਿਲੁਜ ਦੇ ਕਿਨਾਰੇ ਜੰਗ ਕਰਨ ਵਿੱਚ (ਮਹਾਰਾਣੀ ਜਿੰਦਾ) ਹਠ ਕਰ ਰਹੀ ਸੀ, ਪਰ ਸ਼ਾਮ ਸਿੰਘ (ਤੈ) ਤਿਸ ਨੂੰ ਸਮਝਾ ਰਿਹਾ ਸੀ ਤੇ ਹਟਾ ਰਿਹਾ ਸੀ।

ਰਾਣੀ ਨੈ ਨ ਮਾਨੀ ਕਾਈ ਠਾਨੀ ਜ਼ਿੱਦ ਜੌ ਮਹਾਂਈ[1],
ਸਾਚੀ ਤੌਂ ਸੁਨਾਈ ਸਰਦਾਰ ਇਸ ਭਾਇ ਤੈ[1]।
ਰਾਜ ਖਾਲਸੇ ਕਾ ਜੈਹੈ ਅੰਗ੍ਰੇਜ਼ ਸ਼ਾਹਿ ਥੈਹੈਂ[1],
ਸੁਤ ਯੁਤ ਤੂੰ ਭੀ ਜੈਹੈਂ ਬਾਂਧੀ ਹੂੰ ਬਲਾਇਤੈਂ[1]।
ਕਾਹੇ ਤੂੰ ਚਿੰਗਾਰੀ ਥਾਤ ਪੰਥ ਬਨ ਕੋ ਦਹਾਤ,
ਨਾਮ ਪਤਿ ਕਾ ਉਠਾਤ ਦੇਸ ਏਸ ਥਾਂਇ ਤੈ[1] ॥੬੦॥

[1]ਜਦੋਂ ਬਹੁਤੀ ਜ਼ਿੱਦ ਕੀਤੀ।
[1]ਇਸ ਤਰ੍ਹਾਂ।
[1]ਬਾਦਸ਼ਾਹ ਹੋਣਗੇ।
[1]ਪੁੱਤਰ ਸਣੇ ਤੂੰ ਵੀ ਵਲਾਇਤ ਨੂੰ ਬੱਧੀ ਜਾਵੇਂਗੀ।
[1]ਤੂੰ ਕਿਉਂ ਚੰਗਿਆੜੀ ਹੋ ਕੇ ਪੰਥ ਰੂਪ ਜੰਗਲ ਨੂੰ ਸਾੜ ਰਹੀ ਹੈਂ, ਏਸ ਦੇਸ ਤੇ ਏਸ ਥਾਂ ਤੋਂ ਤੂੰ ਕਿਉਂ ਆਪਣੇ ਪਤੀ ਦਾ ਨਾਮ ਮੇਟਣ ਲੱਗੀ ਹੈਂ।

ਉਲਟਾ ਬਖਾਨੇ ਰਾਨੀ ਤਾਨ੍ਹੇ ਮਾਨੇ ਨਾਂਹਿ ਕਿਛੁ,
ਸਰਦਾਰ ਹਾਰਿ ਨਿਜ ਫੌਜ ਵੀਚ ਹੈ ਗਯੋ।
ਸਰਬੰਸ ਦਾਨ ਕਰਿ[1] ਕੇਸੀ ਇਸ਼ਨਾਨ ਧਰਿ,
ਆਯੁਧ ਪੁਸ਼ਾਕ ਵਰ[1] ਗਾਨਾਂ ਬੰਨ੍ਹ ਹੈ ਲਯੋ।

[1]ਆਪਣੀ ਸਭ ਜਾਇਦਾਦ ਦਾਨ ਕਰਕੇ।
[1]ਚੰਗੇ ਸ਼ਸਤ੍ਰ ਤੇ ਬਸਤ੍ਰ ਪਹਿਨ ਕੇ।

ਹੋਇ ਅਸਵਾਰ ਨਿਜ, ਸਾਤਕ ਹਜ਼ਾਰ ਫੌਜ
ਤਾਂਈ ਲਲਕਾਰ, ਉਤਸ਼ਾਹ ਚਾਹ ਯੌਂ ਦਯੋ[1]।

[1]ਆਪਣੀ (ਚਾਹ) ਇੱਛਾ ਅਨੁਸਾਰ ਇਉਂ ਉਤਸ਼ਾਹ ਦਿੱਤਾ।

ਏਹੋ ਪੰਥ ਖਾਲਸਾ ਜੀ, ਸਿੰਘ ਨਾਮ ਦਾੜੀਆਂ ਕੀ
ਲਾਜ ਰਾਖਬੇ ਕੋ ਸਮਾਂ, ਆਜ ਆਇ ਹੈ ਪਯੋ ॥੬੧॥

ਐਸੇ ਕਹਿ ਹਾਥ ਜੋਰਿ ਸਭਿ ਕੋ ਨਿਹੋਰਿ[1],

[1]ਬੇਨਤੀ ਕਰਕੇ।

ਆਗੇ ਤੋਰਿ, ਦੈ ਕੈ ਜੋਰ ਘੋਰ[1] ਥੋਰ ਜੰਗ ਨਾ ਕਰਜੋ।

[1]ਭਿਆਨਕ।

ਛੇਰ ਕੈ ਤੁਰੰਗ ਸੋ ਨਿਸੰਗ ਇਤ ਉਤ, ਅਤਿ[1]

[1]ਬਹੁਤਾ।

ਜੰਗ ਕਰਵਾਤੋ ਫਿਰੈ ਪੈ ਉਮੰਗ ਸੈਂ ਭਰਜੋ।
ਧੜ ਧੜ ਤੋਪੈਂ ਕੜ ਕੜ ਰਾਮਜੰਗੇ ਚਲਵਾਏ,
ਸੜ ਸੜ ਚੱਲੇ ਤੀਰ ਚੀਰ ਸੱਤ੍ਰੈਂ ਧਰਜੋ[1]।

[1]ਧੜ ਧੜ ਸ਼ਬਦ ਕਰ ਕੇ ਤੋਪਾਂ ਤੇ ਕੜ ਕੜ ਸ਼ਬਦ ਕਰ ਕੇ ਬੰਦੂਕਾਂ ਸੜ ਸੜ ਸ਼ਬਦ ਕਰ ਕੇ ਤੀਰ ਚਲਵਾਏ (ਜਿਨ੍ਹਾਂ ਨਾਲ) ਵੈਰੀਆਂ ਨੂੰ ਚੀਰ ਕੇ ਸੁੱਟ ਦਿੱਤਾ।

ਕੱਟ ਬੱਢ ਤੁੱਛ ਮੁੱਛ ਲੁੱਥ ਪੈ ਚਢਾਈ ਲੁੱਥ,
ਰੰਗ-ਭੂਮਿ ਮਾਂਹਿ ਖੂਨ ਤੰਗ ਤਾਜੀਐਂ ਚਰ੍ਹਜੋ[1] ॥੬੨॥

[1]ਕੱਟ ਵੱਢ ਕਰ ਕੇ (ਤੁੱਛ) ਛੋਟੇ ਛੋਟੇ (ਮੁੱਛ) ਟੁਕੜੇ ਕਰ ਦਿੱਤੇ, ਲੋਥ ਤੇ ਲੋਥ ਚੜ੍ਹਾ ਦਿੱਤੀ, ਜੰਗ ਦੀ ਧਰਤੀ ਵਿੱਚ ਖ਼ੂਨ ਘੋੜਿਆਂ ਦੇ ਤੰਗਾਂ ਤੱਕ ਚੜ੍ਹ ਗਿਆ।

ਮੰਡਾ ਹੈ ਘਮੰਡਾ ਘੋਰ ਜੋਰ ਸ਼ੋਰ ਕੈ ਬਹੋਰ,
ਪੰਡਾ ਮੁਖ ਦੀਏ ਮੋਰ ਸਿੰਘੈਂ ਬਲਵਾਨੇ ਹੈਂ[1]।

[1](ਘੋਰ) ਭਿਆਨਕ (ਘਮੰਡਾ) ਜੰਗ (ਮੰਡਾ) ਸਜਾਇਆ। (ਬਹੋਰ) ਫੇਰ ਜ਼ੋਰ ਨਾਲ ਸ਼ੋਰ ਕਰ ਕੇ ਬਲਵਾਨ ਸਿੰਘਾਂ ਨੇ (ਦੁਸ਼ਮਨਾਂ ਦੇ) ਮੂੰਹ (ਪੰਡਾ) ਪੀਲੇ ਕਰ ਕੇ (ਪਿੱਛੇ) ਮੋੜ ਦਿੱਤੇ।

ਗੌਰਨ ਤੈ ਪੰਡ ਥੀਏ ਲੰਡਨ ਕੇ ਫੰਡ ਹੇਰਿ,
ਖਾਲਸੇ ਕੀ ਚੰਡ ਅਤਿ ਚਾਲੀ ਜੌ ਕ੍ਰਿਪਾਨੇ ਹੈਂ[1]।

[1]ਜਦੋਂ ਖ਼ਾਲਸੇ ਦੀਆਂ ਬਹੁਤ ਤਿੱਖੀਆਂ ਕਿਰਪਾਨਾਂ ਚੱਲੀਆਂ ਤਾਂ ਦੇਖ ਕੇ ਲੰਦਨ ਭਾਵ ਇੰਗਲੈਂਡ ਦੇ (ਫੰਡ) ਸੂਰਮਿਆਂ (ਅੰਗਰੇਜ਼ਾਂ ਦੇ ਮੂੰਹ) ਗੋਰਿਆਂ ਤੋਂ ਪੀਲੇ ਹੋ ਗਏ।

ਛੰਡਾ ਤੌ ਅਖੰਡਾ ਖੰਡਾ ਮਾਰਤੰਡ ਤੈ ਪ੍ਰਚੰਡਾ,
ਅਰਿ ਗਨ ਕੋ ਬਿਹੰਡਾ ਚੰਡਾ ਚਢਜੋ ਜ੍ਵਾਨੇ ਹੈਂ[1]।

[1](ਮਾਰਤੰਡਾ) ਸੂਰਜ ਨਾਲੋਂ (ਪ੍ਰਚੰਡਾ) ਬਹੁਤ ਤਿੱਖਾ ਖੰਡਾ ਤਦੋਂ (ਅਖੰਡਾ) ਲਗਾਤਾਰ (ਛੰਡਾ) ਚਲਾਇਆ (ਜਿਸ ਨਾਲ) ਬਹੁਤੇ ਦੁਸ਼ਮਣਾਂ ਨੂੰ (ਬਿਹੰਡਾ) ਨਾਸ਼ ਕਰ ਦਿੱਤਾ ਕਿਉਂਕਿ ਜਵਾਨਾਂ ਨੂੰ (ਚੰਡਾ) ਗੁੱਸਾ ਚੜ੍ਹਿਆ ਹੋਇਆ ਸੀ।

ਖੰਡਾਂ ਭਏ ਖੰਡਾਂ-ਪਤੀ ਬਲਵੰਡਾ, ਕੰਡਾ ਹੇਰਿ

ਖੰਡਾ ਕੇਰ ਝੰਡਾ, ਜਬਿ ਮੰਡਾ ਅਗਵਾਨੇ ਹੈਂ[1] ॥ ੬੩ ॥

[1](ਜਿਹੜੇ) ਬਲਵਾਨ (ਅੰਗਰੇਜ਼ ਕਈਆਂ) (ਖੰਡਾਂ) ਮੁਲਕਾਂ ਦੇ (ਪਤੀ) ਮਾਲਕ ਸਨ, ਸਿੰਘਾਂ ਦਾ (ਕੰਡਾ) ਤਿੱਖੇ ਖੰਡੇ ਵਾਲਾ ਝੰਡਾ ਅੱਗੇ (ਮੰਡਾ) ਸਜਿਆ ਦੇਖ ਕੇ (ਪੰਡਾ) ਪੀਲੇ ਹੋ ਗਏ।

ਝੂਮ ਝੂਮ ਝੁਕ ਝੁਕ ਝਪਕ ਝਪਕ ਸਿੰਘ,
ਝਕਤ ਨ ਝਪਟ ਝੰਜੋੜ ਝੱਟ ਸੱਟਕੈਂ[1]।

[1](ਬੀਰ-ਰਸ ਦੀ ਮਸਤੀ ਵਿੱਚ) ਹਿਲੋਰੇ ਖਾ ਖਾ ਕੇ, ਝੁਕ ਝੁਕ ਕੇ, (ਝਪਕ ਝਪਕ) ਉੱਛਲ ਉੱਛਲ ਕੇ ਸਿੰਘ (ਝਕਤ ਨ) ਡਰਦੇ ਨਹੀਂ (ਝਪਟ) ਹੱਲਾ ਕਰ ਕੇ ਝਟਕੇ ਨਾਲ ਪਛਾੜ ਕੇ ਛੇਤੀ ਸੁੱਟ ਦੇਂਦੇ ਹਨ।

ਸੱਟ-ਪੱਟ ਕਟ ਕੈ ਲਪੱਟ ਕੈ ਦਪੱਟ ਫਿਰ,
ਅੱਟ ਬੋਲ ਤੋਲ ਤੇਗ ਬੇਗ ਫੱਟ ਕੈਂ[1]।

[1](ਸੱਟ-ਪੱਟ) ਛੇਤੀ ਕੱਟ ਕੇ, (ਸਪੱਟ ਕੈ) ਝਪਟ ਮਾਰ ਕੇ (ਦਪੱਟ ਫਿਰ) ਫੇਰ ਦੌੜ ਕੇ (ਅੱਟ) ਬਹੁਤਾ ਬੋਲ ਕੇ ਤਲਵਾਰ ਨੂੰ ਤੋਲ ਕੇ ਭਾਵ ਉਤਾਂਹ ਚੁੱਕ ਕੇ (ਬੇਗ ਬੇਗ) ਛੇਤੀ ਛੇਤੀ (ਫੱਟ ਕੈਂ) ਜ਼ਖ਼ਮ ਕਰਦੇ ਹਨ।

ਰੁੰਡ ਮੁੰਡ ਤੁੰਡ ਝੁੰਡ ਮਹੀ ਮੰਡ ਪੈ
ਬਿਥਾਰੇ ਹੈਂ ਬਿਤੁੰਡ ਕੁੰਡ ਸ੍ਰੋਣ ਕਾਲੀ ਗੱਟਕੈ[1]।

[1](ਬਿਤੁੰਡ) ਬਿਨਾਂ ਮੂੰਹਾਂ ਤੋਂ (ਰੁੰਡ) ਧੜ (ਮੁੰਡ) ਸਿਰ (ਤੁੰਡ) ਮੂੰਹ (ਝੁੰਡ ਝੁੰਡ) ਢੇਰਾਂ ਦੇ ਢੇਰ (ਮੰਡ) ਵੱਖ ਵੱਖ ਕਰ ਕੇ (ਮਹੀ) ਧਰਤੀ ਦੇ (ਪੈ) ਉੱਪਰ ਖਿੰਡਾਏ ਪਏ ਹਨ; ਲਹੂ ਦੇ (ਭਰੇ) (ਕੁੰਡ) ਟੋਇਆਂ ਵਿੱਚੋਂ ਕਾਲੀ (ਗੱਟਕੈਂ) ਗੱਟ ਗੱਟ ਸ਼ਬਦ ਕਰ ਕੇ ਲਹੂ ਪੀ ਰਹੀ ਹੈ।

ਛੱਟ ਕੈ ਬਿਆਰੇ ਕਿਧੋਂ ਕਿੰਸਕ ਗੁਲਾਬ ਝਾਰੇ
ਬਾਢੀਓਂ ਕੇ ਬਾਹੇ ਆਰੇ ਡਾਰੇ ਤਰੁ ਕੱਟ ਕੈ[1] ॥ ੬੪ ॥

[1](ਜਾਣੋ) (ਬਿਆਰੇ) ਹਵਾ ਨੇ (ਛੱਟ ਕੈ) ਤੇਜ ਛੁੱਟ ਕੇ ਕੇਸੂ ਜਾਂ ਗੁਲਾਬ ਦੇ ਫੁੱਲ ਝਾੜ ਦਿੱਤੇ ਹਨ (ਜਾਂ ਇਉਂ ਜਾਣੋ) (ਬਾਢੀਓਂ) ਤਰਖਾਣਾਂ ਦੇ (ਬਾਹੇ) ਚਲਾਏ ਹੋਏ ਆਰਿਆਂ ਨੇ (ਤਰੁ) ਦਰੱਖ਼ਤ ਕੱਟ ਕੇ ਸੁੱਟੇ ਹਨ।

ਬੱਟ ਕੈ ਕਸੀਸ ਰੀਸ ਦਾਂਤ ਪੀਸ ਈਸ ਧਜਾਇ,
ਅਵਨੀਸ ਈਸਾ ਸੁਤ ਖੀਸ ਪਾਏ ਹੱਤ ਕੈ[1]।

[1](ਸਿੰਘ ਨੇ) ਕਸੀਸ ਵੱਟ ਕੇ (ਰੀਸ) ਗ਼ੁੱਸੇ ਨਾਲ ਦੰਦ ਪੀਹ ਕੇ ਵਹਿਗੁਰੂ ਨੂੰ ਧਿਆ ਕੇ (ਅਵਨੀਸ) ਧਰਤੀ ਦੇ ਮਾਲਕ ਈਸਾ ਦੇ ਪੁੱਤਰ (ਅੰਗਰੇਜ਼ (ਹਤ ਕੈ) ਮਾਰ ਕੇ (ਖੀਸ ਪਾਏ) ਨਸ਼ਟ ਕਰ ਦਿੱਤੇ।

ਪੂਰਬੀ ਪਛਾਰੇ ਮੰਦ੍ਰਾਜੀ[1] ਤੈ ਜਹਾਜੀ ਝਾਰੇ[2],

[1]ਮਦਰਾਸ ਦੇਸ ਦੇ ਵਸਨੀਕ। [2]ਜਹਾਜ਼ਾਂ ਨਾਲ ਸਬੰਧਰੱਖਣ ਵਾਲੇ, ਅੰਗਰੇਜ਼ ਝਾੜ ਦਿੱਤੇ।

ਮੁਸਲੇ ਮਸਲ ਡਾਰੇ[1] ਮਾਰੇ ਬੰਗੀ ਬੱਤ ਕੈ[2]।

[1]ਤੁਰਕ ਮਲ ਦਿੱਤੇ। [2]ਬੰਗਾਲੀਆਂ ਨੂੰ ਤਾਂ (ਬੱਤ ਕੈ) ਗੱਲਾਂ ਨਾਲ ਹੀ ਮਾਰ ਲਿਆ। (ਅ) ਬੱਤਖਾਂ ਵਾਂਗ।

ਕੱਟੇ ਜਿਮ ਕੇਲੇ ਬਾਗ ਖੇਲੇ ਖੂਬ ਬੀਰ ਫਾਗ,
ਪਾਇ ਦੀਨੀ ਸਿੰਘੈਂ ਭਾਗ ਮਾਰਿ ਹੱਥ ਗੱਤਕੈਂ[1]।

[1]ਜਿਵੇਂ ਕੇਲਿਆਂ ਦੇ ਬਾਗ਼ ਕੱਟੀਦੇ ਹਨ, ਸੂਰਮੇਂ ਚੰਗੀ ਤਰ੍ਹਾਂ

ਹੋਲੀ ਖੇਲੇ, ਸਿੰਘਾਂ ਨੇ ਗੱਤਕੇ ਦੇ ਹੱਥ ਮਾਰ ਕੇ (ਅੰਗਰੇਜ਼ਾਂ ਨੂੰ) ਭਾਜੜ ਪਾ ਦਿੱਤੀ।

ਥੋਰੇ ਗੋਰੇ ਕਤਲਾਮ ਕੀਨੇ ਨਾਂਹਿ ਸਿੰਘ ਸ਼ਜਾਮ,
ਸੂਰਨ ਮੈਂ ਪਾਯੋ ਨਾਮ ਕਾਮ ਨੇਕ ਅਤਿ ਕੈ[1] ॥੬੫॥

[1]ਸ਼ਾਮ ਸਿੰਘ ਨੇ ਗੋਰੇ ਥੋੜ੍ਹੇ ਕਤਲ ਨਹੀਂ ਕੀਤੇ ਭਾਵ ਬਹੁਤੇ ਕਤਲ ਕੀਤੇ, ਬਹੁਤਾ ਚੰਗਾ ਕੰਮ ਕਰ ਕੇ ਸੂਰਮਿਆਂ ਵਿੱਚ ਨਾਮ ਪਾਇਆ ਭਾਵ ਜੱਸ ਖੱਟਿਆ।

ਚੌਪਈ:

ਸੰਮੁਖ[1] ਕਰਤੇ ਥੇ ਜੁ ਲਰਾਈ। — [1]ਸਾਹਮਣੇ।
ਸੋ ਅਰਿ ਤੋ ਹਰਿ ਦਏ ਭਗਾਈ[1]। — [1]ਉਹ ਵੈਰੀ ਤਾਂ ਮਾਰ ਕੇ ਭਜਾ ਦਿੱਤੇ।
ਮਾਰ ਸਥਾਰ ਕੋਸ ਤ੍ਰੈ ਮਾਹੈਂ[1]। — [1]ਤਿੰਨਾਂ ਕੋਹਾਂ ਵਿੱਚ ਮਾਰ ਕੇ ਢੇਰ ਲਾ ਦਿੱਤੇ।
ਸੁਟੇ ਘਾਣ ਗੋਰਜੋਂ ਤੇ ਲਾਹੈਂ[1] ॥੬੬॥ — [1]ਗੋਰਿਆਂ ਦੇ ਘਾਣ ਲਾਹ ਸੁੱਟੇ। ਭਾਵ ਬਹੁਤੇ ਗੋਰੇ ਮਾਰੇ।
ਤੇਜ ਅਮੇਜ ਅੰਗ੍ਰੇਜ਼ ਪਿਖੈ ਕੈ[1]। — [1]ਅੰਗਰੇਜ਼, ਸਿੰਘਾਂ ਦਾ (ਅਮੇਜ) ਬਹੁਤਾ ਤੇਜ ਵੇਖ ਕੇ।
ਰਹੇ ਤਜਬ[1] ਅੰਗੁਰੀ ਮੁਖਿ ਦੈ ਕੈ। — [1]ਹੈਰਾਨ।
ਤਬਿ ਲੌ ਫੌਜ ਮੌਜ ਸਿੰਧੁ ਕੀ ਸੀ[1]। — [1]ਸਮੁੰਦਰ ਦੀ ਲਹਿਰ ਵਰਗੀ ਫ਼ੌਜ।
ਆਈ ਔਰ ਘਟਾਂ ਬਿੰਧ ਕੀ ਸੀ[1] ॥੬੭॥ — [1]ਬਿੰਧਿਆਚਲ ਪਹਾੜ ਦੀਆਂ ਘਟਾਂ ਵਰਗੀ।
ਸ਼ਜਾਮ ਸਿੰਘ ਕੋ ਘੇਰਜੋ ਆਈ।
ਕੁਪ ਕੈ[1] ਤੁਪਕੈਂ ਤੋਪ ਚਲਾਈ। — [1]ਕ੍ਰੋਧਵਾਨ ਹੋ ਕੇ
ਮੇਂਹ ਬਸਾਯੋ ਗੋਲੀ ਗੋਲਨਿ।
ਝਾੜੈਂ ਬਾੜੈਂ ਬੋਲੀ ਬੋਲਨਿ[1] ॥੬੮॥ — [1](ਬਾੜੈਂ) ਸਾਰੀਆਂ ਬੰਦੂਕਾਂ ਦਾ ਇਕੱਠਾ ਵਾਰ (ਝਾੜੈਂ) ਮਾਰਦੇ ਹਨ (ਤੇ ਤਰ੍ਹਾਂ ਤਰ੍ਹਾਂ ਦੀਆਂ) ਬੋਲੀਆਂ ਬੋਲਦੇ ਹਨ।

ਅੰਧ ਧੁੰਧ ਮਾਚਜੋ ਰਣ ਭਾਰੀ[1]। — [1]ਜੰਗ ਵਿੱਚ ਬਹੁਤਾ ਗਾੜ੍ਹਾ ਅਨ੍ਹੇਰਾ ਹੋ ਗਿਆ।
ਸੂਰ ਨੂਰ[1] ਨਹਿਂ ਦੇਤ ਦਿਖਾਰੀ। — [1]ਸੂਰਜ ਦਾ ਚਾਨਣ।
ਕਾਯਰ ਸੂਰ ਕਰੇ ਇਕ-ਸਾਰੀ[1]। — [1]ਇਕੋ ਜਿਹੇ
ਤੌ ਭੀ ਲਰਜੋ ਸ਼ਜਾਮ ਸਿੰਘ ਭਾਰੀ ॥੬੯॥
ਕੁਰਸੀ ਕਰੀ ਬਜੰਤੈਂ ਖਾਲੀ[1]। — [1]ਭਾਵ ਬੇਅੰਤ ਵੱਡੇ ਵੱਡੇ ਅਫ਼ਸਰ ਮਾਰੇ।
ਲੈਂਡਨ ਰੰਡਨ ਸੈਂ ਭਰ ਡਾਲੀ[1]। — [1]ਲੰਦਨ ਭਾਵ ਇੰਗਲੈਂਡ ਦਾ ਦੇਸ਼ਰੰਡੀਆਂ ਨਾਲ ਭਰ ਦਿੱਤਾ।
ਮੱਦਦ ਤੇਜਾ ਸਿੰਘ ਨਹਿਂ ਪਾਛਜੋਂ।
ਪਠੀ[1], ਠਟੀ ਮ੍ਰਿਤੁ ਇਨ ਤਿਨ ਬਾਂਛਜੋ[2] ॥੭੦॥ — [1]ਤੇਜਾ ਸਿੰਘ ਨੇ ਪਿੱਛੋਂ (ਸਿੰਘਾਂ ਨੂੰ) ਮਦਦ ਨਹੀਂ ਭੇਜੀ। [2]ਤਿਸ ਨੇ ਵਿਉਂਤ (ਇਹ) (ਠਟੀ) ਬਣਾਈ ਤੇ ਚਾਹਿਆ ਕਿ ਇਨ੍ਹਾਂ (ਸਿੰਘਾਂ) ਦੀ ਮੌਤ (ਹੋ ਜਾਵੇ)

ਬਲਕੈ[1] ਸਿੰਘੀ ਫੌਜ ਬਧੇਰੈਂ। — [1]ਸਗੋਂ।

ਥੀ ਜੁ ਲਰਤ ਢਿਗ ਹੀ ਤਿਨ ਕੇਰੈਂ।
ਤਿਸ ਕੋ ਖੁਦ ਹੀ ਭਾਜ ਪਵੈ ਕੈ।
ਲੈ ਆਯੋ ਪਾਛੇ ਕੋ ਧੈ ਕੈ[1] ॥੭੧॥ — [1]ਦੌੜ ਕੇ।
ਸ਼ਜਾਮ ਸਿੰਘ ਬਹੁ ਸਿੰਘਨ ਸੰਗੈਂ।
ਮਾਰਿ ਹਜ਼ਾਰਨ ਤਈਂ ਨਿਸੰਗੈਂ।
ਥਯੋ ਸ਼ਹੀਦਰਸੀਦ ਲਹਾਨੀ[1]। — [1]ਛੁੱਟੀ (ਮੁਕਤੀ) ਲੈ ਲਈ।
ਦਫਤ੍ਰ ਕਿਯ ਜਮੇਸ ਕਾ ਫਾਨੀ[1] ॥੭੨॥ — [1]ਧਰਮਰਾਜ ਦਾ ਦਫ਼ਤਰ ਨਾਸ਼ ਕਰ ਦਿੱਤਾ ਭਾਵ ਸਾੜ ਦਿੱਤਾ।
ਗੁਰਪੁਰਿ ਬਸਯੋ ਭਵਾਂਬੁਧ[1] ਤਰਿਓ। — [1]ਸੰਸਾਰ ਸਮੁੰਦਰ।
ਨਿਜ ਕੁਲ ਇੱਕੀ ਤਈਂ ਉਧਰਿਓ।
ਲਿਖਤ ਤਰੀਫ ਗਰੀਫਨ ਸਾਹਿਵ।
ਯਾਂ ਕੀ ਨਿਜ ਤਰੀਖ ਮਧ ਸਾ ਇਵ[1] ॥੭੩॥ — [1](ਸਾ) ਉਹ ਗਰੀਫ਼ਨ ਸਾਹਿਬ ਅੰਗਰੇਜ਼ ਆਪਣੀ ਤਵਾਰੀਖ਼ ਵਿੱਚ (ਯਾਂ ਕੀ) ਇਸ (ਸ਼ਾਮ ਸਿੰਘ) ਦੀ (ਇਵ) ਇਸ ਤਰ੍ਹਾਂ ਉਸਤਤ ਲਿਖਦਾ ਹੈ।

ਪਾਂਚ ਸਾਂਤ ਸਰਦਾਰ ਜਿ ਔਰੈਂ।
ਲਰਤੇ ਸ਼ਜਾਮ ਸਿੰਘ ਸਮ ਗੌਰੈਂ।
ਤੌ ਅੰਗ੍ਰੇਜ਼ਨ ਕੌ ਕਲਕੱਤੈਂ।
ਭੀ ਥਾ ਟਿਕਨ ਔਖ ਅਲਵੱਤੈਂ[1] ॥੭੪॥ — [1]ਬਿਨਾਂ ਸੰਸੇ ਤੋਂ।
ਪੈ ਤੇਜਾ ਸਿੰਘ ਭਾਵੀ ਪ੍ਰੇਰਾ[1]। — [1]ਹੋਣਹਾਰ ਦਾ ਪ੍ਰੇਰਿਆ।
ਨਿਮਕ ਹਰਾਮੀ ਥਯੋ ਬਧੇਰਾ।
ਚਾਹਿਤ ਥਾ ਸੋ ਜੇ[1] ਅੰਗ੍ਰੇਜ਼ੀ। — [1]ਜਿੱਤ।
ਸਿੰਘਨ ਓਪ ਘਟਾਵਨ ਤੇਜੀ[1] ॥੭੫॥ — [1]ਸਿੰਘਾਂ ਦੀ ਉਪਮਾਂ (ਮਹਿਮਾਂ) ਤੇ ਤੇਜ਼ੀ (ਪ੍ਰਤਾਪ) ਘਟਾਉਣ ਵਾਸਤੇ।

ਕਾਮ ਮੰਦ ਅਤਿਸੈ ਉਨ ਕੀਓ।
ਅਫਸਰ ਹ੍ਵੈ ਬਡ ਦਗਾ ਕਮੀਓ।
ਜਾਂ ਦਿਨ ਮੁੱਦਕੀ ਥਈ ਲੜਾਈ।
ਮੱਦਦ ਜਲ ਲੌ ਭੀ ਨ ਪੁਚਾਈ ॥੭੬॥
ਪਾਨੀ ਪਾਉ ਰੁਪੱਯੇ ਕੇਰਾ।
ਸੋ ਭੀ ਨਹਿਂ ਜਬਿ ਮਿਲਯੋ ਬਧੇਰਾ।
ਸਿੰਘ ਪਯਾਸੇ ਬਜਾਕੁਲ ਭਾਰੇ।
ਹ੍ਵੈ ਨਿਜ ਗੁਰੁ ਪ੍ਰਭੁ ਪਾਸ ਪੁਕਾਰੇ ॥੭੭॥
ਬਦਲੀ ਦਲ ਸਿੰਘਨ ਪਰ ਛਾਈ।

ਭਰੇ ਕਜਾਰ ਟੋਭੇ ਬਰਸਾਈ[1]।
ਸੋ ਭੀ ਦੂਜ ਸਠ[1] ਪੀਨ ਨ ਦਯੋ।
ਭਾਜ ਪਵਾ ਪੀਛੇ ਲੈ ਅਯੋ ॥੭੮॥
ਤਜੋਂ ਹੀ ਫੇਰੂ-ਸ਼ਹਿਰ ਨਜੀਕੈਂ।
ਥਯੋ ਜੋਗ ਜਬਿ ਅਤਿਸੈ ਠੀਕੈਂ।
ਸਾਤ ਕੋਸ ਅੰਗ੍ਰੇਜ਼ ਭਗਾਏ।
ਸਾਰ ਪਾਇ[1] ਤੇਜੇ ਸਿੰਘ ਆਏ ॥੭੯॥
ਫੌਜ ਅਧਿਕ ਨਿਜ ਵੀਚ ਮਿਲੈ ਹੈ।
ਲੈ ਗਯੋ ਭਾਗ ਪਵਾਇ ਪਿਛੈ ਹੈ।
ਖੁਫੀਆ ਖਬਰ ਅੰਗ੍ਰੇਜ਼ੈਂ ਦੈ ਹੈ।
ਫਤੇ ਸਮਾਨ ਦਿਲਏ ਤਿਨੈ ਹੈ[1] ॥੮੦॥

ਫਿਰ ਸਭਰਾਵੀਂ ਜਬਿਰਣ ਥੀਓ।
ਭਾਜੜ ਪਾਇ ਤੋੜ ਪੁਲ ਦੀਓ ॥੮੧॥
ਦੋਹਰਾ:
ਦਿਲ ਤੈ ਦੁਸ਼ਮਨ ਸਿੰਘਨ ਕੇ,
ਥੇ ਅਫਸਰ ਇੱਤਜਾਦਿ।
ਸ਼ਾਹੀ ਲਵਪੁਰ ਕੀ ਕਰੀ,
ਐਨ[1] ਇਨੈਂ ਬਰਬਾਦ ॥੮੨॥
ਦੂਜ ਤੈ ਭਲਾ ਨ ਹੋਤ ਹੈ,
ਕੈਹਤ ਸਜਾਨੇ ਲੋਗ।
ਦੁਤੀ ਤੀਯਾ ਦੂਜ ਸੈਂ ਮਿਲੀ,
ਫਿਰ ਉਜਾਰ ਕਿ ਨ ਹੋਗ[1] ॥੮੩॥
ਚੌਪਈ:
ਸੁਨੋ ਅਟਾਰੀ ਵਾਰਿਨ ਅਬੈ।
ਥਯੋ ਸ਼ਹੀਦ ਸ਼ਜਾਮ ਸਿੰਘ ਜਬੈ।
ਉੱਨੀ ਸੌ ਦੋ ਫਾਗਨ ਮਾਹੈਂ।
ਕਾਨ ਸਿੰਘ ਸੁਤ ਤਾਂਹਿ ਰਹਾ ਹੈ ॥੮੪॥
ਮਿਲੀ ਜਗੀਰ ਹਜ਼ਾਰ ਬੱਤੀ ਕੀ।
ਤਾਂਹਿ ਬੀਮਾਰੀ ਹੁਤੀ ਮ੍ਰਿਗੀ ਕੀ।

[1]ਵਰਖਾ ਕਰ ਕੇ ਟੋਏ ਤੇ ਖੇਤ ਭਰ ਦਿੱਤੇ।
[1]ਮੂਰਖ ਬਾਮਣਾਂ ਨੇ।
[1]ਖ਼ਬਰ ਪਾ ਕੇ।
[1]ਫਤੇ ਤੇ ਸਾਮਾਨ ਉਨ੍ਹਾਂ ਨੂੰ ਦਿਵਾ ਦਿੱਤੇ ਭਾਵ ਅੰਗਰੇਜ਼ਾਂ ਦੀ ਫ਼ਤਿਹ ਦੇ ਹਾਲਾਤ ਪੈਦਾ ਕਰ ਦਿੱਤੇ।
[1]ਚੰਗੀ ਤਰ੍ਹਾਂ।
[1]ਕਿਉਂ ਨਾ ਉਜਾੜ ਹੋਵੇਗੀ।

ਉੱਨੀ ਸੌ ਆਠਾਈ ਮਾਹੈਂ।
ਬਿਨ ਔਲਾਦ ਮਰਿਓ ਜਬਿ ਵਾਹੈ[1] ॥੮੫॥ — [1]ਉਹ।
ਜਬਤ ਜਗੀਰ ਭਈ ਸਰਕਾਰੈਂ।
ਦੁਤੀਏ ਘਰ ਕੀ ਅੱਗ੍ਰ ਉਚਾਰੈਂ।
ਕੌਰ ਸਿੰਘ ਕੇ ਬੇਟੇ ਚਾਰੈਂ।
ਜੋਧ ਸਿੰਘ ਲੌ ਥੇ ਭਟ ਭਾਰੈਂ ॥੮੬॥
ਮਹਾਰਾਜ ਰਣਜੀਤ ਮ੍ਰਿਗੇਸੈਂ।
ਪਾਸ ਮੁਸਾਹਿਬ[1] ਰਹੇ ਬਿਸੇਸੈਂ। — [1]ਅਹਿਲਕਾਰ।
ਜੋਧ ਸਿੰਘ ਪਾਛੇ ਸੁਤ ਤਾਂ ਕੇ।
ਸਿੰਘ ਪ੍ਰਤਾਪ ਚਤੁਰ ਸਿੰਘ ਬਾਂਕੇ ॥੮੭॥
ਪਿਦਰੀ[1] ਬੀਸ ਸਹਸ ਕੀ ਪਾਈ। — [1]ਪਿਤਾ ਦੀ ਜਾਇਦਾਦ।
ਇਨੈ ਜਗੀਰੈਂ ਔਰ ਲਹਾਈ[1]। — [1]ਲੈ ਲਈਆਂ।
ਚਤੁਰ ਸਿੰਘ ਕੇ ਸੁਤ ਸਿੰਘ ਸ਼ੇਰੈਂ।
ਕਿਯੇ ਕਾਮ ਬਹੁ ਜਬੈ ਭਲੇਰੈਂ ॥੮੮॥
ਅਰ ਤਿਹ ਭਗਨੀ ਕੀ ਕੁੜਮਾਈ[1]। — [1]ਮੰਗਣੀ।
ਜਬੈ ਦਲੀਪ ਸਿੰਘ ਸੈਂ ਥਾਈ[1]। — [1]ਹੋਈ।
ਹਾਕਮ ਬਨਯੋ ਪਸ਼ਾਵਰ ਸੋ[1] ਹੈ। — [1]ਉਹ।
ਚਤਰ ਸਿੰਘ ਹਜ਼ਾਰੇ ਕੋ ਹੈ ॥੮੯॥
ਰਜ਼ੀਡੰਟ[1] ਜਬਿ ਥਿਰਯੋ ਲਹੌਰੈਂ। — [1]ਰਿਆਸਤ ਦਾ ਵੱਡਾ ਅਫ਼ਸਰ।
ਅੰਗ੍ਰੇਜ਼ੀ ਕੌਂਸਲ[1] ਭਈ ਗੌਰੈਂ[2]। — [1]ਸਭਾ। [2]ਵੱਡੀ।
ਸ਼ੇਰ ਸਿੰਘ ਤਹਿਂ ਕਰਯੋ ਮੁਯੰਬਰ[1]। — [1]ਮੈਂਬਰ।
ਦਿਯ ਖਤਾਬ ਰਾਜਾ ਕਾ ਲੰਬਰ[1] ॥੯੦॥ — [1](ਰਾਜਿਆਂ 'ਚ) (ਲੰਬਰ) ਗਿਣਿਆ ਗਿਆ।
ਬਿਗਰਯੋ ਮੂਲਰਾਜ ਮੁਲਤਾਨੀ[1]। — [1]ਮੁਲਤਾਨ ਦਾ ਸੂਬਾ ਮੂਲਰਾਜ।
ਪਠਯੋ ਸ਼ੇਰ ਸਿੰਘ ਤਹਾਂ ਗੁਮਾਨੀ[1]। — [1]ਬਹਾਦਰ।
ਸੰਧਾਂਵਾਲੀਆ ਸਿੰਘ ਸ਼ਮਸ਼ੇਰੋ।
ਸੂਰਤ ਸਿੰਘ ਮਜੀਠੀਆ ਹੇਰੋ ॥੯੧॥
ਇਹੁ ਭੀ ਸ਼ੇਰ ਸਿੰਘ ਸੰਗਾਨੈ।
ਪਹੁੰਚੇ ਸਦੂਲ[1] ਜਬੈ ਮੁਲਤਾਨੈ। — [1]ਫ਼ੌਜ ਸਣੇ।
ਏਕ ਦੋਇ ਲਾਰਾਈਂ ਥਾਈ[1]। — [1]ਹੋਈਆਂ।
ਚਤੁਰ ਸਿੰਘ ਕੀ ਚਿੱਠੀ ਆਈ ॥੯੨॥

ਬਿਗਰਜੋ ਸੋ ਅੰਗ੍ਰੇਜ਼ਨ ਸੰਗੈਂ।
ਇਹੁ ਭੀ ਗਏ ਉਤੈ ਤਜਿ ਜੰਗੈਂ।
ਸਾਤਕ ਸਹਸ ਫੌਜ ਕੇ ਸਾਥੈਂ।
ਮੁਲਕ ਵੀਚ ਲੁਟ ਮਾਰਤ ਹਾਥੈਂ[1] ॥ ੯੩ ॥

[1]ਲੁੱਟ ਨੂੰ ਹੱਥ ਮਾਰਦੇ ਭਾਵ ਲੁੱਟਦੇ।

ਰਾਮ ਨਗਰ ਢਿਗ ਪਹੁੰਚੇ ਜਾਈ।
ਮਿਲੇ ਸੂਦਾਰ ਔਰ ਬਹੁ ਆਈ ॥ ੯੪ ॥

ਦੋਹਰਾ:

ਲਾਲ ਸਿੰਘ ਮਾਰਾੜੀਆ,
ਦੋ ਹਜ਼ਾਰ ਸਿੰਘ ਗੈਲ[1]।

[1]ਪਿੱਛੇ।

ਛਾਪੇ ਵਾਲਾ ਰਾਮ ਸਿੰਘ,
ਹਰਸਾ ਸਿੰਘ ਜਰਨੈਲ ॥ ੯੫ ॥
ਜਵਾਹਰ ਸਿੰਘ ਨਲੂਆ ਅਯੋ,
ਔਰ ਅਨਿਕ ਸਰਦਾਰ।
ਲੜੇ ਲਾਟ ਗਫ ਸਾਹਿਬ ਸੈਂ,
ਰਾਮ-ਨਗਰ ਬਲ ਧਾਰ ॥ ੯੬ ॥
ਪੈ ਸ਼ਕਿਸਤ[1] ਪਾਈ ਸਿੰਘਨ,
ਹੋਏ ਪਾਰ ਝਨਾਬ।

[1]ਹਾਰ।

ਅੰਗ੍ਰੇਜ਼ੀ ਲਸ਼ਕਰ ਲਖਜੋ,
ਪਾਛੈ ਇਨੈ ਸ਼ਿਤਾਬ[1] ॥ ੯੭ ॥

[1]ਇਨ੍ਹਾਂ ਦੇ ਪਿੱਛੇ ਛੇਤੀ ਹੀ ਅੰਗਰੇਜ਼ੀ ਲਸ਼ਕਰ ਲੰਘ ਆਇਆ।

ਦੁਤੀ ਜੰਗ ਹੋਯੋ ਪੁਨਾ,
ਪਿੰਡ ਚੇਲੀਆਂ ਪਾਸ।
ਹਰਸਾ ਸਿੰਘ ਜਵਾਹਰ ਹਰੀ,
ਰਾਮ ਸਿੰਘ ਲੌ ਖਾਸ[1] ॥ ੯੮ ॥

[1]ਬਹੁਤੇ।

ਲੈ ਅਸਵਾਰੀ ਫੌਜ ਬਹੁ,
ਲਰੇ ਤੋਰ ਕੈ ਜਾਨ।
ਮਾਰਿ ਅੰਗ੍ਰੇਜ਼ੈਂ ਕੇ ਇਨੈਂ,
ਸੁਟੇ ਲਾਹਿ ਤਹਿੰ ਘਾਨ[1] ॥ ੯੯ ॥

[1]ਉੱਥੇ ਘਾਣ ਲਾਹ ਸੁੱਟੇ ਭਾਵ ਬਹੁਤੇ ਮਾਰ ਦਿੱਤੇ।

ਅਨੰਗ ਸੇਖਰ ਛੰਦ:

ਗੁਰੂ ਗੁਬਿੰਦ ਸਿੰਘ ਕੇ ਸਪੂਤ ਪੂਤ ਲਾਡਲੇ,
ਅਛੂਤ ਛੈਲ ਛੱਤਰੀ ਸਕੂਤ ਨੂਤ ਠਾਕੁਰੈਂ[1]।

[1](ਅਛੂਤ) ਬਹਾਦਰ (ਛੈਲ) ਜਵਾਨ (ਛੱਤ੍ਰੀ) ਸੂਰਮੇਂ (ਸਕੂਤ)

ਬਲਵਾਨ (ਨੂਤ) ਉਸਤਤ ਯੋਗ ਤੇ (ਠਾਕੁਰੈਂ) ਪ੍ਰਭੁਤਾ ਵਾਲੇ ਹਨ।

ਚਲਾਕ ਚੋਖ ਚਾਤੁਰੇ ਧਰਾਕ ਅੱਤ੍ਰ ਛੱਤ੍ਰ ਕੇ,
ਪਲਾਕ ਸ਼ੱਤ੍ਰ ਪੈ ਪਰੈਂ ਲੜਾਕ ਪਾਕ ਬਾਂਕੁਰੈਂ[1]।

[1](ਚੋਖ) ਬਹੁਤੇ ਚਲਾਕ ਤੇ ਚਤੁਰ ਹਨ, (ਅੱਤ੍ਰ) ਸ਼ਸਤ੍ਰ ਤੇ ਛੱਤ੍ਰ ਦੇ ਧਾਰਨ ਵਾਲੇ ਹਨ। (ਪਲਾਕ) ਉੱਛਲ ਕੇ ਵੈਰੀ 'ਤੇ ਪੈਂਦੇ ਹਨ (ਪਾਕ) ਪਵਿੱਤ੍ਰ ਤੇ (ਬਾਂਕਰੈ) ਸੁੰਦਰ ਲੜਾਕੇ ਹਨ।

ਜਗੇ ਭੁਜੰਗਿ ਜੰਗ ਮੈਂ ਕਮਾਨ ਬਾਨ ਪਾਨ ਲੈ,
ਕਰੀ ਸੁ ਅੰਗ ਭੰਗ ਹੂੰ ਅਨੀ ਉਤੰਗ ਸੱਤਰੈਂ[1]।

[1](ਭੁਜੰਗਿ) ਸੂਰਮੇਂ ਜੰਗ ਵਿੱਚ ਜਾਗ ਪਏ, ਕਮਾਣਾਂ ਤੇ ਤੀਰਾਂ ਨੂੰ ਹੱਥਾਂ 'ਚ ਲੈ ਕੇ ਵੈਰੀਆਂ ਦੀ (ਉਤੰਗ) ਬਹੁਤੀ ਫ਼ੌਜ ਅੰਗ ਭੰਗ ਕਰ ਦਿੱਤੀ।

ਚਲਾਇ ਤੀਰ ਤੁੱਪਕੈਂ ਅਰੁੱਪ ਕੈ ਸੁ ਖੇਤ ਪਾਇ,
ਕ੍ਰੁੱਪ ਕੈ ਬਕਤ ਮਾਰ ਮਾਰਿ ਝਾਰ ਅੱਤਰੈਂ[1] ॥੧੦੦॥

[1]ਤੀਰਾਂ ਤੇ ਬੰਦੂਕਾਂ ਨੂੰ ਚਲਾ ਕੇ (ਖੇਤ) ਜੰਗ ਮੈਦਾਨ ਵਿੱਚ (ਪਾਇ) ਪੈਰ (ਰੁੱਪ ਕੈ) ਗੱਡ ਕੇ ਕ੍ਰੋਧਵਾਨ ਹੋ ਕੇ ਮਾਰ ਲੌ ਬੋਲ ਕੇ (ਅੱਤਰੈ) ਸ਼ਸਤ੍ਰਾਂ ਨੂੰ (ਝਾਰਿ) ਮਾਰਦੇ ਹਨ।

ਉਛਾਰ ਖੱਗ ਦਾਹਿਨੇ ਅਦੱਗ ਢਾਲ ਬਾਮਿ ਲੈ,
ਅਲੱਗ ਹੋਇ ਸੈਨ ਤੈ ਅਗਾਂਹਿ ਵੱਗ ਤੀਛਨੈਂ[1]।

[1]ਸੱਜੇ ਹੱਥ ਵਿੱਚ ਤਲਵਾਰ ਨੂੰ ਉਛਾਲ ਕੇ (ਅਦਗ) ਸਾਫ਼ ਢਾਲ ਖੱਬੇ ਹੱਥ 'ਚ ਲੈ ਕੇ ਫ਼ੌਜ ਤੋਂ ਵੱਖਰੇ ਹੋ ਕੇ (ਤੀਛਨੈਂ) ਤੇਜ਼ੀ ਨਾਲ ਅੱਗੇ ਵਧ ਕੇ।

ਕਮਾਨ ਪਾਨ ਠਾਨ ਤਾਨ ਕਾਨ ਲੌ ਨਿਰੀਛਨੈਂ,
ਕੁਭੀਛਨੈਂ ਸੁ ਤੀਛਨੈਂ ਤਜਾਤ ਭੇ ਸਮੀਛਨੈਂ[1]।

[1]ਕਮਾਣ ਹੱਥ 'ਚ (ਠਾਨ) ਪਕੜ ਕੇ ਤੇ ਕੰਨ ਤੱਕ (ਤਾਨ) ਖਿੱਚ ਕੇ (ਕੁਭੀਛਨੈਂ) ਬਹੁਤੇ ਭਿਆਨਕ ਤੇ (ਸੁ ਤੀਛਨੈਂ) ਬਹੁਤੇ ਤਿੱਖੇ (ਨਿਰੀਛਨੈਂ) ਤੀਰਾਂ ਨੂੰ (ਸਮੀਛਨੈਂ) ਚੰਗੀ ਤਰ੍ਹਾਂ ਧਿਆਨ ਨਾਲ ਦੇਖ ਕੇ ਛੱਡਦੇ ਹਨ।

ਕਹੂੰ ਚਲਾਇ ਚੱਕ੍ਰ ਬੱਕ੍ਰ ਗੀਧ ਮਾਲ ਸੀ ਦਿਖਾਲ,
ਡਾਲਿ ਹਾਲਚਾਲ ਦੀ ਕਮਾਲ ਸਾਲ ਲਾਹਿ ਹੈ[1]।

[1]ਕਿਤੇ (ਬੱਕ੍ਰ) ਟੇਢੇ ਚੱਕ੍ਰ ਚਲਾ ਕੇ ਗਿਰਝਾਂ ਦੀ (ਮਾਲ) ਡਾਰ ਵਾਂਗ ਦਿਖਾ ਕੇ ਹਲਚਲੀ ਪਾ ਦਿੱਤੀ (ਕਮਾਲ) ਬਹੁਤੇ (ਸਾਲ) ਵੈਰੀਆਂ ਨੂੰ (ਲਾਹਿ ਹੈ) ਕੱਟ ਦਿੱਤਾ।

ਦੁਧਾਰਿ ਸੇਲ ਸੈਹਥੀ ਕਰਾਲ ਕਾਲ ਜੀਹ ਸੀ,
ਕ੍ਰਿਪਾਨ ਬੀਜ ਲੀਹ ਸੀ ਕਿ ਜ੍ਵਾਲ ਮਾਲ ਦਾਹਿ ਹੈ[1] ॥੧੦੧॥

[1](ਦੁਧਾਰਿ) ਕੰਡੇ, ਬਰਛੇ ਬਰਛੀਆਂ ਭਿਆਨਕ ਕਾਲ ਦੀ ਜੀਭ ਵਰਗੀਆਂ, ਕਿਰਪਾਨ (ਬੀਜ) ਬਿਜਲੀ ਦੀ (ਲੀਹ) ਲੀਕ ਵਰਗੀ ਜਾਂ ਅੱਗ ਦੀ ਮਾਲਾ ਵਾਂਗ ਸਾੜ ਰਹੀ ਹੈ।

ਗਦਾ ਤ੍ਰਿਸੂਲ ਸੈਫ ਹੂੰ ਫਤੇ-ਕੁਮੈਤ ਬਾਘ-ਪੂਤ,
ਲੂਤ ਸੇ ਸਫਾ-ਸੁ-ਜੰਗ ਅੰਗ ਚੰਗ ਕੱਟ ਹੀਂ[1]।

[1]ਗੁਰਜ, ਤ੍ਰਿਸੂਲ, ਸਿੱਧੀ ਤਲਵਾਰ, (ਫਤੇ ਕੁਮੈਤ) ਕਾਲੇਰੰਗ ਦਾ ਸੋਟਾ (ਬਾਘ ਪੂਤ) ਪੇਸ਼-ਕਬਜ਼ ਦੀ ਸ਼ਕਲ ਦਾ ਸ਼ਸਤ੍ਰ ਜਿਸ ਦੀ ਮੁੱਠ ਤੇ ਸ਼ੇਰ ਦੀ ਮੂਰਤਿ ਹੁੰਦੀ ਹੈ (ਸਫਾ ਜੰਗ) ਟਕੂਏ

ਲੂਤ ਦੀ ਬੀਮਾਰੀ ਵਾਂਗ ਚੰਗੀ ਤਰ੍ਹਾਂ ਅੰਗਾਂ ਨੂੰ ਕੱਟਦੇ ਹਨ।

ਅਚੂਕ ਦੋਇ ਦੋਇ ਪੂਰ ਗੁੱਲਕਾਂ ਬੰਦੂਕ ਮੈਂ,
ਚਲਾਇ ਢੂਕ ਢੂਕ ਹੂੰ ਅਮੂਕ ਔਨਿ ਸੱਟ ਹੀਂ[1]।

[1]ਦੋ ਦੋ (ਅਚੁੱਕ) ਨਿਸ਼ਾਨੇ ਤੇ ਠੀਕ ਲੱਗਣ ਵਾਲੀਆਂ ਗੋਲੀਆਂ ਬੰਦੂਕ ਵਿੱਚ (ਪੂਰ) ਭਰ ਕੇ (ਨੇੜੇ) (ਢੂਕ ਢੂਕ) ਪਹੁੰਚ ਪਹੁੰਚ ਕੇ (ਅਮੂਕ) ਬੋਲ ਕੇ (ਔਨਿ) ਧਰਤੀ 'ਤੇ ਸੁੱਟਦੇ ਹਨ।

ਯਦੀ ਸਕੋਪ ਤੋਪ ਕੋ ਗਰਾਫ ਸਾਫ ਝਾਰਹੀਂ,
ਅਪਾਰ ਗੌਰ ਆਨਨੰ ਸਗੌਰ ਝੱਟ ਛੋਭ ਕੈ[1]।

[1]ਭਾਵੇਂ ਤੋਪ ਦੇ (ਗਰਾਫ਼) ਰੈਣੇ ਸਾਫ਼ (ਝਾ ਰਹੀਂ) ਚਲਾਉਂਦੇ ਸਨ (ਪਰ ਫਿਰ ਵੀ) ਗੋਰੇ (ਆਨਨੰ) ਮੂੰਹਾਂ ਵਾਲੇ ਅੰਗਰੇਜ਼ (ਸਗੌਰ) ਖ਼ਿਆਲ ਨਾਲ ਛੇਤੀ ਹੀ (ਛੋਭ ਕੈ) ਗ਼ੁੱਸਾ ਕਰਕੇ।

ਅਰੈਂ ਸਮਿੱਛ ਖਿੱਚ ਕੈ ਕਰਿੱਚ ਤਿੱਛ ਯੁਰਪੀਂ,
ਲਰੈਂ ਸੁ ਅੱਤਿ ਮੱਤਿ ਕੈਫ ਸੈਫ ਸੁਧ ਖੋਭ ਕੈ[1] ॥੧੦੨॥

[1]ਯੂਰਪੀਨ (ਅੰਗਰੇਜ਼ ਸੂਰਮੇ) (ਤਿੱਛ) ਤਿੱਖੀਆਂ (ਕਰਿੱਚ) ਤਲਵਾਰਾਂ ਖਿੱਚ ਕੇ (ਸਮਿੱਛ) ਚੰਗੀ ਤਰ੍ਹਾਂ ਧਿਆਨ ਨਾਲ ਦੇਖ ਕੇ (ਅਰੈਂ) ਅੜਦੇ ਹਨ (ਅਤੇ) (ਕੈਫ਼) ਸ਼ਰਾਬ 'ਚ (ਮੱਤ) ਮਸਤ ਹੋ ਕੇ (ਸੈਫ਼) ਸਿੱਧੀਆਂ ਤਲਵਾਰਾਂ (ਸੁਧ) ਚੰਗੀ ਤਰ੍ਹਾਂ ਖੋਭ ਕੇ (ਅਤਿ) ਬਹੁਤ ਲੜਦੇ ਹਨ।

ਬਜੰਤ ਬਾਦ ਆਰਬੀ ਸੰਭਾਰ ਭੀ ਨ ਲੈਨ ਦੈਂਹ,
ਬਿਸਾਰ ਦੇਹ ਗੇਹ ਨੇਹ ਕੂਰ ਸੂਰ ਸੇ ਲਰੈਂ[1]।

[1]ਅਰਬੀ (ਬਾਦ) ਵਾਜੇ ਵੱਜਦੇ ਹਨ (ਸਿੰਘਾਂ ਨੂੰ) ਸੰਭਾਲ ਨਹੀਂ ਲੈਣ ਦਿੰਦੇ ਸਰੀਰ ਤੇ (ਗੇਹ) ਘਰ ਦਾ (ਨੇਹ) ਮੋਹ ਭੁਲਾ ਕੇ (ਕੂਰ) ਕਾਇਰ ਵੀ (ਸੂਰ) ਸੂਰਮਿਆਂ ਵਾਂਗ ਲੜਦੇ ਹਨ।

ਚਢੇ ਮਹਾਨ ਰੋਹ ਨੂਰ ਸੂਰ ਜੇਠ ਸੋ ਸਕੋਹ,
ਲੋਹ ਸੈਂ ਬਜੈਂਹ ਲੋਹ ਜਯੋਂ ਠਠਜਾਰ ਹੂੰ ਘਰੈਂ[1]।

[1]ਬਹੁਤੇ (ਰੋਹ) ਗ਼ੁੱਸੇ ਚੜ੍ਹੇ ਹੋਏ ਹਨ ਜੇਠ ਦੇ ਸੂਰਜ ਵਾਂਗ (ਚਿਹਰਿਆਂ ਤੇ) ਨੂਰ (ਚਮਕਦਾ ਹੈ) (ਸਕੋਹ) ਕ੍ਰੋਧਵਾਨ ਹੋ ਕੇ ਸ਼ਸਤ੍ਰ ਵਜਾਉਂਦੇ ਹਨ ਜਿਵੇਂ ਠਠਿਆਰ (ਭਾਂਡੇ) ਘੜਦੇ ਹਨ।

ਸਮੱਛ ਅੱਛ ਪੱਛ ਕੈ ਪ੍ਰਤੱਛ ਗੱਛ ਗੱਛ ਕੈ,
ਬਿਲੱਛ ਲੱਛ ਤੱਛ ਕੈ ਸੁਟੈਂਹ ਤੁਛ ਮੁੱਛ ਕੈ[1]।

[1](ਸਮੱਛ) ਅੱਖਾਂ ਦੇ ਸਾਹਮਣੇ (ਅੱਛ) ਚੰਗੀ ਤਰ੍ਹਾਂ (ਪੱਛ ਕੈ) ਜ਼ਖ਼ਮ ਕਰ ਕੇ ਪ੍ਰਤੱਖ ਹੀ (ਗੱਛ ਗੱਛ ਕੈ) ਜਾ ਜਾ ਕੇ (ਬਿਲੱਛ) ਵਿਲੱਖਣ (ਲੱਛ) ਨਿਸ਼ਾਨੇ ਬਣਾ ਕੇ (ਤੱਛ ਕੈ) ਛਿੱਲ ਕੇ (ਤੁਛ) ਛੋਟੇ ਛੋਟੇ (ਮੁੱਛ) ਟੁਕੜੇ ਕਰ ਕੇ ਸੁੱਟਦੇ ਹਨ।

ਭਿਰੰਤ ਦੋਇ ਓਰ ਤੈ ਸੁਭੱਟ ਗ੍ਰੱਟ ਫੱਟ ਕੈ,
ਝਪੱਟ ਝੱਟ-ਪੱਟ ਕੱਟ ਸੱਟ ਹੈਂ ਨ ਪੁੱਛ ਕੈ[1] ॥੧੦੩॥

[1](ਸੁਭੱਟ) ਸੂਰਮਿਆਂ ਦੇ (ਗ੍ਰੱਟ) ਜੱਥੇ ਦੋਹਾਂ ਪਾਸਿਆਂ ਤੋਂ ਭਿੜਦੇ ਹਨ (ਝਪੱਟ) ਹੱਲੇ ਨਾਲ (ਫੱਟ ਕੈ) ਜ਼ਖ਼ਮ ਕਰ ਦੇਂਦੇ ਹਨ (ਝੱਟ-ਪੱਟ) ਬਹੁਤ ਛੇਤੀ ਕੱਟ ਕੇ ਸੁੱਟ ਦੇਂਦੇ ਹਨ, ਪੁੱਛ ਕੇ ਨਹੀਂ (ਸੁੱਟਦੇ)।

ਸਜੋਰ ਘੋਰ ਨਾਦ ਅੱਟ ਰੱਟ ਕੈ ਮਚਾਇ ਸ਼ੋਰ,
ਛੋਰਿ ਡੋਰ ਧੀਰ ਬੀਰ ਹੱਥ ਵੱਥ ਹ੍ਵੈ ਪਰੈਂ[1]।

[1]ਜ਼ੋਰ ਨਾਲ ਭਿਆਨਕ (ਨਾਦ) ਸ਼ਬਦ (ਅੱਟ) ਬਹੁਤਾ (ਰੱਟ

ਕੈ) ਬੋਲ ਕੇ ਸ਼ੋਰ ਮਚਾਉਂਦੇ ਹਨ, (ਘੋੜਿਆਂ ਦੀਆਂ) (ਡੋਰ) ਵਾਗਾਂ ਛੱਡ ਕੇ ਧੀਰਜ ਵਾਲੇ ਸੂਰਮੇਂ ਹੱਥੋ-ਪਾਈ ਹੋ ਪੈਂਦੇ ਹਨ।

ਗਿਰੈਂ ਜੁ ਟੂਕ ਟੂਕ ਹ੍ਵੈਰਣੰ ਸੁ ਭੂਮਿ ਕੇ ਵਿਖੇ,
ਬਰੈਂ ਸੁ ਸੂਰ ਹੂਰ ਹੂੰ ਬਸੈਂ ਬਿਕੁੰਠ ਮੈਂ ਭਰੈਂ[1]।

[1]ਜੰਗ ਦੀ ਧਰਤੀ ਵਿੱਚ ਟੁਕੜੇ-ਟੁਕੜੇ ਹੋ ਕੇ ਡਿੱਗਦੇ ਹਨ (ਸਕਾਮੀ) ਸੂਰਮੇਂ ਹੂਰਾਂ ਨੂੰ ਵਰ੍ਹਦੇ ਹਨ ਤੇ ਨਿਸ਼ਕਾਮੀ (ਭਰੈਂ) ਚੰਗੀ ਤਰ੍ਹਾਂ ਬੈਕੁੰਠਾਂ ਵਿੱਚ ਜਾ ਵਸਦੇ ਹਨ।

ਪਰੇ ਅਪਾਰ ਘਾਇਲੈਂ ਅਵਾਇਲੈਂ ਪੁਕਾਰ ਆਬ ਆਬ,
ਮੱਛ ਜਯੋਂ ਤਰੱਫ ਕਾਇਲੈਂ ਸੁ ਹੋ ਰਹੇ[1]।

[1]ਬਹੁਤੇ ਜ਼ਖ਼ਮੀ ਪਏ (ਅਵਾਇਲੈ) ਬਿਅਰਥ ਪਾਣੀ ਪਾਣੀ ਪੁਕਾਰ ਰਹੇ ਹਨ, ਮੱਛ ਵਾਂਗ ਤੜਫਦੇ (ਸੁ) ਉਹ (ਕਾਇਲੈ) ਵਿਆਕੁਲ ਹੋ ਰਹੇ ਹਨ।

ਮਰੇ ਕਿਕਾਨ ਜ੍ਵਾਨ ਥੇ ਪਰੇ ਮਿਦਾਨ ਮੈਂ,
ਮਨੋ ਮਲੰਗ ਭੰਗ ਖਾਇ ਕੈ ਨਿਸੰਗ ਚੰਗ ਸੋ ਰਹੇ[1] ॥ ੧੦੪ ॥

[1]ਘੋੜੇ ਤੇ ਜਵਾਨ ਮੈਦਾਨ ਵਿੱਚ ਮਰੇ ਪਏ ਹਨ ਮਾਨੋ ਮਲੰਗ ਭੰਗ ਖਾ ਕੇ ਬਿਨਾਂ ਚਿੰਤਾ ਤੋਂ ਚੰਗੀ ਤਰ੍ਹਾਂ ਸੌਂ ਰਹੇ ਹਨ।

ਬਡੇ ਮਜ਼ੇਜ ਤੇਜ ਕੇ ਅਮੇਜ ਅੰਗ੍ਰੇਜ਼ ਜੇ,
ਸੁ ਬੇਜ ਰੇਜ ਰੇਜ ਕੈ ਸੁਲਾਏ ਸੇਜ ਭੂਮਿ ਪੈ[1]।

[1]ਜਿਹੜੇ ਅੰਗਰੇਜ਼ ਵੱਡੇ (ਮਜੇਜ) ਹੰਕਾਰ ਤੇ ਤੇਜ਼ ਨਾਲ (ਅਮੇਜ) ਮਿਲੇ ਹੋਏ ਸਨ (ਸੁ) ਉਨ੍ਹਾਂ ਨੂੰ (ਬੇਜ) ਨਾ ਮੁਨਾਸਬ ਭਾਵ ਵੈਰੀ (ਜਾਣ ਕੇ) (ਰੇਜਰੇਜ ਕੈ) ਟੁਕੜੇ ਟੁਕੜੇ ਕਰ ਕੇ ਧਰਤੀ ਦੀ ਸੇਜਾ 'ਤੇ ਸੁਲਾ ਦਿੱਤਾ।

ਅਰੇ ਜੁ ਏਡਵੇਰ ਜੀ ਜਰਨੈਲ ਲਾਟ ਗੱਫ ਲੌਂ,
ਕਟੇ ਮ੍ਰਿਗਿੰਦ ਬ੍ਰਿੰਦ, ਜਿੰਦ ਦੀਨ ਅੰਤ ਘੂੰਮ ਪੈ[1]।

[1]ਜਰਨੈਲ ਐਡਵਾਇਰ ਜੀ ਅਤੇ ਲਾਟ ਗੱਫ ਸਾਹਿਬ ਤੱਕ ਜੋ ਅੜੇ ਸਨ (ਉਨ੍ਹਾਂ ਨੇ) (ਬ੍ਰਿੰਦ) ਬਹੁਤੇ (ਮ੍ਰਿਗਿੰਦ) ਸਿੰਘਾਂ ਨੂੰ ਕੱਟ ਦਿੱਤਾ ਤੇ ਸਿੰਘਾਂ ਨੇ ਅੰਤ ਨੂੰ (ਪੈ) ਪੁਨਹ (ਘੂੰਮ) ਘੁੰਮ ਕੇ (ਗੇੜਾ ਖਾ ਕੇ) ਜਿੰਦ ਦੇ ਦਿੱਤੀ।

ਥਏ ਕਰਾਲ ਲਾਲ ਨੈਨ ਐਨ ਹੂੰ ਮਸਾਲ ਸੇ,
ਸਕ੍ਰੁੱਧ ਜੁੱਧ ਸੁੱਧ ਉੱਧਤੈਂ ਕਰੈ ਮਰੈਂ[1]।

[1]ਸਿੰਘਾਂ ਦੇ ਭਿਆਨਕ ਨੇਤ੍ਰ ਮਸਾਲ ਵਾਂਗ ਚੰਗੀ ਤਰ੍ਹਾਂ ਲਾਲ ਹੋ ਗਏ, ਕ੍ਰੋਧ ਸਹਿਤ (ਸੁੱਧ) ਸਾਫ਼ ਤੇ (ਉੱਧਤੈਂ) ਉੱਚੇ ਹੋ ਕੇ (ਦ੍ਵੰਦ) ਭਿਆਨਕ ਜੁੱਧ ਕਰਦੇ ਹੋਏ ਮਰਦੇ ਹਨ।

ਪਰੈਂ ਸ਼ਹੀਦ ਹ੍ਵੈ ਤਰੈਂ, ਭਵਾਂ ਬੁੱਧੈਂ ਮਹੀਦ, ਲੈਰਸੀਦ,
ਜੱਮ ਕੀ ਤਗੀਦ ਮੇਟ ਜੱਨਤੈਂ ਬਰੈਂ[1] ॥ ੧੦੫ ॥

[1]ਸ਼ਹੀਦ ਹੋ ਕੇ (ਧਰਤੀ 'ਤੇ) ਪੈਂਦੇ ਹਨ (ਮਹੀਦ) ਵੱਡੇ (ਭਵਾਂਬੁਧੈਂ) ਸੰਸਾਰ ਸਮੁੰਦਰ ਤੋਂ ਤਰਦੇ ਹਨ (ਰਸੀਦ) ਛੁੱਟੀ (ਮੁਕਤੀ) ਲੈ ਕੇ ਜਮਾਂ ਦੀ (ਤਗੀਦ) ਪਕਿਆਈ ਮੇਟ ਕੇ (ਜੱਨਤੈ) ਸੁਰਗ ਵਿੱਚ ਵੜਦੇ ਹਨ।

ਥਯੋ ਅਪਾਰ ਜੰਗ ਰੰਗ ਭੂਮਿ ਮੈਂ ਅਭੰਗ,
ਅੰਗ ਭੰਗ ਹ੍ਵੈ ਨਿਸੰਗ ਸੂਰ ਚੰਗ ਭੂਰ ਛੋਭ ਕੈਂ[1]।

[1](ਰੰਗ ਭੂਮਿ) ਜੰਗ ਦੀ ਧਰਤੀ ਵਿੱਚ (ਅਭੰਗ) ਲਗਾਤਾਰ ਬਹੁਤ ਜੰਗ ਹੋਇਆ, ਬਿਨਾਂ ਸ਼ੰਕਾਂ ਤੋਂ ਚੰਗੇ ਸੂਰਮੇਂ ਅੰਗ ਭੰਗ ਹੋ ਕੇ ਬਹੁਤਾ (ਛੋਭ) ਗ਼ੁੱਸਾ ਕਰਦੇ ਹਨ।

ਭਵੱਕ ਸਿੰਘ ਸਿੰਘ ਜਯੋਂ ਲਪੱਕ ਤੇਗ ਬੇਗ ਦੈ,
ਝਪੱਕ ਕੱਪ ਸੁੱਟਹੀਂ ਮਨਿੰਦ ਕੇਲ ਗੋਭ ਕੈ[1]।

[1]ਸਿੰਘ ਸ਼ੇਰਾਂ ਵਾਂਗ (ਭਵੱਕ) ਗੱਜ ਦੇ (ਲਪੱਕ) ਉੱਛਲ ਕੇ ਛੇਤੀ ਤਲਵਾਰ (ਦੈ) ਮਾਰ ਦੇਂਦੇ ਹਨ, ਕੇਲੇ ਦੀ ਗੋਭ ਦੇ (ਮਨਿੰਦ) ਸਮਾਨ (ਝਪੱਕ) ਛੇਤੀ (ਕੱਪ) ਕੱਟ ਕੇ ਸੁੱਟ ਦੇਂਦੇ ਹਨ।

ਮਹਾਨ ਤੀਰ ਤੁੱਪਕੈਂ ਕ੍ਰਿਪਾਨ ਬਾਹਿਂ ਕੁੱਪ ਕੈ,
ਮਿਦਾਨ ਉੱਪ ਉੱਪ ਕੈ ਲਰੇ ਜੁ ਕੈ ਹੱਠ ਗਰੈਂ[1]।

[1]ਬਹੁਤੇ ਤੀਰ, ਬੰਦੂਕਾਂ ਤੇ ਕ੍ਰਿਪਾਨਾਂ ਕ੍ਰੋਧ ਕਰ ਕੇ ਚਲਾਉਂਦੇ ਹਨ ਜੋ ਅੱਗੋਂ ਹੱਠ ਕਰਦੇ ਹਨ (ਉਨ੍ਹਾਂ ਨਾਲ) ਮੈਦਾਨ ਵਿੱਚ (ਉੱਪ ਉੱਪ ਕੈ) ਨੇੜੇ ਹੋ ਹੋ ਕੇ ਲੜਦੇ ਹਨ। (ਉਪ-ਸਮੀਪਤਾ, ਨੇੜੇ।)

ਗਰੂਰ ਦੂਰ ਕੀਨ ਯੂਰਪੀਨ ਪੂਰਬੀਨ ਕੋ,
ਹੁਤੋ ਜੁ ਪੀਨ ਖੀਨ ਕੈ ਲਏ ਲਗਾਇ ਅੱਗਰੈਂ[1] ॥੧੦੬॥

[1]ਯੂਰਪੀਨਾਂ ਤੇ ਪੂਰਬੀਆਂ ਨੂੰ ਜੋ (ਪੀਨ) ਬਹੁਤਾ (ਗਰੂਰ) ਹੰਕਾਰ ਸੀ ਉਹ ਦੂਰ ਕਰ ਦਿੱਤਾ, (ਖੀਨ) ਕਮਜ਼ੋਰ ਕਰ ਕੇ (ਉਹ) ਅੱਗੇ ਲਾ ਲਏ।

ਸੁਟੇ ਅਪਾਰ ਘਾਇ ਕੈ ਭਗਾਇ ਸਾਤ ਕੋਸ ਲੌਂ,
ਚਢਾਇ ਲੁੱਥ ਲੁੱਥ ਪੈ ਅਲੁੱਥ ਪੁੱਥ ਹੈਂ ਕਏ[1]।

[1]ਬਹੁਤੇ ਮਾਰ ਕੇ ਸੁੱਟ ਦਿੱਤੇ ਸੱਤਾਂ ਕੋਹਾਂ ਤੱਕ ਭਜਾਏ, ਲੋਥ ਉੱਤੇ ਲੋਥ ਚੜ੍ਹਾ ਦਿੱਤੀ (ਧੜ) ਉਲੱਦ ਪੁਲੱਦ ਕਰ ਦਿੱਤੇ ਹਨ।

ਮਚਯੋ ਸ੍ਰੌਨ ਮਾਸ ਕੀਚ ਔਨਿ ਵੀਚ,
ਗੱਤਲੈਂ ਬਿਥਾਰ ਹੱਥ ਮੱਥ ਸੱਥਲੈਂ ਅਪਾਰ ਹੈਂ ਦਏ[1]।

[1](ਔਨਿ) ਧਰਤੀ ਵਿੱਚ ਲਹੂ ਤੇ ਮਾਸ ਦਾ (ਕੀਚ) ਚਿੱਕੜ ਹੋ ਗਿਆ, ਬਹੁਤੇ ਹੱਥ, ਸਿਰ, (ਸੱਥਲੈਂ) ਪੱਟ ਤੇ (ਗੱਤਲੈਂ) ਮਾਸ ਦੇ ਟੁਕੜੇ (ਬਿਥਾਰ) ਖਿੰਡਾ ਦਿੱਤੇ ਹਨ।

ਮਨੋ ਬਿਸਾਲ ਕਿੰਸਕੈਂ ਝਰੇ, ਗੁਲਾਲ ਲਾਲ ਭੀ ਧਰਾ,
ਸੁਹਾਗ ਭਾਗ ਕੇ ਧਰੇ ਕਿ ਚੈਲ ਭਾਲ ਕਾ[1]।

[1]ਮਾਨੋ ਬਹੁਤੇ ਕੇਸੂ ਦੇ ਫੁੱਲ ਝੜੇ ਹਨ ਜਾਂ ਗੁਲਾਲ (ਦੇਰੰਗ ਨਾਲ) ਧਰਤੀ ਲਾਲ ਹੋਈ ਹੈ (ਕਿ) ਜਾਂ ਧਰਤੀ ਨੇ ਭਾਲ ਕੇ ਸੁਹਾਗ ਭਾਗ ਦੇ (ਚੈਲ) ਬਸਤ੍ਰ (ਧਰੇ) ਪਹਿਨੇ ਹਨ।

ਪਰੇ ਬਿਤੁੰਡ ਰੁੰਡ ਮੁੰਡ ਤੁੰਡ ਝੁੰਡ ਝੁੰਡ ਹੂੰ,
ਭਰੇ ਸਰੌਣ ਕੁੰਡ ਤੈਂ ਪਿਵੰਤ ਕਾਲਿ ਕਾਲਕਾ[1] ॥੧੦੭॥

[1](ਬਿਤੁੰਡ) ਮੂੰਹਾਂ ਤੋਂ ਬਿਨਾਂ (ਰੁੰਡ) ਧੜ (ਮੁੰਡ) ਸਿਰ ਤੇ (ਤੁੰਡ) ਮੂੰਹ (ਝੁੰਡ ਝੁੰਡ ਹੂੰ) ਢੇਰਾਂ ਦੇ ਢੇਰ ਪਏ ਹਨ, ਲਹੂ ਦੇ ਭਰਿਆਂ ਟੋਇਆਂ ਤੋਂ (ਕਾਲਿ) ਕਾਲੇਰੰਗ ਦੀ (ਕਾਲਿਕਾ) ਕਾਲੀ ਦੇਵੀ (ਲਹੂ) ਪੀਂਦੀ ਹੈ।

ਛਕੰਤਿ ਕੰਕ ਬੰਕ ਗੀਧ ਜੋਗਨੀ ਜਮਾਤ ਰੰਕ,

ਸਜਾਰ ਸ੍ਵਾਨ ਭੈਰਵੀ ਬਿਤਾਲ ਭੂਤ ਮਾਲਕਾ[1]।

[1](ਕੰਕ) ਕਾਂ (ਬੰਕ) ਟੇਢਾ ਝਾਕਣ ਵਾਲੇ, (ਗੀਧ) ਗਿਲਝਾਂ (ਰੰਕ) ਕੰਗਾਲ ਜੋਗਣੀਆਂ ਦੀ ਜਮਾਤ, (ਸਜਾਰ) ਗਿੱਦੜ, ਕੁੱਤੇ, ਭੈਰੋਂ ਦੀ ਇਸਤ੍ਰੀ ਬੇਤਾਲ ਤੇ ਭੂਤਾਂ ਦੀਆਂ (ਮਾਲਕਾ) ਕਤਾਰਾਂ (ਮਾਸ) ਛਕ ਰਹੀਆਂ ਹਨ।

ਖਰੇ ਖਵੀਸ ਖੋਪਰੀ ਖਵੰਤ ਖੇਤ ਖੁੱਲ੍ਹ ਕੈ,
ਖਿਲੰਤ ਖੇਨੁ ਖਜਾਲ ਕੈ ਖਗੂਰ ਖੂਬ ਬਾਲਕਾ[1]।

[1](ਖੇਤ) ਜੰਗ ਦੀ ਧਰਤੀ ਵਿੱਚ (ਖਵੀਸ) ਦੇਉ ਖੁੱਲ੍ਹ ਕੇ (ਖਰੇ) ਚੰਗੀ ਤਰ੍ਹਾਂ ਖੋਪਰੀਆਂ ਖਾਂਦੇ ਹਨ। (ਜਿਵੇਂ) (ਖ਼ੂਬ) ਚੰਗੀ ਤਰ੍ਹਾਂ (ਬਾਲਕਾ) ਬੱਚੇ ਖ਼ਿਆਲ ਨਾਲ (ਖੇਨੁ) ਖਿੱਦੋ (ਖਗੂਰ) ਖੂੰਡੀ ਖੇਡਦੇ ਹਨ।

ਕਪਾਲ ਲੈ ਬਜਾਇ ਕੈ ਸਤਾਲ ਗਾਇ ਗੀਤ ਗੁੰਜ,
ਕੌਤਕੈਂ ਦਿਖਾਇ ਧੂੰਮ ਪਾਇ ਕੈ ਕੁਲਾਹਲੈਂ[1]।

[1](ਕਪਾਲ) ਖੋਪਰੀਆਂ ਲੈ ਕੇ ਤਾਲ ਦੇ ਸਹਿਤ ਵਜਾਉਂਦੇ ਹਨ, ਗੀਤ ਗਾਉਣ ਨਾਲ (ਗੁੰਜ) ਧੁਨੀ ਹੋ ਰਹੀ ਹੈ (ਕੁਲਾਹਲੈਂ) ਉਤਸ਼ਾਹ ਦਾ ਧੂੰਮ (ਡੰਡਰੌਲਾ) ਪਾ ਕੇ ਕੌਤਕ ਦਿਖਾ ਰਹੇ ਹਨ।

ਡਗੱਤ ਡੁੱਕ ਡੁੱਕ ਡੰਕ ਡਾਕਨੀ ਡਕਾਰਿ,
ਚੰਡਿ ਚਾਵਡੀ ਚਢੈਂਹ ਮੁੰਡ ਰੁੱਦਰੈਂ ਉਮਾਹਲੈਂ[1] ॥ ੧੦੮ ॥

[1](ਜਿਵੇਂ ਧੌਂਸਿਆਂ ਤੇ ਡੰਕੇ (ਡਗੱਤ) ਵੱਜਣ ਨਾਲ ਡੁਕ ਡੁਕ ਸ਼ਬਦ ਹੁੰਦਾ ਹੈ (ਤਿਵੇਂ) (ਡਾਕਨੀ) ਚੁੜੇਲਾਂ ਡਕਾਰ ਲੈਂਦੀਆਂ ਹਨ, ਚੰਡੀ ਤੇ (ਚਾਵੜੀ) ਕਾਲੀ ਦੇਵੀ (ਰੁੱਦਰੈਂ) ਸ਼ਿਵ ਜੀ ਦੇ (ਮੁੰਡ) ਸਿਰ ਉੱਪਰ (ਉਮਾਹਲੈਂ) ਉਤਸ਼ਾਹ ਨਾਲ ਚੜ੍ਹਦੀਆਂ ਹਨ।

ਗਜੱਬ ਜੰਗ ਅੱਜਬੈਂ ਮਜੱਬ ਸਿੰਘ ਕੌਮ ਕੇਰ,
ਹੇਰ ਤੱਜਬੈਂ ਰਹੇ ਸਲੱਜ ਅੰਗਰੇਜ਼ ਹੈਂ[1]।

[1]ਸਿੰਘਾਂ ਦੀ ਕੌਮ ਦਾ (ਗਜੱਬ) ਗ਼ੁੱਸੇ ਨਾਲ ਕੀਤਾ (ਅਜੱਬ) ਅਸਚਰਜ ਮਜ਼ਹਬੀ ਜੰਗ ਦੇਖ ਕੇ ਅੰਗਰੇਜ਼ (ਸਲੱਜ) ਸ਼ਰਮਿੰਦੇ ਤੇ (ਤੱਜਬੈਂ) ਹੈਰਾਨ ਰਹੇ ਹਨ।

ਕਹੈਂ ਕਿ ਹੈਂ ਫਰੇਸ਼ਤੇ ਜਮੇਸ ਸੈਨ ਐਨ ਹੂੰ,
ਇਤੈ ਪ੍ਰਯੰਤ ਮਾਰ ਕੂਟ ਸਿੰਘ ਲੌਟ ਗੇਜ ਹੈਂ[1] ॥ ੧੦੯ ॥

[1]ਕਹਿੰਦੇ ਹਨ ਕਿ ਇਹ ਸਿੰਘ ਤਾਂ (ਜਮੇਸ) ਧਰਮਰਾਜ ਦੀ ਫ਼ੌਜ ਦੇ (ਐਨਹੂੰ) ਚੰਗੇ ਫਰਿਸ਼ਤੇ ਹਨ ਇਤਨੇ (ਚਿਰ) ਤੱਕ ਮਾਰ ਕੁੱਟ ਕੇ ਸਿੰਘ (ਲੌਟ ਗੇਜ ਹੈਂ) ਮੁੜ ਕੇ ਚਲੇ ਗਏ ਹਨ।

ਦੋਹਰਾ:
ਥਯੋ ਜੰਗ ਅਤਿ ਘੋਰ ਏਹ,
ਕਯੋ ਸਿੰਘਨ ਬਲ ਧਾਰ।
ਹਾਰ ਜੀਤ ਕਰਤਾਰ ਬਸ,
ਭਾਵੀ[1] ਪ੍ਰਬਲ ਅਪਾਰ ॥ ੧੧੦ ॥

[1]ਹੋਣਹਾਰ।

ਸ੍ਵੈਯਾ ਛੰਦ:
ਲਿਖਤ ਤਰੀਫ ਗਰੀਫਨ ਸਾਹਿਬ,

ਯੌਂ ਇਸ ਰਣ ਕੀ ਭਾਰੀ।
ਕਈ ਕੋਸ ਲੌਂ[1] ਸਿੰਘਨ ਭਗੈ ਕੈ, [1]ਕੋਹਾਂ ਤੱਕ।
ਫੌਜ ਅੰਗ੍ਰੇਜ਼ੀ ਮਾਰੀ।
ਜੇ ਕਰਿ ਸਿੰਘ ਨ ਟਰਤੇ ਖੁਦ ਹੀ[1], [1]ਆਪ ਹੀ ਨਾ ਮੁੜਦੇ।
ਪਹਰ ਕ ਔਰ ਲਰੰਤੇ।
ਤੌ ਅੰਗ੍ਰੇਜ਼ ਪੰਜਾਬ ਛੋਡ ਕਰਿ,
ਸੁਲ੍ਹਾ[1] ਜਰੂਰ ਕਰੰਤੇ ॥੧੧੧॥ [1]ਸਮਝੌਤਾ।
ਪੈ ਅੰਗ੍ਰੇਜ਼ੀ ਦਲ ਕਾ ਪੀਛਾ,
ਆਪਹਿ ਸਿੰਘ ਤਜੈ ਕੈ।
ਲੌਟ ਪਿਛਾਰੀ ਗਏ ਜਬੈ,
ਅੰਗ੍ਰੇਜ਼ ਥਿਰੇ ਸੁਖ ਪੈ ਕੈ।
ਫੌਜ ਲਾਹੌਰੈਂ ਔਰ ਮੰਗੈ ਕੈ,
ਜੋਰ ਫਰਜੋ ਫਿਰ ਚੰਗੈਂ।
ਉਤੈ ਚਤੁਰ ਸਿੰਘ ਆਇ ਪਸ਼ੌਰੈਂ
ਮਿਲਜੋ ਸ਼ੇਰ ਸਿੰਘ ਸੰਗੈਂ ॥੧੧੨॥
ਪਾਂਚ ਹਜ਼ਾਰ ਪਠਾਨ ਲਜਾਯੋ,
ਇਕ ਲਖ ਦੈਨਾ ਕਰਿ ਕੈ।
ਢਿਗ ਗੁਜਰਾਤ ਲੜਾਈ ਤੀਜੀ,
ਕਰੀ ਪੰਥ ਫਿਰ ਚਰ੍ਹ ਕੈ[1]। [1]ਚੜ੍ਹ ਕੇ।
ਦਸ ਹਜ਼ਾਰ ਸ਼ਰਫੀ[1] ਦੈਨੀ ਕਰ, [1]ਮੁਹਰ।
ਤੁਰਕਨ ਕੋ ਅੰਗ੍ਰੇਜ਼ੈਂ।
ਐਨ ਜੰਗ ਮੈਂ ਭਾਜ ਪਵਾ ਦਈ,
ਭਗੇ ਸਿੰਘ ਹਤ ਤੇਜੈਂ[1] ॥੧੧੩॥ [1]ਤੇਜ ਗਵਾ ਕੇ।
ਮੇਜਰ ਜਾਰਜ ਲਾਰਨੱਸ ਸਾਹਿਬ
ਥੈਂਕਲ ਸਾਹਿਬ[1] ਔਰੈਂ। [1]ਇਕ ਅੰਗਰੇਜ਼ ਅਫ਼ਸਰ ਦਾ ਨਾਮ।
ਲਾਟ ਗੱਫੇ[1], ਕਪਤਾਨ ਐਡਵਟ, [1]ਹਿੰਦੁਸਤਾਨ ਦੀ ਫ਼ੌਜ ਦਾ ਸੈਨਾਪਤੀ।
ਹਰਵੱਟ ਸਾਹਿਬ ਗੌਰੈਂ[1]। [1]ਖ਼ਿਆਲ ਨਾਲ।
ਇਨ ਪੀਛਾ ਸਿੰਘਨ ਕਾ ਲੀਨਾ,
ਰਾਵਲਪਿੰਡੀ ਤਾਂਈਂ।
ਚਤੁ ਸਿੰਘ ਸ਼ੇਰੈਂ ਯੁਤ ਫੌਜੈਂ,

ਦਏ ਹਥਯਾਰ ਤਹਾਂਈਂ[1] ॥ ੧੧੪ ॥

[1]ਚਤੁਰ ਸਿੰਘ ਤੇ ਸ਼ੇਰ ਸਿੰਘ ਨੇ ਫ਼ੌਜਾਂ ਸਮੇਤ ਉੱਥੇ ਹੀ ਹਥਿਆਰ (ਸੁੱਟ) ਦਿੱਤੇ।

ਫੌਜ ਤੋੜ ਦੀਨੀ ਦੈ ਖਰਚਾ,
ਘਰ ਮੈਂ ਪਠੀ ਤਬੈ ਹੀ।
ਸਰਦਾਰਨ ਕੋ ਸਾਦਰ ਭਾਖ੍ਯੋ[1],
ਚਲੋ ਲਹੌਰ ਸਭੈ ਹੀ।
ਜਥਾ ਜੋਗ ਜਾਗੀਰਾਂ ਮਿਲ ਹੈਂ,
ਮਾਫ ਕਸੂਰ ਥਵੈ ਹੈਂ[1]।
ਏਸ ਲੋਭ ਪਰ ਅਏ ਲਹੌਰੈਂ,
ਨਿਜ ਨਿਜ ਡੇਰਨ ਮੈਂਹੈਂ ॥ ੧੧੫ ॥

[1]ਆਦਰ ਨਾਲ ਕਿਹਾ।

[1]ਹੋ ਜਾਣਗੇ।

ਜੈਸਾ ਮੂੰਹ ਚਪੇੜ ਤਸ ਮਾਰੀ,
ਤੁਰਕੋਂ ਕੋ ਭੀ ਇਨ ਹੈਂ।
ਦਸ ਹਜ਼ਾਰ ਸ਼ਰਫੀ ਪੀਤਲ ਕੀ[1],
ਦਈ ਅੰਗ੍ਰੇਜ਼ੈਂ ਗਿਨ ਹੈ।
ਦਗੇਦਾਰ ਕੇ[1] ਅਗੇ ਦਗਾ ਹੀ
ਆਯੋ, ਫਿਰ ਪਛੁਤਾਏ।
ਪੈ ਵਹਿ ਦੁਸ਼ਟ ਦਗਾ ਦੈ ਸਿੰਘੈਂ,
ਗਏ ਹਾਰ ਕਰਵਏ ॥ ੧੧੬ ॥

[1]ਪਿੱਤਲ ਦੀਆਂ ਮੁਹਰਾਂ।

[1]ਧੋਖਾ ਦੇਣ ਵਾਲੇ ਦੇ।

ਪਹਿਲਾ ਜੰਗ ਪੋਹ ਦਿਨ ਨੌਮੈਂ,
ਦੂਤੀ ਮਾਘ ਦਿਨ ਬਾਈ।
ਤ੍ਰਿਤੀ ਫਗਨ ਦਿਨ ਭਯੋ ਖੋੜਸੇ,
ਇੱਕੀ ਫਰਵਰੀ ਥਾਈ[1]।

[1]ਤੀਜਾ ਜੰਗ ਫੱਗਣ ਦੀ ਸੋਲਾਂ (੧੬) ਤ੍ਰੀਕ ਨੂੰ ਹੋਇਆ ਸੀ ਤਦੋਂ ਇੱਕੀ (੨੧) ਫਰਵਰੀ ਸੀ।

ਸੰਨ ਅਠਾਰਾਂ ਸੈਂ ਓਣੰਜਾ,
ਉੱਠੀ ਸੈ ਪੰਜ ਦੇਸੀ[1]।
ਫਤੇ ਪੰਜਾਬ ਲਹੌਰ ਅੰਗ੍ਰੇਜ਼ੈਂ,
ਕਰੀ ਤਾਂਹਿ ਦਿਨ ਵੇਸੀ[1] ॥ ੧੧੭ ॥

[1]ਦੇਸੀ ਸੰਮਤ, ਬਿਕ੍ਰਮੀ ਸੰਮਤ।

[1]ਚੰਗੀ ਤਰ੍ਹਾਂ।

ਬੰਦੋਬਸਤ ਨਿਜ ਕਰਿ ਅੰਗ੍ਰੇਜ਼ੈਂ,
ਇਕ ਹੀ ਨਿਸਾ ਮਝਾਰੇ[1]।
ਫੜਿ ਸਰਦਾਰ ਲਏ ਬੇਖਬਰੇ,
ਨਿਜ ਨਿਜ ਘਰ ਤੈ ਸਾਰੇ।

[1]ਇਕ ਹੀਰਾਤ ਵਿੱਚ।

ਜਥਾ ਜੋਗ ਪਿਨਸ਼ਨ ਦੈ ਸਭਿ ਕੋ,
ਅਨਿਕੈਂ ਠੌਰ ਪੁਚਾਏ।
ਜਬਤ ਜਗੀਰੈਂ ਸਭਿ ਕੀ ਕੀਨੀ,
ਕਿਸੈ ਗੁਜਾਰੇ ਦਾਏ[1] ॥ ੧੧੮ ॥ — [1]ਦਿੱਤੇ।
ਚਤੁਰ ਸਿੰਘ ਔ ਅਤਰ ਸਿੰਘ ਨ੍ਰਿਪ,
ਸ਼ੇਰ ਸਿੰਘ ਹਰਿ-ਤੇਜੈਂ[1]। — [1]ਤੇਜਾ ਸਿੰਘ।
ਥੀ ਜਗੀਰ ਇਨ ਕੀ ਸਤ ਲਖ ਕੀ,
ਕੀਨੀ ਜ਼ਬਤ ਅੰਗ੍ਰੇਜ਼ੈਂ।
ਪਿਨਸ਼ਨ ਚੌਦਾਂ ਸਹਸ ਇਨੋ ਕੀ,
ਕਰਿ ਕਲਕੱਤੈ ਰਾਖੇ।
ਫਿਰ ਕਾਂਸ਼ੀ ਮੈਂ ਰਾਖੇ ਲਿਆਈ,
ਨੇਕ ਚਲਨ ਜਬਿ ਲਾਖੇ[1] ॥ ੧੧੯ ॥ — [1]ਜਾਣੇ।
ਥਾ ਕਪਤਾਨ ਗੁਲਾਬ ਸਿੰਘ ਜੋ,
ਗਯੋ ਨ ਵੀਚ ਲਰਾਈ।
ਤਿਸ ਕੋ ਰਖਯੋ ਅਟਾਰੀ ਮਾਂਹਿ
ਜਗੀਰ ਸਹਿਸ ਤ੍ਰੈ ਦਾਈ[1]। — [1]ਤਿੰਨ ਹਜ਼ਾਰ ਜਾਗੀਰ ਦੇ ਕੇ।
ਗਦਰ ਉਨੀ ਸੌ ਚੌਦਾਂ ਕੇ ਮੈਂ[1], — [1]ਸੰਮਤ ੧੯੧੪ ਮੁ: ਸੰਨ ੧੮੫੭ ਈ: ਦੇ ਗ਼ਦਰ (ਹਲਚਲ) ਵਿੱਚ।
ਸਿੰਘ ਗੁਲਾਬ ਥਾ ਕਾਂਸੀ।
ਲੈ ਨਿਜ ਭਾਈਓਂ ਤਈ ਸੰਗ,
ਉਨ ਹਿੰਮਤ ਕੀਨੀ ਖਾਸੀ[1] ॥ ੧੨੦ ॥ — [1]ਬਹੁਤੀ, ਚੰਗੀ।
ਸ਼ਹਿਰ ਲੁਟਨ ਤੈ ਲਯੋ ਬਚਾਈ,
ਬਾਗੀ[1] ਮਾਰਿ ਭਗਾਏ। — [1]ਆਕੀ, ਹਲਚਲ ਪਾਉਣ ਵਾਲੇ।
ਜਿਸ ਹਿਤ ਬਢੀ ਪਿਨਸ਼ਨੈਂ ਇਨ ਕੀ,
ਅਰ ਸ੍ਰਕਾਰ ਖੁਸ਼ ਥਾਏ[1]। — [1]ਹੋ ਕੇ।
ਅਵਧ[1] ਇਲਾਕਾ ਤੀਸ ਸਹਿਸ ਕਾ, — [1]ਅਜੁੱਧਿਆ ਦਾ।
ਔਰ ਦਯੋ ਜ਼ਿਮੀਂਦਾਰਾ।
ਜਿਸ ਪਰ ਅਬਿ ਉਲਾਦ ਸਭਿ ਉਨ ਕੀ,
ਆਛੋ ਕਰਤ ਗੁਜਾਰਾ ॥ ੧੨੧ ॥
ਸ਼ਜਾਮ ਸਿੰਘ ਸਤਲੁਜ ਪਰ ਲਰਿ,

ਸ਼ਾਹੀਦ ਭਯੋ ਥਾ ਜੋਊ।
ਕਾਨ੍ਹ ਸਿੰਘ ਠਾਕੁਰ ਸਿੰਘ ਤਿਸ ਕੇ,
ਥੇ ਜੋ ਪੁੱਤਰ ਦੋਊ।
ਗਏ ਨ ਇਹੁ ਗੁਜਰਾਤ ਜੰਗ ਮੈਂ,
ਰਹੇ ਜੰਗੀਰੈਂ ਯੌਂ ਯੁਤ[1]। [1]ਇਉਂ ਜਾਗੀਰਾਂ ਸਹਿਤਰਹਿ ਗਏ।
ਕਾਨ੍ਹ ਸਿੰਘ ਬਿਨ ਸੰਤਤਿ[1] ਗੁਜਰਜੋ, [1]ਉਲਾਦ।
ਭਏ ਦੁਤੀ ਕੇ ਤ੍ਰੈ ਸੁਤ ॥੧੨੨॥
ਜੀਊਣ ਸਿੰਘ ਅਜੀਤ ਸਿੰਘ ਪੁਨ,
ਹਰੀ ਸਿੰਘ ਇਨ ਪਾਸੈਂ।
ਸਾਢੇ ਤਿੰਨ ਤਿੰਨ ਸਹਸ ਕੇਰ,
ਜਾਗੀਰ ਰਹਾਨੀ ਖਾਸੈਂ[1]। [1]ਚੰਗੀ।
ਇਲਮ ਅਕਲ ਹਿੰਮਤ, ਹੁਸ਼ਜਾਰੀ
ਕੇ ਬਲ, ਸਿੰਘ-ਅਜੀਤੈਂ।
ਅਕਸ੍ਰਾ ਅਸਟੰਟੀ ਕਾ ਉਹਦਾ[1], [1]ਅਕਸਰਾ-ਨਾਇਬੀ ਦਾ ਦਰਜਾ।
ਲਿਯ ਸਰਕਾਰੋਂ ਮੀਤੈਂ[1] ॥੧੨੩॥ [1]ਮਿੱਤ੍ਰ ਬਣ ਕੇ।
ਅਰ ਜਾਗੀਰ ਕਾਨ੍ਹ ਸਿੰਘ ਕੀ ਸੈਂ,
ਨੌਂ ਹਜ਼ਾਰ ਕੀ ਪਾਈ।
ਸਹਿਸ ਸਤਾਰਾਂ ਕੀ ਆਮਦਨੀ,
ਕਰੀ ਜ਼ਮੀਨ ਬਢਾਈ।
ਪੈ ਇਹੁ ਕਾਲ ਬਿਸਾਲ ਬਲੀ ਹੈ,
ਸਭਿ ਕੇ ਸਿਰ ਪਰ ਭਾਰੀ।
ਉੱਨੀ ਸੌ ਪੈਂਤਾਲੀ ਮਾਂਹੈਂ,
ਸੋ ਭੀ ਗਯੋ ਸਿਧਾਰੀ ॥੧੨੪॥
ਅਬਿ ਬਲਵੰਤ ਸਿੰਘ ਲੌ ਬੇਟੇ,
ਹੈਂ ਤਿਸ ਕੇ ਤ੍ਰੈ ਕਾਛੇ[1]। [1]ਸੁੰਦਰ।
ਗਾਥ ਅਟਾਰੀ ਵਾਲਜੋਂ ਕੀ ਇਹ,
ਕਥੀ ਗਜਾਨ ਸਿੰਘ ਆਛੇ ॥੧੨੫॥
ਕਥਾ ਮਜੀਠਾ ਵਾਲਿਓਂ ਕੀ
ਕਬਿੱਤ:
ਗਾਥ ਅਬਿ ਕਿੰਚਤੈ[1] ਸੁਨੋ ਮਜੀਠੇ ਕੀ ਸੁ ਨੀਠੇ[2], [1]ਥੋੜ੍ਹੀ ਜਿਹੀ। [2]ਚੰਗੇ, ਮਸ਼ਹੂਰ।

ਸ਼ੇਰ ਗਿੱਲ[1] ਗੋਤ ਜੱਟ ਈਠੇ[2] ਭਏ ਆਛੇ ਹੈਂ।	[1]ਗਿੱਲ ਗੋਤ ਦੀ ਇਕ ਸ਼ਾਖ। [2]ਪਿਆਰੇ।
ਚੌਦਾਂ ਸੈਂ ਛਿਯਾਨਵੇਂ ਮੈਂ ਮੱਲ੍ਹੇ ਪਿੰਡ ਹੂੰ ਤੇ ਹੱਲੇ,	
ਮੱਟੋ ਚੌਧਰੀ ਮੰਜੀਠਾ ਬਾਂਧਿਓ ਸੁਲਾਛੇ[1] ਹੈਂ।	[1]ਚੰਗੇ ਲੱਛਣਾਂ (ਚਿੰਨ੍ਹਾਂ) ਵਾਲਾ।
ਸ਼ਾਹੀ ਟਕੇ ਤਾਰਤੇ ਰਹਾਏ ਥਾਏ ਚੌਧਰੀ ਥੇ,	
ਬੈਰੀ ਸਿੰਘ ਕੌਮ ਕੇ ਭਵਾਏ ਫੇਰ ਸਾਛੇ[1] ਹੈਂ।	[1]ਫੇਰ (ਸਾਛੇ) ਪ੍ਰਤੱਖ ਹੋਏ ਹਨ।
ਸਿੰਘ ਪਕਰਾਏ ਮਰਵਾਏ ਬਹੁ ਤੁਰਕਨ ਤੈ,	
ਪਾਏ ਇਨ ਹੂੰ ਇਨਾਮ ਗਾਏ ਹਮ ਪਾਛੇ ਹੈਂ ॥੧੨੬॥	
ਆਖਰ ਨਿਹਾਰਾ ਜੌ ਸਤਾਰਾ ਭਾਰਾ ਪੰਥ ਕੇਰ,	
ਦਿਨ ਦਿਨ ਬਢਤੋ ਅਪਾਰਾ ਹਾਰਾ-ਸੱਤਰੈਂ[1]।	[1]ਅਖ਼ੀਰ ਨੂੰ ਜਦੋਂ ਵੈਰੀਆਂ ਨੂੰ ਬਹੁਤਾ ਮਾਰਨ ਵਾਲਾ ਪੰਥ ਦੇ (ਭਾਗਾਂ ਦਾ) ਭਾਰਾ ਸਿਤਾਰਾ ਦਿਨੋ ਦਿਨ ਵਧਦਾ ਦੇਖਿਆ।
ਸਜੇ ਸਿੰਘ ਤੌ ਅਪਾਰੇ ਆਇ ਥੇ ਮਜੀਠੇ ਵਾਰੇ,	
ਮਿਲਿ ਖਾਲਸੇ ਸੰਗਾਰੇ ਧਾਰੇ ਵਰ ਅੰਤਰੈਂ[1]।	[1]ਚੰਗੇ ਸ਼ਸਤ੍ਰ ਧਾਰ ਲਏ।
ਨੌਧ ਸਿੰਘ ਦਰਗਾਹਾ ਦਜਾਲ ਸਿੰਘ ਮੇਵਾ[1] ਆਹਾ[2],	[1](ਸਿੰਘ)। [2]ਸੀ।
ਉਤਮ ਮ੍ਰਿਗੇਸ ਆਦਿ ਬਿਦਤੇ ਮਹੱਤਰੈਂ[1]।	[1]ਬਹੁਤੇ ਮਸ਼ਹੂਰ ਹੋਏ।
ਸ਼ਾਮਲ ਰਹਾਏ ਸ਼ੁੱਕ੍ਰਚੱਕੀਓਂ ਕੇ, ਬਹੁ ਭਾਏ	
ਗਿਲਜੇ ਅਪਾਰ ਘਾਏ ਲਰਿ ਅਲਵੱਤਰੈਂ[1] ॥੧੨੭॥	[1]ਸ਼ੁੱਕ੍ਰਚਕੀਆਂ ਦੀ ਮਿਸਲ ਵਿੱਚ (ਸ਼ਾਮਲ) ਮਿਲੇ ਰਹੇ, (ਅਲਵੱਤ੍ਰੈਂ) ਬਿਨਾਂ ਸੰਸੇ ਤੋਂ (ਬਹੁ ਭਾਏ) ਅਨੇਕਾਂ ਢੰਗਾਂ ਨਾਲ ਲੜ ਕੇ ਬਹੁਤੇ ਗਿਲਜੇ ਮਾਰੇ।
ਦੇਸ ਏਸ ਕੇਰ ਜੌ ਨਰੇਸ[1] ਥਏ ਸਿੰਘ ਬੇਸ[2],	[1]ਰਾਜੇ। [2]ਚੰਗੇ।
ਗਾਮ ਏਨ ਭੀ ਬਿਸੇਸ[1] ਰੋਕ ਤਬਿ ਥੇ ਲਏ।	[1]ਬਹੁਤੇ।
ਸੰਧਾਵਾਲੀਏ ਅਮੀਰ ਸਿੰਘ ਜੂ ਕੀ ਬੇਟੀ,	
ਜਬਿ ਨੌਧ ਸਿੰਘ ਬਜਾਹੀ ਤੌ ਸਜੋਰ ਅਤਿਸੈਂ ਭਏ[1]।	[1]ਬਹੁਤੇ ਜ਼ੋਰ ਵਾਲੇ ਹੋ ਗਏ।
ਤਾਂ ਕੇ ਸੁਤ ਭਯੋ ਜੋ ਸੁਮੱਤਿ ਅਤਿ ਦੇਸਾ ਸਿੰਘ,	
ਦੂਰ ਬੀਨ ਪੀਨ ਭਟ ਖੀਨ ਅਰਿ ਜੈ ਕਏ[1]।	[1]ਦੂਰ ਦੀ ਸੋਚਣ ਵਾਲਾ (ਪੀਨ) ਭਾਰੀ ਸੂਰਮਾ (ਜਿਸ ਨੇ) ਦੁਸ਼ਮਣਾਂ ਨੂੰ ਮਾਰ ਕੇ ਫ਼ਤਿਹ ਕੀਤਾ।
ਏਕ ਸਾਕ ਪਾਕ ਦੁਤੀ ਲਾਯਕ ਫਾਯਕ ਲਖਿ,	
ਇੱਜ਼ਤ ਹਮੇਸ਼ ਬੇਸ ਮਾਹਾਂ ਸਿੰਘ ਹੈ ਦਏ[1] ॥੧੨੮॥	[1]ਇਕ ਤਾਂ ਪਵਿੱਤਰ ਰਿਸ਼ਤਾ ਸੀ ਦੂਜਾ (ਫਾਯਕ) ਬਹੁਤਾ ਲਾਯਕ (ਲਖਿ) ਜਾਣ ਕੇ ਮਹਾਂ ਸਿੰਘ ਹਮੇਸ਼ਾਂ (ਬੇਸ) ਚੰਗੀ ਇੱਜ਼ਤ ਭਾਵ ਮਾਣ ਦੇਂਦਾ ਸੀ।

ਲੀਓ ਜੋ ਲਹੌਰ ਮਹਾਰਾਜ ਰਣਜੀਤ ਸਿੰਘ,
ਦਿਲੋਂ ਜਾਨ ਤੈ ਮਜੀਠੇ ਵਾਰੇ ਸੰਗੀ ਥੇ ਰਹੇ।
ਫੇਰ ਜਹਾਂ ਜਹਾਂ ਪਰੇ ਜੰਗ ਅੰਗ ਦੈ ਕੈ ਲਰੇ[1], — [1]ਪੱਖ ਕਰ ਕੇ ਲੜੇ।
ਰਾਜ ਕਾਜ ਮੈਂ ਸਲਾਹਿ ਦੇਤ ਚੰਗੀ ਥੇ ਰਹੇ।
ਯਾਂਹੀ ਤੈ ਲਹੌਰ ਕੇ ਦੂਬਾਰ ਮੈਂ ਅਪਾਰ ਚਾਰੁ,
ਇੱਜ਼ਤ ਉਦਾਰ ਪਾਵਤੇ ਸੁਢੰਗੀ ਯੇ ਰਹੇ[1]। — [1]ਏਸੇ ਕਰ ਕੇ ਮ:ਰਣਜੀਤ ਸਿੰਘ ਦੇ ਦਰਬਾਰ ਵਿੱਚ (ਜੋ) ਜਿਹੜੇ ਬਹੁਤ (ਚਾਰੁ) ਸੁੰਦਰ ਤੇ ਸ੍ਰੇਸ਼ਟ ਇੱਜ਼ਤ ਚੰਗੇ ਢੰਗ ਨਾਲ ਪਾਉਂਦੇ ਰਹੇ।

ਮਹਾਰਾਜ ਕੀਓ ਕਿਲ੍ਹਾ ਕਾਂਗੜੇ ਕਾ ਫਤੇ ਜਬਿ,
ਦੀਓ ਸੌਂਪ ਦੇਸਾ ਸਿੰਘ ਤਾਂਈਂ ਅੰਗੀ ਯੇ ਲਹੇ[1] ॥੧੨੯॥ — [1]ਇਨ੍ਹਾਂ ਨੂੰ ਆਪਣਾ ਪੱਖੀ (ਸਹਾਇਕ) ਜਾਣ ਕੇ।

ਪੂਤ[1] ਦੇਸਾ ਸਿੰਘ ਕਾ ਸਪੂਤ ਲਹਿਣਾ ਸਿੰਘ ਜੋਊ, — [1]ਪਵਿੱਤਰ।
ਥਯੋ ਮਜ਼ਬੂਤ ਪੁਰਹੂਤ ਸੋ ਪ੍ਰਤਾਪੀਏ[1]। — [1]ਇੰਦਰ ਵਰਗਾ ਪ੍ਰਤਾਪੀ।
ਭੀਮ ਸੋ ਸੁਭੱਟ ਥੀਓ ਮਾਨੋ ਰੁਸਤਮ ਬੀਓ,
ਅਫਲਾਤੂ ਲੁਕਮਾਨ ਤੈ ਸੁਬੁਧਿ ਜਾਪੀਏ[1]। — [1]ਭੀਮਸੈਨ ਵਰਗਾ ਸੂਰਮਾ ਹੋਇਆ ਹੈ, ਮਾਨੋ ਦੂਜਾਰੁਸਤਮ ਪਹਿਲਵਾਨ ਸੀ, ਅਫ਼ਲਾਤੂਨ ਤੇ ਲੁਕਮਾਨ ਹਕੀਮ ਤੋਂ ਜ਼ਿਆਦਾ ਚੰਗੀ ਬੁੱਧੀ ਵਾਲਾ ਜਾਣੀਦਾ ਸੀ।

ਸ਼ੁੱਕਰ ਸੀ ਨੀਤਿ ਪ੍ਰੀਤਿ ਧ੍ਰਮ ਮੈਂ ਸੁਧ੍ਰਮ ਕੀ ਸੀ,
ਜੋਤ ਸਸੀ ਦੇਵ ਤੇਜ ਰਵੀ ਸੋ ਅਮਾਪੀਏ[1]। — [1]ਸ਼ੁੱਕਰ ਵਾਂਗਰਾਜਨੀਤੀ ਵਿੱਚ ਪ੍ਰੀਤੀ ਸੀ, ਧਰਮ ਵਿੱਚ (ਸੁਧਰਮ) ਯੁਧਿਸ਼ਟਰ ਵਰਗੀ ਪ੍ਰੀਤੀ ਸੀ, (ਸਸੀ-ਦੇਵ) ਚੰਦ੍ਰਮਾ ਵਰਗੀ ਜੋਤ ਤੇ (ਰਵੀ) ਸੂਰਜ ਵਰਗਾ (ਅਮਾਪੀਏ) ਬਹੁਤਾ ਤੇਜ ਸੀ।

ਤਾਂ ਕੇ ਗੁਣ ਦੇਖ ਮਹਾਰਾਜੇ ਰਣਜੀਤ ਸਿੰਘ,
ਦਯੋ ਕਈ ਲਾਖ ਕਾ ਮੁਲਕ ਤਾਂਹਿਂ ਥਾਪੀਏ[1] ॥੧੩੦॥ — [1]ਤਿਸ ਨੂੰ (ਮਾਲਕ) ਬਣਾ ਕੇ ਦੇ ਦਿੱਤਾ ਸੀ।

ਯਦੀ[1] ਉਭੈ ਭਾਈ ਲਹਿਣਾ ਸਿੰਘ ਜੂ ਕੇ ਔਰ ਭੀ ਥੇ, — [1]ਭਾਵੇਂ।
ਗੁੱਜਰ ਮ੍ਰਿਗੇਸ ਰਣਜੋਧ ਸਿੰਘ ਜਾਨੀਏ।
ਐਪਰ ਪ੍ਰਤਾਪ ਬੁੱਧੀ ਹਿੰਮਤ ਅਮਾਪ ਯਾਂ ਕੇ,
ਛਾਏ ਰਹੇ ਲੌਪੁਰ ਦੂਵਾਰ ਪੈ ਮਹਾਨੀਏ[1]। — [1]ਪਰ ਜਿਸ ਵਿੱਚ ਪ੍ਰਤਾਪ ਅਕਲ ਤੇ ਹਿੰਮਤ ਬਹੁਤੀ ਸੀ ਜਿਸ ਕਰ ਕੇ (ਉਹ ਲਹਿਣਾ ਸਿੰਘ ਜੀ) ਲਾਹੌਰ ਦਰਬਾਰ ਵਿੱਚ ਬਹੁਤਾ ਛਾਏ ਰਹੇ।

ਇਸੀ ਬਾਪ ਬੇਟੇ ਕੀ ਸਲਾਹਿ ਇਮਦਾਦ ਸੰਗ, ਭੂਪਤ ਪਹਾੜੀ ਜੀਤੇ ਮਹਾਰਾਜ ਮਾਨੀਏ। ਚੰਬਾ, ਨੂਰਪੁਰ, ਜਮਰੋਟਾ, ਕਾਂਗੜਾ, ਬਸੋਲੀ, ਸਨ-ਕੋਟ, ਜਸਵਾਲ, ਕੋਟਲਾ, ਪ੍ਰਮਾਨੀਏ[1] ॥੧੩੧॥	[1]ਠੀਕ ਜਾਣੋ।
ਸ਼ਾਹਪੁਰ, ਸੀਬਾ, ਹਰੀਪੁਰ ਤੈ ਸੁਕੇਤ, ਮੰਡੀ, ਕੁੱਲੂ ਤੈ ਗੁਲੇਰ, ਜੰਮੂ ਆਦਿਕੈਂ ਅਪਾਰੇ ਹੈਂ। ਸਭਿ ਹੀ ਪਹਾੜਨ ਕੇ ਹਾਕਮ ਰਹਾਏ ਵੈਹੈਂ[1],	[1]ਉਹ।
ਥੇ ਜਗੀਰ ਤੱਲਕੇ ਇਨੋ ਪੈ ਏਹੈ ਭਾਰੇ ਹੈਂ[1]।	[1]ਇਨ੍ਹਾਂ ਕੋਲ ਇਹੋ ਹੀ ਜਾਗੀਰ ਦੇ ਭਾਰੀ (ਤੱਲਕੇ) ਇਲਾਕੇ ਸਨ।
ਅੱਬਲ ਮਜੀਠਾ ਤੈ ਤਲੋਕ ਨਾਥ, ਬਾਘੇਵਾਲਾ, ਕਾਂਗੜਾ ਹਰੀ-ਕੇ, ਖੁਦ-ਪੁਰ, ਬਾਗ ਵਾਰੇ[1] ਹੈਂ।	[1]ਬਾਗਾਂ ਵਾਲੇ।
ਭਾਵਲ, ਭਗੋਲ, ਬਾਦ-ਯਾਮਨਾ, ਸ਼ੁਕਲ ਗੜ੍ਹ, ਨੰਗਲੀ, ਨੁਸ਼ੈਹਰਾ ਦੋਇ ਲਾਖ ਕੇਰ ਸਾਰੇ ਹੈਂ ॥੧੩੨॥	
ਦੇਸਾ ਸਿੰਘ ਗੁਰਦ੍ਵਾਰੇ ਸੂਬਰਾਹਿ ਸੁਧਾਸਰ, ਹਾਕਮ ਰਹਾਯੋ ਵਾਹਿ ਮਏ ਪ੍ਰਬਤਾਨ ਕੇ[1]।	[1]ਦੇਸਾ ਸਿੰਘ ਅੰਮ੍ਰਿਤਸਰ ਦੇ ਗੁਰਦੁਆਰੇ ਸ੍ਰੀ ਹਰਿਮੰਦਰ ਸਾਹਿਬ ਦਾ (ਸੂਬਰਾਹ) ਮੁੱਖ ਪ੍ਰਬੰਧਕ (ਮੈਨੇਜਰ) ਤੇ (ਮਏ) ਸਣੇ ਪਹਾੜਾਂ ਦੇ ਹਾਕਮ ਰਿਹਾ।
ਸਾਤ ਲਾਖ ਕਾ ਅਜਾਰੇ[1] ਮੁਲਕ ਰਖਾਯੋ ਔਰ,	[1]ਠੇਕੇ ਤੇ।
ਜੰਗੀ ਫੌਜ ਰਹੀ ਤਾਬੇ ਸਹਿਸ ਕਿਤਾਨ ਕੇ[1]।	[1]ਕਿਤਨੇ ਹਜ਼ਾਰ।
ਦੈ ਕਰਿ ਸਲਾਹਿ ਮੁਲਤਾਨ ਕਾਸ਼ਮੀਰ, ਫਤੇ ਕਰਵਾਈ ਤਿੱਬੀਆਂ ਲੌ[1], ਸੰਗ ਮੈਂ ਰਹਾਨ ਕੇ[2]।	[1]ਤਿੱਬਤੀਆਂ (ਦੇ ਇਲਾਕੇ) ਤੱਕ। [2]ਨਾਲਰਹਿ ਕੇ।
ਕੋਹਨ ਕੀ[1] ਚੋਟੀਓਂ ਪੈ ਚਮੜੇ ਕੀ ਤੋਪੈਂ, ਲਹਿਣੇ ਸਿੰਘ ਨੈ ਬਨਾਇ ਖੁਦ ਹੀ ਚਲਾਈ ਜਾਨ ਕੇ ॥੧੩੩॥	[1]ਪਹਾੜਾਂ ਦੀਆਂ।
ਔਰ ਬਹੁ ਸ਼ਕਲ ਕੀ ਕਲਾਰਚਿ[1] ਅਕਲ ਸੈਂ, ਬਡੇ ਬਡੇ ਕਾਮ ਕਰਿ ਏਨ ਦਿਖਰਾਏ ਹੈਂ। ਸੰਮਤ ਅਠਾਰਾਂ ਸੌ ਉਣਾਨਵੇਂ ਮੈਂ ਦੇਸਾ ਸਿੰਘ,	[1]ਬਹੁਤ ਤਰ੍ਹਾਂ ਦੀਆਂ (ਕਲਾ) ਮਸ਼ੀਨਾਂ ਬਣਾ ਕੇ।
ਸੁਰਪੁਰ ਗਯੋ ਤਾਂਹਿ ਠੌਰ ਏਹੁ ਥਾਏ ਹੈਂ[1]। ਆਕਲ ਦਲਾਯਲ ਆਲਮ ਦੂਰਬੀਨ ਏਹੈਂ,	[1]ਇਹ ਲਹਿਣਾ ਸਿੰਘ ਹੋ ਗਏ ਸਨ।

ਹਰ ਏਕ ਫਨ ਮੈਂ ਮਾਹਰ ਬਿਦਤਾਏ ਹੈਂ[1]।

[1]ਇਹ (ਲਹਿਣਾ ਸਿੰਘ) ਅਕਲ ਵਾਲੇ, ਦਲੀਲ ਨਾਲ ਗੱਲ ਕਰਨ ਵਾਲੇ, ਵਿਦਵਾਨ, ਦੂਰ ਦੀ ਸੋਚਣ ਵਾਲੇ ਸਨ, ਹਰ ਇਕ ਹੁੰਨਰ ਵਿੱਚ (ਮਾਹਰ) ਉਸਤਾਦ ਤੇ ਮਸ਼ਹੂਰ ਸਨ।

ਸ਼ਮਸੁੱਲ-ਦੌਲਾ ਕੋ ਖਤਾਬ ਪਾਯੋ ਯਾਂਹਿ ਬਡ,
ਯਾ ਨੇ ਤੇਗ ਰਜਾਸਤ ਕੀ ਅਰਥ ਦਿਖਾਏ ਹੈਂ[1] ॥ ੧੩੪ ॥

[1]ਇਸ ਨੇ ਜਗਤ ਦਾ ਸੂਰਜ ਹੋਣ ਦਾ ਵੱਡਾ ਖ਼ਿਤਾਬ (ਪਦਵੀ, ਉਪਾਧੀ, ਲਕਬ) ਪਾ ਲਿਆ, ਏਸੇ ਨੇ ਰਿਆਸਤ ਦੀ ਤਲਵਾਰ ਦੇ ਅਰਥ ਦਿਖਾਏ ਹਨ ਭਾਵ ਤੇਗ਼ ਦਾ ਧਨੀ ਸੀ।

ਮਹਾਰਾਜ ਰਣਜੀਤ ਸਿੰਘ ਪਾਛੇ, ਆਛੇ[1] ਜਬਿ
ਰਹਜੋ ਨ ਇਨਤਜਾਮ[1] ਰਜਾਸਤ ਕਾ ਠੀਕ ਹੀ।
ਕਰਿ ਕੈ ਬਹਾਨਾ ਏਹੁ ਤੀਰਥੋਂ ਕੀ ਯਾਤ੍ਰਾ ਕਾ,
ਗਯੋ ਦੇਸ ਪੂਰਬ ਮੈਂ ਰਹਜੋ ਉਤ ਨੀਕ ਹੀ[1]।
ਜਿਮੀਂਦਾਰੀ ਜਾਏਦਾਤ ਕਾਂਸ਼ੀ ਮੈਂ ਅਪਾਰੀ ਕੀਨ,
ਪੈਦਾਵਾਰੀ ਭਾਰੀ ਜਾਂ ਤੇ ਹੋਤ ਤਹਿਕੀਕ ਹੀ[1]।

[1]ਚੰਗਾ।

[1]ਪ੍ਰਬੰਧ।

[1]ਓਧਰੇ ਹੀ ਚੰਗੀ ਤਰ੍ਹਾਂ ਰਿਹਾ।

[1]ਕਾਂਸ਼ੀ ਵਿੱਚ ਜ਼ਿਮੀਂਦਾਰੀ ਜਾਇਦਾਦ ਬਹੁਤ ਬਣਾ ਲਈ ਜਿਸ ਕਰ ਕੇ ਭਾਰੀ ਪੈਦਾਵਾਰੀ ਨਿਸ਼ਚੇ ਕੀਤੀ ਹੈ।

ਅਰਥ ਧਰਮ ਕਰਿ ਸਹਸ ਅਠਾਰਾਂ ਤਾਂ ਪੈ,
ਚੌਬੀਸ ਹਜ਼ਾਰ ਕੀ ਜਗੀਰ ਰਹੀ ਥੀ ਸਹੀ[1] ॥ ੧੩੫ ॥

[1]ਤਿਸ ਪਾਸ ਅਠਾਰਾਂ ਹਜ਼ਾਰ (੧੮, ੦੦੦) ਧਰਮ ਅਰਥ ਕਰ ਕੇ ਅਤੇ ਚੌਵੀ ਹਜ਼ਾਰ (੨੪,੦੦੦) ਦੀ ਠੀਕ ਜਾਗੀਰ ਰਹੀ ਸੀ।

ਉੱਨੀ ਸੌ ਗਜਾਰਾਂ ਮਾਹਿਂ ਸੁਰਪੁਰ ਗਯੋ ਵਾਹਿ[1],
ਪਾਛੇ ਸੁਤ ਤਾਂਹਿ ਕੇ ਦਜਾਲ ਸਿੰਘ ਜੀ ਰਹੇ।
ਤਾਂਹਿ ਪੈ ਜਗੀਰ ਦਸ ਹਜ਼ਾਰ ਕੀ ਹਮੇਸ਼ ਲੀਏ,
ਜ਼ਿਮੀਂਦਾਰਾ ਪੱਚਾਸ ਹਜ਼ਾਰ ਕੇਰ ਭੀ ਅਹੇ[1]।
ਐਪਰ ਦਜਾਲ ਸਿੰਘ, ਜ਼ਿਮੀਦਾਰਾ ਜਾਏਦਾਦ
ਬੇਚ ਦੀਨੇ ਕਾਂਸੀ ਕੇਰ ਜੰਮੂਵਾਰੇ ਹੀ ਲਹੇ[1]।
ਸਰਦਾਰ ਏਹੁ ਹੈ ਉਦਾਰ ਅਤਿ ਚਾਰੁ ਸਾਰ ਗ੍ਰਾਹੀ
ਔਂ ਵਿਚਾਰ-ਸ਼ੀਲ ਸਤਵਾਦੀ ਜੀ ਵਹੇ[1] ॥ ੧੩੬ ॥

[1]ਉਹ (ਲਹਿਣਾ ਸਿੰਘ)।

[1]ਪੰਜਾਹ ਹਜ਼ਾਰ (੫੦, ੦੦੦) ਦਾ ਜ਼ਿਮੀਦਾਰਾ ਵੀ ਹੈ।

[1]ਜੰਮੂ ਵਾਲੇ ਇਲਾਕੇ ਵਿੱਚ ਹੀ ਹੋਰ ਜਾਇਦਾਦ ਲੈ ਲਈ ਹੈ।

[1]ਇਹ ਸਰਦਾਰ ਜੀ (ਅਤਿ ਚਾਰੁ) ਬਹੁਤ ਸੁੰਦਰ (ਸਾਰ-ਗ੍ਰਾਹੀ) ਤੱਤ ਦੇ ਗ੍ਰਹਿਣ ਕਰਨ ਵਾਲਾ (ਉਦਾਰ) ਦਾਤਾ ਹੈ ਅਤੇ (ਵਹੇ) ਉਹ ਵਿਚਾਰ ਸੁਭਾਵ ਵਾਲੇ ਸੱਚ ਬੋਲਣ ਵਾਲੇ ਪੁਰਖ ਹਨ।

ਸੁੰਦਰ ਸਲੱਜ ਸੂਰ ਸੁਕ੍ਰਿਤਿ ਸੁਮਤਿ ਮੂਰ,
ਸਾਹਸੀ ਸੁਹ੍ਰਿਦ ਭੂਰ ਸਾਚੋ ਸਾਵਧਾਨ ਹੈ[1]।

[1]ਸੁੰਦਰ, ਲੱਜਿਆ ਸਹਿਤ, ਸੂਰਮਾ, ਪੁੰਨ ਕਰਮ ਕਰਨ ਵਾਲਾ, ਚੰਗੀ ਮੱਤ ਦਾ (ਮੂਰ) ਮੁੱਢ, (ਸਾਹਸੀ), ਹਿੰਮਤੀ, (ਭੂਰ) ਬਹੁਤਾ (ਸੁਹ੍ਰਿਦ) ਨੇਕ ਦਿਲ, ਸੱਚਾ ਤੇ ਹੁਸ਼ਿਆਰ ਹੈ।

ਆਲਮ ਅਮੀਰ ਧੀਰੈਂ ਰੌਸ਼ਨ ਜ਼ਮੀਰ, ਸੀਰੈਂ,
ਦੇਖੀਅਤ ਬੇ ਨਜੀਰੈਂ ਜ਼ਾਹਿਰ ਜਹਾਨ ਹੈ[1]।

[1]ਵਿਦਵਾਨ, ਅਮੀਰ, ਧੀਰਜਵਾਨ, ਪ੍ਰਕਾਸ਼ ਦਿਲ ਵਾਲਾ, ਠੰਢੇ ਸੁਭਾਵ ਵਾਲਾ, ਉਪਮਾਰਹਿਤ, ਸੰਸਾਰ 'ਚ ਪਰਗਟ (ਮਸ਼ਹੂਰ) ਦੇਖੀਦਾ ਹੈ।

ਗਹਿਰੈਂ ਗੁਨੱਗ ਤੱਗ ਹਰ ਯਕ ਫਨ ਵਿੱਚ,
ਗੁਨੀਆਂ ਕੋ ਦੈ ਅਡਿੱਗ ਸਿਤਕਾਰ ਮਾਨ ਹੈ[1]।

[1]ਡੂੰਘੇ ਗੁਣਾਂ ਦਾ ਗਿਆਤਾ, ਹਰ ਇਕ (ਫਨ) ਹੁੱਨਰ ਦਾ ਵਿਸ਼ੇਸ਼ ਗਿਆਤਾ ਹੈ, ਗੁਣੀਆਂ ਨੂੰ (ਅਡਿੱਗ) ਸਦਾ ਕਾਇਮ ਰਹਿਣ ਵਾਲਾ ਮਾਣ ਸਤਿਕਾਰ ਦੇਂਦਾ ਹੈ।

ਗਜਾਨ ਸਿੰਘ ਦੈ ਅਸੀਸ ਰਾਖੈ ਤਾਂਹਿ ਜਗਦੀਸ,
ਬ੍ਰਹਮ ਗਜਾਨੀ ਅਵਨੀਸ* ਜੌ ਲੌ ਸਸਿ ਭਾਨ ਹੈ[1] ॥੧੩੭॥

[1]ਗਿਆਨ ਸਿੰਘ ਅਸੀਸ ਦਿੰਦਾ ਹੈ ਕਿ ਤਿਸ ਬ੍ਰਹਮ ਗਿਆਨੀ (ਦਜਾਲ ਸਿੰਘ) ਰਾਜੇ ਨੂੰ ਵਾਹਿਗੁਰੂ (ਉਦੋਂ ਤੱਕ ਕਾਇਮ) ਰੱਖੇ ਜਦੋਂ ਤੱਕ ਚੰਦ ਸੂਰਜ (ਦੁਨੀਆਂ ਵਿੱਚ ਕਾਇਮ) ਹਨ।
*ਦਜਾਲ ਸਿੰਘ ਦੇ ਅੱਗੋਂ ਉਲਾਦ ਨਾ ਹੋਣ ਕਰਕੇ ਉਹ ਆਪਣੇ ਰੁਪਏ ਨਾਲ ਦਜਾਲ ਸਿੰਘ ਕਾਲਜ ਤੇ ਅੰਗਰੇਜ਼ੀ ਦਾ ਅਖ਼ਬਾਰ ਟ੍ਰਿਬਯੂਨ ਆਪਣੀ ਯਾਦਗਾਰ ਵਜੋਂ ਜਾਰੀ ਕਰਵਾ ਗਿਆ ਸੀ, ਜੋ ਉਸ ਦੀਆਂ ਇਹ ਦੋ ਅਮਿੱਟ ਯਾਦਗਾਰਾਂ ਹਨ।

ਗਾਥ ਏਹੁ ਸਾਖ ਲਹਿਣਾ ਸਿੰਘ ਕੀ ਸੁਨਾਈ, ਆਗੇ
ਸੁਨੋ ਤਾਂ ਕੇ ਭਾਈ ਸਿੰਘ-ਗੁੱਜਰ ਕੀ ਨੈਕ ਹੀ[1]।

[1]ਥੋੜ੍ਹੀ ਜਿਹੀ।

ਹੁਤੋ ਵਹਿ ਸੁੰਦਰ ਅਪਾਰ[1] ਕਾਮ ਅਵਤਾਰ,

[1]ਬਹੁਤਾ।

ਚੁਸਤ ਚਲਾਕ ਚਾਰ ਮਹਾਰਾਜ ਪੈ ਸਹੀ[1]।

[1]ਠੀਕ ਮਹਾਰਾਜਾ ਰਣਜੀਤ ਸਿੰਘ ਪਾਸਰਹਿੰਦਾ ਸੀ।

ਪਠਜੋ ਕਲਕੱਤੇ ਅਲਵੱਤੇ ਜਬਿ ਲਾਟ ਪਾਸ,
ਮੇਮ ਤਾਂਹਿ ਪੈ ਮਹੱਤੇ ਮੁਸ਼ਤਾਕ ਹ੍ਵੈ ਰਹੀ[1]।

[1]ਜਦੋਂ (ਲਾਟ) ਵਾਇਸਰਾਇ ਪਾਸ (ਅਲਵੱਤੇ) ਬਿਨਾਂ ਸ਼ੱਕ ਤੋਂ ਮਹਾਰਾਜੇ ਨੇ ਇਸ ਨੂੰ ਕਲਕੱਤੇ ਭੇਜਿਆ, ਤਦੋਂ ਵਾਇਸਰਾਇ ਦੀ ਮੈਮ ਤਿਸ (ਗੁੱਜਰ ਸਿੰਘ) ਉੱਪਰ (ਮਹੱਤੇ) ਬਹੁਤੀ (ਮੁਸ਼ਤਾਕ) ਮੋਹਿਤ ਹੋ ਰਹੀ।

ਆਇ ਸੁਧਾਸਰ ਫੇਰ ਬਿਨ ਸੁਤ ਗਯੋ ਮਰ,
ਰਣਜੋਧ ਸਿੰਘ ਤ੍ਰਿਤੀ ਬੀਰ ਕੀ ਕਹੈਂ ਸਹੀ[1] ॥੧੩੮॥

[1]ਤੀਜੇ ਭਰਾਰਣਜੋਧ ਸਿੰਘ ਦੀ ਠੀਕ (ਕਥਾ) ਕਹਿੰਦੇ ਹਾਂ।

ਜਰਨੈਲ ਕਾਦਰ ਥਾ ਸਾਦਰ ਬਹਾਦਰ ਸੋ,
ਪਠਜੋ ਜੰਗ ਸਤਲੁਜ ਪਰ ਵਰ ਜਾਨ ਕੈ[1]।

[1](ਸੋ) ਉਹ (ਰਣਜੋਧ ਸਿੰਘ) ਸ਼ਕਤੀ ਵਾਲਾ (ਸਾਦਰ) ਨਿੱਡਰ ਤੇ ਬਹਾਦਰ ਜਰਨੈਲ ਸੀ, (ਵਰ) ਚੰਗਾ ਜਾਣ ਕੇ ਸਤਿਲੁਜ ਦੇ ਜੰਗ ਉੱਪਰ ਭੇਜਿਆ।

ਦਸ ਪਲਟਨ, ਰਜਮਟ[1] ਦਸ, ਸਾਠ ਤੋਪ,

[1]ਰਜਮਟ ਜਾਂ ਪਲਟਨ ਪੈਦਲ ਫ਼ੌਜ ਦਾ (ਜੱਥਾ)।

ਤਾਂ ਪੈ ਹੁਤੀ, ਲੁਦਿਹਾਨੇ ਲਰਯੋ ਬਲ ਠਾਨ ਕੈ[1]।	[1]ਜ਼ੋਰ ਲਾ ਕੇ।
ਸਰਦਾਰ ਲਾਡੂਏ ਕਾ ਸੁਭਟ ਅਜੀਤ ਸਿੰਘ,	
ਸੰਗੀ ਭਯੋ ਤਾਂਹਿ ਕੇਰ ਚੰਗੀ ਭਾਂਤਿ ਆਨ ਕੈ।	
ਆਲੀਵਾਲ, ਬਦੋਵਾਲ, ਇਨ ਹੂੰ ਅਧਿਕ ਲਰਿ,	
ਅੰਗ੍ਰੇਜ਼ ਹਰ ਕੈ[1] ਭਗਾਏ ਲੂਟੇ ਤਾਨ ਕੈ ॥੧੩੯॥	[1]ਮਾਰ ਕੇ।
ਮਸਹਰੀ ਸਾਹਿਬ[1] ਕੀ ਸੈਨ ਕੋ ਹਰਾਇ ਐਨ[2],	[1]ਇਕ ਅੰਗਰੇਜ਼ ਜਰਨੈਲ। [2]ਚੰਗੀ ਤਰ੍ਹਾਂ।
ਮਿਲੇ ਆਇ ਫੇਰ ਬਡੇ ਲਸਕਰ ਸੰਗ ਹੈਂ।	
ਛੱਕੇ ਛੁਡਵਾਏ ਖੱਟੇ ਦਾਂਤ ਅੰਗ੍ਰੇਜ਼ਨ ਕੇ	
ਕੀਨੇ[1], ਤਹਿਂ ਭੀ ਅਜੀਤ ਸਿੰਘ ਠਾਨ ਜੰਗ ਹੈਂ[2]।	[1]ਅੰਗਰੇਜ਼ਾਂ ਦੇ (ਛੱਕੇ ਛੁਡਵਾਏ) ਹੋਸ਼ ਹਵਾਸ ਟਿਕਾਣੇ ਨਾ ਰਹੇ ਤੇ (ਖੱਟੇ ਦਾਂਤ) ਦੰਦ ਖੱਟੇ ਕਰ ਦਿੱਤੇ ਭਾਵ ਅੰਗਰੇਜ਼ਾਂ 'ਚ ਫੇਰ ਜੰਗ ਕਰਨ ਦੀ ਹਿੰਮਤ ਨਾ ਰਹੀ। [2]ਜੰਗ ਕਰਕੇ।
ਤੇਜਾ ਸਿੰਘ ਲਾਲ ਸਿੰਘ ਆਦਿ ਅਫਸਰ ਧਿੰਗ[1],	[1]ਜ਼ੋਰਾਵਰ।
ਚਾਹਿਤੇ ਥੇ ਜੋ ਹਰਾਯੋ ਸਿੰਘਨ ਕੋ ਚੰਗ ਹੈਂ।	
ਆਇ ਤਿਨੈ ਆਪਨੀ ਮਿਲਾਇ ਫੌਜ ਇਨ ਕੀ ਮੈਂ,	
ਪਾਇ ਦੀਨੀ ਭਾਗ[1] ਪਾਪੀਓਂ ਨੈ ਪਾਪ ਢੰਗ ਹੈਂ[2] ॥੧੪੦॥	[1]ਭਾਜੜ। [2]ਪਾਪ ਦੇ ਢੰਗ ਨਾਲ।
ਐਪਰ ਅਜੀਤ ਸਿੰਘ ਪਾਸ ਭੀ ਅਭੀਤ[1] ਸਿੰਘ	[1]ਨਿੱਡਰ।
ਦੋਇਕ ਸੌ, ਬੀਸ ਤੋਪ ਰਹੇ ਲਰਯੋ ਸੋ ਅਤੈਂ[1]।	[1]ਉਹ ਅੰਤ ਤੱਕ ਲੜਦਾ ਰਿਹਾ।
ਬੱਤੀ ਦੇਤ ਰਹਯੋ ਖੁਦ ਬੀਸ ਤੋਪ ਕੌ ਸ-ਮੁਦ[1],	[1]ਵੀਹਾਂ ਤੋਪਾਂ ਨੂੰ (ਸਮੁਦ) ਅਨੰਦ ਨਾਲ (ਖੁਦ) ਆਪ ਹੀ ਬੱਤੀ ਭਾਵ ਅੱਗ ਦੇਂਦਾ ਰਿਹਾ।
ਮਾਰ ਕੈ ਅਪਾਰ ਅਰਿ ਭਾ ਸ਼ਹੀਦ ਸੋ ਤਤੈਂ[1]।	[1]ਉਹ ਓਥੇ ਹੀ।
ਜੰਗ ਬਾਦ ਰਣਜੋਧ ਸਿੰਘ, ਲਵਪੁਰ ਕਾ	
ਅਦਾਲਤੀ ਰਹਾਯੋ[1], ਪੈ ਕਮਾਯੋ ਮੰਦ ਯੇ ਮਤੈਂ[2]।	[1]ਸਜ ਰਿਹਾ। [2]ਇਹ ਮਾੜੀ (ਮਤੈਂ) ਸਲਾਹ (ਕਮਾਯੋ) ਕੀਤੀ ਭਾਵ ਇਹ ਮਾੜਾ ਕੰਮ ਕੀਤਾ।
ਤੋਪ ਛੈ, ਜੰਮੂਰੇ ਸਾਠ, ਘਰ ਮੈਂ ਦਬਾਏ,	
ਮੁਖਬਰ ਨਿਕਲਾਏ, ਖੋਈ ਹੈ ਜਗੀਰ ਯਾ ਖਤੈਂ[1] ॥੧੪੧॥	[1]ਛੇ ਤੋਪਾਂ ਸੱਠ ਛੋਟੀਆਂ ਤੋਪਾਂ ਘਰ ਵਿੱਚ ਦਬਾ ਛੱਡੀਆਂ (ਮੁਖਬਰ) ਚੁਗ਼ਲ ਨੇ ਕਢਵਾ ਦਿੱਤੀਆਂ, ਇਸੇ (ਖਤੈਂ) ਕਸੂਰ ਵਿੱਚ ਜਾਗੀਰ ਗਵਾ ਲਈ।

ਦੋਹਰਾ:

ਸਹਸ ਅਠਾਰਾਂ ਕੀ ਭਈ,
ਤਾਂ ਕੀ ਜਬਤ ਜਗੀਰ।
ਤੀਨ ਸਹਿਸ ਪਿਨਸ਼ਨ ਥਈ,

ਮਰਜੋ ਜਬੈ ਵਹਿ ਧੀਰ ॥੧੪੨॥
ਪੂਤ ਗਜਿੰਦ੍ਰ ਸਿੰਘ ਹੈ,
ਤਿਸ ਕਾ ਅਬਿ ਭਲ ਹੇਰ।
ਚਾਰ ਸਹਸ ਕੀ ਆਮਦਨਿ,
ਹੈ ਜਿਮੀਦਾਰੇ ਕੇਰ ॥੧੪੩॥

ਸੋਰਠਾ:
ਖਾਨਦਾਨ ਕੀ ਗਾਥ,
ਨੌਥ ਸਿੰਘ ਕੇ, ਕਹੀ ਇਹੁ।
ਔਰ ਕਹੋਂ ਹਿਤ ਸਾਥ,
ਤੇਗੁ ਸਿੰਘ ਕੀ ਸੁਨੋ ਅਬਿ ॥੧੪੪॥

ਚੌਪਈ:
ਇੱਜ਼ਤ ਸਿੰਘ ਸਹਿਜ ਸਿੰਘ ਜਾਨੋ।
ਥੇ ਮੰਨਾ ਸਿੰਘ ਕੇ ਸੁਤ ਮਾਨੋ।
ਬੀਰ ਬਾਂਕੁਰੇ ਬਲੀ ਬਿਸਾਲੈਂ।
ਹ੍ਵੈ, ਇਨਰੋ ਕਜੋ ਮੁਲਕ ਕਮਾਲੈਂ[1] ॥੧੪੫॥

[1]ਸੁੰਦਰ ਸੂਰਮੇਂ ਤੇ ਬਹੁਤੇ ਬਲੀ ਹੋ ਕੇ ਇਨ੍ਹਾਂ ਨੇ (ਕਮਾਲੈਂ) ਬਹੁਤਾ ਮੁਲਕਰੋਕ ਲਿਆ।

ਸਹਿਜ ਸਿੰਘ ਕੇ ਸੁਤ ਸਿੰਘ ਉੱਤਮ।
ਦੇਸ ਵੇਸ[1] ਫਿਰ ਲੀਓ ਸੁੱਤਮ[2]।
ਜੇਹਲਮ ਪਾਰ ਹੁਤੋ ਇਕ ਲਖ ਕਾ।
ਕਿਲ੍ਹੇ ਰੋਹਟੇ ਨੈਲੇ ਸਖ ਕਾ[1] ॥੧੪੬॥
ਬਿਨ ਔਲਾਦ ਜਬੈ ਵਹਿ ਮਰਿਓ।
ਮੁਲਕ ਮਾਲ ਮਹਾਰਾਜੈਂ ਹਰਿਓ[1]।
ਇੱਜ਼ਤ ਸਿੰਘ ਕੇ ਪੂਤ ਅਤਰ ਸਿੰਘ।
ਪਾਸ ਅਠਾਈ ਸਹਸ ਕੇਰ ਧਿੰਗ[1] ॥੧੪੭॥
ਗੰਜੇ-ਮਹਿਲ ਸੱਯਦ-ਕਸੇਰੈਂ।
ਏਹੁ ਇਲਾਕੇ ਹੁਤੇ ਬਧੇਰੈਂ।
ਮੁਲਕ ਹਜਾਰੇ ਹਾਕਮ ਰਹਿ ਕੈ।
ਕਰੇ ਕਾਮ ਇਨ ਬਹੁ ਭਲ ਚਹਿ ਕੈ[1] ॥੧੪੮॥
ਜਬਿ ਵਹਿ ਮਰਜੋ ਸੁਰਤ ਸਿੰਘ ਸੁਤ ਤਹਿਂ।
ਥਿਯ ਸਰਦਾਰ ਪਦਰ ਸਮ ਭਟ ਵਿਹ[1]।

[1]ਚੰਗਾ। [2]ਸੁੱਤੇ ਸਿੱਧ ਹੀ।

[1]ਰੋਹਟ ਦਾ ਕਿਲ੍ਹਾ, ਨੈਲੇ ਤੇ ਸਖ ਦਾ ਇਲਾਕਾ।

[1]ਜ਼ਬਤ ਕਰ ਲਿਆ।

[1]ਜ਼ੋਰਾਵਰ ਭਾਵ ਚੰਗੇ ਇਲਾਕੇ ਸਨ।

[1]ਉਤਸ਼ਾਹ ਕਰਕੇ।

[1]ਪਿਤਾ ਵਾਂਗ ਉਹ ਸੂਰਮਾ ਸਰਦਾਰ ਹੋਇਆ।

ਹਾਕਮ ਰਹਜੋ ਪਸ਼ਾਵਰ ਮਾਹੈਂ।
ਮੂਲ-ਰਾਜ ਜਬ ਥਾ ਬਿਗਰਾਹੈ[1] ॥੧੪੯॥ — [1]ਅੰਗਰੇਜ਼ਾਂ ਨਾਲ ਵਿਗੜ ਗਿਆ ਸੀ।
ਸ਼ੇਰ ਸਿੰਘ ਸੰਗ ਏਹੁ ਪਠਾਯੋ।
ਬਾਗੀ[1] ਹ੍ਵੈ ਲਸ਼ਕਰ ਬਿਗਰਾਯੋ। — [1]ਆਕੀ।
ਮੌਂਜੀ ਚੇਲੀਐਂ[1] ਫਿਰ ਬਹੁ ਲਰਜੋ। — [1]ਮੌਂਜੀ ਤੇ ਚੇਲੀਐਂ ਪਿੰਡਾਂ ਵਿੱਚ।
ਇਕ ਜਰਨੈਲ ਏਨ ਖੁਦ ਹਰਿਓ[1] ॥੧੫੦॥ — [1]ਇਸ ਨੇ ਆਪ ਮਾਰਿਆ।
ਬੀਸ ਲਾਖ ਇਨ ਲੁਟਜੋ ਖਜਾਨਾ।
ਅੰਗ੍ਰੇਜ਼ੀ ਥਿਯ ਸੱਤ੍ਰ ਮਹਾਨਾ[1]। — [1]ਅੰਗਰੇਜ਼ਾਂ ਦਾ ਵੱਡਾ ਦੁਸ਼ਮਣ ਹੋ ਗਿਆ।
ਫਤੇ ਪਾਇ ਗੁਜਰਾਤ ਅੰਗ੍ਰੇਜ਼ੈਂ।
ਪਕਰਜੋ ਇਹੁ ਔਰਨ ਆਮੇਜੈਂ[1] ॥੧੫੧॥ — [1]ਹੋਰਨਾਂ ਨਾਲ ਮਿਲਿਆ ਹੋਇਆ।
ਪੰਜੀ ਸਹਸ ਜਪਤ ਜਾਗੀਰੈਂ।
ਭੇਜਜੋ ਕਾਂਸੀ ਕਰਿ ਤਾਗੀਰੈਂ[1]। — [1]ਕੈਦ ਕਰਕੇ।
ਸਵਾ ਸੱਤ ਸੌ ਪਿਨਸ਼ਨ ਲਾਈ।
ਥਯੋ ਗਦਰ ਜਬਿ ਚੌਦਾਂ ਆਈ[1] ॥੧੫੨॥ — [1]ਜਦੋਂ ਆ ਕੇ ੧੯੧੪ ਬਿ: ਦਾ ਗ਼ਦਰ (ਹੱਲਾ ਗੁੱਲਾ) ਹੋਇਆ।

ਬਾਗੀ ਰਜਮਟ ਸੈਂਤੀ ਲੰਬਰ।
ਕਾਂਸੀ ਲੁਟਨ ਅਈ ਕਸਿ ਕੰਮਰ[1]। — [1]ਕਮਰ ਕਸ ਕੇ ਭਾਵ ਤਿਆਰ ਬਰਤਿਆਰ ਹੋ ਕੇ।
ਤਬਿ ਸੁਰਤ ਸਿੰਘ, ਸਿੰਘ ਗੁਲਾਬੈਂ।
ਮੇਲਿ ਪੰਜਾਬੀ ਔਰ ਸ਼ਿਤਾਬੈਂ[1] ॥੧੫੩॥ — [1]ਹੋਰ ਪੰਜਾਬੀ (ਸਿੱਖ) ਛੇਤੀ ਇਕੱਠੇ ਕਰਕੇ।
ਕਰੀ ਖੈਰ-ਖ੍ਵਾਹੀ ਸਰਕਾਰੀ[1]। — [1]ਸਰਕਾਰ ਦੀ (ਖੈਰ-ਖ੍ਵਾਹੀ) ਸਹਾਇਤਾ ਕੀਤੀ।
ਬਾਗੀ ਫੌਜ ਮਾਰ ਨੈਕਾਰੀ[1]। — [1]ਮਾਰ ਕੇ ਕੱਢ ਦਿੱਤੀ।
ਬੀਸ ਲਾਖ ਤਹਿਂ ਹੁਤੋ ਖਜਾਨਾ।
ਜਿੰਦ ਕੌਰ ਕਾ ਜਮ੍ਹਾਂ ਮਹਾਨਾ ॥੧੫੪॥
ਇਨੈ ਬਚਾਏ ਸ਼ਹਿਰ ਸਮੇਤੈਂ।
ਸਰਕਾਰੀ ਖਾਜਾਨੇ ਜੇਤੈਂ ॥੧੫੫॥
ਇਵਜ਼ ਉਸੀ ਖਿਜਮਤ ਕੇ ਯਾਂ ਕੋ[1]। — [1]ਇਸ ਨੂੰ ਉਸ ਸੇਵਾ ਦੇ ਬਦਲੇ।
ਮਿਲਜੋ ਜ਼ਿਮੀਦਾਰਾ ਬਡ ਬਾਂਕੋ[1]। — [1]ਵੱਡਾ ਸੁੰਦਰ।
ਦਸ ਹਜ਼ਾਰ ਕਾ ਗੋਡੇ ਮਾਹੈਂ[1]। — [1]ਗੋਡੇ ਦੇ ਇਲਾਕੇ ਵਿੱਚ।
ਅਰ ਜਗੀਰ ਪੰਜ ਸਹਿਸ ਇਹਾਂ ਹੈ।
ਮਿਲੀ ਮਜੀਠੇ ਦਈ ਸੂਕਾਰੈਂ।

ਥਯੋ ਮੁਜਸਟਰੇਟ ਪੁਨ ਭਾਰੈਂ[1]। [1]ਫੇਰ ਵੱਡਾ ਜੱਜ ਹੋਇਆ।
ਉੱਨੀ ਸੌ ਇਕਤਾਲੀ ਮਾਹੈਂ।
ਮਰਜੋ ਮਜੀਠੇ ਰਹਿ ਜਬਿ ਵਾਹੈ[1] ॥੧੫੬॥ [1]ਉਥੇ ਮਜੀਠੇ ਵਿੱਚ ਹੀ।
ਅਬਿ ਉਸ ਕੇ ਜੁਗ ਬੇਟੇ ਨੀਕੇ।
ਮਾਲਕ ਹੈਂ ਜਗੀਰ ਪਰ ਠੀਕੇ।
ਜਿਮੀਂਦਾਰਾ ਭੀ ਹੈ ਉਨ ਪਾਸੈਂ।
ਰਹਿਤ ਮਜੀਠੇ ਮੈਂ ਬਹੁ ਖਾਸੈਂ[1] ॥੧੫੭॥ [1]ਆਪ ਬਹੁਤਾ ਮਜੀਠੇ ਵਿੱਚ ਹੀ ਰਹਿੰਦੇ ਹਨ।

ਦੋਹਰਾ:

ਦਰਗਾਹੇ ਸਿੰਘ ਕਾ ਭਯੋ,
ਪੂਤ ਅਮਰ ਸਿੰਘ ਜੋਇ।
ਇਸ ਸਮ ਤੀਰੰਦਾਜ਼[1] ਕੋ, [1]ਇਸ ਵਰਗਾ ਤੀਰ ਦਾ ਨਿਸ਼ਾਨਾ ਫੁੰਡਣ ਵਾਲਾ।
ਭਯੋ ਨ ਆਗੇ ਹੋਇ ॥੧੫੮॥

ਚੌਪਈ:

ਸ਼ਾਮਲ ਸ਼ੁੱਕ੍ਰਚੱਕੀਅਨ ਰੈ ਕੈ[1]। [1]ਰਹਿ ਕੇ।
ਦਰਗਾਹੇ ਸਿੰਘ ਮੁਲਕ ਦਬੈ ਕੈ।
ਪ੍ਰਗਨਾਤ[1] ਧੰਨੀ, ਪੁਰਸੈਂਦਾ। [1]ਪਰਗਣੇ, ਇਲਾਕੇ।
ਕੋਟ-ਨੈਣੇ ਲੌ ਲਹਯੋ ਤਹੈਦਾ[1] ॥੧੫੯॥ [1]ਤਹਤ (ਕਬਜ਼ੇ) 'ਚ ਕਰ ਲਿਆ।
ਅਮਰ ਸਿੰਘ ਤਿਸ ਕਾ ਸੁਤ ਪਾਛੇ।
ਮਾਲਕ ਭਯੋ ਮੁਲਕ ਕਾ ਆਛੇ।
ਮਹਾਰਾਜ ਛੀਨਨ ਜਬਿ ਚਾਹਾ[1]। [1]ਖੋਹਣਾ ਚਾਹਿਆ।
ਕਿਯ ਮੁਕਾਬਲਾ ਉਨ ਬਡ ਤਾਹਾ[1] ॥੧੬੦॥ [1]ਤਿਸ ਮਹਾਰਾਜੇ ਦਾ।
ਤੀਰੰਦਾਜ਼[1] ਹੁਤੋ ਵਹਿ ਭਾਰੀ। [1]ਤੀਰ ਦਾ ਨਿਸ਼ਾਨਾ ਫੁੰਡਣ ਵਾਲਾ।
ਪਾਂਚ ਤਵਜੋਂ ਮੈਂ ਦੇਤ ਨਿਕਾਰੀ।
ਬਹੁ ਮੋਟੇ ਬ੍ਰਿੱਛਨ ਕੇ ਮੈਂ ਸੈਂ[1]। [1]ਵਿੱਚ ਦੀ।
ਕਢਤੋ ਤੀਰ ਸੁਕੇ ਵਹਿ ਤੈਸੈਂ[1] ॥੧੬੧॥ [1]ਤਿਹੋ ਜਿਹੇ, ਉਹੋ ਜਿਹੇ।
ਅਰ ਇਕ ਬਕਰਾ ਘੀ ਤ੍ਰੈ ਸੇਰੈਂ।
ਨਿਤ ਪ੍ਰਤਿ ਕਰਤੋ ਹਜ਼ਮ ਬਧੇਰੈਂ।
ਮਹਾਰਾਜ ਸੁਨਿ ਤਿਹ ਬਹਾਦਰੀ।
ਕੀਨੋ ਤਿਸ ਸੋਂ ਮੇਲ ਸਾਦਰੀ[1] ॥੧੬੨॥ [1]ਸਤਿਕਾਰ ਨਾਲ।
ਨਿਜ ਦਰਵਾਰ ਮਾਂਹਿ ਤਿਸ ਤਾਂਈਂ।

ਦੈ ਇੱਜ਼ਤ ਬਡ ਰਖਜੋ ਸਦਾਈ।
ਕਈ ਬਾਰ ਤਿਹ ਤੀਰ ਪ੍ਰਤਜਾਏ।
ਬ੍ਰਿੱਛਨ ਤਵਜੋਂ ਮੈਂ ਨਿਕਸਾਏ ॥੧੬੩॥
ਅਰ ਇਕ ਤਿਸ ਹੀ ਕੀ ਥੀ ਗੋਲੀ।
ਪਹਿਰ ਨੱਥ ਸੋ ਥਿਰਤ[1] ਅਡੋਲੀ। — [1]ਖੜ੍ਹੋ ਜਾਂਦੀ।
ਤਿਸ ਕੀ ਨਾਥ ਮਾਂਹਿ ਸੈਂ ਕਾਢੈ।
ਮਹਾਰਾਜ ਪਿਖਿ ਖੁਸ਼ਿ ਹ੍ਵੈ ਗਾਢੈਂ[1] ॥੧੬੪॥ — [1]ਬਹੁਤੇ।
ਸੂਰਬੀਰ ਲਾਸਾਨੀ[1] ਬਲੀ। — [1]ਅਦੁਤੀ।
ਹੁਤੋ ਮਰਦ[1] ਸੋ ਸਭਿ ਬਿਧਿ ਭਲੀ। — [1]ਬਹਾਦਰ।
ਮੁਲਕ ਪਠਾਨੋ ਕਾ ਬਹੁਤਾਯੋ[1]। — [1]ਬਹੁਤਾ।
ਮਿਲਿ ਨਲੂਏ ਸੈਂ ਤਾਂਹਿ ਛੁਡਾਯੋ ॥੧੬੫॥
ਅਬਿ ਲੌਂ ਯੂਸਫ ਜ਼ਈ[1] ਪਠਾਨੂ। — [1]ਪਠਾਣਾਂ ਦੀ ਇਕ ਜ਼ਾਤ।
ਮੰਨਤ ਅਮਰ ਸਿੰਘ ਕੀ ਆਨੂ[1]। — [1]ਈਨ, ਦਬਦਬਾ।
ਤੀਰ ਦਰਖਤੋਂ ਮੈਂ ਜੁ ਨਿਕਾਰੇ।
ਹੈਂ ਅਬਿ ਲੌਂ ਸੋ ਤਹਾਂ ਅਪਾਰੇ ॥੧੬੬॥
ਰਖੇ ਪਠਾਨੈ ਸਾਥ ਹਿਫਾਜ਼ੈਂ[1]। — [1]ਸੰਭਾਲ ਕਰਕੇ।
ਯਾਦਗਾਰ ਸਿੰਘ ਕੀ ਦਿਖਰਾਜੈ[1]। — [1]ਦਿਖਾਉਂਦੇ ਹਨ।
ਤਹਿਂ ਅੰਗ੍ਰੇਜ਼ ਜਾਤ ਜਬਿ ਕੋਈ।
ਦੇਖ ਆਇ ਕਹਿ ਸਾਚੇ ਸੋਈ[1] ॥੧੬੭॥ — [1]ਕਹਿੰਦਾ ਹੈ ਕਿ ਉਹ ਸੱਚੀ ਗੱਲ ਹੈ।
ਅਮਰ ਸਿੰਘ ਗੁਜਰੇ ਕੇ ਪਾਛੇ।
ਕਾਨ੍ਹ ਸਿੰਘ ਸੁਤ ਤਾਂ ਕਾ ਆਛੇ।
ਮਾਲਕ ਮੁਲਕ ਬਾਪ ਸਮਰਹਾ।
ਅਹੁਦਾ ਜਰਨੈਲੀ ਉਨ ਲਹਾ ॥੧੬੮॥
ਸ਼ਾਹੀ ਜਬਿ ਅੰਗ੍ਰੇਜ਼ੀ ਥਾਈ।
ਚਾਰ ਹਜ਼ਾਰ ਜਗੀਰ ਰਹਾਈ।
ਏਤਿਕ ਹੀ ਪਿਨਸ਼ਨ ਉਨ ਪਾਈ।
ਰਹਜੋ ਮਜੀਠੇ ਮਾਂਹਿ ਸਦਾਈ ॥੧੬੯॥
ਜੁਗ ਫੀਲਨ[1] ਗਲ ਪਾਇ ਪੰਜਾਲੀ। — [1]ਦੋ ਹਾਥੀਆਂ ਦੇ।
ਬੀਸਲ ਹਲ ਚਲਵਏ ਬਿਸਾਲੀ।
ਇਕ ਬਡ ਚੌੜਾ ਕੂਪ[1] ਬਨਾ ਕੈ। — [1]ਖੂਹ।

ਹਰਟ ਘੜਜੋਂ ਕਾ ਤਿਮ ਬਡ ਲਾ ਕੈ ॥੧੭੦॥
ਹਾਥੀ ਜੋੜਿ ਬਾਗ ਸਿੰਚਵਾਯੋ।
ਕਾਮ ਏਹੁ ਮਸ਼ਹੂਰ ਕਮਾਯੋ[1]। [1]ਕੀਤਾ।
ਉੱਨੀ ਸੌ ਬਾਰਾਂ ਮੈਂ ਮਰਿਓ।
ਬਿਨ ਔਲਾਦ ਬਾਦ[1] ਘਰ ਕਰਿਓ ॥੧੭੧॥ [1]ਬਿਅਰਥ, ਖ਼ਾਲੀ।
ਜਬਤ ਜਗੀਰ ਥਈ ਸਰਕਾਰੈਂ।
ਏਕ ਹਜ਼ਾਰ ਮਿਲਜੋ ਤਿਸ ਨਾਰੈਂ ॥੧੭੨॥
ਦੋਹਰਾ:
ਦਰਗਾਹਾ ਸਿੰਘ ਕੀ ਕਹੀ,
ਮੰਨਾ ਸਿੰਘ ਕੀ ਔਰ।
ਸੁਨੋ ਤਨਕ ਹੀ[1] ਕਹਿ ਹੌਂ, [1]ਥੋੜ੍ਹੀ ਹੀ (ਕਥਾ)।
ਗ੍ਰੰਥ ਬਢਨ ਡਰ ਗੌਰ[1] ॥੧੭੩॥ [1]ਬਹੁਤਾ ਹੈ।
ਚੌਪਈ:
ਮੰਨਾ ਸਿੰਘ ਮਜੀਠੇ ਵਾਰਾ।
ਰਹਜੋ ਪੰਥ ਕੇ ਸਦਾ ਸੰਗਾਰਾ।
ਸ਼ੁੱਕ੍ਰਚੱਕੀਆਂ ਸੰਗ ਰਹਾਯੋ।
ਮੁਲਕ ਹਜ਼ਾਰ ਚਾਰ ਕਾ ਪਾਯੋ ॥੧੭੪॥
ਢਿੱਲਮਾਂ ਵਾਲੀ, ਸਹਿਸ੍ਰ, ਜੱਦਾ।
ਪ੍ਰਗਨੇ[1] ਗੁਜਰਾਂਵਾਲੇ ਲੱਧਾ[2]। [1]ਇਲਾਕੇ। [2]ਲੱਭੇ।
ਮਹਾਰਾਜ ਕੇ ਸੰਗ ਹਮੇਸ਼ੈਂ।
ਰਹਿ ਕਰਿ ਸੱਤ੍ਰੂ ਜਿਤੇ ਬਿਸੇਸੈਂ[1] ॥੧੭੫॥ [1]ਬਹੁਤੇ।
ਤੇਜਾ ਸਿੰਘ ਦਸੌਂਧਾ-ਹਰੀ।
ਸੁਤ ਤਿਸ ਕੇਰ ਰਹੇ ਬਿਧਿ ਖਰੀ[1]। [1]ਚੰਗੀ ਤਰ੍ਹਾਂ।
ਪੌਤ੍ਰ ਅਮਰ ਸਿੰਘ ਬਿਦਤਾਯੋ।
ਤੀਰੰਦਾਜ਼ ਬਲੀ ਭਟ ਭਾਯੋ[1] ॥੧੭੬॥ [1]ਚੰਗਾ ਸੂਰਮਾ।
ਫਿਰ ਤੋ ਅਧਕ ਜਗੀਰੈਂ ਥਾਈ[1]। [1]ਫੇਰ ਤਾਂ ਬਹੁਤ ਜਗੀਰਾਂ ਹੋ ਗਈਆਂ।
ਹਤੇ[1] ਪਠਾਨ ਫਤੇ ਬਡ ਪਾਈ। [1]ਮਾਰੇ।
ਅਮਰ ਸਿੰਘ ਕੇ ਸੁਤ ਭਏ ਪਾਂਚ।
ਸਿੰਘ ਮਤਾਬ ਗੁਰਦਿੱਤ ਸਿੰਘ ਸਾਚ[1] ॥੧੭੭॥ [1]ਸੱਚੇ।
ਮਿਤ ਸਿੰਘ ਕਾਨ੍ਹ ਸਿੰਘ ਹਰਦਿਤੈਂ[1]। [1]ਹਰਦਿੱਤ ਸਿੰਘ।

ਭਏ ਜਰਨੈਲ ਕਰਨੈਲ ਅਮਿੱਤੈਂ[1]।
[1]ਵੱਡੇ।

ਕਾਮ ਬਡੇ ਬਡ[1] ਇਨਹੂੰ ਕੀਏ।
[1]ਵੱਡਿਆਂ ਤੋਂ ਵੱਡੇ।

ਖੈਰ-ਖ੍ਵਾਹ[1] ਸਰਕਾਰ ਰਹੀਏ ॥੧੭੮॥
[1]ਸ਼ੁਭਚਿੰਤਕ, ਵਫ਼ਾਦਾਰ, ਸਹਾਇਕ।

ਕਾਯਮ ਰਹੀ ਜਗੀਰੈਂ ਯਾਂ ਤੈ।
ਬਿਨ ਸੰਤਤਿ ਜਗਿ ਥੀਏ ਹਾਤੈਂ।
ਗੁਰਦਿਤ ਸਿੰਘ ਮਤਾਬ ਸਿੰਘ ਦੋਈ[1]।
[1]ਗੁਰਦਿੱਤ ਸਿੰਘ ਤੇ ਮਤਾਬ ਸਿੰਘ ਦੋਵੇਂ (ਜਦੋਂ) ਬਿਨਾਂ ਉਲਾਦ ਤੋਂ ਜਗਤ ਵਿੱਚ ਮਰ ਗਏ।

ਸਭੈ ਜਪਤ ਜਾਗੀਰੈਂ ਹੋਈ ॥੧੭੯॥
ਪਿਨਸ਼ਨ ਮਿਲੀ ਔਰਤੋਂ ਤਾਂਈਂ।
ਰਹਜੋ ਜਿਮੀਂਦਾਰਾ ਬਹੁ ਭਾਈ[1]।
[1]ਬਹੁਤ ਤਰ੍ਹਾਂ ਦਾ।

ਮਿਤ ਸਿੰਘ ਕੇ ਭਏ ਤ੍ਰੈ ਸੁਤ ਆਛੇ।
ਬਿਜੈ ਸਿੰਘ ਲੌ ਹੈਂ ਅਬਿ ਕਾਛੇ[1] ॥੧੮੦॥
[1]ਸੁੰਦਰ।

ਪਾਂਚ ਸਹਿਸ ਕੀ ਆਹਿ ਜਗੀਰੈਂ।
ਸਰਕਾਰੀ ਨੌਕਰ ਹੈਂ ਧੀਰੈਂ[1]।
[1]ਧੀਰਜਵਾਨ।

ਹਰਦਿਤ ਸਿੰਘ ਢਿਗ ਅਠ ਸੌ ਕੀ ਹੈ।
ਭੂਪ ਸਿੰਘ ਸੁਤ ਤਿਸ ਕਾ ਜੀ ਹੈ[1] ॥੧੮੧॥
[1]ਜਿਊਂਦਾ ਹੈ।

ਕਾਨ੍ਹ ਸਿੰਘ ਪੈ ਪੰਦ੍ਰਾਂ ਸੌ ਕੀ।
ਥੀ ਜਗੀਰ ਫਿਰ ਰਹੀ ਨ ਗੌਂ ਕੀ[1]।
[1]ਪਿੰਡਾਂ ਦੀ (ਮਾਲਕੀ ਦੀ)।

ਉੱਨੀ ਸੌਂ ਪੈਂਤਾਲੀ ਮਾਂਹੈਂ।
ਲਯੋ ਅਖੀਰੀ ਤਿਨ ਭੀ ਰਾਹੈਂ[1] ॥੧੮੨॥
[1]ਪ੍ਰਲੋਕ ਦਾ ਰਾਹ ਲੈ ਲਿਆ ਭਾਵ ਮਰ ਗਿਆ।

ਸੁਤ ਇਕ ਤਿਸ ਕਾ ਆਹਿ ਵਿਚਾਰਾ।
ਜਿਮੀਂਦਾਰੇ ਪਰ ਕਰਤ ਗੁਜਾਰਾ ॥੧੮੩॥
ਦੋਹਰਾ:
ਮੰਨਾ ਸਿੰਘ ਕੀ ਕਹੀ ਇਹੁ,
ਸੁਨੋ ਦਜਾਲ ਸਿੰਘ ਕੇਰ।
ਇਹ ਭੀ ਰਹਿ ਸੰਗ ਖਾਲਸੇ,
ਸੱਤ੍ਰੂ ਹਤੇ ਬਧੇਰ[1] ॥੧੮੪॥
[1]ਬਹੁਤੇ ਵੈਰੀ ਮਾਰੇ।

ਤਲਵਾੜਾ, ਬਾਰਾਰ ਲੌਂ,
ਰੋਕੇ ਤਲਕੇ ਤਾਂਹਿ[1]।
[1]ਤਿਸ ਨੇ ਇਲਾਕੇਰੋਕ ਲਏ।

ਸਹਿਸ ਪਚਾਸਕ ਕੇ ਲਖੋ[1],
[1]ਜਾਣੋ।

ਭਏ ਪੂਤ ਜੁਗ ਜਾਂਹਿ ॥੧੮੫॥
ਪ੍ਰੇਮ ਸਿੰਘ ਬੁਧ ਸਿੰਘ ਰਹੇ,
ਮਹਾਰਾਜ ਕੇ ਪਾਸ।
ਅਨੂਪ ਸਿੰਘ ਸਰੂਪ[1] ਯੇ,
[1]ਸਰੂਪ ਸਿੰਘ।
ਪ੍ਰੇਮ ਸਿੰਘ ਕੇ ਖਾਸ ॥੧੮੬॥
ਪੂਤ ਪ੍ਰਕਾਸ਼ੇ ਸੁਭਟ ਅਤਿ[1],
[1]ਆਪਣੇ ਪੁੱਤਰ ਬਹੁਤ ਸੂਰਮੇ ਪ੍ਰਗਟ ਹੋਏ।
ਕਰੇ ਕਾਮ ਤਿਨ ਨੇਕ।
ਅਨੂਪ ਸਿੰਘ ਕੇ ਸੁਤ ਭਯੋ,
ਭਟ ਗੁਪਾਲ ਸਿੰਘ ਏਕ ॥੧੮੭॥
ਸੈਂਤਾਲੀ ਹੱਜ਼ਾਰ ਕੀ,
ਥੀ ਜਗੀਰ ਢਿਗ ਤਾਂਹਿ।
ਛੀਨ ਲਈ[1] ਮਹਾਰਾਜ ਨੈ,
[1]ਖੋਹ ਲਈ।
ਮਰਜੋ ਜਬੈ ਥਾ ਵਾਹਿ[1] ॥੧੮੮॥
[1]ਉਹ।
ਪੰਦ੍ਰਾਂ ਸੌ ਕੀ ਅਬਿ ਅਹੇ,
ਤਿਸ ਕੇ ਪੂਤਨ ਪਾਹਿ।
ਜਜੂਣ ਸਿੰਘ ਜੈ ਸਿੰਘ ਉਭੇ,
ਦਾਦੂ-ਪੁਰੇ ਰਹਾਂਹਿਂ ॥੧੮੯॥
ਪ੍ਰਗਨੇ ਚਾਲੀ ਸਹਿਸ ਕੇ,
ਮਲਕੇਰਾ, ਚਾਤੌਂੜ।
ਥੇ ਬੁਧ ਸਿੰਘ ਪੈ ਮਰੇ ਤੈ,
ਲਏ ਸ੍ਰਕਾਰ ਖਸੌਂੜ[1] ॥੧੯੦॥
[1]ਖੋਹ ਲਏ।
ਬੇਟਾ ਮੋਹਰ ਸਿੰਘ ਤਿਹ,
ਨਾਤੀ[1] ਗੰਡਾ ਸਿੰਘ।
[1]ਪੋਤ੍ਰਾ।
ਪਾਸ ਰਹੇ ਸਰਕਾਰ ਕੇ,
ਕਰਤ ਨੌਕਰੀ ਧਿੰਗ[1] ॥੧੯੧॥
[1]ਜ਼ੋਰਾਵਰ।
ਪਾਂਚ ਸਹਿਸ ਕੀ ਤਿਨੋਂ ਪੈ,
ਰਹੀ ਜਗੀਰ ਹਮੇਸ਼।
ਭੂਪ ਸਿੰਘ ਨਾਰੈਣ ਸਿੰਘ,
ਅਰ ਨਿਹਾਲ ਸਿੰਘ ਵੇਸ[1] ॥੧੯੨॥
[1]ਚੰਗੇ।
ਗੰਡਾ ਸਿੰਘ ਕੇ ਪੂਤ ਇਹੁ,

ਰਹਿਤ ਕੰਗ ਪਿੰਡ ਮਾਂਹਿ।
ਨਾਕੋਦਰ ਕੇ ਪਰਗਨੇ,
ਪੁੱਤ੍ਰ ਪੌਤ੍ਰ ਯੁਤ ਚਾਹਿ[1] ॥੧੯੩॥ — [1]ਉਤਸ਼ਾਹ ਨਾਲ।
ਅਬਿ ਜਗੀਰ ਦੁਇ ਸਹਸ ਕੀ,
ਚਾਰ ਸਹਸ ਕਾ ਔਰ।
ਹੈ ਜਿਮੀਂਦਾਰਾ ਤਿਨੋ ਪੈ,
ਆਮਦਨੀ ਤਿਸ ਠੌਰ ॥੧੯੪॥

ਚੌਪਈ:

ਖਾਨਦਾਨ ਅਬਿ ਪੰਚਮ ਸੁਨੀਏ।
ਮੇਵਾ ਸਿੰਘ ਕੇਰ ਭਲ ਗੁਨੀਏ।
ਚੜ੍ਹ ਸਿੰਘ ਮਹਾਂ ਸਿੰਘ ਸੰਗਾਰੇ।
ਰਹਿ ਇਨ ਸੱਤ੍ਰ ਅਧਿਕ ਬਿਦਾਰੇ[1] ॥੧੯੫॥ — [1]ਬਹੁਤ ਵੈਰੀ ਮਾਰੇ।
ਪ੍ਰਗਨਾ ਸਠਿਆਲਾ, ਬੋਤਾਲਾ।
ਛਜਾਲੀ ਸਹਿਸ ਕਾ ਇਨੈ ਸੰਭਾਲਾ।
ਮਹਾਰਾਜ ਕੇ ਪਾਸ ਰਹਾਯੋ।
ਜਰਨੈਲੀ ਉਹਦਾ[1] ਬਡ ਪਾਯੋ ॥੧੯੬॥ — [1]ਦਰਜਾ, ਮਰਤਬਾ।
ਟੇਕ ਸਿੰਘ ਸੁਤ ਤਾਂ ਕਾ ਪਾਛੇ।
ਰਹਜੋ ਜ੍ਰਨੈਲ ਬਨਜੋ ਬਡ ਆਛੇ।
ਕਰੇ ਜੰਗ ਇਨ ਹੂੰ ਅਰਿ ਮਾਰੇ।
ਮਹਾਰਾਜ ਖੁਸ਼ਿ ਰਖੇ ਉਦਾਰੈ ॥੧੯੭॥
ਸੁਲਤਾਨਾ ਸਿੰਘ ਸੁਤ ਫਿਰ ਤਾਂ ਕੋ।
ਤੋਪਨ ਕਾ ਜ੍ਰਨੈਲ ਥਿਯ ਬਾਕੋ।
ਕਿਸ਼ਨ ਸਿੰਘ ਭੀ ਰਹਜੋ ਮੁਸਾਹਿਬ[1]। — [1]ਅਹਿਲਕਾਰ।
ਸੋ ਮੁਲਤਾਨ ਮਰਜੋ ਕਰਿ ਆਹਿਬ[1] ॥੧੯੮॥ — [1]ਜੰਗ ਕਰਕੇ।
ਸਤਲੁਜ ਪਰ ਲਰਿ ਸਿੰਘ ਸੁਲਤਾਨਾ।
ਭਯੋ ਸ਼ਹੀਦ ਬਿਨਾ ਸੰਤਾਨਾ।
ਟੇਕ ਸਿੰਘ ਕੇ ਸੁਤ ਇਹੁ ਦੋਈ।
ਬਿਨ ਔਲਾਦ ਗਏ ਘਰ ਖੋਈ[1] ॥੧੯੯॥ — [1]ਘਰ ਗਵਾ ਗਏ।
ਸਰਬ ਜਗੀਰ ਲਈ ਸਰਕਾਰੈਂ।
ਉਨ ਕੀ ਤੀਯਨ ਪੈ[1] ਜ਼ਿਮੀਂਦਾਰੈਂ। — [1]ਇਸਤਰੀਆਂ ਪਾਸ।

ਤੀਨ ਸਹਿਸ ਕਾ ਸਦਾ ਰਹਾਯੋ।
ਮਰੀ ਤੁ ਫਿਰ ਸਬੰਧੀਐਂ ਪਾਯੋ ॥੨੦੦॥
ਹਾਲ ਮਜੀਠੇ ਵਾਰਨ ਕੇਰਾ।
ਜਥਾ ਜੋਗ ਹਮ ਨੈ ਸਭਿ ਟੇਰਾ।
ਪੰਥ ਖਾਲਸੇ ਸੰਗ ਰਹਾਏ।
ਭਏ ਨੇਕ ਯਾਂ ਤੈ ਹਮ ਗਾਏ ॥੨੦੧॥
ਗਏ ਨ ਇਹੁ ਗੁਜਰਾਤ ਜੰਗ ਮੈਂ।
ਰਹੇ ਯਾਂਹਿ ਤੈ ਬਨੇ ਰੰਗ ਮੈਂ[1]।
[1]ਅਨੰਦ ਵਿੱਚ ਬਣੇ ਰਹੇ।
ਚਲਿ ਗੁਜਰਾਤ ਜੰਗ ਜਿਨ ਕੀਆ।
ਜਬਤ ਮੁਲਕ ਸਭਿ ਉਨ ਕਾ ਥੀਆ ॥੨੦੨॥

ਸੋਰਠਾ:

ਖਾਨਦਾਨ ਜਜੋਂ ਪਾਂਚ,
ਭਏ ਮਜੀਠੇ ਕੇਰ ਇਹੁ।
ਜਾਨ ਕਦੀਮੀ ਸਾਚ,
ਗਾਥ[1] ਗਜਾਨ ਸਿੰਘ ਕਹਿ ਦਈ ॥੨੦੩॥
[1]ਪੁਰਾਣੀ ਸੱਚੀ ਕਥਾ ਜਾਣ ਕੇ।

ਕਥਾ ਮਾਨਾਂ ਵਾਲੀਓਂ ਕੀ

ਕਬਿੱਤ:

ਸਰਦਾਰ ਜੇ ਹੈਂ ਮਾਨ[1] ਮਾਨਾਂਵਾਲੀਏ ਮਹਾਨ,
[1]ਗੋਤ ਦੇ।
ਸੁਨੋ ਤਿਨ ਕਾ ਬਿਆਨ ਤਨਕ[1] ਬਖਾਨ ਹੈਂ।
[1]ਥੋੜ੍ਹਾ ਜਿਹਾ।
ਮਾਨ ਜ਼ਿਮੀਦਾਰ ਹੈਂ ਅਪਾਰ ਏਸ ਦੇਸ-ਵਾਰ[1],
[1]ਦੇਸ ਵਾਲੇ।
ਅਤਿਸੈ ਉਦਾਰ ਤੈ ਕਦੀਮ ਸਮ ਭਾਨ ਹੈਂ[1]।
[1]ਬਹੁਤ ਦਾਤੇ ਤੇ ਪੁਰਾਣੇ ਅਤੇ ਸੂਰਜ ਵਾਂਗ ਹਨ।
ਥੀਏ ਦੁਖ-ਦਾਨ ਹਿੰਦੁਵਾਨ ਕੋ ਤੁਰਕ ਜਬਿ,
ਜਬਰਨ ਲਾਗੇ ਹਾਨਿ ਕਰਨੈ ਇਮਾਨ ਹੈਂ[1]।
[1]ਜਦੋਂ ਤੁਰਕ ਹਿੰਦੂਆਂ ਨੂੰ ਦੁੱਖ ਦੇਣ ਵਾਲੇ ਹੋਏ ਤੇ ਧੱਕੇ ਨਾਲ (ਉਨ੍ਹਾਂ ਦਾ) ਧਰਮ ਨਾਸ਼ ਕਰਨ ਲੱਗੇ।
ਸਿੰਘ ਤੌਂ ਉਠਾਇ ਤਰਵਾਰ, ਰਖਵਾਰ ਥੀਏ
ਹਿੰਦੁ ਧ੍ਰਮ ਕੇ, ਨਿਹਾਰਿ ਤਿਨੈ ਯੇ ਭੀ ਮਾਨ ਹੈਂ[1] ॥੨੦੪॥
[1]ਤਦੋਂ ਸਿੰਘ ਤਲਵਾਰ ਚੁੱਕ ਕੇ ਹਿੰਦੂ ਧਰਮ ਦੇਰਾਖੇ ਹੋਏ ਤਿਨ੍ਹਾਂ (ਸਿੰਘਾਂ) ਨੂੰ ਦੇਖ ਕੇ ਇਹ ਮਾਨ (ਸਰਦਾਰ) ਵੀ।
ਤਾਰਾ ਸਿੰਘ ਨਿਜ ਸੁਤ[1] ਕ੍ਰਮ ਸਿੰਘ ਕੇ ਸਮੇਤ,
[1]ਆਪਣੇ ਪੁੱਤਰ।
ਨਾਰਲੀ ਰਹਿਨ ਵਾਰੋ ਹੁਤੋ ਭਟ ਵੇਸ ਤੈ[1]।
[1]ਉਹ ਚੰਗੇ ਸੂਰਮੇਂ ਸਨ।
ਸਿੰਘਨ ਸੰਗਾਰੇ ਮਿਲਿ ਸੱਤ੍ਰੁ ਬਿਦਾਰੇ ਇਨੈ,

ਜੰਗ ਕਰਿ ਭਾਰੇ ਥੇ ਨਿਕਾਰੇ ਤੁਕ ਦੇਸ ਤੈ।
ਸੰਗ ਭੰਗੀ ਸਰਦਾਰੈਂ ਮਿਲਿ ਇਨ ਭੀ ਉਦਾਰੈਂ,
ਜੋਰ ਤਰਵਾਰੈਂ ਮੱਲਜੋ ਮੁਲਕ ਬਿਸੇਸ ਤੈ[1]। [1]ਬਹੁਤਾ।
ਸੰਮਤ ਅਠਾਰਾਂ ਸਦ ਚਾਰ ਮਾਂਹਿ[1] ਮਾਨਾਵਾਲਾ, [1]ਸੰ: ੧੯੦੪ ਵਿੱਚ।
ਸੁਧਾਸਰ ਢਿਗ ਬੰਧਜੋ ਗਾਮ ਇਨ ਵੇਸ ਤੈ[1] ॥੨੦੫॥ [1]ਅੰਮ੍ਰਿਤਸਰ ਕੋਲ ਇਨ੍ਹਾਂ ਚੰਗਾ ਮਾਨਾ ਵਾਲਾ ਪਿੰਡ ਬੰਨ੍ਹਿਆਂ।
ਰਾਮ ਸਿੰਘ ਸ਼ਜਾਮ ਸਿੰਘ, ਸੁਭਟ ਸਪੂਤ[1] [1]ਪਵਿੱਤ੍ਰਤਾ ਸਹਿਤ।
ਮਜਬੂਤ ਕ੍ਰਮ ਸਿੰਘ ਜੂ ਕੇ ਪੂਤ[1] ਭਏ ਭਾਰੇ ਹੈਂ। [1]ਪੁੱਤਰ।
ਝੰਡਾ ਸਿੰਘ ਭੰਗੀ ਸੰਗ ਰਹਿ, ਅਰਿ ਅੰਗ ਭੰਗ
ਕਰਿ, ਏਕ ਲਾਖ ਕੇ ਇਲਾਕੇ ਹੂੰ ਸੰਭਾਰੇ ਹੈਂ।
ਲੀਨੋ ਹੈ ਮੁਲਕ ਜਬਿ ਭੰਗੀਆਂ ਕਾ ਮਹਾਰਾਜ,
ਇਨ ਕਾ ਭੀ ਲੀਨੋ ਤਬਿ ਅਧਿਕ ਛਿਨਾਰੇ ਹੈਂ[1]। [1]ਬਹੁਤਾ ਖੋਹ ਲਿਆ।
ਫੇਰ ਸ਼ਜਾਮ ਸਿੰਘ ਜੂ ਕੇ ਬੇਟੇ ਫਤੇ ਸਿੰਘ ਤਾਂਈ,
ਰਾਖਜੋ ਨਿਜ ਢਿਗ ਮਹਾਰਾਜ ਨੈ ਹਕਾਰੇ ਹੈਂ[1] ॥੨੦੬॥ [1]ਸੱਦ ਕੇ, ਬੁਲਾ ਕੇ।
ਹੁਤੋ ਏਹੁ ਨਾਦਰ[1] ਬਹਾਦਰ ਸੁਭਟ ਅਤਿ, [1]ਅਨੋਖਾ।
ਜੰਗ ਕਰਿ ਕਾਦਰ[1] ਦਿਖਾਏ ਮਹਾਰਾਜ ਕੋ। [1]ਆਪਣੀ ਸ਼ਕਤੀ ਦੇ ਚਮਤਕਾਰ।
ਆਗੇ ਹੋਇ ਕਾਂਗੜੇ ਕਾ ਛੁਡਵਾਯੋ ਏਨ ਕਿਲ੍ਹਾ,
ਚੂਣੀਆਂ ਮੈਂ ਲੜਿ ਖਾਯੋ ਜ਼ਖਮ ਦਰਾਜ ਕੋ[1]। [1]ਵੱਡਾ ਜ਼ਖ਼ਮ ਖਾਧਾ।
ਮੁਲਤਾਨ ਕਸ਼ਮੀਰ ਮਨਕੇਰਾ ਤੈ ਪਸ਼ੌਰ
ਆਦਿ, ਠੌਰ ਲਰਿ ਗੌਰ ਛੀਨਜੋ ਅਰਿ ਸਾਜ ਕੋ[1]। [1]ਬਹੁਤਾ ਲੜ ਕੇ ਵੈਰੀਆਂ ਦਾ ਸਾਮਾਨ ਖੋਹਿਆ।
ਖੁਸ਼ੀ ਹੋਇ ਮਹਾਰਾਜ, ਏਕ ਲਾਖ ਕੀ ਜਗੀਰ
ਦੀਨੀ ਏਸ ਤਾਂਈਂ, ਸ-ਖਤਾਬ ਜੰਗ-ਲਾਜ ਕੋ[1] ॥੨੦੭॥ [1]ਜੰਗ-ਲਾਜ ਦੇ ਖ਼ਿਤਾਬ ਸਣੇ।
ਤੀਸਕ ਹਜ਼ਾਰ ਕੇਰ ਗੁਜਰਾਂਵਾਲੇ ਕੇ
ਏਰ ਫੇਰ[1], ਸ਼ਾਹੀਵਾਲ, ਮਨਕੇਰਾ ਆਦਿ ਠੌਰ ਪੈ। [1]ਗੁਜਰਾਂਵਾਲੇ ਦੇ ਇਰਦ-ਗਿਰਦ।
ਹੁਤੀ ਇਨ ਕੀ ਜਗੀਰ, ਏਕ ਬੇਰ ਹ੍ਵੈ ਤਗੀਰ
ਛੀਨ ਲੀਨੀ, ਦੀਨੀ ਫੇਰ ਬੋਲ ਕੈ ਸੁ ਗੌਰ ਪੈ[1]। [1]ਗ਼ੁੱਸੇ ਹੋ ਕੇ ਖੋਹ ਲਈ ਫੇਰ ਉਸ ਨੂੰ (ਗ਼ੌਰ) ਖ਼ਿਆਲ ਨਾਲ ਬੁਲਾ ਕੇ ਦੇ ਦਿੱਤੀ।
ਬੰਨੂ-ਟਾਂਕ, ਪਠਜੋ ਮਹਾਰਾਜੇ ਸ਼ੇਰ ਸਿੰਘ ਸੰਗ,

ਫਤੇ ਪਾਈ ਹਾਕਮ ਬਨਾਯੋ ਤੈਹੀਂ ਤੌਰ ਪੈ[1]।

[1]ਉਥੇ ਹੀ ਚੰਗੇ ਢੰਗ ਨਾਲ।

ਸਰਦੂਲ ਸਿੰਘ ਪੂਤ ਸਾਰਦੂਲ ਸੌਂ ਸਪੂਤ,
ਹੁਤੋ ਤਾਂ ਕੋ ਪੂਤ ਭਟ ਆਕਲੋਂ ਕਾ ਮੌਰ ਪੈ[1] ॥੨੦੮॥

[1]ਤਿਸ ਸ਼ਜ਼ਾਮ ਸਿੰਘ ਦਾ ਪੁੱਤਰ ਸਰਦੂਲ ਸਿੰਘ, ਸ਼ੇਰ ਦੇ ਸਪੁੱਤਰ ਵਰਗਾ, ਪਵਿੱਤਰ ਤੇ ਸੂਰਮਿਆਂ ਅਤੇ ਅਕਲਮੰਦਾਂ ਦਾ ਸ਼੍ਰੋਮਣੀ ਸੀ।

ਬਡੇ ਬਡੇ ਕਰਿ ਕਾਮ ਪਾਏ ਤਿਨ ਭੀ ਇਨਾਮ,
ਹਾਕਮ ਤਮਾਮ[1] ਦੇਸ ਬੰਨੂ-ਟਾਂਕ ਕਾ ਭਯੋ।

[1]ਸਾਰੇ।

ਬੈਰੀ ਬਨ ਹੇਤ ਜ੍ਵਾਲਾ ਸਮ, ਦੁਤੀ ਸੁਤ ਜ੍ਵਾਲਾ ਸਿੰਘ,
ਭਟ ਥਾ ਬਿਸਾਲਾ, ਅਫਸਰ ਸੋ ਥਯੋ[1]।

[1]ਵੈਰੀਆਂ ਰੂਪ ਜੰਗਲ (ਨੂੰ ਸਾੜਨ) ਵਾਸਤੇ ਅੱਗ ਵਰਗਾ ਦੂਜਾ ਪੁੱਤਰ ਜਵਾਲਾ ਸਿੰਘ ਜੋ ਵੱਡਾ ਸੂਰਮਾ ਸੀ ਉਹ ਅਫ਼ਸਰ ਬਣ ਗਿਆ।

ਫਤੇ ਸਿੰਘ ਹਾਕਮ ਅਮਾਪ[1] ਆਪ ਥਾ ਪਸ਼ੌਰ,

[1]ਵੱਡਾ।

ਜਬਿ ਰਣਜੀਤ ਸਿੰਘ ਸੁਰਪੁਰਿ ਕੋ ਗਯੋ।
ਸ਼ੇਰ ਸਿੰਘ ਮਹਾਰਾਜੇ, ਫਤੇ ਸਿੰਘ ਕੌ ਸਫੀਰ[1]

[1]ਰਾਜਦੂਤ।

ਕਰਿ ਕੈ ਪਠਾਯੋ ਜੰਮੂ, ਤੈਂਹੀਂ ਤਨ ਹੈ ਦਯੋ[1] ॥੨੦੯॥

[1]ਉਥੇ ਹੀ ਸ਼ਰੀਰ ਦੇ ਦਿੱਤਾ ਭਾਵ ਮਰ ਗਿਆ।

ਸਰਦੂਲ ਸਿੰਘ ਵਨਤੂਰੇ ਸੰਗ[1] ਜਾਇ ਮੰਡੀ,

[1]ਜਨਰਲ ਵੈਂਤੂਰੇ ਨਾਲ (ਜਨਰਲ ਵੈਂਤੂਰਾ, ਫ਼ਰਾਂਸ ਦਾ ਫ਼ੌਜੀ ਅਹੁਦੇਦਾਰ ਸੀ, ਨੈਪੋਲੀਅਨ ਨਾਲ ਮਿਲ ਕੇ ਸੰਨ ੧੮੨੨ ਈ: ਵਿੱਚ ਇਹ ਲਾਹੌਰ ਪੁੱਜਾ। ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਆਪਣੀ ਫ਼ੌਜ ਨੂੰ ਕਵਾਇਦ (ਪ੍ਰੇਡ) ਸਿਖਾਉਣ ਲਈ ਪ੍ਰਤਿੱਗਿਆ ਪੱਤਰ ਲਿਖਵਾ ਕੇ ਵੱਡੇ ਆਦਰ ਨਾਲਰੱਖਿਆ, ੨੫੦੦) ਮਾਹਵਾਰ ਤਨਖ਼ਾਹ ਤੋਂ ਇਲਾਵਾ ਮਹਾਰਾਜਾ ਸਾਹਿਬ ਹੋਰ ਵੀ ਬਹੁਤ ਇਨਾਮ ਦਿਆ ਕਰਦੇ ਸਨ। ਇਸ ਦੀ ਲੜਕੀ (Victorine) ਨੂੰ ਦੋ ਪਿੰਡ ਜਗੀਰ ਮਿਲੇ ਸਨ। ਮਹਾਰਾਜੇ ਦੇ ਦਿਹਾਂਤ ਬਾਅਦ ਉਦਾਸ ਹੋ ਕੇ ਪੈਰਸ ਚਲਾ ਗਿਆ ਤੇ ਉੱਥੇ ਹੀ ਇਸ ਦਾ ਦਿਹਾਂਤ ਹੋਇਆ।)

ਕਮਲਾਹ ਗੜ੍ਹ, ਫਤੇ ਪਾਈ ਬਡ ਲੜ ਕੈ।
ਫੇਰ ਸਤਲੁਜ ਕੀ ਲੜਾਈ ਵੀਚ ਖੂਬ ਲੜਜੋ,
ਐਪਰ ਬਿਨਾ ਕਸੂਰ ਲਾਲ ਸਿੰਘ ਚਿੜ ਕੈ[1]।

[1]ਖਿੱਝ ਕੇ।

ਜਬਤ ਜਗੀਰ ਕੀਨੀ ਥੋਰ ਹੀ ਰਹਿਨ ਦੀਨੀ,
ਸਰਦੂਲ ਸਿੰਘ ਜਾਇ ਸ਼ਿਮਲੇ ਨਿਧੜਕੈਂ[1]।

[1]ਨਿੱਡਰ ਹੋ ਕੇ।

ਲਾਟ[1] ਪੈ ਫਰਜਾਦ ਕਈ ਇਕੀ ਐਤ ਹੂੰ ਕੀ

[1]ਵਾਇਸਰਾਇ। [2]ਇੱਕੀ (ਐਤ) ਹਜ਼ਾਰ (੨੧੦੦੦) ਦੀ

ਲਈ[2], | (ਜਗੀਰ) ਲੈ ਲਈ।
ਹੁਤੋ ਕਰਜ਼ਈ ਸਵਾ ਲਾਖ ਕੇਰ ਬੜ ਕੈ[1] ॥੨੧੦॥ | [1]ਵੱਡਾ ਕਰਜ਼ਾਈ ਸੀ।
ਫੇਰ ਅੰਗ੍ਰੇਜ਼ੀ ਬੰਦੋਬਸਤ ਭਯੋ ਜੌਂ, ਥਈ
ਜਬਤ ਜਗੀਰੈਂ, ਸਰਦਾਰੈਂ ਕੀ ਬਖਜਾਤ ਹੈ।
ਸਾਢੇ ਤੇਰਾਂ ਐਤ ਕੀ ਰਹਾਈ ਤਬਿ ਏਸ ਪਾਸ,
ਤੀਨ ਕੀ ਹਮੇਸ਼ ਲੀਏ ਬਾਕੀ ਹੀਨ ਹਜਾਤ ਹੈ[1]। | [1]ਜ਼ਿੰਦਗੀ ਦੇ (ਹੀਨ) ਅੰਤ ਤੱਕ।
ਬਾਪ ਕਾ ਕਰਜ ਜ੍ਵਾਲਾ ਸਿੰਘ ਨਾਂਹਿ ਦੀਓ, ਲੀਓ
ਸਾਢੇ ਆਠ ਸੌ ਗੁਜ਼ਾਰਾ ਜ਼ਿਮੀਂਦਾਰਾ ਸਾਤ ਹੈ[1]। | [1]ਇਹ ਸੱਚੀ ਗੱਲ ਹੈ।
ਤਾਂਹਿ ਕੀ ਉਲਾਦ ਹੀਰਾ ਸਿੰਘ ਆਦਿ ਮਾਨਾ-ਵਾਰੇ,
ਕਰਤ ਗੁਜਾਰੇ ਅਬਿ ਤਾਂਹੀਂ ਪੈ ਸੁਹਾਤ ਹੈ ॥੨੧੧॥
ਸਰਦੂਲ ਸਿੰਘ ਲਖਿ ਫਰਜ਼ ਕਰਜ਼ ਲਾਹਿ,
ਧਰਮ ਤਰਜ ਪਰ, ਸੁਕ੍ਰਿਤ ਕਮਾਇ ਕੈ[1]। | [1]ਸਰਦੂਲ ਸਿੰਘ ਨੇ ਆਪਣਾ ਫ਼ਰਜ਼ ਜਾਣ ਕੇ (ਪਿਉ ਦਾ) ਕਰਜ਼ਾ ਲਾਹਿਆ ਧਰਮ ਦੇ (ਤਰਜ਼ ਪਰ) ਢੰਗ ਨਾਲ (ਸੁਕ੍ਰਿਤ) ਪ੍ਰਉਪਕਾਰ ਕਰਕੇ।
ਉੱਨੀ ਸੌ ਅਠੱਤੀ ਮਾਂਹਿ ਲੀਓ ਸੁਰਪੁਰ ਰਾਹਿ,
ਹੀਨ ਹਜਾਤ ਥੀ ਜੁ, ਵਾਹਿ ਗਈ ਸੰਗ ਧਾਇ ਕੈ[1]। | [1]ਉਸਦੀ (ਜਿਹੜੀ ਜਗੀਰ) ਜ਼ਿੰਦਗੀ ਦੇ ਅੰਤ ਤੱਕ ਸੀ ਉਹ ਦੌੜ ਕੇ ਨਾਲ ਹੀ ਚਲੀ ਗਈ।
ਪਰਤਾਪ ਸਿੰਘ ਜਿਉਣ ਸਿੰਘ ਤਾਂ ਕੇ ਪੂਤਨ ਪੈ,
ਸਾਢੇ ਇੱਕੀ ਸੌ ਕੀ ਹੈ ਜਗੀਰ ਸਦ ਭਾਇ ਕੈ[1]। | [1]ਹੁਣ ਉਨ੍ਹਾਂ ਕੋਲ (ਸਦ ਭਾਇ ਕੈ) ਸਦਾ ਲਈ ਹੈ।
ਔਰ ਜ਼ਿਮੀਦਾਰਾ ਹੈ ਅਪਾਰਾ ਦੋ ਹਜ਼ਾਰ ਬਿਘੇ,
ਐ ਪੈ ਜਿਉਣ ਸਿੰਘ ਹੈ ਉਦਾਰ ਬਡ ਲਾਇਕੈਂ ॥੨੧੨॥

ਦੋਹਰਾ:
ਅਹਿਲਕਾਰ ਤਿਸ ਪੈ ਅਹੇ,
ਗੰਗਾ ਸਿੰਘ ਅਤਿ ਨੀਕ।
ਨਿਮਕ-ਹਲਾਲ[1] ਬਿਸਾਲ ਅਤਿ, | [1]ਸੁਆਮੀ ਦਾ ਭਗਤ।
ਚਾਰ ਪੁਸ਼ਤ ਤੈ ਠੀਕ[1] ॥੨੧੩॥ | [1]ਠੀਕ ਚਾਰ ਪੀੜ੍ਹੀਆਂ ਤੋਂ।
ਗਜਾਨ ਸਿੰਘ ਗਾਥਾ ਕਹੀ,

ਮਾਨਾ-ਵਾਲੀਓਂ ਕੇਰ।
ਔਰ ਸੂਦਾਰਨ ਕੀ ਤਜੀ,
ਗ੍ਰੰਥ ਬਢਨ ਡਰ ਹੇਰਿ ॥੨੧੪॥
ਖਾਨਦਾਨ ਤਿੰਨ ਸੌ ਬੱਤੀ,
ਭਏ ਜੁ ਸਿਖ ਸਰਦਾਰ।
ਤਵਾਰੀਖ ਗੁਰ ਖਾਲਸੇ
ਮਾਹਿਂ, ਲਿਖੇ ਵਹਿ ਸਾਰ[1] ॥੨੧੫॥

[1]ਸਾਰੇ।

ਇਤ ਜਮੁਨਾ ਉਤ ਅਟਕ ਲੌਂ,
ਮੱਧ ਮੁਲਕ ਬਡ ਮਾਂਹਿ[1]।

[1]ਏਧਰ ਜਮਨਾ ਤੇ ਉੱਧਰ ਅਟਕ ਤੱਕ ਦੇ ਵਿਚਕਾਰਲੇ ਵੱਡੇ ਮੁਲਕ ਵਿੱਚ।

ਗੁਰੁ ਘਰ ਕੇ ਸਿੱਖ ਸਾਧੁ ਜੇ,
ਭਏ ਉਜਾਗਰ ਆਹਿ[1] ॥੨੧੬॥

[1]ਮਸ਼ਹੂਰ ਹੋਏ ਹਨ।

ਦਸਕ ਬਰਸ ਫਿਰਿ ਸ਼ੌਕ ਸੈਂ[1],

[1]ਸ਼ੌਕ ਨਾਲ ਫਿਰ ਕੇ।

ਮਿਹਨਤ ਕਰਿ ਹਮ ਭੂਰ[1]।

[1]ਬਹੁਤੀ।

ਹਸ਼ਮਤ ਅਜ਼ਮਤ ਵਾਰ ਕੀ,
ਗਾਥਾ ਲਿਖੀ ਜਰੂਰ[1] ॥੨੧੭॥

[1]ਬਿਭੂਤੀ, (ਧਨ ਸੰਪਦਾ) ਵਾਲੇ ਤੇ ਕਰਾਮਾਤ ਵਾਲਿਆਂ ਦੀ (ਜ਼ਰੂਰ) ਬਿਨਾਂ ਸੰਸੇ ਤੋਂ ਕਥਾ ਲਿਖੀ ਹੈ।

ਜੋ ਪੇਖਯੋ ਚਹਿ ਤਹਿਂ ਪਿਖੈ[1],
ਔਰੈਂ ਗਾਥ ਅਨੇਕ।

[1]ਤਿਸ ਤਵਾਰੀਖ਼ ਗੁਰੂ ਖ਼ਾਲਸਾ 'ਚ ਦੇਖੋ।

ਅਬਿ ਅਧਜਾਇ ਇਹੁ ਇਤਿ ਭਯੋ[1],
ਮਾਥ ਗੁਰੁ-ਸਿਖੈਂ ਟੇਕ ॥੨੧੮॥

[1]ਸੰਪੂਰਨ ਹੋਇਆ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਮਾਨਾਂ ਵਾਲੇ ਅਟਾਰੀ ਵਾਲੇ ਸੂਦਾਰਾਨ ਆਦਿਕ ਕੀ ਕਥਾ', ਬਰਨਨੰ ਨਾਮ ਸਤਵੰਜਮੋਂ ਬਿਸ੍ਰਾਮ ॥੫੭॥

੫੮. {ਨਿਰਮਲਿਆਂ, ਨਿਹੰਗਾਂ ਅਤੇ ਕੂਕਿਆਂ ਦੀ ਕਥਾ}

ਦੋਹਰਾ:

ਸ੍ਰੀ ਗੁਰੁ ਦਸ, ਗੁਰੁ ਗ੍ਰੰਥ ਕੋ,
ਪੰਥ ਨਿਜ-ਗੁਰੈਂ ਬੰਦਿ[1]।

[1]ਦਸਾਂ ਸਤਿਗੁਰਾਂ, ਸ੍ਰੀ ਗੁਰੂ ਗ੍ਰੰਥ ਸਾਹਿਬ, ਖ਼ਾਲਸਾ ਪੰਥ ਤੇ ਆਪਣੇ (ਗੁਰੈਂ) ਉਪਦੇਸ਼ ਦਾਤਾ ਨੂੰ ਨਮਸ਼ਕਾਰ ਕਰਕੇ।

ਨਿਰਮਲ ਪੰਥ ਸੁਪੰਥ ਕੀ,
ਸੁਨੋ ਗਾਥ ਸੁਖ-ਕੰਦ[1] ॥੧॥

[1]ਪੰਥਾਂ ਵਿੱਚੋਂ ਸ੍ਰੇਸ਼ਟ ਨਿਰਮਲ ਪੰਥ ਦੀ (ਸੁੱਖ ਕੰਦ) ਸੁੱਖ ਦੇਣ ਵਾਲੀ ਕਥਾ ਸੁਣੋ।

ਚੌਪਈ:

ਰਾਮ ਕੌਰ ਬੁੱਢੇ ਕੇ ਜੈਸੇ[1]।

[1]ਬਾਬਾ ਬੁੱਢਾ ਜੀ ਦੀ ਬੰਸ ਦੇ ਭਾਈਰਾਮ ਕੌਰ ਜੀ ਨੇ ਜਿਸ ਤਰ੍ਹਾਂ।

ਕਹੀ ਸਿੰਘਨ ਪ੍ਰਤਿ, ਭਾਖੋਂ ਤੈਸੇ।
ਜਬਿ ਗੁਰੁ ਦਸਮ ਪ੍ਰਲੋਕ ਪਧਾਰੇ[1]।
ਭਏ ਉਦਾਸ ਸਿੰਘ ਤਬਿ ਸਾਰੇ ॥੨॥

[1]ਸਚਖੰਡ ਚਲੇ ਗਏ।

ਰਜ ਤਮ ਗੁਨੀ ਚਹਿਤ ਜੋ ਦੰਗੇ[1]।
ਮਿਲੇ ਜਾਇ ਬੰਦੇ ਕੇ ਸੰਗੇ।
ਧਰਮ ਜੁੱਧ ਕਰਿ ਪੰਥ ਬਢਾਯੋ।
ਕਰਿ ਸਤ੍ਰਨ ਕੋ[1] ਰਾਜ ਦਬਾਯੋ ॥੩॥

[1]ਜੰਗ।

[1]ਵੈਰੀਆਂ ਨੂੰ ਮਾਰ ਕੇ।

ਮੁਖਜ ਸਤੋ ਗੁਨ ਥਾ ਜਿਨ ਮਾਂਹੀਂ।
ਜੰਗ ਜਦਲ[1] ਚਾਹਜੋ ਤਿਨ ਨਾਂਹੀਂ।
ਰਾਮ ਕੌਰ ਕੇ ਪਾਸ ਪਧਾਰੇ।
ਪੁਰ ਰਮਿਦਾਸ[1] ਆਸ ਮਨਿ ਧਾਰੇ ॥੪॥

[1]ਜੰਗ ਜੁੱਧ।

[1]ਰਮਦਾਸ ਨਾਮ ਦਾ ਪਿੰਡ ਜੋ ਜ਼ਿਲ੍ਹੇ ਅੰਮ੍ਰਿਤਸਰ ਦੀ ਤਸੀਲ ਅਜਨਾਲਾ ਵਿੱਚ ਅੰਮ੍ਰਿਤਸਰ ਤੋਂ ੨੭ ਮੀਲ;ਰੇਲਵੇ ਸਟੇਸ਼ਨ ਹੈ। ਬਾਬਾ ਬੁੱਢਾ ਜੀ ਆਪਣੀ ਉਮਰ ਦਾ ਬਹੁਤਾ ਹਿੱਸਾ ਏਥੇ ਰਹੇ ਤੇ ਏਥੇ ਹੀ ਉਨ੍ਹਾਂ ਦਾ ਦਿਹਾਂਤ ਹੋਇਆ।

ਦਰਸ ਪਰਸ ਪਗ ਅਤਿ ਮੁਦ ਥਾਏ[1]।
ਪਜਾਸੇ ਜੈਸ ਸਰੋਵਰ ਪਾਏ।
ਰਾਮ ਕੌਰ ਭੀ ਪਿਖਿ ਸੁਖ ਪਾਏ।
ਬੂਝਜੋ ਕੌਨ ਹੇਤ[1] ਤੁਮ ਆਏ ॥੫॥

[1]ਦਰਸ਼ਨ ਕਰ ਕੇ ਤੇ ਚਰਨਾਂ ਨੂੰ ਛੋਹ ਕੇ ਬਹੁਤ ਅਨੰਦ ਹੋਏ।

[1]ਕਿਸ ਵਾਸਤੇ।

ਹਾਥ ਜੋਰਿ ਬੋਲੇ ਸਿੰਘ ਵੇਹੈਂ[1]।
ਬਚਨ ਦਸਮ ਗੁਰੁ ਇਮ ਕਰਿ ਗੇ ਹੈਂ[1]।
ਰਾਮ ਕੌਰ ਹੈ ਰੂਪ ਹਮਾਰੋ।

[1]ਉਹ।

[1]ਕਰ ਗਏ ਹਨ।

ਸ਼ਰਣਾਗਤਿ ਕੋ ਦੈਂ ਫਲ ਚਾਰੋ[1] ॥੬॥	[1]ਸ਼ਰਨ ਆਉਣ ਵਾਲਿਆਂ ਨੂੰ ਚਾਰੇ ਫਲ (ਧਰਮ, ਅਰਥ, ਕਾਮ, ਮੋਖ) ਦੇਣਗੇ।
ਅਰ ਰਾਵਰ ਪ੍ਰਤਿ ਬਰ ਦੀਨੋ ਇਹ।	
ਵੀਚ ਸ਼ਿਕਾਰ ਦਿਦਾਰ ਤੁਮੈਂ ਦਿਹਂ[1]।	[1]ਦੇਵਾਂਗੇ।
ਅਬਿ ਗੁਰੁ ਦਸਮ ਲੋਕ ਨਿਜ ਗਏ।	
ਹਮ ਉਦਾਸ ਹ੍ਵੈ ਤੁਮ ਢਿਗ ਅਏ ॥੭॥	
ਦੌਲਤ ਦੁਨੀਆਂ ਕੇ ਜੇ ਕਾਂਖੀ[1]।	[1]ਚਾਹਵਾਨ।
ਜੰਗ ਰੀਤਿ ਤਿਨ ਹੂੰ ਅਭਿਲਾਖੀ[1]।	[1]ਚਾਹੀ ਹੈ।
ਦੁਨੀਆਂ-ਦਾਰ ਭਏ ਬਹੁ ਕਿਰਤੀ।	
ਹਮ ਕੋ ਰੁਚਤ ਨਹੀਂ ਪਰਵਿਰਤੀ[1] ॥੮॥	[1]ਮਨ ਦੀ ਵਿਹਾਰ ਵੱਲ ਲਗਨ, ਸਾਨੂੰ ਚੰਗੀ ਨਹੀਂ ਲੱਗਦੀ।
ਕਹੋ ਕੌਨ ਹਮ ਰੀਤੀ ਰਾਖੈਂ।	
ਜਾਂ ਤੈ ਭਵ ਬੰਧਨ ਹਮ ਨਾਖੈਂ[1]।	[1]ਜਿਸ ਕਰ ਕੇ ਸੰਸਾਰ ਦੇ ਬੰਧਨਾਂ ਨੂੰ ਅਸੀਂ (ਨਾਖੈਂ) ਲੰਘ ਜਾਈਏ।
ਪੰਥ ਗੁਰੂ ਘਰ ਕੇ ਹੈਂ ਘਨੇ।	
ਹਮ ਕੋ ਕੌਨ ਧਾਰਨਾ ਬਨੇ ॥੯॥	
ਅੱਵਲ ਪੰਥ ਗੁਰੂ ਕਾ ਕੋ ਹੈ।	
ਸ਼ਕਤਿ ਦਸੋਂ ਗੁਰੁ ਕੀ ਜਿਸ ਮੋਂ ਹੈ ॥੧੦॥	
ਦੋਹਰਾ:	
ਰਾਮ-ਕੌਰ ਇਹ ਪ੍ਰਸ਼ਨ ਸੁਨਿ,	
ਹੋਇ ਪ੍ਰਸੰਨ ਮਹਾਨ।	
ਆਪਤ-ਵਕਤਾ[1] ਐਸ ਬਿਧਿ,	[1]ਯਥਾਰਥ ਵਕਤਾ, ਸੱਚ ਬੋਲਣ ਵਾਲੇ।
ਉੱਤਰ ਲਗੇ ਸੁਨਾਨ ॥੧੧॥	
ਚੌਪਈ:	
ਪੰਥ ਉਦਾਸੀ ਜਗ ਮੈਂ ਜੋਈ।	
ਸ੍ਰੀ ਚੰਦ ਤੈ ਚਾਲ੍ਯੋ ਸੋਈ।	
ਮਿਹਰਵਾਨ ਤੈ ਭਏ ਦਿਵਾਨੇ।	
ਸੁਥਰੇ, ਸੁਥਰੇ ਤੇ ਲਿਹੁ ਜਾਨੇ ॥੧੨॥	
ਤਯੋਂ ਹੀ ਫਿਰਕੇ ਔਰੈਂ ਜੋਈ।	
ਔਰਨ ਹੀ ਤੈ ਚਾਲੇ ਸੋਈ।	
ਪੰਥ ਨਿਰਮਲਾ ਗੁਰੁ ਕਾ ਆਦੀ[1]।	[1]ਮੁੱਢ ਤੋਂ।
ਧਰਯੋ ਆਦਿ ਗੁਰੁ ਜਾਨ ਅਨਾਦੀ[1] ॥੧੩॥	[1](ਅਨਾਦੀ) ਪ੍ਰਮੇਸ਼ਰ ਦਾ ਪੰਥ ਜਾਣ ਕੇ ਪਹਿਲੇ ਗੁਰੂ, ਸ੍ਰੀ ਗੁਰੂ

	ਨਾਨਕ ਦੇਵ ਜੀ ਨੇ ਧਾਰਨ ਕੀਤਾ।
ਮੁੰਡਤ ਹੋਵਨ ਖਾਕ ਰਮਾਵਨ[1]।	[1]ਸਿਰ-ਮੁੰਨੇ ਹੋਣਾ ਤੇ ਸ਼ਰੀਰ ਤੇ ਸੁਆਹ ਮੱਲਣੀ।
ਕੰਠੀ ਬਾਂਧਨ ਕਾਨ ਫੜਾਵਨ[1]।	[1]ਗਲ਼ 'ਚ ਕੰਠੀ ਬੰਨ੍ਹਣੀ ਤੇ ਕੰਨ ਪੜਵਾਉਣੇ।
ਨਹਿੰ ਪਰਵਾਨ ਏਹੁ ਜਗਦੀਸੈ[1]।	[1]ਵਾਹਿਗੁਰੂ ਜੀ ਨੂੰ।
ਹੁਕਮ ਅਦੂਲ ਗੁਨਾਹੀ ਥੀਸੈ[1] ॥੧੪॥	[1]ਹੁਕਮ ਤੋਂ ਉਲਟ ਜਾਣ ਵਾਲੇ ਗੁਨਾਹੀ ਹੋਣਗੇ।
ਪ੍ਰਭ ਕੀ ਕਿਰਤਿ ਮਿਟਾਵਨਿ ਜੋਈ[1]।	[1]ਵਾਹਿਗੁਰੂ ਦੀ ਕੀਤੀ ਹੋਈ ਨੂੰ ਜੋ ਮਿਟਾਉਣਾ ਹੈ।
ਬਢੋ ਗੁਨਾਹਿ ਲਖੋ ਦਿਢ ਸੋਈ[1]।	[1]ਪੱਕੀ ਤਰ੍ਹਾਂ ਜਾਣੋਂ ਉਹ ਵੱਡਾ ਗੁਨਾਹ ਹੈ।
ਪੈਦਾ ਕਰੇ ਕੇਸ ਹਰਿ ਜੱਹੀਏ[1]।	[1]ਜਿਹੜੇ।
ਇਕ ਭੀ ਨਾਂਹਿੰ ਛਿਦਾਨੋ ਚੱਹੀਏ[1] ॥੧੫॥	[1]ਕੱਟਣਾ ਨਹੀਂ ਚਾਹੀਦਾ।
ਪੁਨ ਪ੍ਰਭ-ਲੋਕ[1] ਜਿਤਿਕ ਜਗ ਥੀਏ।	[1]ਪ੍ਰਮੇਸ਼ਰ ਦੇ ਪਿਆਰੇ।
ਰਹੇ ਸਕੇਸ ਪੁਰਾਨਿ ਲਖੀਏ[1]।	[1]ਸਣੇ ਕੇਸਾਂ ਦੇ ਰਹੇ ਹਨ ਪੁਰਾਣਾਂ 'ਚੋਂ ਜਾਣ ਲਵੋ।
ਅਰਜਨ, ਕੰਸ, ਹ੍ਰਿਨਾਛਸ[1] ਆਦੈਂ।	[1]ਹਰਨਾਖਸ਼ ਆਦਿ।
ਪ੍ਰਿਤਮਾ ਤਿਨੈ ਸਕੇਸ ਅਨਾਦੈਂ[1] ॥੧੬॥	[1]ਮੁੱਢ ਤੋਂ ਹੀ ਉਨ੍ਹਾਂ ਦੀਆਂ (ਪ੍ਰਿਤਮਾ) ਮੂਰਤਾਂ ਸਣੇ ਕੇਸਾਂ ਦੇ ਹਨ।
ਔਰ ਰਿਖੀਸ ਮੁਨੀਸ ਸਕੇਸੈਂ।	
ਰਹੇ, ਪ੍ਰਿਤਮਾ ਲਖੋ ਅਸੇਸੈਂ[1]।	[1]ਸਾਰਿਆਂ ਦੀਆਂ ਮੂਰਤਾਂ ਤੋਂ ਜਾਣ ਲਵੋ।
ਇਹੀ ਜਾਨਿ ਗੁਰੁ ਆਦਿ ਧਰੈ ਕੈ[1]।	[1]ਧਾਰਨ ਕਰਕੇ।
ਬਿਚਰੇ ਦੇਸ ਬਿਦੇਸਨ ਜੈ ਕੈ[1] ॥੧੭॥	[1]ਜਾ ਕੇ।
ਜੀਵ ਬਯੰਤ ਭਵਾਂਬੁਧ[1] ਤਾਰੇ।	[1]ਸੰਸਾਰ ਸਮੁੰਦਰ ਤੋਂ।
ਨਿਰਮਲ ਪੰਥ ਪ੍ਰਚੁਰਜੋ[1] ਉਦਾਰੇ।	[1]ਚਲਾਇਆ, ਪ੍ਰਗਟ ਕੀਤਾ, ਸਾਜਿਆ।
ਸਿਖ ਦ੍ਵੈ ਬਿਧਿ[1] ਸਭਿ ਤਿਨ ਕੇ ਥੀਏ।	[1]ਦੋ ਤਰ੍ਹਾਂ ਦੇ।
ਏਕ ਗ੍ਰਿਹਸਥੀ ਤਜਾਗੀ ਬੀਏ[1] ॥੧੮॥	[1]ਦੂਜੇ।
ਗ੍ਰੇਹੀ[1] ਕੇਵਲ[2] ਸਿੱਖ ਬਿਦਤਾਏ।	[1]ਗ੍ਰਹਿਸਥੀ। [2]ਸਿਰਫ਼।
ਤਜਾਗੀ ਸਿੱਖ ਨਿਰਮਲੇ ਗਾਏ[1]।	[1]ਕਹੇ ਗਏ।
ਸਾਧੁ ਨਿਰਮਲੇ ਵਹੀ ਅਪਾਰੇ।	
ਬਿਦਤੇ ਤਬਿ ਤੇ ਜਗਤ ਮਝਾਰੇ ॥੧੯॥	
ਦਸੋਂ ਗੁਰੂ ਕੀ ਖਿਜ਼ਮਤ ਮੈਂਹੈਂ[1]।	[1]ਸੇਵਾ ਵਿੱਚ।
ਰਹੇ ਸਦਾ ਗੁਰੁ ਪੰਥ ਮਧੈਹੈਂ[1]।	[1]ਵਿੱਚ।
ਪੈ ਪ੍ਰਵਿਰਤੀ[1] ਅਧਿਕ ਨ ਧਾਰੀ।	[1]ਮਨ ਦੀ ਵਿਹਾਰ ਵੱਲ ਲਗਣ।
ਰਹੈਂ ਨਿਵਰਤੀ[1] ਸੰਤ ਉਦਾਰੀ ॥੨੦॥	[1]ਦੁਨੀਆਂ ਵਲੋਂ ਮਨ ਦੀ ਉਪ੍ਰਾਮਤਾ।

ਦੋਹਰਾ:

ਦਸਮ ਗੁਰੂ ਜਬਿ ਪਾਉਂਟੇ
ਨਗਰ, ਰਹੇ ਮੁਦ ਧਾਰ।
ਤਾਰੇ ਅਨਗਨ ਸਿੱਖ ਨਿਜ,
ਕੀਨੇ ਚਰਿਤ ਉਦਾਰ[1] ॥੨੧॥
[1]ਸ੍ਰੇਸ਼ਟ ਕੌਤਕ।

ਚੌਪਈ:

ਭਾਈ ਚੰਦਨ ਸਿੱਖ ਨਿਰਮਲਾ।
ਸੇਵਤ ਗੁਰੁ ਕੋ ਸਦਾ ਪਿਰਮਲਾ[1]।
[1]ਪ੍ਰੇਮ ਨਾਲ।
ਸੇਵਾ ਕਰਿ ਤਿਹ ਗੁਰੂ ਰਿਝਾਏ।
ਅੰਤਹ-ਕਰਣ ਸ਼ੁਧ ਤਿਹ ਥਾਏ[1] ॥੨੨॥
[1]ਹੋ ਗਿਆ।
ਜ਼ੇਵਰ ਸ਼ਸਤਰ ਬਸਤਰ ਭਾਰੇ।
ਬਖਸ਼ਤ ਥੇ ਗੁਰੁ ਤਾਂਹਿ ਅਪਾਰੇ।
ਮਤਸਰ[1] ਔਰ ਨਫਰ[2] ਪਿਖਿ ਧਰਹੀਂ।
[1]ਈਰਖਾ। [2]ਨੌਕਰ।
ਸਕੈਂ ਨ ਕਹਿ ਕਿਛੁ ਗੁਰੁ ਤੇ ਡਰਹੀਂ ॥੨੩॥
ਇਕ ਦਿਨ ਉਨ ਕਰਿ ਮਤਾ ਕਰਾਰਾ[1]।
[1]ਪੱਕੀ ਸਲਾਹ ਕਰਕੇ।
ਭਾਈ ਚੰਦਨ ਲੂਟਜੋ ਮਾਰਾ।
ਖਬਰ ਜਬਰਦਸਤੀ ਕੀ ਏਹੈ[1]।
[1]ਇਹ।
ਸੁਨਿ ਗੁਰੁ ਪਕਰਿ ਮੰਗਾਏ ਵੇਹੈਂ[1] ॥੨੪॥
[1]ਉਹ।
ਦੇਵਨ ਲਗੇ ਸਜਾ ਅਤਿ ਭਾਰੀ।
ਤਬਿ ਚੰਦਨ ਇਮ ਬਿਨੈਂ ਉਚਾਰੀ।
ਹੇ ਗੁਰੁ ਆਪ ਗਜਾਨ ਮੁਹਿ ਦੀਨਾ।
ਯਾਂ ਤੈ ਸਭੀ ਬ੍ਰਹਮ ਮੈਂ ਚੀਨਾ[1] ॥੨੫॥
[1]ਜਾਣਿਆਂ।
ਸੋਊ ਪ੍ਰੇਰਕ ਜਬਿ ਸਭਿ ਕਾ ਹੈ।
ਦੋਸ਼ ਕਹੋ ਇਨ ਕਾ ਤਬਿ ਕਾ ਹੈ[1]।
[1]ਕੀ ਦੋਸ਼ ਹੈ।
ਪੰਚਮ ਗੁਰੂ ਸੁਖਮਨੀ ਮੈਹੈਂ।
ਇਸੀ ਤੌਰ ਕੇ ਵਚਨ ਕਥੈ ਹੈਂ ॥੨੬॥
ਮਾਰੈ ਰਾਖੈ ਏਕੋ ਆਪ ॥
ਮਾਨੁਖ ਕੈ ਕਿਛੁ ਨਾਹੀ ਹਾਥ ॥
ਅਰ ਤੁਮ ਸਹੀ ਪ੍ਰੇਰਕ ਸ੍ਵਾਮੀ।
ਸਗਲ ਘਟਾ ਕੇ ਅੰਤਰਜਾਮੀ।

ਜ਼ਰ ਜੋਰੂ ਜ਼ਮੀਨ ਉਪਾਧੀ[1]।	[1]ਧਨ, ਇਸਤ੍ਰੀ ਤੇ ਧਰਤੀ ਉਪਾਧੀ (ਦਾ ਮੂਲ ਹੈ)।
ਦੁਖਦ ਜੀਵ ਕੋ ਸਮ ਦੁਰ-ਬਜਾਧੀ[1] ॥੨੭॥	[1]ਖੋਟੀ ਬੀਮਾਰੀ ਦੀ ਤਰ੍ਹਾਂ ਜੀਵ ਨੂੰ ਦੁੱਖਦਾਈ ਹੈ।
ਤਾਂ ਤੇ ਇਨ ਕੋ ਭੀ ਦਿਹੁ ਛੋਰੀ[1]।	[1]ਛੱਡ ਦਿਉ।
ਜੋ ਮੁਝ ਢਿਗ ਹੈ ਦਿਹੁ ਇਨ ਹੋਰੀ[1]।	[1]ਹੋਰ ਪਦਾਰਥ।
ਰਾਗ ਰੋਖ ਬਿਨ ਸਮਤਾ ਸਾਨੇ[1]।	[1]ਮੋਹ ਤੇ ਗ਼ੁੱਸੇ ਤੋਂ ਬਿਨਾਂ ਸਮਤਾ ਨਾਲ ਮਿਲੇ ਹੋਏ।
ਭਾਈ ਚੰਦਨ ਜੌਂ ਬਚ ਭਾਨੇ[1] ॥੨੮॥	[1]ਕਹੇ।
ਸਤਿਗੁਰੁ ਖੁਸ਼ੀ ਭਏ ਵਹਿ ਸੁਨ ਕੈ।	
ਸਾਧੁ ਸਾਧੁ[1] ਭਾਖਜੋ ਤਿਹ ਗੁਨ ਕੈ[2]।	[1]ਸ਼ਾਬਾਸ਼, ਸ਼ਾਬਾਸ਼। [2]ਵਿਚਾਰ ਕੇ।
ਤੂੰ ਤੌ ਸਹੀ ਨਿਰਮਲਾ ਸਾਧੂ।	
ਪਾਯੋ ਗਜਾਨ ਵਿਗਜਾਨ ਅਗਾਧੂ[1] ॥੨੯॥	[1](ਅਗਾਧੂ) ਪ੍ਰਮੇਸ਼ਰ ਦਾ ਗੁਪਤ ਤੇ ਪ੍ਰਤੱਖ ਗਿਆਨ ਪਾ ਲਿਆ ਹੈ।
ਇਹੁ ਬਰ ਦੈ ਗੁਰੁ ਤਿਸ ਪਰਥਾਏ[1]।	[1]ਪ੍ਰਤਿ, ਤਾਈਂ।
ਛੰਦ ਉਚਾਰੇ ਸਹਜ ਸੁਭਾਏ।	
ਸਰਬ ਲੋਹ ਮੈਂ ਸੋ ਹੈਂ ਲੇਖੇ[1]।	[1]ਲਿਖੇ।
ਦੀਨੇ ਵਰ ਜਿਨ ਮਾਂਹਿ ਵਿਸੇਖੇ[1] ॥੩੦॥	[1]ਬਹੁਤੇ।
ਗ੍ਰੰਥ ਬਢਨ ਡਰਿ ਇਹਾਂ ਨ ਰਾਖੇ।	
ਭੇਖ-ਪ੍ਰਭਾਕਰ ਮੈਂ ਸਭਿ ਭਾਖੇ।	
ਪੇਖੋ ਤਹਿੰ ਤੇ ਸਜਨ ਇਕਾਂਖੀ[1]।	[1]ਚਾਹਵਾਨ।
ਆਗੇ ਸੁਨੋ ਦੁਤੀ ਪੁਨ ਸਾਖੀ ॥੩੧॥	
ਇਕ ਦਿਨ ਨਗਰ ਪਾਂਵਟੇ ਭਾਯੋ[1]।	[1]ਪ੍ਰੇਮ ਨਾਲ।
ਰਘੁਨਾਥ ਨਾਮ ਪੰਡਤ ਥਾ ਆਯੋ।	
ਸਾਦਰ ਸਤਿਗੁਰੁ ਸੋ ਢਿਗਰਾਖਾ।	
ਦੈ ਧਨ ਭਰੀ ਤਾਂਹਿ ਅਭਿਲਾਖਾ[1] ॥੩੨॥	[1]ਇੱਛਾ ਪੂਰੀ ਕੀਤੀ।
ਨਿਗਮਾਗਮ ਪੌਰਾਨਨ ਕੇਰੀ[1]।	[1]ਬੇਦਾਂ ਤੇ ਸ਼ਾਸਤ੍ਰਾਂ ਤੇ ਪੁਰਾਣਾਂ ਦੀ।
ਕਥਾ ਸੁਨਾਵੈ ਸੋ ਨਿਤ ਟੇਰੀ[1]।	[1]ਬੋਲ ਕੇ।
ਹੇਰ ਪਢਾਵਨ ਸੰਸਕ੍ਰਿਤ ਗੁਰੁ।	
ਸਿੱਖ ਸਪੁਰਦ ਕਰੇ ਕਿਛੁ ਤਿਹ ਤੁਰ[1] ॥੩੩॥	[1]ਛੇਤੀ।
ਕੇਤਿਕ ਦਿਨ ਤਿਨ ਸਿੱਖ ਪਢਾਏ।	
ਇਕ ਦਿਨ ਬੂਝੀ ਜਾਤਿ ਤਿਨਾਏ[1]।	[1]ਉਨ੍ਹਾਂ ਨੂੰ।
ਸਿੱਖਨ ਨਿਜ ਨਿਜ ਭਾਖੀ ਜਾਤੀ।	

ਜਾਟ ਕਲਾਲ[1] ਅਰੋੜੇ ਖਾਤੀ[2] ॥੩੪॥
ਸੁਨਿ ਦ੍ਵਜ[1] ਨਾਕ ਚਢਾਇ ਉਚਾਰੀ।
ਤੁਮ ਨਹਿਂ ਬਿਦ੍ਯਾ ਬੇਦ ਅਧਿਕਾਰੀ।
ਤਾਂ ਦਿਨ ਤੈ ਦਿਯ ਛੋਡ ਪਢਾਨਾ।
ਸਿੱਖਨ ਗੁਰੁ ਢਿਗ ਜਾਇ ਬਖਾਨਾ ॥੩੫॥
ਬੂਝਯੋ ਦ੍ਵਜ ਕੋ ਗੁਰੂ ਬੁਲਾਏ।
ਬਿੱਪ੍ਰ ਕਹਯੋ ਹਮ ਨਾਂਹਿ ਪਢਾਏਂ।
ਸ਼ੂਦ੍ਰ ਹੈਂ ਬਹੁ ਸਿੱਖ ਤੁਮਾਰੇ।
ਜਿਨੈ ਨ ਬਿਦ੍ਯਾ ਬੇਦ ਅਧਿਕਾਰੇ ॥੩੬॥
ਜੇ ਹਮ ਸ਼ੂਦ੍ਰੋਂ ਤਈਂ ਪਢੈ ਹੈਂ।
ਜਾਤਿ ਧਰਮ ਨਿਜ ਹੀ ਤੈ ਜੈਹੈਂ[1]।
ਬੋਲੇ ਗੁਰੁ ਸੁਨਿ ਦ੍ਵਜ ਕੀ ਬਾਨੀ।
ਹੇ ਦ੍ਵਜ ਮਹਾਂ ਮੂਢ ਅਭਿਮਾਨੀ ॥੩੭॥
ਜੋ ਬਿਦਿਆ ਪਢਿ ਤੂੰ ਗਰਬੈ ਹੈਂ।
ਮਮ ਸਿੱਖਨ ਕੋ ਸ਼ੂਦਰ ਕੈਹੈਂ।
ਇਨ ਹੀ ਮੇਰੇ ਸਿੱਖਨ ਤੈ ਲਖਿ[1]।
ਬਿਦ੍ਯਾ ਬੇਦ ਪਢੈਂਗੇ ਦ੍ਵਜ ਦਖ[1] ॥੩੮॥
ਨਿਗਮਾਗਮ ਲੌ ਚੋਦਸ ਬਿਦ੍ਯਾ[1]।
ਮੈਂ ਨਿਜ ਪੰਥੈਂ ਦਈ ਪ੍ਰਸਿੱਧ੍ਯਾ[1]।
ਜਿਨ ਕੋ ਤੂੰ ਸ਼ੂਦਰ ਬਤ ਰੈਹੈਂ।
ਬਿਦ੍ਯਾ-ਗੁਰੁ ਦ੍ਵਿੱਜਨ ਇਹੁ ਥੈਹੈਂ ॥੩੯॥
ਇਮ ਬਰ ਦੈ ਗੁਰੁ ਛੰਦ ਬਖਾਨਾ।
ਸਰਬ ਲੋਹ ਮੈਂ ਜੋ ਪਰਮਾਨਾ[1] ॥੪੦॥
ਤਥਾ ਹੀ[1] : ਸ੍ਰੀ ਮੁਖ ਵਾਕ ਪਾਤਸ਼ਾਹੀ ੧੦ ॥
ਦਰੜਾ ਛੰਦ ॥
ਮਮ ਹਰਿ ਦ੍ਵਜ ਬਰ ਹਰ ਗੁਨ ਮਨ ਗੁਨ ਚੌਦਹਿ ਜੋਈ[1] ॥
ਮਮ ਹਰਿ ਤੈ ਦ੍ਵਜ ਪਠਨ ਪਠਨ ਕਰਿ ਜਿਨ ਮੁਖ

[1]ਇੱਕ ਜਾਤੀ। [2]ਤਰਖਾਣ।
[1]ਬ੍ਰਾਹਮਣ।
[1]ਭਾਵ ਸਾਡਾ ਧਰਮ ਤੇ ਜਾਤੀ ਨਸ਼ਟ ਹੋ ਜਾਵੇਗੀ।
[1]ਜਾਣ।
[1]ਚਤੁਰ ਬ੍ਰਾਹਮਣ।
[1]ਵੇਦਾਂ ਸ਼ਾਸਤ੍ਰਾਂ ਤੱਕ ਚੌਦਾਂ ਵਿੱਦਿਆ।
[1]ਪ੍ਰਗਟ ਹੀ।
[1]ਯਥਾਰਥ ਗਿਆਨ ਦਾ ਸਾਧਨ ਰੂਪ ਸਬੂਤ।
[1]ਤਿਵੇਂ ਹੀ।
[1]ਹੇ (ਦ੍ਵਜ ਬਰ) ਸ੍ਰੇਸ਼ਟ ਬ੍ਰਾਹਮਣ (ਮਮ) ਮੇਰੇ (ਹਰਿ) ਸਿੰਘ (ਹਰ ਗੁਨ) ਹਰ ਪ੍ਰਕਾਰ ਦੇ ਗੁਣਾਂ ਵਿੱਚ ਅਤੇ (ਮਨ) ਸ਼੍ਰੋਮਣੀ ਬੇਦ ਸ਼ਾਸਤ੍ਰ ਆਦਿਕ ਜੋ (ਚੌਦਸ) ਚੌਦਾਂ (ਗੁਨ) ਵਿੱਦਿਆ (ਹਨ ਉਨ੍ਹਾਂ ਵਿੱਚ ਨਿਪੁੰਨ ਹੋਣਗੇ)।
[1]ਜਿਨ੍ਹਾਂ ਨੂੰ ਤੂੰ ਆਪਣੇ ਮੂੰਹੋਂ ਸ਼ੂਦਰ (ਰਟੋਈ) ਕਹਿੰਦਾ ਹੈਂ ਇਨ੍ਹਾਂ ਹੀ (ਮਮ ਹਰਿ) ਮੇਰੇ ਸਿੰਘਾਂ ਤੋਂ ਦ੍ਵਜ) ਬ੍ਰਾਹਮਣ ਵੇਦ

ਸੂਦ੍ਰ ਟੋਈ[1] ॥
ਵਿੱਦਿਆ ਦਾ (ਪਠਨ) ਪਾਠ (ਸੰਥਾ) (ਪਠਨ ਕਰਿ) ਪੜ੍ਹਿਆ ਕਰਨਗੇ।

ਕਵੋਕਤਿ[1]
[1]ਕਵੀ ਦਾ ਕਥਨ।

ਏਤਿਕ ਬਚਨ ਜੁ ਗੁਰੁ ਉਚਾਰੇ।
ਸਰਬ ਲੋਹ ਮੈ ਹੈਂ ਵਹੁ ਸਾਰੇ।
ਪੁਨ ਸਤਿਗੁਰੁ ਸਰ ਸਿੱਖ[1] ਬੁਲਾਏ।
[1]ਪੰਜ ਸਿੱਖ।
ਕਹਯੋ ਪਠੋ[1] ਤੁਮ ਕਾਂਸ਼ੀ ਜਾਏ ॥੪੧॥
[1]ਪੜ੍ਹੋ।
ਤਬਿ ਸਿੱਖਨ ਕਰ ਜੋਰ ਸੁਨਾਵਾ।
ਤਹਿਂ ਭੀ ਕਬਿ ਹਮ ਤਈਂ ਪਢਾਵਾ।
ਬਸਨ ਸੁਕਲ[1] ਪਿਖਿ ਜਾਤੀ ਸੁਨ ਕੈ।
[1]ਚਿੱਟੇ ਬਸਤ੍ਰ।
ਦੂਜ ਨ ਪਢੈਹੈਂ ਸ਼ੂਦਰ ਗੁਨ ਕੈ ॥੪੨॥

ਦੋਹਰਾ:

ਇਮ ਸੁਨ ਪੁਨ ਗੁਰੁ ਮੋਦ ਹ੍ਵੈ,
ਤਿਨ ਪ੍ਰਤਿ ਕਹਯੋ ਵਿਚਾਰ।
ਬਸਨ ਕਖਾਇ[1] ਸਜਾਇ ਕਰਿ,
[1]ਭਗਵੇਂ ਬਸਤ੍ਰ।
ਪਢੋ ਜਾਇ ਤੁਮ ਸਾਰ[1] ॥੪੩॥
[1]ਸਾਰੇ।

ਚੌਪਈ:

ਬਸਨ ਕਖਾਇ ਧਰੇ ਗੁਰੁ ਆਦੈਂ।
ਲਖਿ ਰਿਖੀਅਨ ਕਾ ਵੇਸ ਅਨਾਦੈਂ[1]।
[1]ਪੁਰਾਣਾ ਲਿਬਾਸ।
ਲਿਖੇ ਵੀਚ ਨਾਨਕ ਪ੍ਰਕਾਸੈਂ।
ਔਰ ਸਾਖੀਅਨ ਮੈਂ ਭੀ ਖਾਸੈਂ[1] ॥੪੪॥
[1]ਬਹੁਤ।
ਸੋਉ ਬਸਨ ਜਬਿ ਪੁਰਿ-ਕਰਤਾਰੈਂ।
ਆਇ ਉਦਾਸੀ ਕਰ ਕੈ ਚਾਰੈਂ।
ਦਏ ਉਤਾਰਿ ਨਿਰਮਲੇ ਸਿੱਖੈਂ।
ਆਵਤ ਅਬਿ ਲੌਂ ਚਲੇ ਸੁ ਪਿਖੈਂ[1] ॥੪੫॥
[1]ਵੇਖੀਦੇ ਹਨ।
ਪਢੋ ਜਾਇ ਤੁਮ ਵਹੀ ਧਰੈ ਹੈ।
ਪੰਥ ਏਹੁ ਹਮਰਾ ਬਿਰਧੈ ਹੈ[1]।
[1]ਵਧੇਗਾ।
ਗ੍ਰੇਹੀ ਸਿੱਖ ਮਮ ਛੱਤ੍ਰੀ ਥੈਹੈਂ।
ਬ੍ਰਹਮਚਾਰ ਆਸ਼੍ਰਮ ਇਹੁ ਰੈਹੈਂ[1] ॥੪੬॥
[1]ਇਹ ਨਿਰਮਲੇ ਸਿੰਘ ਬ੍ਰਹਮਚਰਜ ਆਸ਼੍ਰਮ ਵਿੱਚ ਰਹਿਣਗੇ।
ਔਰ ਲੋਗ ਜੋ ਬਰਸੋਂ ਮਾਂਹੀਂ।

ਪਢ ਹੈਂ ਬਿੱਦਜਾ ਜਤਨ ਕਰਾਂਹੀਂ।
ਸੋਉ ਮਹੀਨਜੋਂ ਮੈਂ ਮਮ ਵਰ ਸੈਂ।
ਤੁਮ ਕੋ ਬਿੱਦਜਾ ਐਹੈ ਸਰਸੈਂ[1] ॥੪੭॥
[1]ਬਹੁਤੀ।
ਯਾ ਬਿਧਿ ਜਬਿ ਗੁਰੁ ਬੈਨ ਉਚਾਰੇ।
ਮਾਨੇ ਸਹੀ ਸਿੱਖਨਿ ਦ੍ਰਿਢ ਧਾਰੇ।
ਤਬਿ ਹੀ ਬਸਨ ਕਖਾਇ ਸਜੈ ਕੈ।
ਬਰ ਆਗਜਾ ਸਤਿਗੁਰੁ ਤੈ ਲੈ ਕੈ ॥੪੮॥
ਭਾਈ ਗੰਡਾ[1] ਕਰਮਾ[2] ਸੈਣਾ[3]।
[1]ਗੰਡਾ ਸਿੰਘ। [2]ਕਰਮ ਸਿੰਘ। [3]ਸੈਣਾ ਸਿੰਘ।
ਭਾਈ ਬੀਰਾ[1] ਰਾਮਾਂ[2] ਐਣਾ[3]।
[1]ਬੀਰ ਸਿੰਘ। [2]ਰਾਮ ਸਿੰਘ। [3]ਚੰਗਾ।
ਜੋ ਫਿਰ ਸਤਿਗੁਰੁ ਸਿੰਘ ਸਜਾਏ।
ਇਨ ਹੀ ਨਾਮੋ ਪਰ ਬਿਦਤਾਏ ॥੪੯॥
ਪਹੁੰਚੇ ਕਾਂਸ਼ੀ ਪੁਰੀ ਉਦਾਰੇ।
ਚੇਤਨ-ਮਟ[1] ਮੈਂ ਰਹੇ ਵਿਚਾਰੇ।
[1]ਉਹ ਅਸਥਾਨ ਜਿੱਥੇ ਨਿਰਮਲੇ ਸਿੰਘ ਠਹਿਰੇ ਸਨ।
ਸਾਧੁ ਨਿਰਮਲੇ ਤਹਿਂ ਬਿਦਤਾਏ।
ਬਿਦਜਾ ਪਢੀ ਅਧਿਕ ਮਨ ਲਾਏ ॥੫੦॥
ਗੁਰੁ ਕ੍ਰਿਪਾ ਤੈ ਸ਼ੀਘਰ ਬਿੱਦਜਾ।
ਤਿਨ ਕੋ ਕਰ ਤਲ ਭਈ ਪ੍ਰਸਿੱਧਜਾ[1]।
[1]ਉਨ੍ਹਾਂ ਨੂੰ ਹੱਥ ਦੀ ਤਲੀ ਵਾਂਗ ਪ੍ਰਗਟ ਹੋ ਗਈ।
ਪਢਿ ਨਿਗਮਾਗਮ[1] ਗੁਰੁ ਢਿਗ ਆਏ।
[1]ਬੇਦ ਸ਼ਾਸਤ੍ਰ ਪੜ੍ਹ ਕੇ।
ਗੁਰਹਿਂ ਸੁਨਾਇ ਅਧਿਕ ਬਰ ਪਾਏ ॥੫੧॥
ਖੁਸ਼ੀ ਹੋਇ ਗੁਰੁ ਐਸ ਉਚਾਰੀ।
ਸਾਰ ਬਿੱਦਜਾ ਜਗ ਜੁਗ ਭਾਰੀ[1]।
[1]ਜਗਤ ਵਿੱਚ ਦੋ ਭਾਰੀ ਸ੍ਰੇਸ਼ਟ ਵਿੱਦਿਆ ਹਨ।
ਸ਼ੱਸਤਰ ਏਕ ਸ਼ਾਸਤਰ ਦੂਜੀ।
ਉਭੈ ਜਾਤਿ ਜਗ ਮਾਨੀ ਪੂਜੀ[1] ॥੫੨॥
[1]ਦੋਵੇਂ ਜਗਤ ਵਿੱਚ ਮੰਨੀਆਂ ਪੂਜੀਆਂ ਜਾਂਦੀਆਂ ਹਨ।
ਦੁਸ਼ਟ ਮੂਢ ਸ਼ਸਤ੍ਰੋਂ ਕਰਿ ਦਬ ਹੈਂ।
ਸ਼ਾਸਤ੍ਰ ਤੈ ਕੋਵਿਦ ਬਸ ਫਬ ਹੈਂ[1]।
[1]ਸ਼ਾਸਤ੍ਰਾਂ ਨਾਲ (ਕੋਵਿਦ) ਵਿਦਵਾਨ (ਵਸ) ਅਧੀਨ ਹੋ ਕੇ ਫੱਬਦੇ ਹਨ।
ਅੰਬੀਰੀ[1] ਵਜ਼ੀਰੀ ਫਕੀਰੀ।
[1]ਅਮੀਰੀ।
ਦਾਨ ਦਹੀਰੀ ਸਭਿ ਤਦਬੀਰੀ[1] ॥੫੩॥
[1]ਦਾਨ ਦੇਣਾ ਤੇ ਸਾਰੀਆਂ ਜੁਗਤੀਆਂ।
ਤਰਗਸ ਗੀਰੀ ਰਾਜ ਗਹੀਰੀ[1]।
[1]ਭੱਥਾ (ਆਦਿ ਸ਼ਸਤ੍ਰ) ਪਕੜਨੇ ਭਾਵ ਚਲਾਉਣੇ ਤੇਰਾਜ 'ਤੇ ਕਬਜ਼ਾ ਕਰਨਾ।

ਹਮਰੇ ਪੰਥ ਵੀਚ ਸਭਿ ਥੀਰੀ[1]।
[1]ਟਿਕਣਗੀਆਂ। (ਅ) ਹੋਣਗੀਆਂ।
ਇਤਜਾਦਿਕ ਬਰ ਸਤਿਗੁਰੁ ਦੀਏ।
ਜੋ ਸੁਨਿ ਸਿੱਖ ਸਭੈ ਖੁਸ਼ਿ ਥੀਏ ॥੫੪॥
ਪੁਨ ਗੁਰੁ ਸੰਸਕ੍ਰਿਤ ਤੈ ਭਾਸ਼ਾ[1]।
[1]ਬ੍ਰਿਜ ਭਾਸ਼ਾ ਵਿੱਚ।
ਉਨ ਤੈ ਗ੍ਰੰਥ ਕ੍ਰਏ ਅਨਜਾਸਾ[1]।
[1]ਬਿਨਾਂ ਜਤਨ ਉਨ੍ਹਾਂ ਤੋਂ ਗ੍ਰੰਥ (ਉਲਥਾ) ਕਰਵਾਏ।
ਉਪਨਿਸ਼ਦੈਂ ਸੁ ਭਾਗਵਤ, ਭਾਰਥ[1]।
[1]ਮਹਾਂ-ਭਾਰਤ।
ਸ਼ੁੱਕਰ-ਨੀਤੀ, ਆਗਮ ਸਰਥਾ[1] ॥੫੫॥
[1]ਸ਼ਾਸਤ੍ਰ ਅਰਥਾਂ ਸਹਿਤ।
ਕਰਮ-ਵਿਪਾਕ[1] ਧਰਮ ਸਾਬੰਧੀ[2]।
[1]ਗ੍ਰੰਥ ਦਾ ਨਾਮ। [2]ਧਰਮ ਸਬੰਧੀ ਪੁਸਤਕ।
ਰੁੱਦਰ ਯਾਮਲ, ਤੰਤ੍ਰ-ਸੰਧੀ।
ਭਾਸ਼ਾ ਕੀਨੇ ਇਤਿਕ ਬਿਸਾਲੈਂ।
ਜੋਉ ਅਨੰਦਪੁਰ ਛੋਡਨ ਕਾਲੈਂ[1] ॥੫੬॥
[1]ਛੱਡਣ ਸਮੇਂ।
ਕੁਛ ਪਹਾਰੀਅਨ ਕੁਛ ਤੁਰਕਾਨੈ।
ਜਾਰੇ ਫਾਰੇ ਸੁਟੇ ਕਿਤਾਨੈਂ[1]।
[1]ਸਾੜ ਦਿੱਤੇ, ਪਾੜ ਦਿੱਤੇ, ਕਿਤਨੇ ਹੀ ਸੁੱਟ ਦਿੱਤੇ।
ਪਾਂਚ ਸਾਤ ਭਾਰਤ ਲੌ ਅਬਿ ਭੀ।
ਹੈਂ, ਜਾਨਤ ਸਜਾਨੇ ਸਿੱਖ ਸਭਿ ਭੀ ॥੫੭॥

ਦੋਹਰਾ:
ਸ਼ਸਤ੍ਰ ਸ਼ਾਸਤ੍ਰ ਬਿੱਦਜਾ
ਕੇਰ, ਅਧਿਕ ਪਰਿਚਾਰ।
ਕਰਵਾਯੋ ਗੁਰੁ ਸਿੱਖਨ ਮੈਂ,
ਲਖਿ ਜੁਗ ਅਤੀ ਉਦਾਰ[1] ॥੫੮॥
[1]ਦੋਹਾਂ (ਵਿੱਦਿਆਂ) ਨੂੰ ਬਹੁਤ ਸ੍ਰੇਸ਼ਟ ਜਾਣ ਕੇ।

ਚੌਪਈ:
ਪੁਨ ਇਕ ਦਿਨ ਸਤਿਗੁਰੂ ਬਿਲਾਸੀ[1]।
[1]ਕੌਤਕੀ।
ਪਰਖਨ ਹਿਤ ਦਿਢ, ਸਿੱਖ ਨਿਰਾਸੀ[1]।
[1]ਸਾਰਿਆਂ ਸਿੱਖਾਂ ਨੂੰ।
ਲਾਇ ਦਿਵਾਨ ਕੇਸ-ਗੜ੍ਹ ਮਾਹੈਂ।
ਪੰਚਾਂਮ੍ਰਿਤ ਬਹੁ ਲਯੋ ਮੰਗਾਹੈ ॥੫੯॥
ਲੂਟ ਛਕੋ ਗੁਰੁ ਕਹਜੋ ਸੁਨਾਏ।
ਲੂਟ ਛਕਜੋ ਸਿੱਖਨ ਝਟ ਧਾਏ।
ਅਧਿਕ ਸਿੱਖ ਤਬਿ ਬੈਠ ਰਹਾਏ।
ਗੁਰੂ ਮੰਗਾਯੋ ਔਰ ਕਰਾਏ[1] ॥੬੦॥
[1]ਹੋਰ (ਕੜਾਹ ਪ੍ਰਸ਼ਾਦ ਤਿਆਰ) ਕਰਵਾ ਕੇ।
ਪੁਨ ਕਲਗੀਧਰ ਹੁਕਮ ਸੁਨਾਵਾ।

ਜੋ ਨਹਂ ਲੁਟੈ ਹਮੈਂ ਨ ਭਾਵਾ।
ਥੋਰਿ ਸੰਤੋਖੀ ਬੈਠ ਰਹਾਏ।
ਔਰ ਸਭਿਨਿ ਲੁਟਜੋ ਮਨ ਭਾਏ ॥੬੧॥
ਗੁਰੂ ਕੌਤਕੀ ਤੀਸਰ ਬੇਰੈਂ।
ਕੁਣਕਾ ਔਰ ਮੰਗਯੋ ਬਧੇਰੈਂ।
ਹੁਕਮ ਦਯੋ ਜੋ ਹੈ ਸਿਖ ਪੂਰਾ।
ਸੋ ਲੂਟੈ ਬੈਠਜੋ ਰਹਿ ਕੂਰਾ[1] ॥੬੨॥ — [1]ਝੂਠਾ।
ਮਾਨੈ ਹੁਕਮ ਸੋਈ ਜਿਣ ਜਾਇ ॥
ਅਵਰੀ ਕਰਮ ਨ ਲੇਖੈ ਲਾਇ ॥
ਗੁਰੂ ਗ੍ਰੰਥ ਕੀ ਤੁਕ ਇਹੁ ਪਢ ਕੈ।
ਗੁਰੂ ਸੁਨਾਈ ਸਭਿ ਪਰ ਬਢ ਕੈ[1]। — [1]ਸਾਰੀਆਂ ਗੱਲਾਂ ਤੋਂ ਉੱਪਰ ਦੀ ਵੱਧ ਕੇ।
ਪੁਨ ਭਾਖਜੋ ਸਿੱਖ ਜੋਉ ਹਮਾਰਾ।
ਸੋ ਲੂਟੈ ਕੁਣਕਾ ਇਸ ਬਾਰਾ ॥੬੩॥
ਇਹੁ ਸੁਨਿ ਸਭਿ ਹੀ ਲੂਟਨ ਧਾਏ।
ਕਰਿ ਕੈ ਜ਼ੋਰ ਸ਼ੋਰ ਬਹੁ ਭਾਏ[1]। — [1]ਬਹੁਤ ਤਰ੍ਹਾਂ ਜ਼ੋਰ ਸ਼ੋਰ ਕਰਕੇ।
ਪੇਖਿ ਪੇਖਿ ਗੁਰੂ ਹਸੈਂ ਬਿਲਾਸੀ।
ਸਿੱਖਨ ਕੋ ਪਰਖਜੋ ਸੁਖ-ਰਾਸੀ[1] ॥੬੪॥ — [1]ਸੁੱਖਾਂ ਦੀ ਹੋਂਦ।
ਤੇਰਾਂ ਸਿੱਖ ਸੰਤੋਖੀ ਭਾਰੇ।
ਉਠੇ ਨ ਲੂਟਨ ਤੀਨੋਂ ਬਾਰੇ।
ਪਿਖਿ ਸੰਤੋਖ ਸਬਰ ਤਿਨ ਕੇਰਾ[1]। — [1]ਤਿਨ੍ਹਾਂ ਸੰਤੋਖੀਆਂ ਦਾ (ਸਬਰ) ਸੰਤੋਖ ਦੇਖ ਕੇ।
ਖੁਸ਼ਿ ਹ੍ਵੈ ਪੁਨਾ ਗੁਰੂ ਇਮ ਟੇਰਾ[1] ॥੬੫॥ — [1]ਕਿਹਾ।
ਇਹੁ ਸੰਤੋਖੀ ਸਿੱਖ ਹਮਾਰੇ।
ਸਤੋਗੁਨੀ ਗਜਾਨੀ ਸਵਿਚਾਰੇ[1]। — [1]ਵਿਚਾਰਵਾਨ।
ਬੀਜ ਸਬਰ ਸੰਤੋਖਹਿਂ ਕੇਰਾ।
ਪਰਖਜੋ ਹਮ ਇਨ ਰਖਜੋ ਬਧੇਰਾ ॥੬੬॥
ਨਿਰਮਲ ਉਰ ਇਹੁ ਭਏ ਨਿਰਮਲੇ।
ਹਰਿ ਗੁਰ ਭਗਤ ਬ੍ਰਿਕਤ ਪਿਰਮਿਲੇ[1]। — [1]ਵਾਹਿਗੁਰੂ ਨੂੰ ਮਿਲੇ ਹੋਏ। (ਅ) ਪ੍ਰੇਮੀ।
ਪੰਥ ਨਿਰਮਲਾ ਇਹੁ ਮਮ ਚਾਲੈ।
ਪੂਜਨੀਯ ਸਭਿ ਹੇਤ ਬਿਸਾਲੈ ॥੬੭॥
ਇਮ ਬਰ ਦੈ ਗੁਰੁ ਛੰਦ ਉਚਾਰਾ।

ਸਰਬ ਲੋਹ ਮੈਂ ਲੇਹੁ ਨਿਹਾਰਾ ॥੬੮॥

ਤਥਾਹੀ- ਸ੍ਰੀ ਮੁਖ ਵਾਕ।

ਰੁਲਟੁ ਛੰਦ ॥

ਸ਼ੋਰ ਭਯੋ ਘਨ ਸ਼ੋਰ ਸ਼ੋਰ ਸਿੰਘਨ ਦਲ ਭਾਰੀ[1] ॥	[1]ਘਨ ਬੱਦਲ ਦੇ (ਸ਼ੋਰ) ਸ਼ਬਦ ਵਰਗਾ ਗੰਭੀਰ (ਸ਼ੋਰ) ਸ਼ਬਦ ਗੁਰੂ ਸਾਹਿਬ ਜੀ ਦਾ (ਭਯੋ) ਹੋਇਆ (ਉਸ ਹੁਕਮ ਨੂੰ ਸੁਣ ਕੇ ਪ੍ਰਸ਼ਾਦ ਲੁੱਟਣ ਵਾਸਤੇ) (ਸਿੰਘਨ ਦਲ) ਸਿੰਘਾਂ ਦੇ ਦਲ ਵਿੱਚ (ਭਾਰੀ) ਬਹੁਤਾ (ਸ਼ੋਰ) ਰੌਲਾ ਹੋਣ ਲੱਗਾ।
ਕਹਜੋ ਗੁਰੁ ਮੁਖ ਮਾਂਹਿ ਮਾਂਹਿ ਪ੍ਰਸ਼ਾਦ ਨਿਹਾਰੀ[1] ॥	[1]ਗੁਰਾਂ ਨੇ ਆਪਣੇ ਮੁੱਖ 'ਚੋਂ ਕਿਹਾ ਕਿ ਕੜਾਹ ਪ੍ਰਸ਼ਾਦ ਵਿੱਚ ਨਿਗਾਹ ਪਾ ਕੇ ਭਾਵ ਦੇਖ ਕੇ।
ਲੂਟ ਕੂਟ ਲਿਹੁ ਛੂਟ, ਜੂਠ ਨਹਿਂ ਭੂਟ ਭਿਨਾਨੋ[1] ॥	[1](ਛੂਟ) ਹੱਲਾ ਕਰ ਕੇ (ਕੂਟ) ਬਹੁਤਾ ਪ੍ਰਸ਼ਾਦ (ਲੁੱਟ ਲਿਹੁ) ਲੁੱਟ ਲਓ, ਜੂਠ ਤੇ (ਭੂਟ) ਭਿੱਟਨ (ਭਿਨਾਨੋ) ਮੰਨਿਆਂ ਜੇ।
ਮਾਰ ਧਾਰ ਬਕ ਬਾਰ ਬਾਰਿ ਤ੍ਰੈ ਸਾਰ ਸੁ ਭਾਨੋ[1] ॥	[1]ਮਾਰ ਲਓ, ਪਕੜ ਲਓ, ਬਾਰ ਬਾਰ (ਬਕ) ਬੋਲਦੇ ਹਨ, ਉਨ੍ਹਾਂ ਨੇ ਤਿੰਨ ਵਾਰ (ਸਾਰ) ਚੰਗੀ ਤਰ੍ਹਾਂ (ਭਾਨੋ) ਕਿਹਾ।
ਭਾਨ ਭਾਨੁ ਹਰਿ ਖਰੇ, ਪਰੇ ਨਹਿਂ ਇਕ ਘਮਸਾਨੁ[1] ॥	[1](ਭਾਨ ਹਰਿ) ਬਾਰਾਂ ਸਿੰਘ (ਖਰੇ) ਚੰਗੇ (ਸੰਤੋਖੀ) (ਭਾਨ) ਦੇਖੇ (ਪਰੇ ਨਹਿਂ ਇਕ ਘਮਸਾਨੁ) ਜੋ ਇਕ ਵਾਰੀ ਵੀ ਲੁੱਟਣ ਦੇ ਘਮਸਾਨ ਵਿੱਚ ਨਹੀਂ ਪਏ।
ਸੰਤਤ ਸੰਤ ਸੰਤ ਤੁਸ਼ਟ ਗੁਨ ਨਿਰਮਲ ਭਾਨੁ[1] ॥	[1](ਸੰਤਤ) ਇਕਰਸ ਐਸੇ ਸਤੋ ਗੁਣੀ (ਸੰਤਤਿ ਸੰਤ) ਸੰਤ ਰੂਪੀ ਆਪਣੀ ਨਾਦੀ ਉਲਾਦ ਉੱਪਰ ਅਸੀਂ (ਤੁਸ਼ਟ) ਬਹੁਤ ਪ੍ਰਸੰਨ ਹਾਂ (ਗੁਨ ਨਿਰਮਲ ਭਾਨੂੰ) ਜਿਨ੍ਹਾਂ ਦੇ ਸੰਤੋਖ ਆਦਿਕ ਨਿਰਮਲ ਗੁਣ ਸੂਰਜ ਵਾਂਗ ਪ੍ਰਕਾਸ਼ ਕਰਨਗੇ।
ਬਰਨ ਬਰਨ ਬਰ ਬਿਸਦ, ਚੀਰ ਧਰ ਧਰਨਨ ਕਾਰੇ[1] ॥	[1](ਬਰਨ ਬਰਨ ਬਰ) ਬ੍ਰਾਹਮਣ ਛੱਤ੍ਰੀ ਆਦਿਕ ਵਰਨਾਂ ਵਿੱਚੋਂ ਇਹ ਮੇਰੇ ਸਿੰਘ ਸ੍ਰੇਸ਼ਟ ਹਨ। ਜਾਂ ਸ਼ਿੰਗ੍ਰਫੀ, ਸੰਧੂਰੀ, ਮਜੀਠੀ, ਕਟਈ, ਸਫ਼ੈਦ, ਹਰਾ, ਗੇਰੂ ਆਦਿਕ (ਬਰਨ ਬਰਨ) ਰੰਗਾਂਰੰਗਾਂ ਦੇ (ਬਰ) ਸ੍ਰੇਸ਼ਟ (ਬਿਸਦ ਚੀਰ) ਉੱਜਲ ਬਸਤ੍ਰ (ਧਰ) ਧਰਤੀ ਉੱਤੇ (ਧਰਨਨ ਕਾਰੇ) ਧਾਰਨ ਵਾਲੇ ਹੋਣਗੇ।
ਬੇਦ ਬੇਦ ਸ੍ਰਮ ਭੇਖ ਰੇਖ ਧਰ ਰੇਖ ਨਿਰਾਰੇ[1] ॥	[1](ਬੇਦ ਬੇਦ ਸ੍ਰਮ) ਜਤਨ ਨਾਲ ਵੇਦਾਂ ਦੇ ਗਿਆਤੇ ਹੋਣਗੇ (ਸ੍ਰਮ ਭੇਖ) ਬ੍ਰਹਮਚਰਜ ਦੇ ਆਸ਼ਰਮ ਦੇ ਭੇਖ ਦੀ (ਰੇਖ ਧਰ) ਨਿਸ਼ਾਨੀ ਧਾਰ ਕੇ (ਰੇਖ ਨਿਰਾਰੇ) ਸੰਸਾਰੀ ਸ਼ਰ੍ਹਾ ਦੇ ਚਿੰਨ੍ਹਾਂ ਤੋਂ ਨਿਆਰੇ ਵਰਤਨਗੇ।
ਰਮਨ ਰਮਨ ਮੈਂ ਰਮਨ, ਰਮਨ ਮਮ ਅੰਤ ਸਮਾਵੈਂ[1] ॥	[1](ਰਮਨਰਮਨ ਮੈਰਮਨ) ਜਿਸ ਵਾਹਿਗੁਰੂ ਦੇ ਸਰੂਪ ਵਿੱਚ (ਰਮਨ) ਮਾਇਆ (ਰਮਨ) ਅਨੰਦ ਮਾਣਦੀ ਹੈ ਉਸ ਸਰੂਪ ਵਿੱਚ (ਰਮਨ) ਅਨੰਦ ਮਾਣਦੇ ਹੋਏ (ਰਮਨ ਮਮ ਅੰਤ ਸਮਾਵੈ) ਅੰਤ ਨੂੰ ਮੇਰੇ ਉਸ (ਰਮਨ) ਸੁੰਦਰ ਸਰੂਪ ਵਿੱਚ ਸਮਾ ਜਾਣਗੇ।
ਸੁੱਧਿ ਬੁੱਧਿ ਦ੍ਵਜ ਆਦਿ, ਸ੍ਵਾਦ ਬਿੱਦਜਾ ਹਰਿ ਪਾਵੈਂ[1] ॥	[1](ਸੁੱਧ ਬੁੱਧ) ਐਸੀ ਨਿਰਮਲ ਬੁੱਧੀ ਵਾਲੇ ਹੋਣਗੇ ਜਿਨ੍ਹਾਂ ਤੋਂ (ਦ੍ਵਿਜ ਆਦਿ) ਬ੍ਰਾਹਮਣ ਆਦਿਕ ਚੌਹਾਂ ਵਰਨਾਂ ਦੇ ਜਗਿਆਸੂ

(ਸ੍ਵਾਦ ਬਿੱਦਜਾ ਹਰਿ ਪਾਵੈਂ) ਬਿਸ਼ਨ ਤੇ ਸ਼ਿਵ ਦੇ ਸਮਾਨ ਬ੍ਰਹਮ ਗਿਆਨ ਦੀ ਵਿੱਦਿਆ ਦੇ ਸੁਆਦ (ਅਨੰਦ) ਨੂੰ ਪਾਉਣਗੇ।

ਖਟੂ ਛੰਦ ॥

ਖਟ ਏਕ ਖਟੂ ਨਿਰਮਲ ਭਟੂ, ਭਟ ਭੇਖ ਬਟੂ ਧਰ ਪਾਇ ਜਸੀ[1] ॥

[1](ਖਟ ਏਕ ਖਟੂ) ਪੂਰਬੋਕਤ ਬਾਰਾਂ ਤੇਰਾਂ ਸਿੰਘ ਜੋ ਬੈਠੇ ਰਹੇ ਹਨ ਐਸੇ ਐਸੇ ਹੋਰ ਭੀ (ਨਿਰਮਲ ਭੱਟੂ) ਬਹਾਦਰ ਨਿਰਮਲੇ ਸਿੰਘ ਆਸੁਰੀ ਸੰਪਦਾ ਨੂੰ ਜਿੱਤਣ ਵਾਲੇ (ਭਵ ਭੇਖ ਬੱਟੂ) ਸੰਸਾਰ ਵਿੱਚ ਬ੍ਰਹਮਚਾਰੀਆਂ ਦਾ ਭੇਖ (ਧਰ) ਧਾਰ ਕੇ ਵਿਚਰਦੇ ਹੋਏ (ਪਾਇ ਜਸੀ) ਚੰਗਾ ਜਸ ਪਾਉਣਗੇ ਜਾਂ (ਖਟ ਏਕ ਖਟੂ) ਕੋਈ ਕੁ ਜੋ ਖੱਟਣ ਵਾਲੇ ਹੋਣਗੇ ਖਟ ਸੰਪਦੀ ਆਦਿਕ ਸਾਧਨਾਂ ਦੇ, ਉਹ ਪੁਰਖ।

ਮਤਿ ਤੇ ਗਤ ਤੇ ਹਤਤੇ, ਮਨ ਤੇ ਤਨ ਤੇ ਨਿਰਮਲਾਹਿ ਲਸੀ[1] ॥

[1](ਮਤ ਤੇ) ਉਹ ਸ੍ਰੇਸ਼ਟ ਬੁੱਧੀ ਨੂੰ (ਗਤ ਤੇ) ਪ੍ਰਾਪਤ ਹੋਣ ਵਾਲੇ ਵਿਕਾਰਾਂ ਨੂੰ (ਹਤ ਤੇ) ਨਸ਼ਟ ਕਰ ਕੇ (ਮਨ ਤੇ ਤਨ ਤੇ ਨਿਰਮਲਾਹਿ ਲਸੀ) ਮਨ ਤਨ ਕਰ ਕੇ ਨਿਰਮਲੇ ਸਿੰਘ ਪ੍ਰਕਾਸ਼ ਕਰਨਗੇ।

ਕਵੋਕਤਿ

ਕਬਿੱਤ:

ਇਤਜਾਦਿ ਬਚਨ ਬਖਾਨੇ ਬਰ ਦੀਨੇ ਗੁਰੁ,
ਸਿੰਘ ਜੇ ਰਹੇ ਥੇ ਬੈਠ ਨਾਮ ਤਿਨ ਸੁਨੀਏ।
ਧੂਮ ਸਿੰਘ ਕ੍ਰਮ ਸਿੰਘ ਗੱਜਾ-ਹਰਿ ਧੰਨਾ ਸਿੰਘ,
ਚੰਦਨ ਮ੍ਰਿਗੇਸ ਮੰਨਾ-ਹਰਿ ਝੰਡਾ ਧੁਨੀਏ[1]।
ਲਖਮੀਰ-ਹਰਿ ਦਰਬਾਰਾ[1] ਬੀਰ ਸਿੰਘ ਤਾਰਾ[2],
ਸੈਣਾ ਸਿੰਘ ਮਨਹਰ[1] ਏਊ ਤੇਰਾਂ ਗੁਨੀਏ[2]।
ਸਬਰ ਸੰਤੋਖ ਧਰਿ ਬੈਠ ਰਹੇ ਮੋਖ ਭਾਗੀ[1],
ਨਿਰਮਲੇ ਖਤਾਬ ਗੁਰੁ ਦੀਓ ਇਨੈ ਚੁਨੀਏ[1] ॥੬੯॥

[1]ਝੰਡਾ ਸਿੰਘ ਕਹੀਦਾ ਹੈ।
[1]ਦਰਬਾਰਾ ਸਿੰਘ। [2]ਤਾਰਾ ਸਿੰਘ।
[1]ਮਨੋਹਰ ਸਿੰਘ। [2]ਵਿਚਾਰ ਕਰੋ।
[1]ਮੁਕਤੀ ਦੇ ਹੱਕਦਾਰ।
[1]ਚੁਣ ਕੇ।

ਤੀਨ ਬਖਸ਼ਸ਼ ਗਾਈ ਚੌਥੀ ਔਰ ਸੁਨੋ ਭਾਈ,
ਏਕ ਦਿਨ ਗੁਰੂ ਮਨ ਆਈ ਐਸ ਹੂੰ ਭਲੇ।
ਏਕ ਜਾਮ ਰਹੀ ਰੈਨ ਬਦਲ ਕੈ ਭੇਸ ਐਨ[1],
ਸਤਿਗੁਰੁ ਸਿੱਖਨ ਕੇ ਡੇਰੋ ਡੇਰੀ ਹ੍ਵੈ ਚਲੇ[1]।
ਸੋਏ ਜੇਈ ਜੋਏ ਔਰ ਕਰਤ ਬਿਹਾਰ ਬਾਤੈਂ,
ਕਹਜੋ ਸੁਤੇ ਗਏ ਯੇ ਮੁਹਾਇ ਮਾਯਾ ਨੈ ਛਲੇ[1]।

[1]ਚੰਗੀ ਤਰ੍ਹਾਂ।
[1]ਹਰ ਇਕ ਡੇਰੇ ਵਿੱਚ ਹੋ ਕੇ ਗਏ।
[1]ਜਿਹੜੇ ਸੁੱਤੇ ਅਤੇ ਕੰਮ ਤੇ ਗੱਲਾਂ ਕਰਦੇ ਦੇਖੇ (ਉਨ੍ਹਾਂ ਨੂੰ) ਕਿਹਾ ਕਿ (ਇਹ ਸਾਰੇ) ਸੁੱਤੇ ਹੋਏ ਲੁੱਟੇ ਗਏ ਹਨ ਮਾਇਆ ਨੇ ਛਲ ਲਏ ਹਨ।

ਭਜਨ ਅਭਜਾਸ ਗਜਾਨ ਖਾਸ ਜੋ ਕਰਤ ਹੇਰੇ[1], — [1]ਜਿਹੜੇ ਆਪ ਕਰਦੇ ਵੇਖੇ।
ਬੋਲੇ ਗੁਰੁ ਸ਼ਬਦ ਰਤੇ ਹੈਂ ਏਊ ਨਿਰਮਲੇ[1] ॥੨੦॥ — [1]ਇਹ ਸ਼ਬਦ 'ਚਰੰਗੇ ਹੋਏ ਨਿਰਮਲੇ ਹਨ।
ਔਰ ਏਕ ਸਮੇਂ ਸ੍ਵਾਂਗੀ[1] ਆਏ ਗੁਰੁ ਕੇ ਹਜੂਰ, — [1]ਸ੍ਵਾਂਗ ਬਣਾ ਕੇ ਵਿਖਾਉਣ ਵਾਲੇ।
ਕੌਤਿਕ ਦਿਖਾਏ ਤਿਨੈਂ ਭਾਂਤਿ ਭਾਂਤਿ ਕੇ ਵਲੇ[1]। — [1]ਚੰਗੇ ਢੰਗ ਨਾਲ।
ਰਜੋ ਤਮੋਂ ਗੁਨੀ ਰੀਝ ਹਸ ਹਸ ਪੈਹੈਂ ਬਹ,
ਸਤੋਗੁਨੀ ਗਜਾਨੀਓਂ ਕੇ ਮਨ ਤਿਤ[1] ਨਾ ਚਲੇ। — [1]ਤਿਸ ਪਾਸੇ।
ਪ੍ਰਖਬੇ ਕੇ ਹੇਤ ਸਭਿ ਸਭਾ ਕੋ ਨਿਹਾਰਜੋ ਗੁਰੁ,
ਹੇਰੇ ਮਨ ਜਿਨ ਹੂੰ ਕੇ ਨਾਮ ਵੀਚ ਅਚਲੇ[1]। — [1]ਟਿਕੇ ਹੋਏ।
ਤਿਨ ਹੂੰ ਕੀ ਓਰ ਗੁਰੁ ਕਰਿ ਕੈ ਅਸ਼ਾਰਾ[1] ਬੋਲੇ, — [1]ਇਸ਼ਾਰਾ।
ਸਿੰਘ ਯੇ ਹਮਾਰੇ ਭਾਰੇ ਸੰਤ ਰੂਪ ਨ੍ਰਿਮਲੇ ॥੨੧॥
ਸਤ੍ਰਾਂ ਸੌ ਸਤਵੰਜੇ ਸਾਲ ਗੁਰੁ ਏਕ ਦਿਨ,
ਖੁਸ਼ੀ ਹੋਇ ਸਭਾ ਵੀਚ ਕਹਜੋ ਮਾਂਗੋ ਜੋ ਦਿਲੇ[1]। — [1]ਜੋ ਦਿਲ ਵਿੱਚ ਹੈ।
ਕਾਹੂੰ ਧਨ ਧਾਮ ਕਾਹੂੰ ਅੱਸ੍ਵ ਅਭਿਰਾਮ,
ਕਾਹੂੰ ਤੀਆ ਸੁਤ ਜ਼ੇਵਰ ਜਰਾਊ ਮਾਂਗੇ ਸੋ ਮਿਲੇ।
ਸ਼ਸਤ੍ਰ ਬਸਤ੍ਰ ਕਾਹੂੰ ਗਜ-ਰਾਜ ਸਾਜ[1] ਮਾਂਗਜੋ, — [1]ਵੱਡੇ ਹਾਥੀ ਤੇ ਉਨ੍ਹਾਂ ਦਾ ਸਾਮਾਨ।
ਸਭਿ ਕੋ ਦਿਵਾਯੋ ਭਾਯੋ[1] ਜਾਂਹਿ ਜੋਗ ਥਾ ਭਲੇ[2]। — [1]ਮਨ-ਭਾਉਂਦਾ। [2]ਜਿਸ ਚੀਜ਼ ਲੈਣ ਦੇ ਕੋਈ ਚੰਗਾ ਯੋਗ ਸੀ।
ਸ੍ਵਪਨ ਸਮਾਨ ਜਗ ਜਾਨ ਜਿਨੈ ਨਾਮ ਮਾਂਗਜੋ,
ਖੁਸ਼ੀ ਹੋਇ ਕਹਜੋ ਗੁਰੁ ਏਊ ਸਿੰਘ ਨ੍ਰਿਮਲੇ ॥੨੨॥
ਬਖਸ਼ੀਸ਼ ਸਾਤਮੀ ਕੀ ਸਾਖੀ ਸੁਨੋ ਕਾਂਖੀ ਜਨ[1], — [1]ਚਾਹਵਾਨ ਪੁਰਸ਼ੋ।
ਸੁਨੀਯਰ ਪਿੰਡ ਮਾਲਵੇ ਮੈਂ ਗੁਰੁ ਜੌ ਗਏ।
ਕਾਲ ਥਾ ਬਿਸਾਲ ਪਰਜੋ ਯਾਂਹਿ ਤੈ ਤਹਾਂ ਕੇ ਸਿੱਖ,
ਏਕ ਠੌਰ ਲੰਗਰ ਨ ਸਾਕੇ ਗੁਰੁ ਕੋ ਦਏ।
ਏਕ ਏਕ ਦੋਇ ਦੋਇ ਸਿੱਖਨ ਕੋ ਘਰ ਮਾਂਹਿ,
ਹਸਬ ਤਫੀਕ, ਥਾ ਛਕਾਯੋ ਬਨ ਜੋ ਅਏ[1]। — [1]ਸ਼ਕਤੀ ਅਨੁਸਾਰ ਜੋ ਬਣ ਆਇਆ ਛਕਾਇਆ।
ਆਏ ਜਬਿ ਛਕਿ ਸਭਿ ਹੀ ਕੋ ਗੁਰੁ ਬੁਝਜੋ,
ਤੁਮ ਕੈਸੋ ਕੈਸੋ ਖਾਯੋ ਬੋਲੇ ਬਹੁਰੰਜ ਕੋ ਲਏ[1] ॥੨੩॥ — [1]ਗੁੱਸੇ ਹੋ ਕੇ।
ਕਾਹੂੰ ਮੋਠ ਬਾਜਰੀ ਜਮਾਰ[1] ਘੁੰਘਣੀ[2] ਸੁਨਾਈ, — [1]ਜੁਆਰ। [2]ਉਬਲੇ ਹੋਏ ਛੋਲੇ।

ਬੋਦਾ ਅੰਨ ਜਵ ਚਣੇ ਦਲੀਆ ਅਲੌਨਾ ਹੈ[1]।	[1]ਬੋਦੇ ਅੰਨ ਜੌਂ, ਛੋਲੇ ਤੇ ਅਲੂਣਾ ਦਲੀਆ।
ਗੱਜਾ ਸਿੰਘ ਨਿਰਮਲੇ ਕਹਜੋ ਏਕ ਸੁਧਾ ਸਮ[1]	[1]ਅੰਮ੍ਰਿਤ ਸਮਾਨ (ਭੋਜਨ)।
ਪਾਯੋ ਹਮ ਭੂਪਨ ਕੋ ਦੁਲਭ ਜੁ ਹੌਨਾ ਹੈ[1]।	[1]ਜੋ (ਭੋਜਨ) ਰਾਜਿਆਂ ਨੂੰ ਵੀ ਔਖਾ ਲੱਭਦਾ ਹੋਣਾ ਹੈ।
ਸੁਨਿ ਸਭਿ ਤੱਜਬ ਰਹਾਏ ਗੁਰੁ ਤਾਂਹੀਂ ਛਿਨ,	
ਬੂਝਜੋ ਸਿੱਖ ਗ੍ਰੇਹੀ ਤੈ ਛਕਾਯੋ ਯਾਹਿ ਕੌਨਾ ਹੈ[1]।	[1]ਕਿਹੜਾ (ਭੋਜਨ)।
ਕਹਜੋ ਉਨ ਜਾਂਡ ਫਲੀ ਪੀਲੂੰ ਥੀਂ ਸੁਸਕ ਘਰਿ[1],	[1]ਘਰ ਵਿੱਚ ਸੁੱਕੀਆਂ ਹੋਈਆਂ ਜੰਡਾਂ ਦੀਆਂ ਫਲੀਆਂ ਤੇ ਪੀਲੂ (ਵਣ ਬ੍ਰਿਛ ਦੇ ਫਲ) ਸਨ।
ਛਕ ਆਯੋ ਸਿੱਖ ਯੇ ਭਗੋਇ ਮਧ ਡੌਨਾ[1] ਹੈ ॥੭੪॥	[1]ਡੂੰਨੇ (ਕਟੋਰੇ ਦੀ ਸ਼ਕਲ ਦਾ ਪੱਤਿਆਂ ਦਾ ਭਾਂਡਾ) ਉਸ ਵਿੱਚ ਭਿਉਂ ਕੇ।
ਸੁਨਿ ਸਤਿਗੁਰੁ ਉਰਿ ਗੁਨ ਕੈ ਧਰਮ ਉਨੈ[1],	[1]ਉਨ੍ਹਾਂ ਦਾ (ਧਰਮ) ਸੁਭਾਵ ਵਿਚਾਰ ਕੇ।
ਧੰਨਜ ਸਿੱਖੀ ਧੰਨਜ ਸਿੱਖੀ, ਬੋਲੇ ਤੀਨ ਬਾਰੀਆ।	
ਚਾਹੀਏ ਗ੍ਰੇਹੀ ਸਤੀ, ਐਸ ਹੀ ਸੰਤੋਖੀ ਸੰਤ	
ਭੋਗਤਾ, ਬਿਹੰਗਮ ਧਰਮਰ ਖਵਾਰੀਆ[1]।	[1](ਗ੍ਰੇਹੀ) ਗ੍ਰਹਿਸਥੀ (ਸਤੀ) ਦਾਨੀ ਐਸੇ ਹੀ ਚਾਹੀਦੇ ਹਨ ਤੇ ਐਸੇ ਹੀ (ਭੋਗਤਾ) ਛਕਣ ਵਾਲੇ (ਬਿਹੰਗਮ) ਤਿਆਗੀ, ਧਰਮ ਦੇਰਾਖੇ ਸੰਤੋਖੀ ਸੰਤ ਚਾਹੀਦੇ ਹਨ।
ਸਤੀ ਦੈ[1] ਸੰਤੋਖੀ ਖਾਇ ਤੀਨ ਲੋਕ ਤ੍ਰਿਪਤਾਇ[2],	[1]ਦਾਨੀ ਦੇਵੇ। [2]ਰੱਜ ਜਾਣ।
ਐਸੇ ਧਰਮਿਗਨ[1] ਕੇ ਹਮ ਬਲਿਹਾਰੀਆ।	[1]ਧਰਮ ਦੇ ਜਾਣੂਆਂ ਦੇ।
ਰਾਖ ਦਿਖਰਾਯੋ ਇਨੈ, ਬੀਜ ਗੁਰੁ ਸਿੱਖੀ ਕੇਰ,	
ਫੇਰ ਗੱਜਾ-ਹਰਿ ਹੇਤ[1] ਛੰਦ ਹੈ ਉਚਾਰੀਆ ॥੭੫॥	[1]ਗੱਜਾ ਸਿੰਘ ਵਾਸਤੇ।
ਸ੍ਰੀ ਮੁਖਵਾਕ - ਗਰੱਟੀ ਛੰਦ ॥	
ਸੁਨ ਗੱਜਾ ਹਰਿ ਬਰ ਭਵ ਭਵ ਬਰ, ਭਰ ਕਰਿ ਸੁਨ ਭਰ ਧਾਰੋ[1] ॥	[1](ਸੁਨ ਗੱਜਾ ਹਰਿ) ਤੇ ਭਾਈ ਗੱਜਾ ਸਿੰਘ ਤੂੰ ਸੁਣ ਤੁਹਾਡੇ ਵਰਗੇ ਸਿੱਖਾਂ ਦੀ (ਭਵ) ਸੰਸਾਰ ਵਿੱਚ (ਬਰ) ਸ੍ਰੇਸ਼ਟ (ਭਵ) ਕਲਿਆਣ (ਭਵ) ਹੋਵੇ, ਜਿਨ੍ਹਾਂ ਨੇ ਗੁਰਾਂ ਦੇ ਬਚਨ (ਭਰ ਕਰਿ ਸੁਨ ਭਰ) ਭਲੀ ਪ੍ਰਕਾਰ ਸੁਣ ਕੇ ਧਾਰਨ ਕੀਤੇ ਹਨ (ਧਾਰੋ) ਇਹ ਗੱਲ ਨਿਸ਼ਚੇ ਨਾਲ ਮੰਨੋ।
ਤੁਸ਼ਟ ਤੁਸ਼ਟ ਮੈਂ ਤੁਸ਼ਟ ਤੋਹਿ ਪਰ, ਤੁਸ਼ਟ ਆਦਿ ਗੁਨ ਭਾਰੋ[1] ॥	[1]ਮੈਂ ਤੁਹਾਡੇ ਵਰਗੇ ਸਿੱਖਾਂ ਉੱਪਰ (ਤੁਸ਼ਟ ਤੁਸ਼ਟ) ਬਹੁਤ ਤੋਂ ਬਹੁਤ ਪ੍ਰਸੰਨ ਹਾਂ (ਤਿੰਨ ਵਾਰ ਕਹਿਣਾ ਪ੍ਰਤਿੱਗਿਆ ਸਮਝਣੀ) (ਤੁਸ਼ਟ ਆਦਿ ਗੁਨ ਭਾਰੋ) ਤੁਸੀਂ ਸੰਤੋਖ ਆਦਿਕ ਗੁਣਾਂ ਨੂੰ ਹੋਰ ਵੀ (ਭਾਰੋ) ਜ਼ਿਆਦਾ ਧਾਰਨ ਕਰੋ।
ਭਵ ਭਵ ਭੇਖਰੇਖ ਗੁਨ ਧਰਨੀ, ਧੀਰਜ ਨਿਰਮਲ ਨਾਮਾ[1] ॥	[1](ਭਵ) ਸੰਸਾਰ ਵਿੱਚ (ਭਵ) ਮਸ਼ਹੂਰ ਹੋਵੋ (ਭੇਖਰੇਖ) ਇਸ ਨਿਰਮਲ ਭੇਖ ਦੀ ਨਿਸ਼ਾਨੀ ਅਤੇ (ਗੁਨ ਧਰਨੀ) ਵੇਦ ਵਿੱਦਿਆ ਆਦਿਕ ਗੁਣਾਂ ਦੇ ਧਾਰਨ ਵਾਲੀ ਤੁਹਾਡੀ ਸੰਪ੍ਰਦਾਇ

(ਧੀਰਜ ਨਿਰਮਲ ਨਾਮਾ) ਧੀਰਜ ਨਾਲ ਨਿਰਮਲ ਨਾਮ ਦੇ ਧਾਰਨ ਵਾਲੀ ਹੋਵੇਗੀ।

ਨਿਰਮਲ ਬਾਨੀ ਪਠਤ ਨਿਰਮਲ, ਨਿਰਮਲ ਪਟ ਗੁਨ ਧਾਮਾ[1] ॥

[1](ਨਿਰਮਲ ਬਾਨੀ) ਦ੍ਵੈਤ ਦੀ ਮੈਲ ਤੋਂ ਰਹਿਤ ਅਦ੍ਵੈਤ ਮਤ ਦਾ ਕਥਨ ਕਰਨ ਵਾਲੇ ਵੇਦ ਤੇ ਗੁਰੂ ਬਾਣੀ (ਪਠਤ ਨਿਰਮਲ) ਜਿਸ ਦੇ ਪੜ੍ਹਨ ਨਾਲ ਅਤੇ (ਨਿਰਮਲ ਪਟ ਗੁਣ ਧਾਮਾ) ਸ਼ੁੱਧ ਗੁਣਾਂ ਦਾ ਤੇ ਚਤੁਰਾਈ ਦਾ ਘਰ ਹੋ ਜਾਂਦਾ ਹੈ।

ਦੋਹਰਾ:

ਧਰਮ ਸਿੰਘ ਅਰ ਦਯਾ ਸਿੰਘ,
ਨੰਦ ਲਾਲ ਲੌ ਭੂਰ[1]। — [1]ਬਹੁਤੇ।
ਜਿਤਿਕ ਬਿਬੇਕੀ[1] ਨਿਰਮਲੇ, — [1]ਗਿਆਨਵਾਨ।
ਥੇ ਉਨ ਗੁਰੈਂ ਹਜੂਰ ॥੭੬॥

ਚੌਪਈ:

ਅਤਿ ਅਧੀਨ ਹ੍ਵੈ ਬੰਦਨ ਕਰਿ ਕੈ।
ਪ੍ਰਸ਼ਨ ਕੀਨ[1] ਐਸ ਮੁਦ ਭਰ ਕੈ। — [1]ਸਵਾਲ ਕੀਤਾ।
ਹੇ ਸਤਿਗੁਰੁ ਤੁਮ ਪੂਰਨ ਕਾਮੀ[1]। — [1]ਕਾਮਨਾ ਪੂਰਨ ਕਰਨ ਵਾਲੇ ਹੋ।
ਸਰਬਗ[1] ਸਰਬ ਸ਼ਕਤਿ ਯੁਤ[2] ਸ੍ਵਾਮੀ ॥੭੭॥ — [1]ਸਾਰਿਆਂ ਦੇ ਜਾਣੂ। [2]ਸਹਿਤ।
ਰਾਵਰ[1] ਬਾਣੀ ਜੋਊ ਉਚਾਰੀ[2]। — [1]ਆਪ ਨੇ। [2]ਸ੍ਰੇਸ਼ਟ ਗੁਪਤ ਗਿਆਨ ਤੇ ਪ੍ਰਤੱਖ ਗਿਆਨ ਦੇ ਦੇਣ ਵਾਲੀ ਹੈ।
ਦਾਯਕ ਗ੍ਯਾਨ ਬਿਗ੍ਯਾਨ ਉਦਾਰੀ।
ਚਿੰਨ੍ਹ ਸ਼ਰ੍ਹਾ ਕੇ[1] ਤਨ ਪਰ ਜੇਤੇ। — [1]ਕਰਮ ਕਾਂਡ ਦੇ ਨਿਸ਼ਾਨ।
ਧਾਰਤ ਭੇਖੀ ਖੰਡੇ ਤੇਤੇ[1] ॥੭੮॥ — [1]ਉਤਨਿਆਂ ਦਾ ਖੰਡਨ ਕੀਤਾ ਹੈ।
ਹਿੰਦੂ ਤੁਰਕ ਮਸੀਤ ਦੇਵਾਲੇ।
ਦ੍ਵੈਤ ਤਜਾਈ ਏਕ ਦਿਖਾਲੇ।
ਏਕ ਅਕਾਲ ਉਪਾਸ[1] ਬਤਾਯੋ। — [1]ਜਿਸ ਦੀ ਉਪਾਸ਼ਨਾ ਕਰੀਏ।
ਮਤੋ ਅਦ੍ਵੈਤ ਸਹੀ ਦਿਖਰਾਯੋ[1] ॥੭੯॥ — [1]ਇਕ ਦੀ ਉਪਾਸ਼ਨਾ ਵਾਲਾ ਮੱਤ ਠੀਕ ਵਿਖਾਇਆ ਹੈ।
ਸੋਈ ਬਚਨ ਰਾਵਰੇ ਸੁਨ ਕੈ।
ਚਾਰੋਂ ਬਰਨ ਭਏ ਇਕ ਗੁਨ ਕੈ।
ਅਬਿ ਜਬਿ ਸਿੰਘ ਪੰਥ ਤੁਮ ਕੀਨੋ।
ਦ੍ਵੈਤ ਦਿਢਾਈ ਕਿਹ ਹਿਤ ਪੀਨੋ[1] ॥੮੦॥ — [1]ਕਿਸ ਵਾਸਤੇ (ਪੀਨੋ) ਤਕੜੀ ਦ੍ਵੈਤ ਪੱਕੀ ਕਰਵਾਈ ਹੈ।
ਮੀਣੇ ਆਦਿਕ ਪਾਂਚੋ ਜੇਵੀ[1]। — [1]ਜਿਹੜੇ ਇਹ ਪੰਜ ਮੀਣੇ, ਮਸੰਦ, ਧੀਰ ਮਲੀਏ, ਰਾਮਰਾਈਏ, ਗੰਗੂ ਸ਼ਾਹੀਏ ਆਦਿਕ ਹਨ।

ਇਹ ਸਭਿ ਸਤਿਨਾਮ ਕੇ ਸੇਵੀ[1]। — [1]ਉਪਾਸ਼ਨਾ ਕਰਨ ਵਾਲੇ।
ਇਨ ਸੈਂ ਬਰਤਨ ਜੋ ਛੁਡਵਾਈ।
ਘਰ ਹੀ ਮਾਂਹਿ ਫੂਟ ਕਜੋਂ ਪਾਈ ॥੮੧॥
ਦੁਤੀਆ ਸ਼ੰਕਾ ਇਹੁ ਮਨਿ ਆਈ।
ਕੱਛਾਦਿਕ ਜੋ ਸ਼ਰ੍ਹਾ ਦਿਢਾਈ।
ਚਿੰਨਜ ਸ਼ਰ੍ਹਾ ਕੇ ਔਰਨ ਕੇਰੇ[1]। — [1]ਹੋਰਨਾਂ ਮਜ਼ਹਬਾਂ ਦੇ।
ਖੰਡਨ ਕੀਨੇ ਤੁਮੈਂ ਬਧੇਰੇ ॥੮੨॥
ਅਪਨੇ ਮੰਡੇ ਖੰਡੇ ਔਰੈਂ[1]। — [1]ਆਪਣੇ ਦੀ ਪੁਸ਼ਟੀ ਤੇ ਦੂਜੇ ਦਾ ਖੰਡਨ ਕੀਤਾ ਹੈ।
ਇਹੁ ਸਾਧਕ ਬਾਧਕ ਤੁਲ ਤੌਰੈਂ[1]। — [1](ਸਾਧਕ) ਮੰਡਨ ਦੀ ਜੁਗਤੀ ਤੇ (ਬਾਧਕ) ਖੰਡਨ ਦੀ ਜੁਗਤੀ ਦਾ ਤਰੀਕਾ (ਤੁਲ)-ਇਕੋ ਜਿਹਾ ਹੈ ਭਾਵ ਜੇ ਆਪਣੇ ਚਿੰਨ੍ਹਾਂ ਦਾ ਮੰਡਨ ਕਰੋਗੇ ਤਾਂ ਦੂਜੇ ਮਤਾਂ ਦੇ ਚਿੰਨ੍ਹਾਂ ਦਾ ਵੀ ਮੰਡਨ ਹੋ ਜਾਵੇਗਾ ਤੇ ਜੇ ਦੂਜੇ ਦੇ ਮਤ ਦੇ ਚਿੰਨ੍ਹਾਂ ਦਾ ਖੰਡਨ ਕਰੋਗੇ ਤਾਂ ਆਪਣੇ ਮਤ ਦੇ ਚਿੰਨ੍ਹਾਂ ਦਾ ਵੀ ਖੰਡਨ ਹੋ ਜਾਵੇਗਾ।
ਇਹ ਸੰਸੇ ਹਮਰੇ ਸਭਿ ਹਰੋ[1]। — [1]ਨਾਸ਼ ਕਰੋ।
ਦਾਸ ਜਾਨ ਕੈ ਕਿਰਪਾ ਕਰੋ ॥੮੩॥
ਨਿਜ ਸਿੱਖਨ ਕੈ ਸੁਨਿ ਗੁਰੁ ਸੰਸੇ।
ਮੋਦ ਹੋਇ ਸੋ ਸਿੱਖ ਪ੍ਰਸੰਸੇ[1]। — [1]ਸਿੱਖਾਂ ਦੀ ਉਪਮਾਂ ਕੀਤੀ।
ਸੰਸੇ ਭ੍ਰਮ ਭੇਦ ਤਮ ਹਰਨੇ।
ਹੇਤ[1], ਬਚਨ ਯਾ ਬਿਧਿ ਗੁਰੁ ਬਰਨੇ[2] ॥੮੪॥ — [1]ਅਨ੍ਹੇਰਾ ਦੂਰ ਕਰਨ ਵਾਸਤੇ। [2]ਕਹੇ।
ਪਾਂਚ ਮੇਲ ਜੋ ਹਮ ਤਜਵਾਏ।
ਸੋ ਦੋ ਬਿਧਿ ਕੇ ਹੈਂ ਭਲ ਭਾਏ[1]। — [1]ਚੰਗੀ ਤਰ੍ਹਾਂ (ਜਾਣੋ)।
ਮੀਣੇ ਆਦਿਕ ਪਾਂਚੋ ਜੋਈ।
ਬਹਿਰ ਮੁਖੀ ਨਰ ਤਜਾਗੈਂ ਸੋਈ ॥੮੫॥
ਤਿਉਂ ਹੀ ਕੱਛਾਦਿਕ ਜੋ ਸ਼ਰ੍ਹਾ।
ਬੰਧਨ ਤਿਨ ਹੀ ਹਿਤ ਇਹੁ ਕਰਾ[1]। — [1]ਤਿਨ੍ਹਾਂ ਸਿੰਘਾਂ ਵਾਸਤੇ ਹੀ ਇਹ ਕੱਛ ਆਦਿ ਦਾ ਬੰਧਨ ਕੀਤਾ ਹੈ।
ਪੰਥ ਮੋਰ, ਬਿਨ ਇਤਨੀ ਸ਼ਰ੍ਹਾ।
ਜਗ ਤੈ ਜੁਦਾ ਨ ਰੈਹੈ ਜਰਾ ॥੮੬॥
ਅਰ ਔਰੈਂ ਪੰਥਨ ਕੇ ਜੈਸੇ।
ਬੰਧਨ ਸ਼ਰ੍ਹਾ ਨ ਹਮਰੇ ਤੈਸੇ।
ਚਿੰਨਜ ਔਰ ਭੇਖਨ ਕੇ ਜੇਤੇ।

ਮਾਨੁਖ ਕ੍ਰਿਤ ਨਿਰੱਰਥਕ[1] ਤੇਤੇ ॥੮੭॥ — [1]ਬਿਨਾਂ ਮਤਲਬ ਤੋਂ।
ਕੇਸ, ਲਿੰਗ, ਸੂਤ ਛੇਦਨ[1] ਆਦੀ। — [1]ਕੰਨ ਆਦਿਕ ਦਾ ਕੱਟਣਾ।
ਬੇਮੁਖ ਪ੍ਰਭ ਤੈ ਧਾਰਤ ਬਾਦੀ[1]। — [1]ਝਗੜਾਲੂ।
ਪ੍ਰਭੁ ਕੀ ਕ੍ਰਿਤ ਮਿਟੈ ਹੈਂ ਜੇਈ।
ਦੋਜ਼ਕ ਪੈਹੈਂ ਗੁਰੁ ਸਿਸ ਤੇਈ[1] ॥੮੮॥ — [1]ਉਹ ਗੁਰੂ ਤੇ ਚੇਲੇ।
ਯਾਂ ਤੇ ਚਿੰਨਜ ਉਨੋਂ ਕੇ ਖੰਡੇ।
ਈਸ ਬਿਮੁਖ ਹਮ ਜਾਨ ਪਖੰਡੇ।
ਹਮ ਨਹਿਂ ਪ੍ਰਭ ਕੀ ਕ੍ਰਿਤ ਮਿਟਾਈ।
ਰੱਖਜਾ ਕਰਨ ਸ਼ਰ੍ਹਾ ਠਹਿਰਾਈ ॥੮੯॥
ਉਨ ਤੈ ਸ਼ਰ੍ਹਾ ਠੀਕ ਯੌਂ ਮੇਰੀ।
ਈਸ਼੍ਵਰ ਕਰਿ ਹੈ ਕ੍ਰਿਪਾ ਬਧੇਰੀ।
ਪੜਦਾ ਰੱਖਕ ਕੱਛ ਮਹਾਨਾ।
ਹੈ ਆਦੀ ਛਤ੍ਰਿਨਿ ਕਾ ਬਾਨਾ ॥੯੦॥
ਰਿਖੀ ਮੁਨੀ ਹੁਏ ਜਗਿ ਜੇਤੇ।
ਧਾਰਤ ਰਹੇ ਕੇਸ ਦਿਢ[1] ਤੇਤੇ। — [1]ਪੱਕੀ ਤਰ੍ਹਾਂ।
ਈਸ਼ ਰਚਿਤ ਹਮ ਚਿੰਨਜ ਧਰਾਏ।
ਕੀਨੋ ਥੂਣੀ ਖਨਨ ਨਿਆਂਏ[1] ॥੯੧॥ — [1]ਜਿਵੇਂ (ਥੂਣੀ) ਮੁੰਨੀ ਨੂੰ ਗੱਡ ਕੇ ਫੇਰ ਬਾਰ ਬਾਰ ਉਸ ਨੂੰ (ਖਨਨ) ਹਿਲਾ ਹਿਲਾ ਕੇ ਪਾਸੀਂ ਹੋਰ ਮਿੱਟੀਰੋੜੇ ਬਜਰੀ ਆਦਿ ਪਾ ਕੇ ਪੱਕਾ ਕਰਦੇ ਹਨ ਤਿਵੇਂ ਕਿਸੇ ਗੱਲ ਨੂੰ ਬਾਰ ਬਾਰ ਕਹਿ ਕੇ ਪੱਕਾ ਕੀਤਾ ਜਾਵੇ ਉੱਥੇ ਇਹ (ਨਜਾਯ) ਕਹਾਵਤ ਵਰਤੀ ਜਾਂਦੀ ਹੈ।
ਯਾਤੈਂ ਚਿੰਨਜ ਸ਼ਰ੍ਹਾ ਮਮ ਜੋ ਹੈ।
ਸਾਧਕ ਬਾਧਕ ਤੁੱਲ ਨ ਕੋ ਹੈ[1]। — [1](ਸਾਧਕ) ਮੰਡਨ ਦੀ ਜੁਗਤੀ ਤੇ (ਬਾਧਕ) ਖੰਡਨ ਦੀ ਜੁਗਤੀ ਕੋਈ ਇਕੋ ਜਿਹੀ ਨਹੀਂ ਭਾਵ ਸਾਡੇ ਚਿੰਨ੍ਹ ਦੇ ਮੰਡਨ ਦੀਆਂ ਜੁਗਤੀਆਂ ਨਾਲ ਹੋਰਨਾਂ ਦੇ ਚਿੰਨ੍ਹਾਂ ਦਾ ਮੰਡਨ ਨਹੀਂ ਹੁੰਦਾ ਤੇ ਦੂਜਿਆਂ ਦੇ ਚਿੰਨ੍ਹਾਂ ਦੇ ਖੰਡਨ ਦੀਆਂ ਜੁਗਤੀਆਂ ਨਾਲ ਸਾਡੇ ਚਿੰਨ੍ਹਾਂ ਦਾ ਖੰਡਨ ਨਹੀਂ ਹੁੰਦਾ।
ਗੁਣ ਅਨੇਕ ਮਮ ਸ਼ਰ੍ਹਾ ਮਝਾਰੇ।
ਔਰਨ ਮੈਂ ਜਿਉ ਦੂਖਨ ਭਾਰੇ ॥੯੨॥
ਪਾਂਚ ਮੇਲ ਜੋ ਤਜਾਗ ਕਰਾਏ।
ਮੀਣੇ ਆਦਿਕ ਬਹਿਰ ਲਖਾਏ[1]। — [1]ਬਾਹਰ ਦੇ ਜਾਣੋ।
ਗੁਰੁ ਗਾਦੀ ਕੇ ਏਹੁ ਬਿਰੋਧੀ।

ਰਹੇ, ਯਾਂਹਿ ਤੈ ਕਰੇ ਨਿਰੋਧੀ[1] ॥੯੩॥

[1]ਇਨ੍ਹਾਂ ਨਾਲ ਵਰਤਣ ਦੀ (ਨਿਰੋਧੀ) ਰੁਕਾਵਟ ਕੀਤੀ ਹੈ।

ਸੋ ਭੀ ਵਾਸਤਵ ਗੌਣ ਲਖੀਜੈ[1]।

[1]ਉਹ ਵੀ ਅਸਲ ਵਿੱਚ (ਗੌਣ) ਸਾਧਾਰਨ ਜਾਣੋ। (ਸਾਧਾਰਨ-ਜੋ ਮੁਖ਼ਜ ਨਾ ਹੋਵੇ)।

ਪਾਂਚ ਕੋਸ਼ ਤਜਨੇ ਮੁਖ ਲੀਜੈ[1]।
ਇਨ ਕਾ ਸੰਗੀ ਹੋਵਤ ਜੋਈ।
ਭੋਗਤ ਦੂਖ ਚੁਰਾਸੀ ਸੋਈ ॥੯੪॥
ਪਾਂਚ ਕੋਸ਼ ਤੈ ਜੋਊ ਅਸੰਗੈਂ।
ਰੈਹੈ, ਪੈਹੈ ਮੁਕਤਿ ਅਭੰਗੈ[1]।
ਬ੍ਰਹਮਾ-ਨੰਦ ਅਟਲ ਸੁਖ ਪੈਹੈ।
ਜਨਮ ਮਰਨ ਮੈਂ ਫੇਰ ਨ ਐਹੈ ॥੯੫॥
ਮੁਖ਼ਜ ਤਜਾਗ ਅੰਤ੍ਰ ਇਨ ਹਈਏ[1]।

[1]ਪੰਜਾਂ ਕੋਸ਼ਾਂ ਨੂੰ ਤਿਆਗਣਾ ਮੁਖ ਜਾਣੋ।

[1]ਇਕਰਸ ਮੁਕਤੀ ਪਾ ਲੈਂਦਾ ਹੈ।

[1]ਇਨ੍ਹਾਂ ਪੰਜਾਂ ਨੂੰ ਜੋ ਅੰਦਰ ਹਨ ਤਿਆਗਣੇ ਮੁਖ਼ਜ (ਜਾਣ ਕੇ ਇਨ੍ਹਾਂ ਦਾ ਤਿਆਗ)।

ਗੁਰੁ ਸਿੱਖਨ ਕੋ ਕਰਨੋ ਚਹੀਏ।
ਬਹਿਰ ਗੌਣ ਮੀਣੇ ਲੌ ਜਨੋਂ ਹੈਂ।
ਬਹਿਰ ਸ਼ਰ੍ਹਾ ਕੱਛਾਦਿਕ ਤਜੋਂ ਹੈ ॥੯੬॥
ਸਿੱਖ ਬਿਬੇਕੀ ਹਮਰੇ ਜੇ ਹੈਂ।
ਨਿਰਮਲ ਰਿਦੇ ਨਿਰਮਲੇ ਵੇਹੈਂ।
ਅੰਤ੍ਰੀਵ ਤਿਨ ਹਿਤ ਮੁਖ ਸ਼ਰ੍ਹਾ।
ਧਾਰਨ ਜੋਗ ਏਹੁ ਹੈ ਵਰਾ[1] ॥੯੭॥

[1]ਸ੍ਰੇਸ਼ਟ।

ਇਮ ਕਹਿ ਸਤਿਗੁਰੁ ਛੰਦ ਉਚਾਰੇ।
ਸਰਬ ਲੋਹ ਮੈਂ ਜੋ ਹੈਂ ਸਾਰੇ।
ਤਨਕ ਭਨਕ[1] ਸੋ ਇਹਾਂ ਦਿਖੈ ਹੈਂ।
ਗ੍ਰੰਥ ਬਢਨ ਡਰਿ ਸਭਿ ਨਹਿਂ ਕੈਹੈਂ ॥੯੮॥

[1]ਥੋੜ੍ਹਾ ਜਿਹਾ ਕਹਿ ਕੇ।

ਤਥਾ ਹੀ- ਸ੍ਰੀ ਮੁਖ ਵਾਕਜ,
ਪਦਾ ਛੰਦ* ॥

*ਇਹ ਅੰਕ ਨੰ: ੬, ੭ ਤੇ ੫ ਸ੍ਰੀ ਸਰਬ ਲੋਹ ਗ੍ਰੰਥ ਦੇ ਪੋਥੀ ਰਾਗ ਦੂਜਾ ਦੇ ਪੰਨਾ ੫੨੯-੫੩੦ 'ਤੇ ਹਨ ਉਥੇ ੫ ਨੰ: ਅੰਕ ਪਹਿਲਾ ਤੇ ੬ ਤੇ ੭ ਨੰ: ਅੰਕ ਮਗਰੋਂ ਹੈ ਪਰ ਏਥੇ ਅੰਕ ਨੰ: ੫ ਬਾਅਦ 'ਚ ਹੈ।

ਐਸ ਖਾਲਸਹਿ ਖਾਲਸ ਪਦ ਪ੍ਰਾਪਤਿ, ਨਿਰੰਕਾਰ ਸੁ ਸਰੂਪ ਮਹਾਨੰ[1] ॥੧॥ ਰਹਾਉ ॥

[1]ਐਸੇ ਖ਼ਾਲਸੇ ਨੂੰ ਹੀ (ਖ਼ਾਲਸ ਪਦ) ਮੁਕਤੀ ਦਾ ਦਰਜਾ ਪ੍ਰਾਪਤ ਹੁੰਦਾ ਹੈ ਉਹੋ ਹੀ ਖ਼ਾਲਸਾ ਨਿਰੰਕਾਰ ਦਾ ਮਹਾਨ (ਉੱਤਮ) ਸਰੂਪ ਹੈ।

ਗੁਰੁ ਉਪਦੇਸ਼ ਸਿੱਖਨ ਪ੍ਰਤਿ ਭਾਸਨਿ, ਮੁੱਦ੍ਰਿਤ ਕੱਛ

[1]ਮੈਂ (ਆਦਿ ਭਾਵ ਪਹਿਲੇ) ਸਤਿਗੁਰਾਂ ਦੇ ਉਪਦੇਸ਼ (ਤੁਸਾਂ)

ਕੇਸ ਕ੍ਰਿਪਾਨੰ[1] ॥	ਗੁਰਸਿੱਖਾਂ ਨੂੰ ਉਚਾਰਨ ਕਰ ਕੇ ਸੁਣਾਉਂਦਾ ਹਾਂ, ਜੋ ਤੁਸੀਂ ਕੱਛ ਕੇਸ ਤੇ ਕ੍ਰਿਪਾਨਾਂ ਨਾਲ (ਮੁੱਦ੍ਰਿਤ) ਸਜੇ ਹੋਏ ਹੋ।
ਤਾਂ ਕੀ ਰਹਿਨਿ ਸ੍ਰੁਤਿਜੁਕਤਿ ਭਾਖਤਿ; ਦਸ ਗ੍ਰਾਹੀ ਖਾਲਸਹ ਪ੍ਰਧਾਨੰ[1] ॥	[1]ਉਸ (ਖ਼ਾਲਸੇ) ਦੀਰਹਿਣੀ (ਜਿਸ ਤਰ੍ਹਾਂ ਕਿ ਮੈਂ ਗੁਰਬਾਣੀਰਾਹੀਂ) (ਸ੍ਰੁਤਿਯੁਕਤੀ) ਸੁਣੀ ਹੋਈ ਹੈ ਕਹਿੰਦਾ ਹਾਂ ਕਿ (ਦਸ ਗ੍ਰਾਹੀ) ਦਸਾਂ ਗੁਣਾਂ ਨੂੰ ਗ੍ਰਹਿਣ ਕਰਨ ਵਾਲੇ ਖ਼ਾਲਸਾ ਹੀ (ਪ੍ਰਧਾਨ) ਮੁਖੀਆ ਹੈ।
ਦਯਾ, ਦਾਨ ਅਰੁ ਛਮਾ, ਸ਼ਨਾਨੰ, ਸੀਲ, ਸੁਚ, ਸਤਜੰ- ਸੰਭਾਨੰ[1] ॥	[1]ਦਇਆ, ਦਾਨ, ਖਿਮਾਂ, ਇਸ਼ਨਾਨ, (ਸੀਲ) ਜਤ, ਪਵਿੱਤ੍ਰਤਾ, ਸਤਿ ਦੀ ਪ੍ਰਤੀਤੀ ਹੋਣੀ।
ਸਾਧਨ-ਸਿੱਧ, ਸੂਰ ਭਗਤ ਮਾਨੰ, ਦਸ ਗ੍ਰਾਹੀ ਆਸਤਕ ਪ੍ਰਮਾਨ[1] ॥ ੬ ॥	[1]ਸਾਧਨਾਂ ਨੂੰ ਸਿੱਧ ਕਰ ਚੁੱਕਾ ਹੋਇਆ, ਸੂਰਬੀਰ ਤੇ ਭਗਤੀ ਕਰਨ ਵਾਲਾ, (ਇਹਨਾਂ) ਦਸਾਂ ਗੁਣਾਂ ਨੂੰ ਗ੍ਰਹਿਣ ਕਰਨ ਵਾਲਾ ਅਤੇ (ਆਸਤਕ) ਪ੍ਰਮੇਸ਼ਰ 'ਤੇ ਭਰੋਸਾਰੱਖਣ ਵਾਲਾ ਹੀ (ਸਤਿਗੁਰਾਂ ਦੇ ਖ਼ਾਲਸੇ ਵਿੱਚ) ਪ੍ਰਮਾਨੀਕ ਹੈ।
ਤਜਾਗੀ ਦਸ ਬਿਰੋਧ ਮਤ, ਹਿੰਸਾ, ਹੰਕਾਰ, ਆਲਸ, ਕ੍ਰਿਪਨਤਾ ਅਪ੍ਰਮਾਨੰ[1] ॥	[1]ਦਸਾਂ ਅਉਗਣਾਂ ਦਾ ਤਿਆਗੀ ਹੋਵੇ, ਜੋ ਗੁਰੂ ਦੇ ਮਤ ਦਾ ਵਿਰੋਧੀ ਹੈ, (ਹਿੰਸਾ) ਜੀਆਂ ਨੂੰ ਮਾਰਨਾ, ਹੰਕਾਰ ਆਲਸ ਤੇ ਬਹੁਤੀ ਕੰਜੂਸੀ।
ਕਠੋਰਤਾ ਜੜਤਾ ਕੁਚੀਲਤਾ ਅਸੌਚਤਾ ਕਲਮਾ ਨਹਿੰ ਮਾਨੰ[1] ॥	[1]ਕਠੋਰਪੁਣਾ, ਮੂਰਖਪੁਣਾ, ਮੈਲੇ ਕੱਪੜੇ ਧਾਰਨੇ, ਅਪਵਿੱਤ੍ਰਤਾ ਤੇ ਮੁਸਲਮਾਨੀ ਕਲਮਾਂ (ਇਨ੍ਹਾਂ ਦਸਾਂ ਨੂੰ ਖ਼ਾਲਸਾ) ਨਾ ਮੰਨੇ।
ਦਸ ਗ੍ਰਾਹੀ ਦਸ ਤਜਾਗੀ ਐਸੋ, ਤਾਹਿ ਖਾਲਸਹ ਕਥਤ ਸੁਜਾਨੰ[1] ॥	[1]ਚਤੁਰ ਪੁਰਸ਼।
ਅਸੁ ਖਾਲਸਹ ਖਾਲਸ ਪਦ ਪ੍ਰਾਪਤਿ, ਨਿਰੰਕਾਰ ਸੁ ਸ੍ਵਰੂਪ ਮਹਾਨੰ ॥ ੭ ॥	
ਐਸੇ ਗੁਨ ਹਰੀ[1] ਖਾਲਸੇ ਬਖਸ਼ੇ, ਭਗਤ ਗਜਾਨੀ ਰਾਜ ਜੋਗੇਸ਼੍ਵਰ[2]।	[1]ਪ੍ਰਮੇਸ਼ਰ ਨੇ। [2]ਰਾਜਿਆਂ ਅਤੇ ਜੋਗੀਆਂ ਦਾ ਸੁਆਮੀ।
ਛਤ੍ਰਿਯ ਬ੍ਰਿਤਿ ਅਨੰਨਜੁਪਾਸ਼ਕ, ਤਜਾਗੀ ਸੰਤ ਸੂਰ ਭੁਵਨੇਸ਼੍ਵਰ[1]।	[1]ਛਤ੍ਰੀਆਂ ਵਰਗੀ (ਬ੍ਰਿਤਿ) ਉਪਜੀਵਕਾ ਵਾਲਾ, (ਅਨੰਨਜੁਪਾਸਕ) (ਪ੍ਰਮੇਸ਼ਰ ਤੋਂ ਬਿਨਾਂ) ਹੋਰ ਕਿਸੇ ਦਾ ਉਪਾਸ਼ਕ ਨਹੀਂ, ਤਿਆਗੀ, ਸੰਤ, ਸੂਰਮਾਂ, ਧਰਤੀ ਦਾ ਮਾਲਕ।
ਗ੍ਰਾਹੀ ਸੁਭ ਤਜਾਗਿ ਬਿਵਰਜਿਤਿ, ਸ੍ਰੁਤਿ ਆਗਿਆ ਸ੍ਰੀ ਮੁਖ ਪ੍ਰਮੇਸ਼੍ਵਰ[1] ॥	[1]ਚੰਗੇ ਗੁਣਾਂ ਨੂੰ ਗ੍ਰਹਿਣ ਕਰਨ ਵਾਲਾ, (ਬਿਵਰਜਤ) ਅਉਗਣਾਂ ਦਾ ਚੰਗਾ ਤਿਆਗੀ, ਪ੍ਰਮੇਸ਼ਰ ਦੇ ਸੁਭਾਇਮਾਨ ਮੁਖ ਤੋਂ ਉਚਰੇ (ਸ਼੍ਰੁ ਤਿ) ਵੇਦ ਭਾਵ ਗਿਆਨ ਦੀ ਆਗਿਆ ਮੰਨਣ ਵਾਲਾ ਹੈ।
ਗੀਤਾ ਉਪਨਿਸ਼ਦਨਿ ਮਹਾਂ ਵਾਕਜੋ, ਰਹਿਨੀ ਭਗਤਿ ਗਜਾਨਿ ਬ੍ਰਿਤੇਸ਼੍ਵਰ[1] ॥ ੫ ॥	[1](ਖ਼ਾਲਸਾ) ਗੀਤਾ, ਉਪਨਿਸ਼ਦਾਂ ਤੇ ਮਹਾਂਵਾਕਾਂ ਅਨੁਸਾਰ ਭਗਤੀ ਦੀਰਹਿਣੀ ਤੇ ਗਿਆਨ ਬ੍ਰਿਤੀ ਦਾ ਸੁਆਮੀ ਹੈ।
ਦੋਹਰਾ ॥	

ਆਤਮਰਸ ਜੋ ਜਾਨਹੀ, ਸੋ ਹੈ ਖਾਲਸਾ ਦੇਵ[1] ॥
[1](ਦੇਵ) ਪ੍ਰਮੇਸ਼ਰ ਭਾਵ ਵਾਹਿਗੁਰੂ ਜੀ ਕਾ ਖ਼ਾਲਸਾ ਹੈ।

ਪ੍ਰਭੁ ਮੈਂ ਮੋ ਮੈਂ ਤਾਸ ਮੈਂ, ਰੰਚਕ ਨਾਂਹਿਨ ਭੇਵ[1] ॥
[1]ਥੋੜ੍ਹਾ ਜਿਹਾ ਵੀ ਫ਼ਰਕ ਨਹੀਂ ਹੈ।

ਔਰ ਠੌਰ

ਦੋਹਰਾ ॥

ਪਢੈ ਬੇਦ ਆਗਮ ਘਨੇ[1], ਗਹਿ ਬਿੱਪਰਨ ਕੀ ਰੀਤਿ[2] ॥
[1]ਬਹੁਤੇ ਵੇਦ ਤੇ ਸ਼ਾਸਤ੍ਰ ਪੜ੍ਹ ਕੇ। [2]ਬ੍ਰਾਹਮਣਾਂ ਦੀ ਰੀਤੀ (ਵਿੱਦਿਆ ਪੜ੍ਹਨੀ ਪੜ੍ਹਾਉਣੀ, ਦਾਨ ਦੇਣਾ ਲੈਣਾ, ਪੂਜਾ ਕਰਨੀ ਕਰਾਉਣੀ) ਗ੍ਰਹਿਣ ਕਰਕੇ।

ਫਿਰੈਂ ਭੇਖ ਧਰਿ ਸ਼ਸਤ੍ਰ ਤਜਿ, ਮੇਰੇ ਸਿੱਖ ਅਭੀਤ[1] ॥
[1]ਸ਼ਸਤ੍ਰ ਛੱਡ ਕੇ (ਨਿਰਮਲ) ਭੇਖ ਧਾਰ ਕੇ ਮੇਰੇ ਸਿੱਖ (ਅਭੀਤ) ਨਿਰਭੈ ਫਿਰਨਗੇ।

ਪ੍ਰਮਾਨ ਸਰਬ ਲੋਹ ਕੇ ॥

ਚੌਪਈ ॥

ਕੱਛ ਕ੍ਰਿਪਾਨ ਕੇਸ ਤੈ ਮੁੰਦ੍ਰੀ[1] ॥
[1]ਤਿੰਨ ਨਿਸ਼ਾਨੀਆਂ ਹਨ।

ਜੋ ਪਹਿਰੇ ਸੋ ਗੁਰੁਸਿਖ ਸੁੰਦ੍ਰੀ[1] ॥
[1]ਸੁੰਦਰਤਾ ਵਾਲਾ ਹੈ।

ਧਰਮ ਹਰੀ ਕੋ ਕੀਨ ਉਚਾਰੇ ॥
ਬੇਦ, ਬੇਦ ਕੈ ਬਹੁਰ ਵਿਚਾਰੇ[1] ॥
[1]ਜੋ ਬੇਦ ਹਰੀ ਦੇ ਧਰਮ ਦਾ ਉਚਾਰਨ ਕਰਦੇ ਹਨ ਉਨ੍ਹਾਂ ਬੇਦਾਂ ਨੂੰ ਪੁਨਹ (ਨਿਰਮਲੇ ਸਿੰਘ) ਵਿਚਾਰਦੇ ਹਨ।

ਔਰ ਗ੍ਰੰਥਾਂ ਕੇ

ਦੋਹਰਾ ॥

ਮਮ ਗਤਿ ਤਨ ਗਤਿ ਕਾਲ ਕਿਛ ਸਿੰਘਨ ਮਗ ਤੇਤੀਸ ॥
ਸਨ ਬਤੀਸਨ ਤੀਸ ਗੁਨ, ਦੇਵ ਭੇਖ ਜਗਦੀਸ ॥
ਮ੍ਰਿਗ ਪਤਿ ਬ੍ਰਿਖ ਮਮ ਬਚਨ ਗਹਿ, ਤੁਵ ਭਵ ਮੈ ਭਵ ਰੇਖ ॥
ਪਟ ਤਨ ਉੱਜਲ ਉੱਜਲੇ ਨਿਰਮਲ ਬਹੁ ਭਵ ਭੇਖ ॥

ਕਵੋਕਿਤ

ਚੌਪਈ:

ਇਤਜਾਦਿਕ ਗੁਰੁ ਬਚਨ ਅਪਾਰੇ।
ਸਰਬ ਲੋਹ ਮੈਂ ਲਖੋ ਉਚਾਰੇ।
ਕੇਚਿਤ ਪੰਜ ਸੌ ਸਾਖੀ ਕੇਰੇ।
ਬਚਨ ਦਿਖਾਏ ਗੁਰੁ ਕੇ ਹੇਰੇ[1] ॥੯੯॥
[1]ਦੇਖੇ।

ਕਿਛੁਕ ਕੇਸਰਾ ਸਿੰਘ ਕੀ ਸਾਖੀ।
ਕੇਰ ਕਥਾ, ਈਹਾਂ ਹਮ ਰਾਖੀ।
ਅਧਿਕ ਭੇਖ ਪ੍ਰਭਾਕਰ ਮਾਹੈਂ।
ਲਿਖੇ ਪ੍ਰਮਾਨ ਪਿਖੇ ਜੋ ਚਾਹੈ ॥੧੦੦॥
ਪੁਨ ਸੰਤੋਖ ਸਿੰਘ ਭੀ ਗਾਯੋ।
ਮਧ ਸੂਰਜ ਪ੍ਰਕਾਸ਼ ਲਖਾਯੋ[1]। — [1]ਕਿਹਾ ਹੈ।
ਜਬਿ ਗੁਰੁ ਪੰਥਹਿ ਅੰਮ੍ਰਿਤ ਦੀਨੋ।
ਤਿਸ ਪ੍ਰਸੰਗ ਮੈਂ ਆਛੇ ਚੀਨੋ[1] ॥੧੦੧॥ — [1]ਜਾਣੋ।

ਦੋਹਰਾ:
ਦਸਮ ਗੁਰੂ ਕੇ ਵਕਤ ਮੈਂ,
ਹੁਤੇ ਨਿਰਮਲੇ ਜੋਇ।
ਰਹਿਤੇ ਬਨੇ ਬਿਰਕਤ ਬਹੁ,
ਮਿਲੇ ਪੰਥ ਮੈਂ ਸੋਇ ॥੧੦੨॥

ਚੌਪਈ:
ਸਤੋ ਗੁਨੀ ਕਿਰਜਾ ਥੇ ਰਖਤੇ।
ਹਰਿ ਗੁਰੁ ਭਗਤੀ ਕਾ ਰਸ ਚਖਤੇ।
ਸ਼ਾਸਤ੍ਰ ਸਤਿ[1] ਥੇ ਪਢਤੇ ਸੁਨਤੇ। — [1]ਸੱਤ ਸਰੂਪ ਵਾਹਿਗੁਰੂ ਜੀ ਦੀ ਪ੍ਰਾਪਤੀ ਕਰਾਉਣ ਵਾਲੇ ਪੁਸਤਕ।
ਚਰਚਾ ਗਜਾਨ ਬ੍ਰਹਮਾਤਮ ਧੁਨਤੇ[1] ॥੧੦੩॥ — [1]ਬ੍ਰਹਮ ਆਤਮਾ ਦੇ ਗਿਆਨ ਦੀ ਚਰਚਾ (ਧੁਨਤੇ) ਉਚਾਰਦੇ ਸਨ।
ਭਜਨ ਮਾਂਹਿ ਥੇ ਨਿਸ ਦਿਨ ਰਹਿਤੇ।
ਸਤਿਗੁਰੁ ਤਿਨੈ ਨਿਰਮਲੇ ਕਹਿਤੇ।
ਵੀਚ ਸਭਾ ਸੋ ਜਬੈ ਆਵਤੇ।
ਅਏ ਨਿਰਮਲੇ ਸਭਿ ਬਤਾਵਤੇ ॥੧੦੪॥
ਬ੍ਰਹਮ ਗਜਾਨ ਬਿਨ ਚਰਚਾ ਔਰੈਂ।
ਗੁਰੁ ਭੀ ਤਬਿ ਨ ਚਲਾਤੇ ਗੌਰੈਂ[1]। — [1]ਬਹੁਤੀ।
ਔਰ ਕਾਮ ਨਹਿੰ ਤਿਨੈ ਬਤਾਤੇ।
ਬਿਦਜਾ ਪਢਨ ਪਢਾਨ ਰਖਾਤੇ ॥੧੦੫॥
ਯੱਦਪਿ ਸ਼ਸਤ੍ਰ ਭੀ ਥੇ ਧਰਤੇ।
ਗੁਰੁ ਆਗਜਾ ਤੈ ਅਰਿਗਨ ਹਰਤੇ[1]। — [1]ਬਹੁਤੇ ਵੈਰੀਆਂ ਨੂੰ ਮਾਰਦੇ ਸਨ।
ਤੌ ਭੀ ਰਖਤੇ ਮੁਖਜ ਬਿਰਕਤੀ।

ਰਹਿਤੇ ਨਿਮ੍ਰੀ ਭਾਵ ਸੁ-ਭਗਤੀ[1] ॥੧੦੬॥
[1]ਭਗਤੀ ਦੇ ਸਹਿਤ ਨਿੰਮਰਤਾ ਵਾਲੇ ਸੁਭਾਵ ਵਿੱਚਰਹਿੰਦੇ ਸਨ।

ਜਰ ਜੋਰੂ ਜਾਮੀਨ ਨ ਰਖਤੇ[1]।
[1]ਧਨ, ਇਸਤ੍ਰੀ ਤੇ ਜ਼ਮੀਨ ਨਹੀਂਰੱਖਦੇ ਸਨ।

ਪਰਬ੍ਰਿਤੀ ਰਸ ਬਿਸ਼ੇ ਨ ਚਖਤੇ[1]।
[1]ਮਨ ਦੀ ਵਿਹਾਰ 'ਚ ਲਗਨ ਤੇ ਵਿਸ਼ਿਆਂ ਦਾ ਰਸ ਨਹੀਂ ਚਖਦੇ ਸਨ।

ਰਖਤੇ ਲਘੁ ਲਘੁ ਦੋਇ ਕਛਹਿਰੇ।
ਸੁਕਲ ਬਸਨ[1] ਯਾ ਲੋਈ ਪਹਿਰੇਂ ॥੧੦੭॥
[1]ਚਿੱਟੇ ਬਸਤ੍ਰ।

ਵੀਚ ਪੰਜਾਬ ਗੁਰੂ ਢਿਗ ਜੇਈ।
ਰਹਿਤੇ ਕ੍ਰਿਯਾ ਰਖਤ ਇਹੁ ਤੇਈ।
ਕਾਂਸੀ ਕੁਰੁਖੇਤ੍ਰ ਤਟ ਗੰਗੇ[1]।
[1]ਗੰਗਾ ਦੇ ਕਿਨਾਰੇ।

ਜੇ ਵਿਚਰਤ ਸੇ ਗੇਰੂ-ਰੰਗੇ ॥੧੦੮॥
ਬਰਤਨ ਏਕ ਮਿਰਤਕਾ ਕੇਰੋ[1]।
[1]ਮਿੱਟੀ ਦਾ।

ਰਖਤੇ ਕੇਚਿਤ ਜਲ ਹਿਤ ਹੇਰੋ।
ਕੇਚਿਤ ਲਘੁ ਪੀਤਲ ਕਾ ਲੋਟਾ।
ਰਖਤੇ ਕੋਊ ਕਠਾਰਾ[1] ਛੋਟਾ ॥੧੦੯॥
[1]ਕਾਠ (ਲੱਕੜ) ਦਾ ਭਾਂਡਾ, ਚਿੱਪੀ।

ਭੋਜਨ ਜਹਾਂ ਮਿਲਤ ਤਹਿਂ ਪਾਤੇ।
ਕਰਤੇ ਸ੍ਵਾਲ ਨ ਮੰਗਨੇ ਜਾਤੇ।
ਰਾਜ ਸਿੰਘਨ ਕਾ ਹੋਯੋ ਜਬੈ।
ਰਹੇ ਜਗੀਰਾਂ ਦੈ ਸਿੰਘ ਸਭੈ ॥੧੧੦॥
ਨਾਂਹਿ ਨਿਰਮਲੇ ਕਿਨ ਹੂੰ ਲੀਨੀ।
ਮਾਯਾ ਦੁਖਦ ਪ੍ਰਬ੍ਰਿਤੀ ਚੀਨੀ[1]।
[1]ਮਾਇਆ ਦੁੱਖ ਦੇਣ ਵਾਲੀ ਤੇ ਮਨ ਨੂੰ ਵਿਹਾਰਾਂ 'ਚ ਲਾਉਣ ਵਾਲੀ ਜਾਣੀ।

ਡੇਰਾ ਭੀ ਥੋਰਾ ਹੀ ਪਾਯਾ।
ਰਹੇ ਅਤੀਤ ਬਨੇ ਤਜਿ ਮਾਯਾ ॥੧੧੧॥
ਸਾਧਨ ਚਾਰ ਸਹਿਤ ਅਧਿਕਾਰੀ।
ਚੇਲੇ ਮਿਲੇ ਨ ਤਜਾਗੀ ਭਾਰੀ।
ਪੰਥ ਨ ਯਾਂ ਤੇ ਤਬਿ ਇਹੁ ਬਾਢਾ[1]।
[1]ਵਧਿਆ।

ਅਬਿ ਦੇਖਾ ਦੇਖੀ ਥਿਯ ਗਾਢਾ[1] ॥੧੧੨॥
[1]ਤਕੜਾ ਹੋ ਗਿਆ ਹੈ।

ਦੋਹਰਾ:
ਡੇਰੇ ਭੀ ਇਨ ਕੇ ਭਏ,
ਔਰ ਅਖਾੜਾ ਜੈਸ।
ਸੁਨੋ ਖਾਲਸਾ ਜੀ ਅਬੈ,

ਕਥੋਂ ਜਥਾਰਥ[1] ਤੈਸ ॥੧੧੩॥ — [1]ਸੱਚੀ।

ਚੌਪਈ:

ਨਿੱਕਾ ਸਿੰਘ ਇਕ ਸੰਤ ਬਿਸਾਲੈਂ।
ਭਯੋ, ਜਗੀਰ ਗਹੀ ਬਰਨਾਲੈਂ।
ਅਠਾਰਾਂ ਸੌ ਨੌ ਕਾ ਪੱਟਾ[1]। — [1]ਸਨਦ, ਅਧਿਕਾਰ ਪੱਤਰ।
ਆਲਾ ਸਿੰਘ ਨ੍ਰਿਪ ਜੋ ਥੱਟਾ[1] ॥੧੧੪॥ — [1]ਬਣਾਇਆ, ਲਿਖ ਕੇ ਦਿੱਤਾ।
ਹੈ ਅਬਿ ਸੋ ਉਸ ਡੇਰੇ ਮਾਂਹੈਂ।
ਇਸ ਸੈਂ ਪਹਿਲੇ ਕੀ ਪੁਨ ਪ੍ਰਾਹੈਂ[1]। — [1]ਕਹਿੰਦੇ ਹਾਂ।
ਅਠਾਰਾਂ ਸੈ ਤ੍ਰੈ ਮੈਂ ਧੀਰੈਂ[1]। — [1]ਧੀਰਜ ਨਾਲ।
ਰਾਇ ਕੋਟ ਉਨ ਲਈ ਜਗੀਰੈਂ ॥੧੧੫॥
ਔਰ ਮਲੇਰ-ਕੋਟਲੇ ਮਾਂਹੀਂ।
ਦਈ ਜਗੀਰ ਨੁਵਾਬ ਤਦਾਂਹੀ[1]। — [1]ਤਦੋਂ ਹੀ।
ਤੁਰਕਨ ਕੌ ਚਿਤਾਇ[1] ਉਨ ਲੀਨੀ। — [1]ਤੁਰਕਾਂ ਦੇ ਚਿੱਤ ਨੂੰ ਆਪਣੇ ਵਲ ਖਿੱਚ ਕੇ।
ਅਬਿ ਲੌਂ ਹੈ ਜਗੀਰ ਸੋ ਪੀਨੀ ॥੧੧੬॥
ਨਿੱਕਾ ਸਿੰਘ ਕੀ ਸੋ ਧ੍ਰਮਸਾਲੈਂ।
ਕਹਿਲਾਵਤ ਅਬਿ ਤਈਂ ਬਿਸਾਲੈਂ।
ਅਰ ਪੱਟਾ ਹੈ ਤਿਸ ਹੀ ਨਾਮੈਂ।
ਹੈਂ ਅਬਿ ਲੌ ਤਬਿ ਕੇਰ ਤਮਾਮੈਂ[1] ॥੧੧੭॥ — [1]ਤਦੋਂ ਦੇ ਸਾਰੇ ਪਟੇ।
ਔਰ ਨਿਰਮਲੇ ਸਿੰਘ-ਦਰਗਾਹੈਂ।
ਡੇਰਾ ਥਾਪਯੋ ਕਨਖਲ ਮਾਹੈਂ।
ਜਬਿ ਗੁਰੁ ਦੱਖਨ ਦੇਸ ਪਧਾਰੇ।
ਜਗ ਤੇ ਹ੍ਵੈ ਉਦਾਸ ਇਹੁ ਭਾਰੇ ॥੧੧੮॥
ਪਾਂਚ ਸਿੰਘ ਔਰੈਂ ਤਿਸ ਸੰਗੈਂ।
ਕਰਿ ਗੁਰਮਤਾ ਥਿਰੇ ਤਟ ਗੰਗੈਂ।
ਹੁਤੇ ਸ਼ਸਤ੍ਰੀ[1] ਇਹੁ ਸਿੰਘ ਭਾਰੈਂ। — [1]ਸ਼ਸਤ੍ਰਧਾਰੀ, ਸੂਰਮੇ।
ਸਬਦ-ਬੇਧਿ ਲੌਂ ਬਾਨ ਪ੍ਰਹਾਰੈਂ[1] ॥੧੧੯॥ — [1]ਸ਼ਬਦ ਬੇਧੀ ਤੀਰਾਂ ਤੱਕ ਚਲਾਉਂਦੇ ਸਨ। (ਸ਼ਬਦ ਬੇਧੀ) ਬਾਣ- ਉਹ ਤੀਰ ਜੋ ਕਿਸੇ ਦੇ ਬੋਲਣ ਤੇ, ਬਿਨਾਂ ਅੱਖਾਂ ਦੇ ਵੇਖਣ ਤੋਂ ਨਿਸ਼ਾਨਾ ਫੁੰਡ ਦੇਵੇ।

ਹੁਤੋ ਰਾਇ-ਅਹਿਮਦ ਤਹਿਂ ਤਬਿ ਹੀ।
ਜ੍ਵਾਲਾ-ਪੁਰ ਮੈਂ ਨ੍ਰਿਪ ਬਡ ਫਬ ਹੀ।

ਅਬਿ ਭੀ ਸੰਤਤਿ ਤਿਸ ਕੀ ਤਹਾਂ।
ਰਾਇ ਕਹਾਵਤ ਧਰਪਤਿ ਮਹਾਂ[1] ॥੧੨੦॥ — [1]ਵੱਡੇ (ਧਰਪਤੀ) ਰਾਜੇ ਹੋ ਕੇ ਵੀ।
ਤਿਸ ਨੇ ਪਿਖਿ ਬਡ ਸਿੰਘ ਸਿਪਾਹੀ।
ਅਰ ਉਪਰਾਮ ਜਗਤ ਤੈ ਆਹੀ[1]। — [1]ਹਨ।
ਜਾਨਜੋ ਕਾਮ ਜਬੈ ਮੁਹਿ ਪਰ ਹੈ।
ਇਹੁ ਸਿੰਘ ਮੇਰੀ ਮੱਦਦ ਕਰਿ ਹੈਂ ॥੧੨੧॥
ਤਿਸ ਨੇ ਏਹੁ ਸਮਝ ਉਨ ਸਿੰਘ-ਦਰਗਾਹੈਂ।
ਸੰਗ ਮੇਲ ਰਾਖਜੋ ਬਹੁ ਭਾਹੈਂ[1]। — [1]ਪ੍ਰੇਮ ਵਾਲਾ।
ਇਕ ਦਿਨ ਸਿੰਘ ਜੀ ਕਹਜੋ ਇਕੰਤੈਂ।
ਦਿਹੁ ਜਮੀਨ ਕਿਛ ਹਮੈਂ ਸੁਤੰਤੈਂ[1] ॥੧੨੨॥ — [1]ਸੁਤੰਤਰਤਾ ਨਾਲ ਰਹਿਣ ਵਾਸਤੇ।
ਗੰਗਾ ਤਟ ਹਮ ਕੁਟੀਆ ਠਟ ਕੈ।
ਭਯੋ ਮੁਕਤਿ ਚਹਿੰ ਈਸ਼੍ਵਰ ਭਜ ਕੈ।
ਅਰ ਹਮਰੇ ਗੁਰੁ ਈਹਾਂ ਆਏ।
ਬੈਠੇ ਜਹਾਂ, ਚਹਿਤ ਹਮ ਸਾਏ[1] ॥੧੨੩॥ — [1]ਉਹ ਜਗ੍ਹਾ।
ਮਾਨਿ ਰਾਇ ਸੰਨਦ[1] ਲਿਖ ਦੀਨੀ। — [1]ਪਟਾ, ਅਧਿਕਾਰ ਪੱਤਰ।
ਰੋਕੀ ਜਿਮੀ ਸਿੰਘ ਤਬਿ ਪੀਨੀ[1]। — [1]ਤਕੜੀ।
ਬਾੜਾ ਦਰਗਾਹਾ-ਸਿੰਘ ਵਾਲਾ।
ਅਬਿ ਲੌਂ ਹੈ ਸੋ ਬਿਦਿਤਿ ਬਿਸਾਲਾ ॥੧੨੪॥
ਜਿਤਿਕ ਮੁਕਾਨ ਨ੍ਰਿਪਨ ਸਰਦਾਰੈਂ।
ਰਚੇ ਆਹਿੰ ਮਧ ਤਿਸ ਹੀ ਬਾਰੈਂ[1]। — [1]ਵਾੜੇ ਵਿੱਚ।
ਇਵਜ਼ ਜ਼ਮੀਨ[1] ਜਗੀਰੈਂ ਦੀਨੀ। — [1]ਜ਼ਮੀਨ ਦੇ ਬਦਲੇ।
ਅਧਿਕ ਸਿੱਖ ਸਰਦਾਰਨ ਪੀਨੀ[1] ॥੧੨੫॥ — [1]ਬਹੁਤੀਆਂ।
ਦਰਗਾਹਾ ਸਿੰਘ ਕੇ ਅਬਿ ਸਾਧੂ।
ਰਹਿਤ ਨਿਰਮਲੇ ਤਹਾਂ ਅਗਾਧੂ[1]। — [1]ਬਹੁਤੇ।
ਸੋ ਸੰਨਦ ਭੀ ਅਬਿ ਤਿਨ ਪੈ ਹੈ[1]। — [1]ਪਾਸ ਹੈ।
ਸੱਤ੍ਰਾ ਸੌ ਤਿਰਾਸੀਏ ਮੈਂਹੈਂ[1] ॥੧੨੬॥ — [1]ਵਿੱਚ।
ਜੋ ਲਿਖ ਦੀਨੀ ਥੀ ਤਬਿ ਰਾਏ।
ਦਰਗਾਹਾ-ਸਿੰਘ ਜੀ ਕੇ ਨਾਂਏਂ।
ਔਰ ਗਾਥ ਇਕ ਸੁਨੋ ਪੁਰਾਨੀ।
ਜਿਸ ਕੀ ਭੀ ਅਬਿ ਅਹੇ ਨਿਸ਼ਾਨੀ ॥੧੨੭॥

ਸਤ੍ਰਾਂ ਸੈ ਸਤਾਸੀਏ ਮੈਂਹੈਂ।
ਸੂਰਜ ਗ੍ਰਹਿਨ ਕੁਰਖੇਤ੍ਰ ਪੈਹੈ[1]। — [1]ਕਲਖੇਤ੍ਰ ਦੇ ਪਾਸ ਸੂਰਜ ਗ੍ਰਹਿਣ ਦਾ ਮੇਲਾ ਲੱਗਿਆ।
ਬਾਜੀ-ਰਾਵ ਮਰ੍ਹੱਟਾ ਆਯੋ।
ਕਰਿ ਇਸ਼ਨਾਨ ਦਾਨ ਬਹੁ ਦਾਯੋ ॥੧੨੮॥
ਸਭਾ ਪੰਡਤੋਂ ਕੀ ਉਨ ਕੀਨੀ।
ਸ਼ਾਸਤ੍ਰਾਰਥ ਭਯੋ ਅਤਿ ਪੀਨੀ[1]। — [1]ਬਹੁਤ ਭਾਰੀ (ਸ਼ਾਸਤ੍ਰਾਰਥ) ਚਰਚਾ ਹੋਈ।
ਮਹਾਰਾਜ ਸਿੰਘ ਸਭਿ ਪਰ ਫਤੈ।
ਪਾਈ, ਗੁਰੁ ਕ੍ਰਿਪਾ ਤੈ ਅਤੈ[1] ॥੧੨੯॥ — [1]ਵੱਡੀ।
ਬਿਜੈ-ਪੱਤ੍ਰ[1] ਮਰ੍ਹੱਟੇ ਨ੍ਰਿਪ ਦਾਯੋ। — [1]ਜਿੱਤ ਦੀ ਚਿੱਠੀ।
ਏਕ ਗ੍ਰਾਮ ਜਾਗੀਰ ਲਗਾਯੋ।
ਸੰਨਦ ਲਿਖ ਦੀਨੀ ਨ੍ਰਿਪ ਚਾਹੀ[1]। — [1]ਉਤਸ਼ਾਹ ਨਾਲ।
ਜੋ ਅਬਿ ਹੈ ਉਸ ਡੇਰੇ ਮਾਂਹੀਂ ॥੧੩੦॥
ਅਰ ਇਕ ਮੰਦਰ ਸੋਊ ਬਨੈ ਕੈ।
ਮਹਾਰਾਜ ਸਿੰਘ ਕੋ ਗਯੋ ਦੈ ਕੈ।
ਮਰ੍ਹੱਟੀ ਕਤਾ ਕੇਰ ਹੈ ਸੋਈ[1]। — [1]ਉਹ (ਮੰਦਰ) ਮਰਹੱਟੀ (ਕਤਾ) ਢੰਗ ਦਾ ਹੈ।
ਰੁੱਦ੍ਰ ਕੂਪ ਢਿਗ ਜਾਨਤ ਲੋਈ[1] ॥੧੩੧॥ — [1]ਸ਼ਿਵ ਦੀ ਜੇ ਖੂਹ ਕੋਲ ਲੋਕ ਜਾਣਦੇ ਹਨ।
ਸੰਮਤ ਸੱਤ੍ਰਾਂ ਸੌ ਸੈਤਾਸੀ।
ਕਾ ਤਹਿਂ ਪੱਥਰ ਖੁਦਜੋ ਦਿਖਾਸੀ[1]। — [1]ਓਥੇ ਖੋਦਿਆ (ਉਕਰਿਆ) ਹੋਇਆ ਦਿਸਦਾ ਹੈ।
ਤਾਂ ਕੀ ਸੰਪ੍ਰਦਾਇ ਬੇਸਾਲੇ।
ਰੁੱਦ੍ਰ ਕੂਪੀਏ ਸਾਧੂ ਚਾਲੇ ॥੧੩੨॥
ਇਸ ਤੈ ਭੀ ਇਕ ਔਰ ਪੁਰਾਨੀ।
ਗਾਥ ਸੁਨੈਹੋਂ ਤੁਮੈ ਮਹਾਨੀ।
ਹੈ ਖਡੂਰ ਮੈਂ ਜੋਊ ਡੇਰਾ।
ਲਖੋ ਨਿਰਮਲਜੋਂ ਕੇਰ ਬਡੇਰਾ ॥੧੩੩॥
ਦਸਮ ਗੁਰੂ ਕੇ ਵਕਤੈਂ ਕੇਰੋ।
ਹੈ ਸੋਊ ਨਿਸਚੈ ਦਿਢ ਹੇਰੋ।
ਤਹਿਂ ਭਾਈ-ਪੰਜਾਬ ਸੁ ਸਾਧੂ।
ਰਹਿਤੋ ਪਹਿਲੇ ਸੁਮਤਿ ਅਗਾਧੂ[1] ॥੧੩੪॥ — [1]ਬਹੁਤੀ ਸ੍ਰੇਸ਼ਟ ਮਤਿ ਵਾਲਾ।
ਸਿੰਘ ਪੰਥ ਜਬਿ ਗੁਰੂ ਸਜਾਯੋ।
ਸੁਧਾ ਦਯਾ ਸਿੰਘ ਤੈ ਤਿਨ ਪਾਯੋ।

ਸਿੰਘ-ਪੰਜਾਬ ਜਗਤ ਬਿਦਤਾਨਾ।
ਸੰਪ੍ਰਦਾਇ ਤਿਹ ਚਲੀ ਮਹਾਨਾ ॥੧੩੫॥
ਰੋਚਾ ਸਿੰਘ ਤਿਸ ਕੇ ਪਰ-ਚੇਲੇ[1]। — [1]ਪੋਤੇ ਚੇਲੇ।
ਸਿੰਘ ਦੁਇ ਕੁ ਸੈ ਨਿਜ ਸੰਗ ਮੇਲੇ।
ਕਾਸ਼ਮੀਰ ਅਰ ਪੋਠੋਹਾਰੈਂ।
ਜਬਰਨ ਸਿੰਘ ਸਜਏ ਅਪਾਰੈਂ ॥੧੩੬॥
ਅਬਿ ਲੌਂ ਸੋ ਸਭਿ ਤਿਸ ਕੋ ਮਾਨਤ।
ਗਾਥ ਏਹੁ ਵਹਿ ਦੇਸ ਬਖਾਨਤ।
ਯਾਂ ਤੈ ਉਨ ਕੇ ਸੰਤਨ ਕੇਰੇ।
ਹੈਂ ਅਧਿਕੈਂ ਉਤ ਹੀ ਦਿਸ ਡੇਰੇ ॥੧੩੭॥
ਡੇਰੇ ਔਰ ਨਿਰਮਲਯੋਂ ਕੇਰੇ।
ਗ੍ਰੰਥ ਬਢਨ ਡਰਿ ਇਹਾਂ ਨ ਟੇਰੇ।
ਪੁਸਤਕ ਰਚੇ ਨਿਰਮਲਜੋਂ ਜੇਈ।
ਪਰਾਚੀਨ ਕਿਛ ਕੈਹੌਂ ਤੇਈ ॥੧੩੮॥
ਸਤ੍ਰਾਂ ਸੈ ਪਚਾਨਵੇ ਮਾਹੈਂ।
ਸੱਦਾ-ਸਿੰਘ ਨੈ ਕਾਂਸ਼ੀ ਜਾਹੈਂ[1]। — [1]ਜਾ ਕੇ।
ਚੇਤਨ-ਮਠ ਦਿਡ ਬਾਂਧਯੋ ਨੀਕਾ।
ਕਿਯ ਅਦ੍ਵੈਤ ਸਿੱਧੀ ਪਰ ਟੀਕਾ[1] ॥੧੩੯॥ — [1]ਅਦ੍ਵੈਤ ਸਿੱਧੀ ਗ੍ਰੰਥ ਦਾ ਟੀਕਾ ਕੀਤਾ।
ਪਢਨ-ਹਾਰ ਪੰਡਿਤ ਬਹੁ ਜਾਨੈ।
ਪੁਨ ਗੁਲਾਬ ਸਿੰਘ ਭਯੋ ਮਹਾਨੈ।
ਭਾਵਰਸਾਂਮ੍ਰਿਤ ਜਾਂਹਿਰਚਾਈ।
ਕਰਮ-ਵਿਪਾਕ, ਸੂਪਨ-ਅੱਧਜਾਈ ॥੧੪੦॥
ਨਾਟਕ-ਚੰਦ੍ਰ-ਪ੍ਰਬੋਧ ਉਦਾਰੇ।
ਮੋਖ-ਪੰਥ ਅੱਧਜਾਤਮ ਭਾਰੇ[1]। — [1]ਅਧਿਆਤਮਰਾਮਾਇਣ ਆਦਿਕ ਭਾਰੇ ਚੰਗੇ ਪੁਸਤਕ।
ਬਾਦੀ ਸੰਮਤ ਤਿਨ ਕੇ ਹੇਰੋ[1]। — [1]ਨਿਰਮਲਿਆਂ ਦੇ (ਬਾਦੀ) ਵਿਰੋਧੀ ਵੀ ਤਿਨ੍ਹਾਂ (ਉਪ੍ਰੋਕਤ ਨਿਰਮਲੇ ਵਿਦਵਾਨਾਂ ਦੀਆਂ ਰਚਨਾਵਾਂ ਦੀ ਪੁਰਾਤਨਾ) ਦੇ ਨਾਲ (ਸੰਮਤ) ਸਹਿਮਤ ਹਨ, ਦੇਖੋ।
ਸੰਸੇ ਖੁਦ ਹੀ ਖੁਦੈ ਨਿਬੇਰੋ[1] ॥੧੪੧॥ — [1](ਇਸ ਤਰ੍ਹਾਂ ਤੁਸੀਂ ਵੀ) ਆਪਣੇ ਸੰਸੇ ਆਪ ਹੀ ਨਿਬੇੜ ਲਵੋ।
ਅਬੀ ਨਿਰਮਲੇ ਭਏ ਜੁ ਕੈਹੈਂ[1]। — [1]ਜਿਹੜੇ ਕਹਿੰਦੇ ਹਨ ਕਿ ਨਿਰਮਲੇ ਹੁਣੇ ਹੀ ਹੋਏ ਹਨ।
ਕਹੇ ਪ੍ਰਮਾਨ ਤਿਨੋ ਹਿਤ ਯੈ ਹੈਂ[1]। — [1]ਇਹ (ਪ੍ਰਮਾਣ) ਸਬੂਤ ਤਿਨ੍ਹਾਂ ਵਾਸਤੇ ਕਹੇ ਹਨ।

ਨਤੁ ਪਰਮਾਨ ਦਿਖਾਵਨ ਕੀਹੈਂ।
ਕਿੰਚਤ ਚਾਹਿ ਨਹੀਂ ਥੀ ਈਹੈਂ[1] ॥੧੪੨॥

[1]ਨਹੀਂ ਤਾਂ (ਪ੍ਰਮਾਣ) ਸਬੂਤ ਦਿਖਾਉਣ ਦੀ (ਈਹੈਂ) ਏਥੇ (ਕਿੰਚਤ) ਥੋੜ੍ਹੇ ਮਾਤਰ ਵੀ ਇੱਛਾ ਨਹੀਂ ਸੀ।

ਸੁਨੋ ਅਖਾੜੇ ਕੀ ਅਬਿ ਗਾਥੈਂ।
ਸਿੰਘ ਨਰਿੰਦਰ ਪਟਜਾਲੇ ਨਾਥੈਂ[1]।

[1]ਰਾਜੇ ਨੇ।

ਸਰੂਪ ਮ੍ਰਿਗਿੰਦ ਜੀਂਦ ਪਤਿ ਥੀਓ।
ਭਰਪੂਰ ਸਿੰਘ ਨਾਭੇ ਮੈਂ ਤੀਓ[1] ॥੧੪੩॥

[1]ਤੀਜਾ।

ਭਏ ਨ੍ਰਿਪ ਇਹੁ ਭਗਤ ਉਦਾਰੈਂ।
ਸੇਵੀ ਸੰਤਨ ਕੇਰ ਅਪਾਰੈਂ।
ਸੁਨਜੋ ਇਨੈ ਤੀਰਥ ਗੰਗਾਦੈਂ।
ਪਰ[1], ਜੋ ਮੇਲੇ ਹੋਤ ਅਗਾਧੈਂ[2] ॥੧੪੪॥

[1]ਗੰਗਾ ਆਦਿਕ ਉੱਪਰ। [2]ਵੱਡੇ, ਬਹੁਤੇ।

ਦਸਮ ਗੁਰੂ ਕੇ ਜੇ ਸਿਖ ਸਾਧੂ।
ਤਹਾਂ ਬਿਹੰਗਮ ਜਾਤ ਅਬਾਧੂ[1]।

[1]ਬਿਨਾਂਰੋਕ ਤੋਂ।

ਪੈਸਾ ਪਾਸ ਨ ਜੋਊ ਰਖੈ ਹੈਂ।
ਅਕਸਰ ਭੋਜਨ ਪਾਯੋ ਚੈਹੈਂ[1] ॥੧੪੫॥

[1]ਬਹੁਤੀ (ਗੱਲ ਤਾਂ ਇਹ ਕਿ) ਉਹਰੋਟੀ ਖਾਣਾ ਚਾਹੁੰਦੇ ਸਨ।

ਝੰਡੇ ਖੜ੍ਹੇ ਕਰਤ ਹੈਂ ਜਾਈ[1]।

[1]ਜਾ ਕੇ।

ਸਾਧ ਉਦਾਸੀ ਔਰ ਗੁਸਾਂਈ।
ਲੰਗਰ ਭੀ ਦੇਵਤ ਬਡ ਵੈਹੈਂ[1]।

[1]ਉਹ।

ਨਿਜ ਨਿਜ ਭੇਖਨ ਤਈਂ ਸਭੈਹੈਂ[1] ॥੧੪੬॥

[1]ਸਾਰੇ।

ਸਿੰਘ ਨਾਮ ਵਾਰੇ ਜਬਿ ਗੁਨ ਕੈ[1]।

[1]ਸਿੰਘ ਨਾਮ ਵਾਲੇ (ਸਾਧੂ) ਜਦੋਂ ਵਿਚਾਰ ਕੇ।

ਭੋਜਨ ਪਾਵਨ ਚੈਹੈਂ ਉਨ ਕੈ[1]।

[1]ਉਨ੍ਹਾਂ ਦੇ ਲੰਗਰਾਂ ਵਿੱਚ।

ਕੈਂਚੀ ਅੱਗਜੋਂ ਸੋਊ ਦਿਖੈ ਹੈਂ।
ਮੂੰਡ ਮੁੰਡਾਓ ਖਾਓ ਕੈਹੈਂ[1] ॥੧੪੭॥

[1]ਕਹਿੰਦੇ ਹਨ ਕਿ (ਪਹਿਲਾਂ) ਸਿਰ ਮੁਨਾਉ (ਫੇਰਰੋਟੀ) ਖਾਉ।

ਤਾਨ੍ਹੇ ਔਰ ਅਧਿਕਧਾ ਦੈ ਕੈ[1]।

[1]ਹੋਰ ਅਨੇਕ ਤਰ੍ਹਾਂ ਦੇ ਮਿਹਣੇ ਦੇ ਕੇ।

ਬੇ-ਸਿਦਕੀ ਸਿੰਘੈਂ ਭੁਚਲੈ[1] ਕੈ।

[1]ਭੁਲੇਖਾ ਪਾ ਕੇ।

ਮੂੰਡ ਮੁੰਡਿ[1] ਨਿਜ ਸਾਧੁ ਬਨੈ ਹੈਂ।

[1]ਸਿਰ ਮੁੰਨ ਕੇ।

ਇਹੁ ਘਾਟਾ ਸਿੰਘਨ ਮੈਂ ਪੈਹੈ ॥੧੪੮॥
ਇਸ ਬਚਾਉ ਹਿਤ ਅਰ ਉਪਕਾਰੈਂ।
ਭਵੈਂ ਪੁੰਨ ਅਤਿ ਠਾਨ ਵਿਚਾਰੈਂ[1]।

[1]ਬਹੁਤ ਵਿਚਾਰ ਕਰ ਕੇ ਕਿ ਪੁੰਨ ਹੋਵੇਗਾ।

ਹੀਰਾ ਸਿੰਘ, ਮਤਾਬ ਸਿੰਘ ਸਾਧੂ।

ਰਾਮ ਸਿੰਘ ਲੌ ਹੁਤੇ ਅਗਾਧੁ[1] ॥੧੪੯॥ — [1]ਵੱਡੇ।
ਤਬੈ ਨਿਰਮਲੇ ਅਧਿਕ ਉਦਾਰੈਂ।
ਮੇਲਝੋਂ ਪੈ ਮਿਲਿ ਸੰਤ ਅਪਾਰੈਂ।
ਇਤ ਉਤ ਤੈ ਲੈ ਜਾਇ ਅੰਨ ਸੋ।
ਦੇਤੇ ਸਭਿ ਕੋ ਲੇਤ ਧੰਨਜ ਸੋ[1] ॥੧੫੦॥ — [1]ਉਹ (ਧੰਨਜ) ਜਸ ਲੈਂਦੇ ਸਨ।
ਸੰਤ ਨਿਰਮਲਝੋਂ ਕਾ ਜਸ ਭਾਰਾ।
ਸੁਨਿ ਨ੍ਰਿਪਨ ਬੰਧ ਦਯੋ ਅਖਾਰਾ[1]। — [1]ਧਰਮ ਪ੍ਰਚਾਰਕ ਜੱਥਾ। (ਅ) ਸੰਤਾਂ ਦੀ ਮੰਡਲੀ। (ੲ) ਸੰਤਾਂ ਦਾ ਡੇਰਾ।
ਏਕ ਲਾਖ ਲੌ ਨਕਦੈਂ ਦੀਓ।
ਔਰ ਜਗੀਰੈਂ ਦੀਨੀ ਬੀਓ[1] ॥੧੫੧॥ — [1]ਦੂਜੀਆਂ।
ਜੇਤਿਕ ਪੰਥ ਨਿਰਮਲਾ ਆਹੀ।
ਸਭਿ ਨੈ ਮੱਦਦ ਕਰੀ ਮਹਾਂਹੀ।
ਜਥਾ ਜੋਗ ਔਰੈਂ ਸਰਦਾਰੈਂ।
ਸੇਵਾ ਕੀਨੀ ਮਨਿ ਮੁਦ ਧਾਰੈਂ ॥੧੫੨॥
ਨ੍ਰਿਪ ਵਜੀਰ ਸਿੰਘ ਪਿੰਡ ਏਕੈਂ।
ਦਯੋ ਫਰੀਦ ਕੋਟੀਏ ਨੇਕੈਂ[1]। — [1]ਨੇਕ ਨੇ।
ਸ੍ਰੀ ਮਹਿਤਾਬ ਸਿੰਘ ਜੀ ਤਾਂਈ।
ਸ੍ਰੀ ਮਹੰਤ ਥਪਝੋਂ ਮੁਦ ਪਾਈ ॥੧੫੩॥
ਤੇਜ ਪ੍ਰਤਾਪ ਵਾਰ ਥਾ ਸੋਈ।
ਸਿੱਧ ਪੁਰਖ ਬਿਦਤਝੋ ਮਧ ਲੋਈ[1]। — [1]ਸ਼ਕਤੀਮਾਨ ਪੁਰਖ (ਲੋਈ) ਜਗਤ ਵਿੱਚ ਮਸ਼ਹੂਰ ਹੋਇਆ।
ਰਾਮ ਸਿੰਘ ਕੋਬੇਰੈਂ ਵਾਲਾ[1]। — [1]ਕੋਬੇਰ ਪਿੰਡ ਦਾ।
ਪੁਨ ਤਿਨ ਕੀਨ ਮਹੰਤ ਬਿਸਾਲਾ ॥੧੫੪॥
ਮਹਿਮਾਂ ਬਡ ਅਰੂਜ[1] ਅਬਿ ਥੀਓ। — [1]ਪ੍ਰਤਾਪ, ਤਰੱਕੀ।
ਦੇਸ ਬਿਦੇਸਨ ਮੈਂ ਬਿਦਤੀਓ[1]। — [1]ਮਸ਼ਹੂਰ ਹੋਇਆ।
ਮੱਦਦ ਪੰਥ ਖਾਲਸਾ ਸਾਰਾ।
ਕਰਤ ਨਿਰਮਲੇ ਅਧਿਕ ਉਦਾਰਾ ॥੧੫੫॥
ਸਭਿ ਤੀਰਥਨ ਕੇ ਮੇਲਝੋਂ ਪੈਹੈ[1]। — [1]ਉੱਪਰ।
ਲੰਗਰ ਦੇਤ ਅਤੋਟ ਅਤੈ ਹੈਂ[1]। — [1]ਬਹੁਤ।
ਜੱਦਪਿ ਸਭਿ ਭੇਖਨ ਕੇ ਸੰਤੈਂ।
ਭੋਜਨ ਮਿਲਤ ਉਤਾਰਾ ਤੰਤੈ[1] ॥੧੫੬॥ — [1]ਤਿਨ੍ਹਾਂ ਨੂੰ।

ਤੱਦਪਿ ਸਿੰਘ ਨਾਮ ਕੇ ਤਾਂਈਂ।
ਆਦਰ ਲੰਗਰ ਮਿਲਤ ਮਹਾਂਈਂ।
ਦਸਮ ਗੁਰੂ ਕਾ ਏਹੁ ਅਖਾਰਾ।
ਅੱਠਾਰਾਂ ਸੌ ਮੱਧ ਅਠਾਰਾਂ ॥੧੫੭॥
ਭਯੋ ਉਦਾਸਿਨ ਤੈ ਭੀ ਭਾਰੋ[1]। — [1]ਵੱਡਾ।
ਬਿਦਜਾ ਬਲ ਇਤਫਾਕ ਵਿਚਾਰੋ।
ਲੰਗਰ ਇਸ ਸਮ ਦੇਤ ਨ ਔਰੈਂ।
ਆਹਿ ਅਖਾੜੇ ਜੇ ਜਗ ਗੌਰੈਂ[1] ॥੧੫੮॥ — [1]ਵੱਡੇ।

ਦੋਹਰਾ:
ਸਾਧੁ ਸਿੱਖ ਨਿਧਨੀ[1] ਧਨੀ, — [1]ਕੰਗਾਲ।
ਸਿੰਘ ਨਾਮ ਹੈ ਜੋਇ।
ਸੇਵਤ ਮੱਦਦ ਦੇਤ ਸਭਿ,
ਜਾਨ ਆਪਨਾ, ਲੋਇ[1] ॥੧੫੯॥ — [1]ਲੋਕ।

ਚੌਪਈ:
ਦੇਸ ਦੇਸ ਮੈਂ ਫਿਰਤ ਅਖਾਰਾ।
ਭਗਤ ਸੰਤ ਜੇ ਆਹਿਂ ਉਦਾਰਾ।
ਦੇਵਤ ਪੂਜਾ ਔਰ ਭੰਡਾਰਾ।
ਮਾਨ ਤਾਨ[1] ਕਰਿ ਹੈਂ ਸਿੱਖ ਭਾਰਾ ॥੧੬੦॥ — [1]ਆਦਰ ਸਤਿਕਾਰ।
ਸੋ ਪੂਜਾ ਤੀਰਥੋਂ ਪਰ ਜਾਈ।
ਲੰਗਰ ਮਿਲ ਹੈ ਸਭਿ ਕੇ ਤਾਂਈ।
ਸਭਿ ਤੀਰਥੋਂ ਪਰ ਭੀ ਮੁਕਾਨ ਹੈਂ।
ਦੇਤ ਹਮੇਸ਼ੈਂ ਅੰਨ ਦਾਨ ਹੈਂ ॥੧੬੧॥
ਸਦਾ-ਬਰਤ ਸਭਿ ਤਾਂਈ ਦੈਹੈਂ[1]। — [1](ਸਦਾ-ਬਰਤ) ਲੰਗਰ ਸਭ ਨੂੰ ਦਿੰਦੇ ਹਨ।
ਗੰਗਾ ਜੀ ਪਰ ਕਨਖਲ ਮੈਹੈਂ।
ਏਕ ਮਹੰਤ, ਏਕ ਭੰਡਾਰੀ[1]। — [1]ਲਾਂਗਰੀ।
ਇਕ ਕਾਰਵਾਰੀ[1] ਏਕ ਕੁਠਾਰੀ[2] ॥੧੬੨॥ — [1]ਖ਼ਜ਼ਾਨਚੀ। [2]ਮੋਦੀ (ਸਾਮਾਨ ਵੰਡਣ ਵਾਲਾ)।
ਸਭੀ ਮੁਕਾਨੋ ਮੈਂ ਇਮ ਰੈਹੈਂ।
ਆਮਦ ਖਰਚ ਹਿਸਾਬ ਲਿਖੈ ਹੈਂ।
ਤਜੋਂ ਹੀ ਬਾਹਰ ਜੋਊ ਅਖਾਰੋ।
ਫਿਰ ਹੈਂ ਤਹਿਂ ਮਹੰਤ ਰਹਿਂ ਚਾਰੋ ॥੧੬੩॥

ਕੌਡੀ ਪੈਸਾ ਮੁਹਿਰ ਰੁਪੱਯਾ।
ਬਸਨ ਚਢਾਵਤ ਜੋ ਤਹਿਂ ਭੱਯਾ[1]। — [1]ਭਾਈ, ਪ੍ਰੇਮੀ।
ਦੋਇ ਠੌਰ ਸੋ ਲਿਖ੍ਯੋ ਜੈਹੈ।
ਏਕ ਮਹੰਤ ਕੁਠਾਲੀ ਪੈਹੈ ॥੧੬੪॥
ਕੌਡੀ ਖਰਚਨ ਕਾ ਅਖਤ੍ਯਾਰੋ।
ਨਾਹਿਂ ਸੁਤੰਤ੍ਰ ਕਾਂਹਿ ਨਿਹਾਰੋ।
ਖਾਨ ਪਾਨ ਪਹਰਾਨ ਬ੍ਰਤਾਰਾ[1]। — [1]ਹਿੱਸਾ।
ਮਿਲ ਹੈ ਸਦ[1] ਸਭਿ ਕੋ ਇਕਸਾਰਾ[2] ॥੧੬੫॥ — [1]ਹਮੇਸ਼ਾਂ। [2]ਇਕੋ ਜਿਹਾ।
ਅਠਾਰਾਂ-ਗਜ ਬਸਨ ਛਿਮਾਹੀ[1]। — [1]ਛੇ ਮਹੀਨੇ ਬਾਅਦ ਬਸਤ੍ਰ।
ਇਕ ਜੋੜਾ ਮਿਲ ਹੈ ਸਭਿ ਕਾਹੀ[1]। — [1]ਸਭ ਕਿਸੇ ਨੂੰ ਭਾਵ ਹਰ ਇਕ ਨੂੰ ਇਕ ਜੁੱਤਾ ਮਿਲਦਾ ਹੈ।
ਮਿਲ ਹੈ ਜ਼ਜਾਦੇ ਨਾਂਹਿ ਮਹੰਤੈਂ।
ਬਿਨ ਦੁਆਈ ਕਿਛੁ ਅਨ[1] ਨ ਮਿਲੰਤੈਂ ॥੧੬੬॥ — [1]ਹੋਰ।
ਆਮਦ ਖਰਚ ਹਿਸਾਬ ਕਰੈ ਹੈਂ।
ਮਾਹਵਾਰੀ ਸਭਿ ਤਈਂ ਸੁਨੈ ਹੈਂ।
ਸ੍ਰੀ ਮਹੰਤ ਪਾਸ ਪਹੁੰਚੈਹੈਂ।
ਪੈਸਾ ਇਕ ਕੋ[1] ਖਾ ਨ ਸਕੈ ਹੈ ॥੧੬੭॥ — [1]ਕੋਈ।
ਸਭਿ ਤੀਰਥੋਂ ਪਰ ਜਾਇ ਲਗੈ ਹੈ।
ਦਾਤਾ ਕਾ ਪੁੰਨ ਅਤਿ ਸਫਲੈ ਹੈ।
ਦੇਨੋ ਜੈਸ ਅਖਾੜੇ ਮਾਂਹੀਂ।
ਪੁੰਨਜ ਐਸ ਦੂਜੋ ਕੋ ਨਾਂਹੀਂ ॥੧੬੮॥
ਸ੍ਰੀ ਮਹੰਤ ਅੱਖਾੜੇ ਕੇਰੈਂ।
ਅਤਿ ਸਤਿ ਪੁਰਖ ਮਹਾਨ ਬਧੇਰੈ।
ਜਪੀ ਤਪੀ ਜਤ ਸਤ ਮੈਂ ਪੂਰੇ।
ਹੈਂ ਕੋਵਿਦ[1] ਕਵਿ ਪੰਡਤਿਰੂਰੇ ॥੧੬੯॥ — [1]ਵਿੱਦਵਾਨ।
ਸ੍ਰੀ ਤਾਰਾ ਸਿੰਘ ਜੀ ਬਖ੍ਯਾਤੈਂ।
ਲੋਭ ਛੋਭ ਬਿਨ ਕਪਟ ਮਹਾਂਤੈ[1]। — [1](ਮਹਾਂਤੈ) ਮਹਾਤਮਾ ਲੋਕ (ਛੋਭ) ਕ੍ਰੋਧ ਤੇ ਛਲ ਤੋਂ ਬਿਨਾਂ ਹਨ। (ਮਹਾਂਤ- ਮਹਾਤਮਾ, ਕਰਨੀ ਵਿੱਚ ਵੱਡਾ ਬਜ਼ੁਰਗ।)
ਸੇਵ ਅਖਾੜੇ ਕੀ ਸੁ ਕਮੈ ਹੈਂ।
ਬਸਨ ਅਸਨ[1] ਭੀ ਸੋ ਨਹਿਂ ਲੈਹੈਂ ॥੧੭੦॥ — [1]ਬਸਤ੍ਰ ਤੇ ਭੋਜਨ।
ਯੌਂ ਅਖਤ੍ਯਾਰ ਤਿਨੈ ਹੈ ਭਾਰੋ[1]। — [1]ਉਂਞ ਤਾਂ ਉਨ੍ਹਾਂ ਨੂੰ ਭਾਰੀ ਅਖ਼ਤਿਆਰ ਹਨ ਕਿ...।

ਪੰਥ ਹੇਤ ਦਿਹਂ ਖਰਚ ਹਜ਼ਾਰੋਂ।
ਨਿਜ ਹਿਤ ਯਾਂ ਨਿਜ ਦੋਸਤ ਤਾਂਈਂ।
ਪੈਸਾ ਏਕ ਨ ਖਰਚ ਸਕਾਂਈਂ ॥੧੭੧॥
ਜਬਿ ਉਨ ਕਾ ਭੀ ਏਹੁ ਵਿਚਾਰੈਂ[1]।

[1]ਵਿਚਾਰ ਲਵੋ ਜਦੋਂ ਉਨ੍ਹਾਂ ਸ੍ਰੀ ਮਹੰਤਾਂ ਦਾ ਇਹ ਹਾਲ ਹੈ ਤਾਂ....।

ਔਰ ਮਹੰਤੈ ਕਿਆ ਇਖਤਜਾਰੈਂ।
ਕੈਮੁੱਤਕ ਇਹੁ ਨਜਾਇ ਦਿਖਾਵੋ[1]।

[1]ਕੈਮੁੱਤਕ ਨਜਾਯ ਨਾਲ ਇਹ ਦੇਖ ਲਵੋ (ਕੈਮੁੱਤਕ ਨਜਾਯ- ਜਿੱਥੇ ਵੱਡਿਆਂ ਦਾ ਇਹ ਹਾਲ ਹੈ ਛੋਟਿਆਂ ਦਾ ਕੀ ਹਾਲ ਹੋਵੇਗਾ, ਐਸੀ ਕਹਾਵਤ ਜਿਸ ਥਾਂ ਆਖੀਏ, ਕੈਮੁੱਤਕ ਨਜਾਯ ਹੈ।)

ਸੰਸੇ ਤਜਿ ਸਭਿ ਸੇਵ ਕਮਾਵੋ ॥੧੭੨॥
ਕਿੰਚਤ ਗਾਥ ਅਖਾੜੇ ਕੇਰੀ।
ਹੈ ਪ੍ਰਸੰਗ ਤੈ[1] ਹਮ ਨੈ ਟੇਰੀ[2] ॥੧੭੩॥

[1]ਸੰਬੰਧ ਕਰਕੇ। [2]ਕਹੀ ਹੈ।

ਦੋਹਰਾ:
ਪੰਥ ਨਿਰਮਲੇ ਕੀ ਕਥਾ ਕਹੀ,
ਭਯੋ ਜਿਸ ਭਾਇ।
ਸਿੰਘ ਨਿਹੰਗਨ ਕੀ ਕਹੋਂ,
ਅੱਗ੍ਰ ਸੁਨੋ ਮਨ ਲਾਇ ॥੧੭੪॥

ਕਥਾ ਨਿਹੰਗਾਂ ਕੀ

ਕਬਿੱਤ:
ਸ੍ਰੀ ਗੁਰੁ ਨਾਨਕ ਆਨਿਕ ਸੁਖ-ਦਾਇ,
ਲਾਜ ਬਾਨਕਰਖਾਇ ਗਜਾਨ ਭਾਨ ਦਿਪਤਾਇ[1] ਹੈਂ।

[1]ਸ੍ਰੀ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਨੇ ਜਗਤ ਨੂੰ (ਆਨਿਕ) ਅਨੇਕਾਂ ਸੁੱਖ ਦਿੱਤੇ, ਬਾਣੇ ਦੀ ਲਾਜਰੱਖੀ, ਗਿਆਨ ਦਾ ਸੂਰਜ ਪ੍ਰਗਟ ਕੀਤਾ।

ਤਾਂਹਿ ਪਗ ਧਜਾਇ ਮਾਥ ਨਾਇ ਪੰਥ ਖਾਲਸੇ ਕੋ[1],

[1]ਤਿਨ੍ਹਾਂ ਦੇ ਚਰਨਾਂ ਨੂੰ ਧਿਆ ਕੇ ਤੇ ਖ਼ਾਲਸੇ ਪੰਥ ਨੂੰ ਸਿਰ ਨਿਵਾ ਕੇ।

ਸਿੰਘਨ ਨਿਹੰਗਨ ਕੀ ਗਾਥ ਅਬਿ ਗਾਇ ਹੈਂ।
ਬ੍ਰਿੱਧਨ ਨਿਹੰਗਨ ਸੁਨਾਈ ਜੈਸ, ਲਿਖੀ ਪਾਈ[1],

[1]ਲਿਖੀ ਹੋਈ ਕਿਤੋਂ ਲੱਭੀ ਹੈ।

ਤੈਸ ਹਮ ਕੈਹੈਂ ਭਾਈ ਸੁਨੋ ਮਨ ਲਾਇ ਹੈ।
ਸਤਰਜ ਗੌਣ ਜਾਂ ਮੈਂ ਮੁਖਜ ਤਮੋ ਗੁਣ ਹੋਇ[1],

[1]ਜਿਨ੍ਹਾਂ ਵਿੱਚ ਸਤੋ-ਗੁਣ ਤੇਰਜੋ-ਗੁਣ (ਗਉਣ) ਘੱਟ ਹੈ ਤੇ ਤਮੋ-ਗੁਣ (ਮੁਖ) ਬਹੁਤਾ ਹੁੰਦਾ ਹੈ।

ਤਿਨ ਕੋ ਨਿਹੰਗ ਸਿੰਘ ਗੁਰੂ ਭੀ ਅਲਾਇ ਹੈਂ[1]

[1]ਕਹਿੰਦੇ ਹਨ।

॥੧੭੫॥

ਸਾਖੀ ੧

ਏਕ ਦਿਨ ਦਸਮ ਗੁਰੂ ਜੀ ਤਿਲ ਤੇਲ ਲੋਹਾ ਆਦਿ,
ਦਾਨ ਤੁਲਾ ਦੀਨ ਦਿਜ ਕੋ ਬਿਸਾਲੀ ਹੈ[1]। — [1]ਬ੍ਰਾਹਮਣ ਨੂੰ ਤੁਲਾਦਾਨ ਬਹੁਤਾ ਦਿੱਤਾ। (ਤੁਲਾਦਾਨ- ਕਿਸੇ ਚੀਜ਼ ਦਾ ਦਾਨ ਆਪਣੇ ਬਰਾਬਰ ਤੋਲ ਕੇ ਦੇਣਾ।)

ਦ੍ਵਾਰ ਪੈ ਭਿਖਾਰੇ ਥੇ ਭੰਗੇਰੇ ਜੇ ਬਧੇਰੇ ਸਿੱਖ,
ਬੂਝਯੋ ਤਿਨ ਦੂਜ ਲੀਏ ਜਾਤ ਕਯਾ ਉਤਾਲੀ ਹੈਂ[1]। — [1]ਗੁਰਾਂ ਦੇ ਦਰਵਾਜ਼ੇ ਉੱਤੇ (ਗੁਰਾਂ ਤੋਂ ਦਾਤਾਂ) (ਭਿਖਾਰੇ) ਮੰਗਣ ਵਾਲੇ ਤੇ ਭੰਗ ਪੀਣ ਵਾਲੇ ਬਹੁਤੇ ਸਿੱਖ (ਖੜੇ ਸਨ), ਉਨ੍ਹਾਂ ਨੇ ਪੁੱਛਿਆ, ਹੇ ਬ੍ਰਾਹਮਣ ਤੂੰ (ਉਤਾਲੀ) ਕਾਹਲੀ ਨਾਲ ਕੀ ਲਈ ਜਾਂਦਾ ਹੈਂ।

ਕਹਯੋ ਸਿਰ-ਸੱਦਕ ਗੁਰੂ ਕਾ ਲੀਓ[1] ਜਾਤ ਮੈਂ ਹੂੰ, — [1]ਗੁਰਾਂ ਦਾ ਸਿਰ ਵਾਰਨਾ ਲੈ ਕੇ।
ਸਮਝਯੋ ਨ ਜਿਨੈ ਏਹੁ ਅਰਥ ਕਮਾਲੀ[1] ਹੈ। — [1]ਚੰਗਾ, ਸੋਹਣਾ।
ਛੀਨ ਲੀਨ[1] ਦੂਜ, ਦੀਨ ਹੋਇ ਗਯੋ ਗੁਰੂ ਪਾਸ, — [1]ਖੋਹ ਲਿਆ।
ਸੁਨਿ ਗੁਰੁ ਹੱਸ ਕਹਯੋ ਸਿੱਖ ਯੇ ਅਕਾਲੀ ਹੈਂ ॥੧੭੬॥

ਨੰਗ ਭੁਖ ਦਾਰਦ[1], ਛਨਿੱਛਰ ਗਰਹਿ ਦਸਾ — [1]ਕੰਗਾਲੀ।
ਮੰਦ ਜਾਨ[1], ਹਮ ਨਿਜ ਘਰੋਂ ਥੀ ਨਿਕਾਲੀ ਹੈ। — [1]ਸ਼ਨੀ ਗ੍ਰਹਿ ਦੀ ਮਾੜੀ ਦਸ਼ਾ ਜਾਣ ਕੇ।
ਸਮਝ ਸਬਰ[1] ਬਿਨ ਜਬਰਨ[2] ਰਾਖੀ ਇਨੈ*, — [1]ਸੰਤੋਖ। [2]ਧੱਕੇ ਨਾਲ। *ਗੁਰੂ ਸਾਹਿਬ ਦਾ ਇਹ ਕਹਿਣਾ ਕਿ ਨੰਗ, ਭੁੱਖ, ਦਲਿਦ੍ਰ ਤੇ ਸ਼ਨੀ ਗ੍ਰਹਿ ਦੀ ਮੰਦ-ਦਸ਼ਾ ਜਾਣ ਕੇ ਅਸਾਂ ਤੁਲਾ ਦਾਨ ਦੇ ਕੇ ਘਰੋਂ ਕੱਢੀ ਸੀ। ਇਨ੍ਹਾਂ ਨੇ ਜਬਰਨ ਰਖ ਲਈ ਹੈ। ਇਹ ਗੱਲ ਗੁਰਮਤਿ ਆਸ਼ੇ ਨਾਲ ਮੇਲ ਨਹੀਂ ਖਾਂਦੀ। ਗੁਰੂ ਸਾਹਿਬ ਨੇ ਤਾਂ ਜੋਤਸ਼ ਦੇ ਭਰਮਾਂ-ਵਹਿਮਾਂ ਵਿੱਚੋਂ ਸਿੱਖਾਂ ਨੂੰ ਕੱਢਿਆ ਹੈ।
ਰੈਹੈ ਅਬਿ ਇਨਹੀਂ ਮੈਂ ਸਦਾ ਏਹੁ ਚਾਲੀ ਹੈ।
ਤਾਹੂੰ ਲੋਹੇ ਕੇਰ ਗੁਰੁ ਬਨਵਾਇ ਕ੍ਰਦ[1] ਕੜੇ, — [1]ਕਿਰਪਾਨਾਂ।
ਬੜੇ[1] ਤੇਲ ਤਲਵਾਇ ਤਿਨ ਹੂੰ ਖੁਵਾਲੀ ਹੈ। — [1]ਵੜੇ, ਗੁਲਗੁਲੇ।
ਨੀਲ ਚੈਲ[1] ਹੁਤੇ ਜੇਊ ਪਹਿਰਾਏ ਤਿਨੈ ਤੇਊ, — [1]ਬਸਤ੍ਰ।
ਕਹਯੋ ਗੁਰੁ, ਸਿੱਖ ਏਊ ਗੁਰੁ ਕੇ ਅਕਾਲੀ ਹੈਂ ॥੧੭੭॥

ਸਾਖੀ ੨

ਫੇਰ ਏਕ ਰੋਜ ਸਭਾ ਮਾਂਹਿ ਗੁਰੁ ਕੇ ਹਜੂਰ,

ਫਤੇ ਸਿੰਘ ਗੁਰੁ-ਸੁਤ ਸ੍ਵਾਂਗ ਧਾਰਿ ਆਯੋ ਹੈ।
ਦੰਡ ਧਰ ਕਾਂਧੇ ਪਰਿ ਊਚਿ ਦਸਤਾਰ ਕਰਿ,
ਕਟਿ ਤਟਿ ਕਾਛ ਧਰਿ ਕੈ ਅਕਾਲ ਗਾਯੋ ਹੈ[1]।

[1]ਮੋਢੇ ਤੇ ਸੋਟਾਰੱਖ ਕੇ, ਦਸਤਾਰਾ ਉੱਚਾ ਸਜਾ ਕੇ, ਲੱਕ ਵਿੱਚ ਕਛਹਿਰਾ ਪਹਿਨ ਕੇ ਅਕਾਲ ਅਕਾਲ ਕਿਹਾ।

ਪੇਖਿ ਗੁਰੁ ਕਹ੍ਯੋ ਅਹ੍ਯੋ ਜਹ੍ਯੋ ਭੀ[1] ਚਲੈ ਹੈ ਪੰਥ,

[1]ਏਹੋ ਜਿਹਾ ਵੀ।

ਫਤੇ ਸਿੰਘ ਜੀ ਕੋ ਏਹੁ ਯਾਹੀ ਤੈ ਕਹਾਯੋ ਹੈ[1]।

[1]ਏਸੇ ਕਰ ਕੇ ਇਹ ਬਾਬਾ ਫ਼ਤਿਹ ਸਿੰਘ ਦਾ ਪੰਥ ਅਖਵਾਉਂਦਾ ਹੈ।

ਕਹਿਤ ਨਿਹੰਗ ਸਿੰਘ ਚੰਗ[1] ਪਰਸੰਗ ਏਹੈ,

[1]ਚੰਗਾ।

ਸੂਰਯ-ਪ੍ਰਕਾਸ਼ ਮਾਂਹਿ ਔਰ ਯੌਂ ਅਲਾਯੋ ਹੈ[1] ॥੧੭੮॥

[1]ਹੋਰ ਪ੍ਰਸੰਗ ਇਸ ਤਰ੍ਹਾਂ ਕਿਹਾ ਹੈ।

ਸਾਖੀ ੩

ਮਾਛੀਵਾੜੇ ਗਏ ਜਬਿ ਸ੍ਰੀ ਗੁਰੁ ਬਾਗ ਮਾਂਹਿ,
ਭਾਈ ਮਾਨ ਸਿੰਘ ਤਹਾਂ ਪੀਛੇ ਚਲ ਆਇ ਹੈ।
ਸੁੱਖਾ ਬਹੁ ਪੀਓ ਤਿਨ ਗੁਰੂ ਕੋ ਛਕਾਯੋ ਕਿਛੁ,
ਤਾਂਹੀ ਦਿਸ ਦੇਖਿ ਗੁਰੁ ਕਹ੍ਯੋ ਯੌਂ ਸੁਨਾਇ ਹੈ।
ਜੈਸੀ ਤੇਰੀ ਦਸਤਾਰ ਖੁੱਥੀ ਜੈਸੀ ਆਹਿ ਅਬਿ[1],

[1]ਜਿਸ ਢੰਗ ਦੀ ਤੇਰੀ ਦਸਤਾਰ ਬੰਨ੍ਹੀ ਹੋਈ ਹੈ ਤੇ ਜਿਸ ਤਰ੍ਹਾਂ ਦੀ ਖ਼ੁੱਸੀ ਜਿਹੀ ਹੁਣ ਹੈ।

ਤੈਸੋ ਭੰਗ ਪੀਨਹਾਰ ਪੰਥ ਤੇਰੋ ਥਾਇ ਹੈ[1]।

[1]ਹੋਵੇਗਾ।

ਐਸੇ ਗੁਰੁ ਬਚਨ ਤੈ ਮਾਨ ਸਿੰਘ ਦ੍ਵਾਰਾ ਏਹੁ,
ਚਾਲਿਓ ਨਿਹੰਗ ਪੰਥ ਭਾਈ[1] ਯੌਂ ਦਿਖਾਇ ਹੈ ॥੧੭੯॥

[1]ਭਾਈ ਸੰਤੋਖ ਸਿੰਘ ਨੇ।

ਸਾਖੀ ੪

ਚੌਥੀ ਸਾਖੀ ਸੁਨੋ ਅਬਿ ਜੋ ਨਿਹੰਗ ਕੈਹੈਂ ਸਭਿ,
ਮਾਛੀਵਾੜੇ ਗੁਰੁ ਜਬਿ ਸ਼ਯਾਮ ਚੈਲ[1] ਧਾਰੇ ਹੈਂ।

[1]ਕਾਲੇ ਬਸਤ੍ਰ।

ਢਿੱਲੋਂ ਨਾਮ ਗ੍ਰਾਮ ਭਲ ਮਾਲਵੇ ਮੈਂ ਗਏ ਚਲਿ,
ਤਹਾਂ ਸੋਢੀ ਕੌਲ ਜੀ ਨੈ ਅਰਜ ਗੁਜ਼ਾਰੇ ਹੈਂ।
ਸੁਕਲ ਬਸਨ[1] ਧਰਵਾਏ ਉਤਰਾਏ ਕਾਲੇ,

[1]ਚਿੱਟੇ ਬਸਤਰ।

ਸੋਊ ਫਾਰਿ ਫਾਰਿ[1] ਗੁਰੁ ਆਗ ਮਾਂਹਿ ਜਾਰੇ ਹੈਂ।

[1]ਪਾੜ ਪਾੜ ਕੇ।

ਏਕ ਲੀਰ ਰਖ ਗੁਰੁ ਦੀਨੀ ਮਾਨ ਸਿੰਘ ਜੀ ਕੋ,
ਧਾਰਤ ਨਿਹੰਗ ਤਬਿ ਹੀ ਤੇ ਚੈਲ ਕਾਰੇ ਹੈਂ ॥੧੮੦॥

ਚੌਪਈ:

ਸਾਖੀ ਏਹੁ ਚਾਰ ਹਮ ਜੈਸੇ।
ਸੁਨੀ ਪਿਖੀ ਲਿਖ ਦੀਨੀ ਤੈਸੇ।
ਅਬਿ ਜੈਸੇ ਊਚੇ ਦਸਤਾਰੇ।
ਸਾਜੇ ਤੈਸੇ ਦੈਹੁਂ ਦਿਖਾਰੇ[1] ॥੧੯੧॥

[1]ਜਿਸ ਤਰ੍ਹਾਂ ਉੱਚੇ ਦਸਤਾਰੇ (ਨਿਹੰਗ ਸਿੰਘ) ਸਜਾਉਣ ਲੱਗੇ ਹਨ, ਉਸ ਤਰ੍ਹਾਂ ਹੁਣ ਦਿਖਾ ਭਾਵ ਦੱਸ ਦਿੰਦਾ ਹਾਂ।

ਪਹਿਲੇ ਪੰਥ ਮਿਲਜੋ ਸਭਿ ਰਹਾ।
ਲਰ ਕਰਿ ਤੁਰਕਨ ਕਾ ਬਲ ਦਹਾ[1]।
ਜਬੈ ਰਾਜ ਸਿੰਘਨ ਕਾ ਥੀਆ।
ਗ੍ਰਿਸਤ ਨਿਹੰਗੈਂ ਬਹੁ ਤਬਿ ਕੀਆ ॥੧੯੨॥

[1]ਨਾਸ਼ ਕੀਤਾ।

ਫਿਰਤ ਬਿਹੰਗਮ ਰਹੇ ਜੁ ਟੋਲੇ[1]।
ਲੂਟਿ ਜਰਾਇਤ ਛਕੈਂ ਅਤੋਲੇ[1]।
ਨਿਸ਼ਚੇ ਓਸ ਜ਼ਮਾਨੇ ਮਾਂਹੀਂ।
ਰੀਤਿ ਲੂਟਬੇ ਕੀ ਥੀ ਆਹੀ[1] ॥੧੯੩॥

[1]ਜੱਥੇ।

[1]ਖੇਤੀ ਨੂੰ ਲੁੱਟ ਕੇ (ਅਤੋਲੇ) ਬਹੁਤਾ ਛਕਦੇ ਹਨ।

[1]ਹੈ ਸੀ।

ਸਿੰਘ ਨ੍ਰਿਪ ਭੀ ਸਜ਼ਾ ਨ ਦੇਤੇ।
ਬਲਕੈ ਖੁਦ ਭੀ ਸੋ ਲੁਟ ਲੇਤੇ।
ਰੌਰ ਰਹਿਤ ਤਬਿ ਮੁਲਕ ਮਝਾਰੇ।
ਚੋਰੀ ਡਾਕੇ ਪਰਤ ਅਪਾਰੇ ॥੧੯੪॥
ਨੈਣਾ ਸਿੰਘ ਨਿਹੰਗ ਤਬਿ ਏਕੈਂ।
ਬਿਦਤਜੋ ਜਪੀ ਤਪੀ ਸ-ਬਿਬੇਕੈਂ[1]।
ਲੰਗ੍ਰ ਚਾਲਿਓ ਤਿਸ ਕਾ ਭਾਰੀ।
ਤਿਸ ਸੋਂ ਰਹਿਤ ਨਿਹੰਗ ਅਪਾਰੀ[1] ॥੧੯੫॥

[1]ਵਿਚਾਰ ਦੇ ਸਹਿਤ।

[1]ਬਹੁਤੇ।

ਤਿਨ ਦਸਤਾਰਾ ਊਚ ਸਜਾਯੋ।
ਗੁਰੂ ਗ੍ਰੰਥ ਕਾ ਹੁਕਮ ਸੁਨਾਯੋ।
ਗੁਰ ਪੰਚਮ ਜੋ ਕਹਜੋ ਬਿਸਾਲਾ।
ਮੇਰਾ ਗੁਰੁ ਮਿਲ ਊਚ ਦੁਮਾਲਾ[1]* ॥੧੯੬॥

[1]ਉੱਚਾ ਫਰਹਰੇਦਾਰ ਦਸਤਾਰਾ। *ਗੁਰਬਾਣੀ ਦੀ ਸ਼ੁੱਧ ਤੁਕ ਐਉਂ ਹੈ: "ਮੈ ਗੁਰ ਮਿਲਿ ਉਚ ਦੁਮਾਲੜਾ ॥" (ਪੰਨਾ ੭੪)

ਮਾਨ ਬਚਨ ਗੁਰੁ ਏਹੁ ਨਿਹੰਗੈਂ[1]।
ਸਜੇ ਦਮਾਲੇ ਊਚੇ ਧਿੰਗੈਂ[1]।
ਤਬਿ ਤੈ ਅਧਿਕ ਊਚ ਦਸਤਾਰੇ।
ਸਾਜਨ ਲਗੇ ਨਿਹੰਗ ਉਦਾਰੇ ॥੧੯੭॥

[1]ਨਿਹੰਗ ਸਿੰਘਾਂ ਨੇ।

[1]ਅਣੋਖਾ, ਅਸਚਰਜ।

ਨੈਣਾ ਸਿੰਘੀਏ ਏਹੁ ਦਮਾਲੇ।
ਕਹਲਾਵਤ ਇਸ ਹੇਤ ਬਿਸਾਲੇ।
ਤਬਿ ਤੈ ਚਾਲ ਏਹੁ ਹੈ ਚਾਲੀ।
ਅਬਿ ਸੁਨ ਬਿਦਤੇ ਜੈਸ ਅਕਾਲੀ ॥੧੮੮॥
ਇਤ ਉਤ ਸਿੰਘ ਨਿਹੰਗ ਵਿਚਰਤੇ।
ਹੁਤੇ ਅਕਾਲ ਅਕਾਲ ਉਚਰਤੇ।
ਇਹੁ ਅਵਾਜ਼ ਸੁਨਿ ਜਨ ਸੰਸਾਰੀ।
ਲਗੇ ਅਕਾਲੀ ਕਹਿਨ ਅਪਾਰੀ ॥੧੮੯॥
ਕੂਕ ਮਾਰਨੇ ਤੈ ਜਜੋਂ ਕੂਕੇ।
ਕੇਸ ਫੂਕਨੇ ਤੇ ਸਿਰ-ਫੂਕੇ।
ਨਾਮ ਪਰਗਟੇ ਇਹੁ ਜਗ ਜੈਸੇ।
ਨਾਮ ਅਕਾਲੀ ਥੀਓ ਐਸੇ ॥੧੯੦॥
ਫੂਲਾ ਸਿੰਘ ਨਿਹੰਗ ਬਹਾਦਰ।
ਚੇਲਾ ਨੈਣਾ ਸਿੰਘ ਕਾ ਨਾਦਰ[1]। — [1]ਲੜਾਕਾ।
ਬਿਦਤਜੋ ਜਗਤ ਧਾੜਵੀ ਭਾਰਾ।
ਅੰਗਰੇਜ਼ੀ-ਪਹੀਆ[1] ਉਨ ਮਾਰਾ ॥੧੯੧॥ — [1]ਇਕ ਅੰਗਰੇਜ਼ ਦਾ ਨਾਮ।
ਗਿਰਦ ਮੁਕਤਿ ਸਰ ਮੁਲਕ ਮਝਾਰੇ।
ਜਬਿ ਉਨ ਅਧਕੈਂ ਹਾਥ ਪਸਾਰੇ।
ਸ੍ਰੀ ਰਣਜੀਤ ਮ੍ਰਿਗੇਸ ਬਹਾਦਰ।
ਰਾਖਯੋ ਢਿਗ ਬੁਲਾਇ ਸੋ ਸਾਦਰ ॥੧੯੨॥
ਰਚ ਕਰਿ ਰਜਮਟ ਏਕ ਅਕਾਲੈਂ[1]। — [1]ਅਕਾਲਰਜਮਟ।
ਤਿਸ ਕੇ ਤਾਬੇ[1] ਕਰੀ ਬਿਸਾਲੈਂ। — [1]ਅਧੀਨ, ਮਾਤਹਤ।
ਤਿਸ ਮੈਂ ਥੇ ਤਬਿ ਜਿਤਿਕ ਸਿਪਾਹੀ।
ਨਾਮ ਅਕਾਲੀ ਸਭਿ ਕਾ ਆਹੀ[1] ॥੧੯੩॥ — [1]ਸੀ।
ਸਜਤੇ ਸਭੈ ਊਚ ਦਸਤਾਰੇ।
ਚੱਕਰ ਖੰਡੇ ਕਰਦ ਅਪਾਰੇ।
ਗਜਗਾਹੈ[1] ਸਸਿ[2] ਪੰਜੇ[3] ਤੋੜੇ[11]।

[1]ਗਜਗਾਹ- ਜੋਧੇ ਦੇ ਸਿਰ ਦਾ ਗਹਿਣਾ ਜੋ ਜਿਗ੍ਹਾ ਦੀ ਸ਼ਕਲ ਦਾ ਹੁੰਦਾ ਹੈ। [2]ਅਰਧ ਚੰਦ੍ਰਾਕਾਰ ਇਕ ਸ਼ਸਤ੍ਰ, ਖੋਖਰੀ। [3]ਪਿਛੇ ਕਹੇ ਪੰਜ ਪ੍ਰਕਾਰ ਦੇ ਸ਼ਸਤ੍ਰ। [11]ਤੋੜਾ- ਲੋਹੇ ਦੀਆਂ ਬਰੀਕ ਤਾਰਾਂ ਦੀ ਬੁਣੀ ਹੋਈਰੱਸੀ ਜੋ ਨਿਹੰਗ ਸਿੰਘਾਂ ਦੇ ਦਸਤਾਰੇ ਉੱਪਰ ਸਜੇ ਸ਼ਸਤ੍ਰਾਂ ਨੂੰ ਕੱਸ ਕੇਰਖਣ ਵਾਸਤੇ ਸਿਰ 'ਤੇ ਬੰਨ੍ਹੀ

ਹੁੰਦੀ ਹੈ।

ਧਰਤੇ ਸ਼ਸਤ੍ਰ ਔਰ ਨ ਥੋੜੇ ॥੧੯੪॥
ਇਹੁ ਅਕਾਲ ਰਜਮਟ ਕੀ ਬਰਦੀ।
ਹੁਤੀ ਮੁਕੱਰ੍ਰ ਤਬੈ ਗੁਰੁ ਘਰ ਦੀ।
ਬਸਤਰ ਨੀਲੇ ਰਖਤੇ ਤਬਿ ਭੀ।
ਚਲੀ ਜਾਤ ਰੀਤੀ ਸੋ ਅਬਿ ਭੀ ॥੧੯੫॥
ਲਰਿ ਤੁਰਕਨ ਸੋਂ ਠਾਨ ਤਗੀਦੀ[1]।
ਪਾਈ ਫੂਲਾ ਸਿੰਘ* ਸ਼ਹੀਦੀ।

[1]ਮਜ਼ਬੂਤੀ ਨਾਲ।

*ਬਾਬਾ ਫੂਲਾ ਸਿੰਘ ਜੀ ਤੋਂ ਬਾਅਦ ਨਿਹੰਗਾਂ ਸਿੰਘਾਂ ਦੇ ਬੁੱਢੇ ਦਲ ਦੇ ਜੱਥੇਦਾਰ ਬਾਬਾ ਤੇਜਾ ਸਿੰਘ ਜੀ। ਉਨ੍ਹਾਂ ਤੋਂ ਬਾਅਦ ਬਾਬਾ ਸਾਹਿਬ ਸਿੰਘ ਜੀ, ਉਨ੍ਹਾਂ ਤੋਂ ਬਾਅਦ ਬਾਬਾ ਚੇਤ ਸਿੰਘ ਜੀ ਜੱਥੇਦਾਰ ਹੋਏ, ਬਾਬਾ ਚੇਤ ਸਿੰਘ ਜੀ ਤੋਂ ਬਾਅਦ ਹੁਣ ਬਾਬਾ ਸੰਤਾ ਸਿੰਘ ਜੀ ਬੁੱਢੇ ਦਲ ਦੇ ਜੱਥੇਦਾਰ ਹਨ।

ਟੂਟ ਗਈ ਰਜਮਟ ਫਿਰ ਸੋਊ।
ਬਿਥਰੇ ਸਿੰਘ ਵਹੀ ਮਧ ਲੋਊ[1] ॥੧੯੬॥
ਪੰਥ ਨਿਹੰਗਨ ਸਿੰਘਨ ਕੇਰਾ।
ਭਯੋ ਜੈਸ ਹਮ ਤੈਸੇ ਟੇਰਾ ॥੧੯੭॥

[1]ਲੋਕਾਂ ਵਿੱਚ ਖਿੰਡ ਗਏ।

ਕਬਿੱਤ:

ਪੰਥ ਜਯੋਂ ਨਿਹੰਗਨ ਕਾ ਥੀਓ ਕਹਿ ਦੀਓ ਤੈਸ,
ਬਖਸ਼ੈਂ ਗੁਰੁ ਕੀ ਦਿਖਰਾਈ ਚਾਰ ਭਾਲੀ ਹੈਂ[1]।
ਖਾਨ ਪਹਿਰਾਨ ਬੋਲ ਚਾਲ ਰੀਤਿ ਇਨਹੂੰ ਕੀ,
ਔਰ ਸਭਿ ਸਿੰਘਨ ਔ ਜੱਗ ਤੈ ਨਿਰਾਲੀ ਹੈਂ।
ਗੌਣ ਸਤ ਰਜ ਗੁਣ ਤਮ ਰੈਹੈ ਮੁਖ ਤਾਂ ਮੈਂ,
ਥੋਰ ਬਾਤ ਪੈ ਬਹੋਰ ਲਰਤ ਬਿਸਾਲੀ ਹੈਂ[1]।

[1]ਭਾਲ ਕੇ, ਲੱਭ ਕੇ, ਖੋਜ ਕੇ।

[1]ਤਿਨ੍ਹਾਂ ਵਿੱਚੋਂ ਸਤੋ-ਗੁਣ ਤੇਰਜੋ-ਗੁਣ (ਗਉਣ) ਘੱਟ ਹੈ ਤੇ ਤਮੋ-ਗੁਣ (ਮੁਖ) ਬਹੁਤਾ ਰਹਿੰਦਾ ਹੈ, ਥੋੜ੍ਹੀ ਗੱਲ ਤੇ ਫੇਰ ਬਹੁਤਾ ਲੜ ਪੈਂਦੇ ਹਨ।

ਕਾਹੂੰ ਕੋ ਨ ਲਜਾਵੈਂ ਆਂਖ ਤਰੈ, ਡਰੈਂ ਕਾਹੂੰ ਤੈ ਨ,
ਦੰਗੇ ਤੇ ਨ ਟਰੈਂ, ਰਰੈਂ ਲੋਗ ਯੌਂ ਅਕਾਲੀ ਹੈਂ[1] ॥੧੯੮॥
ਖੈਹੈਂ ਲੋਹ-ਪਾਤ੍ਰ ਮੈਂ ਜ਼ੇਵਰ ਰਖੈ ਹੈਂ ਲੋਹ,
ਰਹਿਤ ਸਰੋਹ ਸਦਾ ਮੋਹ ਸੈਨ ਗਾਲੀ ਹੈ[1]।

[1]ਇਉਂ ਲੋਕ ਅਕਾਲੀ ਕਹਿੰਦੇ ਹਨ।

[1]ਲੋਹੇ ਦੇ ਭਾਂਡੇ ਵਿੱਚ ਖਾਂਦੇ ਹਨ ਲੋਹੇ ਦੇ ਹੀ ਗਹਿਣੇ ਰੱਖਦੇ ਹਨ, ਸਦਾ ਗ਼ੁੱਸੇ ਸਹਿਤ ਰਹਿੰਦੇ ਹਨ, ਮੋਹ ਦੀ ਫ਼ੌਜ ਭਾਵ ਆਸੁਰੀ ਸੰਪਦਾ ਗਾਲ਼ ਦਿੱਤੀ ਹੈ।

ਉਚ ਦਸਤਾਰੇ ਮੰਡੇ[1] ਚੱਕਰ ਖੰਡੇ,
ਰਾਖੈਂ ਗਹਿ ਦੰਡੇ ਔ ਪੁਸ਼ਾਕ ਰੰਗ ਕਾਲੀ ਹੈ।
ਚਾਹਿਤ ਨ ਬਿਸ਼ੇ ਸ੍ਵਾਦ ਰਹਿਤ ਅਜ਼ਾਦ ਸਦਾ,
ਕਰਤ ਬਤਿੰਡੇ ਬਾਦ ਅਧਿਕ ਉਤਾਲੀ ਹੈ[1]।
ਮਰਯਾਦ ਬੇਦ ਨਾਂਹਿ ਜਾਤਿ ਬਰਣ ਭੇਦ ਨਾਂਹਿ[1],
ਮਿਲੇ ਜੋਊ ਬਾਂਟ ਖਾਹਿਂ, ਯਾਂਹੀਂ ਤੈ ਅਕਾਲੀ ਹੈਂ ॥੧੯੯॥

[1]ਸਜਾਏ ਹੋਏ ਹਨ।

[1]ਬਹੁਤ ਕਾਹਲੀ ਨਾਲ (ਬਿਤੰਡਾ) ਚਰਚਾ ਤੇ (ਬਾਦ) ਝਗੜਾ ਕਰਦੇ ਹਨ। (ਬਿਤੰਡਾ- ਇਕ ਪ੍ਰਕਾਰ ਦੀ ਚਰਚਾ, ਆਪਣੇ ਪੱਖ ਨੂੰ ਕਾਇਮ ਕੀਤੇ ਬਿਨਾਂ ਹੀ ਦੂਜੇ ਦੇ ਪੱਖ ਨੂੰ ਤੋੜਨਾ।)

[1]ਵੇਦਾਂ ਦੀ ਮਰਯਾਦਾ ਨਹੀਂਰਖਦੇ, ਜਾਤੀ ਤੇ ਵਰਨ ਦਾ ਭੇਦ ਨਹੀਂ ਮੰਨਦੇ।

ਫੀਮ ਭੰਗ ਪੋਸਤ ਕੇ ਦੋਸਤ ਹੈਂ ਭਾਰੇ ਪਜਾਰੇ,
ਆਲਸ ਨਿਖਾਲਸ ਜਗੀਰ ਭੁਖ ਨੰਗ ਹੈ[1]।
ਬਿਵਹਾਰ ਕਾਰ ਕੰਮ ਕਰਿ ਹੈਂ ਨ ਚੈਹੈਂ ਦੰਮ,
ਰਹਿਤ ਖੁਸਾਲ ਗੰਮ ਧਾਰਤ ਨ ਅੰਗ ਹੈਂ[1]।
ਸਤ-ਸੰਗ ਨਾ ਕਰੈਹੈਂ ਸ਼ਾਸਤ੍ਰ ਨਾ ਸੁਨੈਹੈਂ, ਏਕ
ਬਾਣੀ ਗੁਰੁ ਕੀ ਪਢੈ ਹੈਂ ਸਹਿਤ ਉਮੰਗ ਹੈਂ[1]।
ਘੂਰ ਘੱਪ ਖੈਹੈਂ[1] ਗੁਰੁਦ੍ਵਾਰਜੋਂ ਮੈਂ ਫਿਰੈ ਹੈਂ,
ਲੈਹੈਂ ਦੀਨ ਹ੍ਵੈ ਨ ਮੰਗ[1], ਕੈਹੈਂ ਲੋਗ ਯੌਂ ਨਿਹੰਗ ਹੈਂ ॥੨੦੦॥

[1]ਭੰਗ, ਫ਼ੀਮ ਤੇ ਪੋਸਤ ਦੇ ਬਹੁਤੇ ਪਿਆਰੇ ਦੋਸਤ ਹਨ, ਨਿਰੋਲ ਆਲਸ ਤੇ ਭੁੱਖ ਨੰਗ ਇਨ੍ਹਾਂ ਦੀ ਜਾਗੀਰ ਹੈ।

[1](ਬਿਵਹਾਰ) ਦੁਨੀਆਂ ਦੇ ਕੰਮ ਕਾਰ ਕਰਦੇ ਹਨ ਪਰ (ਦੰਮ) ਰੁਪਏ ਨਹੀਂ ਚਾਹੁੰਦੇ, ਖ਼ੁਸ਼ ਅਨੰਦ ਰਹਿੰਦੇ ਹਨ, (ਅੰਗ) ਹਿਰਦੇ ਵਿੱਚ (ਗ਼ਮ) ਸੋਗ ਨਹੀਂ ਕਰਦੇ।

[1]ਸਤ-ਸੰਗਤ ਨਹੀਂ ਕਰਦੇ, ਨਾ ਸ਼ਾਸਤ੍ਰ ਸੁਣਦੇ ਹਨ, ਉਤਸ਼ਾਹ ਨਾਲ ਇਕ ਗੁਰਾਂ ਦੀ ਬਾਣੀ ਪੜ੍ਹਦੇ ਹਨ।

[1]ਡਰਾ ਧਮਕਾ ਕੇ ਖਾਂਦੇ ਹਨ।

[1]ਗ਼ਰੀਬ ਬਣ ਕੇ ਮੰਗ ਕੇ ਨਹੀਂ ਲੈਂਦੇ।

ਔਰਨ ਕੋ ਭੇਖੀ ਭਾਨੈਂ ਆਪ ਕੋ ਅਲੇਖੀ ਮਾਨੈ,
ਸ਼ਰ੍ਹਾ ਕੇ ਸਿਪਾਹੀ ਰਖਵਾਰੇ ਭਾਰੇ ਚੰਗ ਹੈਂ[1]।
ਮਾਨਤ ਅਕਾਲ ਨਿਜ ਗੁਰੁ ਬਿਨ ਔਰ ਕੋ ਨ,
ਐਪਰ ਪ੍ਰਕ੍ਰਮਾ ਲੇਤ ਉਲਟੀ ਕੁਢੰਗ ਹੈਂ[1]।
ਮੱਛ ਰੱਸ ਰੁੱਦ੍ਰ ਸਮੁੱਦ੍ਰ ਕੇ ਵੇ ਹੈਂ ਅੱਛ,
ਸਹੈਂ ਨ ਤਰਕ ਨਿੰਦ ਲੈਹੈਂ ਅਰਿ ਅੰਗ ਹੈਂ[1]।

[1]ਹੋਰਨਾਂ ਨੂੰ (ਭੇਖੀ) ਪਖੰਡੀ (ਭਾਨੈ) ਕਹਿੰਦੇ ਹਨ, ਆਪਣੇ ਆਪ ਨੂੰ (ਅਲੇਖੀ) ਲੇਖੇ ਤੋਂ ਰਹਿਤ ਭਾਵ ਚੁਰਾਸੀ ਤੋਂ ਬਾਹਰ ਮੰਨਦੇ ਹਨ, (ਸ਼ਰ੍ਹਾ) ਸਿੱਖਰਹਿਤ ਮਰਯਾਦਾ ਦੇ ਬਹੁਤੇ ਚੰਗੇਰਾਖੇ ਸਿਪਾਹੀ ਹਨ।

[1]ਅਕਾਲ ਪੁਰਖ ਤੇ ਆਪਣੇ ਗੁਰੂ ਤੋਂ ਬਿਨਾਂ ਹੋਰ ਕਿਸੇ ਨੂੰ ਨਹੀਂ ਮੰਨਦੇ ਪਰ ਖੋਟੇ ਢੰਗ ਨਾਲ ਪ੍ਰਕਰਮਾ ਉਲਟੀਆਂ ਕਰਦੇ ਹਨ।

[1]ਰੌਦ੍ਰਰਸ (ਉਹ ਗ਼ੁੱਸਾ ਜਿਸ 'ਚ ਹੋਸ਼ ਟਿਕਾਣੇ ਨਾ ਰਹੇ) ਰੂਪ ਸਮੁੰਦਰ ਦੇ ਉਹ ਚੰਗੇ ਮੱਛ ਹਨ, (ਤਰਕ) ਚੋਭਵੀਂ

ਨੁਕਤਾਚੀਨੀ ਤੇ ਨਿੰਦਾ ਨਹੀਂ ਸਹਾਰਦੇ, ਵੈਰੀਆਂ ਦੇ ਅੰਗਾਂ ਨੂੰ (ਕੱਟ) ਲੈਂਦੇ ਹਨ।

ਬਾਂਛਤ ਸਦੀਵ ਜੰਗ ਆਯੁਧ ਤੁਰੰਗ ਭੰਗ,
ਤੇਊ ਤੋ ਅਭੰਗ ਸਿੰਘ ਗੁਰੂ ਕੇ ਨਿਹੰਗ ਹੈਂ[1] ॥੨੦੧॥

[1]ਜੰਗ, ਸ਼ਸਤ੍ਰ, ਘੋੜੇ ਤੇ ਭੰਗ ਹਮੇਸ਼ਾਂ ਚਾਹੁੰਦੇ ਹਨ, ਉਹੋ ਤਾਂ (ਅਭੰਗ) ਇਕ-ਰਸ ਗੁਰੂ ਕੇ ਨਿਹੰਗ ਸਿੰਘ ਹਨ।

ਪਾਲੀ ਹਿੰਦੁ ਹੱਦ ਮੱਦ ਧਰਮ ਕੀ ਬਿਹੱਦ ਜਾਂਹਿ,
ਗਾਲੀ ਜੱਦ ਦੁੱਜਨ ਕੀ ਰੱਦ ਕਰਿ ਡਾਲੀ ਹੈ[1]।

[1]ਜਿਨ੍ਹਾਂ (ਅਕਾਲੀ ਸਿੰਘਾਂ) ਨੇ ਹਿੰਦੁਸਤਾਨ ਦੀ ਹੱਦ ਵਿੱਚ ਹਿੰਦੂ ਧਰਮ ਦੀ (ਬਿਹੱਦ) ਬਹੁਤ ਜ਼ਿਆਦਾ (ਪਾਲੀ) ਪਾਲਣਾ ਕੀਤੀ ਹੈ। (ਦੁੱਜਨ) ਵੈਰੀਆਂ ਦੀ (ਜੱਦ) ਕੁਲ ਗਾਲ਼ ਕੇ ਰੱਦ ਕਰ ਸੁੱਟੀ ਹੈ।

ਜਾਲੀ ਮੋਹ ਜਾਲੀ ਕਾਮ ਕੋਹ ਕੀ ਪ੍ਰਨਾਲੀ ਸਾਲੀ,
ਦੀਨਤਾ ਮਲੀਨਤਾ ਕਮੀਨਤਾ ਨਿਕਾਲੀ ਹੈ[1]।

[1]ਮੋਹ ਦੀ ਜਾਲੀ (ਜਾਲੀ) ਸਾੜ ਦਿੱਤੀ, ਕਾਮ ਕ੍ਰੋਧ ਦੀ (ਪ੍ਰਣਾਲੀ) ਪੀੜ੍ਹੀ ਹੀ (ਸਾਲੀ) ਨਾਸ਼ ਕਰ ਦਿੱਤੀ, (ਹਿੰਦ-ਵਾਸੀਆਂ ਵਿੱਚੋਂ) ਗ਼ਰੀਬੀ, ਅਪਵਿੱਤ੍ਰਤਾ, ਨੀਚਤਾਈ ਕੱਢ ਦਿੱਤੀ ਹੈ।

ਘਾਲੀ ਹੈ ਸੁ ਭਾਰੀ ਘਾਲ ਤੀਨ ਕਾਲ ਗਜਾਨ ਸਿੰਘ,
ਸੀਤ ਵਾਤ ਆਤਪ ਬਿਸਾਲੀ ਝਾਲ ਝਾਲੀ ਹੈ[1]।

[1]ਗਿਆਨ ਸਿੰਘ ਕਹਿੰਦਾ ਹੈ ਕਿ ਤਿੰਨਾਂ ਹੀ ਸਮਿਆਂ (ਭੂਤ, ਭਵਿੱਖਤ, ਵਰਤਮਾਨ) ਵਿੱਚ (ਅਕਾਲੀ ਸਿੰਘਾਂ ਨੇ) ਭਾਰੀ (ਘਾਲ) ਕਮਾਈ (ਘਾਲੀ) ਕੀਤੀ ਹੈ, (ਸੀਤ) ਠੰਡ, (ਵਾਤ) ਹਵਾ (ਆਤਪ) ਧੁੱਪ ਦੀ ਬਹੁਤੀ (ਝਾਲ) ਤੇਜੀ ਝੱਲੀ ਹੈ।

ਟਾਲੀ ਹੈ ਗਲੀਚਤਾ ਅਨੀਚਤਾ ਬਹਾਲੀ ਪਾਸ,
ਦੇਗ ਤੇਗ ਵਾਲੀ ਸਿੰਘ ਗੁਰੂ ਕੇ ਅਕਾਲੀ ਹੈਂ[1] ॥੨੦੨॥

[1](ਗਲੀਚਤਾ) ਅਪਵਿੱਤ੍ਰਤਾ ਟਾਲ ਦਿੱਤੀ ਹੈ (ਅਨੀਚਤਾ) ਉੱਚਤਾ ਕੋਲ ਬਿਠਾ ਦਿੱਤੀ ਹੈ, ਤਲਵਾਰ ਤੇ ਲੰਗਰ ਦੇ ਮਾਲਕ (ਇਹ) ਗੁਰੂ ਦੇ ਅਕਾਲੀ ਸਿੰਘ ਹਨ।

ਮਾਲੀ ਹੈਂ ਸੁਧਰਮ ਕੇ ਸੁਕਰਮ ਕੇ ਸੰਭਾਲੀ ਸਦ,
ਪਾਲੀ ਸ੍ਰਣ ਸ੍ਰਣ ਕੇ ਅਵਰਣ ਕੇ ਨਿਕਾਲੀ ਹੈਂ[1]।

[1]ਚੰਗੇ ਧਰਮ ਨੂੰ ਮਾਲੀ (ਵਾਂਗ ਪਾਲਣ ਵਾਲੇ) ਹਨ, ਚੰਗੇ ਕਰਮਾਂ ਨੂੰ ਹਮੇਸ਼ਾਂ ਸੰਭਾਲਣ ਵਾਲੇ ਹਨ, ਸਰਨ (ਪ੍ਰਣ) ਪਿਆਂ ਦੀ ਪਾਲਣਾ ਕਰਨ ਵਾਲੇ ਹਨ, ਅਗਿਆਨ ਦੇ (ਅਵਰਨ) ਪੜਦੇ ਨੂੰ ਕੱਢਣ ਵਾਲੇ ਭਾਵ ਨਾਸ਼ ਕਰਨ ਵਾਲੇ ਹਨ।

ਨੈਕ ਸੇਵ ਹੀ ਤੈ ਸੀਝੈ ਦੇਵਤਾ ਕਪਾਲੀ ਬੀਜੈਂ,
ਰੀਝੈਂ ਦੇਤ ਭੋਗ ਖੀਜੈ ਮੋਖ ਤਾਤਕਾਲੀ ਹੈਂ[1]।

[1]ਥੋੜ੍ਹੀ ਸੇਵਾ ਤੇ ਹੀ (ਸੀਝੈਂ) ਪ੍ਰਸੰਨ ਹੋ ਜਾਂਦੇ ਹਨ ਮਾਨੋ (ਬੀਜੈਂ) ਦੂਜਾ (ਕਪਾਲੀ) ਸ਼ਿਵ ਦੇਵਤਾ ਹੈ (ਰੀਝੈਂ) ਖ਼ੁਸ਼ ਹੋ ਜਾਣ ਤਾਂ (ਭੋਗ) ਪਦਾਰਥ ਦੇ ਦੇਂਦੇ ਹਨ ਤੇ ਜੇ (ਖੀਜੈਂ) ਗ਼ੁੱਸੇ ਹੋ ਜਾਣ ਤਾਂ ਛੇਤੀ (ਮੋਖ) ਮੁਕਤ ਕਰ ਦੇਂਦੇ ਹਨ ਭਾਵ ਮਾਰ ਦੇਂਦੇ ਹਨ।

ਵਾਲੀ ਓਜ ਮੌਜ ਕੇ ਹੈਂ ਭਾਲੀ ਸੌਜ ਫੌਜ ਕੇ ਹੈਂ,
ਖਜਾਲੀ ਔਜ ਚੌਜ ਕੇ ਹੈਂ ਨੇਕ ਮਗ ਚਾਲੀ ਹੈਂ[1]।

[1](ਓਜ) ਬਲ ਤੇ (ਮੌਜ) ਖ਼ੁਸ਼ੀ ਦੇ (ਵਾਲੀ) ਮਾਲਕ ਹਨ, (ਸੌਜ) ਸਮੱਗ੍ਰੀ ਤੇ ਫੌਜ ਨੂੰ ਭਾਲਣ ਵਾਲੇ ਹਨ, (ਔਜ) ਤਰੱਕੀ ਤੇ (ਚੌਜ) ਕੌਤਕਾਂ ਦੇ ਖ਼ਿਆਲ 'ਚ ਰਹਿੰਦੇ ਹਨ ਤੇ ਚੰਗੇਰਸਤੇ ਚਲਦੇ ਹਨ।

ਬਾਨੀ ਗੁਰੁ ਗ੍ਰੰਥ ਕੇ ਸ੍ਵੈ ਪੰਥ ਕੇ ਪਜਾਰੇ ਭਾਰੇ[1],
ਗਜਾਨ ਸਿੰਘ ਕੇ ਦਾਤਾਰੇ[1] ਸਿੰਘ ਯੇ ਅਕਾਲੀ ਹੈਂ ॥੨੦੩॥

[1]ਬਹੁਤੇ ਪਿਆਰੇ।
[1]ਦਾਤੇ।

ਦੋਹਰਾ:
ਸਿੰਘ ਨਿਹੰਗਨ ਕਾ ਕਹਜੋ,
ਕਾਰਣ[1] ਕ੍ਰਿਆ[2] ਸਰੂਪ[3]।
ਆਗੇ ਕੂਕੇ ਸਿੰਘਨ ਕੀ,
ਕਥਾ ਕਥੋਂ ਅਬਿ ਖੂਪ[1] ॥੨੦੪॥

[1]ਕਿਵੇਂ ਬਣੇ। [2]ਮਰਯਾਦਾ, ਕੰਮ ਕਾਰ। [3]ਸ਼ਕਲੋ ਸੂਰਤ।
[1]ਚੰਗੀ।

ਕੂਕੇ ਸਿੰਘਾਂ ਦੀ ਕਥਾ

ਕਬਿੱਤ:
ਪੰਥ ਖਾਲਸੇ ਮੈਂ ਏਕ ਸ਼ਾਖ[1] ਕੂਕੇ ਸਿੰਘਨ ਕੀ,
ਤੀਸਕ ਬਰਸ ਤੈ ਜੋ ਬਿਦਤੇ ਮਹਾਨ ਹੈਂ।
ਸ਼ਬਦ ਕੀ ਮਸਤੀ ਮੈਂ ਹਾਲ ਤੇ ਬਿਹਾਲ ਹੋਇਂ[1],
ਸਿਰ ਤੈ ਉਤਰ ਜਾਤ ਦਸਤਾਰ ਤਾਨ ਹੈਂ[1]।
ਸਹੀ ਨਾਮ ਨਾਮ-ਧਾਰੀ ਆਹਿ ਤਿਨ ਕਾ ਉਦਾਰੀ,
ਕੂਕ ਮਾਰਨੇ ਤੈ ਕੂਕੇ ਜਗਤ ਬਖਾਨ ਹੈ।
ਏਕ ਦਸਤਾਰ ਕੇ ਉਤਾਰ ਬਿਨੁ ਔਰ ਰੀਤਿ,
ਚਾਹੀਯਤ ਜੈਸੀ ਤੈਸੀ ਤਿਨ ਮੈਂ ਪ੍ਰਧਾਨ ਹੈ ॥੨੦੫॥

[1]ਸੰਪ੍ਰਦਾਇ।
[1]ਬਹੁਤ ਹੀ ਜ਼ਿਆਦਾ ਮਸਤ ਹੋ ਜਾਂਦੇ ਹਨ।
[1]ਤਿਨ੍ਹਾਂ ਦੀ।

ਭਏ ਕੂਕੇ ਜੈਸ ਅਬਿ ਸੁਨ ਲੇਹੁ ਤੈਸ ਸਭਿ,
ਰਾਜ ਸਿੰਘ ਥੈਸ ਜਬਿ ਦੇਸ ਏਸ ਸਾਵਤੈ[1]।
ਅਟਕ ਦਰਜਾਉ ਤਟ[1] ਛੋਈ ਨਾਮ ਗਾਮ ਮਾਂਹਿ,
ਪੋਠੋਹਾਰ ਦੇਸ ਮਾਂਹਿ ਸਮ ਅਮਰਾਵਤੈਂ[1]।
ਸੰਮਤ ਅਠਾਰਾਂ ਸੌ ਛਿਪੰਜਾ ਮੈਂ ਬਾਲਕ ਸਿੰਘ,
ਭਯੋ ਅਵਤਾਰ ਤਹਿਂ ਈਸ਼ ਅੰਸ਼ ਭਾਵਤੈ[1]।

[1]ਏਸ ਦੇਸ਼ ਵਿੱਚ ਸਿੰਘਾਂ ਦਾ ਰਾਜ ਸਾਬਤ ਸੀ।
[1]ਕਿਨਾਰੇ।
[1]ਸੁਰਗ ਪੁਰੀ ਵਰਗੇ।
[1]ਤਿਸ ਈਸ਼ਰ ਅੰਸ਼ ਤੋਂ (ਭਾਵਤੇ) ਚੰਗਾ ਐਸਾ ਅਵਤਾਰ ਹੋਇਆ। (ਅੰਸਾ ਅਵਤਾਰ-ਜਿਸ ਵਿੱਚ ਅਵਤਾਰ ਦਾ ਕੋਈ

ਅੰਸ਼ ਹੋਵੇ।)

ਜਾਤਿ ਕਾ ਅਰੋੜਾ ਭਯੋ ਭਗਤ ਅਮੋੜਾ[1],
ਨਾਮ ਜਪਯੋ ਨ ਥੋੜਾ ਛੋੜਾ ਵਿਸ਼ੇ ਰਸ ਯਾਵਤੈਂ[1] ॥੨੦੬॥

[1]ਪੱਕਾ ਭਗਤ।
[1](ਯਾਵਤੈ) ਸਾਰੇ ਵਿਸ਼ੇਰਸ ਛੱਡੇ ਹੋਏ ਸਨ।

ਨਾਮ ਸਿੰਘ ਬਾਲਕ ਪੈ ਪਾਲਕ ਪਿਗੰਬਰੋਂ ਕੇ,
ਅੰਬਰੋਂ ਕੇ ਮਾਲਕ ਅਡੰਬਰੋਂ ਕੇ ਤਜਾਗੀ ਹੈਂ[1]।

[1]ਨਾਮ ਤਾਂ ਉਨ੍ਹਾਂ ਦਾ ਬਾਲਕ ਸਿੰਘ ਸੀ ਪਰ ਪੈਗ਼ੰਬਰਾਂ ਦੀ ਪਾਲਣਾ ਕਰਨ ਵਾਲੇ ਅਕਾਸ਼ਾਂ ਦੇ ਮਾਲਕ ਦੇ (ਅੰਡਬਰੋਂ) ਦਿਖਾਵੇ ਦੇ ਤਿਆਗੀ ਹਨ।

ਤਾਲਕ ਰਖੈ ਹੈਂ ਏਕ ਖਾਲਕ ਸੈਂ ਸਾਲਕ ਸੋ,
ਗਾਲਕ ਬਿਕਾਰਨ ਕੇ ਚਾਲਕ ਵਿਰਾਗੀ ਹੈਂ[1]।

[1]ਉਹ ਇਕ ਮਾਲਕ (ਵਾਹਿਗੁਰੂ) ਨਾਲ ਤਅੱਲਕ (ਸੰਬੰਧ) ਰਖਦੇ ਹਨ, (ਸਾਲਕ) ਗਿਆਨਵਾਨ ਹਨ, ਵਿਕਾਰਾਂ ਨੂੰ ਗਾ਼ਲਣ ਵਾਲੇ ਤੇ ਵੈਰਾਗ ਵਿੱਚ ਚੱਲਣ ਵਾਲੇ ਹਨ।

ਗੋਇ ਰਾਖੀ ਘਟ ਦੀਪ ਜਿਮ ਨਿਜ ਅਜਮਤ,
ਸਜ-ਮਤ ਭਗਤਿ ਵਿਰਕਤਿ ਅਦਾਗੀ ਹੈਂ[1]।

[1](ਘਟ) ਘੜੇ ਵਿੱਚਰੱਖੇ (ਦੀਪ) ਦੀਵੇ (ਜਿਮ) ਵਾਂਗ ਆਪਣੀ (ਅਜਮਤ) ਕਰਾਮਾਤ (ਗੋਇ) ਲੁਕੋ ਕੇਰੱਖੀ ਹੋਈ ਸੀ, (ਸਜ) ਸ਼ੋਭਾ (ਮਤ) ਵਾਲੇ, ਭਗਤ ਬਿਰਕਤ ਤੇ ਦੋਸ਼ਾਂ ਤੋਂ ਬਿਨਾਂ ਹਨ।

ਕੀਰਤਨ ਕਥਾ ਸਤਸੰਗ, ਜਥਾ ਜੋਗ ਤਥਾ
ਰਾਖਤ ਥਾ, ਭਾਖਤ ਥਾ ਭਜਨ ਸਜਾਗੀ ਹੈ[1] ॥੨੦੭॥

[1]ਜੈਸਾ ਜੋਗ ਸੀ ਤੈਸਾਰਖਦਾ ਸੀ (ਸਜਾਗੀ) ਸਾਵਧਾਨ ਹੋ ਕੇ ਭਜਨ (ਭਾਖਤ) ਉਚਾਰਦਾ ਹੈ।

ਸੰਮਤ ਪਚਾਸੀਏ ਮੈਂ[1] ਹਜਰੋ ਗਰਾਮ ਮਾਂਹਿ,
ਭਾਈ ਤਾਂਹਿ ਕੇ ਦੁਕਾਨ ਆਇ ਤਹਾਂ ਜੌ ਕਈ।
ਯਾਂਹਿ ਹੇਤ ਬਾਲਕ ਮ੍ਰਿਗੇਸ ਭੀ ਬਿਸੇਸ[1] ਤਹਾਂ,
ਆਇ ਕੈ ਨਿਵਾਸ ਕੀਨ ਕ੍ਰਿਤ ਕਰਿ ਕੈ ਖਈ[1]।
ਤਾਂਹਿ ਕੇ ਪ੍ਰਤਾਪ ਕਰਿ ਹਜਰੋ ਅਮਾਪ ਵਰ,
ਭਯੋ ਸਮ ਔਧ ਤਰ ਮੰਦਤਾ ਬਿਲੈ ਗਈ[1]।

[1]ਸੰਮਤ ੧੯੮੫ ਬਿ. ਵਿੱਚ।
[1]ਬਹੁਤਾ।
[1]ਕੰਮ ਕਰ ਕੇ ਖਾਣ ਲੱਗੇ।
[1]ਹਜਰੋ ਪਿੰਡ (ਅਮਾਪ) ਵੱਡੇ ਵਰ ਕਰ ਕੇ ਅਜੁੱਧਿਆ ਵਾਂਗ (ਤਰ) ਵੱਡਾ ਹੋ ਗਿਆ। (ਮੰਦਤਾ) ਬੁਰਾਈ (ਬਿਲੈ ਗਈ) ਨਾਸ਼ ਹੋ ਗਈ।

ਭਏ ਲੋਗ ਬਡ ਭਾਗੀ ਭਗਤੀ ਮੈਂ ਮਤਿ ਪਾਗੀ[1],
ਸੰਤ ਸੰਗ ਮਾਂਹਿ ਜਾਗੀ ਸੰਤ ਸੇਵ ਹੂੰ ਠਈ[1] ॥੨੦੮॥

[1]ਰੰਗੀ ਗਈ।
[1]ਹੋਣ ਲਗ ਪਈ।

ਬਾਲਕ ਮ੍ਰਿਗੇਸ ਤੈ ਵਿਸੇਸ ਉਪਦੇਸ਼ ਨਾਮ,
ਯਦੀ ਨਰ ਨਾਰੀ ਲੈ ਅਪਾਰੀ ਭਵ ਤੈ ਤਰੇ[1]।

[1]ਬਾਲਕ ਸਿੰਘ ਤੋਂ ਬਹੁਤਾ ਨਾਮ ਦਾ ਉਪਦੇਸ਼ ਲੈ ਕੇ (ਯਦੀ)

ਭਾਵੇਂ ਬਹੁਤੇ ਇਸਤ੍ਰੀ ਪੁਰਸ਼ (ਭਵ) ਸੰਸਾਰ (ਸਮੁੰਦਰ) ਤੋਂ ਤਰ ਗਏ।

ਔਰ ਇਲਹਾਮ[1] ਕਰਤਾਰ ਕਈ ਬਾਰ ਦਯੋ,
ਨਾਮ ਦੈ ਉਧਾਰ ਕਰਿ ਜੀਵਨ ਕਾ ਤੂੰ ਖਰੇ[1]।

[1]ਅਕਾਸ਼ ਬਾਣੀ।
[1]ਨਾਮ (ਦਾ ਉਪਦੇਸ਼) ਦੇ ਕੇ ਤੂੰ ਜੀਵਾਂ ਦਾ ਚੰਗੀ ਤਰ੍ਹਾਂ ਉਧਾਰ ਕਰ।

ਐਪੇ ਗੁਰੁ ਦਸਮ ਦਰਸ ਕੈ ਜੋ ਕਹਜੋ ਤਾਂਹਿ,
ਮੇਰੋ ਅਵਤਾਰ-ਅੰਸ[1] ਰਾਮ ਸਿੰਘ ਹ੍ਵੈ ਭਰੇ[2]।

[1]ਮੇਰਾ ਅੰਸਾ ਅਵਤਾਰ (ਜਿਸ ਵਿੱਚ ਅਵਤਾਰ ਦਾ ਕੋਈ ਅੰਸ ਹੋਵੇ)। [2]ਭਲੀ ਪ੍ਰਕਾਰ।

ਯਾਂਹਿ ਹੇਤ ਤਾਂਹਿ, ਨਾਂਹਿ ਔਰ ਕਾਂਹਿ ਮਾਂਹਿ
ਨਿਜ ਸ਼ਕਤਿ ਰਖਾਈ, ਗੁਰੁ ਵਾਕ ਦਿਵ ਥੇ ਧਰੇ[1] ॥੨੦੯॥

[1]ਪੱਕੀ ਤਰ੍ਹਾਂ ਧਾਰੇ ਸਨ।

ਸੋਈ ਨੇਤਿ ਫੁਰੀ ਆਇ ਸੰਮਤ ਬਹੱਤ੍ਰੇ ਮੈਂ,
ਮਾਘ ਸੁਦੀ ਪੰਚਮੀ ਸਵੇਰੇ ਗੁਰੁ ਵਾਰ ਕੈ[1]।

[1]ਉਹੋ ਹੋਣਹਾਰ ਪੂਰੀ ਹੋ ਗਈ, ਸੰਮਤ ੧੮੭੨ ਬਿ. ਵਿੱਚ ਮਾਘ ਸੁਦੀ ਪੰਜਵੀਂ ਵੀਰਵਾਰ ਦਿਨ ਦੇ (ਸਵੇਰੇ) ਅੰਮ੍ਰਿਤ ਵੇਲੇ।

ਜ਼ਿਲੇ ਲੁਦਿਹਾਨੇ ਗਾਮ ਭੈਣੀ ਨਾਮ ਜਾਣੇ ਆਮ[1],
ਅਵਤਰੇ ਸਿੰਘ-ਰਾਮ ਕਲਮਲੈਂ ਟਾਰ ਕੈ[1]।
ਜਾਤਿ ਤਰਖਾਨ ਜੱਸੇ ਨਾਮ ਕੇ ਅਵੱਸੇ ਘਰਿ,
ਸੱਦਾਂ ਮਾਤ ਸੈਂ ਪ੍ਰਕਾਸ਼ੇ ਨਾਮ ਪਰਚਾਰ ਕੈ[1]।

[1]ਸਾਰੇ ਜਾਣਦੇ ਹਨ।
[1]ਪਾਪਾਂ ਨੂੰ ਟਾਲ ਕੇ ਜਨਮ ਲਿਆ।
[1]ਤਰਖਾਣ ਜਾਤੀ ਦੇ ਜੱਸਾ ਸਿੰਘ ਦੇ (ਅਵੱਸੇ) ਉਜੜੇ ਭਾਵ ਬੇ-ਉਲਾਦੇ ਘਰ ਵਿੱਚ ਨਾਮ ਦਾ ਪ੍ਰਚਾਰ ਕਰਨ ਵਾਸਤੇ ਮਾਤਾ ਸਦਾ ਕੌਰ ਤੋਂ (ਪ੍ਰਕਾਸ਼ੇ) ਜਨਮ ਲਿਆ।

ਬਾਲਕ ਹੀ ਪਨ ਮੈਂ ਥੇ ਈਸ਼੍ਵਰ ਕੋ ਮਨ ਮੈਂ ਥੇ
ਧਜਾਵਤੇ ਸਗਨ ਮੈਂ ਥੇ ਜਨੋ ਕੋ ਸੁਧਾਰ ਕੈ[1] ॥੨੧੦॥

[1]ਲੋਕਾਂ ਦੇ ਸੁਧਾਰ ਕਰਨ ਵਾਸਤੇ ਈਸ਼ਰ ਦੇ ਸਰੂਪ ਨੂੰ ਮਨ ਕਰ ਕੇ (ਸਗਨ ਮੈਂ) ਇਕੱਠ ਵਿੱਚ ਧਿਆਉਂਦੇ ਸਨ।

ਬਡੇ ਥਾਇ ਜਾਇ ਕੈ ਲਹੌਰ ਪਲਟਨ ਮਾਂਹਿ,
ਠਾਨ ਲੀਨ ਨੌਕਰੀ ਪਛਾਨ ਕੈ ਸੁਕ੍ਰਿਤ ਹੈ[1]।
ਬਾਨੀ ਗੁਰੁ ਕੀ ਪਢੈ ਹੈਂ ਭਜਨ ਕਰੈ ਹੈਂ,
ਚੈਹੈਂ ਰਹਿਨੋ ਇਕੰਤ ਦੈਹੈਂ ਆਜਜ਼ੈਂ ਕੋ ਬਿੱਤ ਹੈਂ[1]।
ਸੰਮਤ ਅਠਾਰਾਂ ਸੌ ਅਠਾਨਵੇਂ ਮੈਂ, ਪਲਟਨ ਗਈ ਥੀ
ਸੋ ਹਜਰੋ ਮੈਂ, ਰਾਜ ਕਾਜ ਹਿਤ ਹੈ[1]।
ਸੰਤਨ ਕੇ ਮਿਲਬੇ ਕਾ ਸ਼ੌਕ ਥਾ ਮਹਾਨ,

[1]ਚੰਗਾ ਕੰਮ ਜਾਣ ਕੇ ਨੌਕਰੀ ਕਰ ਲਈ।
[1]ਗ਼ਰੀਬਾਂ ਨੂੰ ਧਨ ਦੇਂਦੇ ਹਨ।
[1]ਸਰਕਾਰ ਦੇ ਕਿਸੇ ਕੰਮ ਵਾਸਤੇ।

ਰਾਮ ਸਿੰਘ ਦਰਸਾਤੋ ਯਾਂ ਤੈ ਜਾਇ ਜਿਤ ਕਿਤ ਹੈ ॥੨੧੧॥

ਬਾਲਕ ਮ੍ਰਿਗੇਸ ਕਾ ਬਿਸੇਸ ਜਸ ਸੁਨ ਸੋਊ,
ਕੋਕਿਲ ਬਤਕ ਸੁਤ ਸਮ ਹੁਲਸਾਇ ਕੈ[1]।

[1]ਕੋਇਲ ਤੇ ਬੱਤਕ ਦੇ ਬੱਚੇ ਵਾਂਗ ਉਤਸ਼ਾਹ ਨਾਲ।

ਪੁਰਾ ਪੁੰਨਜ ਪੁੰਜ ਜਾਗਜੋ ਰੰਗਨ ਮੈਂ ਖੂਬ ਰਾਂਗਜੋ,
ਬਡ ਭਾਗੀ ਪ੍ਰੇਮ ਪਾਗਜੋ ਗਹੇ ਪਗ ਜਾਇ ਕੈ[1]।

[1](ਪੁਰਾ) ਪੂਰਬਲੇ ਜਨਮਾਂ ਦੇ (ਪੁੰਜ) ਬਹੁਤੇ ਪੁੰਨ ਜਾਗ ਪਏ, ਨਾਮਰੰਗ ਵਿੱਚ ਚੰਗਾਰੰਗਿਆ ਗਿਆ, ਵੱਡਿਆਂ ਭਾਗਾਂ ਵਾਲਾ ਪ੍ਰੇਮ 'ਚ (ਪਾਗਜੋ) ਲੀਨ ਹੋ ਗਿਆ, ਜਾ ਕੇ ਚਰਨ ਪਕੜ ਲਏ।

ਪੇਖ ਅਧਿਕਾਰੀ ਈਸ਼-ਅੰਸ ਅਵਤਾਰੀ,
ਤਬਿ ਬਾਲਕ ਮ੍ਰਿਗਾਰੀ ਦੀਓ ਨਾਮ ਖੁਦ ਥਾਇ ਕੈ[1]।

[1](ਅਧਿਕਾਰੀ) ਯੋਗ ਤੇ ਈਸ਼ਰ ਦੀ ਅੰਸ ਦਾ ਅਵਤਾਰ ਦੇਖ ਕੇ ਬਾਲਕ ਸਿੰਘ ਨੇ ਅਨੰਦ ਹੋ ਕੇ ਨਾਮ ਦਾ ਉਪਦੇਸ਼ ਦਿੱਤਾ।

ਸਾਰ ਚਾਰ ਬੇਦਨ ਕੋ ਭ੍ਰਮ ਭੇਦ ਛੇਦਨ ਕੋ,
ਦਾਇ ਨਿਰਵੇਦਨ ਕੋ ਦੋਖ ਦੁਖ ਘਾਇ ਕੈ[1] ॥੨੧੨॥

[1]ਚਹੁੰ ਵੇਦਾਂ ਦਾ ਤੱਤ, ਭਰਮ ਤੇ ਭੇਦ ਦੇ ਕੱਟਣ ਨੂੰ, ਵੈਰਾਗ ਦੇ ਦੇਣ ਨੂੰ ਦੋਸ਼ਾਂ ਤੇ ਦੁਖਾਂ ਦੇ ਨਾਸ਼ ਕਰਨ ਵਾਸਤੇ।

ਦੀਓ ਮੰਤ੍ਰਰਾਜ ਸ੍ਰੀ ਵਾਹਿਗੁਰੂ ਕਾਜ ਸਾਜ,
ਜਾਂਹਿ ਸਮ ਔਰ ਨਾ ਦਰਾਜ ਫਲ ਦਾਇਕੈ[1]।

[1]ਮੰਤ੍ਰਾਂ ਦਾ (ਰਾਜ) ਸ਼੍ਰੋਮਣੀ (ਸ੍ਰੀ) ਸੋਭਾ ਵਾਲਾ ਵਾਹਿਗੁਰੂ ਮੰਤ੍ਰ ਸਾਰੇ ਕੰਮਾਂ ਨੂੰ (ਸਾਜ) ਕਰਨ ਵਾਲਾ ਇਸ ਦੇ ਬਰਾਬਰ ਹੋਰ ਕੋਈ (ਦਰਾਜ) ਵੱਡਾ ਫਲ ਦੇਣ ਵਾਲਾ (ਮੰਤ੍ਰ) ਨਹੀਂ ਹੈ।

ਕੋਊ ਜੋ ਕਹਿਤ ਥੇ ਕਲਾਮ ਦੀਨੀ ਸੱਯਦਾਨੀ,
ਸੋਊ ਸਭਿ ਕੂਰ ਹਮ ਪੇਖਜੋ ਅਜਮਾਇ ਕੈ।
ਏਹੀ ਕਲੀ ਕਾਲ ਕੀ ਕਰਾਲਤਾ ਕੁਚਾਲਤਾ ਕੋ,
ਗਾਲਤਾ ਹੈ, ਟਾਲਤਾ ਚੁਰਾਸੀ ਜੋਨਿ ਮਾਇ ਕੈ[1]।

[1]ਏਹੀ (ਵਾਹਿਗੁਰੂ ਮੰਤ੍ਰ) ਕਲਜੁਗ ਦੇ ਸਮੇਂ ਦੀ (ਕਰਾਲਤਾ) ਭਿਆਨਕਤਾ (ਕੁਚਾਲਤਾ) ਖੋਟੀਆਂਰੀਤਾਂ ਨੂੰ ਗਾਲ਼ਦਾ ਤੇ ਚੁਰਾਸੀ ਲੱਖ ਜੂਨਾਂ ਤੇ ਮਾਇਆ ਨੂੰ ਟਾਲਦਾ ਹੈ।

ਏਸ ਹੀ ਭਜਨ ਮਾਂਹਿ ਰਾਮ ਸਿੰਘ ਸ-ਉਛਾਹਿ[1],
ਲਾਈ ਲਿਵ ਅਧਕਾਹਿ ਰਸਨਾ ਹਲਾਇ ਕੈ ॥੨੧੩॥

[1]ਉਤਸ਼ਾਹ ਨਾਲ।

ਕਾਰ-ਬਾਰ ਜਗ ਕੇ ਅਸਾਰ ਲਖਿ ਡਾਰਿ ਸਭਿ,
ਧਾਰ ਸੁ-ਅਚਾਰ ਔ ਵਿਚਾਰ ਵੀਚਰਹਿ ਹੈਂ[1]।

[1](ਅਸਾਰ) ਝੂਠੇ ਜਾਣ ਕੇ (ਡਾਰ) ਛੱਡ ਕੇ, ਚੰਗਾ ਕਰਤੱਵ ਕਰਦੇ ਹਨ ਅਤੇ ਵਿਚਾਰ ਵਿੱਚ ਰਹਿੰਦੇ ਹਨ।

ਮਸਤ ਸ਼ਰਾਬੀ ਜਜੋਂਰਹਾਬੀ ਬ੍ਰਿਤਿ ਏਕ ਰਸ,

ਦਾਬੀ ਦਲਗੀਰੀ ਫਾਬੀ ਖੁਸ਼ੀ ਤੈ ਅਚਹਿ ਹੈ[1]।
[1]ਸ਼ਰਾਬੀ ਵਾਂਗ ਬ੍ਰਿਤੀ ਇਕ-ਰਸ ਮਸਤ ਰਹਿੰਦੀ ਹੈ ਉਦਾਸੀ ਦੱਬੀ ਰਹਿੰਦੀ ਹੈ ਖ਼ੁਸ਼ੀ ਤੇ (ਅਚਹਿ) ਨਿਰ-ਇੱਛਤਾ ਫੱਬੀ ਰਹਿੰਦੀ ਹੈ।

ਰੋਧ ਕਰਿ ਇੰਦ੍ਰੀ ਨਿਰੋਧ ਮਨ ਕੋ ਪ੍ਰਬੋਧ,
ਸੋਧ ਸੁੱਧ ਠੌਰ ਨਦੀ ਸਰ ਤਟ ਬਹਿ ਹੈਂ[1]।
[1]ਇੰਦ੍ਰੀਆਂ ਨੂੰ (ਰੋਧ) ਰੋਕ ਕੇ ਮਨ ਨੂੰ (ਨਿਰੋਧ) ਵਸ ਕਰ ਕੇ ਤੇ (ਪ੍ਰਬੋਧ) ਸਮਝਾ ਕੇ (ਸੋਧ) ਵਿਚਾਰ ਕੇ (ਸੁੱਧ) ਪਵਿੱਤਰ ਥਾਂ ਨਦੀ ਜਾਂ (ਸਰ) ਸਰੋਵਰ ਦੇ ਕਿਨਾਰੇ ਬਹਿੰਦੇ ਹਨ।

ਜੀਹ ਨਾਮ ਜਪ ਮਾਂਹਿ ਤਨ ਤਾਯੋ[1] ਤਪ ਮਾਂਹਿ,
[1]ਤਪਾਇਆ।

ਮਨ ਮਹਿਬੂਬ ਮਾਂਹਿ[1] ਖੂਬ ਰਾਖਯੋ ਗਹਿ ਹੈ[2] ॥੨੧੪॥
[1]ਪਿਆਰੇ (ਪ੍ਰਮੇਸ਼ਰ) ਵਿੱਚ। [2]ਪਕੜ ਕੇ, ਟਿਕਾ ਕੇ।

ਬੀਸਕ ਬਰਸ ਜਬਿ ਸਰਸ[1] ਬਿਤਾਏ ਐਸ,
[1]ਰਸ ਦੇ ਸਹਿਤ।

ਬੰਦਗੀ ਜ਼ੁਹਦ[1] ਜਾਪ ਕੀਨੋ ਮਨ ਲਾਇ ਕੈ।
[1]ਸੰਸਾਰ ਦੇ ਸੁਖ ਅਤੇਰਸਾਂ ਦਾ ਤਿਆਗ।

ਦਾਸੀ ਜੋਊ ਨਾਮ ਕੀ ਪ੍ਰਕਾਸ਼ੀ ਰਿੱਧਿ ਸਿੱਧਿ ਸੋਊ,
ਭਾਸੀ ਬਾਣੀ ਮੈਂ ਤਸੀਰ ਭਜਨ ਪ੍ਰਭਾਇ ਕੈ[1]।
[1]ਉਹ ਰਿੱਧੀਆਂ ਸਿੱਧੀਆਂ ਪ੍ਰਗਟ ਹੋਈਆਂ ਜੋ ਨਾਮ ਦੀਆਂ ਦਾਸੀਆਂ ਹਨ, ਭਜਨ ਦੇ ਪ੍ਰਭਾਵ ਕਰ ਕੇ ਬਾਣੀ ਵਿੱਚ (ਤਸੀਰ) ਅਸਰ (ਭਾਸੀ) ਪ੍ਰਤੀਤ ਹੋਇਆ।

ਭਈ ਤੌਂ ਅਕਾਸ਼ ਬਾਨੀ ਖਾਸ ਯੌਂ ਮਹਾਨੀ ਤਾਂਹਿ,
ਦੇਹੁ ਨਾਮ ਜੀਵਨ ਕੋ ਸੀਖ ਭੋਗ ਦਾਇਕੈ[1]।
[1]ਸਿੱਖਿਆ ਤੇ ਪਦਾਰਥਾਂ ਦੇ ਦੇਣ ਵਾਲਾ।

ਪੰਥ ਗੁਰੁ ਦਸਮ ਕੀ ਰਸਮ[1] ਬਢਾਵੋ ਜਗਿ,
[1]ਰਹੁ-ਰੀਤ, ਮਰਯਾਦਾ।

ਖਸਮ ਕਾ ਖਾਲਸਾ ਹੈ ਖਾਸ ਯੇ ਲਖਾਇ ਕੈ[1] ॥੨੧੫॥
[1]ਆਪ ਇਹ ਜਾਣ ਕੇ ਕਿ (ਖਸਮ) ਮਾਲਕ (ਵਾਹਿਗੁਰੂ ਜੀ) ਦਾ (ਖ਼ਾਸ) ਆਪਣਾ ਖਾਲਸਾ ਹੈ।

ਪਾਇ ਏਹੁ ਹੁਕਮ ਪ੍ਰਮੇਸ ਕਾ ਬਿਸੇਸ[1] ਫਿਰ,
[1]ਖ਼ਾਸ ਹੁਕਮ।

ਰਾਮ ਮਿਰਗੇਸ ਉਪਦੇਸ ਦੈਨ ਲਾਗਿਓ।
ਹੁੱਕੇ ਛੁਡਵਾਏ ਰਖਵਾਏ ਕੇਸ ਮੋਨਜੋਂ ਕੇ,
ਸੁਧਾ[1] ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ।
[1]ਅੰਮ੍ਰਿਤ।

ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਇਓ ਨਾਮ ਰਸ ਪਾਗਿਓ[1]।
[1]ਰੰਗਿਆ ਗਿਆ।

ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ,
ਠੱਗੀ ਤਜਿ ਥੀਏ ਸੰਤ ਸਤਿਜੁਗ ਆ ਗਿਓ[1] ॥੨੧੬॥
[1]ਆ ਗਿਆ।

ਕਰਤੋ ਦੁਕਾਨ ਲੋਹੇ ਕਪੜੇ ਕੀ ਰਾਮ ਸਿੰਘ,

ਤਾਂ ਤੈ ਨਫਾ ਪਾਇ ਜੋਊ ਆਪ ਪੈਨ੍ਹੈ ਖਾਇ ਹੈ।
ਸੰਗਤ ਅਪਾਰ ਆਵੈ ਦ੍ਵਾਰ ਪੈ ਰਹਾਵੈ ਭੀਰ,
ਪੂਜਾ ਜੋ ਚੜ੍ਹਾਵੈ, ਸੋ ਤੋ ਲੰਗਰ ਮੈਂ ਪਾਇ ਹੈ।
ਲੈਹੈ ਜੋਊ ਨਾਮ ਆਇ ਸੋਊ ਤੋ ਮਸਤ ਥਾਇ,
ਦਸਤਾਰ ਡਾਰ ਦਾਇ[1] ਹਾਲ[2] ਚਢ ਜਾਇ ਹੈ। — [1]ਪੱਗ ਸੁੱਟ ਦੇਂਦਾ ਹੈ। [2]ਮਸਤੀ।
ਦੇਤ ਭੇਤ ਨਾਂਹਿ ਕਾਂਹਿ ਕਬੀ ਦੂਸਰੇ ਕੋ ਵਾਹਿ,
ਯਾਹਿ ਤੈ ਕਲਾਮ ਬਹੁ ਲੋਗ ਸੋ ਬਤਾਇ ਹੈਂ ॥੨੧੭॥

ਦੇਸਨ ਮੈਂ ਧੂੰਮ ਮਾਚੀ ਸਾਚੀ[1] ਇਮ ਤਾਂਹਿ ਤਬਿ, — [1]ਸੱਚੀ ਮਸ਼ਹੂਰੀ ਹੋ ਗਈ।
ਆਵੈਂ ਲੋਗ ਸਿੱਖ ਥਾਵੈਂ ਅਜ਼ਮਾਵੈਂ ਤੈਸ ਹੀ।
ਮਾਲਵੇ ਦੁਆਬੇ ਮਾਝੇ ਪੋਠੋਹਾਰ ਤੈ ਅਪਾਰ,
ਥੀਏ ਸਿੱਖ ਬੇਸ਼ੁਮਾਰ ਤੀਨ ਲਾਖ ਐਸ ਹੀ।
ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹਿ ਨਿਆਈਂ,
ਉਨ ਕੀ ਜੁਬਾਨ ਮੈਂ ਤਸੀਰ ਥਾਈ ਵੈਸ ਹੀ[1]। — [1]ਉਹੋ ਜਿਹਾ ਹੀ ਅਸਰ ਹੋ ਗਿਆ।
ਨਰ ਨਾਰਿ ਸ਼ਬਦ ਅਪਾਰ ਪਢੈਂ ਗੁਰੂ ਕੇਰ,
ਢੋਲਕੀ ਬਜਾਇ ਬਾਂਧਿ ਜੋਟੀਆਂ ਅਛੈ ਸਹੀ[1] ॥੨੧੮॥ — [1]ਬਹੁਤ ਹੀ ਚੰਗੀਆਂ।

ਹਮਨ[1] ਕਰੈਹੈਂ ਭੋਗ ਗ੍ਰੰਥ ਜੀ ਕੇ ਪੈਹੈਂ, — [1]ਹਵਨ।
ਬਹੁ ਸੰਗਤੋਂ ਕੇ ਕੱਠ ਥੈਹੈਂ ਰੈਹੈ ਰਚਨਾ ਲਗੀ।
ਇਸ਼ਨਾਨ ਕਰਿ ਹੈਂ ਸਕੇਸ ਵੇਸਰਾਤ ਹੀ ਤੈ[1], — [1]ਸਣੇ ਕੇਸੀਂ ਚੰਗੀ ਤਰ੍ਹਾਂ ਰਾਤ ਭਾਵ ਵੱਡੇ ਅੰਮ੍ਰਿਤ ਵੇਲੇ ਤੋਂ ਹੀ।
ਵਾਹਿਗੁਰੂ ਨਾਮ ਮਾਂਹਿ ਰਾਖੈਂ ਰਸਨਾ ਪਗੀ[1]। — [1]ਲੀਨ ਹੋਈ।
ਰਾਖ ਹੈਂ ਪੁਸ਼ਾਕ ਪਾਕ ਸ਼ੁਕਲ ਊਰਣ ਮਾਲ[1], — [1]ਪਵਿੱਤਰ ਤੇ ਚਿੱਟੀ ਪੁਸ਼ਾਕ ਤੇ ਉੱਨ ਦੀ ਮਾਲਾਰਖਦੇ ਹਨ।
ਕੱਛ ਕੜਾ ਕ੍ਰਦ[1] ਮਰਦ ਨਾਰਿ ਸਭਿ ਜੇਤਗੀ[2]। — [1]ਕਿਰਪਾਨ। [2]ਜਿਤਨੇ ਹਨ।
ਬਿਨਾ ਨਾਮਧਾਰੀ, ਅੰਨ ਜਲ ਰੋਟੀ ਬੇਟੀ ਵਾਰੀ
ਸਾਂਝ, ਰਾਖ ਹੈਂ ਨ ਕਾਹੂੰ ਸੰਗ ਜਗ ਮੈਂ ਸਗੀ[1] ॥੨੧੯॥ — [1]ਆਪਣੀ, ਨਜ਼ਦੀਕ ਦੀ।

ਦੇਵ-ਥਾਨ ਤੀਰਥ ਪੁਰਾਨ ਸਾਧੁ ਬਿੱਪਰੋਂ ਕੋ,
ਮਾਨ ਹੈਂ ਨ ਦਾਨ ਪੁੰਨ ਦੇਤ ਔਰ ਕੋ ਕਬੀ[1]। — [1]ਦੇਵਤਿਆਂ ਦੇ ਅਸਥਾਨ ਤੀਰਥਾਂ ਪੁਰਾਣਾ, ਸਾਧਾਂ ਤੇ ਬ੍ਰਾਹਮਣਾਂ ਨੂੰ ਨਹੀਂ ਮੰਨਦੇ ਅਤੇ ਨਾ ਹੀ ਹੋਰ ਕਿਸੇ ਨੂੰ ਕਦੇ ਦਾਨ ਦੇਂਦੇ ਹਨ।

ਆਪਸ ਮੈਂ ਦੇਤ ਲੇਤ ਹੈਂ, ਸਹੇਤ[1] ਸਾਕ ਨਾਤਾ,
ਰਾਜ ਲੈਨ ਕੇਰੀ ਇੱਛਜਾ ਮਨ ਸਭਿ ਕੇ ਫਬੀ।
ਮਰਣੇ ਔ ਪਰਣੇ ਮੈਂ ਬਿੱਪਰੈਂ ਬੁਲਾਵੈਂ ਨਾਂਹਿ,
ਆਨੰਦ ਪਢਾਵੈਂ ਰੀਤਿ ਗੁਰੁ ਘਰ ਕੀ ਲਭੀ।

[1]ਪਿਆਰ ਨਾਲ।

ਰਾਮ ਸਿੰਘ ਹੀ ਕੋ ਸਤਿਗੁਰੁ* ਅਵਤਾਰ ਪੀਰ ਜਾਨੈ,

*ਕਿਸੇ ਗੁਰਮੁਖਿ ਸਿੱਖ ਨੂੰ ਸਤਿਗੁਰੂ ਕਹਿਣਾ ਜਾਂ ਮੰਨਣਾ ਮਨਮਤਿ ਹੈ। ਬਾਬਾ ਰਾਮ ਸਿੰਘ ਜੀ ਨੇ ਆਪਣੀਆਂ ਚਿੱਠੀਆਂ 'ਚ ਆਪਣੇ ਆਪ ਨੂੰ ਗੁਰੂ ਕਾ ਸਿੱਖ ਲਿਖਿਆ ਹੈ।

ਜੋ ਬਖਾਨੈਂ ਵਹਿ[1] ਸੋਊ ਮਾਨ ਹੈਂ ਸਭੀ ॥੨੨੦॥

[1]ਉਹ ਜੋ ਕਹਿੰਦਾ ਹੈ।

ਹੇਰਿ ਏਹੁ ਚਾਲ ਥੀਏ ਬਿੱਪ੍ਰ ਬਿਸਾਲ ਦੁਖੀ,
ਨਿੰਦਜਾ ਉਚਾਰੈਂ ਹਿੰਦੂ ਤੁਰਕ ਅਪਾਰੇ ਹੈਂ।
ਕਾਰਨ ਦਰਸ ਗੁਰੁਦ੍ਵਾਰਨ ਸਿਧਾਰਨ ਜੌਂ[1],

[1]ਜਦੋਂ ਗੁਰਦੁਆਰਿਆਂ ਦੇ ਦਰਸ਼ਨ ਕਰਨ ਵਾਸਤੇ ਜਾਂਦੇ ਹਨ।

ਸ਼ਬਦ ਉਚਾਰਨ ਡਾਰਨ ਦਸਤਾਰੇ ਹੈਂ[1]।

[1]ਪੱਗਾਂ (ਲਾਹ ਕੇ) ਸੁੱਟ ਦੇਂਦੇ ਹਨ।

ਹੇਰ ਕੇ ਪੁਜਾਰੇ ਭਾਰੇ ਦੁਖੀ ਹ੍ਵੈ ਉਚਾਰੇਂ ਗਾਰੇਂ[1],

[1]ਗਾਲ੍ਹਾਂ।

ਸ਼ਰ੍ਹਾ ਮਨਵਾਹਿੰ, ਵਾਹਿ ਉਨ ਕੀ ਨ ਧਾਰੇ ਹੈਂ[1]।

[1](ਪੁਜਾਰੀ) ਆਪਣੀਰਹੁ-ਰੀਤ ਮਨਵਾਉਂਦੇ ਹਨ ਪਰ ਉਹ ਕੂਕੇ ਉਨ੍ਹਾਂ ਦੀਰਹੁ-ਰੀਤ ਨਹੀਂ ਧਾਰਦੇ। (ਅ) ਕੂਕੇ ਆਪਣੀਰਹੁ-ਰੀਤ ਮਨਵਾਉਂਦੇ ਹਨ, ਉਹ ਪੁਜਾਰੀ ਉਨ੍ਹਾਂ ਦੀਰਹੁ-ਰੀਤ ਨਹੀਂ ਧਾਰਦੇ।

ਯੌਂਹੀ ਰੈਹੈ ਰੌਰਾ ਗੌਰਾ ਕੂਕਜੋਂ ਕਾ ਦੇਸਨ ਮੈਂ,
ਬਾਢੇ ਅਤਿ ਭਾਰੇ[1] ਹਿੰਦੂ ਤ੍ਰਕਨ ਤੈ ਨਿਆਰੇ ਹੈਂ ॥੨੨੧॥

[1]ਬਹੁਤ ਜ਼ਿਆਦਾ ਵੱਧ ਗਏ।

ਰਾਮ ਸਿੰਘ ਜਾਇ ਜਿਤ[1] ਸਿੱਖ ਹ੍ਵੈਂ ਹਜਾਰੋਂ ਤਿਤ[2],

[1]ਜਿੱਥੇ। [2]ਓਥੇ।

ਭੇਟ ਦੈਹੈਂ ਪੀਨ ਧਨ[1] ਦੀਨ ਬੋਲ ਬੈਨ ਹੈਂ[2]।

[1]ਬਹੁਤ ਧਨ ਦੀ। [2]ਨਿੰਮ੍ਰਤਾ ਦੇ ਬਚਨ ਬੋਲਦੇ ਹਨ।

ਦਮਦਮੇ ਸਾਹਿਬ ਮੁਕਤ ਸਰ ਮੇਲਜੋਂ ਪੈ,
ਗਯੋ ਜਬਿ ਥਯੋ ਦਲ ਤਾਂਹਿ ਸੰਗ ਐਨ ਹੈ[1]।

[1]ਚੰਗਾ ਭਾਵ ਵੱਡਾ।

ਹੇਰ ਕੈ ਅਰੂਜ[1] ਤੈ ਨਮੂਜ[2] ਤਬਿ ਤਾਂਹਿ ਬਡ,

[1]ਤਰੱਕੀ, ਪ੍ਰਤਾਪ। [2]ਮਾਨ, ਪ੍ਰਤਿਸ਼ਟਾ, ਮਸ਼ਹੂਰੀ।

ਹਾਕਮ ਪੁਜਾਰੀ ਭਾਰੀ ਥੀਏ ਬਿਨ ਚੈਨ ਹੈਂ।
ਡਿਪਟੀ ਕਮਿਸ਼ਨਰ ਕੋਟਵਾਲ[1] ਠਾਨੇਦਾਰ,

[1]ਕੋਤਵਾਲ, ਸ਼ਹਿਰ ਦੀ ਪੋਲੀਸ ਦਾ ਵੱਡਾ ਅਫ਼ਸਰ।

ਰੈਹੈਂ ਪੇਸ਼ਵਾਈ[1] ਮਾਂਹਿ ਤਾਂਹਿ ਕੇ ਸਸੈਨ[2] ਹੈਂ ॥੨੨੨॥

[1]ਅਗਵਾਨੀ, ਕਿਸੇ ਮਾਨ ਯੋਗ ਨੂੰ ਅੱਗੇ ਵਧ ਕੇ ਲੈਣ ਦੀ ਕ੍ਰਿਆ। [2]ਸਣੇ ਫੌਜ ਦੇ।

ਅਦਬ ਹਿਫਾਜ਼ਤ[1] ਇਨਤਜ਼ਾਮ ਰਾਖੈਂ ਵਾਹਿ[2],

[1]ਸਤਿਕਾਰ ਤੇਰਾਖੀ। [2]ਉਹ ਸਰਕਾਰੀ ਅਫ਼ਸਰ।

ਲੋਗ ਨਿਜ ਨਿਜ ਮਨ ਭਾਏ ਬੋਲਬੋ ਕਰੈਂ।

ਰਾਮ ਸਿੰਘ ਚਾਹਿ ਅਰਦਾਸ ਇਤਫਾਕ ਥਾਇ,
ਬਢ ਹੈ ਪ੍ਰਤਾਪ ਪੰਥ ਰੀਤਿ ਏਸ ਸੋਂ ਭਰੈਂ[1]।

[1]ਰਾਮ ਸਿੰਘ ਆਪਣੇ ਵਲੋਂ ਅਰਦਾਸ ਕਰਵਾਉਣੀ ਚਾਹੁੰਦਾ ਸੀ (ਕਿਉਂਕਿ) ਏਸਰੀਤੀ ਨਾਲ (ਭਰੈਂ) ਭਲੀ ਪ੍ਰਕਾਰ ਪੰਥ ਵਿੱਚ ਇਤਫ਼ਾਕ ਹੋ ਜਾਵੇਗਾ ਤੇ ਪੰਥ ਦਾ ਪ੍ਰਤਾਪ ਵਧੇਗਾ।

ਪਰਸ਼ਾਦ ਭੇਟ ਲੈ ਕੈ ਗਯੋ ਜਬਿ ਗੁਰਦੁਆਰੇ,
ਮਿਲ ਕੈ ਪੁਜਾਰੀਓਂ ਨੈ ਕਹਯੋ ਐਸ ਹੂੰ ਖਰੈਂ[1]।

[1]ਚੰਗੀ ਤਰ੍ਹਾਂ।

ਤਾਲ ਪੱਕਾ ਕਰਵਾਇ ਦੇਹੁ ਤਨਖਾਹਿ ਏਹੁ,
ਦਸਤਾਰ ਉਤਰੈ ਨ ਹਾਲ ਕਿਸੀ ਕੋ ਚਰੈ[1] ॥੨੨੩॥

[1]ਏਹ ਤਨਖ਼ਾਹ ਲਾਉਂਦੇ ਹਾਂ ਕਿ ਸਰੋਵਰ ਪੱਕਾ ਕਰਵਾ ਦਿਉ ਤੇ ਤੁਹਾਡੇ ਕਿਸੇ ਵੀ ਬੰਦੇ ਦੀ ਦਸਤਾਰ ਸਿਰ ਤੋਂ ਨਾ ਉਤਰੇ ਤੇ ਨਾ ਹੀ ਕਿਸੇ ਨੂੰ (ਹਾਲ) ਮਸਤੀ ਚੜ੍ਹੇ।

ਕਹਯੋ ਰਾਮ ਸਿੰਘ ਉਭੈ ਬਾਤ ਨਾਂਹਿ ਥਾਤ ਮੋ ਤੈ,
ਦੈਂਹੁ ਤਨਖਾਹਿ ਕਿਛੁ ਜਥਾ ਜੋਗ ਜੇ ਰਰਯੋ[1]।

[1]ਰਾਮ ਸਿੰਘ ਨੇ ਕਿਹਾ ਕਿ ਇਹ ਦੋਵੇਂ ਗੱਲਾਂ ਮੇਰੇ ਕੋਲੋਂ ਨਹੀਂ ਹੋ ਸਕਦੀਆਂ, ਜੇ ਤੁਸੀਂ (ਰਰਯੋ) ਕਹਿੰਦੇ ਹੋ ਤਾਂ ਜੈਸੀ ਜੋਗ ਸਮਝੋ ਕੁਝ ਤਨਖ਼ਾਹ ਮੈਂ ਦੇ ਦਿਆਂਗਾ।

ਹੁਤੋ ਗੁਰਦੁਆਰੇ ਤੰਬੂ ਸਾਹਿਬ ਕਾ ਜੋ ਮਹੰਤ
ਮੰਗਲ-ਮ੍ਰਿਗੇਸ, ਤਾਂਹਿ ਪ੍ਰਖਬੇ ਕੌ ਯੌਂ ਫਰਯੋ[1]।

[1]ਪਰਖਣ ਦਾ ਇਹ (ਰਾਹ) ਫੜਿਆ।

ਧਾਰ ਹੈ ਨ ਕੂਕਾ ਕੋਊ ਕਬੀ ਨੀਲਰੰਗ ਅੰਗ[1],

[1]ਅੰਗਾਂ ਵਿੱਚ। (ਅ) ਸ਼ਰੀਰ ਉੱਪਰ।

ਨੀਲਾ ਸਿਰੋਪਾਉ ਰਾਮ ਸਿੰਘ ਆਗੇ ਲਜਾ ਧਰਯੋ।
ਯਦੀ ਤਾਂਹਿ ਸੋਊ ਨਿਜ ਸੀਸ ਪਰ ਧਾਰ ਲੀਓ,
ਤੌ ਭੀ ਨਾਂ ਪੁਜਾਰੀਓਂ ਨੈ ਇਤਫਾਕ[1] ਹੈ ਕਰਯੋ ॥੨੨੪॥

[1]ਸੰਮਤੀ, ਏਕਾ।

ਐਸ ਹੀ ਅਨੰਦਪੁਰ ਗਯੋ ਜਬਿ ਰੌਰ ਰਹਯੋ[1],

[1]ਚੰਗਾ ਭਾਵ ਬਹੁਤਾਰੌਲਾਰਹਿਆ।

ਸੰਮਤ ਉਨੀ ਸੌ ਬਾਈ ਤੇਈ ਮਧ ਚੰਗ ਹੈ।
ਦੀਪ ਮਾਲ ਚੌਬੀ ਸਾਲ ਹੂੰ ਕੀ ਪਰ[1] ਸੁਧਾਸਰ,

[1]ਸੰਮਤ ੧੯੨੪ ਬਿ. ਸਾਲ ਦੀ ਦੀਪਮਾਲਾ ਉੱਪਰ।

ਆਯੋ ਹਾਕਮੋਂ ਨੈ ਕੀਨੀ ਖਾਤਰ ਸੁਰੰਗ ਹੈ[1]।

[1]ਚੰਗੇ ਪ੍ਰੇਮ ਨਾਲ ਸੇਵਾ ਕੀਤੀ।

ਉਤਰਯੋ ਬਹਿਰ ਚਾਟੀਪਿੰਡ ਦਰਵਾਜੇ ਹੂੰ ਤੈ,
ਬੀਸਕ ਹਜਾਰ ਕੂਕਾ ਸਿੰਘ ਥਯੋ ਸੰਗਿ ਹੈ।
ਪਰਸ਼ਾਦ ਭੇਟ ਲੈ ਅਪਾਰ ਜਬਿ ਦਰਬਾਰ ਆਯੋ,
ਤੌ ਪੁਜਾਰੀਓਂ ਨੈ ਕੀਨ ਯੌਂ ਕੁਢੰਗ[1] ਹੈ ॥੨੨੫॥

[1]ਖੋਟਾ ਤਰੀਕਾ।

ਕੇਈ ਤੋ ਹਜ਼ਾਰੋਂ ਹੀ ਰੁਪੱਯਾ ਰਿਸ਼ਵਤ[1] ਮਾਂਗੈਂ,

[1]ਵੱਢੀ।

ਕੋਊ ਤਨਖਾਹਿ ਚਾਰ ਪਾਂਚ ਲਾਖ ਮੰਗ ਹੈਂ।

ਹੋਇ ਕੈ ਮਸਤ ਕੋਊ ਕੂਕਾ ਨ ਉਤਾਰੈ ਪਾਗ,
ਸਿੱਖ ਨ ਕਹਾਵੈਂ ਤੇਰੇ, ਧਾਰੈਂ[1] ਨੀਲ ਰੰਗ ਹੈਂ। — [1]ਪਹਿਨਣ।
ਕਹਯੋ ਰਾਮ ਸਿੰਘ ਏਹੁ ਬਾਤ ਸਭਿ ਗੁਰੂ ਵਸ,
ਸ਼ਕਤਿ ਨ ਮੋ ਮੈਂ ਏਤੀ ਫੇਰੋਂ ਮਨ ਢੰਗ[1] ਹੈ। — [1]ਮਨ ਦਾ (ਢੰਗ) ਸੁਭਾਵ ਮੋੜ ਲਵਾਂ।
ਤਨਖਾਹਿ ਆਹਿ ਮੋ ਮੈਂ ਚਤਰ ਬਿਧਾ ਜੇ ਕੋਊ,
ਲੇਹੁ ਦੰਡ ਵਾਹਿ ਕਰਿ ਸਹੀ ਸੋ ਨਿਸੰਗ ਹੈ[1] ॥੨੨੬॥ — [1]ਮੇਰੇ ਵਿੱਚ ਚਾਰ ਤਰ੍ਹਾਂ ਦੀਆਂ ਜੇ ਕਰ ਕੋਈ (ਤਨਖ਼ਾਹਿ) ਕੁਰਹਿਤਾਂ ਹਨ ਤਾਂ (ਵਾਹਿ) ਉਨ੍ਹਾਂ ਨੂੰ ਸਹੀ ਕਰ ਕੇ ਮੈਥੋਂ ਨਿਸੰਗ ਹੋ ਕੇ (ਦੰਡ) ਤਨਖ਼ਾਹ ਲੈ ਲਵੋ।

ਥੀਓ ਤਕਰਾਰ[1] ਇਨ ਬਾਤਨ ਪੈ ਭਾਰਿ[2] ਜਬਿ, — [1]ਝਗੜਾ। [2]ਬਹੁਤਾ।
ਬਢਤੀ ਨਿਹਾਰਿ ਰਾਰ[1] ਰਾਮ ਸਿੰਘ ਜੁ ਤਬੈ। — [1]ਲੜਾਈ।
ਗੁਰੂਦ੍ਵਾਰ ਆਗੇ ਥਿਰਿ ਆਪ ਹੀ ਅਰਦਾਸ ਕਰਿ,
ਦੀਓ ਬ੍ਰਤਵਾਇ ਪਰਸ਼ਾਦ ਸਭਿ ਕੋ ਸਭੈ।
ਗਾਵਤੇ ਸ਼ਬਦ ਪ੍ਰਦੱਖਨਾ ਲੈ[1] ਗਏ ਡੇਰੇ, — [1]ਪ੍ਰਕਰਮਾ ਕਰਕੇ।
ਐਸ ਹੀ ਨ੍ਰਿਮਲਜੋਂ ਕੇ ਸਾਥ ਕੀਨ ਇਨਿ[1] ਹੈ ਅਬੈ। — [1]ਇਨ੍ਹਾਂ ਪੁਜਾਰੀਆਂ ਨੇ।
ਪੰਥ ਦੂਧ ਮਾਂਹਿ ਕਾਂਜੀ ਡਾਰੀ ਹੈ[1] ਪੁਜਾਰੀਓਂ ਨੈ, — [1]ਏਕਤਾ ਰੂਪ ਦੁੱਧ ਵਿੱਚ ਫੁੱਟ ਰੂਪ ਕਾਂਜੀ ਪਾਈ ਹੈ।
ਮੇਲ ਹੋਨ ਦੇਤ ਨ ਸ਼ਰੁਈ ਮੰਦ ਯੇ ਕਬੈ[1] ॥੨੨੭॥ — [1]ਇਹ ਮਾੜੇ ਸ਼ਰੱਈ ਪੁਜਾਰੀ ਕਦੇ ਵੀ ਮੇਲ ਨਹੀਂ ਹੋਣ ਦਿੰਦੇ।
ਯੱਦਪਿ ਪੁਜਾਰੀ ਥੇ ਬਿਰੋਧੀ ਇਨੈ ਕੇਰ ਥਏ,
ਤੌ ਭੀ ਉਭੈ ਪੰਥ ਯੇ ਬਢਾਏ ਗੁਰ ਨੈ ਘਨੇ[1]। — [1]ਭਾਵੇਂ ਪੁਜਾਰੀ ਜੋ ਸਨ ਉਹ ਇਨ੍ਹਾਂ (ਕੂਕਿਆਂ ਤੇ ਨਿਰਮਲਿਆਂ) ਦੇ ਵਿਰੋਧੀ ਹੋਏ ਹੋਏ ਸਨ ਤਾਂ ਵੀ ਇਹ ਦੋਨੋਂ ਪੰਥ ਗੁਰੂ ਨੇ ਬਹੁਤ ਵਧਾਏ।

ਸੁਨੋ ਅਬਿ ਧਰਮ ਕੇ ਹੇਤ ਸਿਰ ਦੈ ਕੈ ਕੂਕੇ,
ਧਰਮੀ ਸ਼ਹੀਦਨ ਮੈਂ ਗਏ ਜਿਮ ਹੈਂ ਗਨੇ[1]। — [1]ਜਿਵੇਂ ਗਿਣੇ ਗਏ ਹਨ।
ਸੰਮਤ ਉਨੀ ਸੌ ਬੀਸ ਤੀਸ ਕੇ ਵਖਤ ਮਧ,
ਠੌਰ ਠੌਰ ਧੇਨੁ-ਬਧ ਹੋਨ ਲਾਗੇ ਥੇ ਘਨੇ[1]। — [1]ਸੰਮਤ ਉੱਨੀ ਸੌ ਵੀਹ ਅਤੇ ਤੀਹ ਦੇ ਦਰਮਿਆਨ ਬਹੁਤੇ ਗਊਆਂ ਦੇ (ਬਧ) ਕਤਲ ਹੋਣ ਲਗ ਪਏ ਸਨ।

ਦੇਖਿ ਦੇਖਿ ਹਿੰਦੂ ਸਭਿ ਹੋਹਿੰ ਦੁਖਜਾਰੇ ਭਾਰੇ,
ਚਾਰਾ[1] ਜੋਰ ਸਰਕਾਰ ਸੰਗ ਕੋਊ ਨਾ ਬਨੇ ॥੨੨੮॥ — [1]ਇਲਾਜ, ਉਪਾਉ, ਵਸ।
ਹਿੰਮਤਿ ਕਮਰ ਬਾਂਧਿ ਨਾਮਧਾਰੀ ਸਿੰਘੋਂ ਤਬਿ,

ਬੁੱਚੜ ਬਿਦਾਰੇ ਹਤਜਾਰੇ ਬਹੁ ਠੌਰ ਪੈ[1]।
[1]ਬਹੁਤ ਥਾਵਾਂ ਵਿੱਚ ਗਊਆਂ ਦੀ ਹੱਤਿਆ ਕਰਨ ਵਾਲੇ ਬੁੱਚੜ ਮਾਰ ਦਿੱਤੇ।

ਸੁਧਾਸਰ ਆਦਿ ਠੌਰ ਔਰ ਹਿੰਦੂ ਨਾਮੀ ਗ੍ਰਾਮੀ[1],
[1]ਪਿੰਡਾਂ ਦੇ ਮਸ਼ਹੂਰ ਹਿੰਦੂ।

ਅੰਗ੍ਰੇਜੋਂ ਗਹਿ ਕੈ ਦੁਖਜਾਰੇ ਕੀਨੇ ਗੌਰ ਪੈ[1]।
[1]ਬਹੁਤ ਜ਼ਿਆਦਾ।

ਦੈਨ ਲਾਗੇ ਫਾਂਸੀ ਜਬਿ ਆਇ ਖੁਦ[1] ਕੂਕੇ ਤਬਿ,
[1]ਆਪ।

ਕਾਤਲ ਸਬੂਤ ਆਪ ਥੀਏ ਸਭਿ ਤੌਰ ਪੈ[1]।
[1]ਸਭ ਤਰ੍ਹਾਂ ਕਰ ਕੇ ਆਪ ਕਾਤਲ ਸਾਬਤ ਹੋ ਗਏ।

ਖੁਸ਼ੀ ਹੋਇ ਦਏ ਸੀਸ ਗਏ ਈਸ ਲੋਕ ਮਾਂਹਿ,
ਕੋਟਲੇ-ਮਲੇਰ ਫੇਰ ਥਯੋ ਸਾਕਾ ਔਰ ਪੈ[1] ॥੨੨੯॥
[1]ਹੋਰ (ਸਾਕਾ) ਕਾਰਾ (ਬੁੱਚੜ ਮਾਰਨ ਦਾ) ਹੋਇਆ।

ਕੂਕੇ ਸਿੰਘ ਸਾਠ ਕੋਂ ਨੈ ਠਾਟ ਕੈ ਮਰਨ ਨਿਜ[1],
[1]ਸੱਠ ਕੁ ਕੂਕਿਆਂ ਨੇ ਆਪਣਾ ਮਰਨਾ ਧਾਰ ਕੇ।

ਮਾਰ ਕੈ ਕਸਾਈਆਂ ਕੋ ਗਾਈਆਂ ਬਚਾਈਆਂ।
ਕੋਟਲੇ ਕੀ ਤੁਰਕਾਨੀ ਤੈ ਪਠਾਨੀ ਫੌਜ ਸਭਿ,
ਸਿੰਘਨ ਸੈਂ ਲਰੀ ਇਨੈ ਮਾਰ ਕੈ ਹਟਾਈਆ।
ਫੌਜ ਪਟਜਾਲੇ ਨੈ ਬਿਸਾਲੇ ਜਾਇ ਦਗੇ ਸੰਗ[1],
[1]ਧੋਖੇ ਨਾਲ।

ਕਸਮੈਂ ਉਠਾਇ ਲਜਾਇ ਦੀਏ ਪਕਰਾਈਆ।
ਉਡੇ ਸੋਉ ਤੋਪੋਂ ਆਗੇ ਅਨੁਰਾਗੇ ਸਬਦੋਂ ਮੈਂ[1],
[1]ਸ਼ਬਦਾਂ ਵਿੱਚ ਪ੍ਰੇਮੀ ਹੋ ਕੇ।

ਖੁਸ਼ੀ ਹੋਇ ਬਡਭਾਗੇ ਧਰਮ ਹਿਤਾਈਆ[1] ॥੨੩੦॥
[1]ਧਰਮ ਵਾਸਤੇ।

ਸਰਦਾਰ ਰਾਜੇ ਤੈ ਮੁਸਾਹਿਬ[1] ਸਾਹਿਬ ਬਡੇ[2],
[1]ਅਹਿਲਕਾਰ। [2]ਵੱਡੇ ਅੰਗ੍ਰੇਜ਼।

ਅਚਰਜ ਥੀਏ ਹੇਰਿ ਕਾਰ ਤਿਨ ਕੇਰ ਪੈ[1]।
[1]ਉਨ੍ਹਾਂ ਦੇ ਕੰਮ ਤਾਈਂ ਦੇਖ ਕੇ।

ਦੋਸ਼-ਹੀਨ ਓਸ ਸਮੇਂ ਰਾਮ ਸਿੰਘ ਕੋ, ਰੰਗੂਨ
ਭੇਜ ਦੀਓ ਅੰਗ੍ਰੇਜ਼ੈਂ ਖੂਬ ਸੋਚ ਫੇਰ ਪੈ[1]।
[1]ਫੇਰ ਚੰਗੀ ਤਰ੍ਹਾਂ ਸੋਚ ਕੇ।

ਔਰ ਹੁਤੇ ਸੂਬੇ ਜੇਈ ਕਹੂੰ ਕਹੂੰ ਭੇਜੇ ਤੇਈ,
ਜੋਰ ਤੋਰ ਦੀਓ ਏਸ ਪੰਥ ਕੋ ਬਧੇਰ ਪੈ[1]।
[1]ਏਸ ਪੰਥ ਦਾ ਬਹੁਤਾ ਜ਼ੋਰ ਤੋੜ ਦਿੱਤਾ।

ਰਾਮ ਸਿੰਘ ਜੂ ਕੀ ਠੌਰ ਬੁੱਧ ਸਿੰਘ* ਭਾਈ ਤਾਂਹਿ,
*ਬਾਬਾ ਬੁੱਧ ਸਿੰਘ ਦਾ ਪ੍ਰਸਿੱਧ ਨਾਉਂ ਬਾਬਾ ਹਰੀ ਸਿੰਘ ਸੀ। ਉਨ੍ਹਾਂ ਤੋਂ ਬਾਅਦ ਬਾਬਾ ਹਰੀ ਸਿੰਘ ਦੇ ਪੁੱਤਰ ਬਾਬਾ ਪ੍ਰਤਾਪ ਸਿੰਘ ਨੇ ਉਨ੍ਹਾਂ ਦੀ ਥਾਂ ਸੰਭਾਲੀ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਪੁੱਤਰ ਬਾਬਾ ਜਗਜੀਤ ਸਿੰਘ ਜੀ ਗੱਦੀ ਤੇ ਬੈਠੇ ਜੋ ਹੁਣ ਹਨ।

ਅਬਿ ਹੈ ਮਹੰਤ ਕੰਤ ਕੂਕਜੋਂ ਕਾ ਹੇਰ ਪੈ[1] ॥੨੩੧॥
[1]ਹੁਣ ਕੂਕਿਆਂ ਦਾ (ਕੰਤ) ਮਾਲਕ ਤੇ ਮਹੰਤ ਦੇਖੀਦਾ ਹੈ।

ਠਟਤ ਭਵਾਨੀ ਕੀ ਉਪਾਸ਼ਨਾ[1] ਪਠਤ ਬਾਨੀ,
[1]ਚੰਡੀ ਦੀ ਉਪਾਸ਼ਨਾ ਕਰਦੇ ਹਨ।

ਵਾਹਿਗੁਰੂ ਵਾਹਿਗੁਰੂ ਰਟਤ ਅਮੂਕੇ ਹੈਂ[1]।

[1](ਅਮੂਕੇ) ਬਹੁਤਾ ਉਚਾਰਦੇ ਹਨ। (ਅ) ਉੱਚੀ ਆਵਾਜ਼ ਨਾਲ ਉਚਾਰਦੇ ਹਨ।

ਸ਼ੁਕਲ ਬਸਨ ਮਾਲਾ ਸੁਧੀ ਦਸਤਾਰ ਦਾਢੀ,
ਕਰਿ ਹੈਂ ਹਮਨ ਪਾਠ ਗ੍ਰੰਥ-ਗੁਰੁ ਜੂ ਕੇ ਹੈਂ[1]।

[1]ਬਸਤ੍ਰ ਤੇ ਮਾਲਾ ਚਿੱਟੀ, ਦਸਤਾਰ ਤੇ ਦਾੜ੍ਹਾ ਸਿੱਧਾਰਖਦੇ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਕਰਦੇ ਹਨ।

ਦਸਮੇਂ ਗੁਰੂ ਕੇ ਸਿੰਘ ਸਾਦਿਕ ਸਹੀ ਹੈਂ[1] ਸਭਿ,

[1]ਠੀਕ ਸਿਦਕ ਵਾਲੇ ਹਨ।

ਲਾਲਸਾ ਲਲਾਮ ਰਾਜ ਲੈਬੇ ਕੀ ਅਚੂਕੇ ਹੈਂ[1]।

[1](ਅਚੂਕੇ) ਸਫ਼ਲਰਾਜ ਲੈਣ ਦੀ (ਲਲਾਮ) ਸੁੰਦਰ ਇੱਛਾ ਹੈ।

ਹੇਰੇ ਜੈਸੇ ਲੱਖਨ ਹੈਂ ਟੇਰੇ[1] ਤੈਸੇ ਗਜਾਨ ਸਿੰਘ,

[1]ਕਹੇ ਹਨ।

ਐਸੇ ਪਰਸਿੱਧ ਹੀ ਅਬਿਧ ਸਿੱਖ ਕੂਕੇ ਹੈਂ[1] ॥੨੩੨॥

[1]ਮਸ਼ਹੂਰ (ਅਬਿਧ) ਭਜਨ ਕਰਨ ਵਾਲੇ ਕੂਕੇ ਸਿੰਘ ਹਨ। (ਅ: ਆਬਿਦ-ਇਬਾਦਤ ਕਰਨ ਵਾਲਾ, ਭਜਨੀਕ।)

ਨਿਰਮਲੇ ਨਿਹੰਗ ਕੂਕੇ ਤੀਨ ਗੁਨ ਮੈਂ ਅਚੂਕੇ[1],

[1]ਇਹ ਤਿੰਨੇ ਹੀ ਪੰਥ ਚੰਗੇ ਗੁਣਾਂ ਕਰ ਕੇ (ਅਚੂਕੇ) ਸਫ਼ਲ ਹਨ।

ਗਾਏ ਭੇਦ ਤਿਨ ਹੂੰ ਕੇ ਸਿੰਘ ਨਾਮਵਾਰੇ ਹੈਂ।
ਔਰ ਜੇ ਬਿਹੰਗਮ ਬਹੀਰੀਏ ਕਹਾਤ,
ਕਾਰਬਾਰ ਸੈਂ ਅਜਾਤ ਮਾਂਗ ਖਾਤ ਜਗ ਸਾਰੇ ਹੈਂ[1]।

[1]ਸੰਸਾਰੀ ਕੰਮਾਂ ਤੋਂ ਆਜ਼ਾਦ ਹਨ ਤੇ ਸਾਰੇ ਜਗਤ ਨੂੰ ਮੰਗ ਕੇ ਖਾਂਦੇ ਹਨ।

ਬਿਦਜਾ ਵਿਰਾਗ ਤੈ ਬਿਬੇਕ ਸਤਿਸੰਗ ਹੀਨ,
ਬਾਨੀ ਗੁਰੁ ਪਠਤ ਪੈ ਸਾਰ[1] ਨਾ ਵਿਚਾਰੇ ਹੈਂ।

[1]ਸਿਧਾਂਤ, ਤੱਤ।

ਧਨ ਧਾਮ ਤੀਆ-ਹੀਨ ਭੰਗ ਪੀਨ ਹੀ ਕੇ ਮੀਨ,
ਚੀਨਿ ਸਿੰਘ ਕੀਨ ਸੋ ਬਹੀਰੀਏ ਉਚਾਰੇ ਹੈਂ[1] ॥੨੩੩॥

[1]ਮੱਛ ਜਾਣ ਕੇ ਉਨ੍ਹਾਂ ਨੂੰ ਵਹੀਰੀਏ ਸਿੰਘ ਉਚਾਰਨਾ ਕਰਦੇ ਹਨ।

ਦੋਹਰਾ:
ਸਿੰਘ ਕੂਕਿਓਂ ਕੀ ਕਹੀ
ਕਥਾ ਜਥਾਰਥ ਸਾਰ[1]।

[1]ਸਾਰੀ ਸੱਚੀ ਕਹੀ ਹੈ।

ਪੰਥ ਉਦਾਸੀ ਕੀ ਕਹੈਂ
ਆਗੈ ਭਲੀ ਪ੍ਰਕਾਰ ॥੨੩੪॥

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਨਿਰਮਲੇ, ਨਿਹੰਗ, ਕੂਕਿਓਂ ਕੀ ਕਥਾ', ਬਰਨਨੰ ਨਾਮ ਅਠਵੰਜਮੋਂ ਬਿਸ੍ਰਾਮ ॥੫੮॥

੫੯. {ਉਦਾਸੀ ਸਿੱਖਾਂ, ਅੱਡਣ-ਸ਼ਾਹੀਆਂ, ਸਤਿ-ਕਰਤਾਰੀਆਂ, ਨਿਰੰਜਨੀਆਂ, ਗੁਲਾਬ ਦਾਸੀਆਂ, ਹੀਰਾ ਦਾਸੀਆਂ, ਗੰਗੂ ਸ਼ਾਹੀਆਂ ਆਦਿ ਭੇਖਾਂ ਦੀ ਕਥਾ}

ਦੋਹਰਾ:

ਪਰੇ ਪਾਤਕੀ ਨਰਕ ਮੈਂ,
ਨਿਕਸਤ ਜਾਂ ਕੇ ਨਾਮ[1]।

[1]ਨਰਕਾਂ ਵਿੱਚ ਪਏ ਪਾਪੀ ਜਿਨ੍ਹਾਂ ਦੇ ਨਾਮ ਲੈਣ ਨਾਲ ਨਰਕਾਂ ਤੋਂ ਨਿਕਲ ਆਉਂਦੇ ਹਨ।

ਰੇ ਮਨ ਤਿਸ ਗੁਰੁ ਆਦਿ ਕੋ,
ਕਯੋਂ ਨ ਭਜਤ ਮਤਿ ਖਾਮ[1] ॥੧॥

[1]ਹੇ ਕੱਚੀ ਮੱਤ ਵਾਲੇ ਮਨ! ਤਿਸ ਪਹਿਲੇ ਗੁਰੂ (ਸ੍ਰੀ ਗੁਰੂ ਨਾਨਕ ਦੇਵ ਜੀ) ਨੂੰ ਕਿਉਂ ਨਹੀਂ ਯਾਦ ਕਰਦਾ।

ਸ੍ਵੈਯਾ:

ਦੇਵ ਅਦੇਵ[1] ਸਭੈ ਜਿਹ ਮਾਨਤ, — [1]ਦੇਵਤੇ ਤੇ ਦੈਂਤ।
ਠਾਨਤ[1] ਧਯਾਨ ਮੁਨੀ ਜਨ ਸਾਰੇ। — [1]ਕਰਦੇ ਹਨ।
ਸੋ ਜਗਦੀਸ ਭਏ ਗੁਰੁ ਨਾਨਕ,
ਯਾ ਜਗ ਮੈਂ ਭਗਤਾ[1] ਅਵਤਾਰੇ। — [1]ਭਗਤੀ ਦੇ ਪ੍ਰਚਾਰ ਲਈ ਅਵਤਾਰ ਧਾਰਿਆ ਹੈ।
ਦੇਸ ਬਿਦੇਸਨ ਮੈਂ ਅਟ ਕੈ[1] — [1]ਫਿਰ ਕੇ।
ਰਟ ਕੈ ਬਹੁ ਬਾਨਿ ਘਨੇ ਜਨ ਤਾਰੇ[1]। — [1]ਬਹੁਤ ਬਾਣੀ (ਰਟ ਕੈ) ਉਚਾਰ ਕੇ ਬਹੁਤੇ ਲੋਕਾਂ ਨੂੰ ਤਾਰਿਆ।
ਏਕ ਸਿਰੀ ਸਸਿ ਔ ਲਖਮੀ ਸਸਿ[1], — [1]ਇਕ ਸ੍ਰੀ ਚੰਦ ਅਤੇ (ਦੂਜਾ) ਲਖਮੀ ਚੰਦ।
ਪੂਤ ਭਏ ਜੁਗ[1] ਤਾਂਹਿ ਉਦਾਰੇ ॥੨॥ — [1]ਦੋ।
ਸ੍ਰੀ ਸਸਿ ਬਾਲਕ ਹੀ ਪਨ ਤੈ,
ਅਵਧੂਤ[1] ਜਤੀ ਜਟ ਜੂਟ ਰਹਾਏ[2]। — [1]ਤਿਆਗੀ। [2]ਜਟਾਵਾਂ ਦਾ ਜੂੜਾ ਬਣਾ ਕੇ ਰਹੇ।
ਲਖਮੀ ਸਸਿ ਕੇ ਸੁਤ ਏਕ ਭਯੋ,
ਜਿਸ ਤੈ ਯਹਿ ਬੇਦੀ ਸਭੈ ਬਿਦਤਾਏ।
ਸਾਧੁ ਉਦਾਸੀ ਸਿਰੀ ਸਸਿ ਤੈ,
ਜਿਸ ਭਾਂਤਿ ਭਏ ਸੁਨ ਲੌਂ ਅਬਿ ਸਾਏ[1]। — [1]ਉਹ (ਪ੍ਰਸੰਗ)।
ਸ੍ਰੀ ਹਰਿਗੋਬਿੰਦ ਜੁ ਗੁਰੁ ਕੇ ਸੁਤ,
ਜੌ ਗੁਰੁਦਿਤਾ ਬਡੇ ਬਿਦਤਾਏ ॥੩॥

ਦੋਹਰਾ:

ਸਿਰੀ ਚੰਦ ਜੀ ਰਹਿਤ ਥੇ,
ਬਾਰਠ ਨਾਮ ਗਰਾਮ।
ਹਰਿਗੁਬਿੰਦ ਗੁਰੁ ਏਕ ਦਿਨ,
ਗਏ ਤਹਾਂ ਸੁਖ ਧਾਮ ॥੪॥

ਚੌਪਈ:

ਵਡ ਸਤ ਹੁਤੋ ਗੁਰਦਿੱਤਾ ਜੋਈ।
ਸੰਗ ਗਯੋ ਥਾ ਗੁਰੁ ਕੇ ਸੋਈ।
ਸਿਰੀ ਚੰਦ ਕੋ ਮਿਲੇ ਜਬੈ ਹੀ।
ਪੇਖਿ ਸਿਰੀ ਸਸਿ ਕਹਯੋ ਤਬੈ ਹੀ ॥੫॥
ਪਾਂਚ ਪੂਤ ਹੈਂ ਤੁਮਰੇ ਧਾਮੂੰ।
ਏਕ ਦੇਹੁ ਹਮ ਕੋ, ਅਭਿਰਾਮੂ।
ਤਬਿ ਗੁਰੁ ਕਹਯੋ ਲੇਹੁ ਜੋ ਭਾਵਤ[1]। — [1]ਜਿਹੜਾ ਚਾਹੁੰਦੇ ਹੋ।
ਪਾਂਚੋ ਆਪ ਕੇਰ ਕਹਿਲਾਵਤ ॥੬॥
ਸਿਰੀ-ਚੰਦ ਹ੍ਵੈ ਖੁਸ਼ੀ ਅਲਾਯੋ[1]। — [1]ਕਿਹਾ।
ਦਿਹੁ ਗੁਰੁ-ਦਿੱਤਾ ਹਮੈਂ ਸੁਹਾਯੋ[1]। — [1]ਸਾਨੂੰ ਚੰਗਾ ਲਗਦਾ ਹੈ।
ਵਲੀ-ਅਹਿਦ[1] ਤੁਮਰਾ ਇਹੁ ਜਯੋਂ ਹੀ। — [1]ਟਿੱਕਾ, ਗੱਦੀ ਦਾ ਮਾਲਕ।
ਹਮਰਾ ਭੀ ਹੂਆ ਇਹੁ ਤਯੋਂ ਹੀ ॥੭॥
ਮੀਰੀ ਪੀਰੀ ਜੁਗ ਤੁਮ ਪਾਹੀ।
ਏਕ ਫਕੀਰੀ ਹਮ ਪੈ ਆਹੀ[1]। — [1]ਹੈ।
ਇਸ ਕੇ ਢਿਗ ਤੀਨੋ ਅਬਿ ਥੈਹੈਂ[1]। — [1]ਹੋਣਗੀਆਂ।
ਧਾਮ ਗੁਰੂ ਕੇ ਇਕਠੀ ਰੈਹੈਂ ॥੮॥

ਦੋਹਰਾ:

ਸਿਰੀ-ਚੰਦ ਆਨੰਦ ਧਰਿ,
ਯਾ ਬਿਧਿ ਬਚਨ ਅਲਾਪ[1]। — [1]ਕਹਿ ਕੇ।
ਸੇਲੀ ਟੋਪੀ ਨਿਜ ਦਈ,
ਗੁਰੁਦਿੱਤੇ ਕੌ ਆਪ ॥੯॥
ਰਤਨਾਕੁਰ ਸਮ[1] ਗੁਰੂ ਸੁਤ, — [1]ਸਮੁੰਦਰ ਵਾਂਗ।
ਆਗੇ ਹੀ ਥਾ ਸਾਰ[1]। — [1]ਸ੍ਰੇਸ਼ਟ।
ਸਿਰੀ ਚੰਦ ਕੀ ਬਖਸ਼ ਯਹਿ,
ਮਿਲੀ ਗੰਗ ਕੀ ਧਾਰ ॥੧੦॥
ਸਨ ਸੋਲਾਂ ਸੈ ਹੁਤੋ ਤਬਿ,
ਏਕਾਸੀ[1] ਭਲ ਭਾਇ। — [1]ਸੰਮਤ ੧੬੮੧ ਬਿ.।
ਗੁਰਜਾਈ ਜੁਗ ਤਰਫ ਕੀ,
ਮਿਲੀ ਗੁਰਦਿੱਤੇ ਤਾਂਇ ॥੧੧॥

ਸਿਰੀ ਚੰਦ ਤੈ ਆਸਿਖਾ[1] — [1]ਅਸ਼ੀਰਵਾਦ, ਅਸੀਸ।
ਗੁਰਤਾ ਰੁਖਸਦ ਪਾਇ[1]। — [1]ਵਿਦਾ ਹੋ ਕੇ।
ਅੰਮ੍ਰਿਤਸਰ ਮੈਂ ਆਇ ਗੁਰ,
ਕਰੇ ਚਰਿਤ[1] ਬਹੁ ਭਾਇ ॥੧੨॥ — [1]ਕੌਤਕ।
ਸ੍ਰੀ ਚੰਦ ਕੋ ਕਹਤ ਥੇ,
ਬਾਬਾ ਜੀ ਜਨ ਆਮ[1]। — [1]ਸਾਰੇ ਲੋਕ।
ਯਾਂਹੀ ਤੈ ਬਾਬਾ ਥਯੋ,
ਗੁਰੁਦਿੱਤੇ ਕੋ ਨਾਮ ॥੧੩॥
ਸੁਨੀ ਸਜਾਨਜੋਂ ਤੈ ਪੁਨਾ,
ਦੁਤੀ ਗਾਥ ਇਕ ਔਰ।
ਬਾਬਾ ਮਿਲ੍ਯੋ ਖਤਾਬ ਜਯੋਂ,
ਗੁਰਦਿੱਤੇ ਕੋ ਗੌਰ[1] ॥੧੪॥ — [1]ਵੱਡਾ।
ਤਾਰਾ-ਚੰਦ ਹਡੂਰੀਆ,
ਪਜਾਰਾ ਥਾ ਗੁਰੁ ਜੋਇ[1]। — [1]ਜਿਹੜਾ ਗੁਰਾਂ ਦਾ ਪਿਆਰਾ ਸੀ।
ਜਹਾਂਗੀਰ ਤੈ ਏਕ ਬਿਰ[1], — [1]ਇਕ ਵਾਰੀ।
ਛੁਡਵਾਯੋ ਗੁਰੁ ਸੋਇ ॥੧੫॥
ਅਰਜ਼ ਕਰਨ ਪਰ ਤਾਂਹਿ ਕੇ,
ਕੀਰਤ ਪੁਰ ਗੁਰੁ ਗਾਮ[1]। — [1]ਪਿੰਡ।
ਹੁਤੋ ਬਸਾਯੋ ਤਹਾਂ ਜਬਿ,
ਗਏ ਗੁਰੂ ਸੁਖ ਧਾਮ ॥੧੬॥

ਸ੍ਵੈਯਾ:

ਤਾਂ ਪੁਰ ਕੇ ਢਿਗ ਜੰਗਲ ਮੈਂ,
ਇਕ ਮੁੱਸਲਮਾਨ ਫਕੀਰ ਰਹਾਈ।
ਨਾਮ ਹੁਤੋ ਤਿਹ ਬੁੱਢਣ ਸ਼ਾਹਿ
ਸਰੀ ਗੁਰੁ ਨਾਨਕ ਕਾ ਅਨੁਯਾਈ[1]। — [1]ਪਿੱਛੇ ਤੁਰਨ ਵਾਲਾ, ਸੇਵਕ।
ਏਕ ਸਮੇਂ ਗੁਰੁ ਨਾਨਕ, ਕੀਨ
ਤਹਾਂ ਚਲਿ ਗੋਸ਼ਟ ਸ੍ਰੇਸ਼ਟ ਭਾਈ[1]। — [1]ਚੰਗੀ ਸ੍ਰੇਸ਼ਟ, ਚਰਚਾ ਕੀਤੀ।
ਬੁੱਢਣ ਸ਼ਾਹਿ ਮੁਰੀਦ ਥਯੋ,
ਦੁਧ ਭੇਟ ਅਜਾ ਕਾ[1] ਦਯੋ ਗੁਰੁ ਤਾਂਈਂ ॥੧੭॥ — [1]ਬੱਕਰੀ ਦਾ।
ਦੂਧ ਇਮਾਨਤ ਰਾਖ ਕਹ੍ਯੋ ਗੁਰੁ,

ਫੇਰ ਲਵੈਂ ਕਬਿ ਹੀ ਹਮ ਆਈ।
ਬੁੱਢਣ-ਸ਼ਾਹਿ ਇਮਾਨਤ ਸੋ ਦੁਧ,
ਰਾਖਯੋ ਭਲੇ ਧਰ ਵੀਚ ਗਡਾਈ[1]। — [1]ਧਰਤੀ 'ਚ ਦੱਬ ਕੇ।
ਬੈਠਿ ਉਡੀਕ ਰਹਯੋ ਗੁਰੁ ਕੋ,
ਤਿਹਂ ਦੋਇ ਸੌ ਸਾਲ ਕੀ ਬੈਸ[1] ਬਿਤਾਈ। — [1]ਉਮਰ।
ਸੋ ਇਕ ਰੋਜ ਗੁਰੂ ਹਰਿਗੋਬਿੰਦ,
ਦੂਧ ਇਮਾਨਤ ਮਾਂਗਯੋ ਜਾਈ ॥ ੧੮ ॥
ਸਾਧੁ ਕਹਯੋ ਗੁਰੁ ਨਾਨਕ ਕਾ ਦੁਧ,
ਆਹਿ ਇਮਾਨਤ ਪਾਸ ਹਮਾਰੇ।
ਰਾਖਾ ਰਹੇ ਹਮ ਬੈਠ ਇਸੀ ਹਿਤ,
ਦੇਹ ਭਈ ਮਮ ਬ੍ਰਿਧਿ ਅਪਾਰੇ।
ਜਦਪਿ ਹੋ ਤੁਮ ਰੂਪ ਵਹੈ,
ਉਨ ਹੀਂ ਕੀ ਜਗ੍ਯਾ ਜਗ ਤੇ ਗੁਰੁ ਭਾਰੇ।
ਜੇ ਤੁਮ ਲੈਨ ਇਮਾਨਤ ਚਾਹਤ,
ਵੈਸ ਹੀ ਰੂਪ ਹ੍ਵੈ ਦੇਹੁ ਦਿਖਾਰੇ[1] ॥ ੧੯ ॥ — [1]ਦਰਸ਼ਨ।

ਕਬਿੱਤ:

ਐਸੇ ਸੁਨ ਬੁੱਢਣ ਤੈ ਗੁਰੁ ਹਰਿਗੋਬਿੰਦ ਜੂ,
ਨੈਨ ਸੈਨ ਸਾਥ[1] ਗੁਰਦਿੱਤੇ ਕੋ ਅਲਾਯੋ ਹੈ। — [1]ਨੇਤ੍ਰਾਂ ਦੇ ਇਸ਼ਾਰੇ ਨਾਲ।
ਜਾਹਿ ਯਾਹਿ ਨਦੀ ਮਾਂਹਿ ਕਰਿ ਇਸ਼ਨਾਨ ਚਾਹਿ[1], — [1]ਉਤਸ਼ਾਹ ਨਾਲ।
ਬਨ ਆਵੋ ਰੂਪ ਗੁਰੁ ਨਾਨਕ ਸੁਹਾਯੋ ਹੈ[1]। — [1]ਸੋਹਣਾ ਰੂਪ।
ਮਾਨ ਕੈ ਬਚਨ ਗੁਰਦਿੱਤਾ ਜਾਇ ਨ੍ਹਾਤ ਭਯੋ[1], — [1]ਇਸ਼ਨਾਨ ਕੀਤਾ।
ਗਾਤ[1] ਗੁਰੁ ਆਦਿ ਸਮ ਬਨਯੋ ਸਭਿ ਭਾਯੋ ਹੈ[2]। — [1]ਸ਼ਰੀਰ। [2]ਚੰਗਾ ਲਗਦਾ ਹੈ।
ਬਨਿ ਗੁਰੁ ਨਾਨਕ ਜੌ ਆਯੋ ਗੁਰੁਦਿੱਤਾ,
ਤਬਿ ਹੇਰਸੈ ਬੁੱਢਣ-ਸ਼ਾਹ ਪਗ ਲਪਟਾਯੋ ਹੈ ॥ ੨੦ ॥
ਸੀਸ ਤਾਜ ਚੌਕਲਾ ਦਲਕ ਕਾ ਝਲਕ ਰਹਯੋ[1], — [1]ਸਿਰ ਤੇ ਮੁਕਟ ਚਹੁੰ ਕਲੀਆਂ ਵਾਲੀ (ਦਲਕ) ਗੋਦੜੀ (ਕਾ) ਦਾ (ਝਲਕ) ਚਮਕ ਰਿਹਾ ਹੈ।
ਸੇਲੀ ਗਲ ਮੇਲੀ[1] ਔ ਸੁਹੇਲੀ[2] ਫੂਲ ਮਾਲ ਹੈ। — [1]ਸੇਲੀ ਗਲ਼ 'ਚ ਪਾਈ ਹੈ। (ਸੇਲੀ-ਕਾਲੀ ਉੱਨ ਜਾਂਰੇਸ਼ਮ ਦੀ ਉਹਰੱਸੀ, ਜਿਸ ਨੂੰ ਫਕੀਰ ਪਗੜੀ ਜਾਂ ਟੋਪੀ ਦੇ ਉੱਪਰ ਦੀ ਬੰਨ੍ਹਦੇ ਹਨ ਜਾਂ ਜਨੇਊ ਦੀ ਤਰ੍ਹਾਂ ਗਲ਼ ਵਿੱਚ ਪਹਿਨਦੇ ਹਨ।) [2]ਸੁਖਦਾਈ।

ਸੋਹਿਤ ਸਮੱਕ੍ਰ ਸਫਾਇ ਸੁਧੀ ਸੇਤ ਸਭਿ[1],	[1](ਸਮੱਸ੍ਰ) ਦਾੜ੍ਹੀ ਸਾਫ਼ ਸਿੱਧੀ ਤੇ ਸਾਰੀ ਚਿੱਟੀ ਸੋਹ ਰਹੀ ਹੈ।
ਪਾਂਉਂ ਲਗ ਪੇਰਣ[1] ਪਹਿਰ ਰਾਖ੍ਯੋ ਲਾਲ ਹੈ।	[1]ਪੈਰਾਂ ਤੱਕ ਚੋਲਾ।
ਆਸਾ ਕਰ ਏਕ[1] ਦੂਤੀ ਮਾਂਹਿ ਕਰਮੰਡਲ, ਔ	[1]ਇਕ ਹੱਥ ਵਿੱਚ ਸੋਟਾ।
ਪਾਦਕਾ ਪਦਮ-ਪਦ ਪਾਵਨ ਬਿਸਾਲ ਹੈਂ[1]।	[1]ਅਤੇ ਬਹੁਤ ਪਵਿੱਤਰ ਚਰਨਾਂ ਕੰਵਲਾਂ ਵਿੱਚ (ਪਾਦਕਾ) ਪਊਏ ਹਨ।
ਐਨ ਰਸ-ਸਾਂਤਿ[1] ਗੁਰੁ ਨਾਨਕ ਸਰੂਪ ਬਨ੍ਯੋ,	[1]ਚੰਗੀ ਸ਼ਾਂਤੀਰਸ।
ਆਯੋ ਗੁਰੁਦਿੱਤਾ ਹਰਿਗੋਬਿੰਦ ਕਾ ਬਾਲ ਹੈ ॥੨੧॥	
ਦੇਖ ਕੈ ਹਰਿਗੁਬਿੰਦ ਗੁਰੁ ਮਸਨਿੰਦ[1] ਛੋਡਿ,	[1]ਗੱਦੀ।
ਕਹ੍ਯੋ ਇਹਾਂ ਬਾਬਾ ਜੀ ! ਬਿਰਾਜੋ ਆਪ ਆਇ ਕੈ।	
ਤਾਂ ਦਿਨ ਤੈ ਯਾਂਹੀ ਹਿਤ ਬਾਬਾ ਨਾਮ ਭਯੋ ਤਾਂਹਿ,	
ਬਾਬਾ ਗੁਰਦਿੱਤਾ ਬੈਠ ਗਯੋ ਮੋਦ ਪਾਇ ਕੈ।	
ਤਾਂਹੀ ਛਿਨ ਧਰਾ ਤੈ ਨਿਕਾਰਿ[1] ਸ਼ਾਹਿ ਬੁੱਢਣ ਨੈ,	[1]ਧਰਤੀ ਚੋਂ ਕੱਢ ਕੇ।
ਦੂਧ ਵਹੀ ਗੁਰੁ ਕੇ ਅਗਾਰੀ ਧਰ੍ਯੋ ਲ੍ਯਾਇ ਕੈ।	
ਦੂਧ ਕਰਿ ਪਾਨ ਕਲ੍ਯਾਨ ਕਰਿ ਸਾਧੁ ਤਾਂਈਂ[1],	[1]ਦੁੱਧ ਪੀ ਕੇ ਬੁੱਢਣ ਸ਼ਾਹ ਸਾਧੂ ਦੀ ਕਲਿਆਣ ਕਰਕੇ।
ਆਏ ਗੁਰੁ ਨਦੀ ਤਟ[1] ਬਾਬੇ ਕੌ ਲਵਾਇ ਕੈ[2] ॥੨੨॥	[1]ਕਿਨਾਰੇ। [2]ਬਾਬਾ ਗੁਰਦਿੱਤਾ ਜੀ ਨੂੰ ਨਾਲ ਲੈ ਕੇ।
ਚੌਪਈ:	
ਗੁਰੁਦਿੱਤੇ ਪ੍ਰਤਿ ਫਿਰ ਗੁਰੁ ਕਹਾ।	
ਤੁਮ ਇਸ਼ਨਾਨ ਕਰੋ ਅਬਿ ਯਹਾਂ।	
ਜਬਿ ਗੁਰਦਿੱਤੇ ਲਾਹਿ ਲਵਾਸੈਂ[1]।	[1]ਪੁਸ਼ਾਕ।
ਮੱਜਨ ਕਰ੍ਯੋ ਨਦੀ ਮਧ ਖਾਸੈਂ[1] ॥੨੩॥	[1]ਨਦੀ ਵਿੱਚ ਆਪ ਇਸ਼ਨਾਨ ਕੀਤਾ।
ਪੂਰਬ ਹੁਤੋ ਰੂਪ ਤਿਹ ਜੈਸੋ।	
ਤਰਣ[1] ਭਯੋ ਤਬਿ ਹੀ ਵਹਿ ਤੈਸੋ।	[1]ਜਵਾਨ।
ਪਿਖਿ ਲੋਗਨ ਅਚਰਜ ਮਨਿ ਮਾਨਾ।	
ਯਾ ਬਿਧਿ ਸਤਿਗੁਰੁ ਫੇਰ ਬਖਾਨਾ ॥੨੪॥	
ਸ੍ਰੀ ਗੁਰੁ ਆਦਿ ਕੇਰ ਯਹਿ ਬਾਨਾ[1]।	[1]ਪੁਸ਼ਾਕਾ।
ਦੇਹੁ ਕਿਸੀ ਕੋ ਪੇਖਿ ਮਹਾਨਾ।	
ਹੁਤੇ ਮਸੰਦ ਚਾਰ ਤਿਸ ਠੌਰੈਂ[1]।	[1]ਜਗ੍ਹਾ।
ਸੇਵਕ ਗੁਰੁਦਿੱਤੇ ਕੇ ਗੌਰੈਂ[1] ॥੨੫॥	[1]ਵੱਡੇ।

ਬਾਬੇ ਗੁਰੁਦਿੱਤੇ ਨੈ ਖਾਸੈਂ[1]। [1]ਆਪ।
ਤਿਨ ਕੋ ਬਖਸ਼ਜੋ ਵਹੈ ਲਵਾਸੈਂ।
ਬਾਲੂ ਨਾਮ ਹੁਤੋ ਇਕ ਜੋਈ।
ਪਹਿਰ ਲਵਾਸ ਹਸਜੋ ਤਬਿ ਸੋਈ ॥੨੬॥
ਸੁਨ ਗੁਰਦਿੱਤੇ ਹੋਇ ਦਯਾਲੂ।
ਨਾਮ ਧਰਜੋ ਤਿਹ ਹਸਨਾ-ਬਾਲੂ।
ਆਲੂ ਨਾਮ ਪਹਿਰ ਮੁਦ ਰਹਾ[1]। [1]ਅਨੰਦ ਵਿੱਚ ਮਸਤ ਰਿਹਾ।
ਨਾਮ ਤਾਂਹਿ ਅਲਮਸਤੈਂ ਕਹਾ ॥੨੭॥
ਜਾਟ ਫੂਲ ਨਾਮੀ ਜਬਿ ਪਹਿਰਾ[1]। [1]ਜਦੋਂ ਪੁਸ਼ਾਕਾ ਪਹਿਨਿਆ।
ਭਯੋ ਫੂਲ-ਸਾਹਿਬ ਸੋ ਗਹਿਰਾ[1]। [1]ਭਾਰਾ, ਵੱਡਾ।
ਗੋਂਦਾ ਨਾਮ ਖੱਤ੍ਰੀ ਔਰੈਂ।
ਗੋਇੰਦ-ਸਾਹਿਬ ਭਯੋ ਸੁ ਗੌਰੈਂ ॥੨੮॥
ਬਾਬੇ ਗੁਰਦਿੱਤੇ ਮੁਦ ਭੀਨੇ[1]। [1]ਅਨੰਦ 'ਚ ਭਿੱਜ ਕੇ।
ਚਾਰੋਂ ਕੋ ਖਤਾਬ[1] ਯਹਿ ਦੀਨੇ। [1]ਪਦਵੀ, ਉਪਾਧੀ।
ਪੁਨ ਚਰਨਾਂਮ੍ਰਿਤ ਦਯੋ ਮਹਾਨੀ।
ਸਤਿਨਾਮੁ ਮੰਤ੍ਰ ਸੁਖ-ਖਾਨੀ ॥੨੯॥
ਟੋਪੀ ਸਿਰ, ਗਲ ਸੇਲੀ ਚੋਲਾ।
ਪਹਿਰਾਯੋ ਸਭਿ ਤਈਂ ਅਮੋਲਾ।
ਨਿਜ ਸ੍ਵਰੂਪ ਕਾ ਗਜਾਨ ਜਨਾਯੋ।
ਜਗ ਮਾਯਾ ਕਾ ਤਜਾਗ ਦਿਢਾਯੋ ॥੩੦॥
ਸ੍ਵਾਸ ਸ੍ਵਾਸ ਵਾਹਿਗੁਰੂ ਮੰਤ੍ਰ।
ਜਪਿ ਪਖੰਡ ਤਜਿ ਫਿਰੋ ਸੁਤੰਤ੍ਰ।
ਇਤਜਾਦਿਕ ਬਹੁ ਦੈ ਉਪਦੇਸ਼ੈਂ।
ਤਪਸੀ ਤਜਾਗੀ ਕਰੇ ਬਿਸੇਸੈਂ ॥੩੧॥
ਇਨ ਚਾਰੋਂ ਨੈ ਔਰ ਅਪਾਰੇ।
ਚੇਲੇ ਪਰ ਚੇਲੇ ਬਿਸਥਾਰੇ[1]। [1]ਚੇਲੇ ਤੋਂ ਅੱਗੇ ਚੇਲੇ ਫੈਲਾਏ।
ਇਨ ਚਾਰੋਂ ਤੈ ਧੂੰਏਂ ਚਾਰੇ[1]। [1]ਉਦਾਸੀਆਂ ਦੇ ਚਾਰ ਧੂੰਏਂ।
ਪਰਗਟ ਹੂਏ ਜਗਤ ਮਝਾਰੇ ॥੩੨॥
ਉਦਾਸੀਨ ਜਗ ਤੈ ਸੋ ਰਹੇ।
ਬਿਦਤੇ ਐਸ ਉਦਾਸੀ ਵਹੇ[1]। [1]ਉਹ।

ਸੋਲਾਂ ਸਏ ਤਿਰਾਂਨਵ ਮਾਹੈਂ[1]।	[1]ਸੰ: ੧੬੯੩ ਬਿ: ਵਿੱਚ।
ਥਈ ਗਾਥ ਇਹੁ ਭੇਖ ਚਲਾ ਹੈ ॥ ੩੩ ॥	
ਬਾਲੂ ਹਸਨੇ ਆਦਿਕ ਚਾਰੈਂ।	
ਤਪ ਜਪ ਕੇ ਵਹਿ ਭਏ ਅਗਾਰੈਂ[1]।	[1]ਘਰ
ਰਿੱਧਿ ਸਿੱਧਿ ਅਜ਼ਮਤ ਕੇ ਧਨੀ[1]।	[1]ਰਿੱਧੀਆਂ, ਸਿਧੀਆਂ ਤੇ ਕਰਾਮਾਤਾਂ ਦੇ ਮਾਲਕ।
ਜਿਨ ਕੀ ਮਹਿਮਾਂ ਜਾਤ ਨ ਗਨੀ ॥ ੩੪ ॥	
ਤਿਨ ਕੀ ਸੰਪ੍ਰਦਾਯ ਕੇ ਸਾਧੂ।	
ਜਪ ਤਪ ਮੈਂ ਬਹੁ ਭਏ ਅਗਾਧੂ[1]।	[1]ਡੂੰਘੇ ਭਾਵ ਸ਼ਕਤੀਵਾਨ।
ਨਿਸ ਦਿਨ ਬਾਨੀ ਗੁਰੁ ਕੀ ਰਟਤੇ[1]।	[1]ਉਚਾਰਦੇ।
ਸਤ ਸੰਤੋਖ ਵੀਚ ਦਿਨ ਕਟਤੇ ॥ ੩੫ ॥	
ਜੇ ਆਸਨ ਪਰ ਬੈਠਜੋਂ ਤਾਂਈਂ।	
ਆਵਤ, ਛਕਤੇ ਸੋ ਬਰਤਾਈ।	
ਗਲ ਮੈਂ ਰੰਗ ਮਜੀਠੀ[1] ਚੋਲਾ।	[1]ਲਾਲਰੰਗ ਦਾ।
ਸਿਰ ਪਰ ਦਲਕੀ ਤਾਜ ਅਮੋਲਾ[1] ॥ ੩੬ ॥	[1]ਸਿਰ ਉੱਪਰ (ਦਲਕੀ) ਗੋਦੜੀ ਦਾ ਅਮੋਲਕ ਮੁਕਟ ਹੈ।
ਗਲ ਮੈਂ ਸੇਲੀ ਔ ਉਨ ਮਾਲਾ[1]।	[1]ਉੱਨ ਦੀ ਮਾਲਾ।
ਝੋਲੀ ਤੂੰਬਾ ਆਸਣ ਕਾਲਾ।	
ਦਾਢੀ ਕੇਸ ਸਾਫ ਸਭਿ ਰਖਤੇ।	
ਭਜਨਾਨੰਦ ਵਿਖੇ ਰਸ ਚਖਤੇ ॥ ੩੭ ॥	
ਚੇਲਾ ਜਿਸ ਕੋ ਜਬੈ ਬਨਾਤੇ।	
ਜਰ ਜੋਰੂ ਧਰ ਤਜਾਗ ਜਨਾਤੇ[1]।	[1]ਧਨ, ਇਸਤ੍ਰੀ ਤੇ ਜ਼ਮੀਨ ਦਾ ਤਿਆਗ ਜਣਾਉਂਦੇ।
ਚਰਨ ਧੋਇ ਜਲ ਮੈਂ ਦੈਂ ਮੀਠਾ[1]।	[1]ਮਿੱਠਾ ਜਲ।
ਪਉੜੀ ਪਾਂਚ ਪੜ੍ਹਤ ਜਪੁ ਈਠਾ[1] ॥ ੩੮ ॥	[1]ਪਿਆਰੇ ਜਪੁਜੀ ਸਾਹਿਬ ਦੀਆਂ।
ਚਰਨ ਸਾਧੁ ਕੇ ਧੋਇ ਧੋਇ ਪੀਉ।	
ਅਰਪ ਸਾਧੁ ਕਉ ਅਪਨਾ ਜੀਉ।	
ਯਾਹਿ ਸੁਖਮਨੀ ਕੀ ਪਢਿ ਪਉਰੀ।	
ਪਗ ਪਾਹੁਲ ਯੌਂ ਦੇਤੇ ਗੌਰੀ ॥ ੩੯ ॥	
ਸਤਿਨਾਮੁ ਉਪਦੇਸ ਦਿਢਾਤੇ।	
ਬਿਨ ਗੁਰੁ ਗ੍ਰੰਥ ਨ ਔਰ ਪੁਜਾਤੇ।	
ਬਿਨ ਪਰਮੇਸ਼੍ਵਰ ਔਰ ਨ ਭਜਤੇ[1]।	[1]ਹੋਰ ਦਾ ਭਜਨ ਨਹੀਂ ਕਰਦੇ।
ਦੇਵੀ ਦੇਵ ਸਿਲਾ[1] ਨਹਿੰ ਜਜਤੇ[2] ॥ ੪੦ ॥	[1]ਪੱਥਰ। [2]ਨਹੀਂ ਪੂਜਦੇ।

ਮਾਸ ਸ਼ਰਾਬ ਤਮਾਕੂ ਭੰਗੈਂ।
ਐਸੀ ਵਸਤੁ ਨ ਛੁਹਿਤੇ ਅੰਗੈਂ ॥੪੧॥

ਦੋਹਰਾ:

ਹੈ ਉਦਾਸੀਯਨ ਕੇਰ ਜੋ,
ਅਬਿਰੀਤੀ ਅਰ ਭੇਸ।
ਹੁਤੋ ਨ ਯਹਿ ਤਬਿ ਤਨਕ ਭੀ[1],
ਏਸ ਪੰਥ ਮੈਂ ਲੇਸ[1] ॥੪੨॥

[1]ਥੋੜ੍ਹਾ ਜਿਹਾ ਵੀ।
[1]ਥੋੜ੍ਹੇ ਤੋਂ ਵੀ ਬਹੁਤ ਥੋੜ੍ਹਾ।

ਚੌਪਈ:

ਬੈਰਾਗੀ ਗੋਸਾਈਯਨ ਕੇਰੀ।
ਹੁਤੀ ਭੇਸ ਯਹਿ ਰੀਤਿ ਵਧੇਰੀ[1]।
ਜਜੋਂ ਉਦਾਸੀਯਨ ਮੈਂ ਇਹ ਆਈ।
ਰੀਤਿ ਸੁਨੋ ਅਬਿ ਸੋ ਮਨ ਲਾਈ ॥੪੩॥
ਸੰਮਤ ਦਸ-ਅਠ ਬੀਸ ਮਝਾਰੀ[1]।
ਪ੍ਰੀਤਮ ਦਾਸ* ਸਾਧੁ ਥਿਯ ਭਾਰੀ।

[1]ਭੇਖਾਂ ਦੀ ਇਹ ਬਹੁਤੀ ਰੀਤੀ (ਹੁਤੀ) ਸੀ।
[1]ਸੰ. ੧੮੨੦ ਬਿ. ਵਿੱਚ।
*ਪ੍ਰੀਤਮ ਦਾਸ-ਇਕ ਮਹਾਤਮਾ ਉਦਾਸੀ ਸਾਧੂ, ਜੋ ਸੰਗਤ ਦਾਸ ਜੀ ਦਾ ਸੰਮਤ ੧੮੨੦ ਵਿੱਚ ਚੇਲਾ ਬਣਿਆ, ਇਸ ਨੂੰ 'ਨਿਰਬਾਣ' ਪਦਵੀ ਅਤੇ ਵਿਭੂਤਿ (ਭਸਮ) ਦਾ ਗੋਲਾ ਮਹਾਤਮਾ ਬਣਖੰਡੀ ਜੀ ਨੇ ਦਿੱਤਾ। ੧੮੩੬ ਸੰਮਤ ਵਿੱਚ ਪੰਚਾਇਤੀ ਅਖਾੜਾ ਕਾਇਮ ਕੀਤਾ। ਸੰਮਤ ੧੮੩੮ ਵਿੱਚ ਰਾਵੀ ਤੋਂ ਨਹਿਰ (ਹੰਸਲੀ) ਲਿਆ ਕੇ ਅੰਮ੍ਰਿਤਸਰ ਸਰੋਵਰ ਵਿੱਚ ਜਲ ਪਾਉਣ ਦੀ ਸੇਵਾ ਪ੍ਰੀਤਮ ਦਾਸ ਤੇ ਸੰਗਤ ਦਾਸ ਜੀ ਨੇ ਕੀਤੀ। ਪ੍ਰੀਤਮ ਦਾਸ ਜੀ ਦਾ ਜਨਮ ਹੁਸ਼ਿਆਰਪੁਰ ਸੰਮਤ ੧੮੦੯ ਵਿੱਚ ਅਤੇ ਦਿਹਾਂਤ ਅੰਮ੍ਰਿਤਸਰ ਵਿਚ ਸੰਮਤ ੧੮੮੮ ਵਿੱਚ ਹੋਇਆ। ਸੰਗਲ ਵਾਲਾ ਅਖਾੜਾ ਇਸ ਸੰਤ ਦਾ ਪ੍ਰਸਿੱਧ ਅਸਥਾਨ ਅੰਮ੍ਰਿਤਸਰ ਵਿੱਚ ਹੈ।

ਸੰਤੋਖ ਦਾਸ ਆਦਿਕ ਬਹੁ ਸਾਧੂ।
ਸਾਥ ਤਾਂਹਿ ਕੇ ਮਿਲੇ ਅਬਾਧੂ[1] ॥੪੪॥
ਪੂਰਬ ਉੱਤਰ ਦੱਖਣ ਕੇਰੇ।
ਤੀਰਥ ਪਰਸਤ[1] ਫਿਰੇ ਵਧੇਰੇ।
ਪਰ ਸੁਧਾ ਸਾਦਾ ਪਿਖਿ ਭੇਸੈਂ।
ਪੂਜੈਂ ਲੋਗ ਨ ਇਨੈਂ ਬਿਸੇਸੈਂ[1] ॥੪੫॥
ਬੈਰਾਗੀ ਗੋਸਾਈਯਨ ਕੇਰੋ।
ਭੇਖ ਪੇਖਿ ਹ੍ਵੈ ਮਾਨ ਘਨੇਰੋ।

[1]ਦੁੱਖ ਤੋਂ ਬਿਨਾਂ, ਨਿਰਬਾਣ।
[1]ਸਪਰਸ਼ ਕਰਦੇ, ਛੁਹੰਦੇ।
[1]ਬਹੁਤੇ।

ਹੈ ਯਹਿ ਬਾਤ ਜਗਤ ਪ੍ਰਸਿੱਧੈਂ[1]। — [1]ਮਸ਼ਹੂਰ।
ਭੇਖ ਪੂਜੀਯਤ ਪੂਜਤ ਨ ਸਿੱਧੈਂ[1] ॥੪੬॥ — [1]ਸਿੱਧ (ਸ਼ਕਤੀ ਵਾਲੇ) ਨੂੰ ਨਹੀਂ ਪੂਜੀਦਾ।
ਪੇਖਿ ਪਰੀਤਮ ਦਾਸ ਰੀਤਿ ਯਹਿ।
ਭੇਖ ਬਦਲਨਾ ਨਿਜ ਨਿਤ ਮਨਿ ਚਹਿ।
ਪਸੁਪਤਿ[1] ਕੇ ਦਰਸਨ ਹਿਤ ਜਬੈ। — [1]ਸ਼ਿਵ-ਮੰਦਰ।
ਦਿਸ ਨੈਪਾਲ ਚਲੇ ਮਿਲਿ ਸਭੈ ॥੪੭॥
*ਬਣਖੰਡੀ ਇਕ ਸਾਧੁ ਉਦਾਸੀ।

*ਬਨੇਸਰ ਨਿਵਾਸੀ ਗੌੜ ਬ੍ਰਾਹਮਣ ਰਾਮ ਚੰਦ੍ਰ ਦੇ ਘਰ ਮਾਤਾ ਮਨੋਰਮਾ ਦੇ ਉਦਰ ਤੋਂ ਭਾਲ ਚੰਦ ਨਾਮ ਦੇ ਪੁੱਤਰ ਦਾ ਸੰਮਤ ੧੮੨੦ ਬਿ: ਵਿੱਚ ਜਨਮ ਹੋਇਆ। ਦਸ ਸਾਲ ਦੀ ਉਮਰ ਵਿੱਚ ਇਹ ਉਤਮ ਬਾਲਕ ਉਦਾਸੀਨ ਸਾਧੂ ਮੇਲਾ ਰਾਮ ਜੀ ਦਾ ਚੇਲਾ ਬਣਿਆਂ ਅਤੇ ਨਾਮ ਬਣਖੰਡੀ ਰਖਾਇਆ। ਸਿੱਖ ਧਰਮ ਦਾ ਦੇਸ਼ ਦੇਸ਼ਾਂਤਰਾਂ 'ਚ ਫਿਰ ਕੇ ਬਹੁਤ ਪ੍ਰਚਾਰ ਕਰਦਾ ਰਿਹਾ। ਸੰ. ੧੮੮੦ ਬਿ: ਵਿੱਚ ਸਿੰਧ ਦਰਿਆ ਦੇ ਵਿਚਾਲੇ ਸੱਖਰ ਕੋਲ ਸਾਧੂ ਬੇਲਾ ਅਸਥਾਨ ਤੇ ਆਸਣ ਲਗਾਇਆ ਅਤੇ ਗੁਰਮਤਿ ਦਾ ਬਹੁਤ ਪ੍ਰਚਾਰ ਕੀਤਾ। ਇਸ ਦਾ ਦੇਹਾਂਤ ਸੰ. ੧੯੨੦ ਬਿ: ਵਿੱਚ ਹੋਇਆ। ਬਣਖੰਡੀ ਜੀ ਭਾਈ ਮੀਹਾਂ ਸਾਹਿਬ ਜੀ ਦੀ ਸੰਪ੍ਰਦਾਯ ਵਿੱਚੋਂ ਸਨ।

ਰਹਿਤ ਹੁਤੋ ਮਗ ਮੈਂ ਸੁਖਰਾਸੀ[1]। — [1]ਸੁਖਾਂ ਦੀ ਹੱਦਰਸਤੇ ਵਿੱਚਰਹਿੰਦਾ ਸੀ।
ਜਪੀ ਤਪੀ ਅਜ਼ਮਤ ਕਾ ਸਾਂਈਂ[1]। — [1]ਕਰਾਮਾਤ ਦਾ ਮਾਲਕ।
ਪਹੁੰਚੇ ਜਬਿ ਯਹਿ ਤਿਸ ਢਿਗ ਜਾਈ ॥੪੮॥
ਪੇਖਿ ਭੇਖ ਅਪਨੇ ਕੇ ਸਾਧੂ।
ਮੋਦ ਭਏ ਮਿਲਿ ਉਭੈ ਅਗਾਧੂ[1]। — [1]ਦੋਵੇਂ ਬਹੁਤ ਗੰਭੀਰ ਸਾਧੂ ਮਿਲ ਕੇ ਅਨੰਦ ਹੋਏ।
ਕਰੀ ਪਰਸਪਰ[1] ਚਰਚਾ ਘਨੀ। — [1]ਆਪਸ ਵਿੱਚ।
ਪਰਮਾਰਥ ਬਿਵਹਾਰਕ ਸਨੀ[1] ॥੪੯॥ — [1]ਪ੍ਰਮੇਸ਼ਰ ਸੰਬੰਧੀ ਅਤੇ ਦੁਨਿਆਵੀ ਕੰਮਾਂ ਨਾਲ ਮਿਲੀ ਹੋਈ।
ਬਣਖੰਡੀ ਢਿਗ ਪ੍ਰੀਤਮ ਦਾਸੈਂ।
ਭਾਖੀ ਮਨਸਾ ਪੁਨ ਨਿਜ ਖਾਸੈਂ[1]। — [1]ਫੇਰ ਆਪਣੀ ਖ਼ਾਸ ਇੱਛਾ ਕਹੀ।
ਪ੍ਰੀਤਮ ਦਾਸ ਕਹੀ ਜੋ ਬਾਨੀ।
ਬਣਖੰਡੀ ਭੀ ਸੋਈ ਮਾਨੀ ॥੫੦॥
ਦੋਹਰਾ:
ਕਰਿ ਕੈ ਏਹੁ ਸਲਾਹਿ ਦਿਢ[1], — [1]ਪੱਕੀ।
ਤਬਿ ਹੀ ਤਿਸ ਹੀ ਠੌਰ।
ਆਠਾਰਾਂ ਸੌ ਕੱਤੀਏ,

ਕੀਨ ਕ੍ਰਿਤ ਇਸ ਤੌਰ[1] ॥੫੧॥
[1]ਸੰ. ੧੯੩੧ ਬਿ. ਵਿੱਚ ਇਸ ਤਰ੍ਹਾਂ ਕੰਮ ਕੀਤਾ।

ਚੌਪਈ:

ਪ੍ਰੀਤਮ ਦਾਸ ਸਾਧ ਕੇ ਮਾਥੈ।
ਬਣਖੰਡੀ ਜੀ ਨੈ ਨਿਜ ਹਾਥੈਂ।
ਜਟਾ ਜੂਟ ਵਟਿ ਕਟਿ ਜੰਜੀਰ ਥਟ[1]।
[1]ਜੜਾਵਾਂ ਦਾ ਜੂੜਾ ਵੱਟ ਕੇ ਤੇ ਲੱਕ ਨਾਲ ਜੰਜ਼ੀਰ (ਸੰਗਲੀ) (ਥਟ) ਬੰਨ੍ਹ ਕੇ।
ਖਾਕ ਪਾਕ[1] ਲਾਈ ਤਨ ਪੈ ਝਟ ॥੫੨॥
[1]ਪਵਿੱਤਰ ਭਸਮ।
ਤਪਸੀ ਅਵਧੂਤਨ ਕਾ ਬਾਨਾ[1]।
[1]ਤਪੱਸੀਆਂ ਤੇ ਤਿਆਗੀਆਂ ਦਾ ਭੇਖ।
ਕੀਨ ਪੀਨ, ਸ਼ਿਵ ਸਜਿ ਸੁਖ ਦਾਨਾ[1]।
[1](ਪੀਨ) ਚੰਗਾ ਧਾਰਨ ਕੀਤਾ ਜਾਣੋ ਸੁਖ ਦੇਣ ਵਾਲਾ ਸ਼ਿਵ ਹੀ ਸਜ ਗਿਆ ਹੈ।
ਸਿੱਧਿ ਗੁਰੂ[1] ਬਣ-ਖੰਡੀ ਸਾਹਿਬ।
[1]ਉਪਦੇਸ਼ ਦੇਣ ਵਾਲਾ ਗੁਰੂ।
ਪ੍ਰੀਤਮ ਦਾਸ ਕੇਰ ਥਿਯ ਚਾਹਿਬ[1] ॥੫੩॥
[1]ਪ੍ਰੀਤਮ ਦਾਸ ਦੇ ਚਾਹੁਣੇ ਕਰ ਕੇ ਹੋਇਆ।
ਰੀਤਿ ਗੁਸਾਂਈਯਨ ਕੀ ਥੀ ਜੋਈ।
ਤਬਿ ਉਦਾਸੀਯਨ ਧਾਰੀ ਸੋਈ।
ਔਰ ਸੰਤ ਥੇ ਜੇਤਿਕ ਸਾਥੈਂ।
ਪ੍ਰੀਤਮ ਦਾਸ ਪੁਨਾ ਨਿਜ ਹਾਥੈਂ ॥੫੪॥
ਸ੍ਵੈ ਸਮ[1] ਬਾਣੇ ਸਭਿ ਕੇ ਕੀਏ।
[1]ਆਪਣੇ ਵਰਗੇ।
ਆਪ ਸਿੱਧ-ਗੁਰੁ ਉਨ ਕੇ ਥੀਏ।
ਭੇਖ ਰੇਖ[1] ਥੀ ਪਿਛਲੀ ਜੇਤੀ।
[1]ਭੇਖ ਦੀ ਨਿਸ਼ਾਨੀ।
ਧਰੀ ਉਤਾਰ ਤਹਾਂ ਹੀ ਤੇਤੀ ॥੫੫॥
ਧੂੰਏ ਬਣਖੰਡੀ ਤੈ ਖਾਕੈਂ।
ਲੈ ਕਰਿ ਗੋਲਾ ਕੀਨੋ ਪਾਕੈਂ[1]।
[1]ਪਵਿੱਤਰ।
ਗੋਸਾਂਈਯਨ ਸਮ ਤਿਸ ਕੀ ਪੂਜਾ।
ਲਗੇ ਕਰਨ ਗਹਿਰਸਤਾ ਦੂਜਾ ॥੫੬॥
ਔਰ ਕਾਯਦੇ[1] ਤਬਿ ਉਨ ਕੇਰੇ।
[1]ਕਾਨੂੰਨ, ਤ੍ਰੀਕੇ।
ਗਹੇ ਪ੍ਰੀਤਮ ਦਾਸ ਘਨੇਰੇ।
ਬਨਿ ਖਾਕੀ ਨਿਰਬਾਣ ਫਕੀਰੈਂ।
ਨਾਨਕ ਸ਼ਾਹੀ ਗੁਨੀ-ਗਹੀਰੈਂ[1] ॥੫੭॥
[1]ਭਸਮ ਮਲਣ ਵਾਲੇ ਨਾਨਕ ਸ਼ਾਹ ਦੇ ਗੁਣਾਂ ਦੇ ਸਮੁੰਦਰ ਨਿਰਬਾਣ ਫ਼ਕੀਰ ਬਣ ਕੇ।
ਬਣਖੰਡੀ ਕੀ ਆਗਜਾ ਲੈ ਕੈ।
ਕਰੀ ਨਿਪਾਲ ਯਾਤ੍ਰਾ ਜੈ ਕੈ।

ਫੇਰ ਔਰ ਸਭਿ ਤੀਰਥ ਪਰਸੇ।
ਚਾਰ ਧਾਮ ਕੀਨੇ ਪੁਨ ਸਰਸੇ[1] ॥੫੮॥ [1]ਅਨੰਦ ਹੋ ਕੇ ਚਹੁੰ ਧਾਮਾਂ ਦੀ ਯਾਤਰਾ ਕੀਤੀ।
ਜੋ ਫਕੀਰ ਕਿਤ ਨਾਨਕ ਸ਼ਾਹੀ।
ਮਿਲਜੋ, ਸਜਜੋ ਬਾਨਾ ਤਿਨ ਯਾਹੀ।
ਅਤਿ ਪਸਿੰਦ ਸਭਿ ਹੀ ਕੋ ਪਰਿਓ।
ਯਾਂਹੀ ਤੈ ਸਭਿ ਹੀ ਨੈ ਧਰਿਓ ॥੫੯॥
ਬੈਰਾਗੀ ਗੋਸਾਂਈਅਨ ਝੇਰੇ[1]। [1]ਝਗੜੇ।
ਯੱਦਪਿ ਬਹੁਠਾਂ ਕਰੇ ਵਧੇਰੇ।
ਤੱਦਪਿ ਗੁਰੂ ਕ੍ਰਿਪਾ ਤੇ ਏਹੈਂ।
ਫਤੇ ਪਾਵਤੇ ਰਹੇ ਅਛੇਹੈਂ[1] ॥੬੦॥ [1]ਲਗਾਤਾਰ, ਇਕਰਸ।
ਇਲਮ ਅਕਲ ਅਜ਼ਮਤ ਮੈਂ ਪੂਰੋ।
ਪ੍ਰੀਤਮ ਦਾਸ ਹੁਤੋ ਤਬਿ ਰੂਰੋ[1]। [1]ਸੁੰਦਰ।
ਬਲਕਿਨ[1] ਗੰਗਾ ਪਰ ਇਕ ਬਾਰੀ। [1]ਸਗੋਂ (ਇਸ ਨੇ)।
ਕਹਜੋ ਜੰਜੀਰ ਬਿਭੂਤਿ ਹਮਾਰੀ ॥੬੧॥
ਹੈਂ ਤੁਮ ਨੈ ਕਜੋਂ ਧਾਰਨ ਕੀਨੇ।
ਕੌਨ ਅਚਾਰਯ[1] ਤੁਮ ਕੋ ਦੀਨੇ। [1]ਗੁਰੂ ਨੇ।
ਸੰਗਲ ਪ੍ਰੀਤਮ ਦਾਸ ਗਿਰਾਯੋ।
ਬਨ ਕੈ ਸਾਂਪ ਉਠਾ ਫਨ ਆਯੋ ॥੬੨॥
ਡਰ ਕੈ ਸਭੈ ਗੁਸਾਂਈ ਭਾਗੇ।
ਪ੍ਰੀਤਮ ਦਾਸ ਗਹਜੋ ਹ੍ਵੈ ਆਗੇ।
ਲੀਨੋ ਕਟਿ ਲਪੇਟ ਮੁਦ ਪਾਏ[1]। [1]ਅਨੰਦ ਪਾ ਕੇ ਲੱਕ ਨਾਲ ਵਲ੍ਹੇਟ ਲਿਆ।
ਬਨਜੋ ਲੋਹ ਜੰਜੀਰ ਤਦਾਂਏ ॥੬੩॥
ਪੁਨਾ ਅਖੰਡ ਬਿਭੂਤ ਚਢਾਈ[1]। [1]ਸਾਰੇ ਸਰੀਰ ਉਪਰ ਸੁਆਹ ਮਲ ਲਈ।
ਗੰਗ ਧਾਰ ਮੈਂ ਧਸਜੋ ਜਾਈ।
ਕੇਤਿਕ ਸਾਧੁ ਗੁਸਾਈਂ ਔਰੈਂ।
ਧਸੇ ਖਾਕ ਮਲਿ ਤਾਂ ਸੰਗ ਗੌਰੈਂ[1] ॥੬੪॥ [1]ਬਹੁਤੇ।
ਉਤਰ ਗਈ ਉਨ ਸਭਿ ਕੀ ਖਾਕੈਂ।
ਚਢੀਰਹੀ ਇਕ ਇਨ ਕੀ ਪਾਕੈਂ[1]। [1]ਪਵਿੱਤਰ।
ਪੇਖਿ ਗੁਸਾਈਯਨ ਮਤਸਰ ਧਰ ਕੈ[1]। [1]ਈਰਖਾ ਕਰਕੇ।
ਜੰਗ ਕੀਨ ਬਡ ਆਯੁਧ ਫਰ ਕੈ[1] ॥੬੫॥ [1]ਸ਼ਸਤਰ ਫੜ ਕੇ।

ਮਾਰੇ ਕਿਤਿਕ ਕਰੇ ਬਹੁ ਜ਼ਖਮੀ।
ਭਗੇ ਉਦਾਸੀ ਤਜਿ ਘਰ ਲਖਮੀ[1]। [1]ਮਾਇਆ।
ਗੁਰੂ ਗ੍ਰੰਥ ਕਾਟਯੋ ਤਰਵਾਰੈਂ।
ਦਏ ਛਾਵਣੀ ਝੰਡਾ ਜਾਰੈਂ[1] ॥੬੬॥ [1]ਸਾੜ ਦਿੱਤੇ।
ਸਿੱਖ ਸਰਦਾਰ ਜੁ ਹੁਤੇ ਤਹਾਂਏ।
ਸਾਧੁ ਫਰਜਾਦੀ ਤਿਨ ਢਿਗ ਥਾਏ[1]। [1]ਹੋਏ।
ਬੇਅਦਬੀ ਨਿਜ ਇਸ਼ਟੈਂ ਕੇਰੀ।
ਲਖ ਕੈ[1] ਚਢੇ ਸਿੰਘ ਬਿਨੁ ਦੇਰੀ ॥੬੭॥ [1]ਆਪਣੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਜਾਣ ਕੇ।

ਸਾਹਿਬ ਸਿੰਘ ਪਟਜਾਲੇ ਵਾਰਾ।
ਚੜ੍ਹਯੋ ਆਪ ਖੁਦ ਵਾਇ[1] ਨਗਾਰਾ। [1]ਵਜਾ ਕੇ।
ਲੂਟ ਮਾਰ ਗੋਸਾਈਂ ਭਗਾਏ।
ਗੁਰੁ ਝੰਡਾ ਦਿਯ ਫੇਰ ਝੁਲਾਏ ॥੬੮॥
ਫਿਰ ਨ ਗੁਸਾਈਓਂ ਕਬਿ ਹੀ ਛੇੜਾ।
ਡਰਤ ਸਿੰਘਨ ਤੈ ਕੀਨ ਨ ਝੇੜਾ[1]। [1]ਝਗੜਾ।
ਪੰਥ ਉਦਾਸੀ ਸੰਤਨ ਕੇਰਾ।
ਬਾਢਿਓ ਪੁਨ ਨਿਰਬਾਣ ਘਨੇਰਾ[1] ॥੬੯॥ [1]ਜਟਾਂ ਵਾਲੇ ਤਿਆਗੀ ਉਦਾਸੀ ਸਾਧੂ ਬਹੁਤ ਵੱਧ ਗਏ।
ਪੈ ਇਹੁ ਸਾਖੀ ਕਹਤ ਉਦਾਸੀ।
ਗੋਸਾਂਈ ਸੁਨਿ ਠਾਨਤ ਹਾਸੀ।
ਕਹਿਂ ਬਣ-ਖੰਡੀ ਹੁਤੋ ਗੁਸਾਈਂ।
ਸਿੱਧ-ਗੁਰੁ ਸੋ ਇਨ ਕਿਯ ਜਾਈ ॥੭੦॥
ਪੈ ਉਨ ਅਪਨੀ ਈਨ[1] ਮਨਾਈ। [1]ਤਾਬੇਦਾਰੀ।
ਨਿਜ ਧੂੰਣੀ ਕੀ ਖਾਕ ਰਮਾਈ[1]। [1]ਮਲੀ।
ਗੋਲਾ ਖਾਕ ਕੇਰ ਓਦਾਸੀ।
ਅਬਿ ਲੌਂ ਜੋ ਪੂਜਤ ਸੁਖ ਰਾਸੀ ॥੭੧॥
ਜਥਾ ਸੁਨਯੋ ਹਮ ਤਥਾ ਬਖਾਨਾ।
ਸਾਚ ਝੂਠ ਸਤਿਗੁਰੁ ਹੀ ਜਾਨਾ।
ਤਬਿ ਨਿਰਬਾਣ ਪ੍ਰੀਤਮ ਦਾਸੈਂ।
ਇਕ ਸੌ ਆਠ ਕਰੇ ਸਿੱਖ ਖਾਸੈਂ ॥੭੨॥
ਦੇਸ ਬਿਦੇਸਨ ਮੈ ਅਟਿ ਸਾਰੈਂ[1]। [1]ਸਾਰਿਆਂ ਨੇ ਫਿਰ ਕੇ।

ਗੁਰੁ ਘਰ ਕੇ ਸਿੱਖ ਕਰੇ ਅਪਾਰੈਂ।
ਦੱਖਨ ਦੇਸ ਹੈਦਰਾਬਾਦੈਂ।
ਚੰਦੂ ਲਾਲ ਨ੍ਰਿਪ ਤੈ ਆਦੈਂ ॥੨੩॥
ਨਿਜ ਪ੍ਰਤਾਪ ਤੈ ਅਧਿਕ ਚਿਤਾਏ[1]।
[1]ਬਹੁਤਿਆਂ ਤੋਂ (ਚਿਤਾਏ) ਮੰਗ ਕੇ।
ਲੀਨੋ ਧਨ ਅਨਗਨ ਕਢਵਾਏ ॥੨੪॥

ਦੋਹਰਾ:
ਚਾਚਾ ਚੰਦੂ ਲਾਲ ਕਾ,
ਥਾ ਇਕ ਨਾਨਕ ਚੰਦ।
ਸੰਤਤਿ[1] ਨਹਿਂ ਥੀ ਤਾਂਹਿ ਕੇ,
[1]ਉਲਾਦ।
ਧਨ ਢਿਗ ਹੁਤੋ ਬੁਲੰਦ ॥੨੫॥
ਤੀਰਥਨ ਪਰ ਮੇਲਜੋਂ ਵਿਖੇ,
ਲੰਗਰ ਦੇਵਨ ਹੇਤ।
ਕਰਜੋ ਅਖਾੜਾ[1] ਖੜ੍ਹਾ ਤਿਨ,
[1]ਧਰਮ ਪ੍ਰਚਾਰ ਕਰਨ ਵਾਲੀ ਉਦਾਸੀ ਸਾਧੂਆਂ ਦੀ ਮੰਡਲੀ। (ਅ) ਸਾਧੂਆਂ ਦਾ ਡੇਰਾ।
ਭਯੋ ਸਾਤ ਲਖ ਦੇਤ[1] ॥੨੬॥
[1]ਸੱਤ ਲੱਖਰੁਪਇਆ ਨਾਨਕ ਚੰਦ ਨੇ ਦਿੱਤਾ।
ਸੰਤ ਪਰੀਤਮ ਦਾਸ ਕੋ,
ਪਿਖ ਸਤਿ-ਪੁਰਖ ਮਹਾਨ।
ਕਰਜੋ ਸਪੁਰਦ[1] ਰੁਪਜਾ ਵਹਿ,
[1]ਹਵਾਲੇ ਕਰ ਦਿੱਤਾ।
ਸੰਤਨ ਹਿਤ ਕਰਿ ਦਾਨ ॥੨੭॥
ਪ੍ਰੀਤਮ ਦਾਸ ਪ੍ਰਯਾਗ ਮੈਂ,
ਕਰਜੋ ਜਮ੍ਹਾਂ ਵਹਿ ਲਜਾਇ।
ਕਰਜੋ ਅਖਾੜਾ ਖੜ੍ਹਾ[1] ਯਹ,
[1]ਅਖਾੜਾ ਖੜ੍ਹਾ ਕੀਤਾ, ਅਖਾੜਾ ਬੰਨ੍ਹਿਆ।
ਜੋ ਅਬਿ ਵਡਾ ਕਹਾਇ ॥੨੮॥

ਕਬਿੱਤ:
ਪਹਿਲੇ ਪ੍ਰਯਾਗ ਮਾਂਹਿ ਧੁਜਾ ਖੜ੍ਹੀ ਕੀਨ ਆਹਿ[1],
[1]ਨਿਸ਼ਾਨ ਖੜ੍ਹਾ ਕੀਤਾ।
ਸੰਮਤ ਅਠਾਰਾਂ ਸੈ ਛਤੀਸ ਹੁਤੋ ਸਾਰ ਹੈ[1]।
[1]ਸ੍ਰੇਸ਼ਟ ਸੀ।
ਗੰਗਾਰਾਮ ਔ ਕੂਟਸਥ ਬ੍ਰਹਮ ਤੈ ਅਰੂਪ-ਬ੍ਰਹਮ,
ਬ੍ਰਹਮਹੂੰ ਅਟੱਲ[1] ਯੇ ਮਹੰਤ ਕੀਨ ਚਾਰ ਹੈ।
[1]ਅਟੱਲ ਬ੍ਰਹਮ।
ਕੀਓ ਪਨਚਾਇਤੀ ਅਖਾਰਾ ਖਰ੍ਹਾ ਭਾਰਾ[1] ਇਨ,
[1]ਵੱਡਾ ਅਖਾੜਾ ਖੜ੍ਹਾ ਕੀਤਾ।
ਦੀਓ ਖਟ ਦੂਸ਼ਨੈ ਭੰਡਾਰਾ ਭਲ ਕਾਰ[1] ਹੈ।
[1]ਭਲੀ ਪ੍ਰਕਾਰ।

ਕੋਟਵਾਲ[1] ਕਾਰਦਾਰ[2] ਲਾਂਗਰੀ ਕੁਠਾਰੀ[3] ਗ੍ਰੰਥੀ, — [1]ਅਖਾੜੇ ਦਾ ਪ੍ਰਬੰਧ ਕਰਨ ਵਾਲਾ। [2]ਕੰਮ ਦੀ ਨਿਗਰਾਨੀਰਖਣ ਵਾਲਾ। [3]ਮੋਦੀ, ਸਾਮਾਨ ਨੂੰ ਸੰਭਾਲਣ ਤੇ ਦੇਣ ਵਾਲਾ।
ਦਰੀਆਂ ਗਲੀਚੇ ਤੰਬੂ ਸਾਏਵਾਨ[1] ਚਾਰ[2] ਹੈ ॥੭੯॥ — [1]ਵੱਡੀਆਂ ਚਾਨਣੀਆਂ। [2]ਸੁੰਦਰ।
ਅਸ੍ਵ[1] ਅਸਵਾਰੀ ਹਿਤ ਭਾਰ ਬਰਦਾਰੀ ਊਟ[2], — [1]ਘੋੜੇ। [2]ਭਾਰ ਲੱਦਣ ਲਈ ਊਠ।
ਲੰਗਰ ਕੇ ਹੇਤ ਭਾਂਡੇ[1] ਹਾਂਡੇ[2] ਭਯੋ ਲੇਤ ਹੈਂ। — [1]ਛਕਣ ਵਾਲੇ ਬਰਤਨ। [2]ਭੋਜਨ ਪਕਾਉਣ ਤੇ ਰਿੰਨ੍ਹਣ ਵਾਲੇ ਬਰਤਨ।
ਧੂੰਏ ਬਣਖੰਡੀ ਸੈਂ ਬਿਭੂਤਿ[1] ਕਾ ਬਨਾਇ ਗੋਲਾ, — [1]ਸੁਆਹ, ਭਸਮ।
ਧਰਜੋ ਗੁਰੁ ਗ੍ਰੰਥ ਆਗੇ ਪੂਜਨੇ ਕੇ ਹੇਤ ਹੈ।
ਤੁਰੀ[1] ਰਣ-ਸਿੰਘੇ ਘੰਟੇ ਘੜਿਆਲ ਛੈਣੇ ਝਾਂਜ[2], — [1]ਤੁਰਰੀ, ਤੁਰਮ। [2]ਚਿਮਟੇ।
ਆਰਤੀ ਨਗਾਰਾ ਬਿਜੈ ਸੰਖ ਔਰ ਕੇਤ ਹੈਂ[1]। — [1]ਆਰਤੀ 'ਚ ਵਜਾਉਣ ਲਈ ਨਗਾਰਾ ਤੇ ਫ਼ਤਿਹ ਦਾ ਚਿੰਨ੍ਹ ਸੰਖ ਆਦਿ ਹੋਰ ਕਿਤਨਾ ਹੀ ਸਾਮਾਨ ਹੈ।
ਇਤਯਾਦਿ ਔਰ ਜੋ ਸਮੱਗ੍ਰੀ ਅਖਾੜਯੋਂ ਕੀ,
ਰੀਤਿ ਮਰਯਾਦ ਠਾਨੀ[1] ਚਾਹੀਅਤ ਜੇਤ ਹੈ ॥੮੦॥ — [1]ਕੀਤੀ।
ਫੇਰ ਪ੍ਰਯਾਗ ਕਨਖਲ ਕੁਰਖੇਤਰ,
ਉਜੈਨ ਔ ਗੁਦਾਵਰੀ ਮੁਕਾਨ ਰਚੇ ਤਰ[1] ਹੈਂ। — [1]ਬਹੁਤੇ ਅਸਥਾਨ ਬਣਾਏ।
ਏਤੋ ਪਨਚਾਇਤੀ ਸਮਾਨ ਹਿਤ ਮੇਲਯੋਂ ਕੇ,
ਕੀਨੋ ਹੈ ਗੁਸਾਈਓਂ ਕੇ ਸਮ ਬਹੁ ਵਰ[1] ਹੈ। — [1]ਚੰਗਾ।
ਸੰਮਤ ਅਠਾਰਾਂ ਸੌ ਅਠੱਤੀ ਮੈਂ ਅਖਾੜਾ ਪੁਨ,
ਰਚਿਓ ਸੰਤੋਖ ਦਾਸ ਵਾਲਾ ਸੁਧਾਸਰ ਹੈ।
ਪਾਂਚ ਸਾਲ ਬਾਦ ਹੈ ਸੰਗਲ ਵਾਲਾ ਕੀਨ ਪੁਨ,
ਤਾਂ ਤੇ ਸਾਤ ਸਾਲ ਪਾਛੇ ਨਿਰਬਾਣ-ਸਰ ਹੈ ॥੮੧॥
ਤਾਂਹੀਂ ਸਮੇ ਸਿੱਖ ਸਰਦਾਰਨ ਕੋ ਪ੍ਰੇਰ ਕਰਿ,
ਰਾਵੀ ਦਰਯਾਵ ਤੈ ਨਹਿਰ ਖੁਦਵਾਈ ਹੈ।
ਨਾਮ ਤਾਂਹਿ ਹੰਸਲੀ[1] ਹੈ ਜ਼ਾਹਰ ਜਗਤ ਜਾਨੈ, — [1]ਹੰਸਲੀ, ਛੋਟੀ ਨਹਿਰ।
ਤਾਲ ਸ੍ਰੀ ਸੁਧਾਸਰ ਵੀਚ ਲਯਾਇ ਪਾਈ ਹੈ।
ਸੰਮਤ ਅਠਾਰਾਂ ਸੌ ਤ੍ਰਿਤਾਲੀਏ ਮੈਂ ਏਹੁ ਕਾਮ
ਕੀਨ ਉਪਕਾਰ ਪੁੰਨ ਜਸ ਸੁਖਦਾਈ ਹੈ।
ਭਏ ਜੁਗ ਸਾਧ ਯੇ ਅਗਾਧ ਬਰਕਤ ਵਾਲੇ[1], — [1]ਬਹੁਤ ਪ੍ਰਤਾਪ ਵਾਲੇ।

ਪ੍ਰੀਤਮ ਸੁ ਦਾਸ ਔ ਸੰਤੋਖ ਦਾਸ ਭਾਈ ਹੈ ॥੯੨॥

ਭੇਸ ਬਦਲਾਏ ਜੋ ਬਿਦੇਸ ਦੇਸ ਹੂੰ ਚਿਤਾਏ[1], — [1]ਮੰਗ ਕੇ।

ਦੌਲਤ ਬਿਸੇਸ ਲਯਾਇ ਹੈ ਦਰਾਜੁ ਬਾਦ ਤੈ[1]। — [1](ਦਰਾਜ਼) ਵੱਡੀ ਭਾਵ ਬ੍ਰਿਧ (ਬਾਦ) ਉਮਰ (ਤੈ) ਤੱਕ ਬਹੁਤੀ ਮਾਇਆ ਲਿਆਉਂਦੇ ਰਹੇ।

ਸੁਧਾਸਰ ਮੈ ਅਖਾੜੇ[1] ਬਨਵਾਏ ਲਯਾਇ ਨਹਿਰ — [1]ਡੇਰੇ।

ਸਿੱਖਨ ਤੈ ਪਾਏ ਗਾਮ ਅਧਿਕ ਅਬਾਦ ਤੈ[1]। — [1]ਬਹੁਤੇ ਆਬਾਦ ਪਿੰਡ (ਜਾਗੀਰ ਵਜੋਂ) ਲਏ।

ਕੀਨੇ ਇਤਯਾਦਿ ਕਾਮ ਮਿਲ ਕੈ ਸੁਜਸ ਲੀਨੇ,

ਧਨ ਚੇਲਯੋਂ ਨੈ ਫੇਰ ਖਰ੍ਹੇ ਕੀਏ ਬਾਦ ਤੈ[1]। — [1]ਫੇਰ (ਮਗਰੋਂ) ਧਨ ਦੇ ਚੇਲਿਆਂ (ਲਾਲਚੀਆਂ) ਨੇ (ਬਾਦ ਤੈ) ਝਗੜੇ ਖੜ੍ਹੇ ਕਰ ਦਿੱਤੇ।

ਸੰਗਤ ਸਾਹਿਬ ਔਰ ਧੂੰਏ ਕੇ ਫਕੀਰਨ ਮੈਂ,

ਅਬਿ ਲੌਂ ਸੋ ਚਲਯੋ ਜਾਤ ਨਿੰਦਯਾ ਫਸਾਦ ਤੈ[1] ॥੯੩॥ — [1]ਭਾਈ ਫੇਰੂ ਦੀ ਸੰਪ੍ਰਦਾਯ ਭਾਵ ਛੋਟੇ ਅਖਾੜੇ ਦੇ ਸਾਧੂਆਂ ਅਤੇ ਧੂਏਂ ਦੇ ਫ਼ਕੀਰਾਂ ਭਾਵ ਵੱਡੇ ਅਖਾੜੇ ਦੇ ਸਾਧੂਆਂ ਵਿਚ ਹੁਣ ਤੱਕ ਨਿੰਦਾ ਤੇ ਝਗੜਾ ਚਲਿਆ ਜਾ ਰਿਹਾ ਹੈ।

ਚੌਪਈ:

ਇਸ ਹੀ ਹਿਤ ਅਬਿ ਦੋਇ ਅਖਾੜੇ।

ਹੈਂ ਬਨ ਗਏ ਜੋ ਪਏ ਪਵਾੜੇ[1]। — [1]ਝਗੜੇ।

ਇਕ ਹੈ ਚਾਰੋਂ ਧੂੰਇਓਂ ਕੇਰਾ[1]। — [1]ਭਾਵ ਵੱਡਾ ਅਖਾੜਾ।

ਦੁਤੀ ਸੰਗਤ ਸਾਹਿਬ ਕਾ ਹੇਰਾ[1] ॥੯੪॥ — [1]ਭਾਵ ਛੋਟਾ ਅਖਾੜਾ ਦੇਖਿਆ।

ਗਾਜੇ ਵਾਹਿਗੁਰੂ ਇਕ[1] ਕੈਹੈਂ। — [1](ਵੱਡੇ ਅਖਾੜੇ ਵਾਲੇ)।

ਆਖੋ ਵਾਹਿਗੁਰੂ ਕਹਿ ਵੈ[1] ਹੈਂ। — [1]ਉਹੋ (ਛੋਟੇ ਅਖਾੜੇ ਵਾਲੇ)।

ਖਾਕ ਧੂੰਏ ਬਣ ਖੰਡੀ ਕੇਰੋ[1]। — [1]ਬਣਖੰਡੀ ਦੇ ਧੂਏਂ ਦੀ ਭਸਮ ਦਾ।

ਪੂਜਤ ਗੋਲਾ ਧੂੰਏਂ ਕੇਰੋ[1] ॥੯੫॥ — [1]ਗੋਲਾ ਪੂਜਦੇ ਹਨ, ਧੂਏਂ ਵਾਲੇ ਭਾਵ ਵੱਡੇ ਅਖਾੜੇ ਵਾਲੇ।

ਲੰਗਰ ਸੰਗਤ ਸਾਹਿਬ ਦੈਹੈ[1]। — [1]ਭਾਈ ਫੇਰੂ ਦੀ ਸੰਪ੍ਰਦਾਯ ਦੇ ਸਾਧੂ ਭਾਵ ਛੋਟਾ ਅਖਾੜਾ ਲੰਗਰ ਦੇਂਦਾ ਹੈ।

ਗੋਲਾਰਚਿਤ ਖਾਕ ਸੋ ਲੈਹੈਂ[1]। — [1]ਉਹ ਲੰਗਰ ਦੀ ਭਸਮ ਦਾ ਗੋਲਾ ਬਣਾ ਲੈਂਦੇ ਹਨ।

ਭੇਦ ਇਤਿਕ ਹੀ ਹੈ ਦੁਹਿ ਮਾਂਹੀਂ।

ਔਰ ਰੀਤਿ ਸਭਿ ਹੀ ਸਮ ਆਹੀ ॥੯੬॥

ਗੁਰੂ ਗ੍ਰੰਥ ਤੈਂ ਪਹਿਲੈਂ ਗੋਲਾ।

ਪੂਜਤ ਦੋਨੋ ਮਾਨਿ ਅਮੋਲਾ।

ਗਾਥ ਉਦਾਸੀ ਸੰਤਨ ਕੇਰੀ।

ਜਥਾ-ਅਰਥ[1] ਸਭਿ ਹੀ ਹਮ ਟੇਰੀ[2] ॥੮੭॥
[1]ਸੱਚੀ। [2]ਕਹੀ।

ਭੇਖ ਰੀਤਿ ਬਦਲੀ ਜਿਮ ਪੀਛੇ।
ਅਬਿ ਭੀ ਔਰੈਂ ਬਦਲੇ ਤੀਛੇ[1]।
[1]ਤਿੱਖੀ ਚਾਲ ਨਾਲ ਭਾਵ ਛੇਤੀ ਛੇਤੀ।

ਸਿੰਧ ਵੀਚ ਅਬਿ ਜੈਸ ਉਦਾਸੀ।
ਲੰਮੇ ਦੇਸ ਜੁ ਵੇਸ ਰਖਾਸੀ ॥੮੮॥
ਅਸਲ ਅਨਾਦੀ[1] ਹੈ ਵਹਿ ਬਾਨਾ।
[1]ਪੁਰਾਣਾ।

ਸ੍ਰੀ ਚੰਦ ਜੋ ਦਯੋ ਮਹਾਨਾ।
ਪੁਨ ਲਵਾਸ ਖਾਕੀ ਬਦਲੀਓ[1]।
[1]ਸੁਆਹ ਦਾ ਲਿਬਾਸ ਬਦਲ ਲਿਆ ਭਾਵ ਕਪੜਿਆਂ ਦੀ ਥਾਂ ਸੁਆਹ ਮਲ ਕੇ ਨੰਗੇ ਹੀ ਰਹਿਣ ਲਗ ਪਏ, ਜਿਸ ਕਰ ਕੇ ਲੋਕ ਇਨ੍ਹਾਂ ਨੂੰ ਨਾਂਗੇ ਸਾਧੂ ਕਹਿਣ ਲਗ ਪਏ।

ਅਬਿ ਕਿਛੁ ਔਰੈਂ ਔਰ ਥਵੀਓ[1] ॥੮੯॥
[1]ਹੁਣ ਹੋਰ ਦੇ ਹੋਰ ਹੀ ਹੋ ਰਹੇ ਹਨ।

ਜਟਾਂ ਖਾਕ ਤਨ ਭਏ ਅਲਾਗੇ[1]।
[1]ਸਿਰ ਦੀਆਂ ਜਟਾਂ ਤੇ ਸ਼ਰੀਰ ਦੀ ਸੁਆਹ ਤੋਂ (ਅਲਗ) ਵੱਖਰੇ ਹੋ ਗਏ ਭਾਵ ਇਹ ਦੋਨੋਂ ਕਰਮ ਛੱਡ ਦਿਤੇ।

ਸਿਰ ਮੂੰਹ ਮੁੰਡਤ ਰਹਿਨੇ ਲਾਗੇ[1]।
[1]ਸਿਰ ਤੇ ਮੂੰਹ ਮੁਨਾ ਕੇ ਰਹਿਣ ਲਗ ਪਏ।

ਪਰਮ ਹੰਸ ਨਿਜ ਕੋ ਸਦਵੈ ਹੈਂ।
ਚਮਕਤ ਰੰਗੇ ਬਸਨ ਰਖੈਹੈਂ[1] ॥੯੦॥
[1]ਚਮਕੀਲੇਰੰਗਾਂ ਦੇ ਬਸਤਰਰਖਦੇ ਹਨ।

ਖਾਤ ਤਮਾਕੂ ਹੁੱਕੇ ਪੀਵੈਂ।
ਬਿਨ ਨਸਵਾਰ ਲੀਨੇ ਨਹਿਂ ਜੀਵੈਂ।
ਗਾਂਜਾ[1] ਚਰਸ[2] ਸਰਸ ਹੀ ਬਰਤੈਂ[3]।
[1]ਮਦੀਨ ਭੰਗ ਦੇ ਫੁੱਲਾਂ ਤੋਂ ਬਣੀ ਹੋਈ ਇਕ ਨਸ਼ੀਲੀ ਵਸਤੂ ਜਿਸ ਨੂੰ ਤਮਾਕੂ ਵਾਂਗ ਚਿਲਮ ਵਿੱਚਰੱਖ ਕੇ ਪੀਂਦੇ ਹਨ। [2]ਇਕ ਨਸ਼ੀਲਾ ਪਦਾਰਥ ਜੋ ਮਦੀਨ ਭੰਗ (ਸਿੱਧ ਪੱਤ੍ਰੀ) ਦੇ ਕੋਮਲ ਪੱਤਿਆਂ ਦੇ ਚੀਕਨੇ ਲੇਸ ਤੋਂ ਬਣਦਾ ਹੈ ਇਸ ਨੂੰ ਵੀ ਗਾਂਜੇ ਵਾਂਗ ਪੀਂਦੇ ਹਨ। [3]ਬਹੁਤ ਹੀ ਵਰਤਦੇ ਹਨ।

ਗਿਰੇ ਅਗਜਾਨ ਵਿਸ਼ਜੋਂ ਕੇ ਗਰਤੈਂ[1] ॥੯੧॥
[1]ਟੋਇਆਂ ਵਿੱਚ।

ਐਸੇ ਅਧਿਕ ਦੇਖੀਯਤ ਅਬਿ ਹੈਂ।
ਬਿਨ ਇਨ ਵਿਸ਼ਜੋਂ ਤੇ ਜੋ ਸਭਿ ਹੈਂ[1]।
[1]ਜਿਹੜੇ ਇਨ੍ਹਾਂ ਸਾਰੇ ਵਿਸ਼ਿਆਂ ਤੋਂ ਬਿਨਾਂ ਨੇਕ ਸਾਧੂ ਹਨ।

ਤਿਨ ਆਗੇ ਬਿਨਤੀ ਮਮ ਉਰ ਕੀ।
ਹੁੱਕਾ ਰੀਤਿ ਨਹੀਂ ਗੁਰੁ ਘਰ ਕੀ ॥੯੨॥
ਤੁਮ ਹੋ ਇਸ਼ਟ ਸਿਸਟ ਜਨ ਸਾਧੂ[1]।
[1]ਤੁਸੀਂ ਸ੍ਰੇਸ਼ਟ ਇਸ਼ਟ ਨੂੰ ਮੰਨਣ ਵਾਲੇ ਸਾਧੂ ਲੋਕ ਹੋ।

ਤਜੋ ਤਜਾਵੋ ਹੁੱਕੇ ਬਜਾਧੂ[1]।
[1]ਰੋਗ।

ਧਰਮ ਸੰਤ ਕਾ ਤਜਨ ਉਪਾਧਿਨ[1]।
[1]ਉਪਾਧੀਆਂ, ਬੁਰਾਈਆਂ।

ਭਜਨ ਜਜਨ ਕਰਨੋ ਵਰ ਸਾਧਨ[1] ॥੯੩॥	[1]ਭਜਨ, ਪੂਜਾ ਤੇ ਸ੍ਰੇਸ਼ਟ ਸਾਧਨ ਕਰਨੇ ਚਾਹੀਦੇ ਹਨ।
ਇਹ ਭੀ ਹਮ ਪ੍ਰਸੰਗ ਤੈ[1] ਭਾਖਾ।	[1]ਨਾਲ ਸੰਬੰਧ ਕਰਕੇ।
ਨਹਿਂ ਉਪਦੇਸ ਬੇਸ ਅਭਿਲਾਖਾ[1]।	[1]ਚੰਗੇ ਉਪਦੇਸ਼ ਦੀ ਇੱਛਾ ਨਹੀਂ ਹੈ।
ਪੰਥਨ ਕੀ ਹਮ ਰੀਤਿ ਦਿਖਾਈ।	
ਬਦਲ ਸਦਲ[1] ਹੋਵਤ ਜੋ ਆਈ ॥੯੪॥	[1]ਅਦਲਾ ਬਦਲੀ।
ਦੋਹਰਾ:	
ਭੇਖ ਉਦਾਸੀ ਪੰਥ ਕਾ,	
ਕਹਜੋ ਤਰੀਕਾ ਸਾਰ[1]।	[1]ਸ੍ਰੇਸ਼ਟਰੀਤੀ।
ਜੋ ਪਹਿਲੇ ਥਾ ਫਿਰ ਭਯੋ,	
ਜੋ ਅਬਿ ਹੈ ਪਰਚਾਰ[1] ॥੯੫॥	[1]ਪ੍ਰਚਲਤ ਹੈ।
ਚਾਰੋਂ ਧੂੰਏ ਕੇ ਭਏ,	
ਸਾਧੁ ਉਦਾਸੀ ਜੈਸ।	
ਕਥਾ ਜਥਾਰਥ[1] ਸਭਿ ਕਹੀ,	[1]ਸੱਚੀ।
ਯਹਿ ਹਮ ਤਿਨ ਕੀ ਤੈਸ ॥੯੬॥	
ਬਖਸ਼ ਭਗਤ ਭਗਵਾਨ ਕੇ ੧	
ਦੋਹਰਾ:	
ਭਏ ਉਦਾਸੀ ਸਾਧੁ ਜਨੋਂ,	
ਬਖਸ਼ਾਂ ਕੇ[1] ਜਗਿ ਔਰ।	[1]ਬਖ਼ਸ਼ਸ਼ਾਂ ਦੇ।
ਅਬਿ ਗਾਥਾ ਤਿਨ ਕੀ ਸੁਨੋ,	
ਕਹਿ ਹੋਂ ਸਭਿ ਬਿਧਿ ਗੌਰ[1] ॥੯੭॥	[1]ਸਭ ਤਰ੍ਹਾਂ ਖ਼ਿਆਲ ਨਾਲ।
ਚੌਪਈ:	
ਏਕ ਭਗਤ ਗਿਰ ਸਾਧੁ ਗੁਸਾਂਈਂ[1]।	[1]ਗੁਸਾਈਂ ਭੇਖ ਦਾ ਭਗਤਗਿਰਿ ਨਾਮ ਦਾ ਸਾਧੂ ਸੀ।
ਲੈ ਜਮਾਤ ਨਿਜ ਸੰਗ ਮਹਾਂਈਂ[1]।	[1]ਵੱਡੀ।
ਹਿੰਗੁਲਾਜ ਦੇਵੀ[1] ਕੇ ਦਰਸ਼ਨ।	[1]ਹਿੰਗੁਲਾਜ-ਉਹ ਅਸਥਾਨ ਜਿੱਥੇ ਸਤੀ ਦੇਵੀ ਦਾ ਤਾਲੂ ਆ ਡਿੱਗਿਆ ਹੈ, ਹਿੰਗੋਲ ਨਦੀ ਦੇ ਕੰਢੇ ਜਾਸਾ ਬੇਲਾਰਾਜ ਅੰਦਰ ਇਕ ਦੇਵੀ ਦਾ ਮੰਦਰ ਜੋ ਮੇਕਰਾਨ ਸਾਹਿਲ ਉੱਤੇ ਹਿੰਗੁਲਾ ਪ੍ਰਬਤ ਦੇ ਸਿਰੇ 'ਤੇ ਹੈ।
ਕਰਨ ਚਲਜੋ ਥਾ ਧਰਿ ਮਨਿ ਹਰਸਨ[1] ॥੯੮॥	[1]ਮਨ 'ਚ ਖ਼ੁਸ਼ੀ ਧਾਰ ਕੇ।
ਜਬਿ ਦੇਹਰੇ ਨਾਨਕ ਢਿਗ ਗਯੋ।	
ਮਨ ਮੈਂ ਐਸ ਵਿਚਾਰਤ ਭਯੋ।	

ਗੁਰੁ ਨਾਨਕ ਇਸ ਦੇਸ ਮਝਾਰੇ।
ਪਰਗਟ ਭਏ ਫਕੀਰ ਉਦਾਰੇ ॥੯੯॥
ਤਿਨ ਕੀ ਸੰਤਤਿ[1] ਹੈ ਇਸ ਠੌਰੈਂ। [1]ਉਲਾਦ।
ਚਹੀਏ ਲਈ ਪ੍ਰੀਖਜਾ ਗੌਰੈਂ[1]। [1]ਖ਼ਿਆਲ ਨਾਲ।
ਯਹਿ ਮਨਿ ਧਰਿ ਵਹ ਪੁਰਿ ਢਿਗ ਆਯੋ।
ਡੇਰਾ ਬਾਹਰ ਪੁਰ ਤੈ ਲਾਯੋ ॥੧੦੦॥
ਧਰਮ ਚੰਦ ਤਬਿ ਥਾ ਬਖਜਾਤੀ[1]। [1]ਮਸ਼ਹੂਰ।
ਪੁਰ ਮੈਂ ਗੁਰੁ ਨਾਨਕ ਕਾ ਨਾਤੀ[1]। [1]ਪੋਤਾ।
ਤਿਸ ਨੈ ਸੁਨਿ ਸਾਧੂ ਬਹੁ ਆਏ।
ਬਹੁ ਬਿਧਿ ਭੋਜਨ ਤਜਾਰ ਕਰਾਏ ॥੧੦੧॥
ਸੰਤਨ ਕੀ ਪੰਗਤ ਲਗਵਾਈ।
ਲਗੇ ਪਰੋਸਨ ਜਬਿ ਮੁਦ ਪਾਈ।
ਤਬੈ ਭਗਤ-ਗਿਰ ਬਚਨ ਉਚਾਰਾ।
ਪ੍ਰਿਥਮੈ ਪਾਤ੍ਰ[1] ਭਰੋ ਹਮਾਰਾ ॥੧੦੨॥ [1]ਭਾਂਡਾ।
ਫੇਰ ਪਰੋਸਜੋ ਸੰਗਤ ਮਾਹੀਂ।
ਯੌਂ ਕਹਿ ਚਿੱਪੀ ਆਗੇ ਡਾਹੀ।
ਮਾਨਿ ਬਚਨ ਪਾਰੋਸਨ ਵਾਰੇ।
ਭੋਜਨ ਚਿੱਪੀ ਮੈਂ ਬਹੁ ਡਾਰੇ ॥੧੦੩॥
ਕਈ ਥਾਲ ਪੰਚਾਂਮ੍ਰਿਤ ਕੇਰੇ[1]। [1]ਕੜਾਹ ਪ੍ਰਸ਼ਾਦ ਦੇ।
ਚਿੱਪੀ ਮੈਂ ਪਰ ਗਏ ਵਧੇਰੇ।
ਚਿੱਪੀ ਭਰੀ ਨ ਤਾਂ ਕੀ ਜਬਿ ਹੀ।
ਧਰਮ ਚੰਦ ਯਹਿ ਸੁਨ ਕਰਿ ਤਬਿ ਹੀ ॥੧੦੪॥
ਕੁਣਕੇ ਕਾ ਕਿਣਕਾ ਨਿਜ ਕਰ ਲਹਿ[1]। [1]ਕੜਾਹ ਪ੍ਰਸ਼ਾਦ ਦਾ ਕਿਣਕਾ ਹੱਥ 'ਚ ਲੈ ਕੇ।
ਬਾਹਰ ਆਯੋ ਵਾਹਗੁਰੂ ਕਹਿ।
ਚਿੱਪੀ ਮੈਂ ਡਾਰਜੋ ਵਹਿ ਜਬਿ ਹੀ।
ਪੂਰ ਗਈ ਚਿੱਪੀ ਵਹਿ ਤਬਿ ਹੀ ॥੧੦੫॥
ਕਰਾਮਾਤ ਗੁਰੁ ਪੌਤ੍ਰ ਕੇਰੀ।
ਪ੍ਰਤੱਖ ਜਬੈ ਭਗਤ-ਗਿਰ ਹੇਰੀ।
ਪੁਨਾ ਗੁਰੂ ਕੇ ਦੇਹਰੇ ਆਗੇ।
ਸਭਿ ਹੀ ਸਾਧੂ ਰਾਤ ਭਰ ਜਾਗੇ ॥੧੦੬॥

ਹਿੰਗਲਾਜ ਕਾ ਦਰਸ਼ਨ ਪਾਯੋ।
ਭਯੋ ਭਗਤ-ਗਿਰ ਕਾ ਮਨ ਭਾਯੋ[1]।

[1]ਜਦੋਂ ਭਗਤ ਗਿਰ ਦਾ ਇਸ ਤਰ੍ਹਾਂ ਮਨ ਭਾਉਂਦਾ ਕੰਮ ਹੋ ਗਿਆ ਤਾਂ ਜਾਣੋ ਉਸ ਨੇ ਗੁਰਾਂ ਦੇ ਦੇਹਰੇ ਦਾ ਦਰਸ਼ਨ ਹੀ ਹਿੰਗਲਾਜ ਦਾ ਦਰਸ਼ਨ ਪਾ ਲਿਆ।

ਧਰਮ ਚੰਦ ਕਾ ਸੇਵਕ ਥੀਓ।
ਪਿਛਲਾ ਪੱਛ[1] ਨਾਮ ਤਜ ਦੀਓ ॥੧੦੭॥

[1]ਪੱਖ, ਭੇਖ।

ਨਾਮ ਭਗਤ ਭਗਵਾਨ ਧਰਾਯੋ।
ਗੁਰੁ ਘਰ ਕਾ ਵਰ[1] ਸਾਧੁ ਕਹਾਯੋ।

[1]ਚੰਗਾ।

ਔਰ ਸਾਧੁ ਥੇ ਜੋ ਸੰਗ ਤਾਂਹੀਂ।
ਭਏ ਸਾਧੁ ਸਭਿ ਨਾਨਕ ਸ਼ਾਹੀ ॥੧੦੮॥

ਕਬਿੱਤ:

ਪੂਰੋ ਜੀ, ਨਰੈਣ ਦਾਸ, ਬੱਦ੍ਰੀ ਦਾਸ, ਰਾਮ ਸਹਾਇ,
ਏ ਤੋ ਗੁਰੁ ਭਾਈ ਥੇ ਭਗਤ ਭਗਵਾਨ ਕੇ।
ਟੀਕਾਰਾਮ, ਬਖਤ-ਮਲ, ਸਯਾਮ ਸਾਗਰ, ਸੰਗਤ ਦਾਸ,
ਲਾਲ ਦਾਸ ਦਰਯਾਈ[1], ਦੁਰਗਾ ਦਾਸ, ਆਨਕੇ[2]।

[1]ਅੱਲ। [2]ਅਨੇਕਾਂ ਭਾਵ ਬਹੁਤੇ।

ਜਗਤਰਾਮ, ਤੁਲਸੀ ਦਾਸ, ਇਤਯਾਦਿ ਚੇਲੇ ਹੁਤੇ
ਸੰਗ ਹੀ, ਭਗਤ ਭਗਵਾਨ ਜੁ ਮਹਾਨ ਕੇ।
ਇਨ ਸਭਿ ਹੂੰ ਕੇ ਆਗੇ ਚੇਲੇ ਪਰਚੇਲੇ[1] ਔਰ,

[1]ਪੋਤੇ ਚੇਲੇ।

ਹੁਤੇ ਤੀਨ ਸਤ ਸਾਠ[1] ਮਾਲਕ ਮਕਾਨ ਕੇ ॥੧੦੯॥

[1]ਤਿੰਨ ਸੌ ਸੱਠ (੩੬੦) ਡੇਰਿਆਂ ਦੇ ਮਾਲਕ ਸਨ।

ਯਾਂਹੀ ਤੈ ਭਈ ਹੈ ਤਾਂ ਕੀ ਤੀਨ ਸੌ ਹੀ ਸਾਠ ਗਾਦੀ,
ਪੂਰਬ ਮਝਾਰ ਸਾਧੁ ਜਾਨਤ ਅਪਾਰ ਹੈਂ।
ਸੁਧਾਸਰ ਸ਼ੈਹਰ ਬਿਬੇਕ ਸਰ ਕੇ ਕਿਨਾਰੇ
ਹੈ ਅਖਾੜਾ, ਔਰ ਗਾਉਂ ਲੱਡੇ ਮੈਂ ਵਿਚਾਰ ਹੈ।
ਸ਼ਹਰ ਬਰੇਲੀ, ਦੇਸ ਮਘਾ ਵੀਚਰੇਲ-ਪੇਲੀ,
ਰਾਜ-ਗਿਰੀ, ਪਟਨ ਮੈਂ ਸ਼ਹਿਰ ਬਿਹਾਰ ਹੈ[1]।

[1]ਮਗਧ ਦੇ ਬਰੇਲੀ, ਰੇਲ ਪੇਲੀ, ਰਾਜ ਗਿਰੀ ਸ਼ਹਿਰ ਤੇ ਬਿਹਾਰ ਸੂਬੇ ਦੇ ਪਟਣੇ ਸ਼ਹਿਰ ਵਿੱਚ।

ਇਤਯਾਦਿ ਠੌਰਨ ਮੈਂ ਵਡੇ ਵਡੇ ਹੈਂ ਮੁਕਾਨ,
ਰਹਿਤ ਅਖਾੜੇ ਮੈਂ ਮਹੰਤ ਏਕ ਚਾਰੁ[1] ਹੈ

[1]ਇਕ ਸੁੰਦਰ ਮਹੰਤ ਹੈ।

॥ ੧੧੦ ॥
ਜਟਾ ਔ ਜੰਜੀਰ ਖਾਕ ਲਾਵਨ ਇਤਯਾਦਿ ਭੇਖ,
ਰਾਖਯੋ ਇਨ ਪਿਛਲਾ ਗੁਸਾਈਯਨ ਕੇਰ ਹੈ।
ਇਸ਼ਟ ਉਪਾਸ਼ਨਾ ਬਿਹਾਰ[1] ਨਾਮ ਨਯੋ ਗਹਯੋ — [1]ਵਿਹਾਰ, ਕੰਮ ਕਾਰ।
ਗੁਰੁ ਘਰ ਕੇਰ, ਇਨ ਸਭਿ ਬਿਧਿ ਫੇਰ ਹੈ।
ਭਏ ਜਿਮ ਭਗਤ ਭਗਵਾਨ ਕੇ ਉਦਾਸੀ ਸਾਧ,
ਬਖਸ਼ਸ ਧਰਮ ਚੰਦ ਜੁ ਕੀ ਤੈ ਵਧੇਰ ਹੈ।
ਭੂਲ ਚੂਕ ਲੀਜੀਓ ਸੁਧਾਰ ਸਭਿ ਸੰਤ ਮਮ,
ਜੈਸ ਹਮ ਸੁਨਜੋਂ ਗੁਨਯੋ[1] ਤੈਸ ਦਯੋ ਟੇਰ ਹੈ — [1]ਵਿਚਾਰਿਆ।
॥ ੧੧੧ ॥
ਬਖਸ਼ ਸੰਗਤ ਸਾਹਿਬ ਕੇ ੨
ਦੋਹਰਾ:
ਬਖਸ਼ਸ਼ ਦੂਸਰਿ ਤੈ ਭਏ,
ਜੈਸ ਉਦਾਸੀ ਸਾਧ।
ਸੰਗਤ ਸਾਹਿਬ ਕੇ ਪ੍ਰਗਟ,
ਹੈਂ ਜਗ ਮਾਂਹਿ ਅਗਾਧ[1] ॥ ੧੧੨ ॥ — [1]ਡੂੰਘੇ, ਗੰਭੀਰ, ਚੰਗੇ।
ਕਬਿੱਤ:
ਖੱਤ੍ਰੀ ਉੱਪਲ[1] ਬਿੱਨੇ ਨਾਮੀ ਕੇ ਸਦਨ ਮਾਹਿ[2], — [1]ਗੋਤ। [2]ਘਰ ਵਿੱਚ।
ਸੋਲਾਂ ਸੈ ਸਤਾਨਵੇਂ ਮੈਂ ਫੇਰੂ ਸੁਤ ਜਯੋ ਹੈ[1]। — [1]ਫੇਰੂ ਨਾਮ ਪੁੱਤਰ ਜਨਮਿਆ ਹੈ।
ਮੌਜੇ ਅੰਬ-ਮਾੜੀ, ਲੰਮੇ ਦੇਸ ਮੈਂ ਉਘਾੜੀ ਭਲ,
ਪ੍ਰਗਨੇ ਮੀਏਂ ਕੇ ਮੌੜ ਮਾਂਹਿ ਲਖ ਲਯੋ ਹੈ[1]। — [1]ਪਿੰਡ ਅੰਬ-ਮਾੜੀ ਜੋ ਲੰਮੇ ਦੇਸ ਵਿੱਚ (ਭਲ) ਚੰਗੀ (ਉਘਾੜੀ) ਮਸ਼ਹੂਰ ਹੈ, ਮੀਏਂ ਕੇ ਮੌੜ, ਪ੍ਰਗਣੇ ਵਿੱਚ ਜਾਣ ਲਉ।
ਸੱਤ੍ਰਾਂ ਸੈ ਤੇਰਾਂ ਮਾਂਹਿ ਭਗਤੀ ਸਹਿਤ ਚਾਹਿ[1], — [1]ਉਤਸ਼ਾਹ ਨਾਲ।
ਗੁਰੂ ਹਰਿਰਾਇ ਕੀ ਟਹਿਲ ਬੀਚ ਅਯੋ ਹੈ।
ਕਈ ਸਾਲ ਗੁਰੂ ਜੀ ਕੇ ਲੰਗਰ ਕੀ ਸੇਵ ਕੀਨੀ,
ਮਨ ਤਨ ਲਾਇ ਗੁਰੁ ਮੰਤ੍ਰ ਕਮਯੋ ਹੈ ॥ ੧੧੩ ॥
ਪੇਖ ਤਾਂ ਕੀ ਸੇਵ ਅਤੇ ਲਾਇਕੀ ਅਭੇਵ ਬਰ[1], — [1](ਅਭੇਵ) ਲਗਾਤਾਰ (ਬਰ) ਚੰਗੀ (ਲਾਇਕੀ) ਯੋਗਤਾ ਦੇਖ ਕੇ।
ਭਏ ਪ੍ਰਸੰਨ ਗੁਰੁ ਦੇਵ ਅਤਿ ਤਾਂਹਿ ਪੈ।
ਭਾਈ ਫੇਰੂ ਕਾ ਖਿਤਾਬ[1] ਸੇਲੀ ਟੋਪੀ ਚੋਲਾ ਦੈ ਕੈ, — [1]ਪਦਵੀ।

ਕਹਯੋ ਗੁਰੁ ਲੰਗਰ ਚਲਾਹੁ ਤੁੰਹੈ ਜਾਹਿ ਪੈ[1]। — [1]ਤੂੰ (ਆਪਣੇ ਨਗਰ) ਜਾ ਕੇ।
ਔਰ ਭਾਈ ਫੇਰੂ ਕੋ ਮਸੰਦ ਦੀਓ ਕਰਿ ਗੁਰੁ,
ਲੰਮੇ ਨੱਕੇ ਦੇਸਨ ਕੀ ਸੰਗਤੋਂ ਕਾ ਚਾਹਿ ਪੈ।
ਸੇਵ ਗੁਰੁ ਘਰ ਕੀ ਅਮੇਵ ਸੋ ਕਰਤ ਰਹਯੋ,
ਸੰਗਤਾਂ ਸੈ ਰਹਯੋ ਕਰਵਾਵਤੋ ਅਥਾਹਿ[1] ਪੈ ॥ ੧੧੪ ॥ — [1]ਬਹੁਤੀ।

ਫੇਰ ਜਬਿ ਸ੍ਰੀ ਗੁਰੁ ਗੋਬਿੰਦ ਮ੍ਰਿਗੇਸ,
ਬੇਸ[1] ਸਾੜੇ ਹੈਂ ਮਸੰਦ, ਮਤੀ-ਮੰਦ ਅਤੀ ਜਾਨ ਕੈ। — [1]ਬਹੁਤੇ (ਮਸੰਦ)।
ਪਕਰਿ ਮੰਗਾਏ ਦੇਸ ਦੇਸਨ ਤੈ ਮਰਵਏ,
ਮੇਲ ਤੇਲ ਮੁੰਡਨ ਮੈ ਤਾਇ ਦੁਖ ਦਾਨ ਕੈ[1]। — [1](ਤਾਇ) ਤੱਤਾ ਤੇਲ ਸਿਰਾਂ ਵਿੱਚ ਪਾ ਕੇ ਤੇ ਦੁੱਖ ਦੇ ਕੇ।
ਸਿੱਖਨ ਕੋ ਕਹਯੋ ਗੁਰੁ ਲੰਮੇ ਦੇਸ ਜਾਹੁ ਡੁਰ[1], — [1]ਛੇਤੀ।
ਫੇਰੂ ਕੋ ਲਜਾਵੋ ਢੁਰ ਦਾਢੀ ਤੈ ਗਹਾਨ ਕੈ[1]। — [1]ਦਾੜ੍ਹੀ ਤੋਂ ਪਕੜ ਕੇ (ਢੁਰ) ਜਾ ਕੇ ਲਿਆਵੋ।
ਗਏ ਸਿੱਖ ਫੇਰੂ ਪਾਸ ਸੋਊ ਹੋਇ ਤੁਰਿਓ ਦਾਸ,
ਦਾਢੀ ਨਿਜ ਹਾਥ ਸਾਥ ਗਹੀ ਮੋਦ ਮਾਨ ਕੈ ॥ ੧੧੫ ॥

ਯੱਦਪਿ ਰਹੇ ਛੁਡਾਇ ਸਿੱਖ ਮਗ ਮਾਂਹਿ ਦਾਢੀ,
ਤੱਦਪਿ ਨ ਛੋਡੀ ਤਾਂਹਿ ਗੁਰੂ ਪਾਸ ਆਯੋ ਹੈ।
ਪੇਖ ਕੈ ਸਿਦਕ ਤਾਂ ਕਾ ਗੁਰੂ ਅਤਿ ਮੋਦ ਭਏ,
ਆਓ ਭਾਈ ਫੇਰੂ ਸੱਚੀ ਦਾਢੀ ਯੌਂ ਅਲਾਯੋ ਹੈ।
ਆਧੀ ਦਸਤਾਰ ਤਾਂਹਿ ਆਪਨੀ ਬਖਸ਼ ਗੁਰੁ,
ਸੰਗਤੋਂ ਕਾ ਸਾਹਿਬ ਖਿਤਾਬ ਦਯੋ ਭਾਯੋ ਹੈ।
ਨਿਕਟਿ ਬਿਠਾਇ ਬਡ ਇੱਜ਼ਤ ਬਢਾਇ ਕਹਯੋ,
ਪੰਥ ਤੇਰੋ ਚਾਲੈ ਜਗ ਅਧਿਕ ਮਹਾਯੋ[1] ਹੈ ॥ ੧੧੬ ॥ — [1]ਬਹੁਤ ਵੱਡਾ।

ਲੰਮੇ ਨੱਕੇ ਦੇਸ ਕਾ ਮਸੰਦ ਕਰਿ ਤਾਂ ਕੋ ਗੁਰੁ,
ਪਠਯੋ ਫੇਰ ਵਾਂਹੀਂ ਠੌਰ ਗੌਰ ਮੋਦ ਮਾਨ ਹੈ[1]। — [1]ਉਸੇ ਥਾਂ ਬਹੁਤਾ ਅਨੰਦ ਮੰਨ ਕੇ।
ਤਾਂ ਦਿਨ ਤੈ ਨਾਮ ਭਯੋ ਸੰਗਤ-ਸਾਹਿਬ ਤਾਂ ਕੋ,
ਸਾਧੁ ਤਾਂ ਕੇ ਭਏ ਪੁਨ ਜਗ ਮੈ ਮਹਾਨ ਹੈਂ।
ਤਿਨ ਮਾਂਹਿ ਵਲੀ[1] ਫੇਰ ਭਯੋ ਹੈ ਸੰਤੋਖ ਦਾਸ, — [1]ਸ਼ਕਤੀਮਾਨ।
ਭੇਖ ਨਿਰਬਾਣ ਜਿਨ ਕੀਨ ਪਰਮਾਨ[1] ਹੈ। — [1]ਪ੍ਰਵਾਣ, ਕਬੂਲ।

ਦਸ ਅਠ ਛਜਾਨਵੇਂ ਮੈ ਕੀਓ ਹੈ ਅਖਾੜਾ ਖੜ੍ਹਾ[1],
ਸੰਗਤ-ਸਾਹਿਬ ਜੁ ਕੇ ਸੰਤਨ ਪਛਾਨ ਹੈ ॥ ੧੧੭ ॥

[1]ਸੰ. ੧੮੯੬ ਬਿ: ਵਿੱਚ (ਛੋਟਾ) ਅਖਾੜਾ ਖੜ੍ਹਾ ਕੀਤਾ।

ਦੋਹਰਾ:
ਸਾਧੁ ਉਦਾਸੀ ਸਭੀ ਯਹਿ,
ਸੰਗਤ ਸਾਹਿਬ ਕੇਰ।
ਬਖਸ਼ਸ਼ ਕੇ ਹਮ ਜਿਉ ਸੁਨੇ,
ਤੈਸ ਦਿਖਾਏ ਟੇਰ ॥ ੧੧੮ ॥
ਰਾਮਦਾਸ ਕੇ ੩
ਕਬਿੱਤ:
ਸ੍ਰੀ ਬਾਬੇ ਬੁੱਢੇਰਮਦਾਸ[1] ਕੇ ਪੌਤ੍ਰ ਗੁਰਦਿੱਤੇ ਜੂ ਕੇ,
ਸਾਧੁ ਜੇਊ ਭਏ ਔਰ ਜਾਨੀਏ।
ਸੇ ਤੇ ਰਮਦਾਸ ਕੇ ਕਹਾਵਤ ਹੈਂ ਜਗ ਮਾਂਹਿ,
ਬਖਸ਼ਸ਼ ਤੀਸਰੀ ਕੇ ਏਊ ਪਹਿਚਾਨੀਏ।
ਰਮਦਾਸਪੁਰ ਨਏ-ਕੋਟ ਔ ਮੁਰਾਦਾਬਾਦ,
ਵਜਵੜੇ ਆਦਿਕੈਂ ਸੁ ਠੌਰ ਮੈਂ ਮਹਾਨੀਏ।
ਡੇਰੇ ਹੈਂ ਅਪਾਰ ਇਨ ਕੇਰੇ ਸੋ ਜਾਗੀਰਦਾਰ,
ਰੀਤਿ ਸਭਿ ਰਾਖਤ ਉਦਾਸੀਓਂ ਕੀ ਮਾਨੀਏ ॥ ੧੧੯ ॥

[1]ਪਿੰਡ ਦਾ ਨਾਮ।

ਬਖਤ ਮੱਲ ਕੇ ੪
ਦਸਮੈਂ ਗੁਰੂ ਨੈ ਜਬ ਸਾੜੇ ਥੇ ਮਸੰਦ,
ਤਬਿ ਬਚਜੋ ਥਾ ਬਖਤ ਮੱਲ ਸ਼ਰਣ ਪੈ ਮਾਤ ਹੈ[1]।
ਸਖੀ ਕਾ ਸ੍ਵਾਂਗ ਸਮ ਔਰਤੋਂ ਕੇ ਰਾਖਤਾ ਥਾ,
ਹਾਥਨ ਮੈਂ ਚੁੜੀਆਂ ਔ ਨਾਕ ਨਾਥ ਭਾਂਤਿ ਹੈ[1]।
ਮਾਤ ਜੀ ਕੇ ਕਹੇ ਸੋਊ ਬਖਸ਼ ਦਯੋ ਥਾ ਗੁਰੂ,
ਯਾਂ ਤੇ ਤਾਂ ਕੇ ਸਾਧੁ ਬਖਸ਼ਸ਼ ਕੇ ਕਹਾਤ ਹੈਂ।
ਅਬਿ ਲੌ ਮਹੰਤ ਹੋਤ ਇਨ ਕੇ ਜੋ ਗੱਦੀ ਪਰ,
ਪਹਿਰਤ ਹਾਥਨ ਮੈਂ ਚੂੜੀਆਂ ਬਖਜਾਤ ਹੈਂ ॥ ੧੨੦ ॥

[1]ਮਾਤਾ ਜੀ ਦੀ ਸ਼ਰਣ ਪੈ ਕੇ।

[1]ਇਸ ਤਰ੍ਹਾਂ (ਰਹਿੰਦਾ) ਸੀ।

ਅਜੀਤ ਮੱਲ ਕੇ ੫ ਔਰ ਦੱਖਣੀਰਾਇ ਕੇ ੬

ਔਰ ਏਕ ਜੀਤ ਮੱਲ ਥਾ ਮਸੰਦ ਅਤਿ ਭੱਲ[1],
ਬਖਸ਼ ਦਯੋ ਥਾ ਗੁਰੁ ਵਾਹਿ ਭੀ ਪਛਾਨੀਏ।
ਸਾਧੁ ਬਖਸ਼ਸ਼ ਕੇਰੇ ਤਾਂ ਕੇ ਭੀ ਕਹਾਵਤੇ ਹੈਂ,
ਫਤੇ-ਪੁਰ ਮਾਂਹਿ ਗੱਦੀ ਤਿਨ ਕੀ ਹੈ ਮਾਨੀਏ।
ਔਰ ਰਾਇ-ਦੱਖਣੀ ਜੋ ਸੋਢੀ ਪ੍ਰਸਿੱਧ ਭਯੋ,
ਤਾਂ ਕੀ ਬਖਸ਼ਸ਼ ਕੇ ਜੋ ਸਾਧੁ ਹੈਂ ਮਹਾਨੀਏ।
ਨਗਰ ਘਰਾਚੋ ਅਰ ਢਿੱਲਮਾਂ ਵਗੈਰੇ ਮਾਂਹਿ,
ਡੇਰੇ ਇਨ ਕੇਰੇ ਹੈਂ ਵਧੇਰੇ ਜਗ ਜਾਨੀਏ ॥੧੨੧॥

ਮੀਹਾਂ ਸਾਹਿਬ ਕੇ ੭

ਔਰ ਏਕ ਰਾਮ ਦੇਵਾ ਮਾਸ਼ਸੀ ਥਾ ਸਿੱਖ ਗੁਰੁ,
ਘੋੜੇ ਔਰ ਸਿੱਖਨ ਕੋ ਪਾਣੀ ਥਾ ਪਿਲਾਵਤੈਂ।
ਰੈਨ ਦਿਨ ਮਨ ਤਨ ਲਾਇ ਕੈ ਪਰੇਮ ਯੁਤ,
ਚਿਰੰਕਾਲ ਸੇਵ ਰਹ੍ਯੋ ਕਰਤ ਜਥਾਵਤੈਂ[1]।
ਸ੍ਰੀ ਗੁਰੁ ਨੌਮ ਆਗੇ ਏਕ ਦਿਨ ਮਾਲਵੇ ਮੈਂ,
ਕਰ੍ਯੋ ਛਿਰਕਾਵ ਤਿਨ ਅਧਿਕ ਸੁਹਾਵਤੈਂ।
ਪੇਖਿ ਗੁਰੁ ਕਹ੍ਯੋ ਤੈਂ ਤੋ ਮੇਂਹ ਵਰਸਾਇ ਦਯੋ,
ਤੂੰ ਤਾਂ ਮਾਨੋ ਮੀਹਾਂ ਹੈਂ ਹਮਾਰੇ ਮਨਿ ਭਾਵਤੈਂ[1] ॥੧੨੨॥

ਤਬਿ ਹੀ ਤੈ ਮੀਹਾਂ ਨਾਮ ਭਯੋ ਪ੍ਰਸਿੱਧ ਤਾਂ ਕੋ,
ਫੇਰ ਗੁਰੁ ਨੌਮ ਜਬਿ ਗਏ ਧਮਧਾਨ[1] ਹੈਂ।
ਪੇਖਿ ਸੇਵ ਮੀਹੇਂ ਕੀ ਅਧਿਕ ਪ੍ਰਸੰਨ ਭਏ,
ਸੇਲੀ ਟੋਪੀ ਚੋਲਾ ਨਿਜ ਬਖਸ਼੍ਯੋ ਮਹਾਨ ਹੈ।
ਲੋਹ[1] ਤੈ ਨਗਾਰਾ ਦੈ ਕੈ ਕਹ੍ਯੋ ਗੁਰੁ ਜਾਹੁ ਅਬਿ,
ਖਾਤਾ ਔ ਖੁਲਾਤਾ ਫਿਰ, ਜਾਤਾ ਸੋ ਜਹਾਨ ਹੈ[1]।
ਪਾਇ ਕਰਿ ਬਖਸ਼ਸ਼ ਗੁਰੂ ਕੀ ਸੋ ਭਯੋ ਸਾਧੁ,
ਬਾਂਧ ਕੈ ਜਮਾਤ ਲਾਗ੍ਯੋ ਫਿਰਨੇ ਸੁਜਾਨ ਹੈ ॥੧੨੩॥

ਫੇਰ ਏਕ ਸਮੇਂ ਗੁਰੁ ਦਸਮੇਂ ਕੇ ਦਰਸ਼ਨ ਹੇਤ,
ਪੂਰਿ ਆਨੰਦ ਮੈਂ ਆਯੋ ਦੈ ਨਗਾਰਾ[1] ਹੈ।

[1]ਬਹੁਤ ਚੰਗਾ।

[1]ਜਿਸ ਤਰ੍ਹਾਂ ਜੋਗ ਸੀ।

[1]ਮੁਨਾਸਬਰੀਤੀ ਨਾਲ।

[1]ਮਨ ਨੂੰ ਚੰਗਾ ਲਗਦਾ ਹੈ।

[1]ਜ਼ਿਲਾ ਪਟਿਆਲੇ ਦੀ ਸੁਨਾਮ ਤਸੀਲ ਦਾ ਇਕ ਪਿੰਡ।

[1]ਵੱਡੀ ਤਵੀ (ਪ੍ਰਸ਼ਾਦੇ ਪਕਾਉਣ ਲਈ)।

[1]ਉਹ ਜਹਾਨ ਵਿੱਚ (ਜਾਤਾ) ਜਾਣਿਆਂ ਗਿਆ ਭਾਵ ਮਸ਼ਹੂਰ ਹੋ ਗਿਆ।

ਬਜਤ ਨਗਾਰਾ ਸੁਨਿ ਗੁਰੂ ਨੈ ਛਿਨਾਇ ਲਯੋ[1], — [1]ਨਗਾਰਾ ਵਜਾ ਕੇ।
ਹਰਖ[1] ਨ ਸੋਕ ਕਛੂ ਸਾਧੂ ਉਰ ਧਾਰਾ ਹੈ। — [1]ਖੋਹ ਲਿਆ।
ਗਯੋ ਜਬਿ ਗੁਰੂ ਪਾਸ ਮਿਲਯੋ ਦੈ ਨਜ਼ਰ ਖਾਸ[1], — [1]ਚੰਗੀ ਭੇਟਾ।
ਬੂਝਯੋ ਗੁਰੁ ਕਹਯੋ ਸਾਧੂ ਸ਼ਰਧਾ ਅਪਾਰਾ ਹੈ।
ਰਾਵਰੇ ਹੀ ਘਰ ਕੀ ਹੈ ਵਸਤੁ ਨਗਾਰਾ ਏਹੁ,
ਆਪ ਹੀ ਨੈ ਲੀਨੋ ਫਿਰ ਮੋਹਿ ਕਿਆ ਵਿਚਾਰਾ ਹੈ[1] — [1]ਮੈਂ ਕੌਣ ਵਿਚਾਰਾ ਹਾਂ। (ਅ) ਮੈਨੂੰ ਕੀ ਇਤਰਾਜ਼ ਹੈ।
॥ ੧੨੪ ॥

ਦੇਖ ਅਤਿ ਸੁਧ ਚਿੱਤ ਸਾਧੂ ਕੌ ਗੁਰੁ ਨੈ ਫੇਰ,
ਵਾਪਸ ਨਗਾਰਾ ਦਯੋ ਸੰਗ ਮੈਂ ਨਿਸ਼ਾਨ[1] ਹੈ। — [1]ਝੰਡਾ।
ਫੇਰ ਨਿਜ ਦਸਤਾਰ ਬਖਸ਼ ਅਰਧ ਦਈ,
ਔਰ ਮੀਹਾਂ ਸਾਹਿਬ ਖਤਾਬ ਦਯੋ ਜਾਨ ਹੈ[1]। — [1](ਯੋਗ) ਜਾਣ ਕੇ।
ਯਾਂਹੀ ਤੈ ਮਹੰਤ ਤਾਂ ਕੀ ਗਾਦੀ ਪਰ ਹੋਤ ਜੋਊ,
ਰਾਖਤ ਅਰਧ-ਪਾਗ ਪ੍ਰਗਟ ਜਹਾਨ ਹੈ।
ਬਖਸ਼ਸ਼ ਗੁਰੂ ਜੀ ਕੇ ਸਾਧੂ ਕਹਿਲਾਤ ਏਹੈਂ,
ਗਾਦੀ ਜਿਨ ਕੇਰੀ ਪਟਜਾਲੇ ਮੈਂ ਮਹਾਨ ਹੈ
॥ ੧੨੫ ॥

ਸਾਧੂ ਹੈਂ ਅਗਾਧ[1] ਮੀਹਾਂ ਸਾਹਿਬ ਕੇ ਜਗ ਮਾਂਹਿ, — [1]ਚੰਗੇ।
ਡੇਰੇ ਜਿਨ ਕੇਰੇ ਹੈਂ ਵਧੇਰੇ ਹੀ ਜਹਾਨ ਪੈ।
ਬਖਸ਼ਸ਼ ਸਾਤਮੀ ਕੇ ਕਹੇ ਹਮ ਸਾਧੂ ਏਹੁ,
ਔਰ ਨੰਦ ਲਾਲ ਕੇ ਹੈਂ ਆਠਮੇਂ ਮਹਾਨ ਪੈ।
ਔਰ ਏਕ ਗੁਰੂ ਮਿਹਰਵਾਨ ਜੂ ਕੀ ਬਖਸ਼ਸ਼
ਕੇਰੇ ਹੈਂ ਦਿਵਾਨੇ ਸਾਧੂ ਬਿਦਤ ਕਿਤਾਨ ਪੈ[1]। — [1]ਕਿਤਨੇ ਹੀ ਭਾਵ ਬਹੁਤੇ ਪ੍ਰਗਟ ਹਨ।
ਹਰੀਆ ਔ ਬਾਲਾ ਜੱਟ ਦੋਊ ਹੁਤੇ ਮਾਲਵੇ ਕੇ,
ਸੇਵ ਸੋਢੀ ਮਿਹਰਵਾਨ ਕੇਰੀ ਕਰੀ ਆਨ ਪੈ[1] — [1]ਆ ਕੇ।
॥ ੧੨੬ ॥

ਜਾਂ ਕੇ ਹਿਤ ਹੋਇ ਅਤਿ ਮਿਹਰਵਾਨ ਮਿਹਰਵਾਨ,
ਸੇਲੀ ਟੋਪੀ ਕੇਰੀ ਕਰੀ ਬਖਸ਼ਸ਼ ਤਾਂਹਿ ਕੋ।
ਕਹਯੋ ਫੇਰ ਬਾਲੇ ਮੇਰੋ ਪੰਥ ਜਗ ਐਸੋ ਚਾਲੇ,
ਪਾਛੇ ਭਯੋ ਨਾ ਬਿਸਾਲੇ ਆਗੇ ਹੋਵੈ ਨਾਂਹਿ ਕੋ[1]। — [1]ਜਿਸ ਵਰਗਾ (ਬਿਸਾਲੇ) ਬਹੁਤਾ ਚੰਗਾ ਪਿਛੇ ਹੋਇਆ ਨਾ ਹੋਵੇ ਤੇ ਅੱਗੇ ਨੂੰ ਕੋਈ ਹੋਵੇ ਨਾ।

ਛੇਦੇ[1] ਕਾਨ ਗੋਰਖ ਮੈਂ ਹਾਥ ਨਾਕ ਛੇਦਜੋ ਚੈਹੋਂ,
ਸੁਨ ਕੈ ਮਿਹਰਵਾਨ ਕੀਨੋ ਐਸੋ ਵਾਂਹਿ ਕੋ।

[1]ਵਿੰਨ੍ਹੇ।

ਠੀਕਰਾ ਗਹਾਯੋ[1] ਹਾਥ ਸਿਰ ਮੂੰਹ ਮੁੰਡਵਾਯੋ[2],
ਮੂਸਲ ਧਰਾਯੋ ਕਾਂਧੇ[1] ਕਾਲਾ ਮੁਖ ਚਾਹਿ ਕੋ[2] ॥ ੧੨੭ ॥

[1]ਪਕੜਾ ਦਿੱਤਾ। [2]ਮੁੰਨਵਾਇਆ।

[1]ਮੋਢੇ ਤੇ (ਮੂਸਲ) ਮੂਹਲਾਰਖਵਾਇਆ। [2](ਚਾਹਿ) ਉਤਸ਼ਾਹ ਨਾਲ ਕਾਲਾ ਮੂੰਹ (ਕੋ) ਕਰ ਦਿੱਤਾ।

ਬਲਖੀ ਡਰਾਇ ਗਰੇ ਸੰਖ ਮਾਲ ਪਹਿਰਾਇ,
ਸਿਰ ਪਰ ਟੋਪ ਮੋਰ ਪੰਖਨ ਧਰਾਯੋ ਹੈ[1]।

[1]ਗਲ੍ਹ ਵਿੱਚ (ਬਲਖੀ) ਗੋਦੜੀ ਪੁਆ ਕੇ ਸੰਖਾਂ ਦੀ ਮਾਲਾ ਪਹਿਨਾ ਕੇ ਸਿਰ ਉੱਤੇ ਮੋਰ ਦੇ ਖੰਭਾਂ ਦਾ ਟੋਪਰਖਾ ਦਿੱਤਾ।

ਕਹਜੋ ਨਾਕ ਕਟਜੋ ਮੁਖ ਕਾਲਾ ਭਯੋ ਮੁੰਡਜੋ ਗਯੋ,
ਹਾਥ ਕਟਜੋ ਯੇਹੀ ਜੋਊ ਠੀਕਰਾ ਗਹਾਯੋ ਹੈ[1]।

[1]ਕਿਹਾ ਕਿ ਜਿਹੜਾ ਤੇਰਾ ਮੂੰਹ ਕਾਲਾ ਹੋਇਆ ਹੈ ਤੇ (ਸਿਰ ਮੂੰਹ) ਮੁੰਨਿਆ ਗਿਆ ਹੈ ਇਹ ਤੇਰਾ ਨੱਕ ਕੱਟਿਆ ਹੈ ਜਿਹੜਾ ਠਿੱਕਰਾ ਪਕੜਾਇਆ ਹੈ ਏਹੀ ਤੇਰੇ ਹੱਥ ਕੱਟੇ ਹਨ।

ਫੇਰ ਪਾਛੇ ਢੋਲ ਬਜਵਾਇ ਕੈ ਨਚਾਯੋ ਆਛੇ,
ਭੇਖ ਯੇ ਦਿਵਾਨਾ ਯਾਂਨੇ ਪਗਲਾ[1] ਬਨਾਯੋ ਹੈ।

[1]ਸ਼ੁਦਾਈ।

ਐ ਪੈ ਤਾਂ ਕੇ ਸਿਦਕ ਔ ਕਰਨੀ ਬੁਲੰਦ ਹੂੰ ਨੈ,
ਅਜ਼ਮਤ ਵਾਰੋ ਬਾਲਾ ਅਤੀ ਬਿਦਤਾਯੋ ਹੈ[1] ॥ ੧੨੮ ॥

[1]ਪਰ ਤਿਸ ਦੇ ਭਰੋਸੇ ਤੇ ਉੱਚੀ ਕਮਾਈ ਨੇ ਹੀ ਸ਼ਕਤੀ ਵਾਲਾ ਬਾਲਾ ਬਹੁਤ ਮਸ਼ਹੂਰ ਕਰ ਦਿੱਤਾ।

ਤਾਂ ਕਾ ਚੇਲਾ ਫੇਰ ਪੀਰ ਹਰੀਆ ਬਿਦਤ ਭਯੋ,
ਦੂਸਰਾ ਨੌਸ਼ਾਹ, ਤੀਜਾ ਪੀਰ ਭਾਰਾ ਭਯੋ ਹੈ।
ਜਾਂ ਕੀ ਕਰਾਮਾਤ ਪਿਖਿ, ਬੋਦਲੇ ਪਚਾਧੇ ਭੱਟੀ,
ਕੌਮ ਹੂੰ ਨੈ, ਲੂਟਨੈ ਤੈ ਮਾਲਵਾ ਤਜਯੋ ਹੈ[1]।

[1]ਬੋਦਲੇ (ਵੱਟੂਰਾਜਪੂਤਾਂ ਦੀ ਇਕ ਸ਼ਾਖ), ਪਚਾਧੇ ਤੇ ਭੱਟੀਰਾਜਪੂਤਾਂ ਦੀ ਕੌਮ ਨੇ ਹੀ ਮਾਲਵਾ ਲੁੱਟਣਾ ਛੱਡ ਦਿੱਤਾ।

ਯਾਂਹੀ ਹਿਤ ਠੂਠਾ ਤਾਂ ਕੋ ਸਵਾ ਮਣ ਅੰਨ ਕੇਰੋ,
ਦੇਤ ਦੇਸ ਮਾਲਵਾ ਬਿਸੇਸ ਅਬਿ ਲਯੋ ਹੈ[1]।

[1]ਬਹੁਤਾ ਮਾਲਵਾ ਦੇਸ ਹੁਣ ਤੱਕ ਦੇਂਦਾ ਹੈ।

ਗਾਦੀ ਏਸ ਭੇਖ ਕੀ ਪੈ ਅਬਿ ਲੌ ਰਹਿਤ ਪੀਰ,
ਪਿੰਡ ਕੋਟ ਪੀਰ ਕੇ ਮੈਂ ਗ੍ਰਿਹਸਤੀ ਲਖਯੋ ਹੈ[1] ॥ ੧੨੯ ॥

[1]ਪੀਰ ਕੇ ਕੋਟ ਪਿੰਡ ਵਿੱਚ ਗ੍ਰਹਿਸਤੀ ਪੀਰ ਹੁਣ ਤੱਕਰਹਿੰਦਾ ਜਾਣਿਆ ਹੈ।

ਇਸੀ ਭੇਖ ਮਾਂਹਿ ਏਕ ਰਾਮਦਾਸ ਸਾਧੁ ਭਯੋ,
ਸ਼ਹਰ ਪੱਟਜਾਲੇ ਜਿਨ ਡੇਰਾ ਨਿਜ ਠੱਟਜੋ[1]।

[1]ਬਣਾਇਆ।

ਪੰਥ ਏਹ ਦਿਵਾਨਜੋਂ ਕਾ ਸਿੰਘਨ ਕੇ ਰਾਜ ਸਮੇਂ,
ਅਤਿ ਹੀ ਬਢਜੋ ਥਾ ਅਬਿ ਦੇਖੀਯਤ ਘੱਟਯੋ।

ਰਾਖਤੇ ਹੈਂ ਮੋਰ-ਪੰਖ ਸੰਖ-ਮਾਲ ਲੱਠ ਕਾਂਧੇ,
ਢੋਲ ਬਜਵਾਇ ਨਾਚ ਨਾਚਤ ਅਘੱਟਯੋ[1]। [1]ਬਹੁਤਾ।
ਕੇਚਿਤ ਉਦਾਸੀਓਂ ਕੀ ਰੀਤਿ ਹੂੰ ਰਖਾਵਤੇ ਹੈਂ,
ਪੂਜਤੇ ਹੈਂ ਗ੍ਰੰਥ ਗੁਰੁ ਸਤਿਨਾਮੁ ਪੱਠਯੋ[1] ॥੧੩੦॥ [1]ਪੜ੍ਹਦੇ ਹਨ।

ਰਾਮਰੱਈਏ

ਔਰ ਰਾਮਰਾਈਏ ਜੇਈ ਸਾਧੁ ਹੈਂ ਉਦਾਸੀ ਬਹੁ,
ਗੁਰੂ ਰਾਮ-ਰਾਇ ਤਿਨ ਹੂੰ ਕੋ ਨਿਜ ਥੱਟਯੋ[1]। [1]ਆਪਣਾ ਗੁਰੂ ਬਣਾਇਆ ਹੈ।
ਐ ਪੈ ਬਾਲੂ ਹਸਨੇ ਕੀ ਸੰਪ੍ਰਦਾ ਮੈਂ ਆਹਿਂ ਸੋਊ,
ਬਿਨ ਰਾਮਰਾਇ ਔਰ ਮਾਨਨਾਂ ਹੂੰ ਸੱਟਯੋ[1]। [1]ਹੋਰ ਕਿਸੇ ਨੂੰ ਮੰਨਣਾ ਹੀ ਛੱਡ ਦਿੱਤਾ ਹੈ।
ਔਰ ਸਭਿ ਰੀਤਿ ਸਤਿਨਾਮੁ ਕੇ ਉਪਾਸ਼ਕੋਂ ਕੀ,
ਗਾਦੀ ਜਿਨੈ ਰਾਮਰਾਇ ਦੇਹਰਾ ਅਘੱਟਯੋ[1]। [1]ਵੱਡੀ ਗੱਦੀਰਾਮਰਾਇ ਦੇ ਦੇਹਰੇ (ਡੇਹਰਾਦੂਨ ਵਿੱਚ) ਲਗਾਤਾਰ ਚਲ ਰਹੀ ਹੈ।
ਜੇਤਿਕ ਉਦਾਸੀ ਔ ਦਿਵਾਨੇ ਭਏ ਬਖਸ਼ੋਂ ਸੈਂ,
ਸਭਿ ਕਾ ਹਵਾਲ ਹਮ ਜੈਸ ਸੁਨ੍ਯੋ ਰੱਟਯੋ[1] ॥੧੩੧॥ [1]ਕਿਹਾ ਹੈ।

ਸੁਥਰੇ ਕੀ ਕਥਾ

ਦੋਹਰਾ:

ਜਿਹ ਬਿਧਿ ਸੁਥਰਾ ਪੰਥ ਯਹਿ,
ਪ੍ਰਗਟ ਭਯੋ ਜਗ ਮਾਂਹਿ।
ਤਿਨ ਕੀ ਉਤਪਤਿ ਸੁਨੋ ਅਬਿ,
ਸ੍ਰੋਤਾਗਨ ਮਨ ਚਾਹਿ ॥੧੩੨॥
ਅਏ ਲੌਟ ਕਸ਼ਮੀਰ ਤੈ,
ਜਬਿ ਗੁਰੁ ਹਰਿ ਗੋਬਿੰਦ।
ਸੋਲਾਂ ਸਏ ਬਿਆਸੀਏ,
ਤਬਿ ਹੀ ਸੁਥਰਾ ਚੰਦ ॥੧੩੩॥

ਕਬਿੱਤੁ:

ਉੱਤਰ ਦਿਸਾ ਮੈਂ ਏਕ ਗਾਮ ਹੈ ਬਰਾਮ ਪੁਰ,
ਤਹਾਂ ਨੰਦੇ ਖੱਤ੍ਰੀ ਕੇ ਧਾਮ ਤਨ ਹੁੱਥਰਾ[1]। [1]ਘਰ ਵਿੱਚ ਸ਼ਰੀਰ ਨੂੰ ਧਾਰਿਆ ਭਾਵ ਜਨਮ ਲਿਆ।
ਜਨਮਤ ਹੀ ਕੇ ਦਾਂਤ ਪੇਖ ਤਾਂਹਿ ਮਾਤ ਤਾਤ[1], [1]ਪਿਤਾ।

ਬੂਝਯੋ ਦਿਜ[1] ਕਹੀ ਬਾਤ ਬੁਰੋ ਏਹੁ ਬੁੱਥਰਾ[2]।
ਕਾਨਨ ਮਝਾਰ ਗਿਰਵਾਇ ਦਯੋ ਦਿਜਿ ਖਾਰਿ,
ਆਏ ਗੁਰੁ ਖੇਲਤ ਸ਼ਿਕਾਰ ਹੇਰਯੋ ਤੁੱਥਰਾ[1]।
ਉਠਵਾਯੋ ਸਿੱਖ ਤੈ ਸੁਨਾਯੋ ਸਿੱਖ ਕੁਥਰਾ[1] ਹੈ,
ਫੇਰ ਗੁਰੁ ਗਾਯੋ[1] ਲਜਾਯੋ ਬਾਲ ਏਹੁ ਸੁੱਥਰਾ[2] ॥ ੧੩੪ ॥
ਸੰਗ ਨਿਜ ਲਜਾਇ ਗੁਰੁ ਲੀਓ ਪਲਵਾਇ ਬਾਲ,
ਪਾਂਚ ਸਾਲ ਕੇਰੋ ਜਬਿ ਭਯੋ ਸਮ ਗੁੱਥਰੇ[1]।
ਮਾਤ ਤਾਤ ਸਾਰ ਪਾਇ ਲੈ ਗਏ ਗੁਰੂ ਤੇ ਆਇ,
ਮਰੇ ਜੌਂ ਸਬੰਧੀ ਸਭਿ ਕਾਲ ਪਾਇ ਉੱਥਰੇ[1]।
ਮਾਲ ਧਨ ਪਾਯੋ ਜੋ ਲੁਟਾਯੋ ਖਾਯੋ ਸਭਿ ਹੀ ਸੋ,
ਆਯੋ ਫੇਰ ਗੁਰੁ ਢਿਗ ਮੋਦ ਹ੍ਵੈ ਪਲੁੱਥਰੇ[1]।
ਸੁਤ ਸ਼ਾਹੂਕਾਰ ਕਾ ਨਿਹਾਰ ਕੈ ਉਚਾਰਯੋ ਗੁਰੁ,
ਸਹਿਜ ਸੁਭਾਇ ਆਇ ਪੂਤ ਸ਼ਾਹਿ ਸੁਥਰੇ ॥ ੧੩੫ ॥

ਸੋਰਠਾ:
ਤਬਿ ਤੈ ਸੁਥਰੇ ਸ਼ਾਹਿ,
ਨਾਮ ਭਯੋ ਯੌਂ ਤਾਂਹਿ ਕਾ।
ਬਹੁ ਦਿਨ ਰਹਿ ਗੁਰੁ ਪਾਹਿ,
ਸੇਵ ਕਰੀ ਤਿਨ ਅਧਿਕ ਹੀ ॥ ੧੩੬ ॥

ਕਬਿੱਤ:
ਫੇਰ ਗੁਰੁ ਹਰਿਰਾਇ ਪਾਸ ਰਹਯੋ ਮੋਦ ਪਾਇ,
ਕੌਤਿਕ ਬਿਲਾਸ[1] ਬਹੁ ਬਿਧਿ ਕੇ ਦਿਖਾਵਤੋ।
ਲੰਗਰ ਤਿਆਰ ਜਬਿ ਹੋਇ ਗੁਰੁ ਕੇਰੋ ਤਬਿ,
ਨਿਤ ਪ੍ਰਤਿ ਬੇਨਵਾ[1] ਫਕੀਰ ਏਕ ਆਵਤੋ।
ਚੌਂਕੇ ਕੀ ਬਿਲਾਈ ਇਸ ਫੱਕਰ ਕੇ ਤਾਂਈਂ,
ਹੋਇ ਹਾਜਰ ਸੋ ਭੇਜ ਦੇਹੁ ਬੋਲ ਯੌਂ ਸੁਨਾਵਤੋ[1]।

[1]ਬ੍ਰਾਹਮਣ। [2]ਇਹ ਬੁਰੇ (ਬੁੱਥਰਾ) ਬੂਥੇ (ਮੂੰਹ) ਵਾਲਾ ਹੈ।
[1]ਬ੍ਰਾਹਮਣ ਨੇ (ਖਾਰ) ਦ੍ਵੈਸ਼ ਨਾਲ ਜੰਗਲ ਵਿੱਚ ਸੁਟਵਾ ਦਿੱਤਾ, ਗੁਰੂ ਜੀ ਸ਼ਿਕਾਰ ਖੇਲਦੇ ਆਏ ਤਾਂ ਉਹ (ਤੁੱਥਰਾ) ਤੁੱਥ ਮੁੱਥ ਜਿਹਾ ਭਾਵ ਬਦ-ਸ਼ਕਲ ਬਾਲਕ ਦੇਖਿਆ।
[1]ਮੈਲਾ, ਗਲੀਜ਼, ਅਪਵਿੱਤਰ।
[1]ਕਿਹਾ। [2]ਸਾਫ਼ ਹੈ।
[1]ਗੁਥਲੇ ਵਾਂਗ (ਮੋਟਾ)।
[1]ਸਮਾਂ ਪਾ ਕੇ ਉੱਥੇ।
[1]ਉਸੇ ਪਲ, ਉਸੇ ਹੀ ਸਮੇਂ।
[1]ਹਾਸੇ ਦੇ।
[1]ਮੁਸਲਮਾਨ ਫ਼ਕੀਰਾਂ ਦਾ ਇਕ ਫ਼ਿਰਕਾ ਜੋ ਸ਼ਰ੍ਹਾ ਦਾ ਪਾਬੰਦ ਨਹੀਂ।
[1]ਮੈਂ ਚੌਂਕੇ ਦੀ ਬਿੱਲੀ ਹਾਂ, ਮੈਨੂੰ ਇਸ ਫੱਕਰ ਨੂੰ ਜੋ ਚੀਜ਼ ਹਾਜ਼ਰ ਹੈ ਭੇਜ ਦੇਉ, ਇਹ ਬੋਲ ਸੁਣਾਉਂਦਾ।

ਜਿਸ ਦਿਨ ਹੋਤੀ ਕੁਛ ਦੇਰ ਫੇਰ ਮੁਸਲਾ ਸੋ
ਆਪਨੀ ਫਕੀਰੀ ਪੀਰੀ ਅਧਿਕ ਜਨਾਵਤੋ
॥੧੩੭॥
ਤਾਂ ਕਾ ਪਿਖਿ ਤੌਰ[1] ਫੇਰ ਏਕ ਦਿਨ ਸੁਥਰੇ ਨੈ,   [1]ਤਰੀਕਾ, ਢੰਗ।
ਕਹਯੋ ਖੜ੍ਹਾ ਰਹੁ ਰੇ ! ਤੂੰ ਕੂਕਰ ਮਿਦਾਨ ਕੇ[1]।   [1]ਮੈਦਾਨ ਦੇ ਕੁੱਤੇ।
ਜੁਠਾ ਕੂਠਾ ਬਚਜਾ ਖੁਦਜਾ ਮਿਲ ਜੈਹੈ ਪੀਛੇ ਤੋਹਿ,
ਸੁਨ ਕੈ ਫਕੀਰ ਕਹਯੋ ਅਤਿ ਰਿਸ ਠਾਨ ਕੇ।
ਕੌਨ ਹੋਵੇ ਬਾਲਕ ਤੂੰ ਤਾਲਕ[1] ਰਖਾਤ ਕਜਾ ਹੈਂ,   [1]ਸਬੰਧ।
ਮਾਲਕ ਦਿਲਾਵਤ ਹੈ ਫੱਕਰ ਪਛਾਨ ਕੇ।
ਆਪਸ ਮੈਂ ਬਢੀ ਰਾਰਿ[1] ਸੁਥਰੇ ਨੈ ਬਲ ਧਾਰ,   [1]ਲੜਾਈ।
ਸੇਲੀ ਤਾਂ ਕੇ ਸਿਰ ਤੈ ਉਤਾਰ ਲਈ ਆਨ ਕੇ
॥੧੩੮॥
ਗੇਰ ਫੇਰ ਕੂਪ ਮਾਂਹਿ[1] ਕਹਯੋ ਯੌਂ ਸੁਨਾਇ ਤਾਂਹਿ,   [1]ਖੂਹ ਵਿੱਚ।
ਜੇ ਤੂੰ ਲੀਓ ਚਾਂਹਿਂ ਤਾਂ ਬੁਲਾਇ ਯਾਂਹਿ ਲੀਜੀਏ।
ਹੋਇਗੀ ਜੋ ਤੇਰੀ ਤਬਿ ਤੋਹੀ ਢਿਗ ਐਹੈ ਟੇਰੀ[1],   [1]ਕਹਿਣ ਨਾਲ।
ਮੇਰੇ ਢਿਗ ਐਹੈ ਜੌ ਤੌ ਮੇਰੀ ਲਖ ਲੀਜੀਏ[1]।   [1]ਜਾਣ ਲਉ।
ਰਹਯੋ ਸੋ ਬੁਲਾਇ ਜੋਰ ਲਾਇ ਕੈ ਫਕੀਰ ਬਹੁ,
ਸੇਲੀ ਕੂਪ ਤੈ ਨ ਆਈ[1] ਬਾਹਰ ਲਖੀਜੀਏ।   [1]ਦੌੜੀ ਆਈ।
ਫੇਰ ਜਬਿ ਸੁਥਰੇ ਬੁਲਾਈ ਸੇਲੀ ਕੂਪ ਮੈਂ ਸੇ,
ਧਾਈ ਆਈ ਪਾਈ ਸ਼ਾਹਿ-ਸੁਥਰੇ ਪਿਖੀਜੀਏ
॥੧੩੯॥
ਔਰ ਅਜ਼ਮਤ ਪਰਚੰਡਾ[1] ਦਿਖਰਾਇ, ਲੀਓ   [1]ਤਿੱਖੀ ਕਰਾਮਾਤ।
ਸੁਥਰੇ ਨੈ ਡੰਡਾ ਛੀਨ[1], ਤਾਂਹਿ ਕਾ ਅਕਲ ਸੋਂ।   [1]ਖੋਹ ਲਿਆ।
ਯਾਹਿ ਬਿਧਿ ਸੇਲੀ ਡੰਡਾ ਪਾਯੋ ਜਬਿ ਸੁਥਰੇ ਨੈ,
ਸੇਲੀ ਟੋਪੀ ਦਈ ਫੇਰ ਗੁਰੁ ਹੇਰਿ ਭਲ ਸੋ[1]।   [1]ਦੇਖ ਕੇ ਚੰਗੀ ਤਰ੍ਹਾਂ।
ਤਾਂ ਦਿਨ ਤੈ ਸੁਥਰਾ ਫਕੀਰ ਪ੍ਰਸਿੱਧ ਭਯੋ[1],   [1]ਮਸ਼ਹੂਰ ਹੋ ਗਿਆ।
ਦਿੱਲੀ ਜਾਇ ਪਰਚੇ[1] ਦਿਖਾਏ ਸ਼ਾਹਿ ਖਲ ਸੋਂ[2]।   [1]ਕਰਾਮਾਤ ਦੇ ਚਮਤਕਾਰ। [2]ਮੂਰਖ ਬਾਦਸ਼ਾਹ ਨੂੰ।
ਕਾਜੀ ਤਬਿ ਚਾਟ ਟੀਕਾ ਜੰਞੂ ਤੋੜ ਲੇਵਤੇ ਥੇ,
ਹਿੰਦੂਆਂ ਕੋ ਤੁਰਕ ਕਹਤ ਹੁਤੇ ਬਲ ਸੋਂ
॥੧੪੦॥

ਜੰਞੂ ਪਾਇ ਸੂਰ ਕਾ ਔ ਟੀਕਾ ਲਾਇ ਬਿਸਟਾ ਕਾ,
ਸ਼ਾਹਿ ਕੇ ਹਜੂਰ ਜਾਇ ਕਾਜੀ ਤਈਂ ਟੇਰਿਓ[1]। [1]ਕਿਹਾ।
ਯਾਂ ਤੋ ਟੀਕਾ ਚਾਟ ਮੇਰੋ ਜੰਞੂ ਤੋੜ ਲੇਹ ਏਹ,
ਨਹੀਂ ਫੇਰ ਕਬੀ ਕਿਸੀ ਹਿੰਦੂ ਕੋ ਨ ਛੇਰਿਓ।
ਬਨਵਾਇ ਜੂਤੀ ਸਵਾ ਗਜ ਕੀ ਕੀਮਤ ਲਾਇ,
ਨਿਸ ਕੋ ਮਸੀਤ ਮਾਂਹਿ ਧਰੀ ਜਾਇ ਹੇਰਿਓ[1]। [1]ਦੇਖ ਕੇ ਜਾਰੱਖੀ।
ਕਾਜੀਓਂ ਨੈ ਹੇਰੀ ਕਹੀ ਜੂਤੀ ਹੈ ਖੁਦਾਇ ਕੇਰੀ,
ਪਢਨ ਨਿਵਾਜ ਆਯੋ ਅੱਲਾ ਇਮ ਟੇਰਿਓ[1] ॥ ੧੪੧ ॥ [1]ਕਾਜ਼ੀਆਂ ਨੇ ਇਉਂ ਕਿਹਾ ਕਿ ਅੱਲਾ ਨਿਵਾਜ਼ ਪੜ੍ਹਨ ਆਇਆ ਹੋਣਾ ਹੈ।
ਚੂਮ ਚਾਟ ਸਿਜਦੇ[1] ਕਰਤ ਔ ਧਰਤ ਸਿਰ ਭਏ, [1]ਨਮਸ਼ਕਾਰਾਂ।
ਬਾਦਸ਼ਾਹਿ ਆਦਿ ਤੁਰਕ ਅਪਾਰੇ ਹੈਂ।
ਫੇਰ ਧਰਿ ਬਾਂਸ ਪਰ ਜੂਤੀ ਨਿਜ ਦੂਸਰੀ ਕੋ,
ਦਿੱਲੀ ਮਾਂਹਿ ਸੁਥਰੇ ਪੁਕਾਰਯੋ ਇਮ ਸਾਰੇ ਹੈ।
ਕੱਲ ਰਾਤ ਮੇਰਾ ਜੂਤਾ ਲੈ ਗਯੋ ਉਠਾਇ ਕੂਤਾ[1], [1]ਕੁੱਤਾ।
ਹੇਰਯੋ ਕਾਹੂੰ ਹੋਇ ਤੌ ਬਤੱਈਏ ਉਪਕਾਰੇ ਹੈਂ[1]। [1]ਇਹ ਉਪਕਾਰ ਹੈ।
ਪੇਖ ਕਰਿ ਕਾਜੀ ਸ਼ਰਮਿੰਦੇ ਹ੍ਵੈ ਪੁਕਾਰੇ ਜਾਇ,
ਬਾਦਸ਼ਾਹਿ ਪਾਸ ਭੇਦ ਕਹਯੋ ਸਭਿ ਧਾਰੇ ਹੈਂ[1] ॥ ੧੪੨ ॥ [1]ਸਾਰਿਆਂ ਨੇ ਇਕੱਠੇ ਹੋ ਕੇ।

ਚੌਪਈ:

ਸੁਥਰੇ ਕੋ ਪਤਿਸ਼ਾਹਿ ਬੁਲਾਯੋ।
ਕਹਯੋ ਸ਼ੋਰ ਤੈਂ ਕਾਂਹਿ ਮਚਾਯੋ।
ਤੁਵ ਪਗ[1] ਜੇ ਜੂਤਾ ਨਹਿੰ ਐਹੈ। [1]ਤੇਰੇ ਪੈਰ ਵਿੱਚ।
ਜਾਨ ਤੁਮਾਰੀ ਮਾਰੀ ਜੈਹੈ ॥ ੧੪੩ ॥
ਸੁਥਰੇ ਕਹਯੋ ਜੂਤ ਦਿਖਰੱਯੇ।
ਨਹਿੰ ਪਗ ਪਰੈ ਤਬੈ ਹਰ ਦੱਯੇ[1]। [1]ਮਾਰ ਦਿਆ ਜੇ।
ਬਾਦਸ਼ਾਹ ਜੂਤਾ ਮੰਗਵਾਯੋ।
ਨਿਜ ਪਗ ਮੈਂ ਸੁਥਰੇ ਨੈ ਪਾਯੋ ॥ ੧੪੪ ॥
ਸੁਥਰੇ ਪਾਂਉ ਬਢਾਏ ਐਸੇ।
ਮਸਾਂ ਪਰੇ ਜੂਤੇ ਮੇਂ ਜੈਸੇ।
ਬਾਦਸ਼ਾਹ ਪਿਖਿ ਭਯੋ ਹਿਰਾਨੈ।

ਵਲੀ[1] ਪਛਾਨਜੋਂ ਸੁਥਰਾ ਜ੍ਵਾਨੈਂ ॥੧੪੫॥ — [1]ਕਰਾਮਾਤੀ।
ਸੁਥਰੇ ਬੁਧਿ ਸ਼ਾਹਿ ਕੀ ਫੇਰੀ।
ਛੋਡੀ ਜ਼ਿੱਦ ਮਜ਼ਬ ਨਿਜ ਕੇਰੀ।
ਟੀਕਾ ਚਾਟਨ ਜੰਞੂ ਤੋਰਨ।
ਕਰਜੋ ਹਿੰਦੂਅਨ ਕੇਰੋ ਛੋਰਨ ॥੧੪੬॥
ਲਿਖ ਦੀਨੋ ਸੁਥਰੇ ਕੋ ਚਾਹੀ[1]। — [1]ਉਤਸ਼ਾਹ ਨਾਲ, (ਅ) ਚਾਹ ਕੇ।
ਪੈਸਾ ਹੱਟੀ ਦੈ ਸਭਿ ਸ਼ਾਹੀ[1]। — [1]ਮੇਰੀ ਸਾਰੀ ਬਾਦਸ਼ਾਹੀ ਦੇ ਅੰਦਰ ਹਰ ਕੋਈ ਹੱਟੀ ਵਾਲਾ ਇਕ ਪੈਸਾ ਦੇਵੇ।
ਜੋ ਅਬਿ ਲੌ ਭੀ ਸੁਥਰੇ ਲੈ ਹੈਂ।
ਬਨਕ[1] ਲੋਗ ਸਭਿ ਹੀ ਨਿਤ ਦੈ ਹੈਂ ॥੧੪੭॥ — [1]ਬਾਣੀਏ।
ਕਰਾਮਾਤ ਸੁਥਰੇ ਨੈ ਤਬੈ।
ਦਿਖਰਾਈ ਬਹੁ ਜਾਨਤ ਸਭੈ।
ਕਰਜੋ ਰਜਾਲ-ਸ਼ਾਹਿ ਇਕ ਚੇਲਾ।
ਵਹਿ ਭੀ ਅਜ਼ਮਤ ਸਜਿ ਮਤ ਖੇਲਾ[1] ॥੧੪੮॥ — [1]ਕਰਾਮਾਤ ਨਾਲ ਸਜ ਕੇ ਮਸਤ ਹੋ ਕੇ ਖੇਡਿਆ।
ਸੱਤ੍ਰਾਂ ਸੈ ਅਠੱਤੀਏ ਸਾਲੈਂ।
ਸੁਥਰਾ ਗਯੋ ਪ੍ਰਲੋਕ ਨਿਹਾਲੈਂ[1]। — [1]ਦੇਖ ਲਉ।
ਚੇਲੇ ਦੋਇ ਰਜਾਲ-ਸ਼ਾਹਿ ਕੇ।
ਭਏ ਵਲੀ ਫਿਰ ਬਿਦਤ ਚਾਹਿ ਕੇ[1] ॥੧੪੯॥ — [1]ਫੇਰ ਉਤਸ਼ਾਹ ਦੇ ਨਾਲ ਕਰਾਮਾਤੀ ਪ੍ਰਗਟ ਹੋਏ।
ਸਹਿਜਾ ਨੰਦਾ ਝੈਂਗੜ ਸ਼ਾਹੈਂ।
ਜਿਨ ਤੇ ਬਢੇ ਸਾਧੁ ਜਗ ਮਾਹੈਂ।
ਸੇਲੀ ਟੋਪੀ ਡੰਡਾ ਲੈ ਕੈ।
ਝੈਂਗੜ ਸ਼ਾਹਿ ਸਿਦਕ ਅਤਿ ਕੈ ਕੈ[1] ॥੧੫੦॥ — [1]ਬਹੁਤ ਭਰੋਸਾ ਕਰਕੇ।

ਦੋਹਰਾ:
ਦੇਵੀ ਜ੍ਵਾਲਾ ਮੁਖੀ ਕੇ,
ਥਿਰਜੋ ਦ੍ਵਾਰ ਪਰ ਜਾਇ[1]। — [1]ਦਰਵਾਜ਼ੇ ਉਪਰ ਜਾ ਖੜ੍ਹਾ ਹੋਇਆ।
ਇਕ ਡੰਡਾ ਨਿਜ ਭੁਜਾ ਪਰ,
ਰਹਜੋ ਬਜਾਵਤ ਗਾਇ ॥੧੫੧॥
ਉਸਤਤਿ ਦੁਰਗਾ ਕੀ ਕਰੀ,
ਇਸਥਿਤ ਹ੍ਵੈ ਇਕ ਠੌਰ।
ਖੁਸ਼ੀ ਹੋਇ ਦੇਵੀ, ਦੁਤੀ

ਡੰਡਾ ਬਖਸ਼ਯੋ ਔਰ ॥ ੧੫੨ ॥
ਭਵਨ ਮਾਤ ਕੇ ਹਵਨ ਕਾ
ਸੇਸ ਕਹਾਵਤ ਜੋਇ[1]। [1]ਦੇਵੀ ਦੇ ਮੰਦਰ ਦੇ ਹਵਨ ਦਾ (ਸੇਸ) ਸੀਤ ਪ੍ਰਸ਼ਾਦ ਜੋ ਅਖਵਾਉਂਦਾ ਹੈ।
ਤਿਲਕ ਸ਼ਜਾਮ[1] ਤਹਿਂ ਤੇ ਮਿਲਜੋ, [1]ਕਾਲਾ ਤਿਲਕ।
ਦਯੋ ਭੋਜਕੀ[1] ਸੋਇ ॥ ੧੫੩ ॥ [1]ਦੁਰਗਾ ਦੇ ਪੁਜਾਰੀ ਨੇ।
ਤਿਲਕ ਸਜਾਮ ਡੰਡੇ ਉਭੈ,
ਤਬਿ ਤੈ ਸੁਥਰਜੋਂ ਮਾਂਹਿਂ।
ਭਏ ਲਖੋ ਪ੍ਰਸਿੱਧ ਯਹਿ,
ਜੋ ਅਬਿ ਸਭੈ ਰਖਾਂਹਿਂ ॥ ੧੫੪ ॥

ਚੌਪਈ:

ਪੰਥ ਗੁਰੂ ਘਰ ਕਾ ਇਹੁ ਆਹੀ।
ਬ੍ਰਿੱਧ ਭਯੋ[1] ਯੌਂ ਸੁਥਰੇ ਸ਼ਾਹੀ। [1]ਵਧਿਆ ਹੈ।
ਸਤਿਗੁਰੁ ਨਾਨਕ ਸ਼ਾਹਿ ਕਹਾਏ।
ਸੋ ਸ਼ਾਹੀ ਪਦ ਮਿਲਜੋ ਇਨਾਏ[1] ॥ ੧੫੫ ॥ [1]ਇਨ੍ਹਾਂ ਨੂੰ।
ਰੀਤਿ ਅਹੇ ਗੁਰੁ ਘਰ ਕੀ ਜੇਤੀ।
ਫੱਕਰ ਸੁਥਰੇ ਰਾਖਤ ਤੇਤੀ।
ਸਤਿਨਾਮੁ ਉਪਦੇਸ਼ ਦਿਢਾਵਤ।
ਪਗ ਪਾਹੁਲ ਚੇਲੇ ਕੋ ਪਜਾਵਤ ॥ ੧੫੬ ॥
ਬਾਨੀ ਗੁਰੁ ਕੀ ਜਪੁ ਜੀ ਆਦਿਕ।
ਪਢਤ ਗ੍ਰੰਥ ਗੁਰੁ ਲਖਿ ਸੁਖ ਸਾਧਕ[1]। [1]ਸੁਖਾਂ ਨੂੰ ਦੇਣ ਵਾਲੇ ਜਾਣ ਕੇ ਗੁਰੂ ਗ੍ਰੰਥ ਸਾਹਿਬ ਪੜ੍ਹਦੇ ਹਨ।
ਈਸ਼੍ਵਰ ਕੀ ਉਪਾਸ਼ਨਾ ਠਾਨਤ।
ਗੁਰੁ ਦੇਵੀ ਬਿਨੁ ਪੀਰ ਨ ਮਾਨਤ ॥ ੧੫੭ ॥
ਔਰ ਕ੍ਰਿਤ ਨਹਿਂ ਕੋਇ ਕਮੈ ਹੈਂ।
ਪੈਸਾ ਮਾਂਗ ਦੁਕਾਨੋਂ ਖੈ ਹੈਂ ॥ ੧੫੮ ॥

ਦੋਹਰਾ:

ਸੁਥਰੇ ਸ਼ਾਹੀ ਪੰਥ ਕੀ,
ਉਤਪਤਿ ਕਹੀ ਸੁਨਾਇ।
ਅੱਡਣ ਸ਼ਾਹੀ ਪੰਥ ਕੀ,
ਸੁਨੋ ਗਾਥ ਧਰਿ ਭਾਇ[1] ॥ ੧੫੯ ॥ [1]ਪ੍ਰੇਮ ਧਾਰ ਕੇ।

ਕਥਾ ਅੱਡਣ ਸ਼ਾਹੀਓਂ ਕੀ

ਚੌਪਈ:

ਸ਼ਹਿਰ ਵਜੀਰਾਵਾਦ ਨਜੀਕੈਂ।
ਨਗਰ ਸੋਦਰਾ ਹੈ ਇਨ ਨੀਕੈਂ।
ਖੱਤ੍ਰੀ ਧੱਮਨ ਗੋਤ੍ਰ ਤਹਾਂ।
ਬਸਤ, ਦਿਵਾਨ ਕਹਾਵਤ ਮਹਾਂ[1] ॥ ੧੬੦ ॥ [1]ਵੱਡੇ ਦਿਵਾਨ ਅਖਵਾਉਂਦੇ ਸਨ।
ਤਿਨ ਮੈਂ ਭਯੋ ਘਨੱਯਾ ਰਾਮੂ।
ਹਰਿ ਗੁਰੁ ਭਗਤ ਅਧਿਕ ਅਭਿਰਾਮੂ।
ਤੇਗ ਬਹਾਦਰ ਗੁਰੁ ਕੀ ਬਾਨੀ।
ਸੁਨਿ ਤਿਹ ਭਯੋ ਵੈਰਾਗ ਮਹਾਨੀ ॥ ੧੬੧ ॥
ਨਗਰ ਡਰੋਲੀ ਮਾਲਵ ਦੇਸੈਂ।
ਥਿਰੇ ਹੁਤੇ ਗੁਰੁ ਤਹਾਂ ਬਿਸੇਸੈਂ।
ਤਹਿਂ ਠਾਂ ਨੌਮ ਗੁਰੂ ਕੀ ਸਾਮ[1]। [1]ਸ਼ਰਣ।
ਪਹੁੰਚਤ ਭਯੋ ਘਨੱਯਾ ਰਾਮ ॥ ੧੬੨ ॥
ਪਿਖਿ ਅਧਿਕਾਰੀ[1] ਤਾਂ ਕੋ ਤਬਿ ਗੁਰੁ। [1]ਲਾਇਕ, ਯੋਗ।
ਸਤਿਨਾਮੁ ਉਪਦੇਸ਼ ਦਯੋ ਫੁਰ[1]। [1]ਫੌਰਨ, ਛੇਤੀ।
ਪੁਨ ਗੁਰੁ ਕ੍ਰਿਪਾ ਦ੍ਰਿਸ਼ਟੀ ਕੈ ਕੈ[1]। [1]ਕਰਕੇ।
ਹਰਜੋ ਅਗਜਾਨ, ਗਜਾਨ ਵਰ ਦੈ ਕੈ[1] ॥ ੧੬੩ ॥ [1]ਚੰਗਾ ਗਿਆਨ ਦੇ ਕੇ ਅਗਿਆਨ ਨਾਸ਼ ਕਰ ਦਿੱਤਾ।
ਤਬਿ ਹ੍ਵੈ ਮੋਦ ਘਨੱਯਾ ਰਾਮੂੰ।
ਰਹਿਨ ਲਗਜੋ ਢਿਗ ਗੁਰੁ ਸੁਖ-ਧਾਮੂ।
ਸੇਵਾ ਕਰਨ ਲਗਜੋ ਮਨ ਦੈ ਕੈ।
ਬੋਕਾ ਲੱਜ ਮਸ਼ਕ ਇਕ ਲੈ ਕੈ ॥ ੧੬੪ ॥
ਨਿਸ ਦਿਨ ਪਾਨੀ ਭਰ ਕਰਿ ਲਜਾਵੈ।
ਗੁਰੁ ਕੇ ਅੱਸ੍ਵਨ ਤਈਂ ਪਿਲਾਵੈ।
ਸਿੱਖ ਅਸਿੱਖ ਚਹਿਤ ਜੋ ਕੋਈ।
ਪਾਨੀ ਸਭਿ ਕੋ ਦੇਵਤ ਸੋਈ ॥ ੧੬੫ ॥
ਸੇਵ ਔਰ ਲੰਗਰ ਗੁਰੁ ਕੇਰੀ।
ਕਰਤ ਰਹਿਤ ਨਿਸ ਦਜੋਸ ਬਧੇਰੀ।
ਜਪਤ ਰਹਿਤ ਨਿਸ-ਦਿਨ ਗੁਰਬਾਨੀ।
ਹਰਿ ਗੁਰੁ ਭਗਤਿ ਮਾਂਹਿ ਮਤਿ ਸਾਨੀ[1] ॥ ੧੬੬ ॥ [1]ਮਿਲੀ ਹੋਈ ਹੈ।

ਪਿਖਿ ਅਧਿਕਾਰੀ ਤਾਂ ਕੋ ਫਿਰ ਗੁਰੁ।
ਸੇਲੀ ਟੋਪੀ ਬਖਸ਼ੀ ਨਿਜ ਫੁਰ।
ਨੌਮ ਗੁਰੂ ਜਬਿ ਦਿੱਲੀ ਜਾਏ।
ਹਿੰਦੁ ਧਰਮ ਹਿਤ ਦਿਯ ਤਨ ਲਾਏ ॥੧੬੭॥
ਪੁਨਾ ਘਨੱਯਾ ਰਾਮ ਟੇਕ ਧਰਿ[1]। [1]ਆਸਰਾ ਧਾਰ ਕੇ।
ਦਮਸ ਗੁਰੂ ਢਿਗ ਰਹਯੋ ਮੋਦ ਭਰਿ[1]। [1]ਅਨੰਦ 'ਚ ਭਰ ਕੇ।
ਕ੍ਰਿਤ ਆਪਨੀ ਵਹੈ ਕਮਾਵੈ।
ਜਲ ਸਭਿ ਸਿੱਖਨ ਤਈਂ ਪਿਲਾਵੈ ॥੧੬੮॥
ਬੀਤਯੋ ਜਬੈ ਐਸ ਬਹੁ ਕਾਲੈਂ[1]। [1]ਸਮਾਂ।
ਸੁਨੋ ਏਕ ਦਿਨ ਕੇਰ ਹਵਾਲੈਂ।
ਤੁਰਕਨ ਕਾ ਦਲ ਜਬਿ ਗੁਰੁ ਸੰਗੈਂ।
ਮਾਂਡ ਰਹਯੋ ਥਾ ਅਤਿ ਹੀ ਜੰਗੈਂ[1] ॥੧੬੯॥ [1]ਬਹੁਤ ਭਾਰੀ ਜੰਗ ਹੋ ਰਿਹਾ ਸੀ।
ਰਾਮ-ਘਨੱਯਾ ਜਲ ਭਰਿ ਲਜਾਵੈ।
ਜੰਗ ਵੀਚ ਸਿੱਖਨ ਕੋ ਪਜਾਵੈ।
ਮਗ ਮੈਂ ਜਲ ਮਾਂਗਤ ਜੋ ਔਰੈਂ।
ਤਿਨੈ ਪਿਲਾਵਤ ਮੁਦ ਭਰ ਗੌਰੈਂ[1] ॥੧੭੦॥ [1]ਬਹੁਤੇ ਅਨੰਦ 'ਚ ਭਰ ਕੇ।
ਅਪਨ ਪਰਾਯਾ ਨਾਂਹਿ ਪਛਾਨੈ।
ਜਯੋਂ ਸਿੱਖੈਂ ਤਯੋਂ ਤੁਰਕੈਂ ਜਾਨੈ।
ਬਲਿਕੈ[1] ਮਗ ਮੈਂ ਤੁਰਕ ਘਨੇਰੇ। [1]ਸਗੋਂ।
ਥੇ, ਜਾਵਨ ਨਹਿਂ ਦੇਤ ਅਗੇਰੇ ॥੧੭੧॥
ਵੀਚ ਮੋਰਚਯੋਂ ਸਿੰਘਨ ਤਾਂਈਂ।
ਪਹੁੰਚਯੋ ਨਾਂਹਿ ਜਬੈ ਜਲ ਜਾਈ ॥੧੭੨॥
ਦੋਹਰਾ:
ਪਿਖਿ ਸਿੱਖਨ ਮਨਿ ਰੋਸ ਧਰਿ,
ਕਹਯੋ ਦਸਮ ਗੁਰੁ ਪਾਸ।
ਦੇਤ ਘਨੱਯਾ-ਰਾਮ ਜਲ,
ਤੁਰਕਨ ਕੌ ਬਹੁ ਖਾਸ[1] ॥੧੭੩॥ [1]ਆਪ।
ਚੌਪਈ:
ਸੁਨਿ ਸਿੱਖਨ ਤੈ ਪੁਨ ਗੁਰੁ ਗਜਾਨੀ।
ਕਹੀ ਘਨੱਯੇ ਪ੍ਰਤਿ ਇਮ ਬਾਨੀ।

ਤੂੰ ਜਲ ਤੁਰਕਨ ਤਈਂ ਪਿਲਾਵਤ।
ਸਿੱਖ ਪਯਾਸੇ ਬਹੁ ਕੁਰਲਾਵਤ[1] ॥੧੭੪॥
[1]ਦੁੱਖੀ ਹੁੰਦੇ ਹਨ।
ਤਬੈ ਘਨੱਯੇ ਅਰਜ਼ ਗੁਜ਼ਾਰੀ।
ਹੇ ਗੁਰੁ ਦੀਨ ਦਯਾਲ ਮੁਰਾਰੀ।
ਤੁਮ ਸਭਿ ਕੇ ਘਟ ਘਟ ਕੀ ਜਾਨਤ।
ਰਚਤ ਜਗਤ ਪਾਲਤ ਫਿਰ ਹਾਂਨਤ[1] ॥੧੭੫॥
[1]ਨਾਸ਼ ਕਰਦੇ ਹੋ।
ਹਿੰਦੂ ਤੁਰਕ ਸਿੰਘ ਯਹਿ ਜੇਤੇ।
ਮੈਂ ਤੁਵ ਰੂਪ ਨਿਰਖ ਹੌਂ ਤੇਤੇ[1]।
[1]ਮੈਂ ਸਾਰਿਆਂ ਨੂੰ ਤੇਰਾ ਹੀ ਰੂਪ ਦੇਖਦਾ ਹਾਂ।
ਤੁਮ ਯਹਿ ਖੇਲ ਆਪਨੀ ਸਜ ਕੈ[1]।
[1]ਸਜਾ ਕੇ, ਬਣਾ ਕੇ।
ਬਾਲ ਬਿਨੋਦ ਪ੍ਰਮੋਦ ਸੁ ਭਜ ਕੈ[1] ॥੧੭੬॥
[1]ਬਾਲਕਾਂ ਦੀ ਲੀਲ੍ਹਾ ਵਾਂਗ ਭਲੀ ਪ੍ਰਕਾਰ ਬਹੁਤ ਅਨੰਦ ਮਾਣਦੇ ਹੋਏ।
ਨਟ ਪੁਤਰੀ ਜਯੋਂ ਰਹੇ ਲਰੈ ਹੈਂ[1]।
[1]ਨਟ ਦੀਆਂ ਪੁਤਲੀਆਂ ਵਾਂਗ ਲੜਾ ਰਹੇ ਹੋ।
ਪੇਖਿ ਬਿਸੇਖ ਆਪ ਬਿਗਸੈ ਹੈਂ[1]।
[1]ਵੇਖ ਕੇ ਆਪ ਬਹੁਤ ਪ੍ਰਸੰਨ ਹੋ ਰਹੇ ਹੋ।
ਸਰਬ ਰੂਪ ਮੈਂ ਤੁਮੈ ਲਖੈ ਹੌਂ[1]।
[1]ਸਾਰੇ ਰੂਪਾਂ ਵਿੱਚ ਮੈਂ ਤੁਹਾਨੂੰ ਹੀ ਜਾਣਦਾ ਹਾਂ।
ਜੋ ਜਲ ਮਾਂਗਤ ਤਿਸੈ ਛਕੈ ਹੌਂ ॥੧੭੭॥
ਸਿੱਖ ਆਪਨੇ ਤੁਰਕ ਪਰਾਏ।
ਯਹਿ ਉਪਦੇਸ਼ ਨ ਆਪ ਦਿਢਾਏਂ।
ਬਲਕਿਨ ਸ੍ਰੀ ਮੁਖ ਐਸ ਬਖਾਨੋ।
ਹਿੰਦੂ ਤੁਰਕ ਏਕ ਹਰਿ ਮਾਨੋ[1] ॥੧੭੮॥
[1]ਇਕ ਹਰੀ ਦਾ ਰੂਪ ਮੰਨੋ।
ਪੁਨਾ ਮਸੀਤ ਦੇਹੁਰੇ ਜੇਈ।
ਰਾਵਰ ਕਹੇ ਏਕ ਸੇ ਤੇਈ[1]।
[1]ਉਹ।
ਯੌਂ ਜਬਿ ਬ੍ਰਹਮ ਗਯਾਨ ਰਸ ਸਾਨੇ[1]।
[1]ਬ੍ਰਹਮ ਗਿਆਨ ਦੇਰਸ ਨਾਲ ਮਿਲੇ ਹੋਏ।
ਬੈਨ ਘਨੱਯੇ-ਰਾਮ ਬਖਾਨੇ ॥੧੭੯॥
ਸੁਨਿ ਕਲਗੀਧਰ ਮਨਿ ਮੁਦ ਠਾਨਾ[1]।
[1]ਅਨੰਦ ਹੋਏ।
ਹੋਇ ਤੁਸ਼ਟ[1] ਬਰ ਦਯੋ ਮਹਾਨਾ।
[1]ਪ੍ਰਸੰਨ ਹੋ ਕੇ।
ਨਿਜ ਕਰ ਕਾ ਰੁਮਾਲ ਬਖਸ਼ਯੋ।
ਰਿੱਧਿ ਸਿੱਧਿ ਦੈ ਪੂਰਨ ਕਯੋ ॥੧੮੦॥
ਦੋਹਰਾ:
ਯਾ ਬਿਧਿ ਬਖਸ਼ਸ਼ ਗੁਰੂ ਤੈ,
ਬਰ ਅਰ ਆਗਯਾ ਪਾਇ।

ਤੂਰਨ[1] ਪੂਰਨ ਪੁਰਖ ਹ੍ਵੈ, — [1]ਛੇਤੀ।
ਤਬੈ ਘਨੱਯੇ ਜਾਇ ॥੧੯੧॥
ਰਚੀ ਧਰਮਸਾਲਾ ਪ੍ਰਥਮ,
ਕੋਵਾ ਨਗਰ ਮਝਾਰ।
ਬਾਣ ਬੱਟ ਨਿਜ ਕ੍ਰਿਤ ਕਰਿ,
ਖਾਵਤ ਅੰਨ ਉਦਾਰ ॥੧੯੨॥
ਪੰਥ ਚਲਾਯੋ ਆਪਨਾ,
ਗੁਰੁ ਸਿਖੀ ਦ੍ਰਿੜਾਇ।
ਚੇਲਾ ਸੇਵਾ-ਰਾਮ ਤਿਸ,
ਭਯੋ ਸੰਤ ਭਲ ਭਾਇ[1] ॥੧੯੩॥ — [1]ਚੰਗਾ ਪ੍ਰੇਮੀ।

ਕਬਿੱਤ:

ਤਾਂ ਕੇ ਚੇਲੇ ਭਏ ਆਗੇ ਸਹਜ-ਰਾਮ ਰਾਣਾ-ਰਾਮ
ਲੱਛਮਨ-ਰਾਮ ਤੈ ਨਰੈਣ-ਰਾਮ ਜਾਨੀਏ।
ਸਾਹਿਬ-ਰਾਮ- ਭੱਦ੍ਰ-ਰਾਮ ਸੰਤੋਖ-ਰਾਮ ਅੱਡਣ-ਸ਼ਾਹ
ਇਤਯਾਦਿ ਦ੍ਵਾਦਸ ਪੁਰਖ ਪ੍ਰਮਾਨੀਏ[1]। — [1]ਬਾਰਾਂ ਪ੍ਰਮਾਣਨੀਕ ਮਹਾਤਮਾ ਪੁਰਖ।
ਅੱਡਣ-ਸ਼ਾਹ ਸ਼ਾਹੂਕਾਰ ਭਯੋ ਯਾਂ ਤੈ ਰਹਯੋ ਸ਼ਾਹ,
ਅੱਡਣ-ਸ਼ਾਹੀ ਤਾਂ ਕੀ ਸੰਪ੍ਰਦਾ ਕੇ ਹੈਂ ਪਛਾਨੀਏਂ[1]। — [1]ਅੱਡਣ-ਸ਼ਾਹ ਚੂੰਕਿ ਸ਼ਾਹੂਕਾਰ ਹੋਇਆ ਹੈ, ਇਸੇ ਕਰ ਕੇ ਉਸ ਦੇ ਨਾਮ ਨਾਲ ਸ਼ਾਹ ਸ਼ਬਦ ਰਿਹਾ, ਤਿਸ ਦੀ ਸੰਪ੍ਰਦਾ ਦੇ ਸਾਧੂ ਅੱਡਣ-ਸ਼ਾਹੀ ਪਛਾਣੀ ਦੇ ਹਨ।
ਭਾਖਤੇ ਹੈਂ ਸੇਵਾ-ਪੰਥੀ ਪਸਚਮ ਕੀ ਓਰ[1] ਇਨੈਂ, — [1]ਪੱਛੋਂ ਦੀ ਤਰਫ਼।
ਬਿਨਾ ਏਕ ਈਸ ਗੁਰੁ ਮਾਨਤ ਨ ਆਨੀਏ[1] ॥੧੯੪॥ — [1]ਹੋਰ ਕਿਸੇ ਨੂੰ ਨਹੀਂ ਮੰਨਦੇ।
ਧਰਮ ਕਾ ਬਿਹਾਰ[1] ਕਰਿ ਕ੍ਰਿਤ ਤੈ ਵਪਾਰ ਆਦਿ, — [1]ਕਾਰੋਬਾਰ।
ਕਰਿ ਹੈਂ ਅਜੀਵਕਾ[1] ਨ ਪੂਜਾ ਲੇਤ ਮੰਗ ਹੈਂ[2]। — [1]ਰੁਜ਼ਗਾਰ। [2]ਮੰਗ ਕੇ ਪੂਜਾ ਨਹੀਂ ਲੈਂਦੇ।
ਸਿੰਘ ਤੈ ਸਹਿਜ ਧਾਰੀ ਦੋਊ ਭਾਂਤਿ ਹੈਂ ਉਦਾਰੀ,
ਐਪਰ ਅਪਾਰੀ ਸਹਿਜ ਧਾਰੀ ਹੀ ਨਿਸੰਗ ਹੈਂ[1]। — [1]ਬਹੁਤੇ ਸਹਿਜਧਾਰੀ ਹੀ ਸ਼ੰਕਾ ਤੋਂ ਰਹਿਤ ਭਾਵ ਸ਼ਰਧਾਲੂ ਹਨ।
ਪਰਚਾ ਬਿਸੇਸ[1] ਕਥਾ ਕੀਰਤਨ ਕਾ ਹਮੇਸ਼, — [1]ਬਹੁਤਾ ਪਰਚਾਵਾ।
ਰਾਖ ਹੈਂ ਅਸੇਸ[1] ਭੇਸ ਸ਼ੁਕਲ ਉਮੰਗ ਹੈਂ[2]। — [1]ਸਾਰੇ। [2]ਉਤਸ਼ਾਹ ਨਾਲ ਚਿੱਟਾ ਲਿਬਾਸਰਖਦੇ ਹਨ।
ਡੇਰੇ ਇਨ ਕੇਰੇ ਹੈਂ ਬਧੇਰੇ ਦੇਸ ਲਹਿੰਦੇ ਮੈਂ,

ਕਹਿੰਦੇ ਹੈਂ ਲੋਗ ਸੇਵਾ ਪੰਥੀ ਇਨੈਂ ਚੰਗ ਹੈਂ ॥੧੯੫॥

ਹੋਤ ਨਾ ਸੰਜੋਗੀ, ਮਦ ਮਾਸ ਕੇ ਨ ਭੋਗੀ,
ਭੰਗ ਚਰਸ ਤਮਾਕੂ ਫੀਮ ਪਰਸਤ ਨਾਹਿਂ ਹੈਂ[1]।

[1]ਗ੍ਰਹਿਸਥੀ ਨਹੀਂ ਹੁੰਦੇ, ਸ਼ਰਾਬ ਮਾਸ ਨਹੀਂ ਛਕਦੇ, ਭੰਗ, ਚਰਸ, ਤਮਾਕੂ, ਅਫ਼ੀਮ ਨੂੰ ਛੋਂਹਦੇ ਵੀ ਨਹੀਂ।

ਸਤਿਨਾਮ ਉਪਦੇਸ਼ ਗੁਰੂ ਗ੍ਰੰਥ ਕੋ ਬਿਸੇਸ[1],

[1]ਬਹੁਤਾ।

ਮਾਨਤੇ ਹੈਂ ਵੇਸ ਦਸੋਂ ਗੁਰੂਓਂ ਕੋ ਵਾਹਿ ਹੈਂ[1]।

[1]ਉਹ ਦਸਾਂ (ਵੇਸ) ਸ੍ਰੇਸ਼ਟ ਗੁਰੂਆਂ ਨੂੰ ਮੰਨਦੇ ਹਨ।

ਲੰਗਰ ਇਕੱਠਾ ਕੈਹੈਂ[1] ਹਿੱਸਾ ਸਭਿ ਪਾਇ ਦੈ ਹੈਂ,

[1]ਕਰਦੇ ਹਨ।

ਬਾਣ ਰੱਸੇ ਡੋਰੀਆਂ ਬਟੈ ਹੈਂ ਬਹੁ ਆਹਿ ਹੈਂ।
ਸੇਵਾ-ਪੰਥੀ ਅੱਡਣ ਸ਼ਾਹੀ ਨਾਮ ਇਨ ਕੇਰ ਆਹੀਂ[1],

[1]ਹਨ।

ਗਜਾਨ ਸਿੰਘ ਬੰਦੈ ਤਾਂਹੀਂ ਨੇਕ ਲਖਿ ਚਾਹਿ ਹੈ[1] ॥੧੯੬॥

[1]ਨੇਕ ਜਾਣ ਕੇ ਗਿਆਨ ਸਿੰਘ ਉਤਸ਼ਾਹ ਨਾਲ ਨਮਸ਼ਕਾਰ ਕਰਦਾ ਹੈ।

ਕਥਾ ਸਤਿ ਕਰਤਾਰੀਓਂ ਕੀ

ਹੁਤੋ ਏਕ ਸੰਗਤੀਆ ਨਾਮੀ ਸੋਢੀ ਖੱਤ੍ਰੀ,
ਲਹੌਰ ਕੇ ਬਸਨ ਵਾਰੋ ਸਿਖ ਗੁਰੁ ਕੇਰ ਹੈ।
ਮਾਂਹਿ ਸੋਲਾਂ ਸੌ ਪਚਾਸ ਗੁਰੂ ਅਰਜਨ ਪਾਸ,
ਆਇ ਸੇਵ ਕਰੀ ਖਾਸ ਤਾਸ ਜੌਂ ਬਧੇਰ ਹੈ[1]।

[1]ਸੰ. ੧੬੫੦ ਬਿ: ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਤਿਸ ਨੇ ਆਪ ਆ ਕੇ ਬਹੁਤੀ ਸੇਵਾ ਕੀਤੀ।

ਭਯੋ ਸੁੱਧ ਬੁੱਧਿ ਕਰਿ ਸੇਵਾ ਔ ਭਜਨ ਹਰਿ,
ਪਾਇ ਗੁਰੂ ਜੀ ਤੈ ਬਰਰੰਕ ਭਯੋ ਮੇਰੁ ਹੈ[1]।

[1]ਕੰਗਾਲ ਤੋਂ (ਮੇਰੁ) ਸੁਮੇਰ ਪਰਬਤ ਵਾਂਗ ਸ਼੍ਰੋਮਣੀ ਹੋ ਗਿਆ।

ਯਦੀ ਸਭਿ ਬਿਧਿ ਸਮਰਥ ਭਯੋ ਸੰਗਤੀਆਂ,
ਤਦਪਿ ਨ ਬਿਰਤੀ ਮੈਂ ਰਾਖਯੋ ਮਨ ਜੇਰੁ ਹੈ[1] ॥੧੯੭॥

[1]ਤਾਂ ਵੀ (ਬ੍ਰਿਤੀ) ਸੰਸਾਰ ਦੇ ਵਰਤਾਰੇ ਵਿੱਚ ਮਨ ਨੂੰ ਅਧੀਨ ਨਾਰੱਖਿਆ।

ਕਰਯੋ ਨ ਪ੍ਰਸਿੱਧ[1] ਆਪ ਤਾਂਈਂ ਰਾਖਯੋ ਗੋਪ[2] ਅਤਿ,

[1]ਮਸ਼ਹੂਰ। [2]ਗੁਪਤ।

ਫੇਰਾ ਕਰਿ[1] ਸਦਾ ਨਿਜ ਕਰੀ ਗੁਜਰਾਨ ਹੈ।

[1]ਮੰਗ ਕੇ।

ਸਹਜ ਸੁਭਾਇ ਜੋ ਬਚਨ ਨਿਕਸਾਇ ਮੁਖੋ,
ਪੂਰਾ ਹੋਤ ਸੋਈ ਭਯੋ ਪ੍ਰਗਟ ਜਹਾਨ ਹੈ।
ਜੁਲਕੇ ਸੁ ਖੱਤ੍ਰੀ[1] ਸੰਗਤ ਦਾਸ ਹੂੰ ਕੋ ਫਿਰ,

[1]ਜੁਲਕੇ ਗੋਤ੍ਰ ਦੇ ਖੱਤਰੀ।

ਕਰ ਨਿਜ[1] ਸਿੱਖ ਕੀਓ ਆਪਨੇ ਸਮਾਨ ਹੈ।
[1]ਆਪਣੇ ਹਥੀਂ।
ਸੇਲੀ ਟੋਪੀ ਦੈ ਕੈ ਤਾਂ ਕੋ ਆਪਨੇ ਬਜਾਇ ਥਪ[1],
[1]ਆਪਣੀ ਜਗ੍ਹਾ ਉੱਪਰ ਥਾਪ ਕੇ।
ਆਪ ਕਰਿ ਗਯੋ ਸੋ ਜਹਾਨ ਤੈ ਪਯਾਨ ਹੈ[1] ॥੧੮੮॥
[1]ਚਲਾਣਾ ਕਰ ਗਿਆ।

ਚੌਪਈ:

ਸੰਗਤ ਦਾਸ ਉਮਰ ਭਰ ਮੈਂ ਫਿਰ।
ਏਕ ਚੁਬਾਰੇ ਵੀਚ ਰਹ੍ਯੋ ਥਿਰ[1]।
[1]ਬੈਠਾ, ਟਿਕਿਆ।
ਉਮਰ ਏਕ ਸੌ ਬਰਸ ਤੀਸ ਕੀ।
ਪਾਈ ਉਸ ਨੇ ਕ੍ਰਿਪਾ ਈਸ ਕੀ ॥੧੮੯॥
ਵਡ ਅਜਮਤ ਕੋ ਰਾਖ੍ਯੋ ਗੋਈ।
ਜਯੋਂ ਦੀਪਕ ਕੀ ਘਟ ਮੈਂ ਲੋਈ[1]।
[1]ਜਿਵੇਂ ਦੀਵੇ ਦਾ ਘੜੇ 'ਚ ਚਾਨਣ ਗੁਪਤ ਹੁੰਦਾ ਹੈ।
ਸਤਿ ਕਰਤਾਰ ਸ਼ਬਦ ਥਾ ਤਾਂ ਕੇ।
ਗਹ੍ਯੋ ਬਹੁਤ ਲੋਗਨ ਮੁਦ ਪਾ ਕੇ ॥੧੯੦॥
ਤਾਂ ਕੇ ਭਏ ਜਿਤਿਕ ਅਨੁਸਾਰੀ।
ਸੋ ਬਿਦਤੇ ਜਗ ਸਤਿ-ਕਰਤਾਰੀ।
ਸੰਗਤ ਦਾਸ ਸ੍ਵਰਗ ਜਬਿ ਗਯੋ।
ਹਰਿ-ਗੁਬਿੰਦਪੁਰਿ ਮੈਂ ਬਿਦਤਯੋ[1] ॥੧੯੧॥
[1]ਮਸ਼ਹੂਰ ਹੋਇਆ।
ਤਾਂ ਕੇ ਪੂਤ ਹਜ਼ਾਰੀ-ਦਾਸਾ।
ਨਿਜ ਪਿਤ ਗੁਰੁ ਕੀ ਠੌਰਹਿ ਖਾਸਾ[1]।
[1]ਆਪ।
ਕਾਯਮ ਹੋਇ, ਕਾਮ ਭਲ ਕੀਨਾ।
ਏਕ ਮਕਾਨ ਬਡੋ ਰਚ ਲੀਨਾ[1] ॥੧੯੨॥
[1]ਵੱਡਾ ਡੇਰਾ ਬਣਾ ਲਿਆ।
ਹਰਿ-ਗੁਬਿੰਦਪੁਰਿ ਸ਼ਹਰ ਮਝਾਰੇ।
ਜੋ ਅਬਿ ਅਹੇ ਬੁਲੰਦ ਉਦਾਰੇ[1]।
[1]ਬਹੁਤ ਉੱਚਾ।
ਗੁਜਰ੍ਯੋ ਜਬੈ ਹਜ਼ਾਰੀ ਦਾਸੂ।
ਸੁਤ ਹਰਿ ਲਾਲ ਤਾਂਹਿ ਕਾ ਖਾਸੂ ॥੧੯੩॥
ਭਯੋ ਮਹੰਤ ਤਾਂਹਿ ਕੇ ਪਾਛੇ।
ਕਰੀ ਮਹੰਤੀ ਇਨ ਭੀ ਆਛੇ[1]।
[1]ਚੰਗੀ।
ਅਬਿ ਹਰਿਦਾਸ ਅਹੇ ਤਿਸ ਠੌਰੈਂ।
ਸਦ ਗੁਨ ਧਾਮ ਸੁੱਧ ਮਤਿ ਗੌਰੈਂ[1] ॥੧੯੪॥
[1]ਚੰਗੇ ਗੁਣਾਂ ਦਾ ਘਰ ਤੇ ਬਹੁਤੀ ਪਵਿੱਤਰ ਮੱਤ ਵਾਲਾ।
ਇਨ ਕੇ ਸਾਧੂ ਹੈਂ ਜਗਿ ਜੇਤੇ।

ਬਸਨ ਮਜੀਠੀ[1] ਰਾਖਤ ਤੇਤੇ। [1]ਲਾਲਰੰਗ ਦੇ।
ਸਮ ਉਦਾਸੀਯਨ ਔਰ ਰੀਤਿ ਹੈ।
ਜਟਾ ਨ ਖਾਕ ਗ੍ਰਹਿਨ ਕੀਤ ਹੈ ॥੧੯੫॥
ਗੁਰੂ ਗ੍ਰੰਥ ਕੋ ਪੂਜਤ ਮਾਨਤ।
ਸਤਿਨਾਮੁ ਉਪਦੇਸ਼ ਬਖਾਨਤ।
ਸਤਿ ਕਰਤਾਰ ਸਤਿ ਕਰਤਾਰੈਂ।
ਮਿਲਨ ਸਮੇਂ ਯਹਿ ਸ਼ਬਦ ਉਚਾਰੈਂ ॥੧੯੬॥
ਯਾਂ ਤੈ ਸਤਿ ਕਰਤਾਰੀਏ ਨਾਮੈ।
ਬਿਦਤਯੋ ਇਨ ਕਾ ਜਗ ਮੈਂ ਆਮੈਂ[1] ॥੧੯੭॥ [1]ਬਹੁਤਾ।

ਦੋਹਰਾ:
ਪੰਥ ਸਤਿ ਕਰਤਾਰੀਯਨ
ਕੇਰੋ ਕਹਯੋ ਹਵਾਲ।
ਸੁਨੋ ਨਿਰੰਜਨੀਏ ਭਏ,
ਜਯੋਂ ਜਗ ਮਾਂਹਿ ਬਿਸਾਲ ॥੧੯੮॥

ਕਥਾ ਨਿਰੰਜਨੀਓਂ ਕੀ

ਕਬਿੱਤ:
ਨਗਰ ਜੰਡਯਾਲਾ ਏਕ ਮਾਝੇ ਦੇਸ ਮਾਂਹਿ ਆਹਿ,
ਭਯੋ ਹੈ ਹਿੰਦਾਲ ਜੱਟ ਤਹਾਂ ਏਕ ਸਾਰ[1] ਹੈ। [1]ਚੰਗਾ।
ਸ੍ਰੀ ਗੁਰੂ ਅਮਰ ਕੀ ਜਾਇ ਸਰਣ ਤਰਣ ਹੂੰ ਕੋ[1], [1]ਸੰਸਾਰ ਸਮੁੰਦਰ ਤੋਂ ਤਰਨ ਵਾਸਤੇ।
ਬਹੁ ਦਿਨ ਲੰਗਰ ਕੀ ਸੇਵ ਕਰੀ ਭਾਰ ਹੈ[1]। [1]ਬਹੁਤੀ, ਚੰਗੀ।
ਪਾਇ ਉਪਦੇਸ ਬੇਸ[1] ਗੁਰੂ ਤੈ ਕਮਾਯੋ ਤਿਨੈ, [1]ਸ੍ਰੇਸ਼ਟ।
ਭਯੋ ਸੁੱਧ ਬੁੱਧਿ ਜਪ ਤਪ ਕੋ ਅਗਾਰ[1] ਹੈ। [1]ਘਰ।
ਏਕ ਦਿਨ ਸ੍ਰੀ ਗੁਰੂ ਲੰਗਰ ਮੈਂ ਆਏ ਜਬਿ,
ਹੁਤੋ ਆਟਾ ਗੁੰਧਤੋ ਹਿੰਦਾਲ ਤੌ ਉਦਾਰ ਹੈ[1] ॥੧੯੯॥ [1]ਤਦੋਂ ਸ੍ਰੇਸ਼ਟ ਹਿੰਦਾਲ ਆਟਾ ਗੁੰਨਦਾ ਸੀ।
ਕਟ ਮੈ ਤ੍ਰਿਕੋਨ ਪਟ ਠਟਯੋ ਹੁਤੋ ਸੂਜਨੇ ਜਯੋਂ[1], [1]ਲੱਕ ਵਿਚ ਤਿੰਨ ਕੋਣਾ ਬਸਤਰ (ਸੂਜਨੇ) ਤਿਕੋਣੇ ਪਰਨੇ ਵਾਂਗ ਸਜਾਇਆ ਹੋਇਆ ਸੀ।
ਆਟੇ ਸੰਗ ਹਾਥ ਭਰ ਰਹੇ ਥੇ ਪਛਾਨੀਏਂ।
ਯਾਂ ਤੈ ਨਿਜ ਕਰ ਤਿਨ ਪੀਠ ਪਰ ਧਰਿ ਕਰਿ,
ਸੀਸ ਧਰਯੋ ਗੁਰੂ ਕੇ ਪਦਾਂਬੁਜ ਮੈ[1] ਮਾਨੀਏ। [1]ਚਰਨ ਕੰਵਲਾਂ ਵਿੱਚ।

ਹੇਰ ਕਟ ਸੁਜਨਾ ਔਂ ਪੀਠ ਪਰ ਹਾਥ ਧਰੇ,
ਹੋਇ ਗੁਰੂ ਮੋਦ ਕਰਜੋ ਬਚਨ ਮਹਾਨੀਏ।
ਕੀਆ ਕਰੋ ਐਸ ਹੀ ਹਮੇਸ਼ ਤੁਮ ਬੰਦਨਾ,
ਔਂ ਕਟ ਮੈਂ ਰਖਤ ਰਹੋ ਸੁਜਨਾ ਇਦਾਨੀਏ[1] ॥੨੦੦॥ — [1]ਇਸੇ ਤਰ੍ਹਾਂ।

ਹੋਇ ਗੁਰੁ ਖੁਸ਼ਿ ਨਿਜ ਕਰ ਧਰਿ ਤਾਂ ਕੇ ਸਿਰ,
ਬਖਸ਼ ਕੈ ਮੰਜੀ ਕਰਜੋ ਸਿੱਧ ਪਰਸਿਧਿ ਸੋ[1]। — [1]ਉਹ ਕਰਾਮਾਤੀ ਮਸ਼ਹੂਰ ਕਰ ਦਿੱਤਾ।
ਕਰਿ ਨਿਜ ਕਾਮ ਗਯੋ ਧਾਮ ਸ੍ਵੈ[1] ਹਿੰਦਾਲ ਫਿਰ, — [1]ਆਪਣੇ ਘਰ।
ਭਯੋ ਨਿਰਵੇਦ ਤਾਂ ਕੋ ਫੇਰ ਸਭ ਬਿੱਧਿ ਸੋ[1]। — [1]ਸਭ ਤਰ੍ਹਾਂ ਕਰ ਕੇ ਉਸ ਨੂੰ (ਨਿਰਵੇਦ) ਵੈਰਾਗ ਹੋ ਗਿਆ।
ਫਿਰਜੋ ਦੇਸ ਦੇਸ ਮੈਂ ਕਰਤ ਸਤਿਸੰਗ ਬਹੁ ਕਾਲ,
ਸ-ਉਮੰਗ ਰੰਗਜੋ ਮਨ ਗੁਨ ਨਿੱਧ ਸੋਂ[1]। — [1]ਉਤਸ਼ਾਹ ਨਾਲ ਮਨ ਗੁਣਾਂ ਦੇ ਖਜ਼ਾਨੇ ਵਾਹਿਗੁਰੂ ਵਿੱਚਰੰਗਿਆ।
ਫੇਰ ਗੁਰੂ ਪੰਚਮ ਕੇ ਪਾਸ ਆਇ ਰਹਜੋ ਖਾਸ[1], — [1]ਆਪ।
ਕਰੀ ਸੇਵ ਸੁਖਰਾਸ ਕੇਰੀ ਭਯੋ ਸਿੱਧ ਸੋ[1] ॥੨੦੧॥ — [1]ਉਹ ਸ਼ਕਤੀਵਾਨ ਹੋ ਗਿਆ।

ਜਾਇ ਕੈ ਜੰਡਜਾਲੇ ਰਹਜੋ ਮੋਦ ਹ੍ਵੈ ਬਿਸਾਲੇ ਫਿਰ,
ਬੋਲਤ ਨਿਰੰਜਨ ਸ਼ਬਦ ਕਰਤਾਰ ਸੋ।
ਸਤਿਸੰਗੀ ਤਾਂ ਕੇ ਭਏ ਜੇਈ ਨਰ ਨਾਰਿ ਔਰ,
ਕਹਿਤ ਨਿਰੰਜਨ ਕਰਤਾਰ ਹੀ ਉਚਾਰ ਸੋ।
ਯਾਂਹੀਂ ਤੈ ਨਿਰੰਜਨੀਏ ਲਾਗੇ ਲੋਗ ਕਹਿਨ ਤਿਨੈ,
ਭਏ ਮਸ਼ਹੂਰ ਯੌਂ ਨਿਰੰਜਨੀਏ ਸਾਰ ਸੋ[1]। — [1]ਉਹ ਸਾਰੇ।
ਨੱਥੋਆਣੇ ਤਾਲ[1] ਕੋ ਮਾਨਿੰਦ ਗੰਗ ਜੀ ਕੇ ਮਾਨੈ, — [1]ਤਲਾਅ।
ਮੁਰਦਜੋਂ ਕੇ ਹਾਡ ਦੇਤ ਤਾਂਹੀ ਵੀਚ ਡਾਰ ਸੋ ॥੨੦੨॥

ਚੌਪਈ:

ਜਬਿ ਹਿੰਦਾਲ ਪ੍ਰਲੋਕ ਪਧਾਰਾ।
ਬਿਧੀ-ਚੰਦ ਸੁਤ ਤਾਂ ਕਾ ਭਾਰਾ।
ਭਯੋ ਮਹੰਤ ਸੁ ਅਜ਼ਮਤ ਭਰਿਓ।
ਬਹੁ ਲੋਗਨ ਕੋ ਨਿਜ ਸਿਖ ਕਰਿਓ ॥੨੦੩॥
ਏਕ ਕੰਜਰੀ ਮੁੱਸਲਮਾਨੀ।

ਡਾਲ ਲਈ ਨਿਜ ਘਰ ਪ੍ਰਿਯ ਜਾਨੀ[1]। [1]ਪਿਆਰੀ ਜਾਣ ਕੇ।
ਜਬਿ ਲੋਗਨ ਬਰਤਨ ਤਜ ਦਯੋ।
ਕਾਮ ਬਿਧੀ ਚੰਦ ਫਿਰ ਯਹਿ ਕਯੋ ॥੨੦੪॥
ਜਨਮ ਸਾਖੀ ਗੁਰੁ ਨਾਨਕ ਕੇਰੀ।
ਤਬਿ ਪੋਥੀ ਨਹਿਂ ਹੁਤੀ ਬਧੇਰੀ[1]। [1]ਬਹੁਤੀਆਂ ਪੋਥੀਆਂ ਨਹੀਂ ਸਨ।
ਬਿਧੀ ਚੰਦ ਤਿਸ ਪੋਥੀ ਮਾਹੈਂ।
ਸਾਖੀ ਦਈ ਕੂਰ ਇਮ ਗਾਹੈਂ[1] ॥੨੦੫॥ [1]ਝੂਠੀ ਕਹਿ ਦਿੱਤੀ।
ਗੁਰੁ ਨਾਨਕ ਭੀ ਮੁਸਲਮਾਨੀ।
ਔਰਤ ਕਰੀ ਮੰਜੋਤ[1] ਮਹਾਨੀ[2]। [1]ਨਾਮ ਦੀ। [2]ਬਹੁਤ ਚੰਗੀ।
ਦੁਇ ਸੁਤ, ਸੁਤਾ ਏਕ ਉਪਜਾਈ।
ਤੌ ਭੀ ਰਹੇ ਅਲੇਪ ਸਦਾਈ ॥੨੦੬॥
ਭਾਨੁ[1] ਅਗਨਿ ਗੰਗਾ-ਜਲ ਜੈਸੇ। [1]ਸੂਰਜ।
ਦੋਸ਼ ਨ ਸੰਮਰਥ ਕੋ ਹ੍ਵੈ ਤੈਸੇ।
ਗਾਥਾ ਔਰ ਹਿੰਦਾਲਹਿਂ ਕੇਰੀ।
ਲਖ ਦੀਨੀ ਉਨ ਐਸ ਬਡੇਰੀ ॥੨੦੭॥
ਜਬਿ ਗੁਰੁ ਸੱਚਖੰਡ ਮੈਂ ਗਏ।
ਚੌਰੀ ਕਰਤ ਕਬੀਰ ਲਖਏ[1]। [1]ਦੇਖੇ।
ਬੂਝਜੋਂ ਗੁਰੈਂ ਔਰ ਕੋਊ ਐਹੈ।
ਉੱਤਰ ਦਯੋ ਕਬੀਰ ਤਦੈਹੈਂ[1] ॥੨੦੮॥ [1]ਤਦੋਂ।
ਏਕ ਹਿੰਦਾਲ ਜਟੇਟਾ ਆਵੈ।
ਈਹਾਂ ਦਰਸ਼ਨ ਪ੍ਰਭ ਕੇ ਪਾਵੈ।
ਇਤਯਾਦਿਕ ਗਾਥਾ ਉਨ ਔਰੈਂ।
ਲਿਖ ਦੀਨੀ ਪੋਥੀ ਮੈਂ ਗੌਰੈਂ[1] ॥੨੦੯॥ [1]ਬਹੁਤੀਆਂ।
ਔਰ ਗਾਥ ਯਾਹੀ ਬਿਧਿ ਕੇਰੀ।
ਨਿਜ ਮਤਲਬ ਕੀ ਤਿਨ ਬਹੁ ਟੇਰੀ[1]। [1]ਕਹੀ।
ਪੀਰ ਫਕੀਰ ਭੂਪ ਜੋ ਹੋਈ।
ਦੋਸ਼ ਨ ਇਨ ਕੋ ਲਗ ਹੈ ਕੋਈ ॥੨੧੦॥
ਯਾ ਬਿਧਿ ਝੂਠ ਬਾਤ ਬਹੁ ਗਾਹੈ[1]। [1]ਕਹਿ ਕੇ।
ਨਿਜ ਸਿੱਖਨ ਕੋ ਲਯੋ ਧਿਜਾਹੈ[1]। [1]ਆਪਣੇ ਉਪਰ ਭਰੋਸਾ ਪੱਕਾ ਕਰਵਾ ਲਿਆ।
ਔਰਨ ਕੋ ਕਾਲੰਕੀ ਥਪ ਹੈ[1]। [1]ਬਣਾ ਕੇ।

ਲਯੋ ਕਲੰਕ ਆਪਨਾ ਢਪ ਹੈ[1] ॥੨੧੧॥ — [1]ਢੱਕ ਲਿਆ।
ਉਸੀ ਕੰਚਨੀ[1] ਕੇ ਜੋ ਪੇਟੋਂ। — [1]ਵੇਸਵਾ।
ਦੇਵੀ ਦਾਸ ਭਯੋ ਥਾ ਬੇਟੋ[1]। — [1]ਪੁੱਤਰ।
ਤਿਸ ਕੋ ਨਿਜ ਗਾਦੀ ਬਖਸ਼ੈ ਹੈ।
ਗਯੋ ਆਪ ਪ੍ਰਲੋਕ ਸਿਧੈ ਹੈ ॥੨੧੨॥
ਦੇਵੀ ਦਾਸ ਕੀ ਸੰਤਤਿ ਯਾਵਤ[1]। — [1]ਤਦੋਂ ਤੋਂ।
ਐ ਅਬਿ ਲੌਂ ਜੋ ਗੁਰੂ ਕਹਾਵਤ।
ਏਹੁ ਨਿਰੰਜਨੀਆਂ ਕੀ ਗਾਦੀ।
ਹੈ ਅਬਿ ਗਾਉਂ ਜੰਡਯਾਲੇ ਆਦੀ ॥੨੧੩॥
ਇਨ ਕੇ ਉਪਦੇਸ਼ੀ[1] ਜੋ ਮਰ ਹੈਂ। — [1]ਉਪਦੇਸ਼ ਲੈਣ ਵਾਲੇ।
ਤਿਨ ਕੇ ਪਾਛੇ ਰੁਦਨ[1] ਨ ਕਰਿ ਹੈਂ। — [1]ਰੋਣਾ।
ਨਹੀਂ ਦਿਜਨ ਕੋ[1] ਯਹਿ ਕਿਛ ਮਾਨੈ। — [1]ਬ੍ਰਾਹਮਣਾਂ ਨੂੰ।
ਨਿਜ ਰੀਤਿ ਕਰਿ ਸ਼ਾਦੀ ਠਾਨੈਂ ॥੨੧੪॥
ਤੀਰਥ ਦੇਵ ਪਿਤ੍ਰ ਨਹਿਂ ਜਜ ਹੈਂ[1]। — [1]ਦੇਵਤਿਆਂ ਤੇ ਪਿਉ ਦਾਦਿਆਂ ਨੂੰ ਨਹੀਂ ਪੂਜਦੇ।
ਇਕ ਕਰਤਾਰ ਤਈਂ ਨਿਤ ਭਜ ਹੈਂ।
ਸਾਧੂ ਸਿੱਖ ਇਨੋ ਕੇ ਜੇ ਹੈਂ।
ਸੋਊ ਨਿਰੰਜਨੀਏ ਸਦਵੇ ਹੈਂ ॥੨੧੫॥
ਗਾਥ ਨਿਰੰਜਨੀਓਂ ਕੀ ਜੇਤੀ।
ਜਥਾ ਜੋਗ ਹਮ ਭਾਖੀ ਤੇਤੀ ॥੧੨੬॥

ਕਥਾ ਗੁਲਾਬ ਦਾਸੀਓਂ ਕੀ

ਸ੍ਵੈਯਾ ਛੰਦ:

ਜੈਸ ਗੁਲਾਬ ਦਾਸੀਏ ਥੀਏ,
ਤਿਨ ਕੀ ਗਾਥ ਸੁਨੈ ਹੈਂ।
ਗਾਮਰਟੌਲ[1] ਤਰਣ ਤਾਰਣ ਢਿਗ, — [1]ਗੋਤ ਦੇ।
ਜੱਟ ਰਟੌਲ ਬਸੈ ਹੈਂ।
ਸੰਮਤ ਅੱਠਾਰਾਂ ਸੌ ਛਜਾਹਠ,
ਸੁਦੀ ਪੰਚਮੀ ਮੱਘਰ।
ਮਾਤਾ ਦੇਸੋ ਬਾਪ ਹਮੀਰੇ ਕੇ
ਘਰ ਭਯੋ ਉਜੱਗਰ[1] ॥੨੧੭॥ — [1]ਪ੍ਰਗਟ।
ਬਡੇ ਹੋਇ ਕਿਛ ਕਰੀ ਨੌਕਰੀ,

ਪੋਹੂ-ਵਿੰਡੀਓਂ ਕੇਰੀ[1]। — [1]ਪੋਹੂਵਿੰਡ ਪਿੰਡ ਦੇ ਸਰਦਾਰਾਂ ਦੀ।
ਬ੍ਰਹਮ ਦਾਸ ਸੰਗਤ ਸਾਹਿਬ ਕਾ,
ਮਿਲਯੋ ਸੰਤ ਇਕ ਫੇਰੀ[1]। — [1]ਇਕ ਵਾਰ।
ਨਾਮ ਗੁਲਾਬ ਸਿੰਘ ਥਾ ਪਹਿਲੇ,
ਚੇਲਾ ਜਬਿ ਤਿਹ ਥੀਓ।
ਫੇਰ ਗੁਲਾਬ ਦਾਸ ਪ੍ਰਗਟਾਯੋ,
ਖਾਕੀ ਬਾਨਾ ਲੀਓ[1] ॥੨੧੮॥ — [1]ਮਿੱਟੀਰੰਗਾ ਬਾਣਾ ਲੈ ਲਿਆ।
ਦੇਸ ਮਾਲਵੇ ਨਗਰ ਧਨੌਲੇ,
ਧਜਾਨ ਦਾਸ ਪੈ ਜਾਈ।
ਕਾਬਜ ਕੋਸ਼ ਪਢਿ ਖਾਕ ਉਤਾਰੀ,
ਪਾਕ ਪੁਸ਼ਾਕ ਸਜਾਈ।
ਖਾਕੀ ਸ਼ਾਹ ਫਕੀਰ ਹੁਤੋ ਤਹਿਂ,
ਸੰਗੀ ਬੁਲ੍ਹੇ ਸ਼ਹਿ ਕੈ।
ਰਿੰਦ ਫਕੀਰ ਖੁਲਾਸੇ[1] ਤਹਿਂ ਬਹੁ, — [1](ਰਿੰਦ) ਤਿੱਖੀ ਬੁੱਧੀ ਵਾਲੇ (ਖੁਲਾਸੇ) ਖੁੱਲ੍ਹੀਆਂ ਗੱਲਾਂ ਕਰਨ ਵਾਲੇ ਫ਼ਕੀਰ।
ਰਹਿਤੇ ਚਰਚਾ ਗਹਿ ਕੈ[1] ॥੨੧੯॥ — [1]ਚਰਚਾ ਕਰਦੇਰਹਿੰਦੇ ਸਨ।
ਸੰਗਤ ਕਰੈ ਗੁਲਾਬ ਦਾਸ ਭੀ,
ਤਿਨ ਕੀ ਨਿਤ ਤਹਿਂ ਜਾ ਕੇ।
ਭਯੋ ਖੁਲਾਸਾ ਰਿੰਦ ਏਹੁ ਭੀ,
ਤਜਿ ਹਿੰਦੁ ਤੁਕ ਸ਼ਰ੍ਹਾ ਕੇ[1]। — [1]ਧਾਰਮਿਕ ਚਿੰਨ੍ਹ ਦੀ ਪਾਬੰਦੀ ਛੱਡ ਕੇ।
ਚੰਚਲ ਚਿੱਤ ਚਤੁਰ ਥਾ ਚੋਖਾ[1], — [1]ਬਹੁਤਾ।
ਸੁੰਦਰ ਰੂਪ ਜ੍ਵਾਨੈਂ।
ਸ਼ੀਰੀਂ ਸੁਖਨ ਪ੍ਰਕਾਰੀ ਭਾਰੀ,
ਮੋਹਿਤ ਬਾਕ ਬਖਾਨੈ[1] ॥੨੨੦॥ — [1]ਮਿੱਠੇ ਬਚਨ ਬੋਲਣ ਵਾਲਾ ਤੇ (ਭਾਰੀ) ਬਹੁਤਾ (ਪ੍ਰਕਾਰੀ) ਢੰਗੀ ਸੀ, (ਬਾਕ) ਬਚਨ ਕਹਿ ਕੇ ਮੋਹਿਤ ਕਰ ਲੈਂਦਾ ਸੀ।

ਦੇਵਾ ਸਿੰਘ ਕੁਰੁਖੇਤ੍ਰ ਵਾਰੇ
ਤੈ, ਬਿਦਾਂਤ ਕਿਛੁ ਪਢਿਓ।
ਹਰੀ ਦਾਸ ਗਿਰਧਰ ਕੀ ਸੰਗਤ,
ਕਰੀ ਸਾਨ ਫਿਰ ਚਢਿਓ[1]। — [1]ਭਾਵ ਬੁੱਧੀ ਬਹੁਤ ਤਿੱਖੀ ਹੋ ਗਈ।
ਸੈਰ ਬਿਦੇਸਨ ਕਾ ਕਿਛੁ ਕੀਆ,
ਨਿਕਟਿ ਦ੍ਵਾਰਕਾ ਜਾਈ।

ਮਸ਼ਕਾ ਮੰਡੀ ਮਾਂਹਿ ਥਿਰਾਯੋ[1], — [1]ਠਹਿਰ ਗਿਆ।
ਰੰਡੀ ਏਕ ਤਹਾਂਈ[1] ॥੨੨੧॥ — [1]ਉਥੇ ਇਕ ਵੇਸਵਾ ਸੀ।
ਨੂਰ[1] ਸ਼ਹੂਰ[2] ਰੂਪ ਪਿਖਿ ਜ੍ਵਾਨੀ, — [1]ਚਿਹਰੇ ਦੀ ਚਮਕ। [2]ਅਕਲ, ਸਮਝ।
ਆਸ਼ਕ ਇਸ ਪਰ ਥਾਈ[1]। — [1]ਇਸ ਉਪਰ ਮੋਹਤ ਹੋ ਗਈ।
ਦੌਲਤ ਹੁਤੀ ਤਾਂਹਿ ਢਿਗ ਭਾਰੀ,
ਆਯੋ ਸੰਗ ਲਵਾਈ[1]। — [1]ਨਾਲ ਲੈ ਕੇ ਆ ਗਿਆ।
ਮਗ ਮੈਂ ਮੁਈ ਬਿਮਾਰ ਹੋਇ ਵਹਿ,
ਧਨ ਇਸ ਪਾਸ ਰਹਾਯੋ।
ਜੁਗਤਿ ਅਕਲ ਸੈਂ ਲਜਾਇ ਇਮਾਨਤ,
ਸ਼ਹਿਰ ਕਸੂਰ ਰਖਾਯੋ ॥੨੨੨॥
ਤਬਿ ਲਹੌਰ ਕੀ ਗੌਰ ਤੌਰ ਪਰ[1], — [1]ਚੰਗੇ ਢੰਗ ਨਾਲ।
ਕਾਯਮ ਥੀ ਪਤਿਸ਼ਾਹੀ।
ਸਿੰਘਨ ਕੀ ਫੌਜਨ ਮੈਂ, ਸੇਵਾ
ਸਤਿਸੰਗ ਹੋਤ ਮਹਾਂਹੀ[1]। — [1]ਬਹੁਤ।
ਗਿਰਧਰ ਮਲ-ਸਿੰਘ ਸਿੰਘ-ਅੱਛਰਾ,
ਸਰਬਗ-ਸਿੰਘ ਲੌ ਕੇਤੇ[1]। — [1]ਕਿਤਨੇ ਭਾਵ ਬਹੁਤੇ।
ਰਹਿਤੇ ਸੰਤ ਅਨੰਤ ਰੂਪ, ਹਰਿ
ਚਰਚਾ ਰਖਤੇ ਤੇਤੇ[1] ॥੨੨੩॥ — [1]ਬੇਅੰਤ ਰੂਪ ਹਰੀ ਦੀ (ਤੇਤੇ) ਸਾਰੇ ਚਰਚਾ ਕਰਦੇਰਹਿੰਦੇ ਸਨ।

ਰਹਿਨ ਲਗਯੋ ਗੁਲਾਬ ਦਾਸ ਭੀ,
ਫੌਜ ਸਿੰਘਨ ਕੀ ਮਾਹੈਂ।
ਚਰਚਾ ਗਯਾਨ ਖੁਲਾਸੀ ਬ੍ਰਿਤੀ[1], — [1]ਖੁੱਲ੍ਹਾ ਵਰਤਾਰਾ।
ਰਾਖੈ ਅਧਿਕ ਤਹਾਂ ਹੈ।
ਸੁੰਦਰ ਪਲੰਘ ਕਸਾਇ ਤਾਂਹਿ ਪਰ,
ਬੈਠਿ ਚੌਰ ਕਰਵਾਵੈ।
ਸ਼ਸਤਰ ਬਸਤਰ ਪਹਿਰੈ ਨੀਕੇ,
ਕਲਗੀ ਜਿਗਾ ਸਜਾਵੈ ॥੨੨੪॥
ਚਢੇ ਤੁਰੰਗ ਢੰਗ ਗੁਰੂਓਂ ਕੇ,
ਸਾਹਿਬ ਲੋਕ ਸਦਾਵੈ।
ਬੈਂਤ ਕੋਰੜੇ ਕਵਿਤਾ ਨਿਜ ਕਰਿ,

ਲੋਗਨ ਤਈਂ ਸੁਨਾਵੈ।
ਗੁਰੂ ਪੀਰ ਅਵਤਾਰ ਪਿਕੰਬਰ,
ਸਭਿ ਪਰ ਲੰਬਰ ਲਾਵੈ[1]।
ਸ਼ਰ੍ਹਾ ਬੰਧ ਮੈਂ ਉਨ ਕੋ ਬੰਧੇ,
ਨਿਜ ਕੋ ਛੁਟਜੋ ਬਤਾਵੈ ॥੨੨੫॥
ਹਿੰਦੁ ਤੁਰਕ ਕੀ ਹੱਦ ਮੱਦ ਕੋ,
ਰੱਦ ਕਰੈ ਬਹੁ ਭਾਤੈਂ[1]।
ਸਤਿਸੰਗੀ ਚੇਲੇ ਜਨ ਤਾਂ ਕੇ,
ਘਨੇ ਬਨੇ ਸੁਨ ਬਾਤੈਂ।
ਜੋ ਜੈਸਾ ਆਵੈ ਰਹਿ ਤੈਸਾ,
ਭੇਖ ਰੇਖ ਨਹਿਂ ਠਾਨੈ[1]।
ਪੈ ਗੋਲਾਬ ਦਾਸੀਏ ਤਿਨ ਕੋ,
ਕਹੈਂ ਲੋਗ ਵਹਿ ਮਾਨੈ[1] ॥੨੨੬॥
ਸੇਵੈਂ ਤਿਸ ਕੋ ਦੇਵੈਂ ਦੌਲਤ,
ਲੇਵੈਂ ਧਰਿ ਉਪਦੇਸੈਂ।
ਚਾਲ ਚਲਨ ਸ਼ੌਕੀਨੀ ਪੀਨੀ,
ਰਾਖੈ ਏਹੁ ਬਿਸੇਸੈਂ[1]।
ਪੇਖਿ ਅਰੂਜ[1] ਨਮੂਜ[2] ਰੂਪ ਬਡ,
ਪੀਰੋ ਨਾਮ ਇਕ ਕਸਬੀ[1]।
ਆਸ਼ਕ ਭਈ ਗੁਲਾਬ ਦਾਸ ਪੈ,
ਥਈ ਗਲੇ ਕੀ ਤਸਬੀ[1] ॥੨੨੭॥
ਵਾਰਸ ਤਿਸ ਕੇ[1] ਰਾਖੈਂ ਝਗਰਾ,
ਵਹਿ ਇਸ ਬਿਨ ਨਹਿਂ ਰੈਹੈਂ।
ਆਖਰ ਗਏ ਗੁੱਜਰਾਂਵਾਲੇ,
ਵਾਰਸ ਤਿਸ ਕੋ ਲੈ ਹੈਂ।
ਇਤੈ ਗੁਲਾਬ ਦਾਸ ਭੀ ਤਿਸ ਬਿਨ,
ਰਹਿ ਨ ਸਕਜੋ ਬਸਿ ਮੋਹੈਂ[1]।
ਚਤੁਰ ਸਿੰਘ ਕਾਲਾ ਸਿੰਘ ਚੇਲੇ,
ਪਠੇ ਮੰਗਾਈ ਸੋ ਹੈ ॥੨੨੮॥

[1]ਦੋਸ਼ ਰੂਪ ਨੰਬਰ ਲਾਉਂਦਾ ਹੈ।

[1]ਹਿੰਦੂ ਤੁਰਕ ਦੀ ਹੱਦ ਦੇ (ਮੱਦ) ਚਿੰਨ੍ਹਾਂ ਨੂੰ ਬਹੁਤ ਤਰ੍ਹਾਂ ਕਰਕੇਰੱਦ ਕਰਦਾ ਹੈ।

[1]ਭੇਖ ਦਾ ਚਿੰਨ੍ਹ ਨਹੀਂ ਕਰਦੇ।

[1]ਉਹ ਆਪ ਵੀ ਇਹ ਗੱਲ ਮੰਨਦੇ ਹਨ।

[1](ਪੀਨੀ) ਬਹੁਤੀ ਸ਼ੌਕੀਨੀ ਵਾਲਾ ਹੀ ਏਹ ਬਹੁਤਾ ਚਾਲ-ਚਲਨਰਖਦਾ ਹੈ।

[1]ਪ੍ਰਤਾਪ। [2]ਤਰੱਕੀ।

[1]ਵੇਸਵਾ।

[1]ਮਾਲਾ।

[1]ਤਿਸ ਵੇਸਵਾ ਦੇ ਮਾਲਕ।

[1]ਮੋਹ ਦੇ ਵਸ ਹੋ ਕੇ।

ਨਿਸ ਕੌ ਕੱਢ ਲਜਾਏ ਤਿਸ ਕੌ,
ਨਿਜ ਕੰਧਜੋਂ ਪਰ ਚਾ ਕੈ[1]। — [1]ਆਪਣਿਆਂ ਮੋਢਿਆਂ ਤੇ ਚੁੱਕ ਕੇ।
ਪੇਖਿ ਗੁਲਾਬ ਦਾਸ ਖੁਸ਼ਿ ਥੀਓ,
ਫਨੀ ਮਨੀ ਜਜੋਂ ਪਾ ਕੈ[1]। — [1]ਜਿਵੇਂ ਸ਼ੇਸ਼ਨਾਗ ਮਣੀ ਲੱਭ ਕੇ ਖ਼ੁਸ਼ ਹੁੰਦਾ ਹੈ।
ਥਾ ਜਰਨੈਲ ਇਲਾਹੀ ਖਾਂ ਭੀ,
ਦੋਸਤ ਪੀਰੋ ਕੇਰੋ।
ਪੀਰੋ ਕੇ ਭਾਈਆਂ ਕੋ ਤਿਸ ਨੈ,
ਦੀਨੀ ਫੌਜ ਬਧੇਰੋ ॥੨੨੯॥
ਮੀਆਂ ਮੀਰ ਕੇ ਵੀਚ ਮਕਬਰੇ,
ਘੇਰੇ ਉਨ ਇਹੁ ਆਈ।
ਦਾਸ ਗੁਲਾਬ ਪਾਸ ਭੀ ਦੋ ਸੌ,
ਸਿੰਘ ਅਏ ਸੁਨਿ ਧਾਈ[1]। — [1]ਦੌੜ ਕੇ।
ਚਲੀ ਬੰਦੂਕ ਤਹਾਂ ਤਿਯ ਬਦਲੇ,
ਜ਼ਖਮੀ ਕੇਤਿਕ ਥਾਏ[1]। — [1]ਹੋ ਗਏ।
ਮਹਾਰਾਜ ਨੈ ਖਬਰ ਪਾਇ ਕੈ,
ਲਰਨੋ ਉਭੈ[1] ਹਟਾਏ ॥੨੩੦॥ — [1]ਦੋਵੇਂ।
ਚੱਠੇ ਗਾਮ ਗੁਲਾਬ ਦਾਸ ਤਬਿ,
ਲੈ ਪੀਰੋ ਕੋ ਆਯੋ।
ਰਹਜੋ ਹਮੇਸ਼ ਬਿਸ਼ੇਸ਼ ਤਹਾਂ,
ਨਿਜ ਡੇਰਾ ਖੂਬ ਸਜਾਯੋ।
ਤਬਿ ਲੌ ਜੰਗ ਭਯੋ ਸਤਲੁਜ ਕਾ,
ਸਿੱਖ ਮਿਲਾਪੀ ਤਾਂ ਕੇ।
ਨਿਜ ਨਿਜ ਧਨ ਅਸਵਾਬ ਇਮਾਨਤ,
ਰਖਿ ਤਹਿਂ ਜੂਝੇ ਜਾ ਕੇ[1] ॥੨੩੧॥ — [1]ਜਾ ਕੇ ਸ਼ਹੀਦ ਹੋ ਗਏ।
ਮਰੇ ਅਧਿਕ ਥੋਰੇ ਹੀ ਆਏ,
ਸੋ ਭੀ ਭਏ ਵਿਰਾਗੀ ਜੀ।
ਦੌਲਤ ਉਨ ਕੀ ਰਹੀ ਇਸੀ ਢਿਗ,
ਰੌਣਕ ਬਢਨੇ ਲਾਗੀ ਜੀ।
ਫਿਰ ਜਬਿ ਘਰ ਲਹੌਰ ਕਾ ਟੂਟਜੋ[1] — [1]ਮਹਾਰਾਜਾ ਰਣਜੀਤ ਸਿੰਘ ਦੀ ਬਾਦਸ਼ਾਹੀ ਖ਼ਤਮ ਹੋ ਗਈ।
ਸਿੱਖ ਤਿਸ ਢਿਗ ਬਹੁ ਆਏ ਜੀ।

ਸੀਖੈਂ ਚਰਚਾ ਗਜਾਨ ਮਹਾਨੈ,
ਚੇਲੇ ਤਿਹ ਸਦਵਾਏ ਜੀ ॥੨੩੨॥
ਨਿਤ ਪ੍ਰਤਿ ਸਭਾ ਲਗਾਇ ਪਲੰਘ ਪਰ,
ਦਾਸ ਗੁਲਾਬ ਥਿਰੈ ਹੈ ਜੀ।
ਕਲਗੀ ਜਿਗ੍ਹਾ ਪੁਸ਼ਾਕ ਸਜੈ ਕੈ,
ਊਪਰ ਚੌਰ ਕਰੈ ਹੈ ਜੀ।
ਆਗੇ ਚੋਬਦਾਰ ਠਾਢੋ ਰਹਿ,
ਸੁਜਸ ਨਕੀਬ[1] ਉਚਰ ਹੈਂ ਜੀ।

[1]ਅੱਗੇ ਅੱਗੇ ਜਸ ਕਰਨ ਵਾਲੇ।

ਚੇਲੇ ਝੁਕਿ ਝੁਕਿ ਕਰਤ ਸਲਾਮਾਂ,
ਸਤਿਗੁਰੁ ਸਾਹਿਬ ਰਰ ਹੈਂ[1] ਜੀ ॥੨੩੩॥

[1]ਕਹਿੰਦੇ ਹਨ।

ਪੀਰੋ ਕੇ ਸਬੱਬ ਤੈ ਬੇਸਜਾ,
ਥੀਂ ਮੁਰੀਦ ਬਹੁ ਹੋਈ ਜੀ।
ਸਭਾ ਵੀਚ ਮੁਜਰਾ[1] ਕਰਨੇ ਕੋ,
ਹਾਜ਼ਰ ਰਹਿ ਹੈਂ ਸੋਈ ਜੀ।

[1]ਨਾਚ।

ਕੀਰਤਨ ਕਥਾ ਠੌਰ ਨਿਤ ਮੁਜਰਾ,
ਹੋਇ ਕੰਚਨੀਂ ਕੇਰੈਂ[1] ਜੀ।

[1]ਵੇਸਵਾਵਾਂ ਦਾ।

ਰਾਠ[1] ਕਾਠ[2] ਬਾਹਾਦਰ ਧਾੜਵੀ[3],
ਧਨੀ ਸੂਦਾਰ ਬਧੇਰੈਂ ਜੀ ॥੨੩੪॥

[1]ਲੜਾਕੇ। [2]ਕੱਦਾਂ ਵਾਲੇ। [3]ਲੁਟੇਰੇ।

ਸਾਧ ਕੀਨ ਤਾਮਾਸ਼ ਬੀਨ ਤਹਿਂ,
ਹਿੰਦੂ ਤੁਰਕ ਅਪਾਰੈਂ ਜੀ[1]।

[1]ਬਹੁਤੇ ਹਿੰਦੂ ਤੁਰਕ ਤੇ ਤਮਾਸ਼ਾ ਵੇਖਣ ਵਾਲਿਆਂ ਨੂੰ ਆਪਣੇ ਸਾਏ ਭਾਵ ਪ੍ਰਭਾਵ ਹੇਠ ਕਰ ਲਿਆ।

ਰੈਹੈਂ, ਚਰਚਾ ਗਜਾਨ ਸਿਖੈ ਹੈਂ,
ਥੈਹੈਂ[1] ਸੇਵਕ ਭਾਰੈਂ ਜੀ।

[1]ਹੋ ਜਾਂਦੇ ਹਨ।

ਹਿੰਦੁ ਤੁਰਕ ਕੀ ਸ਼ਰ੍ਹਾ ਹੱਦ ਜੋ ਹੈ,
ਸੋ ਘੋਲ ਪਿਲਾਏ[1] ਜੀ।

[1]ਭਾਵ ਖ਼ਤਮ ਕਰ ਦਿੱਤੀ।

ਓਅੰ ਸੋਹੰ ਦੈ ਗੁਰੁ-ਮੰਤਰ,
ਪਚੀ-ਪ੍ਰਕ੍ਰਿਤਿ ਦਿਢਾਏ ਜੀ[1] ॥੨੩੫॥

[1](ਓਅੰ) ਪ੍ਰਮੇਸ਼ਰ (ਸੋ) ਉ (ਹੰ) ਮੈਂ ਹੀ ਹਾਂ। ਇਹ ਗੁਰ-ਮੰਤ੍ਰ ਦੇ ਕੇ ਪੱਚੀ ਪ੍ਰਕ੍ਰਿਤੀਆਂ ਵਾਲੇ ਸਥੂਲ ਸ਼ਰੀਰ ਨੂੰ ਹੀ ਆਤਮਾ ਦ੍ਰਿੜ ਕਰਾਉਂਦਾ ਹੈ।

ਗੁਰੂ ਪੀਰ ਨਿਜ ਇਸ਼ਟ ਦੇਵ ਲੌਂ,
ਸ਼ਰ੍ਹਾ ਨ ਕੋ ਰਖਵਾਏ ਜੀ।

ਆਪਨੀ ਮਰਜੀ ਕੇਸ ਰਖੈ ਕੋ,
ਚਾਹੇ ਮੁੰਡ ਮੁੰਡਾਏ[1] ਜੀ। — [1]ਸਿਰ ਮੁੰਨਾ ਲਵੇ।
ਖਾਨ ਪਾਨ ਮਨ ਭਾਵਤ ਖਾਵੇ,
ਪਾਪ ਪੁੰਨਜ ਨਹਿੰ ਕਾਏ ਜੀ।
ਨਰਕ ਸ੍ਵਰਗ ਦੁਖ ਸੁਖ ਬਿਨ ਔਰੈਂ,
ਨਹਿੰ ਕੋਊ ਕਿਸ ਠਾਂਏ[1] ਜੀ ॥੨੩੬॥ — [1]ਕਿਸੇ ਥਾਂ ਕੋਈ ਨਹੀਂ।
ਦੇਵੈ ਦੰਡ ਸੂਕਾਰ ਜਾਂਹਿ ਤੈ,
ਪਾਪ ਕਰਮ ਹੈ ਸਾਏ[1] ਜੀ। — [1]ਉਹੋ ਹੀ।
ਚੇਤਨ ਬ੍ਰਹਮ ਇਹੀ ਹੈ ਆਤਮ,
ਔਰੈਂ ਪ੍ਰਭੂ ਨ ਕਾਏ ਜੀ।
ਯੌਂ ਉਪਦੇਸ਼ ਬਿਸੇਸ ਦਿਢੈ ਕੈ,
ਭਰਮ ਕਲੇਸ਼ ਮਿਟਾਏ ਜੀ।
ਬਰਣਾਸ਼੍ਰਮ ਲੌਂ ਧਰਮ ਉਠਾਵੈ,
ਨਿੰਦੈ ਸ਼ਰ੍ਹਾ ਮਹਾਂਏ[1] ਜੀ ॥੨੩੭॥ — [1]ਧਰਮ ਦੇ ਚਿੰਨ੍ਹਾਂ ਨੂੰ ਬਹੁਤ ਨਿੰਦਦਾ ਹੈ।
ਮੌਜ ਬਿਲਾਸ, ਬਿਬੇਕ ਮਾਲ,
ਗੋਲਾਬ-ਚਮਨ ਲੌ ਪੋਥੀ ਜੀ।
ਰਚੀ ਗੁਲਾਬ ਦਾਸ ਨਿਜ ਕਵਿਤਾ,
ਵਿਰਤ ਭਗਤ ਤੈ ਥੋਥੀ[1] ਜੀ। — [1]ਭਗਤੀ ਦੇ ਵਰਤਾਰੇ ਤੋਂ ਖ਼ਾਲੀ ਹੈ।
ਜਿਨ ਕੋ ਪਢ ਸੁਨ ਲੋਗ ਹਜਾਰੋਂ,
ਥੀਏ ਅਤੀ ਖੁਲਾਸੈਂ[1] ਜੀ। — [1]ਬਹੁਤੇ ਖੁੱਲ੍ਹੇ ਅਚਾਰ ਵਾਲੇ।
ਸਤ ਸੰਤੋਖ ਧਰਮ ਜਪ ਤਪ ਤਜਿ,
ਬ੍ਰਹਮ ਆਪ ਕੌ ਭਾਸੈਂ[1] ਜੀ ॥੨੩੮॥ — [1]ਪ੍ਰਤੀਤ ਕਰਦੇ ਹਨ।
ਬਾਂਕੇ[1] ਟੇਢੇ ਪਹਿਨ ਪੁਸ਼ਾਕੇ, — [1]ਸੁੰਦਰ।
ਬਨੇਂ ਰਹੈਂ ਸ਼ੌਕੀਨੇ ਜੀ।
ਜੈਸ ਕੈਸ ਜੋਊ ਕਿਛ ਮਿਲ ਹੈ,
ਗਿਲ ਹੈਂ[1] ਸ਼ਰ੍ਹਾ ਬਿਹੀਨੇ ਜੀ। — [1]ਖਾ ਲੈਂਦੇ ਹਨ।
ਕਿਯ ਬਦਨਾਮ ਗੁਲਾਬ ਦਾਸ ਕੋ,
ਮੂਰਖ ਲੋਗੈਂ ਤਿਨ ਹੈਂ ਜੀ।
ਸਹੀ ਗਜਾਨ ਥਾ ਉਨੈਂ ਦਿਢਾਯੋ,
ਸਮਝੀ ਰਮਜ਼ ਨ ਇਨ ਹੈਂ ਜੀ ॥੨੬੯॥

ਜਯੋਂ ਇਕ ਨ੍ਰਿਪ ਰਾਗ ਨਹਿਂ ਸਮਝੈ,
ਰਾਣੀ ਦਯੋ ਅਸ਼ਾਰਾ ਜੀ।
ਸੂਹੀ ਕੁੜਤੀ ਦਿਖਰਾਈ ਉਨ,
ਕੁੜਤੀ ਰਾਗ ਉਚਾਰਾ ਜੀ।
ਯੌਂ ਹੀ ਗੁਲਾਬ ਦਾਸ ਥਾ ਗਯਾਨੀ,
ਪੂਰਨ ਪੁਰਖ ਮਹਾਨੈ ਜੀ।
ਪੈ ਉਨ ਬਿਨ ਅਧਿਕਾਰਿ[1] ਦਿਵਾਯੋ,
ਸਭਿ ਕੋ ਬ੍ਰਹਮ ਗਯਾਨੈ ਜੀ ॥੨੪੦॥
ਯਾਂਹੀ ਤੈ ਜਿਸ ਪਿੰਡ ਮੈਂ ਜਾਇ,
ਗੁਲਾਬ ਦਾਸੀਆ ਰੈਹੈ ਜੀ।
ਸੁਨ ਕੈ ਬਚਨ ਗੱਭਰੂ ਤਿਸ ਤੈ,
ਅਤੀ ਖੁਲਾਸੇ ਥੈਹੈਂ ਜੀ।
ਇਕ ਤੌਂ ਜ੍ਵਾਨੀ ਉਮਰ ਮਹਾਨੀ,
ਸਹਜੇ ਹੁਤੀ ਅੰਧੇਰੀ ਜੀ।
ਦੁਤੀਏ ਪਾਪ ਪੁੰਨਯ ਡਰ ਚੁਕੋ,
ਇਹ ਪੁਠ[1] ਚਢੀ ਬਧੇਰੀ ਜੀ ॥੨੪੧॥
ਮਾਝੇ ਮਾਲਵੇ ਪੋਠੋਹਾਰੈਂ,
ਫੈਲਯੋ ਇਹ ਮਤ ਭਾਰੈਂ ਜੀ।
ਦੇਖਾ ਦੇਖੀ ਜ੍ਵਾਨ ਤੀਆ ਨਰ,
ਚੋਰੈਂ ਯਾਰ ਲਵਾਰੈਂ[1] ਜੀ।
ਖੁਦ ਹੀ ਭਏ ਵਿਦਾਂਤੀ ਨਾਸਤਕ,
ਧੂੰਮ ਮਚੀ[1] ਜਗ ਮੈਂਹੈਂ ਜੀ।
ਬੇਟੀ ਬਹੁ ਨਿਕਾਲੈਂ ਦੌਲਤ,
ਮਾਸ ਸ਼ਰਾਬ ਛਕੈ ਹੈਂ ਜੀ ॥੨੪੨॥
ਉਸੀ ਜ਼ਮਾਨੇ ਮੈਂ ਇਸ ਮਤ ਕੋ,
ਮਦਦ ਮਿਲੀ ਇਕ ਔਰੈਂ ਜੀ।
ਮੱਘੀ-ਸ਼ਾਹ ਮਨਸੂਰ ਪੁਰੇ ਮੈਂ,
ਬਿਦਤਯੋ ਯੌਂਹੀ ਗੌਰੈਂ[1] ਜੀ।
ਦੁਤੀ ਰਮੇਸ਼੍ਵਰ ਪੁਰੀ ਗੁਸਾਂਈਂ,
ਪਿੰਡ ਮਾਨਸਾ ਰੈਹੈ ਜੀ।

[1]ਯੋਗਤਾ ਤੋਂ ਬਿਨਾਂ।

[1]ਪਾਹ, ਪਾਣ।

[1]ਬਕਬਾਦੀ, (ਅ) ਝੂਠੇ ਵਾਅਦੇ ਕਰਨ ਵਾਲਾ।

[1]ਡੰਡਰੌਲਾ ਪੈ ਗਿਆ।

[1]ਬਹੁਤਾ ਮਸ਼ਹੂਰ ਹੋ ਗਿਆ।

ਵਹਿ ਭੀ ਐਨ ਗੁਲਾਬ ਦਾਸ ਸਮ,
ਸੁਸਕੈਂ[1] ਗਜਾਨ ਦਿਢੈ ਹੈਂ ਜੀ ॥੨੪੩॥ — [1]ਸੁੱਕਾ ਹੀ।
ਇਹੁ ਉਦਾਸੀਓਂ ਮੈਂ ਸੇ ਬਿਗਰਜੋ,
ਵਹਿ ਸੰਨਯਾਸੀਓਂ ਮੋਂਹੈਂ ਜੀ।
ਕਾਲੰਗਜਾਰੀ ਦੁਹੂੰ ਖੇਤ੍ਰੈਂ,
ਪਰੀ ਰੰਗ ਦਿਯ ਖੋਹੈ[1] ਜੀ। — [1]ਦੋਹਾਂ ਉਦਾਸੀਆਂ ਤੇ ਸੰਨਿਆਸੀਆਂ ਦੇ ਭੇਖਾਂ ਰੂਪ ਖੇਤਾਂ ਵਿੱਚ ਕਾਂਗਿਆਰੀ ਪੈ ਗਈ ਜਿਸ ਨੇ ਦੋਹਾਂ ਭੇਖਾਂ ਦਾ ਰੰਗ (ਜਸ) ਗਵਾ ਦਿੱਤਾ।

ਇਸ ਕੇ ਭਏ ਗੁਲਾਬ ਦਾਸੀਏ,
ਉਨ ਕੇ ਮੌਜੀ ਰੋਡੇ ਜੀ।
ਲਾਖੋਂ ਲੋਗ ਖਰਾਬ ਕਰੇ ਇਨ,
ਐਸੇ ਭਏ ਸੁ ਭੋਡੇ[1] ਜੀ ॥੨੪੪॥ — [1]ਭੈੜੇ, ਮਾੜੇ।
ਮੂੜ੍ਹੇ ਕੁਰਸੀ ਪਲੰਘ ਛੱਤ੍ਰ ਬਡ,
ਰਾਖੈਂ ਸੰਗ ਸਜੈ ਹੈਂ ਜੀ।
ਰੰਘੜੇਟੇ[1] ਚੰਮਾਰ ਬਿਗਾਰੀ, — [1]ਮਜ਼ਹਬੀ।
ਪਿੰਡੋ ਪਿੰਡ ਪੁਚੈਂ ਹੈਂ ਜੀ।
ਜਾਵੈਂ ਜਹਾਂ ਥਿਰਾਵੈਂ ਸਜ ਵਜ[1], — [1]ਬਹੁਤਾ ਸਜ ਕੇ ਬੈਠਦਾ ਹੈ।
ਬਹੁ ਬਕਿ[1] ਗਜਾਨ ਸੁਨੈਂ ਹੈਂ ਜੀ। — [1]ਬੋਲ ਕੇ।
ਚਰਚਾ ਕਰੈਂ ਬਤਿੰਡੇ[1] ਜਲਪਾ[2], — [1]ਇਕ ਪ੍ਰਕਾਰ ਦੀ ਚਰਚਾ, ਦੂਜੇ ਦਾ ਪੱਖ ਡੇਗਣ ਲਈ ਛਲ, ਕਪਟ, ਈਰਖਾ, ਹਠ ਨਾਲ ਮਿਲੀ ਚਰਚਾ। [2]ਇਕ ਪ੍ਰਕਾਰ ਦੀ ਚਰਚਾ, ਆਪਣੇ ਮਤ ਦੀ ਪੁਸ਼ਟੀ ਲਈ ਦੂਜੇ ਦੀ ਦਲੀਲ ਨੂੰ ਰੱਦ ਕਰਨਾ।

ਦੰਗੇ ਬਹੁ ਠਾਂ ਥੈਹੈਂ ਜੀ ॥੨੪੫॥
ਖੈਹੈਂ ਰੋਟੀ ਮਾਂਗ ਦੂਧ ਘ੍ਰਿਤ,
ਪਿੰਡੋ ਪਿੰਡ ਫਿਰੈਂ ਹੈਂ ਜੀ।
ਢੱਡ ਸਾਰੰਗੀ ਬਜਵੈ ਕੈ ਬਹੁ,
ਮਿਰਜਾ ਹੀਰ ਸੁਨੈ ਹੈਂ ਜੀ।
ਚੋਰ ਲਵਾਰ[1] ਮਿਲੇ ਰਹਿਂ ਇਨ ਮੈਂ, — [1]ਬਕਬਾਦੀ, (ਅ) ਝੂਠੇ ਵਾਅਦੇ ਕਰਨ ਵਾਲੇ।
ਚੋਰੀ ਕਰਿ ਸੋ ਲਜਾਵੈਂ ਜੀ।
ਅਤਰ ਫੁਲੇਲ ਪੁਸ਼ਾਕੈਂ ਦਾਰੂ[1], — [1]ਸ਼ਰਾਬ।
ਆਦਿਕ ਖ਼ੂਚ ਚਲਾਵੈਂ ਜੀ ॥੨੪੬॥

ਬਢੇ ਲੋਗ ਇਹੁ ਅਤਿਸੈ ਜਬਿ ਹੀ,
ਮਾਚਜੋ ਰੌਰ ਅਪਾਰੈਂ ਜੀ।
ਤਬਿ ਪਟਲੇਸ ਮ੍ਰਿਗੇਸ ਨਰੇਂਦ੍ਰ,
ਨ੍ਰਿਪ ਭਰਪੂਰ ਉਦਾਰੈਂ[1] ਜੀ। — [1]ਸ੍ਰੇਸ਼ਟਰਾਜਾ ਭਰਪੂਰ ਸਿੰਘ ਨਾਭਾ ਪਤੀ।
ਸਿਰੀ ਵਜੀਰ ਸਿੰਘ[1] ਧਰਮਾਤਮ, — [1]ਮਹਾਰਾਜਾ ਫ਼ਰੀਦਕੋਟ।
ਔਰ ਸਰੂਪ ਮ੍ਰਿਗੇਸੈਂ[1] ਜੀ। — [1]ਮਹਾਰਾਜਾ ਜੀਂਦ।
ਆਦਿਕ ਰਾਜਗਾਨ[1] ਸਰਦਾਰੈਂ, — [1]ਰਾਜਿਆਂ।
ਪਕਰੇ ਏਹੁ ਬਿਸੇਸੈਂ ਜੀ ॥੨੪੭॥
ਜੋਊ ਗੁਲਾਬ ਦਾਸੀਆ ਮੌਜੀ,
ਜਹਾਂ ਮਿਲਜੇ ਤਹਿਂ ਪਕਰਜੋ ਜੀ।
ਬਲਕੈ ਉਸੀ ਵਜਾ ਕੇ ਔਰੈਂ[1], — [1]ਸਗੋਂ ਉਸੇ ਤਰ੍ਹਾਂ ਦੇ ਹੋਰ।
ਥੇ ਜੁ ਤਿਨੈਂ ਭੀ ਜਕਰਜੋ[1] ਜੀ। — [1]ਜਕੜ ਲਿਆ ਕਸ ਕੇ ਬੰਨ੍ਹ ਲਿਆ।
ਤਜੋਂ ਹੀ ਅੰਗ੍ਰੇਜ਼ੀ ਏਲਾਕੇ ਮੈਂ,
ਜਮਾਨਤਾਂ ਥਾਂਈਂ[1] ਜੀ। — [1]ਜ਼ਿੰਮੇਂਵਾਰੀਆਂ ਹੋਈਆਂ।
ਚੌਧਰੀਆਂ ਨੈ ਸਜ਼ਾ ਦਿਲਾਈ,
ਅਨਿਕੈਂ[1] ਲੁੱਚਜੋਂ ਤਾਂਈਂ ਜੀ ॥੨੪੮॥ — [1]ਅਨੇਕਾਂ।
ਉੱਨੀ ਸੌ ਬਾਰਾਂ ਤੈ ਚੌਦਾਂ ਲੌਂ,
ਜਬਿ ਹੋਈ ਐਸੇ ਜੀ।
ਪੈ ਉਬਾਲ ਮੈਂ[1] ਜਲ ਜਜੋਂ ਪਰ ਹੈ, — [1]ਦੁੱਧ ਧੇ ਉਬਾਲ ਵਿੱਚ।
ਘਟੇ ਲੋਗ ਇਹੁ ਤੈਸੇ ਜੀ।
ਡੰਡਾ ਪੀਰ ਲੁਚੇ ਲੰਡਜੋਂ ਕਾ,
ਖੰਡ ਪਖੰਡ ਸੁਟੈ ਹੈ[1] ਜੀ। — [1]ਪਖੰਡ ਨੂੰ ਨਾਸ਼ ਕਰ ਸੁੱਟਦਾ ਹੈ।
ਪੈ ਤਬਿ ਪ੍ਰਖਜੋ ਗਯੋ ਕੂਰ ਸੱਚ,
ਹਮ ਭੀ ਥੇ ਤਿਨ ਮੈਹੈਂ ਜੀ ॥੨੪੯॥
ਡਰਤ ਗੁਲਾਬ ਦਾਸੀਏ ਮੌਜੀ,
ਇਸ ਮਤ ਕੋ ਤਜਿ ਰਾਸੀ[1] ਜੀ। — [1]ਸਾਰੇ ਛੱਡ ਕੇ।
ਲਗੇ ਨਿਰਮਲੇ ਸਾਧੁ ਸਦਾਵਨ,
ਸੰਨਜਾਸੀ ਓਦਾਸੀ ਜੀ।
ਤਬੈ ਗੁਲਾਬ ਦਾਸ ਨੈ ਭੀ,
ਬਹੁ ਪਕਰਿ ਬਿਗਾਰੀ ਐਂਠੇ[1] ਜੀ। — [1]ਵਿਗੜੇ ਹੋਏ ਪਕੜ ਕੇ (ਐਂਠੇ) ਖਿੱਚੇ ਭਾਵ ਸਜ਼ਾ ਦਿੱਤੀ।

ਸਿਦਕੀ ਕਾਯਮ ਰਹੇ ਕੇਚਿਤੈਂ[1], [1]ਕਿਤਨੇ ਹੀ।
ਕਾਚੇ ਥੇ ਫਿਰ ਬੈਠੇ ਜੀ ॥੨੫੦॥
ਐਪਰ ਛੋਡਿ ਬਿਕਾਰ ਅਨੇਕੈਂ,
ਨੇਕ ਕਾਰ ਮੈਂ ਆਏ ਜੀ।
ਫਿਰਕਾ[1] ਕਾਯਮ ਰਹਜੋ ਏਹੁ ਭੀ, [1]ਭੇਖ, ਪੰਥ।
ਹੈ ਅਬਿ ਲੌਂ ਬਹੁ ਭਾਏ[1] ਜੀ। [1]ਬਹੁਤ ਤਰ੍ਹਾਂ।
ਯਦੀ ਗੁਲਾਬ ਦਾਸ ਕੇ ਚੇਲੇ,
ਲਾਯਕ ਹੁਤੇ ਅਨੇਕੈਂ ਜੀ।
ਪੈ ਇਕ ਸਾਹਿਬ ਸਿੰਘ ਘੁਮਾਰ ਕੇ,
ਬੇਟੇ ਕੋ ਲਖਿ ਨੇਕੈਂ ਜੀ ॥੨੫੧॥
ਨਿਜ ਚੇਲਾ ਕਰ ਬਜਾਹਿ ਦਯੋ ਵਹਿ,
ਠੌਰ ਆਪਨੀ ਥਾਪਜੋ ਜੀ।
ਨਾਮ ਧਰਜੋ ਹਰਿਗੋਬਿੰਦ ਸਾਹਿਬ,
ਹੈ ਅਬਿ ਲੌਂ ਸੋ ਜਾਪਜੋ[1] ਜੀ। [1]ਜਾਣਿਆਂ ਹੈ।
ਤੇਗ ਬਹਾਦਰ ਨਾਮ, ਤਾਂਹਿ ਕੇ
ਸੁਤ ਕਾ, ਧਰਜੋ ਬਨਾਈ ਜੀ।
ਹੇਤ ਖਿਝਾਵਨ ਸਿੱਖਨ ਕੋ ਇਹੁ,
ਜਾਨ ਬੂਝ ਚਿੜ[1] ਲਾਈ ਜੀ ॥੨੫੨॥ [1]ਖਿਝ।
ਜੋਗ ਭੋਗ ਦੋਨੋ ਬਡ ਮਾਣੇ,
ਪੀਰੋ ਦਾਸ ਗੁਲਾਬੈਂ ਜੀ।
ਬਾਤਨ ਮੈਂ ਪੁਜਵਾਯੋ ਨਿਜ ਕੋ,
ਚਲ ਭੀ ਚਾਲ ਖਰਾਬੈਂ[1] ਜੀ। [1]ਖ਼ਰਾਬ ਚਾਲ ਚੱਲਕੇ ਵੀ।
ਜੋਰ ਅਕਲ ਕੇ ਔਰ ਜਨੋ ਕੋ,
ਨਟ ਜਯੋਂ ਨਾਚ ਨਚੈ ਹੈ ਜੀ।
ਬਿਨ ਜਪ ਤਪ ਅਜਮਤ ਦਿਖਰਾਏ,
ਫਿਰਕਾ ਗਯੋ ਚਲੈ ਹੈ ਜੀ ॥੨੫੩॥
ਉੱਨੀ ਸੈ ਓਣੱਤੀ ਮੈਂ ਜਬਿ,
ਪੀਰੋ ਮ੍ਰਿਤੂ ਪਾਈ ਜੀ।
ਦਾਸ ਗੁਲਾਬ ਮਾਸ ਅੱਠ ਪਾਛੇ,
ਰਹਿ ਬੀਮਾਰ ਤਿਥਾਂਈ[1] ਜੀ। [1]ਉਸੇ ਥਾਂ।

ਭਾਦੋਂ ਸੁਦੀ ਦ੍ਵਾਦਸੀ ਕੋ ਫਿਰ,
ਸੰਮਤ ਤੀਸ ਮਧੈ ਹੈ[1] ਜੀ।
ਤਨ ਤਜ ਕਰਿ ਪਰਲੋਕ ਸਿਧਾਰਤੇ,
ਏਹੁ ਵਸੀਹਤ ਕੈਹੈ[1] ਜੀ ॥ ੨੫੪ ॥

[1]ਸੰ. ੧੯੩੦ ਬਿ: ਭਾਦੋਂ ਸੁਦੀ ੧੨ ਨੂੰ।
[1]ਆਪਣੇ ਮਰਨ ਪਿਛੋਂ ਕਿਸੇ ਕੰਮ ਕਰਨ ਦੀ ਸਿੱਖਿਆ ਦੀ ਲਿਖਤ ਕਰਕੇ।

ਵੀਚ ਕਬਰ ਪੀਰੋ ਕੀ ਮੁਝ ਕੋ,
ਦਫਨਾਯੋ[1] ਤੁਮ ਆਛੇ ਜੀ।
ਸ਼ਰ੍ਹਾ ਤੁਰਕ ਹਿੰਦੁਨ ਕੀ ਕੋਈ,
ਕਰਜੋ ਨ ਹਮਰੀ ਪਾਛੇ ਜੀ।
ਸੋਈ ਬਚਨ ਮਾਨ ਚੇਲਤੋਂ ਨੈ,
ਦਫਨਾਯੋ ਸੋ ਤੈਹੈਂ[1] ਜੀ।
ਗੋਰ ਮਕਬਰਾ[1] ਏਕ ਦੁਹੂੰ ਕਾ,
ਬਨੀ ਸਮਾਧ ਤਹੈਂ ਹੈ ਜੀ ॥ ੨੫੫ ॥

[1]ਦਬਿਓ।
[1]ਓਥੇ।
[1]ਕਬਰ ਉਤੇ ਬਣਿਆਂ ਮਕਾਨ।

ਆਛੀ ਪ੍ਰੀਤਿ ਨਿਬਾਹੀ ਸਾਛੀ[1],
ਲੋਗ ਦਹੂੰ ਕੋ ਕੈਹੈਂ ਜੀ।
ਚੇਲੇ ਮਾਥ ਝੁਕਾਤ ਤਹਾਂ,
ਤਿਹਂ ਫੂਲ ਪ੍ਰਸ਼ਾਦ ਚਢੈ ਹੈਂ ਜੀ।
ਮੇਲਾ ਹੋਤ ਹੋਲੀਆਂ ਮੈਂ ਬਡ,
ਜੁਰ ਹੈਂ ਲੋਗ ਅਪਾਰੈਂ ਜੀ।
ਸੇਵਕ ਸਾਧ ਗੁਲਾਬ ਦਾਸ ਕੇ,
ਭੇਟਾ ਦੇਤ ਹਜ਼ਾਰੈਂ ਜੀ ॥ ੨੫੬ ॥

[1]ਬਹੁਤ ਚੰਗੀ।

ਲੌਂਪੁਰ ਕਾਸੂਰੋਂ ਬਹੁ ਬੇਸਜਾ,
ਮੁਜਰੇ[1] ਜਾਇ ਦਿਖੈ ਹੈਂ ਜੀ।
ਉਡਤ ਗੁਲਾਲ[1] ਬਿਸਾਲ ਖੁਸ਼ੀ ਯੁਤ,
ਪਾਂਚ ਕ ਰੋਜ ਰਹੈ ਹੈ ਜੀ।
ਗਾਥ ਗੁਲਾਬ ਦਾਸੀਓਂ ਕੇਰੀ,
ਸੁਨੀ ਪਿਖੀ ਦਿਢ[1] ਜੈਸੀ ਜੀ।
ਪੱਖ ਪਾਤ ਬਿਨ ਗਜਾਨ ਸਿੰਘ ਸਭਿ,
ਕਥੀ ਜਥਾਰਥ[1] ਤੈਸੀ ਜੀ ॥ ੨੫੭ ॥

[1]ਨਾਚ।
[1]ਗੁਲ ਲਾਲਾ ਦੇਰੰਗ ਦਾ ਸੰਘਾੜੇ ਆਦਿਕ ਦਾ ਰੰਗੀਨ ਆਟਾ ਉਡਦਾ ਹੈ।
[1]ਪੱਕੀ।
[1]ਸੱਚੀ।

ਦੋਹਰਾ:

ਗਾਥਾ ਹੀਰਾ ਦਾਸੀਏ,
ਸੰਤਨ ਕੀ ਸੁਨ ਲੇਹੁ।
ਭਏ ਜੈਸ ਅਬਿ ਹੈਂ ਭਲੇ,
ਤੈਸੇ ਹੀ ਕਹਿ ਦੇਹੁਂ ॥੨੫੮॥

ਕਬਿੱਤ:

ਦੇਸ ਮਾਝੇ ਮਾਂਹਿ ਏਕ ਸੁਰ-ਸਿੰਘ ਪਿੰਡ ਆਹਿ,
ਅਬਦੁੱਲਾ ਮੋਚੀ ਤਾਂਹਿ ਠੌਰ ਥਾ ਰਹਾਵਤੈਂ।
ਸੰਮਤ ਸਤਾਹਟੇ ਮੈਂ[1] ਭਯੋ ਤਾਂਕੇ ਪੂਤ ਏਕ,
[1]ਸੰ. ੧੯੬੭ ਬਿ: ਵਿੱਚ।
ਬਾਲਪਨ ਹੀ ਤੈ ਨੇਕ ਚਲਨ ਸੁਹਾਵਤੈਂ[1]।
[1]ਨੇਕ ਚਾਲ ਚਲਣ ਵਾਲਾ ਸੋਹਣਾ।
ਸਾਧੁ ਥਾ ਉਦਾਸੀ ਸਰਨ-ਦਾਸ ਖਾਸ ਤੈਹੈਂ ਵਾਸੀ[1],
[1]ਉਥੋਂ ਦਾ ਹੀ ਖ਼ਾਸ ਵਸਨੀਕ ਸੀ।
ਤਾਂ ਤੈ ਸੁਖਰਾਸੀ ਪਢੀ ਬਿਦਜਾ ਯਥਾਵਤੈਂ[1]।
[1]ਮੁਨਾਸਬ ਰੀਤੀ ਨਾਲ।
ਚੇਲਾ ਹੋਇ ਤਾਂਹਿ ਕੋ ਹੈ ਹੀਰਾ ਦਾਸ ਨਾਮ ਸੋਹੈ[1],
[1]ਸੋਹਣਾ ਨਾਮ। (ਅ) ਉਸ ਦਾ ਨਾਮ ਹੈ।
ਬਿਦਤਾਯੋ ਦੇਸ ਮੋਂ ਹੈ ਭਜਨ ਪ੍ਰਭਾਵ ਤੈ ॥੨੫੯॥

ਕਾਯਮ ਲਹੌਰ ਤਬਿ ਹੁਤੋ ਰਾਜ ਸਿੰਘੀ ਜਬਿ,
ਸਤਿਸੰਗੀ ਸਿੰਘ ਸਭਿ ਹੁਤੇ ਸੰਤ ਸੇਵੀ ਹੈਂ।
ਫੌਜੈਂ ਮਧ ਮੌਜੈਂ ਯੁਤ[1] ਰਹਿਤ ਅਨੰਦ ਸੰਤ,
[1]ਅਨੰਦ ਨਾਲ।
ਸੌਜੈਂ[1] ਸਭਿ ਦੇਤੇ ਸਿੱਖ ਭਗਤਿ ਕਰੇਵੀ[2] ਹੈਂ।
[1]ਸਮੱਗ੍ਰੀ, ਸਾਮਾਨ। [2]ਸੇਵਾ ਕਰਦੇ ਹਨ।
ਹੀਰਾ ਦਾਸ ਜੀ ਭੀ ਤੈਹੈਂ ਰੈਹੈ ਸਤਿਸੰਗ ਥੈਹੈ,
ਬਿਰਤਿ ਬਿਬੇਕ ਦੈਹੈ ਗਯਾਨ ਸਿੱਖੈਂ ਏਵੀ ਹੈਂ[1]।
[1]ਬ੍ਰਿੱਤੀ ਵਿੱਚ ਵਿਚਾਰ ਦਿੰਦੇ ਹਨ ਤੇ ਇਸੇ ਤਰ੍ਹਾਂ ਸਿੰਘ ਉਨ੍ਹਾਂ ਤੋਂ ਗਿਆਨ ਸਿੱਖਦੇ ਹਨ।
ਥੀਏ ਸਤਿਸੰਗੀ ਭਾਰੇ ਸਿੱਖ ਯਾਹਿ ਕੇ ਅਪਾਰੇ,
ਔਰ ਦੇਸ ਹੂੰ ਮਝਾਰੇ ਭਈ ਲੇਵਾ ਦੇਵੀ[1] ਹੈ ॥੨੬੦॥
[1]ਲੈਣ ਦੇਣ।

ਗੰਡੀ ਪਿੰਡ ਪਾਯੋ ਡੇਰਾ ਹੀਰਾ ਦਾਸ ਨੈ ਬਡੇਰਾ,
ਸਰਦਾਰ ਤਹਾਂ ਕੇਰਾ ਸੇਵਾ ਬਹੁ ਕਰਿ ਹੈ।
ਕਥਾ ਕੀਰਤਨ ਕੋ ਹੈ ਪਰਚਾਰ ਰਾਖੈ ਸੋ ਹੈ,
ਲੰਗਰ ਚਲੈਹੈ ਜੋ ਹੈ ਭਲੀ ਭਾਂਤਿ ਵਰ ਹੈ[1]।
[1]ਜੋ ਚੰਗੀ ਤਰ੍ਹਾਂ ਸ੍ਰੇਸ਼ਟ ਲੰਗਰ ਹੈ।
ਆਪ ਨਾ ਨਜੀਕ ਆਵੈ ਸਿੰਘਨ ਤੈ ਕਰਵਾਵੈ,
ਸੁਚਤਾਈ[1] ਰਖਵਾਵੈ ਪਾਵੈਂ ਲੋਗ ਤਰ ਹੈਂ[2]।
[1]ਪਵਿੱਤਰਤਾ। [2]ਬਹੁਤੇ ਲੋਕ ਲੰਗਰ ਪਾਉਂਦੇ (ਛਕਦੇ) ਹਨ।

ਬਿਦਜਾ ਬਿਦਾਂਤ ਗੁਰੁਬਾਨੀ ਕੋ ਸਿਧਾਂਤ,
ਨਿਤ ਅਧਿਕ ਪਢਾਵੈਂ ਬਖਜਾਤ ਮੋਦ ਭਰ ਹੈ
॥ ੨੬੧ ॥
ਥੀਓ ਜਬਿ ਜੰਗ ਫੇਰ ਸਤਲੁਜ ਕੇਰ ਢੇਰ,
ਸਿੱਖ ਤਬਿ ਰੱਖ ਗਏ ਤਾਂਹਿ ਪੈ ਇਮਾਨਤੈਂ।
ਅਧਿਕੈਂ ਸ਼ਹੀਦ ਤੈਹੈਂ ਥਏ ਗਏ ਭਾਗ ਕੈਹੈਂ,
ਭਏ ਸਾਧੁ ਕੇਤਿਕੈ ਹੈਂ ਯਾਂਹੀ ਪਾਸ ਆਨ ਤੈ[1]।

[1]ਬਹੁਤੇ ਓਥੇ ਸ਼ਹੀਦ ਹੋ ਗਏ ਕਈ ਭੱਜ ਗਏ, ਇਸ ਪਾਸ ਆ ਕੇ ਕਈ ਸਾਧੂ ਬਣ ਗਏ।

ਦੌਲਤ ਰਹਾਈ ਵਾਹਿ[1] ਅਧਿਕਾਈ ਪਾਸ ਤਾਂਹਿ,

[1]ਉਨ੍ਹਾਂ ਦੀ।

ਔਰ ਹੂੰ ਬਢਾਈ ਯਾਹਿ ਬਨਜ ਸਮਾਨਤੈ[1]।

[1]ਵਪਾਰ ਵਾਂਗ।

ਬਾਗ ਲਗਵਾਯੋ ਜਿਮੀਂਦਾਰਾ ਹੈ ਬਢਾਯੋ ਜਾਂ ਤੈ,
ਅਧਿਕੈਂ ਅਰੂਜ[1] ਪਾਯੋ ਸੇਵਕੀ ਸਯਾਨ ਤੈ[2]
॥ ੨੬੨ ॥

[1]ਤਰੱਕੀ। [2]ਜਾਣ ਪਛਾਣ ਕਰਕੇ।

ਆਰਯੋਂ ਅਚਾਰਯੋਂ ਕੀ ਰੀਤਿ ਪਰਤੀਤਿ ਰਾਖੀ,
ਤਾਂਹਿ ਬਿੱਪ੍ਰੀਤਿ ਕਬੀ ਕੋਊ ਕਾਮ ਨ ਕਯੋ[1]।

[1]ਸ੍ਰੇਸ਼ਟ ਧਾਰਮਿਕ ਆਗੂਆਂ ਦੀ ਰੀਤੀ ਤੇ ਭਰੋਸਾਰੱਖਿਆ, ਉਨ੍ਹਾਂ ਦੇ ਉਲਟ ਕੋਈ ਕੰਮ ਨਾ ਕੀਤਾ।

ਨਿਜ ਨੇਕ ਕਰਨੀ ਰਸਾਈ[1] ਤੈ ਬਡਜਾਈ ਪਾਈ,

[1]ਚੰਗੀ ਕਰਣੀ ਦੀ ਪਹੁੰਚ ਨਾਲ।

ਸੇਵਕ ਥਵਾਈ ਖਲਕਤ ਸੁਖ ਹੈ ਪਯੋ।
ਚੇਲੇ ਜੋਊ ਥਏ ਹੀਰਾ ਦਾਸੀਏ ਸੋ ਬਿਦਤਏ,
ਰੀਤਿ ਮਰਯਾਦ ਲਏ ਭਯੋ ਭੇਖ ਯੇ ਨਯੋ।
ਮਾਸ ਤੈ ਸ਼ਰਾਬ ਨਾ ਤਮਾਕੂ ਹੁੱਕਾ ਛੂਹੈਂ ਕਬੀ,
ਸ਼ੁਕਲ ਕਖਾਇ ਵੇਸ ਉੱਜਲ ਰਖੈਂ ਵਯੋ[1]
॥ ੨੬੩ ॥

[1](ਵਯੋ) ਉਹ ਸਾਫ਼ (ਸੁਕਲ) ਚਿੱਟਾ ਤੇ ਭਗਵਾਂ (ਵੇਸ) ਲਿਬਾਸਰਖਦੇ ਹਨ।

ਦੋਹਰਾ:
ਐਪਰ ਹੀਰਾ-ਦਾਸੀਏ,
ਦੁਵਿਧਾ ਰੀਤਿ ਰਖਾਤ[1]।

[1]ਦੋ ਤਰ੍ਹਾਂ ਦੀਰੀਤੀਰਖਦੇ ਹਨ।

ਅੱਡਣ ਸ਼ਾਹੀਓਂ ਕੀ ਤਰ੍ਹਾਂ,
ਮੋਨੇ ਸਿੰਘ ਰਹਾਤ[1] ॥ ੨੬੪ ॥

[1]ਮੋਨੇ ਤੇ ਕੇਸਾਧਾਰੀ ਸਿੰਘ ਰਹਿੰਦੇ ਹਨ।

ਚੌਪਈ:
ਸਿੰਘ ਆਦਿ ਜੋ ਚੇਲਾ ਥੈਹੈ।
ਤਿਸ ਕੋ ਸਿੰਘੀ ਰੀਤਿ ਰਖੈ ਹੈ।

ਨਯੋ ਜੁ ਅੰਮ੍ਰਿਤ ਛਕਨਾ ਚੈਹੈ।
ਪਾਂਚ ਸਿੰਘ ਮਿਲ ਤਾਂਹਿ ਛਕੈ ਹੈਂ ॥੨੬੫॥
ਸੰਤ ਨਿਰਮਲੇ ਜੈਸੇ ਰੈਹੈਂ।
ਰੀਤਿ ਸਭੀ ਸੋ ਤੈਸ ਰਖੈ ਹੈਂ।
ਮੋਨਾ ਚੇਲਾ ਰਹਿਨ ਜੁ ਚੈਹੈ।
ਚੋਟੀ[1] ਤਿਸ ਕੀ ਭੀ ਨਹਿਂ ਲੈਹੈ ॥੨੬੬॥ [1]ਬੋਦੀ।
ਜੌ ਲੌ ਹੀਰਾਦਾਸ ਰਹਾਯੋ।
ਨਿਜ ਬਿਵਹਾਰ ਨ ਤਾਂਹਿ ਮਿਲਾਯੋ[1]। [1]ਆਪਣਾ ਵਰਤਾਰਾ ਨਾਲ ਨਹੀਂ ਮਿਲਾਇਆ ਭਾਵ ਆਪਣਾ ਖਾਣਾ ਪੀਣਾ ਦੂਜਿਆਂ ਤੋਂ ਵੱਖਰੱਖਿਆ।
ਸਤਿਨਾਮੁ ਵਾਹਿਗੁਰੂ ਮੰਤਰ।
ਓਅੰ ਸੋਹੰ ਦੇਤ ਸੁਤੰਤਰ ॥੨੬੭॥
ਨਾਦੀ[1] ਚੇਲੇ ਤਾਂਹਿ ਬਨਾਏ। [1]ਸ਼ਬਦ ਨਾਲ, ਉਪਦੇਸ਼ ਨਾਲ।
ਚਰਨ ਧੋਇ ਨਹਿਂ ਕਬੀ ਪਿਲਾਏ।
ਸੀਤ ਪ੍ਰਸ਼ਾਦ ਨ ਕਾਂਹੂੰ ਦੀਓ।
ਜਤੀ ਸਤੀ ਗਜਾਨੀ ਦਿਢ ਥੀਓ ॥੨੬੮॥
ਪਢੈ ਪਢਾਵੈ ਗੁਰੁ ਕੀ ਬਾਨੀ।
ਰੀਤਿ ਰਖੈ ਸਭਿ ਸਿੱਖਨ ਸਾਨੀ[1]। [1]ਮਿਲੀ ਹੋਈ।
ਗੁਰੂ ਗ੍ਰੰਥ ਸਾਹਿਬ ਇਕ ਇਸ਼ਟੈਂ।
ਮਾਨੈ, ਔਰੈਂ ਸਭੀ ਅਨਿਸ਼ਟੈਂ[1] ॥੨੬੯॥ [1]ਨਾ ਮੰਨਣ ਯੋਗ।
ਯੱਦਪਿ ਚੇਲੇ ਅਨਿਕੈਂ ਲਾਯਕ।
ਥੇ ਤਿਸ ਕੇ, ਸਮ ਰੂਪ ਮਲਾਯਕ[1]। [1]ਦੇਵਤਿਆਂ ਵਰਗੇ ਸਰੂਪ ਵਾਲੇ।
ਪੈ ਲਖਿ ਸੰਤ ਸਿੰਘ ਕੋ ਨੀਕੈਂ।
ਅਪਨੀ ਠੌਰੈਂ ਥਪ ਕੈ ਠੀਕੈਂ ॥੨੭੦॥
ਭਾਦੋਂ ਉੱਨੀ ਸੌ ਮਧ ਛੱਤੀ।
ਮਿਲਿਓ ਜੋਤੀ ਜੋਤਿ ਅਲਵੱਤੀ[1]। [1]ਬਿਨਾਂ ਸੰਸੇ ਤੋਂ।
ਸੰਤ ਸਿੰਘ ਅਬਿ ਆਹਿ ਮਹੰਤੈਂ।
ਰੈਹੈ ਗੰਡੀ ਪਿੰਡ ਸੁਤੰਤੈਂ ॥੨੭੧॥
ਸਿੰਘ ਬਸੰਤ ਰਹਿ ਧਾਲੀਵਾਲੈਂ।
ਹੈ ਦਲ ਸਿੰਘਰਹਿ ਕੋਟ-ਸਜਾਲੈਂ।
ਮੱਖਨ-ਪਿੰਡੀ ਮੈਂ ਸਿੰਘ-ਆਲਾ।

ਦੀਪ ਸਿੰਘ ਕੋਹਾਲੀ ਚਾਲਾ[1] ॥੨੭੨॥ — [1]ਚਲਾ ਗਿਆ।
ਸਨਮੁਖ ਸਿੰਘ ਅੰਮ੍ਰਿਤਸਰ ਰੈਹੈ।
ਇਤਜਾਦਿਕ ਬਹੁ ਠੌਰੈਂ ਮੈਹੈਂ।
ਚੇਲੇ ਪਰ ਚੇਲੇ[1] ਗੁਰੁ ਭਾਈ। — [1]ਪੋਤੇ ਚੇਲੇ।
ਸੰਤ ਸਿੰਘ ਕੇ ਹੈਂ ਬਹੁ ਠਾਈਂ ॥੨੭੩॥
ਹੀਰਾ ਦਾਸੀਓਂ ਕੀ ਇਹੁ ਗਾਥਾ।
ਗਜਾਨ ਸਿੰਘ ਗਾਈ ਹਿਤ ਸਾਥਾ।
ਅਰਜ਼ ਅਸੀਸ ਹਮਾਰੀ ਏਹੀ।
ਸਿੰਘ ਪੰਥ ਇਹੁ ਤਜੈਂ ਨ ਕੇਹੀ ॥੨੭੪॥
ਔਰਨ ਕੌ ਆਗੈ ਸਿੰਘ ਕਰੇਂ।
ਆਪ ਨਿਰਮਲਜੋਂ ਸਮ ਰਹਿਂ ਖਰੇ[1]। — [1]ਚੰਗੇ।
ਸੰਤਨ ਕੀ ਇਹੁ ਗਾਥਾ ਗਾਈ।
ਪਢੈ ਸੁਨੈਂ ਫਲ ਚਾਰ ਲਹਾਈ ॥੨੭੫॥

ਦੋਹਰਾ:

ਹੀਰਾ ਦਾਸੀਆਂ ਕੀ ਕਹੀ,
ਕਥਾ ਜਥਾਰਥ ਸਾਰ[1]। — [1]ਸੱਚੀ ਤੇ ਸ੍ਰੇਸ਼ਟ।
ਗੰਗੂ ਸ਼ਾਹੀਆਂ ਕੀ ਸੁਨੋ,
ਔਰੈਂ ਆਗੇ ਚਾਰੁ[1] ॥੨੭੬॥ — [1]ਸੁੰਦਰ।

ਚੌਪਈ:

ਬਸੀ[1] ਖੱਤ੍ਰੀ ਗੰਗੂ ਏਕੈਂ। — [1]ਗੋਤ।
ਹੁਤੋ ਗਰੀਬ ਅਧਿਕ ਵਡ ਨੇਕੈਂ।
ਅਮਰ ਦਾਸ ਗੁਰੁ ਕੀ ਸਰਣਾਈ।
ਆਯੋ ਮਹਾਂ ਮੋਦ ਮਨ ਪਾਈ ॥੨੭੭॥
ਔਰ ਸਿੱਖ ਬਹੁ ਭੇਟਾ ਦੈ ਕੈ।
ਬੈਠੇ ਥੇ ਅਤਿ ਮੋਦ ਬਢੈ ਕੈ।
ਗੁਰੁ ਗਿਰਦੈ ਭੀੜਾ ਪਿਖਿ ਭੂਰੀ।
ਗੰਗੂ ਖੜ੍ਾ ਰਹਯੋ ਡਰਿ ਦੂਰੀ ॥੨੭੮॥
ਸੋਚਤ ਮੈਂ ਕਿਆ ਭੇਟ ਚਢਾਵੋਂ।
ਬਿਨ ਭੇਟਾ ਗੁਰੁ ਢਿਗ ਕਿਮ ਜਾਵੋਂ।
ਗੁਰੁ ਸਰਬੱਗਜ ਜਾਨ ਤਿਹ ਮਨ ਕੀ।

ਨਿਕਟਿ ਹਕਾਰਯੋ ਗੰਗੂ ਬਨਕੀ[1] ॥੨੭੯॥
ਗੁੜ ਜੋ ਢਿਗ ਚਾਰਕ ਪੈਸਾ ਭਾਰ।
ਹੁਤੋ, ਵਹੈ ਗੁਰੁ ਆਗੇ ਦਿਯ ਧਰ।
ਪੇਖ ਸੁਦਾਮੇ ਸਮ ਤਿਹ ਪ੍ਰੀਤੀ।
ਲਈ ਭੇਟ ਗੁਰੁ ਹ੍ਵੈ ਮੁਦਰੀਤੀ ॥੨੮੦॥
ਦੈ ਆਦਰ ਨਿਜ ਨਿਕਟਿ ਬਿਠਾਯੋ।
ਕਰਿ ਕਿਰਪਾ ਵਹਿ ਸਿੱਖ ਬਨਾਯੋ।
ਮੰਜੀ ਬਖਸ਼ ਦਈ ਤਿਸ ਤਾਂਈ।
ਕਰਯੋ ਨਿਹਾਲ ਮਸੰਦ ਬਨਾਈ ॥੨੮੧॥
ਅਪਨਾ ਨਾਮ ਗਰੀਬ ਨਿਵਾਜੂ।
ਸਫਲ ਕਰਯੋ ਗੁਰੁ ਲਾਜ-ਜਹਾਜੂ।
ਪਰਬਤ ਕੇ ਢਿਗ ਢਿਗ ਕੀ ਸਿੱਖੀ।
ਬਖਸ਼ ਦਈ ਤਿਸ ਕੋ ਗੁਰੁ ਤਿੱਖੀ ॥੨੮੨॥
ਸਤਲੁਜ ਤੈ ਚੜ੍ਹਦੇ ਕੀ ਓਰੈਂ।
ਕਸਬਾ ਖਰੜ ਪਾਸ ਤਿਸ ਹੋਰੈਂ।
ਦਾਊ ਨਾਮ ਗਾਮ ਹੈ ਨੀਕੈਂ[1]।
ਹੈ ਗਾਦੀ ਤਹਿੰ ਤਿਨ ਕੀ ਠੀਕੈਂ ॥੨੮੩॥
ਘਾਗੋ ਗਾਮ ਦੁਆਬੇ ਮਾਹੈਂ।
ਬਨਯੋ ਦੇਹੁਰਾ ਗੰਗੂ ਕਾ ਹੈ।
ਮੇਲਾ ਭਰ ਹੈ ਤਹਾਂ ਅਪਾਰੇ।
ਮੰਨਤ ਲੋਗ ਤਹਾਂ ਕੇ ਸਾਰੇ ॥੨੮੪॥
ਤਿਸ ਕੀ ਗਾਦੀ ਪਰ ਜੋ ਬੈਹੈ।
ਅਜ਼ਮਤ ਬਡ ਯੁਤ ਸੋਊ ਥੈਹੈ।
ਜਵਾਹਰ ਸਿੰਘ ਪੀਰ ਬਡ ਭਯੋ।
ਮੁਲਕ-ਪਹਾੜ ਸਿੱਖ ਤਿਹ ਕਯੋ ॥੨੮੫॥
ਅਬਿ ਸੁੰਦਰ ਸਿੰਘ ਗਾਦੀ ਪਰ ਹੈ।
ਅਕਲ ਸ਼ਕਲ ਅਜ਼ਮਤ ਕਾ ਘਰ ਹੈ।
ਤਿਸ ਨੇ ਸਿੱਖੀ ਬਹੁ ਬਿਰਧਾਈ।
ਜੋਹੜਸਰ[1], ਪੰਜੌੜ, ਡਿਗਸਾਈ ॥੨੮੬॥
ਨਾਹਣ ਦੇਸ ਪ੍ਰਯੰਤ ਬਿਸੇਸੈਂ।

[1]ਗੰਗੂ ਬਾਣੀਏ (ਗੰਗੂ ਸ਼ਾਹ ਨੂੰ ਕੋਲ ਬੁਲਾਇਆ।

[1]ਹੋਰ ਦਾਊ ਨਾਮ ਚੰਗਾ ਪਿੰਡ ਹੈ।

[1]ਪਿੰਡ।

ਬ੍ਰਿਧਿ ਕਰੀ ਗੁਰ ਸਿੱਖੀ ਏਸੈਂ[1]।
ਕਸਬੇ ਖਰੜ ਢਿਗੈਂ ਪਿੰਡ ਦਾਊ।
ਰੈਹੈ ਅਬਿ ਸੋ ਤੈਹੈਂ ਥਾਂਊ[1] ॥੨੮੭॥
ਪੂਜਾ ਆਵਤ ਤਾਂਹਿ ਅਪਾਰੈਂ।
ਲਾਵਤ ਲੰਗਰ ਤੈਸ ਉਦਾਰੈਂ।
ਗੰਗੂ ਸ਼ਾਹੀਆਂ ਕੀ ਇਹ ਗਾਈ।
ਗਾਥ ਗਜਾਨ ਸਿੰਘ ਜੈਸੇ ਪਾਈ ॥੨੮੮॥

[1]ਇਸ ਨੇ।
[1]ਉਸੇ ਥਾਂ।

ਦੋਹਰਾ:
ਭਾਈ ਬਹਿਲੋ ਕੀ ਸੁਨੋ,
ਕਿੰਚਤ ਆਗੇ ਔਰ।
ਦੇਸ ਮਾਲਵੇ ਮੈਂ ਅਹੇ,
ਸਿੱਖੀ ਜਿਨ ਕੀ ਗੌਰ[1] ॥੨੮੯॥

[1]ਬਹੁਤੀ।

ਸ੍ਵੈਯਾ ਛੰਦ:
ਦੇਸ ਮਾਲਵੇ ਫਫੜੇ ਪਿੰਡ ਮੈਂ,
ਸੰਧੂ ਜਟ ਅਲਦਿੱਤਾ[1]।
ਹੁਤੋ ਚੌਧਰੀ ਬਡ ਸੁਲਤਾਨੀ,
ਬਹਿਲੋ ਸੁਤ ਪ੍ਰਭੁ ਦਿੱਤਾ।
ਖੂੰਡੀ ਖਲੜੂ ਰਖੈ ਮੁਸੱਲਾ[1],
ਖੇਲੈ ਛੜੀਆਂ ਯਾ ਹੈ[1]।
ਸੁਲਤਾਨੀ ਲੋਗਨ ਕੋ ਲੈ ਕੈ,
ਸਦਾ ਨਗਾਹੇ[1] ਜਾਹੈ ॥੨੯੦॥

[1]ਨਾਮ।
[1]ਆਸਣ ਜਿਸ ਤੇ ਨਿਮਾਜ਼ ਪੜ੍ਹੀਦੀ ਹੈ।
[1]ਇਹ ਛਿਟੀਆਂ ਨਾਲ ਖੇਡਦਾ ਹੈ।
[1]ਨਗਾਹਾ ਪਿੰਡ ਜ਼ਿਲਾ ਡੇਰਾ ਗ਼ਾਜ਼ੀ ਖ਼ਾਂ ਪੱਛਮੀ ਪਾਕਿਸਤਾਨ ਵਿੱਚ ਹੈ, ਇਥੇ ਸੁਲਤਾਨ ਦੀ ਕਬਰ ਹੈ।

ਜਗੇ ਭਾਗ ਮਗ ਮੈਂ ਗੁਰੁ ਅਰਜੁਨ ਕਾ
ਦਰਸ਼ਨ ਜਬਿ ਲਹਿਓ।
ਕੋਕਲ ਬੱਤਕ ਸੁਤ ਕੀ ਨਜਾਈਂ[1],
ਮਨ ਫਿਰਗੋ ਤਹਿਂ ਰਹਿਓ।
ਕਰੀ ਟਹਿਲ ਅਤਿ ਅੰਮ੍ਰਿਤਸਰ ਕੀ,
ਆਵਾ ਤਾਂਹਿ ਪਕਾਯੋ।
ਨਿਸ ਦਿਨ ਕੂੜਾ ਗੋਬਰ ਮੈਲਾ[1],
ਪਿੰਡਨ ਤੈ ਢੋਵਾਯੋ ॥੨੯੧॥

[1]ਕੋਇਲ ਤੇ ਬੱਤਕ ਦੇ ਬੱਚੇ ਦੀ ਤਰ੍ਹਾਂ।
[1]ਗੋਹਾ ਤੇ ਵਿਸ਼ਟਾ।

ਰੁੱਖਾ ਸੁੱਕਾ ਅੱਠੀਂ ਪਹਿਰੀਂ,
ਮਿਲੈ ਜਹਾਂ ਤਹਿਂ ਖੈ ਹੈ।
ਸਿਰ ਤੈ ਨਾਂਹਿ ਟੋਕਰਾ ਈਨੂੰ
ਲਾਹੈ, ਨਾਮ ਜਪੈ ਹੈ।
ਭਜਨ ਟਹਿਲ ਨੈ ਮਹਿਲ ਪੁਚਾਯੋ,
ਪਿਖਿ ਖੁਸ਼ਿ ਹ੍ਵੈ ਗੁਰੁ ਭਾਰੀ।
ਭਾਈ ਸਾਹਿਬ ਕਾ ਖਿਤਾਬ ਦੈ,
ਅਜ਼ਮਤ ਬਖਸ਼ੀ ਚਾਰੀ[1] ॥੨੯੨॥
[1]ਸੁੰਦਰ।
ਕਰਜੋ ਮਸੰਦ ਮਾਲਵੇ ਕੇਰਾ,
ਜਾਇ ਤਾਂਹਿ ਨਿਜ ਦੇਸੈਂ।
ਸਤਿਨਾਮੁ ਉਪਦੇਸ਼ ਦਿਢਾ ਕੈ,
ਕੀਨੇ ਸਿੱਖ ਬਿਸੇਸੈਂ।
ਫਿਰ ਤਿਸ ਹੀ ਕੇ ਪੌਤ੍ਰ ਭਾਈ,
ਭਗਤੇ ਸੇਵ ਕਮਾਈ।
ਖੁਸ਼ਿ ਹ੍ਵੈ ਗੁਰੁ ਸੰਗਤ ਭੂਤੋਂ ਕੀ,
ਤਿਸ ਕੌ ਪੁਨ ਸੌਂਪਾਈ[1] ॥੨੯੩॥
[1]ਸੌਂਪ ਦਿੱਤੀ।
ਭੂਤ ਪਰੇਤ ਚੁਰੈਲ ਖਵੀਸੁ[1],
[1]ਦੇਉ, ਜਿੱਨ।
ਜਿਸ ਕੋ ਚਿਪਟਜੋ ਹੋਵੈ[1]।
[1]ਚਿੰਬੜਿਆ ਹੋਵੇ।
ਨਿਜ ਡੋਲੀ ਕੋ[1] ਤਜੈਂ ਤੁਰਤ[2] ਵਹਿ,
[1]ਆਪਣੀ ਡੋਲੀ ਨੂੰ। (ਡੌਲੀ-ਉਹ ਸ਼ਰੀਰ ਜਿਸ ਵਿੱਚ ਭੂਤ ਪ੍ਰੇਤ ਜਾਂ ਜਿੱਨ ਨੇ ਪ੍ਰਵੇਸ਼ ਕੀਤਾ ਹੋਵੇ।) [2]ਛੇਤੀ।
ਜਹਿਂ ਭਗਤੇ[1] ਕੋ ਜੋਵੈਂ।
[1]ਜਿੱਥੇ ਭਗਤੇ ਨੂੰ ਦੇਖਦੇ ਹਨ।
ਲੋਗ ਹਜ਼ਾਰੋਂ ਰਾਜ਼ੀ ਕਰਿ ਕੈ,
ਤਿਸ ਭੀ ਸਿੱਖ ਬਨਾਏ।
ਭਾਈ ਬਹਿਲੋ ਕੀ ਸਿੱਖੀ ਇਮ,
ਬਢੀ ਦੇਸ ਅਧਿਕਾਏ ॥੨੯੪॥
ਤਬਿ ਤੈ ਅਬਿ ਲੌ ਉਨ ਕੀ ਸੰਤਤਿ
ਤਈਂ, ਲੋਗ ਬਹੁ ਸੇਵਤ।
ਫਫੜੇ ਗਾਮ ਜਗ੍ਹਾ ਹੈ ਉਸ ਕੀ,
ਮੰਨਤ ਜਨ ਫਲ ਲੇਵਤ ॥੨੯੫॥
ਦੋਹਰਾ:

ਭਾਈ ਬਹਿਲੋ ਕੀ ਕਹੀ,
ਕਥਾ ਜਥਾਰਥ ਠੀਕ।
ਭਾਈ ਮੂਲੇ ਕੀ ਸੁਨੋ,
ਕਿੰਚਤ ਔਰ ਅਲੀਕ[1] ॥੨੯੬॥ [1]ਦੋਸ਼ਰਹਿਤ, ਪਵਿੱਤਰ।
ਚੌਪਈ:
ਬਨੀਆਂ ਏਕ ਬਠਿੰਡੇ ਮਾਹੈਂ।
ਰਤਨ ਸ਼ਾਹ ਰਹਿਤੋ ਥਾ ਚਾਹੈ[1]। [1]ਉਤਸ਼ਾਹ ਨਾਲ।
ਥਾ ਵਹਿ ਧਨੀ ਭਗਤ ਸਤਿਸੰਗੀ।
ਟੈਹਲ ਕਰਤ ਸੰਤਨ ਕੀ ਚੰਗੀ ॥੨੯੭॥
ਸੰਤਤਿ[1] ਭਈ ਨ ਘਰ ਮੈਂ ਤਾਂ ਕੈ। [1]ਉਲਾਦ।
ਭਯੋ ਬ੍ਰਿੱਧ ਸੱਤਰ ਬਰਸਾਂ ਕੈ।
ਦਸਮ ਗੁਰੂ ਜਬਿ ਤਹਿਂ ਠਾਂ ਜੈਹੈ[1]। [1]ਜਾ ਕੇ।
ਕੱਢਜੋ ਕਾਣਾ ਦੇਉ ਧਕੈ ਹੈ[1] ॥੨੯੮॥ [1]ਧੱਕ ਕੇ।
ਵੀਚ ਸਰੂੰਦੇਂ ਦੇਉ ਟਿਕਾਯੋ।
ਤਬਿ ਵਹਿ ਬਨੀਆਂ ਗੁਰੁ ਢਿਗ ਆਯੋ।
ਬਾਂਛਜੋ ਸੁਤ ਬਹੁ ਸੇਵ ਕਮਾਈ।
ਖੁਸ਼ੀ ਹੋਇ ਗੁਰੁ ਕਹਜੋ ਇਦਾਂਈਂ[1] ॥੨੯੯॥ [1]ਇਸ ਤਰ੍ਹਾਂ।
ਤੇਰੇ ਜਜੋਂ ਸੁਫੈਦ ਹੈਂ ਬਾਲਾ।
ਤਜੋਂ ਹੀ ਬੱਗੀ ਬੋਦੀ ਵਾਲਾ।
ਸੁਤ ਤੁਮਰੇ ਘਰ ਮੈਂ ਉਪਜੈਹੈ।
ਸੰਤ ਰੂਪ ਅਜ਼ਮਤ ਯੁਤ ਥੈਹੈ ॥੩੦੦॥
ਸਫਲੋ ਬੈਨ ਐਨ ਗੁਰੁ ਥੀਓ।
ਬੱਗੀ ਬੋਦੀ ਯੁਤ ਉਪਜੀਓ।
ਸਤਿਨਾਮੁ ਵਹਿ ਜਪੈ ਜਪਾਵੈ।
ਭਵੈ ਵਹੀ[1] ਜੋ ਮੁਖੋਂ ਸੁਨਾਵੈ ॥੩੦੧॥ [1]ਉਹੋ (ਗੱਲ) ਹੋ ਜਾਂਦੀ ਹੈ।
ਭਾਈ ਮੂਲਾ ਨਾਮ ਤਾਂਹਿ ਕੋ।
ਬਿਦਤਜੋ ਜਗ ਮੈਂ ਵਲੀ ਚਾਹਿ ਕੋ[1]। [1]ਉਤਸ਼ਾਹ ਵਾਲਾ।
ਸੇਵਕ ਸਿੱਖ ਜਨ ਤਾਂਹਿ ਅਪਾਰੀ।
ਆਲਾ ਸਿੰਘ ਨ੍ਰਿਪ ਲੌ ਭਏ ਭਾਰੀ ॥੩੦੨॥
ਗੰਗਾ-ਰਾਮ ਬ੍ਰਹਮਨ ਏਕੈਂ।

ਸ਼ਹਿਰ ਸਨਾਮ ਕੇਰ ਸ-ਬਿਬੇਕੈਂ[1]। [1]ਵਿਚਾਰ ਸਹਿਤ।
ਸੇਵਕ ਚੇਲਾ ਬਡ ਤਿਹ ਥੀਓ।
ਤਾਂ ਕੌ ਭੀ ਅਜ਼ਮਤ ਯੁਤ ਕੀਓ ॥੩੦੩॥
ਨਿਜ ਗਾਦੀ ਪਰ ਤਾਂਹਿ ਬਿਠੈ ਹੈ।
ਭਾਈ ਮੂਲਾ ਗਯੋ ਸਿਧੈ ਹੈ[1]। [1]ਚਲਾਣਾ ਕਰ ਗਿਆ।
ਸ਼ਹਿਰ ਸਨਾਮ ਧਾਮ ਹੈ ਤਾਂ ਕਾ।
ਮੇਲਾ ਭਰਤ ਸੇਵਕਨਿ ਬਾਂਕਾ[1] ॥੩੦੪॥ [1]ਸੁੰਦਰ।
ਮੰਨਤ ਤਾਂ ਕੋ ਲੋਗ ਅਪਾਰੈਂ।
ਅਬਿ ਲੌਂ ਮਾਲਵ ਦੇਸ ਮਝਾਰੈਂ।
ਸੰਤਤਿ ਗੰਗਾ-ਰਾਮਹਿਂ ਕੇਰੀ।
ਬਸਤ ਸਨਾਮ ਦਿਜੇਸ ਬਧੇਰੀ[1] ॥੩੦੫॥ [1]ਬਹੁਤੇ ਚੰਗੇ ਬ੍ਰਾਹਮਣ।
ਭਾਈ ਮੂਲੇ ਕੇ ਸਦਵੈ ਹੈਂ।
ਪੂਜਾ ਮੰਨਤ ਸੋਊ ਲੈ ਹੈਂ ॥੩੦੬॥

ਦੋਹਰਾ:

ਭਾਈ ਮੂਲੇ ਕੀ ਕਹੀ,
ਥੰਮਣ ਸਿੰਘ ਕੀ ਔਰ।
ਸੁਨੋ ਸੁਨੈਹੋਂ ਜਿਉਂ ਭਈ,
ਉਸੀ ਦੇਸ ਮੈਂ ਗੌਰ[1] ॥੩੦੭॥ [1]ਬਹੁਤੀ।

ਚੌਪਈ:

ਢਿਗ ਬਰਨਾਲੇ ਪਿੰਡ ਫਰਵਾਹੀ।
ਥੰਮਣ ਸਿੰਘ ਜਟ ਪ੍ਰੇਮੀ ਆਹੀ[1]। [1]ਸੀ।
ਨਿਸ ਦਿਨ ਪਢੈ ਗੁਰੂ ਕੀ ਬਾਨੀ।
ਸੇਵੈ ਸੰਤਨ ਤਈਂ ਮਹਾਨੀ ॥੩੦੮॥
ਪਢ ਕੈ ਸ਼ਬਦ ਨੌਮ ਗੁਰੁ ਕੇਰੇ।
ਤਾਂ ਕੋ ਥਯੋ ਵਿਰਾਗ ਬਧੇਰੇ।
ਭਾਰ ਪਬਨ ਕੇ ਦ੍ਵਾਦਸ ਸਾਲੈਂ[1]। [1]ਪੈਰਾਂ ਦੇ ਭਾਰ ਬਾਰਾਂ ਸਾਲ।
ਬੈਠ ਰਹਯੋ ਤਪ ਕਰਯੋ ਬਿਸਾਲੈਂ ॥੩੦੯॥
ਪਾਉ ਦੂਧ ਅਠ ਪਹਿਰੈਂ ਪੀਵੈ।
ਅੰਗੀਕਾਰ ਨ ਔਰ ਕਰੀਵੈ[1]। [1]ਕਰਦਾ।
ਕਬੀਕੁ ਮੂਤ ਪੁਰੀਖ ਤਜੈ ਹੈ[1]। [1]ਕਦੇ ਕਦੇ ਪੇਸ਼ਾਬ ਤੇ (ਪੁਰੀਖ) ਮੈਲ ਤਿਆਗਦਾ ਹੈ ਭਾਵ

ਟੱਟੀ ਪੇਸ਼ਾਬ ਕਰਦਾ ਹੈ।

ਬੈਠੋ ਹੀ ਜਨ ਸਫਾ ਕਰੈ ਹੈਂ[1] ॥੩੧੦॥
[1]ਬੈਠੇ ਨੂੰ ਹੀ ਸੇਵਕ ਸਾਫ਼ ਕਰ ਦਿੰਦੇ ਹਨ।

ਸੀਤ ਵਾਤ ਆਤਪ ਬਡ ਸਹੀ[1]।
[1]ਠੰਢ, ਹਵਾ ਤੇ ਧੁੱਪ ਬਹੁਤ ਸਹਾਰੀ।

ਕੀਨੋ ਤਪ ਅਤਿ ਉੱਗਰ ਸਹੀ[1]।
[1](ਸਹੀ) ਨਿਸ਼ਚੇ ਕਰ ਕੇ ਬਹੁਤ (ਉੱਗ੍ਰ) ਕਠਨ ਤਪ ਕੀਤਾ।

ਰਿੱਧਿ ਸਿੱਧਿ ਤਾਂ ਕੋ ਫੁਰ ਆਈ।

ਮੁਖੋਂ ਕਹੇ ਜੋ ਹੋਵੈ ਸਾਈ[1] ॥੩੧੧॥
[1]ਉਹ।

ਜਾਨੂ[1] ਚੁਲੇ ਜੁੜ ਤਿਸ ਗਏ।
[1]ਗੋਡੇ।

ਮਾਲਸ ਕਰਿ ਲੋਗੋਂ ਭਲ ਕਏ[1]।
[1]ਠੀਕ ਕੀਤੇ।

ਸੇਵਕ ਸਿੱਖ ਫੇਰ ਸਰਦਾਰੂ।

ਲਗੇ ਪਿਲਾਵਨ ਤਾਂ ਕੋ ਦਾਰੂ[1] ॥੩੧੨॥
[1]ਸ਼ਰਾਬ।

ਗਾਗਰ ਭਰੀ ਰਹੇ ਢਿਗ ਤਾਹੈਂ।

ਨਾਂਹਿ ਨਿਖੁਟੀ ਸੋਊ ਕਦੈਹੈਂ[1]।
[1]ਉਹ ਕਦੇ ਵੀ ਮੁੱਕੀ ਨਹੀਂ।

ਮੁਖ ਦ੍ਵਾਰਾ ਸੇਵਕ ਲਜਾ ਡਾਰੈਂ[1]।
[1]ਗਾਗਰ ਦੇ ਮੁੱਖ ਰਾਹੀਂ ਸੇਵਕ ਸ਼ਰਾਬ ਲਿਆ ਕੇ (ਗਾਗਰ ਵਿੱਚ) ਪਾਈ ਜਾਂਦੇ ਹਨ।

ਟੂਟੀ ਸੈਂ ਕਢਿ ਛਕੈਂ ਅਪਾਰੈਂ ॥੩੧੩॥

ਜੋ ਦਰਸਨ ਕੋ ਤਿਸ ਢਿਗ ਐਹੈ।

ਬਿਨਾ ਪਿਲਾਏ ਜਾਨ ਨ ਦੈਹੈਂ।

ਜੇ ਨਹਿਂ ਪੀਵੈਂ ਜਬ੍ਰਨ ਪਜਾਵੈਂ।

ਤਾਂਹਿ ਢਹਾਇ ਵਾਇ ਮੁਖ ਪਾਵੈਂ[1] ॥੩੧੪॥
[1]ਢਾਹ ਕੇ ਤੇ ਮੂੰਹ ਅੱਡ ਕੇ ਪਾ ਦੇਂਦੇ ਹਨ।

ਨਿਸ ਦਿਨ ਆਪ ਸ਼ਰਾਬ ਛਕੈ ਹੈ*।
*ਸ਼ਰਾਬ ਪੀਣੀ ਸਿੱਖੀ ਰਹੁ-ਰੀਤ ਦੇ ਉਲਟ ਹੈ ਜੋ ਮੰਨਣ ਯੋਗ ਨਹੀਂ।

ਔਰ ਕਿਛੁ ਨਹਿਂ ਪੀਵੈ ਖੈਹੈ।

ਸਿੱਖ ਸ੍ਰਦਾਰ ਕਦੀ ਜੇ ਕੋਊ।

ਥਾਲ ਲਗਾਇ ਲਜਾਵੈ ਜੋਊ ॥੩੧੫॥

ਜਰੀ ਕੁ ਤਰੀ ਮਹਾਂ ਪਰਸ਼ਾਦੈ।

ਕੇਰ[1], ਛਕੈ ਲਹਿ ਔਰ ਨ ਸ੍ਵਾਦੈਂ।
[1]ਮਾਸ ਦੀ ਤਰੀ।

ਜੈਸ ਦੇਵ ਕੋ ਭੋਗ ਲਗਾਵੈਂ।

ਤਿਮ ਧਰ ਆਗੇ ਚਾਇ ਲਿਜਾਵੈਂ[1] ॥੩੧੬॥
[1]ਜਿਵੇਂ ਦੇਵਤੇ ਨੂੰ ਭੋਗ ਲਗਾਉਂਦੇ ਹਨ ਤਿਵੇਂ ਇਸ ਦੇ ਅੱਗੇਰੱਖ ਕੇ ਭੋਗ ਲਗਵਾ ਕੇ ਥਾਲ ਚੁੱਕ ਕੇ ਲੈ ਜਾਂਦੇ ਹਨ।

ਸੀਤ ਪ੍ਰਸ਼ਾਦ ਤਾਂਹਿ ਕਾ ਜੋਊ।

ਛਕੈ ਨਾਰਿ ਸੁਤ ਯੁਤ[1] ਹ੍ਵੈ ਸੋਊ।
[1]ਪੁੱਤਰ ਸਹਿਤ।

ਰੋਗੀ ਰੋਗ ਅਨੇਕ ਪ੍ਰਹਾਰੈਂ[1]। — [1]ਨਾਸ਼ ਕਰਦੇ ਹਨ।
ਯਾਂ ਤੈ ਚਰਚਾ ਚਲੀ ਅਪਾਰੈਂ ॥੩੧੭॥
ਲੋਗ ਬਜੰਤ ਕਾਮਨਾਂ ਵਾਰੈਂ।
ਐਹੈਂ, ਸੋ ਦੈਹੈ ਬਹੁ ਗਾਰੈਂ।
ਪੈ ਸ਼ਰਾਬ ਸਭਿ ਹੀ ਕੋ ਪਜਾਵੈਂ।
ਖੁਸ਼ੀ ਹੋਇ ਜਿਹ ਸੀਤ[1] ਛਕਾਵੈਂ ॥੩੧੮॥ — [1]ਸੀਤ ਪ੍ਰਸਾਦ।
ਹੋਇ ਕਾਮਨਾ ਤਾਂ ਕੀ ਪੂਰਨ।
ਮਚੀ ਧੂੰਮ ਜਗ ਮੈਂ ਤਿਹ ਤੂਰਨ[1]। — [1]ਤਿਸ ਦੀ ਛੇਤੀ ਹੀ ਜਗ ਵਿੱਚ ਮਸ਼ਹੂਰੀ ਹੋ ਗਈ.
ਕਰਮ ਸਿੰਘ ਪਟਲੇਸ ਨਰੇਸੈਂ।
ਪਾਸ ਮੁਸਾਹਿਬ ਬਨੀਆਂ ਬੇਸੈਂ[1] ॥੩੧੯॥ — [1]ਚੰਗਾ ਬਾਣੀਆਂ ਅਹਿਲਕਾਰ ਸੀ।
ਥਾ, ਇਨ ਢਿਗ ਸੋ ਪਹੁੰਚਜੋ ਆਈ।
ਜਬ੍ਰਨ ਢਾਹਿ ਸ਼ਰਾਬ ਪਿਲਾਈ।
ਕਰੀ ਬਖੀਲੀ[1] ਨ੍ਰਿਪ ਪੈ ਜਾਈ। — [1]ਚੁਗ਼ਲੀ।
ਤਿਸ ਦੂਤੀ ਲੂਤੀ ਬਹੁ ਲਾਈ[1] ॥੩੨੦॥ — [1]ਤਿਸ ਨੇ (ਦੂਤੀ) ਚੁਗ਼ਲੀ ਰੂਪ ਬਹੁਤੀ (ਲੂਤੀ) ਚੁਆਤੀ ਲਾ ਦਿੱਤੀ।

ਨ੍ਰਿਪ ਨੈ ਤਿਸ ਕੋ ਪਕਰਿ ਮੰਗਾਯੋ।
ਭਾਵੀ ਨੈ ਇਨਸਾਫ ਭੁਲਾਯੋ।
ਪਾਂਚ ਸਿੰਘ ਜੋ ਥੇ ਤਿਹ ਸੰਗੈਂ।
ਤਿਨ ਕੇ ਨਕ ਹੱਥ ਕਟੇ ਕੁਢੰਗੈਂ ॥੩੨੧॥
ਇਕ ਹਥ ਜੀਭ ਸੰਤ ਕਟਵਾਈ।
ਥੱਮਣ ਸਿੰਘ ਨਕ ਬਟਜੋ ਨਰਾਈ।
ਬੋਲਜੋ ਸਿੰਘ ਏਕ ਬਿਰ ਏਹੀ[1]। — [1]ਇਕ ਵਾਰ ਥੰਮਣ ਸਿੰਘ ਇਸ ਤਰ੍ਹਾਂ ਬੋਲਿਆ।
ਕਾਟੀ ਨਿਜ ਆਯੁ ਨ੍ਰਿਪ ਨੇ ਹੀ ॥੩੨੨॥
ਦੋਇ ਮਾਸ ਅੰਦਰ ਸੋ ਹੋਈ।
ਸੁਰਪੁਰ ਗਯੋ ਨ੍ਰਿਪ ਤਨ ਖੋਈ[1]। — [1]ਸਰੀਰ ਛੱਡ ਕੇ।
ਪੈ ਥੰਮਣ ਸਿੰਘ ਰੀਤੀ ਵੋਹੀ।
ਰਾਖੀ ਸਦਾ ਪੁਰਾ ਥੀ ਜੋਹੀ[1] ॥੩੨੩॥ — [1]ਜੋ ਪਹਿਲੀਰੀਤੀ ਸੀ ਉਹੀ ਸਦਾਰੱਖੀ।
ਕਿੰਚਤ ਥੁਥਲਾ ਬੋਲਤ ਸੋਊ।
ਹਾਥ ਕਟਜੋ ਨਿਰਖੇ ਹਮ ਲੋਊ[1]। — [1]ਅਸਾਂ (ਆਪਣੇ) (ਲੋਊ) ਨੇਤ੍ਰਾਂ ਨਾਲ ਦੇਖੇ ਹਨ।
ਚਾਲੈ ਮੰਜੇ ਕੀ ਅਸਵਾਰੀ।

ਪੈਂਚਨ ਤੈ ਚੁਕਵੈਹ ਉਦਾਰੀ[1] ॥੩੨੪॥ — [1]ਸ੍ਰੇਸ਼ਟ ਪੈਂਚਾਂ ਤੋਂ।
ਖੁਸ਼ੀ ਸਾਥ ਬਹੁ ਲੋਗ ਚੁਕੈ ਹੈਂ।
ਏਕ ਪਿੰਡ ਤੈ ਦੁਤੀ ਪੁਚੈ ਹੈਂ।
ਉੱਨੀ ਸੌ ਗਜਾਰਾਂ ਮੈਂ ਤਾਂਹੈਂ।
ਬਛੋਆਣੇ ਪਿੰਡ ਢਿਗ ਜਾਹੈ ॥੩੨੫॥
ਗੰਦੀ ਜਗ੍ਹਾ ਮੰਚ[1] ਉਤਰਾਯੋ। — [1]ਪਲੰਘ।
ਆਏ ਪੈਂਚ ਮਿਲਨ ਉਨ ਗਾਯੋ[1]। — [1]ਉਨ੍ਹਾਂ ਨੇ ਕਿਹਾ।
ਮਹਾਰਾਜ ਇਹੁ ਗੰਦੀ ਜਾਗਾ।
ਠਹਿਰਨ ਜੋਗ ਨ ਤੁਮੈਂ ਸਭਾਗਾ[1] ॥੩੨੬॥ — [1]ਤੁਹਾਨੂੰ ਚੰਗੇ ਭਾਗਾਂ ਵਾਲਿਆਂ ਨੂੰ।
ਥੰਮਣ ਸਿੰਘ ਸਾਧੁ ਇਮ ਬੋਲਾ।
ਈਹਾਂ ਮੰਦਰ ਬਨੈ ਅਮੋਲਾ।
ਏਕ ਕਰੋੜ ਈਂਟ ਜਿਹ ਲਗ ਹੈ।
ਮੰਨਤ ਕਰੈ ਅਧਿਕ ਮਮ ਜਗ ਹੈ[1] ॥੩੨੭॥ — [1]ਜਗਤ ਮੇਰੀ ਬਹੁਤੀ ਮੰਨਤਾ ਕਰੇਗਾ।
ਇਮ ਕਹਿ ਤਨ ਤ੍ਰਿਣ ਜਜੋਂ[1] ਤਹਿੰ ਛੋਰਾ। — [1]ਕੱਖ ਵਾਂਗ।
ਅਬਿ ਮੰਦਰ ਬਡ ਬਨਜੋ ਬਹੋਰਾ[1]। — [1]ਬਾਅਦ ਵਿੱਚ।
ਈਂਟ ਪਚਾਸ ਲਾਖ ਤੋ ਲਾਗੀ।
ਬਾਕੀ ਲਾਗਤ ਜੈਹੈ ਆਗੀ[1] ॥੩੨੮॥ — [1]ਬਾਕੀ ਅੱਗੇ ਹੋਰ ਲਗਦੀ ਜਾਵੇਗੀ।
ਮੇਲਾ ਮਾਘੀ ਕਾ ਬਡ ਭਰ ਹੈ।
ਭੇਟ ਰੁਪਜਾ ਸੈਂਕੜੋਂ ਚੜ੍ਹ ਹੈ।
ਸੇਵਕ ਸਿੱਖ ਹਜਾਰੋ ਥੈਹੈਂ।
ਦਿਨ ਦਿਨ ਮੰਨਤ ਅਧਿਕ ਬਢੈ ਹੈਂ ॥੩੨੯॥

ਦੋਹਰਾ:
ਸਾਧੂ ਥੰਮਣ ਸਿੰਘ ਕੀ,
ਜਥਾ ਜੋਗ ਇਹੁ ਗਾਥ।
ਕਥੀ ਗਜਾਨ ਸਿੰਘ ਖੁਦ ਪਿਖੀ,
ਧੰਨ ਪੰਥ ਮਮ ਨਾਥ[1] ॥੩੩੦॥ — [1]ਮੇਰੇ ਮਾਲਕ ਕਲਗੀਧਰ ਦਾ ਪੰਥ ਧੰਨ ਹੈ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਉੱਤ੍ਰਾਰਧੇ ਗਜਾਨ ਸਿੰਘ ਵਿਰਚਿਤੇ 'ਭੇਖੋਂ ਕੀ ਕਥਾ ਪ੍ਰਸੰਗ ਸਮਾਪਤਿ', ਬਰਨਨੰ ਨਾਮ ਉਣਾਹਟਮੋਂ ਬਿਸ੍ਰਾਮ ॥੫੯॥

੬੦. {ਜ਼ਮਾਨੇ ਦੀ ਅਦਲਾ-ਬਦਲੀ, ਸਮੇਂ ਦਾ ਸੁਭਾਵ, ਪਰਜਾ, ਰਾਜਿਆਂ ਤੇ ਸਿੰਘਾਂ ਦੇ ਲੱਛਣ ਤੇ ਕਾਵਿ-ਪ੍ਰਸੰਗ}

ਸ੍ਵੈਯਾ ਛੰਦ:

ਫਿਰਕੇ ਭੇਖਨ ਕੀ ਕਹਿ ਗਾਥਾ,
ਅਬਿ ਕਿਛੁ ਔਰ ਸੁਨੈਹੈਂ ਜੀ।
ਬਦਲਾ ਸਦਲ[1] ਜ਼ਮਾਨੇ ਕੀ ਜਯੋਂ — [1]ਅਦਲਾ ਬਦਲੀ।
ਹੋਈ, ਤਯੋਂ ਦਿਖਰੈਹੈਂ ਜੀ।
ਸਾਠਕ ਬਰਸਨ ਤੈ ਹਮ ਨਿਰਖੀ[1], — [1]ਦੇਖੀ।
ਔਰ ਸੁਨੀ ਅਧਿਕੈਹੈਂ ਜਯੋਂ।
ਹਾਕਮ ਰੱਯਤ ਸਾਧੁ ਪੁਜਾਰੀ,
ਸਿੱਖ ਸੂਦਾਰ ਦਿਜੈਹੈਂ ਜਯੋਂ[1] ॥੧॥ — [1]ਜਿਵੇਂ ਬ੍ਰਾਹਮਣ।
ਪਹਿਲੇ ਹੁਤੇ ਜੈਸ ਮਧ ਨਿਰਖੇ[1], — [1]ਵਿਚਲੇ ਸਮੇਂ 'ਚ ਦੇਖੇ ਹਨ।
ਹੈਂ ਅਬਿ ਜਿਸ ਪਰਕਾਰੇ ਕੋ।
ਸਮੇਂ ਰਾਜ ਬਸ ਦਸਾ ਬਦਲ ਹ੍ਵੈ,
ਬੁਰਾ ਮਾਨਿਯੋ ਪਜਾਰੇ ਕੋ[1]। — [1]ਰਾਜ ਦੇ ਵਸ ਹੋ ਕੇ ਸਮੇਂ ਦੀ ਹਾਲਤ ਬਦਲ ਜਾਂਦੀ ਹੈ, ਕਈ ਵਾਰ ਪਿਆਰੇ ਨੂੰ ਬੁਰਾ ਮੰਨਣ ਲੱਗ ਪੈਂਦੇ ਹਨ।

ਤੁਰਕਨ ਕੀ ਜਬਿ ਥੀ ਪਤਿਸ਼ਾਹੀ,
ਸਦੀ ਆਠ ਦਸ ਮੈਹੈਂ[1] ਜੇ। — [1]ਅਠਾਰਵੀਂ ਸਦੀ ਵਿੱਚ।
ਮੰਜੇ ਹੁੱਕੇ ਨੇਤ੍ਰੇ[1] ਚੰਮ ਦੈ, — [1]ਦੁੱਧ ਰਿੜਕਣ ਦੀਆਂਰੱਸੀਆਂ।
ਬੱਧਰ ਕਮਰ ਰਖੈ ਹੈਂ[1] ਜੇ ॥੨॥ — [1]ਲੱਕਾਂ ਨਾਲ ਚੰਮ ਦੀਆਂ ਪੇਟੀਆਂ ਰਖਦੇ ਸਨ।
ਕੱਚੇ ਚਮੜੇ ਕੀ ਲੱਜਾਂ ਥੀਂ,
ਜਿਨ ਸੈਂ ਚੜਸੇ[1] ਥੇ ਖਿਚਤੇ। — [1]ਵੱਡੇ ਬੋਕੇ, ਵਾਰੇ।
ਸੱਕੇ[1] ਤੁਰਕ ਭਰਤ ਥੇ ਪਾਨੀ, — [1]ਪਾਣੀ ਭਰਨ ਵਾਲੇ, ਮਾਸ਼ਕੀ।
ਸ਼ਹਿਰੈਂ ਨਗਰਨ ਕੇ ਵਿਚ ਥੇ।
ਪਗੜੀ ਬਾਂਧ ਮੁਸੱਲੇਦਾਰੈ[1], — [1]ਤੁੱਰਲੇ (ਸ਼ਮਲੇ) ਵਾਲੀਆਂ।
ਕਟਿ ਤੰਬੇ ਗਰ ਜਾਮੇ ਥੇ[1]। — [1]ਲੱਕ 'ਚ ਤੰਬੇ (ਚਾਦਰੇ) ਤੇ ਗਲ ਵਿੱਚ ਚੋਲੇ ਸਨ।
ਦਾੜੀ ਮੁੱਛ ਸ਼ਰ੍ਹਾ ਤੁਰਕਨ ਸਮ,
ਰਖਤ ਚੌਧਰੀ ਸਾਮੇ ਥੇ[1] ॥੩॥ — [1]ਹਿੰਦੂ ਚੌਧਰੀ ਤੇ ਉਨ੍ਹਾਂ ਦੇ (ਸਾਮੇ) ਨੌਕਰ।
ਜੁੱਤੇ ਚੌਂਕੇ ਕਾ ਪ੍ਰਹੇਜ਼, ਨਹਿੰ
ਥਾ ਕਿਛੁ ਕਹੂੰ, ਬਿਨਾ ਸ਼ਹਿਰੈਂ[1]। — [1]ਕੁਝਕ ਸ਼ਹਿਰਾਂ ਤੋਂ ਬਿਨਾਂ ਚੌਂਕੇ ਉਪਰ ਜੁੱਤਾ ਲੈ ਜਾਣ ਦੀਰੋਕ

ਨਹੀਂ ਸੀ।

ਡੰਡ ਜੇਜੀਏ[1] ਹਿੰਦੁਨ ਪਰ, ਤਬਿ
ਲਗਤੇ ਥੇ ਅਤਿਸੈ ਕਹਿਰੈਂ[1]।
ਇਸੀ ਹੇਤ ਤਬਿ ਪਿੰਡਨ ਮੈਂ, ਘਰ
ਕਿਸੀ ਕਿਸੀ ਕੇ ਬਰਤਨ ਥੇ।
ਨਹੀਂ ਤੁ ਸਭਿ ਕੇ ਮਿੱਟੀ ਕੇਰੇ,
ਤਵਿਆਂ ਲੌਂ ਭੀ ਸਰਤਨ ਥੇ[1] ॥ ੪ ॥

[1]ਗ਼ੈਰ ਮੁਸਲਮ ਤੇ ਲੱਗਣ ਵਾਲਾ ਟੈਕਸ।
[1]ਬਹੁਤੇ ਦੁੱਖਦਾਈ।
[1]ਕੰਮ ਸਾਰਦੇ ਸਨ।

ਜੂਠ ਸੁੱਚ ਪ੍ਰਹੇਜ ਨ ਕੋਈ,
ਹੁਤੋ ਹਿੰਦੁ ਮਧ ਸਗਰੀ[1] ਜੇ।
ਜ਼ੇਵਰ ਕਿਸੀ ਨਾਰਿ ਕੇ ਹੋਤੇ,
ਕਪੜਾ ਚੋਲੀ ਘਗਰੀ ਜੇ[1]।

[1]ਸਾਰੀ ਹਿੰਦੂ ਕੌਮ ਵਿੱਚ। (ਅ) ਸਾਰੇ ਹਿੰਦੁਸਤਾਨ ਵਿੱਚ।
[1]ਗਹਿਣੇ ਕਿਸੇ ਕਿਸੇ ਹੀ ਇਸਤ੍ਰੀ ਦੇ ਹੁੰਦੇ ਸਨ, ਨਹੀਂ ਤਾਂ ਸਭ ਦੇ ਕਪੜੇ ਦੀਆਂ ਘੱਘਰੀਆਂ ਤੇ ਚੋਲੀਆਂ ਹੀ ਸਨ।

ਸਿਰ ਪਟਕਾ ਕਟਿ ਥਟੈਂ ਤੜਾਗੀ,
ਗੋਛਾ ਨਰ ਸਭਿ ਰਖਤੇ ਥੇ[1]।

[1]ਆਦਮੀ ਸਾਰੇ ਸਿਰ ਤੇ ਛੋਟਾ ਕਪੜਾ, ਲੱਕ ਵਿੱਚ ਤੜਾਗੀ ਤੇ (ਗੋਛਾ) ਪਰਨਾ ਬੰਨ੍ਹਦੇ ਸਨ।

ਯਦੀ ਸਖੀਮੀ ਹੁਤੀ[1] ਹਿੰਦੂਐਂ,
ਪੈ ਦੁੱਧ ਘੀ ਬਹੁ ਚਖਤੇ ਥੇ[1] ॥ ੫ ॥
ਗਊ ਭੈਂਸ ਰਖਤੇ ਅਧਿਕਾਈ,
ਜੰਗਲ ਹੁਤੇ ਬਧੇਰੇ ਜੀ।
ਬੈਲ ਗਾਂਇ ਮੈਂਹ[1] ਚੁਣਮੇਂ ਮਿਲਤੇ,
ਬੀਸ ਰੁਪੱਯੇ ਕੇਰੇ ਜੀ।
ਰੀਤਿ ਹਿੰਦੂਯਨ ਕੀ ਇਹੁ ਭਾਖੀ,
ਨਹਿੰ ਤੁਰਕਨ ਕੀ ਬਾਤੇਂ[1] ਜੀ।
ਮਨ ਭਾਵਤ ਹਿੰਦੁਨ ਪੈ ਮੁਸਲੇ,
ਜ਼ਾਲਮ ਜ਼ੁਲਮ ਕਮਾਤੇ ਜੀ ॥ ੬ ॥

[1]ਭਾਵੇਂ ਗ਼ਰੀਬੀ ਸੀ।
[1]ਖਾਂਦੇ ਸਨ।
[1]ਮੱਝ।
[1]ਤੁਰਕਾਂ ਦੀਆਂ ਤਾਂ ਕੋਈ ਗੱਲਾਂ ਹੀ ਕਹੀਆਂ ਨਹੀਂ ਜਾਂਦੀਆਂ।

ਫਿਰ ਜਬਿ ਸ਼ਾਹੀ ਬੀਚ ਤਨੱਜਲ
ਆਯੋ[1], ਤਬਿ ਕੀ ਸੁਨੋ ਸਭੈ।
ਬਢੇ ਲੁਟੇਰੇ ਲੋਗ ਬਹਾਦਰ,
ਲੂਟ ਮਾਰ ਰਹਿ ਅਤੀ ਤਬੈ।
ਚਾਲੀ ਸਾਲ ਰਹਯੋ ਦੁਰਹਾਲੈਂ,
ਕਹਿਰ ਕਰਾਲ ਮਹਾਂਈ[1] ਜੇ।

[1]ਬਾਦਸ਼ਾਹੀ ਵਿੱਚ ਗਿਰਾਵਟ ਆ ਗਈ।
[1]ਬਹੁਤ ਭਿਆਨਕ, ਦੁੱਖਦਾਈ ਤੇ ਬੁਰਾ ਹਾਲ ਰਿਹਾ।

ਹਾਲਚਾਲ[1] ਬਸਨੋ ਉੱਜੜਨੋ,
[1]ਹਲਚਲੀ।
ਗਦਰੈ[1] ਜਦਰ[2] ਲੜਾਈ ਜੇ ॥੭॥
[1]ਬਗ਼ਾਵਤ, ਵਿਦ੍ਰੋਹ। [2]ਜੰਗ।
ਕਬੀ ਮਾਮਲਾ ਬਰਸਨ ਲੌਂ[1] ਕਿਤ,
[1]ਵਰ੍ਹਿਆਂ ਤੱਕ।
ਪਰਜਾ ਕਿਸੈਂ ਨ ਦੈਹੈਂ ਥੇ।
ਕਬੀ ਕੁ ਏਕ ਸਾਲ ਮੈਂ ਕਿਤ ਕਿਤ,
ਤ੍ਰੈ ਤ੍ਰੈ ਰਾਜੇ ਲੈਹੈਂ ਥੇ[1]।
[1](ਮਾਮਲਾ) ਲੈ ਲੈਂਦੇ ਸਨ।
ਲੂਟ ਖਸੂਟ[1] ਜੁਲਮ ਜਬਰੀ[2] ਕਰਿ,
[1]ਖੋਹ ਕੇ। [2]ਧੱਕਾ ਕਰਕੇ।
ਪਰਜਾ ਕੋ ਉਜੜੈਹੈਂ ਥੇ।
ਕਬਿਹੂੰ ਸਿੰਘ ਕਬੀ ਫਿਰ ਗਿਲਜੇ,
ਮਾਲਕ ਮੁਲਕ ਭਵੈਹੈਂ ਥੇ[1] ॥੮॥
[1]ਹੋ ਜਾਦੇ ਸਨ।
ਚਿੜੀਯਨ ਮਰਨ ਗਵਾਰਨ ਹਾਸਾ,
ਝੋਟੇ ਭਿੜਨ ਮਲ੍ਹਿਆਂ ਕਾ ਖੌਂ[1]।
[1]ਪਰਜਾ ਰੂਪ ਚਿੜੀਆਂ ਦੇ ਮਰਨ ਤੇ ਬੇਸਮਝ ਜ਼ਾਲਮ ਹਾਸਾ ਕਰਦੇ ਹਨ, ਰਾਜਿਆਂ ਰੂਪ ਝੋਟਿਆਂ ਦੇ ਭਿੜਨ ਨਾਲ ਪਰਜਾ ਰੂਪ ਮਲ੍ਹਿਆਂ ਦਾ (ਖੌਂ) ਨਾਸ਼ ਹੋ ਰਿਹਾ ਹੈ।
ਤਜੋਂ ਪਰਜਾ ਕੌ ਰਹਿਤ ਖ੍ਵਾਰੀ,
ਇਸੀ ਗ੍ਰੰਥ ਤੈ ਸਭਿ ਲਾਖੌਂ[1]।
[1]ਜਾਣੋ।
ਅੱਠਾਰਾਂ ਸੌ ਬੀਸ ਬਾਦ ਫਿਰ,
ਰਾਜ ਸਿੰਘਨ ਜਬਿ ਜੰਮਜੋਂ ਥਾ।
ਕਹਿਰ ਜਹਿਰ ਲੁਟ ਮਾਰ ਤਬੈ ਕਿਛ,
ਸਿੰਧ ਲਹਿਰ ਜਜੋਂ ਥੰਮਜੋ ਥਾ[1] ॥੯॥
[1](ਜ਼ਹਿਰ) ਦੁੱਖਦਾਈ (ਕਹਿਰ) ਜ਼ੁਲਮ ਤੇ ਲੁੱਟ ਮਾਰ ਤਦੋਂ ਸਮੁੰਦਰ ਦੀ ਲਹਿਰ ਵਾਂਗ ਕੁਝ ਘਟਿਆ ਸੀ।
ਅਮਨ[1] ਸੁਖ ਬਡ ਦਏ ਹਿੰਦੁ ਕੋ,
[1]ਸ਼ਾਂਤੀ, ਆਰਾਮ।
ਦੁਖ ਭੀ ਤੁਰਕੈਂ ਨਹਿਂ ਦੀਏ।
ਢਾਹਿ ਮਸੀਤੈਂ ਰਚੇ ਨ ਗੁਰੁ-ਥਲ[1],
[1]ਗੁਰਦੁਆਰੇ।
ਜਜੋਂ ਤੁਰਕੋਂ ਨੇ ਥੇ ਕੀਏ।
ਹੁਤੇ ਦਿਆਲੂ ਸਿੰਘ ਬਿਸਾਲੂ,
ਬੈਰ ਨ ਪਿਛਲੇ ਚੇਤਾਰੇ[1]।
[1]ਚੇਤੇ ਨਹੀਂ ਕੀਤੇ।
ਪੈ ਜਮਨਾਂ ਤੈ ਅਟਕ ਪ੍ਰਯੰਤੈਂ,
ਥਏ ਸਿੰਘ ਨ੍ਰਿਪ ਤਬਿ ਸਾਰੇ ॥੧੦॥
ਹੱਨੇ ਹੱਨੇ ਹ੍ਵੈ ਪਤਿਸ਼ਾਹੀ[1],
[1]ਥਾਂ ਥਾਂ ਤੇ, ਹਰ ਘੋੜ ਸਵਾਰ ਪਾਤਸ਼ਾਹ ਹੋ ਗਿਆ।
ਸਿੰਘਨ ਕੀ ਜਗ ਮਾਹੈਂ ਜੀ।

ਬਾਂਛਤ ਥੇ ਸਭਿ ਏਹੁ ਮਨੋਰਥ,
ਪੂਰਨ ਕਿਯ ਗੁਰੁ ਵਾਹੈ[1] ਜੀ।
ਏਕ ਗਾਂਮ ਯਾਂ ਆਧੇ ਕੇਰੀ,
ਪਾਈ ਜਿਸ ਸਰਦਾਰੀ ਹੈ।
ਕਰੀ ਹਕੂਮਤ ਤਾਂਹਿ ਸੁਤੰਤਰ,
ਦੀਵਾਨੀ ਫੁਜਦਾਰੀ ਹੈ[1] ॥ ੧੧ ॥

[1]ਉਹੋ ਮਨੋਰਥ।

[1]ਦੀਵਾਨੀ ਤੇ ਫ਼ੌਜਦਾਰੀ ਮੁਕੱਦਮਿਆਂ ਬਾਰੇ ਸੁਤੰਤਰ ਹੋ ਕੇ (ਹਕੂਮਤ) ਨਿਆਉਂ ਕੀਤਾ।

ਨਿਜ ਨਿਜ ਪਿੰਡ ਜਗੀਰਨ ਮੈਂ ਤਬਿ,
ਸਭਿ ਕੋ ਐਨ[1] ਇਖਤਜਾਰੈਂ ਥੇ।
ਲੂਟੈਂ ਮਾਰੈਂ ਫਾਂਸੀ ਚਾਰ੍ਹੈਂ,
ਚੱਟੀ ਲੈਂਹ ਉਜਾਰੈਂ ਥੇ[1]।

[1]ਪੂਰਾ।

[1]ਲੁੱਟ ਮਾਰ ਕਰਨ ਵਾਲੇ ਨੂੰ ਫਾਂਸੀ ਚਾੜ੍ਹ ਦੇਂਦੇ ਸਨ ਤੇ ਉਜਾੜਨ ਵਾਲਿਆਂ ਤੋਂ (ਚਿੱਟੀ) ਡੰਡ ਲੈਂਦੇ ਸਨ।

ਨਹਿਂ ਫਰਿਯਾਦ ਅਪੀਲ ਏਕ ਕੀ,
ਸੁਨਤੋ ਦੂਸਰ ਕੋਈ ਜੀ।
ਪੈ ਸਿੰਘ ਫਾਂਸੀ ਕੈਦ ਨ ਦੇਤੇ,
ਲੇਤੇ ਚੱਟੀ ਸੋਈ ਜੀ ॥ ੧੨ ॥
ਜੈਸੀ ਚੋਰੀ ਤੈਸੀ ਚੱਟੀ,
ਯਾਰੀ ਕੇ ਥੇ ਪੱਚੀ ਹੀ[1]।
ਬਦਲੇ ਖੂੰਨ ਸਾਕ ਦਿਲਵਾਤੇ,
ਕਰਤ ਅਦਾਲਤ ਸੱਚੀ ਹੀ।
ਨਿਜ ਪੁੱਤ੍ਰਨ ਸਮ ਪਰਜਾ ਕੇਰੀ,
ਪਾਲਨ ਰੱਖਜਾ ਕਰਤੇ ਥੇ।
ਪਰ ਜਰ ਜੋਰੂ ਜ਼ਿਮੀ ਨ ਤਕਤੇ[1],

[1]ਪੰਝੀ (੨੫) ਰੁਪਏ ਹੀ ਡੰਡ ਸਨ।

[1]ਪਰਾਇਆ ਧਨ, ਪਰਾਈ ਇਸਤ੍ਰੀ ਤੇ ਪਰਾਈ ਜ਼ਮੀਨ ਨੂੰ ਤੱਕਦੇ ਵੀ ਨਹੀਂ ਸਨ।

ਹੱਥ ਨੱਕ ਠੱਗੈਂ ਹਰਤੇ ਥੇ[1] ॥ ੧੩ ॥
ਹੇਤ ਗ੍ਰੀਬਨ ਸਿੱਖ ਸਾਧੁਨ ਕੇ,
ਲੰਗਰ ਬਹੁ ਠਾਂ ਦੇਤੇ ਥੇ।
ਜੋ ਜ਼ਮੀਨ ਬੀਜਤ ਥਾ ਜੇਤੀ,
ਹੋਈ ਬਹੋਈ ਲੇਤੇ ਥੇ[1]।
ਪੰਜਵਾਂ ਹਿੱਸਾ ਚਾਹੀ ਕੇਰਾ[1],
ਚੌਥਾ ਮਾਰੂ[1] ਮੈ ਸੇ ਜੀ।

[1]ਕੱਟ ਦੇਂਦੇ ਸਨ।

[1]ਫ਼ਸਲ ਜਿਹੋ ਜਿਹੀ ਹੁੰਦੀ ਉਹੋ ਜਿਹਾ ਮਾਮਲਾ ਲੈ ਲੈਂਦੇ ਸਨ।

[1]ਖੂਹ ਦੀ ਜ਼ਮੀਨ ਦਾ।

[1]ਵਿਰਾਨੀ ਭਾਵ ਖ਼ੁਸ਼ਕ ਜ਼ਮੀਨ।

ਪੋਸਤ ਗਾਜਰ ਊਖ[1] ਕਪਾਹੈਂ, — [1]ਕਮਾਦ।
ਆਦਿਕ ਹੁਤੇ ਜੁ ਐਸੇ[1] ਜੀ ॥੧੪॥ — [1]ਜੋ ਐਸੀਆਂ ਫ਼ਸਲਾਂ ਸਨ।
ਕੱਛ ਕਰਾਇ ਲੇਤ ਨਿਜ ਹਿੱਸੇ,
ਕੇਰ ਮਾਮਲਾ ਤਹਿਂ ਤੇ ਜੀ[1]। — [1]ਮਿਣਤੀ ਕਰਵਾ ਕੇ ਆਪਣੇ ਹਿੱਸੇ ਦਾ ਮਾਮਲਾ ਤਿਨ੍ਹਾਂ ਤੋਂ ਲੈ ਲੈਂਦੇ ਸਨ।

ਕੋਸਨ ਲੌਂ ਤਬਿ ਹੁਤੇ ਸੁ ਬੰਜਰ,
ਤਿਨ ਕਾ ਕਿਛੁ ਨ ਲਹਾਤੇ[1] ਜੀ। — [1]ਲੈਂਦੇ ਨਹੀਂ ਸਨ।
ਅੰਨਜ ਬਟਾਈ ਕੇ ਸੈਂ ਭਰ ਕਰਿ,
ਖਾਤੇ ਜਮ੍ਹਾਂ ਰਖਾਤੇ[1] ਜੀ। — [1]ਵੰਡਾਈ ਦੇ ਅੰਨ ਨਾਲ (ਖਾਤੇ) ਟੋਏ ਭਾਵ ਬੁਖਾਰੇ ਭਰ ਕੇ ਜਮ੍ਹਾਂ ਰਖਦੇ ਸਨ।

ਪਰਤ ਕਾਲ ਜਬਿ ਤਬਿ ਸੋ ਸਭਿ ਹੀ,
ਰੱਯਤ ਕੋ ਬਰਤਾਤੇ ਜੀ ॥੧੫॥
ਸਮਾਂ ਲਗੇ ਫਿਰ ਲੇਤੇ ਤੇਤੇ,
ਬਰਕਤ ਰਹਿਤ ਮਹਾਨੇ ਯੌਂ[1]। — [1]ਸਾਫ਼ ਨੀਤ ਵਾਲਿਆਂ ਦੇ ਇਉਂ ਖਜ਼ਾਨੇ ਭਰੇ ਰਹਿੰਦੇ ਹਨ।
ਨੀਤਿ ਸਾਫ ਵਾਰਿਨ ਕੇ ਸਦ ਹੀ,
ਰੈਹੈਂ ਭਰੇ ਖਜਾਨੇ ਯੌਂ।
ਧਰਮ ਸਾਲੈਂ ਸੰਤਨ ਕੇ ਡੇਰੇ,
ਨਗਰਨ ਮਾਂਹਿ ਪਵਾਤੇ ਥੇ।
ਹਿਤ ਮੁਸਾਫਰੈਂ ਫਾਕੀਰੈਂ,
ਜਾਗੀਰੈਂ ਤਹਾਂ ਲਗਾਤੇ ਥੇ ॥੧੬॥
ਕਲਿਜੁਗ ਮੈਂ ਸਤਿਜੁਗ ਬਰਤਾਯੋ,
ਰਾਜ ਧਰਮ ਕਾ ਦਿਢ ਕੀਨੋ।
ਨਹਿਂ ਨਿਰਦਈ ਵਿਸ਼ਈ ਛਲੀ ਥੇ
ਲੋਭੀ, ਪਹਿਲੇ ਸਿੰਘ ਚੀਨੋ[1]। — [1]ਜਾਣੋ ਪਹਿਲੇ ਸਿੰਘ ਜ਼ਾਲਮ, ਵਿਕਾਰੀ, ਛਲੀਏ ਤੇ ਲੋਭੀ ਨਹੀਂ ਸਨ।

ਨਹਿਂ ਇਸ਼ਟਾਮ[1] ਬੇਚਤੇ ਤਬਿ ਨ੍ਰਿਪ, — [1]ਟਿਕਟ ਵਾਲਾ ਕਾ ਗ਼ਜ਼।
ਅਰਜ਼ੀ[1] ਭੀ ਨਹਿਂ ਥੇ ਲੇਤੇ। — [1]ਦਰਖ਼ਾਸਤ।
ਹਾਲ ਜ਼ਬਾਨੀ ਸੁਨ ਦੋਊ ਕਾ,
ਹੁਕਮ ਜ਼ਬਾਨੀ ਕਰਿ ਦੇਤੇ ॥੧੭॥
ਹੁਤੀ ਤਮੀਲ ਤੈਸ ਹੀ ਬੇਸ਼ਕ,
ਲੋਗ ਸਚਜਾਰੈਂ ਥੇ ਭਾਰੈਂ[1]। — [1]ਆਗਿਆ ਦਾ ਪਾਲਨ ਬਿਨਾਂ ਸ਼ੱਕ ਤੋਂ ਉਵੇਂ ਹੁੰਦਾ ਸੀ, ਲੋਕ

	ਬਹੁਤ ਸੱਚੇ ਸਨ।
ਕੁਰਕੀ[1] ਮਿਸਲ[2] ਅਪੀਲੇਂ[3] ਇਜਰਾ[11],	[1]ਜ਼ਬਤ ਕਰਨਾ, ਕਬਜ਼ਾ ਕਰਨਾ। [2]ਸਬੰਧਤ ਕਾ ਗ਼ਜ਼ਾਂ ਦੀ ਨੱਥੀ। [3]ਕਿਸੇ ਛੋਟੇ ਜੱਜ ਦੇ ਹੁਕਮ ਨੂੰ ਬਦਲਾਉਣ ਲਈ ਵੱਡੇ ਜੱਜ ਪਾਸ ਬੇਨਤੀ ਕਰਨੀ। [11]ਕਿਸੇ ਹੁਕਮ ਨੂੰ ਵਰਤੋਂ ਵਿਚ ਲਿਆਉਣਾ।
ਥੀ ਨਹਿਂ ਤਬਿ ਇਹੁ ਕੋ ਕਾਰੈਂ[1]।	[1]ਤਦੋਂ ਇਹੋ ਜਿਹਾ ਵੀ ਕੋਈ ਕੰਮ ਨਹੀਂ ਸੀ।
ਹੁਤੇ ਨ੍ਰਿਪਨ ਪੈ ਇਕ ਦੁਇ ਮੁਨਸ਼ੀ,	
ਅਹਿਲਕਾਰ ਤ੍ਰੈ ਚਾਰੈਂ ਹੀ।	
ਜਥਾ ਜੋਗ ਬਹੁ ਲੋਗ ਬਹਾਦਰ,	
ਰਹਿਤੇ ਢਿਗ ਸਰਦਾਰੈਂ ਜੀ ॥੧੮॥	
ਈਨ ਪੀਨ ਨਹਿਂ ਥੀ ਤਬਿ ਕੋਈ,	
ਸਵੀਕਾਰ ਸਭਿ ਕਰਤੇ ਜੀ[1]।	[1](ਪੀਨ) ਪੱਕਾ (ਈਨ) ਕਾਨੂੰਨ ਕੋਈ ਨਹੀਂ ਸੀ, ਉਂਵ ਵੱਡੇ ਦੇ ਹੁਕਮ ਨੂੰ ਸਾਰੇ ਪ੍ਰਵਾਣ ਕਰ ਲੈਂਦੇ ਸਨ।
ਸੂਧੇ ਸਾਦੇ ਥੇ ਮਜਾਜ[1],	[1]ਸੁਭਾਵ।
ਸ਼ੌਕੀਨੀ ਸਾਜ ਨ ਧਰਤੇ[1] ਜੀ।	[1]ਸ਼ੌਕੀਨੀ ਦਾ ਸਾਮਾਨ ਨਹੀਂ ਸੀਰਖਦੇ।
ਭੂਰੇ ਚਾਦਰ ਕੀ ਗਲਿ ਗਿਲਤੀ[1],	[1]ਗਲ ਨੂੰ ਵਲੇਟੀ ਹੋਈ ਚਾਦਰ ਜੋ ਕੁੜਤੇ ਦਾ ਕੰਮ ਦੇਂਦੀ ਹੈ।
ਕੈ ਕੁੜਤੀ ਕੈ ਜਾਮੇ[1] ਜੀ।	[1]ਜਾਂ ਚੋਲੇ।
ਕਪੜੇ ਮੋਟੇ ਕੇ ਦਸਤਾਰੇ,	
ਕੱਛਾਂ ਰਖਤ ਤਮਾਮੇ[1] ਜੀ ॥੧੯॥	[1]ਸਾਰੇ।
ਰੱਯਤ ਅਰ ਸਰਦਾਰਨ ਕੀ ਤਬਿ,	
ਥੀ ਸੂਧੀ ਇਮ ਰੀਤੀ ਜੀ।	
ਕੁੱਬਤ[1] ਕੱਦ ਹੁਤੇ ਬਡ ਸਭਿ ਕੇ,	[1]ਤਾਕਤ।
ਥੇ ਨ ਬਿਸ਼ਈ ਅਨੀਤੀ[1] ਜੀ।	[1]ਵਿਕਾਰੀ ਤੇ ਅਨਜਾਈ ਨਹੀਂ ਸਨ।
ਅਰ ਪਰਜਾ ਭੀ ਨਿਰਛਲ ਥੀ ਤਬਿ,	
ਕਰਜ਼ਾ ਜਿਸ ਤੈ ਲੇਤੇ ਥੇ।	
ਬਿਨ ਇਸ਼ਟਾਮ[1] ਤਮੱਸਕ[2] ਤਿਸ ਕੌ,	[1]ਟਿਕਟ ਵਾਲੇ ਕਾਗ਼ਜ਼। [2]ਇਕਰਾਰਨਾਮਾ।
ਸਾਤ ਪੁਸ਼ਤ ਲੌ[1] ਦੇਤੇ ਥੇ ॥੨੦॥	[1]ਸੱਤਾਂ ਪੀੜ੍ਹੀਆਂ ਤੱਕ।
ਬੀਸ ਤੀਸ ਬਰਸਨ ਕੀ ਲੜਕੀ,	
ਫਿਰਤੀ ਰਹਿਤ ਕੁਮਾਰੀ ਜੀ।	
ਜ੍ਵਾਨ ਨਾਰਿ ਨਰ ਇਕਠੇ ਫਿਰ ਹੈਂ,	
ਕਰਤੇ ਕਬੀ ਨ ਖ੍ਵਾਰੀ[1] ਜੇ।	[1]ਖ਼ਰਾਬੀ।

ਨਿਜ ਕੁਟੰਬਿ ਤਨ ਮਾਂਹਿ ਮੁਹੱਬਤ
ਜਜੋਂ ਥੀ, ਤਜੋਂ ਪਰ ਮਾਂਹੀ ਭੀ[1]। — [1]ਤਿਵੇਂ ਪਰਾਇਆਂ ਵਿੱਚ ਵੀ ਸੀ।
ਨਿਜ ਕਾਰਜ ਸਮ ਕਾਜ ਦੁਤੀ ਕਾ,
ਕਰਤੇ ਰਲ ਮਿਲ ਚਾਹੀ[1] ਭੀ ॥੨੧॥ — [1]ਉਤਸ਼ਾਹ ਨਾਲ।
ਸਾਕ ਸਬੰਧੀ ਦੋਸਤ, ਹੋਸਤ
ਪੋਸਤ ਅਮਲੀ ਨਜਾਈਂ[1] ਜੀ। — [1]ਪੋਸਤ ਦੇ ਅਮਲੀ ਵਾਂਗ ਹੁੰਦੇ ਸਨ।
ਜਾਨ ਮਾਲ ਤੈ ਪਜਾਰੇ ਲਖਤੇ[1], — [1]ਜਾਣਦੇ।
ਰਖਤੇ ਪੱਖ ਮਹਾਂਈਂ ਜੀ।
ਕਦਾਚਿਤੈਂ ਜੇ ਲੜ ਭੀ ਪੜਤੇ,
ਚੜ੍ਹਤੇ ਨਾਂਹਿ ਕਚਹਿਰੀ ਜੀ।
ਆਬ ਲੀਕ ਸਮ[1] ਮੇਟਤ ਗੁੱਸਾ, — [1]ਪਾਣੀ ਦੀ ਲਕੀਰ ਵਾਂਗ।
ਅਬਿ ਸਮ ਨਹਿਂ ਥੇ ਜਹਿਰੀ[1] ਜੀ ॥੨੨॥ — [1]ਕਰੋਧੀ।
ਸੌ ਸੌ ਭੈਂਸ ਗਊ ਇਕ ਇਕ ਘਰ
ਹੁਤੀ, ਤਬੈ ਬਡ ਜੰਗਲ ਥੇ।
ਦੂਧ ਘ੍ਰਿਤ ਮਨ ਭਾਵਤ ਛਕਤੇ,
ਰਖਤੇ ਜ਼ਰ ਨ ਉਦੰਗਲ ਥੇ[1]। — [1](ਜ਼ਰ) ਧਨ ਨੂੰ (ਉਦੰਗਲ) ਇਕੱਠਾ ਕਰ ਕੇ ਨਹੀਂ ਰਖਦੇ ਸਨ।

ਖੇਤੀ ਅਤੀ ਥੋਰ ਹੀ ਕਰਤੇ,
ਤੌ ਭੀ ਸਸਤ ਰਹਾਤੋ ਹੀ[1]। — [1]ਤਾਂ ਵੀ ਚੀਜ਼ਾਂ ਸਸਤੀਆਂ ਰਹਿੰਦੀਆਂ ਸਨ।
ਅੰਨ ਦ੍ਵਾਦਸ ਮਣ ਖੋੜਸ ਲੌਂ,
ਘੀ ਦਸ ਸੇਰ ਬਿਕਾਤੋ ਹੀ[1] ॥੨੩॥ — [1]ਅੰਨ ਇਕ ਰੁਪਏ ਦਾ ਬਾਰਾਂ ਜਾਂ ਸੋਲਾਂ ਮਣ ਤੇ ਘਿਉ ਰੁਪਏ ਦਾ ਦਸ ਸੇਰ ਵਿਕਦਾ ਸੀ।

ਵਸਤੁ ਮੁਲਕ ਇਸ ਕੀ ਇਸ ਮਾਂਹੀਂ,
ਰਹਿਤੀ ਜਾਤ ਨ ਕਿਤ ਬਹਿਰੈਂ[1]। — [1]ਬਾਹਰ ਕਿਤੇ ਨਹੀਂ ਜਾਂਦੀ ਸੀ।
ਯਾਂ ਤੈ ਬਰਕਤ[1] ਸਸਤ ਰਹਾਤੋ, — [1]ਸ਼ਕਤੀ (ਅ) ਅਧਿਕਤਾ। (ੲ) ਲਾਭ।
ਅਬਿ ਸਮ ਮਹਿੰਗ ਨ ਥਾ ਕਹਿਰੈਂ[1]। — [1]ਲੋਹੜੇ ਦਾ, ਦੁੱਖਦਾਈ।
ਬਾਦਸ਼ਾਹਿ ਤਬਿ ਥੇ ਨ ਬਪਾਰੀ,
ਬਸਤੇ ਦੇਸ ਇਤੈ ਹੈਂ[1] ਥੇ। — [1]ਇਸੇ ਹੀ।
ਜੀਵਨ ਮੂਰ ਅੰਨਜ ਲਖ ਜੀਵਨ,
ਜਾਨ ਨ ਦਿਤੇ ਕਿਤੈ ਹੈਂ ਥੇ[1] ॥੨੪॥ — [1]ਜੀਵਾਂ ਦੀ ਜ਼ਿੰਦਗੀ ਦਾ ਮੁੱਢ ਅੰਨ ਨੂੰ ਜਾਣ ਕੇ ਕਿਤੇ ਵੀ ਜਾਣ ਨਹੀਂ ਦੇਂਦੇ ਸਨ।

ਪਹਿਲੇ ਰਾਜੇ ਅਰ ਰੱਯਤ ਕੀ,	
ਰੀਤਿ ਦਈ ਇਹੁ ਬਤਰੈਂ ਹੈਂ[1]।	[1]ਦੱਸ ਦਿੱਤੀ ਹੈ।
ਜਰਾ ਕੁ[1] ਅਬਿ ਰਣਜੀਤ ਸਿੰਘ ਕੇ,	[1]ਥੋੜ੍ਹੀ ਜਿਹੀ।
ਵਕਤੈਂ ਕੇਰੀ ਭੀ ਕੈਹੈਂ।	
ਭਏ ਸ਼ੁਕੀਨ ਨ੍ਰਿਪ ਸਰਦਾਰੂ,	
ਬਦਲੀ ਪੌਣ ਜ਼ਮਾਨੇ ਜੀ।	
ਪਿਛਲੇ ਥੇ ਜਿਮ ਭੋਲੇ ਭਾਲੇ,	
ਇਹੁ ਫਿਰ ਭਏ ਸਯਾਨੇ ਜੀ ॥੨੫॥	
ਗੋਡਜੋਂ ਤਕ ਸੂਸੀ[1] ਕੀ ਕੱਛੇਂ,	[1]ਇਕ ਤਰ੍ਹਾਂ ਦਾ ਧਾਰੀਦਾਰ ਬਸਤਰ।
ਚਲੇ ਘੱਟੁਨੇ[1] ਕੁੜਤੇ ਜੀ।	[1]ਘੁੱਟਵੇਂ ਪਜਾਮੇਂ।
ਪੈ ਤਜਿ ਕਾਮ ਅਰਾਮ, ਬਿਦਯਾ-	
ਸ਼ਸਤ੍ਰ ਮੈਂ[1] ਥੇ ਜੁੜਤੇ ਜੀ।	[1]ਸ਼ਸਤਰ ਵਿੱਦਿਆ ਵਿੱਚ।
ਪੱਗਾਂ ਪੌੜੀ ਟੂਟੀ-ਦਾਰੈਂ,	
ਸਾਫੇ ਕੰਨਾਂ ਵਾਰੇ ਭੇ[1]।	[1]ਪੌੜੀ ਵਰਗੀਆਂ ਤੇ ਨੋਕਦਾਰ ਪੱਗਾਂ ਤੇ ਸਾਫ਼ੇ ਕੰਨਾਂ ਵਾਲੇ (ਪੱਲਿਆਂ ਵਾਲੇ) ਹੋ ਗਏ।
ਚਾੜ੍ਹੇ ਦਾੜ੍ਹੇ ਕੁੰਢੀ ਮੁਛੈਂ,	
ਬਿਭਚਾਰੀ ਹੁਸ਼ਿਆਰੇ ਭੇ ॥੨੬॥	
ਤੁੰਗਲ[1] ਵਾਲ੍ਹੇ[2] ਮੁਰਕੀ[3] ਨੱਤੀ[11],	[1]ਕੰਨਾਂ ਦੇ ਕੁੰਡਲ। [2]ਇਸਤ੍ਰੀਆਂ ਦੇ ਕੰਨ ਦਾ ਕੁੰਡਲ ਵਰਗਾ ਗੋਲ ਪਰ ਚੌੜਾ ਗਹਿਣਾ। [3]ਕੰਨਾਂ ਦਾ ਗਹਿਣਾ, ਬਰੀਕ ਤਾਰਦਾ ਛੋਟਾ ਕੁੰਡਲ। [11]ਕੰਨ ਦਾ ਗਹਿਣਾ, ਛੋਟਾ ਕੁੰਡਲ।
ਬੀਰ-ਬਲੀ[1] ਕਾ ਥਾ ਚਾਲਾ[2]।	[1]ਇਸਤ੍ਰੀਆਂ ਦੇ ਕੰਨ ਦਾ ਗਹਿਣਾ, ਉਹ ਵਾਲੀ ਜੋ ਭਰਾ ਨੇ ਬਣਾ ਕੇ ਦਿੱਤੀ ਹੋਵੇ। [2]ਰੀਤੀ ਸੀ।
ਛੱਲੇ ਛਾਪਾਂ ਕੰਠੇ ਕੰਗਣ[1],	[1]ਸੋਨੇ ਦੇ ਕੜੇ।
ਮੂੰਗੇ ਮੋਤੀ ਕੀ ਮਾਲਾ।	
ਔਰਤ ਸੁੱਥਣ ਲੁੰਙੀ[1] ਲਹਿੰਗੇ[2],	[1]ਇਕ ਤਰ੍ਹਾਂ ਦੀ ਧਾਰੀਦਾਰ ਧੋਤੀ। [2]ਘੱਘਰੇ।
ਕੁੜਤੀ ਪਹਿਰਨ ਲਗੀਂ ਸਬੈਂ।	
ਚੁਸਤ ਚਲਾਕੀ ਬਾਂਕੀ ਦ੍ਰਿਸ਼ਟੀ,	
ਝਾਂਕੀ ਦੈਨੇ ਲਗੀਂ ਤਬੈ[1] ॥੨੭॥	[1]ਚੁਸਤ ਚਲਾਕੀ ਨਾਲ ਟੇਢੀਆਂ ਨਿਗਾਹਾਂ ਕਰ ਕੇ ਤਦੋਂ (ਝਾਕੀਂ) ਦਰਸ਼ਨ ਦੇਣ ਲਗੀਆਂ।
ਪਹਿਲੇ ਗੁੱਤੈਂ ਚੂੰਡੀਂ ਥੀਂ ਲਘੁ[1],	[1]ਛੋਟੀਆਂ ਜੁੜੀਆਂ ਸਨ।
ਫਿਰ ਚੂੰਡੇ[1] ਗਿਠ ਗਿਠ ਸਾਜੇ[2]।	[1]ਜੂੜੇ। [2]ਬਣਾ ਲਏ।

ਡੰਡੀ, ਬਾਲ੍ਹੀ[1] ਹੱਥ-ਸੰਗਲੀ[2],	[1]ਵਾਲ੍ਹੀ। [2]ਹੱਥਾਂ ਦਾ ਇਕ ਗਹਿਣਾ।
ਹੱਸ[1] ਨੱਥ[2] ਪਹਿਲੇ ਥਾ ਜੇ[3]।	[1]ਗਲ ਦਾ ਗਹਿਣਾ। [2]ਨੱਕ ਦਾ ਗਹਿਣਾ। [3]ਜਿਹੜੇ ਪਹਿਲੇ ਸਨ।
ਮਛਲੀ[1] ਬੰਦੀ[2] ਚੌਂਕ[3] ਗੋਖਰੂ[11],	[1]ਮੱਛੀ ਦੀ ਸ਼ਕਲ ਦਾ ਇਸਤ੍ਰੀਆਂ ਦੇ ਨੱਕ ਦਾ ਗਹਿਣਾ। [2]ਇਸਤ੍ਰੀਆਂ ਦਾ ਮੱਥੇ ਦਾ ਗਹਿਣਾ। [3]ਇਸਤ੍ਰੀਆਂ ਦਾ ਸਿਰ ਦਾ ਗਹਿਣਾ। [11]ਇਸਤ੍ਰੀਆਂ ਦਾ ਗੁੱਟ 'ਚ ਪਹਿਨਣ ਦਾ ਗਹਿਣਾ।
ਚੂੜੇ[1] ਕੰਢੀ[2] ਗਲ-ਮਾਲੈਂ[3]।	[1]ਬਾਂਹ 'ਚ ਪਹਿਨਣ ਦਾ ਗਹਿਣਾ। [2]ਇਸਤ੍ਰੀਆਂ ਦਾ ਗਲ 'ਚ ਪਹਿਨਣ ਦਾ ਇਕ ਗਹਿਣਾ। [3]ਗਲ ਦੀਆਂ ਮਾਲਾਂ।
ਝੁਬਕੇ[1] ਝਾਂਜਰ[2] ਕੜੀਆਂ[3] ਗੈਹਨੇ,	[1]ਇਸਤ੍ਰੀਆਂ ਦਾ ਕੰਨ ਦਾ ਗਹਿਣਾ ਜੋ ਫੁੱਲ ਦੀ ਸ਼ਕਲ ਦਾ ਹੁੰਦਾ ਹੈ। [2]ਇਸਤ੍ਰੀਆਂ ਦੇ ਪੈਰ ਦਾ ਗਹਿਣਾ। [3]ਬਾਂਕਾਂ, ਇਸਤ੍ਰੀਆਂ ਦੇ ਪੈਰ ਦਾ ਗਹਿਣਾ।
ਇਹੁ ਫਿਰ ਚਾਲੇ ਬੇਸਾਲੈਂ[1] ॥੨੮॥	[1]ਬਹੁਤੇ ਚਲ ਪਏ।
ਕੰਨੀ ਬੁੰਦੇ ਸੀਸ ਮੀਢੀਆਂ,	
ਨਥਲੀ ਰਖਤ ਕੁਮਾਰੀ ਭੀ[1]।	[1]ਕੰਨਾਂ 'ਚੇ ਬੁੰਦੇ (ਝੁਮਕੇ) ਸਿਰ ਤੇ ਮੀਢੀਆਂ ਤੇ ਨੱਕ 'ਚ ਨੱਥ ਕੁਆਰੀ ਕੁੜੀ ਵੀ ਰਖਦੀ ਸੀ।
ਪੈ ਤਬਿ ਕੇਚਿਤ ਹੋਨੇ ਲਾਗੇ,	
ਨਰ ਨਾਰੀ ਬਿਭਚਾਰੀ ਭੀ।	
ਨ੍ਰਿਪਨ ਕਰਾ[1] ਬਧਾਯੋ ਜ਼ਜਾਦੇ,	[1]ਰਾਜਿਆਂ ਨੇ ਮਾਮਲਾ।
ਹਿੱਸਾ ਤ੍ਰਿਤੀਆ ਲੈਨ ਲਗੇ।	
ਪਠੈਂ ਸਾਂਵਣੀ ਪਰ ਜੋ ਕਾਛੂ,	
ਸੋ ਰਿਸ਼ਵਤ ਚਹਿੰ ਲੋਭ ਪਗੇ[1] ॥੨੯॥	[1]ਸਾਉਣੀ ਦੀ ਫ਼ਸਲ (ਕਾਛੂ) ਕੱਛਣ ਭਾਵ ਮਿਣਨ ਵਾਲੇ ਜੋ ਰਾਜੇ ਭੇਜਦੇ ਹਨ ਉਹ ਲੋਭ 'ਚ (ਪਗੇ) ਰੰਗੇ ਹੋਏ ਵੱਢੀ ਚਾਹੁੰਦੇ ਹਨ।
ਨਹੀਂ ਤੁ ਕਰੈਂ ਖਰਾਬ ਕ੍ਰਿਸਾਨੈ,	
ਚੌਗੁਨ ਕਣ ਬਕ ਦੇਵੈਂ ਥੇ[1]।	[1]ਚਾਰ ਗੁਣਾਂ (ਕਣ) ਮਾਮਲਾ ਕਹਿ ਦੇਂਦੇ ਸਨ।
ਮਨ ਭਾਵਤ ਨ੍ਰਿਪ ਭਾਉ[1] ਕਾਟ ਕੈ,	[1]ਹਿੱਸਾ।
ਅਧਿਕ ਮਾਮੁਲਾ ਲੇਵੈਂ ਥੇ।	
ਚੋਰੀ ਧਾੜਾ[1] ਹੋਇ ਕਿਤੈ ਜੌਂ,	[1]ਡਾਕਾ।
ਗ੍ਰਾਮਨ ਕੋ ਫਰਿ[1] ਲੂਟੈਂ ਥੇ।	[1]ਪਿੰਡਾਂ ਨੂੰ ਫੜ ਕੇ।
ਠਾਣੇਦਾਰ ਤਸੀਲਦਾਰ, ਨਿਜ	
ਲੋਭ ਹੇਤ ਬਹੁ ਕੂਟੈਂ ਥੇ ॥੩੦॥	
ਕਾਰ ਬਿਗਾਰ ਪ੍ਰਕਾਰ ਅਨੇਕੈਂ	

ਭਾਂਤਿ, ਰਖੈਂ ਨਿਤ ਉਗਰਾਹੀ[1]। — [1]ਅਨੇਕ ਤਰ੍ਹਾਂ ਦੀ ਬਿਗਾਰ ਲੈਂਦੇ ਤੇ ਕਈ ਪ੍ਰਕਾਰ ਦੀਰੋਜ਼ ਉਗਰਾਹੀ ਕਰਦੇ ਹਨ।

ਲੋਭੀ ਤੇ ਅਦਾਲਤੀ ਭਾਰੇ,
ਨਹਿਂ ਇਨਸਾਫ ਕਰੈਂ ਕਾਹੀਂ[1]। — [1]ਕਿਸੇ ਦਾ।
ਠੇਕੇ ਫੀਮ ਸ਼ਰਾਬ ਕੇਰ ਥਪਿ[1], — [1]ਬਣਾ ਕੇ।
ਅਮਲੀ ਅਧਿਕੈਂ ਸੰਤਾਏ।
ਸਭਿ ਸੈਂ ਜ਼ਜਾਦੇ ਮੈਣ-ਦਾਬੀਏ,
ਭਏ ਸੂਦਾਰੂ ਦੁਖ-ਦਾਏ[1] ॥੩੧॥ — [1]ਘੱਘਰ ਤੇ ਜਮਨਾ ਦੇ ਵਿਚਕਾਰ ਦੇ ਰਾਜੇ।
ਖੇਤੀ ਖੈਂਹ ਖਸੋਟ ਖੇਤ ਤੈ,
ਖੁਇ ਦੈਂ ਚਕ੍ਰੀ ਬਹਾਨੈਂ ਜੀ[1]। — [1]ਖੇਤ ਤੋਂ ਹੀ ਖੋਹ ਕੇ ਖੇਤੀ ਖਾ ਲੈਂਦੇ ਹਨ (ਚੱਕ੍ਰੀ) ਫ਼ੌਜ ਦੀ ਫੇਰੀ ਦੇ ਬਹਾਨੇ ਫ਼ਸਲ ਖ਼ਰਾਬ ਕਰ ਦੇਂਦੇ ਹਨ।

ਕਾਟਿ ਕਮਾਦ ਖਵੈ ਹੈਂ ਫੀਲੈਂ[1], — [1]ਹਾਥੀਆਂ ਨੂੰ।
ਦੈਹੈਂ ਕਿਛੁ ਨ ਕਿਸਾਨੈਂ ਜੀ।
ਗਾਲ੍ਹ ਬਿਨਾ ਨਹਿਂ ਗੱਲ ਗਲਾਵੈਂ[1] — [1]ਗੱਲ ਨਹੀਂ ਕਰਦੇ।
ਲੂਟ ਮਾਰ ਬਹੁ ਰਾਖੈਂ ਜੀ।
ਦੁਗਨਾ ਭੀ ਉਗਰਾਹਿ ਕਰਾ[1], ਫਿਰ — [1]ਮਾਮਲਾ।
ਤਹਿਂ ਰੱਯਤ ਪਰ ਮਾਖੈ[1] ਜੀ ॥੩੨॥ — [1]ਗ਼ੁੱਸੇ ਹੁੰਦੇ ਸਨ।
ਬਿਨ ਕਿਰਸਾਨੈਂ ਦੁਤੀ ਰੱਯਤ ਤੈ,
ਇਤਰਾਫੀ[1] ਬਹੁ ਲੈਹੈਂ। — [1]ਜੇਜੀਆ (ਮੁਸਲਮਾਨੀਰਾਜ ਵਿੱਚ ਗ਼ੈਰ ਮੁਸਲਮਾਨਾਂ ਤੇ ਲਗਾਇਆ ਜਾਂਦਾ ਟੈਕਸ)।

ਕਾਰ ਕਰਾਵੈਂ ਲਘੁ ਜਾਤਿਨ ਤੈ,
ਅੰਨ ਖਾਣ ਕੋ ਨਹਿਂ ਦੈਹੈਂ।
ਛੀਨੈ ਜਰ ਜੋਰੂ ਜਾਮੀਨੇ,
ਕੀਨੇ ਯਾਰ ਕਮੀਨੇ ਥੇ[1]। — [1]ਧਨ, ਇਸਤ੍ਰੀ ਤੇ ਜ਼ਮੀਨ ਖੋਹ ਲੈਂਦੇ ਸਨ, ਨੀਚਾਂ ਨੂੰ ਯਾਰ ਬਣਾਇਆ ਹੋਇਆ ਸੀ।

ਸੁਖ ਦਏ ਜਜੋਂ ਪਹਿਲੇ ਸਿੰਘਨ,
ਇਨੈਂ ਦੁਖ ਤਜੋਂ ਦੀਨੇ ਥੇ ॥੩੩॥
ਲੁੰਡਜੋਂ ਮੁੰਡਜੋਂ ਕੁਲਟਾ ਚੇਰੀ
ਕੇਰੀ[1] ਸੰਗਤ ਮੈਂ ਰੈਹੈਂ। — [1]ਵਿਭਚਾਰੀ (ਲੁੱਚਿਆਂ) ਮੁੰਡਿਆਂ ਤੇ (ਕੁਲਟਾ) ਵਿਭਚਾਰਨ (ਚੇਰੀ) ਇਸਤ੍ਰੀਆਂ ਦੀ।

ਪੀ ਸ਼ਰਾਬ ਜ਼ਜਾਦੈ ਬਕਬਾਦੈ,
ਬਾਦ ਬਿਬਾਦ ਅਤੀ ਕੈਹੈਂ[1]। — [1]ਬਕਵਾਸ ਤੇ ਬਿਅਰਥ ਝਗੜਾ ਬਹੁਤ ਕਰਦੇ ਹਨ।

ਮਾਰੈਂ ਰੱਯਤ ਕੋ ਦੈ ਗਾਰੈਂ,
ਹਾ ਹਾ ਹੀ ਹੀ ਮੈ ਰੈਹੈਂ[1]। — [1]ਹਾਸੇ ਠੱਠੇ ਵਿੱਚ ਰਹਿੰਦੇ ਹਨ।
ਸੀਲ ਕੁਲੀਨ[1] ਰੂਪ ਗੁਨ ਖਾਨੀ, — [1]ਜਤ ਸਤ ਵਾਲੀ ਤੇ ਚੰਗੀ ਕੁਲ ਵਾਲੀ।
ਸਾਰ ਨ ਨਿਜ ਤਿਯ ਕੀ ਲੈਹੈਂ ॥ ੩੪ ॥
ਬਸਤਰ ਰਸਤ[1] ਨ ਦੇਵੈਂ ਘਰ ਮੈਂ, — [1]ਖਾਣ ਪੀਣ ਦਾ ਸਾਮਾਨ।
ਜੇ ਮਾਂਗੇ ਤੌਂ ਮਾਰ ਪਰੈ।
ਬ੍ਰਿੱਧਾ ਮਾਤ ਪ੍ਰਮਾਤ ਕੇਰ[1] ਤੌਂ, — [1]ਮਾਂ ਤੇ ਦਾਦੀ ਦੀ।
ਬਾਤ ਨ ਕਬ ਹੀ ਕਾਂਨ ਧਰੈਂ।
ਕਾਰਦਾਰ ਦਾਨੇ ਪਰਧਾਨੇ[1], — [1]ਸਿਆਣੇ ਤੇ ਮੁੱਖੀ (ਕਾਰਦਾਰ) ਅਹਿਲਕਾਰ।
ਹਾਰ ਹਟੇ ਬਹੁ ਸਮਝੈ ਹੈਂ।
ਪੈ ਵਹਿ ਟਰੇ ਨ ਮੰਦ ਮਾਰਗੋਂ[1], — [1]ਮਾੜੇਰਸਤਿਓਂ।
ਪਰੇ ਰਹੇ ਵਿਸ਼ਜੋਂ ਮੈਂ ਹੈਂ ॥ ੩੫ ॥
ਨਿਜ ਤਿਯ ਤਜਿ ਕੁਲਟਾ ਬਿਭਚਾਰਨ
ਮੁੰਡਜੋਂ ਸੰਗ ਰਮੈਂ ਹੈਂ ਜੇ[1]। — [1]ਜਿਹੜੇ ਆਪਣੀ ਇਸਤ੍ਰੀ ਛੱਡ ਕੇ (ਕੁਲਟਾ) ਵਿਭਚਾਰਨ ਇਸਤ੍ਰੀਆਂ ਤੇ ਵਿਭਚਾਰੀ ਮੁੰਡਿਆਂ ਨਾਲ (ਰਮੈਂ ਹੈਂ) ਮੰਦਾ ਕਰਮ ਕਰਦੇ ਹਨ।
ਤਿਨ ਕੇ ਸੰਗੀ ਬਾਦ ਫਰੰਗੀ,
ਬਹੁਤ ਨਮ੍ਰਦ ਥਵੈ ਹੈਂ ਥੇ[1]। — [1]ਉਨ੍ਹਾਂ ਦੇ ਸਾਥੀ ਆਤਸ਼ਕ ਰੋਗ ਦੇ ਰੋਗੀ ਹੋ ਕੇ ਬਹੁਤੇ ਨਮਰਦ (ਨਿਪੁੰਸਕ) ਹੋ ਜਾਂਦੇ ਸਨ।
ਸਿੰਘ ਸੁਨਹਿਰੀ ਕਬਜੇ ਵਾਰੇ,
ਤਿਨੈਂ ਮਸਖਰੀ ਲੋਗ ਕਰੈਂ[1]। — [1](ਆਪ ਤਾਂ ਏਹੋ ਜੇਹੇ ਕੁਕਰਮੀ ਹਨ) ਪਰ (ਸੁਨਿਹਰੀ) ਇਕੋ ਬਾਟੇ ਵਿੱਚ ਅੰਮ੍ਰਿਤ ਛਕਣ ਵਾਲੇ ਤੇ ਤਲਵਾਰਾਂ ਦੇ ਕਬਜ਼ਿਆਂ ਤੇ ਹੱਥਰੱਖਣ ਵਾਲੇ ਉਨ੍ਹਾਂ ਸਿੰਘਾਂ ਨੂੰ ਇਹ ਲੋਕ ਮਸਖ਼ਰੀਆਂ ਕਰਦੇ ਹਨ।
ਸ਼ਰਮ ਹਿਆਉ ਸੁ ਕਰਮ ਧਰਮ ਤਜਿ ਪੈ,
ਕੁਕਰਮ ਮੈਂ ਸੋਊ ਪਰੈਂ ॥ ੩੬ ॥
ਧਰਮ ਹੇਤ ਨਹਿ ਦੇਤ ਦਾਮ ਇਕ[1], — [1]ਇਕ ਦਮੜੀ।
ਬੀਜ ਕੁਖੇਤ ਸੁਟੈ ਹੈਂ[1] ਜੇ। — [1]ਖੋਟੇ ਖੇਤ ਵਿੱਚ ਬੀਜ ਸੁੱਟਦੇ ਹਨ ਭਾਵ ਕੁਪਾਤ੍ਰਾਂ ਨੂੰ ਦਾਨ ਕਰਦੇ ਹਨ।
ਭੜੂਏ[1] ਭੰਡੈਂ[2] ਬੇਸਜਾ ਕੋ ਧਨ, — [1]ਵੇਸਵਾ ਦੇ ਨਾਲ ਗਾਉਣ ਵਜਾਉਣ ਵਾਲੇ ਸਾਥੀ। [2]ਨਕਲੀਆਂ ਨੂੰ।
ਕਰਜ਼ਾ ਭੀ ਲੈ ਦੈ ਹੈਂ ਜੇ।

ਔਤ੍ਰ[1] ਗਏ ਅਨੇਕ ਐਸ ਘਰ,
ਰਾਜ ਅੰਗ੍ਰੇਜੋਂ ਨੈ ਲੀਏ।
ਮੈਣ-ਦਾਬੀਏ ਸਰਦਾਰਨ ਕੇ,
ਚਾਲ ਚਲਨ ਇਹੁ ਦਿਖਰੀਏ ॥੩੭॥
ਕੈਹੈਂ ਅਬਿ ਲਹੌਰ ਮੌਰ ਯੁਤ[1],
ਸਭਿ ਪੰਜਾਬੀਓਂ ਕੇਰੈਂ ਜੀ।
ਮਹਾਰਾਜ ਨੈ ਮੁਲਕ ਅਜਾਰੇ[1],
ਔਰੈਂ ਦਏ ਅਗੇਰੈਂ[1] ਜੀ।
ਠੇਕੇਦਾਰ ਅਪਾਰ, ਰੱਯਤੈਂ
ਜਾਨਿ ਪਰਾਈ[1] ਲੂਟੈਂ ਜੀ।
ਪਹਿਲੇ ਦੇਤੇ ਚੌਥਾਈ, ਫਿਰ
ਨਿਸਬ ਨ ਕਿਸ ਪੈ ਛੂਟੈ ਜੀ[1] ॥੩੮॥
ਕਰੈਂ ਬਟਾਈ ਭਾਵਤ ਵਸਤੁ[1],
ਔਰ ਮਾਮੂਲਾ ਲੈਹੈਂ ਭੀ।
ਕਰੇ ਤਬਾਹ ਲੋਗ ਹਰ ਸੂਰਤ[1],
ਚੈਨ ਲੈਨ ਨਹਿਂ ਦੈਹੈਂ ਭੀ।
ਜਿਤ ਵਲ ਸੈਨ ਚਢੈ ਸਰਕਾਰੀ,
ਐਨ ਖ੍ਵਾਰੀ ਕਰਿ ਹੈਂ ਜੇ।
ਬਾਹਰ ਤੈ ਖੇਤੀ ਖਾਸੋਂਟੈਂ[1],
ਘਰੋਂ ਵਸਤੁ ਸਭਿ ਹਰ ਹੈਂ[1] ਜੇ ॥੩੯॥
ਗੱਡੇ ਬੈਲ ਜੱਟਨ ਕੇ ਫੜਿ ਫੜਿ,
ਜਬਰਨ ਬੋਝ ਲਦੈਹੈਂ ਥੇ।
ਖੈਂਚ ਨ ਸਕੈਂ ਬੈਲ ਜਿਸ ਠੌਰੈਂ,
ਮਾਰੈਂ ਤਰਸ ਨ ਕੈਹੈਂ ਥੇ[1]।
ਥੇ ਨਿਰਦਈ ਮਝੈਲ ਸਹਿਜ ਹੀ[1],
ਚਢੀ ਹਕੂਮਤ ਸਾਨ ਖਰੈਂ[1]।
ਫਿਰ ਕਯੋਂ ਨਹਿਂ ਲੁਟ ਮਾਰ ਦੂਖ ਦਿਹਂ,
ਰੱਯਤ ਤਈਂ ਮਹਾਨ ਤਰੈਂ[1] ॥੪੦॥
ਬੇਟੀ ਬਹੂ ਪਿਖੈਂ ਜਿੰਹ ਸੁੰਦਰ,
ਜਬਰਨ ਤਾਂਹਿ ਬਿਗਾਰੈਂ ਥੇ[1]।

[1]ਬੇ-ਉਲਾਦੇ।
[1]ਮਹਾਰਾਜਾ ਰਣਜੀਤ ਸਿੰਘ ਸਮੇਤ।
[1]ਠੇਕੇ।
[1]ਉਨ੍ਹਾਂ ਨੇ ਅੱਗੋਂ ਹੋਰਨਾਂ ਨੂੰ ਦੇ ਦਿੱਤੇ।
[1]ਪਰਜਾ ਨੂੰ ਪਰਾਈ ਜਾਣ ਕੇ।
[1]ਫੇਰ ਅੱਧਾ ਹਿੱਸਾ ਵੀ ਕਿਸੇ ਕੋਲ ਨਹੀਂ ਬਚਦਾ।
[1]ਮਨ-ਭਾਉਂਦੀ ਚੀਜ਼ ਦੀ ਵਟਾਈ ਕਰ ਲੈਂਦੇ ਹਨ।
[1]ਹਰੇਕ ਢੰਗ ਨਾਲ।
[1]ਖੋਹ ਲੈਂਦੇ ਹਨ।
[1]ਚੁਰਾ ਲੈਂਦੇ ਹਨ।
[1]ਤਰਸ ਨਹੀਂ ਕਰਦੇ ਸਨ।
[1]ਸੁਭਾਵਕ ਹੀ।
[1]ਹਕੂਮਤ ਦੀ ਤਿੱਖੀ ਸਾਣ ਤੇ ਚੜ੍ਹ ਗਈ ਸੀ।
[1]ਬਹੁਤ ਜ਼ਿਆਦਾ।
[1]ਧੱਕੇ ਨਾਲ ਉਸ ਦਾ ਸਤ ਭੰਗ ਕਰ ਦੇਂਦੇ ਸਨ।

ਬੁਰਛੇ ਲੋਗ ਤਲੰਗੇ ਚੰਗੇ,
ਨਹਿਂ ਤਬਿ ਰਹੇ ਅਪਾਰੈਂ ਥੇ[1]।

[1]ਤਦੋਂ (ਬੁਰਛੇ) ਮੂਰਖ ਉਜੱਡ ਤੇ (ਤਲੰਗੇ) ਬਦਮਾਸ਼ ਬਹੁਤੇ ਹੋ ਗਏ ਚੰਗੇ (ਬੰਦੇ) ਨਾ ਰਹੇ।

ਯਾਂਹੀ ਤੈ ਰੱਯਤ ਦੁਖਜਾਰੀ,
ਬਾਰੀ ਬਾਰੀ ਐਸ ਰਰੈਂ[1]।

[1]ਵਾਰ ਵਾਰ ਐਉਂ ਕਹਿੰਦੀ ਹੈ।

ਹੇ ਪ੍ਰਭੁ ਰਾਜ ਸਿੰਘਨ ਕਾ ਨਾਸੈ,
ਅਬਿ ਇਹੁ ਭਏ ਮਲੇਛ ਖਰੈਂ[1] ॥੪੧॥

[1]ਬਹੁਤੇ ਮਲੇਛ।

ਬਿਨ ਜੱਟਨ ਜੋ ਔਰ ਰੱਯਤ ਥੀ,
ਭੇਡ ਬਕਰੀਓਂ ਨਿਆਂਈਂ ਜੀ।
ਕਾਰਦਾਰ ਮੁਲਕੱਈਓਂ ਕੇ ਢਿਗ[1],

[1]ਮੁਲਕ ਦੇ ਅਹਿਲਕਾਰਾਂ ਕੋਲ।

ਪਕਰੀ ਰਹੇ ਸਦਾਈ[1] ਜੀ।

[1]ਹਮੇਸ਼ਾਂ।

ਜਿਸ ਕਾ ਪਿੰਡ ਜ਼ਮੀਨ ਧਾਮ ਚਹਿਂ,
ਛੀਨ ਕਰਿੰਦੇ ਲੇਹੀਂ[1] ਜੀ।

[1]ਕਰਮਚਾਰੀ ਖੋਹ ਲੈਂਦੇ ਹਨ।

ਮਹਾਰਾਜ ਫਰਿਆਦ ਤਿਨੋਂ ਪਰ,
ਕਬੀ ਨ ਕਾਂਹਿ ਸੁਨੇਹੀ ਜੀ ॥੪੨॥
ਐਪਰ ਜਬਿ ਵਹਿ ਹੋਹਿਂ ਤਵੰਗਰ[1],

[1]ਧਨੀ।

ਲੂਟੈਂ ਤਿਨੈਂ ਮਹਾਰਾਜੇ।
ਚੱਟੀ[1] ਲਾਖੋਂ ਲੈਂਹ ਰੁਪੱਯਾ,

[1]ਦੰਡ, ਜੁਰਮਾਨਾ।

ਫੇਰ ਦੈਂਹ ਤਿਨ ਬਡ ਕਾਜੇ[1]।

[1]ਫੇਰ ਉਨ੍ਹਾਂ ਨੂੰ ਵੱਡੇ ਕੰਮਾਂ ਤੇ ਲਾ ਦੇਂਦੇ ਹਨ।

ਮਧੁ ਮਾਖੀ ਜਯੋਂ[1] ਵਹਿ ਫਿਰ ਸੰਚੈਂ,

[1]ਸ਼ਹਿਤ ਦੀ ਮੱਖੀ ਵਾਂਗ।

ਛੀਨ ਨ੍ਰਿਪ ਸਭਿ ਲੈਹੈਂ ਜੀ।
ਦੌਲਤ ਨ੍ਰਿਪਨ ਕੀ, ਨ੍ਰਿਪਨ ਕੇ
ਘਰ ਹੀ ਮੈਂ ਯੌਂ ਰੈਹੈ ਜੀ ॥੪੩॥
ਚੋਰ ਠਗਨ ਕੀ ਸੜਾਂ[1] ਕਢਾਵੈਂ,

[1]ਗਿੱਟੇ ਦੇ ਪਾਸ ਦੀਆਂ ਨਾੜੀਆਂ।

ਕੈ ਹੱਥ ਨਕ ਪਗ ਕਾਟੈਂ ਥੇ।
ਯਾਰਨ ਕੋ ਭੀ ਚੱਟੀ ਮਾਂਹਿ,
ਹਜਾਰਨ ਲੌਂ ਹੀ ਡਾਟੈਂ ਥੈ[1]।

[1]ਹਜ਼ਾਰਾਂ ਰੁਪਏ ਤੱਕ ਡੰਡ ਦੇਂਦੇ ਸਨ।

ਜੈਸੇ ਨ੍ਰਿਪ ਭਏ ਰੱਯਤ ਭੀ,
ਤੈਸੇ ਭਈ ਤਬੈ ਹੀ ਜੇ।
ਅਪਨੀ ਖੇਤੀ ਆਪ ਚੋਰੀਏਂ,

ਡਰਿ ਨ੍ਰਿਪਨ ਲੁਟਿ ਖੈਹੀਂ[1] ਜੇ ॥੪੪॥

[1]ਰਾਜਿਆਂ ਤੋਂ ਡਰ ਕੇ ਆਪਣੀ ਖੇਤੀ ਨੂੰ ਚੋਰੀਂ ਆਪ ਹੀ ਲੁੱਟ ਕੇ ਖਾ ਲੈਂਦੇ ਸਨ।

ਅੰਧੀ ਕੋ ਜਜੋਂ ਬੋਲਾ, ਧੁਸੇ[1],

[1]ਧੂੰਹਦਾ ਹੈ, ਘਸੀਟਦਾ ਹੈ।

ਭਈ ਰੀਤਿ ਤਬਿ ਏਹੈ ਜੀ।
ਐਪਰ ਝਗੜੇ ਦਿਲੀ ਦ੍ਵੈਸ਼ ਕੇ,
ਅਬਿ ਸਮ ਤਬਿ ਨਹਿਂ ਥੇਹੈਂ[1] ਜੀ।

[1]ਤਦੋਂ ਹੁਣ ਵਰਗੇ ਦਿਲੀ ਵੈਰ ਦੇ ਝਗੜੇ ਨਹੀਂ ਸਨ।

ਉੱਨੀ ਸੌ ਪੂਰੇ ਤੈ ਪਾਛੇ,
ਦਿਨ ਦਿਨ ਔਰੈਂ ਰੀਤੀ ਹੈ।
ਬਦਲਜੋ ਸਮਾਂ ਰਮਾਂ ਜਨ ਹੂਏ,
ਤਰਫੈਂ ਕਪਟ ਅਨੀਤੀ[1] ਹੈ ॥੪੫॥

[1]ਛਲ ਤੇ ਬੇ-ਇਨਸਾਫ਼ੀ ਵਲ ਲੋਕ (ਰਮਾ) ਚਲ ਪਏ।

ਕਰਜ਼ਾ ਲੈ ਕੈ ਦੇਤ ਨ ਕੋਊ,
ਬਿਨ ਕੀਨੇ ਕਿਛ ਝਗਰੈਂ ਜੀ।
ਮੁਕਰ ਜਾਤ ਰਾਜਿਸਟਰੀਆਂ,
ਤਾਮੱਸਕ ਕਰਵਾ ਦਗਰੈਂ[1] ਜੀ।

[1]ਚਿਰ ਬਾਅਦ।

ਸੁਤ[1] ਪਿਤ ਮਾਤ ਸੁਤਾ[2] ਗੁਰੁ ਚੇਲਾ,

[1]ਪੁੱਤਰ। [2]ਪੁੱਤਰੀ।

ਪਤਿ ਤਿਯ ਦੋਸਤ ਭਾਈ ਜੇ।
ਪਿਖੀਯਤ ਤੁੱਛ ਬਾਤ ਪਰ ਝਗਰਤ,
ਬੀਚ ਕਚੈਹਰੀ ਜਾਈ ਜੇ ॥੪੬॥
ਪਿਖਿ ਨੁਕਸਾਨ ਏਕ ਦਾ ਦੂਸਰ,
ਖੁਸ਼ੀ ਮਨਾਵਤ ਭਾਰੀ ਹੈਂ।
ਸੁਲ੍ਹਾ ਸਲਾਹਿ[1] ਤਜੀ ਅਪਨਜੋਂ ਸੈਂ,

[1]ਮੇਲ ਮਿਲਾਪ ਤੇ ਸਲਾਹ ਮਸ਼ਵਰਾ।

ਪਰ ਸੈਂ[1] ਰਾਖਤ ਯਾਰੀ ਹੈਂ।

[1]ਪਰਾਇਆਂ ਨਾਲ।

ਝਗੜੋਂ ਕਲ੍ਹੋਂ ਅੰਕੁਰੋਂ ਕੇ ਹਿਤ,
ਹੈ ਕਾਨੂਨ ਰਿਤੁ ਪਾਵਸ ਜੇ[1]।

[1]ਝਗੜਿਆਂ ਤੇ ਲੜਾਈਆਂ ਦੇ ਅੰਕੁਰਾ ਲਈ ਕਾਨੂੰਨ ਬਰਖਾ ਦੀਰੁੱਤ ਹੈ। (ਅੰਕੁਰ-ਬੀਜ ਤੋਂ ਨਿਕਲਿਆ ਹੋਇਆ ਡੰਘੂਰ, ਅੰਖੂਆ, ਕੂੰਬਲ)।

ਮੇਘ ਵਕੀਲ[1] ਢੀਲ ਬਿਨ ਪਾਲਤ,

[1]ਵਕੀਲਾਂ ਰੂਪ ਬੱਦਲ।

ਸੀਲ ਸਿਖਾਵਟ ਥਾਵਸ ਜੇ[1] ॥੪੭॥

[1]ਉਲਟੀ ਸਿੱਖਿਆ ਦੇਣ ਦਾ ਸੁਭਾਵ ਬਣ ਗਿਆ।

ਰੱਖਕ ਅਰਜ਼ੀ ਲੇਖਕ ਗਰਜ਼ੀ,
ਬਾੜ ਅਪੀਲੈਂ ਬਹੁ ਥੈਹੈਂ[1]।

[1]ਅਰਜ਼ੀਆਂ ਲਿਖਣ ਦੇ ਚਾਹਵਾਨ ਭਾਵ ਅਰਜ਼ੀ ਨਵੀਸਰਾਖੇ ਹਨ ਤੇ ਅਪੀਲਾਂ ਰੂਪ ਬਹੁਤ ਵਾੜਾਂ ਹੁੰਦੀਆਂ ਹਨ।

ਕਜੀਏ ਕਾਲੰਗਿਆਰੀ ਖੇਤੀ,
ਫਿਰ ਛੇਤੀ ਕਿਮ ਬਿਰਧੈ ਹੈ[1]।

[1]ਕਿਸਾਨਾਂ ਦੀ ਆਮਦਨ ਰੂਪ ਖੇਤੀ ਨੂੰ ਕਜੀਆਂ (ਮੁਕੱਦਮਿਆਂ) ਦੀ ਕਾਂਗਿਆਰੀ ਪੈ ਗਈ ਹੈ, ਉਹ ਫੇਰ ਛੇਤੀ ਕਿਵੇਂ ਵਧੇ।

ਲੱਪਰ ਲੋਗ ਗਵਾਹ ਅਮਲੇ ਕੇ,
ਪੰਛੀ ਪਸੁ ਹਰ੍ਹਿਆ ਅਘੜੂ[1]।

[1](ਲੱਪਰ) ਲਾਲਚੀ ਬੰਦੇ (ਅਘੜੂ) ਮਨ-ਘੜਤ ਗਵਾਹ ਅਤੇ ਮਹਿਕਮੇਂ ਦੇ ਕਰਮਚਾਰੀ ਪੰਛੀਆਂ ਤੇ ਹਰ੍ਹਿਆ ਪਸ਼ੂਆਂ ਵਰਗੇ ਹਨ।

ਪੱਕੀ ਕੱਚੀ ਵਹਿ ਛਕ ਜੈ ਹੈਂ
ਖਾਕ ਕਿਸਾਨ ਫਕੈਂ ਝਗੜੂ[1] ॥੪੮॥

[1]ਕਿਰਸਾਣ ਝਗੜਿਆਂ ਦੀ ਸੁਆਹ ਫੱਕਦੇ ਹਨ।

ਖਰਚ ਮਾਮਲਾ ਦੈਨਾ ਪੜ ਹੈ,
ਬੀਜ ਰਸੂਮ ਘਰੋਂ ਖੋਵੈਂ[1]।

[1]ਬੀਜ ਤੇਰੀਤਾਂ (ਵਿਆਹ ਸ਼ਾਦੀਆਂ ਆਦਿ ਦੀਆਂ) ਘਰ 'ਚੋਂ ਗਵਾ ਲੈਂਦੇ ਹਨ।

ਕਥਾ ਬਿੱਲੀਆਂ ਬੰਦਰ ਕੀ, ਦਿਢ
ਅਈ ਪੇਸ਼, ਫਿਰ ਸਠ ਰੋਵੈਂ[1]।

[1]ਬਿੱਲੀਆਂ ਦੀਰੋਟੀ ਬਾਂਦਰ ਦੇ ਵੰਢਣ ਦੀ ਕਥਾ ਜਦੋਂ ਉਨ੍ਹਾਂ ਦੇ ਸਾਹਮਣੇ (ਦਿਢ) ਚੰਗੀ ਤਰ੍ਹਾਂ ਆਉਂਦੀ ਹੈ ਤਾਂ ਮੂਰਖਰੋਂਦੇ ਹਨ।

ਬਡ ਮੈਦਾਨ ਕਨੂਨ, ਝਾਗਰੂ
ਚੋਰ ਠਗੈਂ ਮ੍ਰਿਗੈਂ ਹਿਤ ਹੈ[1]।

[1]ਝਾਗਰੂਆਂ, ਚੋਰਾਂ ਤੇ ਠੱਗਾਂ ਰੂਪ ਹਰਨਾਂ ਵਾਸਤੇ ਕਾਨੂੰਨ ਦਾ ਵੱਡਾ ਮੈਦਾਨ ਹੈ।

ਹੇੜੀ ਹਾਕਮ, ਹੱਦ ਦਫਾ
ਮਧ ਰੁਕਜੇ, ਹਰੈ ਕੈਸੇ ਤਿਤ ਹੈ[1] ॥੪੯॥

[1]ਹਾਕਮਾਂ ਰੂਪ ਸ਼ਿਕਾਰੀ ਦਫ਼ਾ ਦੀ ਹੱਦ 'ਚਰੁਕਿਆ ਉਨ੍ਹਾਂ ਨੂੰ ਕਿਸ ਤਰ੍ਹਾਂ ਮਾਰੇ?

ਧਰਮ ਇਮਾਨ ਸਾਫ[1] ਇਨਸਾਫੈਂ,

[1]ਸਫ਼ਾਈ।

ਸਚਿਆਰੀ[1] ਇਤਫਾਕੈਂ ਜੀ।

[1]ਸਚਿਆਈ।

ਸਤੁ ਸੰਤੋਖ ਮਿਲਾਪ ਮੁਹੱਬਤ,
ਸ਼ਰਮ ਹਿਆਉ ਸਿਦਾਕੈਂ[1] ਜੀ।

[1]ਸਿਦਕ, ਨਿਸ਼ਚਾ।

ਸੁਖਦ ਸਫਲ ਬਾਰੀ ਥੀ ਏਹੈ,
ਕਰੀ ਕਨੂਨ ਉਜਾਰੀ ਜੇ[1]।

[1]ਸੁਖ ਦੇਣ ਵਾਲੀ ਇਹ ਸਫ਼ਲ ਬਗੀਚੀ ਕਾਨੂੰਨ ਨੇ ਉਜਾੜ ਕਰ ਦਿੱਤੀ ਹੈ।

ਤਪਸ਼ ਜਮਾਨੇ ਜੇਠ ਮਾਸ ਨੈ,
ਧੂੜ ਉਡਾਈ ਭਾਰੀ ਜੇ[1] ॥੫੦॥

[1]ਜ਼ਮਾਨੇ ਰੂਪ ਜੇਠ ਦੇ ਮਹੀਨੇ ਦੀ ਤਪਸ਼ ਨੇ ਭਾਰੀ ਧੂੜ ਉਡਾ ਦਿੱਤੀ ਹੈ।

ਲੂਹੇ ਲੋਇ ਲਗਨ ਨੈ ਲਗ ਕੈ,
ਲੋਗਨ ਲੁਗਾਈ ਲਾਖੈਂ ਲੌਂ[1]।

[1]ਲਗਨ ਰੂਪ ਲੋਅ ਨੇ ਲਗ ਕੇ ਲੱਖਾਂ ਇਸਤ੍ਰੀਆਂ ਤੇ ਪੁਰਸ਼ਾਂ ਤੱਕ ਸਾੜ ਦਿੱਤੇ।

ਰਹੀ ਨ ਪ੍ਰੀਤਿ ਪ੍ਰਤੀਤ ਸਾਂਤਿ ਕਿਤ,
ਸਬਜ਼ੀ ਸੱਚੀ ਸਾਖੈਂ ਲੌ[1]।

[1]ਪ੍ਰੀਤ, ਪ੍ਰਤੀਤ ਤੇ ਸ਼ਾਂਤੀ ਰੂਪ ਹਰੀ ਖੇਤੀ ਕਿਤੇ (ਸੱਚੀ) ਸਾਬਤ ਨਹੀਂ ਰਹੀ ਸੀ।

ਭਲੇ ਬੁਰੇ ਕਾ ਗਯੋ ਭਰੋਸਾ,
ਅਧਿਕੈਂ ਇਕ ਸਮ[1] ਹੁਏ ਜੇ।
ਫਿਰ ਗਈ ਹਵਾ ਬਵਾ ਹੈਜ਼ੇ ਸਮ[1],
ਪੜੀ ਭੰਗ ਬਹੁ ਕੂਏ ਜੇ[1] ॥੫੧॥

[1]ਇਕੋ ਜੇਹੇ।
[1]ਹੈਜ਼ੇ ਦੀ (ਬਵਾ) ਬੀਮਾਰੀ ਵਾਂਗ।
[1]ਖੂਹ ਵਿੱਚ ਬਹੁਤੀ ਭੰਗ ਪੈ ਗਈ, ਭਾਵ ਸਾਰੇ ਇਕੋ ਜੇਹੇ ਹੋ ਗਏ।

ਸਸੁਰੇ ਨੁਖਾ[1] ਭੈਣ ਭਾਈ,
ਗੁਰੁ ਚੇਲੀ ਸਾਸੁ ਜਵਾਈ ਲੌਂ।
ਰਮੈਂ[1] ਪਰੋਹਤ, ਜਜਮਾਨੋਂ ਕੀ
ਬੇਟੀ ਬਧੂ ਸੰਗਾਈ[1] ਲੌਂ।
ਪੰਡਿਤ ਆਚਾਰੀ[1], ਬੇਸਿਯਾ ਕੇ
ਬਸੈ ਨਿਸਾ ਘਰ ਮਾਂਹੀਂ ਜੀ।
ਕਰੈਂ ਕੁਕਰਮ ਆਪ ਵਹਿ ਸਾਰੇ,
ਲੋਗਨ ਕੋ ਬਰਜਾਹੀਂ[1] ਜੀ ॥੫੨॥

[1]ਸਹੁਰਾ ਤੇ ਨੂਹ।
[1]ਵਿਸ਼ੇ ਭੋਗਦੇ ਹਨ।
[1]ਨੂੰਹਾਂ ਨਾਲ।
[1]ਕਰਮ ਕਾਂਡੀ ਪੰਡਿਤ।
[1]ਰੋਕਦੇ ਹਨ।

ਬਰਸ ਦ੍ਵਾਦਸ ਕੀ ਲੜਕੀ,
ਸੁਤ ਜਨਤ ਪਤੀ ਮਨ ਭਾਏ ਲੈ।
ਬੇਟੀ ਬਹਿਨ ਤਈਂ ਬਹੁ ਬੇਚਤ,
ਘੋੜੀ ਜਯੋਂ ਮੁਲ ਪਾਏ ਲੈ।
ਅੜੀ ਮਾਰ[1] ਠਗ ਲੰਡੇ[2] ਲੁੱਚੇ[3]
ਲੋਲਪ[1] ਲੋਭੀ ਲੋਗ ਬਢੇ।
ਭਲੇ ਮਾਣਸਜੋਂ ਕੇ ਕੰਧਜੋਂ ਪਰ[1],
ਉੱਚੇ ਲੁੱਚੇ ਰਹਿਤ ਚਢੇ ॥੫੩॥

[1]ਜ਼ਿੱਦੀ। [2]ਬੇਹਯਾ। [3]ਬਦਮਾਸ਼।
[1]ਕਾਮੀ।
[1]ਮੋਢਿਆਂ ਉੱਪਰ।

ਬਰਣਾਸ਼੍ਰਮ ਕੇ ਧਰਮ ਇਸ਼ਟ ਨਿਜ,
ਸ਼ਰਧਾ ਭਗਤੀ ਦਾਨ ਤਜੇ।
ਬਿਨ ਬਿਬੇਕ ਮਤ ਚਲੇ ਅਨੇਕ,
ਛਿਨੇਕ[1] ਏਕ ਨਹਿੰ ਈਸ ਭਜੇ।

[1]ਇਕ ਛਿਨ ਵੀ।

ਬਾਦ ਬਿਬਾਦ[1] ਜਲਪ[2] ਬਾਤਿੰਡੇ[3],

[1]ਚਰਚਾ ਦਾ ਪ੍ਰਸ਼ਨ ਉੱਤਰ, ਖੰਡਨ ਮੰਡਨ, ਬਹਸ ਮੁਬਾਹਸਾ। [2]ਆਪਣੇ ਮਤ ਦੀ ਪੁਸ਼ਟੀ ਲਈ ਦੂਜੇ ਦੀ ਦਲੀਲ ਨੂੰ ਰੱਦ ਕਰਨਾ। [3]ਦੂਜੇ ਦਾ ਪੱਖ ਡੇਗਣ ਲਈ ਛਲ ਕਪਟ ਈਰਖਾ ਹਠ ਨਾਲ ਚਰਚਾ ਕਰਨੀ।

ਚਰਚਾ ਚਵੈਂ[1] ਚਲਾਕੀ ਸੈਂ।

[1]ਉਚਾਰਦੇ ਭਾਵ ਕਰਦੇ ਹਨ।

ਕਰਤ ਸਮਾਜ ਦਰਾਜ[1] ਲਾਜ ਬਿਨ,

[1]ਲੋਕਾਂ ਦਾ ਬਹੁਤਾ (ਸਮਾਜ) ਇਕੱਠ ਕਰਦੇ ਹਨ।

ਉਪਦੇਸ਼ਤ ਨਾਜ਼ਾਕੀ ਸੈਂ[1] ॥ ੫੪ ॥

[1]ਫੁੱਟ ਪਾਉਣ ਵਾਲੇ ਢੰਗ ਨਾਲ ਉਪਦੇਸ਼ ਕਰਦੇ ਹਨ।

ਦੋਸਤ ਦਮੜੀ ਚਮੜੀ ਕੇ[1] ਦਿਢ,

[1]ਧਨ ਤੇ ਇਸਤ੍ਰੀਆਂ ਦੇ।

ਸਾਧੁ ਪੁਜਾਰੀ ਦਿਜ ਥੀਏ।

ਦੰਡ ਪਖੰਡ ਬਨਾਵਟ ਬਿਬਿਧਾ[1],

[1]ਅਨੇਕ ਤਰ੍ਹਾਂ ਦੀ।

ਦਿਖਰਾਵਤ ਪੂਜਾ ਲੀਏ।
ਸਿਰ ਮੂੰਹ ਮੁੰਡਤ ਪੰਡਤ ਹੋਇ,
ਪਖੰਡ ਪੁਜਾਵਨ ਹੇਤ ਕਰੈਂ।
ਨਿਜ ਖਜਾਤੀ[1] ਦੌਲਤ ਹਿਤ, ਬਾਤ

[1]ਆਪਣੀ ਮਸ਼ਹੂਰੀ ਵਾਸਤੇ।

ਰਚਾਤ ਜਾਤ, ਬਹੁ ਭਾਂਤਿ ਵਰੈਂ[1] ॥ ੫੫ ॥

[1]ਬਹੁਤ ਤਰ੍ਹਾਂ ਦੀਆਂ ਚੰਗੀਆਂ ਗੱਲਾਂ ਬਣਾਉਂਦੇ ਜਾਂਦੇ ਹਨ।

ਬਸਨ ਕਖਾਇ[1] ਸਜਾਇ ਗੋਦੜੀ,

[1]ਭਗਵੇਂ ਬਸਤਰ।

ਖਾਕ ਰਮਾਇ[1] ਵਿਰਕਤ ਬਹੈਂ।

[1]ਸੁਆਹ ਮਲ ਕੇ।

ਦਿਲ ਤੈ ਜ਼ਰ[1] ਜਮੀਨ ਨਿਜ ਸੇਵਕ,

[1]ਧਨ।

ਚੇਲੇ ਮਾਨ ਦਿਢਾਨ ਚਹੈਂ[1]।

[1]ਪੱਕੇ ਕਰਨਾ ਚਾਹੁੰਦੇ ਹਨ।

ਰਾਗ ਦ੍ਵੈਸ਼ ਰਸ-ਬਿਸ਼ੇ ਭੋਗ,
ਇਮ ਕਰੈਂ ਲੋਗ ਜਿਮ ਨਾਹਿੰ ਲਖੈਂ[1]।

[1]ਨਾ ਜਾਨਣ।

ਜਪ ਤਪ ਜੋਗ ਤਜੇ ਅਜ਼ਮਤ ਦਾ[1],

[1]ਕਰਾਮਾਤ ਦੇਣ ਵਾਲੇ।

ਬਿਦਯਾ ਰਸ ਬੇਦਾਂਤ ਚਖੈਂ[1] ॥ ੫੬ ॥

[1]ਵੇਦਾਂਤ ਵਿੱਦਿਆ ਦਾ ਰਸ ਚਖਦੇ ਹਨ, ਭਾਵ ਫ਼ੋਕਾ ਗਿਆਨ ਘੋਟਦੇ ਹਨ।

ਥਏ ਸੰਤ ਅਬਿ ਐਸ ਅਨੰਤੈਂ,
ਪਹਿਲੇ ਔਰੈਂ ਤੌਰ ਹੁਤੇ।
ਕਰਤੇ ਜਪ ਤਪ ਯੋਗ ਸਾਧਨਾ,
ਭਗਤੀ ਭਜਨ ਵਿਰਾਗ ਯੁਤੇ।
ਅਜ਼ਮਤ ਤੇਜ ਪ੍ਰਤਾਪ ਬਢਤ ਤਿਨ,
ਹੋਤੇ ਸੁਖਨ[1] ਸਹੀ ਪੂਰੇ।

[1](ਉਨ੍ਹਾਂ ਦੇ) ਬਚਨ ਠੀਕ ਪੂਰੇ ਹੁੰਦੇ ਸਨ।

ਜਬਿ ਤੇ ਰਾਜ ਅੰਗ੍ਰੇਜ਼ੀ ਥੀਓ,

ਸੰਤ ਰਹੇ ਨਹਿਂ ਵਹਿ ਰੂਰੇ[1] ॥੫੭॥	[1]ਸੁੰਦਰ।
ਏਸ ਦੇਸ ਮੈਂ ਬਾਘ ਜੈਸ ਥੇ[1],	[1]ਸ਼ੇਰਾਂ ਵਰਗੇ ਸਨ।
ਘਨੇ ਲੋਗ ਪਿਖਤੇ ਨਿਤ ਹੀ।	
ਪੂਰਨ ਸੰਤ ਬਾਘ ਵਹਿ ਅਬਿ ਸਭਿ,	
ਧਸੇ ਪਹਾਰਨ ਮੈਂ ਕਿਤ ਹੀ।	
ਅਬਿ ਤੋ ਬਾਨੇ ਬਿਬਿਧ ਬਨੈ ਕੈ,	
ਬਨਿ ਬਨਿ ਬੈਠਨ ਜੋਗ ਰਹੇ।	
ਸੁਜਸ ਪ੍ਰਤਾਪ ਕਰਾਮਾਤ ਕਰਨੀ,	
ਜਪ ਤਪ ਤ੍ਰਿਸ਼ਨਾ ਨਦੀ ਗਹੇ[1] ॥੫੮॥	[1]ਤ੍ਰਿਸ਼ਨਾਂ ਦੀ ਨਦੀ ਨੇ ਪਕੜ ਲਏ ਭਾਵਰੁੜ੍ਹ ਗਏ ਹਨ।
ਤੈਸੇ ਹੀ ਦਿਜ ਨਿਜ ਧਰਮੈਂ ਤਜਿ,	
ਅਤਿ ਅਪਕਰਮੈਂ ਮਾਂਹਿ ਬਹੇ[1]।	[1]ਬਹੁਤੇ ਮਾੜੇ ਕਰਮਾਂ ਵਿੱਚਰੁੜ੍ਹ ਗਏ ਹਨ।
ਪਹਿਲੇ ਜਪੀ ਤਪੀ ਸੰਤੋਖੀ,	
ਤਯਾਗੀ ਅਤਿ ਵਿਦਵਾਨ ਰਹੇ।	
ਅਬਿ ਸਭਿ ਨਿਜ ਧਰਮੋਂ ਤੇ ਉਲਟੇ,	
ਕਰਮ ਸ਼ੂਦਰੋਂ ਕੇਰ ਕਰੈਂ।	
ਖੁਦਗਰਜ਼ੀ ਮਰਜ਼ੀ ਨਿਜ ਸੈਂ,	
ਉਪਦੇਸ਼ ਤਜਜੋ ਨਿਜ ਕਾਜ ਸਰੈਂ ॥੫੯॥	
ਤੈਸ ਖੱਤ੍ਰੀ ਥੇ ਜੋ ਭੀ,	
ਕੁਲ ਰੀਤਿ ਧਰਮ ਪਰਤੀਤਿ ਹਤੀ[1]।	[1]ਨਾਸ਼ ਕਰ ਲਈ।
ਬਿੱਤ ਬਿਸਾਲੇ ਰਾਖ ਦਿਵਾਲੇ	
ਕਢਤ, ਭਵਤ ਫਿਰ ਸ਼ਾਹ ਅਤੀ[1]।	[1]ਬਹੁਤਾ ਧਨ ਕੋਲ ਹੁੰਦਿਆਂ ਹੀ ਦੀਵਾਲੇ ਕੱਢ ਦੇਂਦੇ ਹਨ ਤੇ ਫੇਰ ਵੱਡੇ ਸ਼ਾਹੂਕਾਰ ਹੋ ਜਾਂਦੇ ਹਨ।
ਖਯਾਨਤ[1] ਕਰਤ ਇਮਾਨਤ ਮੈਂ ਇਮ,	[1]ਬੇਈਮਾਨੀ।
ਗਯੋ ਭਰੋਸ ਬਿਪਾਰ ਵਰੈਂ[1]।	[1]ਚੰਗੇ ਵਪਾਰ ਦਾ (ਚੰਗਾ) ਭਰੋਸਾ।
ਖਾਨ ਪਾਨ ਪਹਿਰਾਵੇ ਪਿਛਲੇ	
ਤਜੇ, ਬਿਪ੍ਰਯੇ[1] ਔਰ ਕਰੈਂ ॥੬੦॥	[1]ਉਲਟੇ।
ਕੋਟ ਬੂਟ ਪਤਲੂਨ ਸੂਟ ਧਰਿ,	
ਚਿਲਤੇ ਚਮਕਣ ਚੋਗੇ ਹੈਂ[1]।	[1](ਚਿਲਤੇ) ਕੁੜਤੇ ਤੇ ਚੋਲੇ ਚਮਕਦੇ ਹਨ।
ਜੋਗ ਅਜੋਗ ਭੋਗ ਬਹੁ ਭੋਗਤ,	
ਬਕੈਂ ਗਯਾਨ ਕੇ ਪੋਗੇ ਹੈਂ[1]।	[1]ਗਿਆਨ ਦੀਆਂ (ਪੋਗੇ) ਤਰਕਾਂ (ਹੁੱਜਤਾਂ) ਬੋਲਦੇ ਹਨ।

ਨਿਜ ਤੀਆ ਤਜਿ ਪਰ ਘਰ ਰਮ ਹੈਂ,
ਕੈ ਬੇਸੁਵਾ ਬਿਭਚਾਰਨਿ ਸੈਂ।
ਯਾਂਹੀ ਤੈ ਤਿਨ ਕੀ ਨਾਰੈਂ ਭੀ,
ਰਮ ਹੈਂ ਨਿਜ ਨਿਜ ਯਾਰਨ ਸੈਂ ॥੬੧॥
ਜੇ ਗਹਿਨੇ ਕਪਰੇ ਪਿਛਲੇ ਥੇ,
ਸੂਧੇ ਸਾਦੇ ਸਭਿ ਛੋਰੇ।
ਨਕਸੇ ਨਏ ਨਏ ਨਿਤ ਕਢ ਹੈਂ,
ਪਢ ਹੈਂ ਔਗੁਨ ਨਹਿਂ ਥੋਰੇ[1]।

[1](ਫ਼ੈਸ਼ਨ ਦੇ) ਨਮੂਨੇ, ਨਿੱਤ ਨਵੇਂ ਨਵੇਂ ਕੱਢਦੇ ਹਨ, ਪੜ੍ਹਦੇ ਹਨ ਪਰ ਥੋੜ੍ਹੇ ਅਉਗਣ ਨਹੀਂ ਕਰਦੇ, ਭਾਵ ਬਹੁਤੇ ਅਉਗਣ ਕਰਦੇ ਹਨ।

ਬੇਸਜਾ ਕੁਲਟਾ ਤੈ[1] ਭੀ ਬਢ ਕੈ,
ਜ਼ੇਵਰ ਤੇਵਰ ਤਿਯ ਪਹਿਰੈਂ।
ਅਤੀ ਬਚਿੱਤ੍ਰ[1] ਰਚੈਂ ਚਰਿੱਤਰ,
ਹਾਵ-ਭਾਵ ਕਰਿ ਹੈਂ ਕਹਿਰੈਂ[1] ॥੬੨॥
ਸ਼ਾਹੂਕਾਰੈਂ ਸਰਦਾਰੈਂ ਪੰਡਿਤੈਂ,
ਪੂਜਾਰੈਂ ਵੱਕੀਲੈਂ।
ਨਿਜ ਪਸੁ ਸਮਝ ਰਮਜ਼ ਸੈਂ[1], ਲੈਹੈਂ
ਭਾਵਤ ਕਾਮ[1] ਬਿਨਾ ਢੀਲੈਂ।
ਵਹਿ ਭੀ ਪਢੇ ਪਸ਼ੂ ਜਿਮ ਨਾਚੈਂ,
ਜਾਚੈਂ ਨਾਰਿਨ ਕੀ ਮੁਦਤਾ[1]।
ਮਾਤ ਪਿਤਾ ਨਿਜ ਗੁਰੂ ਇਸ਼ਟ ਕੋ,
ਮਾਨੈ ਨਹਿਂ ਤਿਯ ਸਮ ਬਧਿਤਾ[1] ॥੬੩॥
ਉਪਜੈਂ ਸ਼ੰਕ੍ਰ ਬਰਣ ਸੁਤਾ ਸੁਤ[1],
ਧਰਮ ਕਰਮ ਯਾਂ ਤੈ ਨਾਸੈਂ।
ਬਲਿ ਕੈ ਤੀਨ ਬਰਣ ਤੈ ਨੀਕੈਂ,
ਸ਼ੂਦ੍ਰ ਧਰਮੀ ਅਤਿ ਭਾਸੈਂ[1]।
ਭਗਤੀ ਭਜਨ ਸੁਕਰਮ ਧਰਮ ਕ੍ਰਿਤ,
ਕਰਿ ਖੈਹੈਂ ਯੁਤ ਉਤਸ਼ਾਹੈਂ।
ਸ਼ਰਧਾ ਇਸ਼ਟ ਗੁਰੂ ਸੰਤੋ ਮੈਂ,
ਦਯਾ ਸੇਵ ਸਤਿਸੰਗ ਚਾਹੈਂ ॥੬੩॥

[1]ਬਿਭਚਾਰਨ ਇਸਤ੍ਰੀ ਤੋਂ।
[1]ਅਨੇਕ ਤਰ੍ਹਾਂ ਦੇ।
[1]ਕਹਿਰ ਦੇ ਨਖਰੇ ਕਰਦੀਆਂ ਹਨ।
[1]ਇਸ਼ਾਰੇ ਨਾਲ।
[1]ਮਨ-ਭਾਉਂਦਾ ਕੰਮ।
[1]ਇਸਤ੍ਰੀਆਂ ਦੀ ਪ੍ਰਸੰਨਤਾ ਮੰਗਦੇ ਭਾਵ ਚਾਹੁੰਦੇ ਹਨ।
[1]ਔਰਤ ਵਰਗਾ ਬੁੱਧੀਮਾਨ ਨਹੀਂ ਮੰਨਦੇ।
[1]ਮੁੰਡੇ ਕੁੜੀਆਂ (ਸ਼ੰਕ੍ਰਵਰਨ) ਦੋਗਲੇ ਪੈਦਾ ਹੁੰਦੇ ਹਨ।
[1]ਸ਼ੂਦਰ ਬਹੁਤੇ ਚੰਗੇ ਧਰਮੀ ਭਾਸਦੇ ਹਨ।

ਹਰਿਕ੍ਰਿਸ਼ਨ ਨੌਮ ਗੁਰੁ ਬਰ ਤੈ ਸਦ ਗੁਨ[1],
ਵਰਤੈਂ ਤਿਯ ਸੂਦ੍ਰੋਂ ਮੈਹੈਂ।
ਤੀਰਥ ਬਰਤ ਦਾਨ ਪੁੰਨ-ਮੈਤ੍ਰੀ,
ਮਿਹਰ ਮਿਹਰੀਓ ਮੈਂ ਰੈਹੈਂ[1]।

[1]ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਨੌਵੇਂ ਗੁਰਾਂ ਦੇ ਵਰ ਕਰ ਕੇ ਸੁੰਦਰ ਗੁਣ ਇਸਤ੍ਰੀਆਂ ਤੇ ਸ਼ੂਦਰਾਂ ਵਿੱਚ ਵਰਤਦੇ ਹਨ।

[1]ਮਿੱਤਰਤਾ ਭਾਵ ਤੇ ਦਇਆ ਆਦਿ ਗੁਣ ਇਸਤ੍ਰੀਆਂ ਵਿੱਚ ਰਹਿੰਦੇ ਹਨ।

ਪਿਛਲੇ ਗ੍ਰੰਥਨ ਮੈਂ ਲਿਖਿ ਰਾਖੇ,
ਜੇ ਲੱਖਨ ਕਲਿ ਕੇ ਜੀਵੈਂ।
ਅਬਿ ਵਹਿ ਸਭਿ ਪ੍ਰਤੱਖ ਪੇਖੀਯਤ,
ਅਧਿਕ ਅਧਿਕ ਆਗੈ ਥੀਵੈਂ ॥੬੪॥
ਕਪਟ ਫਰੇਬ ਝੂਠ ਛਲ-ਬੁੱਧੀ[1],
ਕਲਿ ਪ੍ਰਭਾਵ ਅਤਿ ਬਢੇ ਪਿਖਯੋ।
ਰਾਜਾ ਜਥਾ ਤਥਾ ਪਰਜਾ ਹ੍ਵੈ,
ਜਦੀ ਮਨੂੰ ਨੈ ਭੀ ਲਿਖਯੋ।
ਪੈ ਅੰਗ੍ਰੇਜ਼ਨ ਕੀ ਪਤਿਸ਼ਾਹੀ ਮੈਂ,
ਹੈਂ ਸਦਗੁਨ ਭੂਰ ਭਲੇ[1]।
ਅਮਨ ਰੂਪ ਸੁਠ ਚਮਨ ਰਹਯੋ ਖਿਲ,
ਸ਼ਮਨ ਸ਼ੋਕ ਲੁਟ ਮਾਰ ਕਲ੍ਹੇ[1] ॥੬੫॥

[1]ਛਲ ਵਾਲੀ ਬੁੱਧੀ।

[1]ਬਹੁਤੇ ਚੰਗੇ ਸ੍ਰੇਸ਼ਟ ਗੁਣ ਹਨ।

[1]ਸ਼ਾਂਤੀ ਰੂਪ ਸੁੰਦਰ ਬਾਗ ਖਿੜ ਰਿਹਾ ਹੈ, ਲੁੱਟ ਮਾਰ ਤੇ ਲੜਾਈ (ਸ਼ਮਨ) ਨਾਸ਼ ਹੋ ਗਏ ਹਨ।

ਰਾਂਕਾ ਰੈਨ ਫਬੀ ਪਤਿਸ਼ਾਹੀ[1],
ਬਰਤੀ ਸ਼ਾਂਤੀ ਸਰਦ ਰਿਤੈਂ।
ਚੰਦ ਅਮੰਦ ਹੁਕਮ ਪਰਕਾਸ਼ਤ,
ਪੂਰਨ ਪ੍ਰਭਾ ਪ੍ਰਤਾਪ ਯੁਤੈਂ[1]।

[1]ਪਾਤਿਸ਼ਾਹੀ ਰੂਪ ਪੁੰਨਿਆਂ ਦੀਰਾਤ ਫਬ ਰਹੀ ਹੈ।

[1]ਪੂਰਨ ਪ੍ਰਤਾਪ ਰੂਪ ਸ਼ੋਭਾ ਦੇ ਸਹਿਤ (ਮੱਲਕਾ ਰੂਪ) ਉਜਲ ਚੰਦ ਦਾ ਹੁਕਮ ਰੂਪ ਪ੍ਰਕਾਸ਼ ਹੋ ਰਿਹਾ ਹੈ।

ਸੋਲਾਂ ਕਲਾ ਕਲਿਤ ਸੰਪੂਰਨ,
ਮਲਕਾ ਮੁਲਕੈਂ ਪਰ ਭਾਸੈ[1]।

[1](ਕਲਿਤ) ਸੁੰਦਰ ਸੋਲਾਂ ਕਲਾਂ ਸੰਪੂਰਨ (ਚੰਦ੍ਰਮਾ) ਵਾਂਗ ਮਲਕਾ (ਮਹਾਰਾਣੀ) ਵਿਕਟੋਰੀਆ (ਸਾਰੇ) ਮੁਲਕਾਂ ਵਿੱਚ (ਪਰਕਾਸ਼ੈ) ਪ੍ਰਕਾਸ਼ ਕਰ ਰਹੀ ਹੈ।

ਕੌਂਸਲ ਸੁਰਗਨ ਸਸੀ ਪ੍ਰਵਾਰਯੋ,
ਜੈਸ ਚਹੈਂ ਤਿਮ ਪਰਕਾਸ਼ੈ[1] ॥੬੬॥

[1]ਕੌਂਸਲ ਦੇ ਮੈਂਬਰਾਂ ਰੂਪ ਬਹੁਤੇ ਤਾਰਿਆਂ ਨੇ ਮਲਕਾ ਰੂਪ ਚੰਦ ਨੂੰ ਘੇਰਿਆ ਹੋਇਆ ਹੈ, ਜਿਵੇਂ ਉਹ ਕੌਂਸਲ ਦੇ ਮੈਂਬਰਾਂ ਰੂਪ ਤਾਰੇ ਚਾਹੁੰਦੇ ਹਨ ਤਿਵੇਂ (ਮਲਕਾ ਰੂਪ ਚੰਦ ਹੁਕਮ ਰੂਪ) ਚਾਨਣਾ ਕਰਦੀ ਹੈ।

ਕਰੁਨਾ ਨਹਿਰੈਂ ਛਹਿਰੈਂ ਜਿਤ ਕਿਤ,
ਪਾਲਤ ਸਸ ਰਸ ਅਧਿਕ ਕਰੈਂ[1]।

[1](ਅੰਗ੍ਰੇਜ਼ਾਂ ਦੀ) (ਕਰੁਨਾ) ਕਿਰਪਾ ਨਾਲ ਜਿੱਥੇ ਕਿੱਥੇ ਨਹਿਰਾਂ ਨੇ (ਛਹਰਾਂ) ਛਹਿਬਰਾਂ ਲਾ ਦਿੱਤੀਆਂ ਹਨ ਤੇ (ਸਸ) ਖੇਤੀਆਂ ਨੂੰ ਪਾਲਦੀਆਂ ਬਹੁਤਾਰਸ ਪੈਦਾ ਕਰਦੀਆਂ ਹਨ।

ਰੇਲ ਫਿਰਤ ਸਿਸਮਾਰ ਚੱਕ੍ਰ ਸੀ,
ਪਰਜਾ ਨਿਰਪੈਂ ਸੁਖਦ ਤਰੈਂ[1]।

[1](ਸਿਸਮਾਰ ਚੱਕ੍ਰ) ਤਾਰਾ ਮੰਡਲ ਵਾਂਗਰੇਲ ਫਿਰਦੀ ਹੈ ਜੋਰਾਜਿਆਂ ਤੇ ਪਰਜਾ ਨੂੰ ਬਹੁਤਾ ਸੁਖ ਦੇਂਦੀ ਹੈ।

ਤਾਰੈਂ ਸਾਰੈਂ ਦੇਤ ਅਪਾਰੈਂ,
ਈਸ਼ ਸ਼ਕਤਿ ਕੈ ਉਲਕਾ ਹੈ[1]।

[1]ਤਾਰਾਂ ਬਹੁਤੀਆਂ ਖ਼ਬਰਾਂ ਦੇਂਦੀਆਂ ਹਨ ਇਹ ਈਸ਼੍ਵਰ ਦੀਆਂ ਸ਼ਕਤੀਆਂ ਹਨ ਜਾਂ ਅਕਾਸ਼ 'ਚੋਂ ਡਿਗਦੇ ਤਾਰਿਆਂ ਦਾ ਚਮਤਕਾਰ ਹੈ।

ਸੇਜੈਂ ਸੜਕੈਂ ਸੂਧੀ ਸਾਫੈਂ,
ਸ਼ਹਿਰ ਸਫਾਈ ਮੁਲਕਾਂ ਮੈ[1] ॥੬੭॥

[1]ਸਿੱਧੀਆਂ ਤੇ ਸਾਫ਼ ਸੜਕਾਂ ਸੇਜਾ (ਵਾਂਗ ਆਰਾਮ ਦੇਣ ਵਾਲੀਆਂ ਹਨ ਅਤੇ) ਸਾਰੇ ਮੁਲਕਾਂ ਦੇ ਸ਼ਹਿਰਾਂ ਵਿੱਚ ਸਫ਼ਾਈ ਹੈ।

ਬਿੱਦਜਾ ਬਿਬਿਧ ਬਧੂ ਲਪਟਾਨੀ,
ਲੋਗ ਭੋਗ ਲੇਤੇ ਰਸ ਹੈਂ[1]।

[1]ਅਨੇਕ ਤਰ੍ਹਾਂ ਦੀ ਵਿੱਦਿਆ ਰੂਪ ਵਹੁਟੀ ਨਾਲ ਲਪਟ ਕੇ ਲੋਗ ਅਨੰਦ ਮਾਣ ਕੇਰਸ ਲੈਂਦੇ ਹਨ।

ਚੋਰ ਚਕੋਰ ਬਿਲਾਰ ਯਾਰ ਗਨ,
ਤਮ ਬਿਭਚਾਰ ਰਹਜੋ ਲਸ ਹੈ[1]।

[1]ਚੋਰਾਂ ਰੂਪ ਚਕੋਰ, ਯਾਰਾਂ ਰੂਪ ਬਹੁਤੇ ਬਿੱਲੇ ਤੇ ਬਿਭਚਾਰ ਰੂਪ ਅਨ੍ਹੇਰਾ ਚਮਕ ਰਿਹਾ ਹੈ।

ਨੀਂਦ ਅਜ਼ਾਦੀ ਪ੍ਰਾਪਤਿ ਸਭਿ ਕੋ,
ਝਗਰੇ ਸ੍ਵਪਨ ਰਹੇ ਗਹਿ ਹੈਂ[1]।

[1]ਝਗੜਿਆਂ ਰੂਪ ਸੁਪਨੇ ਪਕੜ ਰਹੇ ਹਨ।

ਆਲਮ ਚੁੰਗ ਚਰਾਗ ਪ੍ਰਕਾਸ਼ੈਂ,
ਧਨ ਵਕੀਲ ਬੇਸਜਾ ਲਹਿ ਹੈਂ[1] ॥੬੮॥

[1]ਵਿਦਵਾਨਾਂ ਦੇ (ਚੁੰਗ) ਜੱਥੇ ਦੀਵਿਆਂ ਵਾਂਗ ਪ੍ਰਕਾਸ਼ ਕਰ ਰਹੇ ਹਨ, ਵਕੀਲ ਤੇ ਵੇਸਵਾ ਧਨ ਲੈਂਦੇ ਹਨ।

ਨਿਸਚਰ ਕਾਮੀ ਬਿਸ਼ੇ ਅਰਾਮੀ,
ਸਦ ਗਾਮੀ ਕਾਪੋਤ ਤ੍ਰਸੇ[1]।

[1]ਵਿਸ਼ੇ ਸੁਖ ਭੋਗਣ ਵਾਲੇ ਕਾਮੀ (ਨਿਸਚਰ) ਉੱਲੂਆਂ ਵਾਂਗ ਫਿਰਦੇ ਹਨ ਤੇ (ਸਦ ਗਾਮੀ) ਸ੍ਰੇਸ਼ਟਰਸਤੇ ਚਲਣ ਵਾਲੇ (ਕਾਪੋਤ) ਕਬੂਤਰਾਂ ਵਾਂਗ ਡਰ ਗਏ ਹਨ।

ਚਮਗਾਦਰ ਕਾਦਰ ਮੇਵੇ ਖਹਿਂ,
ਬਾਜ ਬਹਾਦਰ ਛੁਧਾ ਗ੍ਰਸੇ[1]।

[1]ਕਾਇਰਾਂ ਰੂਪ ਚਮਗਿੱਦੜ ਮੇਵੇ ਖਾਂਦੇ ਹਨ ਤੇ ਬਹਾਦਰਾਂ ਰੂਪ ਬਾਜ਼ ਭੁੱਖ ਦੇ ਗ੍ਰਸੇ ਹੋਏ ਹਨ।

ਸੁਕ ਸਰਾਫ ਲੁਕ ਬਹੇ ਮੀਚ ਅੱਖ,

ਉੱਲੂ ਅਧਮ ਸ਼ਿਕਾਰ ਕਰੈਂ[1]।

[1]ਸਰਾਫ਼ਾਂ ਰੂਪ ਤੋਤੇ ਅੱਖਾਂ ਮੀਚ ਕੇ ਬੈਠੇ ਗਏ ਹਨ, ਨੀਚ ਪੁਰਖਾਂ ਰੂਪ ਉੱਲੂ ਸ਼ਿਕਾਰ ਕਰਦੇ ਹਨ।

ਜਬਰੀ ਆਤਪ ਜ਼ੁਲਮੀ ਜਾਡਾ,
ਲੂਟ ਲੋਇ ਨਹਿਂ ਨਜ਼ਰ ਪਰੈਂ[1] ॥੬੯॥

[1]ਜ਼ਬਰਦਸਤੀ ਰੂਪ ਧੁੱਪ ਜ਼ੁਲਮ ਰੂਪ ਪਾਲਾ ਤੇ ਲੁੱਟ ਰੂਪ ਲੋਅ ਨਜ਼ਰ ਨਹੀਂ ਪੈਂਦੀ।

ਤਾਰਾਗਨ ਫਨ ਹੁਨਰ ਅਨੇਕੈਂ[1],
ਚਮਤਕਾਰ ਦਿਖਰਾਇ ਰਹੇ।

[1]ਬਹੁਤੇ ਤਾਰਿਆਂ ਵਾਂਗ ਅਨੇਕਾਂ ਗੁਣ ਤੇ ਹੁਨਰ।

ਹਾਕਮ ਮੰਗਲ ਆਦਿ ਨਛੱਤ੍ਰ,
ਪਰਜਾ ਤਈਂ ਦਬਾਇ ਬਹੇ[1]।

[1]ਹਾਕਮਾਂ ਰੂਪ ਮੰਗਲ ਆਦਿ ਤਾਰੇ ਪਰਜਾ ਨੂੰ ਦਬਾਈ ਬੈਠੇ ਹਨ।

ਪੁਲਸ ਫਨੀ ਯੁਤ ਮਨੀ ਹਕੂਮਤ,
ਦਿਖਰਾ ਲੋਗੈਂ ਦਬਕ ਛਕੈਂ[1]।

[1]ਮਣੀ ਸਹਿਤ ਸੱਪ ਵਾਂਗ ਪੁਲਿਸ (ਆਪਣੀ) ਹਕੂਮਤ ਦਿਖਾ ਕੇ ਤੇ ਡਰਾ ਕੇ ਲੋਕਾਂ ਨੂੰ ਖਾਂਦੀ ਹੈ।

ਭੂਤ ਪ੍ਰੇਤ ਉਚੱਕੇ ਮੁਖਬਰ,
ਬਿਚਰੈਂ ਜਹਿਂ ਤਹਿਂ ਦੁਖਦ ਬਕੈਂ[1] ॥੭੦॥

[1](ਉਚੱਕੇ) ਚੋਰ ਤੇ (ਮੁਖ਼ਬਰ) ਚੁਗਲ, ਭੂਤਾਂ ਪ੍ਰੇਤਾਂ ਵਾਂਗ ਜਿੱਥੇ ਕਿੱਥੇ ਦੁਖਦਾਇਕ (ਬਚਨ) ਬੋਲਦੇ ਹਨ।

ਰਾਜ ਅੰਗ੍ਰੇਜ਼ੀ ਮੈਂ ਯੁਤ ਤੇਜੀ,
ਇਨਤਜ਼ਾਮ ਚਾਨਣ ਸੋਹੈ[1]।

[1]ਅੰਗਰੇਜ਼ੀਰਾਜ ਵਿੱਚ ਤੇਜ਼ੀ ਨਾਲ ਪ੍ਰਬੰਧ ਦਾ ਚਾਨਣ ਸ਼ੋਭਾ ਦੇ ਰਿਹਾ ਹੈ।

ਐਨ ਅਮਨ ਬਹਿ ਪਵਨ ਚੈਨ ਪ੍ਰਦ,
ਨੀਂਦ ਨਿਚਿੰਤੀ ਸਭਿ ਕੋ ਹੈ[1]।

[1]ਠੀਕ ਸ਼ਾਂਤੀ ਦੇਣ ਵਾਲੀ ਅਮਨ ਦੀ ਹਵਾ ਵਗਦੀ ਹੈ, ਬੇਫ਼ਿਕਰੀ ਰੂਪ ਨੀਂਦ ਸਭ ਨੂੰ ਆਈ ਹੋਈ ਹੈ।

ਬਿਨਾ ਕਲੇਸ਼ ਅਸ਼ੇਸ਼[1] ਭੋਗ ਰਸ,
ਭੋਗੀ ਜੋਗੀ ਮਾਣ ਰਹੇ।

[1]ਬਹੁਤੇ।

ਡਾਕੇ ਧਾੜੇ ਮਿਟੇ ਪਵਾੜੇ,
ਸੁਖਪਤਿ ਕਾ ਪਰਮੋਦ ਲਹੇ[1] ॥੭੧॥

[1]ਇਹ ਮਾਨੋ ਸਖੋਪਤੀ (ਗਾੜ੍ਹੀ ਨੀਂਦ) ਦਾ ਅਨੰਦ ਲੈਂਦੇ ਹਨ।

ਬ੍ਰਿਧ ਹੋਤ ਪਰਜਾ ਸਸਰਸ ਯੁਤ,
ਮਿਲਤ ਕਾਮੀਐਂ ਧਨ ਨਾਰੀ[1]।

[1]ਪਰਜਾ ਰੂਪ ਖੇਤੀਰਸ ਦੇ ਸਹਿਤ ਵਧ ਰਹੀ ਹੈ। ਕਾਮੀ ਪੁਰਸ਼ਾਂ ਨੂੰ ਧਨ ਤੇ ਇਸਤ੍ਰੀ ਮਿਲ ਰਹੀ ਹੈ।

ਸਤ ਯੁਤ ਦੁਖਤ ਪ੍ਰੋਖ ਤਪਤਕਾ,
ਪੁਰਾ ਸੂਦਾਰ ਜੁ ਥੇ ਭਾਰੀ[1]।

[1]ਜੋ (ਪੁਰਾ) ਪਹਿਲੇ ਭਾਰੀ ਸਰਦਾਰ (ਸਤਯੁਤ) ਜਤੀ ਸਤੀ ਭਾਵ ਚੰਗੇ ਆਚਰਨ ਦੇ ਮਾਲਕ ਸਨ, (ਪ੍ਰੰਤੂ ਉਨ੍ਹਾਂ ਦਾ ਰਾਜ ਭਾਗ ਖੁਸ ਜਾਣ ਕਰ ਕੇ ਉਹ) ਅੰਦਰੋਂ ਦੁਖੀ ਤੇ ਤਪਦੇ ਰਹਿੰਦੇ

ਹਨ।

ਕੰਟਕ ਲੋਗ ਕਮਲ ਕੁਮਲਾਨੇ,
ਗ੍ਰੀਬ ਭੰਬੂਲ ਖਿਰੇ ਸਾਰੇ[1]।

[1](ਕੰਟਕ) ਦੁੱਖਦਾਈ (ਲੋਕ) ਕਮਲਾਂ ਵਾਂਗ ਕੁਮਲਾ ਗਏ (ਭੰਬੂਲ) ਕਮੀਆਂ (ਵਾਂਗ) ਸਾਰੇ ਗ਼ਰੀਬ ਖਿੜ ਪਏ।

ਨਦਰ ਪਰਤ ਨਹਿੰ ਗਦਰ ਦਿਵਸ ਕਿਤ,
ਦੁਖੀ ਡਕੈਤ ਕੋਕ ਭਾਰੇ[1] ॥੭੨॥

[1]ਕਿਤੇ ਵੀ (ਗਦਰ) ਬਗ਼ਾਵਤ ਦਾ ਦਿਨ ਨਿਗਾਹ ਨਹੀਂ ਪੈਂਦਾ, ਡਾਕੂਆਂ ਰੂਪ (ਕੋਕ) ਚਕਵੇ ਬਹੁਤੇ ਦੁਖੀ ਹਨ।

ਮਕਰੀ ਮਕਰੀ ਜਾਲ ਰਹੇ ਸਜ,
ਪਕਰੀ ਰੈਨ ਰਾਜਨੀਤੀ[1]।

[1](ਮਕਰੀ) ਫਰੇਬੀ ਲੋਕ ਮੱਕੜੀ ਵਾਂਗ ਜਾਲ ਬਣਾ ਰਹੇ ਹਨ, ਉਨ੍ਹਾਂ ਰਾਜਨੀਤੀ ਰੂਪ ਰਾਤ ਪਕੜ ਲਈ ਹੈ।

ਅਕਰੀ ਵਸਤੁ ਮਿਲੈ ਲਕਰੀ ਲੌਂ,
ਬਜਾਪਾਰੀ ਬਕਰੀ ਰੀਤੀ[1]।

[1]ਲੱਕੜੀ ਤੱਕ (ਅੱਕਰੀ) ਮਹਿੰਗੀਆਂ ਚੀਜ਼ਾਂ ਮਿਲਦੀਆਂ ਹਨ, ਵਪਾਰੀਆਂ ਨੇ (ਬੱਕਰੀ) ਟੇਢੀਰੀਤੀ (ਫੜ ਲਈ) ਹੈ।

ਸਾਲਿ ਰਸਾਲ ਜੰਗੀਰਾਂ ਵਾਲੇ,
ਅਧਿਕ ਲਚਾਰ ਝੂਰ ਥਾਏ[1]।

[1](ਸਾਲਿ) ਚਾਉਲਾਂ ਤੇ (ਰਸਾਲ) ਅੰਬਾਂ (ਦੇ ਮਾਲਕ ਤੇ) ਜਾਗੀਰਾਂ ਵਾਲੇ ਬਹੁਤੇ ਝੂਰ ਕੇ ਦੁਖੀ ਹੋ ਗਏ।

ਸੁਕਚਾਨੇ ਸਰ ਨ੍ਰਿਪ ਪੁਰਾਨੇ,
ਕੰਜ ਮੰਜ ਭਟ ਸੁਸਕਾਏ[1] ॥੭੩॥

[1]ਪੁਰਾਣੇਰਾਜੇ ਤਲਾਵਾਂ ਵਾਂਗ ਸੁੱਕ ਗਏ, ਉਨ੍ਹਾਂ ਦੇ ਸੂਰਮਿਆਂ ਰੂਪ ਉੱਜਲ ਕੰਵਲ ਸੁੰਗੜ ਗਏ।

ਕੋਵਿਦ ਕਵਿ ਅਲਿ ਕੋਇਲ ਗਾਇਕ,
ਨ੍ਰਿਪੈਂ ਥਲ ਤਜਿ ਕੂੰਜ ਥੀਏ[1]।

[1]ਵਿਦਵਾਨ, ਕਵੀ ਤੇ ਗਵੱਈਏ ਭੌਰਿਆਂ ਤੇ ਕੋਇਲਾਂ ਵਾਂਗ ਰਾਜਿਆਂ ਰੂਪ ਥਾਵਾਂ ਨੂੰ ਛੱਡ ਕੇ ਕੂੰਜਾਂ ਵਾਂਗ ਉਡਾਰੀ ਮਾਰ ਗਏ।

ਧਰਮ ਭਾਨੁ ਨਹਿੰ ਭਾਨ ਭਵਤ ਤਪ,
ਸ਼ਰਧਾ ਧੂਪ ਨ ਦਰਸੀਏ[1]।

[1]ਧਰਮ ਰੂਪ ਸੂਰਜ ਦੀ ਤਪਸ਼ (ਭਾਨ) ਪ੍ਰਤੀਤ ਨਹੀਂ ਹੁੰਦੀ ਤੇ ਸ਼ਰਧਾ ਰੂਪ ਧੁੱਪ ਦੇ ਦਰਸ਼ਨ ਨਹੀਂ ਹੁੰਦੇ।

ਜੰਗਲ ਕਟੇ ਉਦੰਗਲ ਭਾਰੇ,
ਮੰਗਲ ਕਿਯ ਨਹਿਰੈਂ ਸਾਰੈਂ[1]।

[1](ਉਦੰਗਲ) ਸਾਰੇ ਭਾਰੀ ਜੰਗਲਾਂ ਨੂੰ ਕੱਟ ਕੇ ਸਾਰੇ ਥਾਵਾਂ ਵਿੱਚ ਖ਼ੁਸ਼ੀਆਂ ਦੇਣ ਵਾਲੀਆਂ ਨਹਿਰਾਂ (ਬਣਾ ਦੱਤੀਆਂ)।

ਪਹਿਲੇ ਸੈਂ ਆਵਾਦੀ ਦਹਿਗੁਨ,
ਆਇ ਮਾਮੁਲਾ ਸਰਕਾਰੈਂ[1] ॥੭੪॥

[1]ਸਰਕਾਰੀ ਮਾਮਲਾ।

ਜੋ ਠੇਕਾ ਥੈਹੈ ਸੋ ਲੈਹੈਂ,
ਚੈਹੈਂ ਔਰ ਨ ਕੋ ਕਾਰੈਂ[1]।

[1]ਹੋਰ ਟੈਕਸ।

ਦੈਹੈਂ ਦੂਖ ਰੱਯਤੈ ਨੈਹੈਂ,

ਕੈਹੈਂ ਆਬਾਦੀ ਭਾਰੈਂ[1]।

[1]ਪਰਜਾ ਨੂੰ ਦੁੱਖ ਨਹੀਂ ਦੇਂਦੇ ਸਗੋਂ ਬਹੁਤੀ ਆਬਾਦੀ ਕਰਦੇ ਹਨ।

ਜਬਰੀ ਬੇਸਬਰੀ ਨਹਿਂ ਕਰ ਹੈਂ,
ਖਬਰੀ ਅਵਰੀ ਸਭਿਰਖ ਹੈਂ[1]।

[1]ਧੱਕਾ ਤੇ ਲਾਲਚ ਨਹੀਂ ਕਰਦੇ, ਹੋਰ ਸਾਰੀਆਂ ਖ਼ਬਰਾਂਰਖਦੇ ਹਨ।

ਦੈਂਹ ਮਜੂਰੀ ਪੂਰੀ ਸਭਿ ਕੋ,
ਰਾਜਨੀਤਿ ਮੈਂ ਅਤਿ ਦੱਖ ਹੈਂ[1] ॥੭੫॥

[1]ਬਹੁਤ ਚਤੁਰ ਹਨ।

ਜ਼ਿਮੀਦਾਰ ਤ੍ਰਖਾਨ ਮਿਹਨਤੀ,
ਲੋਗ ਤਵੰਗਰ[1] ਭੂਰ ਭਏ।

[1]ਧਨੀ।

ਲਾਹੈਂ ਕਰਾ ਕਪਾਹੈਂ ਤੈ ਸਭਿ[1],
ਬਾਕੀ ਜਿਨਸ ਇਨਾਮ ਖਏ।

[1]ਸਾਰਾ ਮਾਮਲਾ ਕਪਾਹ ਦੀ ਫ਼ਸਲ ਨਾਲ ਹੀ ਲਾਹ ਦੇਂਦੇ ਹਨ।

ਵਸਤੁ ਸਭੀ ਅਤਿ ਮਹਿੰਗੀ ਬਿਕ ਹੈ,
ਕਯੋਂ ਨ ਜੱਟ ਫਿਰ ਧਨੀ ਭਵੈਂ[1]।

[1]ਜੱਟ ਫੇਰ ਧਨੀ ਕਿਉਂ ਨਾ ਹੋਣ।

ਪੈ ਕਰਤੂਤ ਊਤ ਕਰਨੇ ਮੈਂ,
ਕਰਜਾਈ ਮਜਬੂਤ ਥਵੈਂ[1] ॥੭੬॥

[1]ਮੂਰਖਾਂ ਵਾਲੀ ਕਰਤੂਤ ਕਰਨ ਵਿੱਚ ਬਹੁਤੇ ਕਰਜ਼ਾਈ ਹੋ ਜਾਂਦੇ ਹਨ।

ਫਿਰ ਭੀ ਸੁਜਸ ਨਹਿਂ ਹ੍ਵੈ ਹੈ ਪੂਰਾ,
ਇਕ ਤੈ ਅਧਿਕ ਦੁਤੀ ਬਢ ਹੈਂ[1]।

[1]ਫੇਰ ਵੀ ਉਨ੍ਹਾਂ ਦਾ ਚੰਗਾ ਤੇ ਪੂਰਾ ਜਸ ਨਹੀਂ ਹੁੰਦਾ ਕਿਉਂਕਿ ਇਕ ਤੋਂ ਦੂਜਾ (ਖਰਚ ਕਰਨ 'ਚ) ਵਧ ਜਾਂਦਾ ਹੈ।

ਰਸਮੈਂ ਕਰਤ ਜੋ ਕਦਰੋਂ ਜ਼ਯਾਦਾ,
ਤਸਮੈਂ ਕਰਜਾਈ ਕਢ ਹੈਂ[1]।

[1](ਵਿਆਹਾਂ ਦੀਆਂ) (ਰਸਮਾਂ) ਰੀਤਾਂ ਜੋ (ਕਦਰੋਂ) ਤਾਕਤ ਤੋਂ ਵੱਧ ਕਰਦੇ ਹਨ ਉਹ ਕਰਜਾਈਆਂ ਦੇ (ਤਸਮੈਂ) ਕੱਢ ਦੇਦੀਆਂ ਹਨ ਭਾਵ ਉਹ ਦੁਖੀ ਹੁੰਦੇ ਹਨ।

ਤਾਂ ਤੇ ਉਤਨੇ ਪਾਉਂ ਪਸਾਰੇ,
ਬਨਯੋ ਰਹੈ ਸੁਖ ਜਸ ਜਯੋਂ ਹੈ।
ਅਰ ਜੇ ਝਗਰੇ ਨਹਿਂ ਜੱਟ ਛੇਰੈਂ,
ਧਨੀ ਭਵੈਂ ਸੁਖ ਲਹਿਂ ਤਯੋਂ ਹੈ ॥੭੭॥
ਅਮਨ ਅਵਾਦੀ ਸੁਖ ਅਜਾਦੀ,
ਅੰਗ੍ਰੇਜ਼ੈਂ ਬਖਸ਼ੀ ਜੈਸੀ।
ਬਾਦਸ਼ਾਹਿ ਕਿਸ ਹੀ ਨੈ ਕਬਿ ਹੀ,
ਪਰਜਾ ਕੋ ਨ ਦਈ ਐਸੀ।
ਰੀਤਿ ਏਹੁ ਅੰਗ੍ਰੇਜ਼ੀ ਪਰਜਾ ਕੀ,

ਪਾਛੇ ਆਛੇ ਗਾਈ।
ਰਾਜਜੋਂ ਕੀ ਰੱਯਤ ਹੈ ਜੇਤੀ,
ਏਤੀ ਸੁਖੀ ਨ ਸੋ ਥਾਈ[1] ॥੭੮॥

[1]ਇਤਨੀ ਭਾਵ ਅੰਗਰੇਜ਼ਾਂ ਦੀ ਪਰਜਾ ਜਿੰਨੀ ਉਹ ਸੁਖੀ ਨਹੀਂ ਹੋਈ।

ਜਹਿਂ ਅੰਗ੍ਰੇਜ਼ ਚਾਰ ਆਨੇ ਲਹਿਂ
ਬਿੱਘਾ, ਸੋ ਦਮੜਾ ਲੈਹੈਂ।
ਕਾਰ ਬਿਗਾਰ[1] ਵੀਚ ਬਹੁ ਲੂਟੈਂ,

[1]ਵਿਗਾਰ ਦੀ ਕਾਰ ਵਿੱਚ।

ਕਾਰਦਾਰ[1] ਅਧਿਕੈ ਖੈ ਹੈਂ।

[1]ਸਰਕਾਰੀ ਕਰਮਚਾਰੀ।

ਪਰਜਾ ਬਸੋ ਚਹੋ ਉਜੜੋ, ਪਰ
ਕਾਰਦਾਰ ਲੁਟਿ ਘਰ ਭਰ ਹੈਂ।
ਪਹਿਲੇ ਨ੍ਰਿਪ ਲੇਤ ਥੇ ਚੱਟੀ[1],

[1](ਕਾਰਦਾਰਾਂ ਤੋਂ) ਡੰਡ ਲੈਂਦੇ ਸਨ।

ਅਬਿ ਇਹੁ ਭੀ ਉਠ ਗਯੋ ਡਰ ਹੈ ॥੭੯॥
ਯਾਹੀਂ ਤੈ ਅਬਿ ਕਾਰਦਾਰ ਬਹੁ,
ਲਾਖੋਂ ਪਤੀ ਰਹੇ ਬਨ ਹੈਂ।
ਕਾਰਦਾਰ ਜਿਸ ਕੇ ਅਤਿ ਬਢ ਹੈਂ,
ਕਬੀ ਕੁ ਨ੍ਰਿਪ ਕੋ ਦੁਖ ਜਨ ਹੈਂ[1]।

[1]ਕਦੇ ਨਾ ਕਦੇਰਾਜੇ ਨੂੰ ਦੁੱਖ ਪੈਦਾ ਕਰਨਗੇ।

ਇਕ ਤੋ ਨਿਰਭੈ ਹ੍ਵੈ ਰੱਯਤ ਕੋ,
ਸਮਝ ਪਰਾਈ ਲੂਟੇ ਹੈਂ।
ਦੂਤੀ ਨ੍ਰਿਪ ਕੌਂ ਰਖਤ ਦਬਾਈ,
ਨਾਹਿਂ ਦਬੈ ਤਉ ਘੂਟੈ ਹੈਂ[1] ॥੮੦॥

[1]ਤੰਗ ਕਰਦੇ ਹਨ।

ਤਾਂ ਤੇ ਪਹਿਲੇ ਹੀ, ਰਖਨੇ ਇਮ
ਚਹੀਏ, ਮਾਲੀ ਜਜੋਂ ਬਾਗੈਂ।
ਕਰਤ ਉਖਾੜ ਛਿਦੇ[1] ਸੰਘਨਜੋਂ ਕੋ,

[1]ਵਿਰਲੇ।

ਤੋੜ ਲੇਤ ਫਲ ਜਬਿ ਲਾਗੈਂ।
ਅਤਿ ਫੈਲੇ ਕੋ ਕਾਟ ਡਾਰ ਹੈਂ,
ਖਰ੍ਹਾ ਕਰੈਂ ਜੋ ਗਿਰ ਜਾਈ[1]।

[1]ਜੋ ਡਿੱਗ ਪੈਂਦਾ ਹੈ ਉਸ ਨੂੰ ਖੜ੍ਹਾ ਕਰ ਦੇਂਦੇ ਹਨ।

ਰਾਜਨੀਤਿ ਤਜੋਂ ਰਾਜਾ ਬਰਤੈ,
ਪਾਲੈ ਪਰਜਾ ਫੁਲਵਾਈ[1] ॥੮੧॥

[1]ਫੁਲਵਾੜੀ ਵਾਂਗ।

ਮਾਲੀ ਇਆਲੀ ਸਮ ਬਨਿ ਪਾਲੀ,
ਖਾਵੈਂ ਜੈਸੇ ਠੀਕ ਫਬੈ[1]।

[1](ਰਾਜੇ) ਮਾਲੀ ਤੇ ਇਆਲੀ ਵਾਂਗ ਪਾਲਣ ਵਾਲੇ ਬਣ ਕੇ ਜਿਵੇਂ ਠੀਕ ਫਬੇ ਤਿਵੇਂ ਖਾਣ।

ਧਾੜਵੀਓਂ ਸ਼ੇਰੋਂ ਬਘਜਾੜੋਂ,
ਕੀ ਬ੍ਰਿਤੀ ਨਹਿਂ ਗਹੈਂ ਕਬੈ।
ਪੈ ਇਸ ਸਮੇਂ ਬਹੁਤ ਨ੍ਰਿਪੋਂ ਨੈ,
ਇਹੀ ਬ੍ਰਿਤਿ ਰਾਖੀ ਗਹਿ ਹੈ।
ਔਰ ਕੂਕਰੈਂ ਸਮ ਅਚੁਕਰੈਂ,
ਕਾਰਦਾਰ ਘੁਰਕੈਂ ਖਹਿ ਹੈਂ[1] ॥ ੮੨ ॥

[1]ਹੋਰ (ਕਾਰਦਾਰ) ਕਰਮਚਾਰੀ ਕੁੱਤਿਆਂ ਵਾਂਗ ਬਿਨਾਂ ਉੱਕਣ ਤੋਂ ਘੁਰਕ ਕੇ ਭਾਵ ਘੂਰ ਕੇ ਖਾਂਦੇ ਹਨ।

ਰਾਜੇ ਸ਼ੀਂਹ ਮੁਕੱਦਮ ਕੁੱਤੇ[1],

[1]ਰਾਜੇ ਸ਼ੇਰ ਹਨ ਤੇ (ਮੁਕੱਦਮ) ਸੂਕਾਰੀ ਕਰਮਚਾਰੀ ਕੁੱਤਿਆਂ ਵਾਂਗ ਹਨ।

ਬਚਨ ਗੁਰੂ ਕਾ ਵਰਤੈ ਹੈ।
ਯਾਹੀਂ ਤੈ ਰੱਯਤ ਰਾਜਜੋਂ ਕੀ,
ਦੁਖੀ ਐਸ ਕਹਿਤੀ ਰੈਹੈ।
ਹੇ ਹਰਿ ਰਾਜ ਅੰਗ੍ਰੇਜ਼ੀ ਥੀਵੈ,
ਰਾਜਨ ਕੇ ਇਖਤਯਾਰ ਨਸੈਂ।
ਪਰਜਾ ਹੋਇ ਦੁਖੀ ਜਿਸ ਨ੍ਰਿਪ ਕੀ,
ਤਾਂ ਕੋ ਧੋਖੇ ਦੋਇ ਗ੍ਰਸੈਂ ॥ ੮੩ ॥
ਇਕ ਤੋ ਪਾਪ ਪ੍ਰਭੂ ਕੀ ਤਰਫੋਂ,
ਦੁਤੀ ਵਖਤ ਪਰ ਬਿਗਰ ਪਰੈਂ।
ਤਾਂ ਤੇ ਜਜਾਦੇ ਦੁਖ ਦੈਨਾ ਨਹਿਂ
ਭਰਾ, ਕਰਾ ਲੈਨਾ ਕੁ-ਤਰ੍ਹੈਂ[1]।

[1]ਇਸ ਵਾਸਤੇ ਖੋਟੀ ਤਰ੍ਹਾਂ (ਕਰ) ਮਾਮਲਾ ਲੈਣਾ ਤੇ ਬਹੁਤਾ ਦੁੱਖ ਦੇਣਾ ਚੰਗਾ ਨਹੀਂ ਹੈ।

ਕਾਰ ਬਿਹਾਰ ਚਲੇ ਹੀ ਜੈ ਹੈਂ,
ਤ੍ਰਿਸ਼ਨਾ ਕਬੀ ਨ ਕਾਂਹਿ ਭਰੀ[1]।

[1]ਪੂਰੀ ਨਹੀਂ ਹੋਈ।

ਅਧਿਕ ਆਇ ਤੌਂ ਅਧਿਕ ਖਰਚ ਹ੍ਵੈ,
ਦ੍ਰਿਸ਼ਟੀ ਰਖੈ ਨਿਬਾਹਿ ਖਰੀ[1] ॥ ੮੪ ॥

[1]ਚੰਗੇ ਨਿਰਬਾਹ ਦੀ ਦ੍ਰਿਸ਼ਟੀਰੱਖੇ।

ਅੰਗ੍ਰੇਜ਼ਨ ਕੀ ਓਰ ਪਿਖੋ ਸਭਿ,
ਤੌਰ ਗੌਰ[1] ਬਿਵਹਾਰ ਚਲੈਂ।

[1]ਚੰਗੇ ਤਰੀਕੇ ਨਾਲ।

ਅਰ ਪਰਜਾ ਭੀ ਹੈ ਸਭਿ ਰਾਜੀ,
ਦੇਤ ਅਸੀਸੈਂ ਸਦਾ ਭਲੈਂ ॥ ੮੫ ॥
ਦੋਹਰਾ:
ਪਰਜਾ ਨ੍ਰਿਪਨ ਕੇ ਕਹੇ,

ਚਾਲ ਚਲਨ ਬਿਵਹਾਰ[1]।
ਕਰਮ ਧਰਮ ਜੋ ਪਹਿਲ ਥੇ,
ਅਰ ਅਬਿ ਕੇ ਸਭਿ ਕਾਰ ॥ ੮੬ ॥
ਅਬਿ ਸਿੰਘਨ ਕੇ ਕਹਤ ਹੈਂ,
ਜਿਨ ਪਰ ਮਮ ਮੰਦਾਰ[1]।

[1]ਕਰਤੱਵ ਤੇ ਬਿਵਹਾਰ।

[1]ਜਿਨ੍ਹਾਂ ਉਪਰ ਮੇਰਾ (ਮੰਦਾਰ) ਨਿਰਭਰ ਹੈ, ਭਾਵ ਜਿਨ੍ਹਾਂ ਦੇ ਆਸਰੇ ਮੈਂ ਹਾਂ।

ਜਿਨ ਐਸੇ ਬਡ ਅਮਨ ਮੈਂ,
ਨਹਿਂ ਕਿਛੁ ਗਹਯੋ ਸੁਧਾਰ[1] ॥ ੮੭ ॥
ਬਲਿਕੈ ਲਯੋ ਬਿਗਾੜ ਬਹੁ,
ਬੇ-ਇਤਫਾਕੀ ਸਾਥ।
ਦੀਪਕ ਸੈਂ ਰਵਿ ਪਿਖਨ ਜਯੋਂ,
ਤਯੋਂ ਕਹਿਨੀ ਇਹੁ ਗਾਥ ॥ ੮੮ ॥
ਤੁਰਕ ਤੇਜ ਰਵਿ ਤਪ ਰਹਯੋ,
ਜਬਿ ਥਾ ਜੇਠ ਸਮਾਨ।
ਗਿਲਜੇ ਗਜ ਖੂੰਨੀ ਘਨੇ[1],
ਲਾਖ ਲਾਖ ਲੌਂ ਆਨਿ ॥ ੮੯ ॥
ਸਾਖ ਸਿਖੀ ਕੋ ਚਾਖਤੇ,
ਦਲ-ਮਲਤੇ ਬਲ ਠਾਨ[1]।

[1]ਆਪਣਾ ਸੁਧਾਰ ਨਹੀਂ ਕੀਤਾ।

[1]ਬਹੁਤੇ ਖ਼ੂਨੀ ਹਾਥੀਆਂ ਵਰਗੇ ਗਿਲਜੇ।

[1]ਸਿੱਖੀ ਰੂਪ ਖੇਤੀ ਨੂੰ ਖਾ ਜਾਂਦੇ ਸਨ ਤੇ ਜ਼ੋਰ ਨਾਲ ਦਲਮਲ ਸੁੱਟਦੇ ਸਨ।

ਐਸੇ ਸਖਤ ਕੁਵਖਤ ਮੈਂ,
ਪਹਿਲੇ ਸਿੰਘ ਕ੍ਰਿਸਾਨ[1] ॥ ੯੦ ॥
ਭਏ ਅਜਬ ਨਿਜ ਮਜਬ ਜਿਨ,
ਖੇਤ ਸਬਜ ਰਖ ਲੀਨ[1]।

[1]ਸਿੰਘਾਂ ਰੂਪ ਕਿਰਸਾਣ।

[1](ਉਹ ਸਿੰਘ) ਅਸਚਰਜ ਸਨ ਜਿਨ੍ਹਾਂ ਨੇ ਆਪਣਾ ਮਜ਼ਹਬ ਰੂਪ ਹਰਾ ਖੇਤ ਰਖ ਲਿਆ।

ਬਲਿਕੈ[1] ਫੈਲਾਯੋ ਫੁਲਯੋ,
ਫਬਯੋ ਫਲਯੋ ਰਸ ਭੀਨ[1] ॥ ੯੧ ॥
ਉਨ ਹੀ ਕੈ ਪ੍ਰਤਾਪ ਤੈ,
ਤਾਪ ਤੁਰਕੈਂ ਭਯੋ ਹਾਨ[1]।
ਪਾਯਾ ਸੁਖ ਛਾਯਾ ਵਿਖੈ,
ਖਾਯਾ ਫਲ ਹਿੰਦੁਵਾਨ[1] ॥ ੯੨ ॥

[1]ਸਗੋਂ।

[1]ਰਸ 'ਚ ਭਿੱਜ ਕੇ।

[1]ਤੁਰਕਾਂ ਦਾ ਜ਼ੁਲਮ ਰੂਪ ਤਾਪ ਨਾਸ਼ ਹੋ ਗਿਆ।

[1]ਸਿੰਘਾਂ ਦੀਰੱਖਿਆ ਰੂਪ ਛਾਂ ਵਿੱਚ ਹਿੰਦ ਵਾਸੀਆਂ ਨੇ ਸੁਖ ਰੂਪ ਫਲ ਖਾਧਾ।

ਸਿੰਧ ਹੁਕਮ ਤੁਰਕਿੰਦ ਮੈਂ,
ਪੋਤ ਹਿੰਦੁ ਡੁਬੰਤ[1]।

[1]ਤੁਰਕ ਹਾਕਮਾਂ ਦੇ ਹੁਕਮ ਰੂਪ ਸਮੁੰਦਰ ਵਿੱਚ ਹਿੰਦੂ ਧਰਮ ਰੂਪ ਜਹਾਜ਼ ਡੁੱਬ ਰਿਹਾ ਸੀ।

ਉਨੈ ਸਚਾਹਿ ਮਲਾਹਿ ਬਨਿ,
ਲਯੋ ਉਬਾਰ ਤੁਰੰਤ[1] ॥ ੯੩ ॥

[1]ਉਨ੍ਹਾਂ ਸਿੰਘਾਂ ਨੇ ਸੱਚੇ ਮਲਾਹ ਬਣ ਕੇ ਛੇਤੀ ਬਚਾ ਲਿਆ।

ਹਿੰਦੂ ਅਰ ਸਿੰਘ ਅਬਿ ਕਛੂ,
ਜੋ ਹੈਂ ਜਗਤ ਮਝਾਰ।
ਪਿਖੀਯਤ ਉਨ ਕੀ ਕ੍ਰਿਪਾ ਤੈ,
ਹੁਤੇ ਤੁਰਕ ਨਤੁ ਸਾਰ[1] ॥ ੯੪ ॥

[1]ਨਹੀਂ ਤਾਂ ਸਾਰੇ ਹੀ ਤੁਰਕ ਹੁੰਦੇ।

ਉਕਤ ਖੇਤ ਸਿੰਘਾਨ ਕੋ,
ਲਹਿਲਹਾਤ ਥਾ ਜੋਇ[1]।

[1]ਉਪਰ ਕਿਹਾ ਸਿੰਘਾਂ ਦਾ ਮਜ਼੍ਹਬ ਰੂਪ ਖੇਤ ਜੋ ਪ੍ਰਫੁੱਲਤ ਹੋ ਰਿਹਾ ਸੀ।

ਅਬਿ ਕੇ ਲਾਯਕ ਅਸ ਭਏ,
ਦਿਯ ਵਿਰਾਨ ਕਰਿ ਸੋਇ ॥ ੯੫ ॥
ਤਾਂ ਤੇ ਪਹਿਲੇ ਸਿੰਘਨ ਕੇ,
ਅਰ ਮਧ ਕੇ ਅਬਿ ਕੇਰ[1]।

[1]ਵਿਚਲੇ ਸਮੇਂ ਦੇ ਅਤੇ ਹੁਣ ਦੇ ਸਮੇਂ ਦੇ।

ਲੱਖਨ ਕਿੰਚਤ ਕਹਿਤ ਹੋਂ,
ਸਹੀ ਸਹੀ ਲਿਹੁ ਹੇਰ[1] ॥ ੯੬ ॥

[1]ਥੋੜ੍ਹੇ ਜਿਹੇ ਲੱਛਣ ਕਹਿੰਦੇ ਹਾਂ ਠੀਕ ਠੀਕ ਦੇਖ ਲਵੋ।

ਕਬਿੱਤ:
ਸ੍ਰੀ ਗੁਰੂ ਦਸਮੇਂ ਸੈਂ ਬੰਦੇ ਪਰਯੰਤ,
ਬਜੰਤ ਸਿੰਘ ਥੀਏ ਜੋਊ, ਸੋਊ ਚਾਲ ਐਸ ਥੇ ਚਲੇ।
ਤਨ ਮਨ ਧਨ ਤਿਨੈਂ ਅਰਪੇ ਥੇ ਗੁਰੂ ਹਿਤ,
ਰਾਖਬੇ ਕੋ ਹਿੰਦੁ ਜਿੰਦੁ ਦੈਨ ਚਾਹੈਂ ਥੇ ਭਲੇ।
ਲੋਭ ਰਾਜ ਸਾਜ ਕਾ ਨ ਬਯਾਪਯੋ ਦਰਾਜ[1] ਤਿਨੈਂ,
ਸਮਰੈਂ ਪੈ[1] ਕਮਰੈਂ ਕਸੀ ਥੀ ਅਮਰੈਂ ਵਲੇ[2]।
ਜਤੁ ਸਤੁ ਤਪੁ ਜਪੁ ਤੋਖਧਾਰੀ[1] ਉਪਕਾਰੀ,
ਪਾਰੀ ਗੁਰੁ-ਸਿੱਖੀ ਵਾਰੀ[1] ਭਾਰੀ ਸਹਿ ਕੈ ਕਲ੍ਹੇ[2] ॥ ੯੭ ॥

[1]ਬਹੁਤਾ।
[1]ਜੰਗਾਂ ਵਾਸਤੇ। [2]ਅਮਰ ਹੋਣ ਵਾਸਤੇ।
[1]ਸੰਤੋਖੀ।
[1]ਗੁਰ ਸਿਖੀ ਰੂਪ ਬਗੀਚੀ ਪਾਲੀ। [2]ਭਾਰੀ ਕਲੇਸ਼ (ਦੁੱਖ) ਸਹਾਰ ਕੇ।

ਫੇਰ ਬੰਦੇ ਪਾਛੇ ਭੀ ਰਹਾਏ ਸੋ ਥਵਾਏ ਆਛੇ,
ਐਪੈ ਰਾਜ ਸਾਜ ਬਾਂਛੇ ਸੱਤਰੂ ਬਿਦਰਨੇ[1]।

[1]ਚੰਗੇ ਹੋਏ ਤੇਰਾਜ ਸਾਜ ਦੀ ਇੱਛਾ ਨਾਲ ਵੈਰੀਆਂ ਨੂੰ ਮਾਰਦੇ ਰਹੇ।

ਕਰਿ ਕਰਿ ਜੰਗ ਘੋਰ ਜੋਰ ਤੁਰਕਾਨੀ ਤੋਰਿ[1],	[1]ਤੋੜ ਕੇ।
ਰੱਖਯੋ ਧਰਮ ਹਿੰਦ ਪੰਥ ਨਿਜ ਪਰਨੇ[1]।	[1]ਪੰਥ ਨੇ ਆਪਣੇ ਆਸਰੇ।
ਰਾਜ ਲੀਓ ਜਗ ਮੈਂ ਬਜੋਰ ਸ਼ਮਸ਼ੇਰ ਫੇਰ[1],	[1]ਫੇਰ ਤਲਵਾਰ ਦੇ ਜ਼ੋਰ ਨਾਲ।
ਚਾਲੇ ਨੇਕ ਮਗ ਮੈਂ ਬਿਸਾਲੇ ਭਜਿ ਹਰਿਨੇ[1]।	[1]ਬਹੁਤੇ ਸਿੰਘ ਹਰੀ ਦੇ ਭਜਨ ਕਰਨ ਵਾਸਤੇ।
ਬੀਰ ਧੀਰ ਥੇ ਕਮਾਲੇ[1] ਸੂਧੇ ਸਾਦੇ ਭੋਲੇ ਭਾਲੇ,	[1]ਬਹੁਤੇ ਸੂਰਮੇ ਤੇ ਧੀਰਜਵਾਨ ਸਨ।
ਜੰਗ ਦਾਨ ਭਗਤੀ ਸੰਭਾਲੇ ਤੀਨ ਕਰਨੇ[1] ॥੯੮॥	[1]ਤਿੰਨਾਂ ਦਾ ਕਰਨਾ ਸੰਭਾਲ ਲਿਆ।
ਕਾਮ ਕੋਹ[1] ਲੋਭ ਮੋਹ ਮਦ[2] ਮਤਸਰ[3] ਛੋਹ[11],	[1]ਕ੍ਰੋਧ। [2]ਹੰਕਾਰ। [3]ਈਰਖਾ। [11]ਖੋਭ।
ਕੂਰ ਛਲ ਦੰਭ ਦੋਹ[1] ਦੀਨਤਾ[2] ਕਮੀਨਤਾ[3]।	[1]ਧੋਖਾ। [2]ਅਧੀਨਤਾ। [3]ਨੀਚਤਾ।
ਇਤਜਾਦਿ ਔਗੁਨੋ ਕੇ ਤਜਾਗੀ ਥੇ ਅਦਾਗੀ[1],	[1]ਕਲੰਕਰਹਿਤ।
ਬਡ ਭਾਗੀ ਅਨੁਰਾਗੀ ਦੈਵ ਗੁਨ ਲੌ ਪ੍ਰਬੀਨਤਾ[1]।	[1]ਵਡਭਾਗੀ ਸਨ ਤੇ ਚਤੁਰਾਈ ਤੱਕ ਚੰਗੇ ਗੁਣਾਂ ਦੇ ਪ੍ਰੀਤਵਾਨ ਸਨ।
ਧਨੀ ਦੇਗ ਤੇਗ ਕੇ ਥੇ, ਬੇਗ ਹੀ ਪ੍ਰਸੰਨ ਹੋਤੇ,	
ਭਗਤ ਅਨੰਨ ਸਿੱਖੀ ਤਿੱਖੀ ਕੇ ਅਧੀਨਤਾ[1]।	[1]ਅਨੰਨ ਭਗਤ ਹੋ ਕੇ ਤਿੱਖੀ ਸਿੱਖੀ ਦੇ ਅਧੀਨਰਹਿੰਦੇ ਸਨ (ਅਨੰਨ=ਹੋਰ ਨਾਲ ਸੰਬੰਧ ਨਾਰੱਖਣ ਵਾਲਾ, ਇੱਕ ਤੋਂ ਛੁੱਟ ਦੂਜੇ ਨੂੰ ਨਾ ਜਾਨਣ ਵਾਲਾ, ਇਕ ਦਾ ਉਪਾਸ਼ਕ)।
ਜਾਗ ਬਡੀ ਰਾਤ ਤੈ ਬਖਜਾਤ[1] ਤੈ ਪਢਤ ਬਾਨੀ,	[1]ਪ੍ਰਗਟ ਭਾਵ ਉੱਚੀ ਅਵਾਜ਼ ਨਾਲ।
ਸੰਤਨ ਕੇ ਮਾਨੀ ਥੇ[1] ਸਪ੍ਰੇਮ ਨੇਮ ਪੀਨਤਾ[2] ॥੯੯॥	[1]ਸੰਤਾਂ ਦਾ ਸਤਿਕਾਰ ਕਰਦੇ ਸਨ। [2]ਬਹੁਤੇ ਪ੍ਰੇਮੀ ਤੇ ਨੇਮੀ ਸਨ।
ਗੁਰੂ ਗ੍ਰੰਥ ਪੰਥ ਨਿਜ ਸੰਤ ਬਿਨ[1] ਔਰ ਕਾਹੂੰ	[1]ਆਪਣੇ ਪੰਥ ਦੇ ਸੰਤਾਂ ਤੋਂ ਬਿਨਾਂ।
ਠੌਰ, ਨਾ ਨਵਾਤੇ ਸੀਸ ਬਾਤੇਂ ਜਗ ਕੀ ਹਿਤੈਂ[1]।	[1]ਦੁਨਿਆਵੀ ਗੱਲਾਂ ਵਾਸਤੇ।
ਕੰਚਨੀ ਕੋ ਬੰਚਨੀ ਪ੍ਰਪੰਚਨੀ ਛਨਾਰ ਨਾਰਿ,	
ਮਾਯਾ ਸੰਚਨੀ ਨ ਕਾਰ ਲੰਗਰੈਂ ਲਗਾ ਦਿੱਤੇ[1]।	[1]ਵੇਸਵਾ ਨੂੰ ਠੱਗਣ ਵਾਲੀ, (ਛਨਾਰ) ਵਿਭਚਾਰਣ ਇਸਤ੍ਰੀ ਨੂੰ ਛਲ ਕਰਨ ਵਾਲੀ (ਸਮਝਦੇ ਸਨ) ਮਾਇਆ ਨੂੰ (ਸੰਚਨੀ ਨ) ਇਕੱਠੀ ਨਹੀਂ ਸਨ ਕਰਦੇ ਤੇ ਲੰਗਰ ਦੀ (ਕਾਰ) ਸੇਵਾ ਵਿੱਚ ਲਗਾ ਦੇਂਦੇ ਸਨ।
ਅਧਿਕਾਈ ਸਿੱਖ ਤਾਂਈਂ ਸਕੇ ਭਾਈ ਤੈ ਲਖਾਈ,	
ਸੇਵਕਾਈ ਕਰਤੇ ਸ-ਧਨ ਤਨ ਦੈ ਚਿਤੇ[1]।	[1]ਸਿੱਖ ਤਾਈਂ ਸਕੇ ਭਰਾ ਤੋਂ ਵੀ ਵੱਧ ਜਾਣਦੇ ਸਨ, ਧਨ ਤਨ ਤੇ ਚਿੱਤ ਦੇ ਕੇ ਸੇਵਕ-ਪੁਣਾ ਕਰਦੇ ਸਨ।
ਭਾਰੀ ਉਪਕਾਰੀ ਤੈ ਉਦਾਰੀ ਕੀਰਤੀ ਪਜਾਰੀ[1],	[1](ਪ੍ਰਮੇਸ਼ਰ ਦੀ) ਸ੍ਰੇਸ਼ਟ ਕੀਰਤੀ ਉਨ੍ਹਾਂ ਨੂੰ ਪਿਆਰੀ ਲਗਦੀ ਸੀ।
ਸੰਤ-ਸੰਗ ਚਾਰੀ ਕੈ[1] ਜਨਮ ਲਾਭ ਥੇ ਲਿਤੇ ॥੧੦੦॥	[1]ਵਿਚਰ ਕੇ।

ਪਰ ਤੀਯਾ ਮਾਤ ਧੀਆ ਭਗਨੀ ਲਖੀਆ ਕਰੈਂ,
ਬੀਆ ਬਿੱਤ ਹੇਰ ਕੀਆ ਹੀਆ ਨ ਚੁਰਾਨੇ ਤੇ[1]।

[1]ਪਰਾਈ ਇਸਤ੍ਰੀ ਨੂੰ ਮਾਂ, ਧੀ ਤੇ ਭੈਣ ਜਾਣਦੇ ਸਨ, ਪਰਾਇਆ ਧਨ ਦੇਖ ਕੇ ਚੁਰਾਉਣ ਦਾ ਹੀਆ ਨਹੀਂ ਕਰਦੇ ਸਨ।

ਪਾਰਤੈ ਪਰਣ ਸਰਣਾਗਤੈਂ ਸਦੀਵ ਦਿਢ,
ਹਰਨ ਅਰਿਨ ਢਿਗ ਮਰਨ ਪਛਾਨੇ ਥੇ[1]।

[1]ਸ਼ਰਨ ਆਇਆਂ ਲਈ ਸਦਾ ਪੱਕਾ ਪ੍ਰਣ ਪਾਲਦੇ ਸਨ, ਵੈਰੀਆਂ ਨੂੰ ਮਾਰਦੇ ਤੇ ਆਪਣਾ ਮਰਣਾ ਨੇੜੇ ਪਛਾਣਦੇ ਸਨ।

ਰਾਖਤੇ ਭਰੋਸਾ ਪੂਰਾ ਗੁਰੂ ਕਰਤਾਰ ਪਰ,
ਨਿਜ ਕਰਨੀ ਕੋ ਨੀਕੋ ਨਾ ਹੰਕਾਰ ਠਾਨੇ ਥੇ[1]।

[1]ਆਪਣੀ ਚੰਗੀ ਕਰਨੀ ਦਾ ਹੰਕਾਰ ਨਹੀਂ ਕਰਦੇ ਸਨ।

ਨਾਮ ਕੇ ਜਪੱਯਾ ਦੇਗ ਤੇਗ ਕੇ ਚਲੱਯਾ,
ਹਰਿ ਗਜਾਨ ਦਾਨ ਦੱਯਾ ਸਿੰਘ ਛਾਨੇ ਨਾ ਪੁਰਾਨੇ ਥੇ[1] ॥ ੧੦੧ ॥

[1]ਪੁਰਾਣੇ ਸਿੰਘ ਛਪੇ ਨਹੀਂਰਹਿੰਦੇ ਸਨ।

ਬਸਤ੍ਰ ਥੋਰ, ਭੂਰ ਸ਼ਸਤ੍ਰ ਧਾਰੀ ਸੂਰ,
ਬਖਤ੍ਰ[1] ਅੰਗ ਜੰਗ ਵਖਤ ਸੁਧਾਰਤੇ।

[1]ਸੰਜੋਆਂ।

ਸੂਧੇ ਦਾੜ੍ਹੇ ਮੂਛ ਅੱਛ, ਦਸਤਾਰੇ ਸ੍ਵੇਤ ਸ੍ਵੱਛ,
ਕਟਿ ਪਰਤੱਛ, ਕੱਛ, ਪੱਛ ਦਿਢ ਪਾਰਤੇ[1]।

[1]ਸਿੱਧੇ ਦਾਹੜੇ, ਚੰਗੇ ਮੁਛਹਿਰੇ, ਸਾਫ ਚਿੱਟੇ ਦਸਤਾਰੇ, ਲੱਕ 'ਚ ਪ੍ਰਤੱਖ ਕਛਹਿਰੇ ਸਨ ਤੇ ਪੱਕਾ ਪੱਖ ਪਾਲਦੇ ਸਨ।

ਅੰਗ ਰਖੀ ਗਰਿ ਭੂਰੇ ਗਲਤੀ ਕਮਰ ਕਸੇ,
ਨਾਦਰੈਂ ਮ੍ਰਿਗੇਸ ਖੇਸ ਚਾਦਰੈਂ ਕੇ ਧਾਰਤੇ[1]।

[1]ਅਨੋਖੇ ਸਿੰਘ ਗਲ੍ਹਾਂ 'ਚ ਛੋਟੀਆਂ ਝੱਗੀਆਂ ਤੇ ਭੂਰੇ ਦੀਆਂ ਗਿਲ੍ਹਤੀਆਂ ਖੇਸਾਂ ਤੇ ਚਾਦਰਾਂ ਦੇ ਕਮਰਕੱਸੇਰੱਖਦੇ ਸਨ।

ਅੰਬਰੀ ਪਿਗੰਬਰੀ ਅਜੀਵ ਕਾ ਰਖਤ, ਓਢ
ਕੰਬਰੀ ਸੇਪੰਬਰੀ ਕੀ ਛਬਿ ਛੀਨ ਡਾਰਤੇ[1] ॥ ੧੦੨ ॥

[1]ਪੈਗ਼ੰਬਰਾਂ ਵਰਗੀ ਅਕਾਸ਼ੀ ਉਪਜੀਵਕਾ ਰਖਦੇ ਸਨ (ਭਾਵ ਕਿਸੇ ਤੋਂ ਕੁਝ ਮੰਗਦੇ ਨਹੀਂ ਸਨ) ਐਸੀਆਂ ਕੰਬਲਾਂ ਪਹਿਨਦੇ ਸਨ ਜਿਨ੍ਹਾਂ ਨਾਲ (ਸੇਪੰਬਰੀ) ਪੱਛਮ ਦੇ ਬਸਤ੍ਰਾਂ ਦੀ ਸ਼ੋਭਾ ਨੂੰ ਖੋਹ ਸੁੱਟਦੇ ਸਨ।

ਏਹੀ ਰੀਤਿ ਦਿਢ ਥਾਈ[1] ਬੁੱਲ੍ਹੇ ਸ਼ਾਹਿ ਭੀ ਸੁਨਾਈ,

[1]ਪੱਕੀ ਸੀ।

ਤੁਰਕਾਨੀ ਸਭਿ ਤਾਈਂ ਬਾਤ ਐਸ ਢਬ ਕੀ[1]।

[1]ਢੰਗ ਦੀ।

ਪਾਛੇ ਆਗੇ ਕੀ ਨ ਕੈਹੋਂ ਤੁਮ ਭੀ ਪਛਾਨ ਲੈਹੋ,
ਬਾਤ ਸਾਤ[1] ਮੈਂ ਸੁਨੈਹੋਂ ਜੋ ਪਿਖੈਹੋਂ ਅਬਿ ਕੀ।

[1]ਸੱਚੀ।

ਭੂਰਜਾਂ ਵਾਲੇ ਭੂਪ ਕੀਏ ਮੁਗਲ ਪਠਾਨ ਛੀਏ[1],

[1]ਨਾਸ਼ ਕੀਤੇ।

ਸੋਈ ਕਾਮ ਥੀਏ ਜੋ ਰਜਾਇ ਭਈਰੱਬ ਕੀ।
ਜੇ ਕਰਿ ਗੁਬਿੰਦ ਸਿੰਘ ਨਾਹਿੰ ਹੋਤੋ ਖਾਲਸਾ ਜੀ,

ਬੇਸ਼ਕ[1] ਤੌ ਅਬਿ ਲੌ ਸੁੰਨਤ ਹੋਤੀ ਸਭਿ ਕੀ ॥ ੧੦੩ ॥	[1]ਬਿਨਾਂ ਸ਼ੱਕ ਤੋਂ (ਜਾਣੋ)।
ਫੇਰ ਜਬਿ ਰਾਜ ਸਾਜ ਸਿੰਘਨ ਪੈ ਥਾ ਦਰਾਜ[1]	[1]ਬਹੁਤ, ਵੱਡਾ।
ਆਯੋ, ਕਾਜ ਹੋਨ ਲਾਗੇ ਸਾਜ ਕੈਂ ਗਰੂਰੈਂ ਥੇ[1]।	[1](ਸਾਜ) ਸਾਜੋ ਸਾਮਾਨ ਕਰ ਕੇ (ਗਰੂਰੈਂ) ਗੌਰਵਤਾ ਵਾਲੇ ਸਨ।
ਐਪੈ ਸਿੰਘੀ ਰੀਤਿ ਪ੍ਰੀਤਿ ਪਾਰਤੇ ਪ੍ਰਤੀਤ ਰਹੇ,	
ਸੁੱਧ ਚੀਤ ਸੈਂ ਮਹੀਤ ਮੀਤ ਮੀਤ ਪੂਰੈਂ ਥੇ[1]।	[1]ਫੇਰ ਵੀ ਸਿੰਘਾਂ ਵਾਲੀਰੀਤ ਅਨੁਸਾਰ, ਪ੍ਰੀਤੀ ਤੇ ਭਰੋਸਾ ਪਾਲਦੇ ਰਹੇ, ਸ਼ੁੱਧ ਚਿੱਤ ਨਾਲ ਮਿੱਤ੍ਰਾਂ ਦੇ (ਮਹੀਤ) ਵੱਡੇ ਤੇ ਪੂਰੇ ਮਿੱਤ੍ਰ ਸਨ।
ਦੇਵਤੇ ਕਮਾਈ ਮੈਂ ਸੇ ਦਸਵੰਧ ਗੁਰੂ ਹੇਤ,	
ਅਸਨ ਬਸਨ ਸਿੱਖ ਸਾਧਨ ਕੋਰੂਰੈਂ ਥੇ[1]।	[1]ਸਿੱਖਾਂ ਸਾਧਾਂ ਨੂੰ ਸੁੰਦਰ ਭੋਜਨ ਤੇ ਬਸਤਰ ਦੇਂਦੇ ਸਨ।
ਸੂਰੇ ਥੇ ਉਦਾਰ ਪੂਰੇ ਕੂਰੇ ਨਾ ਕਰੂਰੈਂ ਭਾਵੇਂ,	
ਠੌਰ ਠੌਰ ਨੂਰ ਹੀ ਕੇ ਪੂਰੈ ਸੋ ਜਹੂਰੈਂ ਥੇ[1] ॥ ੧੦੪ ॥	[1]ਭਾਵੇਂ ਉਹ ਸ੍ਰੇਸ਼ਟ ਤੇ ਪੂਰੇ ਸੂਰਮੇਂ ਸਨ ਪਰ ਝੂਠੇ ਤੇ (ਕਰੂਰ) ਨਿਰਦਈ ਨਹੀਂ ਸਨ, ਜਗ੍ਹਾ ਜਗ੍ਹਾ ਉਹ ਪ੍ਰਕਾਸ਼ ਰੂਪ ਦੇ ਹੀ ਪੂਰੇ (ਜਹੂਰੈਂ) ਚਾਨਣ ਸਨ।
ਕੀਰਤਨ ਕਥਾ ਪਾਠ ਗੁਰੂ ਗ੍ਰੰਥ ਜੀ ਕੇ ਥਾਟ,	
ਜੋੜ ਮੇਲ ਠਾਟ[1], ਰਾਠ ਕਾਠ ਮੇਲ ਠਾਨੀ ਥੇ[2]।	[1]ਕਰਦੇ ਸਨ। [2](ਕਾਠ) ਕਰੜੇ ਭਾਵ ਤਕੜੇ (ਰਾਠ) ਬਹਾਦਰ ਨਾਲ ਮੇਲ ਰਖਦੇ ਸਨ।
ਹੋਮ ਜੱਗ ਕਰਵਾਤੇ ਪਰਸ਼ਾਦ ਬਟਵਾਤੇ	
ਰੌਣਕ ਰਖਾਤੇ ਗਾਤੇ ਸਬਦ ਜੁ ਬਾਨੀ ਥੇ।	
ਦੇਤੇ ਜੋ ਕਿਸਾਨ ਆਨਿ ਲੇਤੇ ਸਿੰਘ ਮੋਦ ਮਾਨ,	
ਬੇਤੇ ਬ੍ਰਹਮ ਗਜਾਨ[1] ਤੈ ਉਪਾਸ਼ਕ ਮਹਾਨੀ ਥੇ।	[1]ਬ੍ਰਹਮ ਗਿਆਨ ਦੇ ਜਾਨਣ ਵਾਲੇ ਸਨ।
ਦਾਨੀ ਥੇ ਇਮਾਨੀ ਥੇ ਗੁਮਾਨੀ ਬੀਰ ਮਾਨੀ ਥੇ[1],	[1]ਸਤਕਾਰ ਯੋਗ ਗੁਮਾਨੀ।
ਸੁ ਦੇਵਗਨ ਸਾਨੀ ਥੇ[1] ਬਿਦੇਹੀ ਸਮ[2] ਗਜਾਨੀ ਥੇ ॥ ੧੦੫ ॥	[1](ਅਣਖੀ) ਸੂਰਮੇਂ ਸਨ। ਸਾਰੇ ਚੰਗੇ ਦੇਵਤਿਆਂ (ਸਾਨੀ) ਵਰਗੇ ਸੀ। [2]ਜਨਕ ਵਾਂਗ।
ਨਿਜ ਨਿਜ ਗਾਮ ਮੈਂ ਤਮਾਮ ਥੇ ਹੁਕਮਰਾਨ,	
ਹੱਨੇ ਹੱਨੇ ਬਾਦਸ਼ਾਹੀ ਭੋਗਤੇ ਸੁਤੰਤ ਥੇ[1]।	[1]ਹੰਨੇ ਦਾ ਮਾਲਕ ਹਰ ਘੋੜ ਸਵਾਰ ਆਜ਼ਾਦ ਹੋ ਕੇ ਬਾਦਸ਼ਾਹੀ ਦਾ ਸੁਖ ਭੋਗਦਾ ਸੀ। (ਹੰਨਾ-ਘੋੜੇ ਦੀ ਕਾਠੀ ਦੇ ਅੱਗੇ ਲੱਕੜ ਦਾ ਹੱਥ ਪਾਉਣ ਵਾਲਾ ਦਸਤਾ)।
ਜਹਾਂ ਸਿੰਘ ਭਾਈ ਕੋ ਪਰੱਤ ਕਾਮ ਪਾਂਚ ਹੂੰ ਕੋ,	
ਤਹਾਂ ਤੀਸ ਫੀਸ ਬਿਨ ਜਾਇ ਕੈ ਕਰੰਤ ਥੇ।	
ਹੋਰ ਤੈ ਛੁਡਾਤੇ ਦੇਸ ਸੱਤ੍ਰੈਂ ਨਿਵਾਤੈ ਬੇਸ[1],	[1]ਬਹੁਤਾ।

ਆਪਸ ਮੈਂ ਥਟ ਦ੍ਵੈਸ਼ ਪੇਸ਼ ਨਾ ਪਰੰਤ ਥੇ[1]।

[1]ਆਪਸ ਵਿੱਚ ਦ੍ਵੈਸ਼ ਧਾਰ ਕੇ ਅੱਗੇ ਨਹੀਂ ਸੀ ਪੈਂਦੇ ਭਾਵ ਵੈਰ ਨੂੰ ਲੰਬਾ ਨਹੀਂ ਸਨ ਕਰਦੇ।

ਸੰਤ ਥੇ[1] ਮਹੰਤ ਥੇ ਪਛਾਨੂੰ ਪ੍ਰਮ ਤੰਤ ਥੇ,

[1]ਪਰਮ ਤੱਤ ਦੇ ਪਛਾਨਣ ਵਾਲੇ ਸਨ।

ਸਰੂਪ ਭਗਵੰਤ ਥੇ ਕਿ ਸਿੰਘ ਜਗ ਕੰਤ ਥੇ[1] ॥੧੦੬॥

[1]ਜਗਤ ਦੇ ਮਾਲਕ ਸਨ।

ਸਿੰਘ ਨਾਮ ਵਾਰੇ ਕੇ ਪਜਾਰੇ ਥੇ ਉਘਾਰੇ ਅਤਿ,
ਵਾਰੇ ਥੇ ਸੋ ਜਾਨ ਮਾਲ ਪਾਰੇ ਸਮ ਨੈਨ ਥੇ[1]।

[1]ਸਿੰਘ ਨਾਮ ਰਖਣ ਵਾਲੇ ਸਿੱਖ ਦੇ (ਉਘਾਰੇ) ਪ੍ਰਗਟ ਹੀ ਬਹੁਤੇ ਪਿਆਰੇ ਸਨ, ਉਨ੍ਹਾਂ ਸਿੱਖਾਂ ਤੋਂ ਜਾਨ ਤੇ ਮਾਲ ਵਾਰ ਦੇਂਦੇ ਸਨ ਤੇ ਨੇਤ੍ਰਾਂ ਵਾਂਗ ਪਾਲਦੇ ਸਨ।

ਜੈਸੇ ਜੋਊ ਚਾਹੇ ਰੈਹੈ ਐ ਪੈ ਸਿੰਘੀ ਰੀਤਿ ਗੈਹੈ,
ਸ਼ਰਧਾ ਰਖੈ ਹੈਂ ਗੁਰੁ ਈਸ਼ ਪੈ ਸੁਖੈਨ ਥੇ[1]।

[1]ਸੁਖਾਂ ਦੇ ਘਰ ਈਸ਼ਰ ਤੇ ਗੁਰੂ ਤੇ ਸ਼ਰਧਾ ਰਖਦੇ ਸਨ।

ਤਾਂ ਸੋਂ ਮਿਲਿ ਖੈਹੈਂ ਥੇ ਖੁਲੇ ਹੈਂ, ਨਾ ਧਰੈ ਹੈਂ ਨਾਮ
ਨਿਰਮਲੇ ਨਿਹੰਗ, ਏਕ ਮੇਕ ਸਭਿ ਐਨ ਥੇ[1]।

[1]ਨਿਰਮਲੇ ਤੇ ਨਿਹੰਗ ਨਾਮ ਨਹੀਂ ਸਨ ਰਖਾਉਂਦੇ, ਸਾਰੇ ਠੀਕ ਇਕ ਮਿਕ ਸਨ।

ਇਖਲਾਕ ਇਤਫਾਕ ਪਾਕ ਸਾਕ ਤੈ ਸਬੰਧ ਵਾਰੇ[1],

[1]ਆਚਰਨ, ਏਕਾ ਤੇ ਪਵਿੱਤਰ ਸਾਕਾਂ ਤੇ ਸੰਬੰਧਾਂ ਵਾਲੇ ਸਨ।

ਬਾਕ ਬੋਲ ਕੈ ਬਢਾਤੇ ਬਹੁ ਚੈਨ[1] ਥੇ ॥੧੦੭॥

[1]ਸ਼ਾਂਤੀ।

ਯਾਂਹੀਂ ਤੈ ਬਢਤ ਗਈ ਸਿੱਖੀ ਤਬਿ ਤਿੱਖੀ ਅਤਿ,
ਪਿੱਖੀ ਹਮ ਜੈਸ, ਲਿੱਖੀ ਜਾਤ ਨਾਹਿਂ ਹੈ ਤਿਤੈ[1]।

[1]ਉਤਨੀ ਲਿਖੀ ਨਹੀਂ ਜਾਂਦੀ।

ਪਾਵਸ ਚੰਬੇਲੀ ਬੇਲੀ, ਗੰਗ ਸਮ ਝੇਲੀ ਫੈਲੀ,
ਮਕਰ ਬਿਹੀਨ ਸਮ ਮਕਰ ਦਿਨਾਂ ਬਿਤੈ[1]।

[1](ਪਾਵਸ) ਬਰਖਾ ਦੀਰੁੱਤ ਵਿੱਚ ਚੰਬੇਲੀ ਦੀ ਬੇਲ ਅਤੇ ਗੰਗਾ ਦੀਆਂ (ਝੇਲੀ) ਛੱਲਾਂ ਵਾਂਗ (ਮਕਰ) ਪਖੰਡ ਤੋਂ ਬਿਨਾਂ ਸਿੱਖੀ ਫੈਲੀ ਅਤੇ (ਮਕਰ) ਮਾਘ ਦੇ ਦਿਨਾਂ ਦੇ ਬਤੀਤ ਹੋਣ ਨਾਲ ਜਿਵੇਂ ਦਿਨ ਵਧਦੇ ਹਨ ਤਿਵੇਂ (ਸਿੱਖੀ ਵਧਣ ਲੱਗੀ)।

ਆਯੁਧ ਸਿਖੈਂ ਸਿਖਾਰੈਂ ਮਾਰਿ ਖਾਵਤੇ ਸ਼ਿਕਾਰੈਂ
ਪਰ ਨਾਰੈਂ ਲੌ ਬਿਕਾਰੈਂ ਧਾਰੈਂ ਨਾਹਿਂ ਸੋਰ ਚਿਤੈ[1]।

[1]ਪਰਾਈ ਇਸਤ੍ਰੀ ਆਦਿ ਤੱਕ ਵਿਕਾਰਾਂ ਨੂੰ ਉਹ ਚਿੱਤ ਵਿੱਚ ਧਾਰਦੇ ਨਹੀਂ ਸਨ।

ਗਰ ਅੰਗ ਰੱਖੇ ਜਾਮੇ ਕੁੜਤੀ ਸੁਤਣੀ ਭਾਂਮੇ,
ਸਿਲ ਵਾਰੈਂ ਦਸਤਾਰੈਂ ਧਾਰੈਂ ਤਬਿ ਥੇ ਇਤੈਂ[1] ॥੧੦੮॥

[1]ਗਲ ਵਿੱਚ ਚੋਗੇ, ਕੁੜਤੇ ਝੱਗੀਆਂ ਤਣੀਆਂ ਸਹਿਤ (ਭਾਮੇਂ) ਸੁੰਦਰ ਸਨ ਤੇ ਸਿਲਾਂ ਵਾਲੇ ਭਾਵ ਸ਼ਸਤ੍ਰਾਂ (ਤੋੜੇ ਚੱਕ੍ਰ ਆਦਿ) ਵਾਲੇ ਦਸਤਾਰੇ ਬੰਨ੍ਹਦੇ ਸਨ।

ਲੀਓ ਜੌ ਲਹੌਰ ਮਹਾਰਾਜੇ ਰਣਜੀਤ ਸਿੰਘ,
ਤੌਰ ਔਰ ਹੀ ਅਮੀਰ ਗੌਰ ਚਾਲੇ ਭਾਰੇ ਥੇ[1]।

[1](ਗੌਰ) ਵੱਡੇ ਅਮੀਰ ਹੋਰ ਹੀ (ਤੌਰ) ਢੰਗ ਨਾਲ ਬਹੁਤੇ ਚਲਣ ਲਗ ਪਏ ਸਨ।

ਪੇਚੇ ਲਘੁ ਦਸਤਾਰੇ ਖੋੜੀਆਂ ਸੁ ਟੂਟੀ ਵਾਰੇ,
ਸਾਫੇ ਸੁਠ ਕੰਨਾ ਵਾਰੇ ਗੋਟੇ ਸੈਂ ਸਵਾਰੇ ਥੇ[1]।

[1]ਛੋਟੇ ਪੇਚਾਂ ਵਾਲੇ (ਖੋਤੀਆਂ) ਪੇਚਾਂ ਦੀਆਂ ਤੈਹਾਂ ਵਾਲੇ ਤੇ (ਟੂਟੀ) ਨੋਕਾਂ ਵਾਲੇ ਦਸਤਾਰੇ ਤੇ ਉਤੇ ਸੁੰਦਰ ਤੇ ਕੰਨੀਆਂ (ਪਲਿਆਂ ਵਾਲੇ) ਸਾਫੇ ਗੋਟੇ ਨਾਲ ਸਵਾਰੇ ਹੋਏ ਸਨ।

ਗੋਡਜੋਂ ਤਕ ਕੱਛੈਂ ਅਛੈਂ ਸੂਸੀ ਕੀ ਪ੍ਰਤੱਛੈਂ ਚਾਲੀ[1],

[1]ਗੋਡਿਆਂ ਤੱਕ ਕੱਛਾਂ ਸੂਸੀ ਦੀਆਂ ਆਮ ਚਲ ਪਈਆਂ (ਸੂਸੀ=ਇਕ ਤਰ੍ਹਾਂ ਦਾ ਧਾਰੀਦਾਰ ਕੱਪੜਾ)

ਆਯੁਧ ਕਮਰ ਕਸੈਂ ਦੁਸਤ ਸੰਭਾਰੇ ਥੇ[1]।

[1]ਚੁਸਤੀ ਨਾਲ ਕਮਰ ਕਸਿਆਂ ਵਿੱਚ ਸ਼ਸਤ੍ਰ ਸੰਭਾਲ ਕੇ ਰਖਦੇ ਸਨ।

ਸੂਰਬੀਰ ਖੂਬ ਥੇ ਕਿ ਭੂਪਨ ਕੇ ਭੂਪ ਥੇ,
ਕਿ ਦੇਵਤਾ ਸਰੂਪ ਥੇ ਅਨੂਪ ਸਿੰਘ ਸਾਰੇ ਥੇ[1] ॥ ੧੦੯ ॥

[1]ਸਾਰੇ ਸਿੰਘ ਉਪਮਾਰਹਿਤ ਸਨ।

ਬੰਡੀਆਂ[1] ਤੈ ਜਾਮੇ[2] ਅੰਗ ਰੱਖੇ[3] ਕਾਦਰੇ[11] ਤਮਾਮ[22],

[1]ਖੁੱਲ੍ਹੇ ਘੇਰੇ ਦੀਆਂ ਕਲੀਦਾਰ ਝੱਗੀਆਂ। [2]ਕੱਲੀਦਾਰ ਕੁੜਤੇ। [3]ਅੰਗਰਖੇ=ਤਣੀਦਾਰ ਖੁੱਲ੍ਹੇ ਵੱਡੇ ਚੋਗੇ। [11]ਕਾਦਰੇ=ਗਿਲਤੀਆਂ। [22]ਸਾਰੇ।

ਤੀਸ ਤੀਸ ਚਾਲੀ ਚਾਲੀ ਗਜ ਹੂੰ ਲੌਰਚਤੇ[1]।

[1]ਬਣਾਉਂਦੇ ਸਨ।

ਕੀਮਖਾਬ[1] ਦਰਿਆਈ[2] ਕਨਾਵੇਜ[3] ਤਾਸ[11]

[1]ਕੀਮਖਾਬ। [2]ਇਕ ਤਰ੍ਹਾਂ ਦਾ ਰੇਸ਼ਮੀ ਬਸਤਰ। [3]ਦਰਿਆਈ ਦੀ ਕਿਸਮ ਦਾ ਰੇਸ਼ਮੀ ਬਸਤਰ। [11]ਜ਼ਰੀ ਨਾਲ ਬੁਣਿਆਂ ਕਪੜਾ ਜਿਸਦਾ ਤਾਣਾਰੇਸ਼ਮ ਦਾ ਤੇ ਪੇਟਾ ਜ਼ਰੀ ਦੀਆਂ ਤਾਰਾਂ ਦਾ ਹੁੰਦਾ ਹੈ।

ਗੁਲਬਦਨ[1] ਸਾਟਨ[2] ਅਤਲਸ[3] ਆਦਿ ਸਚਤੇ[11]।

[1]ਲਾਲਰੰਗ ਦਾ ਧਾਰੀਦਾਰ ਰੇਸ਼ਮੀ ਬਸਤਰ। [2]ਇਕ ਪ੍ਰਕਾਰ ਦਾ ਰੇਸ਼ਮੀ ਚਮਕੀਲਾ ਬਸਤਰ। [3]ਇਕ ਪ੍ਰਕਾਰ ਦਾ ਰੇਸ਼ਮੀ ਕਪੜਾ। [11]ਇਕੱਠੇ ਕਰਦੇ।

ਤਾਂ ਪਰ ਕਤੂਨ ਪੱਠੇ[1] ਗੋਟੇ ਤਿਲੇ ਜ਼ਰੀ ਖਰੀ

[1]ਜ਼ਰੀ ਦਾ ਬਣਿਆਂ ਹੋਇਆ ਫੀਤਾ.।

ਕਾਰ ਹੋਤੀ ਅਨਗਨ ਕਾਰੀਗਰ ਖਚਤੇ[1]।

[1]ਜੜਦੇ।

ਐਸ ਹੀ ਸਿਲ-ਵਾਰੈਂ[1] ਦਸਤਾਰੈਂ ਸਿਰਪੇਚ

[1]ਸਿਰ ਉਪਰ ਪਹਿਨਣ ਦਾ ਇਕ ਗਹਿਣਾ ਜੋ ਪਗੜੀ ਉਪਰ ਜਿਗ੍ਹਾ ਦੀ ਤਰ੍ਹਾਂ ਸਜਾਇਆ ਜਾਂਦਾ ਹੈ।

ਕਲਗੀ ਜਿਗਾ, ਦੁਪੱਟੇ ਗੋਟੇ ਹੀ ਸੈਂ ਖਚਤੇ ॥ ੧੧੦ ॥

ਛੱਲੇ ਛਾਪ ਕੰਕਨ[1] ਅੰਗਦ[2] ਕੰਠੇ, ਮੋਤੀ-ਮਾਲੈਂ,

[1]ਕੰਗਨ, ਕੜੇ। [2]ਬਹੁਟੇ, ਬਾਜ਼ੂ ਬੰਦ।

ਮੁਰਕੀ ਤੁੰਗਲ[1] ਬਾਲੇ[2] ਸਬਜੇ[3] ਸੁਹਾਵਤੇ।

[1]ਆਦਮੀਆਂ ਦੇ ਕੰਨਾਂ ਦੇ ਗਹਿਣੇ। [2]ਵਾਲੇ, ਇਸਤ੍ਰੀਆਂ ਦੇ ਕੰਨਾਂ ਦੇ ਗਹਿਣੇ। [3]ਹਰੇਰੰਗ ਦੇਰਤਨ।

ਪੇਟੀ ਢਾਲ ਤਰਵਾਰ ਗਾਤ੍ਰੇ ਭੱਥੇ ਕਟਾਰ,
ਕੰਧ ਪੈ ਕੁਵੰਡ[1] ਬਾਜ ਹਾਥ ਪੈ ਬਹਾਵਤੇ।

[1]ਮੋਢੇ ਤੇ ਧਨੁੱਖ।

ਏਹੁ ਪਹਿਰਾਵਾ ਹੁਤੋ ਰਾਜੇ ਸਰਦਾਰਨ ਕਾ,
ਤਜੋਂ ਹੀ ਰਾਣੀਆਂ ਕੇ ਹੋਤੇ ਜ਼ੇਵਰ ਅਮਾਵਤੇ[1]।
ਸੌ ਸੌ ਗਜ ਮਹਿੰਗੇ ਕੇ ਲਹਿੰਗੇ ਥੇ[1], ਪੇਸ਼ਵਾਜੈਂ
ਥੀ ਦਰਾਜੈਂ[1] ਗੋਟੇ ਜਰੀ ਤਿੱਲੇ ਡੋਰੀ[2] ਲਾਵਤੇ ॥ ੧੧੧ ॥

[1]ਬਹੁਤੇ ਗਹਿਣੇ ਹੁੰਦੇ।
[1]ਮਹਿੰਗੇ ਕਪੜੇ ਦੇ ਸੌ ਸੌ ਗਜ਼ ਦੇ ਘੱਘਰੇ ਸਨ।
[1]ਲੰਬੀਆਂ ਪੇਸ਼ਵਾਜ਼ਾਂ ਸਨ (ਪੇਸ਼ਵਾਜ਼-ਜ਼ਨਾਨੀਆਂ ਦੇ ਸਲਵਾਰਾਂ ਜਾਂ ਘੱਘਰਿਆਂ ਦੇ ਹੇਠ ਤੇੜ ਪਹਿਨਣ ਵਾਲਾਰੇਬ ਪਜਾਮੇ ਵਰਗਾ ਜਰਾਬਾਂ ਵਰਗਾ ਉਣਿਆਂ ਹੋਇਆ ਪਜਾਮਾ)। [2]ਪਰਾਂਦੀਆਂ ਨੂੰ।

ਏਕ ਭੀ ਪੁਸ਼ਾਕ ਜਾਂ ਕੋ ਬਖਸ਼ੈਂ ਥੇ ਪਾਕ[1] ਸੋਊ,
ਆਗੇ ਤਾਂ ਕੀ ਚਾਰ ਪਾਂਚ ਸਾਚ ਖੁਪ ਬੀਸ ਹੈਂ[1]।
ਜਾਗਤੇ ਗਰੀਬ ਕੇ ਅਜੀਬ[1] ਹੂੰ ਨਸੀਬ[2] ਤਾਂ ਸੈਂ,
ਹੋਵਤੀ ਹਜ਼ਾਰ ਬਾਰਾਂ ਸੌ ਕੀ ਲੋਕ ਦੀਸ ਹੈਂ[1]।

[1]ਪਵਿੱਤਰ ਭਾਵ ਚੰਗੀ।
[1]ਠੀਕ ਚੰਗੀਆਂ ਚਾਰ ਪੰਜ ਪੁਸ਼ਾਕਾਂ ਬਣ ਜਾਂਦੀਆਂ ਸਨ।
[1]ਅਸਚਰਜ। [2]ਭਾਗ।
[1]ਲੋਕ ਦੇਖਦੇ ਸਨ ਕਿ ਇਕ ਪੁਸ਼ਾਕ ਹਜ਼ਾਰ ਬਾਰਾਂ ਸੌ ਦੀ ਹੁੰਦੀ ਸੀ।

ਅਬਿ ਚਾਰ ਦਮੜਜੋਂ ਕੀ ਪੋਸ਼ਸ਼[1] ਨਰੇਸ ਧਾਰੈਂ,
ਕਜਾ ਨਚੋੜੈ ਨੰਗੀ ਨ੍ਹਾਇ ਪਾਇ ਬਖਸ਼ੀਸ਼ ਹੈ[1]।

[1]ਪੁਸ਼ਾਕ।
[1]ਬਖ਼ਸ਼ਸ਼ ਪਾ ਕੇ ਕੋਈ ਕੀ ਕਰੇਗਾ ਜਿਵੇਂ ਅਖਾਣ ਹੈ ਕਿ ਨੰਗੀ ਕੀ ਨਹਾਏਗੀ ਤੇ ਕੀ ਨਿਚੋੜੇਗੀ ਭਾਵ ਬਖ਼ਸ਼ਸ਼ ਲੈਣ ਵਾਲੇ ਗ਼ਰੀਬ ਨੂੰ ਕੋਈ ਵੀ ਲਾਭ ਨਹੀਂ ਹੋਵੇਗਾ।

ਔਰ ਲੋਗ ਭੀ ਥੇ ਸਭਿ, ਜੇਵਰ ਪੁਸ਼ਾਕੈਂ ਤਬਿ
ਧਾਰਤੇ ਬਡੇਰੀ, ਫਬਿ ਰਹਿਤੇ ਵਰੀਸ ਹੈਂ[1] ॥ ੧੧੨ ॥

[1]ਰਾਜਿਆਂ ਵਾਂਗ ਚੰਗੇ ਫਬ ਕੇਰਹਿੰਦੇ ਸਨ।

ਮਹਾਰਾਜੇ ਰਣਜੀਤ ਸਿੰਘ ਯਦੀ ਧਿੰਗਾ ਧਿੰਗ[1],
ਬਾਵਨ ਸੀ ਰਾਇ ਡਿੰਘ, ਬਲਿ ਪੰਥੈਂ ਕੱਛ ਕੈ[1]।

[1]ਜ਼ੋਰੋ ਜ਼ੋਰੀ, ਜ਼ਬਰਦਸਤੀ।
[1]ਬਾਵਨ ਅਵਤਾਰ ਵਾਂਗ ਕਦਮ ਚੱਕ ਕੇ ਤੇ ਪੰਥ ਰੂਪ ਬਲਰਾਜੇ ਨੂੰ ਮਿਣ ਕੇ ਭਾਵ ਆਪਣੇ ਵਸ ਕਰਕੇ।

ਸਿੱਖ ਸਰਦਾਰ ਥੇ ਲਚਾਰ ਕੀਏ ਰਾਜ ਛੀਨ,
ਲੀਨ ਨੀਤਿ ਰਾਵਣੀ ਸੁਰੀਤਿ ਮਹਾਂ ਮੱਛ ਕੈ[1]।

[1]ਰਾਵਨ ਦੀ ਨੀਤੀ ਵਾਂਗ ਵੱਡੇ ਮੱਛ ਦੀ ਰੀਤੀ ਧਾਰ ਲਈ (ਜਿਵੇਂ ਵੱਡਾ ਮੱਛ ਛੋਟੀਆਂ ਮੱਛੀਆਂ ਨੂੰ ਖਾ ਜਾਂਦਾ ਹੈ)।

ਐਪਰ ਥੀ ਸਿੱਖੀ ਭਾਰੀ ਧਰਾ ਪੈ ਬਿਥਾਰੀ,
ਭਾਨੁ ਸਾਨ ਚਮਕਾਰੀ, ਚਾਰੀ ਪੰਥ ਨਿਜ ਪੱਛ ਕੈ[1]।

[1]ਆਪਣੇ ਪੰਥ ਦਾ (ਚਾਰੀ) ਸੁੰਦਰ ਪੱਖ ਕਰ ਕੇ (ਭਾਨ) ਸੂਰਜ ਦੇ (ਸਾਨ) ਵਾਂਗ ਸਿੱਖੀ ਚਮਕਾਈ।

ਬਾਰੀ ਸੀ ਖਿਲਾਰੀ ਰਾਂਕਾ ਨਿਸਾ ਸੀ ਦਿਖਾਰੀ,
ਗੰਗ-ਧਾਰ ਸੀ ਪ੍ਰਚਾਰੀ ਹੰਸ ਡਾਰ ਸੀ ਸਮੱਛ ਕੈ[1] ॥ ੧੧੩ ॥

[1](ਸਿੱਖੀ) (ਬਾਰੀ) ਬਗੀਚੀ ਵਾਂਗ ਖਿੜਾਈ ਪੰਨਿਆਂ ਦੀਰਾਤ ਵਾਂਗ (ਰੌਸ਼ਨੀ ਕਰਨ ਵਾਲੀ ਲੋਕਾਂ ਨੂੰ) ਦਿਖਾਈ, ਗੰਗਾ ਦੀ ਧਾਰ ਵਰਗੀ (ਪ੍ਰਚਾਰੀ) ਫੈਲਾਈ ਤੇ ਹੰਸਾਂ ਦੀ ਡਾਰ ਵਾਂਗ (ਸਮੱਛ) ਪ੍ਰਗਟ (ਮਸ਼ਹੂਰ) ਕੀਤੀ।

ਮੌਜੈਂ ਸਿੰਧੁ ਕੀ ਸੀ ਫੌਜੈਂ ਔਜੈਂ ਯੁਤ, ਸੌਜੈਂ ਸੌਜੈਂ
ਮੌਜੈਂ ਰੋਜ ਹੀ ਬਰੋਜੈਂ ਬਾਢੈਂ ਚੋਜੈਂ ਦਾਇ ਹੈਂ[1]।

[1]ਸਮੁੰਦਰ ਦੀਆਂ ਲਹਿਰਾਂ ਵਾਂਗ (ਔਜੈਂ) ਬਲ ਸਹਿਤ ਫ਼ੌਜਾਂ ਸਨ (ਸੌਜੈਂ) ਸਮੱਗ੍ਰੀਆਂ (ਮੌਜੈਂ) ਇਕੱਠੀਆਂ ਕਰਦੇ ਸਨ, (ਰੋਜ਼ ਹੀ ਬਰੋਜੈਂ) ਹਰਰੋਜ਼ ਹੀ (ਚੋਜੈਂ ਦਾਇ) ਅਨੰਦ ਦੇਣ ਵਾਲੀਆਂ ਖ਼ੁਸ਼ੀਆਂ ਵਧ ਰਹੀਆਂ ਸਨ।

ਪਾਠ ਗੁਰੁ ਗ੍ਰੰਥਨ ਕੇ ਠਾਟ ਜੋੜ ਪੰਥਨ ਕੇ[1],

[1]ਪੰਥ ਦੇ ਜੋੜ ਮੇਲੇ (ਠਾਟ) ਕਰਦੇ ਸਨ।

ਆਠ ਜਾਮ ਸੰਤ ਕੇ ਸਤਿਸੰਗ ਥਾਇ ਹੈਂ[1]।

[1]ਹੁੰਦੇ ਸਨ।

ਭਗਤੀ ਬਿਬੇਕ ਦਾ ਗੁਨੀਆਂ ਕੋ ਸਨਮਾਨ,
ਚਰਚਾ ਰਹਾਇ ਗਜਾਨ, ਅਗਜਾਨ ਜਾਇ ਹੈ।
ਠਾਢੇ ਰੈਹੈਂ ਰਾਜੇ ਦਰਵਾਜੇ ਪੈ ਦਰਾਜੇ[1] ਨਿਜ

[1]ਬਹੁਤੇ।

ਕਾਜੇ ਕੇ ਮੁਤਾਜੇ[1] ਤਾਜੇ ਤਾਜੇ ਤੋਫੇ[2] ਲਜਾਇ ਹੈਂ ॥ ੧੧੪ ॥

[1]ਆਪਣੇ ਕੰਮ ਦੇ ਲੋੜਵੰਦ ਹੋ ਕੇ। [2]ਸੁਗਾਤਾਂ।

ਮਹਾਰਾਜ ਲੌ ਰਹਾਨਾ ਪੰਥ ਕਾ ਪੁਰਾਨਾ ਢੰਗ,
ਫੇਰ ਬਦਲਾਨਾ ਰੰਗ ਕੂਪ ਭੰਗ ਜਯੋਂ ਪਰੈ[1]।

[1]ਜਿਵੇਂ ਖੂਹ 'ਚ ਭੰਗ ਪੈ ਜਾਵੇ, ਜਿਵੇਂ ਖੂਹ ਦੀ ਭੰਗ ਦਾ ਹਰ ਪਾਣੀ ਪੀਣ ਵਾਲੇ ਤੇ ਅਸਰ ਹੋ ਜਾਂਦਾ ਹੈ ਤਿਵੇਂ ਸਾਰਿਆਂ ਸਿੰਘਾਂ ਤੇ ਤਬਦੀਲੀ ਦਾ ਅਸਰ ਪਿਆ।

ਪਹਿਰਾਵੇ ਪਹਿਲੇ ਜੋ ਸੁਧੇ ਸਾਦੇ ਸਹਿਲੇ[1] ਥੇ,

[1]ਸੁਖਾਲੇ।

ਸੋਊ ਤਜਿ ਗਹਿਲੇ ਅਮੀਰੀ ਸ਼ੌਕ ਕੇ ਤਰੈ[1]।

[1]ਅਮੀਰੀ ਸ਼ੌਕ ਦੇ (ਅਸਰ) ਹੇਠ ਅਮੀਰੀ ਪਹਿਰਾਵੇ (ਗਹਿਲੇ) ਧਾਰ ਲਏ।

ਕੰਠੇ ਕੰਠ ਚੌਂਕੀ ਮਾਲ ਬੁੱਤਕੀਆਂ[1] ਨਾਮ ਸਾਲ[2],

[1]ਗਲ ਵਿੱਚ ਕੰਠੇ, (ਚੌਕੀ) ਚੌਰਸ ਬੁਤਕੀਆਂ ਦੀ ਮਾਲਾ। (ਬੁਤਕੀ-ਉਹ ਸੋਨੇ ਦੀ ਮੁਹਰ ਜਿਸ ਉਪਰ ਕਿਸੇ ਬਾਦਸ਼ਾਹ ਦਾ ਬੁੱਤ ਹੋਵੇ। [2]ਨਾਮ ਸਾਲ-(ਕੰਠੇ ਜਾਂ ਬੁਤਕੀਆਂ ਦੇ ਹੇਠ ਤਿਕੋਨਾ ਜਿਹਾ ਗਹਿਣਾ।)

ਕੜੇ ਚਾਂਦੀ ਕੇ ਬਿਸਾਲ ਜੁਵਾ ਬ੍ਰਿਧ ਭੀ ਧਰੈਂ।
ਮੁਰਕੀ ਤੁੰਗਲ ਬਾਲੇ ਕੁੰਢੀ ਮੁਛੈਂ ਚਾੜ੍ਹੇ ਦਾੜ੍ਹੇ,
ਚਾਲੇ[1] ਚੋਗੇ ਕੁੜਤੇ ਪੰਜਾਮੇ ਤੰਗ ਹੀ ਖਰੈਂ[2] ॥ ੧੧੫ ॥

[1]ਚਲ ਪਏ। [2]ਬਹੁਤੇ ਤੰਗ।

ਨਾਰਿਨ ਕੇ ਚੌਰੋਂ ਸਮ ਚੌਰ ਵਾਲੇ ਨਾਲੇ ਘਾਲੇ,
ਰੇਸ਼ਮੀ ਜਰੀ ਕੇ ਜਰੇ[1], ਹਾਲੈਂ ਗੋਡਯੋਂ ਪਰ ਹੈਂ।

[1]ਚੌਰਾਂ ਵਾਂਗ (ਚੌਰਾਂ) ਗੁੱਛਿਆਂ ਵਾਲੇ ਰੇਸ਼ਮੀ ਨਾਲੇ ਪਾਉਂਦੀਆਂ ਹਨ ਜੋ ਜਰੀ ਦੇ ਕਢੇ ਹੋਏ ਹੁੰਦੇ ਹਨ।

ਚੁਸਤ ਚਲਾਕੇ ਬਾਂਕੇ ਬਿਭਚਾਰੀ ਤੈ ਹੰਕਾਰੀ,
ਥੀਏ ਤਬਿ ਭਾਰੀ ਤੈ ਖੁਾਰੀ ਬਹੁ ਕਰ ਹੈਂ।
ਯਾਂਹੀ ਤੇ ਜੁਰੇ ਥੇ ਗੀਤ ਤਬਿ ਅਬਿ ਲੌ ਜੋ ਗਾਵੈਂ,

ਸੂਸੀ ਦੀਆਂ ਕੱਛਾਂ ਗੋਡਜਾਂ ਤਕ ਨਾਲਾ ਧਰ ਹੈਂ।
ਲਾਚੇ[1] ਲੁੰਙੀ ਖੇਸ ਡੱਬੇ ਮੁਲਤਾਨੀ ਥੇ ਸੁ ਫੱਬੇ,

[1]ਮੋਟੀ ਬੁਣਤੀ ਦੀ ਚਾਦਰ ਜਿਸ ਦੇ ਸਿਰਿਆਂ ਉਪਰ ਲਾਲ ਸੂਤ ਜਾਂ ਰੇਸ਼ਮ ਦੇ ਪੱਲੇ ਹੁੰਦੇ ਹਨ।

ਕ੍ਰਿਪਾ ਰਾਮੀਏ ਦੁਪੱਟੇ ਧਾਰਤੇ ਅਪਰ ਹੈਂ ॥੧੧੬॥
ਔਰ ਸਰਦਾਰ ਜੇ ਮਝੈਲ ਥੇ ਅਪਾਰ ਤਬਿ,
ਮਤਸਰ[1] ਕਾਮ ਕੋਹ[2] ਛਲ ਛੋਹ ਮੈਂ ਬਹੇ[3]।

[1]ਈਰਖਾ। [2]ਕ੍ਰੋਧ। [3]ਖੋਭ 'ਚਰੁੜ੍ਹ ਗਏ।

ਜੋਊ ਭੂਪ ਥਾਇ ਤਾਂਹਿ ਘਾਇ ਸੁਟੈਂ ਘਾਇ ਸਮ[1],

[1]ਘਾਹ ਵਾਂਗ ਮਾਰ ਸੁੱਟਦੇ ਹਨ।

ਔਰ ਏਕ ਦੂਤੀ ਕੋ ਸੂਦਾਰ ਮਾਰ ਭੀ ਦਹੇਂ[1]।

[1]ਮਾਰ ਕੇ ਸਾੜ ਵੀ ਦੇਂਦੇ ਹਨ।

ਯਾਂਹੀ ਤੈ ਸ਼ਿਤਾਬੀ ਥੀ ਖਰਾਬੀ ਅਈ ਸ਼ਾਹੀ ਗਈ,
ਮੇਵਾ ਖਾ ਪੰਜਾਬੀ ਫੂਟ ਜੋ ਕਿਤਾਬੀ ਭੀ ਕਹੇਂ[1]।

[1]ਫੁੱਟ ਦਾ ਮੇਵਾ ਖਾ ਕੇ ਪੰਜਾਬ ਦੀ ਬਾਦਸ਼ਾਹੀ ਚਲੀ ਗਈ, ਕਿਤਾਬਾਂ ਵਾਲੇ (ਇਤਿਹਾਸਕਾਰ) ਵੀ ਕਹਿੰਦੇ ਹਨ।

ਦਿਜ ਤੀਆ ਬਾਲਕ ਮਾਲਕ ਜਬਿ ਹੋਹਿਂ ਜਹਾਂ,
ਕਯੋਂ ਨ ਫਿਰ ਬਾਂਸਨ ਜਯੋਂ ਖਹਿ ਜਰ ਹੀ ਰਹੇਂ[1] ॥੧੧੭॥

[1]ਕਿਉਂ ਨਾ ਬਾਂਸਾਂ ਵਾਂਗ (ਆਪਸ ਵਿੱਚ) ਖਹਿ ਖਹਿ ਕੇ (ਜਰ) ਸੜਦੇ ਹੀਰਹਿਣ।

ਥੀਓ ਜਬਿ ਰਾਜ ਅੰਗ੍ਰੇਜ਼ੀ ਤੇਜੀ ਔਰੈਂ ਥਈ,
ਗਈ ਰੀਤ ਨੀਤਿ ਪੁਰਾ ਨਈ ਤੌਰ ਕੀ ਠਈ[1]।

[1](ਜ਼ਮਾਨੇ ਦੀ ਚਾਲ) ਹੋਰ ਤੇਜ਼ ਹੋ ਗਈ, ਪਹਿਲੀਰੀਤੀ ਤੇ ਨੀਤੀ ਚਲੀ ਗਈ ਤੇ ਨਵੇਂ ਢੰਗ ਦੀ ਹੋਰ ਬਣ ਗਈ।

ਪਕਰਿ ਪਠਾਏ ਸਰਦਾਰ ਬਹੁ ਪੂਰਬ ਕੋ,
ਜਬਤ ਜਗੀਰੈਂ ਕਰਿ ਪਿਨਸ਼ਨ ਲਾ ਦਈ।
ਹੀਨ ਹਯਾਤ[1] ਕਿਨ ਹੂੰ ਕੀ ਆਧ ਯਾਂ ਚੁਥਾਈ ਥਾਈ,

[1]ਜ਼ਿੰਦਗੀ ਦੇ ਮਗਰੋਂ।

ਉਥਲ ਪੁਥਲ[1] ਦੇਸ਼ ਮੈਂ ਬਿਸੇਸ ਹੂੰ ਥਈ।

[1]ਉਲੱਦ ਪੁਲੱਦ।

ਸਰਦਾਰੀ ਗਈ ਹਾਰ ਜਿਮੀਦਾਰੀ ਪਈ ਪਾਰ[1]

[1]ਭਾਵ ਜ਼ਿਮੀਂਦਾਰ ਕਾਮਯਾਬ ਹੋ ਗਏ।

ਕ੍ਰਿਤੀਓਂ ਕੀ ਥਈ ਸਾਰ[1] ਨੀਚੈਂ ਊਚਤਾ ਲਈ ॥੧੧੮॥

[1]ਸਾਂਭ ਸੰਭਾਲ ਹੋ ਗਈ।

ਮਾਨ ਖਾਨਦਾਨ ਤੈ ਕਦਾਮਤੈਂ ਕੋ ਨਾ ਰਹਾਨ,
ਬਾਜੀ ਜੀਤ ਗਏ ਪਾਜੀ ਲਯਾਕਤ ਸੁ ਬਲ ਕੈ[1]।

[1](ਕਦਾਮਤੈਂ) ਪੁਰਾਣਾ ਤੇ ਖ਼ਾਨਦਾਨੀ (ਮਾਨ) ਸਤਿਕਾਰ ਕੋਈ ਨਾ ਰਿਹਾ, ਲਿਆਕਤ (ਯੋਗਤਾ) ਦੇ ਬਲ ਨਾਲ (ਪਾਜੀ) ਕਾਇਰ ਵੀ ਬਾਜ਼ੀ ਜਿੱਤ ਗਏ।

ਫਾਰਸੀ ਹਾਰ ਸੀ ਗਈ, ਤੇਜੀ ਅੰਗ੍ਰੇਜ਼ੀ ਲਈ,

ਦੌਲਤ ਇਜ਼ਤ ਗਈ ਇਲਮ ਪੈ ਚਲ ਕੈ[1]। — [1]ਫ਼ਾਰਸੀ ਜ਼ਬਾਨ ਹਾਰ ਗਈ, ਅੰਗਰੇਜ਼ੀ ਜ਼ਬਾਨ ਨੇ (ਤੇਜ਼ੀ) ਤਰੱਕੀ ਹਾਸਿਲ ਕਰ ਲਈ, ਦੌਲਤ ਤੇ ਇੱਜ਼ਤ ਵਿੱਦਿਆ ਕੋਲ ਤੁਰ ਕੇ ਗਈ ਭਾਵ ਵਿਦਵਾਨਾਂ ਦੀ ਹੀ ਇਜ਼ਤ ਤੇ ਦੌਲਤ ਹੈ।

ਸ਼ਕਲ ਅਕਲ ਪਹਿਰਾਨ ਖਾਨ ਬੋਲ ਚਾਲ,
ਔਰ ਹੀ ਕੇ ਤੌਰ ਭਏ ਧਰਾ ਔਰ ਖਲਕੈਂ[1]। — [1]ਧਰਤੀ ਅਤੇ ਖ਼ਲਕਤ ਦੇ ਹੋਰ ਤਰ੍ਹਾਂ ਦੇ (ਤੌਰ) ਢੰਗ ਹੋ ਗਏ।
ਸਿਦਕ ਬਿਦਕ ਗਯੋ[1] ਧਰਮ ਨਰਮ ਪਯੋ, — [1]ਡਰ ਗਿਆ ਭਾਵ ਕਮਜ਼ੋਰ ਹੋ ਗਿਆ।
ਰੀਤਿ ਪਰਤੀਤਿ ਸਿੱਖੀ ਕੇਰ ਭਈ ਹਲਕੈਂ[1] ॥ ੧੧੯ ॥ — [1]ਸਿੱਖੀ ਦੀਰੀਤ ਤੇ ਪਰਤੀਤ ਹੌਲੀ ਭਾਵ ਕਮਜ਼ੋਰ ਹੋ ਗਈ।

ਲੌਪੁਰ ਪਤੀ ਲੌਂ[1] ਅਤੀ ਸਿੱਖੀ ਤਿੱਖੀ ਦਿੱਖੀ ਮਤੀ[2], — [1]ਲਾਹੌਰ ਦੇ ਮਾਲਕ (ਮਾ.ਰਣਜੀਤ ਸਿੰਘ) ਤੱਕ। [2]ਬਹੁਤ ਦਿਸਦੀ ਸੀ।
ਪਾਲਕ ਥੇ ਬਹੁ ਸਤੀ[1] ਫਬੀ ਫੂਲੀ ਫੈਲੀ ਸੀ। — [1](ਸਤੀ) ਸੱਚ ਬੋਲਣ ਵਾਲੇ ਬਹੁਤੇ (ਸਿੱਖੀ ਦੇ) ਪਾਲਕ ਸਨ ਜਿਸ ਕਰਕੇ। (ਅ) ਸਤੀ-ਦਾਨੀ।

ਤਾਂਹਿ ਪਾਛੇ ਆਛੇ ਪਟਲੇਸ੍ਵਰ ਨਰੇਂਦ੍ਰ
ਮ੍ਰਿਗੇਸ, ਥੀ ਸੰਭਾਲੀ ਕਿਛੁ ਪਾਲੀ ਭਲ ਥੈਲੀ ਸੀ[1]। — [1]ਥੈਲੀ ਵਾਂਗ ਸਾਂਭ ਕੇਰੱਖੀ ਤੇ ਪਲਣਾ ਕੀਤੀ।
ਫੇਰ ਰਾਮ ਸਿੰਘ ਬੋਈ[1] ਸਬਜੀ[2] ਜਬੈ ਹੀ ਹੋਈ, — [1]ਸਿੱਖੀ ਬੀਜੀ। [2]ਹਰਿਆਈ।
ਭੰਗ ਪੀਨ ਵਾਲਜੋਂ ਖੋਈ ਜੋਈ ਸੁਠ ਪੈਲੀ ਸੀ[1]। — [1]ਜੋ (ਸਿੱਖੀ ਦੀ) ਸੁੰਦਰ ਖੇਤੀ ਸੀ।
ਅਬਿ ਕਹੂੰ ਕਹੂੰ ਆਹਿ ਨੀਚੀ ਠੌਰੈਂ ਝਲਕਾਹਿ,
ਪ੍ਰੇਮ ਨੇਮ ਬਾਰ ਨਾਹਿਂ ਯਾ ਤੈ ਥਈ ਮੈਲੀ ਸੀ[1] ॥ ੧੨੦ ॥ — [1]ਹੁਣ ਕਿਤੇ ਕਿਤੇ ਨੀਵੀਆਂ ਥਾਵਾਂ (ਗ਼ਰੀਬਾਂ) ਅੰਦਰ ਸਿੱਖੀ ਚਮਕਦੀ ਹੈ ਪਰ ਉਨ੍ਹਾਂ ਅੰਦਰ ਪ੍ਰੇਮ ਤੇ ਨੇਮ ਦਾ ਪਾਣੀ ਨਾ ਹੋਣ ਕਰ ਕੇ ਮੈਲੀ (ਕੁਮਲਾਈ ਜਿਹੀ) ਦਿਸਦੀ ਹੈ।

ਪਾਲਕ ਪੁਜਾਰੀ ਗੁਰੁਦ੍ਵਾਰੀਏ ਥੇ ਕਾਰਵਾਰੀ[1], — [1]ਗੁਰਦੁਆਰਿਆਂ ਦੇ ਪ੍ਰਬੰਧ ਤੇ ਪੁਜਾਰੀ।
ਸੋ ਤੋ ਸੋਇ ਰਹੇ ਭਾਰੀ ਪਰਮਾਦੀ ਥਾਇ ਕੈ[1]। — [1]ਲਾ-ਪ੍ਰਵਾਹ ਹੋ ਕੇ।
ਸਿੰਘ ਨਾਮ ਵਾਰੇ ਸਾਧੁ ਥੇ ਜੋ ਰਖਵਾਰੇ ਕਿਛੁ,
ਕਰੇ ਸੋ ਕਿਨਾਰੇ ਹੈਂ ਪੁਜਾਰਯੋਂ ਬਾਦ ਚਾਇ ਕੈ[1]। — [1]ਝਗੜੇ ਪਾ ਕੇ।
ਭੂਪ ਸਰਦਾਰ ਜੇ ਹੈਂ ਲੇਤ ਨਾਂਹਿ ਸਾਰ ਵੇ ਹੈਂ[1] — [1]ਉਹ ਸਿੱਖ ਦੀ ਖ਼ਬਰ ਨਹੀਂ ਲੈਂਦੇ।
ਬਾਕੀ ਸਿੰਘ ਔਰ ਜੇ ਹੈਂ ਬੰਧੇ ਧੰਧੇ ਮਾਇ ਕੈ[1]। — [1]ਮਇਆ ਦੇ ਧੰਧਿਆਂ ਵਿੱਚ ਬੱਝੇ ਹੋਏ ਹਨ।
ਪਰ ਪੰਥੀ ਪਸੂਓਂ ਨੈ[1] ਅਧਿਕੈਂ ਉਜਾਰੀ ਭਾਰੀ, — [1]ਪਰਾਏ ਪੰਥਾਂ ਰੂਪ ਪਸ਼ੂਆਂ ਨੇ।
ਸਿੱਖੀ ਥੀ ਜੋ ਤਿੱਖੀ ਬਾਰੀ ਭੋਗ ਮੋਖ ਦਾਇਕੈ[1] ॥ ੧੨੧ ॥ — [1]ਜੋ ਸਿੱਖੀ ਪਦਾਰਥ ਤੇ ਮੁਕਤੀ ਦੇਣ ਵਾਲੀ ਬਗੀਚੀ ਸੀ।
ਕੇਈ ਦਯਾਨੰਦੀ[1] ਕਿਨੈ ਦਿਜੋਂ ਕੀ ਪਵਾਈ ਤੰਦੀ[2], — [1]ਕਈ ਦਯਾ ਨੰਦ ਦੇ ਚੇਲੇ ਬਣ ਗਏ। [2]ਬ੍ਰਾਹਮਣਾਂ ਦੀ (ਤੰਦੀ)

ਫਾਹੀ ਪਵਾ ਲਈ।

ਬੰਦੀਆਂ ਕੇ ਬੰਦੀਖਾਨੇ ਬਹੁ ਫੰਧੀ ਹੈਂ ਪਏ[1]।

[1]ਬਹੁਤ (ਬੰਦੀਆਂ) ਕੈਦੀਆਂ ਭਾਵ ਡੰਮੀ ਗੁਰੂਆਂ ਦੇ ਕੈਦਖਾਨੇ ਵੀ (ਫੰਧੀ) ਫਸੇ ਪਏ ਹਨ।

ਆਰਜ ਸਮਾਜੀ ਕੇਊ ਮੋਨਜੋਂ ਕੇ ਪਾਜੀ ਜਾਲ
ਸਾਜੀ, ਕੇਈ ਖਾਂਜੀ ਹਾਜੀ ਈਸਾ ਕੇਰ ਹੈਂ ਭਏ[1]।

[1]ਕਈ ਆਰੀਆ ਸਮਾਜੀ ਬਣ ਗਏ, ਕਈ (ਪਾਜੀ) ਕਾਇਰ ਛਲੀਏ ਮੋਨਿਆਂ ਦੇ (ਢਹੇ ਚੜ੍ਹ ਗਏ) ਕਈ (ਖਾਂਜੀ) ਸੁਲਤਾਨ ਦੇ ਕਈ ਹਾਜ਼ੀਆਂ ਦੇ ਤੇ ਕਈ ਈਸਾ ਦੇ (ਮੰਨਣ ਵਾਲੇ) ਹੋ ਗਏ।

ਨਾਮ ਸਿੰਘ ਗਨੀਏ ਪੈ ਬੈਲ ਹੂੰ ਲਦਨੀਏ
ਅਦਨੀਏ ਭਏ ਹੈਂ ਭੂਲ ਬਲ ਨਿਜ ਜੋ ਗਏ[1]।

[1]ਨਾਮ ਤਾਂ (ਸਿੰਘ) ਸ਼ੇਰ ਗਿਣੀ ਦਾ ਹੈ ਪਰ ਹਨ ਲਾਦੂ ਬੈਲਾਂ ਵਰਗੇ ਜਿਹੜੇ ਆਪਣੇ ਬਲ ਨੂੰ ਭੁਲ ਗਏ ਉਹ (ਅਦਨੀਏ) ਨੀਚ ਹੋ ਗਏ।

ਏ ਜੁ ਗੁਰੂ ਗਾਜੀ ਸਾਜੀ ਸਿੰਘੀ ਜਜੋਂ ਦਰਾਜੀ ਆਪ,
ਲਾਜੀ ਤਜੋਂ ਭਵੀਜੈ ਆਜੀ ਨਾ ਤੋ ਬਾਜੀ ਹੈ ਜਏ[1] ॥ ੧੨੨ ॥

[1]ਜਿਵੇਂ ਇਹ ਜੋ (ਦਰਾਜੀ) ਵੱਡੀ ਸਿੰਘੀ (ਗਾਜ਼ੀ) ਧਰਮੀ ਯੋਧਿਆਂ ਦੀ ਗੁਰੂ ਨੇ ਆਪ ਸਾਜੀ ਸੀ ਤਿਵੇਂ ਅਜ ਸ਼ਰਮਸਾਰ ਹੋਵੋ (ਸ਼ਰਮ ਕਰੋ) ਨਹੀਂ ਤਾਂ ਬਾਜ਼ੀ ਚਲੀ ਜਾਵੇਗੀ ਭਾਵ ਹਾਰ ਜਾਵਾਂਗੇ।

ਔਰੈਂ ਰੀਤ ਔਰੈਂ ਮੀਤ ਔਰੈਂ ਪਰਤੀਤ ਪ੍ਰੀਤਿ,
ਖਾਨ ਪਹਿਰਾਨ ਗਜਾਨ ਮਾਨ ਔਰੈਂ ਜਨ ਕੈ[1]।

[1]ਪੁਰਸ਼ਾਂ ਦਾ ਹੋਰ ਤਰ੍ਹਾਂ ਦਾ ਹੈ।

ਡਾਰੇ ਦਸਤਾਰੇ ਸਾਫੇ ਭਾਰੇ ਹੈਂ ਸੰਭਾਰੇ[1],

[1]ਦਸਤਾਰੇ ਛੱਡ ਕੇ ਵੱਡੇ ਵੱਡੇ (ਸਾਫ਼ੇ) ਪੱਗੜ ਸੰਭਾਲ ਲਏ।

ਅੱਛੈਂ ਕੱਛੈਂ ਤਜਿ ਗਹੇ ਧੋਤੀ ਸੁੱਥੁ ਤੰਗ ਤਨ ਕੈ[1]।

[1]ਤੰਗ ਪਜਮੇ ਕਸ ਕੇ (ਗਹੇ) ਪਾ ਲਏ।

ਧਾਰੇ ਹੈਂ ਗਰਾਰੇ[1] ਤੰਬੇ[2] ਤੈਹਮਤ[3] ਅਧਿਕ ਲੰਬੇ,

[1]ਬਹੁਤੇ ਖੁੱਲ੍ਹੇ ਪਜਾਮੇ। [2]ਖੁਲ੍ਹੀਆਂ ਸਲਵਾਰਾਂ। [3]ਤੇੜ ਬੱਧੇ ਲੰਬੇ ਚਾਦਰੇ।

ਜਿਨੈਂ ਦੇਖ ਸਿੱਖੀ ਗਊ ਕੰਬੇ ਤ੍ਰੁਕ ਗਨ ਕੈ[1]।

[1]ਜਿਨ੍ਹਾਂ ਨੂੰ ਦੇਖ ਕੇ ਤੇ ਤੁਰਕ ਜਣ ਕੇ ਸਿੱਖੀ ਰੂਪ ਗਊ ਕੰਬਦੀ ਹੈ।

ਸਿੱਖੀ ਦਸਮੇਸ਼ ਕੀ ਸੁਕੀਆ ਪਰਦੇਸ ਗੀ,
ਅਸਿੱਖੀ ਪਰੀ ਪੇਸ਼ਗੀ ਛਨਾਰ ਬਨ ਠਨ ਕੈ[1] ॥ ੧੨੩ ॥

[1]ਦਸਮੇਸ਼ ਜੀ ਦੀ ਸਿੱਖੀ ਰੂਪ ਆਪਣੀ ਧਰਮ-ਪਤਨੀ ਪ੍ਰਦੇਸ਼ ਚਲੀ ਗਈ, ਅਸਿੱਖੀ ਰੂਪ (ਛਨਾਰ) ਵਿਭਚਾਰਨ ਇਸਤ੍ਰੀ ਬਣ ਠਣ ਕੇ ਪੇਸ਼ ਪੈ ਗਈ ਹੈ।

ਕੇਈ ਬਾਰ ਪਾਰੈਂ ਓਚੈਂ ਨਾਕ ਨੋਚੈਂ ਮੋਚਨੇ ਲੈ,
ਕੇਈ ਖੋਚੈਂ ਲੱਤਨ ਕੋ ਸੋਚੈਂ ਨ ਲਖਾਇ ਹੈਂ[1]।

[1]ਕਈ ਵਾਲਾਂ ਨੂੰ (ਪਾਰੈਂ) ਪੁਟਦੇ ਤੇ (ਓਚੈਂ) ਕਟਦੇ ਹਨ, ਮੋਚਨੇ ਲੈ ਕੇ ਨੱਕ ਚੋਂ (ਵਾਲ) ਖਿਚਦੇ ਹਨ, ਕਈ ਲੱਤਾਂ (ਤੋਂ ਵਾਲ) (ਖੋਚੈਂ) ਖੁਰਚਦੇ ਹਨ, ਨਾ ਵਿਚਾਰਦੇ ਹਨ ਤੇ ਨਾ ਹੀ

ਜਾਣਦੇ ਹਨ।

ਕੋਉ ਦਾੜ੍ਹੈਂ ਹੀ ਉਖਾੜੈਂ ਮੂਛੈਂ ਪਾੜੈਂ ਝਾੜਨ ਜਯੋਂ,
ਪੂਛੈਂ ਸੇ ਤਛਾੜੈਂ ਕੋਊ ਸਾੜੈਂ ਦਵਾਂ ਲਾਇ ਹੈਂ[1]।

[1]ਕੋਈ ਦਾੜ੍ਹੇ ਹੀ ਉਖੇੜਦੇ ਹਨ ਤੇ ਮੁੱਛਾਂ ਨੂੰ ਝਾੜਾਂ ਵਾਂਗ ਪੁੱਟਦੇ ਹਨ, ਕਈ (ਪਸ਼ੂਆਂ ਦੀਆਂ) ਪੂਛਾਂ ਵਾਂਗ ਦਾੜ੍ਹੇ (ਤਛਾੜੈਂ) ਕਟਾ ਦੇਂਦੇ ਹਨ ਤੇ ਕੋਈ ਦਵਾਈਆਂ ਲਾ ਕੇ ਸਾੜ ਦਿੰਦੇ ਹਨ।

ਬਗਲੈਂ ਉਪਾਰੈਂ ਕੇਊ ਭੌਹੈਂ ਸੌਹੈਂ ਕੀ ਉਖਾਰੈਂ,
ਨਾਸਕਾਂ ਕੋ ਫਾਰੈਂ ਹਾਥ ਮਾਥ ਪੈ ਚਲਾਇ ਹੈਂ[1]।

[1]ਕਈ (ਬਗਲੈਂ) ਕੱਛਾਂ ਦੇਰੋਮ ਪੁੱਟਦੇ ਹਨ, ਸਾਹਮਣੇ ਦੀਆਂ ਭੌਂਹਾਂ (ਦੇ ਵਾਲ) ਉਖੇੜਦੇ ਹਨ, ਕੋਈ ਨਾਸਾਂ ਨੂੰ ਪਾੜਦੇ ਹਨ, ਮੱਥੇ ਤੇ ਵੀ (ਰੋਮ ਕਟਣ ਨੂੰ) ਹੱਥ ਚਲਾਉਂਦੇ ਹਨ।

ਸਿੱਖਨ ਕੇ ਪੂਤ ਮਜ਼ਬੂਤ ਸਿੰਘ ਨਾਮ ਵਾਰੇ,
ਹਾਇ ਵੇ ਕਸਾਈ ਰਹੇ ਸਿੱਖੀ ਗਊ ਘਾਇ ਹੈ[1] ॥੧੨੪॥

[1]ਮਾਰ ਰਹੇ ਹਨ।

ਉਸ ਤ੍ਰੇ ਨ ਐਹੈਂ ਸੂਤ ਉਸਤ੍ਰੇ ਗਹੈ ਹੈਂ ਊਤ,
ਬੁਸਤ੍ਰੇ ਕਪੂਤ ਚੈਹੈਂ ਚੁਸਤ੍ਰੇ ਕੁਰੱਸ ਸੈਂ[1]।

[1]ਜਦੋਂ ਉਸ ਤਰ੍ਹਾਂ (ਉਨ੍ਹਾਂ ਤੋਂਰੋਮ) ਸੂਤ ਨਹੀਂ ਆਉਂਦੇ ਤਾਂ (ਊਤ) ਮੂਰਖ ਉਸਤਰੇ ਪਕੜ ਲੈਂਦੇ ਹਨ, ਕੁਪੁੱਤਰ ਹੋ ਕੇ (ਬੁਸਤ੍ਰੇ) ਖ਼ੁਸ਼ਬੂਦਾਰ ਵਸਤੂਆਂ ਚਾਹੁੰਦੇ ਹਨ, ਖੋਟੇ ਰਸਾਂ ਵਿੱਚ ਚੁਸਤ ਹੋ ਕੇ ਲੱਗੇ ਹੋਏ ਹਨ।

ਕੋਊ ਮੂਢ ਮੁੰਡ ਗਹਿ ਸੀਂਗਾ ਜੂੜੇ ਝਾੜੈਂ ਪਾੜੈਂ,
ਕੈਂਚੀ ਚਾਕੂਓਂ ਸੈਂ ਫਾੜੈਂ ਕਾਢ ਰਹੇ ਤੱਸਮੇਂ[1]।

[1]ਕਈ ਮੂਰਖ (ਮੁੰਡ) ਮੋਨੇ ਹੋ ਕੇ (ਵਜਾਉਣ ਲਈ) ਸਿੰਗ ਫੜ ਲੈਂਦੇ ਹਨ, ਜੂੜਿਆਂ ਨੂੰ ਝਾੜ ਕੇ ਭਾਵ ਕਤਲ ਕਰ ਕੇ (ਪਾੜੈਂ) ਵਖ ਕਰ ਦੇਂਦੇ ਹਨ, ਕੈਂਚੀਆਂ ਤੇ ਚਾਕੂਆਂ ਨਾਲ ਪਾੜ ਕੇ ਕੇਸਾਂ ਦੇ ਤਸਮੇਂ ਕੱਢ ਰਹੇ ਹਨ।

ਸੰਗੀ ਕੋ ਉਦਾਸੀਓਂ ਕੇ ਫਾਂਸੀ ਦੈ ਤਰਾਸ਼ੀ ਮਾਰੈਂ,
ਹਾਸੀ ਜੋਗ ਥਾਇ ਹੈਂ ਜਹਾਨ ਓਸ ਅੱਸ ਮੈਂ[1]।

[1]ਕਿਸੇ ਨੂੰ (ਤਰਾਸ਼ੀ) ਕੱਟ ਕੇ ਤੇ ਕਿਸੇ ਨੂੰ ਫਾਂਸੀ ਦੇ ਕੇ ਮਾਰ ਦੇਂਦੇ ਹਨ, ਇਸ ਲੋਕ ਤੇ ਪ੍ਰਲੋਕ ਵਿੱਚ ਉਹ ਹਾਸੀ ਜੋਗ ਹੋ ਜਾਂਦੇ ਹਨ।

ਕਸਮੈਂ ਖਾ ਕੈਹੋਂ ਗੁਰੁ ਦਸਮੇ ਕੀ ਸਿੱਖੀ ਗਾਇ,
ਹਾਇ ਬਿਨ ਖਸਮੈਂ ਕਸਾਬੈਂ ਪਰੀ ਬੱਸ ਮੈਂ[1] ॥੧੨੫॥

[1]ਬਿਨਾਂ (ਖਸਮ) ਮਾਲਕ ਤੋਂ ਕਸਾਈਆਂ ਦੇ ਵਸ ਵਿੱਚ ਪਈ ਹੋਈ ਹੈ।

ਕਯੋਂ ਨ ਥਾਇ ਮੰਦ ਹਾਲ ਸਿੰਘੈਂ ਜੋ ਫਰੀ ਕੁਚਾਲ,
ਸਿੱਖੀ ਕੀ ਹਰੀ ਸੰਭਾਲ[1] ਚਾਲ ਧ੍ਰਮ ਕੀ ਤਜੀ।

[1]ਸਿੱਖੀ ਦੀ ਸੰਭਾਲ ਤਿਆਗ ਦਿੱਤੀ ਹੈ।

ਏਕ ਕਾ ਬਿਰੋਧੀ ਬੀਆ ਅਤਿਸੈਂ ਅਬੋਧੀ ਥੀਆ,
ਨਾ ਨਿਰੋਧ ਕ੍ਰੋਧ ਕੀਆ ਬੋਧ ਬੁੱਧੀ ਨਾ ਭਜੀ[1]।

[1]ਇਕ ਦਾ ਦੂਜਾ ਵਿਰੋਧੀ ਹੋ ਗਿਆ ਬਹੁਤ ਹੀ ਵਿਚਾਰ ਤੋਂ ਹੀਣ ਹੋ ਗਏ, ਕ੍ਰੋਧ ਨਾਰੋਕਿਆ ਤੇ ਗਿਆਨ ਵਾਲੀ ਬੁੱਧੀ ਦਾ ਸੇਵਨ

ਨਾ ਕੀਤਾ ਭਾਵ ਗਿਆਨ ਪ੍ਰਾਪਤ ਨਾ ਕੀਤਾ।

ਇਖਲਾਕ ਇਤਫਾਕ ਪਾਕ ਖਾਕ ਮੈਂ ਰੁਲਾਏ,
ਚਾਕ ਕੀਨੇ ਪ੍ਰੇਮ ਨੇਮ ਛੇਮ ਕੇਮ ਹ੍ਵੈ ਅਜੀ[1]।

[1]ਪਵਿੱਤਰ ਆਚਰਨ ਤੇ ਏਕਾ ਮਿੱਟੀ 'ਚਰੁਲਾ ਦਿੱਤਾ, ਪ੍ਰੇਮ ਤੇ ਨੇਮ (ਚਾਕ) ਚੀਰ ਦਿੱਤੇ, (ਅਜੀ) ਹੁਣ (ਦੱਸੋ) (ਛੇਮ) ਕਲਿਆਣ (ਕੇਮ) ਕਿਸ ਤਰ੍ਹਾਂ ਹੋਵੇ।

ਪਜਾਰ ਲੈ ਬਿਲਾਰਨ ਤੈ ਬਾਕ ਕਾਕ ਕਾਰਨ ਤੈ,
ਪ੍ਰੀਤਿ ਬਿਵਚਾਰਨਿ ਤੈ ਸੀਖ ਸਿੱਖ ਕੈ ਸਜੀ[1] ॥ ੧੨੬ ॥

[1]ਬਿੱਲਿਆਂ ਤੋਂ ਪਿਆਰ, ਕਾਲੇ ਕਾਵਾਂ ਤੋਂ ਬਚਨ, ਵਿਭਚਾਰਨਾਂ ਤੋਂ ਪ੍ਰੀਤੀ ਸਿੱਖ ਕੇ ਸਿੱਖ ਕਿਵੇਂ ਸਜਣ।

ਇਸ਼ਟ ਕੀ ਨ ਮਾਨੈਂ ਆਨ ਮਿਸ਼ਟ ਭੀ ਨ ਬੋਲੈਂ ਬਾਨਿ,
ਸ੍ਰਿਸ਼ਟਿ ਕੀ ਪਛਾਨ ਨਾ ਉਚਿਸ਼ਟ ਕੀ ਗਿਲਾਨੀ ਹੈ[1]।

[1]ਇਸ਼ਟ ਦੀ (ਆਨ) ਕਸਮ (ਸਹੁੰ) ਨਹੀਂ ਮੰਨਦੇ, ਬਾਣੀ ਵੀ ਮਿੱਠੀ ਨਹੀਂ ਬੋਲਦੇ, ਨਾ ਸ੍ਰੇਸ਼ਟ ਵਸਤੂ ਦੀ ਪਛਾਣ ਹੈ ਤੇ ਨਾ ਹੀ (ਉਚਿਸ਼ਟ) ਜੂਠ ਤੋਂ ਹੀ ਨਫ਼ਰਤ ਮੰਨਦੇ ਹਨ।

ਸੇਵ ਹੈਂ ਕਨਿਸ਼ਟ ਭ੍ਰਿਸ਼ਟ ਕਾਮ ਕਰਿ ਹੈਂ ਅਨਿਸ਼ਟ,
ਪ੍ਰਿਸ਼ਟ ਪੈ ਕੁਮੀਤ ਮੀਤ ਦ੍ਰਿਸ਼ਟਿ ਪੈ ਮਹਾਨੀ ਹੈਂ[1]।

[1]ਨੀਚ ਤੇ ਭ੍ਰਿਸ਼ਟੇ ਹੋਇਆਂ ਦੀ ਸੇਵਾ ਕਰਦੇ ਹਨ, (ਅਨਿਸ਼ਟ) ਮਾੜੇ ਕਰਮ ਕਰਦੇ ਹਨ, ਪਿਠ ਪਿੱਛੇ ਖੋਟੇ ਮਿੱਤ੍ਰ ਬਣ ਜਾਂਦੇ ਹਨ ਤੇ ਅੱਖਾਂ ਸਾਹਵੇਂ ਵੱਡੇ ਮਿੱਤ੍ਰ ਬਣ ਕੇ ਵਿਖਾਉਂਦੇ ਹਨ।

ਭੈਰੋਂ ਕੋ ਚਢਾਤ ਮੁਰਗਾ ਤੈ ਮਦ[1] ਦੁਰਗਾ ਕੋ,
ਉਰਗਾਂ ਕੋ ਪੂਜੈਂ ਹੂੰਜੈਂ ਤੁਰਗਾ ਮਸਾਨੀ ਹੈਂ[1]।

[1]ਸ਼ਰਾਬ।

[1](ਗੁੱਗੇ ਆਦਿ) ਸੱਪਾਂ ਨੂੰ ਪੂਜਦੇ ਹਨ ਤੇ (ਮਸਾਨੀ) ਮਸਾਣਾਂ 'ਚ ਰਹਿਣ ਵਾਲੀ ਦੇਵੀ (ਸੀਤਲਾ) ਦੇ (ਤੁਰਗਾ) ਅਸਥਾਨ ਤੇ ਜਾ ਕੇ (ਹੂੰਜੈਂ) ਝਾੜੂ ਦੇਂਦੇ ਹਨ।

ਤਜਾਗੈਂ ਨਿਜ ਧਰਮ, ਕਰਮ ਸੁਭ ਹੂੰ ਤੈ ਭਾਗੈਂ,
ਅਨੁਰਾਗੈਂ ਸਤਿਸੰਗ ਮੈਂ ਨ ਪਾਗੈਂ ਬਾਨੀ ਹੈਂ[1] ॥ ੧੨੭ ॥

[1]ਆਪਣਾ ਧਰਮ ਛੱਡ ਦਿੱਤਾ ਹੈ, ਚੰਗੇ ਕਰਮਾਂ ਤੋਂ ਨੱਸਦੇ ਹਨ, ਸਤਿਸੰਗ ਵਿੱਚ ਪ੍ਰੇਮ ਨਹੀਂ ਕਰਦੇ ਤੇ ਨਾ ਬਾਣੀ 'ਚ ਲੀਨ ਹੁੰਦੇ ਹਨ।

ਨਿਜ ਤਨ ਤੀਯਾ ਸੁਤ ਸੁਤਾ ਕੋ[1] ਸ਼ਿੰਗਾਰ ਰਾਖੈਂ,
ਜੋਊ ਵਹਿ ਭਾਖੈਂ ਰਾਖੈਂ ਆਗੈ ਲਜਾਇ ਤਿਨ ਕੈ।

[1]ਆਪਣੇ ਸ਼ਰੀਰ, ਇਸਤ੍ਰੀ, ਪੁੱਤਰ ਤੇ ਪੁੱਤਰੀਆਂ ਨੂੰ।

ਮਾਤ ਪਿਤਾ ਬਿਰਧਾ[1] ਜੇ ਖਾਨ ਪਹਿਰਾਨ ਚੈਹੈਂ,
ਦੈ ਕੈ ਗਾਰਿ ਕੈਹੈਂ ਤਿਨੈ ਰਾਖੀ ਥੈਲੀ ਗਿਨ ਕੈ।

[1]ਬੁੱਢੇ।

ਈਸ ਗੁਰੂ ਹਿਤ ਦਸਵੰਧ ਦੈਨਾ ਰਹਯੋ ਕਿਤ,
ਬੀਸ ਤੀਸਵਾਂ ਭੀ ਹਿਸਾ ਦੇਤ ਨਾਹਿਂ ਮਿਨ ਕੈ।
ਮੀਰਾਂ ਸੋ ਖਿਲਾਤ[1] ਬਜਵਾਤ ਡੌਰੂ ਢੋਲ ਘਰ,

[1](ਮਲੇਰਕੋਟਲੇ ਦੇ ਇਕ ਪੀਰ) ਮੀਰਾਂ (ਨੂੰ ਕਿਸੇ ਇਸਤ੍ਰੀ

ਪੁਰਸ਼ ਵਿਚ ਪ੍ਰਵੇਸ਼ ਹੋਇਆ ਸਮਝ ਕੇ) ਖਿਡਾਉਂਦੇ ਹਨ।

ਸੰਤ ਗੁਰੁ ਗ੍ਰੰਥ ਬਿਨ ਮਾਨ ਨਾ ਥਾ ਜਿਨ ਕੈ[1] ॥ ੧੨੮ ॥ — [1]ਜਿਨ੍ਹਾਂ ਸਿੱਖਾਂ ਦੇ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਤਾਂ ਤੋਂ ਬਿਨਾਂ ਹੋਰ ਕਿਸੇ ਨੂੰ ਮੰਨਦੇ ਨਹੀਂ ਸਨ।

ਸੰਤਨ ਕੇ ਸੰਗ ਤੈ ਕੁਰੰਗ ਜਯੋਂ ਕੁਰੰਗ ਹੋਤ[1], — [1]ਹਰਨ ਵਾਂਗ ਨਸਦੇ ਹਨ।

ਖੋਤ ਪਰਲੋਕ ਲੋਕ ਓਕ ਨਿਜ ਭੀ ਖਰੈਂ[1]। — [1]ਲੋਕ ਪ੍ਰਲੋਕ ਤੇ ਆਪਣਾ ਚੰਗਾ ਘਰ ਵੀ ਗਵਾ ਲੈਂਦੇ ਹਨ।

ਪਜਾਰੇ ਪਰ ਤਰਨੀ ਕੇ[1] ਘਰਨੀ ਕੇ[2] ਹੈਂ ਦੁਪਜਾਰੇ, — [1]ਪਰਾਈ ਇਸਤ੍ਰੀ ਦੇ। [2]ਆਪਣੀ ਇਸਤ੍ਰੀ।

ਕਰਨੀ ਕੇ ਸਜਾਰ[1] ਬਰਨੀ ਕੇ ਸਿੰਘ ਹੂੰ ਤਰੈਂ[2]। — [1]ਗਿੱਦੜ। [2]ਕਥਨੀ ਦੇ ਬਹੁਤੇ ਸ਼ੇਰ ਹਨ।

ਮਾਨਤ ਘੁਮੰਡੀਆਂ[1] ਪਖੰਡੀਆਂ ਅਫੰਡੀਆਂ ਕੋ[2], — [1]ਹੰਕਾਰੀਆਂ। [2]ਬਹੁਤੀਆਂ ਫੜਾਂ ਮਾਰਨ ਵਾਲਿਆਂ ਨੂੰ।

ਅੰਡੀਆਂ ਦੈ ਪੰਡੀਆਂ ਕੋ[1] ਭੇਡ ਚਾਲ ਮੈਂ ਚਰੈਂ[2]। — [1]ਪੰਡਤਾਂ ਨੂੰ (ਅੰਡੀਆਂ) ਬਸਤਰ ਦੇਂਦੇ ਹਨ। [2]ਚਲਦੇ ਹਨ।

ਲੰਡੀਆਂ ਕੁਰੰਡੀਆਂ ਕੈ ਵਾਸਤੇ[1] ਗਰੀਬਨ ਕੀ — [1](ਲੰਡੀਆਂ) ਲੁੱਚੀਆਂ ਤੇ (ਕੁਰੰਡੀਆਂ) ਖੋਟੀਆਂ ਵੇਸਵਾਵਾਂ ਵਾਸਤੇ।

ਘੰਡੀਆਂ ਮਰੋਰੈਂ, ਭੰਡੀਆਂ ਤੈ ਭੀ ਨਾ ਡਰੈਂ[1] ॥ ੧੨੯ ॥ — [1]ਬਦਨਾਮੀ ਤੋਂ ਵੀ ਨਹੀਂ ਡਰਦੇ।

ਕਾਗਨ ਕੋ ਮੁਕਤਾ ਚੁਗਾਤ ਮੁਕਤਾ ਹਮੇਸ਼,
ਹੰਸਨ ਕੋ ਉਕਤਾ ਨ ਚੂਰ ਭੂਰ ਭੀ ਦਿਵੈਂ[1]। — [1]ਕਾਵਾਂ (ਪਾਪੀਆਂ) ਨੂੰ ਹਮੇਸ਼ਾਂ (ਮੁਕਤਾ) ਖੁੱਲ੍ਹੇ (ਮੁਕਤਾ) ਮੋਤੀ (ਚੰਗੇ ਪਦਾਰਥ) ਖੁਲਾਉਂਦੇ ਹਨ ਪਰ ਹੰਸਾਂ (ਸੰਤਾਂ) ਨੂੰ ਚੰਗੇ ਪਦਾਰਥਾਂ ਦੇ ਮੋਤੀਆਂ ਦਾ ਉੱਕਾ ਹੀ ਭੋਰਾ ਕੁ ਜਿੰਨਾ ਚੂਰਾ ਵੀ ਨਹੀਂ ਦੇਂਦੇ।

ਰੰਡੀਆਂ ਕੋ ਡੰਡੀਆਂ ਜਰਾਊ ਚੂਰਾ ਸਾਲ ਸੁਠ,
ਸੀਲਵਤੀ ਸੁਕੀਆਂ ਕੀ ਬਾਤ ਮੋਲ ਨਾ ਲਿਵੈਂ[1]। — [1](ਰੰਡੀਆਂ) ਵੇਸਵਾਵਾਂ ਨੂੰ ਜੜਾਊ ਡੰਡੀਆਂ (ਕੰਨਾਂ ਦਾ ਗਹਿਣਾ) ਤੇ ਜੜਾਊ ਚੂੜਾ (ਸਾਲ) ਸ੍ਰੇਸ਼ਟ ਤੇ ਸੁੰਦਰ (ਪਹਿਨਾਉਂਦੇ ਹਨ), (ਸੀਲਵਤੀ) ਪਤੀਬ੍ਰਤਾ (ਸੁਕੀਆਂ) ਆਪਣੀਆਂ ਇਸਤ੍ਰੀਆਂ ਦੀ ਗੱਲ ਮੁੱਲ ਨਹੀਂ ਲੈਂਦੇ ਭਾਵ ਉੱਕਾ ਹੀ ਨਹੀਂ ਸੁਣਦੇ।

ਮੂੜਨ ਕੋ ਮਾਨ ਦੈ ਅਗੂੜ ਗੂੜ ਬਿੱਤ ਬਹੁ,
ਬੂਢ ਤੈ ਗੁਨੀ ਕੋ ਗਜਾਨ ਨਾਹਿੰ ਮਾਨ ਹੈਂ ਕਿਵੈਂ[1]। — [1]ਮੂਰਖਾਂ ਨੂੰ ਮਾਣ ਤੇ ਗੁਪਤ ਪ੍ਰਗਟ ਬਹੁਤਾ ਧਨ ਦੇਂਦੇ ਹਨ, (ਬੂਢ) ਬੁੱਢੇ ਭਾਵ ਬਜ਼ੁਰਗਾਂ ਤੇ ਗੁਣੀਆਂ ਦੇ ਗਿਆਨ ਨੂੰ ਕਿਸੇ ਤਰ੍ਹਾਂ ਵੀ ਨਹੀਂ ਮੰਨਦੇ।

ਕੰਚਨੀ ਕੋ ਕੰਚਨ ਹੁਧਾਰ ਚਾਇ ਕੈ ਭੀ ਦੇਤ,
ਬਾਮਨ ਕੋ ਸੀਧੈ ਤੈ ਜੁਵਾਬ ਸੂਧਾ ਹੀ ਦਿਵੈਂ[1] ॥ ੧੩੦ ॥ — [1]ਵੇਸਵਾ ਨੂੰ ਸੋਨਾ ਹੁਧਾਰ (ਕਰਜ਼ਾ) ਚੁੱਕ ਕੇ ਵੀ ਦੇਂਦੇ ਹਨ ਤੇ ਬ੍ਰਾਹਮਣ ਨੂੰ ਰਸਦ (ਭੋਜਨ ਕਰਨ ਦੀ ਸਮੱਗ੍ਰੀ) (ਮੰਗਣ) ਤੋਂ ਸਿੱਧਾ ਹੀ ਜਵਾਬ ਦੇ ਦੇਂਦੇ ਹਨ।

ਗੁਨੀਆਂ ਕੋ ਮਾਨ ਗਜਾਨ ਮੁਨੀਆਂ ਕੋ ਮਾਨੈਂ — [1]ਗੁਣੀਆਂ ਦੇ ਗਿਆਨ ਤੇ ਮੁਨੀਆਂ ਦੇ ਮਾਣ ਨੂੰ ਨਹੀਂ ਮੰਨਦੇ।

ਨਾਹਿਂ[1],
ਦੁਨੀਆਂ ਕੇ ਧੰਧਨ ਮੈਂ ਬੰਧੇ ਸਮ ਜਾਲ ਕੀ[1]। — [1]ਜਾਲ ਦੇ ਵਾਂਗ।
ਸੰਤਨ ਕੋ ਸਨਮਾਨ ਭਿੱਛਕੋਂ ਕੋ[1] ਦਾਨ ਨਾਂਹਿ, — [1]ਮੰਗਤਿਆਂ ਨੂੰ।
ਕੋਵਿਦ ਕਵੈਂ ਪਛਾਨ ਨਾਹਿਂ ਤਾਨ ਤਾਲ ਕੀ[1]। — [1]ਵਿਦਵਾਨ ਕਵੀਆਂ ਦੀ ਅਤੇ (ਸੰਗੀਤ ਦੇ) ਤਾਨ ਤੇ ਤਾਲ ਦੀ ਵੀ (ਕੋਈ) ਪਛਾਣ ਨਹੀਂ ਹੈ।
ਪ੍ਰੀਤਮੋਂ ਮੈਂ ਪ੍ਰੀਤਿ ਹੂਟੀ[1] ਰਾਜਨ ਤੈ ਨੀਤਿ[2] ਛੂਟੀ, — [1]ਖ਼ਤਮ ਹੋ ਗਈ। [2]ਰਾਜ-ਨੀਤੀ।
ਸ਼ਾਹੈਂ ਪਰਤੀਤਿ ਫੂਟੀ ਰੀਤਿ ਕੁਲ ਢਾਲ ਕੀ[1]। — [1]ਸ਼ਾਹੂਕਾਰਾਂ ਦਾ ਭਰੋਸਾ ਤੇ ਕੁਲ ਦੀ ਰੀਤੀ ਦੀ (ਢਾਲ) ਮਰਯਾਦਾ ਨਾਸ਼ ਹੋ ਗਈ।
ਹਾਇ ਹਰਿ ਗਜਾਨ ਖਾਨਿ ਮੰਦਤਾ ਜਹਾਨ ਥਯੋ,
ਛਾਯ ਰਹੀ ਕਾਲਤਾ ਕਰਾਲ ਕਲੂ ਕਾਲ ਕੀ[1] ॥੧੩੧॥ — [1]ਸੰਸਾਰ ਬੁਰਿਆਈਆਂ ਦੀ ਖਾਣ ਹੋ ਗਿਆ ਹੈ, ਕਲਜੁਗ ਦੇ ਸਮੇਂ ਦੀ ਭਿਆਨਕ ਕਾਲਖ਼ ਫੈਲ ਰਹੀ ਹੈ।

ਕੁਟਨੀਂ ਕੋ ਕਰਨ, ਕਲਾਵਤੈਂ ਕਲਪ-ਤਰੁ,
ਭੰਡਨ ਕੋ ਭੋਜ ਸੇ ਹੈਂ ਚੋਜ ਹੂੰ ਕਰੈਨ ਕੋ[1]। — [1](ਕੁਟਨੀ) ਵਿਭਚਾਰ ਕਰਾਉਣ ਵਾਲੀਆਂ ਇਸਤ੍ਰੀਆਂ ਨੂੰ ਦਾਨ ਕਰਨ ਲਈ ਕਰਨ ਵਰਗੇ, (ਕਲਾਵਤੈਂ) ਗਵੱਈਆਂ ਨੂੰ (ਮਨ-ਇੱਛਤ ਫਲ ਦੇਣ ਲਈ) ਕਲਪ-ਬ੍ਰਿਛ ਵਰਗੇ, (ਚੋਜ) ਤਮਾਸ਼ੇ ਕਰਨ ਵਾਲੇ (ਭੰਡਨ) ਨਕਲੀਆਂ ਨੂੰ ਭੋਜਰਾਜੇ ਵਰਗੇ (ਦਾਤੇ) ਹਨ।
ਬਰਨੀ ਨ ਜਾਤ ਜੇਤ ਪਰ ਤਰਨੀ ਕੋ ਦੇਤ,
ਘਰਨੀ ਸੈਂ ਥੋਰ ਹੇਤ ਦੰਡ ਹਾਕਮੈਨ ਕੋ[1]। — [1]ਜਿੰਨਾ ਪਰ ਇਸਤ੍ਰੀ ਨੂੰ ਦੇਂਦੇ ਹਨ, ਕਿਹਾ ਨਹੀਂ ਜਾਂਦਾ, ਆਪਣੀ ਇਸਤ੍ਰੀ ਨਾਲ ਥੋੜ੍ਹਾ ਮੋਹ ਹੈ, ਹਾਕਮਾਂ ਦਾ ਦੰਡ ਭਰਦੇ ਹਨ।
ਕੰਚਨੀ ਕੋ ਦੈਂ ਬਿਸਾਲ ਕੰਚਨ ਮੁਕਤ-ਮਾਲ,
ਦਾਰੂ ਹੇਤ ਭੀ ਕਮਾਲ ਦਾਮ ਖਰਚੈਨ ਕੋ[1]। — [1]ਵੇਸਵਾ ਨੂੰ ਬਹੁਤਾ ਸੋਨਾ ਤੇ ਮੋਤੀਆਂ ਦੀਆਂ ਮਾਲਾ ਦੇਂਦੇ ਹਨ, (ਦਾਰੂ) ਸ਼ਰਾਬ ਵਾਸਤੇ ਵੀ ਬਹੁਤੇ ਰੁਪਏ ਖ਼ਰਚ ਕਰਨ ਨੂੰ ਦੇਂਦੇ ਹਨ।
ਦੋਊ ਠੌਰ ਸਰਦਾਰ ਹੱਥ ਤੰਗ ਹ੍ਵੈ ਲਚਾਰ[1], — [1]ਸਰਦਾਰਾਂ ਦਾ ਦੋ ਥਾਈਂ ਹੱਥ ਤੰਗ ਤੇ ਦੁਖੀ ਹੁੰਦਾ ਹੈ।
ਈਸ਼੍ਵਰ ਨਮਿੱਤ ਤੈ ਕਵੀਸ਼੍ਵਰ ਕੇ ਦੈਨ ਕੋ ॥੧੩੨॥

ਲੁੰਡਜਾ ਕੌ ਲਾਖ ਧੌ ਲੁਟਾਇ ਕੈ ਰਖੈ ਹੈਂ ਸਾਖ[1], — [1](ਲੁੰਡਜਾਂ) ਲੁੱਚਿਆਂ ਨੂੰ ਲੱਖ ਹੀ (ਧੌ) ਰੁਪਏ ਲੁਟਾ ਕੇ ਆਪਣੀ (ਸਾਖ) ਨੇਕ ਸ਼ੁਹਰਤਰਖਦੇ ਹਨ।
ਮੁੰਡਜੇ ਕੋ ਮਾਯਾ ਦੇਤ ਜੇਤ ਸੋ ਚਹਾ ਕਰੈਂ[1]। — [1]ਜਿੰਨੀ ਉਹ ਇੱਛਾ ਕਰਦੇ ਹਨ।
ਗੁੰਡਨ ਮੈਂ ਮੇਲ ਕੇਲ ਰੰਡਨ ਸੈਂ ਰੇਲ ਪੇਲ,
ਭੰਡਨ ਸੈਂ ਝੇਲ ਹਹਾ ਹੀ ਹੀ ਮੈਂ ਬਹਾ ਕਰੈਂ[1]। — [1](ਗੁੰਡਨ) ਲੁੱਚਿਆਂ ਨਾਲ ਮੇਲ ਤੇ (ਕੇਲ) ਖੇਲਾਂ ਕਰਦੇ ਹਨ,

(ਰੰਡਨ) ਵੇਸਵਾਵਾਂ ਨਾਲ (ਰੇਲ ਪੇਲ) ਧੱਕੋ ਧੱਕੀ ਹੁੰਦੇ ਹਨ, ਨਕਲੀਆਂ ਨਾਲ (ਝੇਲ) ਮਿਲ ਕੇ (ਹਾ ਹਾ ਹੀ ਹੀ) ਹਾਸੇ ਠੱਠਿਆਂ ਵਿੱਚਰੁੜ੍ਹ ਜਾਂਦੇ ਹਨ।

ਲੁੱਚ ਮੰਡਲੀ ਮੈਂ ਰੈਂਹੈਂ ਹਾਸ ਰਸ ਹੂੰ ਰਖੈ ਹੈਂ,
ਐਸੇ ਸਰਦਾਰ ਜੇ ਹੈਂ ਸੁਜਸ ਦਹਾ ਕਰੈਂ[1]।

[1]ਆਪਣੇ ਚੰਗੇ ਜਸ ਨੂੰ ਸਾੜ ਲੈਂਦੇ ਹਨ।

ਭੰਡਤ ਬੰਡਤ ਗਾਰਿ ਫੰਡਤ ਮੰਡਤ ਐਸੀ,
ਲੰਡਤ ਸਭਾ ਮੈਂ ਜਾਇ ਪੰਡਤਿ ਕਹਾਂ ਕਰੈਂ[1] ॥ ੧੩੩ ॥

[1](ਇਕ ਦੂਜੇ ਨੂੰ) ਭੰਡਦੇ ਤੇ ਗਾਲ੍ਹਾਂ ਵੰਡਦੇ ਹਨ, ਐਸੀ (ਫੰਡਤ) ਬਕਵਾਸ (ਮੰਡਤ) ਕਰਦੇ ਹਨ ਐਸੇ ਲੁੱਚਿਆਂ ਦੀ ਸਭਾ ਵਿੱਚ ਜਾ ਕੇ ਪੰਡਤ (ਵਿਦਵਾਨ) ਕੀ ਕਰਨ।

ਜਾਗ ਜਿਨ ਕੇ ਬਡੇਰੇ ਬਾਨੀ ਪਢਤੇ ਸਵੇਰੇ,
ਗੁਰੁ ਗ੍ਰੰਥ ਬਿਨ ਹੇਰੇ[1] ਜਲ ਨਾਂ ਕਰੈਂ।

[1]ਦਰਸ਼ਨ ਕੀਤੇ ਤੋਂ ਬਿਨਾਂ।

ਤਿਨ ਹੀ ਕੇ ਨਾਤੀ[1] ਧੂਪ ਦੀਪ ਕੀ ਕਹਾਂ ਬਖ੍ਯਾਤੀ[2],

[1]ਪੋਤਰੇ। [2]ਪ੍ਰਗਟਤਾ ਕਿੱਥੇ ਭਾਵ ਧੂਪ ਦੀਪ ਕਰਨ ਦੀ ਗੱਲ ਤਾਂ ਕਿਤੇ ਰਹੀ।

ਪਾਇ ਹੈਂ ਨ ਝਾਤੀ ਮੂਸ ਖਾਤ ਗ੍ਰੰਥ ਕੋ ਪਰੈਂ[1]।

[1](ਗੁਰੂ ਗ੍ਰੰਥ ਸਾਹਿਬ) ਵਲ ਝਾਤੀ ਵੀ ਨਹੀਂ ਪਾਉਂਦੇ (ਭਾਵੇਂ) ਚੂਹੇ (ਗੁਰੂ) ਗ੍ਰੰਥ ਸਾਹਿਬ ਨੂੰ ਟੁਕਦੇ ਪਏ ਹੋਣ।

ਜਪੁ ਜੀ, ਨ ਰਹਿਰਾਸ ਸੁਨੈਂ ਪਢੈਂ ਕਬੀ ਖਾਸ[1]

[1]ਆਪ।

ਔਰ ਜੇ ਪਢਤ ਪਾਸ ਹਾਸ ਤਿਨ ਯੌਂ ਰਰੈਂ[1]।

[1]ਮਖ਼ੌਲ ਨਾਲ ਐਉਂ ਕਹਿੰਦੇ ਹਨ।

ਕਹਾਂ ਰੱਬ ਬਹਿਰਾ ਹੈ ਗਹਿਰਾ ਪੁਕਾਰੈਂ ਜੌ ਤੂੰ,
ਸ਼ਹਿਰਾਂ ਮੈਂ ਜਾਇ ਲੁਕਮੇ ਰਿਝਾਇ ਲੈ ਤਰੈਂ[1] ॥ ੧੩੪ ॥

[1]ਜੋ ਤੂੰ (ਗਹਿਰਾ) ਡੂੰਘਾ ਭਾਵ ਉੱਚੀ ਸੁਰ ਨਾਲ ਪੁਕਾਰ ਕਰਦਾ ਹੈਂ ਕੀਰੱਬ ਬੋਲਾ ਹੈ ? ਸ਼ਹਿਰਾਂ ਵਿੱਚ ਜਾ ਕੇ (ਤਰੈਂ) ਬਹੁਤੇ (ਲੁਕਮੇਂ) ਭੋਜਨ ਲੈ ਕੇ (ਉਸ ਨੂੰ) (ਰਿਝਾਇ) ਪ੍ਰਸੰਨ ਕਰ ਲੈ।

ਪਢੇ ਤੈ ਨ ਸੁਝੈ ਜੋਤਿ[1] ਗ੍ਰੰਥ ਪੂਜੇ ਕਹਾਂ ਹੋਤ,

[1](ਪ੍ਰਮੇਸ਼ਰ ਦੀ) ਜੋਤਿ ਦਾ ਪ੍ਰਕਾਸ਼ ਨਹੀਂ ਹੁੰਦਾ।

ਜੌ ਪੈ ਓਤ ਪੋਤ[1] ਏਕ ਬ੍ਰਹਮ ਹੀ ਸਮਾਯੋ ਹੈ।

[1]ਤਾਣੇ ਪੇਟੇ ਦੀ ਤਰ੍ਹਾਂ।

ਹਮ ਤੁਮ ਬ੍ਰਹਮ ਜਬਿ ਕ੍ਰਮ ਧ੍ਰਮ ਭ੍ਰਮ ਸਭਿ
ਤਜਿ ਲਾਜ ਸ਼ਰਮ ਤਬਿ ਭੋਗੋ ਮਨ ਭਾਯੋ ਹੈ।
ਬਾਲਕਾਂ ਕੋ ਮਾਤ ਜਿਉਂ ਡਰਾਤ ਗਾਤ ਹਊਆ ਆਤ[1],

[1]ਕਹਿੰਦੀ ਹੈ ਕਿ ਹਊਆ ਆਉਂਦਾ ਹੈ।

ਬਿੱਪਨ ਬਖ੍ਯਾਤ ਬਾਤ ਜਾਲ ਯੇ ਬਨਾਯੋ ਹੈ[1]।

[1]ਬ੍ਰਾਹਮਣਾਂ ਨੇ ਪ੍ਰਗਟ ਹੀ ਇਹ ਗੱਲਾਂ ਦਾ ਜਾਲ ਬਣਾਇਆ ਹੈ।

ਪਾਪ ਪੁੰਨ ਨਰਕ ਸ੍ਵਰਗ ਗੁਰੁ ਚੇਲਾ ਕੂਰ,
ਗ੍ਯਾਨ ਯੌਂ ਗੁਲਾਬ ਦਾਸੀਓਂ ਤੈ ਘਨਜੋਂ ਪਾਯੋ ਹੈ[1] ॥ ੧੩੫ ॥

[1]ਇਸ ਤਰ੍ਹਾਂ ਦਾ ਗੁਲਾਬ ਦਾਸੀਆਂ ਤੋਂ ਬਹੁਤਿਆਂ ਨੇ ਗਿਆਨ ਪਾਇਆ ਹੈ।

ਐਸੇ ਬਧ ਗ੍ਯਾਨੀ ਪੀਨ[1] ਭਗਤੀ ਬਿਬੇਕ ਹੀਨ,

[1](ਪੀਨ) ਤਕੜੇ (ਮੋਹ ਵਿੱਚ) ਬੱਝੇ ਹੋਏ ਗਿਆਨੀ।

ਬਿਸ਼ੇ ਰਸ ਹੁੰ ਕੇ ਮੀਨ[1] ਦੀਨ ਖੀਨ ਹ੍ਵੈ ਵਜੈਂ[2]।
[1]ਮੱਛ। [2]ਇਸ (ਵਜੈਂ) ਤਰ੍ਹਾਂ (ਦੀਨ) ਕਮਜ਼ੋਰ ਤੇ (ਖੀਨ) ਦੁਖੀ ਹੁੰਦੇ ਹਨ।

ਹਾਇ ਅਫਸੋਸ ਸੁਕੀਆ ਅਦੋਸ਼ ਤਜਿ[1],
[1]ਦੋਸ਼ ਰਹਿਤ ਆਪਣੀ ਧਰਮ ਪਤਨੀ ਛੱਡ ਕੇ।

ਸਰਦਾਰ ਹੋਸ਼ਵਾਰ[1] ਭੀ ਸਦੋਸ਼ ਨਾਰਿ ਕੋ ਭਜੈਂ[2]।
[1]ਅਕਲਮੰਦ। [2]ਦੋਸ਼ਾਂ ਸਹਿਤ ਇਸਤੀਆਂ ਦਾ ਸੰਗ ਕਰਦੇ ਹਨ।

ਜਾਂਹਿ ਤੈ ਸੁਜਾਕ[1] ਉਪਦੰਸ਼[2] ਭੰਸ ਹ੍ਵੈ ਨਮਰਦ[3],
[1]ਸੁਜ਼ਾਕ। [2]ਆਤਸ਼ਕ। [3]ਨਮਰਦ ਹੋ ਕੇ (ਭ੍ਰੰਸ) ਤਬਾਹ ਹੁੰਦੇ ਹਨ।

ਬੰਸ ਅੰਸ ਖੋਇ ਜਾਤਰਾਜ ਹੋਇ ਕੈ ਕਜੈਂ[1]।
[1]ਕੁਲ ਤੇ ਉਲਾਦ ਗਵਾ ਲੈਂਦੇ ਹਨ ਤੇ (ਕਜੈਂ) ਮਰਨ ਤੋਂ ਬਾਅਦ ਰਾਜ ਚਲਿਆ ਜਾਂਦਾ ਹੈ।

ਰਾਜ ਅੰਗ੍ਰੇਜ਼ ਲੈਹੈਂ ਨਾਰੈਂ ਕੋ ਗੁਜਾਰੈਂ ਦੈਹੈਂ,
ਹਾਇ ਸਿੰਘ ਭੀ ਪਿਖੈ ਹੈਂ ਫੇਰ ਗਜਾਨ ਨਾ ਸਜੈਂ[1] ॥੧੩੬॥
[1]ਗਿਆਨ ਧਾਰਨ ਨਹੀਂ ਕਰਦੇ।

ਯਦੀ ਯਾਹੀਂ ਤੌਰ ਔਰ ਠੌਰ ਭੀ ਬਿਨਾਸੇ ਰਾਜ,
ਤੌ ਭੀ ਮੈਣ-ਦਾਬ[1] ਮਾਹਿਂ ਨਾਸੇ ਜੌ ਅਪਾਰੇ ਹੈਂ।
[1]ਘੱਘਰ ਤੇ ਜਮਨਾਂ ਦੇ ਵਿਚਕਾਰ ਦਾ ਦੇਸ਼।

ਸੋਚ ਕੈ ਨਰੇਂਦ੍ਰ-ਮ੍ਰਿਗੇਸ ਪਟਲੇਸ,
ਕਲਕੱਤੇ ਜਾਇ ਅਲਵੱਤੇ[1], ਕੀਨੋ ਉਪਕਾਰੇ ਹੈਂ।
[1]ਬਿਨਾਂ ਸੰਸੇ ਤੋਂ।

ਔਤ ਜੋਉ ਫੌਤ ਥਾਇ ਰਾਜ ਨਿਕਟੀ ਲਹਾਇ,
ਮੁਤਬੰਨਾ ਜੋ ਚਹਾਇ ਕਰਿ ਲੇਵੈਂ ਸਾਰੇ ਹੈਂ[1]।
[1]ਜਿਹੜਾ ਔਤਰਾ ਮਰ ਜਾਵੇ ਉਸ ਦਾ (ਨਿਕਟੀ) ਖਾਨਦਾਨ 'ਚੋਂ ਨੇੜੇ ਦਾ ਸੰਬੰਧੀਰਾਜ ਲੈ ਲੈਂਦਾ ਸੀ, ਹੁਣ ਸਾਰਿਆਂ ਵਿਚੋਂ ਜਿਸ ਨੂੰ ਚਾਹੇ (ਮੁਤਬੰਨਾ) ਪੁੱਤਰ ਬਣਾ ਲਵੇ।

ਜਬਿ ਤੇ ਕਨੂਨ ਏਹੈ ਕੀਓ ਸਰਕਾਰ ਜਾਰੀ[1],
[1]ਸ਼ੁਰੂ।

ਤਬਿ ਤੈ ਥਿਰਾਨੇ[1] ਕਿਛੁ ਭੂਪ ਸਰਦਾਰੇ ਹੈਂ ॥੧੩੭॥
[1]ਟਿਕ ਗਏ।

ਤੌ ਭੀ ਏਕ ਦੁਤੀ ਕਾ ਹੈ ਬੈਰੀ ਝਗਰੈਂ ਕਚਹਿਰੀ,
ਇਤਫਾਕ ਬਿਨ ਖਾਕ ਮੂੰਡ ਨਿਜ ਡਾਰੇ ਹੈਂ[1]।
[1]ਏਕੇ ਤੋਂ ਬਿਨਾਂ ਆਪਣੇ ਸਿਰ ਵਿੱਚ ਸੁਆਹ ਪਾਉਂਦੇ ਹਨ।

ਸਰਦਾਰੀ ਨੀਕੀ ਰਹਿਨੇ ਨ ਦੇਤ ਹੈਂ ਨਜੀਕੀ,
ਥਈ ਮਤਿ ਫੀਕੀ ਤਜੇ ਧਰਮ ਸੁ ਧਾਰੇ ਹੈਂ[1]।
[1]ਨਜ਼ਦੀਕ (ਸ਼ਰੀਕ) ਚੰਗੀ ਸਰਦਾਰੀ ਰਹਿਣ ਨਹੀਂ ਦੇਂਦੇ, ਉਨ੍ਹਾਂ ਦੀ ਮਤ ਖ਼ਰਾਬ ਹੋ ਗਈ ਹੈ, ਚੰਗੇ ਧਰਮ ਦਾ ਧਾਰਨਾ ਛੱਡ ਬੈਠੇ ਹਨ।

ਸੰਜਮ ਬਿਹੀਨ ਦੀਨ ਕਰਿ ਰਾਖੇ ਕਰਜਾਈਓਂ,
ਛੀਨ ਲੀਨ ਜਾਏਦਾਤੈਂ[1] ਇੱਜਤੈਂ ਬਿਗਾਰੇ ਹੈਂ।
[1]ਸੰਕੋਚ ਤੋਂ ਬਿਨਾਂ ਬਿਆਜ ਲੈਣ ਵਾਲਿਆਂ ਨੇ ਦੁਖੀ ਕਰਰੱਖਿਆ ਹੈ, ਉਨ੍ਹਾਂ ਦੀਆਂ ਜਾਇਦਾਦਾਂ ਖੋਹ ਲਈਆਂ ਹਨ।

ਹਾਇ ਅਫਸੋਸ ਤੌ ਭੀ ਸੁਕੀਆ ਅਦੇਸ਼ ਤਜਿ,

ਸਰਦਾਰ ਹੋਸ਼ਵਾਰ ਦੋਸ਼ਦਾਰ ਧਾਰੇ ਹੈਂ[1] ॥੧੩੮॥

[1]ਦੋਸ਼ ਤੋਂ ਰਹਿਤ ਆਪਣੀਆਂ ਧਰਮ-ਪਤਨੀਆਂ ਛੱਡ ਕੇ ਦੋਸ਼ਾਂ ਵਾਲੀਆਂ (ਇਸਤ੍ਰੀਆਂ) ਦਾ ਸੰਗ ਕਰਦੇ ਹਨ।

ਹਾਰ ਨਾਰਿ ਤਿਨ ਹੂੰ ਕੀ ਬਿਭਚਾਰ ਧਾਰ ਲੇਤ,
ਨਿਜ ਜੀ ਕੇ ਸੁਖ ਹੇਤ ਪੀ ਕੇ ਲੀਕੇ ਪਰ ਹੈਂ[1]।

[1]ਪਤੀ ਦੀ ਲੀਹ ਵਿਭਚਾਰ ਦੇ (ਰਸਤੇ) ਪੈ ਜਾਂਦੀਆਂ ਹਨ।

ਮੂਢਨੀ ਤੋ ਦਵਾ ਖਾਇ ਕੂਪ ਬੰਧਵਾਇ ਲੇਤ,
ਸਜਾਨੀ ਕੈ ਹਜ਼ਾਰ ਫੰਧ ਪੂਤ ਰਚ ਧਰਿ ਹੈਂ[1]।

[1]ਮੂਰਖ ਵਿਭਚਾਰਣ ਇਸਤ੍ਰੀਆਂ ਤਾਂ ਦਵਾਈਆਂ ਖਾ ਕੇ ਕੁੱਖ ਬੰਨ੍ਹਵਾ ਲੈਂਦੀਆਂ ਹਨ (ਜਿਸ ਕਰ ਕੇ ਬੱਚਾ ਪੈਦਾ ਨਾ ਹੋਵੇ) ਸਿਆਣੀਆਂ ਵਿਭਚਾਰਣ ਇਸਤ੍ਰੀਆਂ ਹਜ਼ਾਰਾਂ (ਫੰਧ) ਛਲ ਬਣਾਕੇ ਪੁੱਤਰ ਜੰਮਦੀਆਂ ਹਨ।

ਬੀਰਜ ਛੇਤ੍ਰ-ਸੁਤ ਗੋਪ ਕੀਓ ਗੋਦ ਲੀਓ,
ਬੇਦ ਪਰਮਾਨ ਚਾਰ ਹੂੰ ਕੋ ਸਮਰਰ ਹੈਂ[1]।

[1](ਬੀਰਜ ਸੁਤ) ਆਪਣੇ ਪਤੀ ਦੇ ਬੀਰਜ 'ਚੋਂ ਪੈਦਾ ਹੋਇਆ ਪੁੱਤਰ (ਛੇਤ੍ਰ ਸੁਤ) ਕਿਸੇ ਦੂਸਰੇ ਆਦਮੀ ਦੇ ਬੀਰਜ ਤੋਂ ਆਪਣੀ ਇਸਤ੍ਰੀ 'ਚੋਂ ਜਾਣ ਬੁੱਝ ਕੇ ਪੈਦਾ ਕਰਵਾਇਆ ਪੁੱਤਰ, (ਗੋਪ ਕੀਓ) ਕਿਸੇ ਗੁਪਤ ਆਦਮੀ ਦੇ ਬੀਰਜ ਤੋਂ ਆਪਣੀ ਇਸਤ੍ਰੀ 'ਚੋਂ ਜੰਮਿਆ ਪੁੱਤਰ, (ਗੋਦ ਲੀਯੋ) ਕਿਸੇ ਹੋਰ ਦਾ ਪੁੱਤਰ ਜਿਸ ਨੂੰ ਆਪਣੀ ਗੋਦੀ ਪਾ ਕੇ ਆਪਣਾ ਪੁੱਤਰ ਬਣਾ ਲਿਆ ਹੋਵੇ, ਇਨ੍ਹਾਂ ਚਹੁੰਆਂ ਨੂੰ ਵੇਦ ਦਾ ਪ੍ਰਮਾਣ ਇਕੋ ਜਿਹਾ ਕਹਿੰਦਾ ਹੈ।

ਧੰਨ ਤੇਊ ਨਾਰਿ ਜੋ ਬੇਕਾਰ ਪਤਿ[1] ਕੋ ਨਿਹਾਰਿ,

[1]ਨਮਰਦ ਪਤੀ।

ਕੁੰਤੀ ਜਿਮ ਰੀਤਿ ਧਾਰਿ ਰਾਖੈਂ ਰਾਜ ਘਰ ਹੈਂ[1] ॥੧੩੯॥

[1]ਆਪਣਾ ਰਾਜ ਘਰ ਵਿੱਚ ਹੀ ਰਖ ਲੈਂਦੀਆਂ ਹਨ ਭਾਵ ਪਰ ਪੁਰਖਾਂ ਤੋਂ ਪੁੱਤਰ ਪੈਦਾ ਕਰਕੇ ਰਾਜ ਦਾ ਮਾਲਕ ਬਣਾ ਲੈਂਦੀਆਂ ਹਨ।

ਐ ਪੈ ਹੰਸ ਸਿੰਘਨ ਕੀ ਅੰਸ ਭ੍ਰੰਸ ਭਈ[1],

[1]ਉਲਾਦ (ਭ੍ਰੰਸ) ਨਾਸ਼ ਹੋ ਗਈ।

ਬਹੁ ਠੌਰ ਮੈ ਨਿਸੰਸ ਬੰਸ ਕਾਕ[1] ਬਕ[2] ਹੋ ਗਏ।

[1]ਕਾਂ ਭਾਵ ਮਲੇਛ। [2]ਬਗਲੇ ਭਾਵ ਲਾਗੀ ਲੋਗ।

ਯਾਂਹੀ ਤੈ ਸੁ ਸਿੰਘੀ ਰੀਤਿ ਮਾਂਹਿ ਤਿਨੈਂ ਨਾਂਹਿ ਪ੍ਰੀਤਿ,
ਸ਼ਰਮ ਧਰਮ ਨੀਤਿ ਕੁਲਾਚਾਰ ਖੋ ਦਏ[1]।

[1]ਕੁਲ ਦੇ ਸ੍ਰੇਸ਼ਟ ਕਰਮ ਛੱਡ ਦਿੱਤੇ।

ਪਢਿ ਅੰਗ੍ਰੇਜ਼ੀ ਫਾਰਸੀ ਤੈ ਭਏ ਆਰਸੀ[1] ਹੈਂ,

[1]ਆਲਸੀ।

ਖਾਰਸੀ ਸਮਝਿ[1] ਸ਼ੁਭ ਕਾਮ ਸਭਿ ਧੋ ਦਏ।

[1]ਖ਼ੁਰਕ ਵਾਂਗ ਦੁਖਦਾਈ ਜਾਣ ਕੇ।

ਜਾਗੈਂ ਬਡੀ ਰਾਤ ਤੈ ਨ, ਗੁਰਬਾਨੀ ਗਾਤ ਹੈਂ ਨ,
ਪਿੰਡੇ ਕਬੀ ਨ੍ਹਾਤ ਹੈਂ, ਨ ਥਿਰਿ ਧਜਾਨ ਕੋ ਕਏ[1] ॥੧੪੦॥

[1]ਟਿਕ ਕੇ ਕਦੀ ਧਿਆਨ ਵੀ ਨਹੀਂ ਲਾਉਂਦੇ।

ਤਜਾਗੇ ਸਭਿ ਦਾਨ ਪੁੰਨ ਸੰਤ ਸੰਗ ਤੇ ਹੈਂ ਸੁੰਨ[1],

[1]ਖ਼ਾਲੀ।

ਕਥਾ ਕੀਰਤਨ, ਗੁਨ-ਦੈਵੀ ਹੂੰ ਨ ਚੁਨੇ ਹੈਂ[1]।

[1]ਕਥਾ ਕੀਰਤਨ ਆਦਿ ਸ਼ੁਭ ਗੁਣਾਂ ਨੂੰ ਨਹੀਂ ਚੁਣਦੇ ਭਾਵ ਧਾਰਦੇ।

ਫੂਲ ਨਾ ਵੈਰਾਗ ਥਾਯੋ ਫਲ ਗਜ਼ਾਨ ਕੁਰੋ ਪਾਯੋ,
ਗੁਰੋਂ ਕੇ ਚਰਿਤ੍ਰ ਪਵਿੱਤ੍ਰ ਨ ਸੁਨੇ ਹੈਂ।
ਸੀਖੇ ਦੁਨੀਆਵੀ ਕਾਰ ਦੌਲਤ ਖੱਟੀ ਅਪਾਰ,
ਆਕਰੈਂ ਚਲਤ ਭਏ ਬਾਂਕੁਰੇ ਅਧੁਨੇ ਹੈਂ[1]।

[1](ਅਧੁਨੇ) ਨਵੇਂ ਨਮੂਨੇ ਦੇ (ਬਾਂਕਰੇ) ਸੁੰਦਰ ਬਣ ਕੇ ਆਕੜ ਨਾਲ ਚਲਦੇ ਹਨ।

ਮਾਯਾ ਧਾਰੀ ਅੰਨ੍ਹਾ ਬੋਲਾ, ਸ਼ਬਦ ਨ ਸੁਨੈ ਝੋਲਾ ਥਯੋ,
ਰੋਲ ਹੂੰ ਘਚੋਲਾ ਗੁਰੂ ਭੀ ਯੌਂ ਧੁਨੇ ਹੈਂ[1] ॥੧੪੧॥

[1](ਮਾਇਆਂ ਦੇ) ਝੋਲੇ (ਕਾਂਬੇ) ਦਾ ਰੋਗ ਹੋ ਗਿਆ ਹੈ, ਇਸ ਕਰ ਕੇ ਸ਼ਬਦ ਨਹੀਂ ਸੁਣਦਾ, ਸਗੋਂਰੌਲਾ ਪਾ ਕੇ ਪ੍ਰਸੰਗ ਨੂੰ (ਘਚੋਲਾ) ਗੰਧਲਾ ਕਰ ਦੇਂਦਾ ਹੈ, ਸਤਿਗੁਰੂ ਜੀ ਵੀ ਇਉਂ ਕਹਿੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੩੧੩ ਪਰ ਇਹ ਦੋ ਤੁਕਾ ਐਉਂ ਹਨ- ਮਾਇਆ ਧਾਰੀ ਅਤਿ ਅੰਨ੍ਹਾ ਬੋਲਾ॥ ਸਬਦੁ ਨ ਸੁਣਈ ਬਹੁਰੋਲ ਘਚੋਲਾ॥ (ਗਉ: ਦੀ ਵਾਰ)

ਕੱਛ ਆਦਿਕੈਂ ਪ੍ਰਤੱਛ ਰੀਤਿ ਭੀਤ ਛੋਰੀ ਅੱਛ,
ਐਸ ਹੂੰ ਬਿਲੱਛ ਥਏ ਛੋਰੇ ਪੱਛਵਾਰੇ ਹੈਂ[1]।

[1]ਕੱਛ ਆਦਿ ਕਕਾਰਾਂ ਦੇ ਪਹਿਨਣ ਦੀ ਪ੍ਰਤੱਖ (ਅੱਛ) ਚੰਗੀਰੀਤੀ ਸਣੇ ਧਰਮ ਦੇ (ਭੀਤ) ਭੈ ਦੇ ਛੱਡ ਦਿੱਤੀ, ਇਸ ਤਰ੍ਹਾਂ ਦੇ ਲੋਕ (ਬਿਲੱਛ) ਬਹੁਤੇ ਹੋ ਗਏ ਤੇ ਸਿੱਖੀ ਦੇ ਪੱਖ ਵਾਲੇ ਥੋੜ੍ਹੇਰਹਿ ਗਏ ਹਨ।

ਐ ਪੈ ਇਤਫਾਕ ਪਾਕ[1] ਨਾਂਹਿ ਜਾਂ ਤੈ ਉਡੈ ਖਾਕ,
ਵਿੱਦਵਾਨੋਂ ਕਾ ਤੋ ਵਾਕ ਸੁਨ ਹੈਂ ਨ ਧਾਰੇ ਹੈਂ।
ਚਾਹੀਏ ਥੀ ਉੱਨਤੀ ਕਰੈਨੀ ਸਿੰਘੀ ਰੀਤਿ ਹੂੰ ਕੀ,
ਏਕ ਮੇਕ ਹੋਇ ਭੇਦ ਭਾਵ ਖੋਇ ਸਾਰੇ ਹੈਂ।
ਐਸੋ ਮੌਕਾ ਫੇਰ ਕਬਿ ਐਹੈ ਪਛਤੈਹੈਂ ਪਾਛੈ,
ਨਜਾਇ-ਕਾਰੀ ਦਜਾਲੂ ਆਛੇ ਸਰਕਾਰ ਭਾਰੇ ਹੈਂ ॥੧੪੨॥

[1]ਪਵਿੱਤਰ ਏਕਾ।

ਅਮਨ ਅਜ਼ਾਦੀ ਬੇਤਦਾਦੀ[1] ਤੈ ਅਵਾਦੀ[2] ਅਬਿ,
ਸੁਖਦ ਬਿਹਾਦੀ ਦਾਇ ਸਮਾਂ[1] ਪ੍ਰਭ ਆਨੋ ਹੈ।
ਏ ਜੁ ਪੰਥ ਖਾਲਸਾ ਬਿਸਾਲਸਾ[1] ਅਰਜ਼ ਮੇਰੀ,
ਸੁਨ ਕੈ ਖਜਾਲਸਾ ਧਰੀਜੈ ਜਰਾ ਕਾਨੋ ਹੈ[1]।
ਛੋਰ ਪਰਮਾਦ ਬਾਦ ਤੈ ਬਿਵਾਦ ਸ਼ਰ੍ਹਾ ਕੇਰ,

[1]ਅਣਗਿਣਤ। [2]ਵਸੋਂ।

[1]ਬਹੁਤਾ ਸੁਖ ਦੇਣ ਵਾਂਗ ਸਮਾਂ।

[1]ਬਹੁਤੀ।

[1]ਜ਼ਰਾ ਕੰਨਾਂ ਵਿੱਚ ਸੁਣ ਕੇ ਖ਼ਿਆਲ ਨਾਲ ਧਾਰਨ ਕਰੋ।

ਮਰਾਯਾਦ ਪਹਿਲ ਸਹਿਲ ਮਨ ਠਾਨੋ ਹੈ[1]।	[1](ਪਰਮਾਦ) ਲਾ-ਪ੍ਰਵਾਹੀ ਤੇ ਸ਼ਰ੍ਹਾ ਦਾ ਝਗੜਾ ਤੇ ਚਰਚਾ ਛੱਡ ਕੇ (ਸਿੱਖੀ ਦੀ) ਪਹਿਲੀ ਮਰਯਾਦਾ ਸੌਖੀ ਹੀ ਮਨ ਵਿੱਚ ਧਾਰੋ।
ਗਰਜ਼ੀ ਹ੍ਵੈ[1] ਅਰਜ਼ੀ ਗੁਜ਼ਾਰੀ ਮੈਂ ਫਰਜ਼ ਲਖਿ[2], ਮਰਜ਼ੀ ਤਿਹਾਰੀ ਆਗੇ ਮਾਨੋ ਨਾਂਹਿ ਮਾਨੋ ਹੈ ॥ ੧੪੩ ॥	[1]ਲੋੜਵੰਦ ਹੋ ਕੇ। [2]ਜਾਣ ਕੇ।
ਰੀਤਿ ਸਰਦਾਰਨ ਕੀ ਭੂਰ ਧਨ-ਵਾਰਨ ਕੀ[1],	[1]ਬਹੁਤੇ ਧਨੀਆਂ ਦੀ।
ਔਰ ਸਿੰਘ ਸਾਰਨ[1] ਉਚਾਰਨ ਜਜੋਂ ਕੀਨ ਹੈ।	[1]ਸਾਰਿਆਂ ਸਿੰਘਾਂ ਦੀ।
ਪੰਥ ਕੇ ਜੋ ਕਾਰਵਾਰੀ[1] ਅਰਜ਼ੈਂ ਗੁਜ਼ਾਰੀ[2],	[1]ਕੰਮ ਚਲਾਉਣ ਵਾਲੇ। [2]ਮੇਵੜੇ।
ਥਾਪੇ ਮੁਖੀ ਏਹੈਂ ਭਾਰੀ ਔ ਪੁਜਾਰੀ ਚਾਰੀ ਪੀਨ ਹੈਂ[1]।	[1](ਪੀਨ) ਬਹੁਤੇ (ਚਾਰੀ) ਚੰਗੇ ਪੁਜਾਰੀ ਹਨ।
ਤੈਸੇ ਅਬਿ ਤਿਨ ਕੀ ਕਥੈਹੋਂ ਜਰਾ ਕੂਰ ਨੈਹੋਂ, ਪਿਛਲੇ ਤੈ ਅਬਿ ਕੇ ਜਜੋਂ ਭਏ ਲਿਹੁ ਚੀਨ ਹੈਂ।	
ਪਹਿਲੇ ਤੋ ਸਿੰਘ ਪੂਜਾ ਲੇਵਤੇ ਨ ਏਕ ਕੂਜਾ[1],	[1]ਮਿਸ਼ਰੀ ਦੀ ਇਕ ਠੂਠੀ।
ਗੁਰੂ ਕਾ ਬਚਨ ਹੂਜਾ ਮਾਨ ਦਿਢ ਲੀਨ ਹੈਂ[1] ॥ ੧੪੪ ॥	[1](ਪੂਜਾ ਨਾ ਖਾਣ ਦਾ) ਗੁਰਾਂ ਦਾ ਬਚਨ (ਹੂ ਜਾ) ਹੋਇਆ ਪੱਕੀ ਤਰ੍ਹਾਂ ਮੰਨ ਲਿਆ ਹੈ।
ਦੌਲਤ ਜਬੈ ਬਿਹੱਦ ਡਾਰੀ ਗੁਰੁ ਨਦੀ ਮੱਧ, ਮਾਤ ਜੀ ਕਹਜੋ ਥਾ ਤੱਦ ਗੁਰੂ ਪ੍ਰਤਿ ਐਸ ਹੀ। ਬਿਰਥਾ ਕਾਹੇ ਸੁਟੈਹੋ ਸਿੱਖਨ ਕੋ ਕਯੋਂ ਨ ਦੈਹੋ,	
ਅਧਿਕ ਲਰੈਹੋ ਤੋ ਰਖੈਹੋ ਘਰ ਮੈਂ ਸਹੀ[1]।	[1]ਜੇ ਸਿੰਘਾਂ ਨੂੰ ਬਹੁਤਾ ਲੜਾਉਣਾ ਹੈ ਤਾਂ (ਮਾਇਆ ਨੂੰ) ਠੀਕ ਤਰ੍ਹਾਂ ਘਰ ਵਿੱਚ ਰੱਖੋ।
ਬੋਲੇ ਗੁਰੂ ਤਬਿ ਐਸੇ ਮੈਹੂੰ ਪੂਤ ਤੇਰੋ ਜੈਸੇ,	
ਬਿਸੁ ਨਾਹਿੰ ਦੈ ਸਕੈਸੇ[1] ਮੈਂ ਨ ਦੇਹੁੰ ਤੈਸ ਹੀ।	[1]ਤੂੰ ਜ਼ਹਿਰ ਨਹੀਂ ਦੇ ਸਕਦੀ।
ਕਹਿਰ ਜ਼ਹਿਰ ਪੂਜਾ ਆਹਿ ਮਿਸਰੀ ਕਾ ਕੂਜਾ[1],	[1]ਪੂਜਾ ਦਾ ਇਕ ਮਿਸ਼ਰ ਦਾ ਕੂਜਾ ਵੀ ਦੁੱਖਦਾਈ ਜ਼ਹਿਰ ਹੈ।
ਪੰਥ ਮਮ ਪੂਤ ਦੂਜਾ ਔ ਸਪੂਤ ਹੈ ਸਹੀ ॥ ੧੪੫ ॥ ਪੀਰਨ ਫਕੀਰਨ ਦਿਜਨ ਕਾ ਹੈ ਕਾਮ ਏਹ, ਪੰਥ ਮਮ ਛੱਤ੍ਰੀ ਬਰਣ ਸਿੰਘ ਸਾਰੇ ਹੈਂ। ਏਹੁ ਪੂਜਾ ਖੈਹੈਂ ਜਬਿ ਤੇਜ ਇਨ ਜੈਹੈ ਤਬਿ,	
ਤਾਂ ਤੇ ਮੈਂ ਨ ਦੈਹੋਂ ਅਬਿ ਮਤਿ ਬਿਧੀ ਧਾਰੇ ਹੈਂ[1]।	[1]ਆਪਣੀ ਬੁੱਧੀ ਵਿੱਚ ਇਹਰੀਤੀ ਧਾਰੀ ਹੈ।
ਭਸਮ ਕਰੰਤ ਅੱਗ ਤੇਜ ਜਜੋਂ ਅਹੂਤੀ ਜੱਗ, ਪੂਜਾ ਤਯੋਂ ਪਚੈ ਹੈਂ ਤੱਗ ਜਪੀ ਤਪੀ ਭਾਰੇ ਹੈਂ[1]।	[1]ਜਿਵੇਂ ਅੱਗ ਦਾ ਤੇਜ ਜੱਗ ਦੀ ਅਹੂਤੀ ਨੂੰ ਭਸਮ ਕਰਦਾ ਹੈ ਤਿਵੇਂ (ਤੱਗ) ਤੱਤ ਦੇ ਗਿਆਨੀ ਤੇ ਵੱਡੇ ਜਪੀ ਤਪੀ ਪੂਜਾ ਨੂੰ

ਹਜ਼ਮ ਕਰਦੇ ਹਨ।

ਹੁਕਮ ਗੁਰੂ ਕਾ ਯਾਹੀ ਦਿਢ ਧਾਰ ਰਾਖਯੋ ਥਾਹੀ[1]।
[1]ਪੱਕਾ ਕਰਰੱਖਿਆ ਸੀ।

ਪੂਜਾ ਕਬਿ ਹੀ ਨ ਚਾਹੀ ਸਿੰਘਨ ਪਿਛਾਰੇ ਹੈਂ[1] ॥ ੧੪੬ ॥
[1]ਪਿਛਲੇ ਸਿੰਘਾਂ ਨੇ।

ਸੇਵਾ ਗੁਰੁਦ੍ਵਾਰ ਕੀ ਕਮਾਤੇ ਨੌਕਰੀ ਲਹਾਤੇ,
ਪੂਜਾ ਪਹੁੰਚਾਤੇ ਮਾਤ ਸੁੰਦ੍ਰੀ ਪੈ ਸਾਵਤੇ[1]।
[1]ਤਨਖ਼ਾਹ ਲੈ ਲੈਂਦੇ (ਤੇ ਬਾਕੀ ਦੀ) ਸਾਬਤ (ਸਾਰੀ ਦੀ ਸਾਰੀ) ਪੂਜਾ ਮਾਤਾ ਸੁੰਦਰੀ ਪਾਸ ਪੁਜਾ ਦੇਂਦੇ ਸਨ।

ਸੰਮਤ ਅੱਠਾਰਾਂ ਸਦ ਸਾਤ ਲੌ ਰਹਾਈ ਮਾਈ[1],
[1]ਸੰਮਤ ੧੮੦੭ ਬਿ: ਤੱਕ ਮਾਤਾ ਸੁੰਦਰੀ ਜੀ ਰਹੇ।

ਪਾਛੇ ਤਾਂਹਿ ਸੋਢੀ ਤੈ ਉਦਾਸੀ ਰਹੇ ਖਾਵਤੇ।
ਫੇਰ ਜਬਿ ਭਏ ਰਾਜ ਸਿੰਘਨ ਕੇ ਥੇ ਦਰਾਜ[1],
[1]ਵੱਡੇ।

ਸਿੰਘਨ ਸੰਭਾਰੇ ਤਬਿ ਗੁਰੁਦ੍ਵਾਰੇ ਭਾਵਤੇ[1]।
[1]ਸ਼ਰਧਾ ਨਾਲ।

ਐ ਪੈ ਜਪੀ ਤਪੀ ਭਾਰੀ ਭੇ ਪੁਜਾਰੀ ਸੋ ਉਦਾਰੀ[1],
[1]ਸ੍ਰੇਸ਼ਟ।

ਆਵਤੀ ਜੋ ਪੂਜਾ ਸਾਰੀ ਲੰਗਰ ਮੈਂ ਲਾਵਤੇ ॥ ੧੪੭ ॥

ਗੁਰੁ ਬਾਣੀ ਪਢਤੇ ਪਢਾਤੇ ਔ ਕਮਾਤੇ ਤੈਸ,
ਜਤੀ ਸਤੀ ਭਗਤ ਬਿਹੰਗਮ[1] ਰਹਾਵਤੇ।
[1]ਤਿਆਗੀ।

ਕਾਹੂੰ ਸੋਂ ਨ ਰਾਗ ਰੋਖ[1] ਚਾਹਿਤੇ ਕੇਵਲ ਮੋਖ,
[1]ਮੋਹ ਤੇ ਵੈਰ।

ਜਥਾ ਲਾਭ ਤਥਾ ਤੋਖ[1] ਸੁਕ੍ਰਿਤ[2] ਕਮਾਵਤੇ।
[1]ਜੋ ਮਿਲਦਾ ਉਸੇ 'ਚ ਪ੍ਰਸੰਨਰਹਿੰਦੇ ਸਨ। [2]ਪੁੰਨ।

ਕਟਿ[1] ਕੱਛ ਗਰ ਜਾਮੇ ਕੁੜਤੀ ਸ-ਤਨੀ ਭਾਮੇ[2],
[1]ਲਕ ਵਿੱਚ। [2]ਚੋਲੇ ਤੇ ਕੁੜਤੀਆਂ ਤਣੀਆਂ ਸਹਿਤ (ਭਾਮੇ) ਸੁੰਦਰ।

ਦਸਤਾਰੇ ਸੇਤ ਸਾਮੇ[1], ਆਯੁਧ ਸਜਾਵਤੇ।
[1]ਚਿੱਟੇ ਤੇ ਇਕੋ ਜੇਹੇ ਦਸਤਰੇ।

ਦਾਵਾ[1] ਨ ਰਖਾਵਤੇ ਨ ਝਗਰੇ ਮਚਾਵਤੇ,
[1]ਅਪਣੱਤ। (ਅ) ਕਬਜ਼ਾ।

ਨ ਗਹਿਲੇ[1] ਰਹਾਵਤੇ ਸੁ ਟਹਿਲੇ ਕਮਾਵਤੇ ॥ ੧੪੮ ॥
[1]ਲਾ-ਪ੍ਰਵਾਹ।

ਕਾਹੂੰ ਕੋ ਨ ਫੂਲ ਦੈ ਕੈ ਮਾਂਗਤੇ ਥੇ ਕਿਛੁ ਜੈ ਕੈ,
ਬਲਿਕੈ ਅੱਗ੍ਰ ਕੈ ਕੈ ਹਾਥ ਭੀ ਲੇਵਤੇ।
ਕੀਰਤਨ ਕਥਾ ਸਤਿਸੰਗ ਕੇ ਥੇ ਮੀਨ ਪੀਨ[1]
[1]ਤਕੜੇ ਮੱਛ।

ਦੀਨਤਾ ਅਧੀਨਤਾ ਗ੍ਰਿਹਿਸਤ ਕਰੇਵਤੇ[1]।
[1]ਗ਼ਰੀਬੀ ਤੇ ਨਿੰਮ੍ਰਤਾ ਸਹਿਤ ਗ੍ਰਹਿਸਤ 'ਚਰਹਿੰਦੇ ਸਨ।

ਯਾਂਹੀ ਤੈ ਜੋ ਤਿਨ ਹੂੰ ਤੈ ਸੁਧਾ[1] ਛਕਤੈ ਥੇ ਸਿੰਘ,
[1]ਅੰਮ੍ਰਿਤ।

ਸੋਈ ਗੁਨ ਉਨ ਹੂੰ ਮੈਂ ਆਵਤੇ ਅਭੇਵਤੇ[1]।
[1]ਲਗਾਤਾਰ।

ਐਸੀ ਐਸੀ ਭਾਂਤਿ ਪਾਛੇ ਥੇ ਪੁਜਾਰੀ ਸਿੰਘ ਆਛੇ,
ਬੈਠਤੇ ਸਭਾ ਮੈਂ ਕਾਛੇ[1] ਸਾਛੇ ਸਮ ਦੇਵਤੇ[2] ॥ ੧੪੯ ॥ — [1]ਸਜ ਕੇ। [2]ਦੇਵਤੀਆਂ ਵਾਂਗ ਦਿਸਦੇ ਹਨ।
ਐਸੇ ਹੀ ਅਨੇਕ ਸਦ ਗੁਨੋਂ ਯੁਤ ਸਬਿਬੇਕ[1], — [1]ਚੰਗੇ ਗੁਣਾਂ ਸਹਿਤ ਤੇ ਵਿਚਾਰ ਸਹਿਤ।
ਸਿੱਖ ਸਾਧੁ ਹੋਤੇ ਨੇਕ ਤਜਾਗੀ ਸਭਿ ਰਹਿਤੇ।
ਤਿਨ ਹੂੰ ਕੀ ਸੇਵਾ ਸ-ਤਿਸੰਗ ਕਰਿ ਕੈ ਅਛੇਵਾ[1], — [1]ਅੱਛੀ ਤਰ੍ਹਾਂ।
ਚਾਰ ਫਲ ਮੇਵਾ ਥੇ ਗਰੇਹੀ ਏਵਾ ਲਹਿਤੇ[1]। — [1]ਇਸ ਤਰ੍ਹਾਂ ਗ੍ਰਹਿਸਤੀ ਲੈਂਦੇ ਸਨ।
ਤਾਂ ਤੈ ਪੰਥ ਕਾ ਪ੍ਰਤਾਪ ਬਢਤੋ ਗਯੋ ਅਮਾਪ[1], — [1]ਬਹੁਤਾ।
ਦਿਨ ਦਿਨ ਜਿਮ ਤਾਪ ਮਕਰ ਬਿਤਹਿ ਤੇ[1]। — [1]ਜਿਵੇਂ ਮਾਘ ਦੇ ਮਹੀਨੇ ਦੇ ਬਤੀਤ ਹੋਣ ਤੋਂ ਤਪਸ਼ ਦਿਨ-ਬਦਿਨ ਵਧਦੀ ਹੈ।
ਲੱਖਨ ਬਖਾਨੇ ਏਹੁ ਹੈਂ ਪੁਰਾਨੇ ਸਿੰਘਨ ਕੇ,
ਸੁਨੋ ਅਬਿ ਕੇ ਜ਼ਮਾਨੇ ਕੇਰ ਅਬਿ ਕਹਿਤੇ ॥ ੧੫੦ ॥
ਅਬਿ ਜੇ ਪੁਜਾਰੀ ਗੁਰੁਦ੍ਵਾਰੀ ਹੈਂ ਅਪਾਰੀ,
ਤਿਨੈ ਪਜਾਰੀ ਜ਼ਰ ਜੋਰੂ ਜ਼ਿਮੀਂ[1] ਭਗਤੀ ਦੁਪਜਾਰੀ ਹੈ[2]। — [1]ਧਨ ਤੇ ਇਸਤ੍ਰੀ ਤੇ ਜ਼ਮੀਨ। [2]ਭਗਤੀ ਨਾਲ ਪਿਆਰ ਨਹੀਂ।
ਥਏ ਹੈਂ ਸੰਜੋਗੀ ਭੋਗੀ[1] ਸਬਰ[2] ਬਿਹੀਨ ਸੋਗੀ, — [1]ਭੋਗਾਂ ਨੂੰ ਭੋਗਣ ਵਾਲੇ। [2]ਸੰਤੋਖ।
ਟੱਬਰੈਂ ਕੇ ਹੇਤ ਹੰਢੈਂ ਗੱਬਰੋਂ ਕੇ ਦ੍ਵਾਰੀ ਹੈਂ[1]। — [1]ਹੰਕਾਰੀ ਧਨੀਆਂ ਦੇ ਬੂਹਿਆਂ ਤੇ ਫਿਰਦੇ ਹਨ।
ਪੂਜਾ ਜੇਤੀ ਅਹੈ ਦਾਨ ਏਕ ਦਾਮ[1] ਹੂੰ ਨ ਦੈਹੈਂ, — [1]ਦਮੜੀ।
ਬਿਸ਼ਿਓਂ ਕੁਟੰਬ ਹੇਤ ਖਰਚੈਹੈਂ ਸਾਰੀ ਹੈਂ।
ਭਏ ਦੁਨੀਦਾਰ ਭਾਰੀ ਔਰ ਲੋਗੋਂ ਸੇ[1] ਸੰਸਾਰੀ, — [1]ਵਰਗੇ।
ਸ਼ਰ੍ਹਾ ਚਿੰਨ੍ਹ ਹੀਂ ਕੇ ਧਾਰੀ ਅਬਿ ਕੇ ਪੁਜਾਰੀ ਹੈਂ ॥ ੧੫੧ ॥
ਅਭਜਾਗਤ[1] ਆਇ ਭੁੱਖਾ ਜੋ ਚਹਾਇ ਰੋਟੀ ਸੁੱਖਾ, — [1]ਬਿਰੱਕਤ, ਤਿਆਗੀ।
ਬੋਲ ਕੈ ਕਰੁੱਖਾ[1] ਤਾਂਹਿ ਸੁੱਕਾ ਹੀ ਨਿਕਾਰੇ ਹੈਂ। — [1]ਬਹੁਤਾ ਕਠੋਰ।
ਆਪ ਮਾਂਹਿ ਝਗੜੇ ਬਿਖਾਦ[1] ਰਾਖ ਹੈਂ ਫਸਾਦ, — [1]ਰੌਲਾ।
ਬਾਦ ਤੈ ਬਿਵਾਦ[1] ਮਾਂਹਿ ਉਭੈ ਸ੍ਵਾਦ[2] ਹਾਰੇ ਹੈਂ। — [1]ਖੰਡਨ ਤੇ ਮੰਡਨ। [2]ਦੋਵੇਂ ਸੁਆਦ ਭਜਨ ਤੇ ਭੋਗਾਂ ਦੇ।
ਸਿੰਧੁ ਖਾਰੇ ਭਾਰੇ ਮੈਂ ਪੁਜਾਰੇ ਬਹੇ ਜਾਤ[1] ਭਾਰੇ, — [1]ਬਹੁਤਰੁੜ੍ਹਦੇ ਜਾਂਦੇ ਹਨ।
ਆਪ ਹੀ ਜੋ ਹਾਰੇ ਕਿਮ ਦੁਤੀ ਕੋ ਉਬਾਰੇ ਹੈਂ[1]। — [1]ਬਚਾ ਸਕਦੇ ਹਨ।
ਹੀਨ ਪਰ ਨਾਰੇ ਛੱਤੈਂ ਮੇਂਹ ਬਾਰਿ ਜੈਸੇ ਹੱਤੈਂ,

ਬਿਨ ਜਪ ਦਾਨ ਤੱਤੈਂ ਪੂਜਾ ਮੱਤੈਂ ਗਾਰੇ ਹੈਂ[1] ॥ ੧੫੨ ॥

[1]ਬਿਨਾਂ ਪ੍ਰਨਾਲੇ ਤੋਂ ਜਿਵੇਂ ਛਤ ਨੂੰ ਮੀਂਹ ਦਾ ਪਾਣੀ ਨਾਸ਼ ਕਰ ਦੇਂਦਾ ਹੈ, ਤਿਵੇਂ ਜਪ ਤੇ ਦਾਨ ਤੋਂ ਬਿਨਾਂ ਪੂਜਾ ਬੁੱਧੀ ਨੂੰ ਗਾਲ਼ ਦੇਂਦੀ ਹੈ।

ਥਾਪੀ ਹੈ[1] ਦੁਕਾਨਦਾਰੀ ਜਾਪੀ ਹੈ ਮਰੂਸੀ ਕਿਆਰੀ[2],
ਜੈਸ ਤੈਸ ਪੈਦਾਵਾਰੀ ਕਰਨੀ ਬਿਚਾਰੀ ਹੈ।
ਪੂਜਾ ਧਾਨ ਦਾਨ ਲੈਹੈਂ ਅਨ-ਅਧਕਾਰੀ ਥੈਹੈਂ,
ਭੱਖਾ ਭੱਖ ਨਾ ਲਖੈ ਹੈਂ ਵਿਪਰੀਤ ਧਾਰੀ ਹੈ[1]।

[1]ਬਣ ਗਈ ਹੈ। [2]ਆਪਣਾ ਮਾਲਕੀ ਦਾ ਖੇਤ ਜਾਣਿਆਂ ਹੈ।

[1]ਪੂਜਾ ਦੇ ਅੰਨ (ਧਨ) ਦਾ ਦਾਨ ਲੈਂਦੇ ਹਨ, ਬਿਨਾਂ ਹੱਕ ਤੋਂ ਹੋ ਕੇ, ਖਾਣ ਯੋਗ ਤੇ ਨਾ ਖਾਣ ਯੋਗ ਨਹੀਂ ਜਾਣਦੇ, (ਐਸੀ) ਉਲਟਰੀਤੀ ਧਾਰੀ ਹੈ।

ਜਾਤਰੂ ਜੋ ਐਹੈਂ ਤਾਂ ਕੇ ਪਾਛੇ ਆਤਰੂ ਹ੍ਵੈ[1] ਪੈਹੈਂ,
ਧੇਲਾ ਪੈਸਾ ਚੈਹੈਂ ਸੁਧਾ ਤਾਂਹਿ ਕੀ ਉਖਾਰੀ ਹੈ।
ਐਸੇ ਤੋ ਅਪਾਰੇ ਹੈਂ ਪੁਜਾਰੇ ਜੈਸ ਮੈਂ ਉਚਾਰੇ,
ਐ ਪੈ ਜਪ ਤਪ ਵਾਰੇ ਭਾਰੀ ਭੀ ਮਝਾਰੀ ਹੈਂ[1] ॥ ੧੫੩ ॥

[1]ਵਿਅਕੁਲ ਹੋ ਕੇ।

[1]ਇਨ੍ਹਾਂ ਦੇ ਵਿੱਚ ਹੀ ਹਨ।

ਕਾਰਨੋਂ ਕੇ ਗੁਨ ਜੈਸੇ ਕਾਰਜੋਂ ਮੈਂ ਜੈਹੈਂ,
ਤੈਸੇ ਗੁਨ ਗੁਰੂ ਮੈਂ ਸੇ ਐਹੈਂ ਸਿੱਖ ਮੈਂ ਬਥੇਰੀਏ।
ਗੁਰੂ ਕੀਜੈ ਜਾਨ[1] ਪਾਨ[2] ਪੀਜੈ ਛਾਨਿ[3] ਲੋਗ ਕੈਹੈਂ,
ਤਾਂ ਤੈ ਜਤੀ ਸਤੀ ਤਪੀ ਸਿੰਘ ਜਹਿਂ ਹੇਰੀਏ[1]।
ਤਖਤ ਗੁਰਦ੍ਵਾਰ ਵੈਹੈਂ ਸ੍ਰੀਗੁਰੁ ਗ੍ਰੰਥ ਜੈਹੈਂ[1]

[1]ਪਰਖ ਕੇ। [2]ਪਾਣੀ। [3]ਪੁਣ ਕੇ।

[1]ਦੇਖੀਏ।

[1]ਤਖ਼ਤ ਤੇ ਗੁਰਦੁਆਰੇ ਉਥੇ ਹੀ ਹਨ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ।

ਸੁਧਾ ਛਕ ਲੀਜੈ ਤੈਹੈਂ ਤਾਂ ਤੇ ਬਿਨੁ ਦੇਰੀਏ।
ਨਾ ਤੋ ਪੀਛੇ ਕਹੇ ਗੁਨ ਵਾਰਜੋਂ[1] ਪੁਜਾਰਜੋਂ ਕੇ,
ਨੌਕਰ ਛਕੈ ਹੈਂ ਸੁਧਾ ਤਖਤੋਂ ਪੈ ਹੇਰੀਏ ॥ ੧੫੪ ॥

[1]ਗੁਣਾਂ ਵਾਲਿਆਂ।

ਜਪੀ ਤਪੀ ਲਾਯਕ ਪੁਜਾਰੀ ਜੇ ਰਹੈਂ ਹੈਂ ਤੈਹੈਂ,
ਬੈਹੈਂ ਸੋ ਪਿਛਾਰੀ ਆਗੇ ਹ੍ਵੈ ਚਲਾਕ ਭਾਰੇ ਹੈਂ।
ਸੁਧਾ ਸੋ ਬਨੈ ਹੈਂ ਜੋ ਛਕੈ ਹੈਂ ਤਿਨੋ ਤੈਹੈਂ ਜਜਾਦੇ
ਲੈਹੈਂ, ਜੇਊ ਤੇਊ ਭੀ ਤੋ ਸਸਤ ਨਿਹਾਰੇ ਹੈਂ[1]।

[1]ਉਹ (ਚਲਾਕ ਪੁਜਾਰੀ) ਅੰਮ੍ਰਿਤ ਤਿਆਰ ਕਰਦੇ ਹਨ, ਜਿਹੜੇ ਅੰਮ੍ਰਿਤ ਛਕਦੇ ਹਨ, ਉਨ੍ਹਾਂ ਤੋਂ (ਮਾਇਆ) ਜ਼ਿਆਦਾ ਲੈ ਲੈਂਦੇ ਹਨ, (ਜੇਊ) ਜਿਹੜੇ (ਛਕਾਉਣ ਵਾਲੇ ਪੁਜਾਰੀ ਹਨ) ਤੇ (ਤੇਊ) ਉਹ ਛਕਣ ਵਾਲੇ (ਦੋਨੋਂ ਆਪੋ ਆਪਣੀ ਥਾਂ) ਸਸਤਾ (ਸੌਦਾ) ਵੇਖਦੇ ਹਨ।

ਸਿੱਖ ਕੈਹੈਂ ਸੁਧਾ ਲੀਓ ਗੁਰੂ ਕੈਹੈਂ ਚੇਲਾ ਥੀਓ,
ਬਿਰਧੈਂ ਬਿਵਾਹ ਜਸੋਂ ਕੁਮਾਰ ਪਾਤ੍ਰ ਟਾਰੇ ਹੈਂ[1]। — [1]ਬੁੱਢੇ ਦਾ ਵਿਆਹ ਜਿਵੇਂ ਕੁਆਰੇ-ਪਨ ਨੂੰ ਦੂਰ ਕਰ ਦੇਂਦਾ ਹੈ।
ਗੁਰੂ ਲੋਭੀ, ਲਾਲਚੀ ਹੈਂ ਚੇਲੇ, ਦੋਵੇਂ ਦਾਉ ਖੇਲੇਂ,
ਬਿਧੀ ਸ਼ਰਧਾ ਬਿਹੀਨ ਦੈਨ ਲੈਨ ਵਾਰੇ ਹੈਂ ॥ ੧੫੫ ॥

ਜੈਸੇ ਤੈ ਸੁਧਾ ਛਕੈ ਹੈਂ ਤੈਸੇ ਗੁਨ ਉਦੇ ਥੈਹੈਂ[1], — [1]ਪੈਦਾ ਹੁੰਦੇ ਹਨ।
ਕਸੋਂ ਨ ਸਿੰਘੀ ਝਲਕੈਹੈ[1] ਜੈਸੀ ਪਾਛੇ ਹੈ ਕਹੀ। — [1]ਚਮਕੇ।
ਐਸੇ ਹੀ ਕੜਾਹ ਪਰਸ਼ਾਦ ਮਰਯਾਦ ਬਿਨ,
ਬਨਵੈਹੈਂ ਲੋਗ ਭੋਗ ਗੁਰੈਂ ਲਗ ਹੈ ਨਹੀਂ।
ਕਾਹੇ ਤੈ[1] ਬਿਧੀ ਬਿਨਾਹੈ[2] ਪਰਸ਼ਾਦ ਜੋਉ ਥਾਹੈ[3] — [1]ਕਿਉਂਕਿ। [2]ਬਿਨਾਂ। [3](ਤਿਆਰ) ਹੁੰਦਾ ਹੈ।
ਵਾਹਿ ਕੌਡਾ ਰਾਖਸ ਤੈ ਮਾਖਾ ਦੈਤ ਹੂੰ ਲਹੀ[1]। — [1]ਕੌਡਾਰਾਖਸ਼ ਤੇ ਮਾਖਾ ਦੈਂਤ ਛਕ ਜਾਂਦੇ ਹਨ।
ਹੁਕਮ ਗੁਰੂ ਕਾ ਏਹੋ ਪੋਥੀਆਂ ਮੈਂ ਦੇਖ ਲੇਹੋ,
ਬਿਧੀ ਭੀ ਲਿਖੀ ਹੈ ਜੇਹੋ[1] ਵੇਹੋ ਕਹਿਹੌਂ ਸਹੀ[2] ॥ ੧੫੬ ॥ — [1]ਜਿਹੜੀ। [2]ਓਹ ਠੀਕ ਕਹਿੰਦਾ ਹਾਂ।

ਤੀਨੋ ਭਾਗ ਸਮ ਲੀਜੈ[1] ਚੌਂਕਾ ਭੀ ਇਕੰਤ ਦੀਜੈ[2], — [1]ਤਿੰਨੇ ਹਿੱਸੇ (ਆਟਾ, ਖੰਡ, ਘਿਉ) ਇਕੋ ਜਿਹੇ ਲੈ ਲਵੋ। [2]ਵੱਖਰਾ ਦਿਉ।
ਭਾਂਡੇ ਜਲ ਲਕਰੀ ਲੌਂ ਸੁੱਧ ਪੇਖ ਲੈ ਵਰੈਂ[1]। — [1]ਸ੍ਰੇਸ਼ਟ ਤੇ ਪਵਿੱਤਰ ਵੇਖ ਲਵੇ।
ਇਸ਼ਨਾਨ ਕਰਿ ਨਰ ਬਸਨ ਮਲੀਨ ਹਰ[1], — [1]ਮੈਲੇ ਬਸਤਰ ਲਾਹ ਕੇ।
ਜਪੁ ਜਾਪ ਜਪਿ ਤਰ ਪਟ ਮੂੰਹ ਪੈ ਧਰੈ[1]। — [1]ਜਪੁ ਤੇ ਜਾਪ ਦਾ (ਜਪਿ) ਪਾਠ ਕਰੇ (ਅਤੇ) (ਤਰ) ਸਾਫ਼ ਬਸਤਰ ਮੂੰਹ ਉਪਰਰੱਖੇ।
ਪ੍ਰੇਮ ਅਹਿਲਾਦ[1] ਮਰਯਾਦ ਯੁਤ ਪਰਸ਼ਾਦ — [1]ਅਨੰਦ।
ਤਜਾਰ ਕਰੈ ਜਬਿ ਲੌਂ, ਨ ਬੋਲੈ ਤਬਿ ਲੌਂ ਖਰੈਂ[1]। — [1]ਬਹੁਤਾ। (ਅ) ਖੜ੍ਹਾ ਰਹੇ।
ਸ਼ਰਧਾ ਸ-ਭਗਤੀ[1] ਲਗਾਵੈ ਭੋਗ ਗ੍ਰੰਥ-ਗੁਰੈਂ[2] — [1]ਸ਼ਰਧਾ ਤੇ ਭਗਤੀ ਸਹਿਤ। [2]ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ।
ਸਮ ਭਾਗ ਬਰਤਾਵੈ ਪਰਮਾਨ ਸੋਂ ਪਰੈ[1] ॥ ੧੫੭ ॥ — [1]ਇਕੋ ਜਿਹਾ (ਭਾਗ) ਛਾਂਦਾ (ਪ੍ਰਮਾਣ ਸੋਂ) ਮਿਣਤੀ ਨਾਲ (ਪਰੈ) ਚੰਗੀ ਤਰ੍ਹਾਂ ਵਰਤਾਵੇ।

ਪੂਰਨ ਸ-ਬਿਧੀ ਸੁਧਾਸਰ ਮੈਂ ਬਿਬੇਕ ਕੇਰੋ[1], — [1]ਸੋਧ ਦਾ।
ਪਰਸ਼ਾਦ ਏਕ ਅਵਤਾਰ ਸਿੰਘ ਕਰਿ ਹੈ।
ਪਾਵਨ ਪ੍ਰਸ਼ਾਦ ਵੈ ਹੈ, ਉਕਤ[1] ਬਿਧੀ ਜੋ ਥੈਹੈ, — [1]ਉਪਰ ਕਹੀ ਬਿਧੀ ਨਾਲ (ਜੋ ਤਿਆਰ) ਹੁੰਦਾ ਹੈ।
ਭੋਗ ਗੁਰੂ ਕੋ ਲਗੈ ਹੈ, ਲੋਗ ਜੋਗ ਰਰ ਹੈਂ[1]। — [1]ਲੋਕ (ਜੋਗ) ਠੀਕ ਕਹਿੰਦੇ ਹਨ।
ਸਿੱਖ ਪਾਇ ਚਾਰ ਫਲ ਪਰਤਾਪ ਥਾਇ ਭਲ,
ਬਿਨਾ ਬਿਧੀ ਕੇਲ ਥਲ ਥਾਇ ਜੋ ਅਪਰ ਹੈ[1]। — [1](ਕੇਲ) ਖ਼ੁਸ਼ੀਆਂ (ਵਿਆਹ ਸ਼ਾਦੀਆਂ) ਦੇ (ਥਲ) ਥਾਂ ਹੋਰ ਜੋ

	ਬਹੁਤ ਪ੍ਰਸ਼ਾਦ (ਥਾਇ) ਹੁੰਦਾ ਹੈ।
ਤੱਕੜੀ ਚੜ੍ਹਾਇ ਦੇ ਹੈਂ ਸੀਰਨੀ ਬਜ਼ਾਰੂ ਵੈ ਹੈ[1],	[1]ਬਾਜ਼ਾਰਾਂ ਵਿੱਚ ਤੱਕੜੀ ਤੇ ਚੜ੍ਹਾ ਕੇ (ਜੋ ਪ੍ਰਸ਼ਾਦ) ਵੇਚਦੇ ਹਨ ਉਹ ਬਾਜ਼ਾਰੀ ਮਠਿਆਈ ਸਮਝੋ।
ਮਾਖਾ ਔਰ ਕੌਂਡਾ ਲੈ ਹੈਂ ਗੁਰੂ ਜੀ ਉਚਰ ਹੈਂ ॥ ੧੫੮ ॥	
ਜੈਸੇ ਬਿਧੀ ਕਹੀ ਪਾਛੇ ਪਰਸ਼ਾਦ ਕੇਰੀ ਆਛੇ,	
ਚਾਹੀਅਤ ਤੈਸ ਕਾਛੇ ਸੁਧਾ ਭੀ ਬਨਾਨ ਹੈ[1]।	[1]ਤਿਵੇਂ ਹੀ (ਕਾਛੇ) ਸੁੰਦਰ ਅੰਮ੍ਰਿਤ ਬਨਾਉਣਾ ਚਾਹੀਦਾ ਹੈ।
ਜਪੀ ਤਪੀ ਸਤੀ ਬੀਰ ਧੀਰ ਸਾਚ ਮਤੀ[1],	[1]ਸੱਚੀ ਬੁੱਧੀ ਵਾਲਾ।
ਮਾਨੀ[1] ਦਾਨੀ ਗਜਾਨੀ ਅਤੀ ਸਦ-ਗੁਨ ਖਾਨ ਹੈ।	[1]ਮਾਨ ਯੋਗ।
ਇਸ਼ਨਾਨ ਕੈ ਸ-ਕੇਸ ਬਸਨ ਸੁਫੈਦ ਵੇਸ,	
ਅੰਗ ਭੰਗ ਰੰਗ ਤੈਸ ਔਰੈਂ ਪਰਿਹਾਨ ਹੈ[1]।	[1]ਸਣ ਕੇਸੀ ਇਸ਼ਨਾਨ ਤੇ ਚਿੱਟੇ ਬਸਤਰ (ਪਹਿਨੇ) ਅੰਗਾਂ ਵਿੱਚ (ਭੰਗ) ਹਰੇ ਜਾਂ ਭਗਵੇਂ ਰੰਗ ਦੇ ਹੋਰ ਬਸਤਰ ਤਿਆਗ ਦੇਵੇ।
ਪ੍ਰਾਹੀ ਬੈਨ ਪਜਾਰ ਕੇ ਗਰਾਹੀ ਗੁਨ ਸਾਰ ਕੇ,	
ਮਲਾਹੀ ਲੇਤ ਤਾਰ ਕੇ ਉਦਾਰ ਜੇ ਮਹਾਨ ਹੈਂ[1] ॥ ੧੫੯ ॥	[1]ਪਿਆਰ ਦੇ ਬਚਨ ਕਹਿ ਕੇ ਚੰਗੇ ਗੁਣਾਂ ਨੂੰ ਗ੍ਰਹਿਣ ਕਰ ਕੇ ਜਿਹੜੇ ਮਹਾਨ ਸ੍ਰੇਸ਼ਟ ਪੁਰਸ਼ ਹਨ, ਉਹ ਮਲਾਹ ਬਣ ਕੇ ਤਾਰ ਲੈਂਦੇ ਹਨ।
ਪੰਚ ਪਰਵਾਨ ਪੰਚ ਪਰਧਾਨ ਪੰਚ ਹਾਨ[1],	[1]ਪੰਜ ਸ਼ੁਭ ਗੁਣ (ਸਤ, ਸੰਤੋਖ, ਦਇਆ, ਧਰਮ ਤੇ ਧੀਰਜ) ਜਿਨ੍ਹਾਂ ਨੇ ਪ੍ਰਵਾਣ ਕੀਤੇ ਹਨ, ਜੋ ਪੰਜਾਂ ਤੱਤਾਂ ਦੇ ਗੁਣਾਂ (ਅਸੰਗਤਾ, ਸਮਾਨਤਾ, ਸੀਤਲਤਾ, ਪ੍ਰਕਾਸ਼ ਤੇ ਖਿਮਾਂ) ਨੂੰ (ਪਰਧਾਨ) ਮੁੱਖ ਸਮਝਦੇ ਹਨ। ਜਿਨ੍ਹਾਂ ਪੰਜ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਨੂੰ ਨਾਸ਼ ਕੀਤਾ ਹੈ।
ਐਸੇ ਪੰਚ ਸਿੰਘ ਮਿਲਿ ਧਾਰ ਕੈ ਹਥਜਾਰ ਹੈਂ।	
ਗੁਰੂ ਗ੍ਰੰਥ ਜੀ ਕੇ ਬਾਂਏਂ ਥਿਰ ਕੈ[1] ਸੁਧਾ ਬਨਾਏਂ,	[1]ਖੱਬੇ (ਪਾਸੇ) ਬੈਠ ਕੇ।
ਲੈਨਵਾਰ ਭੀ ਥਿਰਾਏਂ ਸੁੱਧੀ ਤੈਸ ਧਾਰ ਹੈਂ[1]।	[1]ਅੰਮ੍ਰਿਤ ਲੈਣ ਵਾਲੇ ਹੀ ਉਸੇ ਤਰ੍ਹਾਂ ਪਵਿੱਤਰਤਾ ਧਾਰ ਕੇ ਖੜ੍ਹੇਰਹਿਣ।
ਜਪ ਜਾਪ ਚੌਪਈ ਸ੍ਵੈਯੇ ਤੈ ਅਨੰਦ ਪਢੈਂ,	
ਖੰਡਾ ਸੁਧਾ ਮੈਂ ਅਖੰਡਾ[1] ਫੇਰੈਂ ਭਾਰ ਧਾਰ[2] ਹੈਂ।	[1]ਲਗਾਤਾਰ। [2]ਧਾਰ ਦੇ ਭਾਵ ਧਾਰ ਹੇਠਰੱਖ ਕੇ।
ਪੂਰਨ ਪ੍ਰਤਾਪੀ ਜੋਇ ਪਾਂਚ ਸੈਂ ਅਮਾਪੀ[1] ਹੋਇ,	[1]ਬਹੁਤਾ।
ਲੋਭ ਖੋਭ ਬਿਨ ਸੋਇ ਬਿਧੀ ਯੁਤ ਸਾਰ[1] ਹੈਂ ॥ ੧੬੦ ॥	[1]ਸ੍ਰੇਸ਼ਟ ਬਿਧੀ ਦੇ ਸਹਿਤ।
ਅੰਮ੍ਰਿਤ ਛਕਾਵੈ ਗੁਰੁ ਮੰਤ੍ਰ ਬਤਾਵੈ ਫੁਰ[1],	[1]ਛੇਤੀ।
ਰਹਿਤ ਦਿਢਾਵੈ ਉਰਿ ਗੌਣ ਮੁਖ[1] ਤੈਸ ਹੀ।	[1]ਗੌਣ (ਸਾਧਾਰਨ) ਤੇ ਮੁੱਖ (ਖ਼ਾਸ)।

ਪਾਂਚ ਕੋਸ਼ ਅੰਤਰੀਵ ਦੁਖਦ ਦਿਖੈ ਅਤੀਵ[1],
[1]ਅੰਦਰਲੇ ਪੰਜ ਕੋਸ਼ (ਅਤੀਵ) ਬਹੁਤੇ ਦੁੱਖਦਾਈ ਵਿਖਾਵੇ।

ਜਨਮ ਮਰਨ ਲੀਵ ਸੰਗੀ ਇਨ ਕੈ ਸਹੀ[1]।
[1]ਇਨ੍ਹਾਂ ਦੇ ਸੰਗੀ ਠੀਕ ਹੀ ਜੰਮਣ ਮਰਨ ਲੈਂਦੇ ਹਨ।

ਇਨ ਤੈ ਅਸੰਗ[1] ਜੀਵ ਜੋ ਰਹਾਇ ਸੁਖ ਸੀਵ,
[1]ਨਿਰਲੇਪ।

ਪਾਇ ਹੈ ਪ੍ਰਮੇਸ ਪੀਵ, ਥੀਵ ਰੂਪ ਵੈਸ ਹੀ[1]।
[1]ਉਹ ਸੁਖਾਂ ਦੀ ਹੱਦ ਭਾਵ ਬਹੁਤਾ ਸੁਖੀ ਹੋ ਕੇ ਪ੍ਰਮੇਸ਼ਰ ਪਤੀ ਨੂੰ ਪਾ ਕੇ ਉਸੇ ਦਾ ਹੀ ਰੂਪ ਹੋ ਜਾਂਦਾ ਹੈ।

ਮੀਣੇ ਆਦਿ ਗੌਣ ਪਾਂਚ ਬਹਿਰੈਂ ਭੀ ਤਜਾਗੈਂ ਸਾਚ[1],
[1]ਮੀਣੇ, ਮਸੰਦ, ਧੀਰ ਮੱਲੀਏ, ਰਾਮਰਾਈਏ ਤੇ ਸਿਰ-ਗੁੰਮ ਆਦਿ ਬਾਹਰਲੇ (ਗੌਣ) ਸਾਧਾਰਨ ਪੰਜਾਂ ਨੂੰ ਵੀ (ਸਾਚ) ਠੀਕ ਤਿਆਗੇ।

ਰੈਹੈ ਨਾਮ ਮਾਂਹਿ ਰਾਚ ਅਖੈ[1] ਸੁਖ ਲੈ ਸਹੀ ॥ ੧੬੧ ॥
[1]ਨਾਸ਼ਰਹਿਤ।

ਮਨ ਕੋ ਰਖਾਵੈ ਚੰਗ ਪਾਂਚ ਕੋਸ਼ ਤੈ ਅਸੰਗ,
ਤਨ ਕੋ ਬਚਾਵੇ ਅੰਗ ਮੀਣੇ ਆਦਿ ਤੈ ਸਹੀ।
ਐਸੇ ਜੋ ਅਸੰਗ ਦੋਊ ਓਰ ਤੈ ਰਹਾਇਂ,
ਸੋਊ ਪਾਇ ਹੈਂ ਪ੍ਰਤਾਪ ਪਦ ਪਰਮ ਅਖੈ ਸਹੀ[1]।
[1]ਇਸ ਤਰ੍ਹਾਂ ਜਿਹੜੇ ਦੋਹਾਂ ਪਾਸਿਆਂ ਤੋਂ ਨਿਰਲੇਪ ਰਹਿੰਦੇ ਹਨ, ਉਹ ਪ੍ਰਤਾਪ ਤੇ ਨਾਸ਼ਰਹਿਤ ਪਰਮ ਪਦਵੀ ਪਾ ਲੈਂਦੇ ਹਨ।

ਕੱਛ ਕ੍ਰਦ ਔਰ ਕੇਸ ਮੁੱਦਰਾ ਧਰੈ ਬਿਸੇਸ[1],
[1]ਖ਼ਾਸ ਚਿੰਨ੍ਹ ਧਾਰੇ।

ਏਹੀ ਰਹਤ ਦਸਮੇਸ਼ ਜੁ ਬਤਾਈ ਹੈ ਸਹੀ।
ਗੌਣ ਮੁਖਜ ਭੇਦ ਜੋ ਨਾ ਧਾਰੈਂ ਤਬਿ ਸਿੰਘ ਸਾਰੈਂ,
ਮੀਣੇ ਆਦਿ ਤੈ ਕਿਨਾਰੈਂ ਥਾਇ ਸਾਕੈ ਨੈਂ ਸਹੀ[1] ॥ ੧੬੨ ॥
[1]ਮੀਣੇ ਆਦਿਕਾਂ ਤੋਂ (ਸਹੀ) ਚੰਗੀ ਤਰ੍ਹਾਂ (ਕਿਨਾਰੇ) ਵੱਖਰੇ ਨਹੀਂ ਹੋ ਸਕਣਗੇ।

ਕੌਨ ਸਿੰਘ ਐਸੋ ਜੋਊ ਸੋਢੀਓਂ ਸੇ ਮਿਲ ਹੈਂ ਨਾ,
ਬਲਿਕੈ ਸਭਾ ਮੈਂ ਪਰਸ਼ਾਦ ਦੇਤ ਪਹਿਲੈਂ।
ਰਾਮਰੱਈਓਂ, ਸੰਗ ਸਾਕ ਤੈਂ ਸਬੰਧ ਨਾਂਹਿ ਕਾਂ ਕੋ,
ਐਸ ਹੀ ਮਸੰਦਨ ਸੋਂ ਮੇਲ ਮਿਲਜੋਰਹਿਲੈਂ[1]।
[1]ਰਹਿੰਦਾ ਹੈ।

ਸਿਰ-ਗੁੰਮ[1], ਚੋਟੀ ਬਿਨ[2], ਮੂੰਹ ਮੁੰਡੇ ਸਾਧੁ ਜੇਤੇ,
[1]ਸਰੇਵੜੇ ਜਿਨ੍ਹਾਂ ਸਿਰ ਦੇਰੋਮਾਂ ਨੂੰ ਖੋਹਾਇਆ ਹੈ। [2]ਬੋਦੀ ਬਿਨਾਂ ਮੋਨੇ।

ਕੌਨ ਸਿੰਘ ਹੈਂ ਜੋ ਤਿਨੈਂ ਸੇਵਤ ਨ ਸਹਿਲੈਂ[1]।
[1]ਸੌਖਿਆਂ ਹੀ।

ਪਾਂਚ ਮੇਲ ਜ਼ਾਹਰ[1] ਜੋ ਇਨ ਤੈ ਨ ਬਾਹਰ ਕੋ,
[1]ਪ੍ਰਗਟ ਭਾਵ ਬਾਹਰਲੇ ਮੀਣੇ ਆਦਿ।

ਕੋਊ ਕਾਹੂੰ ਤੌਰ ਕੋਊ ਕਾਹੂੰ ਤੌਰ ਗਹਿਲੈਂ[1] ॥ ੧੬੩ ॥
[1]ਕੋਈ ਕਿਸੇ ਤਰ੍ਹਾਂ ਤੇ ਕੋਈ ਕਿਸੇ ਤਰ੍ਹਾਂ ਪਕੜਿਆ ਹੋਇਆ ਹੈ।

ਪਾਂਚ ਕੋਸ਼ ਕਾ ਤੋ ਮੇਲ ਮਨ ਸੈਂ ਰਖਤ ਖੇਲ,
ਇਨ ਤੈ ਅਸੰਗ ਮਨਿ ਕਰਿ ਸਿੰਘ ਭੂਰ ਹੈਂ[1]।

[1]ਪੰਜਾਂ ਕੋਸ਼ਾਂ ਦੇ ਮੇਲ ਦਾ ਖੇਲ ਤਾਂ ਮਨ ਨਾਲ (ਸਬੰਧ) ਰਖਦਾ ਹੈ ਬਹੁਤੇ ਸਿੰਘ ਇਨ੍ਹਾਂ ਪੰਜਾਂ ਕੋਸ਼ਾਂ ਤੋਂ ਆਪਣੇ ਮਨ ਨੂੰ (ਅਸੰਗ) ਦੂਰਰਖਦੇ ਹਨ।

ਔਰ ਜੈਸੇ ਦੁਖਦਾਈ ਪਾਂਚ ਕੋਸ਼ ਹੈਂ ਮਹਾਂਈਂ,
ਬਾਹਰ ਕੇ ਤਜੋਂ ਨ ਅਧਿਕਾਈ ਦੁਖ ਪੂਰ ਹੈਂ[1]।

[1]ਜਿਵੇਂ ਅੰਦਰ ਦੇ ਪੰਜ ਕੋਸ਼ ਬਹੁਤੇ ਦੁੱਖਦਾਈ ਹਨ, ਤਿਵੇਂ ਬਾਹਰ ਦੇ ਪੰਜ ਮੀਣੇ ਮਸੰਦ ਆਦਿ ਬਹੁਤੇ (ਪੂਰ) ਜ਼ਿਆਦੇ ਦੁਖਦਾਈ ਨਹੀਂ।

ਤਾਂ ਤੇ ਪਾਛੇ ਕਹੀ ਰੀਤਿ ਅਨੁਸਾਰ ਜੌ ਪੈ ਆਛੈ,
ਸਿੰਘ ਸੁਧਾ ਛਕੈਂ ਆਛੈ ਔ ਛਕਾਵੈਂ ਰੂਰ ਹੈਂ[1]।

[1]ਜੇਕਰ ਚੰਗੇ ਸਿੰਘ ਚੰਗੀ ਤਰ੍ਹਾਂ ਅੰਮ੍ਰਿਤ ਛਕਣ ਤੇ ਚੰਗੀ ਤਰ੍ਹਾਂ ਛਕਾਉਣ।

ਤੌ ਤੋ ਸਿੰਘ ਪੂਰਨ ਪ੍ਰਤਾਪੀ, ਅਬਿ ਭੀ ਅਮਾਪੀ
ਪਹਿਲਜੋਂ ਸੈਂ ਥੈਹੈਂ, ਆਪੀ ਜਾਨ ਲੌ ਜਰੂਰ ਹੈਂ[1]
॥ ੧੬੪ ॥

[1]ਫੇਰ ਤਾਂ ਹੁਣ ਵੀ ਪਹਿਲੇ ਸਿੰਘਾਂ ਨਾਲੋਂ ਬਹੁਤੇ ਪੂਰਨ ਪ੍ਰਤਾਪ ਵਾਲੇ ਜ਼ਰੂਰ ਹੋ ਸਕਦੇ ਹਨ, (ਇਹ ਗੱਲ) ਤੁਸੀਂ ਆਪ ਹੀ ਜਾਣ ਲਵੋ।

ਪਰ ਜੇ ਰਹੇ ਹੈਂ ਕਿਛੁ ਭੇਦ ਬਾਦ ਆਪਸ ਮੈਂ,
ਹਰਜੇ ਕਰਨ ਹਾਰੀ ਭਾਰੀ ਏਹੀ ਮਰਜੈਂ[1]।

[1]ਪਰ ਜਿਹੜੇ ਕੁਝ ਫ਼ਰਕ ਤੇ ਝਗੜੇ ਆਪਸ ਵਿੱਚ (ਪਰ) ਪੈ ਰਹੇ ਹਨ ਏਹੋ (ਮਰਜ਼ੈ) ਬੀਮਾਰੀ ਬਹੁਤਾ (ਹਰਜੈ) ਨੁਕਸਾਨ ਕਰਨ ਵਾਲੀ ਹੈ।

ਮਰ ਜੈਹੈਂ ਹਾਇ ਬੇ-ਸਲੂਕੀ ਸੂਕੀ ਟਕਟੈਂਸ,
ਹੇਰਿ ਲਾਜਵਤੀ ਸਮ ਲਰਜੈ ਹੈਂ ਗਰਜੈਂ[1]।

[1]ਹਾਇ ਭੈੜੇ ਵਰਤਾਉ ਤੇ ਸੁੱਕੀ ਆਕੜ ਮਰ ਜਾਣ ਤਾਂ ਲੋੜਾਂ (ਹੇਰਿ) ਦੇਖ ਕੇ ਲਾਜਵੰਤੀ ਬੂਟੀ ਵਾਂਗ ਕੰਬ ਜਾਣ ਭਾਵ ਖ਼ਤਮ ਹੋ ਜਾਣ।

ਗਰ ਜੈਹੈਂ ਮੂਢ ਬਰਜੈਂ ਨ ਦਾਨੇ ਡਰ ਜੈਹੈਂ,
ਪਰ ਜੈਹੈਂ ਫਾਰੇ ਤੈ ਦਰਾਰੇ ਦਿਲ ਫਰਜੈਂ[1]।

[1]ਜੇ ਸਿਆਣੇ ਡਰ ਜਾਣਗੇ ਤੇ ਨਾ ਵਰਜਣਗੇ ਤਾਂ ਮੂਰਖ (ਗਰ ਜੈਹੈਂ) ਗਲ਼ ਜਾਣਗੇ, (ਫਾਰੇ) ਪਾੜੇ ਪੈ ਜਾਣਗੇ ਤੇ ਦਿਲ (ਦਰਾਰੇ) ਤੇੜਾਂ (ਫਰਜੈਂ) ਫੜ ਜਾਣਗੇ ਭਾਵ ਦਿਲ ਫਟ ਜਾਣਗੇ।

ਫਰਜੈਂ ਸਮਝ ਹਮ ਨਿਜ ਦਿਢ ਕਰਿ, ਜੈਸੀ
ਅਰਜੈਂ ਗੁਜਾਰੀ ਖਾਲਸੇ ਪੈਂ ਯੁਤ ਗਰਜੈਂ[1]
॥ ੧੬੫ ॥

[1]ਲੋੜਵੰਦ ਹੋ ਕੇ।

ਗਰ ਜੈਹੈਂ ਗੰਢੇ ਫੇਰ ਪਰ ਜੈਹੈਂ ਗੰਢੈਂ ਦਿਢ,
ਖੰਡੇ ਤੈ ਭੀ ਖੁਲ ਹੈਂ ਨ ਢੂਲ ਹੈ ਅਗਰਜੈ[1]।

[1](ਜੇ ਬੇਇਤਫ਼ਾਕੀ ਰਹੀ ਤਾਂ) ਗੰਢਿਆਂ ਵਾਂਗ ਗਲ਼ ਜਾਣਗੇ, (ਵੈਰ ਦੀਆਂ) ਪੱਕੀਆਂ ਗੰਢਾਂ ਪੈ ਜਾਣਗੀਆਂ ਜਿਹੜੀਆਂ ਖੰਡੇ

ਨਾਲ ਵੀ ਨਹੀਂ ਖੁੱਲ੍ਹਣਗੀਆਂ ਤੇ ਨਾ ਹੀ (ਅਗਰਜੈ) ਨਿਰ-ਇੱਛਤਾ ਹੀ ਮਿਲੇਗੀ।

ਅਗਰ ਜੈ ਚੰਦਨ ਰਸਾਲ ਸਾਲ ਬਾਰੀ ਪਾਰਿ,
ਬਾਰ ਰਖਵਾਰੀ ਆਕ ਇਰੰਡੋਂ ਕੀ ਧਰ ਜੈ[1]।

[1](ਜੈ) ਜੇਕਰ ਅਗਰ, ਚੰਦਨ ਤੇ ਸੁੰਦਰ ਅੰਬਾਂ ਦੀ ਬਗੀਚੀ ਪਾਲ ਕੇ ਉਸ ਦੀ ਰਾਖੀ ਲਈ ਅੱਕ ਤੇ ਇਰੰਡਾਂ ਦੀ ਵਾੜ (ਧਰ ਜੈ) ਜੇ ਕਰ ਦਈਏ (ਉਹ ਬਗੀਚੀ ਬਚ ਨਹੀਂ ਸਕਦੀ ਉਜੜ ਜਾਵੇਗੀ। ਇਵੇਂ ਅਗਰ ਚੰਦਨ ਤੇ ਅੰਬਾਂ ਦੀ ਸੁੰਦਰ ਬਗੀਚੀ ਵਾਂਗ ਪੰਥ ਖ਼ਾਲਸਾ ਬੇਇਤਫਾਕੀ ਰੂਪ ਅੱਕਾਂ ਤੇ ਇਰੰਡਾਂ ਦੀ ਵਾੜ ਨਾਲ ਬਚ ਨਹੀਂ ਸਕੇਗਾ)।

ਧਰ ਜੈਹੈ ਧੀਰ ਬੀਰ ਪੰਥ ਖਾਲਸਾ ਗੰਭੀਰ,
ਫਰ ਜੈਹੈ ਏਕਤਾ ਤੌਂ ਧਰਨੀ ਪੈ ਅਰਜੈ[1]।

[1]ਜੇ ਬਹਾਦਰ ਤੇ ਗੰਭੀਰ ਖ਼ਾਲਸਾ ਪੰਥ ਧੀਰਜ ਧਾਰ ਲਵੇ ਤੇ ਏਕਤਾ ਪਕੜ ਲਵੇ ਤਾਂ ਧਰਤੀ ਤੇ (ਅਰਜੈ) ਫੈਲ ਜਾਵੇਗਾ।

ਅਰਜੈਂ[1] ਗਜਾਨ ਸਿੰਘ ਕਵਿ ਕੀ, ਜੇ ਸਭਿ ਅਬਿ
ਮਾਨੀ ਜਾਹਿਂ, ਤੇਜ ਪਰਤਾਪ ਹ੍ਵੈ ਅਚਰਜੈਂ ॥ ੧੬੬ ॥

[1]ਬੇਨਤੀਆਂ।

ਏਹੀ ਬਾਤੈਂ ਮਨਵਾਨ ਹੇਤ, ਬਖਜਾਤੈਂ[1] ਕਰ
ਜੋਰ ਬਹੁ ਭਾਂਤੈਂ, ਮੈ ਨਿਹੋਰ ਬਿਨਤੀ ਠਈ[1]।
ਪੰਥ ਪਰਕਾਸ਼ ਗ੍ਰੰਥ ਤਜਾਰ ਕੀਨ ਚਾਰੁ ਯਾਹਿ,
ਜਾਂਹਿ ਮਾਂਹਿ ਸੁਜਸ ਅਥਾਹਿ ਪੰਥ ਕਾ ਹਈ।
ਤਨ ਮਨ ਧਨ ਯੁਤ ਭੇਟ ਗੁਰੂ ਖਾਲਸੇ ਕੇ,
ਧਰ ਕਰਿ ਅੱਗਰ ਪਰਾਰਥਨਾ ਜੋ ਕਈ।
ਕੀਨੋ ਮਨਜ਼ੂਰ ਨਿਜ ਬਿਰਦ ਸੰਭਾਲ ਪੰਥ,
ਦਾਸ ਕੋ ਨਿਹਾਲ ਕੀਓ ਕ੍ਰਿਤ[1] ਸਫਲੀ ਭਈ ॥ ੧੬੭ ॥

[1]ਪ੍ਰਗਟ।

[1]ਮੈਂ ਨਿੰਮ੍ਰਤਾ ਨਾਲ ਬੇਨਤੀ ਕੀਤੀ ਹੈ।

[1]ਰਚਨਾ, ਕਵਿਤਾ।

ਮੇਰੀ ਜਢਤਾਈ ਤੈ ਢਿਠਾਈ ਲਰਕਾਈ ਦਿਸ,
ਹੇਰੇ ਤੈ ਘਨੇਰੇ ਦੋਖ ਦੀਖ ਪਰੈਂ ਭਾਰ ਹੈਂ[1]।

[1]ਮੇਰੀ ਮੂਰਖਤਾ, ਢੀਠਤਾ ਤੇ ਬਚਪਨ (ਬੇ ਸਮਝੀ) ਨੂੰ ਦੇਖਣ ਨਾਲ ਬਹੁਤੇ ਭਾਰੇ ਦੋਸ਼ ਦਿਸ ਪੈਣਗੇ।

ਤਾਂ ਤੇ ਨਿਜ ਸਜਨਾਈ ਦੀਨ ਦਜਾਲਤਾਈ
ਓਰ, ਦੇਖਿ ਖਾਲਸਾ ਜੀ ਦਯਾ ਕੀਜੀਏ ਅਪਾਰ ਹੈ।
ਜੋ ਪੈ ਲਿਖਜੋ ਗਯੋ ਹੈ ਖਿਲਾਫ[1] ਹਾਲ ਸਾਫ ਕਾਹੂੰ,
ਤੋ ਪੈ ਮਾਫ ਕੀਜੈ ਆਪ ਮੈਂ ਪੈ ਉਪਕਾਰ ਹੈ।
ਗੁਰੂ ਕਰਤਾਰ ਬਿਨ ਹਮ ਹੈਂ[1] ਭੂਲਨ ਹਾਰ,

[1]ਵਿਰੁੱਧ।

[1]ਸਾਰੇ ਹਨ।

ਏਹੀ ਦਿਢ ਧਾਰ ਕੈ ਵਿਚਾਰ ਲੀਜੋ ਸਾਰ ਹੈ[1] ॥ ੧੬੮ ॥	[1]ਚੰਗੀ ਤਰ੍ਹਾਂ।
ਜਾਟ ਜਜੋਂ ਗਵਾਰ ਕਾਠ ਕਾਟਿ ਬਿੰਗ ਡਿੰਗਾ ਅਤਿ,	
ਕਾਰੀਗਰ ਆਗੇ ਗੇਰੈ ਸੁਠ ਸੋ ਬਨਾਇ ਹੈ[1]।	[1]ਜਿਵੇਂ ਮੂਰਖ ਜੱਟ ਬਹੁਤਾ ਵਿੰਗਾ ਟੇਢਾ ਕਾਠ ਕੱਟਕੇ ਕਾਰੀਗਰ ਅੱਗੇ ਲਿਆ ਸੁੱਟਦਾ ਹੈ, ਉਹ ਅਗੋਂ (ਘੜ ਕੇ) ਸੁੰਦਰ ਬਣਾ ਦੇਂਦਾ ਹੈ।
ਪੱਥਰ ਤੈ ਲੇਤ ਅਲਵੱਤ੍ਰ ਠਾਕੁਰ ਰਚ[1],	[1]ਜਿਵੇਂ ਪੱਥਰ ਤੋਂ (ਅਲਵੱਤਰ) ਬਿਨਾਂ ਸ਼ਕ ਤੋਂ ਠਾਕੁਰ ਬਣਾ ਲੈਂਦੇ ਹਨ, ਤਿਵੇਂ।
ਪੱਤ੍ਰ ਕੁਪੱਤ੍ਰੋਂ ਤੇ ਛੱਤ੍ਰ ਝੁਲਾਇ ਹੈਂ[1]।	[1]ਪੱਤ੍ਰਿਆਂ ਤੇ ਮਾੜੇ ਪੱਤ੍ਰਿਆਂ ਤੋਂ (ਸਿਆਣੇ ਕਾਰੀਗਰ) ਛੱਤ੍ਰ (ਬਣਾ ਕੇ) ਝੁਲਾ ਦੇਂਦੇ ਹਨ।
ਤੈਸੇ ਜਗ ਜੰਗਲ ਤੈ ਮੰਗਲ ਸਰੂਪ ਸਾਥ,	
ਕਾਰੀਗਰ ਸਿੰਘਨ ਪੈ ਧਰੀ ਹਮ ਲਜਾਇ ਹੈ।	
ਮਨਜ਼ੂਰ ਕੈਹੈਂ[1] ਤੈ ਸੁਧਾਰ ਲੈਹੈਂ ਮੋਦ ਥੈਹੈਂ[2],	[1]ਪ੍ਰਵਾਣ ਕਰ ਲੈਣਗੇ। [2]ਅਨੰਦ ਹੋਣਗੇ।
ਬਾਲਕ ਕੀ ਬਾਤ ਮਾਤ ਪਿਤੈ ਜਿਮ ਭਾਇ ਹੈ ॥ ੧੬੯ ॥	
ਪੂਰਬ ਜੋ ਗੁਨ ਦੋਖ ਭੂਲਨ ਅਭੂਲਨ ਕੇ,	
ਮਲਨ ਅਮਲਨ ਚਲਨ ਦਿਖਰਾਏ ਹੈਂ[1]।	[1](ਅਭੂਲਨ) ਚੰਗੇ ਬੰਦਿਆਂ ਦੇ ਗੁਣ ਤੇ (ਅਮਲਨ ਚਲਨ) ਚੰਗੇ ਆਚਰਨ ਤੇ (ਭੂਲਨ) ਮਾੜੇ ਬੰਦਿਆਂ ਦੇ (ਦੋਖ) ਔਗੁਣ ਤੇ (ਮਲਨ ਚਲਨ) ਮਾੜੇ ਆਚਰਨ ਵਿਖਾਏ ਹਨ।
ਸੋ ਤੋ ਰਾਗ ਦ੍ਵੈਸ਼ ਕੀ ਨ ਲੇਸ ਹੈ ਹਮਾਰੇ ਸੇਸ,	
ਕਾਹੂੰ ਸੈਂ ਬਿਸੇਸ ਕਮ ਪੱਖ ਨਾ ਰਖਾਏ ਹੈਂ[1]।	[1]ਸਾਡੇ (ਦਿਲ ਅੰਦਰ) ਉਸ ਮੋਹ ਤੇ ਵੈਰ ਦੀ ਤਾਂ ਲੇਸ ਵੀ (ਸੇਸ) ਬਾਕੀ ਨਹੀਂ ਹੈ ਅਤੇ ਕਿਸੇ ਨਾਲ ਵੱਧ ਘੱਟ ਪੱਖ ਨਹੀਂਰਖਦੇ।
ਧ੍ਰਮ ਕ੍ਰਮ ਸਮੋਂ ਅਨੁਸਾਰ ਬਦਲੈ ਹੈਂ ਸਭਿ,	
ਸਰਦੀ ਗ੍ਰੀਖਮ ਮੈਂ ਜਜੋਂ ਸੁਭਾਵ ਥਾਏ ਹੈਂ[1]।	[1]ਜਿਵੇਂ ਸਰਦੀ ਤੇ ਗਰਮੀ ਵਿੱਚ ਸੁਭਾਵ ਹੋ ਜਾਂਦੇ ਭਾਵ ਬਦਲ ਜਾਂਦੇ ਹਨ।
ਐਪਰ ਸਜਨ ਕਰਿ ਵਜਨ ਅਗੁਨ ਹਰ,	
ਸਦ ਗੁਨ ਧਾਰੈਂ ਮੇਰੋ ਭਾਵ ਸਫਲਾਏ ਹੈਂ[1] ॥ ੧੭੦ ॥	[1]ਜੇਕਰ ਸਜਣ ਪੁਰਖ (ਵਜਨ) ਤੋਲ ਕੇ ਭਾਵ ਵਿਚਾਰ ਕੇ ਅਉਗਣ ਛਡ ਦੇਣਗੇ ਤੇ ਚੰਗੇ ਗੁਣ ਧਾਰ ਲੈਣਗੇ ਤਾਂ ਮੇਰਾ ਕਥਾ ਲਿਖਣ ਦਾ (ਭਵ) ਪ੍ਰਯੋਜਨ ਸਫ਼ਲ ਹੋ ਜਾਵੇਗਾ।
ਐਸੇ ਮਤਿ ਮਾਨੋ ਰਟ ਸੁਜਸ ਮਹਾਨੋ, ਫੇਰ	
ਐਬ ਦਿਖਰਾਨੋ ਗਾਨੋ ਤਰਕੈਂ ਯਾਂ ਨਿੰਦ ਹੈ[1]।	[1]ਇਸ ਤਰ੍ਹਾਂ ਨਾ ਮੰਨੋ ਕਿ ਪਹਿਲਾਂ ਪੰਥ ਦਾ ਚੰਗਾ ਜਸ ਕਹਿ ਕੇ ਫੇਰ ਅਉਗਣ ਦਿਖਾਏ ਹਨ ਇਹ (ਤੁਸਾਂ ਪੰਥ ਨੂੰ) ਤਰਕ ਕਹੀ

ਹੈ ਜਾਂ ਨਿੰਦਾ ਕੀਤੀ ਹੈ।

ਮੇਰੋ ਭਾਵ ਨਾਂਹਿ ਯਾਹਿ ਸਮਝ ਬਚਿੱਤ੍ਰ ਤਾਂਹਿ,
ਤਿੱਤ੍ਰ ਬੋਲ ਸਮ ਚਾਹਿ ਮਾਨੈਂ ਮਨ ਚਿੰਦ ਹੈਂ[1]।

[1]ਮੇਰਾ ਇਹ (ਭਾਵ) ਮਤਲਬ ਨਹੀਂ ਕਿ ਮੇਰੀ ਤਿਸਰਚਨਾਂ ਨੂੰ (ਬਚਿਤ੍ਰ) ਅਨੋਖੀ ਸਮਝ ਕੇ (ਸੁਬਹਾਨੀ) ਤਿੱਤਰ ਦੇ ਬੋਲ ਵਾਂਗ (ਚਾਹਿ) ਸ਼ੌਕ ਨਾਲ (ਮਨ ਚਿੰਦ) ਮਨ ਦੀ ਇੱਛਾ ਅਨੁਸਾਰ ਮੰਨ ਲੈਣ ਭਾਵ ਮਨ-ਮਰਜ਼ੀ ਦੇ ਅਰਥ ਭਾਵ ਕੱਢ ਲੈਣ।

ਸੋਏ ਕੋ ਜਗੈ ਹੈਂ ਜਿਮ ਭੋਜਨ ਦੈ ਛਿੰਗ[1] ਦੈ ਹੈਂ,

[1]ਧਾਤ ਦੀ ਪਤਲੀ ਸੂਈ ਜਾਂ ਨੋਕਦਾਰ ਡੱਕਾ ਜਿਸ ਨਾਲ ਦੰਦਾਂ ਵਿੱਚ ਫਸਿਆ ਅੰਨ ਆਦਿ ਕੱਢੀਦਾ ਹੈ।

ਚਤ੍ਰ ਕਢੈ ਹੈਂ ਮੈਲ ਮੂਢ ਲੋਹੂ ਬਿੰਦੁ ਹੈਂ[1]।

[1]ਮੂਰਖ ਲਹੂ ਦੇ ਤੁਪਕੇ ਕੱਢ ਲੈਂਦੇ ਹਨ।

ਬੈਦ ਸੀਸਾ ਮਰਜ ਜਜੋਂ ਕਾਲਖ ਦਿਖੈ ਹੈ ਖ੍ਵੈ ਹੈ,
ਤਾਂਹੀ ਭਾਵ ਮੈਂ ਭੀ ਭਾਖੀ ਸਾਖੀ ਯਾਹਿ ਬ੍ਰਿੰਦ ਹੈਂ[1] ॥੧੭੧॥

[1]ਜਿਵੇਂ ਵੈਦ ਦਾ (ਮਰਜ਼) ਬੀਮਾਰੀ ਦਿਖਾਉਣ ਤੇ ਸ਼ੀਸ਼ੇ ਦਾ ਕਾਲਖ਼ ਦਿਖਾਉਣ ਦਾ ਭਾਵ ਬੀਮਾਰੀ ਤੇ ਕਾਲਖ਼ ਨੂੰ (ਖ੍ਵੈ ਹੈ) ਨਾਸ਼ ਕਰਨ ਦਾ ਹੁੰਦਾ ਹੈ, ਇਸੇ ਭਾਵ ਨਾਲ (ਭਾਵ ਦੋਸ਼ਾਂ ਦੇ ਨਾਸ਼ ਕਰਨ ਲਈ ਹੀ) ਮੈਂ ਇਹ (ਬ੍ਰਿੰਦ) ਸਾਰੀਆਂ ਸਾਖੀਆਂ ਕਹੀਆਂ ਹਨ।

ਕੁੰਚਰ ਕੋ ਦੇਖ ਕੈ ਸਰੋਸ ਸ੍ਵਾਨ ਭੂਸੇ ਜਿਮ,
ਰੋਸ ਧਰੈ ਨਿਧਨੀ ਬਿਲੋਕ ਧਨਵੰਤ ਕੌਂ[1]।

[1]ਜਿਵੇਂ ਹਾਥੀ ਨੂੰ ਦੇਖ ਕੇ ਕੁੱਤੇ ਗ਼ੁੱਸੇ ਨਾਲ ਭੌਂਕਦੇ ਹਨ ਤੇ ਧਨੀ ਨੂੰ ਦੇਖ ਕੇ ਗ਼ਰੀਬ ਗ਼ੁੱਸਾ ਕਰਦੇ ਹਨ।

ਰੈਨ ਕੇ ਜਗੱਯਾ ਪੈ ਜਜੋਂ ਚੋਰ ਭੱਯਾਰੋਸ ਕਰੈ,
ਮਿੱਥਯਾ-ਮਤੀ ਦੋਸ਼ ਧਾਰੈ ਸੁਨ ਜਜੋਂ ਸਿਧੰਤ ਕੌਂ[1]।

[1]ਰਾਤ ਦੇ ਜਗਾਉਣ ਵਾਲੇ ਪਹਿਰੇਦਾਰਾਂ ਤੇ ਜਿਵੇਂ ਚੋਰ ਭਰਾ ਗ਼ੁੱਸਾ ਕਰਦਾ ਹੈ ਤੇ ਸਿਧਾਂਤ ਨੂੰ ਸੁਣ ਕੇ (ਮਿਥਯਾਮੱਤੀ) ਝੂਠ ਬੋਲਣ ਵਾਲਾ ਦੋਸ਼ ਧਾਰਦਾ ਹੈ।

ਹੰਸ ਮੋਰ ਕੋਕਿਲਾ ਕੇ ਸੁਰ-ਗੁਨ ਸੁਨਿ ਜਿਮ,
ਬਕ ਅਹਿ ਕਾਕ ਦੋਸ਼ ਧਰ ਹੈਂ ਅਨੰਤ ਕੌਂ[1]।

[1]ਹੰਸ, ਮੋਰ ਤੇ ਕੋਇਲ ਦੀ ਅਵਾਜ਼ ਦੇ ਗੁਣ ਸੁਣ ਕੇ ਜਿਵੇਂ ਬਗਲਾ ਸੱਪ ਤੇ ਕਾਂ ਬੇਅੰਤ ਨੁਕਸ ਕੱਢਦੇ ਹਨ।

ਸੁਕਵਿ ਕੋ ਪੇਖ ਜਜੋਂ ਕੁਕਵਿ ਮਨਿ ਰੋਸ ਧਰੈ,
ਮੂਢ ਮਾਨੀ ਪੇਖਿ ਮਾਨ ਸੰਤ ਤੈ ਮਹੰਤ ਕੌਂ[1] ॥੧੭੨॥

[1]ਜਿਵੇਂ ਚੰਗੇ ਕਵੀ ਨੂੰ ਦੇਖ ਕੇ ਖੋਟਾ ਕਵੀ ਮਨ 'ਚ ਗ਼ੁੱਸਾ ਧਾਰਦਾ ਹੈ, ਤਿਵੇਂ ਮੂਰਖ ਤੇ ਹੰਕਾਰੀ, ਸੰਤ ਅਤੇ ਮਹੰਤ ਦਾ ਸਤਿਕਾਰ ਦੇਖ ਕੇ ਗ਼ੁੱਸਾ ਧਾਰਦਾ ਹੈ।

ਦੀਪਕ ਕੇ ਹੇਰ ਜਜੋਂ ਅੰਧੇਰ ਮਨਿ ਰੋਸ ਧਰੈ,
ਬਲ ਹੀਨ ਰੋਸ ਧਰੈ ਦੇਖ ਬਲਵਾਨ ਕੌਂ।
ਸੂਰ ਸਖੀ[1] ਕੌਂ ਬਿਲੋਕ ਕੂਰ[2] ਸੂਮ ਜੈਸ ਰਿਸੇ,
ਉੱਦਮੀ ਕੌਂ ਹੇਰ ਰਿਸੈ ਦਾਰਿਦੀ ਜਹਾਨ ਕੌਂ।

[1]ਦਾਤੇ ਨੂੰ। [2]ਕਾਇਰ।

ਬਾਜ ਕੌਂ ਬਿਲੋਕ ਜਜੋਂ ਬਿਹੰਗ ਗਨ[1] ਰੋਸ ਧਰੈਂ,

[1]ਬਹੁਤੇ ਪੰਛੀ।

ਰੂਪ ਹੀਨ ਰੋਸ ਧਰੈਂ ਪੇਖਿ ਰੂਪ-ਖਾਨ ਕੌਂ[1]।
ਗ੍ਯਾਨ ਸਿੰਘ ਭਾਨੁ ਪੈ ਅਗ੍ਯਾਨ ਏਣ ਰੈਨ ਜੈਸੇ
ਰੋਸ ਧਾਰੈਂ, ਤਜੋਂ ਅਗੁਨੀ ਪੇਖਿ ਗੁਨਵਾਨ ਕੌਂ[1] ॥੧੭੩॥

[1]ਬਹੁਤੇ ਰੂਪ ਵਾਲੇ ਨੂੰ।

[1]ਗਿਆਨ ਸਿੰਘ (ਕਹਿੰਦਾ ਹੈ) ਜਿਵੇਂ ਗਿਆਨ ਉੱਪਰ ਅਗਿਆਨ (ਸਿੰਘ) ਸ਼ੇਰ ਉੱਪਰ (ਏਣ) ਹਰਣ, ਸੂਰਜ ਉੱਪਰਰਾਤ ਗ਼ੁੱਸਾ ਧਾਰਦੇ ਹਨ, ਤਿਵੇਂ ਗੁਣਵਾਨ ਨੂੰ ਵੇਖ ਕੇ ਅਉਗਣੀ ਗ਼ੁੱਸਾ ਧਾਰਦੇ ਹਨ।

ਜੈਸੇ ਹੈ ਸੁਭਾਉ ਜਾਂ ਕੋ ਤੈਸੋ ਹੀ ਬਨਾਉ[1] ਤਾਂ ਕੋ,
ਬੁਰਾ ਨ ਮਨਾਉ ਕਾਂ ਕੋ ਆਪ ਭਲੋ ਜੋਇ ਲੈ[1]।
ਉਖ ਕਟੂ ਥਾਇ ਹੈ ਨ ਜਲ ਜੇ ਸਿੰਚਾਇ ਕਟੂ,
ਮਧੁ ਪਾਈ ਨੀਮ ਮੀਠੋ ਚੀਟੋ ਹ੍ਵੈ ਨ ਕੋਇਲੈਂ[1]।

[1]ਬਣਤਰ, ਬਨਾਵਟ।

[1]ਜੇ ਤੁਸੀਂ ਆਪਣਾ ਭਲਾ ਦੇਖਣਾ ਚਾਹੁੰਦੇ ਹੋ।

[1]ਕੌੜੇ ਪਾਣੀ ਨਾਲ ਸਿੰਜਣ ਕਰ ਕੇ ਗੰਨਾ ਕੌੜਾ ਨਹੀਂ ਹੁੰਦਾ, ਸ਼ਹਿਦ ਪਾਉਣ ਨਾਲ ਨਿੰਮ ਮਿੱਠੀ ਨਹੀਂ ਹੁੰਦੀ, (ਬਹੁਤਾ ਧੋਣ ਨਾਲ) ਕੋਇਲਾ ਚਿੱਟਾ ਨਹੀਂ ਹੁੰਦਾ।

ਦੀਏ ਬਿਨ ਸਿਰ ਨਾ ਸੁਭਾਇ ਜਾਇ ਮਿਲੈ ਪਿਰ,
ਖੱਟੇ ਪਰ ਮੀਠਾ ਥਿਰਿ ਸੰਗਤਰਾ ਹੋਇ ਲੈ[1]।

[1]ਸਿਰ ਦਿੱਤੇ ਬਿਨਾਂ ਨਾ ਸੁਭਾਵ ਹੀ ਜਾਂਦਾ ਹੈ ਤੇ ਨਾ ਪਤੀ ਹੀ ਮਿਲ ਸਕਦਾ ਹੈ, ਜਿਵੇਂ ਖੱਟੇ (ਫਲ ਵਾਲੇ ਬ੍ਰਿਛ) ਦੇ ਉਪਰ ਮਿੱਠੇ (ਫਲ) ਨੂੰ ਟਿਕਾ ਦੇਈਏ (ਪਿਉਂਦ ਕਰ ਦੇਈਏ) ਤਾਂ ਉਹ ਸੰਗਤਰਾ ਹੋ ਜਾਂਦਾ ਹੈ।

ਕੀਟ ਤੈ ਭਾਰੰਗੀ ਭਾਇ ਲੋਹ ਤੈ ਕਨਕ ਥਾਇ,
ਤੈਸੇ ਸਤਿਸੰਗ ਤੈ ਕੁਭਾਇ ਚਹੀਏ ਖੋਇ ਲੈ[1] ॥੧੭੪॥

[1]ਕੀੜੇ ਤੋਂ ਇਕ ਪ੍ਰਕਾਰ ਦੀ ਤਿਤਲੀ (ਬਿਲਨੀ) ਹੋ ਜਾਂਦੀ ਹੈ, ਲੋਹੇ ਤੋਂ ਸੋਨਾ ਹੋ ਜਾਂਦਾ ਹੈ, ਤਿਵੇਂ ਸਤਸੰਗਤ ਨਾਲ ਖੋਟਾ ਸੁਭਾਵ ਗਵਾ ਲੈਣਾ ਚਾਹੀਦਾ ਹੈ।

ਦੋਹਰਾ:

ਪਰਮਾਰਥ[1] ਬਿਵਹਾਰ ਜਸੋਂ,
ਬਦਲੇ ਸਭਿ ਜਨ ਕੇਰ।
ਜਥਾ ਰਾਜ ਪਰਜਾ ਤਥਾ,
ਭਵਤ ਸਮੇਂ ਕਾ ਫੇਰ[1] ॥੧੭੫॥

[1]ਧਰਮ, (ਅ) ਮੁਕਤੀ ਦੇ ਸਾਧਨ।

[1]ਜੇਹੋ ਜਿਹਾਰਾਜਾ ਹੁੰਦਾ ਹੈ, ਉਹੋ ਜੇਹੀ ਪਰਜਾ ਹੋ ਜਾਂਦੀ ਹੈ, ਜਦੋਂ ਸਮੇਂ ਦਾ ਚੱਕ੍ਰ (ਭਵਤ) ਹੁੰਦਾ ਭਾਵ ਬਦਲਦਾ ਹੈ।

ਲੱਖਨ ਸਿੰਘਨ ਕੇ ਲਿਖੇ,
ਜੈਸ ਪਿਖੇ ਹਮ ਭੂਰ[1]।
ਪਿਛਲੇ ਅਬਿ ਕੇ ਸਭਿ ਸਹੀ
ਕਹੇ, ਏਕ ਨਹਿਂ ਕੂਰ[1] ॥੧੭੬॥
ਐਬ ਦਿਖਾਵਨ ਨਹਿਂ ਕਰੇ,
ਰਰੇ[1] ਜਗਾਵਨ ਹੇਤ।

[1]ਬਹੁਤੇ।

[1]ਇਕ ਵੀ ਝੂਠਾ ਨਹੀਂ।

[1]ਕਹੇ ਹਨ।

ਹੈ ਉਮੈਦ ਸਿੰਘ ਬੀਰ[1] ਮਮ ਸੁਨ ਬਹੁ ਭਵੈਂ ਸੁਚੇਤ ॥੧੭੭॥	[1]ਮੇਰੇ ਭਰਾ।
ਕਰਿ ਭੋਜਨ ਅਰਿ ਘਰ, ਛਕੋ ਜ਼ਹਿਰ, ਕਯੋਂ ਨਾ ਮਰ ਜਾਹਿਂ। ਇਨ ਤਿੰਨ ਬਚਨੋ ਸਮ ਸਹੀ, ਹਾਰਦ ਹਮਰੋ ਆਹਿ[1] ॥੧੭੮॥	[1]ਜਿਵੇਂ ਕੋਈ ਕਹੇ ਕਿ ਤੂੰ ਵੈਰੀ ਦੇ ਘਰ ਭੋਜਨ ਕਰ (ਜਾਂ ਕੋਈ ਕਹੇ) ਤੂੰ ਜ਼ਹਰ ਖਾ ਲੈ (ਜਾਂ ਕਹੇ) ਕਿ ਤੂੰ ਮਰ ਕਿਉਂ ਨਹੀਂ ਜਾਂਦਾ। ਇਨ੍ਹਾਂ ਤਿੰਨਾ ਬਚਨਾਂ ਵਾਂਗ ਸਾਡੇ ਮਨ ਦਾ ਭਾਵ ਹੈ (ਭਾਵ ਜਿਵੇਂ ਉਪਰਲੇ ਤਿੰਨਾਂ ਬਚਨਾਂ ਦਾ ਭਾਵ ਕਿਸੇ ਨੂੰ ਮਰਨਾ ਨਹੀਂ ਹੁੰਦਾ ਸਗੋਂ ਅਉਗਣ ਛੁਡਾਉਣ ਦਾ ਹੁੰਦਾ ਹੈ, ਤਿਵੇਂ ਸਾਡਾ ਭਾਵ ਅਉਗਣ ਵਿਖਾਉਣੇ ਨਹੀਂ ਸਗੋਂ ਸੁਚੇਤ ਕਰਨ ਦਾ ਹੈ)।
ਤਰਕ ਮਾਨ ਕੈ ਭੀ ਭਲਾ[1], ਜੇ ਸਿੰਘ ਗਹਿਂ ਇਤਫਾਕ।	[1]ਜੇ ਤਰਕ ਮੰਨ ਕੇ ਸਿੰਘ ਏਕਾ ਕਰ ਲੈਣ ਤਾਂ ਵੀ ਚੰਗਾ ਹੈ।
ਤੌ ਭੀ ਮਨਸਾ ਨਰਦ ਮਮ, ਬਿਨਾ ਦਰਦ ਜਹਿ ਪਾਕ[1] ॥੧੭੯॥	[1]ਮੇਰੀ ਇੱਛਾ ਰੂਪ ਨਰਦ ਬਿਨਾਂ ਦੁੱਖ ਤੋਂ ਪੱਕ ਜਾਂਦੀ ਹੈ।
ਬਦਨਾਮੀ ਕਾ ਹੇਤੁ[1] ਜੋ, ਔਗੁਨ ਤਜਿ ਗੁਨ ਗ੍ਰਾਹਿ।	[1]ਕਾਰਨ।
ਵਜ਼ਨ ਕਰੈ ਬਦ ਨੇਕ ਕੋ, ਪਰੈ ਸਫਲ ਮਮ ਪ੍ਰਾਹਿ[1] ॥੧੮੦॥	[1]ਚੰਗੇ ਮਾੜੇ ਦਾ ਤੋਲ ਕਰ ਲੈਣ ਭਾਵ ਵਿਚਾਰ ਕਰ ਲੈਣ ਤਾਂ ਮੇਰਾ (ਪ੍ਰਾਹਿ) ਕਿਹਾ ਸਫ਼ਲ ਹੋਵੇਗਾ।
ਰਜਨਿ ਜਾਗਿ ਬਡਿ, ਮਜਨ ਕਰਿ, ਭਜਨ ਜਜਨ ਗੁਰੁ ਗ੍ਰੰਥ[1]।	[1]ਵੱਡੀਰਾਤੀਂ ਜਾਗ ਕੇ ਇਸ਼ਨਾਨ ਕਰੇ, ਸਿਮਰਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਕਰੇ।
ਸਜਨ ਸਜਨ ਭਵ ਗਜਨ ਜਿਮ, ਲਜਨ ਤਜਨ ਪਰ ਪੰਥ[1] ॥੧੮੧॥	[1]ਉਹ ਸੱਜਣ ਪੁਰਖ (ਭਵ) ਸੰਸਾਰ ਵਿੱਚ ਹਾਥੀਆਂ ਵਾਂਗ (ਸਜਨ) ਸਜ ਰਹੇ ਹਨ, ਉਹ ਸ਼ਰਮਿੰਦੇ ਹੋ ਕੇ ਪਰਾਏ ਪੰਥਾਂ (ਭੇਖਾਂ) ਨੂੰ ਛੱਡ ਦੇਣ।
ਕਰਿ ਸਤਿਸੰਗਤ ਰੰਗ ਨਿਜ, ਧਰੈਂ ਪਾਕ ਇਤਫਾਕ[1]।	[1]ਆਪਣੇ ਆਪ ਨੂੰ ਪਿਆਰ ਵਿੱਚਰੰਗ ਕੇ ਪਵਿੱਤਰ ਏਕਾ ਕਰ ਲੈਣ।
ਹੁਦ ਮਾਰ ਬੁਢਾਨ ਕੇ, ਤਜਿ ਅਗੁਢ ਲਜ ਵਾਕ[1] ॥੧੮੨॥	[1]ਢੁੱਡ ਮਾਰ (ਕੂਹਣੀ ਮਾਰ) ਬੁੱਢਿਆਂ ਦੇ ਲੱਜਿਆ ਵਾਲੇ ਬਚਨ

(ਅਗੂਢ) ਪ੍ਰਗਟ ਹੀ ਛੱਡ ਕੇ।

ਜਜੋਂ ਤਜੋਂ ਕਰਿ ਨਿਜ ਪੰਥ ਕੀ,
ਕਰੈਂ ਉੱਨਤੀ ਗੌਰ[1]।
ਇਹੁ ਕੂਕੇ ਇਹੁ ਨਿਰਮਲੇ,
ਇਹੁ ਨਿਹੰਗ ਇਹੁ ਔਰ ॥੧੮੩॥

[1]ਬਹੁਤੀ ਤਰੱਕੀ।

ਇਹੁ ਤਜਿ ਸਭਿ ਇਕ-ਮੇਕ ਹ੍ਵੈ,
ਰਹੈਂ ਧਾਰਿ ਦ੍ਰਿਢ ਪਜਾਰ।
ਇਕ ਕੀ ਇਕ ਉਸਤਤਿ ਕਰੈ,
ਨਿੰਦ ਜ਼ਿੱਦ ਤਜਿ ਸਾਰ[1] ॥੧੮੪॥

[1]ਚੰਗੀ ਤਰ੍ਹਾਂ ਛੱਡ ਕੇ।

ਖੇਦ ਭੇਦ ਤੈ ਬੇਦ ਕਹਿ,
ਹੈ ਅਭੇਦ ਸੁਖਦਾਇ[1]।

[1]ਬੇਦ ਕਹਿੰਦਾ ਹੈ ਕਿ (ਭੇਦ) ਫੁੱਟ ਕਰ ਕੇ ਦੁੱਖ ਹੁੰਦਾ ਹੈ ਤੇ (ਅਭੇਦ) ਏਕਤਾ ਸੁਖ ਦੇਣ ਵਾਲੀ ਹੈ।

ਤਾਂ ਤੇ ਭ੍ਰਮ ਕ੍ਰਮ ਭੇਦ ਤਜਿ,
ਪੰਥ ਏਕ ਸਭਿ ਥਾਇ[1] ॥੧੮੫॥

[1]ਹੋ ਜਾਵੇ।

ਖਾਨ ਪਾਨ ਪਹਿਰਾਨ ਤਨ,
ਕ੍ਰਿਯਾ ਢੰਗ ਰੰਗ ਰੂਪ।
ਇਹੁ ਇਕ ਭਏ ਨ ਹ੍ਵੈਂ ਕਬੀ,
ਅਰ ਨਿਭ ਸਕੈਂ ਨ ਖੂਪ[1] ॥੧੮੬॥

[1]ਚੰਗੀ ਤਰ੍ਹਾਂ।

ਇਨ ਬਿਨ ਔਰੈਂ ਏਕਤਾ,
ਇਸ਼ਟ ਉਪਾਸ਼ਨ ਨਾਮ।
ਹਿਲਮਿਲ ਰਹਿਨੋ ਪਜਾਰ ਧਰਿ,
ਨਿਬਹੈ ਏਹੁ ਤਮਾਮ ॥੧੮੭॥
ਮੁਖ ਤਨਖਾਹੈਂ ਚਾਰ ਜੋ,
ਰਹੇ ਦੰਡ ਇਨ ਕੇਰ[1]।
ਔਰ ਗੌਣ ਰਾਖੌਂ ਸਹੀ[1],
ਤਬਿਰਹਿ ਮੇਲ ਬਧੇਰ ॥੧੮੮॥

[1]ਵੱਡੀਆਂ ਚਾਰ ਕੁਰਹਿਤਾਂ ਦਾ ਦੰਡ ਸਾਰਿਆਂ ਨੂੰ ਰਹੇ।

[1]ਹੋਰ ਗੱਲਾਂ ਸਾਧਾਰਨ (ਸਾਮਾਨ) ਰੱਖੋ।

ਇਨ ਬਾਤੋਂ ਬਿਨ ਔਰ, ਨਹਿਂ
ਕੇਹੂੰ[1] ਰਹਿ ਇਤਫਾਕ।
ਜੇ ਭਾਵੈ ਤੌ ਮਾਨ ਲੇਹੁ,
ਪੰਥ ਅਰਜ਼ ਮਮ ਪਾਕ[1] ॥੧੮੯॥

[1]ਕਿਸੇ ਤਰ੍ਹਾਂ ਵੀ।

[1]ਮੇਰੀਆਂ ਪਵਿੱਤਰ ਬੇਨਤੀਆਂ।

ਨਹਿਂ ਮਾਨੋ ਤੌ ਭੀ ਭਲੋ,
ਮਾਨੋ ਥਾਇ ਅਨੰਦ।
ਅਰਜ਼ ਮੁਨਾਸਬ[1] ਮੈਂ ਕਰੀ, — [1]ਯੋਗ।
ਮੇਟਣ ਕੇ ਹਿਤ ਦੁੰਦ[1] ॥੧੯੦॥ — [1]ਝਗੜਾ, ਫੁੱਟ।
ਨਹੀਂ ਤਾਂ ਮਾਲਕ ਸਭੀ ਕੋ,
ਪਾਲਕ ਚਾਲਕ ਆਹਿ[1]। — [1]ਨਹੀਂ ਤਾਂ (ਹੇ ਸਤਿਗੁਰੂ ਸਾਰਿਆਂ ਦੇ) ਪਾਲਣਾ ਕਰਨ ਵਾਲੇ ਤੇ (ਚਾਲਕ) ਚਲਾਉਣ ਵਾਲੇ, ਮਾਲਕ ਤੁਸੀਂ ਹੋ।

ਮੋਰ ਪੰਖ ਜਯੋਂ ਜਾਂਇ ਜਹਿਂ,
ਰਾਵਰ ਕੇ ਸਦਵਾਂਹਿ[1] ॥੧੯੧॥ — [1]ਜਿਵੇਂ ਮੋਰ ਦੇ ਖੰਭ ਜਿੱਥੇ ਜਾਂਦੇ ਹਨ ਮੋਰ ਦੇ ਖੰਭ ਹੀ ਅਖਵਾਉਂਦੇ ਹਨ, ਤਿਵੇਂ ਇਹ ਨਿਰਮਲੇ ਨਿਹੰਗ ਤੇ ਕੂਕੇ ਜਿੱਥੇ ਵੀ ਜਾਣਗੇ ਆਪ ਦੇ ਸਿੱਖ ਹੀ ਅਖਵਾਉਣਗੇ।

ਯਾਂ ਮੈਂ ਭਾਵ ਅਘਾਵ ਹੈਂ,
ਲਖੈਂ ਚਤੁਰ ਕਰਿ ਗੌਰ[1]। — [1]ਇਸ ਵਿੱਚ (ਅਘਾਵ) ਮਿਲਾਪ ਦੇ ਭਾਵ ਹਨ, ਇਹ ਗੱਲ ਸਿਆਣੇ ਖ਼ਿਆਲ ਕਰ ਕੇ ਜਾਣਦੇ ਹਨ।

ਮਨਿ-ਮੁਕਤਾ ਅਤਿ ਮਾਨ ਲਹਿ,
ਬਿਨ ਇਨ ਖਾਰਿ ਲੰਡੌਰ[1] ॥੧੯੨॥ — [1]ਜਿਵੇਂ (ਮੁਕਤਾ) ਮੋਤੀਆਂ ਨਾਲ ਜੜਤ (ਮਣਿ) ਗਹਿਣਾ ਬਹੁਤ ਮਾਣ ਲੈਂਦਾ ਹੈ ਤੇ ਇਨ੍ਹਾਂ ਮੋਤੀਆਂ ਤੋਂ ਬਿਨਾਂ (ਖਾਰਿ) ਸੁਆਹ ਵਾਂਗ (ਲੰਡੌਰ) ਬੇਇਜ਼ਤ ਹੁੰਦਾ ਹੈ (ਤਿਵੇਂ ਏਕਤਾ ਆਦਿ ਮੋਤੀਆਂ ਜੜਤ ਪੰਥ ਰੂਪ ਗਹਿਣ ਬਹੁਤ ਮਾਣ ਪ੍ਰਾਪਤ ਕਰਦਾ ਹੈ ਤੇ ਏਕਤਾ ਆਦਿ ਮੋਤੀਆਂ ਤੋਂ ਬਿਨਾਂ ਸੁਆਹ ਵਾਂਗ ਬੇ-ਇਜ਼ਤ ਹੁੰਦਾ ਹੈ)।

ਪੰਥ ਖਾਲਸੇ ਕੀ ਕਥਾ,
ਅਰ ਬਹੁ ਭੇਖਨ ਕੇਰ।
ਸੁਨੀ ਪਿਖੀ ਜਿਮ ਤਿਮ ਲਿਖੀ,
ਰਿਸਯੋ ਨ ਅਨੁਚਿਤ ਹੇਰਿ[1] ॥੧੯੩॥ — [1]ਅਯੋਗ ਦੇਖ ਕੇ ਗ਼ੁੱਸੇ ਨ ਹੋਇਓ।
ਸਾਧੁ ਸੰਗਤ ਗੁਰੁ ਖਾਲਸਾ,
ਸਭਿ ਮਮ ਇਸ਼ਟ ਉਦਾਰ।
ਭੂਲ ਚੂਕ ਸੁਧ ਕੀਜੀਓ,
ਲਖਿ ਕਵਿ ਕੋ ਨਿਜ ਬਾਰ[1] ॥੧੯੪॥ — [1]ਆਪਣਾ ਬਾਲਕ।
ਬੇਰ ਕੰਜ ਤੰਦਲ ਗਹੇ,
ਸਵਰੀ ਗਜ ਦਿਜ ਕੇਰ[1]। — [1]ਜਿਵੇਂ (ਸਵਰੀ) ਭੀਲਣੀ ਦੇ ਬੇਰ, ਹਾਥੀ ਦਾ ਕੰਵਲ ਤੇ ਸੁਦਾਮੇ ਬ੍ਰਾਹਮਣ ਦੇ (ਤੰਦੁਲ) ਚੌਲ ਗ੍ਰਹਿਣ ਕੀਤੇ ਸਨ।

ਤਯੋਂ ਮਮ ਭੇਟਾ ਗ੍ਰੰਥ ਇਹੁ,

ਗਹੋ ਬਿਰਦ ਨਿਜ ਹੇਰਿ[1] ॥੧੯੫॥

[1]ਆਪਣਾ (ਬਿਰਦ) ਸੁਭਾਵ ਦੇਖ ਕੇ ਗ੍ਰਹਿਣ ਕਰੋ।

ਨਾਮ ਦਾਨ ਨਿਜ ਗ੍ਯਾਨ ਦ੍ਰਿਢ[1],
ਤਨ ਅਰੋਗ ਮਨਿ ਚੈਨ।
ਇਹੁ ਪ੍ਰਸਾਦ ਦਿਹੁ ਕ੍ਰਿਪਾ ਕਰਿ,
ਗ੍ਯਾਨ ਸਿੰਘ ਕੇ ਐਨਿ[1] ॥੧੯੬॥

[1]ਆਪਣੇ ਸਰੂਪ ਦਾ ਪੱਕਾ ਗਿਆਨ।
[1]ਹਿਰਦੇ ਰੂਪ ਘਰ ਵਿੱਚ।

ਛੀਰ ਸਿੰਧ ਸੀ[1] ਪੰਥ ਕੀ,
ਕਥਿ ਸਭਿ ਕਥਾ ਉਦਾਰ।
ਤਨਕ ਭਨਕ ਹੌਂ ਝਾਗ ਸੀ,
ਨਿਜ ਤਨ ਕੀ ਅਬਿ ਸਾਰ[1] ॥੧੯੭॥

[1]ਦੁੱਧ ਦੇ ਸਮੁੰਦਰ ਵਰਗੀ।
[1]ਝੱਗ ਵਾਂਗ ਹੁਣ ਮੈਂ ਆਪਣੇ ਸ਼ਰੀਰ ਦੀ (ਤਨਕ) ਥੋੜ੍ਹੀ ਜਿਹੀ ਸ੍ਰੇਸ਼ਟ ਕਥਾ (ਭਨਕ) ਕਹਿੰਦਾ ਹਾਂ।

ਕਵਿ ਬ੍ਰਿਤਾਂਤ

ਚੌਪਈ:

ਮੈਂ ਅਬਿ ਅਪਨੀ ਕਥਾ ਸੁਨੈ ਹੋਂ।
ਗ੍ਰੰਥ ਸਮਾਪਤਿ ਕਰਿ ਦਿਖਰੈ ਹੋਂ।
ਮਹਾਰਾਜ ਜੋ ਰਾਇ-ਪਥੌਰਾ[1]।
ਭਯੋ ਚੁਹਾਣ[1] ਛੱਤਰੀ ਗੌਰਾ[2] ॥੧੯੮॥

[1]ਪ੍ਰਿਥੀਰਾਜ।
[1]ਗੋਤ। [2]ਭਾਰੀ ਸੂਰਮਾ।

ਸਗਰੀ ਹਿੰਦੂ ਕੇਰ ਪਤਿਸ਼ਾਹੀ।
ਕੀਨੀ ਇਨ, ਮੁਦ ਭੀਨੀ ਆਹੀ[1]।
ਕਿੱਲੀ[1] ਜਿਸ ਕੀ ਦਿੱਲੀ ਮਾਹੈਂ।
ਜੋਗ-ਮਾਯਾ ਕੇ ਮੰਦਰ ਪਾਹੈਂ[1] ॥੧੯੯॥

[1](ਜੋ) ਅਨੰਦ ਵਿੱਚ ਭਿੱਜੀ ਹੋਈ ਸੀ।
[1]ਨਿਸ਼ਾਨੀ।
[1]ਪਾਸ ਹੈ।

ਗੌਰੀ ਸ਼ਾਹ[1] ਸ਼ਹਾਬੁੱਲਦੀਨੋ।
ਦਿੱਲੀ ਤਖਤ ਤਾਂਹਿ ਤੈ ਛੀਨੋ[1]।
ਰਾਇ ਬੀਰ ਤਾਂ ਕਾ ਲਘੁ[1] ਭਾਈ।
ਰਹਿਤ ਆਗਰੇ ਮਾਂਹਿ ਸਦਾਈ ॥੨੦੦॥

[1]ਮੁਸਲਮਾਨਾਂ ਦੀ ਗੌਰੀ (ਬੰਸ) ਦਾ ਬਾਦਸ਼ਾਹ।
[1]ਖੋਹ ਲਿਆ।
[1]ਛੋਟਾ।

ਮੁਲਕ ਜਗੀਰ ਹੁਤੋ ਸੋ ਤਾਂ ਪੈ।
ਕਰਤ ਅਦਾਲਤ ਐਸੀ ਵਾਂ ਪੈ[1]।
ਆਵਤ ਜੋ ਮੁਕੱਦਮੇ ਵਾਰੇ।
ਲੁਟ ਲੇਤ ਦੁਹਿ ਕੋ ਬਿਨ ਬਾਰੇ[1] ॥੨੦੧॥

[1]ਓਥੇ।
[1]ਬਿਨਾਂ ਦੇਰ ਤੋਂ।

ਥਾ ਮਤਲਬ ਉਸ ਕਾ ਦ੍ਰਿਢ ਏਹੀ।
ਨਾਂਹਿ ਉਠੈ ਝਗਰਾ ਕਿਤ ਕੇਹੀਂ[1]।

[1]ਕਿਤੇ ਵੀ ਕੋਈ।

ਇਕ ਦਿਨ ਰਾਇ ਪਥੌਰੇ ਪਾਸੈਂ।
ਅਯੋ ਕਚੈਹਰੀ ਮੈਂ ਜਬਿ ਖਾਸੈਂ[1] ॥੨੦੨॥ — [1]ਆਪ।
ਮਹਾਰਾਜ ਹਸਿ ਐਸ ਉਚਾਰਾ।
ਆਯੋ ਦੁਹਿ-ਲੁਟ[1] ਬੀਰ ਹਮਾਰਾ। — [1]ਦੋਹਾਂ ਨੂੰ ਲੁੱਟਣ ਵਾਲਾ।
ਤਬਿ ਤੈ ਦੁਹਿ ਲੁਟ ਤਾਂ ਕਾ ਨਾਮੂ।
ਬਿਦਤਯੋ ਲੋਗਨ ਮਾਂਹਿ ਤਮਾਮੂ[1] ॥੨੦੩॥ — [1]ਸਾਰੇ ਲੋਕਾਂ ਵਿੱਚ ਪ੍ਰਗਟ ਹੋ ਗਿਆ।
ਦੁਹਿ ਲੁਟ ਤੈ ਦੁੱਲਟ ਫਿਰਰਹਯੋ।
ਲੋਗਨ ਕੀ ਜ਼ੁਬਾਨ ਪਰ ਬਹਯੋ[1]। — [1]ਬੈਠ ਗਿਆ ਭਾਵ ਚੜ੍ਹ ਗਿਆ।
ਰਾਇ ਪਥੌਰਾ ਕੇ ਕੁਲ ਭੱਟ ਨੇ[1]। — [1]ਕੁਲ ਦੇ ਭੱਟ ਨੇ।
ਇਕ ਨੈ ਤੋ ਇਮ ਕੀਨੋ ਰਟਨੇ[1] ॥੨੦੪॥ — [1]ਉਚਾਰਨ ਕੀਤਾ ਹੈ।
ਦੁਤੀ ਬ੍ਰਿਧ ਭਟ ਭਾਖਯੋ ਯਾਹੈ[1]। — [1]ਇਸ ਤਰ੍ਹਾਂ।
ਦੁੱਲਟਰਾਇ ਨਾਮ ਥਾ ਵਾਹੈਂ[1]। — [1]ਉਸ ਦਾ।
ਭਾਵ ਏਕ ਹੀ ਦੋਨੋ ਕੇਰੈਂ।
ਧਾਰਯੋ ਹਮ ਦਿਢ ਸਮਝ ਅਛੇਰੈਂ ॥੨੦੫॥
ਰਾਜ ਜਬੈ ਤੁਰਕੋਂ ਨੈ ਲੀਓ।
ਰਾਇ ਪਥੌਰਾ ਉਨੈ ਗਹੀਓ[1]। — [1]ਪਕੜ ਲਿਆ।
ਦੁੱਲਟਰਾਇ ਦੌਰਿ ਤਬਿ ਆਛੈਂ।
ਜੰਗਲ ਦੇਸ ਧਸਯੋ ਸੁਖ ਬਾਛੈਂ ॥੨੦੬॥
ਗੁੱਜਰ ਨ੍ਰਿਪ ਹੁਤੋ ਲਘੁ ਏਕੈਂ।
ਥੀ ਰਾਣੀ ਤਾਂ ਕੀ ਸੁਠ ਨੇਕੈਂ।
ਸੁਇਨਾ ਨਾਮ ਉਦਾਰ ਮਹਾਂ ਹੈ।
ਸ਼ਹਿਰ ਸੁਨਾਮ ਬਸਾਯੋ ਜਾਹੈਂ ॥੨੦੭॥
ਦੁੱਲਟ ਰਾਇ ਤਈਂ ਤਿਨ ਰਾਖਾ।
ਸੁਭਟ ਕੁਲੀਨ ਨੇਕ ਦਿਢ ਲਾਖਾ[1]। — [1]ਜਾਣ ਕੇ।
ਸੇਵਾ ਮੱਦਦ ਕਰੀ ਉਦਾਰੀ।
ਦਯੋ ਮੁਕਾਨ ਬਸਨ ਹਿਤ ਕਾਰੀ[1] ॥੨੦੮॥ — [1]ਵਸਣ ਵਾਸਤੇ ਚੰਗਾ।
ਲੋਕ ਧਾੜਵੀ ਦੇਸੀ ਜੇਤੇ।
ਮਿਲੇ ਰਾਇ ਦੁਲੱਟ ਸੈਂ ਤੇਤੇ।
ਧਾੜੇ[1] ਉਨ ਪੁਨ ਅਧਿਕੈਂ ਮਾਰੇ। — [1]ਡਾਕੇ।
ਤੁਰਕਨ ਕੇ ਧਨ ਲੁਟੇ ਅਪਾਰੇ ॥੨੦੯॥

ਦਿੱਲੀ ਆਗਰਾ ਮਥਰਾ ਲੈਹੈਂ[1]।	[1]ਤੱਕ।
ਲੂਟੇ ਸ਼ਹਿਰ ਲਹਿਰ ਕਰਿ ਤੈਹੈਂ[1]।	[1]ਤਿਨ੍ਹਾਂ ਨੇ ਮੌਜ ਵਿੱਚ ਆ ਕੇ।
ਸਾਤ ਪੂਤ ਦੁੱਲਟ ਕੇ ਥੀਏ।	
ਮੂਰ, ਧਾਰ, ਕੈਬੋ, ਬਨ, ਲੀਏ[1] ॥੨੧੦॥	[1](ਨਾਮਰੱਖ) ਲਏ।
ਲੌਂਗੋ, ਰਾਜਾਣੀ, ਬਡਜਾਣੀ।	
ਰਾਇ ਨਾਮ ਸਭਿ ਭਏ ਮਹਾਣੀ[1]।	[1]ਵੱਡੇ।
ਸੁਤ ਨਾਤੀ[1] ਜਬਿ ਬਹੁ ਬਿਰਧੀਏ[2]।	[1]ਪੁੱਤ ਪੋਤੇ। [2]ਵਧ ਗਏ।
ਬਜਾਹਿ ਧਾਮ ਜੱਟਨ ਕੇ ਲੀਏ ॥੨੧੧॥	
ਤਿਨ ਕੀ ਸੰਤਤਿ[1] ਬਢੀ ਅਪਾਰੈਂ।	[1]ਉਲਾਦ।
ਦੁੱਲਟ ਤਿਨ ਕੋ ਲੋਗ ਉਚਾਰੈਂ।	
ਦੁੱਲਟ ਅੱਲ ਰਹੀ ਤਿਨ ਪਹਿਲੈਂ।	
ਏਹੀ ਗੋਤ ਥਯੋ ਫਿਰ ਸਹਿਲੈਂ[1] ॥੨੧੨॥	[1]ਸੌਖਿਆਂ।
ਜਯੋਂ ਸਿੱਧੂ ਕੇ ਸੁਤ ਬਿਰਾੜ ਤੈ।	
ਬਿਦਤਯੋ ਗੋਤ ਬਿਰਾੜ ਆੜ ਤੈ[1]।	[1]ਉਸੇ ਸਮੇਂ ਤੋਂ।
ਦੁੱਲਟ ਲੋਗ ਬਢੇ ਜਬਿ ਭਾਰੇ।	
ਬਸੇ ਬਸਾਇ ਗਾਮ ਨਿਜ ਚਾਰੇ[1] ॥੨੧੩॥	[1]ਆਪਣੇ ਚਾਰ ਪਿੰਡ ਵਸਾ ਕੇ ਵਸੇ।
ਚੱਠੇ, ਉੱਪਲੀ, ਕੈਬੋਵਾਲੈਂ।	
ਲੌਂਗੋਵਾਲਾਦਿਕ ਬੇਸਾਲੈਂ[1]।	[1]ਵੱਡੇ (ਪਿੰਡ)।
ਬਸੇ ਅਧਿਕ ਇਨ ਪਿੰਡਨ ਮੈਹੈਂ।	
ਕੇਚਿਤ ਗਏ ਪੰਜਾਬ ਮਧੈ[1] ਹੈਂ ॥੨੧੪॥	[1]ਪੰਜਾਬ ਦੇ ਮੱਧ ਭਾਵ ਮਾਝੇ ਵਿੱਚ।
ਭੂਪ ਨੂਰਪੁਰ ਵਾਰੇ ਪਾਸੈਂ।	
ਨੌਕਰ ਰਹੇ ਸੁਭਟ ਵਹਿ ਖਾਸੈਂ[1]।	[1]ਉਹ ਚੰਗੇ ਸੂਰਮੇਂ।
ਮਾਹੀਆ, ਮਾਲੀ, ਰਾਇ-ਬਹਾਦਰ।	
ਬਿਦਤੇ[1], ਸੰਤਤਿ ਬ੍ਰਿਧੀ ਸਾਦਰ[2] ॥੨੧੫॥	[1]ਪ੍ਰਗਟ ਹੋਏ। [2]ਅਣੋਖੀ ਉਲਾਦ ਵਧੀ।
ਨਿਕਟਿ ਬਟਾਲੇ ਪਿਖਿ ਥਲ ਨੀਕੈਂ।	
ਗਾਂਮ ਬਸਾਯੋ ਤਹਿਂ ਨਿਜ ਠੀਕੈਂ।	
ਦੁੱਲਟ ਨਾਮ ਗਾਮ ਕਾ ਧਾਰਾ[1]।	[1]ਰੱਖਿਆ।
ਅਬਿ ਦੁੱਲਟ ਤਹਿਂ ਬਸਤ ਅਪਾਰਾ ॥੨੧੬॥	
ਜਿਨ ਮੈਂ ਸੇ ਗੰਡਾ ਸਿੰਘ ਚਾਰੀ[1]।	[1]ਸੁੰਦਰ।
ਅੰਮ੍ਰਿਤਸਰ ਦਰਬਾਰ ਪੁਜਾਰੀ।	

ਹੈ ਅਰਦਾਸੀਆ ਨੇਕ ਮਹਾਨੈ।
ਅਬਿ ਆਗੇ ਔਰਨ ਕੀ ਭਾਨੈ[1] ॥੨੧੭॥ — [1]ਹੋਰਾਂ ਦੀ ਕਥਾ ਕਹਿੰਦੇ ਹਾਂ।
ਦੇਸ ਏਸ ਮੈਂ ਜਬਿ ਗੁਰੁ ਨੌਮੇਂ।
ਨਿਜ ਜਨ ਕੁਮਦੈਂ ਸੁਖ-ਦਾ ਸੌਮੇਂ[1]। — [1]ਆਪਣੇ ਸੇਵਕਾਂ ਰੂਪ ਕਮੀਆਂ ਨੂੰ ਚੰਦ ਵਾਂਗ ਸੁਖ ਦੇਣ ਵਾਲੇ।
ਤਾਰਤ ਫਿਰੇ ਨਦੀ ਗਨ ਨਜਾਈਂ[1]। — [1]ਬੱਦਲ ਵਾਂਗ।
ਦੁੱਲਟ ਸੇਵਕ ਭਏ ਤਦਾਂਈ ॥੨੧੮॥
ਫਿਰ ਗੁਰੁ ਦਸਮੇ ਪਾਸ ਰਹਾਏ।
ਜੰਗਨ ਮੈਂ ਅਨਗਨ ਅਰਿ ਘਾਏ[1]। — [1]ਅਣਗਿਣਤ ਵੈਰੀ ਮਾਰੇ।
ਔਰੰਗਜ਼ੇਬ ਸ਼ਾਹਿ ਤੇ ਪੀਛੇ।
ਮਚੇ ਗਦਰ ਮੁਲਕੀ ਜਬਿ ਤੀਛੇ[1] ॥੨੧੯॥ — [1]ਜਦੋਂ ਮੁਲਕ ਵਿੱਚ ਤਿੱਖੀਆਂ ਬਗ਼ਾਵਤਾਂ ਹੋਈਆਂ।
ਫਿਰ ਨਾਦਰ ਜਬਿ ਜ਼ੁਲਮੀ ਆਯੋ।
ਅਹਿਮਦ ਸ਼ਾਹ ਕਈ ਬਿਰ ਪਾਯੋ[1]। — [1]ਕਈ ਵਾਰ ਹੱਲਾ ਕੀਤਾ।
ਤਬਿ ਅਤਿ ਕਾਲ ਚਾਲ ਕੇ ਮਾਰੇ[1]। — [1]ਸਮੇਂ ਦੀ ਚਾਲ ਦੇ ਤੰਗ ਕੀਤੇ।
ਉਜੜੇ ਥੇ ਪਿੰਡ ਕੌਮ ਅਪਾਰੇ[1] ॥੨੨੦॥ — [1]ਬਹੁਤੀਆਂ ਕੌਮਾਂ ਦੇ।
ਦੁੱਲਟ ਭੀ ਉਜੜੇ ਤਿਸ ਕਾਲੈਂ।
ਫਿਰਤ ਰਹੇ ਚਕਰੈਲ ਬਿਸਾਲੈਂ[1]। — [1]ਬਹੁਤੇ ਪੱਖੀ-ਵਾਸਾਂ ਵਾਂਗ।
ਆਲੇ ਸਿੰਘ ਪਟਜਾਲੇ ਵਾਲੇ।
ਹੋਇ ਨ੍ਰਿਪ ਜਬਿ ਪ੍ਰਗਟ ਬਿਸਾਲੇ ॥੨੨੧॥
ਬਰਨਾਲਾ ਤੈ ਉਭਾਵਾਲੈਂ।
ਆਦਿਕ ਗਾਮ ਬਸਏ ਬਿਸਾਲੈਂ।
ਲੌਂਗੋਵਾਲ ਕਾ ਥੇਹ ਪਿਖੈ ਕੈ।
ਦੁੱਲਟ ਜੱਟਨ ਤਈਂ ਬੁਲੈ ਕੈ ॥੨੨੨॥
ਕੂਪ[1] ਪਹਿਲ ਹੀ ਥਾ ਤਿਨ ਕੇਰਾ। — [1]ਖੂਹ।
ਲਗਜੋ ਨ੍ਰਿਪ ਆਲੇ ਸਿੰਘ ਹੇਰਾ।
ਹਿੰਮਤ ਨਾਮ ਦੁੱਲਟ ਨੇ ਜੋਊ।
ਥਾ ਲਗਵਾਯੋ ਜਾਨਤ ਲੋਊ[1] ॥੨੨੩॥ — [1]ਲੋਕ।
ਅੱਠਾਰਾਂ ਸੌ ਛੈ ਕੈ ਮਾਂਹੈਂ।
ਲੌਂਗੋਵਾਲ ਬਸਾਯੋ ਚਾਹੈਂ[1]। — [1]ਉਤਸ਼ਾਹ ਨਾਲ।
ਤੁਰਕ ਤਕੀਪੁਰ, ਢੱਡਰੀਆਂ ਕੇ।
ਬਸਣ ਨ ਦੇਤੇ ਹੁਤੇ ਲੜਾਕੇ ॥੨੨੪॥

ਆਲਾ ਸਿੰਘ ਕੀ ਮੱਦਦ ਪਾਹੈ।
ਦੁਲਟੋਂ ਨੈ ਲਰ ਕੈ ਹਤ ਤਾਂਹੈਂ[1]। — [1]ਉਨ੍ਹਾਂ ਨੂੰ ਮਾਰ ਕੇ।
ਐਨ ਗਾਮ ਨਿਜ[1] ਲਯੋ ਬਸੈ ਹੈ। — [1]ਆਪਣਾ ਚੰਗਾ ਪਿੰਡ।
ਰਕਬਾ[1] ਰੋਕਜੋ ਅਤਿ ਅਧਿਕੈ ਹੈ ॥੨੨੫॥ — [1]ਜ਼ਮੀਨ ਦਾ ਲੰਬਾਉ ਚੌੜਾਉ।
ਜਟਕਾ ਪਿੰਡ ਤਿਸੈ ਸਮ ਗੌਰੈਂ[1]। — [1]ਵੱਡਾ।
ਨਹਿਂ ਮਸ਼ਹੂਰ ਬਡੋ ਕਿਤ ਔਰੈਂ।
ਯਦੀ ਔਰ ਬਹੁ ਜੱਟ ਬਸੈ ਹੈਂ।
ਪੈ ਮਾਲਕ ਦੁੱਲਟ ਹੀ ਤੈਹੈਂ[1] ॥੨੨੬॥ — [1]ਤਿਸ ਥਾਂ।
ਤਿਨ ਮੈਂ ਸਿੰਘ ਨਗਾਹੀਆ ਜੋ ਹੈ।
ਸੁਭਟ ਉਦਾਰ ਭਗਤ ਬਿਦਤੋ ਹੈ[1]। — [1]ਸੂਰਮਾ ਦਾਤਾ ਤੇ ਭਗਤ ਪ੍ਰਗਟ ਹੋਇਆ।
ਮਨੀ ਸਿੰਘ ਜਿਸ ਅੰਗ ਕਟਾਏ।
ਤਿਸ ਕਾ ਬਡੋ ਬੀਰ ਥਾ ਸਾਏ[1] ॥੨੨੭॥ — [1]ਉਹ ਤਿਸ ਦਾ ਵੱਡਾ ਭਰਾ ਸੀ।

ਦੋਹਰਾ:
ਦਰਗਾਹਾ ਸਿੰਘ, ਅਘੜ ਸਿੰਘ,
ਸਿੰਘ-ਥਰਾਜ ਮਰਾਝ[1]। — [1]ਮਰਾਝ ਸਿੰਘ।
ਰੁੱਘਾ ਸਿੰਘ, ਬਖਤਾ ਹਰੀ,
ਸਿੰਘ-ਸੁਜਾਨ ਬਿਰਾਜ[1] ॥੨੨੮॥ — [1]ਟਿਕ ਰਹੇ ਸਨ।
ਸਾਤ ਪੂਤ ਇਹੁ ਤਾਂਹਿ ਕੇ,
ਭਏ ਸੁਭਟ ਬਲਵਾਨ।
ਪੰਥ ਖਾਲਸੇ ਮੈਂ ਰਹੇ,
ਬਡੇ ਤੀਨ ਸਦ ਜਾਨ[1] ॥੨੨੯॥ — [1]ਜਾਣੋ ਵੱਡੇ ਤਿੰਨੇ ਭਰਾ ਹਮੇਸ਼ਾਂ ਪੰਥ ਖ਼ਾਲਸੇ ਵਿੱਚ ਰਹੇ।

ਚੌਪਈ:
ਅਘੜ ਸਿੰਘ ਤੈ ਸਿੰਘ ਥਰਾਜੂ।
ਰਹੇ ਬਿਹੰਗਮ[1] ਬੇ-ਮੁਹਿਤਾਜੂ[2]। — [1]ਵਿਰਕਤ, ਤਿਆਗੀ। [2]ਨਿਰਿੱਛਤ।
ਨੁਵਾਬ ਕਪੂਰ ਸਿੰਘ ਕੇ ਡੇਰੇ।
ਮਾਂਹਿ ਰਹੇ ਵਹਿ ਲਰਤ ਅਗੇਰੇ[1] ॥੨੩੦॥ — [1]ਅੱਗੇ ਹੋ ਕੇ।
ਪੰਥ ਉਤਰ ਹੈ ਜਬਿ ਜਿਸ ਠੈਹੈਂ[1]। — [1]ਜਗ੍ਹਾ।
ਇਹੁ ਸੁੱਖੇ ਕੀ ਦੇਗ ਸਜੈ ਹੈ।
ਬਿਦਤਯੋ ਸਿੰਘ ਥਰਾਜ ਸੁਖੱਈ।
ਲੜਤ ਤੁਰਕਨ ਸੈਂ ਅੱਗਰ ਥਈ ॥੨੩੧॥

ਕਿਲ੍ਹਾ ਘਨੌਲੀ ਕੇਰ ਛੁਡੈ ਹੈ।
ਭਯੋ ਸ਼ਹੀਦ ਤਹਾਂ ਜੁਝੈ ਹੈ[1]।
[1]ਲੜ ਕੇ।
ਹੈ ਸ਼ਹੀਦ-ਗੰਜ ਤਿਸ ਕਾ ਤਹਾਂ।
ਅਬਿ ਲੌ ਪੂਜਤ ਹੈਂ ਜਨ ਮਹਾਂ ॥੨੩੨॥
ਅਘੜ ਸਿੰਘ ਲੜਿ ਜੈਨੇ ਖਾਂ ਸੈਂ[1]।
[1]ਜੈਨੇ ਖ਼ਾਂ ਨਾਲ ਲੜ ਕੇ।
ਥਯੋ ਸ਼ਹੀਦ ਤਹਾਂ ਹੀ ਖਾ ਸੈਂ[1]।
[1]ਆਪ।
ਦਰਗਾਹਾ ਸਿੰਘ ਸਾਧੂ ਸਿੰਘ ਥੀਓ।
ਕਨਖਲ ਪਰ ਮੁਕਾਨ ਬਨਵੀਓ ॥੨੩੩॥
ਸੰਤਤਿ ਬਾਕੀ ਚਾਰੋਂ ਕੇਰੀ।
ਐ ਅਬਿ ਲੌਂਗੋਵਾਲ ਬਧੇਰੀ।
ਲੋਗ ਨਗਾਹੀਏ ਕੇ ਤਿਨ ਤਾਂਈਂ।
ਕੈਹੈਂ ਹੈਂ ਮਸ਼ਹੂਰ ਤਹਾਂਈਂ ॥੨੩੪॥
ਬਖਤੇ ਸਿੰਘ ਕਾ ਭਾਗ ਸਿੰਘ ਸੁਤ।
ਗੁਰੂ ਭਗਤਿ ਅਤਿ ਭਯੋ ਜੋਗ-ਨੁਤ[1]।
[1]ਉਸਤਤ ਯੋਗ।
ਚਤੁਰਥ ਸੁਤ ਲਘੁ[1] ਤਿਸ ਕਾ ਏ ਹੈ।
[1]ਚੌਥਾ ਛੋਟਾ ਪੁੱਤਰ।
ਗਯਾਨ ਸਿੰਘ ਜੋ ਗ੍ਰੰਥ ਰਚੇ ਹੈ ॥੨੩੫॥
ਸੇਰੋਂ ਪਿੰਡ ਸੁਨਾਮ ਢਿਗੈਂ ਹੈ।
ਤਕੜਾ ਸਿੰਘ ਰੰਧਾਵਾ[1] ਤੈਂਹੈ[2]।
[1]ਗੋਤ। [2]ਓਥੇ ਹੈ।
ਹਰਿ ਗੁਰੁ ਭਗਤ ਜਗਤ ਬਿਦਤਾਯੋ।
ਲੰਗਰ ਤਿਸ ਨੈ ਅਧਿਕ ਚਲਾਯੋ ॥੨੩੬॥
ਤਾਂ ਕਾ ਦੋਹਿਤ੍ਰਾ ਮੁਹਿ ਜਾਨੋ।
ਇਹੁ ਤੌ ਨਿਜ ਕੁਲ ਕਹੀ ਪਛਾਨੋ।
ਥਯੋ ਵਿਰਾਗ ਜਬੈ ਪੁਨ ਮੋਹੈ[1]।
[1]ਮੈਨੂੰ।
ਸਾਧੁ ਹੋਨ ਕੋ ਚਿਤ ਲਲਚੋ ਹੈ[1] ॥੨੩੭॥
[1]ਲਲਚਾਇਆ, ਇੱਛਾਵਾਨ ਹੋਇਆ।
ਪੈ ਹਮਰੇ ਸੁਠ[1] ਸਿੰਘੀ ਰੀਤੀ।
[1]ਸੁੰਦਰ।
ਚਲੀ ਆਤ ਕੁਲ ਮਾਂਹਿ ਬਿਨੀਤੀ[1]।
[1]ਕਦੀਮੀਂ ਪੁਰਾਣੀ, ਪੁਸ਼ਤਾਂ ਤੋਂ।
ਘਰ ਤੈ ਨਿਕਸ ਫਿਰਿਓ ਅਵਾਰੈਂ[1]।
[1]ਅਮੋੜ, ਬਿਨਾਂ ਕੰਮ ਤੋਂ।
ਬਹੁ ਭੇਖਨ ਕੇ ਗਯੋ ਦੁਵਾਰੈਂ ॥੨੩੮॥
ਗਯਾਨ ਬ੍ਰਹਮਾਤਮ ਦਾਨ ਨ ਦੈਹੈਂ।
ਭੇਖ ਰੇਖ[1] ਦੈਨੀ ਦਿਢ ਚੈਹੈਂ।
[1]ਭੇਖਾਂ ਦੀ ਨਿਸ਼ਾਨੀ।

ਕੋ ਲਟ[1] ਲੈਨੀ ਚਹਿਂ ਸਿਰ ਮੁੰਡਜੋ।

[1]ਕੇਸਾਂ ਦਾ ਕੁਝ ਹਿੱਸਾ।

ਕੋ ਰੁੱਦ੍ਰਾਖ ਧਰਾਇ ਤ੍ਰਿਮੁੰਡਜੋ[1] ॥੨੩੯॥

[1]ਕੋਈ (ਸ਼ੈਵੀ ਸ਼ਿਵਾਂ ਦਾ ਉਪਾਸ਼ਕ) ਰੁਦ੍ਰਾਖ ਬ੍ਰਿਛ ਦੇ ਫਲਾਂ ਦੀ ਮਾਲਾ ਧਰਾ ਕੇ ਤਿੰਨ (ਮੁੰਡ) ਪੋਰੀਆਂ ਦੇ ਆਕਾਰ ਦਾ ਟੇਢੀਰੇਖਾ ਦਾ ਤਿਲਕ ਲਗਾਉਣਾ ਚਾਹੁੰਦੇ ਹਨ।

ਛਾਪ ਦ੍ਵਾਰਕਾ ਕੰਠੀ ਕੰਠੈਂ[1]।

[1]ਕੋਈ ਦੁਆਰਕਾ ਦਾ ਛਾਪਾ ਤੇ ਗਲ਼ ਵਿੱਚ ਕੰਠੀ ਪੁਆਉਣਾ ਚਾਹੁੰਦਾ ਹੈ।

ਕੋ ਕਹਿ ਧਰੋ ਖਾਕ, ਇਮ ਸੰਠੈਂ[1]।

[1]ਇਸ ਤਰ੍ਹਾਂ ਆਪਣੇ ਮਤ ਨਾਲ ਗੰਢਦੇ ਹਨ।

ਹੁਤੋ ਦਸਮ ਗੁਰੁ ਕਾ ਸਿੰਘ ਮੈਹੂੰ।
ਕੇਸੋਂ ਕੀ ਨ ਬਿਅਦਬੀ ਚੈਹੂੰ ॥੨੪੦॥
ਸੰਤ ਨਿਰਮਲੇ ਫਿਰ ਜਬਿ ਪੇਖੇ।
ਧੀਰਜ ਤਹਿਂ ਇਮ ਅਯੋ ਬਿਸੇਖੇ।
ਇਕ ਤੋ ਆਤਮ ਗਜਾਨ ਦਿਢੈ ਹੈਂ।
ਦੁਤੀ ਬਿੱਦਜਾ ਅਧਿਕ ਪਢੈ ਹੈਂ ॥੨੪੧॥
ਤ੍ਰਿਤੀਏ ਰੇਖ ਨ ਭੇਖ ਸ਼ਰ੍ਹਾ ਕੀ[1]।

[1]ਨਾ ਭੇਖ ਦੀ ਸ਼ਰ੍ਹਾ ਦਾ ਚਿੰਨ੍ਹ (ਧਰਾਉਂਦੇ ਹਨ)।

ਚਤੁਥ ਕੈਦ ਨ ਕਿਸੀ ਤਰ੍ਹਾਂ ਕੀ।
ਪੰਚਮ ਕੇਸ ਵੇਸ ਹੀ ਰੈਹੈਂ[1]।

[1]ਸੁੰਦਰ ਹੀ ਰਹਿੰਦੇ ਹਨ।

ਖਸ਼ਟਮ ਜਬਿ ਚਹਿਂ ਗ੍ਰਿਸਥੀ ਥੈਹੈਂ ॥੨੪੨॥
ਤਰਕ[1] ਨ ਫਰਕ ਕੋਇ ਇਸ ਮੈਹੈਂ।

[1]ਨੁਕਤਾ–ਚੀਨੀ।

ਉਭੈ ਹਾਥ ਮੈਂ ਮੋਦਕ ਰੈਹੈਂ[1]।

[1]ਦੋਹਾਂ ਹਥਾਂ 'ਚ ਲੱਡੂ ਰਹਿੰਦੇ ਹਨ।

ਸਤਮੇ ਦਸਮ ਗੁਰੂ ਕੀ ਸਿੱਖੀ।
ਬਨੀ ਰਹੇਗੀ ਨਿਸਚੈ ਤਿੱਖੀ ॥੨੪੩॥
ਅਸ਼ਟਮ ਬਸਨ ਕਖਾਇ[1] ਜੁ ਯਾਂ ਮੈਂ।

[1]ਭਗਵੇਂ ਬਸਤਰ।

ਸੋ ਭੀ ਧਰੇ ਨ ਧਾਰੇ ਭਾਂਮੈਂ[1]।

[1]ਭਾਵੇਂ।

ਰਾਜ ਜੋਗ ਭੀ ਭੋਗ ਮੋਖ ਲੌਂ।
ਬਿਰਤ ਬਿਬੇਕ ਬਿਚਾਰ ਤੋਖ ਲੌਂ[1] ॥੨੪੪॥

[1]ਵਿਚਾਰ ਤੇ ਸੰਤੋਖ ਗਿਆਨ ਬ੍ਰਿਤੀ (ਆਦਿ ਗੁਣ ਹਨ)।

ਮੀਰੀ ਪੀਰੀ ਫਕੀਰੀ ਅਮੀਰੀ।
ਛਿਮਾ ਦਜਾਲਤਾ ਮਿੱਲਤ ਸ਼ੀਰੀਂ[1]।

[1]ਮਿਠਾਸ।

ਇਤਜਾਦਿਕ ਗੁਨ ਨਫੇ ਘਨੇਰੇ।
ਏਸ ਪੰਥ ਮੈਂ ਜਬਿ ਹਮ ਹੇਰੇ ॥੨੪੫॥
ਨਿਰਮਲ ਤਨ ਮਨ ਸੰਤ ਨਿਰਮਲੇ।
ਲਖੇ[1] ਸਰਬ ਥਾਂ ਜਬੈ ਪਿਰ ਮਿਲੇ[2]।

[1]ਜਾਣੇ। [2]ਪ੍ਰਮੇਸ਼ਰ ਪਤੀ ਨਾਲ ਮਿਲੇ ਹੋਏ।

ਤਬਿ ਮੈਂ ਏਸ ਪੰਥ ਕਾ ਪਰਣਾ[1]। — [1]ਆਸਰਾ।
ਗਹਜੋ[1] ਕਟਣ ਹਿਤ ਜੰਮਣ ਮਰਣਾ ॥੨੪੬॥ — [1]ਪਕੜਿਆ।
ਦੈਸਕ ਮੂਰਤਿ ਈਸ਼ ਅਵਤਾਰੈਂ[1]। — [1]ਉਪਦੇਸ਼ਕ ਰੂਪ ਤੇ ਈਸ਼ਰ ਦਾ ਅਵਤਾਰ।
ਬੀਰ-ਮ੍ਰਿਗੇਸ ਬਿਸੇਸ ਨਿਹਾਰੇ[1]। — [1]ਬਹੁਤ ਕਰ ਕੇ ਬਾਬਾ ਬੀਰ ਸਿੰਘ ਜੀ ਨੂੰ ਦੇਖਿਆ।
ਬਰਨਾਲੇ ਪਟਜਾਲੇ ਮੈਹੈਂ।
ਲੰਗਰ ਜਿਨ ਕੇ ਅਧਿਕ ਚਲੈ ਹੈਂ ॥੨੪੭॥
ਸਭਿ ਤੀਰਥੋਂ ਪਰ ਪੱਕ ਭੰਡਾਰੇ।
ਦੇਤ ਰਹੇ ਸਦ ਅਧਿਕ ਉਦਾਰੇ।
ਸ੍ਰੀ ਮਹੰਤ ਬ੍ਰਹਮ-ਗਜਾਨੀ।
ਜਪੀ ਤਪੀ ਜਤ ਸਤੀ ਮਹਾਨੀ ॥੨੪੮॥
ਮੋਹਨਿ ਮੂਰਤ ਆਨੰਦ-ਪੂਰਤਿ[1]। — [1]ਅਨੰਦ 'ਚ ਭਰੀ ਹੋਈ।
ਹਰਤ ਕਦੂਰਤ ਅਜ਼ਮਤ ਮੂਰਤਿ[1]। — [1](ਕਦੂਰਤ) ਅੰਧੇਰੇ ਨੂੰ ਨਾਸ਼ ਕਰਦੇ ਸਨ ਤੇ ਕਰਾਮਾਤ ਦੀ ਤਸਵੀਰ ਸਨ।
ਕੋਮਲ ਚਿਤ ਸਭਿ ਕੇ ਹਿਤਕਾਰੀ।
ਦਾਸਨ ਕੋ ਕਰਤੇ ਭਵ ਪਾਰੀ[1] ॥੨੪੯॥ — [1]ਸੰਸਾਰ ਤੋਂ ਪਾਰ।
ਕਾਮੀ ਕਪਟੀ ਅਧਮ ਬਿਸ਼ੇਸ਼ੈਂ[1]। — [1]ਬਹੁਤੇ ਨੀਚ।
ਹਮ ਸੇ ਅਨਗਨ ਜੀਵ ਅਸੇਸੈਂ[1]। — [1]ਬਹੁਤੇ।
ਪੋਤ ਪਦਮ ਪਦ ਗਹਿ ਕੈ ਉਨ ਕੇ[1]। — [1]ਉਨ੍ਹਾਂ ਦੇ ਚਰਨ ਕਮਲਾਂ ਰੂਪ ਜਹਾਜ਼ ਪਕੜ ਕੇ।
ਤਰੇ ਭਵਾਂਬੁਧਿ ਧਾਮ ਅਗੁਨ ਕੇ[1] ॥੨੫੦॥ — [1]ਅਉਗਣ ਦੇ ਘਰ ਭਾਵ ਬਹੁਤ ਪਾਪੀ ਜੀਵ ਸੰਸਾਰ ਸਮੁੰਦਰ ਤੋਂ ਤਰ ਗਏ।
ਦਰਸਨ ਪਾਇ ਸਰਸ ਉਪਦੇਸ਼ੈਂ[1]। — [1]ਦਰਸ਼ਨ ਦੇਰਸ ਵਾਲਾ ਉਪਦੇਸ਼ ਪਾ ਕੇ।
ਭ੍ਰਮ ਕ੍ਰਮ ਭੇਦ ਕਲੇਸ਼ ਅਸ਼ੇਸ਼ੈਂ।
ਤਮ ਅਗਜਾਨ ਸਕਾਰਜ ਨਾਸਾ[1]। — [1]ਅਗਿਆਨ ਦਾ ਅਨ੍ਹੇਰਾ ਕਾਰਜ (ਜਗਤ) ਸਮੇਤ ਨਾਸ਼ ਹੋ ਗਿਆ।
ਬ੍ਰਹਮ ਗਜਾਨ ਰਵਿ[1] ਉਰਿ ਪ੍ਰਕਾਸ਼ਾ ॥੨੫੧॥ — [1]ਸੂਰਜ।
ਬਚਨ ਸ੍ਰੀ ਗੁਰੂ ਅਰਜਨ ਕੇਰਾ।
ਸਫਲ ਐਂਨ ਤਹਿਂ ਨੈਨ ਸੁ ਹੇਰਾ।
ਸਾਧੂ ਕੈ ਸੰਗ ਨਹੀ ਕਛੁ ਘਾਲ[1]। — [1]ਕਮਾਈ।
ਦਰਸਨ ਭੇਟਤ ਹੋਤ ਨਿਹਾਲ ॥੨੫੨॥
ਦੋਹਰਾ:
ਸੁਧਾ ਦ੍ਰਵਤ ਜਯੋਂ ਚੰਦ੍ਰ ਮਨਿ,

ਕੁਮਦਿ ਖਿਰੈਂ ਸਸਿ ਹੇਰਿ[1]। — [1]ਜਿਵੇਂ ਚੰਦ੍ਰਮਾਂ ਨੂੰ ਦੇਖ ਕੇ ਚੰਦ੍ਰ-ਮਣੀ ਵਿੱਚੋਂ ਅੰਮ੍ਰਿਤ ਸਿੰਮਣ ਲਗ ਪੈਂਦਾ ਹੈ ਤੇ ਕਮੀਆਂ ਖਿੜ ਜਾਂਦੀਆਂ ਹਨ।

ਤਜੋਂ ਦਰਸਤ ਹੀ ਉਨੈ ਮੈਂ,
ਥਯੋ ਨਿਹਾਲ ਬਧੇਰ ॥੨੫੩॥
ਸੰਤ ਮਹੰਤ ਅਨੰਤ ਹੀ,
ਜਾਨਤ ਤਿਨੈਂ ਬ੍ਰਿਤੰਤ[1]। — [1]ਉਨ੍ਹਾਂ ਦੇ ਪ੍ਰਸੰਗ।
ਰਾਜ ਜੋਗ ਤਿਨ ਐਨ ਕਿਯ,
ਰਵਿ ਸਮ ਭਏ ਮਹੰਤ ॥੨੫੪॥
ਸਿੰਘ ਨਿਹਾਲ ਮਹੰਤ ਅਬਿ,
ਤਿਸ ਗਾਦੀ ਪਰ ਆਹਿ।
ਅਲੰਕ੍ਰਿਤ ਸਦਗੁਨ ਗਨੈ[1], — [1]ਬਹੁਤੇ ਸ੍ਰੇਸ਼ਟ ਗੁਣਾਂ ਨਾਲ ਸਜਿਆ ਹੋਇਆ ਹੈ।
ਪ੍ਰਗਟ ਪੰਥ ਸਭਿ ਮਾਂਹਿ ॥੨੫੫॥

ਚੌਪਈ:
ਸੋ ਗੁਰੁਦ੍ਵਾਰਾ ਹਮਰਾ ਆਹੀ।
ਮਾਲਵ ਦੇਸ ਬਰਨਾਲੇ ਮਾਂਹੀਂ।
ਬਿੱਦਜਾ ਗੁਰੁ ਮਮ ਔਰ ਪੁਰਸ਼ੋਤਮ।
ਸ੍ਰੀ ਨਖੱਤ੍ਰ ਮ੍ਰਿਗੇਸ ਨਰੋਤਮ[1] ॥੨੫੬॥ — [1]ਸ੍ਰੀ ਤਾਰਾ ਸਿੰਘ ਨਰੋਤਮ।
ਨਿਗਮਾਗਨ ਲੌਂ[1] ਜੇਤਿਕ ਬਿੱਦਜਾ। — [1]ਬੇਦਾਂ ਤੇ ਸ਼ਾਸਤਰਾਂ ਤੱਕ।
ਹਸਤ ਰੇਖ ਸੀ ਜਿਨੈ ਪ੍ਰਸਿੱਧਜਾ[1]। — [1]ਹੱਥ ਦੀਆਂ ਲਕੀਰਾਂ ਵਾਂਗ ਜਿਨ੍ਹਾਂ ਦੇ ਅੰਦਰ ਪ੍ਰਗਟ ਸੀ।
ਰਵਿ ਸਮ ਜਾਹਰ ਜਗਤ ਮਝਾਰੇ।
ਕੋਵਿਦ[1] ਕਵੀ ਅਧੀਸ ਉਦਾਰੇ[2] ॥੨੫੭॥ — [1]ਵਿੱਦਵਾਨ। [2]ਸ੍ਰੇਸ਼ਟ ਪ੍ਰਧਾਨ ਚੰਗੇ ਮੁਖੀਏ।
ਪੰਥ ਨ੍ਰਿਮਲਜੋਂ ਕੇ ਅਬਿ ਸੋ ਹੈਂ।
ਸ੍ਰੀ ਮਹੰਤ ਕੰਤ ਭਵ ਕੋ ਹੈਂ[1]। — [1]ਜਗਤ ਦੇ ਮਾਲਕ ਹਨ।
ਤਿਨ ਤੈ ਪਢ ਕੈ ਸ਼ਾਸਤ੍ਰ ਬਿੱਦਜਾ।
ਬ੍ਰਹਮ ਗਜਾਨ ਗਹਿ ਹਤੀ ਅਬਿਦਜਾ ॥੨੫੮॥
ਰਟਨ ਕੀਨ[1] ਫਿਰ ਦੇਸ ਦਿਸੰਤਰ। — [1]ਫਿਰਨਾ ਕੀਤਾ।
ਤੀਰਥ ਚਾਰ ਧਾਮ ਕੇ ਅੰਤਰ[1]। — [1]ਹਿੰਦੂਆਂ ਦੇ ਚਹੁੰ ਧਾਮਾਂ ਦੇ ਅੰਦਰ ਸਾਰੇ ਤੀਰਥਾਂ ਤੇ (ਚਾਰ ਧਾਮ ਬਦਰੀ ਨਾਥ, ਰਾਮੇਸ਼੍ਵਰ, ਦੁਆਰਾਵਤੀ ਤੇ ਪ੍ਰਯਾਗ।)
ਜੇਤਿਕ ਹੈਂ ਸਭ ਪਰਸੇ ਦਰਸੇ[1]। — [1]ਛੋਹੇ ਤੇ ਦਰਸ਼ਨ ਕੀਤੇ।
ਪਿਖੇ ਬਿਦੇਸ ਦੇਸ ਸਭਿ ਸਰਸੇ[1] ॥੨੫੯॥ — [1]ਬਹੁਤ।

ਭੇਖ ਪ੍ਰਭਾਕਰ ਗ੍ਰੰਥ ਰਚਾਯੋ।
ਗੁਰੁ ਮੰਤ੍ਰਨ ਯੁਤ ਹਾਲ ਦਿਖਾਯੋ।
ਫਿਰ ਕੈ ਜੇਤਿਕ ਹਿੰਦੁਸਤਾਨੈ।
ਮਾਂਹਿ, ਜੈਨ ਹਿੰਦੂ ਤੁਰਕਾਨੈਂ ॥੨੬੦॥
ਹਾਲ ਮੁਫੱਸਲ[1] ਤਾਂ ਮੈਂ ਸਭਿ ਕੇ।
[1]ਵਿਸਥਾਰ ਨਾਲ।
ਸੋ ਭੀ ਮੁੱਦ੍ਰਿਤ ਥੈਹੈ ਅਬਿ ਕੇ[1]।
[1]ਉਹ ਵੀ ਹੁਣ ਛਪੇਗਾ।
ਪੁਨ ਦਸ ਸਾਲ ਮਿਹਨਤ ਕਰਿ ਗੌਰੈਂ।
ਤਵਾਰੀਖ ਗੁਰੁ ਖਾਲਸ ਔਰੈਂ ॥੨੬੧॥
ਰਚੀ ਪਾਂਚ ਹਿੱਸੇ ਤਿਹ ਕੀਏ।
ਦਸ ਗੁਰੁ ਗਾਥਾ ਸਭਿ ਪ੍ਰਥਮੀਏ[1]।
[1]ਪਹਿਲੇ ਹਿੱਸੇ ਵਿੱਚ।
ਪੰਥ ਗਾਥ ਸਭਿ ਦੁਤੀਏ ਮੈਂ ਹੈ[1]।
[1]ਦੂਜੇ ਹਿੱਸੇ (ਸ਼ਮਸ਼ੇਰ ਖ਼ਾਲਸਾ) ਵਿੱਚ।
ਮਿਸਲ ਦ੍ਵਾਦਸ ਤ੍ਰਿਤੀਏ ਪੈ ਹੈ[1] ॥੨੬੨॥
[1]ਤੀਜੇ ਹਿੱਸੇ (ਰਾਜ ਖ਼ਾਲਸਾ) ਵਿੱਚ ਹੈ।
ਜਮਨਾ ਤੈ ਲੈ ਅਟਕ ਪ੍ਰਯੰਤੈਂ।
ਜੇ ਸਿਖ ਭਏ ਸ੍ਰਦਾਰ ਬਯੰਤੈਂ।
ਤਿਨ ਸਭਿ ਕੀ ਹੈ ਚਤ੍ਰਥ ਮਾਹੈਂ[1]।
[1]ਚੌਥੇ ਹਿੱਸੇ (ਸਰਦਾਰ ਖ਼ਾਲਸਾ) ਵਿੱਚ।
ਖਾਨ ਦਾਨ ਤ੍ਰੈ ਸੌ ਬਰਨਾ ਹੈ[1] ॥੨੬੩॥
[1]ਤਿੰਨ ਸੌ (ਸਿੱਖ ਸਰਦਾਰਾਂ ਦੇ) ਖ਼ਾਨਦਾਨਾਂ ਦਾ ਕਥਨ ਕੀਤਾ ਹੈ।

ਬਾਈ ਮੰਜੀ, ਬਵੰਜਾ ਪੀੜ੍ਹੇ।
ਬਡ ਮਸੰਦ, ਬਾਈ ਮੇਵੀੜੇ[1]
[1]ਮੇਵੜੇ, ਅਰਦਾਸੀਏ।
ਗੁਰਦ੍ਵਾਰੇ ਗੁਰੂਓਂ ਕੇ ਜੇਤੇ।
ਅਰ ਸ਼ਹੀਦ ਗੰਜ, ਦੇਹੁਰੇ ਕੇਤੇ ॥੨੬੪॥
ਨਾਮੀ[1] ਸਿੱਖ ਦਸੋਂ ਗੁਰੁ ਪਾਸੈਂ।
[1]ਮਸ਼ਹੂਰ।
ਭਏ, ਕਥਾ ਸਭਿ ਕੀ ਹੈ ਖਾਸੈਂ[1]।
[1]ਬਹੁਤੀ।
ਬੇਦੀ ਤੇਹਣ ਭੱਲੇ ਸੋਢੀ।
ਫਿਰਕੇ ਗੁਰੁ ਕੇ ਜੇਤਿਕ ਬੋਧੀ[1] ॥੨੬੫॥
[1]ਗੁਰੂ ਘਰ ਦੇ ਉਪਦੇਸ਼ ਦੇਣ ਵਾਲੀਆਂ ਜਿੰਨੀਆਂ ਸੰਪ੍ਰਦਾਵਾਂ ਹਨ।

ਹਿੱਸੇ ਪੰਚਮ ਮੈਂ ਸਭਿ ਗਾਏ।
ਸਿਜ਼ਰਜੋਂ[1] ਯੁਤ ਭੀ ਅਧਿਕ ਦਿਖਾਏ।
[1]ਸ਼ਿਜਰਾ, ਵੰਸ਼ ਦਾ ਸਿਲਸਿਲਾ, ਵੰਸ਼ ਬ੍ਰਿੱਖ।
ਗੁਰੁ ਘਰ ਕੀ ਸਾਖੀ ਜਗ ਜੋ ਹੈ।
ਤਵਾਰੀਖ ਮੈਂ ਲੇਖੀ ਸੋ ਹੈ[1] ॥੨੬੬॥
[1]ਉਹ ਲਿਖੀ ਹੈ।

ਚਾਰ ਕੁ ਦਸਤੇ ਕੀ ਲੇਖਾਈ। ਜੈਸ ਜਮਾਨਾ ਤੈਸ ਬਨਾਈ।	
ਜਿਸ ਸਿੱਖ ਕੋ ਗੁਰੁ ਬਰਕਤ ਦੈਹੈ[1]।	[1]ਸ਼ਕਤੀ ਦੇਵੇਗਾ।
ਮੁਦ੍ਰਿੱਤ ਤਿਸ ਕੋ ਸੋਊ ਕਰੈ ਹੈ[1] ॥੨੬੭॥	[1]ਉਹ ਉਸ ਨੂੰ ਛਪਵਾਵੇਗਾ।
ਕਬਿੱਤ: ਸਰਸ ਸੁਜਸ ਦਸ ਗੁਰੁਨ ਕੋ ਸ੍ਵਰਨ ਲੈ,	
ਜੰਗ ਬੰਦੇ ਪੰਥ ਕੇ ਸੋ ਕੁੰਦਨ ਉਦਾਰ ਹੈ[1]।	[1]ਰਸ ਸਹਿਤ ਦਸਾਂ ਗੁਰਾਂ ਦਾ ਸ੍ਰੇਸ਼ਟ ਜਸ ਰੂਪ ਸੋਨਾ ਲੈ ਕੇ ਬੰਦੇ ਤੇ ਪੰਥ ਦੇ ਜੰਗ (ਕੁੰਦਨ) ਸ੍ਰੇਸ਼ਟ ਤੇ ਨਿਰਮਲ ਸੋਨੇ ਦਾ ਪਤਲਾ ਪੱਤਰਾ ਹੈ।
ਫੂਲ ਬੰਸ ਲੌ ਪੁਰ ਪਤੀ ਕੋ ਅਵਤੰਸ ਹੀਰੇ,	
ਹਾਲ ਸਰਦਾਰਨ ਜਰਾਵ ਜਰੇ ਸਾਰ ਹੈਂ[1]।	[1]ਫੂਲ ਬੰਸ ਦੇ ਰਾਜੇ ਤੇ ਮਹਾਰਾਜਾ ਰਣਜੀਤ ਸਿੰਘ ਦੇ ਹਾਲ (ਅਵਤੰਸ) ਸ਼੍ਰੋਮਣੀ ਹੀਰੇ ਹਨ ਅਤੇ ਸਰਦਾਰਾਂ ਦੇ ਹਾਲ ਇਹ ਸ੍ਰੇਸ਼ਟ ਜੜਾਊ ਜੜੇ ਹੋਏ ਹਨ।
ਸਮਰੱਥ ਸਾਦਕੋਂ ਕੀ ਗਾਥ ਵੇ ਉਕਾਬ ਪਰ,	
ਭੇਖ ਗੁਰੁਦ੍ਵਾਰਜੋਂ ਕੇ ਰਤਨ ਅਪਾਰ ਹੈਂ[1]।	[1]ਸ਼ਕਤੀ ਵਾਲੇ ਸਿਦਕੀ ਸਿੱਖਾਂ ਦੀ ਕਥਾ ਇਹ ਉਕਾਬ (ਸ਼ਿਕਾਰੀ ਪੰਛੀ) ਦੇ ਖੰਭ ਹਨ, ਭੇਖ (ਪੰਥਾਂ) ਤੇ ਗੁਰਦੁਆਰਿਆਂ ਦੀ ਕਥਾ ਇਹ ਬਹੁਤੇਰਤਨ ਹਨ।
ਤਵਾਰੀਖ ਖਾਲਸਾ ਸੁ ਕੀਰਤਿ ਕੀ ਕਲਗੀ ਯੇ,	
ਦੇਖੀਏ ਸੁ ਭੂਪ ਸਰਦਾਰ ਕੌਨ ਧਾਰ ਹੈ[1] ॥੨੬੮॥	[1]ਗੁਰੂ ਖ਼ਾਲਸੇ ਦੀ ਇਹ ਤਵਾਰੀਖ਼ ਸ੍ਰੇਸ਼ਟ ਜਸ ਦੀ ਕਲਗੀ ਹੈ, ਦੇਖੋ ਹੁਣ ਕੌਣਰਾਜਾ ਜਾਂ ਸਰਦਾਰ ਇਸ ਕਲਗੀ ਨੂੰ ਪਹਿਨਦਾ ਭਾਵ ਤਵਾਰੀਖ਼ ਨੂੰ ਛਪਵਾਉਂਦਾ ਹੈ।
ਚੌਪਈ: ਤਵਾਰੀਖ ਇਹੁ ਕਰਿ ਵਰ[1] ਤਜਾਰੈਂ।	[1]ਸ੍ਰੇਸ਼ਟ।
ਰਾਖੀ ਮੈਂ ਯੁਤ ਕੋਸ਼ਸ਼ ਭਾਰੈਂ। ਗੁਰ ਨਾਨਕ ਤੈ ਲੈ ਅਬਿ ਤਾਂਈਂ।	
ਭਏ ਚਰਿੱਤ੍ਰ ਬਚਿਤ੍ਰ ਮਹਾਂਈ[1] ॥੨੬੯॥	[1](ਜੋ) ਬਹੁਤ ਅਨੋਖੇ ਕੌਤਕ ਹੋਏ।
ਤਵਾਰੀਖ ਇਹੁ ਸਭੀ ਦਿਖੈ ਹੈ।	
ਸੁਰਤਰੁ ਸਮ[1] ਸਭਿ ਇੱਛ ਪੁਰੈ ਹੈ।	[1]ਕਲਪ ਬ੍ਰਿਛ ਵਾਂਗ।
ਤਿਸ ਪਾਛੈ ਅੰਮ੍ਰਿਤਸਰ ਰਹਿ ਕੈ। ਰਾਮ-ਕੌਰ ਕੇ ਡੇਰੇ ਬਹਿ ਕੈ ॥੨੭੦॥ ਅਬਿ ਮਹੰਤ ਜਹਿਂ ਆਹਿ ਉਦਾਰੈਂ।	
ਆਕਲ[1] ਆਲਮ[2] ਫਾਜ਼ਲ ਭਾਰੈਂ[3]।	[1]ਅਕਲ ਵਾਲਾ। [2]ਵਿਦਵਾਨ। [3]ਵੱਡਾ (ਫ਼ਾਜ਼ਲ) ਬਜ਼ੁਰਗ।

ਨਾਮ ਹਰਨਾਮ ਸਿੰਘ ਗੁਨ-ਗ੍ਰਾਹੀ[1]।
[1]ਗੁਣ ਗ੍ਰਹਿਣ ਕਰਨ ਵਾਲਾ।

ਹਰਿ ਗੁਰੁ ਭਗਤ ਜਗਤ ਬਿਦਤਾਹੀ ॥੨੭੧॥
ਖਾਨ ਪਾਨ ਤਿੰਹ ਸੇਵ ਕਰੀ ਹੈ।
ਹਮ ਤਹਿਂ ਥਿਰਿ ਇਹੁ ਗਾਥ ਰਰੀ ਹੈ[1]।
[1]ਅਸਾਂ ਉਥੇ ਬੈਠ ਕੇ ਇਹ ਕਥਾ ਕਹੀ ਹੈ।

ਪੰਥ ਪ੍ਰਕਾਸ਼ ਗ੍ਰੰਥ ਏਹ ਚਾਰੁ[1]।
[1]ਸੁੰਦਰ।

ਸਾਨਿੰਦ ਕੀਨ ਸੁਤੰਤਰ ਤਜਾਰੁ[1] ॥੨੭੨॥
[1]ਅਨੰਦ ਸਹਿਤ ਅਜ਼ਾਦਰਹਿ ਕੇ ਤਿਆਰ ਕੀਤਾ ਹੈ।

ਸਰ ਗੁਨ ਗ੍ਰਹਿ ਨਭ ਸੰਮਤ ਮਾਹੈਂ[1]।
[1]੧੯੩੫ ਬਿ. ਸੰਮਤ ਵਿੱਚ (ਸਰ-੫, ਗੁਨ-੩, ਗ੍ਰਹ-੯, ਨਭ-੧, ਉਲਟਾ ਕੇ ੧੯੩੫)।

ਪਹਿਲੇ ਬਨਜੋ ਛਪਜੋ ਥਾ ਵਾਹੈ[1]।
[1]ਉਹ (ਦਿਲੀ 'ਚ) ਛਪ ਗਿਆ ਸੀ।

ਤਬਿ ਨ ਮਿਲੀ ਥੀ ਜੋਉ ਗਾਥਾ[1]।
[1]ਕਥਾ।

ਅਬਿ ਇਸ ਮੈਂ ਸੁ ਲਿਖੀ ਹਿਤ ਸਾਥਾ ॥੨੭੩॥
ਪਹਿਲੇ ਸੈਂ ਡੇਉਢਾ ਬਨ ਗਯੋ।
ਗੁਰ ਪਗ ਬੰਦਿ ਸੰਪੂਰਨ ਕਯੋ[1]।
[1]ਗੁਰਾਂ ਦੇ ਚਰਨਾਂ ਤੇ ਨਮਸ਼ਕਾਰ ਕਰ ਕੇ ਪੂਰਾ ਕੀਤਾ ਹੈ।

ਰਿਤੁ ਸ੍ਰੁਤਿ ਖੰਡ ਜੀਵ ਸੁਠ ਸਾਰੈਂ[1]।
[1]ਸੁੰਦਰ ਤੇ ਸ੍ਰੇਸ਼ਟ ੧੯੪੬ (ਬਿ. ਸੰਮਤ ਸੀ)। (ਰਿਤੁ-੬, ਸ੍ਰੁਤਿ-੪, ਖੰਡ-੯, ਜੀਵ-੧, ਉਲਟਾ ਕੇ ੧੯੪੬)।

ਜੇਠ ਸੁਦੀ ਚਤੁਥਰਵਿ ਵਾਰੈਂ[1] ॥੨੭੪॥
[1]ਜੇਠ ਸੁਦੀ ੪, ਐਤਵਾਰ ਦਿਨ।

ਪਢੈ ਸੁਨੈ ਜੋ ਸ਼ਰਧਾ ਧਰ ਕੈ।
ਪਾਵਨ ਚਰਿਤ ਪੰਥ ਗੁਰੁ ਵਰ ਕੈ[1]।
[1]ਸ੍ਰੇਸ਼ਟ ਗੁਰੂ ਤੇ ਪੰਥ ਦੇ ਪਵਿੱਤਰ ਕੌਤਕ।

ਕਰਨੀ ਲਖੈ ਪੰਥ ਕੀ ਸਾਰੀ।
ਜਜੋਂ ਕਰਿ ਰਾਖਯੋ ਧਰਮ ਉਦਾਰੀ ॥੨੭੫॥
ਖਬਰ ਹੋਇ ਨਿਜ ਘਰ ਕੀ ਖਾਸੈਂ[1]।
[1]ਬਹੁਤੀ।

ਮਿਲੈਂ ਚਾਰ ਫਲ ਬਿਨ ਅਨਜਾਸੈਂ[1] ॥੨੭੬॥
[1]ਬਿਨਾਂ ਜਤਨ ਤੋਂ।

ਦੋਹਰਾ:
ਆਦਿ ਗੁਰੂ ਤੈ ਦਸਮ ਲੌ,
ਗ੍ਰੰਥ ਪੰਥ ਕੀ ਟੇਕ।
ਗਹਿ, ਪੂਰਨ ਥਿਯ ਗ੍ਰੰਥ* ਯਹਿ,
ਦਯਾ ਸਰਬ ਹਰਿ ਏਕ[1] ॥੨੭੭॥

*ਸ੍ਰੀ ਗੁਰੁ ਪੰਥ ਪ੍ਰਕਾਸ਼ ਦਾ ਸਹੀ ਰੂਪ, ਗਿਆਨੀ ਗਿਆਨ ਸਿੰਘ ਜੀ ਦੇ ਜੀਵਨ ਸਮਾਚਾਰ ਅਤੇ ਉਨ੍ਹਾਂ ਦੀਆਂ ਸਾਰੀਆਂ ਛਪੀਆਂ ਤੇ ਅਣਛਪੀਆਂ ਰਚਨਾਵਾਂ ਬਾਰੇ ਵਿਸਥਾਰ ਸਹਿਤ ਪ੍ਰਸਤਾਵਨਾ ਦੀ ਪੋਥੀ ਵਿੱਚ ਦੇਖੋ।

[1]ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਦਸਮ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਖ਼ਾਲਸਾ ਪੰਥ ਤੱਕ ਸਾਰਿਆਂ ਦੀ ਓਟ ਗ੍ਰਹਿਣ ਕਰ ਕੇ ਇਹ ਗ੍ਰੰਥ ਸੰਪੂਰਨ

ਹੋਇਆ ਹੈ। ਇਹ ਸਾਰੀ ਵਾਹਿਗੁਰੂ ਜੀ ਦੀ ਹੀ ਕ੍ਰਿਪਾ ਹੈ।

ਇਤਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰੰਥੇ ਗਜਾਨ ਸਿੰਘ ਵਿਰਚਿਤੇ ਸਮੇਂ ਕਾ ਸੁਭਾਵ, ਪਰਜਾ ਨ੍ਰਿਪਨ ਸਿੰਘਨ ਕੇ ਲੱਖਨੰ, ਕਵਿ-ਪ੍ਰਸੰਗ, ਗ੍ਰੰਥ ਸਮਾਪਤੀ, ਬਰਨਨੰ ਨਾਮ ਸਾਠਮੋਂ ਬਿਸ੍ਰਾਮ ॥੬੦॥